੧ੴ ਸਤਿਗੁਰ ਪ੍ਰਸਾਦਿ॥

# ਵਾਰਾਂ ਭਾਈ ਗੁਰਦਾਸ ਜੀ ਸਟੀਕ

## ਅਤੇ ਗੁਰਮਤਿ ਵਿਆਖਿਆ ਵਿਸਥਾਰ

## ਪਹਿਲੀ ਸੈਂਚੀ

(ਵਾਰ ੧ ਤੋਂ ੧੮ ਤੱਕ)

*ਟੀਕਾਕਾਰ:*

**ਸਿੰਘ ਸਾਹਿਬ ਗਿਆਨੀ ਮਨੀ ਸਿੰਘ**

*ਸਾਬਕਾ ਹੈੱਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ*

*ਪ੍ਰਕਾਸ਼ਕ:*

ਗਿਆਨੀ ਮਨੀ ਸਿੰਘ ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ

ਸ੍ਰੀ ਅੰਮ੍ਰਿਤਸਰ

# ਸਮਰਪਣ

*ਮੈਂ ਇਹ ਪੁਸਤਕ*

*ਸਤਿਕਾਰਯੋਗ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ*

*ਨੂੰ ਸਮਰਪਣ ਕਰਦਾ ਹਾਂ*

*ਜਿਨ੍ਹਾਂ ਦੀ ਸੇਵਾ ਵਿਚ ਰਹਿ ਕੇ*

*ਦਾਸ ਨੇ ਵਿਦਿਆ ਪ੍ਰਾਪਤ ਕੀਤੀ ਹੈ।*

—ਗਿਆਨੀ ਮਨੀ ਸਿੰਘ

# ਤਤਕਰਾ


| | |
|---|---|
| ਵਾਰ ੧ | ੩ |
| ਵਾਰ ੨ | ੫੮ |
| ਵਾਰ ੩ | ੭੨ |
| ਵਾਰ ੪ | ੯੧ |
| ਵਾਰ ੫ | ੧੧੫ |
| ਵਾਰ ੬ | ੧੫੮ |
| ਵਾਰ ੭ | ੧੯੮ |
| ਵਾਰ ੮ | ੨੩੦ |
| ਵਾਰ ੯ | ੨੬੦ |
| ਵਾਰ ੧੦ | ੨੯੬ |
| ਵਾਰ ੧੧ | ੩੨੬ |
| ਵਾਰ ੧੨ | ੩੬੧ |
| ਵਾਰ ੧੩ | ੪੦੫ |
| ਵਾਰ ੧੪ | ੪੫੧ |
| ਵਾਰ ੧੫ | ੪੮੩ |
| ਵਾਰ ੧੬ | ੫੩੧ |
| ਵਾਰ ੧੭ | ੫੭੦ |
| ਵਾਰ ੧੮ | ੬੧੫ |



*ਗੁਰਮਤਿ ਦੇ ਮਹਾਨ ਵਿਆਖਿਆਕਾਰ*

**ਭਾਈ ਗੁਰਦਾਸ ਜੀ (1551-1636)**

ਜਿਨ੍ਹਾਂ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਮਾਣ ਪ੍ਰਾਪਤ ਹੈ।



## ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ

*(ਸਾਬਕਾ ਹੈੱਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ)*

ਜਿਨ੍ਹਾਂ ਪਾਸੋਂ ਸਤਿਗੁਰਾਂ ਨੇ ਮਹਾਨ ਕਿਰਪਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕੰਮਲ ਸਿਧਾਂਤਕ ਸਟੀਕ ਦੀ ਸੇਵਾ ਵੀ ਸੰਪੂਰਨ ਕਰਵਾਈ ਹੈ।

# ਚੰਦ ਸਤਰਾਂ ਭਾਈ ਗੁਰਦਾਸ ਜੀ ਦੇ ਸੰਬੰਧੀ

ਸਿਖ ਧਰਮ ਦੇ ਮਹਾਨ ਵਿਦਵਾਨ ਭਾਈ ਸਾਹਿਬ ਭਾਈ ਗੁਰਦਾਸ ਜੀ, ਸਿਖ ਪੰਥ ਦੇ ਸਭ ਤੋਂ ਪਹਿਲੇ ਮਹਾਨ ਤੇ ਮੁਖੀ, ਗੁਰਮਤਿ ਦੇ ਵਿਆਖਿਆਕਾਰ ਹੋਏ ਹਨ। ਪੁਰਾਤਨ ਸਿਖ-ਇਤਿਹਾਸ ਰਾਹੀਂ ਜਾਣਕਾਰੀ ਮਿਲਦੀ ਹੈ ਕਿ ਆਪ ਜੀ ਦਾ ਜਨਮ ੨ ਕਤਕ ਸੰਮਤ ੧੬੧੨ ਨੂੰ ਗੁਰੂ ਅਮਰਦਾਸ ਜੀ ਦੇ ਸਮੇਂ ਪਿੰਡ ਬਾਸਰ ਕੇ ਵਿਚ ਹੋਇਆ।

ਆਪ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ। ਛੋਟੀ ਅਵਸਥਾ ਵਿਚ ਹੀ ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਚਰਨ-ਸ਼ਰਨ ਪ੍ਰਾਪਤ ਕਰਕੇ ਸਿਖ ਧਰਮ ਵਿਚ ਪ੍ਰਵੇਸ਼ ਕੀਤਾ। ਆਪ ਜੀ ਦੀ ਪਰਵਰਿਸ਼ ਤੇ ਵਿਦਿਆ ਦਾ ਪ੍ਰਬੰਧ ਸ੍ਰੀ ਗੁਰੂ ਅਮਰਦਾਸ ਜੀ ਨੇ ਕੀਤਾ। ਸਤਿਗੁਰੂ ਦੀ ਚਰਨ-ਸ਼ਰਨ ਵਿਚ ਰਹਿੰਦਿਆਂ ਵਿਦਿਆ ਪ੍ਰਾਪਤ ਕਰਕੇ ਆਪ ਜੀ ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਮਹਾਨ ਵਿਦਵਾਨ ਬਣ ਗਏ। ਆਪ ਜੀ ਨੇ ਸਾਰੀ ਉਮਰ ਗੁਰਮਤਿ ਪ੍ਰਚਾਰ ਦੀ ਸੇਵਾ ਬੜੀ ਨਿੰਮ੍ਰਤਾ, ਸ਼ਰਧਾ-ਭਾਵ ਤੇ ਪ੍ਰੇਮ-ਭਰੀ ਲਗਨ ਵਿਚ ਮਗਨ ਹੋ ਕੇ ਕੀਤੀ, ਆਪ ਜੀ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਿਸ਼ਾਹੀ ਦੇ ਹਜ਼ੂਰੀ ਨਿਕਟਵਰਤੀ ਸਿਖ ਸਨ। ਆਪ ਨੇ ਅਨੇਕਾਂ ਪ੍ਰਾਣੀਆਂ ਨੂੰ ਸਿਮਰਨ, ਸੇਵਾ ਤੇ ਪਰਉਪਕਾਰ ਕਰਦੇ ਰਹਿਣ ਦੀ ਪ੍ਰੇਰਨਾ ਅਤੇ ਸਿੱਖਿਆ ਪ੍ਰਦਾਨ ਕੀਤੀ।

ਪੁਰਾਤਨ ਇਤਿਹਾਸ ਸ਼ਾਅਦੀ ਭਰਦਾ ਹੈ ਕਿ ਭਾਈ ਗੁਰਦਾਸ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬੀੜ ਦੇ ਲਿਖਾਰੀ ਹੋਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਤੇ ਨਿਗਰਾਨੀ ਵਿਚ ਆਪ ਜੀ ਨੇ ਇਹ ਬੀੜ ਲਿਖਣ ਦਾ ਮਹਾਨ ਕਰਤੱਵ ਨਿਭਾਇਆ, ਇਸ ਕਾਰਜ ਦੇ ਕਰਦਿਆਂ ਆਪ ਜੀ ਦੇ ਅੰਦਰ ਅਗੰਮੀ ਸੂਝ, ਭਰੋਸੇ-ਯੋਗ ਵਿਆਖਿਆਕਾਰੀ ਦੀ ਵਿਦਵਤਾ ਅਤੇ ਅਨਿੰਨ ਗੁਰ-ਭਗਤੀ ਉਤਪੰਨ ਹੋਈ, ਆਪ ਜੀ ਦੀ ਸੁਤੰਤਰ ਪੰਜਾਬੀ ਰਚਨਾ ਵਾਰਾਂ ਵਿਚ ਹੈ ਤੇ ਆਪ ਦੀ ਬ੍ਰਿਜ ਭਾਸ਼ਾ ਰਚਨਾ ਕਬਿੱਤ ਤੇ ਸਵਈਆਂ ਦੇ ਰੂਪ ਵਿਚ ਹੈ। ਆਪ ਦੀ ਸਮੁੱਚੀ ਰਚਨਾ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਕੁੰਜੀ ਕਿਹਾ ਹੈ। ਇਹ ਕੁੰਜੀ ਗੁਰਬਾਣੀ ਦੇ ਗੂਹਜ ਭਾਵਾਂ ਤੇ ਰਹੱਸਾਂ ਨੂੰ ਖੋਲ੍ਹਣ ਦਾ ਕਰਤੱਵ ਪਾਲਦੀ ਹੈ। ਆਪ ਨੇ ਆਪਣੀਆਂ ਵਾਰਾਂ ਵਿਚ ਗੁਰਮਤਿ ਦਰਸ਼ਨ ਜਾਂ ਫ਼ਲਸਫ਼ੇ ਦੇ ਸਿਧਾਂਤਾਂ (ਬ੍ਰਹਮ, ਸ੍ਰਿਸ਼ਟੀ ਰਚਨਾ), ਗੁਰ-ਭਗਤੀ ਗੁਰਮੁਖ ਦੀ ਪਦਵੀ, ਮਨਮੁਖ ਦੀ ਪਛਾਣ, ਗੁਰਮਤਿ ਨੈਤਿਕਤਾ ਤੇ ਸਦਾਚਾਰ ਦੀ ਵਿਆਖਿਆ ਕੀਤੀ ਹੈ। ਇਸ ਤਰ੍ਹਾਂ ਕਰਦਿਆਂ ਆਪ ਨੇ ਗੁਰਬਾਣੀ ਦੀ ਟੇਕ ਲਈ ਹੈ ਤੇ ਆਪ ਦੀ ਕੀਤੀ ਗੁਰਮਤਿ ਵਿਆਖਿਆ ਵਿਚੋਂ ਸਹਿਜੇ ਹੀ ਪਤਾ ਲਗਦਾ ਹੈ ਕਿ ਆਪ ਗੁਰਬਾਣੀ ਦੀ ਕਿਸ ਤੁਕ ਨੂੰ ਅਧਾਰ ਬਣਾ ਕੇ ਆਪਣੇ ਕਥਨ ਦਾ ਸਮਰਥਨ ਕਰ ਰਹੇ ਹਨ। ਆਪ ਆਗਰਾ ਤੇ ਕਾਸ਼ੀ ਵਿਚ ਵੀ ਗੁਰਮਤਿ ਦਾ ਪ੍ਰਚਾਰ ਕਰਨ ਲਈ ਜਾਂਦੇ ਰਹੇ, ਜਿਸਦਾ ਪ੍ਰਤੱਖ ਪ੍ਰਮਾਨ ਅੱਜ ਭੀ ਵੇਖਣ ਵਿਚ ਆਉਂਦਾ ਹੈ ਕਿ ਜੋ ਆਗਰਾ ਤੇ ਕਾਸ਼ੀ ਵਿਚ ਸਿੱਖੀ ਵੇਖਣ ਵਿਚ ਆਉਂਦੀ ਹੈ, ਇਹ ਭਾਈ ਸਾਹਿਬ ਜੀ ਦੇ ਸਿੱਖੀ ਪ੍ਰਚਾਰ ਕਰਦੇ ਰਹਿਣ ਦਾ ਹੀ ਪ੍ਰਭਾਵ ਹੈ। ਇਸ ਲਈ ਆਪ ਜੀ ਨੇ ਬ੍ਰਿਜ ਭਾਸ਼ਾ ਤੇ ਖੜੀ ਬੋਲੀ ਵਿਚ ਕਬਿੱਤ ਤੇ ਸਵਈਏ ਕਾਵਿ ਰੂਪ ਵਿਚ ਅੰਕਿਤ ਕੀਤੇ ਹਨ, ਆਪ ਦੀ ਸਾਰੀ ਰਚਨਾ ਬੜੀ ਮਹਾਨਤਾ ਵਾਲੀ ਹੈ। ਜਿਸ ਇਤਿਹਾਸਕ ਸਥਿੱਤੀ ਵਿਚ ਆਪ ਵਿਚਰ ਰਹੇ ਸਨ ਉਸਦਾ ਆਪ ਦੀਆਂ ਵਾਰਾਂ ਤੇ ਵਿਸ਼ੇਸ਼ ਪ੍ਰਭਾਵ ਪਿਆ ਹੈ। ਉਹ ਇਤਿਹਾਸਕ ਸਥਿੱਤੀ ਇਹ ਸੀ ਕਿ ਸੱਚੇ, ਹੱਕੀ, ਸਪੱਸ਼ਟ ਤੇ ਯੋਗ ਕਾਨੂੰਨੀ ਤਰੀਕੇ ਨਾਲ ਥਾਪੇ ਗਏ ਗੁਰੂ ਦੀ ਪਦਵੀ ਗੁਰਗੱਦੀ ਦੇ ਬਦੋ-ਬਦੀ ਬਣ ਬੈਠੇ ਵਾਰਸਾਂ ਵੱਲੋਂ ਢਾਹ ਲੱਗ ਰਹੀ ਸੀ ਤੇ ਗੁਰੂ ਅਰਜਨ ਦੇਵ ਜੀ ਦੇ ਛੱਤ੍ਰ ਸਿੰਘਾਸਣ ਦਾ ਵਿਰੋਧ ਹੋ ਰਿਹਾ ਸੀ, ਇਸ ਲਈ ਭਾਈ ਗੁਰਦਾਸ ਜੀ ਦੀਆਂ ਵਾਰਾਂ ਬੜੀਆਂ ਬਲਵਾਨ ਹਨ। ਇਨ੍ਹਾਂ ਵਾਰਾਂ ਵਿਚ ਆਪ ਜੀ ਨੇ ਨਾਨਕ ਜੋਤ ਦੀ ਮਹਾਨਤਾ, ਸੰਦੇਸ਼ ਤੇ ਕਰਤੱਵ ਦੀ ਸ੍ਰੇਸ਼ਟਤਾ ਅਤੇ ਉਸਦੇ ਉਤਰਾਧਿਕਾਰੀ ਦੇ ਯੋਗਦਾਨ ਦੀ ਸਮਰੱਥਾ ਨੂੰ ਪ੍ਰਗਟ ਕੀਤਾ ਹੈ।

ਭਾਈ ਸਾਹਿਬ ਜੀ ਵੱਲੋਂ ਜੋ ਕੁੱਝ ਵੀ, ਤੇ ਜਿਸ ਜ਼ੋਰ ਨਾਲ ਇਨ੍ਹਾਂ ਪੱਖਾਂ ਬਾਰੇ ਇਨ੍ਹਾਂ ਵਾਰਾਂ ਵਿਚ ਕਿਹਾ ਜਾ ਸਕਿਆ ਹੈ, ਵੇਖਣ ਵਿਚ ਆਉਂਦਾ ਹੈ ਕਿ ਸਿਖ ਵਿਦਵਤਾ ਉਥੋਂ ਤੀਕ ਨਹੀਂ ਪੁੱਜ ਸੱਕੀ, ਜਦੋਂ ਇਨ੍ਹਾਂ ਵਾਰਾਂ ਦੇ ਗੁੱਝੇ ਭਾਵਾਂ ਨੂੰ ਵੀਚਾਰ ਭਰੀਆਂ ਨਜ਼ਰਾਂ ਨਾਲ ਤਕੀਏ ਤਾਂ ਸਮਝ ਪਵੇਗੀ ਕਿ ਇਹ ਕਿਤਨੀਆਂ ਅਦੁੱਤੀ ਤੇ ਅਲੌਕਿਕ ਹਨ ਤੇ ਸਿਖ ਜਗਤ ਵਿਚ ਇਹ ਅੱਜ ਤੱਕ ਕੀਰਤਨ ਦੇ ਰੂਪ ਵਿਚ ਸਦਾ ਗੂੰਜਦੀਆਂ ਹਨ।

ਇਸ ਰਚਨਾ ਦੀ ਬੋਲੀ ਠੇਠ ਪੰਜਾਬੀ ਹੈ, ਪਰ ਸਮੇਂ ਦੇ ਬਦਲਣ ਕਰਕੇ ਕੁੱਝ ਪੁਰਾਣੀ ਹੋ ਗਈ ਹੈ, ਇਸ ਕਰਕੇ ਅਨੇਕਾਂ ਪਦਾਂ ਦੇ ਅਰਥ ਗੁੰਮ ਹੋ ਰਹੇ ਸਨ। ਦੂਸਰੇ ਇਸ ਰਚਨਾ ਵਿਚ ਗੁਰਸਿੱਖੀ ਦੇ ਉਹ ਭੇਤ ਹਨ ਕਿ ਆਤਮਿਕ ਵਿਦਿਆ ਦਾ ਭਾਰੀ ਖ਼ਜ਼ਾਨਾ ਹਨ ਤੇ ਉਨ੍ਹਾਂ ਤੋਂ ਗੁਰਬਾਣੀ ਸਮਝਣ ਵਿਚ ਸਹਾਇਤਾ ਮਿਲਦੀ ਹੈ। ਸੋ ਇਨ੍ਹਾਂ ਭੇਤਾਂ ਭਾਵਾਂ ਨੂੰ ਠੇਠ ਬੋਲੀ ਵਿਚ ਖੋਲ੍ਹ ਕੇ ਦੱਸਣਾ ਵੀ ਪਦ ਪਦਾਰਥਾਂ ਦੀ ਗਿਆਤ ਕਰਾਉਣ ਦੇ ਨਾਲ ਜ਼ਰੂਰੀ ਸੀ, ਜਿਸਨੂੰ ਗਿਆਨੀ ਹਜ਼ਾਰਾ ਸਿੰਘ ਪੰਡਿਤ ਜੀ ਨੇ ਜੋ ਕਿ ਸੰਪ੍ਰਦਾਈ ਗਿਆਨੀ ਜੀ ਸਨ, ਉਨ੍ਹਾਂ ਨੇ ਇਹ ਆਪਣੇ ਜੀਵਨ ਦਾ ਆਖ਼ਰੀ ਸੇਵਾ ਦਾ ਕੰਮ ਇਨ੍ਹਾਂ ਵਾਰਾਂ ਦਾ ਟੀਕਾ ਤਿਆਰ ਕੀਤਾ।

ਹਰ ਲੇਖਕ ਵੱਲੋਂ ਪ੍ਰਮਾਰਥਕ ਪੁਸਤਕ ਦੀ ਲਿਖਤ ਵਿਚ ਹੇਠ-ਲਿਖੇ ਚਾਰ ਅਨੁਬੰਧ ਅੰਕਿਤ ਕਰਨ ਦਾ ਪੂਰਨ ਜਤਨ ਕੀਤਾ ਜਾਂਦਾ ਹੈ, ਇਸ ਨਿਯਮ ਨੂੰ ਇਨ੍ਹਾਂ ਵਾਰਾਂ ਵਿਚ ਭਾਈ ਸਾਹਿਬ ਜੀ ਨੇ ਭੀ ਸਹੀ ਰੂਪ ਵਿਚ ਨਿਭਾਉਣ ਦਾ ਉਪਰਾਲਾ ਕੀਤਾ ਹੈ, ਚਾਰ ਅਨੁਬੰਧ :

੧. ਵਿਸ਼ੇ, ੨. ਪ੍ਰਯੋਜਨ, ੩. ਅਧਿਕਾਰੀ, ੪. ਪ੍ਰਤਿਪਾਦਯ ਅਰ ਪ੍ਰਤਿਪਾਦਕ।

੧. ਸਤਿਨਾਮ ਮੰਤ੍ਰ ਦੁਆਰਾ ਇਕ ਅਦੁੱਤੀ ਆਤਮਾ ਦਾ ਗਿਆਨ ਇਸ ਗ੍ਰੰਥ ਦਾ ਵਿਸ਼ੇ ਹੈ।
੨. ਭਾਉ ਭਗਤੀ ਦੁਆਰਾ ਗੁਰਸਿੱਖੀ ਦੀ ਪ੍ਰਾਪਤੀ ਰੂਪ ਗ੍ਰੰਥ ਦਾ ਪ੍ਰਯੋਜਨ ਹੈ।
੩. ਗੁਰਸਿੱਖੀ ਦੀ ਇੱਛਾ ਵਾਲਾ ਨਾਮ ਦਾਨ ਸੰਪਨ ਸੋ ਸ਼ਰਧਾਲੂ ਹੈ ਤੇ ਗ੍ਰੰਥ ਦਾ ਅਧਿਕਾਰੀ ਹੈ।
੪. ਵਿਸ਼ਯ ਅਰ ਬਾਣੀ ਦਾ ਜੋ ਪ੍ਰਸਪਰ ਪ੍ਰਤਿਪਾਦਯ ਅਰ ਪ੍ਰਤਿਪਾਦਕ ਭਾਵ ਗ੍ਰੰਥ ਦਾ ਸੰਬੰਧ ਸੂਚਨ ਹੁੰਦਾ ਹੈ ਕਿਉਂਕਿ ਇਨ੍ਹਾਂ ਅਨੁਬੰਧਾਂ ਨੂੰ ਜਾਣ ਕੇ ਵਿਵੇਕੀਆਂ ਨੂੰ ਗ੍ਰੰਥ ਵਿਖੇ ਪ੍ਰਵਿਰਤੀ ਹੁੰਦੀ ਹੈ।

ਇਹ ਆਦਿ ਤੋਂ ਹੀ ਮਰਯਾਦਾ ਚੱਲੀ ਆ ਰਹੀ ਹੈ ਕਿ ਭਗਤੀ ਭਾਵ ਵਾਲੇ ਹਰ ਕਾਰਜ ਦੇ ਆਰੰਭ ਵਿਚ ਪ੍ਰਭੂ ਜੀ ਦਾ ਅਰਾਧਨ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਆਰੰਭ ਹੋਏ ਗ੍ਰੰਥ ਦੀ ਨਿਰਵਿਘਨ ਸਮਾਪਤੀ ਲਈ ਲੇਖਕ ਪੁਰਸ਼ ਪਹਿਲੇ ਮੰਗਲ ਕਰਦੇ ਹਨ। ਇਥੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਦਾ ਮੰਗਲਾ-ਚਰਨ ਕਰਦੇ ਹਨ, ਜਿਵੇਂ ਕਿ ਬ੍ਰਿਛ ਦੇ ਮੁੱਢ ਨੂੰ ਪਾਣੀ ਦੇਣ ਤੋਂ ਸਾਰੇ ਬ੍ਰਿਛ ਨੂੰ ਪਹੁੰਚ ਜਾਂਦਾ ਹੈ ਕਿਉਂਕਿ ਜੋ ਮੁੱਢ ਦਾ ਸੰਬੰਧ ਸਾਰੇ ਬ੍ਰਿਛ ਦੇ ਆਕਾਰ ਨਾਲ ਹੀ ਹੋਇਆ ਕਰਦਾ ਹੈ, ਇਸੇ ਤਰ੍ਹਾਂ ਹੀ ਸਤਿਗੁਰੂ ਨੂੰ ਇਕ ਜੋਤ ਜਾਣ ਕੇ ਭਾਈ ਸਾਹਿਬ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਗੁਰਦੇਵ ਕਰਕੇ ਨਮਸਕਾਰ ਕਰਦੇ ਹੋਏ ਪੁਸਤਕ ਦਾ ਆਰੰਭ ਕਰਦੇ ਹਨ, ਸਭ ਤੋਂ ਪਹਿਲੇ ਇਹ ਪਉੜੀ ਦੇ ਰੂਪ ਵਿਚ ਮੰਗਲਾ-ਚਰਨ ਉਚਾਰਨ ਕਰਦੇ ਹਨ। ਸੋ ਇਸ ਪ੍ਰਕਾਰ ਉਕਤ ਮੰਗਲਾ-ਚਰਨ ਅਰ ਚਾਰ ਅਨੁਬੰਧ ਸੂਚਨ ਕਰਕੇ ਗ੍ਰੰਥ ਦਾ ਆਰੰਭ ਕਰਦੇ ਹਨ।

ੴ ਸਤਿਗੁਰ ਪ੍ਰਸਾਦਿ ॥

# ਵਾਰਾਂ ਭਾਈ ਗੁਰਦਾਸ ਜੀ ਸਟੀਕ

## ਵਾਰ ੧

### ੧. ਮੰਗਲਾਚਰਨ

੧. ਨਮਸਕਾਰ ਗੁਰਦੇਵ ਕੋ
ਸਤਿਨਾਮੁ ਜਿਸ ਮੰਤ੍ਰ ਸੁਣਾਯਾ।
੨. ਭਵਜਲ ਵਿਚੋਂ ਕੱਢਿ ਕੈ
ਮੁਕਤਿ ਪਦਾਰਥ ਮਾਹਿ ਸਮਾਯਾ।
੩. ਜਨਮ ਮਰਣ ਭਉ ਕੱਟਿਆ
ਸੰਸਾ ਰੋਗ ਵਿਯੋਗ ਮਿਟਾਯਾ।
੪. ਸੰਸਾ ਇਹੁ ਸੰਸਾਰੁ ਹੈ
ਜਨਮ ਮਰਣ ਵਿਚ ਦੁੱਖ ਸਬਾਯਾ।
੫. ਜਮਦੰਡ ਸਿਰੋਂ ਨਾ ਉਤਰੈ
ਸਾਕਤ ਦੁਰਜਨ ਜਨਮੁ ਗਵਾਯਾ।
੬. ਚਰਨ ਗਹੇ ਗੁਰਦੇਵ ਕੇ
ਸਤਿ ਸ਼ਬਦ ਦੇ ਮੁਕਤ ਕਰਾਯਾ।
੭. ਭਾਉ ਭਗਤਿ ਗੁਰਪੁਰਬ ਕਰਿ
ਨਾਮ ਦਾਨ ਇਸ਼ਨਾਨ ਦ੍ਰਿੜ੍ਹਾਯਾ।
੮. ਜੇਹਾ ਬੀਉ ਤੇਹਾ ਫਲ ਪਾਯਾ ॥੧॥

***ਪਦ ਅਰਥ :*** ਭਵਜਲ–ਜਨਮ ਮਰਣ ਦਾ ਗੇੜ। ਮੁਕਤਿ ਪਦਾਰਥ–ਜੀਵਨ ਮੁਕਤੀ। ਸਬਾਯਾ–ਸਾਰੇ। ਗੁਰਦੇਵ–ਪ੍ਰਕਾਸ਼ ਰੂਪ। ਭਾਉ ਭਗਤਿ–ਪ੍ਰੇਮਾ ਰਸ ਵਾਲੀ ਭਗਤੀ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਹਰ ਇਕ ਲਿਖਾਰੀ ਅਰੰਭਤਾ ਵਿਚ ਆਪਣੇ ਇਸ਼ਟ ਦਾ ਮੰਗਲ ਕਰਦਾ ਹੈ, ਪਰ ਆਪ ਜੀ ਦਾ ਇਸ਼ਟ ਕੌਣ ਹੈ ਜਿਸਦਾ ਆਪ ਮੰਗਲ ਕਰਦੇ ਹੋ?

(੧) ਉ: ਹੇ ਭਾਈ! (ਹਰ ਕਾਰਜ ਦੇ ਅਰੰਭ ਵਿਚ ਮੇਰੀ) ਗੁਰਦੇਵ (ਭਾਵ ਗੁਰੂ ਨਾਨਕ ਦੇਵ ਨੂੰ) ਨਮਸਕਾਰ, ਬੰਦਨਾ ਹੈ, ਜਿਨ੍ਹਾਂ ਨੇ (ਸਾਰੇ ਜਗਤ ਦੇ ਜੀਵਾਂ ਦੀ ਕਲਿਆਣ ਹਿਤ) ਸਤਿਨਾਮ ਦਾ ਮੰਤ੍ਰ ਸੁਣਾਇਆ ਹੈ।

ਪ੍ਰ: ਕਿਉਂ ਜੀ! ਆਖ਼ਰ ਇਸ ਮੰਤ੍ਰ ਦਾ ਜੀਵਾਂ ਨੂੰ ਫਲ ਕੀ ਪ੍ਰਾਪਤ ਹੋਇਆ?

(੨) ਉ: ਹੇ ਭਾਈ! ਇਸ ਨਾਮ ਦਾ ਮਨਨ ਕਰਨ ਵਾਲਿਆਂ ਨੂੰ ਇਹ ਫਲ ਪ੍ਰਾਪਤ ਹੋਇਆ ਕਿ ਉਨ੍ਹਾਂ ਨੂੰ ਸੰਸਾਰ ਸਮੁੰਦਰ ਵਿਚ ਰੁੜ੍ਹੇ ਜਾਣ ਤੋਂ ਕੱਢਕੇ ਮੁਕਤਿ ਪਦਾਰਥ, ਭਾਵ ਜੀਵਨ ਮੁਕਤੀ ਵਿਚ ਸਮਾ ਦਿੱਤਾ।

(੩) (ਇਸੇ ਨਾਮ ਦਾ ਸਦਕਾ ਉਨ੍ਹਾਂ ਦਾ) ਜਨਮ ਮਰਣ ਦਾ ਡਰ, ਮਾਨਸਕ ਰੋਗ, ਤੇ (ਰੱਬੀ) ਵਿਯੋਗ ਦਾ ਸੰਸਾ ਭੀ ਮਿਟ ਗਿਆ।

ਪ੍ਰ: ਕਿਉਂ ਜੀ! ਆਪ ਜੀ ਸੰਸੇ ਦੀ ਰੂਪ ਰੇਖਾ ਨੂੰ ਕਿਸ ਰੂਪ ਵਿਚ ਅਨੁਭਵ ਕਰਦੇ ਹੋ?

(੪) ਉ: ਹੇ ਭਾਈਓ! ਇਹ ਸਾਰਾ ਸੰਸਾਰ ਹੀ ਸੰਸੇ ਦਾ ਰੂਪ ਹੈ ਅਤੇ ਜਨਮ ਮਰਣ ਦੇ ਸਾਰੇ ਦੁੱਖ ਭੀ ਇਸੇ ਵਿਚ ਹਨ।

ਪ੍ਰ: ਕਿਉਂ ਜੀ! ਨਾਮ ਤੋਂ ਸੱਖਣੇ ਜੀਵਾਂ ਬਾਰੇ ਆਪ ਦੇ ਕੀ ਵਿਚਾਰ ਹਨ?

(੫) ਉ: ਹੇ ਭਾਈਓ! ਉਨ੍ਹਾਂ ਸਾਕਤ ਦੁਰਜਨਾਂ ਦੇ ਸਿਰ ਤੋਂ ਜਮਾਂ ਦਾ ਡੰਡਾ (ਕਦੇ) ਉਤਰਦਾ ਹੀ ਨਹੀਂ। ਉਨ੍ਹਾਂ ਸਾਕਤਾਂ ਨੇ (ਏਵੇਂ) ਅਮੋਲਕ ਜਨਮ ਪਦਾਰਥ ਗਵਾ ਲਿਆ।

ਪ੍ਰ: ਕਿਉਂ ਜੀ! ਆਖ਼ਰ ਇਸ ਸੰਸਾਰ ਦੇ ਬੰਧਨਾਂ ਤੋਂ ਕਿਸੇ ਦੀ ਖ਼ਲਾਸੀ ਭੀ ਹੋਈ ਹੈ?

(੬) ਉ: ਹੇ ਭਾਈਓ! ਜਿਨ੍ਹਾਂ ਮਨੁੱਖਾਂ ਨੇ ਗੁਰਦੇਵ ਦੇ ਚਰਨਾਂ ਦਾ ਆਸਰਾ ਲੈ ਲਿਆ (ਉਨ੍ਹਾਂ ਨੂੰ) ਸੱਚੇ ਸ਼ਬਦ ਦਾ ਉਪਦੇਸ਼ ਦੇ ਕੇ ਗੁਰਦੇਵ ਜੀ ਨੇ ਸਹਿਜੇ ਹੀ ਮੁਕਤ ਕਰ ਦਿੱਤਾ।

ਪ੍ਰ: ਕਿਉਂ ਜੀ! ਉਨ੍ਹਾਂ ਮਨੁੱਖਾਂ ਦੀ ਪਛਾਣ ਕੀ ਹੈ?

(੭) ਉ: ਹੇ ਭਾਈਓ! ਐਸੇ ਗੁਰੂ ਦੀ ਸ਼ਰਨ ਪ੍ਰਾਪਤ ਕਰਨ ਵਾਲਿਆਂ ਦੀ ਇਹੋ ਨਿਸ਼ਾਨੀ ਹੈ ਕਿ ਉਹ ਪ੍ਰੇਮ-ਭਾਵਨਾ ਸਹਿਤ ਗੁਰਪੁਰਬ ਮਨਾਉਂਦੇ ਹਨ ਤੇ ਨਾਮ ਦਾਨ ਇਸ਼ਨਾਨ (ਆਪ) ਦ੍ਰਿੜ੍ਹ ਕਰਦੇ ਹਨ ਅਤੇ ਹੋਰਨਾਂ ਨੂੰ ਭੀ ਇਹੋ ਉਪਦੇਸ਼ ਕਰਦੇ ਹਨ।

(੮) ਉਨ੍ਹਾਂ ਦਾ ਨਿਸਚਾ ਹੈ ਕਿ ਜਿਹੋ ਜਿਹਾ ਬੀਜ ਕੋਈ ਬੀਜੇਗਾ ਉਸਨੂੰ ਫਲ ਭੀ ਉਹੋ ਜੇਹਾ ਹਾਸਲ ਹੋਵੇਗਾ।੧।

***ਭਾਵਾਰਥ :*** ਉਪ੍ਰੋਕਤ ਜਿਹੜੇ ਸ਼ੁਭ ਕਰਮ ਨਾਮ ਦਾਨ ਇਸ਼ਨਾਨ ਆਦਿਕ ਅਤੇ ਗੁਰੂ ਸਾਹਿਬਾਂ ਦੇ ਉਪਦੇਸ਼, ਉਪਕਾਰ ਯਾਦ ਕਰਕੇ ਗੁਰਪੁਰਬ ਮਨਾਉਂਦੇ ਹਨ ਉਨ੍ਹਾਂ ਨੂੰ ਸ੍ਰੇਸ਼ਟ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਨਹੀਂ ਤਾਂ ਮਨਮੁਖ ਦੀ ਸੁੱਤਿਆਂ ਹੀ ਉਮਰ ਦੀ ਰਾਤ ਗੁਜ਼ਰ ਜਾਵੇਗੀ, ਜਿਵੇਂ ਕਿ :

ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ॥

*(ਸਿਰੀ ਰਾਗੁ ਮ: ੩, ਪੰਨਾ ੩੬)*

ਗੁਰਮੁਖਾਂ ਦੇ ਮੁਖ ਉਜਲੇ ਹੋਣਗੇ, ਭਾਵ ਦੋਹਾਂ ਲੋਕਾਂ ਵਿਚ ਸੁਰਖ਼ਰੂ ਰਹਿਣਗੇ। ਜਿਵੇਂ ਕਿ :

ਗੁਰ ਪਰਸਾਦੀ ਮੁਖੁ ਊਜਲਾ
ਜਪਿ ਨਾਮੁ ਦਾਨੁ ਇਸਨਾਨੁ॥

*(ਸਿਰੀ ਰਾਗੁ ਮ: ੫, ਪੰਨਾ ੪੬)*

## ੨. ਜਗਤ ਦੀ ਉਤਪਤੀ

੧. ਪ੍ਰਿਥਮੇ ਸਾਸ ਨ ਮਾਸ ਸਨ
ਅੰਧ ਧੁੰਧ ਕਛੁ ਖਬਰ ਨ ਪਾਈ।
੨. ਰਕਤ ਬਿੰਦ ਕੀ ਦੇਹ ਰਚਿ
ਪਾਂਚ ਤੱਤ ਕੀ ਜੜਤ ਜੜਾਈ।
੩. ਪਉਣ ਪਾਣੀ ਬੈਸੰਤਰੋ
ਚੌਥੀ ਧਰਤੀ ਸੰਗਿ ਮਿਲਾਈ।
੪. ਪੰਚਮ ਵਿਚ ਆਕਾਸ ਕਰਿ
ਕਰਤਾ ਛਟਮੁ ਅਦ੍ਰਿਸ਼ਟ ਸਮਾਈ।
੫. ਪੰਚ ਤੱਤ ਪਚੀਸ ਗੁਣ
ਸ਼ੱਤ੍ਰ ਮਿਤ੍ਰ ਮਿਲਿ ਦੇਹ ਬਣਾਈ।
੬. ਖਾਣੀ ਬਾਣੀ ਚਲਿਤੁ ਕਰਿ
ਆਵਾ ਗਉਣ ਚਰਿੱਤ੍ਰ ਦਿਖਾਈ।
੭. ਚੌਰਾਸੀਹ ਲਖ ਜੋਨਿ ਉਪਾਈ॥੨॥

***ਪਦ ਅਰਥ :*** ਸਾਸ, ਮਾਸ—ਸ੍ਵਾਸ ਤੇ ਮਾਸ ਦਾ ਸਰੀਰ। ਰਕਤ ਬਿੰਦ—ਮਾਤਾ ਦੇ ਲਹੂ ਤੇ ਪਿਤਾ ਦੇ ਵੀਰਜ ਨਾਲ। ਜੜਤ—ਜੜਾਊ। ਬੈਸੰਤਰੋ—ਅਗਨੀ। ਆਵਾ ਗਉਣ—ਜਨਮ ਮਰਨ ਦਾ ਚੱਕ੍ਰ।

*ਅਰਥ :*

ਟੂਕ-ਪੁਰਾਤਨ ਸਿੱਖ ਇਤਿਹਾਸ ਅਤੇ ਜਨਮ ਸਾਖੀਆਂ ਦੀ ਪੜਚੋਲ ਕਰਨ ਤੋਂ ਜਾਣਕਾਰੀ ਮਿਲਦੀ ਹੈ ਕਿ ਭਾਈ ਸਾਹਿਬ ਭਾਈ ਗੁਰਦਾਸ ਜੀ ਗੁਰਮਤਿ ਦਾ ਪ੍ਰਚਾਰ ਕਰਨ ਲਈ ਦੇਸ਼ ਦੇ ਵੱਖ ਵੱਖ ਉਨ੍ਹਾਂ ਪ੍ਰਾਂਤਾਂ ਵਿਚ ਪੁੱਜੇ ਜਿਥੇ ਕਿ ਸਨਾਤਨ ਮਤਿ ਦੇ ਪ੍ਰਭਾਵ ਹੇਠ ਦੱਬੇ ਹੋਏ ਪੰਡਿਤ ਲੋਕਾਂ ਦੇ ਗੜ੍ਹ ਸਨ, ਜਿਵੇਂ ਕਿ ਆਗਰਾ, ਬਨਾਰਸ ਆਦਿਕ। ਭਿੰਨ ਭਿੰਨ ਥਾਵਾਂ ਤੇ ਦੇਰ ਕਾਲ ਰਹਿਕੇ ਗੁਰਮਤਿ ਦਾ ਦ੍ਰਿੜ੍ਹਤਾ ਭਰੇ ਵਿਸ਼ਵਾਸ ਸਹਿਤ ਪ੍ਰਚਾਰ ਕਰਦੇ ਰਹੇ। ਕਈ ਉਹ ਲੋਕ ਸਨ ਜਿਨ੍ਹਾਂ ਦੇ ਮਨਾਂ ਉੱਤੇ ਸਨਾਤਨੀ ਖ਼ਿਆਲਾਂ ਦਾ ਵਧੇਰੇ ਅਸਰ ਸੀ, ਉਨ੍ਹਾਂ ਨੂੰ ਗੁਰਮਤਿ ਮਾਰਗ ਦੀ ਸਹੀ ਸੇਧ ਦਰਸਾਉਣ ਲਈ ਉਨ੍ਹਾਂ ਦੇ ਇਕੱਠਾਂ ਵਿਚ ਖ਼ੁਦ ਪੁੱਜ ਕੇ ਉਨ੍ਹਾਂ ਨਾਲ ਪ੍ਰਸਪਰ ਵਿਚਾਰ ਵਟਾਂਦਰਾ ਕਰਦੇ ਹੋਏ ਉਨ੍ਹਾਂ ਨੂੰ ਗੁਰਮਤਿ ਤੇ ਅਨੁਮਤਿ ਵਿਚ ਅੰਤਰਾ ਦਰਸਾ ਕੇ ਗੁਰਮਤਿ ਦੀ ਵਿਸ਼ੇਸ਼ਤਾ ਤੋਂ ਜਾਣੂੰ ਕਰਵਾਉਂਦੇ।

ਇਨ੍ਹਾਂ ਇਕੱਠਾਂ ਵਿਚ ਕਈ ਉਹ ਲੋਕ ਭੀ ਹੋਇਆ ਕਰਦੇ ਜੋ ਕਿ ਪ੍ਰੰਪਰਾ ਤੋਂ ਚਲੀਆਂ ਆ ਰਹੀਆਂ ਸਨਾਤਨ ਗੀਤਾਂ ਦੇ ਅਸਰ ਹੇਠ ਦੱਬੇ ਹੋਏ ਕਈ ਤਰ੍ਹਾਂ ਦੇ ਪ੍ਰਸ਼ਨ ਭੀ ਕਰਿਆ ਕਰਦੇ। ਉਹ ਲੋਕ ਭਾਵੇਂ ਤਰਕ-ਦ੍ਰਿਸ਼ਟੀ ਨੂੰ ਮੁਖ ਰਖਕੇ ਹੀ ਪ੍ਰਸ਼ਨ ਕਰਦੇ ਪਰ ਭਾਈ ਸਾਹਿਬ ਜੀ ਉਨ੍ਹਾਂ ਨੂੰ ਬੜੇ ਪਿਆਰ ਸਹਿਤ ਗੁਰਮਤਿ ਦਾ ਸਰਲ ਮਾਰਗ ਦਰਸਾਉਣ ਦਾ ਯਤਨ ਕਰਦੇ। ਜਿਸਦਾ ਸਦਕਾ ਕਈ ਨਿਰਪੱਖ ਲੋਕ ਦੁੱਖ ਰੂਪ ਅਨੁਮਤਿ ਦਾ ਬਿਖਮ ਮਾਰਗ ਤਿਆਗ ਕੇ ਗੁਰਮਤਿ ਦੇ ਧਾਰਨੀ ਬਣ ਜਾਂਦੇ ਸਨ ਅਤੇ ਆਪਣਾ ਜੀਵਨ ਸਫਲਾਉਣ ਦੇ ਰੱਬੀ ਮਾਰਗ ਪਰ ਟੁਰਨ ਦੇ ਅਧਿਕਾਰੀ ਬਣ ਜਾਂਦੇ। ਇਨ੍ਹਾਂ ਇਕੱਤ੍ਰਤਾਵਾਂ ਵਿਚ ਜੋ ਭੀ ਵੱਖ ਵੱਖ ਸਜਨਾਂ ਨਾਲ ਪ੍ਰਸਪਰ ਵਿਚਾਰ ਵਟਾਂਦਰਾ ਹੋਇਆ ਕਰਦਾ। ਉਨ੍ਹਾਂ ਗੁਰਮਤਿ ਦੀਆਂ ਵਿਚਾਰਾਂ ਨੂੰ ਦੇਸ-ਦੇਸ ਦੇ ਕੋਨੇ-ਕੋਨੇ ਵਿਚ ਵੱਸਣ ਵਾਲੇ ਅਧਿਕਾਰੀਆਂ ਦੇ ਲਾਭ ਹਿਤ, ਉਨ੍ਹਾਂ ਤੱਕ ਪੁਚਾਉਣ ਲਈ ਇਨ੍ਹਾਂ ਵੱਖ ਵੱਖ ਵਾਰਾਂ ਦੇ ਰੂਪ ਵਿਚ ਕਾਵਿ ਦੀ ਸਰਲ ਰਚਨਾ ਰਾਹੀਂ ਅੰਕਤ ਕਰਨ ਦਾ ਉਪਰਾਲਾ ਕਰਿਆ ਕਰਦੇ ਸਨ ਜੋ ਅਜੋਕੇ ਸਮੇਂ ਦੇ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਹਨ। ਕਿਉਂਕਿ ਮਹਾਂਪੁਰਸ਼ਾਂ ਦਾ ਦਿੱਤਾ ਸ਼ੁਭ ਉਪਦੇਸ਼ ਉਹ ਕੇਵਲ ਚੰਦ ਵਿਅਕਤੀਆਂ ਲਈ ਹੀ ਨਹੀਂ ਹੋਇਆ ਕਰਦਾ, ਉਹ ਤਾਂ ਸਾਰੇ ਹੀ ਸੰਸਾਰ ਦੇ ਮਨੁੱਖਾਂ ਦੀ ਭਲਾਈ ਲਈ ਸਾਂਝਾ ਹੋਇਆ ਕਰਦਾ ਹੈ। ਜਿਵੇਂ ਕਿ ਗੁਰਬਾਣੀ ਵਿਚ ਫ਼ੁਰਮਾਨ ਆਇਆ :

ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ॥

*(ਸੂਹੀ ਮ: ੩, ਪੰਨਾ ੭੫੫)*

ਭਾਵ, ਮਹਾਂ ਪੁਰਸ਼ਾਂ ਦਾ ਬੋਲਣਾ ਤਾਂ ਕਿਸੇ ਇਕ ਦੇ ਪ੍ਰਤੀ ਹੀ ਹੋਇਆ ਕਰਦਾ ਹੈ, ਪਰ ਉਹ ਉਪਦੇਸ਼ ਸਾਰੇ ਸੰਸਾਰ ਦੇ ਲੋਕਾਂ ਵਾਸਤੇ ਸਾਂਝਾ ਹੋਇਆ ਕਰਦਾ ਹੈ।

ਇਸੇ ਖ਼ਿਆਲ ਨੂੰ ਮੁਖ ਰੱਖਕੇ ਭਾਈ ਸਾਹਿਬ ਜੀ ਦਾ ਜਿਸ ਨਾਲ ਭੀ ਵਿਚਾਰ ਵਟਾਂਦਰਾ ਹੁੰਦਾ ਰਿਹਾ ਹੈ, ਉਸਨੂੰ ਆਪ ਜੀ ਨੇ ਕਾਵਿ-ਰਚਨਾ ਰਾਹੀਂ ਇਨ੍ਹਾਂ ਵਾਰਾਂ ਦੇ ਰੂਪ ਵਿਚ ਅੰਕਤ ਕਰਦੇ ਰਹਿਣ ਦਾ ਇਕ ਮਹਾਨ ਉਪਕਾਰ ਕੀਤਾ ਹੈ ਜਿਸਦਾ ਸਦੀਵੀ ਲਾਭ ਅਜੋਕੇ ਸਮੇਂ ਦੇ ਪਾਠਕਾਂ ਨੂੰ ਮਿਲ ਰਿਹਾ ਹੈ ਅਤੇ ਸਦਾ ਹੀ ਮਿਲਦਾ ਰਹੇਗਾ।

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਦੇ ਵਿਚਾਰ ਸੁਣਕੇ ਤਾਂ ਭਾਵੇਂ ਮਨ ਨੂੰ ਬੜੀ ਪ੍ਰਸੰਨਤਾ ਹੁੰਦੀ ਹੈ, ਪਰ ਇਸ ਤੋਂ ਪਹਿਲੋਂ ਜੋ ਅਸਾਂ ਸਨਾਤਨ ਮਤਿ ਦੇ ਸ਼ਾਸਤ੍ਰਾਂ ਦੇ ਵਿਚਾਰ ਸਰਵਣ ਕੀਤੇ ਹੋਏ ਹਨ, ਉਨ੍ਹਾਂ ਸੰਬੰਧੀ ਜੋ ਸਾਡੇ ਮਨਾਂ ਵਿਚ ਸੰਦੇਹ ਪੈਦਾ ਹੋਏ ਹਨ, ਅਸੀਂ ਉਨ੍ਹਾਂ ਬਾਰੇ ਭੀ ਆਪ ਜੀ ਵਲੋਂ ਵਿਚਾਰ ਸੁਣਕੇ ਨਿਰਸੰਦੇਹ ਹੋਣਾ ਚਾਹੁੰਦੇ ਹਾਂ। ਆਸ ਹੈ ਕਿ ਆਪ ਜੀ ਬੇਨਤੀ ਕਬੂਲ ਕਰੋਗੇ ?

ਉ: ਹੇ ਭਾਈਓ! ਜੋ ਗੁਰਮਤਿ ਦੇ ਵਿਚਾਰ ਮੇਰੇ ਪੜ੍ਹਨ ਸੁਣਨ ਵਿਚ ਆਏ ਹਨ, ਉਹ ਸਾਰੇ ਤਾਂ ਮੇਰੀ ਸਿੰਮ੍ਰਤੀ ਵਿਚ ਨਹੀਂ ਪਰ ਹਾਂ ਜਿਤਨੇ ਕੁ ਮੇਰੇ ਚੇਤੇ ਹਨ, ਉਹ ਮੈਂ ਜ਼ਰੂਰ ਸੁਣਾ ਸਕਾਂਗਾ ਪਰ ਤੁਹਾਨੂੰ ਸੰਸਾ ਕੀ ਹੈ ਜੋ ਤੁਸੀਂ ਮੇਰੇ ਪਾਸੋਂ ਨਿਵਿਰਤ ਕਰਾਉਣਾ ਚਾਹੁੰਦੇ ਹੋ।

ਪ੍ਰ: ਭਾਈ ਸਾਹਿਬ ਜੀਉ! ਸੰਸਾ ਹੈ ਸ੍ਰਿਸ਼ਟੀ ਦੀ ਉਤਪਤੀ ਬਾਰੇ ਕਿ ਇਹ ਕਦੋਂ ਅਤੇ ਕਿਸ ਵਲੋਂ ਬਣੀ ਹੈ, ਕਿਉਂਕਿ ਇਸਦੇ ਸੰਬੰਧ ਵਿਚ ਭਿੰਨ ਭਿੰਨ ਰਿਖੀਆਂ ਦੇ ਵੱਖੋ-ਵੱਖ ਵਿਚਾਰ ਹਨ ਜੋ ਇਕ ਦੂਜੇ ਨਾਲ ਤਾਲ ਮੇਲ ਨਹੀਂ ਰੱਖਦੇ। ਜਿਵੇਂ ਨੈਯਾਯਕ ਪ੍ਰਮਾਣੂਆਂ ਤੋਂ, ਸਾਂਖ ਵਾਲੇ ਪ੍ਰਧਾਨ ਅਰਥਾਤ ਤਿੰਨ ਗੁਣਾਂ ਦੀ ਸਮਾਨ ਅਵਸਥਾ ਤੋਂ, ਵੈਦਾਂਤੀ ਮਾਯਾ ਤੋਂ ਜਗਤ ਦੀ ਉਪਜ ਮੰਨਦੇ ਹਨ ਪਰ ਕੀ ਆਪ ਜੀ ਦਸੋਗੇ ਕਿ ਇਸ ਬਾਰੇ ਤੁਹਾਡੇ ਆਪਣੇ ਕੀ ਵਿਚਾਰ ਹਨ ?

ਉ: ਹੇ ਭਾਈਓ! ਜਗਤ ਦੀ ਉਤਪਤੀ ਬਾਰੇ ਜੋ ਤੁਸੀਂ ਮੇਰੇ ਆਪਣੇ ਵਿਚਾਰ ਜਾਨਣਾ ਚਾਹੁੰਦੇ ਹੋ, ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਨਾ ਹੀ ਕਿਸੇ ਹੋਰ ਦੇ ਅਤੇ ਨਾ ਹੀ ਖ਼ੁਦ ਮੇਰੇ ਵਿਚਾਰ ਕਬੂਲਣੇ ਯੋਗ ਮੰਨੇ ਜਾ ਸਕਦੇ ਹਨ ਕਿਉਂਕਿ ਜਿਸ ਬਾਰੇ ਗੁਰਬਾਣੀ ਦਾ ਅਟਲ ਫ਼ੈਸਲਾ ਹੈ ਕਿ :

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

*(ਜਪੁਜੀ)*

ਇਸ ਤੋਂ ਉੱਪਰ ਹੋਰ ਕਿਸੇ ਦੇ ਵਿਚਾਰ ਮੰਨੇ ਹੀ ਨਹੀਂ ਜਾ ਸਕਦੇ।

ਪ੍ਰ: ਭਾਈ ਸਾਹਿਬ ਜੀਉ! ਇਸ ਸੰਬੰਧ ਵਿਚ ਜੇ ਤੁਸੀਂ ਕੁਝ ਆਪਣੇ ਵਿਚਾਰ ਕਹਿਣਾ ਭੀ ਚਾਹੋ ਤਾਂ ਉਨ੍ਹਾਂ ਸ਼ਬਦਾਂ ਦੀ ਰੂਪ ਰੇਖਾ ਕੀ ਹੋਵੇਗੀ ?

ਉ: ਹੇ ਭਾਈਓ! ਜੇ ਮੈਂ ਕੁਝ ਕਹਿਣ ਦਾ ਜਤਨ ਭੀ ਕਰਾਂ ਤਾਂ ਬੱਸ, ਇਤਨਾ ਕੁਝ ਹੀ ਕਹਿ ਸਕਾਂਗਾ ਕਿ :

(੧) ਹੇ ਭਾਈ! ਪਹਿਲੋਂ ਜਦੋਂ ਸਾਹ ਤੇ ਮਾਸ ਆਦਿ ਕੁਝ ਭੀ ਨਹੀਂ ਸੀ, ਤਦੋਂ ਅੰਧ ਧੁੰਦ ਹੋਣ ਕਰਕੇ ਕਿਸੇ ਨੂੰ ਕੁਝ ਭੀ ਪਤਾ ਨਹੀਂ ਸੀ (ਤਾਂ ਦਸੋ ਉਸ ਸਮੇਂ ਬਾਰੇ ਕੋਈ ਕੁਝ ਕੀ ਕਹਿ ਸਕਦਾ ਹੈ)।

ਪ੍ਰ: ਕਿਉਂ ਜੀ ! ਤਦੋਂ ਇਨ੍ਹਾਂ ਦੇਹਾਂ ਦੇ ਭਿੰਨ-ਭਿੰਨ ਆਕਾਰ ਕਿਵੇਂ ਬਣੇ ?

(੨) ਉ: ਹੇ ਪਿਆਰੇ ! ਇਉਂ ਹੀ ਕਿਹਾ ਜਾ ਸਕਦਾ ਹੈ ਕਿ ਉਸ ਪ੍ਰਭੂ ਨੇ ਮਾਤਾ ਦੇ ਲਹੂ ਤੇ ਪਿਤਾ ਦੇ ਵੀਰਜ ਤੋਂ ਇਹ ਦੇਹ ਬਣਾ ਕੇ ਪੰਜਾਂ ਤੱਤਾਂ ਦੀ ਜੜਤ ਜੜ ਦਿੱਤੀ।

(੩) (ਉਪਰੰਤ) ਹਵਾ, ਪਾਣੀ, ਅੱਗ ਤੇ ਚੌਥੀ ਧਰਤੀ ਨੂੰ ਨਾਲ ਮੇਲ ਦਿੱਤਾ।

(੪) ਪੰਜਵਾਂ ਵਿਚ ਆਕਾਸ਼ ਰਚਕੇ ਛੇਵਾਂ ਆਪ ਕਰਤਾ ਪੁਰਖ ਗੁਪਤ ਰੂਪ ਵਿਚ ਇਸ ਸਰੀਰ ਨੂੰ ਚਲਾਉਣ ਲਈ ਬੈਠ ਗਿਆ।

(੫) ਪੰਜ ਤੱਤ ਤੇ ਪੰਜੀ ਪ੍ਰਕ੍ਰਿਤੀਆਂ (ਜੋ ਆਪੋ ਵਿਚ ਵਿਰੋਧੀ ਸੁਭਾ ਵਾਲੀਆਂ) ਦਾ ਮੇਲ ਕਰਕੇ ਇਹ ਸਰੀਰ ਬਣਾ ਦਿੱਤਾ।

(੬) ਚਾਰੇ ਖਾਣੀਆਂ (ਅੰਡਜ, ਜੇਰਜ, ਉਤਭੁਜ, ਸੇਤਜ), ਚਾਰੇ ਬਾਣੀਆਂ (ਪਰਾ, ਪਸੰਤੀ, ਮਧਮਾ, ਬੈਖਰੀ) ਨੂੰ ਚਾਲੂ ਕਰਕੇ ਆਵਾਗਉਣ (ਜਨਮ-ਮਰਣ ਦੇ ਚੱਕਰ) ਵਾਲੇ ਸੰਸਾਰ ਦਾ ਚਰਿੱਤ੍ਰ (ਅਦਭੁਤ ਕੌਤਕ) ਰਚਾ ਦਿੱਤਾ, ਭਾਵ ਵਿਖਾ ਦਿੱਤਾ।

(੭) ਜਦੋਂ ਤੋਂ ਦੁਨੀਆ ਬਣੀ ਹੈ, ਕੋਈ ਆ ਰਿਹਾ ਹੈ, ਭਾਵ ਕੋਈ ਜਨਮ ਲੈ ਰਿਹਾ ਹੈ; ਕੋਈ ਜਾ ਰਿਹਾ ਹੈ, ਭਾਵ ਮਰ ਰਿਹਾ ਹੈ। ਇਸ ਤੌਰ ਤਰੀਕੇ ਨਾਲ ੮੪ ਲੱਖ ਜੂਨਾਂ ਦੀ ਰਚਨਾ ਕਰ ਦਿੱਤੀ।੨।

*ਭਾਵਾਰਥ :* ਇਹ ਸੰਸਾਰ ਅਨਾਦੀ ਕਾਲ ਤੋਂ ਹੀ ਚਲਿਆ ਆਉਂਦਾ ਹੈ, ਇਸ ਦੇ ਸੰਬੰਧ ਵਿਚ ਆਦਿ ਕਾਲ ਤੋਂ ਹੀ ਸ਼ਾਸਤ੍ਰਕਾਰਾਂ ਤੇ ਅਨੇਕਾਂ ਰਿਖੀਆਂ-ਮੁਨੀਆਂ ਨੇ ਅਨੇਕਾਂ ਤਰ੍ਹਾਂ ਦੀਆਂ ਕਲਪਨਾ ਕੀਤੀਆਂ ਅਤੇ ਅਜੋਕੇ ਸਮੇਂ ਦੇ ਵਿਗਿਆਨਕ ਆਪੋ ਆਪਣੀਆਂ ਦਲੀਲਾਂ ਰਾਹੀਂ ਇਸ ਦੇ ਉਪਜਾਊ ਦੀ ਹੋਂਦ ਸਿੱਧ ਕਰਦੇ ਹਨ, ਪਰ ਜਦੋਂ ਬੁੱਧੀਜੀਵੀ ਲੋਕ ਉਨ੍ਹਾਂ ਦੀਆਂ ਦਲੀਲਾਂ ਨੂੰ ਗੁਰਬਾਣੀ ਦੀ ਕਸਵੱਟੀ ਦੁਆਰੇ ਪਰਖ ਕਰਦੇ ਹਨ ਤਾਂ ਉਨ੍ਹਾਂ ਦੇ ਸਾਰੇ ਖ਼ਿਆਲ ਕਲਪਿਤ ਰੂਪ ਫੋਕੇ ਹੀ ਸਾਬਤ ਹੁੰਦੇ ਹਨ, ਕਿਉਂਕਿ ਗੁਰਬਾਣੀ ਦਾ ਅਟੱਲ ਫ਼ੈਸਲਾ ਹੈ ਕਿ ਬੀਓ ਪੂਛਿ ਨ ਮਸਲਤਿ ਧਰੈ॥ (ਗੋਂਡ, ਪੰਨਾ ੮੬੩), ਭਾਵ, ਜਦੋਂ ਉਸ ਰਚਨਹਾਰ ਕਰਤਾਰ ਨੇ ਇਸ ਜਗਤ ਦੀ ਰਚਨਾ ਰਚੀ ਹੈ, ਤਾਂ ਕਿਸੇ ਦੂਸਰੇ ਵਿਅਕਤੀ ਨੂੰ ਪੁਛਿਆ ਹੀ ਨਹੀਂ, ਕਿਉਂਕਿ ਪੁੱਛ ਤਾਂ ਤਦੋਂ ਹੀ ਕਰਦਾ ਜੇ ਉਸ ਤੋਂ ਬਿਨਾਂ ਕੋਈ ਦੂਸਰਾ ਹੁੰਦਾ, ਭਾਵ ਦੂਸਰਾ ਤਾਂ ਕੋਈ ਹੈ ਹੀ ਨਹੀਂ ਸੀ।

ਹੋਰ ਫ਼ੁਰਮਾਨ ਆਇਆ ਹੈ :

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ ॥
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ
ਜਾਂ ਅਵਰੁ ਨ ਦੂਜਾ ਕੀਆ ॥
ਫਿਰਿ ਆਪੇ ਜਗਤੁ ਉਪਾਇਆ ਕਰਤੈ
ਦਾਨੁ ਸਭਨਾ ਕਉ ਦੀਆ ॥

*(ਬਿਹਾਗੜੇ ਕੀ ਵਾਰ, ਪੰਨਾ ੫੫੧)*

ਭਾਵ, ਹੈ ਜਦੋਂ ਇਸ ਜਗਤ ਦੀ ਉਤਪਤੀ ਸਮੇਂ ਕੋਈ ਹੋਰ ਹੈ ਹੀ ਨਹੀਂ ਸੀ, ਤਾਂ ਉਸ ਸਮੇਂ ਬਾਰੇ ਕਿਸੇ ਵੱਲੋਂ ਕੁੱਝ ਭੀ ਕਿਹਾ ਜਾਣਾ ਇਹ ਉਸਦੇ ਮਨ ਦੀ ਕੇਵਲ ਕਪੋਲ ਕਲਪਨਾ ਹੀ ਕਹੀ ਜਾਵੇਗੀ। ਇਸ ਲਈ ਹੇ ਭਾਈਓ ! ਤੁਸੀਂ ਪੁਰਾਤਨ ਸਨਾਤਨੀ ਭਰਮ ਭੁਲੇਖੇ ਉਪਜਾਊ ਸੰਸਕਾਰਾਂ ਨੂੰ ਤਿਆਗ ਕੇ ਇਹੋ ਹੀ ਨਿਸਚਾ ਕਰੋ ਕਿ ਇਸ ਜਗਤ ਦੀ ਰਚਨਾ ਉਸ ਪਰੀ ਪੂਰਨ ਪਰਮੇਸਰ ਨੇ ਆਪਣੀ ਇੱਛਾ ਮੁਤਾਬਿਕ ਸੁਤੰਤਰ ਰਚੀ ਹੈ। ਪਰ ਇਹ ਕਦੋਂ ਤੋਂ ਬਣੀ ? ਕਿਸ ਨੇ ਬਣਾਈ ? ਕਿਉਂ ਬਣਾਈ ? ਇਹ ਕਦੋਂ ਤੀਕ ਰਵੇਗੀ ? ਇਸ ਗੋਰਖ ਧੰਧੇ ਵਿਚ ਉਲਝਣ ਦੀ ਲੋੜ ਨਹੀਂ, ਕੇਵਲ ਇਸ ਰਚਨਾ ਨੂੰ ਰਚਨਹਾਰ ਕਰਤਾਰ ਦੀ ਸਿਫ਼ਤੋਂ-ਸਾਲਾਹ ਵਿਚ ਜੁੜੇ ਰਹਿਣਾ ਹੀ ਯੋਗ ਹੈ।

## ੩. ਮਨੁੱਖਾ ਜਨਮ ਦੀ ਉੱਤਮਤਾ

੧. ਚੌਰਾਸੀ ਲੱਖ ਜੋਨਿ ਵਿੱਚ
ਉਤਮ ਜਨਮ ਸੁ ਮਾਨਸ ਦੇਹੀ।
੨. ਅੱਖੀ ਵੇਖਣ ਕਰਨਿ ਸੁਣਿ
ਮੁਖਿ ਸੁਭ ਬੋਲਣ ਬਚਨ ਸਨੇਹੀ।
੩. ਹੱਥੀਂ ਕਾਰ ਕਮਾਵਣੀ
ਪੈਰੀਂ ਚਲਿ ਸਤਿਸੰਗਿ ਮਿਲੇਹੀ।
੪. ਕਿਰਤਿ ਵਿਰਤਿ ਕਰਿ ਧਰਮ ਦੀ
ਖੱਟਿ ਖਵਾਲਣ ਕਾਰ ਕਰੇਹੀ।
੫. ਗੁਰਮੁਖ ਜਨਮ ਸਕਾਰਥਾ
ਗੁਰਬਾਣੀ ਪੜ੍ਹਿ ਸਮਝਿ ਸੁਣੇਹੀ।
੬. ਗੁਰਭਾਈ ਸੰਤੁਸ਼ਟ ਕਰਿ
ਚਰਨਾਮ੍ਰਿਤੁ ਲੈ ਮੁਖਿ ਪਿਵੇਹੀ।

**੭. ਪੈਰੀ ਪਵਣੁ ਨ ਛੋਡੀਐ**
**ਕਲੀ ਕਾਲਿ ਰਹਰਾਸਿ ਕਰੇਹੀ।**
**੮. ਆਪਿ ਤਰੇ ਗੁਰ ਸਿਖ ਤਰੇਹੀ॥੩॥**

*ਪਦ ਅਰਥ :* ਕਰਨ—ਕੰਨ। ਭਾਇ ਕਰੇਹੀ—ਪਿਆਰ ਪਾਵੇਗਾ। ਸਕਾਰਥਾ—ਸਫਲਾ। ਰਹਰਾਸਿ—ਨਿਮ੍ਰਤਾ ਤੇ ਪਿਆਰ ਦੀ ਅਰਦਾਸ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਤੁਸੀਂ ਕਈ ਵਾਰ ਆਪਣੇ ਵਿਆਖਿਆਨ ਕਰਨ ਸਮੇਂ ਚੌਰਾਸੀ ਲੱਖ ਜੂਨਾਂ ਦਾ ਜ਼ਿਕਰ ਭੀ ਕਰਿਆ ਕਰਦੇ ਹੋ, ਕੀ ਇਹ ਭੀ ਦੱਸੋਗੇ ਕਿ ਇਨ੍ਹਾਂ ਸਾਰੀਆਂ ਜੂਨਾਂ ਵਿਚ ਉੱਤਮ ਕਿਸ ਨੂੰ ਮੰਨਿਆ ਜਾ ਸਕਦਾ ਹੈ?

(੧) ਉ: ਹੇ ਪਿਆਰੇ! ਜਦੋਂ ਦੂਰ-ਦਰਸ਼ੀ ਨਜ਼ਰਾਂ ਨਾਲ ਤੱਕੀਏ ਤਾਂ ਇਉਂ ਹੀ ਕਹਿਣਾ ਪਵੇਗਾ ਕਿ ਚੌਰਾਸੀ ਲੱਖ ਜੂਨਾਂ ਵਿਚੋਂ ਕੇਵਲ ਇੱਕੋ ਹੀ ਮਨੁੱਖ ਦੇਹ ਉੱਤਮ ਹੈ।

ਪ੍ਰ: ਕਿਉਂ ਜੀ! ਤੁਸੀਂ ਬਾਕੀ ਦੀਆਂ ਜੂਨਾਂ ਨਾਲੋਂ ਮਨੁੱਖਾ ਦੇਹੀ ਵਿਚ ਕੀ ਅੰਤਰਾ ਅਨੁਭਵ ਕਰਦੇ ਹੋ?

(੨) ਉ: ਹੇ ਭਾਈ! ਕਿਉਂਕਿ ਮਨੁੱਖ ਦੇਹੀ ਵਿਚ ਅੱਖਾਂ (ਚੰਗਾ, ਮੰਦਾ) ਵੇਖ ਸਕਦੀਆਂ ਹਨ, ਕੰਨ (ਚੰਗੀ, ਮੰਦੀ) ਆਵਾਜ਼ ਸੁਣ ਸਕਦੇ ਹਨ ਤੇ ਮੂੰਹ ਤੋਂ ਸ਼ੁਭ ਤੇ ਪ੍ਰੇਮ ਪਿਆਰ ਵਾਲੇ ਬਚਨ ਬੋਲ ਸਕਦੇ ਹਾਂ।

(੩) ਹੱਥਾਂ ਨਾਲ ਕੰਮ ਕਾਰ ਕਰ ਸਕਣਾ ਤੇ ਪੈਰਾਂ ਨਾਲ (ਚੱਲ ਕੇ) ਸਤਿਸੰਗ ਵਿਚ ਮਿਲਾਪ ਕਰ ਸਕੀਦਾ ਹੈ।

(੪) ਧਰਮ ਦੀ ਭਾਵਨਾ ਨਾਲ ਕਿਰਤ ਕਰਨੀ, ਖੱਟ ਕੇ ਖਾਣਾ ਤੇ ਖੁਆਲਣਾ ਕਰ ਸਕੀਦਾ ਹੈ।

(੫) ਹੇ ਪਿਆਰੇ! ਇਸ ਤਰ੍ਹਾਂ ਉਨ੍ਹਾਂ ਗੁਰਮੁਖਾਂ ਦਾ ਜਨਮ ਸਫਲਾ ਹੈ, ਜੋ ਗੁਰੂ ਦੀ ਬਾਣੀ ਪੜ੍ਹਦੇ, ਸੁਣਦੇ ਤੇ ਫਿਰ ਸਮਝਦੇ ਅਤੇ (ਹੋਰ) ਗੁਰਮੁਖਾਂ ਨੂੰ ਪੜ੍ਹਾਉਂਦੇ ਅਤੇ ਸਮਝਾਉਂਦੇ (ਭਾਵ ਗੁਰ ਉਪਦੇਸ਼ ਦੇ ਚਾਨਣੇ ਦਾ ਦੀਵੇ ਤੋਂ ਦੀਵਾ ਜਗਾਉਂਦੇ ਹਨ)।

(੬) ਗੁਰਸਿੱਖ ਵੀਰਾਂ ਨੂੰ ਪ੍ਰਸੰਨ ਕਰਕੇ ਸੰਤੁਸ਼ਟ ਕਰਦੇ ਤੇ ਚਰਨਾਂਮ੍ਰਿਤ ਲੈ ਮੂੰਹ ਪਾਉਂਦੇ ਹਨ।

(੭) ਉਹ ਪੈਰੀ ਪੈਣਾ (ਨਿਮ੍ਰਤਾ ਭਾਵ) ਤੋਂ ਪਿਛੇ ਨਹੀਂ ਹਟਦੇ ਤੇ ਕਲਜੁਗ ਦੇ ਸਮੇਂ ਵਿਚ ਇਸ ਪ੍ਰੇਮ ਭਾਵਨਾ ਨੂੰ ਛੱਡਦੇ ਨਹੀਂ।

(੮) (ਐਸੇ ਜੋ ਗੁਰਸਿੱਖ ਹਨ) ਉਹ ਆਪ ਤਰਦੇ ਤੇ ਹੋਰਨਾ ਨੂੰ ਤਾਰਦੇ ਹਨ।੩।

*ਭਾਵਾਰਥ :* ਜਦੋਂ ਅਸੀਂ ਇਸ ਉਪ੍ਰੋਕਤ ਪਉੜੀ ਦੇ ਸਮੁੱਚੇ ਭਾਵ ਨੂੰ ਬਾਰੀਕ-ਬੀਨੀ ਨਜ਼ਰ ਨਾਲ ਤੱਕਦੇ ਹਾਂ, ਤਾਂ ਇਸ ਵਿਚ ਤਾਂ ਸ਼ੱਕ ਕਰਨ ਦੀ ਗੁੰਜਾਇਸ਼ ਹੀ ਕੋਈ ਨਹੀਂ ਰਹਿ ਜਾਂਦੀ ਕਿ ਇਸ ਕਾਇਨਾਤ ਦੀ ਅਸਚਰਜ ਰਚਨਾ ਦੀ ਘਾੜਤ ਨੂੰ ਘੜਨ ਵਾਲਾ ਉਸ ਕਰਤਾਰ ਤੋਂ ਬਿਨਾਂ ਕੋਈ ਦੂਜਾ ਹੋਰ ਭੀ ਹੋ ਸਕਦਾ ਹੈ? ਪਰ ਹਾਂ, ਇਸ ਵਿਚ ਜੋ ਭਿੰਨਤਾ ਭਰੀ ਵਿਲੱਖਣਤਾ ਨਜ਼ਰ ਆਉਂਦੀ ਹੈ ਇਹ ਭੀ ਉਸੇ ਦੀ ਵਚਿੱਤ੍ਰਤਾ ਦਾ ਪ੍ਰਗਟਾਵਾ ਕਰਦੀ ਦਿਸ ਆਉਂਦੀ ਹੈ।

ਬਾਣੀ ਦੇ ਆਧਾਰ ਨੂੰ ਮੁਖ ਰਖਦਿਆਂ ਭਾਈ ਸਾਹਿਬ ਜੀ ਨੇ ਜੋ ਚੌਰਾਸੀ ਲੱਖ ਜੂਨ ਦੇ ਜੀਵਾਂ ਵਿਚੋਂ ਇਸ ਮਨੁੱਖ ਜਾਤੀ ਨੂੰ ਉੱਤਮਤਾ ਦਿੱਤੀ ਹੈ, ਇਸ ਦਾ ਭਾਵ ਇਹੋ ਹੀ ਪ੍ਰਤੀਤ ਹੁੰਦਾ ਹੈ ਕਿ ਇਸ ਮਨੁੱਖ ਵਿਚ ਬਾਕੀ ਦੇ ਪਸ਼ੂ, ਪੰਛੀ ਤੇ ਦਰਿੰਦੇ-ਪਰਿੰਦਿਆ ਨਾਲੋਂ ਉਨ੍ਹਾ ਨੂੰ ਕਈ ਤਰ੍ਹਾਂ ਦੀ ਵਿਸ਼ੇਸ਼ਤਾ ਨਜ਼ਰ ਆਉਂਦੀ ਸੀ, ਜਿਵੇਂ ਕਿ ਅੱਖਾਂ ਸ਼ੁਭ ਵੇਖਦਿਆਂ, ਕੰਨ ਸ਼ੁਭ ਬਚਨ ਸੁਣਦੇ ਤੇ ਜੀਭ ਪ੍ਰੇਮ ਭਰੇ ਮਿਠੇ ਬਚਨ ਬੋਲਦੀ ਹੈ। ਭਾਵ ਹੈ ਕਿ ਪਸ਼ੂ, ਪੰਛੀ ਭੀ ਵੇਖਣ ਸੁਣਨ ਆਦਿ ਦੀ ਕ੍ਰਿਆ ਤਾਂ ਕਰਦੇ ਹਨ, ਪਰ ਉਨ੍ਹਾਂ ਦੇ ਅੰਦਰ ਸ਼ੁਭ ਅਸ਼ੁਭ ਦਾ ਗਿਆਨ ਨਹੀਂ। ਜੋ ਕੇਵਲ ਮਨੁੱਖ ਜਾਮੇ ਵਿਚ ਹੀ ਵੇਖਣ ਵਿਚ ਆਉਂਦਾ ਹੈ।

ਜਿਵੇਂ ਕਿ ਇਹ ਮਨੁੱਖ ਹੱਥਾ ਨਾਲ ਦਸਾਂ ਨੌਹਾਂ ਦੀ ਕਿਰਤ ਕਰ ਸਕਦਾ ਹੈ, ਜਦੋਂ ਚਾਹੇ ਸੰਗਤ ਵਿਚ ਬੈਠ ਕੇ ਜੀਵਨ ਨੂੰ ਸਫਲਾ ਕਰ ਸਕਦਾ ਹੈ, ਜੋ ਕਿ ਪਸ਼ੂ, ਪੰਛੀਆਂ ਨੂੰ ਨਸੀਬ ਨਹੀਂ ਹੁੰਦਾ। ਮਨੁੱਖ ਜਾਤੀ ਵਿਚ ਇਕ ਹੋਰ ਭੀ ਅਧਿਕਤਾ ਹੈ ਕਿ ਇਹ ਮਨੁੱਖ ਸਮੇਂ ਸਮੇਂ ਆਪਣੀ ਮਾਨਸਕ ਖ਼ੁਸ਼ੀ ਨੂੰ ਹੱਸ ਕੇ ਤੇ ਗ਼ਮੀ ਨੂੰ ਗ਼ਮ ਦੇ ਹੰਝੂਆਂ ਰਾਹੀਂ ਪ੍ਰਗਟਾ ਸਕਦਾ ਹੈ, ਜੋ ਕਿ ਪਸ਼ੂ, ਪੰਛੀਆਂ ਦੀ ਸ੍ਰੇਣੀ ਵਿਚ ਵੇਖੀ ਨਹੀਂ ਜਾਂਦੀ, ਇਸ ਤੋਂ ਆਦਿ ਹੋਰ ਭੀ ਅਜਿਹੀਆ ਖ਼ੂਬੀਆਂ ਮਨੁੱਖ ਵਿਚ ਪਾਈਆ ਜਾ ਸਕਦੀਆਂ ਹਨ, ਜਿਸ ਕਰਕੇ ਭਾਈ ਸਾਹਿਬ ਜੀ ਨੇ ਬਾਣੀ ਦੇ ਭਾਵ ਨੂੰ ਮੁਖ ਰੱਖ ਕੇ ਇਸ ਪਉੜੀ ਵਿਚ ਮਨੁੱਖ ਜਾਮੇ ਨੂੰ ਬਾਕੀ ਦੀਆਂ ਜੂਨਾਂ ਨਾਲੋਂ ਸ੍ਰੇਸ਼ਟਤਾ ਦਿੱਤੀ, ਅਤੇ ਵਡਿਆਇਆ ਹੈ।

ਬਾਕੀ ਦੀਆਂ ਜੂਨਾਂ ਵਿਚ ਤਾਂ ਬਾਰ-ਬਾਰ ਆਉਂਦੇ ਜਾਂਦੇ ਰਹੀਦਾ ਹੈ, ਪਰ ਇਹ ਇਕ ਮਨੁੱਖ ਜਾਮਾ ਹੀ ਹੈ ਜਿਸ ਵਿਚ ਬਾਰ-ਬਾਰ ਆਉਣਾ ਨਹੀਂ ਮਿਲਦਾ, ਜਿਵੇਂ ਕਿ :

(੧) ਕਬੀਰ; ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
*(ਸਲੋਕ ਕਬੀਰ, ਪੰਨਾ ੧੩੬੬)*

(੨) ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥
*(ਸੂਹੀ ਮ: ੧, ਪੰਨਾ ੭੫੧)*

ਸੋ, ਭਾਈ ਸਾਹਿਬ ਜੀ ਨੇ ਬਾਣੀ ਦੇ ਭਾਵਾਂ ਤੋਂ ਪ੍ਰਭਾਵਿਤ ਹੋ ਇਸ ਪਉੜੀ ਵਿਚ ਹਰ ਮਨੁੱਖ ਮਾਤ੍ਰ ਨੂੰ ਪ੍ਰੇਰਨਾ ਕੀਤੀ ਹੈ ਕਿ ਇਹ ਮਨੁੱਖ ਜਨਮ ਬਾਰ-ਬਾਰ ਨਹੀਂ ਮਿਲ ਸਕਣਾ ਇਸ ਲਈ ਗੁਰਮਤਿ ਅਨੁਸਾਰ ਜੀਵਨ ਗੁਜ਼ਾਰ ਕੇ ਇਸ ਨੂੰ ਸਫਲਾ ਕਰਨ ਦਾ ਪ੍ਰਯਤਨ ਕਰੋ।

## ੪. ਜਗਤ ਦਾ ਪਸਾਰਾ

੧. ਓਅੰਕਾਰ ਆਕਾਰ ਕਰਿ
ਏਕ ਕਵਾਉ ਪਸਾਉ ਪਸਾਰਾ।
੨. ਪੰਜ ਤੱਤ ਪਰਵਾਣੁ ਕਰਿ
ਘਟ ਘਟ ਅੰਦਰ ਤ੍ਰਿਭਵਣ ਸਾਰਾ।
੩. ਕਾਦਰ ਕਿਨੇ ਨ ਲੱਖਿਆ
ਕੁਦਰਤਿ ਸਾਜਿ ਕੀਆ ਅਵਤਾਰਾ।
੪. ਇਕ ਦੂੰ ਕੁਦਰਤਿ ਲੱਖ ਕਰਿ
ਲੱਖ ਬਿਅੰਤ ਅਸੰਖ ਅਪਾਰਾ।
੫. ਰੋਮ ਰੋਮ ਵਿਚ ਰਖਿਓਨਿ
ਕਰਿ ਬ੍ਰਹਮੰਡਿ ਕਰੋੜਿ ਸ਼ੁਮਾਰਾ।
੬. ਇਕਸ ਇਕਸ ਬ੍ਰਹਮੰਡ ਵਿਚ
ਦਸ ਦਸ ਕਰਿ ਅਵਤਾਰ ਉਤਾਰਾ।
੭. ਕੇਤੇ ਬੇਦ ਬਿਆਸ ਕਰਿ
ਕਈ ਕਤੇਬ ਮੁਹੰਮਦ ਯਾਰਾ।
੮. ਕੁਦਰਤਿ ਇਕੁ ਏਤਾ ਪਾਸਾਰਾ॥੪॥

***ਪਦ ਅਰਥ :*** ਕਵਾਉ—ਵਾਕ। ਤ੍ਰਿਭਵਣ—ਤਿੰਨ ਲੋਕ। ਕਾਦਰ—ਕਰਤਾ। ਕੁਦਰਤਿ—ਪ੍ਰਭੂ ਸ਼ਕਤੀ। ਪਰਵਾਣੁ—ਵਜ਼ਨ, ਅੰਦਾਜ਼ਾ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਕੀ ਇਹ ਦੱਸਣ ਦੀ ਖੇਚਲ ਕਰੋਗੇ ਕਿ ਉਸ ਰਚਨਹਾਰ ਕਰਤਾਰ ਨੇ ਜਦੋਂ ਇਸ ਅਥਾਹ ਸੰਸਾਰ ਦੀ ਰਚਨਾ ਰਚੀ ਹੈ, ਤਾਂ ਇਸ ਦੀ ਪਹਿਲੋਂ ਅਰੰਭਤਾ ਕਿਵੇਂ ਅਰੰਭੀ ਗਈ, ਤੇ ਇਸ ਅਸਚਰਜ ਰਚਨਾ ਨੂੰ ਰਚਨ ਲਈ ਕਿਤਨਾ ਕੁ ਸਮਾਂ ਲਗਾ ਹੈ?

ਉ: ਹੇ ਭਾਈਓ! ਇਹ ਤੁਹਾਡਾ ਪ੍ਰਸ਼ਨ ਇਤਨਾ ਗੰਭੀਰਤਾ ਭਰਪੂਰ ਹੈ, ਜਿਸ ਦਾ ਕਿ ਉੱਤਰ ਪੁਰਾਤਨ ਸ਼ਾਸਤ੍ਰ ਗਿਆਤਾ ਭੀ ਦੇਣ ਵਿਚ ਅਸਮਰੱਥ ਰਹੇ ਹਨ, ਪਰ ਮੇਰੀ ਤਾਂ ਸੂਝ-ਬੂਝ ਹੀ ਸੀਮਤ ਹੈ, ਜੋ ਆਪ ਜੀ ਦੀ ਤਸੱਲੀ ਕਰਵਾ ਸੱਕੇ, ਪਰ ਹਾਂ ਇਤਨਾ ਜ਼ਰੂਰ ਹੈ ਜੋ ਕਿ ਮੈਨੂੰ ਗੁਰਬਾਣੀ ਦੇ ਅਧਿਅਨ ਜਾਂ ਸਰਵਣ ਕਰਨ ਦਾ ਅਵਸਰ ਮਿਲਿਆ ਹੈ, ਉਹ ਭੀ ਸਾਰਾ ਤਾਂ ਨਹੀਂ ਜਿਤਨਾ ਕੁ ਮੇਰੀ ਸਿਮ੍ਰਤੀ ਵਿਚ ਹੈ ਉਸ ਦੇ ਆਧਾਰਿਤ ਹੋ, ਮੈਂ ਚੰਦ ਸ਼ਬਦ ਕਹਿਣ ਦਾ ਜਤਨ ਕਰ ਸਕਦਾ ਹਾਂ।

(੧) ਗੁਰਬਾਣੀ ਦੀ ਰੌਸ਼ਨੀ ਵਿਚ ਮੈਨੂੰ ਤਾਂ ਇਉਂ ਹੀ ਨਜ਼ਰ ਆਉਂਦਾ ਹੈ ਕਿ ਉਸ (ਓਅੰਕਾਰ) ਪਰਮੇਸ਼ਰ ਨੇ ਇਕ ਬਚਨ ਤੋਂ ਹੀ ਇਹ ਨਾਨ੍ਹਾ ਪ੍ਰਕਾਰ ਦੇ ਆਕਾਰ ਰਚ ਕੇ (ਸਾਰਾ) ਪਾਸਾਰਾ ਪਾਸਾਰ ਦਿੱਤਾ ਹੈ, (ਭਾਵ ਹੈ ਕਿ ਪਹਿਲੇ ਪਹਿਲ ਇਕ ਵਾਹਿਗੁਰੂ ਹੀ ਸੀ, ਉਸ ਨੇ ਬਚਨ ਨਾਲ ਇਹ ਸਾਰਾ ਪਾਸਾਰਾ ਕੀਤਾ ਹੈ) ਬਾਣੀ ਦਾ ਭੀ ਫੁਰਮਾਨ ਹੈ ਕਿ:

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ *(ਜਪੁਜੀ, ੩)*

ਪ੍ਰ: ਕਿਉਂ ਜੀ! ਉਸ ਪਹਿਲੇ ਕੀਤੇ ਬਚਨ ਦੀ ਭੀ ਕੋਈ ਰੂਪ ਰੇਖਾ ਮੰਨੀ ਗਈ ਹੈ?

(੨) ਉ: ਪੁਰਾਤਨ ਸ਼ਾਸਤ੍ਰਕਾਰਾਂ ਨੇ ਉਸ ਦੀ ਰੂਪ ਰੇਖਾ ਨੂੰ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਕੀਤਾ ਹੈ ਕਿ (ਏਕੋਂਹੁ ਬਹੁ ਸਿਆਮਾ) ਭਾਵ ਹੈ ਕਿ ਮੈਂ ਇਕ ਤੋਂ ਅਨੇਕ ਰੂਪ ਹੋ ਜਾਵਾਂ।

ਪ੍ਰ: ਕਿਉਂ ਜੀ! ਉਸ ਬਚਨ ਕਰਨ ਤੋਂ ਉਪਰੰਤ ਇਹ ਸਾਰੀ ਖੇਡ ਕਿਵੇਂ ਅਰੰਭ ਹੋਈ?

ਉ: (ਫਿਰ ਪੰਜ ਤੱਤ ਰਚੇ ਉਪਰੰਤ) ਪੰਜਾਂ ਤੱਤਾਂ ਤੋਂ ਬ੍ਰਹਿਮੰਡ ਰਚ ਕੇ ਆਪ (ਘਟ ਘਟ ਕਹੀਏ) ਹਰੇਕ ਸਰੀਰ ਵਿਚ ਪ੍ਰਵੇਸ਼ ਕਰਕੇ ਆਪ ਜੋ ਤਿੰਨੇ ਭਵਨਾਂ ਦਾ ਸਾਰਾ ਰੂਪ ਹੈ (ਇਸਨੂੰ ਸੱਤਾ ਦੇ ਰਿਹਾ ਹੈ)। ਪੰਜ ਤੱਤਾਂ ਦਾ ਪ੍ਰਵਾਣ, ਤੋਲ ਯਾ ਅੰਦਾਜ਼ਾ ਇੱਕੋ ਜਿਹਾ ਰੱਖਣ ਦਾ ਭਾਵ ਇਹ ਹੈ ਕਿ ਕੋਈ ਭੀ ਤੱਤ ਕਿਸੇ ਉੱਪਰ ਭਾਰੂ ਨ ਹੋ ਪਾਵੇ, ਸਾਰੇ ਇੱਕੋ ਸਾਰਖੇ ਰਹਿਣ।

ਪ੍ਰ: ਕਿਉਂ ਜੀ! ਕੀ ਏਡੀ ਵਡੇਰੀ ਸ਼ਕਤੀ ਰੱਖਣ ਵਾਲੇ ਕਾਦਰ ਨੂੰ ਕਿਸੇ ਨੇ ਪ੍ਰਤੱਖ ਰੂਪ ਵਿਚ ਵੇਖਿਆ ਭੀ ਹੈ?

(੩) ਉ: (ਅਸਲ ਵਿਚ ਉਹ ਕਾਦਰੁ) ਕੁਦਰਤ ਦਾ ਕਰਤਾ ਕਿਸੇ ਨੇ ਭੀ ਨਹੀਂ ਡਿਠਾ ਜਿਸ ਨੇ ਆਪਣੀ ਕੁਦਰਤ ਦੁਆਰਾ ਬ੍ਰਹਮਾਦਿ ਅਵਤਾਰ ਬਣਾਏ ਹਨ।

(੪) (ਅਤੇ) ਉਸ ਨੇ ਇੱਕੋ ਮਾਇਆ ਤੋਂ ਲੱਖਾਂ ਕਰ ਦਿੱਤੇ, ਲੱਖਾਂ ਤੋਂ ਅਸੰਖ ਤੇ ਅਪਾਰ (ਗਿਣਤੀ ਰਹਿਤ) ਰਚਨਾ ਸਾਜ ਦਿੱਤੀ ਹੈ। (ਇਥੇ ਚਾਰ ਵਾਰ ਕਹਿਣ ਦਾ ਭਾਵ ਚਾਰ ਜੁਗਾਂ ਵਿਖੇ ਅਸੰਖ ਤੇ ਅਪਾਰ ਸਿਰਜਨ ਦਾ ਹੈ)।

ਪ੍ਰ: ਕਿਉਂ ਜੀ! ਇਹ ਜੋ ਵੱਡੇ ਆਕਾਰ ਵਾਲਾ ਬ੍ਰਹਿਮੰਡ ਨਜ਼ਰ ਆ ਰਿਹਾ ਹੈ, ਕੀ ਇਨ੍ਹਾਂ ਦੀ ਕੋਈ ਗਿਣਤੀ ਭੀ ਹੈ?

(੫) ਉ: ਇਹ ਬ੍ਰਹਿਮੰਡ ਇੱਕੋ ਹੀ ਨਹੀਂ, ਅਜਿਹੇ ਅਣ-ਗਿਣਤ ਹਨ, ਜੋ ਉਸਨੇ ਆਪਣੇ ਇਕ-ਇਕ ਰੋਮ ਵਿਚ ਕ੍ਰੋੜਾਂ ਦੀ ਗਿਣਤੀ ਵਿਚ ਵਸਾਏ ਹੋਏ ਹਨ, ਜਿਨ੍ਹਾਂ ਦੀ ਅੱਜ ਤੱਕ ਕੋਈ ਗਿਣਤੀ ਹੀ ਨਹੀਂ ਕਰ ਸੱਕਿਆ।

(੬) (ਇਥੇ ਹੀ ਬਸ ਨਹੀਂ ਫਿਰ) ਹਰ ਬ੍ਰਹਿਮੰਡ ਵਿਚ ਦਸ-ਦਸ ਅਵਤਾਰ ਵੀ ਪੈਦਾ ਕੀਤੇ ਹੋਏ ਹਨ, (ਭਾਵ ਬੇਅੰਤ ਹੀ ਬ੍ਰਹਿਮੰਡ ਹਨ ਤੇ ਬੇਅੰਤ ਹੀ ਅਵਤਾਰ)।

(੭) (ਫਿਰ) ਕਈ ਵੇਦਾਂ (ਦੇ ਵਕਤਾ) ਵਿਆਸ ਵਰਗੇ ਵਿਦਵਾਨ ਪੈਦਾ ਕਰ ਦਿੱਤੇ, ਕਈ ਮੁਹੰਮਦ ਤੇ ਕਈ ਉਸ ਦੇ ਯਾਰ ਰਚ ਦਿੱਤੇ ਹਨ।

(੮) (ਪਰ ਵੇਖੋ) ਇਤਨਾ ਵਿਸਥਾਰ ਕਰਨ ਵਾਲੀ ਕੇਵਲ ਉਸਦੀ ਇੱਕੋ ਸ਼ਕਤੀ ਹੈ, ਜਿਸ ਤੋਂ ਇਤਨਾ ਵੱਡਾ ਪਾਸਾਰਾ ਪਸਰ ਗਿਆ ਹੈ।੪।

*ਭਾਵਾਰਥ:* ਉਸ ਬੇਅੰਤ ਖੰਡਾ-ਬ੍ਰਹਿਮੰਡਾਂ ਨੂੰ ਰਚਨ ਵਾਲੀ ਸ਼ਕਤੀ ਦਾ ਭੇਦ ਲੱਭਣ ਲਈ ਪੁਰਾਤਨ ਸਮੇਂ ਵਿਚ ਅਨੰਤ ਹੀ ਰਿਖੀਆਂ, ਮੁਨੀਆਂ, ਪੀਰ, ਪੈਗੰਬਰ, ਔਲੀਆਂ ਨੇ ਆਪੋ ਆਪਣੀ ਸ਼ਕਤੀ ਦੁਆਰੇ ਜਤਨ ਕੀਤੇ ਪਰ ਸਫਲਤਾ ਹਾਸਲ ਨਹੀਂ ਕਰ ਸੱਕੇ, ਭਾਵੇਂ ਉਸਦਾ ਅੰਤ ਲੈਣ ਲਈ ਟੁਰੇ ਜ਼ਰੂਰ ਸਨ, ਪਰ ਉਸ ਬੇਅੰਤ ਦਾ ਅੰਤ ਨਹੀਂ ਲੈ ਸਕੇ ਆਖ਼ੀਰ ਆਪਣਾ ਹੀ ਅੰਤ ਕਰ ਬੈਠੇ, ਇਸੇ ਖ਼ਿਆਲ ਨੂੰ ਮੁਖ ਰੱਖ ਕੇ ਗੁਰੂ ਕਲਗੀਧਰ ਪਾਤਿਸ਼ਾਹ ਨੇ ਆਪਣਾ ਵੀਚਾਰ ਅੰਕਿਤ ਕੀਤਾ ਹੈ ਕਿ:

ਅੰਤ ਕੋ ਚਾਹਨ ਜੋ ਗਏ ਸੇ ਆਏ ਅੰਤ ਗਵਾਏ॥

## ੫. ਜੁਗਾਂ ਦੀ ਰਚਨਾ

੧. ਚਾਰਿ ਜੁਗਿ ਕਰਿ ਥਾਪਨਾ
ਸਤਿਜੁਗ ਤ੍ਰੇਤਾ ਦੁਆਪਰ ਸਾਜੇ।
੨. ਚੌਥਾ ਕਲਿਜੁਗ ਥਾਪਿਆ
ਚਾਰਿ ਵਰਨਿ ਚਾਰੋਂ ਕੇ ਰਾਜੇ।
੩. ਬ੍ਰਹਮਣ ਛਤ੍ਰੀ ਵੈਸ ਸੂਦ੍ਰ
ਜੁਗ ਜੁਗ ਏਕੋ ਵਰਨ ਬਿਰਾਜੇ।
੪. ਸਤਿਜੁਗ ਹੰਸੁ ਅਵਤਾਰ ਧਰ
ਸੋਹੰ ਬ੍ਰਹਮ ਨ ਦੂਜਾ ਪਾਜੇ।
੫. ਏਕੋ ਬ੍ਰਹਮ ਵਖਾਣੀਐ
ਮੋਹ ਮਾਯਾ ਤੇ ਬੇਮੁਹਤਾਜੇ।
੬. ਕਰਨਿ ਤਪਸਿਆ ਬਨ ਵਿਖੇ
ਵਖਤ ਗੁਜਾਰਨਿ ਪਿੰਨੀ ਸਾਗੇ।
੭. ਲਖ ਵਰ੍ਹਿਆਂ ਦੀ ਆਰਜਾ
ਕੋਠੇ ਕੋਟ ਨ ਮੰਦਿਰ ਸਾਜੇ।
੮. ਇਕ ਬਿਨਸੈ ਇਕ ਅਸਥਿਰ ਗਾਜੇ ॥੫॥

*ਪਦ ਅਰਥ:* ਆਰਜਾ—ਉਮਰ। ਅਸਥਿਰ—ਅਚੱਲ।

*ਅਰਥ:*

ਪ੍ਰ: ਕਿਉਂ ਭਾਈ ਸਾਹਿਬ ਜੀਉ! ਇਹ ਭੀ ਦੱਸਣ ਦੀ ਖੇਚਲ ਕਰੋਗੇ ਕਿ ਇਸ ਬ੍ਰਹਿਮੰਡ ਦੀ ਰਚਨਾ ਤੋਂ ਉਪਰੰਤ ਉਸ ਕਰਤਾਰ ਵੱਲੋਂ ਕੀ ਵਿਧਾਨ ਬਣਾਇਆ ਗਿਆ?

(੧) ਉ: ਹੇ ਭਾਈ! ਇਉਂ ਹੀ ਕਹਿਣਾ ਬਣਦਾ ਹੈ ਕਿ ਉਸ ਪ੍ਰਭੂ ਨੇ ਚਾਰ ਜੁਗਾਂ ਦੀ ਥਾਪਨਾ ਥਾਪ ਕੇ—ਸਤਿਜੁਗ, ਤ੍ਰੇਤਾ ਤੇ ਦੁਆਪਰ—ਰਚ ਦਿੱਤੇ।

(੨) ਚੌਥਾ ਕਲਜੁਗ ਥਾਪਿਆ, ਚਾਰ ਵਰਨ ਚੌਹਾਂ ਜੁਗਾਂ ਦੇ ਰਾਜੇ ਭਾਵ ਮੁਖੀ ਬਣਾ ਦਿੱਤੇ।

(੩) ਬ੍ਰਹਮਣ, ਛੱਤ੍ਰੀ, ਵੈਸ਼ ਤੇ ਸ਼ੂਦਰ ਵਰਨ ਬਣਾਏ (ਪਰ ਆਪ ਉਹ ਪ੍ਰਭੂ), ਚਾਰੇ ਜੁਗਾਂ ਤੇ ਚਾਰੇ ਵਰਨਾਂ ਵਿਚ ਇਕ ਹੀ ਸਰੂਪ ਵਿਚ (ਸੋਭਨੀਕ ਹੋ) ਬਿਰਾਜ ਰਿਹਾ ਹੈ।

ਪ੍ਰ: ਕਿਉਂ ਜੀ! ਇਨ੍ਹਾਂ ਅਵਤਾਰਾਂ ਦਾ ਵਿਧਾਨ ਕਿਵੇਂ ਤੇ ਕਦੋਂ ਅਰੰਭ ਹੋਇਆ?

(੪) ਉ: ਸਤਿਜੁਗ ਵਿਚ ਹੰਸ ਅਵਤਾਰ ਧਾਰ ਕੇ ਸੋਹੰ ਬ੍ਰਹਮ (ਸਭ ਕੁਝ ਬ੍ਰਹਮ ਹੀ ਹੈ, ਇਸ ਗੱਲ ਦਾ ਗਿਆਨ) ਸਭ ਨੂੰ ਦ੍ਰਿੜ ਕਰਾ ਦਿੱਤਾ, ਕਿ ਇਕ ਉਹੀ ਹੈ, ਹੋਰ ਦੂਜਾ ਕੋਈ ਨਹੀਂ।

ਪ੍ਰ: ਕਿਉਂ ਜੀ! ਆਖ਼ਰ ਇਸ ਗਿਆਨ ਦਾ ਪ੍ਰਭਾਵ ਲੋਕਾਂ ਤੇ ਕੀ ਪਿਆ?

(੫) ਉ: ਇਸ ਤੋਂ ਪ੍ਰਭਾਵਿਤ ਹੋ ਤੇ ਗਿਆਨਵਾਨ ਹੋ ਲੋਕੀ ਕੇਵਲ ਇਕ ਬ੍ਰਹਮ ਦਾ ਜਾਪ ਕਰਦੇ ਸਨ, ਮੋਹ ਤੇ ਮਾਇਆ ਤੋਂ ਬੇਮੁਹਤਾਜ ਹੋ (ਇੱਕੋ ਪ੍ਰਭੂ ਦਾ ਸਿਮਰਨ ਕਰਦੇ ਸਨ)।

ਪ੍ਰ: ਕਿਉਂ ਜੀ! ਜੰਗਲਾਂ ਵਿਚ ਤਪੱਸਿਆ ਕਰਨ ਸਮੇਂ ਉਦਰ ਪੂਰਤੀ ਲਈ ਕੀ ਸਾਧਨ ਸੀ?

(੬) ਉ: ਬਨਾਂ, ਜੰਗਲਾਂ ਵਿਚ ਬੈਠ ਕੇ ਤਪੱਸਿਆ ਕਰਦੇ ਤੇ ਬਨਾਂ ਦੇ ਘਾਹ ਫੂਸ ਨੂੰ ਖਾ ਕੇ (ਉਦਰ ਪੂਰਨਾ ਦਾ) ਗੁਜ਼ਾਰਾ ਕਰ ਲੈਂਦੇ ਸਨ।

ਪ੍ਰ: ਕਿਉਂ ਜੀ! ਉਸ ਵੇਲੇ ਉਮਰ ਦਾ ਕੀ ਵਿਧਾਨ ਸੀ?

(੭) ਉ: ਹੇ ਭਾਈ! ਸੁਣਨ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ ਉਸ ਸਮੇਂ ਲੱਖਾਂ ਵਰ੍ਹਿਆਂ ਦੀ ਉਮਰ ਸੀ (ਅਰਥਾਤ ਸੌ ਹਜ਼ਾਰ ਵਰ੍ਹੇ ਦੀ ਉਮਰ ਹੁੰਦਿਆਂ ਭੀ) ਨਾ ਕੋਈ ਕਿਲ੍ਹਾ ਬਣਾਉਂਦਾ ਤੇ ਨਾ ਹੀ ਮਕਾਨ (ਸਭ ਦਰਿਆਵਾਂ ਦੇ ਕਿਨਾਰਿਆਂ ਤੇ ਬੈਠੇ ਉਮਰਾਂ ਗੁਜ਼ਾਰ ਦਿੰਦੇ ਸਨ)।

(੮) (ਉਸ ਵੇਲੇ ਭੀ) ਇਕ ਮਰਦਾ ਸੀ, ਤਾਂ ਦੂਜਾ ਉਸ ਦੀ ਥਾਂ (ਆਪਣੇ ਆਪ ਨੂੰ) ਅਸਥਿਰ ਮੰਨ ਕੇ ਬੈਠਦਾ ਤੇ ਗੱਜਦਾ ਸੀ।੫।

***ਭਾਵਾਰਥ :*** ਇਸ ਪਉੜੀ ਵਿਚ ਜੋ ਸਤਿਜੁਗ ਦੇ ਲੋਕਾਂ ਦਾ ਹੀ ਵਰਤਾਰਾ ਕਥਨ ਕੀਤਾ ਹੈ, ਪਰ ਇਸ ਨੂੰ ਛੱਡ ਕੇ ਜੇ ਵਰਤਮਾਨ ਵਿਚ ਵਰਤ ਰਹੇ ਲੋਕਾਂ ਦੀ ਦਸ਼ਾ ਤਕੀਏ, ਤਾਂ ਇਨ੍ਹਾਂ ਵਿਚ ਭੀ ਵੱਡਾ ਹੰਕਾਰ ਹੈ, ਜੋ ਆਪ ਨੂੰ ਅਟੱਲ ਮੰਨਦੇ ਹਨ, ਇਸ ਬਾਰੇ ਗੁਰਬਾਣੀ ਵਿਚ ਭੀ ਫ਼ੁਰਮਾਨ ਆਇਆ ਹੈ, ਜਿਵੇਂ ਕਿ:

ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥
*(ਪੰਨਾ ੨੧੯)*

ਤਥਾ:

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥
*(ਪੰਨਾ ੬੯੨)*

ਅਰਥਾਤ: ਮਾਰਕੰਡੇ ਨੇ ਜਿਸ ਦੀ ਬ੍ਰਹਮਾ ਨਾਲੋਂ ਵੱਡੀ ਉਮਰ ਸੀ, ਆਪ ਨੂੰ ਨਾਸਵਾਨ ਮੰਨ ਕੇ ਕਿਲ੍ਹੇ ਕੋਟ ਨਹੀਂ ਬਣਾਏ।

***ਨੋਟ :*** ਇਸ ਉਪ੍ਰੋਕਤ ਪਉੜੀ ਵਿਚ ਭਾਈ ਸਾਹਿਬ ਜੀ ਉਸ ਸਮੇਂ ਦੇ ਪ੍ਰਚਲਤ ਮੱਤਾਂ ਦਾ ਵਰਣਨ ਕਰ ਰਹੇ ਹਨ ਤੇ ਮੱਤਾਂ ਦੇ ਮੰਨੇ ਹਾਲ ਦਸ ਰਹੇ ਹਨ, ਪਰ ਆਪਣਾ ਗੁਰਮਤਿ ਦਾ ਸਹੀ ਸਿਧਾਂਤ ਕਿਸੇ ਹੋਰ ਥਾਂ ਅੰਕਿਤ ਕਰਨਗੇ।

## ੬. ਤ੍ਰੇਤੇ ਜੁਗ ਦਾ ਵਰਣਨ

**੧. ਤ੍ਰੇਤੇ ਛੱਤ੍ਰੀ ਰੂਪ ਧਰਿ**
**ਸੂਰਜ ਬੰਸੀ ਵਡਿ ਅਵਤਾਰਾ।**
**੨. ਨਉਂ ਹਿੱਸੇ ਗਈ ਆਰਜਾ**
**ਮਾਯਾ ਮੋਹ ਅਹੰਕਾਰ ਪਸਾਰਾ।**
**੩. ਦੁਆਪੁਰਿ ਜਾਦਵ ਵੇਸ ਕਰਿ**
**ਜੁਗ ਜੁਗ ਅਉਧ ਘਟੈ ਆਚਾਰਾ।**
**੪. ਰਿਗ ਬੇਦ ਮਹਿ ਬ੍ਰਹਮ ਕ੍ਰਿਤਿ**
**ਪੂਰਬ ਮੁਖਿ ਸ਼ੁਭ ਕਰਮ ਬਿਚਾਰਾ।**
**੫. ਖੱਤ੍ਰੀ ਥਾਪੇ ਜੁਜਰੁ ਵੇਦ**
**ਦੱਖਣ ਮੁਖਿ ਬਹੁ ਦਾਨ ਦਾਤਾਰਾ।**
**੬. ਵੈਸ਼ੋਂ ਥਾਪਿਆ ਸ਼ਿਆਮ ਵੇਦ**
**ਪੱਛਮ ਮੁਖਿ ਕਰਿ ਸੀਸੁ ਨਿਵਾਰਾ।**
**੭. ਰਿਗ ਨੀਲੰਬਰਿ ਜੁਜਰ ਪੀਤ**
**ਸ੍ਵੇਤੰਬਰਿ ਕਰਿ ਸ਼ਿਆਮ ਸੁਧਾਰਾ।**
**੮. ਤ੍ਰਿਹੁ ਜੁਗੀ ਤ੍ਰੈ ਧਰਮ ਉਚਾਰਾ॥੬॥**

***ਪਦ ਅਰਥ :*** ਆਚਾਰਾ—ਸ਼ਿਸ਼ਟਾਚਾਰ। ਨੀਲੰਬਰਿ—ਨੀਲੇ ਕਪੜੇ ਵਾਲਾ ਭੇਸ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕੀ ਤ੍ਰੇਤੇ ਜੁਗ ਬਾਰੇ ਭੀ ਵਾਕਫ਼ੀਅਤ ਕਰਾਉਗੇ?

(੧) ਉ: ਹੇ ਭਾਈਓ! ਤ੍ਰੇਤੇ ਜੁਗ ਬਾਰੇ ਭੀ ਸਨਾਤਨ ਪੁਸਤਕਾਂ ਰਾਹੀਂ ਇਉਂ ਹੀ ਸੁਣਿਆ ਹੈ ਕਿ ਤ੍ਰੇਤੇ ਜੁਗ ਵਿਚ ਸ੍ਰੀ ਰਾਮਚੰਦਰ ਜੀ ਦਾ, ਛੱਤ੍ਰੀ ਰੂਪ ਧਾਰ ਕੇ ਸੂਰਜ ਵੰਸ ਵਿਚ ਵੱਡਾ ਅਵਤਾਰ (ਰਾਜਾ) ਹੋਇਆ।

ਪ੍ਰ: ਕਿਉਂ ਜੀ! ਉਸ ਸਮੇਂ ਮਨੁੱਖਾਂ ਦੀ ਉਮਰ ਦਾ ਕੀ ਵਿਧਾਨ ਸੀ?

(੨) ਉ: ਇਉਂ ਪੜ੍ਹਨ ਵਿਚ ਆਇਆ ਹੈ ਕਿ ਪਹਿਲੋਂ ਮਨੁੱਖ ਦੀ ਇਕ ਲੱਖ ਵਰਸ਼ ਦੀ ਉਮਰ ਸੀ, ਫਿਰ ਨੌਂ ਹਿੱਸੇ ਉਮਰ ਘਟ ਗਈ (ਭਾਵ ਲੱਖ ਤੋਂ ਕੇਵਲ ੧੦ ਹਜ਼ਾਰ ਰਹਿ ਗਈ, ੯੦ ਹਜ਼ਾਰ ਘਟ ਗਈ) ਅਤੇ ਨਾਲ ਹੀ ਮਾਇਆ ਦਾ ਮੋਹ ਤੇ ਹੰਕਾਰ ਦਾ ਪਸਾਰਾ ਵੱਧ ਗਿਆ (ਇਹ ਹਿੰਦੂ ਮੱਤ ਦੀ ਮਨੌਤ ਹੈ)।

ਪ੍ਰ: ਕਿਉਂ ਜੀ ! ਦੁਆਪੁਰ ਜੁਗ ਬਾਰੇ ਆਪ ਦੇ ਸੁਣਨ ਵਿਚ ਕਿਵੇਂ ਆਇਆ ਹੈ ?

(੩) ਉ: (ਇਉਂ ਹੀ ਸੁਣਨ ਵਿਚ ਆਇਆ ਹੈ ਕਿ) ਯਦੂ (ਨਾਮੀ) ਰਾਜੇ ਦੇ ਘਰ ਕ੍ਰਿਸ਼ਨ ਨਾਮ ਧਰ ਕੇ ਵੇਸ ਧਾਰਿਆ ਜੁਗਾਂ-ਜੁਗਾਂ ਵਿਖੇ ਉਮਰ ਤੇ ਆਚਾਰ (ਕਰਤੱਵ) ਘੱਟਦੇ ਗਏ (ਗੱਲ ਕੀ ਹੁਣ ਹਜ਼ਾਰ ਵਰ੍ਹੇ ਦੀ ਬਾਕੀ ਉਮਰ ਰਹਿ ਗਈ ਨੌਂ ਹਿੱਸੇ ਹੋਰ ਘੱਟ ਗਈ)।

ਪ੍ਰ: ਕਿਉਂ ਜੀ ! ਜੀਵਾਂ ਦੇ ਪੂਜਾ ਕਰਨ ਦਾ ਕੀ ਵਿਧਾਨ ਸੀ ?

(੪) ਉ: ਰਿਗ ਵੇਦ ਵਿਚੋਂ ਬ੍ਰਾਹਮਣ, ਪੂਰਬ ਵੱਲ ਮੂੰਹ ਕਰਕੇ ਸ਼ੁਭ ਕਰਮ (ਯਗ ਆਦਿ) ਕਰਾਉਂਦੇ ਸਨ (ਉਹ ਕਹਿੰਦੇ ਸਨ ਕਿ ਪੂਰਬ ਵੱਲ ਹੀ ਪ੍ਰਭੂ ਨਿਵਾਸ ਕਰਦਾ ਹੈ)।

(੫) ਪਰ ਇਸ ਤੋਂ ਉਪਰੰਤ ਖੱਤ੍ਰੀਆਂ ਨੇ ਯਜੁਰ ਵੇਦ ਦੀ ਸਿਖਿਆ ਤੇ ਚਲਣਾ ਸ਼ੁਰੂ ਕਰ ਦਿੱਤਾ (ਇਹ ਭਾਈ ਸਾਹਿਬ ਜੀ ਨੇ ਅਨ-ਮੱਤਾਂ ਦੇ ਨਿਸਚੇ ਦਸੇ ਹਨ)।

(੬) ਵੈਸ਼ ਲੋਕ ਸਾਮ ਵੇਦ ਦੇ ਲੜ ਲਗ ਕੇ ਪੱਛਮ ਵਾਲੇ ਪਾਸੇ ਝੁਕਣ ਲੱਗ ਪਏ (ਉਨ੍ਹਾਂ ਨੇ ਹਰੀ ਨੂੰ ਕੇਵਲ ਪੱਛਮ ਵਾਲੇ ਪਾਸੇ ਹੀ ਸਮਝ ਲਿਆ)। ਯਥਾ ਗੁਰਵਾਕ ਹੈ ਕਿ—ਕੋਊ ਪਛਾਹ ਕੋ ਸੀਸ ਨਿਵਾਇਓ॥ (ਇਹ ਭੀ ਇਤਰ ਮੱਤਾਂ ਦੀ ਮਨੌਤ ਦੱਸਦੇ ਹਨ।)

ਪ੍ਰ: ਕਿਉਂ ਜੀ ! ਕੀ ਇਨ੍ਹਾਂ ਮੱਤਾਂ ਵਾਲੇ ਲੋਕਾਂ ਦੇ ਸਰੀਰਕ ਪਹਿਰਾਵੇ ਦਾ ਭੀ ਕੋਈ ਅੰਤਰਾ ਹੋਇਆ ਕਰਦਾ ਸੀ ?

(੭) ਉ: ਹਾਂ, ਰਿਗ ਵੇਦ ਨੂੰ ਮੰਨਣ ਵਾਲੇ ਨੀਲੇ ਕਪੜੇ, ਯਜੁਰ ਵੇਦ ਦੀ ਸਿਖਿਆ ਤੇ ਚਲਣ ਵਾਲੇ ਪੀਲੇ ਕਪੜੇ ਤੇ ਸਾਮ ਵੇਦ ਨੂੰ ਪੜ੍ਹਨ ਵਾਲਿਆਂ ਵਿਚ ਚਿੱਟੇ ਕਪੜੇ ਪਾਉਣ ਦਾ ਰਿਵਾਜ ਹੋ ਗਿਆ (ਭਾਵ ਰਾਮ, ਕ੍ਰਿਸ਼ਨ ਤੇ ਹੰਸਾ ਅਵਤਾਰ ਦੇ ਉਪਾਸ਼ਕ ਹੋ ਕੇ ਆਪੋ ਆਪਣੇ ਧਰਮ ਕਰਦੇ ਸਨ)।

(੮) ਇਸ ਤਰ੍ਹਾਂ ਜੁਗਾਂ ਦੇ ਧਰਮ ਕਰਮ ਵੱਖ-ਵੱਖ ਉਚਾਰੇ ਗਏ ।੬।

*ਭਾਵਾਰਥ :* ਜਦੋਂ ਗੁਰਮਤਿ ਦੀ ਪੜਚੋਲ ਕਰਦੇ ਹਾਂ, ਤਾਂ ਉਸਦੇ ਟਾਕਰੇ ਵਿਚ ਇਹ ਸਾਰੇ ਹੀ ਮੱਤ ਉਰਾਰ ਹੀ ਰਹਿ ਜਾਂਦੇ ਹਨ, ਕਿਉਂਕਿ ਗੁਰਮਤਿ ਦਾ ਸਾਂਝਾ ਉਪਦੇਸ਼ ਸਾਰਿਆਂ ਲਈ ਸਮਾਨ ਹੀ ਹੈ, ਕਿਉਂਕਿ ਉਹ ਪਰਮੇਸ਼ਰ ਖ਼ੁਦ ਦੇਸ਼, ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ ਤੇ ਸਾਰਿਆਂ ਵਿਚ ਇਕ ਸਰੂਪ ਹੋ ਕੇ ਆਕਾਸ਼ ਵਤ ਪੂਰਣ ਹੈ, ਕੋਈ ਪੱਛਮ, ਕੋਈ ਦੱਖਣ ਆਦਿ ਦਿਸ਼ਾ ਵੱਲ ਪ੍ਰਭੂ ਦਾ ਨਿਵਾਸ ਮੰਨ ਕੇ ਪ੍ਰਣਾਮ ਕਰਨ ਦੇ ਭਰਮ ਭੁਲੇਖੇ ਵਿਚ ਪਏ ਹੋਏ ਹਨ; ਜਿਸਦਾ ਵਰਣਨ ਪਹਿਲੇ ਗੁਰੂ ਜੀ ਨੇ ਆਸਾ ਦੀ ਵਾਰ ਵਿਚ ਕੀਤਾ ਹੈ, ਜਿਵੇਂ :

ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥

*(ਪੰਨਾ ੪੭੦)*

ਪੁਨਾ :

ਰਿਗੁ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ ॥

ਭਾਵ ਹੈ, ਸਤਿਜੁਗ ਵਿਚ ਸਾਮ ਵੇਦ ਪੜ੍ਹਦੇ ਤੇ ਹੰਸ ਅਵਤਾਰ ਦੇ ਉਪਾਸ਼ਕ ਸਨ। ਤ੍ਰੇਤੇ ਵਿਖੇ ਰਿਗ ਵੇਦ ਸੀ ਤੇ ਰਾਮ ਨੂੰ ਹੀ ਭਰਪੂਰ ਮੰਨਦੇ ਤੇ ਦੇਵਤਿਆਂ ਦਾ ਪ੍ਰਕਾਸ਼ਕ ਮੰਨਦੇ ਸਨ। ਅਰਥਾਤ, ਉਸ ਵੇਲੇ ਐਸੇ ਐਸੇ ਅਨੇਕਾਂ ਮੱਤ ਪਸਰ ਰਹੇ ਸਨ। ਪਰ ਜਿਸ ਉਚਾਣਾਂ ਤੱਕ ਗੁਰਮਤਿ ਮਨੁੱਖ ਨੂੰ ਪੁਚਾਣਾ ਚਾਹੁੰਦੀ ਹੈ, ਇਹ ਇਤਰ ਮਤਿ ਸਾਰੇ ਹੀ ਉਰਾਰ ਰਹਿ ਜਾਂਦੇ ਹਨ।

## ੭. ਕਲਜੁਗ ਦਾ ਵਰਣਨ

੧. ਕਲਿਜੁਗ ਚੌਥਾ ਥਾਪਿਆ
ਸੂਦ੍ਰ ਬਿਰਤਿ ਜਗ ਮਹਿ ਵਰਤਾਈ।
੨. ਕਰਮ ਸੁ ਰਿਗ ਜੁਜਰ ਸਜਾਮ ਦੇ
ਕਰੇ ਜਗਤ ਰਿਦਿ ਬਹੁ ਸੁਕਚਾਈ।
੩. ਮਾਯਾ ਮੋਹੀ ਮੇਦਨੀ
ਕਲਿ ਕਲਿ ਵਾਲੀ ਸਭ ਭਰਮਾਈ।
੪. ਉਠੀ ਗਿਲਾਨਿ ਜਗਤ ਵਿਚ
ਹਉਮੈਂ ਅੰਦਰ ਜਲੈ ਲੁਕਾਈ।
੫. ਕੋਈ ਨ ਕਿਸੈ ਪੂਜਦਾ
ਊਚ ਨੀਚ ਸਭਿ ਗਤਿ ਬਿਸਰਾਈ।
੬. ਭਏ ਬਿਅਦਲੀ ਪਾਤਸ਼ਾਹ
ਕਲਿ ਕਾਤੀ ਉਮਰਾਵ ਕਸਾਈ।

**੭. ਰਹਿਆ ਤਪਾਵਸੁ ਤ੍ਰਿਹੁ ਜੁਗੀ**
**ਚੌਥੇ ਜੁਗ ਜੋ ਦੇਇ ਸੁ ਪਾਈ।**
**੮. ਕਰਮ ਭ੍ਰਿਸ਼ਟਿ ਸਭਿ ਭਈ ਲੁਕਾਈ ॥੭॥**

***ਪਦ ਅਰਥ :*** ਸੂਦ੍ਰ ਬਿਰਤਿ—ਨੀਵੇਂ ਸੁਭਾਵ। ਕਲਿ ਕਲਿ ਵਾਲੀ—ਕਲ੍ਹਾ ਕਲੇਸ਼। ਸੁਕਚਾਈ—ਸੰਕੋਚ ਕਰਨ ਲਗੇ। ਗਿਲਾਨਿ—ਬਦਬੂ। ਕਲਿ ਕਾਤੀ—ਕਲਜੁਗ ਦਾ ਸਮਾਂ ਕੈਂਚੀ ਵਰਗਾ।

*ਅਰਥ :*

ਪ੍ਰ: ਕਿਉਂ ਜੀ! ਇਨ੍ਹਾਂ ਤਿੰਨਾਂ ਜੁਗਾਂ ਤੋਂ ਬਾਅਦ ਕਹਿੰਦੇ ਹਨ ਕਿ ਕਲਜੁਗ ਆਇਆ ਹੈ ਕੀ ਇਸ ਵਿਚ ਪਹਿਲੇ ਜੁਗਾਂ ਨਾਲੋਂ ਲੋਕਾਂ ਦੀ ਕ੍ਰਿਤ ਵਿਚ ਕੋਈ ਬਦਲ ਭੀ ਆਈ ਸੀ?

(੧) ਉ: ਹੇ ਭਾਈ! (ਤਿੰਨਾਂ ਜੁਗਾਂ ਤੋਂ ਬਾਅਦ ਜਦੋਂ) ਕਲਜੁਗ ਚੌਥਾ ਜੁਗ ਥਾਪ ਦਿੱਤਾ, ਸਭ ਪਾਸੇ ਨੀਵੀਂ ਬ੍ਰਿਤੀ ਵਰਤ ਗਈ।

ਪ੍ਰ: ਕਿਉਂ ਜੀ! ਨੀਵੀਂ ਬ੍ਰਿਤੀ ਤੋਂ ਆਪ ਜੀ ਦੀ ਅਸਲ ਮੁਰਾਦ ਕੀ ਹੈ?

(੨) ਉ: (ਅਸਲ ਭਾਵ ਹੈ ਕਿ) ਰਿਗ, ਯਜੁਰ, ਸਿਆਮ ਵੇਦਾਂ ਦੇ ਕਰਮਾਂ ਤੋਂ ਲੋਕੀ ਸੰਕੋਚ ਕਰਨ ਲਗ ਪਏ (ਭਾਵ ਹਟ ਗਏ)।

(੩) ਸਾਰੀ ਸ੍ਰਿਸ਼ਟੀ ਮਾਇਆ ਦੇ ਮੋਹ ਨੇ ਮੋਹਿਤ ਕਰ ਲਈ ਤੇ ਕਲ੍ਹਾ ਕਲੇਸ ਦੇ ਕਾਰਨ ਸਭ ਭਰਮਾਂ ਵਿਚ ਫਸ ਗਈ।

(੪) (ਇੱਥੇ ਹੀ ਬਸ ਨਹੀ) ਸੰਸਾਰ ਵਿਚ ਹਉਮੈ ਤੇ ਹੰਕਾਰ ਦੀ ਗਿਲਾਨ (ਬਦਬੂ) ਫੈਲੀ, (ਅਤੇ) ਹੰਕਾਰ ਨਾਲ ਸਭ ਲੁਕਾਈ ਸੜਨ ਲੱਗ ਪਈ।

(੫) (ਇਤਨੀ ਗਿਰਾਵਟ ਫੈਲੀ ਕਿ) ਨਾ ਕੋਈ ਕਿਸੇ ਨੂੰ ਮੰਨਦਾ, ਨ ਪੂਜਦਾ ਤੇ ਨਾਹੀ ਸਤਿਕਾਰ ਕਰਦਾ, ਊਚ ਨੀਚ ਦੀ ਹਾਲਤ ਦਾ ਕਿਸੇ ਨੂੰ ਗਿਆਨ ਹੀ ਨਾ ਰਿਹਾ (ਐਸੀ ਮਾਇਆ ਦੇ ਮੋਹ ਨੇ ਮੱਤ ਮਾਰ ਦਿੱਤੀ)।

(੬) ਵਕਤ ਦੇ ਹਾਕਮ ਬਾਦਸ਼ਾਹ ਅਨਿਆਂ ਕਰਨ ਲੱਗ ਪਏ, ਕਲਜੁਗੀ ਕੈਂਚੀ ਨੂੰ ਫੜ ਅਧਿਕਾਰੀ ਲੋਕ ਕਸਾਈਆਂ ਵਾਲੇ ਕਰਮ ਕਰਨ ਲੱਗ ਗਏ (ਭਾਵ ਪਰਜਾ ਬਕਰੀ ਨੂੰ ਕੋਹਣ ਲੱਗ ਪਏ)।

(੭) ਤਿੰਨਾਂ ਜੁਗਾਂ ਵਿਚ ਤਾਂ ਧਰਮ ਦੀ ਅੰਸ (ਕੁਝ ਨ ਕੁਝ) ਰਹਿ ਗਈ ਸੀ, (ਪਰ ਹੁਣ ਚੌਥੇ ਜੁਗ) ਕਲਜੁਗ ਵਿਚ ਜਿਹੜਾ ਦੇਵੇ ਓਹੀ ਲਵੇ (ਖ਼ੁਦਗਰਜ਼ੀ ਨੇ ਮੂੰਹ ਅੱਡ ਲਿਆ ਭਾਵ ਉਪਕਾਰ ਦਾ ਮੁਸ਼ਕ ਨਾ ਰਿਹਾ।

(੮) ਸਭ ਦੁਨੀਆ ਇਸ ਰਾਹ ਚੱਲ ਕੇ ਕਰਮਾਂ ਵੱਲੋਂ ਭ੍ਰਿਸ਼ਟ ਹੋ ਗਈ।੭।

***ਭਾਵਾਰਥ :*** ਜੋ ਤਿੰਨਾਂ ਜੁਗਾਂ ਵਿਚ ਅੰਸ ਮਾਤ੍ਰ ਸ਼ੁਭ ਕਰਮ ਸਨ ਉਹ ਕਲਜੁਗ ਦੇ ਪ੍ਰਭਾਵ ਹੇਠ ਸਾਰੇ ਹੀ ਦਬ ਗਏ, ਹੁਣ ਕੋਈ ਭੀ ਕਿਸੇ ਦਾ ਸਤਿਕਾਰ ਨਹੀਂ ਕਰਦਾ, ਕਲਜੁਗ ਕੈਂਚੀ ਤੇ ਮੁਸਾਹਬ ਕਸਾਈ ਹੋ ਗਏ, ਕਿਸੇ ਗ਼ਰੀਬ ਉੱਤੇ ਉਪਕਾਰ ਕਰਨ ਦੀ ਭਾਵਨਾ ਹੀ ਉੱਡ ਗਈ, ਸਾਰੇ ਹੀ ਲੋਕ ਸ਼ੁਭ ਕਰਮਾਂ ਵੱਲੋਂ ਪਤਿਤ ਹੋ ਗਏ।

## *੮. ਖਟ ਸ਼ਾਸਤ੍ਰ*

**੧. ਚਹੁ ਬੇਦਾਂ ਕੇ ਧਰਮ ਮਥਿ**
**ਖਟ ਸ਼ਾਸਤ੍ਰ ਮਥਿ ਰਿਖਿ ਸੁਣਾਵੈ।**
**੨. ਬ੍ਰਹਮਾਦਿਕ ਸਨਕਾਦਿਕਾ**
**ਜਿਉ ਤਿਹ ਕਹਾ ਤਿਵੈ ਜਗ ਗਾਵੈ।**
**੩. ਗਾਵਨਿ ਪੜ੍ਹਨਿ ਵਿਚਾਰ ਬਹੁ**
**ਕੋਟਿ ਮਧੇ ਵਿਰਲਾ ਗਤਿ ਪਾਵੈ।**
**੪. ਇਹ ਅਚਰਜ ਮਨ ਆਂਵਦੀ**
**ਪੜ੍ਹਤ ਗੁੜ੍ਹਤ ਕਿਛੁ ਭੇਦ ਨ ਪਾਵੈ।**
**੫. ਜੁਗ ਜੁਗ ਇਕੋ ਵਰਨ ਹੈ**
**ਕਲਿਜੁਗ ਕਿਉਂ ਬਹੁਤੇ ਦਿਖਲਾਵੈ।**
**੬. ਜੰਦ੍ਰੇ ਵਜੇ ਤ੍ਰਿਹੁ ਜੁਗੀ**
**ਕਥਿ ਪੜ੍ਹਿ ਰਹੇ ਭਰਮ ਨਹਿ ਜਾਵੈ।**
**੭. ਜਿਉਂ ਕਰਿ ਮਥਿਆ ਚਾਰ ਵੇਦ**
**ਖਟ ਸ਼ਾਸਤ੍ਰ ਸੰਗ ਸਾਖ ਸੁਣਾਵੈ।**
**੮. ਆਪੋ ਆਪਣੇ ਮਤ ਸਭ ਗਾਵੈ ॥੮॥**

***ਪਦ ਅਰਥ :*** ਧਰਮ ਮਥਿ—ਧਰਮਾਂ ਨੂੰ ਵਿਚਾਰ ਵਿਚਾਰ ਕੇ। ਬ੍ਰਹਮਾਦਿਕ ਸਨਕਾਦਿਕਾ—ਬ੍ਰਹਮਾਦਿਕ ਦੇਵਤੇ, ਸਨਕ, ਸਨੰਦਨ, ਸਨਤ ਕੁਮਾਰ (ਬ੍ਰਹਮਾ ਦੇ ਪੁਤ੍ਰ)।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਕੁੱਝ ਖਟ ਸ਼ਾਸਤ੍ਰਾਂ ਦੇ ਬਾਰੇ ਭੀ

ਜਾਣਕਾਰੀ ਦਿਉ, ਕਿ ਇਨ੍ਹਾਂ ਦਾ ਪਰਸਪਰ ਕੀ ਮਤ ਭੇਦ ਹੈ ?

(੧) ਉ: ਹੇ ਭਾਈ ! (ਜਦੋਂ ਬਿਆਸ ਆਦਿ ਛੇ) ਰਿਖੀਆਂ ਦੀ ਲਿਖਤ ਵੱਲ ਨਜ਼ਰ ਸਾਨੀ ਕਰਦੇ ਹਾਂ ਤਾਂ ਉਹ ਚਹੁੰ ਵੇਦਾਂ ਵਿਚ ਦਸੇ ਧਰਮਾਂ ਦੇ ਵੀਚਾਰ ਘੋਖ ਕੇ, ਤੇ ਛੇ ਸ਼ਾਸਤ੍ਰਾਂ ਨੂੰ ਮੱਥ ਕੇ (ਚੰਗੀ ਤਰ੍ਹਾਂ ਨਿਚੋੜ ਤੱਤ ਕੱਢ ਕੇ) ਸੁਣਾਉਂਦੇ ਹਨ।

(੨) ਬ੍ਰਹਮਾਦਿਕ (ਦੇਵਤੇ) ਤੇ ਉਸਦੇ ਚਾਰ ਪੁੱਤ੍ਰ ਜਿਵੇਂ ਕਹਿ ਗਏ ਤਿਵੇਂ ਹੀ ਉਨ੍ਹਾਂ ਦੇ ਮਗਰ ਲੱਗ ਜਗ (ਸੰਸਾਰ) ਵੀ ਕਰੀ ਜਾ ਰਿਹਾ ਹੈ।

ਪ੍ਰ: ਕਿਉਂ ਜੀ ! ਕੀ ਇਨ੍ਹਾਂ ਦੇ ਗਾਉਣ ਤੇ ਪੜ੍ਹਨ ਵਾਲੇ ਸਾਰੇ ਹੀ ਮੁਕਤਿ ਨੂੰ ਪ੍ਰਾਪਤ ਕਰ ਲੈਂਦੇ ਸਨ ?

(੩) ਉ: ਗਾਉਂਦੇ ਪੜ੍ਹਦੇ ਤਾਂ (ਭਾਵੇਂ ਕਿਤਨਾ ਹੀ ਸੀ) ਵੀਚਾਰ ਭੀ ਕਰਦੇ ਸਨ, ਪਰ ਕੋਈ ਵਿਰਲਾ ਹੀ (ਇਨ੍ਹਾਂ ਰਾਹੀਂ) ਮੁਕਤਿ ਪਾਉਂਦਾ ਹੈ।

(੪) (ਇਹ ਕਿੰਨੀ) ਅਸਚਰਜਤਾ ਵਾਲੀ ਗੱਲ ਹੈ ਕਿ ਪੜ੍ਹਦੇ ਸੁਣਦੇ ਭੀ ਕਿਸੇ ਨੂੰ ਕੋਈ ਠੀਕ ਜਾਣਕਾਰੀ ਨਹੀਂ ਹੁੰਦੀ।

(ਅਗਲੀਆਂ ਚਾਰ ਤੁਕਾਂ ਵਿਚ ਮੱਤਾਂ ਦੇ ਭੇਦ ਦੱਸਦੇ ਹਨ) ਅਗੇ ਹੁਣ ਇਕ ਹੋਰ ਸੁਆਦਲੀ ਗੱਲ ਦੱਸਦੇ ਹਨ ਕਿ :

(੫) ਜੁਗਾਂ ਜੁਗਾਂ ਦਾ ਇੱਕੋ ਵਰਨ (ਇਕੋ ਪ੍ਰਭੂ ਤੇ ਇੱਕੋ ਧਰਮ ਦਾ ਰੂਪ) ਹੈ ਪਰ, ਕਲਜੁਗ ਵਿਚ (ਪ੍ਰਭੂ ਦੇ) ਬਹੁਤੇ ਰੂਪ ਕਿਉਂ ਦੱਸਦੇ ਹਨ ?

(੬) ਕੀ ਤ੍ਰਿੰਨਾਂ ਜੁਗਾਂ ਵਿਚ ਇਸ ਭੇਦ (ਅਸਲੀਅਤ) ਨੂੰ ਜਿੰਦਰੇ ਹੀ ਵਜੇ ਰਹੇ ? ਕਥਨ ਕਰ ਕਰ ਕੇ ਤੇ ਪੜ੍ਹ ਪੜ੍ਹ ਕੇ ਵੀ ਭਰਮ ਨਹੀਂ ਜਾਂਦੇ ?

(੭) ਜਿਵੇਂ ਕਿ ਚਾਰ ਵੇਦਾਂ ਵਿਚ ਕਥਨ ਕੀਤਾ ਹੈ, ਤੇ ਛੇ ਸ਼ਾਸਤ੍ਰਾਂ ਦੇ ਨਾਲ ਸਾਖ ਵਾਲੇ ਭੀ ਸੁਣਾਉਂਦੇ ਹਨ।

(੮) ਸਭ ਆਪੋ ਆਪਣੇ ਮੱਤਾਂ ਨੂੰ ਪਏ ਗਾਉਂਦੇ ਹਨ ਤੇ ਅਸਲੀਅਤ ਤੋਂ ਕਿਤੇ ਦੂਰ ਹਨ।੮।

***ਭਾਵਾਰਥ :*** ਭਾਈ ਸਾਹਿਬ ਜੀ ਅਖੀਰਲੀ ਪੰਗਤੀ ਵਿਚ ਆਪਣੀ ਟੂਕ ਦਿੰਦੇ ਹਨ ਕਿ ਨਾਨ੍ਹਾ ਤਰ੍ਹਾਂ ਦੇ ਮੱਤ ਆਪੋ ਆਪਣੇ ਨਿਸਚੇ ਤੇ ਮਨੌਤਾਂ ਕਥਨ ਕਰਕੇ ਸੱਚੇ ਹੋਣ ਦੇ ਦਾਵੇ ਬੰਨ੍ਹਦੇ ਹਨ, ਪਰ ਅਸਲ ਵਿਚ ਆਪੋ ਆਪਣੀ ਹਉਮੈਂ ਦੀ ਖਿੱਚ ਵਿਚ ਹਨ, ਪਖ ਪਾਤ ਤੋਂ ਰਹਿਤ ਕੋਈ ਨਹੀਂ। ਇਸ ਟੂਕ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਭਾਈ ਸਾਹਿਬ ਇਥੇ ਪ੍ਰਚਲਤ ਮੱਤਾਂ ਦੇ ਖ਼ਿਆਲ ਦਸ ਰਹੇ ਹਨ, ਆਪਣਾ ਮੰਤਵ ਨਹੀਂ ਕਹਿ ਰਹੇ।

## ੯. ਨਿਯਾਯ ਸ਼ਾਸਤ੍ਰ

੧. ਗੌਤਮ ਤਪੇ ਵਿਚਾਰ ਕੈ
ਰਿਗ ਵੇਦ ਕੀ ਕਥਾ ਸੁਣਾਈ।

੨. ਨਿਆਯ ਸ਼ਾਸਤ੍ਰ ਕੋ ਮਥਿ ਕਰਿ
ਸਭ ਬਿਧਿ ਕਰਤੇ ਹਥਿ ਜਣਾਈ।

੩. ਸਭ ਕੁਛ ਕਰਤੇ ਵਸਿ ਹੈ
ਹੋਰ ਬਾਤ ਵਿਚ ਚਲੇ ਨ ਕਾਈ।

੪. ਦੁਹੀਂ ਸਿਰੀਂ ਕਰਤਾਰ ਹੈ
ਆਪ ਨਿਆਰਾ ਕਰਿ ਦਿਖਲਾਈ।

੫. ਕਰਤਾ ਕਿਨੈ ਨ ਦੇਖਿਆ
ਕੁਦਰਤਿ ਅੰਦਰ ਭਰਮ ਭੁਲਾਈ।

੬. ਸੋਹੰ ਬ੍ਰਹਮੁ ਛਪਾਇ ਕੈ
ਪੜਦਾ ਭਰਮ ਕਰਤਾਰ ਸੁਣਾਈ।

੭. ਰਿਗੁ ਕਹੈ ਸੁਣਿ ਗੁਰਮੁਖਹੁ
ਆਪੇ ਆਪਿ ਨ ਦੂਜੀ ਰਾਈ।

੮. ਸਤਿਗੁਰ ਬਿਨਾਂ ਨ ਸੋਝੀ ਪਾਈ॥੯॥

***ਪਦ ਅਰਥ :*** ਸੋਹੰ ਬ੍ਰਹਮੁ—ਸਭ ਕੁਝ ਬ੍ਰਹਮ ਹੀ ਬ੍ਰਹਮ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜੋ ਨਿਯਾਯ ਸ਼ਾਸਤ੍ਰ ਦਾ ਕਰਤਾ ਗੌਤਮ ਰਿਖੀ ਮੰਨਿਆ ਗਿਆ ਹੈ, ਕੀ ਉਸ ਬਾਰੇ ਭੀ ਕੁਝ ਜਾਣਕਾਰੀ ਦੇਣ ਦੀ ਕ੍ਰਿਪਾ ਕਰੋਗੇ ? ਹੁਣ ਇਸ ੯ਵੀਂ ਪਉੜੀ ਅੰਦਰ ਨਿਯਾਯ ਸ਼ਾਸਤ੍ਰ ਦਾ ਕਰਤਾ ਤੇ ਉਸਦਾ ਮੱਤ, ਉਸ ਸਮੇਂ ਦਾ ਪ੍ਰਚਲਤ ਮੰਨਿਆ ਹੋਇਆ ਤੇ ਕਿਸੇ ਇਤਰ ਮੱਤ ਦਾ ਵੀ ਖ਼ਿਆਲ ਦੱਸਦੇ ਹਨ ?

(੧) ਉ: ਹੇ ਭਾਈ ! ਜਦੋਂ ਨਿਯਾਯ ਸ਼ਾਸਤ੍ਰ ਨੂੰ ਵੀਚਾਰਦੇ ਹਾਂ, ਤਾਂ ਗੌਤਮ (ਨਾਮੇ) ਤਪੇ (ਰਿਖੀ) ਨੇ ਰਿਗ ਵੇਦ ਨੂੰ ਵੀਚਾਰ ਕੇ ਕਥਾ ਨੂੰ (ਇਉਂ) ਆਖ ਸੁਣਾਇਆ।

ਪ੍ਰ: ਕਿਉਂ ਜੀ ! ਕੀ ਉਸਨੇ ਆਪਣਾ ਕੋਈ ਨਵਾਂ ਵੀਚਾਰ ਪ੍ਰਗਟ ਕੀਤਾ ?

(੨) ਉ: (ਉਸਨੇ) ਨਿਯਾਯ ਸ਼ਾਸਤ੍ਰ ਨੂੰ ਚੰਗੀ ਤਰ੍ਹਾਂ ਵੀਚਾਰ

ਕੇ ਕਿਹਾ ਕਿ (ਐ ਲੋਕੋ !) ਸਭ ਵਿਧੀਆ (ਭੰਨਣ ਤੇ ਜੋੜਨ ਦੀਆਂ) ਉਸ ਕਰਤੇ ਦੇ ਹੀ ਅਧੀਨ ਹਨ (ਭਾਵੇਂ ਜੀਵ ਈਸ਼ਵਰ ਦੇ ਅਧੀਨ ਹੈ)।

(੩) ਸਭ ਕੁੱਝ ਕਰਤੇ ਦੇ ਹੀ ਵੱਸ ਵਿਚ ਹੈ ਹੋਰ ਇਥੇ ਕੋਈ ਦੂਜੀ ਗੱਲ ਚੱਲ ਹੀ ਨਹੀਂ ਸਕਦੀ।

(੪) ਪਾਪ ਪੁੰਨ ਤੋਂ (ਉਹ) ਆਪ ਕਰਤਾਰ ਅਲੱਗ ਰਹਿ ਕੇ ਵਿਖਾਉਂਦਾ ਹੈ।

ਪ੍ਰ: ਕਿਉਂ ਜੀ ! ਕੀ ਉਹ ਗੋਤਮ ਰਿਖੀ ਇਹ ਗੱਲ ਪ੍ਰਤੱਖ ਵੇਖ ਕੇ ਕਹਿ ਰਿਹਾ ਹੈ ?

(੫) ਉ: ਹੇ ਭਾਈ ! (ਸੱਚ ਤਾਂ ਇਹੋ ਹੈ ਕਿ) ਉਹ ਐਸਾ ਕਰਨਹਾਰ ਅਸਚਰਜ ਪ੍ਰਭੂ ਕਿਸੇ ਨੇ ਭੀ ਵੇਖਿਆ ਨਹੀਂ, ਸਭ ਉਸਦੀ ਕੁਦਰਤ ਵਿਚ ਹੀ ਭਰਮਦੇ ਤੇ ਭੁੱਲੇ ਫਿਰਦੇ ਹਨ।

ਪ੍ਰ: ਕਿਉਂ ਜੀ ! ਕੀ ਉਸ ਨੂੰ ਨ ਦੇਖੇ ਜਾਣ ਦਾ ਭੀ ਕੋਈ ਖਾਸ ਕਾਰਨ ਹੈ ?

(੬) ਉ: ਹਾਂ, ਉਹ ਉਸਦੇ ਮਹਾਵਾਕ 'ਸੋਹੰ ਬ੍ਰਹਮ' ਨੂੰ ਲੁਕਾ ਕੇ (ਸਭ ਦੇ ਨੇਤ੍ਰਾਂ ਅੱਗੇ) ਭਰਮ ਦਾ ਪੜਦਾ ਖੜ੍ਹਾ ਕਰ ਦੇਂਦਾ ਹੈ।

(੭) (ਨਿਯਾਯ ਸ਼ਾਸਤ੍ਰ ਦਾ ਕਰਤਾ ਗੋਤਮ ਤਪਾ ਇਹ ਕਹਿ ਰਿਹਾ ਹੈ) ਕਿ ਹੇ ਗੁਰਮੁਖੋ (ਸੁਣੋ) ! ਰਿਗ ਵੇਦ ਕਹਿੰਦਾ ਹੈ (ਕਿ ਇਕ ਪ੍ਰਭੂ ਹੀ) ਸਭ ਆਪੇ ਆਪ ਹੈ (ਹੋਰ ਕੋਈ ਨਹੀਂ)। ਭਾਵ ਉਸ ਵਿਚ ਦ੍ਵੈਤ ਤਾਂ ਰਾਈ ਮਾਤ੍ਰ ਭੀ ਨਹੀਂ।

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਦਾ ਕੀ ਨਿਸਚਾ ਹੈ ਇਹ ਭੀ ਦਸ ਦਿਓ ? ਤਾ ਆਪ ਜੀ ਗੁਰਮਤਿ ਅਨੁਸਾਰ ਆਪਣਾ ਨਿਸਚਾ ਦ੍ਰਿੜ੍ਹ ਕਰਾਉਂਦੇ ਹਨ:

(੮) ਉ: ਇਹ ਗੱਲ ਭਾਈ ਸਾਹਿਬ ਸਿੱਖਾਂ ਤਾਈਂ ਆਪਣੇ ਵੱਲੋਂ ਸੁਣਾ ਰਹੇ ਹਨ ਕਿ (ਹੇ ਪਿਆਰੇ !) ਸਤਿਗੁਰੂ ਤੋਂ ਬਿਨਾਂ ਇਸ ਗੱਲ ਦੀ (ਪੂਰੀ) ਸਮਝ ਨਹੀਂ ਆਉਂਦੀ।੯।

***ਭਾਵਾਰਥ :*** ਰਿਗ ਵੇਦ ਬਾਬਤ ਜੋ ਕੁੱਝ ਨਿਯਾਯ ਵਾਲੇ ਆਦਿ ਦੂਜੇ ਲੋਕ ਕਹਿੰਦੇ ਹਨ, ਦੱਸ ਚੁੱਕੇ ਹਨ। ਹੁਣ ਉਨ੍ਹਾਂ ਦਾ ਨਿਸਚਾ ਦੱਸਦੇ ਹਨ, ਜੋ ਵਿਦਾਂਤ ਆਦਿ ਵਾਲੇ ਉਸ ਰਿਗ ਵੇਦ ਨੂੰ ਵਿਦਾਂਤ ਦਾ ਸਾਖੀ ਦੱਸਦੇ ਹਨ ਕਿ ਗੋਤਮ ਰਿਖੀ ਨੇ ਉਲਟਾ ਹੀ ਵੀਚਾਰ ਕੇ ਦੋ ਭੇਦ ਕਰ ਦਿੱਤੇ, ਕਿ ਜੀਵ ਭਿੰਨ ਤੇ ਈਸ਼ਵਰ ਭਿੰਨ, 'ਸੋਹੰ' ਬ੍ਰਹਮ ਮੰਤ੍ਰ ਛੁਪਾ ਦਿੱਤਾ ਤੇ ਪਰਮਾਤਮਾ ਤੋਂ ਸ੍ਰਿਸ਼ਟੀ ਦੀ ਉੱਤਪਤੀ ਮੰਨਣ ਲੱਗ ਪਿਆ। ਪਰ ਇਹ ਰੌਲਾ ਕਹਿੰਦੇ ਹਨ ਕਿ ਸਤਿਗੁਰੂ ਨ ਹੋਣ ਕਰਕੇ ਪੈ ਰਿਹਾ ਹੈ।

## ੧੦. *ਮੀਮਾਂਸਾ ਸ਼ਾਸਤ੍ਰ ਦਾ ਵਰਣਨ*

**੧. ਫਿਰ ਜੈਮਨਿ ਰਿਖਿ ਬੋਲਿਆ**
**ਜੁਜਰ ਵੇਦ ਮਥਿ ਕਥਾ ਸੁਣਾਵੈ।**
**੨. ਕਰਮਾਂ ਉਤੇ ਨਿਬੜੇ**
**ਦੇਹੀ ਮਧਿ ਕਰੇ ਸੋ ਪਾਵੈ।**
**੩. ਥਾਪਿਓਸੁ ਕਰਮ ਸੰਸਾਰ ਵਿਚ**
**ਕਰਮ ਵਾਸ ਕਰਿ ਆਵੈ ਜਾਵੈ।**
**੪. ਸਹਸਾ ਮਨਹੁ ਨ ਚੁਕਈ**
**ਕਰਮਾਂ ਅੰਦਰ ਭਰਮਿ ਭੁਲਾਵੈ।**
**੫. ਭਰਮਿ ਵਰਤਣ ਜਗਤ ਕੀ**
**ਇਕੋ ਮਾਯਾ ਬ੍ਰਹਮ ਕਹਾਵੈ।**
**੬. ਜੁਜਰ ਵੇਦ ਕੋ ਮਥਨਿ ਕਰਿ**
**ਤੱਤ ਬ੍ਰਹਮ ਵਿਚਿ ਭਰਮਿ ਮਿਲਾਵੈ।**
**੭. ਕਰਮ ਦ੍ਰਿੜਾਇ ਜਗਤ ਵਿਚ**
**ਕਰਮ ਬੰਧਿ ਕਰਿ ਆਵੈ ਜਾਵੈ।**
**੮. ਸਤਿਗੁਰ ਬਿਨਾ ਨ ਸਹਸਾ ਜਾਵੈ ॥੧੦॥**

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਉ ! ਜੈਮਨ ਰਿਖੀ ਦੇ ਵੀਚਾਰਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

(੧) ਉ: ਹੇ ਭਾਈ ! ਜਦੋਂ ਜੈਮਨ ਰਿਖੀ ਦੇ ਵੀਚਾਰ ਪੜ੍ਹਦੇ ਹਾਂ ਤਾਂ ਉਹ (ਮੀਮਾਂਸਾ ਸ਼ਾਸਤ੍ਰ ਦਾ ਕਰਤਾ ਜੈਮਨ ਰਿਖੀ) ਮੀਮਾਂਸਾ ਸ਼ਾਸਤ੍ਰ ਰਚ ਕੇ ਉਸੇ ਵਿਚ ਯਜੁਰ ਵੇਦ ਦੀ ਸਾਰ ਭੂਤ ਗੱਲ (ਇਉਂ) ਦੱਸਦਾ ਹੈ।

(੨) (ਕਿ) ਇਸ ਸਰੀਰ ਦੀ ਗੱਲ ਕਰਮਾਂ ਉੱਤੇ ਨਿਬੜੇਗੀ ਸਰੀਰ ਵਿਖੇ ਜੋ ਭੀ ਕਰਮ ਕਰੇਗਾ ਉਹੋ ਫਲ ਪਾਵੇਗਾ।

(੩) ਉਸਨੇ ਕਰਮ ਕਾਂਡ ਹੀ ਸੰਸਾਰ ਵਿਚ ਸਥਾਪਨ ਕੀਤਾ (ਉਹ ਕਹਿੰਦਾ ਹੈ) ਕਿ ਕਰਮਾਂ ਦੀ ਵਾਸ਼ਨਾ ਦਾ ਬੱਧਾ ਹੋਇਆ ਪ੍ਰਾਣੀ ਆਉਂਦਾ ਜਾਂਦਾ ਹੈ।

(੪) (ਇਸ ਤਰ੍ਹਾਂ ਮਨੁੱਖ ਦੇ) ਮਨ ਵਿਚੋਂ ਸੰਸਾ ਨਾ ਨਿਕਲਿਆ (ਬੱਸ) ਕਰਮਾਂ ਦੇ ਚੱਕ੍ਰ ਵਿਚ ਪੈ ਜੈਮਣ ਮਰਣ ਦੇ ਗੇੜ ਵਿਚ ਪਿਆ ਰਹਿੰਦਾ ਹੈ।

(੫) ਦੇਖੋ ! (ਇਸ ਸਮੇਂ) ਭਰਮ ਹੀ ਜਗਤ ਦਾ ਵੱਡਾ

ਵਰਤਣ ਵਿਹਾਰ ਬਣ ਚੁੱਕਾ ਹੈ (ਭਰਮ ਨੇ) ਮਾਇਆ ਤੇ ਬ੍ਰਹਮ ਨੂੰ ਇੱਕੋ ਜਿਹਾ ਵਿਖਾ ਦਿੱਤਾ ਹੈ।

(੬) ਯਜੁਰ ਵੇਦ ਨੂੰ ਪੜ੍ਹ ਤੇ ਘੋਖ ਕੇ, ਤੱਤ ਬ੍ਰਹਮ ਵਿਚ ਭਰਮ ਨੂੰ ਮਿਲਾ ਦਿੱਤਾ ਹੈ।

(੭) (ਉਸਨੇ) ਕਰਮਾਂ ਦਾ ਹੀ ਜਗਤ ਵਿਚ ਉਪਦੇਸ਼ ਦਿੱਤਾ (ਇਸ ਲਈ) ਕਰਮਾਂ ਦਾ ਬੱਧਾ ਹੋਇਆ ਜੀਵ ਆਉਂਦਾ ਜਾਂਦਾ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਉ! ਗੁਰਮਤਿ ਅਨੁਸਾਰ ਆਪ ਜੀ ਦਾ ਕੀ ਨਿਸਚਾ ਹੈ?

(੮) ਉ: ਅਖ਼ੀਰ ਵਿਚ ਗੁਰਮਤਿ ਅਨੁਸਾਰ ਭਾਈ ਸਾਹਿਬ ਆਪਣੇਂ ਵੱਲੋਂ ਵੀਚਾਰ ਅੰਕਿਤ ਕਰਦੇ ਹਨ ਕਿ ਹੇ ਭਾਈਓ! ਪੂਰੇ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਸਹਸਾ ਤੇ ਭਰਮ ਨਹੀਂ ਮਿਟ ਸਕਦਾ।੧੦।

*ਭਾਵਾਰਥ:* ਮੀਮਾਂਸਾ ਸ਼ਾਸਤ੍ਰ ਦਾ ਆਚਾਰਯ ਜੈਮਨ ਮੁਨੀ ਹੈ, ਉਸ ਨੇ ਕਰਮਾਂ ਦਾ ਉਪਦੇਸ ਕਰਕੇ ਲੋਕਾਂ ਨੂੰ ਕਰਮਾਂ ਦੀ ਬੇੜੀ ਵਿਖੇ ਬੰਨ੍ਹ ਛੱਡਿਆ ਕਿ ਜਿਸਨੂੰ ਸਵਰਗ ਦੀ ਇੱਛਾ ਹੈ ਉਹ ਯੱਗ ਕਰੇ। ਪਰ, ਆਖ਼ੀਰ ਭਾਈ ਸਾਹਿਬ ਜੀ ਗੁਰਮਤਿ ਦਾ ਸਾਰ ਸਿਧਾਂਤ ਅੰਕਿਤ ਕਰਦੇ ਹਨ ਕਿ ਬਿਨਾਂ ਸਤਿਗੁਰੂ ਦੇ ਸੰਸੇ ਬੁੱਧੀ ਦੂਰ ਨਹੀਂ ਹੋ ਸਕਦੀ।

## ੧੧. ਵੇਦਾਂਤ ਸ਼ਾਸਤ੍ਰ

੧. ਸਜਾਮ ਵੇਦ ਕਉ ਸੋਧ ਕਰ
ਮਥ ਬੇਦਾਂਤ ਬਿਆਸ ਸੁਣਾਯਾ।
੨. ਕਥਨੀ ਬਦਨੀ ਬਾਹਿਰਾ
ਆਪੇ ਆਪਨ ਬ੍ਰਹਮ ਜਣਾਯਾ।
੩. ਨਦਰੀ ਕਿਸੇ ਨ ਲਿਆਵਈ
ਹਉਮੈਂ ਅੰਦਰ ਭਰਮ ਭੁਲਾਯਾ।
੪. ਆਪ ਪੁਜਾਇ ਜਗੱਤ ਵਿਚ
ਭਾਉ ਭਗਤਿ ਦਾ ਮਰਮ ਨ ਪਾਯਾ।
੫. ਤ੍ਰਿਪਤਿ ਨ ਆਵੀ ਵੇਦ ਮਥਿ
ਅਗਨੀ ਅੰਦਰ ਤਪਤ ਤਪਾਯਾ।
੬. ਮਾਯਾ ਦੰਡ ਨ ਉਤਰੇ
ਜਮ ਦੰਡੇ ਬਹੁ ਦੁਖ ਰੂਆਯਾ।
੭. ਨਾਰਦ ਮੁਨਿ ਉਪਦੇਸਿਆ
ਮਥ ਭਗਵਤ ਗੁਣ ਗੀਤ ਕਰਾਯਾ।
੮. ਬਿਨ ਸਰਨੀ ਨਹਿ ਕੋਈ ਤਰਾਯਾ॥੧੧॥

*ਪਦ ਅਰਥ:* ਕਥਨੀ ਬਦਨੀ—ਕਥਾ ਤੇ ਕਵੀਸ਼ਰੀ।

*ਅਰਥ:*

ਪ੍ਰ: ਕਿਉਂ ਭਾਈ ਸਾਹਿਬ ਜੀਉ! ਕੀ ਬਿਆਸ ਰਿਖੀ ਦੇ ਖ਼ਿਆਲਾਂ ਬਾਰੇ ਭੀ ਕੁੱਝ ਵਾਕਫ਼ੀਅਤ ਕਰਾਉਗੇ?

(੧) ਉ: ਹੇ ਭਾਈ! ਬਿਆਸ ਰਿਖੀ ਨੇ ਸ਼ਾਮ ਵੇਦ ਨੂੰ ਸੋਧ ਕੇ, ਪੜ੍ਹ ਘੋਖ ਕੇ, ਉਸਦਾ ਸਾਰ ਕੱਢ ਕੇ ਵੇਦਾਂਤ ਸ਼ਾਸਤ੍ਰ ਦਾ (ਇਉਂ) ਬਿਆਨ ਕੀਤਾ।

ਪ੍ਰ: ਕਿਉਂ ਜੀ! ਉਸ ਨੇ ਲੋਕਾਂ ਨੂੰ ਕੀ ਖ਼ਿਆਲ ਦ੍ਰਿੜ੍ਹ ਕਰਵਾਏ?

(੨) ਉ: (ਇਹੋ ਵੀਚਾਰ ਦਿੱਤੇ ਕਿ ਐ ਲੋਕੋ!) ਕਹਿਣੀ ਤੇ ਕਥਨੀ ਅਤੇ ਲਿਖਤ ਤੋਂ ਬਿਨਾਂ ਆਤਮਾ ਵੱਖਰੀ ਹੈ, ਉਸਨੇ ਕਿਹਾ ਕਿ ਸਭ ਬ੍ਰਹਮ ਹੈ, ਤੇ ਮੈਂ ਭੀ ਬ੍ਰਹਮ (ਆਪ) ਹੀ ਸਭ ਕੁੱਝ ਹਾਂ।

(੩) (ਫਿਰ ਉਸਨੇ ਇਹ ਭੀ ਕਿਹਾ ਕਿ) ਉਹ ਪ੍ਰਭੂ ਕਿਸੇ ਨੂੰ ਨਜ਼ਰ ਤਾਂ ਆਉਂਦਾ ਹੀ ਨਹੀਂ; ਹਉਮੈਂ ਦੇ ਭਰਮ ਅੰਦਰ ਜਗਤ ਭੁਲਾ ਦਿੱਤਾ।

(੪) ਆਪਣੇ ਆਪ ਨੂੰ ਜਗਤ ਵਿਚ ਪੁਜਾਉਣ ਲੱਗ ਪਿਆ, (ਪਰ) ਭਾਉ ਭਗਤੀ ਦਾ ਭੇਦ ਨਾ ਪਾਇਆ, (ਇਥੋਂ ਤੱਕ ਕਿ) ਉਹ ਆਪਣੀ ਹੀ ਪੂਜਾ ਕਰਾਵਣ ਲੱਗ ਪਿਆ (ਕਿ ਬ੍ਰਹਮ ਮੈਂ ਹੀ ਹਾਂ)।

(੫) (ਗੱਲ ਕੀ) ਵੇਦਾਂ ਦਾ ਮਥਨ ਕਰਕੇ ਭੀ ਉਸਨੂੰ ਤ੍ਰਿਪਤੀ ਨਾ ਆਈ, ਇਸ ਲਈ ਹਉਮੈਂ ਦੀ ਅਗਨੀ ਦੇ ਤੇਜ ਨਾਲ ਤਪਣ ਲੱਗਾ।

ਪ੍ਰ: ਕਿਉਂ ਜੀ! ਜਦ ਵੇਦ ਪੜ੍ਹਨ ਨਾਲ ਭੀ ਉਸਨੂੰ ਸ਼ਾਂਤੀ ਨਾ ਆਈ ਤਾਂ ਆਖ਼ਰ ਉਸਨੇ ਕੀ ਉਪਾਉ ਕੀਤਾ?

(੬) ਉ: ਹੇ ਭਾਈ! ਜਦੋਂ ਉਸਨੂੰ ਮਾਇਆ ਦਾ ਦੰਡ ਤੇ ਜਮ ਦਾ ਡੰਡਾ ਸਿਰ ਤੇ ਫਿਰਦਾ ਦਿਸਿਆ, ਜਿਸ ਕਰਕੇ ਉਹ ਵੱਡਾ ਦੁਖੀ ਹੋਇਆ, ਇਸ ਦੁਖ ਬਾਰੇ ਬਿਆਸ ਨੇ ਨਾਰਦ ਨੂੰ ਆਪਣਾ ਦੁਖ ਦੱਸਿਆ (ਭਾਵ ਰੋਇਆ)।

ਪ੍ਰ: ਕਿਉਂ ਜੀ! ਨਾਰਦ ਮੁਨੀ ਨੇ ਬਿਆਸ ਨੂੰ ਕੀ ਸਿਖਿਆ ਦਿੱਤੀ?

(੭) ਉ: ਨਾਰਦ ਨੇ ਬਿਆਸ ਨੂੰ ਸਿਖਿਆ ਦਿੱਤੀ ਕਿ ਤੂੰ ਭਾਗਵਤ ਨੂੰ ਪੜ੍ਹ, ਘੋਖ ਕੇ ਉਸਦੇ ਸਾਰ ਗੁਣਾਂ ਦਾ

ਗੁਣਾਨਵਾਦ (ਜਸ) ਕਰਕੇ (ਭਾਵ ਪ੍ਰਭੂ ਦਾ ਲੜ ਫੜ ਕੇ ਉਸਦਾ ਸਿਮਰਨ ਕਰ, ਸੋ ਬਿਆਸ ਨੇ ਐਸਾ ਕਰਕੇ ਆਪਣਾ ਦੁਖ ਦੂਰ ਕੀਤਾ, ਮਨ ਦੀ ਤਪਸ਼ ਹਟਾਈ)।

(੮) ਬਿਨਾਂ ਗੁਰੂ ਦੀ ਸਰਨ ਤੋਂ ਕੋਈ ਭੀ ਨਹੀਂ ਤਰਦਾ।੧੧।

*ਭਾਵਾਰਥ :* ਬਿਆਸ ਦੇਵ ਨੇ ਭਾਵੇਂ ਅਠਾਰਾਂ ਪੁਰਾਣ ਤੇ ਵੇਦ ਕਈ ਵੇਰਾਂ ਘੋਟੇ, ਪ੍ਰੰਤੂ ਮਨ ਨੂੰ ਸ਼ਾਂਤ ਨ ਆਈ। ਨਾਰਦ ਨੇ ਉਸਦਾ ਭੈੜਾ ਹਾਲ ਵੇਖ ਕੇ ਚਤੁ ਸਲੋਕੀ ਭਾਗਵਤ ਦਿੱਤੀ ਅਤੇ ਕਿਹਾ ਕਿ ਭਗਤੀ ਨਾਲ ਗੁਣਾਨਵਾਦ ਕਰ। ਜਦ ਉਸਨੇ ਏਵੇਂ ਕੀਤਾ ਤਦ ਮਨੋਰਥ ਸਿੱਧ ਹੋਇਆ।

ਇਹ ਭਾਈ ਸਾਹਿਬ ਜੀ ਨੇ ਵੇਦਾਂਤ ਮੱਤ ਦੀ ਬਾਬਤ ਪ੍ਰਚਲਤ ਨਿਸਚਾ ਵਰਣਨ ਕੀਤਾ ਹੈ। ਆਖ਼ਰ ਵਿਚ ਆਪਣੇ ਵੱਲੋਂ ਗੁਰਮਤ ਦਾ ਸਹੀ ਵੀਚਾਰ ਅੰਕਿਤ ਕਰਦੇ ਹਨ ਕਿ ਵਾਹਿਗੁਰੂ ਜੀ ਦੀ ਸ਼ਰਨ ਪਏ ਤੋਂ ਬਿਨਾਂ ਕੋਈ ਭੀ ਨਹੀਂ ਤਰਿਆ। ਇਸ ਲਈ ਸਾਰਿਆਂ ਨੂੰ ਹੀ ਪ੍ਰਭੂ ਦੀ ਸ਼ਰਨ ਪ੍ਰਾਪਤ ਕਰਨੀ ਚਾਹੀਦੀ ਹੈ।

## ੧੨. ਸਾਂਖ ਸ਼ਾਸਤ੍ਰ

੧. ਦ੍ਵਾਪੁਰ ਜੁਗ ਬਤੀਤ ਭਏ
ਕਲਜੁਗ ਕੇ ਸਿਰ ਛਤ੍ਰ ਫਿਰਾਈ।
੨. ਬੇਦ ਅਥਰਬਣ ਥਾਪਿਆ
ਉਤਰ ਮੁਖ ਗੁਰਮੁਖ ਗੁਨ ਗਾਈ।
੩. ਕਪਲ ਰਿਖੀ ਸੁਰ ਸਾਂਖ੍ਯ ਮਥ
ਅਥਰਬਣ ਬੇਦ ਕੀ ਰਿਚਾ ਸੁਣਾਈ।
੪. ਗਿਆਨ ਮਹਾ ਰਸ ਪੀਅ ਕੈ
ਸਿਮਰੈ ਨਿੱਤ ਅਨਿੱਤ ਨਿਆਈ।
੫. ਗਿਆਨ ਬਿਨਾ ਨਹਿ ਪਾਈਐ
ਜੇ ਕੋਈ ਕੋਟ ਜਤਨ ਕਰ ਧਾਈ।
੬. ਕਰਮ ਜੋਗ ਦੇਹੀ ਕਰੇ
ਸੋ ਅਨਿੱਤ ਖਿਨ ਟਿਕੈ ਨ ਰਾਈ।
੭. ਗਿਆਨ ਮਤੇ ਸੁਖ ਊਪਜੇ
ਜਨਮ ਮਰਨ ਕਾ ਭਰਮ ਚੁਕਾਈ।
੮. ਗੁਰਮੁਖ ਗਿਆਨੀ ਸਹਜ ਸਮਾਈ॥੧੨॥

*ਪਦ ਅਰਥ :* ਰਿਚਾ—ਸ਼ੁਰਤੀਆਂ। ਨਿਆਈ—ਨਿਰਣਾ। ਕਰਮ ਜੋਗ—ਭਗਤੀ ਦੇ ਕਰਮ। ਮਤੇ—ਮਤਿ, ਅਕਲ। ਸਹਜਿ—ਚੌਥੇ ਪਦ ਦੀ ਅਵਸਥਾ।

### *ਅਰਥ :*

ਪ੍ਰ: ਕਿਉਂ ਜੀ! ਦੁਆਪੁਰ ਜੁਗ ਗੁਜ਼ਰ ਜਾਣ ਪਿਛੋਂ ਸਮੇਂ ਵਿਚ ਕੀ ਬਦਲ ਆਈ?

(੧) ਉ: ਹੇ ਭਾਈ! ਦੁਆਪੁਰ ਜੁਗ ਬੀਤ ਜਾਣ ਪਿਛੋਂ, ਛੱਤ੍ਰ ਕਲਜੁਗ ਦੇ ਸਿਰ ਤੇ ਫਿਰਨ ਲੱਗ ਪਿਆ।

(੨) (ਹੁਣ ਕਲਜੁਗ ਦਾ ਸਮਾਂ ਆ ਗਿਆ) ਅਥਰਵਣ ਵੇਦ ਦੀ ਰੀਤੀ ਸੰਸਾਰ ਤੇ ਪਸਰ ਗਈ, ਜੋ ਗੁਰਮੁਖ ਭਜਨੀਕ ਸਨ ਉਹ ਉੱਤਰ ਪਾਸੇ ਵੱਲ ਮੂੰਹ ਕਰਕੇ ਗੁਣ ਗਾਉਣ ਲਗ ਪਏ।

ਪ੍ਰ: ਕਿਉਂ ਜੀ! ਆਖ਼ਰ ਲੋਕਾਂ ਦੀ ਵਧੇਰੇ ਰੁਚੀ ਕਿਸ ਪੱਖ ਵਿਚ ਹੋ ਗਈ?

(੩) ਉ: ਹੇ ਭਾਈ! ਕਪਲ ਰਿਖੀ ਨੇ (ਜਦੋਂ) ਸਾਂਖ ਸ਼ਾਸਤ੍ਰ ਰਚ ਕੇ ਅਥਰਵਣ ਵੇਦ ਦੀਆਂ ਰਿਚਾ ਉਸ ਵਿਚ ਗਾਇਨ ਕੀਤੀਆਂ।

(੪) (ਅਤੇ ਉਸਨੇ ਲੋਕਾਂ ਨੂੰ ਕਿਹਾ ਕਿ) ਗਿਆਨ ਮਹਾਂ ਰਸ ਪੀ ਕੇ ਨਿੱਤ ਤੇ ਅਨਿੱਤ ਦਾ ਨਿਰਣਾ ਕਰੋ (ਭਾਵ ਨਿੱਤ ਰਹਿਣ ਵਾਲੇ ਪ੍ਰਭੂ ਦੇ ਗੁਣ ਗਾਉਂਦੇ ਰਹੋ)।

(੫) (ਉਹ ਇਸ ਲਈ ਕਿ) ਗਿਆਨ ਪ੍ਰਾਪਤ ਕੀਤੇ ਬਿਨਾਂ (ਪ੍ਰਭੂ ਦੀ) ਪ੍ਰਾਪਤੀ ਨਹੀਂ ਹੁੰਦੀ, ਭਾਵੇਂ ਕੋਈ ਕ੍ਰੋੜਾਂ ਜਤਨ ਕਰ ਲਵੇ ਅਤੇ ਦੌੜ ਭੱਜ ਕਰੇ।

(੬) (ਫਿਰ ਉਸਨੇ ਇਹ ਭੀ ਕਿਹਾ ਕਿ) ਕਰਮ ਤੇ ਜੋਗ (ਮੁਕਤੀ ਦੇ ਸਾਧਨ) ਦੇਹੀ ਰਾਹੀਂ ਹੁੰਦੇ ਹਨ, ਪਰ ਦੇਹੀ ਨਿੱਤ ਰਹਿਣ ਵਾਲੀ ਵਸਤੂ ਨਹੀਂ। ਇਹ ਰਾਈ ਭਰ ਵੀ ਟਿਕ ਨਹੀਂ ਸਕਦੀ।

ਪ੍ਰ: ਕਿਉਂ ਜੀ! ਸੁਖ ਦੀ ਪ੍ਰਾਪਤੀ ਤੇ ਭਰਮ ਦੀ ਨਿਵਿਰਤੀ ਕਿਵੇਂ ਹੋਵੇਗੀ?

(੭) ਉ: ਹੇ ਪਿਆਰਿਓ! ਗਿਆਨ ਦੇ ਵੀਚਾਰਨ ਨਾਲ ਸੁਖ ਪ੍ਰਾਪਤ ਹੁੰਦਾ ਹੈ, ਤੇ ਜਨਮ ਮਰਨ ਦਾ (ਸੰਸਾ) ਭਰਮ ਦੂਰ ਹੁੰਦਾ ਹੈ।

(੮) ਗੁਰਮੁਖ, ਜੋ ਗਿਆਨੀ ਹੋ ਜਾਏ, ਉਹ ਸਹਿਜ ਅਵਸਥਾ ਵਿਚ ਸਮਾ ਜਾਂਦਾ ਹੈ।੧੨।

*ਭਾਵਾਰਥ :* ਭਾਈ ਸਾਹਿਬ ਜੀ ਨੇ ਇਸ ਪਉੜੀ ਵਿਚ ਸਾਂਖ ਸਾਸਤ੍ਰ ਬਾਬਤ ਇਤਰ ਮੱਤਾਂ ਦੀ ਰਾਇ ਦੱਸੀ ਹੈ। ਅਰਥਾਤ ਜਿਸ ਭਾਵ ਵਿਚ ਸਾਂਖ ਮੱਤ ਵਾਲਿਆਂ ਦਾ ਕੋਈ ਫ਼ਿਰਕਾ ਮੰਨੀ ਬੈਠਾ ਹੈ ਕਿ ਕੇਵਲ ਸੱਤਿ ਅਸੱਤਿ ਦਾ

ਨਿਰਣਾ ਚਾਹੀਏ, ਜੋਗ ਦੀ ਲੋੜ ਨਹੀਂ ਰੱਖੀ, ਕਿਉਂਕਿ ਸਾਂਖ ਕਰਤਾਰ ਨੂੰ ਨਹੀਂ ਮੰਨਦਾ (ਉਹ ਕੇਵਲ ਸਾਂਖ ਗਿਆਨ ਨੂੰ ਮੰਨਦੇ ਹਨ ਕਿ ਆਹ ਪ੍ਰਕ੍ਰਿਤੀ ਹੈ ਤੇ ਆਹ ਪੁਰਖ ਹੈ ਇਹ ਜਾਨਣਾ ਗਿਆਨ ਹੈ। ਉਹ ਸ਼ੇਰ ਵਾਂਗੂੰ ਪੁਰਖ ਵਿਸ਼ੇਸ਼ ਕਿ ਈਸ਼ਵਰ ਨੂੰ ਨਹੀਂ ਮੰਨਦੇ) ਉਸਦਾ ਹਾਲ ਦੱਸ ਕੇ ਆਪਣਾ ਸਿਧਾਂਤ ਅੰਕਿਤ ਕੀਤਾ ਹੈ ਕਿ ਸਹਿਜ ਪਦ ਵਿਚ ਪੁਜਣਾ ਸ੍ਰੇਸ਼ਟ ਕਰਮ ਹੈ, ਗੁਰੂ ਦੁਆਰਾ ਮਿਲੇ। ਸਹਿਜ ਪਦ ਨਾਲ ਆਤਮਾ ਅਕਾਲ ਪੁਰਖ ਨਾਲ ਜਾ ਮਿਲਦੀ ਹੈ।

## ੧੩. ਵੈਸ਼ੇਖਕ ਸ਼ਾਸਤ੍ਰ

੧. ਬੇਦ ਅਥਰਬਣ ਮਥਨ ਕਰ
ਗੁਰਮੁਖ ਬਾਸੇਖਕ ਗੁਣ ਗਾਵੈ।
੨. ਜੇਹਾ ਬੀਜੈ ਸੋ ਲੁਣੈ
ਸਮੇਂ ਬਿਨਾਂ ਫਲ ਹਥ ਨ ਆਵੈ।
੩. ਹੁਕਮੈ ਅੰਦਰ ਸਭ ਕੋ
ਮੰਨੈ ਹੁਕਮ ਸੁ ਸਹਜ ਸਮਾਵੈ।
੪. ਆਪਹੁ ਕਛੂ ਨ ਹੋਵਈ
ਬੁਰਾ ਭਲਾ ਨਹ ਮੰਨਿ ਵਸਾਵੈ।
੫. ਜੈਸਾ ਕਰੇ ਤੈਸਾ ਲਹੈ
ਰਿਖਿ ਕਣਾਦਿਕ ਭਾਖ ਸੁਣਾਵੈ।
੬. ਸਤਿਜੁਗ ਕਾ ਅਨਿਆਇ ਸੁਣ
ਇਕ ਫੇੜੇ ਸਭ ਜਗਤ ਮਰਾਵੈ।
੭. ਤ੍ਰੇਤੇ ਨਗਰੀ ਪੀੜੀਐ
ਦੁਆਪਰ ਵੰਸ ਕੁਵੰਸ ਕੁਹਾਵੈ।
੮. ਕਲਿਜੁਗ ਜੋ ਫੇੜੇ ਸੋ ਪਾਵੈ ॥੧੩॥

*ਪਦ ਅਰਥ :* ਸਹਜ—ਗਿਆਨ ਦੀ ਅਵਸਥਾ। ਫੇੜੇ—ਕਰੇ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਉ! ਸੁਣਿਆ ਹੈ ਕਿ ਕਣਾਦਿ ਮੁਨੀ ਨੇ ਭੀ ਕੁੱਝ ਆਪਣੇ ਵੀਚਾਰ ਪ੍ਰਗਟਾਇ ਸਨ, ਕੀ ਉਨ੍ਹਾਂ ਦੀ ਵੀ ਜਾਣਕਾਰੀ ਦਿਓਗੇ?

(੧) ਉ: ਹੇ ਭਾਈ! (ਪੜਚੋਲ ਕਰਨ ਤੋਂ ਇਹੋ ਸੋਝੀ ਮਿਲਦੀ ਹੈ ਕਿ) ਅਥਰਵਣ ਵੇਦ ਨੂੰ ਪੜ੍ਹ, ਘੋਖ ਕੇ, ਗੁਰਮੁਖ ਕਣਾਦਿ ਮੁਨੀ ਨੇ ਵੈਸ਼ੇਖਕ ਸ਼ਾਸਤ੍ਰ ਵਿਚ ਕੇਵਲ ਪ੍ਰਭੂ ਦੇ ਹੀ ਗੁਣ ਗਾਏ ਹਨ।

ਪ੍ਰ: ਕਿਉਂ ਜੀ! ਕੀ ਉਸਨੇ ਕੁੱਝ ਹੋਰ ਵੀਚਾਰ ਭੀ ਦਿੱਤੇ ਹਨ?

(੨) ਉ: (ਹੋਰ ਉਸਨੇ ਇਹ ਭੀ ਵੀਚਾਰ ਦਿੱਤੇ ਕਿ) ਜੋ ਜੋ ਬੀਜੇਗਾ ਉਹੋ ਹੀ ਫਲ ਪਾਏਗਾ, ਪਰ ਹਾਂ, ਸਮੇਂ ਤੋਂ ਬਿਨਾ ਫਲ ਹੱਥ ਨਹੀਂ ਆਵੇਗਾ।

ਪ੍ਰ: ਕਿਉਂ ਜੀ! ਸਹਿਜ ਪਦ ਦੀ ਪ੍ਰਾਪਤੀ ਉਸਨੇ ਕਿਸਨੂੰ ਮੰਨਿਆ ਹੈ?

(੩) ਉ: (ਉਝ ਤਾਂ ਉਸਨੇ ਮੰਨਿਆ ਹੈ ਕਿ) ਸਭ ਕੁੱਝ ਹੁਕਮ ਵਿਚ ਹੋ ਰਿਹਾ ਹੈ, ਪਰ ਹਾਂ! (ਜੋ ਉਸ ਹੁਕਮੀ ਦਾ) ਹੁਕਮ ਮੰਨ ਲਵੇਗਾ ਉਹ ਗਿਆਨਵਾਨ ਹੋ ਜਾਵੇਗਾ।

ਪ੍ਰ: ਕਿਉਂ ਜੀ! ਆਖ਼ਰ ਹੁਕਮ ਮੰਨਣ ਤੋਂ ਉਸ ਦੀ ਸਹੀ ਮੁਰਾਦ ਕੀ ਹੈ?

(੪) ਉ: ਹੁਕਮ ਦਾ ਮੰਨਣਾ ਇਹੋ ਹੈ ਕਿ ਜੋ ਕੁੱਝ ਹੋ ਰਿਹਾ ਹੈ (ਉਹ ਉਸ ਰਾਜ਼ਕ ਦੀ ਰਜ਼ਾ ਵਿਚ ਠੀਕ ਹੈ) ਉਸ ਬਾਰੇ ਬੁਰਾ ਭਲਾ ਨਾ ਚਿਤਵੇ, ਨਾ ਮਨ ਵਿਚ ਹੀ ਲਿਆਵੇ।

ਪ੍ਰ: ਇਸ ਤੋਂ ਬਿਨਾਂ ਉਸਨੇ ਕੁੱਝ ਹੋਰ ਭੀ ਕਿਹਾ ਹੈ?

(੫) ਉ: (ਹੋਰ ਇਹ ਭੀ ਕਿਹਾ ਹੈ ਕਿ) ਜੋ ਕੁਛ ਕੋਈ ਕਰੇਗਾ, ਉਹੀ ਪਾਵੇਗਾ, (ਬੱਸ) ਕਣਾਦਿ ਮੁਨੀ ਨੇ ਇਹੋ ਹੀ ਬੋਲ ਕੇ ਸੁਣਾਇਆ ਹੈ।

ਪ੍ਰ: ਕਿਉਂ ਜੀ! ਕੀ ਉਸਨੇ ਪੁਰਾਤਨ ਜੁਗਾਂ ਬਾਰੇ ਭੀ ਕੁੱਝ ਆਪਣੇ ਖ਼ਿਆਲ ਪ੍ਰਗਟਾਏ ਹਨ?

(੬) ਉ: ਹਾਂ! (ਉਸਨੇ ਕਿਹਾ ਕਿ ਐ ਲੋਕੋ!) ਸਤਿਜੁਗ ਦੇ ਹਨੇਰ ਦੀ ਗੱਲ ਸੁਣੋ ਕਿ ਕਿਤਨਾ ਅਨਿਆਇ ਹੋ ਰਿਹਾ ਸੀ, ਜੇ ਕੋਈ ਇਕ ਭੈੜਾ ਕੰਮ ਕਰਦਾ ਸੀ ਤਾਂ ਉਸਦੇ ਪਿਛੇ ਸਾਰਾ ਦੇਸ਼ ਹੀ ਮਾਰਿਆ ਜਾਂਦਾ ਸੀ।

(੭) ਤ੍ਰੇਤੇ ਜੁਗ ਵਿਚ ਇਕ ਦੇ ਭੈੜਾ ਕਰਮ ਕਰਨ ਕਰਕੇ ਸਾਰਾ ਨਗਰ ਹੀ ਪੀੜਿਆ ਜਾਂਦਾ ਸੀ ਅਤੇ ਦੁਆਪੁਰ ਵਿਚ ਇਕ ਦੀ ਗ਼ਲਤੀ ਦੇ ਕਾਰਨ ਸਾਰਾ ਵੰਸ ਹੀ (ਦੋਸ਼ੀ ਜਾਣ ਕੇ) ਖ਼ਤਮ ਕਰ ਦਿੱਤਾ ਜਾਂਦਾ ਸੀ।

(੮) (ਪਰ) ਕਲਜੁਗ ਵਿਚ ਜੋ ਕਰੇਗਾ ਉਹੀ ਭਰੇਗਾ।੧੩।

*ਭਾਵਾਰਥ :* ਉਪ੍ਰੋਕਤ ਪਉੜੀ ਵਿਚ ਭਾਈ ਸਾਹਿਬ ਜੀ ਨੇ ਵੈਸ਼ੇਖਕ ਮੱਤ ਦਾ ਵਰਣਨ ਕੀਤਾ ਹੈ, ਜਿਸਨੇ ਸਾਰੀ ਗੱਲ ਕਰਮਾਂ ਉੱਪਰ ਹੀ ਨਿਬੇੜੀ ਹੈ। ਪਿਛਲੇ ਜੁਗਾਂ ਬਾਬਤ ਲੋਕੀ ਮੰਨਦੇ ਸਨ ਕਿ ਇਕ ਦੀ ਥਾਵੇਂ ਬਹੁਤੇ ਸਜ਼ਾ ਪਾਉਂਦੇ

ਸਨ। ਪਰ ਕਣਾਦਿ ਨੇ ਕਰਮਾਂ ਸਿਰ ਰੱਖ ਕੇ ਛੁੱਟੀ ਕਟਾ ਦਿੱਤੀ ਕਿ ਜੋ ਕਰੇ ਸੋ ਪਾਵੇਗਾ। ਭਾਈ ਸਾਹਿਬ ਜੀ ਕਣਾਦਿ ਦੇ ਇਸ ਖ਼ਿਆਲ ਨੂੰ ਨਯਾਇ ਯੁਕਤ ਦੇਖ ਕੇ ਪਸੰਦ ਕਰਦੇ ਹਨ ਕਿ ਜੋ ਫੇੜੇ ਸੋ ਪਾਵੈ। ਪਰ ਕਣਾਦਿ ਦੇ ਮੱਤ ਨਾਲ ਸਾਰੀ ਸੰਮਤੀ ਨਹੀਂ ਕਹਿ ਰਹੇ।

## ੧੪. ਪਤੰਜਲ ਸ਼ਾਸਤ੍ਰ

੧. ਸੇਖ ਨਾਗਾ ਪਾਤੰਜਲ ਮਥਿਆ
ਗੁਰਮੁਖ ਸ਼ਾਸਤ੍ਰ ਨਾਗ ਸੁਣਾਈ।
੨. ਵੇਦ ਅਰਥਬਣ ਬੋਲਿਆ
ਜੋਗ ਬਿਨਾਂ ਨਹਿ ਭਰਮ ਚੁਕਾਈ।
੩. ਜਿਉ ਕਰ ਮੈਲੀ ਆਰਸੀ
ਸਿਕਲ ਬਿਨਾਂ ਨਹਿ ਮੁਖ ਦਿਖਾਈ।
੪. ਜੋਗ ਪਦਾਰਥ ਨਿਰਮਲਾ
ਅਨਹਦ ਧੁਨਿ ਅੰਦਰ ਲਿਵ ਲਾਈ।
੫. ਅਸ਼ਟ ਦਸਾ ਸਿਧਿ ਨਉ ਨਿਧਿ
ਗੁਰਮੁਖ ਜੋਗੀ ਚਰਨ ਲਗਾਈ।
੬. ਤ੍ਰਿਹੁ ਜੁਗਾ ਕੀ ਬਾਸਨਾ
ਕਲਿਜੁਗ ਵਿੱਚ ਪਤੰਜਲ ਪਾਈ।
੭. ਹੱਥੋ ਹਥੀ ਪਾਈਐ
ਭਗਤ ਜੋਗ ਕੀ ਪੂਰ ਕਮਾਈ।
੮. ਨਾਮ ਦਾਨ ਇਸ਼ਨਾਨ ਸੁਭਾਈ॥੧੪॥

*ਪਦ ਅਰਥ :* ਆਰਸੀ—ਸ਼ੀਸ਼ਾ। ਸਿਕਲ—ਸਾਫ਼। ਜੋਗ—ਭਗਤੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਉਮੀਦ ਹੈ ਕਿ ਆਪ ਜੀ ਨੇ ਪਤੰਜਲ ਰਿਖੀ ਦੇ ਖ਼ਿਆਲਾਂ ਨੂੰ ਭੀ ਪੜਚੋਲਿਆ ਹੋਵੇਗਾ, ਕੀ ਉਸ ਬਾਰੇ ਕੁੱਝ ਜਾਣਕਾਰੀ ਦਿਓਗੇ?

(੧) ਉ: ਹੇ ਭਾਈ! (ਨਾਗਾਂ ਵਿਚੋਂ) ਗੁਰਮੁਖ (ਸ਼੍ਰੋਮਣੀ) ਸ਼ੇਖ ਨਾਗ ਨੂੰ ਮੰਨਿਆ ਗਿਆ ਹੈ, (ਉਸ) ਨਾਗ ਨੇ ਪਤੰਜਲ ਰਿਖੀ ਦਾ ਅਵਤਾਰ ਹੋ ਕੇ ਵੇਦਾਂ ਨੂੰ ਮੱਥ ਕੇ ਆਪਣੇ ਨਾਮ ਵਾਲਾ ਪਤੰਜਲ ਸ਼ਾਸਤ੍ਰ ਸੁਣਾਇਆ (ਭਾਵ ਰਾਮ ਦੀ ਕੀਰਤੀ ਸ਼ਾਸਤ੍ਰ ਦਾ ਵਿਚਾਰ ਸੁਣਾਇਆ)।

ਪ੍ਰ: ਕਿਉਂ ਜੀ! ਜੋ ਉਸ ਨੇ ਖ਼ਿਆਲ ਦ੍ਰਿੜ੍ਹ ਕਰਵਾਏ ਉਸ ਦੀ ਰੂਪ ਰੇਖਾ ਕੀ ਹੈ?

(੨) ਉ: ਉਸ ਵਿਚ (ਉਸਨੇ) ਅਥਰਵਣ ਵੇਦ ਦੀਆਂ ਸ਼ਰੁਤੀਆਂ ਨੂੰ ਬੋਲਿਆ ਕਿ ਜੋਗ ਬਿਨਾਂ ਭਰਮ ਨਹੀਂ ਮਿਟਦਾ।

ਪ੍ਰ: ਕਿਉਂ ਜੀ! ਉਹ ਕਿਸ ਤਰ੍ਹਾਂ? ਕੀ ਇਸ ਬਾਰੇ ਵੀ ਉਹ ਕੋਈ ਉਦਾਹਰਣ ਦੇਂਦਾ ਹੈ?

(੩) ਉ: (ਉਹ ਕਹਿੰਦਾ ਹੈ ਕਿ) ਜਿਵੇਂ ਮੈਲੇ ਸ਼ੀਸ਼ੇ ਨੂੰ ਸਾਫ਼ ਤੇ ਲਿਸ਼ਕਾਏ ਬਿਨਾਂ ਮੂੰਹ ਨਜ਼ਰ ਨਹੀਂ ਆਉਂਦਾ।

(੪) ਇਸੇ ਤਰ੍ਹਾਂ ਮਨੁੱਖੀ ਮਨ ਮੈਲਾ ਹੈ ਤੇ ਜੋਗ (ਭਗਤੀ) ਰੂਪ ਨਿਰਮਲ ਪਵਿੱਤ੍ਰ ਹੈ (ਜੋ) ਅਨਹਦ ਧੁਨ (ਦਸਮ ਦੁਆਰ) ਅੰਦਰ ਲਿਵ ਲਾਇਆਂ ਹੀ ਪ੍ਰਾਪਤ ਹੁੰਦੀ ਹੈ।

ਪ੍ਰ: ਕਿਉਂ ਜੀ! ਉਹ ਇਸਦੀ ਫਲ ਪ੍ਰਾਪਤੀ ਕੀ ਦੱਸਦਾ ਹੈ?

(੫) ਉ: ਉਹ ਕਹਿੰਦਾ ਹੈ, ਇਉਂ ਕਰਨ ਵਿਚ (ਕਾਮਯਾਬ ਹੋਣ ਪਿਛੋਂ) ਅਠਾਰਾਂ ਸਿਧੀਆਂ ਤੇ ਨੌਂ ਨਿਧੀਆਂ ਗੁਰਮੁਖ ਜੋਗੀ ਲਿਵ ਲਾਉਣ ਵਾਲੇ ਦੇ ਚਰਨੀ ਆ ਲਗਦੀਆਂ ਹਨ।

(੬) (ਇਸ ਲਿਵ ਦੇ ਸਹਾਰੇ) ਪਤੰਜਲ ਰਿਖੀ ਕਹਿੰਦਾ ਹੈ ਕਿ ਉਸਨੇ ਤਿੰਨਾਂ ਜੁਗਾਂ ਦੀ ਵਾਸ਼ਨਾ (ਭਾਵ ਫਲ) ਕਲਜੁਗ ਵਿਚ ਪਾ ਲਿਆ ਹੈ।

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਉਪ੍ਰੋਕਤ ਛੇ ਸ਼ਾਸਤ੍ਰਾਂ ਦੇ ਵੀਚਾਰ ਪੜ੍ਹ ਸੁਣ ਕੇ ਗੁਰਮਤ ਦੁਆਰੇ ਆਪਣਾ ਨਿਸਚਾ ਕੀ ਰੱਖਦੇ ਹੋ?

(੭) ਉ: ਹੇ ਭਾਈ! ਗੁਰਮਤ ਦੀ ਰੋਸ਼ਨੀ ਦੇ ਆਸਰੇ ਮੈਂ ਤਾਂ ਇਉਂ ਹੀ ਨਿਸਚਾ ਰੱਖਦਾ ਹਾਂ ਕਿ ਭਗਤੀ ਹੀ ਜੋਗ ਦੀ ਪੂਰੀ ਕਮਾਈ ਹੈ ਕਿਉਂਕਿ ਇਸਦਾ ਫਲ ਹੱਥੋ-ਹੱਥੀ ਪਾ ਲਈਦਾ ਹੈ।

ਪ੍ਰ: ਕਿਉਂ ਜੀ! ਇਸ ਭਗਤੀ ਜੋਗ ਦੀ ਰੂਪ ਰੇਖਾ ਕੀ ਹੈ?

(੮) ਉ: ਇਸ ਭਗਤੀ ਜੋਗ ਦਾ ਰੂਪ ਨਾਮ ਦਾਨ ਇਸ਼ਨਾਨ ਹੈ, ਪਰ ਹਾਂ, ਇਸਨੂੰ ਨਿਸ਼ਕਾਮ ਹੋ ਕੇ ਕਰੋ, ਚੰਗੇ ਪ੍ਰੇਮ ਨਾਲ ਭਾਵ ਕਾਮਨਾ ਰਹਿਤ ਹੋ ਕੇ ਕੇਵਲ ਪ੍ਰੇਮ ਦੀ ਖ਼ਾਤਰ ਹੀ ਭਗਤੀ ਕਰੇ।੧੪।

*ਭਾਵਾਰਥ :* ਭਾਵੇਂ ਪਤੰਜਲੀ ਰਿਖੀ ਆਪਣੇ ਵੀਚਾਰ ਪ੍ਰਗਟ ਕਰਦੇ ਹਨ ਕਿ ਜੋਗ ਤੋਂ ਬਿਨਾਂ ਭਰਮ ਦੀ ਨਿਵਿਰਤੀ ਨਹੀਂ ਹੁੰਦੀ, ਇਹ ਠੀਕ ਹੈ ਕਿ ਜੋਗ ਦਾ ਅਰਥ 'ਜੋਗਾਸ

ਬ੍ਰਿਤੀ ਨਿਰੋਧਾ' ਹੈ, ਪਰ ਭਗਤੀ ਤੋਂ ਬਿਨਾਂ ਬਿਰਤੀਆਂ ਦਾ ਨਿਰੋਧ ਕਰਨਾ ਅਸੰਭਵ ਹੈ, ਇਸ ਲਈ ਗੁਰਮਤ ਵਿਚ ਉਸ ਪ੍ਰਭੂ ਦੀ ਪ੍ਰੇਮਾ ਭਗਤੀ ਨੂੰ ਹੀ ਸ੍ਰੇਸ਼ਟ ਸਾਧਨ ਮੰਨਿਆ ਹੈ।

## ੧੫. ਜੀਵ ਦੇ ਆਵਾ ਗਵਨ ਦਾ ਚੱਕ੍ਰ

੧. ਜੁਗ ਜੁਗ ਮੇਰੁ ਸਰੀਰ ਕਾ
ਬਾਸ਼ਨਾ ਬੱਧਾ ਆਵੈ ਜਾਵੈ।
੨. ਫਿਰ ਫਿਰ ਫੇਰ ਵਟਾਈਐ
ਗਿਆਨੀ ਹੋਇ ਮਰਮ ਕਉ ਪਾਵੈ।
੩. ਸਤਿਜੁਗ ਦੂਜਾ ਭਰਮ ਕਰ
ਤ੍ਰੇਤੇ ਵਿਚ ਜੋਨੀ ਫਿਰ ਆਵੈ।
੪. ਤ੍ਰੇਤੇ ਕਰਮਾਂ ਬਾਂਧਤੇ
ਦੁਆਪਰ ਫਿਰ ਅਵਤਾਰ ਕਰਾਵੈ।
੫. ਦੁਆਪਰ ਮਮਤਾ ਅਹੰਕਾਰ
ਹਉਮੈਂ ਅੰਦਰ ਗਰਭ ਗਲਾਵੈ।
੬. ਤ੍ਰਿਹੁ ਜੁਗਾਂ ਕੇ ਕਰਮ ਕਰ
ਜਨਮ ਮਰਨ ਸੰਸਾ ਨ ਚੁਕਾਵੈ।
੭. ਫਿਰ ਕਲਿਜੁਗ ਅੰਦਰ ਦੇਹ ਧਰ
ਕਰਮਾਂ ਅੰਦਰ ਫੇਰ ਫਸਾਵੈ।
੮. ਅਉਸਰ ਚੁਕਾ ਹੱਥ ਨ ਆਵੈ ॥੧੫॥

***ਪਦ ਅਰਥ :*** ਮੇਰੁ—ਮਾਲਾ ਵਿਚ ਇਕ ਮੋਟਾ ਮਣਕਾ ਹੁੰਦਾ ਹੈ, ਜਿਥੋਂ ਮਾਲਾ ਸ਼ੁਰੂ ਹੁੰਦੀ ਹੈ। ਮਰਮ—ਭੇਦ। ਹਉਮੈਂ—ਅਹੰਕਾਰ। ਅਉਸਰ—ਵੇਲਾ, ਸਮਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਤਾਂ ਆਮ ਹੀ ਸੁਣਨ ਵਿਚ ਆਉਂਦਾ ਹੈ ਕਿ ਇਸ ਮਨੁੱਖ ਸਰੀਰ ਨੂੰ ਹਰ ਜੁਗ ਵਿਚ ਹੀ ਉੱਤਮ ਮੰਨਿਆ ਗਿਆ ਹੈ, ਪਰ ਇਸ ਦੇ ਬਾਰ-ਬਾਰ ਜਨਮਾਂ ਦੇ ਚੱਕਰ ਵਿਚ ਆਉਂਦੇ ਜਾਂਦੇ ਰਹਿਣ ਦਾ ਅਸਲ ਕਾਰਨ ਕੀ ਹੈ?

(੧) ਉ: ਹੇ ਭਾਈ! ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਜੁਗਾਂ ਜੁਗਾਂ ਵਿਚ ਸਰੀਰ ਦਾ (ਮੇਰੁ) ਸ਼੍ਰੋਮਣੀ ਜੀਵਾ-ਤਮਾ ਹੈ (ਪਰ ਇਹ) ਵਾਸਨਾ ਦਾ ਬੱਧਾ ਹੋਇਆ ਹੀ ਜਨਮ ਮਰਨ ਦੇ ਚੱਕਰ ਵਿਚ ਆਉਂਦਾ ਜਾਂਦਾ ਹੈ

(੨) ਵਾਰ ਵਾਰ (ਇਹ) ਦੇਹ ਸਰੀਰ ਬਦਲੀ ਜਾਂਦਾ ਹੈ, ਪਰ ਇਸ ਭੇਦ ਨੂੰ ਕੋਈ ਗਿਆਨਵਾਨ ਹੀ ਪਾਉਂਦਾ ਹੈ।

(੩) ਸਤਿਜੁਗ ਵਿਚ ਦ੍ਵੈਤ ਦੇ ਭਰਮ ਕਰਕੇ ਅਤੇ ਫਿਰ ਤ੍ਰੇਤੇ ਵਿਚ ਜੂਨੀਆਂ ਪਾਉਂਦਾ ਹੈ।

(੪) ਫਿਰ ਤ੍ਰੇਤੇ ਦੇ ਕਰਮਾਂ ਦੇ ਬੰਧਨਾਂ ਕਰਕੇ ਦੁਆਪੁਰ ਵਿਚ ਆ ਜਨਮ ਧਾਰਦਾ ਹੈ।

(੫) ਦੁਆਪੁਰ ਵਿਚ ਮਮਤਾ ਤੇ ਹੰਕਾਰ ਦਾ ਮਾਰਿਆ ਮੈਂ ਮੈਂ ਕਰਦਾ ਹੀ ਗਰਭ ਵਿਚ ਰਲ ਜਾਂਦਾ ਹੈ।

(੬) ਫਿਰ ਤਿੰਨਾਂ ਜੁਗਾਂ ਦੇ ਕਰਮਾਂ ਕਰਕੇ ਜਨਮ ਮਰਨ ਦਾ (ਸੰਸਾ) ਭਰਮ ਦੂਰ ਨਹੀਂ ਹੁੰਦਾ।

(੭) (ਦੁਆਪੁਰ ਦਾ ਬੱਧਾ) ਕਲਜੁਗ ਅੰਦਰ ਦੇਹ ਧਾਰ ਕੇ ਫਿਰ (ਆਪ ਨੂੰ) ਕਰਮਾਂ ਵਿਚ ਹੀ ਫਸਾਈ ਜਾਂਦਾ ਹੈ।

(੮) (ਪਰ) ਸਮੇਂ ਤੋਂ ਖੁੰਝੇ ਹੋਏ ਨੂੰ (ਮੁੜ ਵੇਲਾ) ਹੱਥ ਨਹੀਂ ਆਉਂਦਾ।੧੫।

***ਭਾਵਾਰਥ :*** ਭਾਈ ਸਾਹਿਬ ਉਪ੍ਰੋਕਤ ਪਉੜੀ ਵਿਚ ਕਰਮ ਪ੍ਰਧਾਨੀ ਲੋਕਾਂ ਦਾ ਮੱਤ ਦਰਸਾ ਰਹੇ ਹਨ, ਉਹ ਕਹਿੰਦੇ ਹਨ ਜੀਵ ਦਾ ਕਰਮ ਵੱਸ ਹੋ ਕੇ ਭਟਕਣਾ ਅਰ ਜੁਗਾਂ ਦੇ ਪਲਟਿਆਂ ਭੀ ਦੂਜੇ ਜੁਗਾਂ ਵਿਚ ਜੰਮਦੇ ਮਰਦੇ ਰਹਿਣਾ, ਕਰਮਾਂ ਦੇ ਜੋੜ ਨੇ ਆਵਾ ਗਉਣ ਦਾ ਚੱਕਰ ਨ ਟੁੱਟਣ ਦੇਣਾ ਇਹ ਸਭ ਕਰਮਾਂ ਦਾ ਹੀ ਚੱਕਰ ਹੈ। ਜਿਸਦਾ ਭਾਈ ਸਾਹਿਬ ਨੇ ਜਿਕਰ ਕੀਤਾ ਹੈ। ਕਿਉਂਕਿ ਕਰਮ ਕਰਦੇ ਰਹਿਣ ਨਾਲ ਵਾਸ਼ਨਾ ਨਹੀਂ ਮਿਟਦੀਆਂ, ਵਾਸਨਾ ਨੂੰ ਮਿਟਾਉਣ ਦਾ ਸਾਧਨ ਕੇਵਲ ਇਕ ਪ੍ਰਭੂ ਦੀ ਪ੍ਰੇਮਾ ਭਗਤੀ ਹੀ ਹੈ ਜੋ ਚੌਰਾਸੀ ਲੱਖ ਜੂਨ ਦੇ ਚੱਕਰ ਤੋਂ ਬਚਾ ਸਕਦੀ ਹੈ।

## ੧੬. ਕਲਜੁਗ ਅੰਦਰ ਕੇਵਲ ਨਾਮ ਦੀ ਹੀ ਮਹਾਨਤਾ ਹੈ

੧. ਕਲਿਜੁਗ ਕੀ ਸੁਣ ਸਾਧਨਾ
ਕਰਮ ਕਿਰਤ ਕੀ ਚਲੇ ਨ ਕਾਈ।
੨. ਬਿਨਾਂ ਭਜਨ ਭਗਵਾਨ ਕੇ
ਭਾਉ ਭਗਤਿ ਬਿਨ ਠੌਰ ਨ ਪਾਈ।

੩. ਲਹੇ ਕਮਾਣਾ ਏਤ ਜੁਗ
ਪਿਛਲੀ ਜੁੱਗੀ ਕਰੀ ਕਮਾਈ।
੪. ਪਾਯਾ ਮਾਨਸ ਦੇਹ ਕਉ
ਐਥੋਂ ਚੁਕਿਆ ਠੌਰ ਨ ਠਾਈ।
੫. ਕਲਿਜੁਗ ਕੇ ਉਪਕਾਰ ਸੁਣ
ਜੈਸੇ ਬੇਦ ਅਥਰਬਣ ਗਾਈ।
੬. ਭਾਉ ਭਗਤਿ ਪਰਵਾਨ ਹੈ
ਜੱਗ ਹੋਮ ਤੇ ਪੁਰਬ ਕਮਾਈ।
੭. ਕਰ ਕੇ ਨੀਚ ਸਦਾਵਣਾ
ਤਾਂ ਪ੍ਰਭੁ ਲੇਖੈ ਅੰਦਰ ਪਾਈ।
੮. ਕਲਿਜੁਗ ਨਾਵੈ ਕੀ ਵਡਿਆਈ ॥੧੬॥

***ਪਦ ਅਰਥ :*** ਕਰਮ ਕਿਰਤ—ਕਰਮਾਂ ਦੀ ਸਾਧਨਾ। ਕਮਾਣਾ—ਕੀਤੀ ਕਮਾਈ ਦਾ ਫਲ। ਭਾਉ ਭਗਤਿ—ਪ੍ਰੇਮਾ ਭਗਤੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪਿਛੇ ਆਪ ਜੀ ਨੇ ਕਰਮਾਂ ਦੀ ਮਹਾਨਤਾ ਦਰਸਾਈ ਹੈ, ਪਰ ਇਸ ਕਲਜੁਗ ਵਿਚ ਕਿਸ ਸਾਧਨਾ ਦੀ ਮਹਾਨਤਾ ਹੈ ?

(੧) ਉ: (ਹੇ ਭਾਈ ! ਹੁਣ ਤੁਸੀਂ) ਕਲਜੁਗ ਦੀ ਘਾਲਣਾ ਦਾ ਹਾਲ ਸੁਣੋ ਕਿ ਇਸ ਜੁਗ ਵਿਚ ਨਿਰੇ ਕਰਮ ਕਿਰਤ ਦੀ (ਰਾਈ ਮਾਤ੍ਰ) ਭੀ ਕੋਈ ਪੇਸ਼ ਨਹੀਂ ਜਾਂਦੀ।

(੨) (ਇਉਂ ਹੀ ਨਿਸਚਾ ਕਰੋ ਕਿ) ਪ੍ਰਭੂ ਦੇ ਸਿਮਰਨ ਤੇ ਪ੍ਰੇਮਾ ਭਗਤੀ ਤੋਂ ਬਿਨਾਂ, ਹੋਰ ਕੋਈ (ਐਸਾ ਆਸਰਾ) ਥਾਂ ਨਹੀਂ (ਜਿਥੇ ਮਨੁੱਖ) ਠਹਿਰ ਸੱਕੇ (ਭਾਵ ਲੋਕ ਪ੍ਰਲੋਕ ਵਿਚ ਕਿਤੇ ਭੀ ਥਾਂ ਨਹੀਂ ਮਿਲ ਸਕੇਗੀ)।

ਪ੍ਰ: ਕਿਉਂ ਜੀ ! ਵੇਖਣ ਵਿਚ ਆਉਂਦਾ ਹੈ ਕਿ ਹਰ ਮਨੁੱਖ ਨੂੰ ਭਿੰਨ ਭਿੰਨ ਸੁਖ ਦੁਖ ਹਾਸਲ ਹੋ ਰਿਹਾ ਹੈ, ਇਸ ਦਾ ਕੀ ਕਾਰਣ ਹੈ ?

(੩) ਉ: ਹੇ ਭਾਈ ! (ਅਸਲ ਵਿਚ) ਪਿਛਲੇ ਜੁਗਾਂ ਦੀ ਕੀਤੀ ਕਮਾਈ ਦਾ ਫਲ (ਹੀ ਹਰ ਮਨੁੱਖ ਨੇ) ਇਸ ਜੁਗ ਵਿਚ ਪ੍ਰਾਪਤ ਕੀਤਾ ਹੈ (ਭਾਵ ਜੋ) ਮਨੁੱਖਾ ਜਨਮ ਮਿਲਿਆ ਹੈ (ਇਹ ਭੀ ਪਿਛਲੇ ਜੁਗਾਂ ਦੀ ਕਮਾਈ ਹੈ)।

(੪) ਇਸ ਲਈ (ਹੇ ਮਨੁੱਖ ! ਤੂੰ ਯਾਦ ਰੱਖ ਤੈਂ) ਮਨੁੱਖਾ ਜਨਮ ਪਾਇਆ ਹੈ, ਜੇ ਇਸ ਜੁਗ ਵਿਚ ਭਗਤੀ ਨਾ ਕੀਤੀ, ਤਾਂ ਫਿਰ ਇਹ ਗਿਆ (ਸਮਾ ਮੁੜ ਹੱਥ ਨਹੀਂ ਆਉਣਾ) ਦੋਹਾਂ ਲੋਕਾਂ ਵਿਚ ਥਾਂ ਨਹੀਂ ਮਿਲਣੀ।

ਪ੍ਰ: ਕਿਉਂ ਜੀ ! ਇਸ ਕਲਜੁਗ ਵਿਚ ਬਾਕੀ ਦੇ ਜੁਗਾਂ ਨਾਲੋਂ ਕੋਈ ਅਧਿਕਤਾ ਭੀ ਹੈ ?

(੫) ਉ: ਹੇ ਭਾਈਓ ! ਕਲਜੁਗ ਦੇ ਉਪਕਾਰ ਸੁਣੋ, ਜਿਸ ਤਰ੍ਹਾਂ ਕਿ ਅਥਰਵਣ ਵੇਦ ਭੀ ਗਾ ਕੇ ਦੱਸ ਰਿਹਾ ਹੈ (ਉਗਾਹੀ ਦੇਂਦਾ ਹੈ)।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਤੁਹਾਡਾ ਆਪਣਾ ਨਿਸਚਾ ਕੀ ਹੈ ?

(੬) ਉ: ਹੇ ਸਜਨੋ ! ਮੈਂ ਤਾਂ ਗੁਰਬਾਣੀ ਦੀ ਰੌਸ਼ਨੀ ਵਿਚ ਇਹੋ ਹੀ ਵਿਸ਼ਵਾਸ਼ ਰੱਖਦਾ ਹਾਂ ਕਿ ਇਸ ਕਲਜੁਗ ਵਿਚ ਤਾਂ ਕੇਵਲ ਭਾਉ ਭਗਤੀ ਹੀ ਪ੍ਰਵਾਣ ਹੈ, ਯੱਗ ਤੇ ਹੋਮ (ਨਹੀਂ ਜੋ) ਪਿਛਲੇ ਜੁਗਾਂ ਦੀ ਕਮਾਈ ਸੀ।

ਪ੍ਰ: ਕਿਉਂ ਜੀ ! ਇਸ ਜੁਗ ਵਿਚ ਭਗਤੀ ਕਰਦੇ ਤਾਂ ਬਹੁਤ ਨਜ਼ਰ ਆਉਂਦੇ ਹਨ, ਕੀ ਭਗਤੀ ਸਾਰਿਆਂ ਦੀ ਹੀ ਰੱਬੀ ਦਰ ਤੇ ਕਬੂਲ ਹੋ ਜਾਂਦੀ ਹੈ ?

(੭) ਉ: ਹੇ ਭਾਈ ! ਇਸ ਕਲਜੁਗ ਵਿਚ ਭਗਤੀ ਕਰਦੇ ਤਾਂ ਬਹੁਤ ਵੇਖੀਦੇ ਹਨ, ਪਰ ਜੋ ਪ੍ਰੇਮਾ ਭਗਤੀ ਕਰਕੇ ਨਿੰਮ੍ਰਤਾ ਵਿਚ ਰਹੇ ਪਰਮੇਸ਼ਰ (ਉਸਦੀ ਕਮਾਈ ਨੂੰ) ਲੇਖੇ ਪਾਉਂਦਾ ਹੈ।

(੮) (ਹੇ ਸਜਨੋ !) ਕਲਜੁਗ ਵਿਚ ਤਾਂ ਕੇਵਲ ਇਕ ਨਾਮ ਦੀ ਹੀ ਵਡਿਆਈ ਹੈ।੧੬।

***ਭਾਵਾਰਥ :*** ਭਾਈ ਸਾਹਿਬ ਜੀ, ਗੁਰਬਾਣੀ ਦੇ ਆਧਾਰਿਤ ਹੋ ਵੀਚਾਰ ਅੰਕਿਤ ਕਰਦੇ ਹਨ ਕਿ ਕਲਜੁਗ ਵਿਚ ਕਰਮ-ਕਾਂਡ ਦੀ ਰਾਈ ਸਾਰਖੀ ਭੀ ਗੱਲ ਨਹੀਂ ਚੱਲਦੀ, ਕਿਉਂਕਿ ਇਹ ਪਿਛਲੇ ਜੁਗਾਂ ਦਾ ਕਰਮ ਸੀ, ਪਰ ਹੁਣ ਤਾਂ ਕਰਮ ਹੀ ਅਧੂਰੇ ਰਹਿ ਜਾਂਦੇ ਹਨ। ਕਿਉਂਕਿ ਗੁਰਬਾਣੀ ਦਾ ਫ਼ੁਰਮਾਨ ਹੈ :

ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
*(ਪੰਨਾ ੪੬੮)*

ਗੁਰਮਤ ਦਾ ਸਿਧਾਂਤ ਇਹੋ ਹੈ ਕਿ ਪ੍ਰੇਮਾ ਭਗਤੀ ਤੇ ਨਾਮ ਦਾ ਆਸ਼੍ਰਯ ਨ ਛਡੋ, ਕਿਉਂਕਿ ਸਾਰੇ ਸਾਧਨ ਨਾਮ ਨਾਲ ਹੀ ਸੁਭਾਇਮਾਨ ਹੁੰਦੇ ਹਨ। (ਪਰ) ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥ ਪਰ ਮੁਕਤੀ ਦੀ ਪ੍ਰਾਪਤੀ ਭੀ ਤਦੇ ਹੁੰਦੀ ਹੈ। ਜਦ ਕਿ :

ਭਾਉ ਭਗਤਿ ਕਰਿ ਨੀਚੁ ਸਦਾਏ ॥
ਤਉ ਨਾਨਕ ਮੋਖੰਤਰੁ ਪਾਏ ॥ *(ਪੰਨਾ ੪੭੦)*

## ੧੭. ਜੁਗ ਬਦਲੀ ਦਾ ਪ੍ਰਭਾਵ

੧. ਜੁਗ ਗਰਦੀ ਜਬ ਹੋਵਹੇ
ਉਲਟੇ ਜੁਗ ਕਿਆ ਹੋਇ ਵਰਤਾਰਾ।
੨. ਉਠੇ ਗਿਲਾਨ ਜਗਤ ਵਿਚ
ਵਰਤੇ ਪਾਪ ਭ੍ਰਿਸ਼ਟ ਸੰਸਾਰਾ।
੩. ਵਰਨਾਵਰਨ ਨ ਭਾਵਨੀ
ਖਹਿ ਖਹਿ ਜਲਨ ਬਾਂਸ ਅੰਗਿਆਰਾ।
੪. ਨਿੰਦਯਾ ਚਲੇ ਵੇਦ ਕੀ
ਸਮਝਨ ਨਹਿ ਅਗਿਆਨ ਗੁਬਾਰਾ।
੫. ਬੇਦ ਗ੍ਰੰਥ ਗੁਰ ਹੱਟ ਹੈ
ਜਿਸ ਲਗ ਭਵਜਲ ਪਾਰ ਉਤਾਰਾ।
੬. ਸਤਿਗੁਰ ਬਾਝ ਨ ਬੁੱਝੀਐ
ਜਿੱਚਰ ਧਰੇ ਨ ਗੁਰ ਅਵਤਾਰਾ।
੭. ਗੁਰ ਪਰਮੇਸ਼ਰ ਇੱਕ ਹੈ
ਸੱਚਾ ਸ਼ਾਹ ਜਗਤ ਵਣਜਾਰਾ।
੮. ਚੜ੍ਹੇ ਸੂਰ ਮਿਟ ਜਾਇ ਅੰਧਾਰਾ ॥੧੭॥

***ਪਦ ਅਰਥ :*** ਜੁਗ ਗਰਦੀ—ਜੁਗ ਦਾ ਬਦਲਣਾ। ਗਿਲਾਨ—ਸੜ੍ਹਾਂਦ। ਗੁਰ ਹੱਟ—ਗੁਰ ਉਪਦੇਸ਼ਾਂ ਦਾ ਅਸਥਾਨ। ਭ੍ਰਿਸ਼ਟ—ਗੰਦਾ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ ! ਜੁਗ ਤਾਂ ਚਾਰ ਮੰਨੇ ਗਏ ਹਨ, ਪਰ ਜਦੋਂ ਜੁਗ ਦੀ ਬਦਲੀ ਹੁੰਦੀ ਹੈ ਤਾਂ ਕੀ ਵਰਤਾਰਾ ਹੁੰਦਾ ਹੈ ?

(੧) ਉ: ਹੇ ਭਾਈਓ! ਜਦੋਂ ਜੁਗ ਬਦਲੀ ਦਾ ਸਮਾਂ ਆਉਂਦਾ ਹੈ, ਤਾਂ ਜੁਗ ਉਲਟ ਹੋ ਜਾਂਦਾ ਹੈ।

ਪ੍ਰ: ਕਿਉਂ ਜੀ ! ਫੇਰ ਹੁੰਦਾ ਕੀ ਹੈ, ਇਹ ਭੀ ਨਿਰਣਾ ਕਰ ਦਿਉ ?

(੨) ਉ: (ਫਿਰ) ਜਗਤ ਵਿਚ ਗਿਲਾਨੀ ਫੈਲ ਜਾਂਦੀ ਹੈ (ਭਾਵ ਵੈਰ ਵਿਰੋਧ ਦਾ ਧੂੰਆਂ ਤੇ ਸੜ੍ਹਾਂਦ) ਉਠ ਖਲੋਂਦਾ ਹੈ। ਪਾਪ ਹੀ ਪਾਪ (ਧਰਮ ਤੇ ਸੱਚ ਦੇ ਉਲਟ) ਫੈਲ ਜਾਂਦਾ ਹੈ, ਜਿਸ ਨਾਲ ਸੰਸਾਰ ਭ੍ਰਿਸ਼ਟ (ਗੰਦਾ) ਹੋ ਜਾਂਦਾ ਹੈ।

ਪ੍ਰ: ਹੋਰ ਕੀ ਹੁੰਦਾ ਹੈ ?

(੩) ਉ: (ਹੋਰ ਅਜਿਹੀ ਗਿਲਾਨੀ ਫੈਲ ਜਾਂਦੀ ਹੈ ਕਿ) ਇਕ ਵਰਣ ਨੂੰ ਦੂਜਾ ਵਰਣ ਚੰਗਾ (ਹੀ) ਨਹੀਂ ਲਗਦਾ, ਤੇ ਬਾਂਸਾਂ ਦੇ ਜੰਗਲਾਂ ਵਾਂਗ ਖਹਿ ਖਹਿ ਸੜ ਮਰਦੇ ਹਨ।

(੪) (ਅਤੇ) ਪ੍ਰਭੂ ਦੇ ਸੱਚੇ ਗਿਆਨ ਦੀ ਲੋਕ ਨਿੰਦਾ ਕਰਦੇ ਹਨ ਤੇ ਅਗਿਆਨਤਾ ਦੇ ਘੁੱਪ ਹਨੇਰੇ ਕਾਰਨ ਕਿਸੇ ਨੂੰ ਕੋਈ ਕੁੱਝ ਨਹੀਂ ਜਾਣਦਾ।

(੫) ਵੇਦ ਤੇ ਗ੍ਰੰਥ ਗੁਰੂ ਦੀ ਦੁਕਾਨ ਹੈ, ਜਿਥੋਂ ਸੱਚ ਦੇ ਪ੍ਰਕਾਸ਼ ਦਾ (ਸੌਦਾ) ਉਪਦੇਸ਼ ਮਿਲਦਾ ਹੈ, ਜਿਸ ਦੇ ਸਹਾਰੇ ਭਵਜਲ ਤਰ ਸਕੀਦਾ ਹੈ।

ਪ੍ਰ: ਕਿਉਂ ਜੀ! ਵੇਦ ਕੀ ਹੈ ?

ਉ: ਉਹ ਗ੍ਰੰਥ ਜਿਸ ਵਿਚ ਗੁਰੂ ਦੇ ਉਪਦੇਸ਼ ਲਿਖੇ ਹੋਣ ਉਹੀ ਵੇਦ ਹੈ। ਕਿਉਂਕਿ ਸ਼ਿਵ ਸੰਹਿਤਾ ਵਿਚ ਲਿਖਿਆ ਹੈ ਕਿ ਪੰਡਿਤ ਜਨ ਵੇਦ ਨੂੰ ਵੇਦ ਨਹੀਂ ਕਹਿੰਦੇ, ਪਰ ਵੇਦ ਹੈ ਭੀ ਨਹੀਂ; ਪ੍ਰਭੂ ਪਰਮਾਤਮਾ ਜਿਸ ਵਿਚੋਂ ਜਾਣਿਆ ਜਾਏ ਉਹੋ ਹੀ ਗਿਆਨੀਆਂ ਨੇ ਵੇਦ ਕਿਹਾ ਹੈ।

ਪ੍ਰ: ਕਿਉਂ ਜੀ! ਇਸ ਉਲਝਣ ਨੂੰ ਕਿਵੇਂ ਸਮਝਿਆ ਜਾਵੇ ?

(੬) ਉ: (ਹੇ ਪਿਆਰੇ !) ਸੱਚੇ ਗੁਰੂ ਬਿਨਾਂ ਕੁੱਝ ਸਮਝ ਨਹੀਂ ਪੈਂਦੀ (ਕਿ ਠੀਕ ਕੀ ਹੈ), ਜਦ ਕਿ ਪ੍ਰਭੂ ਆਪ ਗੁਰੂ ਅਵਤਾਰ ਧਾਰ ਕੇ (ਇਸ ਬਿਖੜੀ ਉਲਝਣ ਨੂੰ) ਆਪ ਨਹੀਂ ਸਮਝਾਉਂਦਾ, ਸੋ ਗੁਰੂ ਲੱਭਿਆਂ ਨਹੀਂ ਮਿਲਦਾ ਪਰਮੇਸ਼ਰ ਆਪ ਹੀ ਮਿਲਾਉਂਦਾ ਹੈ।

(੭) (ਇਹ ਭੀ ਠੀਕ ਸਮਝ ਲੈਣਾ ਚਾਹੀਦਾ ਹੈ ਕਿ) ਗੁਰੂ ਪਰਮੇਸ਼ਰ ਦਾ ਰੂਪ ਇਕ ਹੀ ਹੈ। (ਤੇ ਗੁਰੂ ਹੀ ਇਕ) ਸੱਚਾ ਸ਼ਾਹ ਹੈ, (ਜਗਤ) ਵਣਜਾਰਾ ਹੈ। (ਸੱਚੇ ਉਪਦੇਸ਼ ਦਾ ਸੌਦਾ ਖ਼ਰੀਦ ਕੇ ਇਸ ਸੰਸੇ ਤੇ ਭਰਮ ਦੇ ਭਵਜਲ ਸੰਸਾਰ ਤੋਂ ਪਾਰ ਹੋਈਦਾ ਹੈ।)

(੮) ਹੇ ਭਾਈਓ ! ਗੁਰੂ ਦਾ ਮਿਲਣਾ ਇਉਂ ਹੀ ਜਾਣੋ ਕਿ ਜਿਵੇਂ ਸੂਰਜ ਦੇ ਚੜ੍ਹਨ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਇਵੇਂ ਹੀ ਗੁਰੂ ਦੇ ਮਿਲਿਆਂ ਅਗਿਆਨ ਦਾ ਹਨੇਰਾ ਨਾਸ ਹੋ ਜਾਂਦਾ ਹੈ।੧੭।

***ਭਾਵਾਰਥ :*** ਜਦੋਂ ਜੁਗ ਬਦਲਦਾ ਹੈ ਤਾਂ ਸਭ ਪਾਸੇ ਪਾਪ ਫੈਲ ਜਾਂਦਾ ਹੈ, ਕੋਈ ਧਰਮ ਦੂਜੇ ਨੂੰ ਚੰਗਾ ਨਹੀਂ ਲਗਦਾ, ਅਗਿਆਨਤਾ ਦੇ ਹਨੇਰੇ ਕਾਰਨ ਕਿਸੇ ਨੂੰ ਕੁਝ ਨਹੀਂ ਸੁਝਦਾ। ਸੱਚੇ ਗੁਰੂ ਦੇ ਉਪਦੇਸ਼ ਨਾਲ ਹੀ ਸੰਸਾਰ ਤੋਂ ਪਾਰ ਹੋ ਸਕੀਦਾ ਹੈ।

## ੧੮. ਕਲਿਜੁਗ ਬੇ-ਸਮਝੀ ਦਾ ਸਾਗਰ ਹੈ

੧. ਕਲਿਜੁਗ ਬੋਧ ਅਵਤਾਰ ਹੈ
ਬੋਧ ਅਬੋਧ ਨ ਦ੍ਰਿਸ਼ਟੀ ਆਵੈ।
੨. ਕੋਇ ਨ ਕਿਸੈ ਵਰਜਈ
ਸੋਈ ਕਰੈ ਜੋਈ ਮਨ ਭਾਵੈ।
੩. ਕਿਸੇ ਪੁਜਾਈ ਸਿਲਾ ਸੁੰਨ
ਕੋਈ ਗੋਰੀ ਮੜ੍ਹੀ ਪੁਜਾਵੈ।
੪. ਤੰਤ੍ਰ ਮੰਤ੍ਰ ਪਾਖੰਡ ਕਰ
ਕਲਹ ਕ੍ਰੋਧ ਬਹੁ ਵਾਦ ਵਧਾਵੈ।
੫. ਆਪੋ ਧਾਪੀ ਹੋਇ ਕੈ
ਨਿਆਰੇ ਨਿਆਰੇ ਧਰਮ ਚਲਾਵੈ।
੬. ਕੋਈ ਪੂਜੈ ਚੰਦ ਸੂਰ
ਕੋਈ ਧਰਤ ਅਕਾਸ ਮਨਾਵੈ।
੭. ਪਉਣ ਪਾਣੀ ਬੈਸੰਤਰੋ
ਧਰਮਰਾਜ ਕੋਈ ਤ੍ਰਿਪਤਾਵੈ।
੮. ਫੋਕਟ ਧਰਮੀ ਭਰਮ ਭੁਲਾਵੈ ॥੧੮॥

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਉ! ਕਲਜੁਗ ਵਿਚ ਬੋਧ ਅਵਤਾਰ ਦਾ ਆਗਮਨ ਹੋਇਆ ਮੰਨਿਆ ਜਾਂਦਾ ਹੈ ਪਰ ਉਸਦਾ ਲੋਕਾਂ ਤੇ ਕਿਹੋ ਜਿਹਾ ਪ੍ਰਭਾਵ ਪਿਆ ?

(੧) **ਉ:** (ਇਹ ਠੀਕ ਹੈ ਕਿ) ਕਲਜੁਗ ਵਿਚ ਬੋਧ ਅਵਤਾਰ ਹੋਇਆ ਪਰ, ਗਿਆਨ ਅਗਿਆਨ (ਤੋਂ ਨਿਰਣਾ ਹੋਇਆ ਕਿਤੇ ਭੀ) ਨਹੀਂ ਦਿਸਦਾ, ਭਾਵ, ਬਹੁ-ਗਿਣਤੀ ਗਿਆਨ ਤੋਂ ਹੀਣਿਆਂ ਲੋਕਾਂ ਦੀ ਹੈ, ਜਿਨ੍ਹਾਂ ਨੂੰ ਚੰਗੇ ਮੰਦੇ ਦੀ ਪਛਾਣ ਹੀ ਕੋਈ ਨਹੀਂ।

ਪ੍ਰ: ਕਿਉਂ ਜੀ! ਕੀ ਇਸ ਬਾਰੇ ਕੋਈ ਮਿਸਾਲ ਦਿਓਗੇ ?

(੨) **ਉ:** (ਇਉਂ ਹੀ ਸਮਝੋ ਕਿ) ਕੋਈ ਕਿਸੇ ਨੂੰ (ਬੁਰੇ ਜਾਂ ਵੈਰ ਵਿਰੋਧ ਵਾਲੇ ਕੰਮ ਕਰਨ ਤੋਂ) ਰੋਕਦਾ ਨਹੀਂ ਜੋ ਕਿਸੇ ਦੇ ਮਨ ਨੂੰ ਚੰਗਾ ਲੱਗੇ ਉਹੀਓ ਕਰਦਾ ਹੈ।

(੩) (ਜਿਵੇਂ) ਕੋਈ ਤਾਂ ਜੜ੍ਹ, ਪੱਥਰ ਦੀ ਪੂਜਾ ਕਰਦਾ ਹੈ, ਕੋਈ ਮੜ੍ਹੀਆਂ ਦੀ ਪੂਜਾ ਕਰੀ ਜਾ ਰਿਹਾ ਹੈ (ਜਿਵੇਂ— ਬੁੱਧ ਜੀ ਦੀਆਂ ਮੂਰਤਾਂ, ਦੰਦ, ਮੱਠ ਆਦਿ ਪੂਜੇ ਜਾਂਦੇ ਹਨ)।

(੪) (ਕੋਈ) ਤੰਤ੍ਰਾਂ-ਮੰਤ੍ਰਾਂ (ਟੂਣੇ ਆਦਿਕਾਂ) ਦੇ ਪਾਖੰਡ ਕਰਦਾ ਹੈ (ਇਸ ਤਰ੍ਹਾਂ) ਕਲੇਸ਼ (ਕਲ੍ਹਾ) ਤੇ ਕੋਈ ਵੈਰ ਵਿਰੋਧ ਦੇ ਝਗੜਿਆਂ ਨੂੰ ਵਧਾ ਰਿਹਾ ਹੈ।

(੫) ਆਪੋ ਧਾਪੀ ਵਿਚ ਲੱਗ ਕੇ ਸਭ ਵੱਖ-ਵੱਖ ਕਰਮਾਂ ਧਰਮਾਂ ਨੂੰ ਚਲਾ ਰਹੇ ਹਨ।

(੬) ਕੋਈ ਚੰਦ੍ਰਮਾ ਨੂੰ ਪੂਜਦਾ ਹੈ, ਕੋਈ ਸੂਰਜ ਨੂੰ, ਕੋਈ ਧਰਤੀ ਤੇ ਆਕਾਸ਼ ਦੀ ਹੀ ਮਾਨਤਾ (ਪੂਜਾ) ਕਰੀ ਜਾ ਰਿਹਾ ਹੈ, (ਜੋ ਕੁੱਝ ਹੈ, ਸਭ ਇਹੋ ਹੈ ਹੋਰ ਕੁੱਝ ਨਹੀਂ)।

(੭) ਕੋਈ ਹਵਾ, ਕੋਈ ਪਾਣੀ, ਕੋਈ ਅੱਗ ਤੇ ਕੋਈ ਧਰਮਰਾਜ ਦੀ ਪੂਜਾ ਕਰ ਉਸਨੂੰ ਰੀਝਾਉਣ ਦੇ ਜਤਨਾਂ ਵਿਚ ਲੱਗਾ ਹੋਇਆ ਹੈ।

ਪ੍ਰ: ਇਹ ਕੁੱਝ ਤੱਕ ਕੇ ਤੁਸੀਂ ਕੀ ਅਨੁਭਵ ਕਰਦੇ ਹੋ ?

(੮) **ਉ:** ਮੈਂ ਤਾਂ ਗੁਰਮਤਿ ਦੇ ਉਜਾਲੇ ਵਿਚ ਇਉਂ ਹੀ ਤੱਕਦਾ ਹਾਂ ਕਿ ਕਲਜੁਗ ਵਿਚ ਆਪੋ ਧਾਪੀ ਪਈ ਹੋਈ ਹੈ, ਇਸ ਲਈ ਇਹ ਸਭ ਫੋਕੇ ਤੇ ਨਿਕੰਮੇ ਧਰਮਾਂ ਦੇ ਭਰਮਾਂ ਵਿਚ ਭੁੱਲੇ ਪਏ ਹਨ (ਅਸਲੀਅਤ ਤੋਂ ਬਹੁਤ ਦੂਰ ਹਨੇਰੇ ਵਿਚ ਟੱਕਰਾਂ ਮਾਰ ਰਹੇ ਹਨ)।੧੮।

***ਭਾਵਾਰਥ :*** ਉਪ੍ਰੋਕਤ ਪਉੜੀ ਵਿਚ ਬੋਧ ਤੇ ਬੁੱਧ ਪ੍ਰਸਤ 'ਮਨ ਮੱਤੀ' ਮੱਤਾਂ ਬਾਬਤ ਵੀਚਾਰ ਅੰਕਿਤ ਕਰਦੇ ਹਨ ਕਿ ਇਹ ਲੋਕ ਇਕ ਵਾਹਿਗੁਰੂ ਨੂੰ ਨਹੀਂ ਮੰਨਦੇ, ਇਸ ਕਰਕੇ ਬੋਧ ਕਾਹਦਾ ? ਉਹ ਤਾਂ ਅਬੋਧ ਹੀ ਹੋਇਆ। ਫੇਰ ਜੋ ਪੱਥਰ ਪੂਜਾ ਦੇ ਐਬ ਹਨ ਇਹ ਸਾਰੇ ਬੋਧੀ ਕਰਦੇ ਹਨ। ਹੋਰ ਜੋ ਮੱਤ ਸੂਰਜ ਆਦਿ ਪੂਜਣ ਵਾਲੇ ਹਨ ਇਹ ਸਭ ਫ਼ੋਕਟ ਧਰਮੀ ਹਨ। ਇਨ੍ਹਾਂ ਉਪ੍ਰੋਕਤ ਸੱਤਰਾਂ ਵਿਚ ਗਿਲਾਨੀ ਦਾ ਰੂਪ ਦਿਖਾ ਰਹੇ ਹਨ। ਪਹਿਲੋਂ ਉਹ ਮੱਤ ਦੱਸੇ ਹਨ ਜੋ ਵਾਹਿਗੁਰੂ ਵੱਲੋਂ ਨਾਸਤਕ ਜਾਂ ਜੜ੍ਹ ਪੂਜਕ ਹਨ। ਹੁਣ ਅੱਗੇ ਹੋਰਨਾਂ ਮੱਤਾਂ ਦਾ ਕਥਨ ਕਰਦੇ ਹਨ।

## ੧੯. ਚਲ ਰਹੇ ਭੇਖਾਂ ਦਾ ਵਰਣਨ

੧. ਭਈ ਗਿਲਾਨ ਜਗਤ ਵਿਚ
ਚਾਰ ਵਰਨ ਆਸ੍ਰਮ ਉਪਾਏ।
੨. ਦਸ ਨਾਮ ਸੰਨਿਆਸੀਆਂ
ਜੋਗੀ ਬਾਰਹ ਪੰਥ ਚਲਾਏ।
੩. ਜੰਗਮ ਅਤੇ ਸਰੇਵੜੇ
ਦਗੇ ਦਿਗੰਬਰ ਵਾਦ ਕਰਾਏ।
੪. ਬ੍ਰਹਮਣ ਬਹੁ ਪਰਕਾਰ ਕਰ
ਸ਼ਾਸਤ੍ਰ ਵੇਦ ਪੁਰਾਣ ਲੜਾਏ।
੫. ਖਟ ਦਰਸ਼ਨ ਬਹੁ ਵੈਰ ਕਰ
ਨਾਲ ਛਤੀਸ ਪਖੰਡ ਚਲਾਏ।
੬. ਤੰਤ ਮੰਤ ਰਸਾਇਣਾ
ਕਰਾਮਾਤ ਕਾਲਖ ਲਪਟਾਏ।
੭. ਏਕਸ ਤੇ ਬਹੁ ਰੂਪ ਕਰ
ਰੂਪ ਕਰੂਪੀ ਘਣੇ ਦਿਖਾਏ।
੮. ਕਲਿਜੁਗ ਅੰਦਰ ਭਰਮ ਭੁਲਾਏ ॥੧੯॥

***ਪਦ ਅਰਥ :*** ਗਿਲਾਨ—ਇਕ ਦੂਜੇ ਤੋਂ ਨਫ਼ਰਤ। ਦਿਗੰਬਰ—ਜੈਨੀ। ਤੰਤ ਮੰਤ—ਧਾਗੇ, ਤਵੀਤ।

***ਅਰਥ :***

(੧) ਜਗਤ ਵਿਚ ਵੱਡੀ ਗਿਲਾਨੀ (ਵੈਰ ਵਿਰੋਧ ਤੇ ਭੇਖਾਂ ਦੀ ਬਹੁ-ਗਿਣਤੀ) ਉਠ ਪਈ, ਚਾਰ ਵਰਨ (ਖੱਤ੍ਰੀ, ਬ੍ਰਾਹਮਣ, ਵੈਸ਼ ਤੇ ਸੂਦਰ) ਚਾਰ ਆਸ੍ਰਮ (ਬ੍ਰਹਮਚਾਰੀ, ਗ੍ਰਿਹਸਤੀ, ਬਾਨਪ੍ਰਸਤੀ ਤੇ ਸੰਨਿਆਸੀ) ਪੈਦਾ ਹੋ ਗਏ।
ਪ੍ਰ: ਕਿਉ ਜੀ! ਇਹਨਾਂ ਨੇ ਫਿਰ ਕੀ ਵਰਤਾਰਾ ਕੀਤਾ ?
(੨) ਉ: ਸੰਨਿਆਸੀਆਂ ਨੇ ੧੦ ਤੇ ਜੋਗੀਆਂ ਨੇ ਆਪਣੇ ੧੨ ਪੰਥ ਕਾਇਮ ਕਰ ਲਏ।
(੩) ਜੰਗਮਾਂ (ਨਾਂਗਿਆਂ) ਸਰੇਵੜੇ ਤੇ ਜੈਨੀਆਂ ਨੇ ਝਗੜੇ ਖੜੇ ਕਰ ਦਿਤੇ।
(੪) ਬ੍ਰਾਹਮਣਾਂ ਨੇ ਵੇਦਾਂ ਤੇ ਪੁਰਾਣਾਂ ਦੇ ਵੱਖੋ ਵੱਖਰੇ ਸਿਧਾਂਤਾਂ ਦੀ (ਬਹਿਸ ਤੇ ਚਰਚਾ) ਸ਼ੁਰੂ ਕਰ ਦਿਤੀ। ਸਾਰ ਵਸਤੂ ਤੋਂ ਸਭੇ ਥਿੜਕ ਗਏ।
(੫) ਫਿਰ ਛੇ ਸ਼ਾਸਤ੍ਰਾਂ ਦੇ ਵੱਖੋ ਵੱਖਰੇ ਗਿਆਨਾਂ ਵਿਚ ਟਾਕਰਾ ਹੋ ਗਿਆ, ਜਿਨ੍ਹਾਂ ਵਿਚ ਬ੍ਰਾਹਮਣਾਂ ਨੇ ਆਪਣੇ ਕੋਲੋਂ ਛੱਤੀ ਪ੍ਰਕਾਰ ਦੇ ਪਖੰਡ ਰਲਾ ਦਿਤੇ।
(੬) ਤਵੀਤ, ਧਾਗੇ ਤੇ ਮੰਤ੍ਰਾਂ ਰੂਪ ਦਵਾਈਆਂ ਤੇ ਕਰਾਮਾਤ ਦੀ ਕਾਲਖ ਨੇ ਇਹਨਾਂ ਸਭ ਨੂੰ ਲਿਬੇੜ ਕੇ ਰੱਖ ਦਿੱਤਾ।
(੭) ਇਕ ਰੂਪ (ਭਾਵ ਇਕੋ ਹੀ ਕਥਨ) ਦੇ ਕਈ ਕਈ ਭਾਵ ਤੇ ਭੇਖ, ਭਲੇ-ਬੁਰੇ ਦੇ ਰੂਪ ਵਿਚ ਕਥਨ ਕਰ ਦਿਤੇ (ਸਾਂਗ,ਨਕਲ ਕਰਨ ਦਾ ਰਿਵਾਜ ਚਲਾ ਦਿੱਤਾ, ਕਈ ਰਾਸਧਾਰੀਏ ਬਣ ਗਏ) ਸੋ ਇਉਂ :
(੮) ਕਲਜੁਗ ਵਿਚ ਸਭ ਲੋਕ ਭਰਮ-ਭੁਲੇਖਿਆਂ ਦੇ ਚੱਕਰ ਵਿਚ ਪੈ ਗਏ।੧੯।

***ਭਾਵਾਰਥ :*** ਸੰਸਾਰ ਵਿਚ ਵੈਰ-ਵਿਰੋਧ ਵਧ ਗਿਆ, ਸਭ ਧਰਮਾਂ ਨੇ ਇਕ-ਦੂਜੇ ਨਾਲ ਝਗੜੇ ਖੜੇ ਕਰ ਦਿੱਤੇ। ਬ੍ਰਾਹਮਣਾਂ ਨੇ ਵੇਦਾਂ, ਪੁਰਾਣਾ ਤੇ ਸ਼ਾਸਤ੍ਰਾਂ ਦੇ ਵੱਖੋ ਵੱਖਰੇ ਅਰਥ ਕਰਕੇ ਉਹਨਾਂ ਵਿਚ ਪਖੰਡ ਰਲਾ ਦਿਤਾ। ਧਾਗੇ, ਤਵੀਤ, ਮੰਤ੍ਰਾਂ ਤੇ ਦਵਾਈਆਂ ਦੀ ਕਰਾਮਾਤ ਦੀ ਕਾਲਖ ਨਾਲ ਲੋਕ ਭਰਮ ਦੇ ਚੱਕਰਾਂ ਵਿਚ ਪੈ ਗਏ।

## ੨੦. ਮੁਸਲਮਾਨੀ ਮੱਤ

੧. ਬਹੁ ਵਾਟੀਂ ਜੱਗ ਚਲੀਆਂ
ਜਬ ਹੀ ਭਏ ਮੁਹੰਮਦ ਯਾਰਾ।
੨. ਕੌਮ ਬਹੱਤਰ ਸੰਗ ਕਰ
ਬਹੁ ਬਿਧਿ ਵੈਰ ਵਿਰੋਧ ਪਸਾਰਾ।
੩. ਰੋਜੇ ਈਦ ਨਿਮਾਜ ਕਰ
ਕਰਮੀ ਬੰਦ ਕੀਆ ਸੰਸਾਰਾ।
੪. ਪੀਰ ਪਕੰਬਰ ਔਲੀਏ
ਗਊਸ ਕੁਤਬ ਬਹੁ ਭੇਖ ਸਵਾਰਾ।
੫. ਠਾਕੁਰ ਦੁਆਰੇ ਢਾਹਿ ਕੈ
ਤਿਹ ਠਉੜੀ ਮਸੀਤ ਉਸਾਰਾ।
੬. ਮਾਰਨ ਗਊ ਗਰੀਬ ਨੂੰ
ਧਰਤੀ ਉਪਰ ਪਾਪ ਬਿਥਾਰਾ।

੭. ਕਾਫਰ ਮੁਲਹਦ ਇਰਮਨੀ
ਰੂੰਮੀ ਜੰਗੀ ਦੁਸ਼ਮਨ ਦਾਰਾ।
੮. ਪਾਪੇ ਦਾ ਵਰਤਿਆ ਵਰਤਾਰਾ॥੨੦॥

***ਪਦ ਅਰਥ :*** ਬਹੁ ਵਾਟੀਂ—ਬਹੁਤੇ ਰਾਹ (ਭੇਖ)। ਤਿਹ ਠਉੜੀ—ਤਿਨ੍ਹਾਂ ਦੀ ਥਾਂ। ਮੁਲਹਦ—ਬੇਈਮਾਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਹਜ਼ਰਤ ਮੁਹੰਮਦ ਸਾਹਿਬ ਦਾ ਪਹਿਰਾ ਸੀ, ਕੀ ਉਸ ਸਮੇਂ ਦੀ ਜਾਣਕਾਰੀ ਦਿਓਗੇ ਕਿ ਲੋਕਾਂ ਵਿਚ ਕੀ ਵਰਤਾਰਾ ਵਰਤ ਰਿਹਾ ਸੀ?

(੧) ਉ: ਹੇ ਭਾਈਓ! ਉਸ ਸਮੇਂ ਦੀਆਂ ਸੀਨੇ-ਬ-ਸੀਨੇ ਚੱਲੀਆਂ ਆ ਰਹੀਆਂ ਰਿਵਾਇਤਾਂ ਤੋਂ ਸੋਝੀ ਮਿਲਦੀ ਹੈ ਕਿ ਜਦੋਂ ਹਜ਼ਰਤ ਮੁਹੰਮਦ ਸਾਹਿਬ ਤੇ ਉਸਦੇ ਚਾਰ ਯਾਰ (ਅਬੂਬਕਰ ਸਦੀਕ, ਉਮਰ ਫ਼ਰੂਕ, ਉਸਮਾਨ ਗਨੀ, ਹਜ਼ਰਤ ਅਲੀ) ਹੋਏ, ਤਦੋਂ (ਮੁਸਲਮਾਨੀ ਮਜ਼ਹਬ ਦੇ) ਅਨੇਕਾਂ ਰਾਹ ਚੱਲ ਪਏ, ਭਾਵ ਕਈ (ਵਾਟਾਂ) ਸ਼ਾਖਾਂ ਟੁਰ ਪਈਆਂ।

ਪ੍ਰ: ਕਿਉਂ ਜੀ! ਉਨ੍ਹਾਂ ਭਿੰਨ-ਭਿੰਨ ਮਾਰਗਾਂ ਦਾ ਕੋਈ ਅੰਦਾਜ਼ਾ ਭੀ ਆਉਂਦਾ ਹੈ?

(੨) ਉ: (ਸੁਣਨ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ) ਬਹੱਤਰ ਫ਼ਿਰਕਿਆਂ ਵਿਚ ਕੌਮਾਂ ਦੀ ਵੰਡ ਹੋ ਗਈ ਤੇ ਕਈ ਤਰ੍ਹਾਂ ਦਾ ਵੈਰ-ਵਿਰੋਧ ਵਧਾ ਦਿੱਤਾ।

(੩) (ਇਥੇ ਹੀ ਬੱਸ ਨਹੀਂ ਤੀਹ) ਰੋਜ਼ਿਆਂ ਮਗਰੋਂ ਈਦ ਤੇ (ਪੰਜ) ਨਿਮਾਜ਼ਾਂ ਥਾਪ ਕੇ ਇਨ੍ਹਾਂ ਕਰਮ-ਕਾਂਡਾਂ ਵਿਚ ਸੰਸਾਰ ਨੂੰ ਕੈਦ ਕਰ ਦਿੱਤਾ।

(੪) (ਅਤੇ ਹੋਰ ਸੁਣੋ) ਪੀਰ, ਪੈਗ਼ੰਬਰ, ਅਉਲੀਏ, ਗਉਸ ਤੇ ਕੁਤਬ ਆਦਿ ਭੇਖਾਂ ਵਿਚ ਸਾਰੀ ਮੁਸਲਮਾਨੀ ਕੌਮ ਨੂੰ ਵੰਡ ਦਿੱਤਾ (ਅਰਥਾਤ ਅਭਿਮਾਨ ਵੱਧ ਗਿਆ)।

(੫) (ਅਭਿਮਾਨ ਵੀ ਏਨਾ ਵੱਧ ਗਿਆ ਕਿ ਹਿੰਦੂਆਂ ਦੇ) ਠਾਕਰ-ਦਵਾਰੇ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਉਸਾਰ ਦਿੱਤੀਆਂ ਗਈਆਂ, (ਏਨਾ ਜ਼ੋਰ ਜਬਰ ਇਨ੍ਹਾਂ ਵੱਲੋਂ ਕੀਤਾ ਜਾਣ ਲੱਗਾ)।

(੬) ਗਊ ਅਤੇ ਗ਼ਰੀਬ ਨੂੰ (ਨਿਰਦਈਆਂ ਵਾਂਗ, ਸ਼ਰ੍ਹਾ ਦਾ ਕਲਮਾ ਪੜ੍ਹਕੇ) ਕੋਹਣ ਲੱਗ ਪਏ, ਇਉਂ ਧਰਤੀ ਤੇ ਭਾਰਾ ਪਾਪ ਹੋਣ ਲੱਗ ਪਿਆ। (ਅਰਥਾਤ ਅਕ੍ਰਿਤਘਣ ਹੋ ਗਏ, ਉਪਕਾਰੀ ਤੇ ਗ਼ਰੀਬ ਜੰਤੂ ਦੇ ਘਾਤਕ ਹੋ ਗਏ)।

(੭) ਕਾਫ਼ਰ ਤੇ ਬੇਈਮਾਨ (ਦੋ ਸ਼ਬਦ ਵਿਰੋਧੀਆਂ ਲਈ ਘੜ ਲਏ ਗਏ)। ਰੂਮੀ ਤੇ ਆਰਮੀਨੀ (ਦੇਸ਼ ਭਾਸ਼ਾ ਕਰ ਦਿੱਤੀ) ਤੇ ਇਸਤ੍ਰੀ ਜਾਤੀ ਦੇ ਦੁਸ਼ਮਨ ਬਣ ਗਏ (ਔਰਤਾਂ ਦੀ ਬੇਪਤੀ ਆਮ ਹੋਣ ਲੱਗ ਪਈ, ਜਿਧਰ ਕਿਧਰ ਇਸਤ੍ਰੀਆਂ ਕੇਵਲ ਕਾਮ ਵਾਸ਼ਨਾ ਦੇ ਜ਼ੁਲਮ ਦਾ ਹੀ ਸ਼ਿਕਾਰ ਹੋਣ ਲਗੀਆਂ)।

(੮) ਇਉਂ ਪਾਪ ਦਾ ਪਸਾਰਾ ਪਸਰ ਗਿਆ।੨੦।

***ਭਾਵਾਰਥ :*** ਇਸ ਉਪ੍ਰੋਕਤ ਪਉੜੀ ਵਿਚ ਭਾਈ ਸਾਹਿਬ ਜੀ ਮੁਸਲਮਾਨ ਲੋਕਾਂ ਦੇ ਗਿਰਾਵਟ ਦਾ ਨਕਸ਼ਾ ਦਰਸਾ ਰਹੇ ਹਨ ਅਤੇ ਸਾਬਤ ਕਰਦੇ ਹਨ ਕਿ ਇਨ੍ਹਾਂ ਲੋਕਾਂ ਵੱਲੋਂ ਭੀ ਸੰਸਾਰ ਤੇ ਗਿਲਾਨੀ ਹੀ ਫੈਲਾਈ ਗਈ।

## *੨੧. ਹਿੰਦੂ-ਮੁਸਲਮਾਨਾਂ ਦਾ ਪ੍ਰਸਪਰ ਟਾਕਰਾ*

੧. ਚਾਰ ਵਰਨ ਚਾਰ ਮਜ਼ਹਬਾ
ਜਗ ਵਿਚ ਹਿੰਦੂ ਮੁਸਲਮਾਣੇ।
੨. ਖ਼ੁਦੀ ਬਖੀਲ ਤਕੱਬਰੀ
ਖਿਚੋਤਾਣ ਕਰੇਨਿ ਧਿਙਾਣੇ।
੩. ਗੰਗ ਬਨਾਰਸ ਹਿੰਦੂਆਂ
ਮੱਕਾ ਕਾਬਾ ਮੁਸਲਮਾਣੇ।
੪. ਸੁੰਨਤ ਮੁਸਲਮਾਨ ਦੀ
ਤਿਲਕ ਜੰਞੂ ਹਿੰਦੂ ਲੋਭਾਣੇ।
੫. ਰਾਮ ਰਹੀਮ ਕਹਾਇੰਦੇ
ਇਕ ਨਾਮ ਦੁਇ ਰਾਹ ਭੁਲਾਣੇ।
੬. ਬੇਦ ਕਤੇਬ ਭੁਲਾਇ ਕੈ
ਮੋਹੇ ਲਾਲਚ ਦੁਨੀ ਸ਼ੈਤਾਣੇ।
੭. ਸੱਚ ਕਿਨਾਰੇ ਰਹਿ ਗਇਆ
ਖਹਿ ਮਰਦੇ ਬਾਹਮਣ ਮਉਲਾਣੇ।
੮. ਸਿਰੋਂ ਨ ਮਿਟੈ ਆਵਣ ਜਾਣੇ॥੨੧॥

***ਪਦ ਅਰਥ :*** ਖ਼ੁਦੀ—ਹੰਕਾਰ। ਖਿਚੋਤਾਣ—ਆਪਣੇ

ਪਾਸੇ ਦੀ ਖਿੱਚਾ-ਖਿੱਚੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਉਸ ਵੇਲੇ ਹਿੰਦੂ ਤੇ ਮੁਸਲਮਾਨਾਂ ਦਾ ਆਪੋ ਵਿਚ ਵੈਰ ਵਿਰੋਧ ਵਧੇਰੇ ਵੱਧ ਜਾਣ ਦਾ ਅਸਲ ਕਾਰਨ ਕੀ ਸੀ ?

(੧) ਉ: ਹੇ ਭਾਈ! ਪੜਚੋਲ ਕਰਨ ਤੋਂ ਇਉਂ ਹੀ ਜਾਣਕਾਰੀ ਮਿਲਦੀ ਹੈ, ਕਿਉਂਕਿ ਉਸ ਵੇਲੇ ਚਾਰ ਵਰਨ ਹਿੰਦੂਆਂ ਦੇ ਤੇ ਚਾਰ ਮਜ਼ਹਬ ਮੁਸਲਮਾਨਾਂ ਦੇ ਸੰਸਾਰ ਵਿਚ ਸਨ।

(੨) (ਬੱਸ, ਇਹੋ ਹੀ ਇਕ ਕਾਰਨ ਸੀ ਜਿਸ ਕਰਕੇ ਇਹ ਸੱਭੇ) ਖ਼ੁਦੀ, ਬਖ਼ੀਲੀ (ਹੰਕਾਰ ਤੇ ਈਰਖਾ) ਤੇ ਖਿੱਚਾ ਖਿੱਚੀ ਅਰ ਧੱਕੇ ਸ਼ਾਹੀ ਕਰਨ ਲਗ ਪਏ।

(੩) ਹਿੰਦੂਆਂ ਗੰਗਾ ਤੇ ਕਾਸ਼ੀ (ਮਿਥ ਲਈ) ਤੇ ਮੱਕਾ ਕਾਬਾ ਮੁਸਲਮਾਨਾਂ (ਪੂਜਾ ਦਾ ਥਾਂ ਮੰਨ ਲਿਆ)।

(੪) ਮੁਸਲਮਾਨਾਂ ਦੀ ਸੁੰਨਤ (ਨਿਸ਼ਾਨੀ ਠਹਿਰੀ) ਤੇ ਤਿਲਕ ਜੰਞੂ ਵਿਖੇ ਹਿੰਦੂ ਲੋਕ ਪ੍ਰੀਤ ਕਰਨ ਲੱਗੇ।

(੫) ਰਾਮ ਤੇ ਰਹੀਮ, ਇਹ ਨਾਮ ਤਾਂ ਇੱਕੋ (ਪ੍ਰਭੂ ਦਾ) ਹੀ ਸੀ, (ਪਰ ਇਨ੍ਹਾਂ ਦੋਹਾਂ ਨੇ) ਦੋ ਰਸਤੇ ਚਲਾ ਦਿੱਤੇ (ਤੇ ਭੁੱਲ ਵਿਚ ਪੈ ਕੇ ਇਨ੍ਹਾਂ ਨੇ) ਦੋ ਰਸਤੇ ਚਲਾ ਦਿੱਤੇ (ਜੋ ਭਰਮ ਤੇ ਭੁੱਲ ਵਾਲੇ ਬਣ ਗਏ। ਵਿਰੋਧ ਤੇ ਈਰਖਾ ਨੇ ਦੋਹਾਂ ਨੂੰ ਗ਼ਲਤ ਕਰ ਦਿੱਤਾ)।

(੬) ਪਰ ਜਦੋਂ ਵੀਚਾਰ ਦੀਆਂ ਨਜ਼ਰਾਂ ਨਾਲ ਤੱਕੀਏ ਤਾਂ ਦੋਵੇਂ ਜਣੇ ਵੇਦਾਂ ਤੇ ਕਤੇਬਾਂ ਦੀ (ਸੱਚੀ ਸਿਖਿਆ ਭੁਲਾ ਕੇ, ਵੈਰ ਵਿਰੋਧ ਦੀ) ਸ਼ੈਤਾਨੀ ਦੁਨੀਆ ਦੇ ਲਾਲਚ ਵਿਚ ਫਸ ਗਏ।

(੭) ਪਰ ਸੱਚ (ਦੋਹਾਂ ਨਾਲੋਂ) ਇਕ ਪਾਸੇ ਰਹਿ ਗਿਆ, ਤੇ ਬ੍ਰਾਹਮਣ ਮੁਲਾਣੇ (ਚਰਚਾ ਤੇ ਬਹਿਸਾਂ ਕਰਦੇ) ਖਹਿ ਖਹਿ ਕੇ ਮਰਨ ਮਾਰਨ ਤੱਕ ਜਾਣ ਲੱਗੇ।

(੮) (ਧਰਮ ਤਾਂ ਸੀ ਚੌਰਾਸੀ ਦੇ ਗੇੜ ਤੋਂ ਬਚ ਜਾਣ ਲਈ, ਪਰ) ਇਨ੍ਹਾਂ ਦੇ ਸਿਰੋਂ ਚੌਰਾਸੀ ਦਾ ਚੱਕਰ ਕਿਸੇ ਹਾਲਤ ਵਿਚ ਵੀ ਮਿਟ ਨ ਸੱਕਿਆ।੨੧।

*ਭਾਵਾਰਥ :* ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਹਿੰਦੂ ਮੁਸਲਮਾਨਾਂ ਦਾ ਭੇਦ ਵਾਦ-ਵਿਵਾਦ ਵਿਚ ਫਸ ਜਾਣਾ ਤੇ ਸੱਚ ਨੂੰ ਹੱਥੋਂ ਗੁਆ ਬੈਠਣਾ ਦਰਸਾਇਆ ਹੈ। ਭਾਵ ਇਹ ਕਿ ਪ੍ਰੇਮਾ ਭਗਤੀ ਨਹੀਂ ਰਹੀ, ਕੇਵਲ ਵਾਦ-ਵਿਵਾਦ ਤੇ ਪਾਖੰਡ ਹੀ ਰਹਿ ਗਏ ਹਨ, ਇਹ ਹਿੰਦੂ ਮੁਸਲਮਾਨਾਂ ਦੇ ਪਰਸਪਰ ਸਲੂਕ ਦਾ ਰੂਪ ਦੱਸ ਕੇ ਸੰਸਾਰ ਦੀ ਗਿਲਾਨੀ ਪ੍ਰਗਟ ਕੀਤੀ ਹੈ ਕਿ ਇਸ ਤਰ੍ਹਾਂ ਦੋਵੇਂ ਧਿਰਾਂ ਵਿਤੰਡਾਵਾਦੀ ਤੇ ਵਿਖਾਵੇ ਦੇ ਚੱਕਰ ਵਿਚ ਚੱਕਰਾ ਗਈਆਂ ਹਨ। ਕਿਉਂਕਿ ਗੁਰਮਤਿ ਤਾਂ ਇਹੋ ਹੈ:

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥
*(ਪੰਨਾ ੪੬੭)*

ਭਾਵ ਹੈ ਕਿ ਰੱਬੀ ਦਰਬਾਰ ਵਿਚ ਤਾਂ ਕੇਵਲ ਇੱਕੋ ਏਕਤਾ ਵਾਲੀ ਗੱਲ ਪ੍ਰਵਾਨ ਹੈ, ਹੋਰ ਤਾਂ ਹਉਮੈਂ ਵਿਚ ਝੱਖਾਂ ਦਾ ਹੀ ਮਾਰਨਾ ਹੈ, ਯਾ ਇਉਂ ਕਹੋ ਕਿ ਕੁੱਕੜਾਂ ਵਾਂਗ ਖਹਿ ਖਹਿ ਕੇ ਹੀ ਮਰਨਾ ਹੈ।

## ੨੨. ਧਰਮ ਤੇ ਧਰਤੀ ਦੀ ਪੁਕਾਰ

੧. ਚਾਰੇ ਜਾਗੇ ਚਹੁ ਜੁਗੀ
ਪੰਚਾਇਣ ਪ੍ਰਭੁ ਆਪੇ ਹੋਆ।
੨. ਆਪੇ ਪੱਟੀ ਕਲਮ ਆਪ
ਆਪੇ ਲਿਖਣਹਾਰਾ ਹੋਆ।
੩. ਬਾਝ ਗੁਰੂ ਅੰਧੇਰ ਹੈ
ਖਹਿ ਖਹਿ ਮਰਦੇ ਬਹੁ ਬਿਧਿ ਲੋਆ।
੪. ਵਰਤਿਆ ਪਾਪ ਜਗੱਤ੍ਰ ਤੇ
ਧਉਲ ਉਡੀਣਾ ਨਿਸਦਿਨ ਰੋਆ।
੫. ਬਾਝ ਦਇਆ ਬਲਹੀਨ ਹੋ
ਨਿਘਰ ਚਲੋ ਰਸਾਤਲ ਟੋਆ।
੬. ਖੜਾ ਇੱਕਤੇ ਪੈਰ ਤੇ
ਪਾਪ ਸੰਗ ਬਹੁ ਭਾਰਾ ਹੋਆ।
੭. ਥੰਮੈ ਕੋਇ ਨ ਸਾਧ ਬਿਨ
ਸਾਧੁ ਨ ਦਿੱਸੈ ਜਗ ਵਿਚ ਕੋਆ।
੮. ਧਰਮ ਧੌਲ ਪੁਕਾਰੇ ਤਲੈ ਖੜੋਆ॥੨੨॥

*ਪਦ ਅਰਥ :* ਪੰਚਾਇਣ—ਨਿਆਉਂ ਕਰਨ ਵਾਲਾ। ਰਸਾਤਲ—ਪਤਾਲ ਰੂਪੀ ਟੋਏ ਵਿਚ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜਦੋਂ ਹਿੰਦੂ ਮੁਸਲਮਾਨ ਦੋਵੇਂ ਫ਼ਿਰਕੇ ਹੀ ਆਪੋ ਆਪਣੇ ਧਰਮ ਸ਼ਾਸਤ੍ਰ, ਵੇਦ ਕਤੇਬਾਂ ਦੀ ਮਰਯਾਦਾ ਤੋਂ ਉਲਟ ਚੱਲ ਰਹੇ ਸਨ ਤਾਂ ਆਖ਼ਰ

ਕੀ ਸਾਧਨ ਅਪਣਾਇਆ ਗਿਆ ?

(੧) ਉ: ਹੇ ਭਾਈ! ਜਦੋਂ ਪੁਰਾਤਨ ਗੁਜਰ ਚੁੱਕੇ ਸਮੇਂ ਵੱਲ ਨਜ਼ਰ ਮਾਰਦੇ ਹਾਂ ਤਾਂ ਚਹੁੰ ਜੁਗਾਂ ਵਿਚ ਚਾਰੇ ਜਾਗੇ ਤੇ ਪ੍ਰਭੂ ਜੀ ਆਪ ਹੀ ਸਭ ਨਿਆਉਂ ਕਰਨ ਵਾਲੇ ਸਨ।

(੨) (ਉਸ ਵੇਲੇ ਉਹ ਪ੍ਰਭੂ) ਪੱਟੀ ਲਿਖਣ ਤੇ ਲਿਖਾਰੀ ਰੂਪ ਆਪ ਹੀ ਬਣਿਆ (ਭਾਵ ਕਰਨ ਕਾਰਨ ਆਪ ਹੀ) ਸੀ।

ਪ੍ਰ: ਕਿਉਂ ਜੀ! ਆਖ਼ਰ ਕਲਜੁਗ ਵਿਚ ਕੀ ਬਦਲ ਆਈ ?

(੩) ਉ: (ਹੁਣ ਕਲਜੁਗ ਵਿਚ) ਬਿਨਾਂ ਗੁਰੂ ਤੋਂ (ਸਭ ਪਾਸੇ) ਹਨੇਰਾ ਹੀ ਹਨੇਰਾ ਸੀ, ਲੋਕ ਅਨੇਕ ਤਰ੍ਹਾਂ ਨਾਲ ਖਹਿ ਖਹਿ (ਲੜਾਈ ਝਗੜਾਈ ਕਰਦੇ) ਮਰ ਰਹੇ ਸਨ।

(੪) (ਜਿਧਰ ਭੀ ਨਜ਼ਰ ਮਾਰੋ) ਜਗਤ ਦੇ ਸਭ ਪਾਸੇ ਪਾਪ ਹੀ ਪਾਪ ਪਸਰ ਗਿਆ। ਧਰਮ ਰੂਪੀ ਧਉਲ ਰਾਤ ਦਿਨੇ ਰੋਂਦਾ ਤੇ ਕੁਰਲਾਉਂਦਾ ਸੀ।

(੫) (ਇਥੇ ਹੀ ਬੱਸ ਨਹੀਂ ਸਾਰੀ ਹੀ ਲੁਕਾਈ) ਦਇਆ ਹੀਨ ਹੋ ਗਈ ਸੀ, ਇਸ ਲਈ ਦਇਆ ਤੋਂ ਬਿਨਾਂ ਕਮਜ਼ੋਰ ਹੋ, ਰਸਾਤਲ ਵਰਗੇ ਟੋਏ ਵਿਚ ਨਿਘਰਦੀ (ਧਸਦੀ) ਜਾ ਰਹੀ ਸੀ।

(੬) ਇਉਂ ਹੀ ਜਾਣਿਆਂ ਜਾਂਦਾ ਸੀ ਕਿ ਕਲਜੁਗ ਵਿਚ ਧਰਮ ਦਾ ਇੱਕੋ ਪੈਰ ਸੀ ਸੋ ਇੱਕੋ ਪੈਰ ਤੇ ਖੜੋਤਾ ਪਾਪਾਂ ਨਾਲ ਹੋਰ ਭਾਰਾ ਹੋ ਰਿਹਾ ਸੀ।

ਪ੍ਰ: ਕਿਉਂ ਜੀ! ਕੀ ਉਸ ਵੇਲੇ ਧਰਮ ਨੂੰ ਕੋਈ ਵੀ ਸਹਾਰਾ ਦੇਣ ਵਾਲਾ ਨਹੀਂ ਸੀ ?

(੭) ਉ: ਹੇ ਭਾਈ! ਉਹ ਭਾਰਾ ਹੋ ਥੱਲੇ ਹੀ ਥੱਲੇ ਜਾ ਰਿਹਾ ਸੀ, ਜਿਥੇ (ਸਾਧੂ ਪਰਮੇਸ਼ਰ ਦੇ ਸੱਚੇ ਸਾਧੂ) ਤੋਂ ਬਿਨਾਂ ਕੌਣ ਗ਼ਰਕ ਹੋਣੋਂ ਥੰਮ੍ਹ ਸਕਦਾ ਸੀ, (ਕਿਉਂਕਿ) ਸਾਧੂ ਇਸ ਸਮੇਂ ਕੋਈ ਨਜ਼ਰ ਨਹੀਂ ਆ ਰਿਹਾ।

(੮) ਇਸ ਲਈ ਧਰਮ ਰੂਪੀ ਧਉਲ ਥੱਲੇ ਨਿਘਰਦਾ (ਪ੍ਰਭੂ ਅੱਗੇ) ਪੁਕਾਰ ਕਰ ਰਿਹਾ ਸੀ ਕਿ ਮੈਨੂੰ ਬਚਾ ਲਉ, ਮੈਨੂੰ ਪਾਪਾਂ ਦੇ ਭਾਰ ਨੇ ਬੱਸ ਹੁਣ ਡੋਬ ਹੀ ਦੇਣਾ ਹੈ।੨੨।

***ਭਾਵਾਰਥ :*** ਗਿਲਾਨੀ ਤੋਂ ਰੋਕਣ ਵਾਲਾ ਕੇਵਲ ਧਰਮ ਹੈ, ਉਸ ਦੀ ਦਸ਼ਾ ਬੁਰੀ ਦੱਸ ਕੇ ਪ੍ਰਗਟ ਕਰਦੇ ਹਨ ਕਿ ਇਨ੍ਹਾਂ ਝਗੜੇ ਈਰਖਾ ਦੀ ਦਸ਼ਾ ਵਿਚ ਪਰਮੇਸ਼ਰ ਨੇ ਆਪ ਪੰਜਵਾਂ ਪੰਚ ਭਾਵ ਨਿਬੇੜਾ ਕਰਨ ਵਾਲਾ ਹੋ ਕੇ ਆਪੇ ਪੱਟੀ, ਕਲਮ ਤੇ ਲਿਖਾਰੀ ਹੋ ਕੇ ਸੰਸਾਰ ਦੀ ਰਖਿਆ ਕੀਤੀ, ਕਿਉਂਕਿ ਪਾਪ ਪ੍ਰਬਲ ਸੀ ਤੇ ਧਰਮ ਨਿਰਬਲ ਹੋ ਗਿਆ ਸੀ, ਪਾਪ ਨੂੰ ਖਹਿ ਤੇ ਧਰਮ ਨੂੰ ਬਲਵਾਨ ਕਰਨ ਵਾਲਾ ਸਾਧੂ ਨਜ਼ਰ ਨਹੀਂ ਸੀ ਆਉਂਦਾ, ਸਾਧ ਪੈਦਾ ਕਰਨ ਵਾਸਤੇ ਗੁਰੂ ਦੀ ਲੋੜ ਸੀ ਜੋ ਪ੍ਰਕਾਸ ਦੇਵੇ, ਤੇ ਸਾਧ ਬਣਾਵੇ। ਇਸ ਲਈ ਅਕਾਲ ਪੁਰਖ ਨੇ ਆਪ ਹੀ ਨਿਆਂ ਕੀਤਾ। ਉਹ ਕੀ ਸੀ, ਕਿ ਸੰਸਾਰ ਪਰ ਗੁਰੂ ਅਵਤਾਰ ਪ੍ਰਗਟ ਕਰੇ। ਹੁਣ ਅਗਲੀ ਪਉੜੀ ਵਿਚ ਗੁਰੂ ਅਵਤਾਰ ਦੇ ਪ੍ਰਗਟ ਹੋਣ ਦਾ ਵਰਣਨ ਕਰਦੇ ਹਨ।

## ੨੩. ਗੁਰੂ ਅਵਤਾਰ

੧. ਸੁਣੀ ਪੁਕਾਰ ਦਾਤਾਰ ਪ੍ਰਭੁ
ਗੁਰ ਨਾਨਕ ਜਗ ਮਾਹਿ ਪਠਾਯਾ।
੨. ਚਰਨ ਧੋਇ ਰਹਰਾਸਿ ਕਰ
ਚਰਨਾਂਮ੍ਰਿਤ ਸਿੱਖਾਂ ਪੀਲਾਯਾ।
੩. ਪਾਰਬ੍ਰਹਮ ਪੂਰਨ ਬ੍ਰਹਮ
ਕਲਿਜੁਗ ਅੰਦਰ ਇੱਕੁ ਦਿਖਾਯਾ।
੪. ਚਾਰੇ ਪੈਰ ਧਰੰਮ ਦੇ
ਚਾਰ ਵਰਨ ਇਕ ਵਰਨ ਕਰਾਯਾ।
੫. ਰਾਣਾ ਰੰਕ ਬਰਾਬਰੀ
ਪੈਰੀ ਪਵਣਾ ਜੱਗ ਵਰਤਾਯਾ।
੬. ਉਲਟਾ ਖੇਲ ਪਿਰੰਮ ਦਾ
ਪੈਰਾਂ ਉਪਰ ਸੀਸ ਨਿਵਾਯਾ।
੭. ਕਲਿਜੁਗ ਬਾਬੇ ਤਾਰਿਆ
ਸਤਿਨਾਮੁ ਪੜ੍ਹ ਮੰਤ੍ਰ ਸੁਣਾਯਾ।
੮. ਕਲਿ ਤਾਰਣ ਗੁਰ ਨਾਨਕ ਆਯਾ ॥੨੩॥

***ਪਦ ਅਰਥ :*** ਪੁਕਾਰ—ਬੇਨਤੀ। ਰਹਰਾਸਿ—ਰਹੁ-ਰੀਤੀ। ਚਰਨਾਂਮ੍ਰਿਤ—ਚਰਣਾਂ ਦਾ ਧੋਤਾ ਜਲ, ਚਰਣ ਪਾਹੁਲ। ਰਾਣਾ ਰੰਕ—ਅਮੀਰ ਗ਼ਰੀਬ। ਪਿਰੰਮ—ਅਕਾਲ ਪੁਰਖ, ਪ੍ਰਭੂ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਜਦੋਂ ਧਰਮ ਰੂਪੀ ਧਉਲਾ ਬੈਲ ਪਾਪਾਂ ਦੇ ਅਸਹਿ ਭਾਰ ਨਾਲ ਦੁਖੀਆ ਹੋ ਰਿਹਾ

ਸੀ, ਕੀ ਉਸ ਤੋਂ ਬਚਣ ਲਈ ਉਸਨੇ ਕੋਈ ਚਾਰਾ ਨਹੀਂ ਸੀ ਕੀਤਾ ?

ਉ: ਉਸਨੇ ਚਾਰਾ ਇਹੋ ਕੀਤਾ ਕਿ ਆਪਣੀ ਦਰਦ ਭਰੀ ਪੁਕਾਰ ਉਸ ਪ੍ਰਭੂ ਦੇ ਦਰ ਤੇ ਇਉਂ ਕੀਤੀ ਕਿ ਹੇ ਦਰਦੀ, ਦਿਲਾਂ ਦੇ ਦਰਦ ਨਿਵਾਰਨ ਵਾਲੇ ਦਰਦ ਵੰਦ ਸਾਈਆਂ ਜੀਉ! ਮੈਨੂੰ ਇਨ੍ਹਾਂ ਪਾਪਾਂ ਦੇ ਅਸਹਿ ਭਾਰ ਤੋਂ ਬਚਾਓ ਕਿਉਂਕਿ ਇਸ ਵੇਲੇ ਆਪ ਤੋਂ ਬਿਨਾਂ ਮੇਰਾ ਹੋਰ ਕੋਈ ਭੀ ਸਹਾਰਾ ਨਹੀਂ, ਇਹ ਪੁਕਾਰ ਉਸ ਰੱਬੀ ਦਰ ਤੇ ਪੁੱਜ ਗਈ, ਬਸ ਫਿਰ ਕੀ ਸੀ:

(੧) ਦਾਤਾਰ ਪ੍ਰਭੂ ਨੇ (ਦੁਖੀ ਧਉਲ ਰੂਪ ਧਰਮ ਦੀ) ਪੁਕਾਰ ਸੁਣੀ (ਤਾਂ ਫਿਰ ਝੱਟ ਹੀ) ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ (ਦੁਖੀਆਂ ਦੀ ਪੀੜਾ ਹਰਨ ਲਈ) ਸੰਸਾਰ ਤੇ ਭੇਜ ਦਿੱਤਾ।

ਪ੍ਰ: ਕਿਉਂ ਜੀ! ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿਚ ਆ ਕੇ ਨਵੀਂ ਰੀਤ ਕਿਹੜੀ ਚਲਾਈ ?

(੨) ਉ: (ਆਪ ਜੀ ਨੇ ਸੰਸਾਰ ਵਿਚ) ਚਰਨ ਧੋਣ ਦੀ ਰੀਤਿ ਚਲਾ ਕੇ, (ਉੱਚੇ) ਸਿਰ ਨੂੰ (ਸਭ ਤੋਂ ਨੀਵੇਂ) ਪੈਰਾਂ ਤੇ ਨਿੰਵਣਾ ਸਿਖਾ ਕੇ ਨਿੰਮ੍ਰਤਾ ਦੀ ਲਹਿਰ ਚਲਾ ਦਿੱਤੀ।

(੩) (ਇਥੇ ਹੀ ਬੱਸ ਨਹੀਂ ਉਸ) ਪਾਰਬ੍ਰਹਮ ਪੂਰਨ ਪਰਮੇਸ਼ਰ ਨੂੰ ਕਲਜੁਗ ਵਿਚ (ਕੇਵਲ) ਇਕ ਹੈ, ਇਹ ਦਿਖਾ ਦਿੱਤਾ। ਭਾਵ ਅਨੇਕਤਾ ਵਿਚ ਭਟਕ ਰਹੇ ਜੀਵਾਂ ਨੂੰ ਇਕ ਪ੍ਰਭੂ ਦੇ ਲੜ ਲਾ ਦਿੱਤਾ।

(੪) ਧਰਮ ਦੇ ਚਾਰ ਪੈਰ (ਮੁਕੰਮਲ ਕਰ ਦਿੱਤੇ) ਤੇ ਚਾਰੇ ਵਰਨ ਇਕ ਕਰ ਦਿੱਤੇ (ਭਾਵ ਧਰਮ ਦੇ ਅਭਾਵ ਹੋਏ ਅੰਗਾਂ ਨੂੰ ਆਪਣੇ ਪਵਿੱਤ੍ਰ ਉਪਦੇਸਾਂ ਨਾਲ, ਉਜਾਗਰ ਕਰ ਦਿੱਤਾ।)

(੫) ਗ਼ਰੀਬ ਤੇ ਅਮੀਰ (ਪ੍ਰਭੂ) ਦੇ ਇੱਕੋ ਜੈਸੇ ਪੈਦਾ ਕੀਤੇ ਜੀਵ ਹਨ) ਆਪਣੇ ਉਪਦੇਸ਼ਾਂ ਨਾਲ ਇਕ ਕਰ ਦਿੱਤੇ, ਪੈਰੀਂ ਪੈਣਾ ਐਸਾ ਨਿੰਮ੍ਰਤਾ ਦਾ ਗੁਣ ਦ੍ਰਿੜ੍ਹਾਇਆ ਕਿ ਧਰਮ ਦੇ ਨਾਲ ਭਰਾਤ੍ਰੀ ਭਾਵ ਦੀ ਲਹਿਰ ਚਲਾ ਦਿੱਤੀ।

(੬) ਇਹ ਪਰਮੇਸ਼ਰ ਦਾ ਹੀ ਉਲਟਾ ਜਿਹਾ ਖੇਲ ਸਮਝੋ ਕਿ ਸਿਰ ਨੂੰ ਪੈਰਾਂ ਉੱਤੇ ਝੁਕਣ ਦੀ ਪਰਪਾਟੀ ਚੱਲ ਪਈ (ਭਾਵ ਲੋਕਾਂ ਨੂੰ ਨੀਉਣ ਦੀ ਮੱਤ ਸਿਖਾਈ ਜਿਕੁਰ ਉੱਚਾ ਸਿਰ ਹੈ ਪਰ ਉਸਨੂੰ ਪੈਰਾਂ ਤੇ ਨਿਵਾ ਦਿੱਤਾ)।

(੭) (ਕਲਜੁਗ ਦੇ ਜੀਵਾਂ ਨੂੰ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚੇ ਨਾਮ ਦਾ ਉਪਦੇਸ਼ ਦੇ ਕੇ ਤਾਰ ਦਿੱਤਾ।

(੮) (ਸੋ ਇਉਂ) ਗੁਰੂ ਨਾਨਕ ਦੇਵ ਜੀ ਕਲਜੁਗ ਦੇ (ਦੁਖੀ) ਜੀਵਾਂ ਦਾ ਉਧਾਰ ਕਰਨ ਲਈ ਸੰਸਾਰ ਵਿਚ ਆਏ।੨੩।

*ਭਾਵਾਰਥ :* ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿਚੋਂ ਗਿਲਾਨੀ ਦੇ ਸਭੇ ਸਮਾਨ ਉਡਾ ਕੇ ਪ੍ਰੇਮਾ ਭਗਤੀ, ਵਾਹਿਗੁਰੂ ਜੀ ਦੀ ਏਕਤਾ, ਮਨੁੱਖਾਂ ਦੀ ਸਹੋਦਰਤਾ, ਪਰਸਪਰ ਪਿਆਰ ਤੇ ਨਿੰਮ੍ਰਤਾ ਤੇ ਧਰਮ ਨੂੰ ਧਾਰਨਾ ਸਿਖਾ ਦਿੱਤਾ, ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਦੁਖੀ ਸੰਸਾਰ ਦਾ ਦਾਰੂ ਕੀਤਾ।

## ੨੪. ਗੁਰੂ ਨਾਨਕ ਦੇਵ ਜੀ ਦਾ ਪ੍ਰਥਮ ਪ੍ਰਸੰਗ

**੧. ਪਹਿਲਾਂ ਬਾਬੇ ਪਾਯਾ ਬਖਸ਼ ਦਰ**
**ਪਿਛੋਂ ਦੇ ਫਿਰ ਘਾਲ ਕਮਾਈ।**
**੨. ਰੇਤ ਅੱਕ ਅਹਾਰ ਕਰ**
**ਰੋੜਾਂ ਦੀ ਗੁਰ ਕਰੀ ਵਿਛਾਈ।**
**੩. ਭਾਰੀ ਕਰੀ ਤਪੱਸਯਾ**
**ਬਡੇ ਭਾਗ ਹਰਿ ਸਿਉ ਬਣਿ ਆਈ।**
**੪. ਬਾਬਾ ਪੈਧਾ ਸੱਚ ਖੰਡ**
**ਨਉ ਨਿਧਿ ਨਾਮ ਗਰੀਬੀ ਪਾਈ।**
**੫. ਬਾਬਾ ਦੇਖੇ ਧਿਆਨ ਧਰ**
**ਜਲਤੀ ਸਭ ਪ੍ਰਿਥਮੀ ਦਿਸ ਆਈ।**
**੬. ਬਾਝਹੁ ਗੁਰੂ ਗੁਬਾਰ ਹੈ**
**ਹੈ ਹੈ ਕਰਦੀ ਸੁਣੀ ਲੁਕਾਈ।**
**੭. ਬਾਬੇ ਭੇਖ ਬਣਾਇਆ**
**ਉਦਾਸੀ ਕੀ ਰੀਤ ਚਲਾਈ।**
**੮. ਚੜ੍ਹਿਆ ਸੋਧਣ ਧਰਤਿ ਲੁਕਾਈ ॥੨੪॥**

*ਪਦ ਅਰਥ :* ਬਖਸ਼ ਦਰ—ਧੁਰੋਂ ਹੀ ਬਖਸ਼ਿਸ਼ ਦਾ ਦਰ। ਘਾਲ ਕਮਾਈ—ਮਿਹਨਤ, ਘਾਲਣਾ ਘਾਲੀ। ਪੈਧਾ—ਸਤਿਕਾਰਿਆ, ਨਿਵਾਜਿਆ ਗਿਆ, ਪਤ ਦੀ ਪੁਸ਼ਾਕ

ਦਿੱਤੀ ਗਈ। ਗੁਬਾਰ—ਹਨੇਰਾ ਹੀ ਹਨੇਰਾ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਉ! ਕੀ ਬਾਬਾ ਗੁਰੂ ਨਾਨਕ ਦੇਵ ਜੀ ਨੇ ਉਸ ਰੱਬੀ ਦਰਗਾਹ ਤੋਂ ਕੋਈ ਖ਼ਾਸ ਬਖ਼ਸ਼ਿਸ਼ ਹਾਸਲ ਕੀਤੀ ਸੀ?

(੧) ਉ: ਹੇ ਭਾਈ! ਗੁਰੂ ਬਾਬੇ ਨੇ ਪਹਿਲੋਂ ਉਸ ਪ੍ਰਭੂ ਦੇ ਦਰੋਂ ਬਖ਼ਸ਼ਿਸ਼ ਪ੍ਰਾਪਤ ਕੀਤੀ, ਅਤੇ ਫਿਰ ਘਾਲ ਕਮਾਈ ਕੀਤੀ (ਭਾਵ ਪਹਿਲੋਂ ਪ੍ਰਭੂ ਜੀ ਨੇ ਸਾਰੀ ਧਰਤੀ ਨੂੰ ਸੋਧਣ ਦੀ ਥਾਪਣਾ ਦਿੱਤੀ, ਤੇ ਫਿਰ ਗੁਰੂ ਜੀ ਨੇ ਵੱਖੋ ਵੱਖ ਥਾਂ ਪਰ ਥਾਂ ਜਾਣ ਦੀ ਘਾਲਣਾ ਘਾਲੀ)।

ਪ੍ਰ: ਕਿਉਂ ਜੀ! ਕੀ ਉਹ ਖ਼ਾਸ ਕੋਈ ਘਾਲਣਾ ਸੀ ਜੋ ਗੁਰੂ ਬਾਬੇ ਨੂੰ ਘਾਲਣੀ ਪਈ?

(੨) ਉ: ਹਾਂ! ਉਹ ਘਾਲਣਾ ਸੀ ਪਹਿਲੋਂ ਤਾਂ ਆਪ ਜੀ ਨੇ ਰੇਤ ਤੇ ਅੱਕ ਖਾਧੇ ਤੇ (ਫਿਰ ਸਫ਼ਰ ਵਿਚ) ਰੋੜਾਂ ਦੀ ਵਿਛਾਈ ਤੇ ਆਰਾਮ ਕਰਦੇ ਰਹੇ।

(੩) ਇਸ ਤਰ੍ਹਾਂ ਗੁਰੂ ਜੀ ਨੇ ਸਫ਼ਰਾਂ ਦੇ ਦੁਖ ਖਿੜੇ ਮੱਥੇ ਝੱਲ ਕੇ ਬੜੀ ਹੀ ਤਪੱਸਿਆ ਕੀਤੀ, ਤੇ ਫਿਰ ਵੱਡੇ ਭਾਗਾਂ ਨਾਲ ਉਨ੍ਹਾਂ ਦੀ ਵਾਹਿਗੁਰੂ ਨਾਲ ਕੀਤੀ ਪ੍ਰੀਤੀ ਬਣ ਆਈ (ਪਰਮੇਸ਼ਰ ਨੂੰ ਪ੍ਰਸੰਨ ਕਰਕੇ ਰੀਝਾ ਲਿਆ, ਜੋ ਡਿਊਟੀ ਲੱਗੀ ਸੀ, ਉਸਨੂੰ ਪੂਰੇ ਤੌਰ ਤੇ ਨਿਭਾਉਣਾ ਕੀਤਾ)।

ਪ੍ਰ: ਕਿਉਂ ਜੀ! ਕੀ ਰੱਬੀ ਦਰ ਤੋਂ ਟੁਰਨ ਸਮੇਂ ਬਾਬੇ ਨਾਨਕ ਨੂੰ ਕੋਈ ਹੋਰ ਖ਼ਾਸ ਵਸਤੂ ਭੀ ਪ੍ਰਾਪਤ ਹੋਈ?

(੪) ਉ: ਗੁਰੂ ਜੀ ਨੂੰ ਸੱਚ ਖੰਡ (ਪ੍ਰਭੂ ਦੇ ਦਰੋਂ) ਸੱਚੀ ਪਤ (ਪੁਸ਼ਾਕ) ਦੀ ਬਖ਼ਸ਼ਿਸ਼ ਹਾਸਲ ਹੋਈ। ਨੌਂ ਨਿੱਧੀਆਂ, ਨਾਮ ਤੇ ਗ਼ਰੀਬੀ, ਨਿੰਮ੍ਰਤਾ ਭਾਵ ਪ੍ਰਾਪਤ ਹੋਈ।

ਪ੍ਰ: ਕਿਉਂ ਜੀ! ਰੱਬੀ ਦਰਗਾਹੋਂ ਇਹ ਦਾਤ ਪ੍ਰਾਪਤ ਕਰਕੇ ਗੁਰੂ ਬਾਬੇ ਨੂੰ ਆਖ਼ਰ ਕੀ ਵੀਚਾਰ ਸਫ਼ੁਰਨ ਹੋਏ?

(੫) ਉ: (ਇਹ ਦਾਤ ਪ੍ਰਾਪਤ ਕਰਕੇ) ਗੁਰੂ ਜੀ ਨੇ ਦੂਰ-ਦ੍ਰਿਸ਼ਟੀ ਨਾਲ ਇਹੋ ਡਿੱਠਾ ਕਿ ਦੁਨੀਆ ਹਉਮੈਂ, ਈਰਖਾ ਤੇ ਵੈਰ ਵਿਰੋਧ, ਜ਼ਾਲਮ ਦੇ ਜ਼ੁਲਮ ਨਾਲ ਦਬਾਈ ਸੜ ਰਹੀ ਹੈ।

(੬) (ਹੁਣ ਆਪ ਜੀ ਨੇ ਅਨੁਭਵ ਕੀਤਾ ਕਿ) ਗੁਰੂ ਤੋਂ ਬਿਨਾਂ ਘੁੱਪ ਹਨੇਰਾ ਪਸਰਿਆ ਹੋਇਆ ਹੈ, ਤੇ ਸਭ ਲੋਕਾਈ ਹਾਇ ਹਾਇ ਕਰ ਰਹੀ ਹੈ।

(੭) ਬਾਬੇ (ਗੁਰੂ ਨਾਨਕ) ਨੇ ਉਦਾਸੀ ਦਾ ਭੇਖ ਬਣਾਇਆ ਤੇ ਇਹੋ ਰੀਤ (ਮਾਇਆ ਤੋਂ ਉਦਾਸ ਰਹਿਣ ਦੀ) ਤੋਰ ਦਿੱਤੀ।

(੮) ਬੱਸ, ਫਿਰ ਸਤਿਗੁਰੂ ਜੀ ਧਰਤੀ ਦੇ (ਲੋਕਾਈ) ਲੋਕਾਂ ਨੂੰ ਸੋਧਣ ਲਈ ਚੜ੍ਹ ਪਏ।੨੪।

*ਭਾਵਾਰਥ :* ਪਹਿਲਾਂ ਬਖ਼ਸ਼ਿਸ਼ ਦਾ ਭਾਵ ਹੈ ਕਿ ਗੁਰੂ ਜੀ ਸ੍ਰੀ ਵਾਹਿਗੁਰੂ ਜੀ ਦੇ ਆਪਣੇ ਪਿਆਰੇ ਸਨ। ਸਾਧਨਾ ਸਾਧ ਕੇ ਜੀਵ ਵਾਂਗੂੰ ਮਿਹਰ ਪ੍ਰਾਪਤ ਨਹੀਂ ਹੋਏ, ਪਰ ਰਾਜਾ ਦੇ ਯੁਵਰਾਜ ਵਾਂਗੂੰ ਪਹਿਲੇ ਬਖ਼ਸ਼ਿਸ਼ ਦੇ ਪਦ ਉੱਤੇ ਸੇ, ਪਿਛੋਂ ਘਾਲ ਕਮਾਈ ਦਾ ਭਾਵ ਇਹ ਹੈ ਕਿ ਸੰਸਾਰ ਨੂੰ ਭਗਤੀ ਦਾ ਨਮੂਨਾ ਦੱਸਣਾ ਸੀ, ਸੋ ਵਾਹਿਗੁਰੂ ਦੀ ਬਖ਼ਸ਼ਿਸ਼ ਨੂੰ ਸਫਲਾ ਕੀਤਾ। ਜਿਵੇਂ ਯੁਵਰਾਜ ਪਿਆਰਾ ਤਾਂ ਪਹਿਲੋਂ ਹੀ ਹੁੰਦਾ ਹੈ, ਅਧਿਕਾਰ ਸਭ ਤੋਂ ਉੱਚਾ ਰੱਖਦਾ ਹੈ, ਪਰ ਜਦ ਪਿਤਾ ਦੀ ਪ੍ਰਸੰਨਤਾ ਦੇ ਕਾਰਜ ਕਰਦਾ ਹੈ ਤਦ ਪਿਤਾ ਪਿਆਰ ਨੂੰ ਸਫਲ ਕਰਦਾ ਹੈ। ਰੇਤ ਤੇ ਅੱਕ ਦਾ ਆਹਾਰ ਤੋਂ ਭਾਵ ਇਹ ਹੈ ਕਿ ਰਸ ਕਸ ਦੇ ਤਿਆਗ ਤੇ ਦੁਖ-ਸੁਖ ਨੂੰ ਇੱਕੋ ਸਮਾਨ ਜਾਣਿਆ। ਰੋੜਾਂ ਦੀ ਵਿਛਾਈ ਤੋਂ ਮਤਲਬ ਵੀ ਸੁਖਾਂ ਦਾ ਤਿਆਗ ਹੈ। ਤਪਸਿਆ ਤੋਂ ਮਤਲਬ ਪ੍ਰੇਮਾ ਭਗਤੀ ਦੇ ਕਠਨ ਸਾਧਨ ਤੋਂ ਹੈ। ਗੁਰੂ ਜੀ ਨੇ ਬੜੇ-ਬੜੇ ਉੱਗਰ ਰੁਕਾਵਟਾਂ, ਕਲੇਸ਼ਾਂ ਤੇ ਅਜ਼ਮਾਇਸ਼ਾਂ ਵਿਚ ਉਹੋ ਗੱਲ ਸਿਰੇ ਚੜ੍ਹਾਈ ਕਿ ਜਿਸ ਕਰਕੇ ਵਾਹਿਗੁਰੂ ਜੀ ਨਾਲ ਬਣ ਆਵੇ, ਸੋ, ਐਸਾ ਹੀ ਹੋਇਆ। ਇਉਂ ਪਹਿਲਾਂ ਬਖ਼ਸ਼ਿਸ਼ ਕਰਕੇ ਆਪ ਪਿਆਰੇ ਥੇ ਫੇਰ ਪ੍ਰੇਮ ਦੀ ਕਮਾਈ ਕਰਕੇ ਪਿਆਰੇ ਬਣੇ। ਨਾਮ ਤੇ ਨਿੰਮ੍ਰਤਾ ਦੇ ਮਾਲਕ ਥੇ, ਗੁਰੂ ਜੀ ਨੂੰ ਦੁਖੀਆਂ ਦੇ ਉੱਧਾਰ ਦਾ ਬਹੁਤ ਪਿਆਰ ਸੀ, ਇਸ ਕਰਕੇ ਸੱਚਖੰਡ ਦੇ ਸੁਖ ਨੂੰ ਸੰਸਾਰ ਦੇ ਉਪਕਾਰ ਪੁਰ ਵਾਰ ਦਿੱਤਾ। ਕੂਰ ਅਵਤਾਰ ਲੈ ਕੇ ਪ੍ਰਗਟ ਹੋਏ ਤੇ ਲੋਕਾ ਨੂੰ ਸੋਧਣ (ਪਵਿੱਤ੍ਰ) ਕਰਨ ਲੱਗੇ।

## ੨੫. ਤੀਰਥਾਂ ਪਰ ਪ੍ਰੇਮ ਦੀ ਸੁੰਞ

੧. ਬਾਬਾ ਆਯਾ ਤੀਰਥੀਂ
ਤੀਰਥ ਪੁਰਬ ਸਭੇ ਫਿਰ ਦੇਖੈ।
੨. ਪੁਰਬ ਧਰਮ ਬਹੁ ਕਰਮ ਕਰ
ਭਾਉ ਭਗਤਿ ਬਿਨ ਕਿਤੈ ਨ ਲੇਖੈ।
੩. ਭਾਉ ਨ ਬ੍ਰਹਮ ਲਿਖਿਆ
ਚਾਰ ਬੇਦ ਸਿਮ੍ਰਿਤ ਪੜ੍ਹ ਦੇਖੈ।

**੪. ਢੂੰਡੀ ਸਗਲੀ ਪ੍ਰਿਥਮੀ**
**ਸਤਿਜੁਗ ਆਦਿ ਦੁਆਪਰ ਤ੍ਰੇਤੈ।**
**੫. ਕਲਿਜੁਗ ਧੁੰਧੂਕਾਰ ਹੈ**
**ਭਰਮ ਭੁਲਾਈ ਬਹੁ ਬਿਧਿ ਭੇਖੈ।**
**੬. ਭੇਖੀ ਪ੍ਰਭੂ ਨ ਪਾਈਐ**
**ਆਪ ਗਵਾਏ ਰੂਪ ਨ ਰੇਖੈ।**
**੭. ਗੁਰਮੁਖ ਵਰਨ ਅਵਰਨ ਹੋਇ**
**ਨਿਵ ਚਲੈ ਗੁਰਸਿੱਖ ਵਿਸੇਖੈ।**
**੮. ਤਾ ਕਿਛੁ ਘਾਲ ਪਵੈ ਦਰ ਲੇਖੈ ॥੨੫॥**

***ਪਦ ਅਰਥ :*** ਭਾਉ ਭਗਤਿ—ਪ੍ਰੇਮਾ ਭਗਤੀ। ਸਿਮ੍ਰਿਤ—ਹਿੰਦੂਆਂ ਦੇ ਧਰਮ ਗ੍ਰੰਥ। ਭੇਖੀ—ਕੋਈ ਵੱਖਰੇ ਚਿੰਨ੍ਹ ਧਾਰਨੇ। ਵਿਸੇਖੈ—ਵਿਸ਼ੇਸ਼ਤਾਈ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਜਦੋਂ ਪੁਰਾਤਨ ਹਿਸਟ੍ਰੀ ਪੜ੍ਹਦੇ ਸੁਣਦੇ ਹਾਂ ਤਾਂ ਇਹੋ ਹੀ ਜਾਣਕਾਰੀ ਮਿਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਗੁਰਮਤਿ ਦਾ ਸਹੀ ਸੰਦੇਸ਼ ਦੇਣ ਦੀ ਅਰੰਭਤਾ ਤੀਰਥਾਂ ਦੇ ਅਸਥਾਨਾਂ ਤੋਂ ਸ਼ੁਰੂ ਕੀਤੀ, ਕਿਉਂ ਜੀ, ਕੀ ਇਸਦਾ ਭੀ ਕੋਈ ਖ਼ਾਸ ਕਾਰਨ ਸੀ?

ਉ: ਹੇ ਭਾਈ! ਜਦੋਂ ਦੂਰ ਦਰਸ਼ੀ ਨਜ਼ਰਾਂ ਨਾਲ ਤੱਕੀਏ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਕੋਈ ਭੀ ਜਾਣਕਾਰੀ ਦੇਣ ਲਈ ਲੋਕਾਂ ਦੀ ਇਕੱਤ੍ਰਤਾ ਹੋਣੀ ਜ਼ਰੂਰੀ ਹੋਇਆ ਕਰਦੀ ਹੈ, ਇਸੇ ਖ਼ਿਆਲ ਨੂੰ ਮੁਖ ਰੱਖ ਕੇ ਕਿ ਤੀਰਥਾਂ ਪਰ ਲੋਕਾਂ ਦਾ ਇਕੱਠ ਸੁਭਾਵਿਕ ਹੀ ਹੋਇਆ ਕਰਦਾ ਹੈ। ਦੂਸਰਾ ਗੁਰੂ ਨਾਨਕ ਦੇਵ ਜੀ ਦਾ ਇਹ ਭੀ ਭਾਵ ਸੀ ਕਿ ਜੋ ਲੋਕ ਤੀਰਥਾਂ ਤੇ ਵੱਸਣ ਵਾਲੇ ਹਨ ਉਨ੍ਹਾਂ ਦਾ ਸੁਧਾਰ ਹੋਣਾ ਅਤਿ ਜ਼ਰੂਰੀ ਹੈ, ਕਿਉਂਕਿ ਉਨ੍ਹਾਂ ਦੇ ਸੁਧਾਰ ਹੋ ਜਾਣ ਦਾ ਅਸਰ ਬਾਕੀ ਲੋਕਾਂ ਤੇ ਸੁਭਾਵਿਕ ਹੀ ਹੋ ਜਾਇਆ ਕਰਦਾ ਹੈ, ਇਸ ਲਈ:

(੧) ਬਾਬਾ ਤੀਰਥਾਂ ਤੇ ਆਇਆ ਤੇ ਸੱਭੇ ਤੀਰਥਾਂ ਦੇ ਪੁਰਬ (ਕੁੰਭ ਤੇ ਸੂਰਜ, ਚੰਦ੍ਰ ਗ੍ਰਹਿਣ ਆਦਿ) ਫਿਰ ਦੇਖੇ।

ਪ੍ਰ: ਕਿਉਂ ਜੀ! ਗੁਰੂ ਨਾਨਕ ਜੀ ਨੇ ਤੀਰਥਾਂ ਤੇ ਫਿਰ ਕੇ ਆਖ਼ਰ ਕੀ ਤੱਕਿਆ?

(੨) ਉ: (ਇਹੋ ਤੱਕਿਆ ਕਿ ਬਹੁਤ ਲੋਕ) ਪਿਛਲੇ ਜੁਗਾਂ ਵਾਂਗ ਕਰਮ ਧਰਮ ਤਾਂ ਬੜੇ ਕਰਦੇ ਸਨ, ਪਰ ਪ੍ਰੇਮਾ ਭਗਤੀ ਤੋਂ ਬਿਨਾਂ ਇਹ ਸਾਰੇ ਕਿਸੇ ਕੰਮ ਦੇ ਭੀ ਨਹੀਂ ਸਨ।

ਪ੍ਰ: ਕਿਉਂ ਜੀ! ਬ੍ਰਹਮੇ ਦੇ ਚਾਰ ਵੇਦ ਉਚਾਰਨ ਕੀਤੇ ਹੋਏ ਤਾਂ ਉਸ ਵੇਲੇ ਭੀ ਮੌਜੂਦ ਸਨ, ਕੀ ਉਨ੍ਹਾਂ ਨੂੰ ਪੜ੍ਹ ਸੁਣ ਕੇ ਲੋਕਾਂ ਦੇ ਮਨਾਂ ਵਿਚ ਪ੍ਰੇਮਾ ਭਗਤੀ ਦਾ ਜਨਮ ਨਹੀਂ ਸੀ ਹੋ ਸੱਕਿਆ, ਇਸਦਾ ਸਹੀ ਕਾਰਨ ਕੀ ਸਮਝਿਆ ਜਾਏ।

(੩) ਉ: ਹੇ ਭਾਈ! (ਜਦੋਂ ਬ੍ਰਹਮਾ ਜੀ ਦੇ ਚਾਰੇ ਵੇਦਾਂ ਨੂੰ ਪੜ੍ਹ ਕੇ ਵੇਖਿਆ ਜਾਏ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ) ਭਾਉ ਭਗਤੀ ਦੇ ਬਾਰੇ ਤਾਂ ਬ੍ਰਹਮਾ ਨੇ ਮਾਨੋਂ ਕੁੱਝ ਲਿਖਿਆ ਹੀ ਨਹੀਂ, (ਕਿਉਂਕਿ) ਚਾਰੇ ਵੇਦ ਤੇ ਸਿੰਮ੍ਰਿਤੀਆਂ ਪੜ੍ਹ ਪੜ੍ਹ, ਬਥੇਰੇ ਵੇਖੇ ਹਨ (ਭਾਵ ਇਹ ਹੈ ਕਿ ਪੰਡਿਤ ਲੋਕ ਵੇਦ ਤਾਂ ਬਹੁਤ ਫੋਲਦੇ ਹਨ, ਪਰ ਅੰਤਰ ਆਤਮੇਂ ਪ੍ਰੇਮਾ ਭਗਤੀ ਤੋਂ ਸੱਖਣੇ ਹਨ)।

(੪) (ਗੁਰੂ ਨਾਨਕ ਦੇਵ ਜੀ ਨੇ) ਸਾਰੀ ਦੁਨੀਆ ਦੇਖੀ ਅਤੇ ਸਤਿਜੁਗ, ਦੁਆਪਰ, ਤ੍ਰੇਤੇ (ਤਿੰਨਾਂ ਹੀ ਜੁਗਾਂ) ਵਿਖੇ ਲਿਖੇ ਹਾਲਾਤਾਂ ਨੂੰ ਚੰਗੀ ਤਰ੍ਹਾਂ ਪੜਤਾਲਿਆ।

(੫) (ਤੇ) ਕਲਜੁਗ ਵਿਖੇ ਵੀ ਸਹੀ ਕੀਤਾ ਕਿ ਧੁੰਧੂਕਾਰ ਹੈ, (ਸਗੋਂ) ਭੇਖਾਂ ਨੇ (ਹੋਰ) ਭੀ ਲੋਕਾਈ ਭਰਮਾਂ ਵਿਚ ਬਹੁਤ ਤਰ੍ਹਾਂ ਭੁਲਾ ਛੱਡੀ ਹੈ।

(੬) (ਆਖ਼ਰ ਆਪ ਜੀ ਨੇ ਕਿਹਾ ਕਿ ਐ ਲੋਕੋ!) ਭੇਖਾਂ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ, ਜਦ ਤਕ ਹਉਮੈਂ ਤੇ ਆਪਾ ਭਾਵ ਨੂੰ ਦੂਰ ਨਹੀਂ ਕੀਤਾ ਜਾਂਦਾ (ਸਗੋਂ ਭੇਖ ਭੀ ਆਪਾ ਭਾਵ ਜਣੌਣ ਦੇ ਸਾਧਨ ਬਣੇ ਹੋਏ ਹਨ; ਜੇ ਹਉਮੈਂ ਨੂੰ ਦੂਰ ਕੀਤਾ ਜਾਏ ਤਾਂ ਫਿਰ ਭੇਖ ਚਿੰਨ੍ਹ ਚੱਕ੍ਰ ਰੂਪ ਰੇਖ ਦੀ ਲੋੜ ਹੀ ਨਹੀਂ ਰਹਿ ਜਾਂਦੀ)।

ਪ੍ਰ: ਕਿਉਂ ਜੀ! ਗੁਰਮਤਿ ਵਿਚ ਗੁਰਮੁਖ ਦੀ ਵਿਸ਼ੇਸਤਾ ਕੀ ਮੰਨੀ ਗਈ ਹੈ?

(੭) ਉ: ਹੇ ਭਾਈਓ! (ਸੱਚ ਤਾਂ ਇਹੋ ਹੈ ਕਿ) ਗੁਰਮੁਖ ਭਾਵੇਂ ਕਿਸੇ ਵਰਨ (ਜਾਤ-ਕੁਜਾਤ, ਉੱਚੀ-ਨੀਵੀਂ) ਦਾ ਹੋਵੇ (ਉਹ) ਨਿਵ ਕੇ ਹੀ ਚੱਲੇਗਾ, ਤੇ ਇਹੀ ਗੁਰਮੁਖ ਤੇ ਗੁਰਸਿੱਖ ਦੀ ਵੱਡੀ ਵਡਿਆਈ ਤੇ ਵਿਸ਼ੇਸ਼ਤਾ ਹੈ।

(੮) (ਨਿਵ ਕੇ ਚੱਲਣ ਨਾਲ ਹੀ) ਪ੍ਰਭੂ ਦੇ ਦਰ ਤੇ ਕੀਤੀ ਕਮਾਈ ਸਫਲੀ ਮੰਨੀ ਜਾਵੇਗੀ।੨੫।

***ਭਾਵਾਰਥ:*** ਤੀਰਥਾਂ ਪਰ ਜਾ ਕੇ ਗੁਰੂ ਜੀ ਨੇ ਲੋਕਾਂ ਨੂੰ ਫੋਕੇ ਕਰਮ-ਕਾਂਡ ਵਿਚ ਗਲਤਾਨ ਵੇਖਿਆ ਅਤੇ ਪ੍ਰੇਮਾ ਭਗਤੀ ਵੱਲੋਂ ਸੁੰਞਤਾ ਪਾਈ। ਬ੍ਰਹਮਾ ਦੇ ਜਿਸ ਲੇਖ ਅਨੁਸਾਰ ਲੋਕਾਂ ਨੂੰ ਇਨ੍ਹਾਂ ਕਰਮ-ਕਾਂਡਾਂ ਵਿਚ ਗਲਤਾਨ

ਵੇਖਿਆ ਉਸਦਾ ਕਾਰਨ ਇਹੋ ਨਜ਼ਰ ਆਇਆ ਕਿ ਬ੍ਰਹਮਾ ਦੇ ਲੇਖਾਂ ਵਿਚ ਹੀ ਭਾਉ ਭਗਤੀ ਨਹੀਂ ਸੀ। ਤੇ ਲੋਕ ਕੀ ਕਰਦੇ, ਉੱਤੋਂ ਕਲਜੁਗ ਦੇ ਭੇਖ ਰਲ ਗਏ, ਇਸ ਲਈ ਭਾਈ ਸਾਹਿਬ ਕਹਿੰਦੇ ਹਨ ਕਿ ਹਉਮੈਂ ਤਿਆਗੇ ਬਿਨਾਂ ਘਾਲ ਥਾਂ ਨਹੀਂ ਪੈਂਦੀ।

## ੨੬. ਉਸ ਸਮੇਂ ਦੇ ਹਾਲਾਤ ਦਾ ਵਰਣਨ

੧. ਜਤੀ ਸਤੀ ਚਿਰਜੀਵਣੇ
ਸਾਧਿਕ ਸਿੱਧ ਨਾਥ ਗੁਰ ਚੇਲੇ।
੨. ਦੇਵੀ ਦੇਵ ਰਿਖੀਸ਼ਰਾਂ
ਭੈਰੋਂ ਖੇਤ੍ਰਪਾਲ ਬਹੁ ਮੇਲੇ।
੩. ਗਣ ਗੰਧਰਬ ਅਪੱਛਰਾਂ
ਕਿੰਨਰ ਜੱਛ ਚਲਿਤ ਬਹੁ ਖੇਲੇ।
੪. ਰਾਖਸ ਦਾਨੋਂ ਦੈਂਤ ਲਖਿ
ਅੰਦਰ ਦੂਜਾ ਭਾਉ ਦੁਹੇਲੇ।
੫. ਹਉਮੈਂ ਅੰਦਰ ਸਭ ਕੋ
ਡੁਬੇ ਗੁਰੂ ਸਣੇ ਬਹੁ ਚੇਲੇ।
੬. ਗੁਰਮੁਖ ਕੋਇ ਨ ਦਿੱਸਈ
ਢੂੰਢੇ ਤੀਰਥ ਜਾਤ੍ਰੀ ਮੇਲੇ।
੭. ਡਿਠੇ ਹਿੰਦੂ ਤੁਰਕ ਸਭ
ਪੀਰ ਪੈਕੰਬਰ ਕਉਮਿ ਕਤੇਲੇ।
੮. ਅੰਧੀ ਅੰਧੇ ਖੂਹੇ ਠੇਲੇ॥੨੬॥

*ਪਦ ਅਰਥ:* ਜਤੀ ਸਤੀ—ਜਤ ਤੇ ਸਤ ਰੱਖਣ ਵਾਲੇ। ਗਣ—ਦੇਵਤਿਆਂ ਦੇ ਸੇਵਕ (ਸ਼ਿਵਜੀ ਦੇ ਗਣ), (ਅ) ਸਮੂੰਹ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਤੀਰਥਾ ਉੱਪਰ ਜਾ ਕੇ ਹੋਰ ਕੀ ਕੁੱਝ ਤੱਕਿਆ?

(੧) ਉ: ਹੇ ਭਾਈਓ! (ਆਪ ਜੀ ਨੇ ਤੱਕਿਆ ਕਿ) ਜਤੀ, ਸਤੀ ਤੇ ਬਹੁਤਾ ਚਿਰ ਜੀਵਨ ਦੀਆਂ ਸਾਧਨਾ (ਮਿਹਨਤਾਂ) ਕਰਨ ਵਾਲੇ ਸਿੱਧ ਤੇ ਨਾਥ (ਮੁੰਦਰਾਂ ਵਾਲੇ) ਜੋ ਚੇਲਿਆਂ ਸਮੇਤ (ਅਨੇਕਾਂ ਹੀ) ਹਨ।

(੨) ਦੇਵੀ, ਦੇਵਤੇ, ਰਿਖੀਸੁਰ ਖੇਤਰਪਾਲ (ਭੈਰਉ ਆਦਿਕ) ਦੀਆਂ ਪੂਜਾ ਕਰਨ ਵਾਲੇ ਵੀ ਬਥੇਰੇ ਹਨ ਜੋ ਲੋਕਾਂ ਨੇ ਪੂਜਯ ਜਾਣ ਕੇ 'ਕੱਠੇ ਕਰ ਰੱਖੇ ਹਨ।

(੩) ਗਣ, ਗੰਧਰਬ, ਅਪੱਸਰਾਂ (ਇੰਦ੍ਰ ਦੇ ਰਾਗੀ ਤੇ ਸਾਜ ਵਜਾਉਣ ਵਾਲੇ ਅਤੇ ਨਾਚੀਆਂ) ਅਪੱਸਰਾਂ (ਪਰੀਆਂ) ਕਿੰਨਰ, ਯਖ ਬਾਹਲੇ ਚਲਿੱਤਰਾਂ ਦੇ ਖੇਲਣਹਾਰੇ (ਭਾਵ ਜਾਦੂਗਰ ਆਦਿ) ਭੀ ਅਨੇਕਾਂ ਵੇਖੇ।

(੪) ਰਾਖਸ਼ (ਅਸੁਰ ਸੁਭਾਵ ਵਾਲੇ), ਦਾਨਵ (ਦਨੂ ਦੇ ਪੁੱਤ੍ਰ), ਦੈਤ (ਦਿਤੀ ਦੇ ਪੁੱਤ੍ਰ) ਲੱਖਾਂ ਦੂਜੇ ਭਾਵ ਵਿਚ ਦੁਖੀ ਹੁੰਦੇ ਹਨ। ਭਾਵ ਇਕ ਨੂੰ ਛੱਡ ਕੇ ਦੂਜੇ ਭਾਵ ਵਾਲੇ ਹਨ, ਯਾ ਇਨ੍ਹਾਂ ਦੇ ਪੂਜਾਰੀ ਵਾਹਿਗੁਰੂ ਤੋਂ ਭੁੱਲ ਇਨ੍ਹਾਂ ਦੂਜਿਆਂ ਵਿਚ ਭਾਉ ਰੱਖ ਕੇ ਦੁਖੀਏ ਹਨ।

(੫) ਬੱਸ, ਆਪ ਜੀ ਨੂੰ ਇਹੋ ਹੀ ਨਜਰ ਆਇਆ ਕਿ ਸਾਰੇ ਹਉਮੈਂ ਵਿਚ ਪਏ ਹਨ, ਗੁਰੂ ਚੇਲਿਆਂ ਸਮੇਤ (ਆਪ ਵੀ) ਡੁੱਬ ਗਏ ਹਨ।

(੬) (ਗੁਰੂ ਜੀ ਨੇ) ਤੀਰਥਾਂ ਦੇ ਮੇਲਿਆਂ ਪਰ ਯਾਤਰੀ ਜਾ ਕੇ ਖੋਜ ਦੇਖੇ ਪਰ ਗੁਰਮੁਖ ਕੋਈ ਭੀ ਨਹੀਂ ਦਿਸਦਾ।

(੭) ਹਿੰਦੂ ਦੇਖੇ, ਤੁਰਕ ਭੀ ਤੱਕੇ, ਪੀਰ ਪੈਗੰਬਰ ਤੇ ਉਨ੍ਹਾਂ ਦੀਆਂ ਕੌਮਾ ਦੇ ਕਤੇਲੇ ਲੋਕ ਦੇਖੇ (ਕੌਮ ਕਤੇਲੇ ਦਾ ਭਾਵ ਕਾਤਲ ਕੌਮਾਂ ਤੋਂ ਭੀ ਹੋ ਸਕਦਾ ਹੈ ਜੋ ਤਲਵਾਰ ਦੀ ਧਾਰ ਨਾਲ ਆਪਣਾ ਮੱਤ ਤੋਰਦੀਆਂ ਹਨ)।

(੮) (ਪਰ ਆਖ਼ਰ ਆਪ ਜੀ ਨੇ ਇਹੋ ਵੇਖਿਆ ਕਿ) ਅੰਨ੍ਹਿਆਂ ਨੇ ਅੰਨ੍ਹਿਆਂ ਨੂੰ ਖੂਹ ਵਿਚ ਰੇੜ੍ਹਿਆ ਹੋਇਆ ਹੈ।

*ਭਾਵਾਰਥ:* ਗੁਰੂ ਜੀ ਨੇ ਸਾਰੇ ਫਿਰ ਫਿਰ ਕੇ ਕੀ ਡਿੱਠਾ ਕਿ ਆਗੂ ਭੀ ਹਉਮੈ ਵਿਚ ਫਸੇ ਪਏ ਹਨ ਤੇ ਚੇਲੇ ਭੀ ਹਉਮੈਂ ਵਿਚ ਦੁਖੀ ਹਨ, ਪਰਮਾਰਥ ਕਿਤੇ ਭੀ ਨਹੀਂ ਹੋ ਰਿਹਾ ਸਭ ਥਾਂ ਧੋਖਾ ਤੇ ਵਿਹਾਰ ਯਾ ਹੰਕਾਰ ਦਾ ਤੋਰਾ ਤੁਰ ਰਿਹਾ ਹੈ।

ਇਸੇ ਭਾਵ ਨੂੰ ਕਬੀਰ ਸਾਹਿਬ ਜੀ ਨੇ ਭੀ ਪ੍ਰਗਟਾਇਆ ਹੈ:

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ॥੯੮॥
*(ਸਲੋਕ ਕਬੀਰ ਜੀ, ਪੰਨਾ ੧੩੬੯)*

ਤੀਰਥਾਂ ਦੇ ਹਾਲਾਤ ਆਪ ਭੀ ਗੁਰੂ ਜੀ ਨੇ ਬਾਣੀ ਵਿਚ ਕਈ ਥਾਵਾਂ 'ਤੇ ਅੰਕਿਤ ਕੀਤੇ ਹਨ:

ਤੀਰਥਿ ਜਾਉ ਤ ਹਉ ਹਉ ਕਰਤੇ॥
ਪੰਡਿਤ ਪੂਛਉ ਤ ਮਾਇਆ ਰਾਤੇ॥੧॥
ਸੋ ਅਸਥਾਨੁ ਬਤਾਵਹੁ ਮੀਤਾ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ॥

*(ਆਸਾ ਮ: ੫, ਪੰਨਾ ੩੮੫)*

## ੨੭. ਸੂਰਜ ਰੂਪ ਗੁਰੂ ਦਾ ਪ੍ਰਗਟ ਹੋਣਾ

**੧. ਸਤਿਗੁਰ ਨਾਨਕ ਪ੍ਰਗਟਿਆ**
**ਮਿਟੀ ਧੁੰਧ ਜਗ ਚਾਨਣ ਹੋਆ।**
**੨. ਜਿਉਂ ਕਰ ਸੂਰਜ ਨਿਕਲਿਆ**
**ਤਾਰੇ ਛਪੇ ਅੰਧੇਰ ਪਲੋਆ।**
**੩. ਸਿੰਘ ਬੁਕੇ ਮਿਰਗਾਵਲੀ**
**ਭੰਨੀ ਜਾਇ ਨ ਧੀਰ ਧਰੋਆ।**
**੪. ਜਿੱਥੇ ਬਾਬਾ ਪੈਰ ਧਰੇ**
**ਪੂਜਾ ਆਸਣ ਥਾਪਣ ਸੋਆ।**
**੫. ਸਿੱਧ ਆਸਣ ਸਭ ਜਗਤ ਦੇ**
**ਨਾਨਕ ਆਦਿ ਮਤੇ ਜੇ ਕੋਆ।**
**੬. ਘਰ ਘਰ ਅੰਦਰ ਧਰਮਸਾਲ**
**ਹੋਵੈ ਕੀਰਤਨ ਸਦਾ ਵਿਸੋਆ।**
**੭. ਬਾਬੇ ਤਾਰੇ ਚਾਰ ਚੱਕ**
**ਨੌ ਖੰਡ ਪ੍ਰਿਥਮੀ ਸਚਾ ਢੋਆ।**
**੮. ਗੁਰਮੁਖਿ ਕਲਿ ਵਿਚ ਪਰਗਟ ਹੋਆ॥੨੭॥**

*ਪਦ ਅਰਥ :* ਧੁੰਧ—ਅੰਧਕਾਰ; ਗੁਬਾਰ। ਪਲੋਆ—ਦੌੜ ਗਿਆ, ਨੱਸਿਆ। ਬੁਕੇ—ਭਬਕਿਆ, ਭਬਕਾਰਿਆ। ਮਿਰਗਾਵਲੀ—ਹਰਨਾਂ ਦਾ ਦਲ, ਹਰਨਾਂ ਦੀ ਡਾਰ। ਵਿਸੋਆ—ਵਿਸਾਖੀ ਦਾ ਪੁਰਬ। ਸਚਾ ਢੋਆ—ਸੱਚੀ ਸਿਖਿਆ (ਸੁਗਾਤ) ਮੇਲ। ਗੁਰਮੁਖਿ—ਵੱਡਾ, ਭਾਵ ਸ਼੍ਰੋਮਣੀ ਗੁਰੂ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਕੀ ਇਹ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਸਮੇਂ ਪਹਿਲੇ ਸਮੇਂ ਨਾਲੋਂ ਕੀ ਬਦਲ ਆਈ?

(੧) ਉ: ਹੇ ਭਾਈਓ! ਇਸ ਸੰਬੰਧ ਵਿਚ ਪੁਰਾਤਨ ਸਮੇਂ ਦਾ ਇਤਿਹਾਸ ਦੱਸਦਾ ਹੈ ਕਿ, ਗੁਰੂ ਨਾਨਕ ਦੇਵ ਜੀ ਦੇ ਆਉਣ ਤੋਂ ਪਹਿਲੇ ਸਮੇਂ ਵਿਚ ਕਿਤਨਾ ਜ਼ੋਰ, ਜ਼ੁਲਮ ਤੇ ਪਾਪ ਸੰਸਾਰ ਵਿਚ ਫੈਲਿਆ ਹੋਇਆ ਸੀ, ਜਿਸ ਨੂੰ ਅੰਕਿਤ ਕਰਨਾ ਭੀ ਅਸੰਭਵ ਹੈ। ਪਰ ਇਸ ਬਾਰੇ ਇਤਨਾ ਹੀ ਕਹਿ ਦੇਣਾ ਕਾਫ਼ੀ ਹੋਵੇਗਾ ਕਿ ਜਦੋਂ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਤਾਂ ਅਗਿਆਨਤਾ ਦਾ ਹਨੇਰਾ ਮਿਟ ਗਿਆ, ਤੇ ਸਾਰੇ ਸੰਸਾਰ ਵਿਚ ਗਿਆਨ ਦਾ ਚਾਨਣ ਹੋ ਗਿਆ।

ਪ੍ਰ: ਕਿਉਂ ਜੀ! ਕੋਈ ਉਦਾਹਰਣ ਦਿਓ?

(੨) ਉ: ਹੇ ਪਿਆਰੇ! (ਇਉਂ ਹੀ ਸਮਝੋ ਕਿ) ਜਿਵੇਂ ਸੂਰਜ ਦੇ ਨਿਕਲਣ ਨਾਲ ਤਾਰੇ ਲੁੱਕ ਜਾਂਦੇ ਤੇ ਹਨੇਰਾ ਦੂਰ ਹੋ ਜਾਂਦਾ ਹੈ।

(੩) (ਜਾਂ ਜਿਵੇਂ) ਸ਼ੇਰ ਦੇ ਗਰਜਣ ਨਾਲ ਹਰਨਾਂ ਦੀਆਂ ਡਾਰਾਂ ਨੂੰ ਭਾਜੜਾਂ ਪੈ ਜਾਂਦੀਆਂ ਹਨ ਤੇ ਉਹ ਧੀਰਜ ਨਹੀਂ ਧਰਦੀਆਂ, ਭਾਵ ਠਹਿਰਨ ਦਾ ਹੌਸਲਾ ਨਹੀਂ ਕਰਦੀਆਂ।

(੪) ਹੇ ਭਾਈ! (ਇਉਂ ਹੀ ਜਾਣੋ ਕਿ) ਜਿਥੇ ਵੀ ਬਾਬੇ (ਗੁਰੂ ਨਾਨਕ) ਨੇ ਪੈਰ ਰੱਖਿਆ (ਸਿਖਿਆ ਦਿੱਤੀ) ਉਥੇ ਹੀ ਉਸਦਾ ਆਸਣ (ਮਾਨਤਾ ਦੀ ਥਾਂ ਗੱਦੀ) ਬਣਦਾ ਜਾਂਦਾ ਸੀ।

(੫) ਜਗਤ ਦੇ ਜਿਹੜੇ ਵੀ ਕੋਈ ਪ੍ਰਸਿੱਧ ਅਸਥਾਨ ਹਨ ਉਹ ਨਾਨਕ ਮਤੇ ਦੇ ਨਾਮ ਨਾਲ ਪ੍ਰਸਿੱਧ ਹੋਏ (ਭਾਵ ਜਿਵੇਂ ਗੋਰਖ ਮਤਾ, ਨਾਨਕ ਮਤਾ ਬਣ ਗਿਆ, ਇੱਕਰ ਥਾਂ ਥਾਂ ਗੁਰਦੁਆਰਾ ਹੋ ਗਿਆ)।

(੬) (ਇਉਂ) ਘਰ ਘਰ ਵਿਚ ਗੁਰੂ ਦਾ ਅਸਥਾਨ ਧਰਮਸਾਲਾ ਬਣੀਆਂ, ਜਿਥੇ ਕੀਰਤਨ ਹੋਣ ਲੱਗਾ, (ਮਾਨੋਂ) ਵਿਸਾਖੀ ਦੇ ਇਕੱਠ ਸਦਾ ਹੀ ਬਣੇ ਰਹਿੰਦੇ ਹਨ।

(੭) ਬਾਬੇ ਨੇ (ਅਜਿਹੀ ਗੁਰਮਤ ਦੀ ਲਹਿਰ ਚਲਾਈ) ਕਿ ਚਾਰੇ ਦਿਸ਼ਾ ਤਾਰ ਦਿੱਤੀਆਂ, ਨੌ ਖੰਡ ਪ੍ਰਿਥਵੀ ਵਿਚ ਸੱਚੇ ਦਾ ਮੇਲ ਹੋ ਗਿਆ।

(੮) (ਇਸ ਤਰ੍ਹਾਂ) ਕਲਜੁਗ ਵਿਚ ਸ਼੍ਰੋਮਣੀ ਗੁਰੂ ਪ੍ਰਗਟ ਹੋ ਗਿਆ।੨੭।

*ਭਾਵਾਰਥ :* ਇਸ ਉਪ੍ਰੋਕਤ ਪਉੜੀ ਵਿਚ ਕਲਜੁਗ ਦੀ ਅਤਿ ਭਿਆਨਕ ਦੁਰਦਸਾ ਦਰਸਾ ਕੇ ਇਹ ਦੱਸਦੇ ਹਨ ਕਿ ਉਸਦੇ ਉਧਾਰ ਨਮਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਨ ਕੀਤਾ ਅਤੇ ਪਾਪਾਂ ਦਾ ਘੋਰ ਅੰਧਕਾਰ ਦੂਰ ਕੀਤਾ ਤੇ ਸਾਰੇ ਦੇਸ਼ ਦਿਸ਼ੰਤਰਾਂ ਵਿਚ ਫਿਰ ਕੇ ਉਪਦੇਸ਼ ਦਿੱਤਾ, ਜਿਸ ਦਾ ਸਦਕਾ ਅਨੰਤ ਜੀਵਾਂ ਦਾ ਉੱਧਾਰ ਹੋਇਆ।

## ੨੮. ਸਿੱਧਾਂ ਦੇ ਉੱਧਾਰ ਹਿਤ ਸੁਮੇਰ ਪਰਬਤ ਤੇ ਜਾਣਾ

**੧. ਬਾਬੇ ਡਿਠੀ ਪ੍ਰਿਥਵੀ**
**ਨਵੈ ਖੰਡ ਜਿਥੇ ਤਕ ਆਹੀ।**
**੨. ਫਿਰ ਜਾ ਚੜ੍ਹੇ ਸੁਮੇਰ ਪਰ**
**ਸਿੱਧ ਮੰਡਲੀ ਦ੍ਰਿਸ਼ਟੀ ਆਈ।**
**੩. ਚੌਰਾਸੀਹ ਸਿਧ ਗੋਰਖਾਦਿ**
**ਮਨ ਅੰਦਰ ਗਿਣਤੀ ਵਰਤਾਈ।**
**੪. ਸਿੱਧ ਪੁੱਛਣ ਸੁਣਿ ਬਾਲਆ!**
**ਕੌਣ ਸ਼ਕਤਿ ਤੁਹਿ ਏਥੇ ਲਿਆਈ।**
**੫. ਹਉਂ ਜਪਿਆ ਪਰਮੇਸ਼ਰੋ**
**ਭਾਉ ਭਗਤਿ ਸੰਗਿ ਤਾੜੀ ਲਾਈ।**
**੬. ਆਖਣਿ ਸਿੱਧ ਸੁਣ ਬਾਲਿਆ!**
**ਆਪਣਾ ਨਾਉ ਤੁਮ ਦੇਹੁ ਬਤਾਈ।**
**੭. ਬਾਬਾ ਆਖੇ ਨਾਥ ਜੀ!**
**ਨਾਨਕ ਨਾਮ ਜਪੇ ਗਤਿ ਪਾਈ।**
**੮. ਨੀਚ ਕਹਾਇ ਊਚ ਘਰ ਆਈ ॥੨੮॥**

*ਪਦ ਅਰਥ :* ਗਿਣਤੀ—ਸੰਸਾ, ਸੋਚ, ਫ਼ਿਕਰ। ਬਾਲਿਆ—ਹੇ ਛੋਟੀ ਉਮਰ ਦੇ ਬਾਲੇ, ਬਾਲਕੇ, ਚੇਲੇ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਸ ਗੁਰਮਤਿ ਦਾ ਉਜਾਲਾ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਨ ਕੀਤਾ, ਉਸ ਦੀ ਅਰੰਭਤਾ ਕਿਥੋਂ ਅਰੰਭ ਕੀਤੀ?

(੧) ਉ: ਹੇ ਭਾਈ! ਸਤਿਗੁਰੂ ਜੀ ਨੇ (ਪਹਿਲੇ) ਨੌ ਖੰਡ ਤੇ ਸਾਰੀ ਧਰਤੀ ਫਿਰ ਕੇ ਦੇਖੀ।

(੨) ਤੇ, ਫਿਰ ਉਹ ਸੁਮੇਰ ਨਾਮੇ ਪਹਾੜ ਪਰ ਜਾ ਚੜ੍ਹੇ, (ਉਥੇ) ਸਿੱਧਾਂ ਦੀ (ਮੰਡਲੀ) ਸਭਾ ਨਜ਼ਰੀ ਪਈ।

(੩) (ਉਥੇ) ਗੋਰਖ ਆਦਿ ਚੋਰਾਸੀ ਸਿੱਧ (ਸਨ, ਉਨ੍ਹਾਂ ਦੇ) ਮਨ ਵਿਚ ਸੋਚ, ਫੁਰਨਾ ਫੁਰਿਆ ਕਿ ਇਹ ਇਥੇ ਕਿਸ ਸ਼ਕਤੀ ਨਾਲ ਆ ਪਹੁੰਚਾ ਹੈ।

ਪ੍ਰ: ਕਿਉਂ ਜੀ! ਕੀ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪਹਿਲੋਂ ਕੋਈ ਸਵਾਲ ਭੀ ਪੁੱਛਿਆ ਸੀ?

(੪) ਉ: ਸਿੱਧਾਂ ਨੇ ਪਹਿਲੋਂ ਇਹੋ ਪੁੱਛ ਕੀਤੀ ਕਿ ਸੁਣ ਹੇ ਬਾਲੇ! ਤੂੰ ਸਾਨੂੰ ਦਸ ਕਿ ਇਥੇ (ਏਨੀ ਉੱਚੀ ਤੇ ਡੂੰਘੀਆਂ ਖੱਡਾਂ ਵਾਲੀ ਥਾਂ ਤੇ ਤੂੰ) ਕਿਸ ਤਾਕਤ ਨਾਲ ਆਇਆ ਹੈਂ?

(੫) (ਤਾਂ ਗੁਰੂ ਜੀ ਬੋਲੇ) ਮੈਂ ਨਿਰੰਕਾਰ ਦਾ ਨਾਮ ਜਪਿਆ ਹੈ ਤੇ ਪ੍ਰੇਮਾ ਭਗਤੀ ਵਾਲੀ ਸਮਾਧੀ (ਤਪੱਸਿਆ ਕੀਤੀ) ਲਾਈ ਹੈ।

(੬) ਪ੍ਰ: ਸਿੱਧ ਬੋਲੇ ਕਿ ਹੇ ਬਾਲੇ! ਸੁਣ (ਤੂੰ ਸਾਨੂੰ) ਆਪਣਾ ਨਾਮ ਤਾਂ ਦੱਸ ਦੇਹ।

(੭) ਉ: ਬਾਬੇ ਨੇ ਕਿਹਾ (ਹੇ ਨਾਥ ਜੀ! ਸੁਣੋ) ਨਾਨਕ ਮੇਰਾ ਨਾਮ ਹੈ (ਤੇ ਮੈਂ ਪ੍ਰਭੂ ਦਾ) ਨਾਮ ਜਪ ਕੇ ਸ਼ਕਤੀ ਪ੍ਰਾਪਤ ਕੀਤੀ ਹੈ (ਗਤੀ ਪ੍ਰਾਪਤ ਕੀਤੀ ਹੈ)।

(੮) ਹੇ ਸਿੱਧੋ! (ਤੁਸੀਂ ਵੀ ਨਿਸਚਾ ਕਰੋ ਕਿ) ਨਿਮ੍ਰਤਾ ਵਿਚ ਰਹਿ ਕੇ ਹੀ ਉੱਚੀ ਵਡਿਆਈ ਪਾਈਦੀ ਹੈ (ਭਾਵ ਉੱਚੇ ਦਰਜੇ ਤੇ ਪਹੁੰਚੀਦਾ ਹੈ)।੨੮।

*ਭਾਵਾਰਥ :* ਗੁਰੂ ਨਾਨਕ ਦੇਵ ਜੀ ਜਦੋਂ ਜਗਤ ਦੇ ਜੀਵਾਂ ਦਾ ਉੱਧਾਰ ਕਰਦੇ ਹੋਏ ਸੁਮੇਰ ਪਰ ਪਹੁੰਚੇ। ਇਥੇ ਸੁਮੇਰ ਤੋਂ ਭਾਵ ਹੈ ਕੈਲਾਸ਼ ਦਾ ਇਲਾਕਾ ਜਿਥੇ ਮਾਨ-ਸਰੋਵਰ ਦੀ ਝੀਲ ਹੈ। ਇਨ੍ਹਾਂ ਸਿੱਧਾਂ ਨੇ ਆਪਣੇ ਤੱਕ ਗੁਰੂ ਜੀ ਦੀ ਪਹੁੰਚ ਵੇਖ ਕੇ ਸਿੱਧੀ ਦੀ ਸ਼ਕਤੀ ਪੁੱਛੀ। ਪਰ ਗੁਰੂ ਜੀ ਨੇ ਉੱਤਰ ਵਿਚ ਭੀ ਉਪਦੇਸ਼ ਹੀ ਦਿੱਤਾ ਕਿ ਅਸਾਂ ਕੇਵਲ ਨਾਮ ਜਪਿਆ ਹੈ ਤੇ ਪ੍ਰੇਮ ਕੀਤਾ ਹੈ, ਸਿੱਧੀਆਂ ਸਿੱਧ ਕਰਨ ਵਿਚ ਆਪਣਾ ਕੀਮਤੀ ਵਕਤ ਨਹੀਂ ਗਵਾਇਆ। ਜਦੋਂ ਉਨ੍ਹਾਂ ਨੇ ਨਾਮ ਪੁੱਛਿਆ ਤਾਂ ਭੀ ਉਪਦੇਸ਼ ਹੀ ਦਿੱਤਾ ਕਿ ਮੁਕਤੀ ਨਾਮ ਜਪਣ ਨਾਲ ਹੀ ਹੁੰਦੀ ਹੈ ਅਰ ਹੰਕਾਰ ਨੂੰ ਛੱਡ ਕੇ ਨਿਮ੍ਰਤਾ ਧਾਰਿਆਂ ਉੱਚਾ ਪਦ ਮਿਲਦਾ ਹੈ। ਗੁਰੂ ਅਰਜਨ ਦੇਵ ਜੀ ਦਾ ਭੀ ਸੁਖਮਨੀ ਸਾਹਿਬ ਵਿਚ ਇਹੋ ਉਪਦੇਸ਼ ਹੈ:

ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥ *(ਸੁਖਮਨੀ, ਪੰਨਾ ੨੬੬)*

## ੨੯. ਸਿੱਧਾਂ ਨਾਲ ਪ੍ਰਸ਼ਨੋਤ੍ਰੀ

੧. ਫਿਰ ਪੁੱਛਣਿ ਸਿੱਧ ਨਾਨਕਾ
ਮਾਤ ਲੋਕ ਵਿਚ ਕਿਆ ਵਰਤਾਰਾ।
੨. ਸਭ ਸਿਧੀ ਇਹ ਬੁਝਿਆ
ਕਲਿ ਤਾਰਣ ਨਾਨਕ ਅਵਤਾਰਾ।
੩. ਬਾਬੇ ਕਹਿਆ, ਨਾਥ ਜੀ!
ਸੱਚ ਚੰਦ੍ਰਮਾਂ ਕੂੜ ਅੰਧਾਰਾ।
੪. ਕੂੜ ਅਮਾਵਸ ਵਰਤਿਆ
ਹਉਂ ਭਾਲਣ ਚੜ੍ਹਿਆ ਸੰਸਾਰਾ।
੫. ਪਾਪ ਗਿਰਾਸੀ ਪ੍ਰਿਥਮੀ
ਧੌਲ ਖੜਾ ਧਰ ਹੇਠ ਪੁਕਾਰਾ।
੬. ਸਿੱਧ ਛਪ ਬੈਠੇ ਪਰਬਤੀਂ
ਕੌਣ ਜਗਤ ਕਉ ਪਾਰ ਉਤਾਰਾ।
੭. ਜੋਗੀ ਗਿਆਨ ਵਿਹੂਣਿਆਂ
ਨਿਸਦਿਨ ਅੰਗ ਲਗਾਇਨ ਛਾਰਾ।
੮. ਬਾਝ ਗੁਰੂ ਡੁੱਬਾ ਜੱਗ ਸਾਰਾ ॥੨੯॥

*ਪਦ ਅਰਥ :* ਵਰਤਾਰਾ—ਵਰਤੋਂ ਵਿਹਾਰ। ਗਿਰਾਸੀ—ਫੜੀ, ਮੂੰਹ ਵਿਚ ਪਾਈ ਹੋਈ। ਨਿਸਦਿਨ—ਰਾਤ ਦਿਨ। ਛਾਰਾ—ਸੁਆਹ।

*ਅਰਥ :*

ਪ੍ਰ: ਪਿਛਲੀ ਪਉੜੀ ਵਿਚ ਜੋ ਗੁਰੂ ਨਾਨਕ ਜੀ ਨੇ ਸਿੱਧਾਂ ਨੂੰ ਜਵਾਬ ਦਿੱਤਾ ਉਹ ਸੁਣਕੇ

(੧) ਸਿੱਧਾਂ ਨੇ ਫੇਰ ਪੁਛਿਆ ਕਿ ਨਾਨਕ ਜੀ! ਮਾਤਲੋਕ (ਭਾਰਤ ਖੰਡ) ਵਿਚ ਕੀ ਵਰਤ ਵਰਤਾਰਾ (ਹੋ ਰਿਹਾ) ਹੈ।

(੨) (ਪਰ ਗੁਰੂ ਜੀ ਦੇ ਏਨੀ ਉੱਚੀ ਤੇ ਬਿਖੜੇ ਰਾਹ ਵਾਲੀ ਥਾਂ ਤੇ ਪੁੱਜਣ ਤੋਂ ਅਤੇ ਆਪ ਜੀ ਦੇ ਕਥਨ ਤੇ ਤੇਜ ਪ੍ਰਤਾਪ ਤੋਂ) ਸਾਰੇ ਸਿੱਧਾਂ ਨੂੰ ਮਨ ਵਿਚ ਗੱਲ ਜੱਚ ਗਈ ਕਿ (ਇਹ) ਨਾਨਕ ਕਲਜੁਗ ਦੇ ਤਾਰਨ ਵਾਲਾ ਅਵਤਾਰ ਹੈ।

(੩) (ਸੋਚਾਂ ਵਿਚ ਪਏ ਸਿੱਧਾਂ ਨੂੰ) ਗੁਰੂ ਜੀ ਨੇ ਜਵਾਬ ਦਿੱਤਾ ਕਿ ਹੇ ਨਾਥ ਜੀ! (ਸੱਚ ਤਾਂ ਇਹੋ ਹੈ ਕਿ) ਸੱਚ ਚੰਦ੍ਰਮਾ ਹੈ ਤੇ ਕੂੜ (ਨਿਰਾ) ਹਨੇਰਾ ਹੈ।

(੪) ਭਾਵ ਹੈ ਕਿ, ਕੂੜ ਅਮਾਵਸ (ਦੀ ਰਾਤ ਵਾਂਙੂ) ਵਰਤ ਰਿਹਾ ਹੈ ਪਰ ਮੈਂ ਸੰਸਾਰ ਵਿਖੇ (ਸੱਚ ਨੂੰ) ਲੱਭਣ ਲਈ ਚੜ੍ਹਿਆ ਹਾਂ।

ਪ੍ਰ: ਕਿਉਂ ਜੀ! ਆਖ਼ਰ ਆਪ ਨੇ ਹੁਣ ਤਕ ਤੱਕਿਆ ਕੀ ਹੈ?

(੫) ਉ: ਹੇ ਸਿੱਧੋ! (ਮੈਂ ਵੇਖ ਰਿਹਾ ਹਾਂ ਕਿ) ਪਾਪ ਨੇ (ਸਾਰੀ) ਧਰਤੀ ਨੂੰ ਗ੍ਰਸ ਲਿਆ ਹੈ ਤੇ ਧਉਲ (ਧਰਮ) ਧਰਤੀ ਦੇ ਹੇਠ ਖੜੋਤਾ ਪੁਕਾਰਾਂ ਕਰ ਰਿਹਾ ਹੈ (ਕਿ ਹੇ ਪ੍ਰਭੂ ਜੀ! ਮੈਨੂੰ ਬਚਾ ਲਓ)।

(੬) ਹੇ ਪ੍ਰਭੂ ਜੀਉ! ਸਿੱਧ ਲੋਕ ਤਾਂ ਪਹਾੜਾਂ ਵਿਚ ਆਣ ਲੁਕੇ ਹਨ, (ਜੋ ਕੁਝ ਸ਼ਕਤੀ ਰੱਖਦੇ ਸਨ) ਤੇ ਹੁਣ (ਡੁੱਬ ਰਹੇ) ਜਗਤ ਨੂੰ ਪਾਰ ਕੌਣ ਕਰੇ?

(੭) ਜੋ ਜੋਗੀ ਲੋਕ ਹਨ ਉਹ ਅਗਿਆਨੀਆਂ ਵਾਂਗ ਕੇਵਲ ਰਾਤ ਦਿਨ ਸਰੀਰ ਤੇ ਸੁਆਹ ਮਲ ਛੱਡਣ ਨੂੰ ਹੀ ਸਭੋ ਕੁੱਝ ਸਮਝ ਬੈਠੇ ਹਨ।

(੮) ਗੁਰੂ ਤੋਂ ਬਿਨਾਂ, ਹੇ ਭਾਈ! ਸਿੱਧੋ ਦੱਸੋ, ਇਸ ਸਮੇਂ ਜਗਤ ਨੂੰ ਕੌਣ ਪਾਰ ਲਾਏ (ਭਾਵ ਗੁਰੂ ਉਪਦੇਸ਼ ਤੋਂ ਬਿਨਾਂ ਇਹ ਸਾਰਾ ਜਗ ਡੁੱਬ ਰਿਹਾ ਹੈ)।੨੯।

*ਭਾਵਾਰਥ :* ਗੁਰੂ ਜੀ, ਸਿੱਧਾਂ ਨੂੰ ਇਹ ਅਸਲੀਅਤ ਜਣਾ ਰਹੇ ਹਨ ਕਿ ਹੇ ਸਿੱਧੋ! ਤੁਸੀਂ ਜੋ ਵੱਡੇ ਸਿੱਧ ਹੋ ਕੇ ਪਰਬਤਾਂ ਵਿਚ ਲੁਕ ਕੇ ਆ ਬੈਠੇ ਹੋ, ਅਤੇ ਜੋ ਸਿੱਧੀਆਂ ਰੱਬੀ ਮਾਰਗ ਵਿਚ ਰੁਕਾਵਟ ਹਨ, ਇਨ੍ਹਾਂ ਵਿਚ ਹੀ ਮਸਤ ਹੋ ਰਹੇ ਹੋ, ਅਤੇ ਜੋਗੀ ਲੋਕ ਜੋ ਦੇਸ਼ ਵਿਚ ਹਨ, ਉਹ ਸੁਆਹ ਮਲ ਕੇ ਹੀ ਮਸਤ ਹਨ, ਪਰ ਪਾਪ ਸਾਰੇ ਸੰਸਾਰ ਵਿਚ ਪਸਰ ਰਿਹਾ ਹੈ, ਸੱਚ ਕਿਤੇ ਨਜ਼ਰੀ ਨਹੀਂ ਪੈਂਦਾ। ਇਸੇ ਤਰ੍ਹਾਂ ਗੁਰੂ ਤੋਂ ਬਿਨਾਂ ਸਾਰਾ ਸੰਸਾਰ ਹੀ ਡੁੱਬ ਰਿਹਾ ਹੈ। ਇਸ ਕਥਨ ਵਿਚ ਗੁਰੂ ਜੀ ਨੇ ਉਨ੍ਹਾਂ ਸਿੱਧਾਂ ਨੂੰ ਇਹੋ ਦੱਸਿਆ ਕਿ ਤੁਸਾਂ ਆਪਣਾ ਫ਼ਰਜ਼ ਜੋ ਜਗਤ ਨੂੰ ਸ਼ੁਭ ਮਾਰਗ ਲਾਉਣ ਦਾ ਸੀ, ਉਸਨੂੰ ਉੱਕਾ ਹੀ ਭੁੱਲਾ ਬੈਠੇ ਹੋ, ਤਾਂ ਤੇ ਇਸ ਸਾਰੇ ਕਲੇਸ਼ ਦੇ ਜ਼ਿੰਮੇਵਾਰ ਤੁਸੀਂ ਹੋ।

ਇਸ ਪਉੜੀ ਵਿਚ ਸੁਮੇਰ ਤੋਂ ਉਸ ਪਰਬਤ ਤੋਂ ਮੁਰਾਦ ਹੈ ਜਿਥੇ ਕਿ ਸਿੱਧ ਰਹਿੰਦੇ ਸਨ, ਅਤੇ ਮਾਤ ਲੋਕ ਉਹ ਮੈਦਾਨੀ ਥਾਂ ਸੀ ਜਿਥੇ ਲੋਕ ਦੁਖੀ ਸਨ, ਜਿਸਦੇ ਮੁਕਾਬਲੇ ਵਿਚ ਪਰਬਤ ਹਨ ਜਿਥੇ ਕਿ ਸਿੱਧ ਲੁਕੇ ਹੋਏ ਸਨ। ਸੁਮੇਰ ਤੋਂ ਸਵਰਗ ਤੇ ਮਾਤ ਲੋਕ ਤੋਂ ਇਹ ਹੇਠਲੀ ਧਰਤੀ ਮੁਰਾਦ ਨਹੀਂ ਹੈ।

## ੩੦. ਸੰਸਾਰ ਵਿਚ ਵਰਤ ਰਹੇ ਹਨੇਰ ਦੀ ਜਾਣਕਾਰੀ

੧. ਕਲਿ ਆਈ ਕੁੱਤੇ ਮੁਹੀ
ਖਾਜ ਹੋਆ ਮੁਰਦਾਰ ਗੁਸਾਈ।
੨. ਰਾਜੇ ਪਾਪ ਕਮਾਂਵਦੇ
ਉਲਟੀ ਵਾੜ ਖੇਤ ਕਉ ਖਾਈ।
੩. ਪਰਜਾ ਅੰਧੀ ਗਿਆਨ ਬਿਨ
ਕੂੜ ਕੁਸੱਤ ਮੁਖਹੁ ਆਲਾਈ।
੪. ਚੇਲੇ ਸਾਜ ਵਜਾਇੰਦੇ
ਨੱਚਣ ਗੁਰੂ ਬਹੁਤ ਬਿਧ ਭਾਈ।
੫. ਸੇਵਕ ਬੈਠਨ ਘਰਾਂ ਵਿਚ
ਗੁਰ ਉਠ ਘਰੀਂ ਤਿਨਾੜੇ ਜਾਈ।
੬. ਕਾਜ਼ੀ ਹੋਏ ਰਿਸ਼ਵਤੀ
ਵੱਢੀ ਲੈ ਕੈ ਹੱਕ ਗਵਾਈ।
੭. ਇਸਤ੍ਰੀ ਪੁਰਖੈ ਦਾਮ ਹਿਤ
ਭਾਵੇਂ ਆਇ ਕਿਥਾਊਂ ਜਾਈ।
੮. ਵਰਤਿਆ ਪਾਪ ਸਭਸੁ ਜਗ ਮਾਂਹੀ॥੩੦॥

*ਪਦ ਅਰਥ :* ਕਲਿ ਆਈ—ਕਲਜੁਗ ਵਰਤ ਗਿਆ। ਕੁੱਤੇ ਮੁਹੀ—ਬੇ-ਸਮਝ ਕੁੱਤੇ ਵਾਂਗ। ਕਾਜੀ—ਉਸ ਸਮੇਂ ਦੇ ਨਿਆਂਕਾਰ। ਕੂੜ—ਝੂਠ, ਅਸੱਤ। ਦਾਮ ਹਿਤ—ਪੈਸੇ ਦੇ ਪਿਆਰ ਲਈ।

*ਅਰਥ :*

ਪ੍ਰ: ਸਿੱਧਾਂ ਨੇ ਪੁੱਛਿਆ ਕਿ ਹੇ ਨਾਨਕ! ਤੇਰੇ ਕਥਨ ਤੋਂ ਪ੍ਰਤੀਤ ਹੁੰਦਾ ਹੈ ਕਿ ਤੂੰ ਸਾਰੇ ਜਗਤ ਦਾ ਚੱਕਰ ਲਾ ਆਇਆ ਹੈਂ, ਪਰ ਕੀ ਸਾਨੂੰ ਇਹ ਭੀ ਦਸੋਗੇ ਕਿ ਸਾਰੇ ਹੀ ਸੰਸਾਰ ਅੰਦਰ ਅੱਜ ਕੀ ਵਰਤਾਰਾ ਵਰਤ ਰਿਹਾ ਹੈ?

ਹੁਣ ਆਪ ਜੀ, ਉਸ ਸੱਚੇ ਮਾਲਕ ਦੇ ਸਨਮੁਖ ਹੋ, ਸਿੱਧਾਂ ਨੂੰ ਉੱਤਰ ਦੇ ਰਹੇ ਹਨ ਕਿ:

(੧) ਉ: (ਹੇ ਮੇਰੇ ਸੱਚੇ) ਮਾਲਕ ਕਲਜੁਗ ਦੀ ਲੁਕਾਈ ਕੁੱਤੇ ਮੂੰਹੀ, ਭਾਵ ਹਰ ਪਾਸੇ ਮੂੰਹ ਮਾਰਨ ਵਾਲੀ ਹੋ ਗਈ ਹੈ, ਤੇ ਇਨ੍ਹਾਂ ਦਾ ਖਾਜ (ਖਾਣ ਪੀਣ) ਮੁਰਦਾਰ (ਝੂਠ ਤੇ ਖੋਹਾ-ਖੋਹੀ ਦੀ ਕਮਾਈ) ਦਾ ਹੋ ਗਿਆ ਹੈ, ਭਾਵ ਹੱਕ ਬੇ-ਹੱਕ ਨਹੀਂ ਦੇਖਦੀ।

(੨) ਜਿਥੇ ਰਾਜਿਆਂ ਦਾ ਧਰਮ ਸੀ ਨਿਆਂ ਕਰਨਾ, ਉਥੇ ਉਹ ਰਾਜੇ ਅਨਿਆਂ ਕਰ ਰਹੇ ਹਨ, ਇਵੇਂ ਹੀ ਸਮਝੋ ਜਿਹੜੀ ਵਾੜ ਖੇਤੀ ਦੀ ਰਾਖੀ ਕਰਨ ਲਈ ਸੀ, ਉਹ ਉਲਟਾ ਖੇਤ ਨੂੰ ਖਾਂਦੀ ਹੈ। ਭਾਵ ਰਾਜੇ ਪਰਜਾ ਨੂੰ ਹੀ ਦੁੱਖ ਦੇ ਰਹੇ ਹਨ।

(੩) (ਵੇਖਣ ਵਿਚ ਆਉਂਦਾ ਹੈ ਕਿ) ਪਰਜਾ ਵੀ ਗਿਆਨ ਤੋਂ ਸੱਖਣੀ ਅੰਨ੍ਹੀ ਹੋ ਰਹੀ ਹੈ, (ਕਿਉਂਕਿ) ਮੂੰਹ ਵਿਚੋਂ ਕੂੜ (ਝੂਠ ਤੇ ਅਸੱਤ) ਬੋਲੀ ਜਾ ਰਹੀ ਹੈ।

ਪ੍ਰ: ਕਿਉਂ ਜੀ! ਜੋ ਗੁਰੂ ਸ਼੍ਰੇਣੀ ਦੇ ਪੂਜਨੀਕ ਲੋਕ ਹਨ ਉਨ੍ਹਾਂ ਦਾ ਲੋਕਾਂ ਨਾਲ ਕੀ ਵਰਤਾਰਾ ਹੈ?

(੪) ਉ: ਹੇ ਭਾਈ! ਉਨ੍ਹਾਂ ਨਾਮ ਧਰੀਕ ਗੁਰੂਆਂ ਦੀ ਅਜਿਹੀ ਦਸ਼ਾ ਹੈ ਕਿ ਚੇਲੇ ਸਾਜ ਵਜਾ ਰਹੇ ਹਨ ਤੇ ਗੁਰੂ ਬਹੁਤ ਤਰ੍ਹਾਂ ਨਾਲ ਨਾਚ ਨੱਚ ਰਹੇ ਹਨ (ਮਾਇਆ ਪ੍ਰਾਪਤ ਕਰਨ ਲਈ)।

(੫) (ਇਥੇ ਹੀ ਬੱਸ ਨਹੀਂ) ਸੇਵਕ ਤਾਂ (ਆਪੋ ਆਪਣੇ) ਘਰਾਂ ਵਿਚ ਬੈਠੇ ਹਨ, ਪਰ ਗੁਰੂ ਆਪ ਚੱਲ ਕੇ ਉਨ੍ਹਾਂ ਦੇ ਘਰੀਂ ਜਾਂਦੇ ਹਨ।

ਪ੍ਰ: ਕਿਉਂ ਜੀ! ਉਸ ਸਮੇਂ ਦੇ ਨਿਆਂਕਾਰ ਕਾਜ਼ੀ ਲੋਕ ਤਾਂ ਆਪੋ ਆਪਣੇ ਸੱਚਾਈ ਦੇ ਫ਼ਰਜ਼ ਨੂੰ ਅਦਾ ਕਰਦੇ ਹੋਣਗੇ?

(੬) ਉ: ਹੇ ਭਾਈ! ਉਸ ਸਮੇਂ ਦੇ ਕਾਜ਼ੀ ਭੀ ਵੱਢੀ ਖੋਰ ਹੋ ਗਏ ਹਨ, ਕਿਉਂਕਿ ਰਿਸ਼ਵਤ ਲੈ ਕੇ ਪਰਾਇਆ ਹੱਕ ਗਵਾ ਦੇਂਦੇ ਹਨ, ਤੇ ਸੱਚ ਨੂੰ ਖ਼ਤਮ ਕਰ ਰਹੇ ਹਨ।

(੭) (ਭਾਵੇਂ ਸਤੀ ਪਤੀ ਦਾ ਪਿਆਰ ਅਟੁੱਟ ਮੰਨਿਆ ਗਿਆ ਹੈ ਪਰ ਇਸ ਸਮੇਂ ਤਾਂ ਸਮਾਜ ਇਥੋਂ ਤੱਕ ਨਿਘਰ ਗਿਆ ਹੈ ਕਿ) ਇਸਤ੍ਰੀ ਤੇ ਪੁਰਸ਼ ਦਾ ਸੰਬੰਧ ਕੇਵਲ ਪੈਸੇ ਦਾ ਹੀ ਰਹਿ ਗਿਆ ਹੈ, ਥਾਂ-ਕੁ-ਥਾਂ ਭਾਵੇਂ ਕਿਤੇ ਕੋਈ ਚਲਾ ਜਾਵੇ ਭਾਵੇਂ ਆ ਜਾਵੇ (ਕੋਈ ਭੀ ਕਿਸੇ ਨੂੰ ਇਕ ਦੂਜੇ ਤੇ ਘਿਰਣਾ ਨਹੀਂ ਹੈ)।

(੮) (ਇਸ ਤਰ੍ਹਾਂ) ਸਾਰੇ ਜਗਤ ਵਿਚ ਪਾਪ ਦਾ ਵਰਤਾਰਾ ਹੋ ਰਿਹਾ ਹੈ।੩੦।

*ਭਾਵਾਰਥ :* ਇਸ ਪਉੜੀ ਵਿਚ ਮਾਤ ਲੋਕ ਦੀ ਅਤਿ ਨੀਵੀਂ ਦਸ਼ਾ ਦਸ ਰਹੇ ਹਨ ਕਿ ਹੱਕ ਨਿਹੱਕ ਦੀ ਵੀਚਾਰ ਨਹੀਂ ਰਹੀ। ਰਾਜੇ ਜ਼ਾਲਮ ਹਨ, ਪਰਜਾ ਵਿਚ ਅਗਿਆਨ ਹੈ ਤੇ ਝੂਠੀ ਹੋ ਗਈ ਹੈ। ਧਰਮ ਦੇ ਉਪਦੇਸ਼ਕ ਰਾਸ ਮੰਡਲਾ

ਤੇ ਲੀਲ੍ਹਾ ਵਿਚ ਰੁੱਝ ਰਹੇ ਹਨ। ਗੁਰੂ ਚੇਲੇ ਦਾ ਤਾਅਲੁੱਕ ਉਲਟ ਗਿਆ ਹੈ। ਗੁਰੂ ਚੇਲਿਆਂ ਨੂੰ ਲੱਭਦੇ ਫਿਰਦੇ ਹਨ, ਉਨ੍ਹਾਂ ਦੇ ਘਰੀਂ ਜਾ ਕੇ ਜਾਲ ਵਛਾ ਕੇ ਚਿੜੀਆਂ ਫਾਉਂਦੇ ਹਨ, ਨਿਆਂ ਕਰਨਾ ਜਿਨ੍ਹਾਂ ਦੇ ਹੱਥ ਹੈ ਉਹ ਰਿਸ਼ਵਤ ਖੋਰੇ ਹੋ ਗਏ ਹਨ। ਗ੍ਰਿਹਸਤ ਧਰਮ ਨਸ਼ਟ ਹੋ ਗਿਆ ਹੈ, ਇਸਤ੍ਰੀ ਭਰਤੇ ਦਾ ਪਿਆਰ ਕੇਵਲ ਪੈਸੇ ਦਾ ਰਹਿ ਗਿਆ ਹੈ। ਗੱਲ ਕੀ ਸਾਰੇ ਥਾਂ ਪਾਪ ਹੀ ਪਸਰ ਰਿਹਾ ਹੈ।

## ੩੧. ਸਿੱਧਾਂ ਵੱਲੋਂ ਗੁਰੂ ਜੀ ਦੀ ਪ੍ਰੀਖਿਆ

੧. ਸਿੱਧੀਂ ਮਨੇ ਬਿਚਾਰਿਆ
ਕਿਵੇਂ ਦਰਸਨ ਏਹ ਲੇਵੇ ਬਾਲਾ।
੨. ਐਸਾ ਜੋਗੀ ਕਲੀ ਮਹਿੰ
ਹਮਰਾ ਪੰਥ ਕਰੇ ਉਜਿਆਲਾ।
੩. ਖੱਪਰ ਦਿਤਾ ਨਾਥ ਜੀ
ਪਾਣੀ ਭਰ ਲੇਵਣ ਉਠ ਚਾਲਾ।
੪. ਬਾਬਾ ਆਯਾ ਪਾਣੀਐ
ਡਿਠੇ ਰਤਨ ਜਵਾਹਰ ਲਾਲਾ।
੫. ਸਤਿਗੁਰ ਅਗਮ ਅਗਾਧ ਪੁਰਖ
ਕਿਹੜਾ ਝੱਲੇ ਗੁਰੂ ਦੀ ਝਾਲਾ।
੬. ਫਿਰ ਆਯਾ ਗੁਰ ਨਾਥ ਜੀ!
ਪਾਣੀ ਠਉੜ ਨਹੀ ਉਸ ਤਾਲਾ।
੭. ਸ਼ਬਦ ਜਿਤੀ ਸਿਧ ਮੰਡਲੀ
ਕੀਤੋਸੁ ਅਪਣਾ ਪੰਥ ਨਿਰਾਲਾ।
੮. ਕਲਿਜੁਗ ਨਾਨਕ ਨਾਮ ਸੁਖਾਲਾ ॥੩੧॥

***ਪਦ ਅਰਥ :*** ਦਰਸਨ—(ਜੋਗੀਆਂ ਦਾ) ਭੇਖ। ਉਜਿਆਲਾ—ਰੌਸ਼ਨ। ਖੱਪਰ—ਚਿੱਪੀ। ਅਗਮ ਅਗਾਧ—ਗੰਮਤਾ ਰਹਿਤ, ਸਮਝ ਤੋਂ ਪਰੇ।

***ਅਰਥ :***

ਪ੍ਰ: ਕਿਉਂ ਜੀ! ਬਾਬੇ ਗੁਰੂ ਨਾਨਕ ਜੀ ਦਾ ਸਿੱਧਾਂ ਦੇ ਮਨ ਤੇ ਕੀ ਪ੍ਰਭਾਵ ਪਿਆ?

(੧) ਉ: (ਹੇ ਭਾਈਓ! ਸਿੱਧਾਂ ਨੇ ਇਕੱਠੇ ਹੋ ਕੇ) ਮਨ ਵਿਚ ਸੋਚ ਵੀਚਾਰ ਕੀਤੀ ਕਿ ਕਿਸੇ ਤਰ੍ਹਾਂ ਇਹ ਬਾਲਕਾ (ਸਾਡਾ ਜੋਗੀ) ਭੇਖ, ਜੋਗ ਮਤਿ ਧਾਰਨ ਕਰ ਲਵੇ, ਤਾਂ ਠੀਕ ਹੋਵੇਗਾ।

ਪ੍ਰ: ਕਿਉਂ ਜੀ! ਸਿੱਧਾਂ ਨੂੰ ਗੁਰੂ ਨਾਨਕ ਜੀ ਦੇ ਜੋਗ ਮਤਿ ਧਾਰਨ ਕਰਨ ਤੋਂ ਕੀ ਲਾਭ ਹੋ ਸਕਦਾ ਸੀ?

(੨) ਉ: (ਕਿਉਂਕਿ, ਜੇ) ਅਜਿਹਾ ਜੋਗੀ ਸਾਡੇ ਮੱਤ ਵਿਚ ਆ ਜਾਵੇ ਤਾਂ ਇਹ ਸਾਡੇ ਮੱਤ, ਪੰਥ ਨੂੰ ਕਲਜੁਗ ਵਿਚ ਹੋਰ (ਭੀ) ਚਮਕਾਏਗਾ, ਰੌਸ਼ਨ ਕਰ ਦੇਵੇਗਾ।

(੩) (ਇਹ ਵੀਚਾਰ ਕਰਕੇ) ਜੋਗੀਆਂ ਨੇ ਗੁਰੂ ਜੀ ਨੂੰ ਪਾਣੀ ਲਿਆਉਣ ਲਈ ਚਿੱਪੀ ਦਿੱਤੀ।

(੪) (ਜਦ) ਬਾਬਾ ਪਾਣੀ ਲੈਣ ਚਲਾ ਗਿਆ (ਜੋਗੀਆਂ ਨੇ ਪਾਣੀ ਦੀ ਥਾਂ) ਉਥੇ ਰਤਨ, ਲਾਲ, ਜਵਾਹਰ ਖਿਲਾਰ ਦਿੱਤੇ ਤਾਂ ਗੁਰੂ ਜੀ ਇਹ ਵੇਖ ਕੇ ਵਾਪਸ ਖ਼ਾਲੀ ਹੀ ਆ ਪਰਤੇ।

(੫) ਸਤਿਗੁਰੂ ਵੱਡੇ ਅਗਮ ਤੇ ਪੂਰਨ ਪੁਰਖ (ਸਨ ਉਸ) ਗੁਰੂ ਦੀ ਝਾਲ ਕੌਣ ਝੱਲੇ, ਭਾਵ ਉਸ ਗੁਰੂ ਬਾਬੇ ਨੂੰ ਕੌਣ ਭਰਮਾ ਸਕਦਾ ਸੀ?।

(੬) ਮੁੜ ਕੇ ਆਉਣ ਸਾਰ ਹੀ ਗੁਰੂ ਬਾਬੇ ਨੇ ਗੋਰਖ ਨਾਥ ਨੂੰ ਕਿਹਾ ਕਿ ਨਾਥ ਜੀ! ਉਸ ਥਾਵੇਂ ਤਾਲ ਵਿਚ ਪਾਣੀ ਨਹੀਂ ਹੈ। ਸਿੱਧਾਂ ਪੁਛਿਆ, "ਉਥੇ ਹੋਰ ਕੀ ਸੀ?" ਗੁਰੂ ਬਾਬੇ ਨੇ ਕਿਹਾ, "ਹੋਰ ਕਿਸੇ ਚੀਜ਼ ਵੱਲ ਅਸਾਂ ਡਿੱਠਾ ਹੀ ਨਹੀਂ।" ਭਾਵ ਹੈ ਕਿ ਨਾਥ ਦਾ ਛਲ ਨਾਥ ਪਰ ਹੀ ਪ੍ਰਗਟ ਕਰ ਦਿੱਤਾ।

(੭) (ਇਸ ਤਰ੍ਹਾਂ ਗੁਰੂ ਬਾਬੇ ਨੇ) ਸ਼ਬਦ ਦੀ ਬਰਕਤ ਨਾਲ ਸਾਰੀ ਸਿੱਧ ਮੰਡਲੀ ਨੂੰ ਨਿਰੁੱਤਰ ਕਰਕੇ ਜਿੱਤ ਲਿਆ ਆਪਣਾ ਪੰਥ ਵੱਖਰਾ ਕੀਤਾ।

(੮) ਗੁਰੂ ਬਾਬੇ ਨੇ ਇਹੋ ਸਹੀ ਸਿਧਾਂਤ ਪ੍ਰਗਟ ਕੀਤਾ ਕਿ ਹੇ ਸਿੱਧੋ! ਕਲਜੁਗ ਵਿਚ ਤਾਂ ਕੇਵਲ ਪ੍ਰਭੂ ਦਾ ਨਾਮ ਹੀ ਸੁਖਾਂ ਦਾ ਦਾਤਾ ਹੈ (ਹੋਰ ਕੋਈ ਅਜਿਹੀ ਵਸਤੂ ਨਹੀਂ)।੩੧।

***ਭਾਵਾਰਥ :*** ਗੋਰਖ ਨਾਥ ਨੇ ਗੁਰੂ ਜੀ ਨੂੰ ਲਾਲਚ ਨਾਲ ਆਪਣੇ ਮੱਤ ਵਿਚ ਲਿਆਉਣ ਲਈ ਤਲਾਉ ਵਿਖੇ ਰਤਨ ਤੇ ਮਾਣਿਕ ਭਰ ਦਿੱਤੇ ਕਿ ਗੁਰੂ ਜੀ ਵੇਖ ਕੇ ਭਰਮ ਜਾਣਗੇ। ਪਰ ਗੁਰੂ ਜੀ ਦੀ ਝਾਲ ਕੌਣ ਝਲੇ, ਉਨ੍ਹਾਂ ਨੂੰ ਹੀਰੇ, ਜਵਾਹਰਾਤਾਂ ਦੀ ਜ਼ਰਾ ਮਾਤ੍ਰ ਭੀ ਚਾਹ ਨ ਫੁਰੀ। ਜਦ ਹੈਰਾਨ ਹੋ ਗੋਰਖ ਨਾਥ ਨੇ ਆਪਣੀ ਵਰਤਾਈ ਮਾਇਆ ਵੱਲ ਤੱਕਿਆ ਤਾਂ ਉਸਦੀ ਰਚਨਾ ਗੁੰਮ ਸੀ। ਫਿਰ ਸ਼ਬਦ ਦੀ ਚਰਚਾ ਹੋਈ ਜਿਸ ਵਿਚ ਜੋਗੀ ਸਿੱਧ ਸਾਰੇ ਹਾਰ ਗਏ।

ਗੁਰੂ ਜੀ ਨੇ ਆਪਣਾ ਪੰਥ ਨਿਰਾਲਾ ਕਰਕੇ ਉਨ੍ਹਾਂ ਨੂੰ ਦਿਖਾ ਦਿੱਤਾ। ਇਹ ਸਾਰੀ ਚਰਚਾ 'ਸਿਧ ਗੋਸਟਿ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਜਿਸਦਾ ਭਾਵ ਇਹ ਹੈ ਕਿ ਕਲਜੁਗ ਵਿਚ ਕੇਵਲ 'ਨਾਮ' ਹੀ ਉੱਤਮ ਸਾਧਨ ਹੈ ਅਰ ਬਹੁਤ ਸਿੱਧਾਂ ਤੇ ਸਰਲ, ਮੁਕੰਮਲ ਜਤਨ ਹੈ, ਜੋ ਗੁਰੂ ਜੀ ਦਾ ਮੱਤ ਹੈ।

## ੩੨. ਮੱਕੇ ਦੀ ਯਾਤਰਾ

੧. ਬਾਬਾ ਫਿਰ ਮੱਕੇ ਗਿਆ
ਨੀਲ ਬਸਤ੍ਰ ਧਾਰੇ ਬਨਵਾਰੀ।
੨. ਆਸਾ ਹੱਥ ਕਿਤਾਬ ਕੱਛ
ਕੂਜਾ ਬਾਂਗ ਮੁਸੱਲਾ ਧਾਰੀ।
੩. ਬੈਠਾ ਜਾਇ ਮਸੀਤ ਵਿਚ
ਜਿਥੇ ਹਾਜੀ ਹੱਜ ਗੁਜਾਰੀ।
੪. ਜਾਂ ਬਾਬਾ ਸੁਤਾ ਰਾਤ ਨੂੰ
ਵੱਲ ਮਹਿਰਾਬੇ ਪਾਇ ਪਸਾਰੀ।
੫. ਜੀਵਣ ਮਾਰੀ ਲੱਤ ਦੀ
ਕਿਹੜਾ ਸੁੱਤਾ ਕੁਫਰ ਕੁਫਾਰੀ।
੬. ਲੱਤਾਂ ਵਲ ਖੁਦਾਇ ਦੇ
ਕਿਉਂ ਕਰਿ ਪਇਆ ਹੋਇ ਬਜਗਾਰੀ।
੭. ਟੰਗੋਂ ਪਕੜ ਘਸੀਟਿਆ
ਫਿਰਿਆ ਮੱਕਾ ਕਲਾ ਦਿਖਾਰੀ।
੮. ਹੋਇ ਹੈਰਾਨ ਕਰੇਨ ਜੁਹਾਰੀ ॥੩੨॥

***ਪਦ ਅਰਥ :*** ਬਨਵਾਰੀ—ਹਰੀ ਰੂਪ ਸਤਿਗੁਰੂ। ਕੂਜਾ—ਅਸਤਾਵਾ, ਲੋਟਾ। ਮਹਿਰਾਬੇ—ਮੱਕੇ ਦੀ ਉਹ ਥਾਂ, ਜਿੱਧਰ ਸਾਰੇ ਸਿਜਦਾ ਕਰਦੇ ਹਨ। ਕੁੱਫਰ ਕੁਫਾਰੀ—ਖੁਦਾ ਨੂੰ ਨਾ ਮੰਨਣ ਵਾਲਾ, ਵਾਹਿਗੁਰੂ ਦੀ ਏਕਤਾ ਨੂੰ ਨਾ ਮੰਨਣ ਵਾਲਾ। ਕੁਫਾਰੀ—ਨਾ-ਸ਼ੁਕਰਾ। ਬਜਗਾਰੀ—ਪਾਪੀ, ਗੁਨਾਹੀ। ਜੁਹਾਰੀ—ਨਮਸਕਾਰਾਂ।

***ਅਰਥ :***

ਪ੍ਰ: ਕਿਉਂ ਜੀ! ਸਿੱਧਾਂ ਨਾਲ ਵੀਚਾਰ ਵਿਟਾਂਦਰਾ ਕਰਕੇ ਫਿਰ ਗੁਰੂ ਨਾਨਕ ਦੇਵ ਜੀ ਕਿੱਥੇ ਪਹੁੰਚੇ ?

(੧) ਉ: ਹੇ ਭਾਈ! ਗੁਰੂ ਬਾਬਾ (ਸਿੱਧਾਂ ਨੂੰ ਜਿੱਤ ਕੇ) ਫਿਰ ਮੱਕੇ (ਮੁਸਲਮਾਨਾਂ ਦੇ ਸਭ ਤੋਂ ਵੱਡੇ ਧਰਮ ਮੰਦਰ ਵੱਲ ਮੁਸਲਮਾਨੀ ਭੇਖ ਬਣਾ ਕੇ) ਗਿਆ (ਮਾਨੋ) ਬਨਵਾਰੀ ਰੂਪ ਧਾਰ ਕੇ ਜਾਣਾ ਕੀਤਾ।

ਪ੍ਰ: ਕਿਉਂ ਜੀ! ਕੀ ਉਸ ਵੇਲੇ ਉਨ੍ਹਾਂ ਨੂੰ ਆਪਣਾ ਸਰੀਰਕ ਪਹਿਰਾਵਾ ਭੀ ਬਦਲਣਾ ਪਿਆ ਸੀ ?

(੨) ਉ: ਹੇ ਭਾਈਓ! ਅਸਲ ਵਿਚ ਗੁਰੂ ਬਾਬੇ ਦਾ ਮੁਖ ਮਨੋਰਥ ਸੱਚ ਧਰਮ ਦਾ ਉਪਦੇਸ਼ ਕਰਨਾ ਸੀ, ਉਸ ਵਿਚ ਜੇ ਕਦੀ ਆਪ ਜੀ ਨੂੰ ਸਰੀਰਕ ਪੁਸ਼ਾਕ ਭੀ ਬਦਲਣੀ ਪਈ ਤਾਂ ਭੀ ਆਪ ਨੇ ਸੰਕੋਚ ਨਹੀਂ ਕੀਤਾ ਜਿਵੇਂ ਕਿ ਮੱਕੇ ਜਾਣ ਸਮੇਂ ਹੱਥ ਵਿਚ (ਆਸਾ, ਡੰਡਾ, ਸੋਟੀ, ਸੋਟਾ, ਕੱਛ ਵਿਚ ਕਿਤਾਬ) ਲੋਟਾ ਅਤੇ ਥੱਲੇ ਵਿਛਾ ਕੇ ਨਿਮਾਜ਼ ਪੜ੍ਹਨ ਵਾਲੀ ਫੂੜੀ (ਭੀ) ਲੈ ਲਈ।

(੩) ਇਸ ਤਰ੍ਹਾਂ ਦੀ ਬਨਾਵਟ ਬਣਾ ਕੇ ਮੱਕੇ ਵਿਚ ਪਹੁੰਚ ਕੇ ਮਸੀਤ ਵਿਚ ਜਾ ਬੈਠੇ (ਜਿੱਥੇ ਹੋਰ) ਭੀ ਹਾਜੀ ਹੱਜ ਗੁਜ਼ਾਰ ਰਹੇ, ਭਾਵ ਸਿਜਦੇ ਕਰ ਰਹੇ ਸਨ।

(੪) ਜਦੋਂ ਰਾਤ ਪਈ ਤਾਂ (ਬਾਬਾ ਮੱਕੇ ਦੇ ਮਜੌਰਾਂ ਦਾ ਧਿਆਨ ਆਪਣੇ ਵੱਲ ਕਰਾਉਣ ਲਈ) ਮੱਕੇ ਦੇ ਮਹਿਰਾਬੇ ਵੱਲ ਲੱਤਾਂ ਪਸਾਰ ਕੇ ਸੌਂ ਗਿਆ।

(੫) ਜੀਵਨ (ਨਾਮੇਂ ਮੁੱਲਾਂ ਨੇ ਦੇਖਿਆ, ਤਾਂ ਵੱਟ ਕੇ, ਭਾਵ ਕੱਸ ਕੇ) ਲੱਤ ਮਾਰੀ (ਤੇ ਕਿਹਾ) ਕਿ ਕਿਹੜਾ ਖ਼ੁਦਾ ਤੋਂ ਮੁਨਕਰ ਨਾ-ਸ਼ੁਕਰਾ ਸੌਂ ਰਿਹਾ ਹੈ, ਕਾਫ਼ਰ ਸੌਂ ਰਿਹਾ ਹੈ।

(੬) (ਇਸ ਨੂੰ ਪਤਾ ਨਹੀਂ ਕਿ) ਲੱਤਾਂ ਖ਼ੁਦਾ ਵਾਲੇ ਪਾਸੇ ਕਰਕੇ (ਕਿਤੇ) ਗੁਨਾਹਗਾਰਾਂ (ਪਾਪੀਆਂ) ਵਾਂਗ ਪਿਆ ਹੈ।

(੭) ਉਸ ਨੂੰ ਗੁੱਸਾ ਆਇਆ, ਦੇਰ ਨਾ ਕੀਤੀ (ਗੁਰੂ ਜੀ ਨੂੰ) ਲੱਤੋਂ ਫੜ, ਘਸੀਟ ਕੇ, ਲੱਤਾਂ ਨੂੰ ਦੂਜੇ ਪਾਸੇ ਕਰ ਦਿੱਤਾ (ਪਰ) ਬਾਬੇ ਨੇ ਇਸ ਸਮੇਂ ਐਸੀ ਸ਼ਕਤੀ ਦਿਖਾਈ ਕਿ ਜਿਧਰ ਲੱਤਾਂ ਕੀਤੀਆਂ ਮੱਕਾ ਉਧਰ ਹੀ ਫਿਰ ਗਿਆ। ਬਾਬੇ ਦੀਆਂ ਅੱਖਾਂ ਖੁੱਲ੍ਹੀਆਂ ਸਨ ਤੇ ਉਹ ਜੀਵਨ ਹਾਜੀ ਦੇ ਇਸ ਵਿਹਾਰ ਨੂੰ ਵੇਖ ਰਹੇ ਸਨ। ਜੀਵਨ ਆਪਣੇ ਸਾਰੇ ਸਾਥੀਆਂ ਦੇ ਸਮੇਤ ਲੱਤਾਂ ਛੱਡ ਹੈਰਾਨ ਹੋ ਪਿੱਛੇ ਹੱਟ ਗਿਆ।

(੮) ਜਿਵੇਂ ਜਿਵੇਂ ਇਸ ਗੱਲ ਦਾ ਪਤਾ ਲੱਗਾ, ਤਾਂ ਸਭ ਬਾਬੇ ਨੂੰ ਸਿਜਦੇ ਤੇ ਨਮਸਕਾਰਾਂ ਕਰਨ ਲੱਗੇ।੩੨।

***ਭਾਵਾਰਥ :*** ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਦਾ ਸਹੀ ਮਨੋਰਥ ਹੀ ਕੂੜੀ ਕ੍ਰਿਆ ਦਾ ਖੰਡਨ ਕਰਕੇ ਸੱਚ ਨੂੰ ਦ੍ਰਿੜ੍ਹ ਕਰਵਾਉਣਾ ਸੀ, ਉਸ ਬਾਰੇ ਜੋ ਭੀ ਉਨ੍ਹਾਂ ਨੂੰ ਸਰੀਰਕ ਲਿਬਾਸ ਵਿਚ ਬਦਲ ਕਰਨੀ ਪਈ ਉਸ

ਵਿਚ ਆਪ ਜੀ ਨੇ ਰੰਚਕ ਮਾਤ੍ਰ ਭੀ ਸੰਕੋਚ ਨਹੀਂ ਕੀਤੀ, ਜਿਵੇਂ ਕਿ ਗੁਰੂ ਜੀ ਮੱਕੇ ਦੇ ਮੌਲਵੀਆਂ ਦਾ ਹੰਕਾਰ ਤੋੜਨ ਲਈ ਉਨ੍ਹਾਂ ਦਾ ਹੀ ਭੇਖ ਧਾਰ ਕੇ ਮੱਕੇ ਜਾ ਪੁੱਜੇ। ਜਿਧਰ ਭੀ ਉਹ ਗੁਰੂ ਜੀ ਦੀਆਂ ਲੱਤਾਂ ਕਰਨ, ਮੱਕਾ ਉੱਧਰ ਹੀ ਪਿਆ ਫਿਰੇ, ਧੁਨੀ ਇਹੋ ਹੈ ਕਿ ਉਹ ਈਸ਼ਵਰ ਭਗਤਾਂ ਦੇ ਅਧੀਨ ਹੈ, ਗੁਰੂ ਫ਼ੁਰਮਾਨ ਹੈ ਕਿ:

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤ ਨ ਛੂਟੈ ਮੋਹਿ॥
ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥

*(ਪੰਨਾ ੧੨੫੨)*

ਆਖ਼ਰ ਸਿਧਾਂਤ ਇਹੋ ਹੈ ਕਿ ਸਾਰੇ ਮੁਲਾਣੇ ਗੁਰੂ ਬਾਬੇ ਦੀ ਅਗੰਮੀ ਸ਼ਕਤੀ ਵੇਖ ਕੇ ਗੁਰੂ ਜੀ ਦੇ ਚਰਨੀ ਢੱਠ ਪਏ ਤੇ ਸਤਿਗੁਰੂ ਜੀ ਦੇ ਦਿਲੋਂ ਸਾਦਕ ਬਣ ਗਏ।

## ੩੩. ਕਾਜ਼ੀਆਂ ਮੁੱਲਾਂ ਨਾਲ ਪ੍ਰਸ਼ਨੋਤ੍ਰੀ

੧. ਪੁੱਛਣ ਗੱਲ ਈਮਾਨ ਦੀ
ਕਾਜੀ ਮੁੱਲਾਂ ਇਕੱਠੇ ਹੋਈ।
੨. ਵੱਡਾ ਸਾਂਗ ਵਰਤਾਇਆ
ਲਖਿ ਨ ਸੱਕੇ ਕੁਦਰਤ ਕੋਈ।
੩. ਪੁੱਛਣ ਫੋਲ ਕਿਤਾਬ ਨੂੰ
ਵਡਾ ਹਿੰਦੂ ਕਿ ਮੁਸਲਮਾਨੋਈ?
੪. ਬਾਬਾ ਆਖੇ ਹਾਜੀਆਂ
ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।
੫. ਹਿੰਦੂ ਮੁਸਲਮਾਨ ਦੋਇ
ਦਰਗਹ ਅੰਦਰ ਲੈਣ ਨ ਢੋਈ।
੬. ਕੱਚਾ ਰੰਗ ਕੁਸੁੰਭ ਦਾ
ਪਾਣੀ ਧੋਤੈ ਥਿਰ ਨ ਰਹੋਈ।
੭. ਕਰਨ ਬਖੀਲੀ ਆਪ ਵਿਚ
ਰਾਮ ਰਹੀਮ ਕੁਥਾਇ ਖਲੋਈ।
੮. ਰਾਹ ਸ਼ੈਤਾਨੀ ਦੁਨੀਆ ਗੋਈ॥੩੩॥

*ਪਦ ਅਰਥ:* ਈਮਾਨ—ਮਜ਼ਹਬ, ਧਰਮ। ਸਾਂਗ—ਕੌਤਕ। ਸ਼ੁਭ ਅਮਲਾਂ—ਕਰਨੀ, ਸ਼ੁਭ ਕਰਨੀ, ਚੰਗੇ ਕੰਮ। ਢੋਈ—ਆਸਰਾ, ਨੇੜਤਾ, ਪ੍ਰਾਪਤੀ।

### ਅਰਥ:

ਪ੍ਰ: ਕਿਉਂ ਜੀ! ਉਨ੍ਹਾਂ ਕਾਜ਼ੀ, ਮੁੱਲਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਕੁੱਝ ਪ੍ਰਸ਼ਨ ਉੱਤਰ ਭੀ ਕੀਤਾ?

(੧) ਉ: ਹੇ ਭਾਈ! ਜਦੋਂ ਬਾਬਾ ਜੀ ਦੀ ਮੱਕੇ ਨੂੰ ਫੇਰ ਦੇਣ ਦੀ ਜਾਹਰੀ ਕਲਾ ਤੱਕੀ, ਤਾਂ ਕਾਜ਼ੀ, ਮੁੱਲਾਂ ਬਹੁਤ ਪ੍ਰਭਾਵਿਤ ਹੋਏ ਜਿਨ੍ਹਾਂ ਵੱਲੋਂ (ਇਉਂ ਪ੍ਰਸ਼ਨੋਤ੍ਰੀ ਅਰੰਭ ਕੀਤੀ ਗਈ ਉਹ) ਕਾਜ਼ੀ ਤੇ ਮੁੱਲਾਂ ਇਕੱਠੇ ਹੋ ਕੇ ਆਪਣੇ ਈਮਾਨ (ਮਜ਼ਹਬ, ਅਕੀਦੇ) ਦੀ ਗੱਲ ਪੁੱਛਣ ਲੱਗੇ।

(੨) ਕਿ, ਹੇ ਨਾਨਕ (ਤੁਸਾਂ)! ਵੱਡਾ ਕੌਤਕ (ਸਾਂਗ) ਵਿਖਾ ਦਿੱਤਾ ਹੈ, ਜਿਸ ਕੁਦਰਤ ਨੂੰ ਕੋਈ ਜਾਣ (ਹੀ) ਨਹੀਂ ਸਕਦਾ।

(੩) (ਆਖ਼ਰ ਫਿਰ ਉਹ) ਕਿਤਾਬਾਂ ਫੋਲ ਕੇ ਪੁੱਛਣ ਲੱਗੇ (ਕਿ ਹੁਣ ਤੁਸੀਂ) ਇਹ ਦੱਸੋ ਕਿ ਵੱਡਾ ਹਿੰਦੂ (ਮਜ਼ਹਬ) ਹੈ ਕਿ ਮੁਸਲਮਾਨ?

(੪) ਗੁਰੂ ਜੀ ਆਖਣ ਲੱਗੇ (ਕਿ) ਹੇ ਹਾਜੀਓ! ਸ਼ੁਭ ਕਮਾਈ ਕੀਤੇ ਬਿਨਾਂ ਦੋਵੇਂ ਹੀ ਰੋਣਗੇ।

(੫) ਹੇ ਹਾਜੀਓ! ਇਹ ਯਕੀਨ ਰਖੋ ਕਿ ਸ਼ੁਭ ਅਮਲਾਂ ਤੋਂ ਬਿਨਾਂ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਹੀ ਰੱਬੀ ਦਰਬਾਰ ਵਿਚ ਆਦਰ ਨਹੀਂ ਮਿਲੇਗਾ।

ਪ੍ਰ: ਹੇ ਨਾਨਕ! ਇਸ ਗੱਲ ਦਾ ਤੁਹਾਡੇ ਪਾਸ ਸਬੂਤ ਕੀ ਹੈ, ਦੱਸੋਗੇ?

(੬) ਉ: ਹੇ ਹਾਜੀਉ! ਇਹ ਦਿਖਾਵੇ ਦੇ ਕਰਮ ਕੁਸੁੰਭੇ ਦੇ ਰੰਗ ਵਾਂਗ ਕੱਚੇ ਹਨ ਜੋ ਧੋਤਿਆਂ (ਪਰਖ ਵੇਲੇ ਪੂਰੇ ਨਹੀਂ ਉਤਰਨੇ) ਥਿਰ ਨਹੀਂ ਰਹਿਣੇ।

(੭) ਇਥੇ ਹੀ ਬੱਸ ਨਹੀਂ ਮੈਂ ਵੇਖ ਰਿਹਾ ਹਾਂ ਕਿ (ਇਹ ਦੋਵੇਂ) ਆਪੋ ਵਿਚ ਇਕ ਦੂਜੇ ਦੀ ਨਿੰਦਾ ਕਰਦੇ ਹਨ, ਈਰਖਾ ਤੇ ਚੁਗ਼ਲੀ ਕਰਨ ਵਿਚ ਤਤਪਰ ਰਹਿੰਦੇ ਹਨ (ਪਰ ਜਿਸ ਰਾਮ ਰਹੀਮ ਦੀ ਨਿੰਦਾ ਕਰਦੇ ਹਨ ਉਹ ਤਾਂ) ਇੱਕੋ ਥਾਂ ਖੜ੍ਹੇ ਹਨ, (ਭਾਵ ਇੱਕੋ ਵਸਤੂ ਹਨ)।

(੮) ਤੱਕਣ ਵਿਚ ਇਹੋ ਆਉਂਦਾ ਹੈ ਕਿ ਇਹ ਦੁਨੀਆਂ ਦੇ ਲੋਕ ਸ਼ੈਤਾਨ (ਬਦੀਆਂ ਤੇ ਪਾਪਾਂ ਵਾਲੇ ਪਾਸੇ) ਲੱਗੇ ਹੋਏ ਹਨ, ਸੋ, ਸਾਰੀ ਦੁਨੀਆ ਭੁੱਲੀ ਫਿਰਦੀ ਹੈ।੩੩।

*ਭਾਵਾਰਥ:* ਕਾਜ਼ੀਆਂ ਦਾ ਪ੍ਰਸ਼ਨ ਹਿੰਦੂ, ਮੁਸਲਮਾਨ ਦੀ ਬਹਿਸ ਦਾ ਸੀ, ਗੁਰੂ ਜੀ ਦਾ ਯਥਾਰਥ ਉੱਤਰ ਸੀ ਕਿ ਹੇ ਕਾਜ਼ੀਓ! ਹਰ ਮਨੁੱਖ ਮਾਤਰ ਨੂੰ ਸ਼ੁਭ ਅਮਲ ਕਰਨੇ ਚਾਹੀਦੇ

ਹਨ। ਫਿਰ ਆਪ ਜੀ ਨੇ ਵਕਤ ਦਾ ਵਰਤਾਰਾ ਦੱਸਿਆ ਕਿ ਦੋਵੇਂ ਕਸੁੰਭੇ ਦੇ ਰੰਗ ਵਾਂਗ ਹਨ, ਪਾਪ ਕਰਮ ਕਰਦੇ ਹੋਏ ਜ਼ਾਹਰੀ ਸੂਰਤਾਂ ਵਿਚ ਛੁਪਾ ਕੇ ਧਰਮੀ ਬਣਦੇ ਹਨ, ਪਰ ਇਹ ਰੰਗ ਸਦੀਵੀਂ ਕਾਲ ਨਹੀਂ ਰਹਿ ਸਕਦਾ। ਫਿਰ ਜੇ ਵੀਚਾਰ ਕੇ ਵੇਖੀਏ ਤਾਂ ਰਾਮ ਰਹੀਮ ਤਾਂ ਇਕੋ ਹੀ ਗੱਲ ਕਹਿੰਦੇ ਹਨ 'ਕਰਨੀ ਕਰੋ' ਤੇ ਹਿੰਦੂ ਮੁਸਲਮਾਨ ਆਪੋ ਵਿਚ ਲੜਦੇ ਹਨ। ਇਹ ਇਕ ਬਹੁਤ ਵੱਡੀ ਮੂਰਖਤਾ ਹੈ। ਇਹ ਖਥੀਲੀ, ਕਪਟ ਤੇ ਸ਼ੁਭ ਕਰਮਾਂ ਦੀ ਕਮੀਂ ਸ਼ੈਤਾਨੀ ਰਸਤਾ ਹੈ, ਖ਼ੁਦਾ ਦਾ ਨਹੀਂ; ਸੋ ਹਿੰਦੂ ਮੁਸਲਮਾਨ ਦੋਵੇਂ ਇਸੇ ਪਰ ਹੀ ਚੱਲ ਰਹੇ ਹਨ।

## ੩੪. ਗੁਰੂ ਜੀ ਦੀ ਮੱਕੇ ਵਿਚ ਭਾਰੀ ਜਿੱਤ

੧. ਧਰੀ ਨਿਸ਼ਾਨੀ ਕੌਸ ਦੀ
ਮੱਕੇ ਅੰਦਰ ਪੂਜ ਕਰਾਈ।
੨. ਜਿੱਥੇ ਜਾਇ ਜਗੱਤ ਵਿਚ
ਬਾਬੇ ਬਾਝ ਨ ਖਾਲੀ ਜਾਈ।
੩. ਘਰ ਘਰ ਬਾਬਾ ਪੂਜੀਐ
ਹਿੰਦੂ ਮੁਸਲਮਾਨ ਗੁਆਈ।
੪. ਛਪੇ ਨਾਹਿ ਛਪਾਇਆ
ਚੜ੍ਹਿਆ ਸੂਰਜ ਜਗ ਰੁਸ਼ਨਾਈ।
੫. ਬੁਕਿਆ ਸਿੰਘ ਉਜਾੜ ਵਿਚ
ਸਭ ਮਿਰਗਾਵਲ ਭੰਨੀ ਜਾਈ।
੬. ਚੜ੍ਹਿਆ ਚੰਦ ਨ ਲੁਕਈ
ਕੱਢ ਕੁਨਾਲੀ ਜੋਤ ਛਪਾਈ।
੭. ਉਗਵਣਹੁ ਤੇ ਆਥਵਣਹੁ
ਨਉ ਖੰਡ ਪ੍ਰਿਥਵੀ ਸਭ ਝੁਕਾਈ।
੮. ਜਗ ਅੰਦਰ ਕੁਦਰਤਿ ਵਰਤਾਈ ॥੩੪॥

***ਪਦ ਅਰਥ :*** ਕੌਸ—ਖੜਾਂਵ, ਖੁੰਟੀ ਬਿਨਾਂ ਖੜਾਂਵ। ਗੁਆਈ—ਆਪਾ, ਭਾਵ ਫ਼ਿਰਕੂ-ਪੁਣਾ ਛੱਡ ਕੇ, ਗੁਆ ਕੇ। ਕੁਨਾਲੀ—ਸਾਣਕ। ਉਗਵਣਹੁ ਤੇ ਆਥਵਣਹੁ—ਚੜ੍ਹਦੇ ਤੋਂ ਲਹਿੰਦੇ ਤੱਕ, ਉਦਯ ਅਸਤ ਤੀਕ (ਪੂਰਬ ਪੱਛਮ)। ਕੁਦਰਤਿ—ਸ਼ਕਤੀ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਕੀ ਗੁਰੂ ਨਾਨਕ ਦੇਵ ਜੀ ਨੇ ਮੱਕੇ ਵਿਚ ਆਪਣੀ ਸਦੀਵੀ ਯਾਦਗਾਰ ਕਾਇਮ ਰਹਿਣ ਲਈ ਕੋਈ ਨਿਸ਼ਾਨੀ ਭੀ ਦਿੱਤੀ ?

(੧) ਉ: ਮੱਕੇ ਵਿਚ (ਗੁਰੂ ਜੀ ਨੇ) ਆਪਣੀ ਨਿਸ਼ਾਨੀ ਖੜਾਂਵ ਰੱਖੀ ਤੇ (ਇਸ ਤਰ੍ਹਾਂ) ਆਪਣੀ ਪੂਜਾ ਕਰਵਾਈ।

(੨) ਗੁਰੂ ਨਾਨਕ ਪਾਤਸ਼ਾਹ ਜਿਥੇ ਵੀ ਜਗਤ ਵਿਚ ਜਾਂਦਾ ਹੈ, (ਉਥੇ ਉਥੇ ਹੀ) ਆਪਣੇ ਸੱਚੇ ਉਪਦੇਸ਼ਾਂ ਨਾਲ ਜਗਤ ਨੂੰ ਤਾਰਦਾ ਹੈ ਤੇ ਕੋਈ ਜਗ੍ਹਾ ਐਸੀ ਨਾ ਰਹੀ, ਜਿਥੇ ਗੁਰੂ ਜੀ ਨਾ ਗਏ ਹੋਣ (ਭਾਵ ਹਰ ਥਾਂ ਉਪਦੇਸ਼ ਦੀ ਵਰਖਾ ਕੀਤੀ)।

(੩) ਘਰ ਘਰ ਵਿਚ (ਲੋਕ) ਬਾਬੇ ਨੂੰ ਪੂਜਣ ਲੱਗ ਪਏ, ਹਿੰਦੂ ਮੁਸਲਮਾਨ (ਦਾ ਫ਼ਿਰਕੂ-ਪੁਣਾ) ਗਵਾ ਕੇ।

(੪) (ਸਾਰੇ ਹੀ ਜਗਤ ਵਿਚ) ਗੁਰੂ ਜੀ ਦਾ ਤੇਜ ਪ੍ਰਤਾਪ ਲੁਕਾਇਆ ਲੁਕਦਾ ਨਹੀਂ, ਜਿਵੇਂ ਸੂਰਜ ਦੀ ਰੋਸ਼ਨੀ ਨੂੰ ਕੋਈ ਭੀ ਛੁਪਾ ਨਹੀਂ ਸਕਦਾ।

(੫) (ਇਉਂ ਹੀ ਜਾਣੋ ਜਿਵੇਂ) ਉਜਾੜ ਵਿਚ ਸ਼ੇਰ ਨੇ ਭਬਕ ਮਾਰੀ (ਤਾਂ) ਸਾਰੀ ਹਰਨਾਂ ਦੀ ਡਾਰ ਨੂੰ ਭਾਜੜ ਪੈ ਗਈ।

(੬) ਚੜ੍ਹੇ ਚੰਦ੍ਰਮਾ ਦੇ ਚਾਨਣੇ ਨੂੰ ਕੋਈ ਕੁਨਾਲੀ (ਵੱਡੀ ਪਰਾਤ, ਮਿੱਟੀ ਦੀ ਬਣੀ ਪਰਾਤ) ਹੇਠ ਦਬਾ ਕੇ ਲੁਕਾ ਨਹੀਂ ਸਕਦਾ। (ਭਾਵ ਉਸਦੀ) ਜੋਤ ਨੂੰ ਛੁਪਾ ਨਹੀਂ ਸਕਦਾ।

(੭) (ਗੁਰੂ ਜੀ ਨੇ) ਚੜ੍ਹਦੇ ਤੋਂ ਲਹਿੰਦੇ ਤੱਕ, ਨੌ ਖੰਡ ਪ੍ਰਿਥਵੀ ਸਭੋ ਹੀ ਝੁਕਾ ਦਿੱਤੀ।

(੮) (ਬਾਬੇ ਗੁਰੂ ਨਾਨਕ ਨੇ) ਸਾਰੇ ਸੰਸਾਰ ਵਿਚ ਆਪਣੀ ਐਸੀ ਸ਼ਕਤੀ ਵਰਤਾ ਦਿੱਤੀ।੩੪।

***ਭਾਵਾਰਥ :*** ਗੁਰੂ ਨਾਨਕ ਦੇਵ ਜੀ ਜਿਥੇ ਭੀ ਗਏ ਉਥੇ ਦੇ ਲੋਕਾਂ ਤੋਂ ਆਪਣੀ ਪੂਜਾ ਕਰਵਾਉਣ ਦਾ ਕੋਈ ਭਾਵ ਨਹੀਂ ਸੀ, ਪਰ ਹਾਂ, ਲੁਕਾਈ ਦੇ ਉੱਧਾਰ ਕਰਨ ਲਈ ਜੋ ਭੀ ਯੋਗ ਢੰਗ ਵਰਤਨ ਦੀ ਲੋੜ ਅਨੁਭਵ ਕੀਤੀ ਉਸ ਨੂੰ ਵਰਤਨ ਵੱਲੋਂ ਦਰੇਗ ਨਹੀਂ ਕੀਤਾ।

ਮੱਕੇ ਵਿਚ ਆਪਣੀ ਖੜਾਂਵ ਦੀ ਨਿਸ਼ਾਨੀ ਰੱਖਣ ਬਾਰੇ *ਨਾਨਕ ਪ੍ਰਕਾਸ਼* ਦੇ ਸਫ਼ੇ ੬੩੬ 'ਤੇ ਇਕ ਟੂਕ ਲਿਖੀ ਹੈ ਜਿਸ ਤੋਂ ਜਾਣਕਾਰੀ ਮਿਲਦੀ ਹੈ ਕਿ ਉਹ ਖੜਾਂਵਾਂ ਅਜੇ ਤੱਕ ਮੌਜੂਦ ਹਨ, ਅਲੀਨਕੀ ਦੇ ਖ਼ਾਨਦਾਨ ਦੇ ਸੱਜਦ ਰੁਕਨਦੀਨ ਸਾਹਿਰ ਮੱਕੇ ਸਨ, ਜਦ ਕਿ ਗੁਰੂ ਜੀ ਮੱਕੇ ਪੁੱਜੇ

ਸਨ, ਇਨ੍ਹਾਂ ਨਾਲ ਹੋਰ ਹਿੰਦੀ ਭੀ ਸਨ। ਜਦੋਂ ਬਾਬੇ ਦੇ ਚਰਨ ਕਵਲਾਂ ਨਾਲ ਕਾਬਾ ਫਿਰਿਆ ਤੇ ਸਾਰਿਆਂ ਨੇ ਧਰਮ ਵਿਸੇ ਦੀ ਚਰਚਾ ਲਈ ਰੁਕਨਦੀਨ ਜੀ ਨੂੰ ਅੱਗੇ ਕੀਤਾ, ਹਰ ਤਰ੍ਹਾਂ ਤਸੱਲੀ ਮਿਲੀ, ਅੱਖੀਂ ਬਰਕਤ ਵੇਖੀ ਤੇ ਆਪ ਗੁਰੂ ਜੀ ਦੇ ਸਾਦਕ ਬਣ ਗਏ। ਨਿਸ਼ਾਨੀ ਮੰਗੀ ਤਾਂ ਸਾਹਿਬਾਂ ਨੇ ਕੌਸ (ਖੂੰਟੀ ਬਿਨਾਂ ਖੜਾਂਵ) ਦਿੱਤੀ। ਆਪ ਮੱਕੇ ਵਿਚ ਪਾਸ ਰੱਖ ਕੇ ਸਤਿਕਾਰ ਨਾਲ ਦਰਸ਼ਨ ਕਰਦੇ ਤੇ ਹੋਰ ਸਾਦਿਕਾਂ ਨੂੰ ਕਰਾਉਂਦੇ ਰਹੇ। ਜਦੋਂ ਹਿੰਦ ਨੂੰ ਆਏ ਤਾਂ ਨਾਲ ਹੀ ਲੈ ਆਏ। ਇਹ ਖੜਾਂਵਾਂ ਉੱਚ ਸ਼ਰੀਫ਼ ਜੀ ਦੇ ਤੋਸ਼ੇਖ਼ਾਨੇ ਵਿਚ ਮੌਜੂਦ ਹਨ।

## ੩੫. ਬਾਬੇ ਦਾ ਬਗ਼ਦਾਦ ਗਮਨ

੧. ਫਿਰ ਬਾਬਾ ਗਿਆ ਬਗਦਾਦ ਨੂੰ
ਬਾਹਰ ਜਾਇ ਕੀਆ ਅਸਥਾਨਾ।
੨. ਇਕ ਬਾਬਾ ਅਕਾਲ ਰੂਪ
ਦੂਜਾ ਰਬਾਬੀ ਮਰਦਾਨਾ।
੩. ਦਿੱਤੀ ਬਾਂਗ ਨਿਮਾਜ਼ ਕਰ
ਸੁੰਨ ਸਮਾਨ ਹੋਆ ਜਾਹਾਨਾ।
੪. ਸੁੰਨ ਮੁੰਨ ਨਗਰੀ ਭਈ
ਦੇਖ ਪੀਰ ਭਇਆ ਹੈਰਾਨਾ।
੫. ਵੇਖੈ ਧਿਆਨ ਲਗਾਇ ਕਰ
ਇਕ ਫਕੀਰ ਵਡਾ ਮਸਤਾਨਾ।
੬. ਪੁੱਛਿਆ ਫਿਰ ਕੇ ਦਸਤਗੀਰ
ਕੌਣ ਫਕੀਰ ਕਿਸ ਕਾ ਘਰਿਹਾਨਾ।
੭. ਨਾਨਕ ਕਲ ਵਿਚ ਆਇਆ
ਰੱਬ ਫਕੀਰ ਇੱਕ ਪਹਿਚਾਨਾ।
੮. ਧਰਤ ਅਕਾਸ ਚਹੂੰ ਦਿਸ ਜਾਨਾ ॥੩੫॥

*ਪਦ ਅਰਥ:* ਅਸਥਾਨਾ—ਡੇਰਾ, ਬੈਠ ਗਏ। ਸੁੰਨ ਮੁੰਨ—ਚੁਪ ਵਰਤ ਗਈ, ਸਭ ਪਾਸੇ ਸ਼ਾਂਤੀ ਹੋ ਗਈ। ਦਸਤਗੀਰ—ਉਥੋਂ ਦੇ ਪੀਰ ਦਾ ਨਾਮ। ਘਰਿਹਾਨਾ—ਘਰਾਣਾ ਜਾਂ ਭੇਖ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਬਾਬਾ ਨਾਨਕ ਜੀ ਮੱਕੇ ਵਿਚ ਜਿੱਤ ਹਾਸਲ ਕਰਕੇ ਫਿਰ ਕਿਸ ਥਾਂ ਪੁੱਜੇ?

(੧) ਉ: (ਹੇ ਭਾਈਓ!) ਫਿਰ (ਗੁਰੂ ਜੀ) ਬਗ਼ਦਾਦ ਨੂੰ ਚਲੇ ਗਏ, ਬਾਹਰ ਜਾ ਕੇ (ਉਥੇ) ਇਕ ਥਾਂ ਆਸਨ ਵਿਛਾ ਲਿਆ ਤੇ (ਆਪਣੀ ਮੌਜ ਵਿਚ ਬੈਠ ਗਏ)।

ਪ੍ਰ: ਕਿਉਂ ਜੀ! ਉਸ ਵੇਲੇ ਆਪ ਜੀ ਦੇ ਨਾਲ ਹੋਰ ਕੌਣ ਸੀ?

(੨) ਉ: ਹੇ ਭਾਈ! ਇਕ ਬਾਬਾ ਅਕਾਲ (ਪ੍ਰਭੂ ਦਾ) ਰੂਪ ਤੇ ਦੂਜਾ ਮਰਦਾਨਾ ਨਾਲ ਸੀ।

(੩) ਜਦ ਬਾਬੇ ਨੇ ਇਥੇ ਬੈਠ ਕੇ ਭਜਨ ਬੰਦਗੀ ਕਰਕੇ (ਸਤਿਨਾਮ ਦੀ) ਬਾਂਗ ਦਿੱਤੀ, ਉਹ ਐਸੀ ਉੱਚੀ ਆਵਾਜ਼ ਦਿੱਤੀ ਜੋ ਮਿੱਠੀ ਤੇ ਸੁਰੀਲੀ ਸੀ, ਉਸ ਬਾਬੇ ਦੀ ਆਵਾਜ਼ ਨੂੰ ਜਿਸਨੇ ਭੀ ਸੁਣਿਆ ਉਹ ਮਸਤੀ ਵਿਚ ਗੜੂੰਦ ਹੋ ਗਿਆ, ਮਸਤ ਹੋ ਕੇ ਉਥੇ ਹੀ ਬੈਠ ਜਾਂ ਖਲੋ ਗਿਆ, ਚੁੱਪ ਚਾਪ ਵਰਤ ਗਈ (ਭਾਵ ਸਭ ਦੀ ਅਕਾਲ ਵੱਲ ਤਾੜੀ ਲੱਗ ਗਈ)।

(੪) (ਹੁਣ ਜਦੋਂ ਸਾਰੀ ਬਗ਼ਦਾਦ) ਨਗਰੀ ਵਿਚ ਚੁਪ-ਚਾਪ ਹੋ ਗਈ ਤਾਂ ਪੀਰ ਵੇਖ ਕੇ ਹੱਕਾ ਬੱਕਾ ਰਹਿ ਗਿਆ, ਕਿ ਹੈਂ ਇਹ ਕੀ ਹੋ ਗਿਆ ਕਿਸੇ ਪਾਸਿਓਂ ਭੀ ਅਵਾਜ਼ ਨਹੀਂ ਆਉਂਦੀ।

(੫) ਤਾਂ ਉਸ ਦਸਤਗੀਰ ਨੇ ਅੰਤਰ ਆਤਮੇ ਧਿਆਨ ਵਿਚ ਹੋ ਕੇ ਵੇਖਿਆ (ਤਾਂ ਕੀ ਡਿੱਠਾ) ਕਿ ਇਕ ਫ਼ਕੀਰ ਵੱਡਾ ਬੇ-ਪ੍ਰਵਾਹ ਹੈ ਜੋ ਖ਼ੁਦਾ ਬਾਝੋਂ ਹੋਰ ਕਿਸੇ ਦੀ ਪ੍ਰਵਾਹ ਨਹੀਂ ਰੱਖਦਾ, ਖ਼ਾਹਿਸ਼ ਨਹੀਂ ਰੱਖਦਾ, ਤਾਂ ਦਸਤਗੀਰ (ਰਹਿ ਨ ਸੱਕਿਆ, ਝਟਪਟ) ਉਥੇ ਜਾ ਪੁੱਜਾ, ਜਿਥੇ ਗੁਰੂ ਨਾਨਕ ਦੇਵ ਜੀ ਬੈਠੇ ਸਨ।

(੬) ਆਖ਼ਰ ਦਸਤਗੀਰ (ਪੀਰ) ਨੇ ਮਰਦਾਨੇ ਤੋਂ ਪੁੱਛਿਆ, ਇਹ ਕੌਣ ਹੈ, ਤੇ ਕਿਸ ਘਰਾਣੇ ਦੇ ਫ਼ਕੀਰ ਹਨ (ਭਾਵ ਇਸਦਾ ਗੁਰੂ ਕਿਹੜਾ ਹੈ ਜਿਸਨੇ ਇਸਨੂੰ ਭੇਖ ਦਿਤਾ ਹੈ?)।

(੭) (ਤਾਂ, ਮਰਦਾਨੇ ਨੇ ਕਿਹਾ ਕਿ) ਇਹੋ ਗੁਰੂ ਨਾਨਕ ਦੇਵ ਜੀ ਕਲਜੁਗ ਵਿਚ ਪ੍ਰਗਟ ਹੋਏ ਹਨ, ਜੋ ਆਪ ਹੀ ਰੱਬ ਰੂਪ ਫ਼ਕੀਰ ਹਨ, ਇਸ ਗੱਲ ਵਿਚ ਭੇਦ ਤੇ ਫ਼ਰਕ ਨ ਜਾਣ ਕਿਉਂਕਿ ਦੁਨੀਆ ਨੇ ਇਸਨੂੰ ਰੱਬ ਦਾ ਰੂਪ ਹੀ ਜਾਣਿਆ ਹੈ।

(੮) (ਹੇ ਪੀਰ! ਗੁਰੂ ਨਾਨਕ ਦੇਵ ਜੀ ਦੀ ਇਸ) ਜ਼ਾਹਰੀ ਕਲਾ (ਕਰਾਮਾਤ) ਨੂੰ ਕੌਣ ਛੁਪਾ ਕੇ ਰੱਖਦਾ ਸੀ। ਭਾਵ

ਇਹ ਗੱਲ ਸਭ ਪਾਸੇ ਪ੍ਰਗਟ ਹੋ ਗਈ, ਲੋਕ ਸਿਜਦੇ ਤੇ ਨਮਸਕਾਰਾਂ ਕਰਨ ਲੱਗੇ। ਭਾਵ ਧਰਤੀ, ਆਕਾਸ਼, ਚਾਰੋਂ ਦਿਸ਼ਾ (ਪੂਰਬ, ਪੱਛਮ, ਉੱਤਰ, ਦੱਖਣ) ਸਾਰੇ ਹੀ ਪ੍ਰਸਿੱਧ ਹੋ।੩੫।

*ਭਾਵਾਰਥ :* ਗੁਰੂ ਨਾਨਕ ਪਾਤਿਸ਼ਾਹ ਦੀ ਬਾਣੀ ਵਿਚ ਹੀ ਇਹ ਸ਼ਕਤੀ ਸੀ ਕਿ ਜਦੋਂ ਆਪ ਜੀ ਨੇ 'ਸਤਿਨਾਮ ਕਰਤਾ ਪੁਰਖੁ' ਉੱਚੀ ਪੜ੍ਹ ਕੇ ਬਾਂਗ ਦਿੱਤੀ ਤਾਂ ਹਜ਼ਾਰਾਂ ਸਰੋਤੇ ਸੁਣਕੇ ਹੀ ਵਿਦੇਹ ਮੁਕਤਿ ਹੋ ਗਏ। ਇਕ ਅਕਾਲ ਪੁਰਖ ਵਿਖੇ ਅਫੁਰ ਸਮਾਧੀ ਲੱਗ ਗਈ। ਪੀਰ ਸਾਰੀ ਨਗਰੀ ਦਾ ਅਜਿਹਾ ਹਾਲ ਵੇਖ ਕੇ ਬੋਲ ਉਠਿਆ ਕਿ, "ਅਹੋ! ਇਹ ਬਾਂਗ ਕਿਧਰੋਂ ਆਈ ਹੈ ? ਮੇਰੀ ਬਾਣੀ ਵਿਚ ਤਾਂ ਕੁੱਝ ਵੀ ਅਸਰ ਨਹੀਂ, ਪਰ ਇਸਦੀ ਬਾਂਗ ਸੁਣਦੇ ਸਾਰ ਹੀ ਸਾਰੇ ਮਸਤਾਨੇ ਹੋ ਗਏ ਹਨ।" ਅਸਲ ਵਿਚ ਉਸਨੇ ਇਹ ਸੱਚ ਹੀ ਕਿਹਾ ਹੈ, ਕਿਉਂ ਜੋ ਉਸਦੀ ਬਾਣੀ ਹੀ ਬੇ-ਅਮਲ ਸੀ, ਜਿਸਨੇ ਆਪ ਨਹੀਂ ਕਮਾਇਆ ਉਹ ਦੂਸਰੇ ਦਾ ਕੀ ਉੱਧਾਰ ਕਰੇਗਾ। ਇਸ ਲਈ ਗੁਰੂ ਜੀ ਦੀ ਕਮਾਈ ਹੋਈ ਬਾਣੀ ਦਾ ਹੀ ਅਸਰ ਸੀ ਜਿਸਦਾ ਪੀਰ ਜੀ ਦੇ ਮਨ ਉੱਤੇ ਪ੍ਰਭਾਵ ਪਿਆ। ਆਪ ਜੀ ਨੇ ਸਤਿਨਾਮੁ ਆਦਿ ਤੋਂ ਮੰਤ੍ਰ ਪੜ੍ਹ ਕੇ ਬਾਂਗ ਦਿੱਤੀ ਸੀ।

## ੩੬. ਬਾਬੇ ਦੀ ਜ਼ਾਹਰੀ ਕਲਾ

**੧. ਪੁੱਛੇ ਪੀਰ ਤਕਰਾਰ ਕਰ**
**ਏਹ ਫਕੀਰ ਵਡਾ ਆਤਾਈ।**
**੨. ਏਥੇ ਵਿਚ ਬਗਦਾਦ ਦੇ**
**ਵੱਡੀ ਕਰਾਮਾਤ ਦਿਖਲਾਈ।**
**੩. ਪਾਤਾਲਾਂ ਆਕਾਸ਼ ਲਖ**
**ਓੜਕ ਭਾਲੀ ਖਬਰ ਸੁਣਾਈ।**
**੪. ਫੇਰ ਦੁਰਾਇਣ ਦਸਤਗੀਰ**
**ਅਸੀ ਭਿ ਵੇਖਾਂ ਜੋ ਤੁਹਿ ਪਾਈ।**
**੫. ਨਾਲ ਲੀਤਾ ਬੇਟਾ ਪੀਰ ਦਾ**
**ਅੱਖੀ ਮੀਟ ਗਇਆ ਹਵਾਈ।**
**੬. ਲੱਖ ਆਕਾਸ਼ ਪਾਤਾਲ ਲੱਖ**
**ਅੱਖ ਫਰਕ ਵਿਚ ਸਭ ਦਿਖਲਾਈ।**
**੭. ਭਰ ਕਚਕੌਲ ਪ੍ਰਸ਼ਾਦ ਦਾ**
**ਧੁਰੋਂ ਪਤਾਲੋਂ ਲਈ ਕੜਾਹੀ।**
**੮. ਜ਼ਾਹਰ ਕਲਾ ਨ ਛਪੈ ਛਪਾਈ॥੩੬॥**

*ਪਦ ਅਰਥ :* ਆਤਾਈ—ਸ਼ਕਤੀਵਾਨ। ਓੜਕ ਭਾਲੀ—ਅੰਤ ਤੀਕ ਲੱਭੀ ਗੱਲ, ਬੜੀ ਅਸਚਰਜ। ਹਵਾਈ—ਹਵਾ ਵਿਚ, ਅਸਮਾਨ ਵਿਚ। ਕਚਕੌਲ—ਲੋਟਾ, ਚਿੱਪੀ।

*ਅਰਥ :*

ਪ੍ਰ: ਕਿਉਂ ਜੀ! ਕੀ ਗੁਰੂ ਬਾਬੇ ਨਾਲ ਦਸਤਗੀਰ ਨੇ ਵੀਚਾਰ ਵਿਟਾਂਦਰਾ ਭੀ ਕੀਤਾ ?

(੧) ਉ: ਹਾਂ, ਵੀਚਾਰ ਵਿਟਾਂਦਰਾ ਤਾਂ ਕੀਤਾ, ਪਰ ਉਹ ਕਈ ਤਰ੍ਹਾਂ ਦੇ ਝਗੜੇ ਰੂਪ ਵਿਚ ਪੀਰ ਨੇ ਸੁਆਲ ਜੁਆਬ ਕੀਤੇ, ਜਿਨ੍ਹਾਂ ਤੋਂ ਪੀਰ ਨੇ ਆਪਣੇ ਆਪ ਨੂੰ ਕਮਜ਼ੋਰ ਅਨੁਭਵ ਕੀਤਾ, ਕਿਉਂਕਿ ਇਸਦੇ ਹਰ ਸੁਆਲ ਦਾ ਜੁਆਬ ਗੁਰੂ ਜੀ ਵੱਲੋਂ ਤਸੱਲੀਬਖ਼ਸ਼ ਸੀ, ਆਖ਼ਰ ਜਦੋਂ ਨਿਸ਼ਾ ਹੋ ਗਈ ਤਾਂ ਜਾਣ ਲਿਆ ਕਿ ਇਹ ਫ਼ਕੀਰ ਵੱਡਾ ਸ਼ਕਤੀਵਾਨ ਹੈ।

(੨) ਕਿਉਂਕਿ ਇਸਨੇ ਇਥੇ ਬਗਦਾਦ ਵਿਚ ਵੱਡੀ ਕਰਾਮਾਤ ਦਿਖਾਈ ਹੈ।

(੩) ਫਿਰ ਇਥੇ ਹੀ ਬੱਸ ਨਹੀਂ, ਇਹ ਏਹ ਭੀ ਆਖਦਾ ਹੈ ਕਿ ਲੱਖਾਂ ਹੀ ਪਾਤਾਲ ਤੇ ਆਕਾਸ਼ ਹਨ, ਇਹ ਜੋ ਇਸਨੇ ਲੱਖਾਂ ਪਾਤਾਲਾਂ ਤੇ ਆਕਾਸ਼ਾਂ ਵਾਲੀ ਗੱਲ ਸੁਣਾਈ ਹੈ, ਇਹ ਭੀ ਇਕ ਵੱਡੀ ਗਹਿਰਾਈਆਂ ਭਰੀ ਗੱਲ ਹੈ (ਕਿਉਂਕਿ ਇਸਲਾਮ ਵਿਚ ਤਾਂ ਸਤ ਆਕਾਸ਼ ਤੇ ਸਤ ਹੀ ਪਾਤਾਲ ਮੰਨੇ ਗਏ ਹਨ)।

(੪) ਫਿਰ ਦਸਤਗੀਰ ਨੇ ਦੁਹਰਾ ਕੇ ਪੁਛਿਆ—(ਹੇ ਫ਼ਕੀਰ ਸਾਈਂ!) ਜਿਹੜੀ ਤੂੰ ਸ਼ਕਤੀ ਪਾਈ ਹੈ ਉਹ (ਸਾਨੂੰ) ਭੀ (ਦੱਸੇਂ ਤਾਂ) ਅਸੀਂ ਦੇਖੀਏ।

(੫) (ਤਾਂ ਗੁਰੂ ਜੀ ਨੇ ਕਿਹਾ ਕਿ) ਤੂੰ ਨਹੀਂ, ਹਾਂ, ਜਿਸ ਉੱਤੇ ਤੈਨੂੰ ਯਕੀਨ ਹੈ, ਉਸਨੂੰ ਸਾਡੇ ਨਾਲ ਭੇਜ ਦਿਹ। (ਪੀਰ ਨੇ ਆਪਣੇ ਪੁੱਤਰ ਨੂੰ ਜਾਣ ਵਾਸਤੇ ਕਿਹਾ) ਗੁਰੂ ਜੀ ਨੇ ਅੱਖਾਂ ਮੀਟੀਆਂ ਤੇ ਸੁਰਤੀ ਦੇ ਮਾਰਗ ਹਵਾ ਰੂਪ ਹੋ, ਪੀਰ ਦੇ ਪੁੱਤ੍ਰ ਨੂੰ ਨਾਲ ਲੈ ਗਏ।

(੬) ਅੱਖ ਦੇ ਫ਼ਰਕਣ ਜਿਤਨੇ ਸਮੇਂ ਵਿਚ ਹੀ, ਲੱਖਾਂ ਪਾਤਾਲ ਤੇ ਆਕਾਸ਼ ਉਸਨੂੰ ਵਿਖਾ ਦਿੱਤੇ।

(੭) ਪੀਰ ਦੇ ਪੁੱਤਰ ਕੋਲ ਇਕ ਲੋਟਾ ਸੀ, ਉਸ ਵਿਚ ਉਹ ਜਿਥੇ ਭੀ ਸੰਗਤ ਵਿਚ ਗਿਆ, ਉਥੋਂ ਦਾ ਪ੍ਰਸ਼ਾਦ ਪਾਈ ਗਿਆ। ਲੋਟਾ ਪ੍ਰਸ਼ਾਦ ਦਾ ਭਰ ਗਿਆ ਤੇ ਵਾਪਸ

(ਅੱਖਾਂ ਦੇ ਖੁਲ੍ਹਦੇ ਹੀ ਵਾਪਸ) ਆ ਗਏ।

(੮) (ਗੁਰੂ ਨਾਨਕ ਦੇਵ ਜੀ ਦੀ ਇਸ) ਜ਼ਾਹਰੀ ਕਲਾ (ਕਰਾਮਾਤ) ਨੂੰ ਹੁਣ ਕੌਣ ਛੁਪਾ ਕੇ ਰੱਖ ਸਕਦਾ ਸੀ, ਭਾਵ ਇਹ ਗੱਲ ਸਭ ਪਾਸੇ ਪ੍ਰਗਟ ਹੋ ਗਈ, ਲੋਕ ਸਿਜਦੇ ਤੇ ਨਮਸਕਾਰਾਂ ਕਰਨ ਲਗ ਪਏ।੩੬।

*ਭਾਵਾਰਥ :* ਪੀਰ ਨੇ ਸੁਆਲ ਕੀਤਾ ਕਿ ਕਈ ਤਾਂ ਤਿੰਨ ਲੋਕ—ਆਕਾਸ਼, ਧਰਤੀ ਤੇ ਪਾਤਾਲ ਮੰਨਦੇ ਹਨ, ਪਰ ਕਈ ਸਤ ਆਕਾਸ ਤੇ ਸਤ ਪਾਤਾਲ ਦੱਸਦੇ ਹਨ, ਪਰ ਆਪ ਲੱਖਾਂ ਪਾਤਾਲ ਤੇ ਲੱਖਾਂ ਆਕਾਸ਼ ਕਿਵੇਂ ਕਹਿੰਦੇ ਹੋ ? ਤਾਂ ਆਪ ਜੀ ਬੋਲੇ ਜਿਸਨੂੰ ਤਿੰਨ ਜਾਂ ਸਤ ਦਾ ਬੋਧ ਸੀ, ਉਸਨੇ ਤਿੰਨ ਜਾਂ ਸਤ ਹੀ ਕਹਿਣੇ ਸਨ। ਪਰ ਈਸਵਰ ਦੇ ਇਕ-ਇਕ ਰੋਮ ਵਿਚ ਤਾਂ ਕ੍ਰੋੜਾਂ ਬ੍ਰਹਿਮੰਡ ਹਨ। ਫਿਰ ਪੀਰ ਨੇ ਪੁੱਛਿਆ ਕਿ ਅਸੀਂ ਕਿਵੇਂ ਜਾਣ ਸਕੀਏ ? ਤਾਂ ਗੁਰੂ ਜੀ ਪੀਰ ਦੇ ਪੁੱਤ੍ਰ ਨੂੰ ਨਾਲ ਲੈ ਕੇ ਧੁਰ ਆਕਾਸ਼ ਪਾਤਾਲ ਚਲੇ ਗਏ ਤੇ ਉਥੋਂ ਸਾਧ ਸੰਗਤ ਦੇ ਜੋੜ ਮੇਲ ਵਿਚੋਂ ਕੜਾਹ ਪ੍ਰਸ਼ਾਦ ਦੀ ਚਿੱਪੀ ਲਿਆ ਕੇ ਪੀਰ ਨੂੰ ਇਹ ਦੱਸਿਆ ਕਿ ਜਿਹੜੇ ਬਾਲਕ ਵਾਂਙੂ ਨਿਰਮਾਣ ਤੇ ਨਿਰਹੰਕਾਰ ਹੁੰਦੇ ਹਨ, ਉਹ ਇਹ ਨਜ਼ਰ ਪਾਉਂਦੇ ਹਨ, ਦੂਜਾ ਇਹ ਕਿ ਗੁਰੂ ਦੇ ਸ਼ਬਦ ਦਾ ਪ੍ਰਤਾਪ ਕਈ ਆਕਾਸ਼ਾਂ 'ਤੇ ਪਾਤਾਲਾਂ ਵਿਚ ਹੈ ਤੇ ਫੈਲ ਜਾਵੇਗਾ।

## ੩੭. ਸਤਿਨਾਮ ਦਾ ਚੱਕਰ

**੧. ਗੜ੍ਹ ਬਗਦਾਦ ਨਿਵਾਇ ਕੈ**
**ਮੱਕਾ ਮਦੀਨਾ ਸਭ ਨਿਵਾਯਾ।**
**੨. ਸਿੱਧ ਚੁਰਾਸੀਹ ਮੰਡਲੀ**
**ਖਟ ਦਰਸ਼ਨ ਪਾਖੰਡ ਜਿਣਾਯਾ।**
**੩. ਪਾਤਾਲਾਂ ਆਕਾਸ਼ ਲੱਖ**
**ਜਿੱਤੀ ਧਰਤੀ ਜਗਤ ਸਬਾਯਾ।**
**੪. ਜਿੱਤੀ ਨਵ ਖੰਡ ਮੇਦਨੀ**
**ਸਤਿ ਨਾਮ ਦਾ ਚੱਕ੍ਰ ਫਿਰਾਯਾ।**
**੫. ਦੇਵ ਦਾਨੋ ਰਾਕਸ ਦੈਂਤ ਸਭ**
**ਚਿੱਤ ਗੁਪਤ ਸਭ ਚਰਨੀ ਲਾਯਾ।**
**੬. ਇੰਦ੍ਰਾਸਣ ਅਪੱਛਰਾਂ**
**ਰਾਗ ਰਾਗਨੀ ਮੰਗਲ ਗਾਯਾ।**
**੭. ਭਯਾ ਅਨੰਦ ਜਗਤ ਵਿਚ**
**ਕਲਿ ਤਾਰਨ ਗੁਰ ਨਾਨਕ ਆਯਾ।**
**੮. ਹਿੰਦੂ ਮੁਸਲਮਾਨ ਨਿਵਾਯਾ ॥੩੭॥**

*ਪਦ ਅਰਥ :* ਜਿਣਾਯਾ—ਜਿਣ ਆਇਆ—ਜਿੱਤ ਆਇਆ। ਚੱਕ੍ਰ—ਡੰਕਾ ਵਜਾ ਦਿੱਤਾ। ਇੰਦ੍ਰਾਸਣ—ਇੰਦ੍ਰ ਦਾ ਆਸਣ, ਤਖ਼ਤ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਕੀ ਇਹ ਭੀ ਜਾਣਕਾਰੀ ਕਰਾਉਣ ਦੀ ਖੇਚਲ ਕਰੋਗੇ ਕਿ, ਗੁਰੂ ਬਾਬਾ ਨਾਨਕ ਦੇਵ ਜੀ ਜਗਤ ਵਿਚ ਜਿਸ ਥਾਂ ਭੀ ਪੁੱਜੇ ਕੀ ਉਥੇ ਪੁੱਜਣ ਲਈ ਉਨ੍ਹਾਂ ਨੂੰ ਕਿਸੇ ਵੱਲੋਂ ਪ੍ਰੇਰਨਾ ਕੀਤੀ ਗਈ, ਜਾਂ ਕਿ ਖ਼ੁਦ ਹੀ ਉਥੇ ਜਾਣ ਦਾ ਉਪਰਾਲਾ ਕਰਦੇ ਰਹੇ ?

ਉ: ਹੇ ਸਜਨੋਂ! ਇਹ ਦੁਨਿਆਵੀ ਰੀਤ ਤਾਂ ਠੀਕ ਹੈ ਕਿ, ਕਿਸੇ ਬਿਮਾਰ ਨੂੰ ਅਰੋਗ ਹੋਣ ਲਈ ਕਿਸੇ ਵੈਦ ਜਾਂ ਡਾਕਟਰ ਨੂੰ ਉਸ ਦੀ ਮੁਕੱਰਰ ਕੀਤੀ ਹੋਈ ਫੀਸ ਦੇ ਕੇ ਇਲਾਜ ਕਰਾਉਣ ਲਈ ਬੁਲਾਇਆ ਜਾਂਦਾ ਹੈ, ਪਰ, ਜੇਕਰ ਦੂਰ-ਦਰਸ਼ੀ ਨਜ਼ਰਾਂ ਨਾਲ ਤੱਕਿਆ ਜਾਏ, ਤਾਂ ਇਉਂ ਹੀ ਸਮਝ ਪਵੇਗੀ ਕਿ ਦੁਨੀਆ ਦਾ ਇਹ ਇਕ ਪਹਿਲਾ ਹੀ ਵੈਦ ਗੁਰੂ ਨਾਨਕ ਦੇਵ ਜੀ ਆਇਆ ਹੈ, ਜਿਸਨੇ ਜਗਤ ਦੇ ਲਾ-ਇਲਾਜ ਮਹਾਂ ਰੋਗੀਆਂ ਨੂੰ ਅਰੋਗ ਕਰਨ ਲਈ, ਜਿਥੇ ਜਿਥੇ ਭੀ ਹਉਮੈਂ ਦੇ ਰੋਗ ਨਾਲ ਗ੍ਰਸੇ ਹੋਏ ਰੋਗੀਆਂ ਨੂੰ ਦਿੱਬ ਦ੍ਰਿਸ਼ਟੀ ਨਾਲ ਤੱਕਿਆ ਤਾਂ ਉਹ ਉਥੇ ਉਥੇ ਹੀ ਬਿਨਾਂ ਬੁਲਾਇਆਂ ਤੇ ਬਗ਼ੈਰ ਫ਼ੀਸ ਦੇ ਖ਼ੁਦ ਹੀ ਉਥੇ ਪੁੱਜ ਗਏ ਅਤੇ ਕੌਡੇ ਰਾਕਸ਼ ਤੇ ਵਲੀ ਕੰਧਾਰੀ ਜੈਸੇ ਹਉਮੈਂ ਦੇ ਪੀੜਤ ਵਿਲਕਦੇ ਰੋਗੀਆਂ ਨੂੰ ਅਰੋਗ ਕੀਤਾ।

ਪ੍ਰ: ਕਿਉਂ ਜੀ! ਬਗ਼ਦਾਦ ਦੇ ਦਸਤਗੀਰ ਪੀਰ ਨੂੰ ਨਿਵਾਜ ਕੇ ਫਿਰ ਗੁਰੂ ਬਾਬਾ ਨਾਨਕ ਦੇਵ ਜੀ ਕਿੱਥੇ ਕਿੱਥੇ ਪੁੱਜੇ ?

(੧) ਉ: ਹੇ ਭਾਈਓ! ਗੜ੍ਹ ਬਗ਼ਦਾਦ ਦੇ ਪੀਰਾਂ ਨੂੰ ਜਿੱਤ ਕੇ (ਜੋ ਮੁਸਲਮਾਨੀ ਕਰਾਮਾਤੀ ਫ਼ਕੀਰਾਂ ਦਾ ਗੜ੍ਹ ਸੀ) ਫਿਰ ਮੱਕੇ ਤੇ ਮਦੀਨੇ ਵਿਚ ਜਾ ਭਾਰੀ ਜਿੱਤ ਪ੍ਰਾਪਤ ਕੀਤੀ (ਜੋ ਕਿ ਮੁਸਲਮਾਨੀ ਮੱਤ ਦਾ ਸਭ ਤੋਂ ਵੱਡਾ ਧਰਮ ਕੇਂਦਰ ਸੀ)।

(੨) ਫਿਰ, ਚੌਰਾਸੀ (ਵੱਡੇ ਵੱਡੇ) ਸਿੱਧਾਂ ਦੀਆਂ ਮੰਡਲੀਆਂ ਤੇ ਖਟ ਦਰਸ਼ਨਾਂ ਦੇ ਪਾਖੰਡ ਆਦਿਕਾਂ ਨੂੰ ਭੀ ਜਿੱਤ

ਲਿਆ (ਭਾਵ ਇਨ੍ਹਾਂ ਨੂੰ ਰੱਬ ਦਾ ਸਹੀ ਮਾਰਗ ਸਮਝਾ ਦਿਤਾ ਕਿ ਇਕ ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾਂ ਹੋਰ ਸੱਭੋ ਕੁੱਝ ਪਾਖੰਡ ਰੂਪ ਹੈ, ਜਿਨ੍ਹਾਂ ਦੀ ਰੱਬੀ ਦਰਬਾਰ ਵਿਚ ਕੋਈ ਭੀ ਕੀਮਤ ਨਹੀਂ)।

(੩) (ਇਥੇ ਹੀ ਬੱਸ ਨਹੀਂ) ਲੱਖਾਂ ਪਾਤਾਲ ਤੇ ਆਕਾਸ਼ ਪੀਰ ਦੇ ਪੁੱਤ੍ਰ ਨੂੰ ਦਿਖਾ ਕੇ ਸਾਰੇ ਜਗਤ ਨੂੰ ਹੀ ਜਿੱਤ ਲਿਆ।

(੪) ਸਤਿਨਾਮ ਦਾ ਐਸਾ ਚੱਕ੍ਰ ਚਲਾਇਆ (ਕਿ ਗੁਰੂ ਜੀ ਦੀ ਫ਼ਤਹਿ ਦੇ) ਡੰਕੇ ਵੱਜ ਗਏ (ਭਾਵ ਨੌਂ ਖੰਡਾਂ ਵਿਚ ਸਤਿਨਾਮ ਦਾ ਡੰਕਾ ਵਜਾ ਦਿੱਤਾ)।

(੫) ਦੇਵਤੇ (ਰੂਪ ਮਨੁੱਖ), (ਰਾਖਸ਼ ਬੁੱਧੀ ਵਾਲੇ) ਦੈਂਤ (ਕੌਡੇ ਵਰਗੇ ਦੈਂਤ) (ਡਾਕੂ ਤੇ ਠਗ ਆਦਮ ਖਾਣੇ) ਤੇ ਚਿੱਤ੍ਰ ਗੁਪਤ ਸਭ ਗੁਰੂ ਜੀ ਦੇ ਚਰਨੀਂ ਲੱਗ ਗਏ।

(੬) ਇੰਦਰ ਦੇ ਆਸਣ ਅੱਗੇ ਆਉਣ ਵਾਲੀਆਂ ਅਪੱਛਰਾਂ ਨੇ ਵੀ (ਗੁਰੂ ਨਾਨਕ ਦੀ ਮਹਿਮਾ ਦੇ) ਗੀਤ ਗਾਏ (ਭਾਵ ਮੰਗਲਾਂ ਦੀ ਧੁਨੀ ਕੀਤੀ)।

(੭) ਗੁਰੂ ਨਾਨਕ ਦੇ ਸੱਚੇ ਪ੍ਰਚਾਰ ਦਾ ਸਦਕਾ ਸਭ ਪਾਸੇ ਜਗਤ ਅਨੰਦ ਹੋ ਗਿਆ ਕਿ ਗੁਰੂ ਨਾਨਕ (ਕਲਜੁਗ ਦੇ ਸਮੇਂ) ਨੂੰ ਤਾਰਨ ਲਈ ਆਏ ਹਨ।

(੮) ਹਿੰਦੂਆਂ ਤੇ ਮੁਸਲਮਾਨਾਂ ਨੇ ਆਪੋ ਆਪਣੀ ਹਉਮੈਂ ਨੂੰ ਛੱਡ ਕੇ ਸਤਿਗੁਰੂ ਜੀ ਦੇ ਅੱਗੇ ਸਿਰ ਨਿਵਾਇਆ।੩੭।

*ਭਾਵਾਰਥ :* ਗੁਰੂ ਬਾਬੇ ਜੀ ਨੇ ਗੁਰ ਸ਼ਬਦ ਦੀ ਚਰਚਾ ਕਰਕੇ ਸਾਰੇ ਬਗ਼ਦਾਦ ਆਦਿ ਮੱਕੇ ਮਦੀਨੇ ਦੇ ਮੁਲਾਣਿਆਂ ਨੂੰ ਜਿੱਤ ਕੇ, ਉਪ੍ਰੰਤ ਸਿੱਧ ਮੰਡਲੀਆਂ ਦੇ ਪਾਖੰਡਾਂ ਨੂੰ ਖੰਡ ਖੰਡ ਕੀਤਾ ਅਤੇ ਸਾਰੇ ਨੌਂ ਖੰਡਾਂ ਵਿਚ ਅਜਿਹਾ ਸਤਿਨਾਮ ਦਾ ਚੱਕਰ ਚਲਾਇਆ ਕਿ ਦੇਵ ਦਾਨਵ ਸਾਰੇ ਹਾਰ ਕੇ ਆਖ਼ਰ ਸ਼ਰਨੀ ਆ ਪਏ, ਸਿਧਾਂਤ ਇਹੋ ਹੈ ਕਿ 'ਸਤਿਨਾਮੁ ਕਰਤਾ ਪੁਰਖੁ' ਮੰਤਰ ਦੇ ਅੱਗੇ ਕੋਈ ਭੀ ਆਪਣਾ ਬਲ ਨਹੀਂ ਪਾ ਸੱਕੇਗਾ। ਇੰਦ੍ਰ ਦੇ ਅੱਗੇ ਅਪੱਛਰਾਂ ਨੇ ਖ਼ੁਸ਼ਖ਼ਬਰੀ ਦਿੱਤੀ ਕਿ ਹੁਣ ਗੁਰੂ ਜੀ ਦਾ ਅਵਤਾਰ ਹੋ ਗਿਆ ਹੈ, ਭਾਵ ਹੈ ਕਿ ਇੰਦਰਾਦਿ ਦੇਵਤਿਆਂ ਦੇ ਦਰਬਾਰ ਖ਼ੁਸ਼ੀ ਹੋਈ ਹੈ ਤੇ ਉਥੇ ਦਿਵਯ ਸਰੂਪ ਰਾਗ ਤੇ ਰਾਗਨੀਆਂ ਖ਼ੁਸ਼ੀ ਦੇ ਗੀਤ ਗਾ ਰਹੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਸਤਿਨਾਮੁ ਦਾ ਚੱਕਰ ਸਾਰੇ ਝੁਲਾ ਦਿੱਤਾ ਹੈ। ਭਾਵ ਇਹੋ ਹੀ ਜਣਾਇਆ ਗਿਆ ਹੈ ਕਿ ਦ੍ਰਿਸ਼ਯ ਤੇ ਅਦ੍ਰਿਸ਼ਯ ਜਗਤ ਵਿਚ ਸਾਰੇ ਖ਼ੁਸ਼ੀ ਹੋਈ।

## ੩੮. ਮੁੜ ਕਰਤਾਰਪੁਰ ਵਾਪਸੀ

੧. ਫਿਰ ਬਾਬਾ ਆਇਆ ਕਰਤਾਰਪੁਰ
ਭੇਖ ਉਦਾਸੀ ਸਗਲ ਉਤਾਰਾ।
੨. ਪਹਿਰ ਸੰਸਾਰੀ ਕਪੜੇ
ਮੰਜੀ ਬੈਠ ਕੀਆ ਅਵਤਾਰਾ।
੩. ਉਲਟੀ ਗੰਗ ਵਹਾਈਓਨ
ਗੁਰ ਅੰਗਦ ਸਿਰ ਉਪਰ ਧਾਰਾ।
੪. ਪੁਤ੍ਰੀਂ ਕੌਲ ਨ ਪਾਲਿਆ
ਮਨ ਖੋਟੇ ਆਕੀ ਨਸਿਆਰਾ।
੫. ਬਾਣੀ ਮੁਖਹੁ ਉਚਾਰੀਐ
ਹੋਇ ਰੁਸ਼ਨਾਈ ਮਿਟੈ ਅੰਧਾਰਾ।
੬. ਗਿਆਨ ਗੋਸ਼ਟ ਚਰਚਾ ਸਦਾ
ਅਨਹਦ ਸ਼ਬਦ ਉਠੇ ਧੁਨਕਾਰਾ।
੭. ਸੋ ਦਰ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਾਪ ਉਚਾਰਾ।
੮. ਗੁਰਮੁਖ ਭਾਰ ਅਥਰਬਣ ਤਾਰਾ ॥੩੮॥

*ਪਦ ਅਰਥ :* ਉਤਾਰਾ—ਲਾਹਿਆ। ਕਉਲ—ਬਚਨ, ਇਕਰਾਰ। ਨਸਿਆਰਾ—ਨੱਸ ਜਾਣ ਵਾਲੇ। ਧੁਨਕਾਰਾ—ਧੁਨੀ, ਗੂੰਜ। ਅਥਰਬਣ—ਚੌਥਾ ਵੇਦ।

*ਅਰਥ :*

ਪ੍ਰ: ਕਿਉਂ ਜੀ! ਬਗ਼ਦਾਦ, ਮੱਕਾ, ਮਦੀਨਾ, ਸਿੱਧਾਂ ਦੀਆਂ ਚੌਰਾਸੀ ਮੰਡਲੀਆਂ ਨੂੰ ਗੁਰਮਤ ਦੀ ਸਹੀ ਸੇਧ ਦੱਸ ਕੇ ਆਖ਼ਰ ਗੁਰੂ ਨਾਨਕ ਦੇਵ ਜੀ ਕਿਥੇ ਪੁੱਜੇ ?

(੧) ਉ: ਇਸ ਫੇਰੀ ਤੋਂ ਉਪਰੰਤ ਬਾਬਾ ਜੀ ਫਿਰ ਕਰਤਾਰਪੁਰ ਪੁੱਜ ਗਏ, ਹੁਣ ਆਪ ਜੀ ਨੇ ਸਾਰਾ ਉਦਾਸੀ ਭੇਖ (ਸਰੀਰ ਤੋਂ) ਲਾਹ ਦਿੱਤਾ।

(੨) ਸੰਸਾਰੀ ਕਪੜੇ ਪਹਿਨ ਲਏ (ਜੋ ਸਿਖਿਆ ਲੋਕਾਂ ਨੂੰ ਉਦਾਸੀਆਂ ਸਮੇਂ ਦਿੰਦੇ ਰਹੇ ਉਸਨੂੰ ਅਮਲੀ ਤੌਰ ਤੇ ਪ੍ਰਚਾਰਨ ਲਈ) ਆਪ ਮੰਜੀ (ਭਾਵ ਗੱਦੀ) ਤੇ ਬੈਠ, (ਸੱਚੇ) ਅਵਤਾਰ (ਰੂਪ ਬਣ) ਗਏ ਜਾਂ ਇਹ ਭੀ ਅਰਥ ਕੀਤਾ ਜਾ ਸਕਦਾ ਹੈ ਕਿ ਲੋਕਾਂ ਦਾ ਪਾਰ ਉਤਾਰਾ ਕੀਤਾ।

ਪ੍ਰ: ਕੀ ਇਥੇ ਆਪ ਜੀ ਨੇ ਕੋਈ ਹੋਰ ਭੀ ਵਿਲੱਖਣਤਾ ਕੀਤੀ ?

(੩) ਉ: (ਫਿਰ ਉਸ ਸਮੇਂ ਉਨ੍ਹਾਂ ਨੇ) ਉਲਟੀ ਗੰਗਾ ਚਲਾ ਦਿੱਤੀ, ਜਦੋਂ ਆਪਣੇ (ਸੇਵਕ ਅੰਗਦ ਨੂੰ) ਗੁਰੂ ਅੰਗਦ ਥਾਪ ਕੇ (ਉਸਦੇ ਪੈਰਾਂ ਤੇ) ਸਿਰ ਝੁਕਾ ਦਿੱਤਾ।

ਪ੍ਰ: ਕਿਉਂ ਜੀ ! ਉਨ੍ਹਾਂ ਨੇ ਇਸ ਤਰ੍ਹਾਂ ਕਿਉਂ ਕੀਤਾ ?

(੪) ਉ: ਉਹ ਇਸ ਲਈ ਕਰਨਾ ਪਿਆ ਕਿ ਉਨ੍ਹਾਂ ਦੇ ਪੁੱਤਰਾਂ ਨੇ ਆਪ ਜੀ ਦਾ ਹੁਕਮ ਨਾ ਮੰਨਿਆ ਤੇ ਆਕੀ ਹੋ ਕੇ ਨੱਸ ਗਏ (ਇਹੋ ਮਨ ਦੇ ਖੋਟੇ ਹੋਣ ਦਾ ਸਬੂਤ ਦਿੱਤਾ)।

ਪ੍ਰ: ਕਿਉਂ ਜੀ ! ਇਥੇ ਆਪ ਜੀ ਨੇ ਕੁੱਝ ਹੋਰ ਭੀ ਕੀਤਾ ?

(੫) ਉ: ਹੇ ਭਾਈਓ ! ਗੁਰੂ ਨਾਨਕ ਦੇਵ ਜੀ ਨੇ ਇਥੇ ਮੰਜੀ ਤੇ ਬੈਠ ਕੇ ਮੁਖੋਂ ਬਾਣੀ ਉਚਾਰੀ (ਤੇ ਸੱਚੇ ਉਪਦੇਸ਼) ਨਾਲ ਅੰਧੇਰੇ ਮਨਾਂ ਵਾਲਿਆਂ ਦੇ ਭਰਮ ਤੇ ਸੰਸੇ ਮੇਟ ਕੇ ਰੌਸ਼ਨ ਕਰ ਦਿੱਤਾ (ਆਪ ਜੀ ਦਾ ਪਰਮ ਪ੍ਰਯੋਜਨ ਇਹੋ ਸੀ ਕਿ ਇਸ ਬਾਣੀ ਦਾ ਸਾਰੇ ਹੀ ਥਾਂਵਾਂ ਤੇ ਚਾਨਣ ਹੋਵੇ)।

(੬) ਇਥੇ ਹੀ ਬੱਸ ਨਹੀਂ, ਕਰਤਾਰਪੁਰ ਵਿਚ ਹਰ ਸਮੇਂ ਹੀ ਗਿਆਨ ਦੀਆਂ ਗੋਸ਼ਟਾਂ ਤੇ ਚਰਚਾ (ਹੁੰਦੀ) ਤੇ ਹਰ ਵੇਲੇ ਅਨਹਦ ਸ਼ਬਦ ਦੀ ਗੂੰਜ ਉਠਦੀ ਰਹਿੰਦੀ।

(੭) (ਸ਼ਾਮ ਵੇਲੇ) ਸੋਦਰ, ਆਰਤੀ ਗਾਈ ਜਾਂਦੀ, (ਅਤੇ) ਅੰਮ੍ਰਿਤ ਵੇਲੇ ਜਾਪ ਨੂੰ ਉਚਾਰਿਆ ਜਾਂਦਾ, (ਜੋ ਵੀ ਸਿਖ ਬਣਦਾ, ਉਹ ਗੁਰਬਾਣੀ ਰੂਪ ਉਪਦੇਸ਼ ਦਾ ਧਾਰਨੀ ਬਣ ਕੇ ਇਸ ਨੇਮ ਤੇ ਚੱਲਦਾ।

(੮) ਗੁਰਮੁਖਾਂ ਨੇ ਅਥਰਵਣ ਵੇਦ ਦੇ ਭਾਰ ਨੂੰ ਆਪਣੇ ਸਿਰੋਂ ਲਾਹ ਦਿੱਤਾ ਤੇ ਗੁਰਬਾਣੀ ਦੇ ਪ੍ਰੇਮੀ ਹੋ ਗਏ।੩੮।

***ਭਾਵਾਰਥ :*** ਬਾਬਾ ਜੀ ਨੇ ਪਹਿਲੇ ਜਗਤ ਵਿਚ ਦੂਰ ਦੂਰ ਵਿਚਰ ਕੇ ਸੰਸਾਰ ਦੇ ਲੋਕਾਂ ਦਾ ਉੱਧਾਰ ਕੀਤਾ, ਫਿਰ ਕਰਤਾਰਪੁਰ ਵਿਚ ਬੈਠ ਕੇ ਸਤਿਸੰਗ ਦੀ ਮਰਯਾਦਾ ਤੋਰੀ ਤਾਂ ਕਿ ਲੋਕਾਂ ਦਾ ਅਗਿਆਨ ਅੰਧੇਰਾ ਬਾਣੀ ਦੀ ਰੋਸ਼ਨੀ ਨਾਲ ਦੂਰ ਹੋ ਜਾਏ, ਇਸ ਲਈ ਪੰਜਾਬੀ ਭਾਸ਼ਾ ਵਿਚੋਂ ਵਾਹਿਗੁਰੂ ਦਾ ਗਿਆਨ ਪ੍ਰਕਾਸ਼ ਕੀਤਾ। ਜਦ ਪੁੱਤ੍ਰ ਸ੍ਰੀ ਚੰਦ ਆਦਿ ਪ੍ਰੀਖਯਾ ਵਿਚ ਪੂਰੇ ਨਾ ਉੱਤਰੇ ਤਾਂ ਗੁਰੂ ਅੰਗਦ ਜੀ ਨੂੰ ਸੋਧ ਕੇ ਗੁਰਤਾ ਗੱਦੀ ਤੇ ਬੈਠਾ ਦਿੱਤਾ।

## ੩੯. ਸ਼ਿਵਰਾਤ੍ਰੀ ਦਾ ਮੇਲਾ

**੧. ਮੇਲਾ ਸੁਣ ਸ਼ਿਵਰਾਤ ਦਾ**
**ਬਾਬਾ ਅਚਲ ਵਟਾਲੇ ਆਈ।**
**੨. ਦਰਸ਼ਨ ਵੇਖਣ ਕਾਰਨੇ**
**ਸਗਲੀ ਉਲਟ ਪਈ ਲੋਕਾਈ।**
**੩. ਲੱਗੀ ਬਰਸਣ ਲੱਛਮੀ**
**ਰਿੱਧ ਸਿੱਧ ਨਉ ਨਿੱਧ ਸਵਾਈ।**
**੪. ਜੋਗੀ ਦੇਖ ਚਲਿੱਤ੍ਰ ਨੋ**
**ਮਨ ਵਿਚ ਰਿਸਿਕਿ ਘਨੇਰੀ ਖਾਈ।**
**੫. ਭਗਤੀਆਂ ਪਾਈ ਭਗਤਿ ਆਨ**
**ਲੋਟਾ ਜੋਗੀ ਲਇਆ ਛਪਾਈ।**
**੬. ਭਗਤੀਆਂ ਗਈ ਭਗਤਿ ਭੁੱਲ**
**ਲੋਟੇ ਅੰਦਰਿ ਸੁਰਤਿ ਭੁਲਾਈ।**
**੭. ਬਾਬਾ ਜਾਣੀ ਜਾਣ ਪੁਰਖ**
**ਕਢਿਆ ਲੋਟਾ ਜਹਾਂ ਲੁਕਾਈ।**
**੮. ਵੇਖ ਚਲਿੱਤ ਜੋਗੀ ਖੁਣਸਾਈ ॥੩੯॥**

***ਪਦ ਅਰਥ :*** ਆਈ—ਆਇਆ। ਰਿਸਿਕਿ—ਤਮਕ, ਖੁੰਧਿਕ। ਭਗਤੀਆਂ—ਰਾਸਧਾਰੀਆਂ। ਖੁਣਸਾਈ—ਮਨ ਵਿਚ ਵੈਰ ਭਾਵ, ਵੈਰੀ ਹੋ ਗਏ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ ! ਕਰਤਾਰਪੁਰ ਵਿਚ ਬੈਠ ਕੇ ਸਤਿ ਸੰਗਤਿ ਕਾਇਮ ਕੀਤੀ ਤੇ ਗੁਰਮਤ ਦਾ ਪ੍ਰਕਾਸ਼ ਕਰਕੇ ਅਗਿਆਨਤਾ ਦਾ ਅੰਧੇਰਾ ਵੀ ਬਾਬਾ ਜੀ ਨੇ ਦੂਰ ਕੀਤਾ, ਆਖ਼ਰ ਇਥੋਂ ਫਿਰ ਕਿਥੇ ਗਏ ?

(੧) ਉ: ਹੇ ਭਾਈ ! ਜਦੋਂ ਗੁਰਦੇਵ ਜੀ ਨੇ ਸ਼ਿਵਰਾਤ੍ਰੀ ਦਾ ਮੇਲਾ ਸੁਣਿਆ ਕਿ ਇਸ ਮੇਲੇ ਵਿਚ ਬਹੁਤ ਲੋਕਾਂ ਦਾ ਇਕੱਠ ਹੈ ਤਾਂ ਆਪਣਾ ਸੱਚਾ ਪ੍ਰਚਾਰ ਕਰਨ ਲਈ ਅਚੱਲ ਵਟਾਲੇ ਆ ਪੁੱਜੇ।

(੨) (ਆਪ ਜੀ ਦੇ ਇਥੇ ਪੁੱਜਣ ਸਾਰ ਹੀ ਗੁਰੂ ਜੀ ਦਾ) ਦਰਸ਼ਨ ਕਰਨ ਵਾਸਤੇ ਦੁਨੀਆ (ਗੁਰੂ ਦੇ ਵੱਲ) ਉਲਟ ਪਈ।

(੩) ਇਥੇ ਪੁੱਜਣ ਸਾਰ ਹੀ ਗੁਰੂ ਜੀ ਦੇ ਅੱਗੇ (ਦਰਸ਼ਨ ਭੇਟਾ

ਵਜੇ, ਲੋਕਾਂ ਵਲੋਂ) ਲਛਮੀਂ ਦੀ ਬਰਖਾ ਹੋਣ ਲਗੀ (ਐਨੀ ਮਾਇਆ ਇਕੱਠੀ ਹੋ ਗਈ ਕਿ ਜਿਵੇਂ) ਰਿਧੀਆਂ ਸਿਧੀਆਂ ਤੇ ਨੌਂ ਨਿਧੀਆਂ (ਗੁਰੂ ਜੀ ਦੇ ਹਜ਼ੂਰ) ਆ ਗਈਆਂ ਹਨ।

(੪) ਜੋਗੀ ਲੋਕ ਇਸ ਕੌਤਕ ਨੂੰ ਵੇਖ ਕੇ ਖਾਰ ਖਾਣ ਲੱਗੇ (ਭਾਵ ਵੇਖ ਕੇ ਮਨ ਵਿਚ ਬਹੁਤ ਈਰਖਾ ਖਾਧੀ, ਸੜ ਗਏ)।

ਪ੍ਰ: ਕਿਉਂ ਜੀ! ਕੀ ਬਾਬੇ ਨੇ ਇਥੇ ਕੋਈ ਨਵਾਂ ਕੌਤਕ ਭੀ ਤੱਕਿਆ?

(੫) ਉ: (ਇਥੇ ਬਾਬੇ ਨੇ ਆ ਇਕ ਨਵਾਂ ਕੌਤਕ ਤੱਕਿਆ ਕਿ) ਕੁੱਝ ਰਾਸ ਧਾਰੀਏ ਰਾਸ ਪਾ ਪਾ ਕੇ (ਆਪਣੇ ਕਰਤਬਾਂ ਨਾਲ) ਲੋਟਾ ਅੱਗੇ ਰੱਖ ਕੇ ਪੈਸੇ ਉਗਰਾਹੀ ਜਾਂਦੇ ਸਨ। ਜੋਗੀਆਂ ਨੇ ਲੋਟਾ (ਚੁੱਕ ਕੇ) ਲੁਕਾ ਦਿੱਤਾ (ਉਹ ਇਸ ਲਈ ਕਿ ਇਨ੍ਹਾਂ ਰਾਸ ਧਾਰੀਆਂ ਨੇ ਸਾਡੇ ਅੱਗੇ ਕੀਰਤਨ ਕਿਉਂ ਨਹੀਂ ਕੀਤਾ)।

(੬) (ਵੀਚਾਰੇ) ਰਾਸ ਧਾਰੀਆਂ ਨੂੰ (ਲੋਟਾ ਚੁੱਕਿਆ ਗਿਆ ਵੇਖ ਕੇ) ਉਸ ਲੋਟੇ ਕਾਰਨ ਰਾਸ ਪਾਉਣੀ ਭੁੱਲ ਗਈ। ਇਨ੍ਹਾਂ ਦੀ ਸੁਰਤਿ ਲੋਟੇ ਵਿਚ ਹੀ ਆ ਲੱਗੀ (ਕਿਉਂਕਿ ਜੋ ਉਸ ਵਿਚ ਉਗਰਾਹੀ ਦਾ ਰੁਪਇਆ 'ਕੱਠਾ ਕੀਤਾ ਹੋਇਆ ਸੀ)।

(੭) (ਬਾਬਾ) ਗੁਰੂ ਨਾਨਕ ਜਾਣੀ ਜਾਣ ਪੁਰਖ ਸੀ, ਉਨ੍ਹਾਂ ਨੇ ਰਾਸ ਧਾਰੀਆਂ ਦੀ ਹਾਲਤ 'ਤੇ ਤਰਸ ਕਰਕੇ ਜੋਗੀਆਂ ਨੇ ਜਿਥੇ ਲੋਟਾ ਲੁਕਾਇਆ ਸੀ ਲਭਾ (ਕਢਾ) ਦਿੱਤਾ।

(੮) ਜੋਗੀਆਂ ਨੂੰ ਇਸ ਗੱਲ ਤੋਂ ਬੜੀ ਤਮਕ ਲੱਗੀ, ਗੁੱਸੇ ਵਿਚ ਆ ਗਏ, ਕਰਾਮਾਤ ਦੀ ਹਉਮੈਂ ਨੇ ਉਨ੍ਹਾਂ ਨੂੰ ਲਾਂਬੂ ਲਾ ਦਿੱਤੇ।੩੯।

***ਭਾਵਾਰਥ :*** ਜਦੋਂ ਬਾਬਾ ਗੁਰੂ ਨਾਨਕ ਜੀ ਨੇ ਰਾਸ ਧਾਰੀਆਂ ਦਾ ਲੋਟਾ, ਜੋ ਮਾਇਆ ਵਾਲਾ ਸੀ, ਜਿਸਨੂੰ ਜੋਗੀਆਂ ਨੇ ਲੁਕਾਇਆ ਸੀ, ਉਹ ਅੰਤਰਯਾਮੀ ਗੁਰੂ ਨਾਨਕ ਜੀ ਨੇ ਅੰਤਰਜਾਮਤਾ ਨਾਲ ਦੱਸ ਦਿੱਤਾ, ਤਦੋਂ ਜੋਗੀ ਲੋਕ ਵੱਡੇ ਵੈਰੀ ਹੋ ਗਏ ਤੇ ਕ੍ਰੋਧ ਨਾਲ ਦੁਰਬਚਨ ਬੋਲਣ ਲੱਗੇ। ਭਗਤ ਪੈਣੀ ਰਾਸ ਪਾਉਣੇ ਦਾ ਨਾਮ ਹੈ। ਗੁਰਮਤ ਵਿਚ ਰਿਧੀਆਂ ਸਿਧੀਆਂ ਨੂੰ ਰੱਬੀ ਮਾਰਗ ਵਿਚ ਰੋਕ ਪਾਉਣ ਦਾ ਇਕ ਬਹੁਤ ਵੱਡਾ ਕਾਰਨ ਮੰਨਿਆ ਹੈ, ਇਹ ਇਕ ਦੂਸਰੇ ਨਾਲ ਈਰਖਾ ਕਰਨ ਦਾ ਜਨਮ ਦਾਤਾ ਭੀ ਮੰਨਿਆ ਗਿਆ ਹੈ। ਇਸ ਲਈ ਇਨ੍ਹਾਂ ਸ਼ਕਤੀਆਂ ਨੂੰ ਗੁਰਮਤ ਵਿਚ ਕਬੂਲ ਨਹੀਂ ਕੀਤਾ ਗਿਆ।

## ੪੦. ਸਿਧਾਂ ਨਾਲ ਗੋਸ਼ਟਿ

੧. ਖਾਧੀ ਖੁਣਸਿ ਜੋਗੀਸ਼ਰਾਂ
ਗੋਸਟਿ ਕਰਨ ਸਭੇ ਉਠ ਆਈ।
੨. ਪੁਛੇ ਜੋਗੀ ਭੰਗਰ ਨਾਥ,
'ਤੁਹਿ ਦੁੱਧ ਵਿਚ ਕਿਉਂ ਕਾਂਜੀ ਪਾਈ?
੩. ਫਿਟਿਆ ਚਾਟਾ ਦੁੱਧ ਦਾ
ਰਿੜਕਿਆਂ ਮੱਖਣ ਹੱਥ ਨ ਆਈ।
੪. ਭੇਖ ਉਤਾਰ ਉਦਾਸ ਦਾ
ਵਤ ਕਿਉਂ ਸੰਸਾਰੀ ਰੀਤ ਚਲਾਈ?'
੫. ਨਾਨਕ ਆਖੇ, 'ਭੰਗਰਨਾਥ!
ਤੇਰੀ ਮਾਉ ਕੁਚੱਜੀ ਆਈ।
੬. ਭਾਂਡਾ ਧੋਇ ਨ ਜਾਤਿਓਨ
ਭਾਇ ਕੁਚੱਜੇ ਫੁੱਲ ਸੜਾਈ।
੭. ਹੋਇ ਅਤੀਤ ਗ੍ਰਿਹਸਤ ਤਜ
ਫਿਰ ਉਨਹੂੰ ਕੇ ਘਰ ਮੰਗਣ ਜਾਈ।
੮. ਬਿਨ ਦਿਤੇ ਕਿਛੁ ਹੱਥ ਨ ਆਈ' ॥੪੦॥

***ਪਦ ਅਰਥ :*** ਖੁਣਸਿ—ਖਾਰ, ਈਰਖਾ। ਗੋਸਟਿ—ਬਹਿਸ, ਚਰਚਾ। ਵਤ—ਫਿਰ, ਮੁੜਕੇ। ਅਤੀਤ—ਫ਼ਕੀਰ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਉਨ੍ਹਾਂ ਜੋਗੀਆਂ ਨਾਲ ਗੁਰੂ ਨਾਨਕ ਦੇਵ ਜੀ ਦਾ ਪਰਸਪਰ ਕਿਸੇ ਪੱਖ ਤੇ ਵੀਚਾਰ ਵਿਟਾਂਦਰਾ ਭੀ ਹੋਇਆ?

(੧) ਉ: ਹੇ ਭਾਈਓ! (ਉਹ ਸਾਰੇ ਦੇ ਸਾਰੇ) ਜੋਗੀ ਲੋਕ ਈਰਖਾ ਕਰਕੇ ਚਰਚਾ ਕਰਨ ਲਈ (ਗੁਰੂ ਨਾਨਕ ਜੀ ਦੇ) ਨੇੜੇ ਆ ਗਏ।

ਪ੍ਰ: ਕਿਉਂ ਜੀ! ਇਨ੍ਹਾਂ ਜੋਗੀਆਂ ਨੇ ਚਰਚਾ ਕਿਸ ਰੂਪ ਵਿਚ ਅਰੰਭ ਕੀਤੀ?

(੨) ਉ: (ਇਨ੍ਹਾਂ ਸਾਰੇ ਜੋਗੀਆਂ ਵਿਚੋਂ ਪਹਿਲੋਂ) ਭੰਗਰ ਨਾਥ ਜੋਗੀ ਈਰਖਾ ਵਿਚ ਭਰਿਆ ਹੋਇਆ ਕਹਿਣ ਲੱਗਾ ਕਿ ਹੇ ਨਾਨਕ! ਦੱਸ, ਤੂੰ ਦੁੱਧ ਵਿਚ ਕਾਂਜੀ ਪਾਉਣ ਵਾਲਾ ਕੰਮ ਕਿਉਂ ਕੀਤਾ ਹੈ।

(੩) (ਹੇ ਨਾਨਕ! ਹੁਣ ਤਾਂ) ਦੁੱਧ ਦਾ ਮਟਕਾ ਫਿਟ ਗਿਆ

ਹੈ, ਤੂੰ ਆਪ ਹੀ ਸੋਚ ਕੇ ਦੱਸ ਕਿ ਰਿੜਕਨ ਨਾਲ ਮੱਖਣ ਕੀ ਨਿਕਲਣਾ ਹੈ ? (ਭਾਵ ਤੂੰ ਫ਼ਕੀਰੀ ਧਾਰ ਕੇ, ਫ਼ਕੀਰੀ ਰੂਪ ਦੁੱਧ ਦੇ ਚਾਟੇ ਵਿਚ ਮੁੜ ਗ੍ਰਿਹਸਤੀ ਬਣ ਕੇ ਕਾਂਜੀ ਕਿਉਂ ਪਾਈ ਹੈ, ਹੁਣ ਤਾਂ ਮੱਖਣ, ਭਾਵ ਮੁਕਤੀ ਤੇ ਗਿਆਨ ਤੇਰੇ ਦੋਵੇਂ ਹੀ ਗੁਆਚ ਗਏ ਸਮਝ)।

(੪) ਪ੍ਰ: (ਹੇ ਨਾਨਕ ! ਤੂੰ ਦਸ) ਫ਼ਕੀਰੀ (ਉਦਾਸੀ) ਭੇਖ ਲਾਹ ਕੇ ਤੂੰ ਫਿਰ ਗ੍ਰਿਹਸਤ ਧਾਰਨ ਕਰਨ ਦੀ ਸੰਸਾਰੀ ਰੀਤ ਕਿਉਂ ਚਲਾ ਦਿੱਤੀ ਹੈ ?

(੫) ਉ: (ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ ਕਿ) ਹੇ ਭੰਗਰ ! ਤੇਰੀ ਮਾਂ (ਭਾਵ ਬੁੱਧ) ਕੁਚੱਜੀ ਹੈ, ਅਥਵਾ ਤੇਰੀ ਬੁੱਧੀ ਖ਼ਰਾਬ ਹੈ।

(੬) (ਕਿਉਂਕਿ ਉਸਨੇ ਹਿਰਦੇ ਦਾ ਭਾਂਡਾ ਧੋ ਨਹੀਂ ਜਾਤਾ, ਭਾਵ ਜਿਸ ਤੇਰੀ ਬੁੱਧੀ ਨੇ (ਹਿਰਦਾ) ਧੋਤਾ ਨਹੀਂ ਤੇ ਕੁਚੱਜੇ ਢੰਗ ਕਾਰਨ ਹਿਰਦੇ ਵਿਚਲੇ (ਦੁੱਧ) ਬੁੱਧੀ ਨੂੰ ਖ਼ਰਾਬ ਕਰ ਲਿਆ ਹੈ।

ਪ੍ਰ: ਹੇ ਨਾਨਕ ! ਦਸ ਤੂੰ ਸਾਡੀ ਬੁੱਧੀ ਵਿਚ ਕੁਚੱਜਾਪਣ ਹੋਣ ਦਾ ਦੋਸ਼ ਕਿਉ ਅਰੋਪਨ ਕਰਦਾ ਹੈਂ, ਕੀ ਇਸ ਵਿਚ ਤੂੰ ਕੋਈ ਸਬੂਤ ਦੇ ਸਕਦਾ ਹੈ ?

(੭) ਉ: ਹੇ ਗੋਰਖ ! ਇਸ ਤੋਂ ਵੱਡਾ ਹੋਰ ਕੀ ਸਬੂਤ ਮਿਲ ਸਕਦਾ ਹੈ ਕਿ ਤੁਸੀਂ ਵਿਰਕਤ ਹੋ ਕੇ ਗ੍ਰਿਹਸਤ ਨੂੰ ਛੱਡ ਕੇ ਫਿਰ ਉਨ੍ਹਾਂ ਹੀ (ਸੰਸਾਰੀਆਂ) ਦੇ ਘਰਾਂ ਵਿਚ ਮੰਗਣ ਚੜ੍ਹ ਪੈਂਦੇ ਹੋ (ਤੇ ਮੂੰਹ ਨਾਲ ਗ੍ਰਿਹਸਤੀਆਂ ਦੀ ਨਿੰਦਾ ਕਰਦੇ ਹੋ)।

(੮) ਹੇ ਗੋਰਖ ! ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਦਿੱਤੇ ਬਿਨਾਂ (ਕਿਸੇ ਨੂੰ) ਕੁੱਝ ਭੀ ਨਹੀਂ ਮਿਲਦਾ।

*ਭਾਵਾਰਥ :* ਕਿ ਹੇ ਜੋਗੀਓ ! ਦਿੱਤੇ ਬਿਨਾਂ ਕੁੱਛ ਭੀ ਨਹੀਂ ਮਿਲਦਾ। ਇਸ ਬਾਰੇ ਗੁਰ ਫ਼ੁਰਮਾਨ ਹੈ ਕਿ :

ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥
*(ਪੰਨਾ ੫੮੭)*

ਹੇ ਜੋਗੀਓ ! ਤੁਸਾਂ ਪਿੱਛੇ ਕੋਈ ਕੁੱਛ ਭੀ ਦਾਨ ਪੁੰਨ ਨਹੀਂ ਕੀਤਾ, ਇਸੇ ਲਈ ਤੁਸੀਂ ਘਰ ਘਰ ਹੱਥ ਟੱਡਦੇ ਫਿਰਦੇ ਹੋ ਕਿਉਂਕਿ ਇਹ ਅਸੂਲ ਹੈ ਕਿ :

ਦਿੱਤਾ ਲਈਏ ਆਪਣਾ
ਅਣਦਿੱਤਾ ਕਿਛੁ ਹੱਥ ਨ ਆਵੈ ॥ *(ਵਾਰ ੧-੪੭)*

## *੪੧. ਸਿੱਧਾਂ ਨੇ ਕਰਾਮਾਤਾਂ ਦਿਖਾਉਣੀਆਂ*

**੧. ਏਹ ਸੁਣ ਬਚਨ ਜੋਗੀਸ਼ਰਾਂ,**
**ਮਾਰ ਕਿਲਕ ਬਹੁ ਰੂਇ ਉਠਾਈ।**
**੨. ਖਟ ਦਰਸ਼ਨ ਕਉ ਖੇਦਿਆ**
**ਕਲਿਜੁਗ ਨਾਨਕ ਬੇਦੀ ਆਈ।**
**੩. ਸਿੱਧ ਬੋਲਣ ਸਭ ਅਉਖਧੀਆਂ**
**ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।**
**੪. ਰੂਪ ਵਟਾਏ ਜੋਗੀਆਂ**
**ਸਿੰਘ ਬਾਘ ਬਹੁ ਚਲਿਤ ਦਿਖਾਈ।**
**੫. ਇਕ ਪਰ ਕਰ ਕੇ ਉਡਰਨ**
**ਪੰਖੀ ਜਿਵੇਂ ਰਹੇ ਲੀਲਾਈ।**
**੬. ਇਕ ਨਾਗ ਹੋਇ ਪਵਨ ਛੋਡ**
**ਇਕਨਾ ਵਰਖਾ ਅਗਨਿ ਵਸਾਈ।**
**੭. ਤਾਰੇ ਤੋੜੇ ਭੰਗਰ ਨਾਥ**
**ਇਕ ਚੜ੍ਹ ਮਿਰਗਾਨੀ ਜਲ ਤਰ ਜਾਈ।**
**੮. ਸਿਧਾਂ ਅਗਨਿ ਨ ਬੁਝੈ ਬੁਝਾਈ ॥੪੧॥**

*ਪਦ ਅਰਥ :* ਕਿਲਕ—ਚੀਕਾਂ ਤੇ ਚਾਂਗਰਾਂ ਮਾਰਦੇ, ਭਬਕ ਮਾਰਨੀ। ਰੂਇ—ਰੋਹ, ਗੁੱਸਾ। ਖੇਦਿਆ—ਨਿਖੇਧੀ, ਨਿਖੇਦਿਆ। ਧੁਨੋ—ਆਵਾਜ਼ਾਂ। ਲੀਲਾਈ—ਉੱਡਣ ਦੀ ਤਾਰੀ ਲਾਉਣੀ।

*ਅਰਥ :*

ਪ੍ਰ: ਭਾਈ ਸਹਿਬ ਜੀਉ ! ਸੁਣਿਆ ਹੈ ਕਿ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਤੇ ਆਪਣਾ ਪ੍ਰਭਾਵ ਪਾਉਣ ਲਈ ਕਈ ਤਰ੍ਹਾਂ ਦੀਆਂ ਕਰਾਮਾਤਾਂ ਭੀ ਵਿਖਾਈਆਂ ਸਨ, ਕੀ ਉਹ ਕੋਈ ਖ਼ਾਸ ਕਰਾਮਾਤਾਂ ਸਨ, ਆਸ ਹੈ ਕਿ ਆਪ ਜੀ ਜ਼ਰੂਰ ਜਾਣਕਾਰੀ ਰੱਖਦੇ ਹੋਵੋਗੇ, ਉਨ੍ਹਾਂ ਤੋਂ ਅਸੀਂ ਭੀ ਜਾਣੂ ਹੋਣਾ ਚਾਹੁੰਦੇ ਹਾ, ਕ੍ਰਿਪਾ ਕਰੋ ?

(੧) ਉ: ਹੇ ਭਾਈਓ ! ਸੁਣਨ ਵਿਚ ਇਉ ਹੀ ਆਉਂਦਾ ਹੈ ਕਿ (ਬਾਬੇ ਦਾ) ਬਚਨ ਸੁਣ ਕੇ ਫਿਰ ਜੋਗੀਆਂ ਨੇ ਭਬਕ ਮਾਰ ਕੇ, ਚਾਂਗਰਾਂ ਤੇ ਕਿਲਕਾਂ ਮਾਰੀਆ, ਬੜਾ

ਰੋਹ ਤੇ ਗੁੱਸਾ ਪ੍ਰਗਟ ਕੀਤਾ (ਭਾਵ ਕਈ ਰੂਪ ਭੂਤ ਪ੍ਰੇਤਾਦਿਕਾਂ ਦੇ ਧਾਰ ਲਏ ਤੇ ਕਹਿਣ ਲੱਗੇ)।

(੨) (ਅਸਾਂ ਸੁਣਿਆ ਹੈ ਕਿ) ਕਲਜੁਗ ਵਿਚ ਨਾਨਕ ਬੇਦੀ ਨੇ ਆ ਕੇ ਖਟ ਦਰਸ਼ਨਾਂ (ਛੇਆਂ ਪ੍ਰਚਲਤ) ਧਰਮਾਂ ਦੀ ਨਿਖੇਧੀ ਕੀਤੀ ਹੈ।

(੩) (ਇਉਂ ਕਹਿ ਕੇ) ਸਾਰੇ ਸਿੱਧ ਤੰਤ੍ਰ ਮੰਤ੍ਰਾਂ ਦੀਆਂ ਧੁਨਾਂ ਉਚਾਰ ਕੇ ਅਉਖਧੀਆਂ ਦੱਸਣ ਲੱਗੇ।

(੪) ਇੱਥੇ ਹੀ ਬੱਸ ਨਹੀਂ, ਜੋਗੀਆਂ ਨੇ ਸਤਿਗੁਰਾਂ ਨੂੰ ਭਰਮਾਉਣ ਵਾਸਤੇ ਕਈ ਤਰ੍ਹਾਂ ਦੇ ਰੂਪ ਵਟਾ ਲਏ। ਕੋਈ ਸ਼ੇਰ ਤੇ ਬਘਿਆੜ ਬਣ ਕੇ ਚਲਿੱਤ੍ਰ ਦਿਖਾਉਣ ਲੱਗੇ।

(੫) ਇਕ ਪਰਾਂ ਵਾਲੇ ਪੰਛੀ ਬਣ ਪੰਛੀਆਂ ਵਾਂਗ ਅਸਮਾਨ ਵਿਚ ਉਡਾਰੀਆਂ ਲਾਉਣ ਲੱਗੇ (ਭਾਵ ਜਿਵੇਂ ਪੰਛੀ ਅਸਮਾਨ ਵਿਚ ਤਾਰੀਆਂ ਲਾਉਂਦੇ ਹਨ)।

(੬) ਇਕ ਫ਼ਨੀਅਰ ਨਾਗ ਬਣ ਕੇ ਫੁੰਕਾਰੇ ਮਾਰਨ ਲੱਗੇ, ਕਿਸੇ ਨੇ ਅੱਗ ਦੀ ਵਰਖਾ ਵਸਾ ਦਿੱਤੀ (ਭਾਵ ਅਰੰਭ ਕਰ ਦਿੱਤੀ)।

(੭) ਭੰਗਰ ਨਾਥ ਨੇ ਤਾਂ ਤਾਰੇ ਜਾ ਤੋੜੇ, ਇਕ ਮਿਰਗਾਨੀ ਤੇ ਬੈਠ ਕੇ (ਤੁਲਾਅ ਦੇ) ਜਲ ਵਿਚ ਤਰਨ ਲੱਗੇ।

(੮) (ਪਰ ਇਹ ਸਭ ਕੁੱਝ ਕਰਕੇ ਵੀ) ਸਿੱਧਾਂ ਦੇ ਅੰਦਰੋਂ ਹਉਮੈਂ ਦੀ ਅੱਗ ਮੱਠੀ ਨਾ ਹੋਏ (ਭਾਵ ਇਹ ਸਭ ਕੁੱਝ ਕਰਦਿਆਂ ਹੋਇਆਂ ਭੀ ਇਨ੍ਹਾਂ ਜੋਗੀਆਂ ਦੀ ਅੱਗ ਨਹੀਂ ਸੀ ਬੁੱਝ ਸੱਕੀ)।੪੧।

***ਭਾਵਾਰਥ :*** ਧੁਨੋਂ ਚੜ੍ਹਾਈ ਦਾ ਇਹ ਵੀ ਅਰਥ ਕੀਤਾ ਜਾਂਦਾ ਹੈ ਕਿ ਮੰਤ੍ਰਾਂ ਤੰਤ੍ਰਾਂ ਦੇ ਧਨੁਸ਼ ਪਰ ਚੜ੍ਹਾ ਕੇ ਕਈ ਅਉਖਧੀਆਂ ਅਰਥਾਤ ਬੂਟੀਆਂ ਦੇ ਤੀਰ ਵਸਾਉਣ ਲੱਗੇ ਕਿ ਅਸੀਂ ਮੰਤ੍ਰ ਦੇ ਬਲ ਨਾਲ ਅਜਿਹੀ ਬੂਟੀ ਜਾਣਦੇ ਹਾਂ ਕਿ ਲੋਹੇ ਦਾ ਸੋਨਾ ਬਣ ਜਾਵੇ। ਪਹਿਲੀ ਤੁਕ ਵਿਚ ਰੂਇ ਦਾ ਲੂੰਇ ਅਰਥ ਭੀ ਹੈ ਕਿ ਬੁਰਹਿਤਿਆਂ ਦੇ ਰੋਮਾਂਚ ਖੜ੍ਹੇ ਕਰ ਦਿੱਤੇ। ਪਰ ਕਿਵੇਂ ਵੀ ਸਿੱਧਾਂ ਦੀ ਕ੍ਰੋਧ ਦੀ ਅਗਨ ਬੁੱਝਣ ਵਿਚ ਨਾ ਆਵੇ। ਕਈ ਈਰਖਾ ਦਾ ਭਾਵ ਵੀ ਲੈਂਦੇ ਹਨ। ਮਤਲਬ ਇਹ ਹੈ ਕਿ ਅਨੇਕ ਪ੍ਰਕਾਰ ਦੇ ਨਾਟਕ ਚੇਟਕ ਕਰਕੇ ਸਿੱਧਾਂ ਨੇ ਸ੍ਰੀ ਗੁਰੂ ਜੀ ਨੂੰ ਭਰਮਾਉਣਾ ਜਾਂ ਡਰਾਉਣਾ ਚਾਹਿਆ, ਪਰ ਗੁਰੂ ਜੀ ਸੱਚੇ ਗੁਰੂ ਸਨ, ਜਿਸ ਕਰਕੇ ਸਿੱਧਾਂ ਦੀ ਕੋਈ ਭੀ ਪੇਸ਼ ਨਾ ਗਈ। ਆਪਣੀਆਂ ਕਰਾਮਾਤਾਂ ਦਿਖਾ ਕੇ ਗੁਰੂ ਜੀ ਤੋਂ ਕਰਾਮਾਤ ਮੰਗਣ ਲੱਗੇ, ਕਿਉਂਕਿ ਉਹ ਲੋਕ ਕਰਾਮਾਤ ਨੂੰ ਹੀ ਵੱਡੀ ਗੱਲ ਸਮਝਦੇ ਸਨ। ਜਿਸ ਨੂੰ ਗੁਰਮਤਿ ਨੇ ਰੱਬੀ ਮਾਰਗ ਵਿਚ ਬਹੁਤ ਵੱਡੀ ਰੋਕ ਦਰਸਾਇਆ ਹੈ।

## ੪੨. *ਸਿੱਧਾਂ ਨੇ ਫਿਰ ਜਵਾਬ ਸਵਾਲ ਕਰਨੇ ਇਉਂ ਅਰੰਭ ਕੀਤੇ*

**੧. ਸਿੱਧ ਬੋਲੇ, 'ਸੁਣਿ ਨਾਨਕਾ!**
**ਤੁਹਿ ਜੱਗ ਨੂੰ ਕਰਾਮਾਤ ਦਿਖਲਾਈ।**
**੨. ਕੁਝ ਦਿਖਾਇ ਅਸਾਂ ਨੂੰ ਭੀ**
**ਤੂੰ ਕਿਉਂ ਢਿੱਲ ਅਵੇਹੀ ਲਾਈ'?**
**੩. ਬਾਬਾ ਬੋਲੇ, 'ਨਾਥ ਜੀ!**
**ਅਸਾਂ ਵੇਖੇ ਜੋਗੀ ਵਸਤੁ ਨ ਕਾਈ।**
**੪. ਗੁਰ ਸੰਗਤ ਬਾਣੀ ਬਿਨਾਂ**
**ਦੂਜੀ ਓਟ ਨਹੀਂ ਹੈ ਰਾਈ।**
**੫. ਸਿਵ ਰੂਪੀ ਕਰਤਾ ਪੁਰਖ**
**ਚਲੇ ਨਾਹੀ ਧਰਤਿ ਚਲਾਈ।'**
**੬. ਸਿੱਧ ਤੰਤ੍ਰ ਮੰਤ੍ਰ ਕਰ ਝੜ ਪਏ**
**ਸ਼ਬਦ ਗੁਰੂ ਕੇ ਕਲਾ ਛਪਾਈ।**
**੭. ਦੱਦੇ ਦਾਤਾ ਗੁਰੂ ਹੈ**
**ਕੱਕੇ ਕੀਮਤ ਕਿਨੇ ਨ ਪਾਈ।**
**੮. ਸੋ ਦੀਨ ਨਾਨਕ ਸਤਿਗੁਰ ਸਰਨਾਈ** ॥੪੨॥

***ਪਦ ਅਰਥ :*** ਸੋ ਦੀਨ—ਉਹ ਹਾਰ ਕੇ।

***ਅਰਥ :***

ਪ੍ਰ: ਕਿਉਂ ਜੀ! ਆਖ਼ਰ ਸਿੱਧਾਂ ਨੇ ਕੀ ਪ੍ਰਸ਼ਨ ਕੀਤਾ, ਇਹ ਭੀ ਦੱਸ ਦਿਓ?

(੧) ਉ: ਹੇ ਭਾਈ! ਜਦੋਂ ਸਿੱਧ ਸਾਰਾ ਜ਼ੋਰ ਲਾ ਕੇ ਹਾਰ ਗਏ, ਤਾਂ ਆਖ਼ਰ ਗੁਰੂ ਨਾਨਕ ਨੂੰ ਪੁੱਛਣ ਲੱਗੇ (ਦੱਸੋ) ਤੁਸਾਂ ਜਗ ਨੂੰ ਕੀ ਕਰਾਮਾਤ ਦਿਖਾਈ ਹੈ?

(੨) ਹੇ ਨਾਨਕ! (ਇਹ ਤਾਂ ਅਸਾਂ ਸੁਣਿਆ ਹੈ ਕਿ ਤੁਸਾਂ ਜਗਤ ਨੂੰ ਕਰਾਮਾਤ ਦਿਖਾਈ ਹੈ, ਪਰ) ਕੋਈ ਸਾਨੂੰ ਭੀ ਐਸੀ ਵਸਤੂ (ਦਾ ਨਮੂਨਾ) ਵਿਖਾ, ਤੂੰ ਢਿਲ ਕਿਉਂ ਲਾਈ ਹੈ?

(੩) ਤਾਂ ਬਾਬਾ ਜੀ ਬੋਲੇ, ਹੇ ਨਾਥ ਜੀ! ਸੁਣੋ ਸੱਚ ਤਾਂ ਇਹੋ ਹੈ ਕਿ ਸਾਡੇ ਤਾਂ ਵੇਖਣ ਵਿਚ ਜੋਗੀ ਕੋਈ ਵਸਤੂ (ਹੀ) ਨਹੀਂ ਹਨ। ਜਾਂ ਇਉਂ ਭੀ ਅਰਥ ਕੀਤਾ ਜਾਂਦਾ ਹੈ

ਕਿ ਹੇ ਨਾਥ ਜੀ! ਸਾਡੇ ਕੋਲ ਵੇਖਣ ਤੇ ਵਿਖਾਉਣ ਯੋਗ ਕੋਈ ਐਸੀ ਵਸਤੂ ਨਹੀਂ ਹੈ। ਜੋ ਕਿ ਤੁਹਾਨੂੰ ਵਿਖਾਉਣਾ ਕਰੀਏ।

ਪ੍ਰ: ਹੇ ਨਾਨਕ! ਅਸੀਂ ਤਾ ਸੁਣਿਆ ਹੈ ਕਿ ਤੁਸੀਂ ਜਗ ਨੂੰ ਕਰਾਮਾਤਾਂ ਵਿਖਾਉਂਦੇ ਆ ਰਹੇ ਹੋ?

(੪) ਉ: ਆਖਰ ਬਾਬਾ ਜੀ ਬੋਲੇ ਕਿ ਜੋਗੀਓ! ਸੱਚਾਈ ਤਾ ਇਹੋ ਹੀ ਹੈ ਕਿ (ਸਾਡੇ ਕੋਲ) ਗੁਰ ਸੰਗਤ ਤੇ (ਗੁਰ ਸਬਦ) ਬਾਣੀ (ਤੋਂ) ਬਿਨਾਂ, ਹੋਰ ਕੋਈ ਓਟ (ਆਸਰਾ) ਰਤਾ ਭਰ ਵੀ ਨਹੀਂ ਹੈ।

(੫) (ਕਿਉਂਕਿ) ਕਰਨ ਕਾਰਨ ਤਾ ਕੇਵਲ ਉਹੀ (ਸ਼ਿਵ ਰੂਪ) ਕਰਤਾ ਪੁਰਖ ਆਪ ਹੀ ਹੈ। (ਉਹ) ਚਲਾਇਮਾਨ ਕਿਸੇ ਦਾ ਕੀਤਾ ਹੋਇਆ ਨਹੀਂ ਹੁੰਦਾ। (ਭਾਵ ਗੁਰੂ ਜੀ ਸਿੱਧਾਂ ਦੇ ਕਿਸੇ ਵੀ ਚਲਿੱਤ੍ਰ ਤੋਂ ਚਲਾਇਮਾਨ ਨਾ ਹੋਏ।) ਜਿਸ ਤਰ੍ਹਾਂ ਕਿ ਧਰਤੀ ਹਲਾਈ ਹੋਈ ਨਹੀਂ ਹਿਲਦੀ।

(੬) (ਆਖਰ) ਸਿੱਧ ਤੰਤ੍ਰ, ਮੰਤ੍ਰ ਕਰਕੇ ਹਾਰ ਗਏ, ਗੁਰੂ ਦੇ ਸ਼ਬਦ ਨੇ ਉਨ੍ਹਾਂ ਦੀ ਕਲਾ ਛੁਪਾ ਦਿੱਤੀ, (ਭਾਵ ਖ਼ਤਮ ਕਰਕੇ ਰੱਖ ਦਿੱਤੀ)।

(੭) ਦਦੇ ਅੱਖਰ ਦਾ ਅਰਥ ਦਾਤਾ (ਰੂਪ ਕੇਵਲ ਗੁਰੂ ਆਪ ਹੀ ਹੈ, ਤੇ ਉਸ ਗੁਰੂ ਦੀ), ਕਕੇ ਕੀਮਤ ਕਿਸੇ ਨਹੀਂ ਪਾਈ, ਭਾਵ ਕਕੇ ਦਾ ਅਰਥ ਉਸਦੀ ਕੀਮਤ ਕਿਸੇ ਨੇ ਨਹੀਂ ਪਾਈ (ਭਾਵ ਅਗਮ ਅਗਾਧ ਪ੍ਰਭੂ ਰੂਪ ਧੁਰੋਂ ਭੇਜੇ ਤੇ ਪ੍ਰਭੂ ਦੇ ਵਡਿਆਏ ਗੁਰੂ ਨਾਨਕ ਦੀ ਵਡਿਆਈ (ਕੀਮਤ) ਨੂੰ ਇਹ ਜਪਾਂ ਤਪਾਂ ਦੇ ਆਸਰੇ ਸਿੱਧ ਲੋਕ ਕੀ ਜਾਣ ਸਕਦੇ ਸਨ।)

(੮) ਸੋ ਅਖ਼ੀਰ, ਉਹ ਦੀਨ (ਨਿੰਮੋਝੂਣੇ ਹੋ, ਹਾਰ ਕੇ) ਗੁਰੂ ਨਾਨਕ ਦੀ ਸ਼ਰਨੀ ਪੈ ਗਏ।੪੨।

***ਭਾਵਾਰਥ:*** ਸਿੱਧਾਂ ਨੇ ਕਈ ਕਰਾਮਾਤਾ ਦਰਸਾਈਆਂ, ਜੋ ਕੇਵਲ ਨਾਟਕ ਚੇਟਕ ਤਮਾਸ਼ਬੀਨੀ ਸਨ, ਪਰ ਗੁਰੂ ਜੀ ਨੇ ਸ਼ਬਦ ਦੇ ਪ੍ਰਤਾਪ ਨਾਲ ਸਭ ਨੂੰ ਖੰਡਨ ਕਰ ਦਿੱਤਾ ਅਤੇ ਇਨ੍ਹਾਂ ਖੇਡਾਂ ਤੋਂ ਕੱਢ ਕੇ ਸੱਚੇ ਨਾਮ ਦੇ ਸਿਮਰਨ ਕਰਨ ਵੱਲ ਪ੍ਰੇਰਿਆ। ਦ, ਕ, ਦੋ ਅੱਖਰਾਂ ਦਾ ਭੇਤ ਇਹ ਹੈ ਕਿ ਸਿੱਧਾਂ ਪਾਸ ਕੇਵਲ ਦੋ ਹੀ ਚੀਜ਼ਾਂ ਸਨ, ਇਕ ਦੀਨ, ਅਰਥਾਤ ਜੋਗ ਦਾ ਮੱਤ ਤੇ ਇਕ ਕਰਾਮਾਤ। ਪਰ ਗੁਰੂ ਜੀ ਨੇ ਦੀਨ ਤਾਂ ਇਹ ਦਸਿਆ ਕਿ ਇਕ ਵਾਹਿਗੁਰੂ ਹੈ, ਕਰਾਮਾਤ ਇਹ ਹੈ ਕਿ ਵਾਹਿਗੁਰੂ ਨੂੰ ਬੇਅੰਤ ਜਾਣੋ, ਉਸ ਦੀ ਕੋਈ ਹੱਦ ਨਹੀਂ ਹੈ, ਉਸਨੂੰ ਅਜਨਮ, ਅਜੋਨੀ, ਬੇਹੱਦ, ਅਜਰ, ਅਮਰ ਸਮਝੋ, ਉਸ ਅਪਾਰ ਵਾਹਿਗੁਰੂ ਦੀ ਭਗਤੀ ਹੀ ਅਸਲ ਕਰਾਮਾਤ ਹੈ।

## ੪੩. ਸਤਿਨਾਮ ਦਾ ਪ੍ਰਤਾਪ

**੧. ਬਾਬਾ ਬੋਲੇ ਨਾਥ ਜੀ!**
**ਸ਼ਬਦ ਸੁਨਹੁ ਸਚ ਮੁਖਹੁ ਅਲਾਈ।**
**੨. ਬਾਝਹੁ ਸੱਚੇ ਨਾਮ ਦੇ**
**ਹੋਰ ਕਰਾਮਾਤ ਅਸਾਥੇ ਨਾਹੀ।**
**੩. ਬਸਤ੍ਰ ਪਹਿਰੋ ਅਗਨਿ ਦੇ**
**ਬਰਫ ਹਿਮਾਲੇ ਮੰਦਰ ਛਾਈ।**
**੪. ਕਰੋ ਰਸੋਈ ਸਾਰ ਦੀ**
**ਸਗਲੀ ਧਰਤੀ ਨੱਥ ਚਲਾਈ।**
**੫. ਏਵਡ ਕਰੀ ਵਿਥਾਰ ਕਉ**
**ਸਗਲੀ ਧਰਤੀ ਹੱਕੀ ਜਾਈ।**
**੬. ਤੋਲੀ ਧਰਤਿ ਅਕਾਸ਼ ਦੁਇ**
**ਪਿਛੇ ਛਾਬੇ ਟੰਕੁ ਚੜ੍ਹਾਈ।**
**੭. ਏਹ ਬਲ ਰਖਾਂ ਆਪ ਵਿਚ**
**ਜਿਸ ਆਖਾਂ ਤਿਸ ਪਾਸ ਕਰਾਈ।**
**੮. ਸਤਿ ਨਾਮ ਬਿਨ ਬਾਦਰ ਛਾਈ ॥੪੩॥**

***ਪਦ ਅਰਥ:*** ਸਾਰ—ਲੋਹਾ। ਵਿਥਾਰ—ਵੱਧ ਜਾਣਾ। ਹੱਕੀ—ਧੱਕ ਦੇਣਾ। ਟੰਕੁ—ਵੱਟਾ।

***ਅਰਥ:***

ਪ੍ਰ: ਆਖ਼ਰ ਸਿੱਧ ਕਹਿਣ ਲੱਗੇ ਹੇ ਨਾਨਕ! ਅਸੀ ਚਾਹੁੰਦੇ ਹਾਂ ਕਿ ਤੁਸੀਂ ਆਪਣਾ ਨਿਸਚਾ ਆਪਣੇ ਮੁਖਹੁੰ ਬੋਲ ਕੇ ਸੁਣਾਓ ਤਾਂ ਕਿ ਅਸੀਂ ਭੀ ਤੁਹਾਡੇ ਵੀਚਾਰਾਂ ਤੋਂ ਜਾਣੂ ਹੋ ਸਕੀਏ ਕਿ ਤੁਹਾਡੀ ਅੰਦਰੂਨੀ ਭਾਵਨਾ ਕੀ ਹੈ?

(੧) ਉ: ਆਖ਼ਰ ਸਿੱਧਾਂ ਨੂੰ ਆਪਣਾ ਨਿਸਚਾ ਪ੍ਰਗਟ ਕਰਨ ਲਈ (ਗੁਰੂ) ਬਾਬਾ ਜੀ (ਇਉਂ) ਬੋਲੇ (ਕਿ ਹੇ) ਨਾਥ ਜੀ! (ਅਸੀਂ ਤਾਂ ਕੇਵਲ) ਸ਼ਬਦ ਹੀ ਸੁਣਦੇ ਤੇ ਮੁਖ ਤੋਂ ਸ਼ਬਦ ਹੀ ਬੋਲਦੇ ਹਾਂ। (ਮੈਂ) ਮੂੰਹੋਂ ਸੱਚ ਬਚਨ ਕਹਿੰਦਾ ਹਾਂ (ਆਪ) ਸਬਦ ਹੀ ਸੁਣੋ।

(੨) ਹੇ ਸਿੱਧੋ! ਇਕ ਉਸ ਪਰਮੇਸਰ ਦੇ ਸੱਚੇ ਨਾਮ (ਦੀ ਕਰਾਮਾਤ) ਤੋਂ ਬਿਨਾਂ ਹੋਰ (ਨਾਸਵਾਨ) ਕਰਾਮਾਤਾਂ ਸਾਡੇ ਪਾਸ ਨਹੀਂ ਹਨ (ਸਾਡੇ ਕੰਮ ਤੇ ਸਾਡੀ ਰਖਵਾਲੀ

ਕੇਵਲ ਸੱਚਾ ਨਾਮ ਹੀ ਹੈ, ਤੇ ਇਹੋ ਹੀ ਸਾਡੀ ਕਰਾਮਾਤ ਹੈ)।

ਪ੍ਰ: ਹੇ ਨਾਨਕ! ਜੇ ਕਦੀ ਤੈਨੂੰ ਸਾਡੇ ਵਾਂਗੂੰ ਕਰਾਮਾਤਾਂ ਪ੍ਰਾਪਤ ਹੋ ਜਾਣ ਫਿਰ ਤੇਰਾ ਨਿਸਚਾ ਕੀ ਹੋਵੇਗਾ, ਕੀ ਤੂੰ ਉਨ੍ਹਾਂ ਸ਼ਕਤੀਆਂ ਵਿਚ ਲੋਭਾਇਮਾਨ ਨਾ ਹੋਵੇਂਗਾ?

(੩) ਉ: ਹੇ ਜੋਗੀਓ! ਜੇ ਤੁਸੀਂ ਮੇਰੇ ਨਿਸਚੇ ਤੋਂ ਜਾਣੂੰ ਹੋਣਾ ਚਾਹੁੰਦੇ ਹੋ ਤਾਂ ਸੁਣੋ (ਜੇ ਮੈਂ ਅੱਗ ਦੇ) ਕਪੜੇ (ਪਹਿਨਾਂ) ਅਤੇ ਹਿਮਾਲੇ ਵਿਚ ਬਰਫ਼ ਦੇ ਘਰ ਬਣਾ ਕੇ ਵੀ ਜਾ ਰਹਾਂ।

(੪) ਅਤੇ ਰਸੋਈ (ਸਾਰ) ਲੋਹੇ ਦੀ ਕਰਾਂ, ਭਾਵ ਖਾਣਾ ਬਣਾ ਲਵਾਂ, ਅਤੇ ਧਰਤੀ ਨੂੰ ਨੱਥ ਕੇ ਚਲਾ ਲਵਾਂ, (ਭਾਵ ਮੇਰੇ ਵਿਚ ਇੰਨਾ ਬਲ ਹੋਵੇ ਕਿ) ਮੈਂ ਸਾਰੀ ਧਰਤੀ ਨੂੰ ਵੱਸ ਵਿਚ ਕਰ ਲਵਾਂ।

(੫) (ਹੇ ਜੋਗੀਓ! ਮੈਂ) ਜੇ, ਏਡਾ ਵੱਡਾ (ਕੱਦ ਵਾਲਾ) ਭੀ ਬਣ ਜਾਵਾਂ ਕਿ ਸਾਰੀ ਧਰਤੀ ਨੂੰ ਧੱਕ ਕੇ (ਅੱਗੇ ਅੱਗੇ) ਤੋਰ ਲਵਾਂ।

(੬) (ਹੇ ਸਿੱਧੋ! ਜੇ ਮੈਂ) ਧਰਤੀ ਤੇ ਆਕਾਸ਼ ਨੂੰ (ਭੀ) ਤੱਕੜੀ ਦੇ ਪੱਲੜੇ ਵਿਚ ਪਾ ਕੇ ਪਿਛੇ ਟੰਕ (ਛੋਟਾ ਜਿਹਾ ਵੱਟਾ) ਚੜ੍ਹਾ (ਕੇ) ਤੋਲ ਦਿਆਂ।

(੭) (ਹੇ ਜੋਗੀਓ! ਇਥੇ ਹੀ ਬੱਸ ਨਹੀਂ) ਇਤਨਾਂ ਬਲ ਆਪਣੇ ਵਿਚ ਰੱਖਦਾ ਹੋਵਾਂ ਕਿ ਜਿਸ (ਨੂੰ) ਜੋ ਕੁੱਝ ਆਖਾਂ, (ਉਸ ਤੋਂ ਉਹੀ ਕੁੱਝ) ਕਰਵਾ ਲਵਾਂ।

(੮) ਹੇ ਜੋਗੀਓ! ਮੈਂ ਤਾਂ ਇਉਂ ਹੀ ਨਿਸਚਾ ਰਖਦਾ ਹਾਂ ਕਿ ਏਨੀ ਸ਼ਕਤੀ ਤੇ ਏਨੀ ਤਾਕਤ ਹੁੰਦਿਆਂ ਫਿਰ ਭੀ ਸਤਿਨਾਮ ਤੋਂ ਬਿਨਾਂ (ਇਹ ਸਭ ਕੁੱਝ) ਬੱਦਲ ਦੀ ਛਾਂ ਵਰਗੀ ਖਿਨ ਵਿਚ ਹੀ ਦੂਰ ਹੋ ਜਾਣ ਵਾਲੀ ਵਸਤੂ ਹੈ।੪੩।

***ਭਾਵਾਰਥ :*** ਇਥੇ ਹੀ ਗੁਰੂ ਨਾਨਕ ਪਾਤਿਸ਼ਾਹ ਨੇ ਇਹ ਸ਼ਬਦ ਉਚਾਰਨ ਕੀਤਾ ਸੀ ਕਿ ਸਿੱਧੋ ਜੇ ਮੈਂ—ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੩॥ ਸੁਲਤਾਨੁ ਹੋਵਾ ਮੇਲਿ ਲਸਕਰ—ਵਾਲਾ ਇਹ ਸਾਰਾ ਸ਼ਬਦ ਗੁਰੂ ਜੀ ਨੇ ਸਿੱਧਾਂ ਪ੍ਰਥਾਇ ਉਚਾਰਨ ਕੀਤਾ ਹੈ। ਗੁਰੂ ਜੀ ਕਹਿੰਦੇ ਹਨ ਕਿ ਹੇ ਸਿੱਧੋ! ਇਨ੍ਹਾਂ ਰਿਧੀਆਂ ਸਿੱਧੀਆਂ ਦੇ ਬਲ ਕੁੱਛ ਨਹੀਂ; ਇਹ ਵਾਹਿਗੁਰੂ ਤੋਂ ਮੋੜ ਕੇ ਹਉਮੈਂ ਵਿਚ ਫਸਾਉਂਦੇ ਹਨ। ਇਕ ਸਤਿਨਾਮ ਦੀ ਹੀ ਵੱਡੀ ਕਰਾਮਾਤ ਹੈ, ਜੋ ਹਉਮੈਂ ਤੋਂ ਛੁਟਕਾਰਾ ਦੇਂਦੀ ਹੈ।

## ੪੪. ਸਿੱਧਾਂ ਨੂੰ ਜਿੱਤਣ ਉਪਰੰਤ ਫਿਰ ਮੁਲਤਾਨ ਜਾਣਾ

**੧. ਬਾਬੇ ਕੀਤੀ ਸਿੱਧਿ ਗੋਸ਼ਟ**
**ਸ਼ਬਦ ਸ਼ਾਂਤਿ ਸਿੱਧਾਂ ਵਿਚ ਆਈ।**
**੨. ਜਿਣਿ ਮੇਲਾ ਸ਼ਿਵਰਾਤ ਦਾ**
**ਖਟ ਦਰਸ਼ਨ ਆਦੇਸਿ ਕਰਾਈ।**
**੩. ਸਿੱਧ ਬੋਲਨ ਸ਼ੁਭ ਬਚਨ**
**ਧੰਨ ਨਾਨਕ ਤੇਰੀ ਵਡੀ ਕਮਾਈ।**
**੪. ਵਡਾ ਪੁਰਖ ਪ੍ਰਗਟਿਆ**
**ਕਲਿਜੁਗ ਅੰਦਰ ਜੋਤ ਜਗਾਈ।**
**੫. ਮੇਲਿਓਂ ਬਾਬਾ ਉਠਿਆ**
**ਮੁਲਤਾਨੇ ਦੀ ਜ਼ਿਆਰਤ ਜਾਈ।**
**੬. ਅਗੋ ਪੀਰ ਮੁਲਤਾਨ ਦੇ**
**ਦੁੱਧ ਕਟੋਰਾ ਭਰ ਲੈ ਆਈ।**
**੭. ਬਾਬੇ ਕਢ ਕਰ ਬਗਲ ਤੇ**
**ਚੰਬੇਲੀ ਦੁਧ ਵਿੱਚ ਮਿਲਾਈ।**
**੮. ਜਿਉਂ ਸਾਗਰ ਵਿਚ ਗੰਗ ਸਮਾਈ॥੪੪॥**

***ਪਦ ਅਰਥ :*** ਜਿਣਿ—ਜਿੱਤ ਕੇ। ਆਦੇਸਿ—ਪ੍ਰਨਾਮ, ਨਮਸਕਾਰ। ਜ਼ਿਆਰਤ—ਯਾਤਰਾ (ਜ਼ਿਆਰਤ)।

***ਅਰਥ :***

ਪ੍ਰ: ਕਿਉਂ ਜੀ! ਕੀ ਗੁਰੂ ਨਾਨਕ ਦੇਵ ਜੀ ਨਾਲ ਹੋਈ ਚਰਚਾ ਦਾ ਸਿੱਧਾਂ ਦੇ ਮਨਾਂ ਉੱਪਰ ਆਖ਼ਰ ਕੁੱਝ ਪ੍ਰਭਾਵ ਭੀ ਪਿਆ?

(੧) ਉ: (ਹੇ ਭਾਈ! ਜਦੋਂ) ਬਾਬੇ ਨੇ ਸਿੱਧਾਂ ਨਾਲ ਚਰਚਾ ਕੀਤੀ, (ਤਾਂ ਸ਼ਬਦ ਦੀ ਬਰਕਤ ਨਾਲ) ਸਿੱਧਾਂ ਦੇ ਮਨਾਂ ਵਿਚ ਸ਼ਾਂਤੀ ਵਰਤ ਗਈ (ਭਾਵ ਉਨ੍ਹਾਂ ਦੇ ਮਨ ਵਿਚੋਂ ਕਈ ਭੁਲੇਖੇ ਦੂਰ ਹੋ ਗਏ))।

(੨) (ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ) ਨੇ ਸ਼ਿਵਰਾਤ ਦਾ (ਸਾਰਾ) ਮੇਲਾ ਜਿੱਤ ਲਿਆ ਤੇ ਖਟ ਦਰਸ਼ਨਾਂ (ਭਾਵ ਸਭ ਧਰਮਾਂ) ਦੇ ਲੋਕਾਂ ਨੇ ਗੁਰੂ ਜੀ ਨੂੰ (ਆਖ਼ਰ) ਨਮਸਕਾਰਾਂ ਕੀਤੀਆਂ।

(੩) (ਫਿਰ) ਸਿੱਧ ਇਉਂ ਸ਼ੁਭ ਬਚਨ ਬੋਲੇ (ਤੇ ਉਨ੍ਹਾਂ ਨੇ ਕਿਹਾ

ਕਿ ਹੇ) ਨਾਨਕ ਜੀ। ਤੁਸੀ ਧੰਨ ਹੋ ਤੇ ਤੁਹਾਡੀ ਕਮਾਈ (ਕਰਨੀ, ਮਿਹਨਤ) ਬੜੀ ਵੱਡੀ ਹੈ।

(੪) (ਸਾਨੂੰ ਹੁਣ ਪੂਰਨ ਨਿਸਚਾ ਹੋ ਆਇਆ ਹੈ ਕਿ ਤੂੰ) ਵੱਡਾ ਪੁਰਖ ਕਲਜੁਗ ਵਿਚ (ਜ਼ਾਹਰ) ਪ੍ਰਗਟ ਹੋਇਆ ਹੈਂ (ਤੇ ਸੱਚ ਦੀ) ਜੋਤਿ ਜਗਾਈ ਹੈ (ਭਾਵ ਸਾਰੇ ਥਾਂਵਾਂ ਵਿਚ ਤੁਸਾਂ ਸਤਿਨਾਮ ਦੀ ਜੋਤਿ ਜਗਾ ਦਿੱਤੀ ਹੈ)।

ਪ੍ਰ: ਕਿਉਂ ਜੀ! ਫਿਰ ਬਾਬਾ ਜੀ ਇਥੋਂ ਕਿਥੇ ਗਏ ?

(੫) ਉ: ਹੇ ਭਾਈ! ਅਚੱਲ ਵਟਾਲੇ ਦੇ ਮੇਲੇ ਨੂੰ ਜਿੱਤ ਕੇ (ਮਹਾਨ ਫ਼ਤਹਿ ਉਪਰੰਤ) ਬਾਬਾ ਮੇਲਿਓਂ ਤੁਰ ਮੁਲਤਾਨ ਦੀ ਯਾਤਰਾ ਲਈ ਚੱਲ ਪਿਆ।

(੬) ਇਹ ਸ਼ਹਿਰ ਪੀਰਾਂ ਦਾ ਸ਼ਹਿਰ ਸੀ। ਗੁਰੂ ਨਾਨਕ ਦਾ ਆਉਣਾ ਸੁਣ ਕੇ (ਉਹ) ਅੱਗੋਂ ਪੀਰ ਦੁੱਧ ਦਾ ਕਟੋਰਾ ਭਰ ਕੇ ਲੈ ਗੁਰੂ ਜੀ ਨੂੰ ਆ ਮਿਲੇ।

ਪ੍ਰ: ਕਿਉਂ ਜੀ! ਇਸ ਦੁੱਧ ਦਾ ਕਟੋਰਾ ਭਰ ਕੇ ਲੈ ਆਉਣ ਤੋਂ ਇਨ੍ਹਾਂ ਪੀਰਾਂ ਦੀ ਅਸਲ ਮੁਰਾਦ ਕੀ ਸੀ ?

ਉ: ਇਨ੍ਹਾਂ ਦਾ ਅਸਲ ਭਾਵ ਇਹੋ ਸੀ ਕਿ ਇਥੇ ਤਾਂ ਅੱਗੇ ਹੀ ਪੀਰਾਂ ਫ਼ਕੀਰਾਂ ਦੀ ਭਰਮਾਰ ਹੈ ਤੁਸੀਂ ਇਥੇ ਕੀ ਲੈਣ ਆਏ ਹੋ, ਇਹ ਦੁੱਧ ਦਾ ਕਟੋਰਾ ਇਸ ਪ੍ਰਸ਼ਨ ਦਾ ਸੂਚਕ ਸੀ।

ਪ੍ਰ: ਕਿਉਂ ਜੀ! ਬਾਬਾ ਜੀ ਵੱਲੋਂ ਇਸਦਾ ਉੱਤਰ ਕੀ ਦਿੱਤਾ ਗਿਆ ?

(੭) ਉ: ਪਰ, ਹੇ ਭਾਈਓ! (ਸਤਿਗੁਰੂ ਜੀ ਵੀ ਅੱਗੋਂ ਅੰਤਰਯਾਮੀ ਸਨ) ਉਨ੍ਹਾਂ ਨੇ ਕੱਛ ਵਿਚ ਲਪੇਟਿਆ ਚੰਬੇਲੀ ਦਾ ਫੁੱਲ ਦੁੱਧ ਦੇ ਉੱਪਰ ਟਿਕਾ ਦਿੱਤਾ (ਭਾਵ ਗੁਰੂ ਜੀ ਦਾ ਇਹੋ ਸੀ ਕਿ ਅਸੀਂ ਤੁਹਾਡੇ ਵਿਚ ਟਿਕਣ ਲਈ ਨਹੀਂ ਆਏ, ਜਾਂ ਕਿਸੇ ਨੂੰ ਦੁਖ ਦੇਣ ਲਈ ਨਹੀਂ ਆਏ, ਸਗੋਂ ਅਸੀਂ ਤਾਂ ਚੰਬੇਲੀ ਦੇ ਫੁੱਲ ਵਾਂਗ ਮਹਿਕ ਦਿਆਂਗੇ)।

(੮) ਗੁਰੂ ਜੀ ਦਾ ਫੁੱਲ ਦੁੱਧ ਦੇ ਭਰੇ ਛੰਨੇ ਵਿਚ ਇਉਂ ਹੀ ਟਿਕ ਗਿਆ ਜਿਵੇਂ ਸਮੁੰਦਰ ਵਿਚ ਨਦੀ ਗੰਗਾ ਜਾ ਸਮਾਉਂਦੀ ਹੈ।੪੪।

*ਭਾਵਾਰਥ :* ਜਦੋਂ ਗੁਰੂ ਨਾਨਕ ਪਾਤਿਸ਼ਾਹ ਨੇ ਇਹ ਸੁਣਿਆ ਕਿ ਮੁਲਤਾਨ ਸ਼ਹਿਰ ਵਿਚ ਲੋਕ ਪੀਰਾਂ ਨੂੰ ਬਹੁਤ ਮੰਨਦੇ ਹਨ ਅਤੇ ਉਹ ਸਤਿਨਾਮ ਵਲੋਂ ਭੁੱਲੇ ਹੋਏ ਹਨ, ਤਾਂ ਉਨ੍ਹਾਂ ਲੋਕਾਂ ਨੂੰ ਸੱਚ ਦਾ ਮਾਰਗ ਦੱਸਣ ਲਈ ਮੁਲਤਾਨ ਜਾ ਪੁੱਜੇ। ਹੁਣ ਪੀਰਾਂ ਨੂੰ ਹਫੜਾ-ਦਫੜੀ ਪੈ ਗਈ, ਉਹ ਦੁੱਧ ਦਾ ਛੰਨਾ ਭਰ ਕੇ ਲੈ ਆਏ ਕਿ ਮੁਲਤਾਨ ਤਾਂ ਪੀਰਾਂ ਨਾਲ ਅੱਗੇ ਹੀ ਲਬਾਲਬ ਹੈ ਤੂੰ ਇਥੇ ਕਿਵੇਂ ਰਹਿ ਸਕੇਂਗਾ, ਤਾਂ ਆਪ ਜੀ ਨੇ ਦੁੱਧ ਦੇ ਭਰੇ ਹੋਏ ਕਟੋਰੇ ਉੱਤੇ ਫੁੱਲ ਰੱਖ ਕੇ ਇਹ ਧੁਨੀ ਜਣਾ ਦਿੱਤੀ ਕਿ ਇਸ ਫੁੱਲ ਵਾਂਗ ਟਿਕਾਂਗੇ, ਕਿਸੇ ਨੂੰ ਦੁਖ ਦੇਣ ਨਹੀ ਆਏ, ਨਾਮ ਦੀ ਖ਼ੁਸ਼ਬੋਈ ਲਾਉਣ ਆਏ ਹਾਂ, ਜਾਂ ਜਿਵੇਂ ਗੰਗਾ ਸਮੁੰਦਰ ਵਿਚ ਪੈਂਦੀ ਹੈ, ਪਰ ਉਹ ਅਗਲੇ ਪਾਣੀ ਨਾਲ ਵਿਰੋਧ ਨਹੀਂ ਕਰਦੀ।

## ੪੫. ਦੂਸਰੇ ਸਤਿਗੁਰੂ, ਗੁਰੂ ਅੰਗਦ ਦੇਵ ਜੀ

੧. ਜ਼ਯਾਰਤ ਕਰ ਮੁਲਤਾਨ ਦੀ
ਫਿਰ ਕਰਤਾਰ ਪੁਰੇ ਨੂੰ ਆਯਾ।
੨. ਚੜ੍ਹੇ ਸਵਾਈ ਦਹ ਦਿਹੀ
ਕਲਿਜੁਗ ਨਾਨਕ ਨਾਮ ਧਿਆਯਾ।
੩. ਵਿਣੁ ਨਾਵੈ ਹੋਰ ਮੰਗਣਾ
ਸਿਰ ਦੁੱਖਾਂ ਦੇ ਦੁੱਖ ਸਬਾਯਾ।
੪. ਮਾਰਿਆ ਸਿੱਕਾ ਜਗਤ ਵਿਚ
ਨਾਨਕ ਨਿਰਮਲ ਪੰਥ ਚਲਾਯਾ।
੫. ਥਾਪਿਆ ਲਹਿਣਾ ਜੀਂਵਦੇ
ਗੁਰਿਆਈ ਸਿਰ ਛੱਤ੍ਰ ਫਿਰਾਯਾ।
੬. ਜੋਤੀ ਜੋਤਿ ਮਿਲਾਇ ਕੈ
ਸਤਿਗੁਰ ਨਾਨਕ ਰੂਪ ਵਟਾਯਾ।
੭. ਲਖ ਨ ਕੋਈ ਸਕਈ
ਆਚਰਜੇ ਆਚਰਜ ਦਿਖਾਯਾ।
੮. ਕਾਯਾ ਪਲਟ ਸਰੂਪ ਬਣਾਯਾ ॥੪੫॥

*ਪਦ ਅਰਥ :* ਦਹ ਦਿਹੀ—ਦਿਨੋ ਦਿਨ, ਰੋਜ਼-ਬ-ਰੋਜ਼। ਸਬਾਯਾ—ਬਹੁਤਾ। ਮਾਰਿਆ ਸਿੱਕਾ—ਸਿੱਕਾ ਤੋਰਿਆ, ਭਾਵ ਹੁਕਮ ਤੋਰਿਆ, ਅਟੱਲ ਹੁਕਮ।

*ਅਰਥ :*

ਪ੍ਰ: ਕਿਉਂ ਜੀ! ਮੁਲਤਾਨ ਦੇ ਪੀਰਾਂ ਦੀ ਹਰ ਪ੍ਰਕਾਰ ਤਸੱਲੀ ਕਰਵਾ ਕੇ ਬਾਬਾ ਜੀ ਫਿਰ ਕਿਥੇ ਪੁੱਜੇ ?

(੧) ਉ: ਹੇ ਭਾਈਓ! (ਬਾਬਾ ਜੀ) ਮੁਲਤਾਨ ਦੀ ਯਾਤਰਾ ਕਰਕੇ ਤੇ ਮੁਲਤਾਨ ਦੇ ਫ਼ਕੀਰਾਂ ਦੀ ਨਿਸ਼ਾ ਕਰਕੇ ਵਾਪਸ ਮੁੜ ਕਰਤਾਰਪੁਰ ਨੂੰ ਆ ਗਏ।

(੨) (ਹੁਣ ਸਤਿਗੁਰੂ ਦੀ ਮਹਿਮਾ। ਦਿਨੋ ਦਿਨ ਵੱਧ ਰਹੀ ਸੀ

ਕਿ ਕਲਜੁਗ ਦੇ ਵਿਚ (ਗੁਰੂ) ਨਾਨਕ ਨੇ ਹੀ (ਦੁਨੀਆ ਦੇ ਲੋਕਾਂ ਨੂੰ) ਨਾਮ ਜਪਾਇਆ ਤੇ ਧਿਆਇਆ ਹੈ।

(੩) ਆਪ ਜੀ ਨੇ ਨਾਮ ਤੋਂ ਭੁੱਲੇ ਹੋਏ ਲੋਕਾਂ ਨੂੰ ਇਹ ਸਹੀ ਸਿਧਾਂਤ ਦ੍ਰਿੜ੍ਹ ਕਰਵਾਇਆ ਕਿ ਹੇ ਲੋਕੋ ! ਨਾਮ ਤੋਂ ਬਿਨਾਂ (ਹੋਰ ਜੋ ਵੀ ਸੰਸਾਰੀ ਸੁਖ) ਮੰਗੋਗੇ ਉਨ੍ਹਾਂ ਨਾਲ ਦੁਖ ਹੀ ਵਧਣਗੇ।

(੪) ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਜਗਤ ਵਿਚ ਐਸਾ ਸਿੱਕਾ ਮਾਰਿਆ (ਭਾਵ ਲਹਿਰ ਚਲਾਈ) ਇਕ ਨਿਰਮਲ ਸੱਚਾ ਤੇ ਸੁੱਚਾ ਹਉਮੈਂ ਦੀ ਮੈਲ ਤੋਂ ਰਹਿਤ ਪੰਥ (ਸਿਖ ਧਰਮ) ਚਲਾ ਦਿੱਤਾ।

(੫) (ਅਤੇ) ਆਪਣੇ ਜੀਊਂਦੇ ਹੀ ਲਹਿਣਾ ਜੀ ਨੂੰ ਗੱਦੀ ਪੁਰ ਬੈਠਾ ਕੇ ਉਨ੍ਹਾਂ ਦੇ ਸਿਰ ਪਰ (ਗੁਰਤਾ ਦਾ) ਛੱਤਰ ਝੁਲਾ ਦਿੱਤਾ।

(੬) (ਆਪਣੀ) ਗੁਰਤਾ ਦੀ ਜੋਤਿ (ਉਸਦੀ) ਜੋਤਿ ਵਿਖੇ ਮਿਲਾ ਕੇ ਸਤਿਗੁਰੂ ਨਾਨਕ ਦੇਵ ਜੀ ਨੇ (ਮਾਨੋਂ ਦੂਜਾ) ਰੂਪ ਬਦਲ ਲਿਆ (ਭਾਵ ਗੁਰੂ ਜੀ ਆਪ ਸਾਖਿਆਤ ਅੰਗਦ ਦੇਵ ਜੀ ਦਾ ਰੂਪ ਬਣ ਗਏ)।

(੭) (ਇਸ ਭੇਤ ਨੂੰ) ਕੋਈ ਜਾਣ ਨਹੀਂ ਸੱਕਿਆ, ਐਸਾ ਅਸਚਰਜਤਾ ਭਰਿਆ ਅਸਚਰਜ ਕੌਤਕ ਵਰਤਾ ਦਿੱਤਾ।

(੮) ਆਪਣਾ ਸਰੀਰ ਬਦਲ ਕੇ ਨਵਾਂ ਸਰੂਪ (ਗੁਰੂ ਅੰਗਦ ਜੀ ਦਾ) ਬਣਾ ਲਿਆ।੪੫।

***ਭਾਵਾਰਥ :*** ਗੁਰੂ ਨਾਨਕ ਦੇਵ ਜੀ ਨੇ ਆਪਣੇ ਹੁੰਦੇ ਹੀ ਲਹਿਣੇ ਜੀ ਨੂੰ ਗੱਦੀ ਦੇ ਦਿੱਤੀ ਤੇ ਅੰਗਦ ਨਾਮ ਦੀ ਪਦਵੀ ਬਖਸ਼ੀ, ਇਸ ਲਈ ਕਿ ਇਹ ਸਾਡੇ ਅੰਗ ਤੋਂ ਦਿੱਤਾ ਗਿਆ ਹੈ। ਇਸ ਤੋਂ ਇਹ ਉਪਦੇਸ਼ ਦਿੱਤਾ ਕਿ ਲੋਕ ਸਾਡੇ ਵਿਚ ਤੇ ਗੁਰੂ ਅੰਗਦ ਵਿਚ ਫ਼ਰਕ ਨ ਜਾਨਣ। ਇਕ ਸਰੂਪ ਕਰ ਦਿੱਤਾ। ਮਾਨੋਂ ਕਾਇਆ ਹੀ ਉਹੋ ਢਾਲ ਦਿੱਤੀ ਹੈ।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
*(ਪੰਨਾ ੯੬੬)*

## *੪੬. ਤੀਜੇ ਸਤਿਗੁਰੂ, ਸ੍ਰੀ ਅਮਰਦਾਸ ਜੀ*

**੧. ਸੋ ਟਿੱਕਾ ਸੋ ਛਤ੍ਰ ਸਿਰ**
**ਸੋਈ ਸੱਚਾ ਤਖਤੁ ਟਿਕਾਈ।**
**੨. ਗੁਰੂ ਨਾਨਕ ਹੰਦੀ ਮੋਹਰ ਹਥ**
**ਗੁਰ ਅੰਗਦ ਦੀ ਦੋਹੀ ਫਿਰਾਈ।**
**੩. ਦਿੱਤਾ ਛਡ ਕਰਤਾਰ ਪੁਰ**
**ਬੈਠ ਖਡੂਰੇ ਜੋਤਿ ਜਗਾਈ।**
**੪. ਜੰਮੇ ਪੂਰਬ ਬੀਜਿਆ**
**ਵਿਚ ਵਿਚ ਹੋਰ ਕੂੜੀ ਚਤਰਾਈ।**
**੫. ਲਹਿਣੇ ਪਾਈ ਨਾਨਕੋਂ**
**ਦੇਣੀ ਅਮਰਦਾਸਿ ਘਰ ਆਈ।**
**੬. ਗੁਰ ਬੈਠਾ ਅਮਰੁ ਸਰੂਪ ਹੋ**
**ਗੁਰਮੁਖ ਪਾਈ ਦਾਤ ਇਲਾਹੀ।**
**੭. ਫੇਰ ਵਸਾਇਆ ਗੋਂਦਵਾਲ**
**ਅਚਰਜ ਖੇਲ ਨ ਲਖਿਆ ਜਾਈ।**
**੮. ਦਾਤਿ ਜੋਤਿ ਖਸਮੈ ਵਡਿਆਈ ॥੪੬॥**

***ਪਦ ਅਰਥ :*** ਸੋ ਟਿੱਕਾ—ਉਹੀ ਤਿਲਕ (ਪ੍ਰਭਤਾ)। ਟਿਕਾਈ—ਟਿਕਾ ਦਿੱਤੀ। ਹੰਦੀ—ਦੀ। ਮੋਹਰ—ਛਾਪ। ਪੂਰਬ—ਪਿਛਲਾ। ਇਲਾਹੀ—ਈਸ਼ਵਰੀ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ ! ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣਾ ਪਹਿਲਾ ਜਾਮਾ ਬਦਲ ਕੇ ਦੂਸਰਾ ਗੁਰੂ ਅੰਗਦ ਦੇਵ ਜੀ ਦਾ ਰੂਪ ਧਾਰਨ ਕਰ ਲਿਆ, ਕੀ ਉਸ ਵੇਲੇ ਕਿਸੇ ਨੂੰ ਅੰਤਰਾ ਭੀ ਪ੍ਰਤੀਤ ਹੋਇਆ ਸੀ ?

(੧) ਉ: (ਹੇ ਭਾਈਓ ! ਕਿਸੇ ਨੂੰ ਅੰਤਰਾ ਤਾਂ ਤਦੋਂ ਹੀ ਪ੍ਰਤੀਤ ਹੁੰਦਾ ਜੇ ਕਰ ਉਨ੍ਹਾਂ ਵਿਚ ਪਰਸਪਰ ਕੋਈ ਮਤਭੇਦ ਹੁੰਦਾ, ਪਰ ਉਹ ਤਾਂ ਸਗੋਂ ਇਉਂ ਹੀ ਨਜ਼ਰ ਆ ਰਿਹਾ ਸੀ ਕਿ) ਉਹੀ ਟਿੱਕਾ (ਤਿਲਕ) ਤੇ ਉਹੀ ਸਿਰ ਤੇ ਛੱਤਰ ਸੀ ਤੇ ਉਹੀਓ ਸੱਚਾ ਤਖ਼ਤ (ਗੁਰਤਾ ਦਾ) ਸੀ (ਜਿਸ ਉੱਤੇ ਗੁਰੂ ਅੰਗਦ ਦੇਵ ਜੀ ਦੀ ਬਿਰਾਜਮਾਨੀ ਸੀ)।

(੨) (ਉਸ ਵੇਲੇ ਤਾਂ) ਗੁਰੂ ਅੰਗਦ ਦੇਵ ਜੀ ਦੇ ਪ੍ਰਤਾਪ ਦੀ ਦੋਹੀ (ਦੁਹਾਈ) ਫਿਰ ਗਈ, ਕਿਉਂਕਿ ਗੁਰੂ ਅੰਗਦ ਦੇਵ ਜੀ ਦੇ ਹੱਥ ਵਿਚ ਉਹੀ ਗੁਰੂ ਨਾਨਕ ਦੇਵ ਵਾਲੀ ਮੋਹਰ ਸੀ (ਭਾਵ ਗੁਰੂ ਨਾਨਕ ਵਾਂਗ ਉਨ੍ਹਾਂ ਦੇ ਸੱਚੇ ਉਪਦੇਸ਼ ਵੀ ਲੋਕਾਂ ਦੇ ਦਿਲਾਂ ਵਿਚ ਵੱਸਦੇ ਜਾਂਦੇ ਸਨ)।

(੩) (ਹੁਣ ਸ੍ਰੀ ਗੁਰੂ ਅੰਗਦ ਦੇਵ ਜੀ ਨੇ) ਕਰਤਾਰਪੁਰ ਨੂੰ ਛੱਡ ਦਿੱਤਾ ਤੇ ਖਡੂਰ (ਨਾਮੇਂ ਨਗਰ ਵਿਖੇ) ਗੁਰੂ ਪ੍ਰਤਾਪ ਦੀ ਜੋਤਿ ਆ ਜਗਾਈ, ਭਾਵ ਆਪਣੀ ਰੌਸ਼ਨੀ ਕੀਤੀ।

ਪ੍ਰ: ਕਿਉਂ ਜੀ! ਕੀ ਪੁੱਤ੍ਰਾਂ ਨੂੰ ਛੱਡ ਕੇ ਗੁਰੂ ਅਮਰਦਾਸ ਜੀ ਨੂੰ ਗੁਰਤਾ ਅਰਪਨ ਕਰਨ ਦਾ ਭੀ ਕੋਈ ਖ਼ਾਸ ਕਾਰਨ ਸੀ ?

(੪) ਉ: ਹੇ ਭਾਈ! ਅਸਲ ਕਾਰਨ ਇਹੋ ਹੀ ਸਮਝਣਾ ਚਾਹੀਦਾ ਹੈ ਕਿ ਜੋ ਬੀਜ ਪੂਰਬ ਦਾ ਬੀਜਿਆ ਹੈ, ਉਹੋ ਮਿਲਦਾ ਹੈ, ਹੋਰ ਵਿਚ ਵਿਚ ਦੀਆਂ ਚਤੁਰਾਈਆਂ ਝੂਠੀਆਂ ਹਨ (ਭਾਵ ਇਹ ਪ੍ਰਤੱਖ ਹੀ ਵੇਖਣ ਵਿਚ ਆਉਂਦਾ ਹੈ ਕਿ ਦਾਸੂ ਤੇ ਦਾਤੂ ਪੁੱਤਰ ਬੈਠੇ ਹੀ ਰਹਿ ਗਏ ਤੇ ਗੁਰੂ ਅਮਰਦਾਸ ਜੀ ਨੇ ਟਹਿਲੋਂ ਮਹਿਲ ਪ੍ਰਾਪਤ ਕਰ ਲਿਆ)।

(੫) ਲਹਿਣਾ ਜੀ ਨੇ (ਸੇਵਾ ਕਰਕੇ ਗੁਰਤਾ) ਗੁਰੂ ਨਾਨਕ ਜੀ ਤੋਂ ਪ੍ਰਾਪਤ ਕੀਤੀ, ਪਰ ਹੁਣ (ਮਹਾਨ ਸੇਵਾ, ਪਿਆਰ, ਅਦਬ, ਸਤਿਕਾਰ ਵੇਖ ਕੇ) ਗੁਰੂ ਅਮਰਦਾਸ ਜੀ ਨੂੰ ਸੌਂਪਣੀ ਪਈ।

(੬) ਗੁਰੂ ਅਮਰਦਾਸ ਜੀ (ਜੋਤਿ ਰੂਪ ਹੋ) ਅਮਰ ਸਰੂਪ ਗੁਰੂ ਬਣ ਗਏ, ਆਪਣੀ ਗੁਰਮੁਖਤਾਈ ਦੇ ਕਾਰਨ ਇਲਾਹੀ ਦਾਤ (ਉਨ੍ਹਾਂ ਨੂੰ) ਮਿਲ ਗਈ, (ਅਰਥਾਤ ਗੁਰੂ ਅੰਗਦ ਦੇਵ ਜੀ ਦੇ ਦਵਾਰੇ ਇਹ ਰੱਬੀ ਦਾਤ ਪ੍ਰਾਪਤ ਹੋਈ)।

(੭) (ਗੁਰੂ ਨਾਨਕ ਦੇਵ ਜੀ ਦੇ ਹੁਕਮ ਨਾਲ ਗੁਰੂ ਜੋਤਿ ਖਡੂਰ ਵਿਖੇ ਜਗੀ ਤੇ ਹੁਣ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ) ਗੋਇੰਦਵਾਲ ਵਸਾ ਕੇ ਉਥੇ ਆ ਜਗੀ, ਵੱਡਾ ਅਸਚਰਜ ਖੇਲ ਕੀਤਾ ਜੋ ਕਿ ਸਮਝਿਆ ਨਹੀਂ ਜਾਂਦਾ।

(੮) ਜੋਤਿ ਦੀ ਦਾਤ ਤੇ ਵਡਿਆਈ ਖਸਮ (ਪ੍ਰਭੂ ਰੂਪ ਸਤਿਗੁਰੂ ਜੀ) ਦੇ ਹੱਥ ਵੱਸ ਹੈ (ਜਿਸਨੂੰ ਦੇਵੇ ਉਸੇ ਨੂੰ ਹੀ ਮਿਲਦੀ ਹੈ)।੪੬।

*ਭਾਵਾਰਥ :* ਗੁਰੂ ਨਾਨਕ ਦਾ ਉਹੋ ਸਰੂਪ ਗੁਰੂ ਅੰਗਦ ਜੀ ਉਸੇ ਸ਼ਕਤੀ ਵਾਲੇ ਗੁਰਤਾ ਗੱਦੀ ਪੁਰ ਬੈਠੇ। ਉਨ੍ਹਾਂ ਨੂੰ ਤਾਂ ਇਹ ਦਾਤ ਮਿਲਣੀ ਹੀ ਸੀ, ਕਿਉਂਕਿ ਪੂਰਬ ਬੀਜਿਆ ਜੰਮਣਾ ਹੀ ਹੈ। ਦਾਸੂ ਜੀ, ਦਾਤੂ ਜੀ ਵਿਚ ਕੂੜੀ ਚਤੁਰਾਈ ਸੀ ਕਿ ਹੱਕ ਤੋਂ ਬਿਨਾਂ ਲੈ ਜਾਈਏ। ਲੈ ਜਾਣੀ ਗੁਰੂ ਅਮਰਦਾਸ ਜੀ ਨੇ ਸੀ। ਜਿਨ੍ਹਾਂ ਦਾ ਹੱਕ ਸੀ, ਸੋ ਲੈ ਗਏ ਅਰ ਗੁਰੂ ਸਰੂਪ ਹੋ ਕੇ ਗੋਇੰਦਵਾਲ ਜਾ ਬਿਰਾਜੇ। ਦਾਤ ਜੋਤਿ ਦਾ ਭਾਵ ਇਹ ਹੈ—ਦਾਤ ਵਾਹਿਗੁਰੂ ਦੀ ਬਖ਼ਸ਼ਿਸ਼ ਜੋ ਗੁਰੂ ਜੀ ਨੂੰ ਪ੍ਰਾਪਤ ਹੋਈ, ਜੋਤਿ ਉਹੀ ਦਾਤ ਹੈ ਜੋ ਗੁਰੂ ਜੀ ਨੇ ਅਗੋਂ ਸੰਸਾਰ ਨੂੰ ਬਖਸ਼ੀ, ਉਸ ਦਾਤ ਦਾ ਜੋ ਚਾਨਣ ਗੁਰੂ ਜੀ ਨੇ ਦੁਨੀਆ ਨੂੰ ਕਰ ਦਿੱਤਾ ਉਹ ਜੋਤਿ ਹੈ, ਸੋ ਦੋਵੇਂ ਵਾਹਿਗੁਰੂ ਦੀ ਵਡਿਆਈ ਪ੍ਰਗਟ ਕਰਦੀਆਂ ਹਨ।

## ੪੭. ਚੌਥੇ ਤੇ ਪੰਜਵੇਂ ਸਤਿਗੁਰੂ

**੧. ਦਿੱਚੈ ਪੂਰਬ ਦੇਵਣਾ**
**ਜਿਸ ਦੀ ਵਸਤੁ ਤਿਸੈ ਘਰ ਆਵੈ।**
**੨. ਬੈਠਾ ਸੋਢੀ ਪਾਤਿਸ਼ਾਹ**
**ਰਾਮਦਾਸ ਸਤਿਗੁਰੂ ਕਹਾਵੈ।**
**੩. ਪੂਰਨ ਤਾਲ ਖਟਾਇਆ**
**ਅੰਮ੍ਰਿਤਸਰ ਵਿਚ ਜੋਤਿ ਜਗਾਵੈ।**
**੪. ਉਲਟਾ ਖੇਲ ਖਸੰਮ ਦਾ**
**ਉਲਟੀ ਗੰਗ ਸਮੁੰਦ ਸਮਾਵੈ।**
**੫. ਦਿੱਤਾ ਲਈਐ ਆਪਣਾ**
**ਅਣਦਿੱਤਾ ਕਿਛੁ ਹੱਥ ਨ ਆਵੈ।**
**੬. ਫਿਰ ਆਈ ਘਰ ਅਰਜਨੇ**
**ਪੁਤ ਸੰਸਾਰੀ ਗੁਰੂ ਕਹਾਵੈ।**
**੭. ਜਾਣ ਨ ਦੇਸਾਂ ਸੋਢੀਓਂ**
**ਹੋਰਸ ਅਜਰ ਨ ਜਰਿਆ ਜਾਵੈ।**
**੮. ਘਰ ਹੀ ਕੀ ਵੱਥ ਘਰੇ ਰਹਾਵੈ ॥੪੭॥**

*ਪਦ ਅਰਥ :* ਦਿੱਚੈ—ਦੇਣਾ, ਬਕਾਇਆ। ਜੋਤਿ—ਪ੍ਰਕਾਸ਼ ਭਾਵ ਹੈ ਆਪਣੇ ਨੂਰਾਨੀ ਅਸਰ ਤੇ ਉਪਦੇਸ਼ ਦਾ ਪ੍ਰਚਾਰ ਕੀਤਾ। ਖੇਲ—ਕੌਤਕ। ਪੁਤ ਸੰਸਾਰੀ—ਬਿੰਦੀ ਪੁੱਤਰ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਓ! ਗੁਰੂ ਰਾਮਦਾਸ ਜੀ ਨੂੰ ਗੁਰਤਾ ਪ੍ਰਾਪਤ ਹੋਣ ਦਾ ਸਹੀ ਕਾਰਨ ਕੀ ਸੀ ?

(੧) ਉ: ਹੇ ਭਾਈਓ! ਅਸਲ ਕਾਰਨ ਤਾਂ ਇਹੋ ਹੀ ਸਮਝਣਾ ਯੋਗ ਹੈ ਕਿ ਜਿਸਦਾ ਦੇਣਾ (ਭਾਵ ਕਰਜ਼ਾ ਰੂਪ ਵਸਤੂ) ਪਹਿਲਾਂ ਹੀ ਜਿਸਦਾ ਦੇਣਾ ਹੋਵੇ, ਉਹ ਉਸਦੇ ਹੀ ਘਰ

(ਮੁੜ ਕੇ) ਆ ਜਾਂਦੀ ਹੈ।

(੨) (ਸੋ ਹੁਣ ਉਹੀ ਵਸਤੂ ਗੁਰਤਾ) ਸੋਢੀ ਪਾਤਿਸ਼ਾਹ ਦੇ ਕੋਲ ਆ ਗਈ, ਤੇ ਉਹ ਹੁਣ ਗੱਦੀ ਤੇ ਸ਼ੋਭਨੀਕ ਹੋ ਕੇ, ਸਤਿਗੁਰੂ ਰਾਮਦਾਸ ਜੀ ਅਖਵਾਉਣ ਲੱਗੇ।

(੩) ਅੰਮ੍ਰਿਤਸਰ ਵਿਖੇ (ਸੁਧਾ ਸਰੋਵਰ ਨਾਮੇ) ਸਰੋਵਰ ਦੀ ਪੂਰਨਤਾ ਕੀਤੀ (ਤੇ ਗੁਰਤਾ ਰੂਪ) ਜਾਗਦੀ ਜੋਤਿ (ਪ੍ਰਗਟ) ਹੋ ਗਏ।

(੪) ਖਸਮ (ਪ੍ਰਭੂ) ਸਮੁੰਦਰ ਦਾ ਖੇਲ ਉਲਟਾ ਹੈ ਕਿ ਉਹ ਉਲਟ ਕੇ ਗੰਗਾ ਵਿਚ ਸਮਾ ਗਈ, (ਭਾਵ ਹੋਰ ਨਦੀਆਂ ਪੱਛਮ ਨੂੰ ਜਾ ਕੇ ਅਰਬ ਸਾਗਰ ਵਿਚ ਜਾ ਸਮਾਉਂਦੀਆਂ ਹਨ) ਪਰ ਗੰਗਾ (ਨਦੀ ਉੱਤਰੋਂ ਹੋ ਕੇ ਪੂਰਬ ਵੱਲ ਇਨ੍ਹਾਂ ਤੋਂ) ਉਲਟੀ ਜਾ ਕੇ (ਬੰਗਾਲੇ) ਸਮੁੰਦਰ ਵਿਖੇ ਮਿਲਦੀ ਹੈ। (ਇਸੇ ਤਰ੍ਹਾਂ ਸੇਵਕ ਦੇ ਹਿਰਦੇ ਵਿਚੋਂ ਹੋ ਕੇ ਗੁਰੂ ਜੋਤਿ ਪ੍ਰਗਟ ਹੋਈ।)

(੫) (ਪਰ ਇਹ ਗੱਲ ਵੀ ਪ੍ਰਭੂ ਦੀ ਹੀ ਖੇਡ ਹੈ ਕਿ) ਆਪਣਾ ਦਿੱਤਾ ਹੋਇਆ ਹੀ ਲਈਦਾ ਹੈ, ਬਿਨਾਂ ਦਿੱਤਿਆਂ ਕੁੱਝ (ਭੀ) ਹੱਥ ਨਹੀਂ ਆਉਂਦਾ।

(੬) ਫਿਰ ਗੁਰੂ ਜੋਤਿ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ, (ਜੋ ਸੰਸਾਰੀ ਨੁਕਤੇ ਤੋਂ) ਸੰਸਾਰੀ ਪੁੱਤਰ ਰੂਪ ਵਿਚ ਸਨ (ਇਹ ਅਸਚਰਜ ਇਸ ਲਈ ਵੀ ਸੀ ਕਿ ਚਾਰ ਪੀੜ੍ਹੀਆਂ ਗੁਰਤਾ ਸੇਵਕਾਂ ਨੂੰ ਮਿਲਦੀ ਰਹੀ ਪਰ ਪੰਜਵੀਂ ਵੇਰ ਗੁਰ ਜੋਤਿ ਪੁੱਤਰ ਨੂੰ ਮਿਲੀ)।

(੭) (ਮਾਤਾ ਭਾਨੀ ਜੀ ਨੇ ਪੁੱਤਰ ਨੂੰ ਬਚਨ ਕੀਤਾ ਕਿ) ਗੁਰਤਾ ਸੋਢੀਆਂ ਦੇ ਘਰੋਂ ਜਾਣ ਨਹੀਂ ਦੇਣੀ ਕਿਉਂਕਿ ਹੋਰਨਾਂ ਕੋਲੋਂ ਇਹ ਅਜਰ ਵਸਤੂ ਜਰੀ ਨਹੀਂ ਜਾਣੀ (ਭਾਵ ਹੈ ਕਿ ਜੋ ਦੁਖ ਅੱਗੋਂ ਗੁਰਤਾ ਤੇ ਆਉਣੇ ਸਨ, ਉਹ ਮਾਤਾ ਭਾਨੀ ਨੂੰ ਗੁਰੂ ਅਮਰਦਾਸ ਜੀ ਨੇ ਵਰਦਾਨ ਦੇਣ ਵੇਲੇ ਦਸੇ ਸਨ, ਇਸ ਲਈ ਮਾਤਾ ਜੀ ਨੇ ਕਿਹਾ ਕਿ ਹੋਰ ਕਿਸੇ ਕੋਲੋਂ ਇਹ ਸਹੇ ਨਹੀਂ ਜਾਣੇ, ਇਸ ਲਈ ਇਹ ਮੇਰੇ ਵੰਸ਼ ਨੂੰ ਹੀ ਦੇ ਦਿਓ)।

(੮) (ਇਸ ਲਈ) ਘਰ ਦੀ ਵਸਤੂ ਘਰ ਵਿਚ ਹੀ ਰਹੇ।੪੭।

*ਭਾਵਾਰਥ :* ਇਥੇ ਸਿਧਾਂਤ ਇਹੋ ਜਣਾਇਆ ਹੈ ਕਿ ਪੁੱਤਰ ਮੋਹਨ ਤੇ ਮੋਹਰੀ ਖ਼ਾਲੀ ਹੀ ਬੈਠੇ ਰਹਿ ਗਏ, ਗੁਰਿਆਈ ਰੂਪ ਗੰਗਾ ਉਲਟ ਕੇ ਗੁਰੂ ਰਾਮਦਾਸ ਜਵਾਈ ਨੂੰ ਪ੍ਰਾਪਤ ਹੋ ਗਈ। ਜਿਸ ਦੀ ਵਸਤੂ "ਤਿਸੈ ਘਰ ਆਵੈ" ਦਾ ਭਾਵ ਕਿ ਅੱਗੇ ਗੱਦੀ ਘਰੋਂ ਬਾਹਰ ਗਈ, ਪਰ ਜੇ ਘਰ ਦਾ ਹੀ ਕੋਈ ਹੱਕਦਾਰ ਹੋ ਜਾਵੇ ਤਦ ਜਿਸਦੇ ਘਰ ਵਿਚ ਚੀਜ਼ ਹੋਵੇ, ਉਸਦੇ ਘਰਾਣੇ ਵਿਚ ਹੀ ਰਹਿ ਸਕਦੀ ਹੈ, ਜਿਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਆਪ ਨੂੰ ਹੱਕਦਾਰ ਬਣਾਇਆ ਤਾਂ ਜਵਾਈ ਨੂੰ ਹੀ ਗੁਰਤਾ ਗੱਦੀ ਮਿਲ ਗਈ, ਜੋ ਫਿਰ ਸੋਢੀਆਂ ਵਿਚ ਘਰੇ ਹੀ ਰਹਿ ਗਈ। ਸੋ ਇਸ ਕਰਕੇ ਘਰ ਵਿਚ ਹੀ ਲਾਇਕਾਂ ਦੇ ਆਉਣ ਦੀ ਦਰਗਾਹ ਵਲੋਂ ਆਗਿਆ ਹੋ ਗਈ, ਹੱਕਦਾਰ ਪੁੱਤਰ ਹੀ ਹੋ ਕੇ ਆਉਣ ਲੱਗ ਪਏ, ਫਿਰ ਉਹੀ ਘਾਲਾਂ ਕਰਕੇ ਹੱਕ ਸਾਬਤ ਕਰਕੇ ਗੁਰੂ ਹੋ ਗਏ।

*ਨੋਟ :* ਉਪ੍ਰੋਕਤ ਪਉੜੀ ਦੀ ਤੀਜੀ ਪੰਗਤੀ ਤੋਂ ਪੂਰਨ ਜਾਣਕਾਰੀ ਮਿਲਦੀ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਵੇਲੇ ਤੋਂ ਹੀ ਅੰਮ੍ਰਿਤ ਸਰੋਵਰ ਖੁਣਿਆ ਜਾ ਚੁੱਕਾ ਸੀ, ਤੇ ਗੁਰੂ ਰਾਮਦਾਸ ਜੀ ਉਸਦੇ ਵਿਚਕਾਰ ਬੈਠ ਜੋਤਾਂ ਜਗਾ ਰਹੇ ਸਨ, ਭਾਵ ਰੱਬੀ ਮਾਰਗ ਦਾ ਉਪਦੇਸ਼, ਨਾਮ ਦਾਨ, ਕਥਾ, ਕੀਰਤਨ, ਆਪ ਦੇ ਦਰਸ਼ਨ, ਸਭੋ ਕੁੱਛ ਹੋ ਰਿਹਾ ਸੀ, ਚਾਹੇ ਤਾਲ ਅਜੇ ਕੱਚਾ ਸੀ ਪਰ ਜਲ ਭਰਪੂਰ ਸੀ ਤੇ ਵਿਚਾਲੇ ਕੋਈ ਮਕਾਨ ਜਾਂ ਮੰਡਪ ਸੀ, ਜਿਥੇ ਆਪ ਬਿਰਾਜਮਾਨ ਹੋ ਕੇ ਸਤਿਸੰਗ ਦੇ ਦਰਬਾਰ ਲਾਉਂਦੇ ਸਨ।

## ੪੮. ਛੇਵੇਂ ਗੁਰੂ ਹਰਿਗੋਬਿੰਦ ਸਾਹਿਬ

**੧. ਪੰਜ ਪਿਆਲੇ ਪੰਜ ਪੀਰ**
**ਛਠਮ ਪੀਰ ਬੈਠਾ ਗੁਰ ਭਾਰੀ।**
**੨. ਅਰਜਨ ਕਾਇਆ ਪਲਟ ਕੈ**
**ਮੂਰਤਿ ਹਰਿਗੋਬਿੰਦ ਸਵਾਰੀ।**
**੩. ਚੱਲੀ ਪੀੜ੍ਹੀ ਸੋਢੀਆਂ**
**ਰੂਪ ਦਿਖਾਵਣ ਵਾਰੋ ਵਾਰੀ।**
**੪. ਦਲਭੰਜਨ ਗੁਰ ਸੂਰਮਾਂ**
**ਵਡ ਜੋਧਾ ਬਹੁ ਪਰਉਪਕਾਰੀ।**
**੫. ਪੁਛਣ ਸਿੱਖ ਅਰਦਾਸ ਕਰ**
**ਛੇ ਮਹਿਲਾਂ ਤਕ ਦਰਸ ਨਿਹਾਰੀ।**
**੬. ਅਗਮ ਅਗੋਚਰ ਸਤਿਗੁਰੂ**
**ਬੋਲੇ ਮੁਖ ਤੇ ਸੁਣਹੁ ਸੰਸਾਰੀ।**
**੭. ਕਲਿਜੁਗ ਪੀੜ੍ਹੀ ਸੋਢੀਆਂ**
**ਨਿਹਚਲ ਨੀਵ ਉਸਾਰ ਖਲਾਰੀ।**
**੮. ਜੁਗ ਜੁਗ ਸਤਿਗੁਰ ਧਰੇ ਅਵਤਾਰੀ ॥੪੮॥**

*ਪਦ ਅਰਥ :* ਪੀੜ੍ਹੀ–ਗੁਰਗੱਦੀ ਦੀ ਸੰਪ੍ਰਦਾ। ਦਲ ਭੰਜਨ–ਜ਼ਾਲਮਾ ਦੇ ਦਲਾਂ ਨੂੰ ਭੰਨਣ ਵਾਲਾ। ਅਗਮ ਅਗੋਚਰ–ਮਨ ਬਾਣੀ ਤੋਂ ਪਰੇ। ਨਿਹਚਲ–ਅਟੱਲ, ਨਾ ਹਿਲਣ ਵਾਲਾ।

**ਅਰਥ :**

ਪ੍ਰ: ਕਿਉਂ ਭਾਈ ਸਾਹਿਬ ਜੀਓ ! ਪਹਿਲੇ ਪੰਜਾਂ ਸਤਿਗੁਰਾਂ ਤੋਂ ਬਾਅਦ ਵਿਚ ਕੀ ਛੇਵੇਂ ਗੁਰੂ ਦੀ ਕਿਰਤ ਵਿਚ ਕੋਈ ਬਦਲ ਭੀ ਆਈ ?

(੧) ਉ: ਹੇ ਭਾਈਓ ! ਜੋਤਿ ਵਿਚ ਤਾਂ ਕੋਈ ਭੀ ਅੰਤਰਾ ਨਹੀਂ ਸੀ ਪਰ ਪੰਜ ਪੀਰ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ ਨੇ ਤਾਂ) ਪੰਜ ਪਿਆਲੇ (ਸਤ, ਸੰਤੋਖ, ਦਯਾ, ਧਰਮ, ਧੀਰਜ) ਦੇ ਪੀਤੇ, ਭਾਵ (ਦੈਵੀ ਗੁਣ) ਸਤੋਗੁਣਾਂ ਦੀ ਧਾਰਨਾ ਸਹਿਤ ਰਹੇ, ਸਤੋਗੁਣਾਂ ਦਾ ਬੜਾ ਅਭਿਆਸ ਕੀਤਾ, ਛੇਵਾਂ ਪੀਰ (ਗੁਰੂ ਹਰਿਗੋਬਿੰਦ) ਭਾਰੀ ਗੁਰੂ ਹੋ ਕੇ (ਗੱਦੀ ਤੇ) ਬੈਠਾ (ਭਾਵ ਇਨ੍ਹਾਂ ਨੇ ਦੇਗ ਤੇਗ ਦੀਆਂ ਦੋ ਤਲਵਾਰਾਂ ਨਾਲ ਪਹਿਣੀਆਂ। ਸ਼ਾਂਤ ਰਸ ਦੇ ਨਾਲ ਬੀਰ ਰਸ ਦੇ ਪਿਆਲੇ ਪੀਤੇ)।

(੨) ਗੁਰੂ ਅਰਜਨ ਜੀ ਨੇ ਹੀ ਆਪਣੀ ਕਾਇਆ ਪਲਟ ਕੇ ਹਰਿਗੋਬਿੰਦ ਦੀ ਮੂਰਤੀ ਬਣਾਈ।

(੩) (ਹੁਣ) ਸੋਢੀਆਂ ਦੀ ਪੀੜ੍ਹੀ (ਅੱਗੋਂ) ਤੁਰ ਪਈ, ਵਾਰੋ ਵਾਰੀ (ਗੁਰੂ) ਰੂਪ ਦਸਣਗੇ।

(੪) (ਹੁਣ ਇਹ) ਮਲੇਛਾਂ ਦੇ ਦਲਾਂ ਨੂੰ ਭੰਨ ਤੋੜ ਦੇਣ ਵਾਲਾ ਸੂਰਮਾ ਗੁਰੂ ਬੜਾ ਜੋਧਾ ਤੇ ਪਰਉਪਕਾਰੀ ਗੁਰ ਗੱਦੀ 'ਤੇ ਬੈਠਾ।

(੫) ਸਿੱਖਾਂ ਨੇ ਅਰਦਾਸ ਕਰਕੇ ਪੁਛਿਆ ਕਿ ਛੇ ਗੁਰੂਆਂ ਤੱਕ ਤਾਂ ਦਰਸ਼ਨ ਕਰ ਲਏ ਹਨ ਤੇ ਅੱਗੋਂ ਕਿੰਨੇ ਕੁ ਹੋਣਗੇ ?

(੬) ਅਗਮ ਅਗੋਚਰ (ਮਨ ਬਾਣੀ ਦੀ ਪਹੁੰਚ ਤੋਂ ਪਰੇ) ਸਤਿਗੁਰੂ ਜੀ ਨੇ (ਭਵਿੱਖ ਵਾਕ) ਮੁਖ ਤੋਂ ਬੋਲੇ (ਕਿ) ਹੇ ਸੰਸਾਰੀ ਲੋਕੋ ! ਸੁਣੋ।

(੭) ਕਲਜੁਗ ਵਿਖੇ ਸੋਢੀਆਂ ਦੀ ਪੀੜ੍ਹੀ ਦੀ ਨੀਂਵ ਅਚੱਲ ਉਸਾਰ ਕੇ ਖੜ੍ਹੀ ਕੀਤੀ ਗਈ ਹੈ।

(੮) ਪ੍ਰੰਤੂ ਹੋਰ ਅਵਤਾਰ 'ਜੁਗ ਜੁਗ' (ਦੋ ਦੂਣੀ ਚਾਰ ਜਾਂ ੨+੨=੪) ਸਤਿਗੁਰੂ ਧਾਰਨ ਕਰਨਗੇ।੪੮।

*ਭਾਵਾਰਥ :* ਗੁਰੂ ਜੀ ਨੇ ਭਵਿੱਖਤ ਵਾਕ ਕੀਤਾ ਕਿ ਹੇ ਸੰਸਾਰੀਓ ! ਸੁਣੋ, ਅੱਗੇ ਚਾਰ ਅਵਤਾਰ, ਗੁਰੂ ਹਰਿਰਾਇ, ਹਰਿ ਕ੍ਰਿਸ਼ਨ, ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਤੀਕ ਸਤਿਗੁਰੂ ਗੁਰੂ ਨਾਨਕ ਜੀ ਧਾਰਨ ਕਰਨਗੇ, ਪ੍ਰੰਤੂ ਸੋਢੀਆ ਦੀ ਨੀਂਵ ਅਟੱਲ ਰਹੇਗੀ। ਅੰਮ੍ਰਿਤ ਛਕਾ ਕੇ ਪੰਥ ਸੋਢੀ ਵੰਸ਼ ਹੋ ਕੇ ਗੁਰਤਾ ਪ੍ਰਾਪਤ ਕਰੇਗਾ। ਜੇ ਕੋਈ ਪ੍ਰਸ਼ਨ ਕਰੇ ਕਿ ਇਹ ਕਿਸ ਤਰ੍ਹਾਂ ਜਾਣਿਆ ਗਿਆ ਹੈ ? ਉੱਤਰ ਅਗਮ ਅਗੋਚਰ ਈਸ਼ਵਰ ਰੂਪ ਆਪ ਗੁਰੂ ਹਰਿਗੋਬਿੰਦ ਜੀ ਅੰਤਰਜਾਮੀ ਹਨ। ਕਿਉਂਕਿ ਗੁਰਬਾਣੀ ਵਿਚ ਫੁਰਮਾਨ ਆਇਆ ਹੈ ਕਿ :

ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ *(ਪੰਨਾ ੨੭੨)*

ਪੁਨਾ :

ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ *(ਪੰਨਾ ੨੬੩)*

ਚੌਥੀ ਤੁਕ ਵਿਚ ਦਸਿਆ ਹੈ ਕਿ ਛੇਵਾਂ ਗੁਰੂ ਜੋਧਾ ਦਲ ਭੰਜਨ ਹੈ, ਪਰ ਨਾਲ ਹੀ ਪਰਉਪਕਾਰੀ ਕਹਿ ਕੇ ਇਹ ਭੀ ਜਣਾ ਦਿੱਤਾ ਹੈ ਕਿ ਸ਼ਸਤ੍ਰ ਪਰਉਪਕਾਰ ਵਾਸਤੇ ਧਾਰਨ ਕੀਤੇ ਹਨ, ਨਾ ਕਿ ਰਾਜ ਦੇ ਲਾਲਚ ਪਿੱਛੇ।

## ੪੯. ਵਾਹਿਗੁਰੂ ਮੰਤ੍ਰ ਦਾ ਨਿਰਣਾ

੧. ਸਤਿਜੁਗ ਸਤਿਗੁਰ ਵਾਸਦੇਵ
ਵਵਾ ਵਿਸ਼ਨਾ ਨਾਮ ਜਪਾਵੈ।
੨. ਦੁਆਪਰ ਸਤਿਗੁਰ ਹਰੀ ਕ੍ਰਿਸ਼ਨ
ਹਾਹਾ ਹਰਿ ਹਰਿ ਨਾਮ ਜਪਾਵੈ।
੩. ਤ੍ਰੇਤੇ ਸਤਿਗੁਰ ਰਾਮ ਜੀ
ਰਾਰਾ ਰਾਮ ਜਪੇ ਸੁਖ ਪਾਵੈ।
੪. ਕਲਿਜੁਗ ਨਾਨਕ ਗੁਰ ਗੋਬਿੰਦ
ਗੱਗਾ ਗੋਬਿੰਦ ਨਾਮ ਅਲਾਵੈ।
੫. ਚਾਰੇ ਜਾਗੇ ਚਹੁ ਜੁਗੀ
ਪੰਚਾਇਣ ਵਿਚ ਜਾਇ ਸਮਾਵੈ।
੬. ਚਾਰੋਂ ਅਛਰ ਇਕ ਕਰ
ਵਾਹਿਗੁਰੂ ਜਪ ਮੰਤ੍ਰ ਸੁਣਾਵੈ।
੭. ਜਹਾਂ ਤੇ ਉਪਜਿਆ
ਫਿਰ ਤਹਾਂ ਸਮਾਵੈ ॥੪੯॥੧॥

*ਪਦ ਅਰਥ :* ਪੰਚਾਇਣ–ਸਰਬ ਸਾਂਝਾ ਗੁਰੂ ਗ੍ਰੰਥ ਸਾਹਿਬ, ਸ੍ਰੀ ਵਾਹਿਗੁਰੂ।

### ਅਰਥ :

ਪ੍ਰ: ਭਾਈ ਸਾਹਿਬ ਜੀਓ! ਜਿਥੇ ਆਪ ਜੀ ਹੋਰ ਕਈ ਪ੍ਰਕਾਰ ਦੀਆਂ ਵਿਚਾਰਾਂ ਦਾ ਨਿਰਣਾ ਕਰਦੇ ਆ ਰਹੇ ਹੋ, ਉਥੇ ਆਪ ਜੀ ਵਾਹਿਗੁਰੂ ਮੰਤ੍ਰ ਬਾਰੇ ਭੀ ਕੁੱਝ ਵੀਚਾਰ ਪ੍ਰਗਟ ਕਰੋ, ਧੰਨਵਾਦੀ ਹੋਵਾਂਗੇ?

(੧) ਉ: ਹੇ ਭਾਈ! ਜੋ ਵਾਹਿਗੁਰੂ ਸ਼ਬਦ ਬਾਰੇ ਸੀਨੇ-ਬ-ਸੀਨੇ ਵੀਚਾਰ ਸੁਣਦੇ ਆ ਰਹੇ ਹਾਂ, ਉਹ ਇਸ ਵਾਹਿਗੁਰੂ ਸ਼ਬਦ ਦਾ ਸੰਬੰਧ ਚਾਰੇ ਜੁਗਾਂ ਨਾਲ ਕਰਦੇ ਹਨ। ਜਿਵੇਂ ਕਿ—ਸਤਿਜੁਗ ਵਿਚ ਸਤਿਗੁਰੂ ਨਾਨਕ ਦੇਵ ਜੀ ਵਾਸਦੇਵ ਦਾ ਅਵਤਾਰ ਹੋਏ ਉਥੋਂ ਵਵਾ ਅੱਖਰ ਲੀਤਾ, ਲੋਕ ਵਿਸ਼ਨੂੰ ਦਾ ਨਾਮ ਜਪਣ ਲੱਗੇ।

(੨) ਫਿਰ ਦੁਆਪੁਰ ਵਿਚ ਸਤਿਗੁਰੂ ਨਾਨਕ ਜੀ ਹਰੀ (ਅਰਥਾਤ ਕ੍ਰਿਸ਼ਨ) ਦਾ ਰੂਪ ਹੋਏ ਇਥੋਂ ਹਾਹਾ ਅੱਖਰ ਲੀਤਾ, ਲੋਕੀਂ ਹਰੀ ਹਰੀ ਜਪਣ ਲੱਗੇ।

(੩) ਤ੍ਰੇਤੇ ਜੁਗ ਵਿਚ ਸਤਿਗੁਰ (ਨਾਨਕ ਜੀ) ਰਾਮ ਜੀ (ਦਾ ਰੂਪ) ਹੋਏ, ਉਥੋਂ ਰਾਰਾ ਅੱਖਰ ਲੀਤਾ, (ਲੋਕੀਂ) ਰਾਮ ਰਾਮ ਉਚਾਰ ਕੇ ਸੁਖ ਪ੍ਰਾਪਤ ਕਰਨ ਲਗੇ।

(੪) ਕਲਜੁਗ ਵਿਖੇ ਗੁਰੂ ਨਾਨਕ ਗੋਬਿੰਦ ਰੂਪ ਹੋਏ, ਲੋਕ ਗੋਬਿੰਦ ਗੋਬਿੰਦ ਜਪਣ ਲੱਗੇ, ਉਥੋਂ ਗਗਾ ਅੱਖਰ ਲੀਤਾ ਹੈ।

(੫) ਚਹੁੰ ਜੁਗਾਂ ਦੇ ਚਾਰੇ (ਉੱਪਰ ਦੱਸੇ ਇਕੱਠੇ ਹੀ ਜਾਗੇ) ਭਾਵ ਵਾਹਿਗੁਰੂ ਵਿਚ ਜਾ ਸਮਾਏ ਹਨ।

(੬) (ਸੋ ਗੱਲ ਕੀ) ਚਾਰੇ ਅੱਖਰ ਕੱਠੇ ਕਰਕੇ ਵਾਹਿਗੁਰੂ (ਪੰਜਵਾਂ) ਜਪੁ ਮੰਤ੍ਰ (ਸਿੱਖਾਂ ਨੂੰ ਗੁਰੂ ਜੀ ਨੇ) ਜਪਣ ਲਈ ਦਿੱਤਾ ਹੈ।

(੭) (ਕਿਉਂਕਿ) ਮੰਤ੍ਰ ਈਸ਼ਰ ਦੇ ਨਾਮ ਤੋਂ ਜਿਥੋਂ ਉਪਜਿਆ ਹੈ ਫਿਰ ਉਥੇ ਹੀ ਜਾ ਸਮਾਉਂਦਾ ਹੈ (ਭਾਵ ਵਾਹਿਗੁਰੂ ਮੰਤ੍ਰ ਵਾਹਿਗੁਰੂ ਤੋਂ ਉਤਪੰਨ ਹੋਇਆ ਹੈ, ਤੇ ਫਿਰ ਉਸੇ ਵਾਹਿਗੁਰੂ ਵਿਚ ਜਾ ਸਮਾਉਂਦਾ ਹੈ ਤੇ ਵਾਹਿਗੁਰੂ ਜਪਣ ਵਾਲਿਆਂ ਦੀ ਇਥੇ ਉਥੇ ਸਹਾਇਤਾ ਕਰਨ ਦੀ ਸ਼ਕਤੀ ਰਖਦਾ ਹੈ)।੪੯।੧।

***ਨੋਟ :*** ਇਸ ਉਪ੍ਰੋਕਤ ੪੯ਵੀਂ ਪਉੜੀ ਦੇ ਅਰਥ ਜੋ ਇਨ੍ਹਾਂ ਅੱਖਰਾਂ ਰਾਹੀਂ ਪ੍ਰਤੀਤ ਹੁੰਦੇ ਹਨ, ਉਹ ਲਗਪਗ ਸਾਰੇ ਹੀ ਟੀਕਾਕਾਰਾਂ ਨੇ ਉੱਪਰ ਕਥਨ ਕੀਤੇ ਅਨੁਸਾਰ ਹੀ ਕੀਤੇ ਹਨ, ਪਰ ਭਾਈ ਵੀਰ ਸਿੰਘ ਜੀ ਇਸ ਪਉੜੀ ਦੇ ਸੰਬੰਧ ਵਿਚ ਆਪਣੇ ਵੀਚਾਰ ਹੇਠ ਲਿਖੇ ਅਨੁਸਾਰ ਇਉਂ ਅੰਕਿਤ ਕਰਦੇ ਹਨ :

***ਭਾਵ :*** ਇਹ ਪਉੜੀ ਭਾਈ ਗੁਰਦਾਸ ਜੀ ਦੀ ਨਹੀਂ ਜਾਪਦੀ, ਕਿਉਂਕਿ ਇਸ ਪੁਰ ਗੁਣੀ ਜਨਾਂ ਨੂੰ ਇਹ ਸ਼ੰਕੇ ਹਨ :

੧. ਸਤਿਜੁਗ, ਤ੍ਰੇਤਾ, ਦੁਆਪੁਰ, ਕਲਜੁਗ ਵਿਚੋਂ ਜਦ ਵਾਸਦੇਵ, ਰਾਮ, ਹਰੀ ਕ੍ਰਿਸ਼ਨ, ਗੋਬਿੰਦ ਤੋਂ 'ਵਾ, ਰਾ, ਹ, ਗੋ' ਚਾਰ ਅੱਖਰ ਲੀਤੇ ਤਾਂ 'ਵਾਰਾਹਗੋ' ਬਣਿਆ, ਵਾਹਿਗੁਰੂ ਨ ਬਣਿਆ। ਜੇ ਦੁਆਪੁਰ, ਤ੍ਰੇਤੇ ਤੇ ਕਲਜੁਗ ਦਾ ਕ੍ਰਮ ਬਦਲੋ ਤਾਂ 'ਵਾਹਗੋਰਾ' ਬਣਦਾ ਹੈ।

੨. ਜੇ ਇਕ ਮਾਤ੍ਰ ਹੀ ਲਓ ਤਾਂ 'ਵਹਗਰ' ਬਣੇਗਾ। ਵਾਸਦੇਵ ਵਿਚੋਂ 'ਵਾ' ਕੰਨੇ ਵਾਲਾ ਤੇ ਹਰੀ ਕ੍ਰਿਸ਼ਨ ਵਿਚੋਂ 'ਹ' ਮੁਕਤਾ ਤੇ ਰਾਮ ਵਿਚੋਂ 'ਰ' ਤੇ ਗੋਬਿੰਦ ਵਿਚੋਂ 'ਗੁ' ਲੀਤਾ। 'ਵਾ' ਤਾਂ ਕੰਨੇ ਸਮੇਤ ਲਿਆ, 'ਰਾ' ਦਾ ਕੰਨਾ ਉੱਡਾ ਦਿੱਤਾ, ਤੇ 'ਗੁ' ਦਾ ਹੋੜਾ ਔਂਕੜ ਵਿਚ ਬਦਲ ਦਿੱਤਾ, ਇਹ ਭਿੰਨਤਾ ਕਿਉਂ?

੩. ਭਾਈ ਗੁਰਦਾਸ ਦੇ ਵੇਲੇ ਸਤਿਗੁਰੂ 'ਹਰਿਗੋਬਿੰਦ' ਜੀ ਸਨ, ਤਾਂ ਅੱਖਰ 'ਹ' ਲੈਣਾ ਚਾਹੀਦਾ ਸੀ, 'ਹਰਿਗੋਬਿੰਦ' ਵਿਚੋਂ ਗਗਾ ਕਿਕੂੰ ਲੀਤਾ ਤੇ ਉਂਵ ਵਡਿਆਈ ਨਮਿੱਤ ਗੁਰੂ ਨਾਨਕ ਨਾਮ ਵਿਚੋਂ 'ਨਾ' ਅੱਖਰ ਲੈਣਾ ਚਾਹੀਦਾ ਸੀ। 'ਗੋਬਿੰਦ' ਗੁਰੂ ਜਿਸ ਤੋਂ ਲੇਖਕ ਦਾ ਇਸ਼ਾਰਾ 'ਗੁਰੂ ਗੋਬਿੰਦ ਸਿੰਘ ਜੀ' ਵੱਲ ਹੈ, ਅਜੇ ਪ੍ਰਗਟ ਨਹੀਂ ਸਨ। ਭਾਈ ਗੁਰਦਾਸ ਜੀ ਨੇ ਛਟਵਾਂ ਗੁਰੂ ਪੀਰ ਭਾਰੀ ਜੋ ਪ੍ਰਤੱਖ ਸੇ, ਛੱਡ ਕੇ ਤੇ ਆਦਿ ਗੁਰੂ ਨਾਨਕ ਛੱਡ ਕੇ ਦਸਮੇਂ ਗੁਰੂ ਦਾ ਅੱਖਰ 'ਗ' ਕਿਸ ਤਰ੍ਹਾਂ ਲੈ ਲਿਆ?

੪. ਕ੍ਰਿਸ਼ਨ ਤੇ ਰਾਮ ਕੇਵਲ ਅਵਤਾਰ ਮੰਨੇ ਜਾਂਦੇ ਹਨ। ਅਰ ਕ੍ਰਿਸ਼ਨ ਤੋਂ ਛੁੱਟ ਬਾਕੀ ਦੇ ਅਵਤਾਰ ਵੀ ੧੬ ਕਲਾ ਸੰਪੂਰਨ ਨਹੀਂ ਮੰਨੀਦੇ। ਇਨ੍ਹਾਂ ਨੂੰ ਸਤਿਗੁਰ ਦੀ ਪਦਵੀ ਕਦੀ ਨਹੀਂ ਮਿਲੀ। ਇਹ ਆਪ 'ਘੋਰ ਅੰਘਰਾ' ਤੇ 'ਵਸ਼ਿਸ਼ਟ' ਆਦਿ ਗੁਰਾਂ ਦੇ ਚੇਲੇ ਸੇ। ਭਾਈ ਸਾਹਿਬ ਜੀ ਨੇ ਇਨ੍ਹਾਂ ਨੂੰ ਗੁਰੂ ਕਿਕੂੰ ਆਖਿਆ? ਇਹ ਤਾਂ ਕੇਵਲ ਅਵਤਾਰ ਸੇ।

*(ਦੇਖੋ ਸ੍ਰੀ ਸ਼ੰਕਰ ਦਯਾਲ ਜੀ ਦੇ ਜਪੁਜੀ ਦੇ ਟੀਕੇ ਦਾ ਦੀਬਾਚਾ)*

### ਮਗਰਲੀ ਵੀਚਾਰ

ਇਹ ਨਿਰਣਾ ਕਿ ਇਹ ਪਉੜੀ ਭਾਈ ਸਾਹਿਬ ਜੀ ਦੀ ਹੈ ਕਿ ਨਹੀਂ ਇਤਿਹਾਸਕ ਪੱਖ ਵਿਚ ਹੋ ਸਕਦਾ ਹੈ, ਪਰ ਤਾਂ ਜੇ ਅਸਲੀ ਪੋਥੀ ਜਾਂ ਕੋਈ ਅਤਿ ਪੁਰਾਤਨ ਪੰਜਵੇਂ, ਛੇਵੇਂ ਸਤਿਗੁਰਾਂ ਦੇ ਜ਼ਮਾਨੇ ਦੀ ਲਿਖਤੀ ਮਿਲ ਪਵੇ, ਜੋ ਅਜੇ ਤੱਕ ਨਹੀਂ ਮਿਲ ਸੱਕੀ। ਜੋ ਕੁੱਛ ਸ਼ੰਕੇ ਕਈ ਵਿਦਵਾਨਾਂ

ਨੂੰ ਇਸਦੇ ਅਖੇਪ ਹੋਣ ਦੇ ਡੁਰਦੇ ਹਨ ਉਹ ਉੱਪਰ ਆ ਚੁੱਕੇ ਹਨ, ਸੋ ਇਨ੍ਹਾਂ ਤੋਂ ਛੁੱਟ ਅਰਥ ਕਰਨ ਵਿਚ ਇਹ ਮੁਸ਼ਕਲਾਂ ਵੀ ਹੈਨ:

ਹਿੰਦੂ ਮੱਤ ਅਨੁਸਾਰ ਸਤਿਜੁਗ ਵਿਚ ਵਾਸਦੇਵ ਜਾਂ ਵਿਸ਼ਨੂੰ ਉਸ ਨਾਮ ਦੇ ਅਵਤਾਰ ਨਹੀਂ ਹੋਏ। ਵਾਸਦੇਵ ਨਾਮ ਹੈ ਕ੍ਰਿਸ਼ਨ ਦਾ ਜੋ ਉਨ੍ਹਾਂ ਦੇ ਪਿਤਾ ਵਾਸਨਵ ਤੋਂ ਬਣਿਆ ਹੈ। ਵਾਸਦੇਵ ਦਾ ਦੂਸਰਾ ਅਰਥ ਹੈ ਵਯਾਪਕ ਪਰਮੇਸ਼ਰ। *(ਦੇਖੋ ਵਿਸ਼ਨੂੰ ਪੁਰਾਣ)*

ਫਿਰ ਵਿਸ਼ਨੂੰ ਕਿ ਜਿਸਦਾ ਭਗਤੀ ਮਾਰਗ ਵਾਲੇ ਹਿੰਦੂ ਧਯਾਨ ਧਰਦੇ ਹਨ ਉਹ ਦੇਹਧਾਰੀ ਨਹੀਂ ਪਰ ਇਕ ਦੇਵਤਾ ਨਾਮ ਭੀ ਹੈ ਜੋ ਸਭਨਾਂ ਦੇਵਤਿਆਂ ਦਾ ਸ਼੍ਰੋਮਣੀ ਹੈ। ਹਾਂ, ਵਿਸ਼ਨੂੰ ਨਾਮ ਕਿਸੇ ਵਿਅਕਤੀ ਵਾਲੇ ਅਵਤਾਰ ਦਾ ਨਹੀਂ ਪ੍ਰੰਤੂ ਉਹ ਸ਼੍ਰੋਮਣੀ ਦੇਵਤਾ, ਜਿਸਨੇ ਸਾਰੇ ਅਵਤਾਰ ਧਾਰੇ। ਵੇਦ ਵਿਚ ਹੋਰ ਅੱਠ ਦੇਵਤੇ ਹਨ ਜੋ ਵਸੂ ਕਹੀਦੇ ਹਨ, ਉਨ੍ਹਾ ਦੀਆਂ ਗੇਣਤੀਆਂ ਵਿੱਚੋਂ ਇਕ ਗੇਣਤੀ ਵਿਚ ਵਿਸ਼ਨੂੰ ਦਾ ਨਾਮ ਆਉਂਦਾ ਹੈ। ਪਰ ਇਹ ਅੱਠੇ ਭੀ ਦੇਵਤੇ ਹੀ ਮੰਨੇ ਗਏ ਹਨ। ਵਿਸ਼ਨੂੰ ਦਾ ਦੂਸਰਾ ਅਰਥ ਵਯਾਪਕ ਭੀ ਹੈ। ਸੋ ਇਹ ਅਰਥ ਕਰਨਾ ਕਿ 'ਵਾਸਦੇਵ' ਜੀ ਸਤਿਗੁਰੂ ਦੇ ਅਵਤਾਰ ਸਨ, ਠੀਕ ਨਹੀਂ ਤੇ ਇਹ ਅਰਥ ਕਰਨਾ ਕਿ ਸਤਿਜੁਗ ਵਿਚ 'ਵਾਸਦੇਵ ਜੀ' ਸਤਿਗੁਰ ਸਨ, ਇਹ ਭੀ ਨਹੀਂ ਢੁੱਕਦਾ, ਕਿਉਂਕਿ ਵਾਸਦੇਵ ਦੇ ਸਤਿਜੁਗ ਵਿਚ ਸਤਿਗੁਰ ਹੋਣ ਦਾ ਲੇਖ ਵੇਦ ਵਿਚ ਨਹੀਂ ਮਿਲਦਾ। 'ਸਤਿਗੁਰ' ਪਦ ਕਲਜੁਗ ਦੇ ਅਵਤਾਰ ਦਸਾਂ ਗੁਰੂ ਸਾਹਿਬਾਂ ਨਾਲ ਵਰਤਿਆ ਗਿਆ ਹੈ, ਪਹਿਲੇ ਤ੍ਰੇਤੇ ਤੇ ਦੁਆਪੁਰ ਦੇ ਅਵਤਾਰਾਂ 'ਰਾਮ ਕ੍ਰਿਸ਼ਨ' ਨਾਲ ਭੀ ਨਹੀਂ ਲਾਇਆ ਗਿਆ, ਉਹ ਅਵਤਾਰ ਕਹਿਲਾਏ ਤੇ ਦੇਹਧਾਰੀ ਗੁਰੂ ਉਨ੍ਹਾਂ ਨੇ ਧਾਰਨ ਕੀਤੇ, ਸੋ ਇਹ ਅਰਥ ਕਰਨਾ ਭੀ ਨਹੀਂ ਢੁੱਕਦਾ ਕਿ ਸਤਿਜੁਗ ਵਿਚ ਵਾਸਦੇਵ ਸਤਿਗੁਰੂ ਸੀ। ਨਾ ਇਹ ਢੁੱਕਦਾ ਹੈ ਕਿ ਸਤਿਗੁਰ ਨੇ ਵਾਸਦੇਵ ਵਿਚੋਂ ਵਵਾ ਲੀਤਾ, ਕਿਉਂਕਿ ਤੁੱਕ ਵਿਚ ਕੋਈ ਕ੍ਰਿਆ ਪਦ ਨਹੀਂ ਪਿਆ, ਜੋ ਲੀਤਾ ਦਾ ਅਰਥ ਦੇਵੇ ਜਾਂ ਕਿਸੇ ਮਾਤ੍ਰਾ ਵਿਚੋਂ ਸੰਭਾਵਨਾ ਹੋ ਸੱਕੇ। ਲਿਖਤੀ ਪੋਥੀਆਂ ਵਿਚ ਸਤਿਗੁਰ ਦਾ 'ਰ' ਮੁਕਤਾ ਹੈ।

ਫਿਰ ਪਹਿਲੀਆਂ ਦੋ ਤੁਕਾਂ ਦੀ ਕ੍ਰਿਆ 'ਜਪਾਵੈ' ਪ੍ਰੇਰਣਾਰਥਿਕ ਹੈ ਤੇ ਜਪਾਉਣ ਵਾਲਾ ਜਾਂ ਸਤਿਗੁਰ ਹੈ ਜਾਂ ਵਾਸਦੇਵ ਹੈ ਜਾਂ ਵਿਸ਼ਨੂੰ ਜਾਂ ਵਵਾ ਹੈ, ਜਿਸ ਦਾ ਕਿ ਇਹ ਨਾਮ ਸੀ, ਪਰ ਤੀਸਰੀ ਚੌਥੀ ਤੁਕ ਵਿਚ ਕ੍ਰਿਆ ਪਦ ਜਪਣ ਵਾਲੇ ਦੀ ਕ੍ਰਿਆ ਹੈ—ਸੁਖ ਪਾਵੈ। ਇਹ ਕ੍ਰਿਆ ਪਦ ਜਪਣ ਵਾਲੇ ਵੱਲ ਜਾਂਦਾ ਹੈ। ਇਨ੍ਹਾਂ ਗੱਲਾਂ ਕਰਕੇ ਅਰਥ ਕਰਨ ਵਾਲੇ ਕਈ ਮੁਸ਼ਕਲਾਂ ਵਿਚ ਪੈ ਜਾਂਦੇ ਹਨ, ਸੋ ਜੇ ਪਉੜੀ ਨੂੰ ਭਾਈ ਸਾਹਿਬ ਜੀ ਦੀ ਸਮਝਿਆ ਜਾਵੇ ਤਾਂ ਅਰਥ ਕਿਵੇਂ ਢੁੱਕੇ ?

ਗਿਆਨੀ ਸਾਹਿਬ ਸਿੰਘ ਜੀ ਧਮਧਾਣ ਸਾਹਿਬ ਵਾਲੇ ਇਸ ਦਾ ਹੱਲ ਕਰਦਿਆਂ ਇਹੋ ਚਾਰ ਨਾਮ ਅਵਤਾਰਾਂ ਦੇ ਨਹੀਂ ਮੰਨਦੇ ਪਰ ਬ੍ਰਹਮ ਬੋਧਕ ਦੱਸਦੇ ਹਨ ਤੇ ਪ੍ਰਮਾਣ ਇਹ ਦੇਂਦੇ ਹਨ:

੧. ਵਾਸਦੇਵ—
ਵਾਸਦੇਵ ਜਲ ਥਲ ਮਹਿ ਰਵਿਆ ॥
*(ਗਉੜੀ ਬਾਵਨ ਅਖਰੀ, ਮ: ੫)*

੨. ਹਰਿ—
ਹਰਿ ਆਪੇ ਰਵਿ ਰਹਿਆ ਬਨਵਾਰੀ ॥੪॥
*(ਗਉੜੀ ਗੁਆਰੇਰੀ, ਮ: ੪)*

੩. ਗੋਬਿੰਦ—
ਆਪਿ ਤਰਿਆ ਕੁਟੰਬ ਸਿਉ ਗੁਣ ਗੋਬਿੰਦ ਪ੍ਰਭ ਰਵਨ ॥੧॥
*(ਥਿਤੀ ਗਉੜੀ ਮ: ੫)*

੪. ਰਾਮ—
ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥੧॥
*(ਥਿਤੀ ਗਉੜੀ ਮ: ੫)*

ਕਵੀ ਸੰਤੋਖ ਸਿੰਘ ਜੀ ਨੇ ਵਾਹਿਗੁਰੂ ਪਦ ਦੇ ਅਰਥ ਨਿਰਗੁਣ ਤੇ ਸਰਗੁਣ ਦੋਹਾਂ ਪੱਖਾਂ ਵਿਚ ਕੀਤੇ ਹਨ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਉਨ੍ਹਾਂ ਦੇ ਕੀਤੇ ਅਰਥਾਂ ਤੋਂ ਸਿਧਾਂਤ ਇਹ ਦਿਸਦਾ ਹੈ ਕਿ ਇਸ ਪਦ ਦਾ ਅਰਥ ਹੈ 'ਅਸਚਰਜ ਸਰੂਪ ਤੇ ਪ੍ਰਕਾਸ਼ ਸਰੂਪ'। ਉਨ੍ਹਾਂ ਦਾ ਆਸ਼ਾ ਹੈ ਕਿ ਨਿਰਾਕਾਰ ਨਿਰਗੁਣ ਸਰੂਪ ਦੇ ਲਿਖਾਯਕ ਨਾਮ ਤੋਂ ਛੁਟ ਉਸਦੇ ਕ੍ਰਿਤਮ ਨਾਮ ਭੀ ਹਨ ਜੋ ਉਸਦੇ ਗੁਣਾਂ ਕਰਕੇ ਬਣੇ ਹਨ, ਸਿਫਾਤੀ ਨਾਮ। ਇਹੀ ਸਰਗੁਣ ਨਾਮ ਕਹੀਦੇ ਹਨ। ਐਉਂ ਕਿ ਵਾਸਦੇਵ ਉਹ ਵਿਆਪਕ ਹੈ। ਹਰਿ—ਉਹ ਪਾਪਾਂ ਦਾ ਹਰਨ ਵਾਲਾ ਹੈ। ਗੋਬਿੰਦ ਉਹ ਮੁਕਤੀ ਦਾਤਾ ਹੈ। ਰਾਮ—ਉਹ ਜਗਤ ਦੇ ਵਿਚ ਕ੍ਰੀੜਾ ਕਰ ਰਿਹਾ ਹੈ, ਵਿਗਸ ਰਿਹਾ ਹੈ ਤੇ ਵਿਗਾਸ ਦੇ ਰਿਹਾ ਹੈ। ਸੋ ਵਾਹਿਗੁਰੂ ਵਿਚ ਉਸਦੀਆਂ ਸਿਫਤਾਂ ਵਾਲੇ ਨਾਵਾਂ ਦੇ ਇਕ ਇਕ ਅੱਖਰ ਲੈ ਕੇ ਗੁਣ ਸਮੂੰਹ ਦੇ ਭਾਵ ਭਰ ਦਿੱਤੇ ਹਨ। ਇਸ ਕਰਕੇ ਇਹ ਨਾਮ ਸਰਗੁਣ ਨਾਮਾਂ ਵਿਚੋਂ ਵੀ ਸ੍ਰੇਸ਼ਟ ਹੈ। *(ਦੇਖੋ ਸੰਪਾਦਿਤ ਸੂਰਜ ਪ੍ਰਕਾਸ਼, ਜਿਲਦ ੨, ਸਫਾ ੯੨)*

ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਭੀ ਇਸ ਕਿਸਮ ਦੀ ਰੀਤੀ ਲਈ ਹੈ ਤੇ ਲਿਖਿਆ ਹੈ "ਭਾਈ ਗੁਰਦਾਸ ਜੀ

ਨੇ ਲਿਖਿਆ ਹੈ—ਵਾਸਦੇਵ, ਹਰਿ, ਗੋਬਿੰਦ, ਰਾਮ ਇਨ੍ਹਾਂ ਚਾਰੋਂ ਨਾਮੋਂ ਕੇ ਆਦਿ ਕੇ ਅੱਖਰ ਲੇ ਕਰ ਗੁਰੂ ਜੀ ਨੇ ਵਾਹਿਗੁਰੂ ਨਾਮ ਕਿਹਾ ਹੈ, ਇਸ ਵਾਸਤੇ ਯਹ ਨਾਮ ਚਾਰੋਂ ਨਰੋਤਮ ਜੀ ਨੇ ਚੌਹਾਂ ਨਾਮਾਂ ਦੇ ਅਰਥ 'ਵਾਸਦੇਵ—ਵਯਾਪਕ, ਹਰਿ—ਪਾਪ ਹਰਤਾ, ਗੋਬਿੰਦ—ਪ੍ਰਿਥਵੀ ਆਦਿ ਵਿਖੇ ਸੱਤ, ਰਾਮ—ਜਿਸ ਵਿਚ ਜੋਗੀ ਜਨ ਰਮਣ ਕਰਨ' ਕੀਤੇ ਹਨ ਤੇ 'ਵਾਹਿਗੁਰੂ' ਸ਼ਬਦ ਨੂੰ ਨਿਰਗੁਣ ਤੇ ਸਰਗੁਣ ਜਾਂ ਕ੍ਰਿਤਮ ਤੇ ਅਕ੍ਰਿਤਮ ਦੋਹਾਂ ਅਰਥਾਂ ਵਾਲਾ ਨਾਮ ਦੱਸਿਆ ਹੈ।

ਇਕ ਹੋਰ ਵਿਦਵਾਨ ਸੰਤ ਜੀ ਭੀ ਐਉਂ ਅਰਥ ਕਰਦੇ ਹਨ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਵਾਸਦੇਵ, ਹਰਿ, ਗੋਬਿੰਦ, ਰਾਮ ਪਦਾਂ ਦੇ ਅਰਥ ਪਰਮਾਤਮਾ ਦੇ ਆਪਣੇ ਨਾਮ ਹੈਨ ਤੇ ਇਨ੍ਹਾਂ ਦੇ ਆਦਿ ਅੱਖਰਾਂ ਤੋਂ ਇਹ ਪਦ ਬਣਿਆ ਹੈ।

ਪੰਡਿਤ ਕਰਤਾਰ ਸਿੰਘ ਜੀ ਦਾਖਾ ਇਸ ਪਉੜੀ ਨੂੰ ਭਾਈ ਸਾਹਿਬ ਕ੍ਰਿਤ ਨਹੀਂ ਮੰਨਦੇ ਪਰ ਲਿਖਦੇ ਹਨ ਕਿ ਜੇ ਉਨ੍ਹਾਂ ਦੀ ਮੰਨ ਕੇ ਅਰਥ ਕਰਨੇ ਭੀ ਹੋਣ ਤਾਂ ਤੁੱਲ ਯੋਗਤ ਅਲੰਕਾਰ ਦੁਆਰਾ ਇਉਂ ਲਾ ਲਉ ਕਿ ਚੌਹਾਂ ਜੁਗਾਂ ਦੇ ਜਾਪਾਂ ਵਾਲੇ ਨਾਮਾਂ ਦੇ ਪਹਿਲੇ ਅੱਖਰਾਂ ਦੇ ਸਮੁਦਾਇ ਤੋਂ ਇਹ ਪਦ ਬਣਿਆ ਹੈ।

ਭਾਈ ਗੁਰਦਾਸ ਜੀ ਨੇ 'ਵਾਹਿਗੁਰੂ' ਸ਼ਬਦ ਬਾਬਤ ਆਪਣੀਆਂ ਰਚਨਾਂ ਵਿਚ ਹੇਠ ਲਿਖੇ ਵਾਕ ਵੀ ਕਹੇ ਹਨ ਜੋ ਵੀਚਾਰ-ਯੋਗ ਹਨ:

(੧) ਵੇਦ ਕਤੇਬ ਅਗੋਚਰਾ ਗੁਰਮੁਖਿ ਸਬਦੁ ਸਾਧ ਸੰਗਿ ਸਤਾ।
(ਵਾਰ ੨੪-੨੦)

(੨) ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।
(ਵਾਰ ੧੨-੧੭)

(੩) ਵੇਦ ਕਤੇਬਹੁ ਬਾਹਰਾ
ਅਕਥ ਕਥਾ ਗੁਰ ਸਬਦ ਸੁਣਾਇਆ।
(ਵਾਰ ੧੮-੧੪)

(੪) ਵੇਦ ਕਤੇਬਹੁ ਬਾਹਰਾ ਗੁਰ ਸਬਦਿ ਹਜੂਰਾ।
(ਵਾਰ ੧੩-੨੧)

(੫) ਵੇਦ ਨ ਜਾਣੈ ਭੇਦੁ ਕਿਹੁ ਸੇਸਨਾਗੁ ਨ ਪਾਏ।
ਵਾਹਿਗੁਰੂ ਸਾਲਾਹਣਾ ਗੁਰੁ ਸਬਦੁ ਅਲਾਏ।
(ਵਾਰ ੯-੧੩)

(੬) ਵੇਦ ਕਤੇਬਹੁ ਬਾਹਰਾ ਅਕਥ ਕਹਾਣੀ ਕਥੀ ਨ ਜਾਈ।
(ਵਾਰ ੧੮-੨)

(੭) ਵਾਹਿਗੁਰੂ ਗੁਰ ਸਬਦੁ ਸੁਣਾਇਆ।
(ਵਾਰ ੨੪-੧)

(੮) ਵਾਹਿਗੁਰ ਗੁਰ ਸਬਦ ਲੈ
ਪਿਰਮ ਪਿਆਲਾ ਚੁਪਿ ਚਬੋਲਾ।
(ਵਾਰ ੧-੧੭)

(੯) ਵਾਹਿਗੁਰੂ ਵਡੀ ਵਡਿਆਈ।
(ਵਾਰ ੧੧-੮)

(੧੦) ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ।
(ਵਾਰ ੧੩-੨)

ਵਿਦਤ ਰਹੇ ਕਿ—

ਇਸ ਪਉੜੀ ਦੇ ਭਾਵ ਵਿਚ ਦਿੱਤੇ ਵਾਕਾਂ ਤੋਂ ਤੇ ਅੱਗੇ ਟੂਕਾਂ ਆਦਿ ਵਿਚ ਦਿੱਤੇ ਵਾਕਾਂ ਤੋਂ ਇਹ ਸਿੱਟਾ ਕੱਢਣਾ ਕਿ ਗਿਆਨੀ ਹਜ਼ਾਰਾ ਸਿੰਘ ਜੀ 'ਵਾਹਿਗੁਰੂ' ਸ਼ਬਦ ਨੂੰ ਗੁਰਮੰਤ੍ਰ ਨਹੀਂ ਮੰਨਦੇ ਜਾਂ ਇਹ ਕਿ ਭਾਈ ਗੁਰਦਾਸ ਜੀ 'ਵਾਹਿਗੁਰੂ' ਸ਼ਬਦ ਨੂੰ ਗੁਰਮੰਤ੍ਰ ਨਹੀਂ ਆਖ ਰਹੇ, ਦੋਹਾਂ ਸਨਮਾਨ ਯੋਗ ਵਿਅਕਤੀਆਂ ਨਾਲ ਅਨਿਜਾਯ ਕਰਨਾ ਹੋਵੇਗਾ। ਦੋਹਾਂ ਦਾ ਨਿਸਚੇ ਸਿਧਾਂਤ ਉਨ੍ਹਾਂ ਦੇ ਲੇਖਾਂ ਤੋ ਸਫੁਟ ਹੈ ਕਿ ਉਹ ਵਾਹਿਗੁਰੂ ਨੂੰ 'ਗੁਰਮੰਤ੍ਰ' ਮੰਨ ਰਹੇ ਹਨ। ਭਾਈ ਗੁਰਦਾਸ ਜੀ ਦੀਆਂ ਦਸ ਯਾਰਾਂ ਤੁੱਕਾਂ ਜੋ ਉਪਰਲੀ ਤੁੱਕ ਦੇ ਅਖੀਰ ਤੇ ਆਈਆਂ ਹਨ, ਸਪੱਸ਼ਟ ਹੈ ਕਿ ਉਸ ਵਾਹਿਗੁਰੂ ਪਦ ਨੂੰ ਗੁਰਮੰਤ੍ਰ ਤੇ ਵੇਦ ਕਤੇਬ ਤੋਂ ਉੱਚਾ ਮੰਨ ਰਹੇ ਹਨ। ਭਾਈ ਹਜਾਰਾ ਸਿੰਘ ਜੀ ਬ੍ਰਿਜ ਭਾਸ਼ਾ ਤੋਂ ਛੁਟ ਫ਼ਾਰਸੀ ਦੇ ਤਕੜੇ ਵਿਦਵਾਨ ਸਨ, ਜਿਨ੍ਹਾਂ ਨੇ ਬੋਸਤਾਂ ਦਾ ਦੇਸੀ ਬੋਲੀ ਵਿਚ ਛੰਦਾਂ ਬੰਦੀ ਤਰਜਮਾ ਕੀਤਾ ਸੀ। ਅੰਗ੍ਰੇਜ਼ੀ ਵਿਚ ਵੀ ਚੰਗੇ ਵਿਦਵਾਨ ਸਨ, ਤੇ ਸੰਸਕ੍ਰਿਤ ਵਿਚ ਭਾਰੀ ਪੰਡਿਤ ਸਨ ਤੇ ਅੰਤ ਵੇਦ ਮੁਤਾਲਯਾ ਕਰ ਰਹੇ ਸਨ। ਇਤਨੀ ਵਿਦਿਆ ਵਿਚ ਨਿਪੁੰਨ ਹੋ ਕੇ ਆਪ ਵਾਹਿਗੁਰੂ ਮੰਤ੍ਰ ਦੇ ਉਪਾਸ਼ਕ ਸੇ। ਅੰਮ੍ਰਿਤਧਾਰੀ ਤੇ ਰਹਿਤ ਬਹਿਤ ਦੇ ਪੱਕੇ ਸਿੰਘ ਹੋਣ ਕਰਕੇ ਅੰਮ੍ਰਿਤ ਛਕਣ ਸਮੇਂ ਮਿਲੇ ਵਾਹਿਗੁਰੂ ਨੂੰ ਗੁਰਮੰਤ੍ਰ ਸਮਝਦੇ ਤੇ ਦੱਸਦੇ ਸੇ।

ਫਿਰ ਦੇਖੋ ਭਾਈ ਹਜਾਰਾ ਸਿੰਘ ਜੀ ਨੇ ਨਹੀਂ ਲਿਖਿਆ ਕਿ ਮੇਰਾ ਕਮਾ ਹੱਕਾ ਨਿਰਣਾ ਹੈ ਕਿ ਇਹ ਪਉੜੀ ਭਾਈ ਗੁਰਦਾਸ ਜੀ ਦੀ ਨਹੀਂ; ਆਪ ਲਿਖਦੇ ਹਨ ਕਿ "ਇਹ ਪਉੜੀ ਭਾਈ ਗੁਰਦਾਸ ਦੀ ਨਹੀਂ ਜਾਪਦੀ"। ਜਾਪਦੀ ਪਦ ਨਿਸਚੇ ਬੋਧਕ ਨਹੀਂ ਹੁੰਦਾ। ਫਿਰ ਆਪ ਲਿਖਦੇ ਹਨ ਕਿ ਇਸ ਪਰ "ਗੁਣੀ ਜਨਾਂ ਨੂੰ ਏਹ ਸ਼ੰਕਾ ਹੈਨ"। ਬਹੈਸੀਅਤ ਖੋਜੀ ਟੀਕਾਕਾਰ ਦੇ ਉਨ੍ਹਾਂ ਨੇ ਗੁਣੀ ਜਨਾਂ ਦੀ ਸੰਸਜਾਤਮਿਕ

ਵਾਕਫ਼ੀ ਉੱਪਰ ਬਹਮ ਪਹੁੰਚਾਈ ਹੈ, ਨਾ ਕਿ ਆਪਣਾ ਨਿਸਚੈ ਆਤਮਿਕ ਨਿਰਣੈ ਦਿੱਤਾ ਹੈ। ਫਿਰ ਟੂਕ ਵਿਚ ਗੁਣੀ ਜਨਾ ਦੇ ਨਾਮ, ਸ਼ੰਕੇ ਤੇ ਉਨ੍ਹਾ ਦੇ ਸਮਾਧਾਨ ਵੂਏ ਭ੍ਰੋਏ ਆ ਗਏ ਹਨ। ਅੰਤਲੇ ਪੈਰਾਗ੍ਰਾਫ਼ ਵਿਚ ਭਾਈ ਗੁਰਦਾਸ ਜੀ ਦਾ ਸਿਧਾਂਤ ਨਿਸਚਾ ਤੇ ਸ਼ਰਧਾ ਜੋ ਵਾਹਿਗੁਰੂ ਨਾਮ ਵਿਚ ਸੀ, ਉਨ੍ਹਾਂ ਦੇ ਵਾਕਾਂ ਵਿਚ ਹੀ ਆ ਗਿਆ ਹੈ, ਜਿਨ੍ਹਾਂ ਤੋਂ ਸਪੱਸ਼ਟ ਹੈ ਕਿ ਭਾਈ ਗੁਰਦਾਸ ਜੀ ਆਪ ਤੇ ਸ੍ਰੀ ਮਾਨ ਪੰਡਿਤ ਹਜ਼ਾਰਾ ਸਿੰਘ ਜੀ ਦੋਵੇਂ, ਉੱਪਰ ਦਿੱਤੀ ਨਿਜੀ ਵਾਕਫ਼ੀ ਦੇ ਆਧਾਰ 'ਤੇ ਅਤੇ ਉਨ੍ਹਾਂ ਦੇ ਲਿਖੇ ਆਪਣੇ ਵਾਕਾਂ ਤੋਂ ਕਿਸੇ ਸ਼ੱਕ ਸੂਭੇ ਤੋਂ ਬਿਨਾਂ ਸਪੱਸ਼ਟ ਤੌਰ ਤੇ "ਵਾਹਿਗੁਰੂ" ਨਾਮ ਦੇ ਉਪਾਸ਼ਕ ਸੇ।

*(ਐਡੀਟੋਰ ਖਾਲਸਾ ਸਮਾਚਾਰ)*

(ਪਹਿਲੀ ਵਾਰ ਸਮਾਪਤ)

# ਵਾਰ ੨

ੴ ਸਤਿਗੁਰ ਪ੍ਰਸਾਦਿ॥

## ੧. ਰਚਨਹਾਰ ਕਰਤਾਰ ਦਾ ਮੰਗਲ

੧. ਆਪਨੜੇ ਹੱਥਿ ਆਰਸੀ
ਆਪੇ ਹੀ ਦੇਖੈ।
੨. ਆਪੇ ਦੇਖ ਦਿਖਾਇਦਾ
ਛਿਅ ਦਰਸ਼ਨ ਭੇਖੈ।
੩. ਜੇਹਾ ਮੂੰਹ ਕਰ ਭਾਲਦਾ
ਤੇਵੇਹੋ ਲੇਖੈ।
੪. ਹੱਸਦੇ ਹੱਸਦਾ ਦੇਖੀਐ
ਸੋ ਰੂਪ ਸਰੇਖੈ।
੫. ਰੋਂਦੇ ਦਿੱਸੇ ਰੋਂਵਦਾ
ਹੋਇ ਨਿਮਖ ਨਿਮੇਖੈ।
੬. ਆਪੇ ਆਪ ਵਰੱਤਦਾ
ਸਤਸੰਗ ਵਿਸੇਖੈ॥੧॥

***ਪਦ ਅਰਥ :*** ਆਰਸੀ—ਸ਼ੀਸ਼ਾ। ਸਰੇਖੈ—ਸਾਰਖਾ, ਵਰਗਾ। ਨਿਮੇਖੈ—ਪਲਕਾਂ। ਵਿਸੇਖੈ—ਵਿਸ਼ੇਸ਼।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਿਸ ਰਚਨਹਾਰ ਕਰਤਾਰ ਦੇ ਸੰਬੰਧ ਵਿਚ ਸਾਰੇ ਵੇਦ ਸਾਸਤ੍ਰ ਰਿਖੀ ਮੁਨੀ ਆਪੋ ਆਪਣੇ ਵੀਚਾਰ ਪ੍ਰਗਟ ਕਰਦੇ ਹਨ, ਉਸ ਬਾਰੇ ਅਸੀਂ ਸੁਣਨਾਂ ਚਾਹੁੰਦੇ ਹਾਂ ਕਿ ਤੁਹਾਡੇ ਆਪਣੇ ਵੀਚਾਰ ਕੀ ਹਨ?

(੧) ਉ: ਹੇ ਪਿਆਰੇ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਉਸ ਪ੍ਰਭੂ ਸਰਬ ਵਿਆਪਕ ਦੇ ਹੱਥ ਵਿਚ ਹੀ (ਆਪਣੇ ਇਸ ਰਚੇ ਸੰਸਾਰ ਦਾ) ਸ਼ੀਸ਼ਾ ਹੈ, ਆਪ ਹੀ (ਉਹ ਉਸਨੂੰ) ਦੇਖਣ ਵਾਲਾ ਹੈ।

(੨) ਆਪ ਹੀ ਉਹ ਛੇ ਦਰਸ਼ਨਾਂ (ਧਰਮਾਂ) ਦੇ ਭੇਖਾਂ ਨੂੰ ਦੇਖਦਾ (ਤੇ ਧਰਮਾਂ ਦੇ ਲੋਕਾਂ ਨੂੰ) ਦਿਖਾਉਂਦਾ ਹੈ।

(੩) (ਪਰ ਇਹ ਜ਼ਰੂਰੀ ਹੈ ਕਿ) ਜੇਹੋ ਜੇਹਾ (ਸੰਸਾਰ ਵਿਚ ਕੋਈ) ਮੂੰਹ ਕਰਕੇ ਭਾਵ ਹਿਰਦੇ ਦੀ ਧਾਰਨਾ ਧਾਰ ਕੇ ਉਸਨੂੰ ਦੇਖਦਾ ਹੈ, ਤੇਹੋ ਜਿਹਾ ਲੇਖੈ ਭਾਵ ਨਜ਼ਰੀਂ ਪੈਂਦਾ ਹੈ।

(੪) ਹੱਸਦੇ ਨੂੰ ਹੱਸਦਾ ਹੀ ਨਜ਼ਰ ਆਉਂਦਾ ਹੈ, ਉਸੇ ਰੂਪ ਸਾਰਖਾ ਪ੍ਰਤਿਬਿੰਬ ਹੋ ਜਾਂਦਾ ਹੈ।

(੫) ਰੋਂਦੇ ਨੂੰ ਰੋਂਦਾ ਪ੍ਰਤੀਤ ਹੁੰਦਾ ਹੈ, ਜੇ ਪਲਕਾਂ ਮਾਰ ਕੇ ਦੇਖੇ (ਤਾਂ ਅਗੋਂ ਵੀ ਉਸੇ ਤਰ੍ਹਾਂ) ਮਟੱਕੇ ਵਜਦੇ ਦਿੱਸਦੇ ਹਨ (ਭਾਵ ਸ਼ੀਸ਼ੇ ਵਿਚ ਜਿਹੋ ਜਿਹਾ ਦ੍ਰਿਸ਼ ਆਵੇ, ਉਹੋ ਜਿਹਾ ਹੀ ਦਿਸਦਾ ਹੈ)।

(੬) (ਉਹ ਪ੍ਰਭੂ) ਆਪ ਹੀ ਆਪ (ਸਾਰੇ) ਵਰਤ ਰਿਹਾ ਹੈ (ਤੇ ਉਸਦੀ ਇਹ) ਵਿਸ਼ੇਸ਼ਤਾ (ਖ਼ੂਬੀ) ਸਤਿਸੰਗ ਵਿਚ ਹੀ (ਦੇਖੀ ਜਾ ਸਕਦੀ) ਹੈ।੧।

***ਭਾਵਾਰਥ :*** ਉਹ ਸੁਆਮੀ ਇਸ ਆਪਣੀ ਰਚਨਾ ਨੂੰ ਗੁਪਤ ਰੂਪ ਹੋ ਸਦਾ ਹੀ ਦੇਖਦਾ ਹੈ, ਪਰ ਇਹ ਸੂਝ ਬੂਝ ਵੀ ਸਤਿਸੰਗ ਦੁਆਰੇ ਹੀ ਆਉਂਦੀ ਹੈ।

## ੨. ਵਜੰਤ੍ਰੀ ਦਾ ਉਦਾਹਰਣ

੧. ਜਿਉਂ ਜੰਤ੍ਰੀ ਹੱਥ ਜੰਤ੍ਰ ਲੈ
ਸਭ ਰਾਗ ਵਜਾਏ।
੨. ਆਪੇ ਸੁਣ ਸੁਣ ਮਗਨ ਹੋਇ
ਆਪੇ ਗੁਣ ਗਾਏ।
੩. ਸ਼ਬਦ ਸੁਰਤਿ ਲਿਵ ਲੀਨ ਹੋਇ
ਆਪਿ ਰੀਝ ਰੀਝਾਏ।

**੪. ਕਥਤਾ ਬਕਤਾ ਆਪ ਹੈ**
**ਸੁਰਤਾ ਲਿਵ ਲਾਏ।**
**੫. ਆਪੇ ਆਪ ਵਿਸਮਾਦੁ ਹੋਇ**
**ਸਰਬੰਗ ਸਮਾਏ।**
**੬. ਆਪੇ ਆਪ ਵਰਤੱਦਾ**
**ਗੁਰਮੁਖ ਪਤੀਆਏ ॥੨॥**

***ਪਦ ਅਰਥ :*** ਜੰਤ੍ਰੀ—ਸਾਜ਼ ਵਜਾਉਣ ਵਾਲਾ। ਜੰਤ੍ਰ—ਸਾਜ਼, ਵਾਜਾ ਆਦਿ। ਮਗਨ—ਪ੍ਰਸੰਨ, ਲਿਵਲੀਨ, ਮਸਤ। ਲਿਵ ਲੀਨ—ਅਟੇਕ ਸਮਾਧੀ, ਨਿਰਵਿਕਲਪ ਸਮਾਧੀ। ਸੁਰਤਾ—ਸ੍ਰੋਤਾ, ਗਿਆਨੀ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਉਸ ਪਰੀ ਪੂਰਨ ਪਰਮੇਸ਼ਰ ਦੀ ਵਿਆਪਕਤਾ ਬਾਰੇ ਕੋਈ ਪ੍ਰਤੱਖ ਦ੍ਰਿਸ਼ਟਾਂਤ ਰਾਹੀ ਸਮਝਾਉਣ ਦੀ ਕ੍ਰਿਪਾ ਕਰੋ?

(੧) ਉ: ਹੇ ਭਾਈਓ! (ਸਾਨੂੰ ਇਉਂ ਹੀ ਸਮਝ ਲੈਣਾ ਯੋਗ ਹੈ ਕਿ) ਜਿਵੇਂ ਸਾਜ਼ ਵਜਾਉਣ ਵਾਲਾ ਹੱਥ ਵਿਚ ਸਾਜ਼ (ਵਾਜਾ) ਲੈ ਕੇ (ਸਿਆਣਪ ਨਾਲ) ਸਭ ਰਾਗਾਂ ਨੂੰ ਵਜਾਉਂਦਾ ਹੈ।

(੨) (ਉਹ) ਇਤਨੇ ਸੁਰੀਲੇ ਤੇ ਸ਼ੁਧ ਰੂਪ ਵਿਚ ਵਜਾਉਂਦਾ ਹੈ ਕਿ ਆਪ ਹੀ ਸੁਣ ਸੁਣ ਮਗਨ (ਮਸਤ) ਹੁੰਦਾ ਤੇ ਆਪ ਹੀ (ਉਸਦੇ) ਗੁਣ ਗਾਉਂਦਾ (ਸਲਾਹੁਤਾ ਕਰਦਾ) ਹੈ।

(੩) (ਫਿਰ ਉਹ ਆਪੇ ਹੀ) ਸ਼ਬਦ ਸੁਰਤ (ਵਿਚ ਜੁੜ ਜਾਣ ਨਾਲ) ਲਿਵਲੀਨ ਹੋ ਕੇ (ਆਪ) ਰੀਝਦਾ ਤੇ (ਹੋਰਨਾਂ ਨੂੰ) ਰੀਝਾਉਂਦਾ (ਪ੍ਰਸੰਨ ਕਰਦਾ) ਹੈ।

(੪) ਆਪ ਹੀ ਉਹ ਕਥਤਾ (ਕਥਾ ਕਰਨ ਵਾਲਾ) ਆਪ ਹੀ ਬਕਤਾ (ਬੋਲਣ ਵਾਲਾ) ਤੇ ਆਪ ਹੀ (ਸੁਰਤਾ, ਸੁਰਤ ਵਿਚ ਲਿਵਲੀਨ ਹੋ) ਸਮਾਧੀ ਵਾਲਾ ਹੈ। ਭਾਵ ਗਿਆਨੀ ਹੋ ਕੇ ਨਿਰਵਿਕਲਪ ਸਮਾਧੀ ਲਾਉਂਦਾ ਹੈ।

(੫) (ਗੱਲ ਕੀ) ਉਹ ਆਪ ਹੀ ਆਪ ਅਸਚਰਜ (ਰੂਪਾਂ ਤੇ ਸਕਲਾਂ ਵਿਚ) ਸਾਰੇ ਸਰੀਰਾਂ ਦੇ ਅੰਗਾਂ ਵਿਚ ਸਮਾਇਆ ਹੈ।

(੬) (ਹਾਂ, ਉਹ ਪ੍ਰਭੂ) ਆਪ ਹੀ ਆਪ (ਸਭ ਪਾਸੇ) ਵਰਤ ਰਿਹਾ ਹੈ (ਪਰ ਇਸ ਗੱਲ ਤੇ ਭਰੋਸਾ) ਤੇ ਪ੍ਰਤੀਤੀ ਕੇਵਲ ਗੁਰਮੁਖ (ਪ੍ਰਭੂ ਤੇ ਸਤਿਗੁਰ ਨਾਲ ਅਭੇਦ ਹੋ ਜਾਣ ਵਾਲੇ ਹੀ) ਕਰਦੇ ਹਨ।੨।

***ਭਾਵਾਰਥ :*** ਉਹ ਸਿਰਜਣਹਾਰ ਪਰੀ ਪੂਰਨ ਪਰਮੇਸ਼ਰ ਸਾਰੀ ਕਾਇਨਾਤ ਵਿਚ ਗੁਪਤ ਰੂਪ ਹੋ ਕੇ ਵਰਤ ਰਿਹਾ ਹੈ ਪਰ ਇਸ ਸਿਧਾਂਤ ਤੇ ਤਸੱਲੀ ਬਝਦੀ ਹੈ, ਉਹ ਗੁਰਮੁਖ ਨੂੰ ਦੇਖ ਕੇ ਜਾਂ ਗੁਰਮੁਖ ਦੁਆਰਾ ਬੱਝਦੀ ਹੈ।

## ੩. ਸਰਬ ਰਸਾਂ ਵਿਚ ਵਿਆਪਕ ਪ੍ਰਭੂ

**੧. ਆਪੇ ਭੁਖਾ ਹੋਇ ਕੈ**
**ਆਪ ਜਾਇ ਰਸੋਈ।**
**੨. ਭੋਜਨ ਆਪ ਬਣਾਇਦਾ**
**ਰਸ ਵਿਚ ਰਸ ਗੋਈ।**
**੩. ਆਪੇ ਖਾਇ ਸਲਾਹ ਕੈ**
**ਹੋਇ ਤ੍ਰਿਪਤ ਸਮੋਈ।**
**੪. ਆਪੇ ਰਸੀਆ ਆਪ ਰਸ**
**ਰਸ ਰਸਨਾ ਭੋਈ।**
**੫. ਦਾਤਾ ਭੁਗਤਾ ਆਪ ਹੈ**
**ਸਰਬੰਗ ਸਮੋਈ।**
**੬. ਆਪੇ ਆਪ ਵਰੱਤਦਾ**
**ਗੁਰਮੁਖ ਸੁਖ ਹੋਈ ॥੩॥**

***ਪਦ ਅਰਥ :*** ਗੋਈ—ਇਕ-ਮਿਕ। ਤ੍ਰਿਪਤ ਸਮੋਈ—ਅਨੰਦਤਾ ਵਿਚ ਸਮਾ ਜਾਣਾ। ਸਮੋਈ—ਅਨੰਦਤ, ਸਮਾ ਜਾਂਦਾ ਹੈ। ਰਸਨਾ—ਜੀਭ। ਭੁਗਤਾ—ਭੋਗਣ ਵਾਲਾ। ਸਰਬੰਗ—ਸਭ ਅੰਗ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਉਸ ਪ੍ਰਭੂ ਦੀ ਵਿਆਪਕਤਾ ਵਿਚ ਕੁੱਝ ਹੋਰ ਉਦਾਹਰਣ ਦਿਓ?

(੧) ਉ: (ਹੇ ਸਜਣੋਂ! ਜਦੋਂ ਕੋਈ ਭੀ ਮਨੁੱਖ ਆਪਣੇ ਅੰਤਰ ਆਤਮੇ ਵੀਚਾਰ ਦ੍ਰਿਸ਼ਟੀ ਨਾਲ ਤੱਕਦਾ ਹੈ ਤਾਂ ਉਸ ਨੂੰ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਉਹ ਪ੍ਰਭੂ ਆਪ ਹੀ ਭੁੱਖਾ ਅਰਥਾਤ ਚਾਹਵਾਨ ਹੋ ਕੇ, ਆਪ ਹੀ ਖਾਣ ਲਈ ਰਸੋਈ ਵੱਲ ਜਾਂਦਾ ਹੈ।

(੨) (ਫਿਰ) ਭੋਜਨ ਵੀ ਬਣਾਉਣ ਵਾਲਾ ਆਪ ਹੀ ਹੈ, (ਭੋਜਨ ਵਿਚ) ਜੋ ਰਸ ਤੇ ਸੁਆਦ ਹੈ (ਉਸ ਵਿਚ ਵੀ

ਉਹ ਆਪ ਹੀ) ਸਮਾਇਆ ਹੋਇਆ ਹੈ।

(੩) (ਫਿਰ) ਆਪ ਹੀ ਖਾ ਕੇ ਸਲਾਹੁੰਦਾ ਹੈ ਤੇ ਰੱਜ ਕੇ ਅਨੰਦਤ ਹੁੰਦਾ ਹੈ।

(੪) ਆਪੇ ਹੀ ਰਸੀਆ ਰਸ ਲੈਣ ਵਾਲਾ ਹੈ, ਆਪੇ ਰਸ ਰੂਪ ਹੈ, ਰਸਾਂ (ਵਿਖੇ) ਜੀਭ (ਰੂਪ ਹੋ ਕੇ ਭੀ ਆਪ ਹੀ) ਮਿਲਦਾ (ਪ੍ਰਵਿਰਤ ਹੁੰਦਾ) ਹੈ।

(੫) ਦਾਤਾਂ (ਦੇਣ ਵਾਲਾ) ਵੀ ਆਪ ਹੀ ਹੈ, ਆਪ ਹੀ ਭੁਗਤਣ ਵਾਲਾ ਹੈ, ਸਰਬ ਅੰਗਾਂ ਵਿਚ (ਸਤਿ ਚਿਤ ਅਨੰਦ ਹੋ ਕੇ) ਸਮਾਇ ਰਿਹਾ ਹੈ।

(੬) (ਉਹ ਪ੍ਰਭੂ) ਆਪ ਹੀ ਸਭ ਪਾਸੇ ਵਰਤ ਰਿਹਾ ਹੈ, (ਪ੍ਰੰਤੂ) ਗੁਰਮੁਖਾਂ ਨੂੰ ਹੀ ਇਸ ਪ੍ਰਤੀਤੀ ਦਾ ਸੁਖ ਪ੍ਰਾਪਤ ਹੁੰਦਾ ਹੈ।੩।

*ਭਾਵਾਰਥ :* ਰਸੋਈ ਪਕਾ ਕੇ ਖਾਣ ਵਾਲੇ ਦਾ ਦ੍ਰਿਸ਼ਟਾਂਤ ਦੇ ਕੇ ਉਸ ਪਰੀ ਪੂਰਨ ਪਰਮੇਸ਼ਰ ਦੀ ਵਿਆਪਕਤਾ ਦਰਸਾਈ ਹੈ, ਉਹ ਨਿਰਿਛਤ ਵਾਹਿਗੁਰੂ ਆਪ ਹੀ ਸੰਸਾਰ ਰਚਦਾ ਹੈ, ਇਸ ਰਚਨਾ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ। ਜਿਵੇਂ ਕਿ ਗੁਰਬਾਣੀ ਦਾ ਫੁਰਮਾਨੁ ਹੈ :

ਕਰਿ ਆਸਣੁ ਡਿਠੋ ਚਾਉ ॥ *(ਆਸਾ ਦੀ ਵਾਰ)*

## ੪. ਸਰਬ ਨਿਵਾਸੀ ਸਦਾ ਅਲੇਪਾ

**੧. ਆਪੇ ਪਲੰਘ ਵਿਛਾਇ ਕੈ
ਆਪ ਅੰਦਰ ਸਉਂਦਾ।
੨. ਸੁਪਨੇ ਅੰਦਰ ਜਾਇ ਕੈ
ਦੇਸੰਤਰ ਭਉਂਦਾ।
੩. ਰੰਕ ਰਾਉ ਰਾਉ ਰੰਕ ਹੋਇ
ਦੁਖ ਸੁਖ ਵਿਚ ਪਉਂਦਾ।
੪. ਤੱਤਾ ਸੀਅਰਾ ਹੋਇ ਜਲ
ਆਵੱਟਣ ਖਉਂਦਾ।
੫. ਹਰਖ ਸੋਗ ਵਿਚ ਧਾਂਵਦਾ
ਚਾਵਾਏ ਚਉਂਦਾ।
੬. ਆਪੇ ਆਪ ਵਰੱਤਦਾ
ਗੁਰਮੁਖ ਸੁਖ ਰਉਂਦਾ॥੪॥**

*ਪਦ ਅਰਥ :* ਪਲੰਘ—ਮੰਜਾ, ਭਾਵ ਦੇਹ। ਸੁਪਨੇ ਅੰਦਰਿ—ਸੁਪਨੇ ਵਿਚ। ਰੰਕ—ਕੰਗਾਲ। ਰਾਉ—ਰਾਜਾ। ਸੀਅਰਾ—ਠੰਢਾ। ਆਵੱਟਣ—ਕਾੜ੍ਹਾ, ਭਾਵ ਦੁਖ, ਉਬਾਲਾ, ਕਾੜ੍ਹਨਾ, ਉਬਾਲਣਾ। ਖਉਂਦਾ—ਸਹਾਰਦਾ। ਚਉਂਦਾ—ਬੋਲਦਾ ਹੈ।

*ਅਰਥ :*

ਪ੍ਰ: ਕਿਉਂ ਜੀ, ਉਸ ਪ੍ਰਭੂ ਦੀ ਨਿਰਲੇਪਤਾ ਬਾਰੇ ਕੋਈ ਹੋਰ ਉਦਾਹਰਣ ਦਿਓ ?

(੧) ਉ: ਹੇ ਭਾਈ ! (ਵੇਖੋ ਜਿਵੇਂ ਕੋਈ ਮਨੁੱਖ) ਆਪੇ ਹੀ ਮੰਜਾ, ਪਲੰਘ ਡਾਹ ਕੇ ਅੰਦਰ ਵੜ ਕੇ ਸੌਂ ਜਾਂਦਾ ਹੈ।

(੨) (ਪਰ ਫਿਰ ਉਹ ਸੁੱਤੇ ਸੁੱਤੇ) ਸੁਪਨੇ ਵਾਲੀ ਹਾਲਤ ਵਿਚ ਕਈ ਦੇਸ ਦਿਸੰਤਰਾਂ ਵਿਚ (ਭਉਂਦਾ) ਫਿਰਦਾ ਹੈ।

(੩) ਗ਼ਰੀਬ ਤੋਂ ਅਮੀਰ ਤੇ ਅਮੀਰ ਤੋਂ ਗ਼ਰੀਬ ਹੋ ਕੇ, ਦੁਖਾਂ ਸੁਖਾਂ ਦੇ ਚੱਕਰ ਵਿਚ ਪੈ ਜਾਂਦਾ ਹੈ।

(੪) ਜਲ (ਪਾਣੀ) ਵਾਂਗ ਕਦੇ ਠੰਢਾ ਤੇ ਕਦੇ ਤੱਤਾ (ਗਰਮ) ਹੋ ਕੇ ਕੜ੍ਹਨ (ਰਿੱਝਣ) ਦਾ ਦੁਖ ਸੁਖ ਸਹਾਰਦਾ ਹੈ।

(੫) (ਭਾਵ ਕਦੇ) ਹਰਖ ਕਦੇ ਸੋਗ (ਦੀ ਲਹਿਰ) ਵਿਚ ਦੌੜ ਪੈਂਦਾ ਹੈ। (ਜਦ ਕੋਈ ਪੁੱਛੇ ਤਾਂ) ਪੁੱਛਣ ਤੇ ਕਹਿੰਦਾ ਹੈ ਕਿ ਸੁਪਨੇ ਵਿਚ ਹੀ ਬੜੇ ਦੁਖ ਦੇਖੇ ਹਨ ਪਰ ਜਦ ਜਾਗ ਖੁਲ੍ਹੀ ਤਾਂ ਕੁੱਛ ਵੀ ਨਹੀਂ। ਭਾਵ ਦੁਨੀਆ ਵਿਚ ਆ ਕੇ ਬੇ-ਖ਼ਬਰੀ ਦੇ ਆਲਮ ਵਿਚ, ਵਾਹਿਗੁਰੂ ਨੂੰ ਭੁੱਲ ਕੇ ਮਾਇਆ ਦੇ ਮੋਹ (ਪਿਆਰ ਫ਼ਾਹੀ) ਰੂਪ ਸੁਪਨੇ ਵਿਚ ਪੈ ਕੇ ਸੰਸਾਰ ਵਿਚ ਬੜੇ ਦੁਖ ਸੁਖ ਉਠਾਏ, ਪਰ ਜਦ ਮੌਤ, ਭਾਵ ਜੀਵਨ ਦਾ ਅੰਤ ਹੋਇਆ ਤਾਂ ਫਿਰ ਪਤਾ ਲਗਣਾ ਕਿ ਇਹ ਅਮੋਲਕ ਜੀਵਨ ਬਿਰਥਾ ਚਲਾ ਗਿਆ ਹੈ, ਪਛਤਾਉਂਦਾ ਹੈ।

(੬) (ਉਹ ਵਾਹਿਗੁਰੂ) ਆਪੇ ਆਪ ਵਰਤਦਾ ਹੈ (ਅਤੇ ਰਚਨਾ ਵਿਚ ਭੀ ਸਾਖੀ ਰੂਪ ਰਹਿੰਦਾ ਹੈ, ਪਰੰਤੂ ਇਸ ਭੇਦ ਨੂੰ ਗੁਰਮੁਖ ਹੀ (ਸਮਝ ਕੇ) ਸੁਖ ਮਾਣਦਾ ਹੈ।੪।

*ਭਾਵਾਰਥ :* ਸੌਣ ਵਾਲੇ ਮਨੁੱਖ ਦਾ ਉਦਾਹਰਣ ਦੇ ਕੇ ਦੱਸਦੇ ਹਨ ਕਿ ਜਿਵੇਂ ਸੌਣ ਵਾਲਾ ਮਨੁੱਖ ਆਪੇ ਮੰਜਾ ਡਾਉਂਦਾ ਹੈ, ਆਪੇ ਸੌਂਦਾ ਹੈ, ਆਪੇ ਸੁਪਨੇ ਦੇਖ ਕੇ ਦੱਸਦਾ ਹੈ। ਤਿਵੇਂ ਹੀ ਉਹ ਵਾਹਿਗੁਰੂ ਜੀ ਸਾਰਿਆਂ ਵਿਚ ਆਪ ਹੀ ਵੱਸਦਾ ਹੈ, ਪਰ ਰਚਨਾ ਵਿਚ ਵੀ ਸਾਖੀ ਰੂਪ ਰਹਿੰਦਾ ਹੈ, ਇਸ ਭੇਦ ਨੂੰ ਗੁਰਮੁਖ ਸਮਝ ਕੇ ਸੁਖ ਮਾਣਦੇ ਹਨ। ਗੁਰਮੁਖ ਦੀ ਇਹ ਸਮਝ ਵਸੇਖ ਹੈ ਕਿ ਉਹ ਫਿਰ ਭੀ ਨਿਰਲੇਪ ਜੀਵਨ ਗੁਜ਼ਾਰਦਾ ਹੈ।

## ੫. ਸਰਬ ਨਿਵਾਸੀ ਸਦਾ ਅਲੇਪਾ

੧. ਸਮਸਰ ਵਸੈ ਸ੍ਵਾਂਤ ਬੂੰਦ
ਜਿਉਂ ਸਭਨੀ ਥਾਈ।
੨. ਜਲ ਅੰਦਰ ਜਲ ਹੁਇ ਮਿਲੈ
ਧਰਤੀ ਬਹੁ ਭਾਈ।
੩. ਕਿਰਖ ਬਿਰਖ ਰਸ ਕਸ ਘਣੇ
ਫਲ ਫੁੱਲ ਸੁਹਾਈ।
੪. ਕੇਲੇ ਵਿੱਚ ਕਪੂਰ ਹੋਇ
ਸੀਤਲ ਸੁਖਦਾਈ।
੫. ਮੋਤੀ ਹੋਵੈ ਸਿੱਪ ਮੁਹਿ
ਬਹੁ ਮੋਲ ਮੁਲਾਈ।
੬. ਬਿਸੀਅਰ ਦੇ ਮੁਹਿ ਕਾਲਕੂਟ
ਚਿਤਵੈ ਬੁਰਿਆਈ।
੭. ਆਪੇ ਆਪ ਵਰੱਤਦਾ
ਸਤਿਸੰਗ ਸੁਭਾਈ ॥੫॥

***ਪਦ ਅਰਥ :*** ਸੰਮਸਰ—ਇੱਕੋ ਜਿਹਾ। ਕਿਰਖ—ਖੇਤੀ। ਬਿਸੀਅਰ—ਸੱਪ। ਕਾਲਕੂਟ—ਵਿਖ, ਜਹਿਰ। ਸੁਭਾਈ—ਸ਼ੋਭਨੀਕ, ਸੁੱਤੇ ਸਿੱਧ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਸ ਸਿਰਜਨਹਾਰ ਕਰਤਾਰ ਦੀ ਨਿਰਲੇਪਤਾ ਸਿੱਧ ਕਰਨ ਲਈ ਕੋਈ ਹੋਰ ਭੀ ਉਦਾਹਰਣ ਦਿਓ?

(੧) ਉ: (ਹੇ ਭਾਈ! ਜਿਵੇਂ ਅਸੀਂ ਵੇਖਦੇ ਹਾਂ ਕਿ) ਸ੍ਵਾਂਤੀ ਬੂੰਦ ਸਭ ਪਾਸੇ, ਹਰ ਥਾਂਈ ਇੱਕੋ ਜਿਹੀ ਵਰਸਦੀ ਹੈ।

(੨) (ਜਿਵੇਂ ਕਿ) ਪਾਣੀ ਨਾਲ ਪਾਣੀ ਵਾਂਗ ਹੋ ਕੇ, ਜ਼ਮੀਨ ਵਿਚ ਹੀ ਘੁਲ ਮਿਲ ਜਾਂਦੀ ਹੈ।

(੩) (ਕਿਸੇ ਪਾਸੇ) ਖੇਤੀ, ਬਿਛ, ਰਸ (ਮਿੱਠੇ), ਕਸ (ਕੌੜੇ) ਫਲਾਂ ਫੁਲਾਂ ਵਿਚ (ਮਿਲ ਕੇ) ਸੋਭਦੀ ਹੈ।

(੪) (ਉਹੋ ਸ੍ਵਾਂਤੀ ਬੂੰਦ ਜੇ) ਕੇਲੇ ਵਿਚ ਪਵੇ ਤਾਂ ਕਪੂਰ ਬਣ ਕੇ ਠੰਢੀ ਤੇ ਸੁਖ ਦੇਣ ਵਾਲੀ ਵਸਤੂ ਹੈ।

(੫) (ਪਰ ਜੇ ਉਹ ਕਦੀ) ਸਿੱਪ ਦੇ ਵਿਚ ਜਾ ਪਵੇ ਤਾਂ ਮੋਤੀ ਬਣ ਕੇ ਵੱਡਾ ਮੁੱਲ ਪਵਾਉਂਦੀ ਹੈ।

(੬) ਜੇ ਸੱਪ ਦੇ ਮੂੰਹ ਵਿਚ (ਪੈ ਜਾਵੇ) ਤਾਂ ਜਹਿਰ ਬਣ ਜਾਂਦੀ ਹੈ (ਜੋ ਸਦਾ ਹੀ) ਬੁਰਾ ਚਿਤਵਦੀ ਹੈ ਭਾਵ ਲੋਕਾਂ ਨੂੰ ਮਾਰਨ ਵਾਲੀ ਹੈ।

(੭) (ਪਰ ਉਹ ਪ੍ਰਭੂ ਜਿਸਦੀ ਇਹ ਲੀਲ੍ਹਾ ਹੈ, ਉਹ) ਆਪ ਹੀ ਆਪ (ਸਭਨਾਂ ਵਿਚ) ਵਰਤਦਾ ਹੈ, (ਪਰ) ਸਤਿ ਸੰਗਤ ਗੁਰੂ ਦੀ ਸੱਚੀ ਸੰਗਤ ਹੈ। ਜਿਥੇ ਪ੍ਰਭੂ ਦੀ ਸਿਫ਼ਤ ਸਾਲਾਹ ਹੁੰਦੀ ਹੈ ਉਥੇ ਪ੍ਰਭੂ ਸੁੱਤੇ ਸਿੱਧ ਹੀ ਸੋਭਨੀਕ ਹੋ ਰਿਹਾ ਹੈ।੫।

***ਭਾਵਾਰਥ :*** ਵਾਹਿਗੁਰੂ ਜੀ ਦੀ ਨਿਰਲੇਪਤਾ ਦਰਸਾਉਣ ਲਈ ਇਥੇ ਭਾਈ ਸਾਹਿਬ ਨੇ ਸ੍ਵਾਤੀ ਬੂੰਦ ਦਾ ਉਦਾਹਰਣ ਦਿੱਤਾ ਹੈ, ਇਥੇ ਹੋਰ ਭੀ ਮਿਸਾਲ ਵਰਤੀ ਜਾਂਦੀ ਹੈ ਕਿ ਜਿਵੇਂ ਸੂਰਜ ਦਾ ਚਾਨਣਾ ਹੈ, ਉਸ ਦੇ ਚਾਨਣੇ ਵਿਚ ਚੋਰ ਗਹਿਣੇ ਭਾਲਦਾ ਹੈ, ਖ਼ੂਨੀ ਖ਼ੂਨ ਕਰਦਾ ਹੈ, ਵਿਦਵਾਨ ਚਾਨਣੇ ਦੇ ਆਸਰੇ ਪੜ੍ਹਾਈ ਕਰਦਾ ਹੈ, ਮਹਾਤਮਾ ਉਪਕਾਰ ਕਰਦਾ ਹੈ, ਪਰ ਚਾਨਣੇ ਨੂੰ ਕੋਈ ਭੀ ਦੋਸ਼ੀ ਨਹੀਂ ਠਹਿਰਾ ਸਕਦਾ, ਇਸੇ ਤਰ੍ਹਾਂ ਵਾਹਿਗੁਰੂ ਦੀ ਸੱਤਾ ਸਾਰੇ ਪ੍ਰਕਾਸ਼ਵਾਨ ਹੈ, ਉਸਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ।

## ੬. ਸੰਗ ਦਾ ਰੰਗ

੧. ਸੋਈ ਤਾਂਬਾ ਰੰਗ ਸੰਗ
ਜਿਉ ਕੈਹਾਂ ਹੋਈ।
੨. ਸੋਈ ਤਾਂਬਾ ਜਿਸਤ ਮਿਲ
ਪਿੱਤਲ ਅਵਿਲੋਈ।
੩. ਸੋਈ ਸੀਸ਼ੇ ਸੰਗਤੀ
ਭੰਗਾਰ ਭਲੋਈ।
੪. ਤਾਂਬਾ ਪਾਰਸ ਪਰਸਿਆ
ਹੋਇ ਕੰਚਨ ਸੋਈ।
੫. ਸੋਈ ਤਾਂਬਾ ਭਸਮਿ ਹੋਇ
ਅਉਖਧ ਕਰਿ ਭੋਈ।
੬. ਆਪੇ ਆਪ ਵਰੱਤਦਾ
ਸੰਗਤ ਗੁਨ ਗੋਈ ॥੬॥

***ਪਦ ਅਰਥ :*** ਰੰਗ—ਕਲੀ। ਅਵਿਲੋਈ—ਦੇਖਿਆ ਜਾਦਾ ਹੈ। ਸੀਸੇ—ਸਿੱਕਾ। ਭੰਗਾਰ—ਭਰਤ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜੇ ਇਸ ਸੰਸਾਰ ਦੀ ਰਚਨਾ ਨੂੰ ਰਚਨ ਵਾਲਾ ਇੱਕੋ ਹੀ ਪਰਮੇਸ਼ਰ ਹੈ, ਤਾਂ ਫਿਰ ਉਹ ਭਿੰਨ ਭਿੰਨ ਰੂਪਾਂ ਵਿਚ ਕਿਵੇਂ ਨਜ਼ਰ ਆਉਂਦਾ ਹੈ, ਕੀ ਇਸ ਤੇ ਕੋਈ ਉਦਾਹਰਣ ਦਿਓਗੇ ?

(੧) ਉ: (ਹੁਣ ਭਾਈ ਸਾਹਿਬ ਜੀ, ਇਨ੍ਹਾਂ ਦੀ ਸ਼ੰਕਾ ਨਿਵਿਰਤ ਕਰਨ ਲਈ ਇਕ ਤਾਂਬੇ ਦੀ ਧਾਤ ਦਾ ਦ੍ਰਿਸ਼ਟਾਂਤ ਲਿਖਦੇ ਹੋਏ ਜਾਣਕਾਰੀ ਦੇ ਰਹੇ ਹਨ) ਕਿ ਹੇ ਭਾਈਓ! ਤਾਂਬਾ ਤਾਂ ਇੱਕੋ ਹੈ ਪਰ ਜਿਵੇਂ ਉਹੀ ਤਾਂਬਾ ਜੇਕਰ ਕਲੀ ਨਾਲ ਮਿਲੇ (ਤਾਂ ਉਸਤੋਂ) ਕੈਹਾਂ (ਧਾਤੂ) ਬਣ ਜਾਂਦਾ ਹੈ।

(੨) (ਜੇ ਉਹੋ ਤਾਂਬਾ) ਜਿਸਤ ਨਾਲ ਮਿਲੇ ਤਾਂ ਪਿੱਤਲ ਰੂਪ ਵਿਚ ਨਜ਼ਰ ਆਉਂਦਾ ਹੈ।

(੩) ਉਹੀ ਤਾਂਬਾ ਜੇ ਕਰ ਸਿੱਕੇ ਨਾਲ ਮਿਲ ਜਾਏ ਤਾਂ ਭਰਤ ਦੀ ਧਾਤ ਬਣ ਜਾਂਦਾ ਹੈ (ਭਰਤ ਇਕ ਮਿਲਵੀਂ ਧਾਤ ਦਾ ਨਾਮ ਹੈ)।

(੪) ਉਹੀ ਤਾਂਬਾ ਜੇ ਪਾਰਸ ਨੂੰ ਛੂਹ ਜਾਏ, ਤਾਂ ਸੋਨਾ ਬਣ ਜਾਂਦਾ ਹੈ।

(੫) ਉਹੋ ਤਾਂਬਾ ਜੇ ਮਾਰਿਆ ਜਾਵੇ ਭਾਵ ਭਸਮ ਹੋ ਜਾਏ, ਤਾਂ ਔਖਧੀ ਕਹੀ ਜਾਂਦੀ ਹੈ (ਅਰਥਾਤ ਤਮੇਸਰ) ਕਿਹਾ ਜਾਂਦਾ ਹੈ।

(੬) ਤਿਵੇਂ ਹੇ ਭਾਈਓ! (ਸਭਨਾਂ ਘਟਾਂ ਵਿਚ) ਆਪ ਹੀ ਆਪ ਵਰਤਦਾ ਹੈ, ਪ੍ਰੰਤੂ ਸੰਗਤ ਦਾ ਗੁਣ (ਭਿੰਨ-ਭਿੰਨ) ਕਿਹਾ ਜਾਂਦਾ ਹੈ।

***ਭਾਵਾਰਥ :*** ਜਿਵੇਂ ਇੱਕੋ ਤਾਬੇ ਵਿਚ ਸੰਗਤ ਦਾ ਭੇਦ ਕਰਕੇ ਕਈ ਪ੍ਰਕਾਰ ਹੋ ਜਾਂਦੇ ਹਨ, ਇੱਕੋ ਚਾਨਣੇ ਦੇ ਰੰਗਾ ਰੰਗੀ ਸ਼ੀਸ਼ਿਆਂ ਵਿਚੋਂ ਲੰਘਿਆਂ ਅਨੇਕ ਰੰਗ ਹੋ ਜਾਂਦੇ ਹਨ, ਤਿਵੇਂ ਹੀ ਉਸ ਪ੍ਰਭੂ ਦੀ ਸੱਤਾ ਕਰਕੇ ਨਾਨਾ ਰੂਪ ਨਜ਼ਰ ਪੈਂਦਿਆਂ ਭੀ ਉਹ ਪਰਮੇਸ਼ਰ ਨਿਰਲੇਪ ਹੈ।

ਜਿਵੇਂ ਇੱਕੋ ਤਾਂਬਾ, ਕੈਹਾਂ, ਪਿੱਤਲ, ਭਰਤ, ਸੋਨਾ, ਤਾਮੇਸਰ ਕਹਾਉਂਦਾ ਹੈ, ਪਰ ਤਾਂਬਾ ਤਾਂਬਾ ਹੀ ਹੈ, ਪਰ ਸੰਗ ਭੇਦ ਕਰਕੇ ਨਾਨਾ ਰੂਪ ਵਿਚ ਦਿੱਸਦਾ ਹੈ ਤੇ ਨਾਨਾ ਨਾਮਾਂ ਨਾਲ ਸਦਿਆ ਜਾਂਦਾ ਹੈ, ਇਸੇ ਤਰ੍ਹਾਂ ਉਹ ਪਰਮੇਸ਼ਰ :

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥

*(ਰਾਗੁ ਬਿਹਾਗੜਾ ਮ: ੪, ਪੰਨਾ ੫੩੭)*

## *੭. ਪਾਣੀ ਦੇ ਉਦਾਹਰਣ ਵਿਚ, ਪ੍ਰਭੂ ਦੀ ਵਿਆਪਕਤਾ ਦਸ ਰਹੇ ਹਨ*

**੧. ਪਾਣੀ ਕਾਲੇ ਰੰਗ ਵਿੱਚ**
**ਜਿਉਂ ਕਾਲਾ ਦਿੱਸੈ।**
**੨. ਰੱਤਾ ਰੱਤੇ ਰੰਗ ਵਿੱਚ**
**ਮਿਲ ਮੇਲ ਸਲਿੱਸੈ।**
**੩. ਪੀਲੇ ਪੀਲਾ ਹੁਇ ਮਿਲੈ**
**ਹਿਤ ਜੇਹੀ ਵਿੱਸੈ।**
**੪. ਸਾਵਾ ਸਾਵੇ ਰੰਗ ਮਿਲ**
**ਸਭ ਰੰਗ ਸਰਿੱਸੈ।**
**੫. ਤੱਤਾ ਠੰਢਾ ਹੋਇ ਕੈ**
**ਹਿਤ ਜਿੱਸੈ ਤਿੱਸੈ।**
**੬. ਆਪੇ ਆਪ ਵਰੱਤਦਾ**
**ਗੁਰਮੁਖ ਸੁਖ ਜਿੱਸੈ॥੭॥**

***ਪਦ ਅਰਥ :*** ਸਲਿੱਸੈ—ਸਮਾਨ, ਬਰਾਬਰ। ਵਿੱਸੈ—ਵੈਸਾ, ਉਹੋ ਜਿਹਾ ਹੀ। ਸਰਿੱਸੈ—ਸਾਰਖਾ, ਵਰਗਾ। ਹਿਤ ਜਿੱਸੈ ਤਿੱਸੈ—ਜਿਹਾ ਕਾਰਣ ਹੋਵੇ ਤੇਹਾ ਮਿਲ ਕੇ ਉਸੇ ਮੇਲ ਦਾ ਹੋ ਜਾਂਦਾ ਹੈ।

*ਅਰਥ :*

ਪ੍ਰ: ਭਾਈ ਸਾਹਿਬ ਜੀਓ, ਉਸ ਪਰਮੇਸਰ ਦੀ ਵਿਆਪਕਤਾ ਸਿੱਧ ਕਰਨ ਲਈ ਕੋਈ ਸਰਲ ਜਿਹੀ ਮਿਸਾਲ ਦਿਓ, ਤਾਂ ਕਿ ਸ਼ੀਘਰ ਹੀ ਸਮਝ ਆ ਸੱਕੇ, ਤਾਂ ਹੁਣ ਆਪ ਜੀ ਇਸ ਦੇ ਉੱਤਰ ਵਿਚ ਪਾਣੀ ਦੇ ਪੰਜ ਉਦਾਹਰਣ ਦੇਂਦੇ ਹਨ ?

(੧) ਉ: (ਹੇ ਭਾਈਓ! ਦੇਖੋ) ਜਿਵੇਂ ਪਾਣੀ ਕਾਲੇ ਰੰਗ ਵਿਚ ਕਾਲਾ ਹੀ ਪ੍ਰਤੀਤ ਹੁੰਦਾ ਹੈ।

(੨) ਜੇ ਲਾਲ ਰੰਗ (ਹੋਵੇ ਤਾਂ ਉਸ) ਵਿਚ ਲਾਲ ਹੀ ਦਿੱਸਦਾ ਹੈ।

(੩) ਪੀਲੇ ਰੰਗ ਵਿਚ ਮਿਲ ਕੇ ਪੀਲਾ, ਭਾਵ ਜਿਹੋ ਜਿਹਾ ਵਾਤਾਵਰਣ ਵਿਚ ਹੋਵੇ, ਉਹੋ ਜਿਹਾ ਹੀ ਦਿੱਸਦਾ ਹੈ।

(੪) ਸਾਵੇ ਰੰਗ ਵਿਚ ਮਿਲੇ ਤਾਂ ਸਾਵਾ (ਹਰਾ) ਦਿੱਸਦਾ ਹੈ। (ਭਾਵ) ਜਿਸ ਰੰਗ ਵਿਚ ਵੀ ਮਿਲੇ ਉਹੋ ਜਿਹਾ ਹੀ ਹੋ ਜਾਂਦਾ ਹੈ।

(੫) (ਫਿਰ) ਤੱਤਾ ਤੇ ਠੰਢਾ, ਜਿਹੋ ਜਿਹਾ ਵੀ ਕਾਰਨ ਬਣ ਜਾਵੇ, ਉਹ (ਪਾਣੀ) ਉਹੋ ਜਿਹਾ ਹੀ ਹੋ ਜਾਂਦਾ ਹੈ (ਉਸੇ ਨਾਲ ਹੀ ਆਪਣਾ ਪਿਆਰ ਪਾ ਲੈਂਦਾ ਹੈ)।

(੬) ਇਸੇ ਤਰ੍ਹਾਂ ਸਭ ਪਾਸੇ ਪ੍ਰਭੂ ਦਾ ਆਪਣਾ ਹੀ ਪਸਾਰਾ ਹੈ, ਪਾਣੀ ਵਾਂਗ ਠੰਢਾ, ਤੱਤਾ, ਪੀਲਾ, ਹਰਾ ਸਭ ਵਿਚ ਉਹ (ਪਾਣੀ) ਇਕ ਸਮਾਨ ਹੀ ਹੈ। (ਇਸ ਲਈ) ਪ੍ਰਭੂ ਦਾ ਆਪਣਾ ਆਪੇ ਆਪ ਦਾ ਹੀ ਪਸਾਰਾ (ਵਰਤਦਾ) ਹੈ, ਤੇ ਇਸ ਗੱਲ ਨੂੰ ਠੀਕ ਜਾਣ ਕੇ ਗੁਰਮੁਖ (ਕੇਵਲ ਗੁਰੂ ਦੇ ਹੁਕਮ ਤੇ ਸ਼ਬਦਾਂ ਵਿਚ ਲਿਵਲੀਨ ਹੋਣ ਵਾਲਾ) ਹੀ ਇਸ ਵਾਤਾਵਰਣ ਤੋਂ ਉੱਚਾ ਹੋ ਕੇ, ਸਭ ਕੁੱਝ ਪ੍ਰਭੂ ਦੀ ਖੇਡ ਸਮਝ ਕੇ ਸੁਖ ਪਾਉਂਦਾ ਤੇ ਸੁਖੀ ਰਹਿੰਦਾ ਹੈ।੭।

## ੮. ਪ੍ਰਭੂ ਦੀ ਵਿਆਪਕਤਾ, ਦੀਵੇ ਦਾ ਦ੍ਰਿਸ਼ਟਾਂਤ ਦੇ ਕੇ ਸਿੱਧ ਕਰਦੇ ਹਨ

੧. ਦੀਵਾ ਬਲੈ ਬੈਸੰਤਰਹੁ
ਚਾਨਣ ਆਨ੍ਹੇਰੇ।
੨. ਦੀਪਕ ਵਿਚਹੁ ਮੱਸ ਹੋਇ
ਕੰਮ ਆਇ ਲਿਖੇਰੇ।
੩. ਕੱਜਲ ਹੋਵੈ ਕਾਮਨੀ
ਸੰਗ ਭਲੇ ਭਲੇਰੇ।
੪. ਮਸਵਾਣੀ ਹਰਿ ਜਸ ਲਿਖੇ
ਦਫਤਰ ਅਗਲੇਰੇ।
੫. ਆਪੇ ਆਪ ਵਰੱਤਦਾ
ਗੁਰਮੁਖ ਚੌਫੇਰੇ ॥੮॥

***ਪਦ ਅਰਥ :*** ਮਸ—ਸਾਹੀ। ਲਿਖੇਰੇ—ਲਿਖਾਰੀ। ਕੱਜਲ—ਸੁਰਮਾ। ਕਾਮਨੀ—ਇਸਤ੍ਰੀ। ਅਗਲੇਰੇ—ਬਾਹਲੇ। ਗੁਰਮੁਖ—ਗੁਰਮੁਖ, (ਅ) ਈਸ਼ਵਰ

***ਅਰਥ :***

ਪ੍ਰ: ਭਾਈ ਸਾਹਿਬ ਜੀਓ ਉਸ ਵਿਆਪਕ ਪ੍ਰਭੂ ਦੀ ਸਮਾਨਤਾ ਵਿਚ ਕੋਈ ਹੋਰ ਉਦਾਹਰਣ ਦਿਓ?

(੧) ਉ: (ਹੇ ਭਾਈ) ਜਿਵੇਂ ਦੀਵਾ ਅੱਗ ਨਾਲ ਬਲ ਕੇ ਹਨ੍ਹੇਰੇ ਵਿਚ ਚਾਨਣ ਕਰਦਾ ਹੈ

(੨) ਉਸੇ ਦੀਵੇ ਦੀ ਲਾਟ ਨਾਲ ਉੱਪਰ ਜੋ ਸ਼ਾਹੀ (ਕਾਲਖ) ਲੱਗਦੀ ਹੈ, ਉਹ ਲਿਖਣ ਵਾਲੇ (ਲਿਖਾਰੀ) ਦੇ ਕੰਮ ਆਉਂਦੀ ਹੈ।

(੩) (ਜਾਂ ਫਿਰ ਉਹ ਕਾਲਖ ਨੂੰ ਲਾਹ ਕੇ) ਇਸਤ੍ਰੀ (ਅੱਖਾਂ ਵਿਚ ਪਾਵੇ) ਕੱਜਲ ਬਣਾ ਲੈਂਦੀ ਹੈ। ਭਲਿਆਂ ਦੇ ਸੰਗ ਵਿਚ ਮਿਲ ਕੇ ਭਲੇ ਹੀ ਬਣੀਦਾ ਹੈ।

(੪) (ਉਸੇ) ਕਾਲਖ ਨੂੰ (ਦਵਾਤ ਵਿਚ ਪਾ ਕੇ) ਲਿਖਾਰੀ ਹਰੀ ਦਾ ਜਸ (ਸਿਫਤ ਸਾਲਾਹ) ਲਿਖਦਾ (ਤੇ ਮੁਨੀਮ ਆਪਣੇ ਦਫਤਰ ਦਾ ਵੱਡਾ ਅਗਲੇਰਾ ਲੇਖਾ ਜੋਖਾ ਲਿਖਦਾ ਹੈ।

(੫) (ਇਹ ਸਭ ਕੁੱਝ ਉਸ ਕਰਤੇ ਦਾ) ਆਪੇ ਆਪ ਦਾ ਖੇਲ (ਵਰਤਾਵਾ) ਹੈ, ਜੋ ਉਚ-ਨੀਚ ਤੇ ਭਲੇ ਬੁਰੇ ਵਿਚ ਵੱਖ-ਵੱਖ ਤਰੀਕਿਆਂ ਨਾਲ ਸਭ ਪਾਸੇ ਵਰਤ ਵਰਤਾ ਕਰ ਰਿਹਾ ਹੈ।੮।

***ਭਾਵਾਰਥ :*** ਇਸ ਪਉੜੀ ਵਿਚ ਭੀ ਪਿਛਲੀ ਪਉੜੀ ਦਾ ਹੀ ਭਾਵ ਅੰਕਿਤ ਕਰਦੇ ਹਨ, ਜਿਵੇਂ ਚਾਨਣੇ ਤੋਂ ਕੋਈ ਲਾਭ ਉਠਾਵੇ ਚਾਨਣਾ ਨਿਰਲੇਪ ਹੈ; ਤਿਵੇਂ ਇਥੇ ਭੀ ਦਸਿਆ ਹੈ ਕਿ ਬੈਸੰਤਰ ਤੋਂ ਦੀਵਾ, ਕਜਲ ਸਾਹੀ ਬਣ ਗਏ; ਪਰ ਬੈਸੰਤਰ ਨਿਰਲੇਪ ਹੈ। ਇਸੇ ਤਰ੍ਹਾਂ ਉਹ ਪ੍ਰਭੂ ਵੀ ਸੰਸਾਰ ਦੇ ਨੱਠਤਪੁਣੇ ਵਿਚ ਵਿਆਪਕ ਹੁੰਦਾ ਹੋਇਆ ਨਿਰਲੇਪ ਹੈ।

## ੯. ਅਨੇਕ ਹੈ ਫਿਰ ਏਕ ਹੈ

੧. ਬਿਰਖ ਹੋਵੈ ਬੀਉ ਬੀਜੀਐ
ਕਰਦਾ ਪਾਸਾਰਾ।
੨. ਜੜ ਅੰਦਰ ਪੇਡ ਬਾਹਰਾ
ਬਹੁ ਡਾਲ ਬਿਸਥਾਰਾ।
੩. ਪੱਤ ਫੁੱਲ ਫਲ ਫਲੀਦਾ
ਰਸ ਰੰਗ ਸਵਾਰਾ।
੪. ਵਾਸ ਨਿਵਾਸ ਉਲਾਸ ਕਰ
ਹੋਇ ਵਡ ਪਰਵਾਰਾ।
੫. ਫਲ ਵਿਚ ਬੀਉ ਸੰਜੀਉ ਹੋਇ
ਫਲ ਫਲੇ ਹਜ਼ਾਰਾ।
੬. ਆਪੇ ਆਪ ਵਰੱਤਦਾ
ਗੁਰਮੁਖ ਨਿਸਤਾਰਾ ॥੯॥

***ਪਦ ਅਰਥ :*** ਪਾਸਾਰਾ—ਫੈਲਾਓ। ਪੇਡ—ਬ੍ਰਿਛ ਦਾ ਤਣਾ। ਡਾਲ—ਛੋਟੀਆਂ ਟਹਿਣੀਆਂ। ਉਲਾਸ—ਪ੍ਰਕਾਸ਼, ਵਾਧਾ। ਸੰਜੀਉ—ਪੱਕਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਹ ਸਿਰਜਨਹਾਰ ਇਕ ਤੋਂ ਅਨੇਕਾਂ ਰੂਪਾਂ ਵਿਚ ਕਿਵੇਂ ਬਦਲ ਜਾਂਦਾ ਹੈ ਕੋਈ ਉਦਾਹਰਣ ਦਿਓ ?

(੧) ਉ: ਹੇ ਭਾਈਓ! ਵੇਖੋ ਜਿਵੇਂ ਇਕ ਬੀਜ ਦੇ ਬੀਜਣ ਨਾਲ ਵੱਡੇ ਪਸਾਰ ਵਾਲਾ ਦਰੱਖਤ ਪੈਦਾ ਹੋ ਜਾਂਦਾ ਹੈ।

(੨) (ਉਸ ਦਰੱਖ਼ਤ ਦੀ) ਜੜ੍ਹ (ਧਰਤੀ ਦੇ) ਅੰਦਰ ਤੇ ਪੇਡ (ਤਣਾ) ਬਾਹਰ ਹੁੰਦਾ ਹੈ (ਤੇ ਫਿਰ ਉਸ ਤਣੇ ਤੋਂ) ਅਨੇਕਾਂ ਟਹਿਣੀਆਂ ਦਾ ਵਿਸਥਾਰ (ਵਾਧਾ) ਹੋ ਜਾਂਦਾ ਹੈ।

(੩) (ਫਿਰ ਅੱਗੇ) ਪੱਤੇ, ਫੁਲ, ਫਲ ਤੇ ਫਲੀਆਂ (ਤੇ ਇਨ੍ਹਾਂ ਸਭਨਾਂ ਵਿਚ) ਰਸ ਤੇ ਰੰਗ ਭਰੇ (ਆਪ ਤੋਂ ਆਪ ਸਵਾਰੇ) ਜਾਂਦੇ ਹਨ।

(੪) ਫੁਲ ਤੇ ਫਲਾਂ ਵਿਚ ਅਗੋਂ ਕਈ ਤਰ੍ਹਾਂ ਦੀਆਂ ਵਾਸ਼ਨਾ ਪੈਦਾ ਹੋ, ਉਸ ਵਿਚ ਪ੍ਰਕਾਸ਼ (ਵਾਧਾ) ਕਰਦੀਆਂ ਹਨ। ਤੇ ਦਰੱਖ਼ਤ ਦੇ ਟਾਹਣ ਤੇ ਪੱਤੇ ਆਦਿ ਵੱਡਾ ਪ੍ਰਵਾਰ ਹੋ ਜਾਂਦਾ ਹੈ।

(੫) (ਫਿਰ) ਫਲਾਂ ਵਿਚ ਬੀਜ ਪੱਕਦੇ (ਅੱਗੇ ਉਨ੍ਹਾਂ ਤੋਂ) ਹਜਾਰਾਂ ਹੋਰ ਫਲ (ਤੇ ਦਰੱਖ਼ਤ ਆਦਿ) ਬਣ ਜਾਂਦੇ ਹਨ।

(੬) (ਇਸੇ ਤਰ੍ਹਾਂ ਇਕ 'ਨਿਰਗੁਣ' ਬੀਜ ਰੂਪ ਵਿਚ) ਸਾਰੇ ਪਾਸੇ ਇੱਕੋ ਹੀ ਪਰਮਾਤਮਾ ਪਸਰ ਰਿਹਾ ਹੈ। ਇਸ ਗੱਲ ਦੇ ਭੇਦ ਨੂੰ ਸਮਝ ਲੈਣ ਵਾਲੇ ਗੁਰਮੁਖਾਂ ਦਾ ਨਿਸਤਾਰਾ ਹੋ ਜਾਂਦਾ ਹੈ।੯।

***ਭਾਵਾਰਥ :*** ਇਸ ਉਪ੍ਰੋਕਤ ਪਉੜੀ ਵਿਚ ਭਾਈ ਸਾਹਿਬ ਸਹੀ ਸਿਧਾਂਤ ਇਹੋ ਅੰਕਿਤ ਕਰਦੇ ਹਨ ਕਿ ਆਪੇ ਆਪ ਵਰਤਦਾ ਤਾਂ ਇਉਂ ਸਮਝ ਲਈਦਾ ਹੈ, ਪਰ ਮੁਕਤੀ ਦੀ ਪ੍ਰਾਪਤੀ ਲਈ ਕੇਵਲ ਜਾਨਣ ਮਾਤ੍ਰ ਹੀ ਕਾਫ਼ੀ ਨਹੀਂ, ਉਸ ਨੂੰ ਹਾਸਲ ਕਰਨ ਲਈ ਤਾਂ ਗੁਰੂ ਦੇ ਦਿੱਤੇ ਉਪਦੇਸ਼ ਨੂੰ ਕਮਾਈ ਵਿਚ ਲਿਆਉਣਾ ਅਤਿ ਜ਼ਰੂਰੀ ਹੈ।

## ੧੦. ਸੂਤ ਤੇ ਕਪਾਹ ਦਾ ਉਦਾਹਰਣ

੧. ਹੋਵੈ ਸੂਤ ਕਪਾਹ ਦਾ
ਕਰ ਤਾਣਾ ਵਾਣਾ।
੨. ਸੂਤਹੁ ਕੱਪੜ ਜਾਣੀਐ
ਆਖਾਣ ਵਖਾਣਾ।
੩. ਚਉਸੀ ਤੇ ਚਉਤਾਰ ਹੋਇ
ਗੰਗਾ ਜਲ ਜਾਣਾ।
੪. ਖਾਸਾ ਮਲਮਲ ਸਿਰੀਸਾਫ
ਤਨ ਸੁਖ ਮਨ ਭਾਣਾ।
੫. ਪੱਗ ਦੁਪੱਟਾ ਚੋਲਣਾ
ਪਟਕਾ ਪਰਵਾਣਾ।
੬. ਆਪੇ ਆਪ ਵਰੱਤਦਾ
ਗੁਰਮੁਖ ਰੰਗ ਮਾਣਾ ॥੧੦॥

***ਪਦ ਅਰਥ :*** ਵਾਣਾ—ਪੇਟਾ। ਆਖਾਣ—ਨਾਉ, ਨਾਮ। ਗੰਗਾ ਜਲ—ਕੱਪੜੇ ਦੀ ਕਿਸਮ, ਇਕ ਤਰ੍ਹਾਂ ਦਾ ਕੱਪੜਾ। ਸਿਰੀਸਾਫ—ਇਹ ਵੀ ਕੱਪੜੇ ਦੀ ਕਿਸਮ ਦਾ ਨਾਂ ਹੈ, ਜਿਸ ਦੀ ਪੱਗ ਬਣਦੀ ਹੁੰਦੀ ਸੀ।

*ਅਰਥ :*

ਪ੍ਰ: ਕਿਉਂ ਜੀ, ਉਸ ਇੱਕੋ ਹੀ ਪ੍ਰਭੂ ਦਾ ਅਨੇਕਤਾ ਰੂਪ ਸੰਸਾਰ ਵਿਚ ਵਿਆਪਕ ਹੋ ਜਾਣ ਬਾਰੇ ਕੋਈ ਹੋਰ ਉਦਾਹਰਣ ਦਿਓ ?

(੧) ਉ: (ਹੇ ਭਾਈ! ਵੇਖੋ, ਜਿਵੇਂ ਇਕ) ਕਪਾਹ ਤੇ ਸੂਤਰ ਬਣਦਾ ਹੈ, ਉਸ ਤੋਂ ਅੱਗੇ ਤਾਣਾ ਪੇਟਾ ਕਰੀਦਾ ਹੈ।

(੨) (ਉਸ) ਸੂਤਰ ਤੋਂ (ਹੀ ਫੇਰ) ਕੱਪੜਾ ਬਣਦਾ ਹੈ, ਜਿਸਦੇ ਕਈ (ਕਿਸਮਾਂ ਦੇ) ਨਾਮ ਬਣ ਜਾਂਦੇ ਹਨ।

(੩) (ਜਿਵੇਂ ਕਿ) ਚਉਸੀ (ਚਾਰ ਤਾਰ ਵਾਲੇ) ਕੱਪੜੇ ਨੂੰ ਚਉਤਾਰ ਕਹੀਦਾ ਹੈ, ਗੰਗਾ ਜਲ ਨਾਮੀਂ ਕੱਪੜਾ ਜਾਣਿਆ ਜਾਂਦਾ ਹੈ।

(੪) (ਇਸੇ ਤਰ੍ਹਾਂ) ਖਾਸ਼ਾ ਤੇ ਮਲਮਲ ਅਤੇ ਸਿਰੀਸਾਫ ਆਦਿ ਕੱਪੜੇ ਸਰੀਰ ਨੂੰ ਸੁਖ ਦੇਣ ਵਾਲੇ, ਮਨ ਭਾਉਂਦੇ ਬਣਦੇ ਹਨ।

(੫) (ਇਥੇ ਹੀ ਬੱਸ ਨਹੀਂ ਅੱਗੇ) ਪੱਗਾਂ, ਦੁਪੱਟੇ ਤੇ ਚੋਲੇ, ਪਟਕੇ ਆਦਿਕ (ਜੋ ਸਭ ਪਾਸੇ ਪ੍ਰਮਾਣ) ਮੰਨੇ ਜਾਂਦੇ ਹਨ।

(੬) (ਇਸ ਤਰ੍ਹਾਂ ਸੂਤਰ ਤੋਂ ਵੱਖ ਵੱਖ ਕਿਸਮ ਦੇ ਕੱਪੜੇ ਦਾ ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ ਕਿ ਇਸੇ ਤਰ੍ਹਾਂ ਹੀ ਇਕ ਪ੍ਰਭੂ ਸੂਤਰ ਦੀ ਨਿਆਈਂ) ਸਭ ਪਾਸੇ ਆਪੇ ਹੀ ਆਪ ਵਰਤ ਰਿਹਾ ਹੈ (ਜੋ ਇਸ ਭੇਦ ਨੂੰ ਗੁਰੂ ਦੁਆਰਾ ਪ੍ਰਾਪਤ ਕਰਕੇ, ਦ੍ਰਿੜ੍ਹ ਕਰ ਲੈਂਦੇ ਹਨ ਉਹ) ਗੁਰਮੁਖ ਹੀ ਇਸ ਅਨੇਕਤਾ (ਤੋਂ ਅਲੇਪ ਹੋ ਇਕ ਪ੍ਰਭੂ ਦੇ ਰਸ) ਵਿਚ ਰੰਗ ਮਾਣਦੇ ਹਨ।੧੦।

*ਭਾਵਾਰਥ :* ਉਹ ਪਰਮੇਸ਼ਰ ਤਾਂ ਸੂਤਰ ਦੀ ਨਿਆਈਂ ਹਰ ਤਰ੍ਹਾਂ ਦੇ ਬਣੇ ਕੱਪੜੇ ਵਿਚ ਵਿਆਪਕ ਹੈ, ਪਰ ਉਸ ਨੂੰ ਵਿਆਪਕ ਤੇ ਨਿਰਲੇਪ ਜਾਣ ਕੇ ਗੁਰਮੁਖ ਹੀ ਉਸ ਦੇ ਮਿਲਾਪ ਦਾ ਰਸ ਮਾਣਦਾ ਹੈ।

## ੧੧. ਸੋਨੇ ਦਾ ਉਦਾਹਰਣ

੧. ਸੁਨਿਆਰਾ ਸੁਇਨਾ ਘੜੈ
ਗਹਿਣੇ ਸਾਵਾਰੇ।
੨. ਪਿੱਪਲ ਵੱਤਰੇ ਵਾਲੀਆਂ
ਤਾਨਉੜੇ ਤਾਰੇ।
੩. ਵੇਸਰ ਨੱਥ ਵਖਾਣੀਐ
ਕੰਠ ਮਾਲਾ ਧਾਰੇ।
੪. ਟੀਕਤ ਮਣੀਆ ਮੋਤਿਸਰ
ਗਜਰੇ ਪਾਸਾਰੇ।
੫. ਦੁਰ ਬੁਹੱਟਾ ਗੋਲ ਛਾਪ
ਕਰ ਬਹੁ ਪਰਕਾਰੇ।
੬. ਆਪੇ ਆਪ ਵਰੱਤਦਾ
ਗੁਰਮੁਖ ਵੀਚਾਰੇ ॥੧੧॥।

*ਪਦ ਅਰਥ :* ਤਾਰੇ—ਸਿਤਾਰੇ। ਵੇਸਰ—ਨੱਥ। ਕੰਠ ਮਾਲਾ —ਕੈਂਠਾ ਜਾ ਮਾਲਾ। ਗਜਰੇ—ਗਜਰਾ ਦਾ ਬਹੁ-ਵਚਨ, ਗੋਖੜੂ, ਵੱਡੀਆਂ ਚੂੜੀਆਂ। ਦੁਰ—ਮੋਤੀ ਜਾਂ ਕੰਨ ਦੀਆ ਬੀਰਬਲੀਆਂ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਉਸ ਪਰਮੇਸ਼ਰ ਦੀ ਜੋਤਿ ਹਰ ਥਾਂ ਵਿਆਪਕ ਹੋਣ ਸੰਬੰਧੀ ਕੋਈ ਹੋਰ ਉਦਾਹਰਣ ਦਿਓ ?

(੧) ਉ: ਹੇ ਭਾਈ! ਵੇਖੋ ਜਿਵੇਂ ਸੋਨਾ ਇਕ ਹੈ ਪਰ ਸੁਨਿਆਰਾ (ਉਸ) ਸੋਨੇ ਨੂੰ ਘੜ ਘੜ (ਕੇ) ਸੁੰਦਰ ਗਹਿਣੇ ਬਣਾਉਂਦਾ ਹੈ।

(੨) (ਜਿਵੇਂ ਕਿ) ਪਿਪਲ ਵਤਰੇ, ਵਾਲੀਆਂ, ਤਨੇਂੜੇ, (ਕੰਨਾਂ ਦੇ ਗਹਿਣੇ) ਸਿਤਾਰੇ ਆਦਿ।

(੩) ਨੱਕ ਵਿਚ ਪਾਉਣ ਵਾਲੀ ਨੱਥ ਸੋਨੇ ਦੀ ਹੀ ਅਖਵਾਉਂਦੀ ਹੈ, ਕੰਠੀਆ (ਕੈਂਠਾ) ਤੇ ਗਲ ਦੀ ਮਾਲਾ ਇਸੇ ਸੋਨੇ ਦੇ ਹੀ ਘੜੇ ਜਾਂਦੇ ਹਨ।

(੪) ਟਿੱਕਾ ਮਣੀਆਂ ਵਾਲਾ, ਮੋਤੀਆਂ ਦੀ ਮਾਲਾ ਤੇ ਗੋਖੜੂ ਆਦਿ ਦਾ ਪਸਾਰ ਸੁਨਿਆਰਾ ਕਰਦਾ ਹੈ।

(੫) ਬੀਰਬਲੀਆਂ, ਬਾਹਾਂ ਵਾਲੇ ਬਹੁੱਟੇ, ਗੋਲ ਮੁੰਦਰੀਆਂ ਤੇ ਛੱਲੇ ਕਈ ਕਿਸਮ ਦੇ ਘੜਦਾ ਹੈ।

(੬) ਤਿਵੇਂ (ਉਹ ਪ੍ਰਭੂ) ਆਪੇ ਆਪ ਵਰਤਦਾ ਹੈ (ਪਰ) ਇਹ ਵੀਚਾਰ ਗੁਰਮੁਖ ਹੀ ਕਰਦਾ ਹੈ।੧੧।

*ਭਾਵਾਰਥ :* ਉਹ ਪ੍ਰਭੂ ਇਕ ਸੋਨੇ ਵਾਂਗ ਸਭ ਪਾਸੇ, ਅਨੇਕਾਂ ਰੂਪਾਂ ਵਿਚ ਆਪੇ ਆਪ ਹੀ ਵਰਤ ਰਿਹਾ ਹੈ, ਕੋਈ ਵਿਰਲਾ ਹੀ ਇਸ ਭੇਦ ਨੂੰ ਸਮਝਦਾ ਹੈ ਤੇ ਦ੍ਰਿੜ੍ਹ ਕਰਦਾ ਹੈ, ਕਿਉਂਕਿ ਗੁਰਮੁਖ ਗੁਰੂ ਦੇ ਉਪਦੇਸ਼ ਨੂੰ ਆਪਣੇ ਜੀਵਨ ਦੇ ਹਰ ਕੰਮ ਵਿਚ ਦਾਖਲ ਕਰ ਲੈਣ ਵਾਲਾ ਹੀ ਇਸ ਪ੍ਰਭੂ ਦੀ ਖੇਡ ਨੂੰ ਵੀਚਾਰ ਦੁਆਰਾ ਸਮਝਦਾ ਹੈ।

## ੧੨. ਗੰਨੇ ਦੇ ਰਸ ਦਾ ਉਦਾਹਰਣ

੧. ਗੰਨਾ ਕੋਹਲੂ ਪੀੜੀਐ
ਰਸ ਦੇ ਦਰਹਾਲਾ।
੨. ਕੋਈ ਕਰੇ ਗੁੜ ਭੇਲੀਆਂ
ਕੋ ਸ਼ੱਕਰ ਵਾਲਾ।
੩. ਕੋਈ ਖੰਡ ਸਵਾਰਦਾ
ਮੱਖਣ ਮਸਾਲਾ।
੪. ਹੋਵੇ ਮਿਸਰੀ ਕਲੀਕੰਦ
ਮਿਠਿਆਈ ਢਾਲਾ।
੫. ਖਾਵੈ ਰਾਜਾ ਰੰਕ ਕਰ
ਰਸ ਭੋਗ ਸੁਖਾਲਾ।
੬. ਆਪੇ ਆਪ ਵਰੱਤਦਾ
ਗੁਰਮੁਖ ਸੁਖਾਲਾ ॥੧੨॥

***ਪਦ ਅਰਥ :*** ਰਸ—ਰਹੁ। ਦਰਹਾਲਾ—ਛੇਤੀ, ਬਿਨਾਂ ਦੇਰੀ ਦੇ। ਗੁੜ ਭੇਲੀਆਂ—ਗੁੜ ਦੀਆਂ ਰੋੜੀਆਂ। ਸ਼ੱਕਰ ਵਾਲਾ—ਮਹੀਨ ਸੱਕਰ। ਮੱਖਣ ਮਸਾਲਾ—ਮਖਾਣੇ, ਲਾਚੀਆ ਵਾਲੇ। ਕਲੀਕੰਦ—ਬਰਫ਼ੀ ਦੀਆਂ ਟੁੱਕੜੀਆਂ ਵਾਂਗ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਓ! ਉਸ ਪਰੀ ਪੂਰਨ ਪਰਮੇਸ਼ਰ ਦੀ ਇੱਕੋ ਹੀ ਜੋਤਿ ਨੂੰ ਸਰਬ ਥਾਵਾਂ ਵਿਚ ਵਿਆਪਕ ਕਿਵੇਂ ਜਾਣਿਆ ਜਾਵੇ, ਕੋਈ ਦ੍ਰਿਸ਼ਟਾਂਤ ਦਿਓ ?

(੧) ਉ: (ਹੇ ਭਾਈ! ਉਸ ਸਾਈਂ ਜੀ ਦੀ ਸਰਬ ਥਾਵਾਂ ਵਿਚ ਪਸਰੀ ਹੋਈ ਜੋਤਿ ਨੂੰ ਇਉਂ ਹੀ ਅਨੁਭਵ ਕਰਨਾ ਪਵੇਗਾ ਕਿ ਜਿਵੇਂ) ਇਕ ਗੰਨਾ ਜਦੋਂ (ਉਹ) ਕੋਹਲੂ ਵਿਚ ਪੀੜਿਆ ਜਾਂਦਾ ਹੈ, ਤਾਂ ਤੱਤ ਕਾਲ ਹੀ ਉਸ ਵਿਚੋਂ ਰਸ ਨਿਕਲ ਆਉਂਦਾ ਹੈ।

(੨) ਰਸ ਤਾਂ ਇੱਕੋ ਹੈ, ਪਰ ਉਸ ਰਸ ਨੂੰ ਕਾੜ੍ਹ ਕੇ ਕੋਈ ਗੁੜ ਦੀਆਂ ਢੇਲੀਆਂ ਬਣਾਉਂਦਾ ਹੈ, ਕੋਈ ਬਰੀਕ ਸੱਕਰ ਬਣਾ ਲੈਂਦਾ ਹੈ।

(੩) ਇਥੇ ਹੀ ਬਸ ਨਹੀਂ ਕੋਈ ਮਹੀਨ ਸ਼ੱਕਰ ਤੋਂ ਅੱਗੇ ਵਧ ਕੇ ਖੰਡ ਬਣਾਉਂਦਾ ਤੇ ਕੋਈ ਮਖਾਣੇ.ਮਸਾਲੇ ਵਾਲੇ (ਤਿਆਰ ਕਰਦਾ ਹੈ)।

(੪) (ਕਿਤੇ ਉਹੀ ਗੰਨੇ ਦਾ ਰਸ) ਮਿਸਰੀ ਤੇ ਕਲਾਕੰਦ ਬਣਾਉਂਦਾ ਹੈ ਤੇ ਕੋਈ ਖੰਡ ਨੂੰ ਢਾਲ ਕੇ ਮਿਠਿਆਈਆਂ (ਪੇਠਾ ਆਦਿ) ਬਣਾਉਂਦਾ ਹੈ।

(੫) ਰਾਜੇ (ਅਮੀਰ ਲੋਕ) ਮਿਠਿਆਈਆਂ ਤੇ ਰੰਕ (ਗ਼ਰੀਬ ਸ਼੍ਰੇਣੀ) ਗੁੜ ਸੱਕਰ ਆਦਿ ਖਾ ਕੇ (ਇਨ੍ਹਾਂ ਦੇ) ਰਸਾਂ ਨੂੰ ਸੁਖ (ਅਨੰਦ ਤੇ ਖ਼ੁਸ਼ੀ ਨਾਲ) ਖਾਂਦੇ ਹਨ।

(੬) ਇਸੇ ਤਰ੍ਹਾਂ ਗੰਨੇ ਵਾਂਗ ਇਕ ਪੂਰਵਾ ਰੂਪ ਪ੍ਰਭੂ ਸਭ ਪਾਸੇ, ਵੱਖੋ-ਵੱਖ ਰੰਗਾਂ ਵਿਚ ਆਪ ਹੀ ਆਪ ਵਰਤ ਰਿਹਾ ਹੈ।੧੨।

***ਭਾਵਾਰਥ :*** ਉਹ ਰਚਨਹਾਰ ਕਰਤਾਰ ਸਭ ਥਾਵਾਂ ਵਿਚ ਵਰਤਦਾ ਤਾਂ ਆਪ ਹੀ ਹੈ, ਪਰ ਇਸ ਮਹਾਨ ਭੇਦ ਨੂੰ ਗੁਰੂ ਤੋਂ ਵਰੋਸਾਇਆ ਹੋਇਆ ਕੋਈ ਗੁਰਮੁਖ ਹੀ ਜਾਣਦਾ ਹੈ, ਉਹੀ ਗੁਰਮੁਖ ਉਸ ਪ੍ਰਭੂ ਦੀ ਇਸ ਅਨੇਕਤਾ ਮਈ ਲੀਲ੍ਹਾ ਵਿਚ ਸੁਖ ਤੇ ਅਨੰਦ ਮਾਣਦਾ ਹੋਇਆ ਜੀਵਨ ਗੁਜ਼ਾਰਦਾ ਹੈ।

## ੧੩. ਗਾਂ ਤੇ ਦੁੱਧ ਦਾ ਉਦਾਹਰਣ

**੧. ਗਾਂਈ ਰੰਗ ਬਰੰਗ ਬਹੁ**
**ਦੁੱਧ ਉਜਲ ਵਰਣਾ।**
**੨. ਦੁੱਧਹੁ ਦਹੀਂ ਜਮਾਈਐ**
**ਕਰ ਨਿਹਚਲ ਧਰਣਾ।**
**੩. ਦਹੀਂ ਵਿਲੋਇ ਅਲੋਈਐ**
**ਛਾਹਿ ਮੱਖਣ ਤਰਣਾ।**
**੪. ਮੱਖਣ ਤਾਇ ਅਉਟਾਇ ਕੈ**
**ਘਿਉ ਨਿਰਮਲ ਕਰਣਾ।**
**੫. ਹੋਮ ਜੱਗ ਨਈਵੇਦ ਕਰ**
**ਸਭ ਕਾਰਜ ਸਰਣਾ।**
**੬. ਆਪੇ ਆਪ ਵਰੱਤਦਾ**
**ਗੁਰਮੁਖ ਹੋਇ ਜਰਣਾ ॥੧੩॥**

***ਪਦ ਅਰਥ :*** ਵਿਲੋਇ—ਰਿੜਕਣਾ। ਅਲੋਈਐ—ਦੇਖਣਾ। ਅਉਟਾਇ—ਕਾੜ੍ਹਨਾ। ਨਈਵੇਦ—ਪੂਜਾ ਦੀ ਭੇਟਾ। ਸਰਣਾ—ਸਾਰਦਾ, ਸੁਆਰਦਾ।

***ਅਰਥ :***

ਪ੍ਰ: ਭਾਈ ਸਹਿਬ ਜੀਓ! ਉਸ ਇਕ ਨਿਰੰਕਾਰ ਨੂੰ ਭਿੰਨ-ਭਿੰਨ ਰੰਗਾਂ ਵਿਚ ਕਿਵੇਂ ਅਨੁਭਵ ਕੀਤਾ ਜਾਵੇ ?

(੧) ਉ: ਹੇ ਭਾਈ! ਵੇਖੋ ਜਿਵੇਂ ਗਊਆਂ ਅਨੇਕਾਂ ਰੰਗਾਂ ਦੀਆਂ ਹੁੰਦੀਆਂ ਹਨ, ਪਰ ਉਨ੍ਹਾਂ ਦਾ ਦੁੱਧ ਤਾਂ (ਕੇਵਲ) ਚਿੱਟਾ ਹੀ ਵਰਣਨ ਕੀਤਾ ਜਾਂਦਾ ਹੈ।

(੨) ਦੁੱਧ ਤੋਂ ਦਹੀਂ ਜਮਾਈਦਾ ਹੈ (ਤਾਂ) ਅਡੋਲ (ਕਰਕੇ) ਟਿਕਾ ਦੇਈਦਾ ਹੈ, ਤਾਂਕਿ ਨਿਹਚਲ ਹੋ ਕੇ ਜੰਮ ਜਾਏ।

(੩) ਦਹੀਂ ਨੂੰ ਰਿੜਕ ਕੇ ਜਦ ਦੇਖੀਦਾ ਹੈ ਤਾਂ ਮੱਖਣ ਨਿਕਲ ਆਉਂਦਾ ਹੈ ਜਿਸਨੂੰ ਨਿਤਾਰ ਕੇ (ਲੱਸੀ ਵਿਚੋਂ) ਕੱਢ ਲਈਦਾ ਹੈ।

(੪) ਮੱਖਣ ਨੂੰ ਗਰਮ ਕਰਕੇ ਤੇ ਕਾੜ੍ਹ ਕੇ (ਉਸ ਵਿਚੋਂ) ਨਿਰਮਲ (ਸ਼ੁੱਧ ਰੂਪ ਵਿਚ) ਘਿਉ ਨਿਕਲ ਆਉਂਦਾ ਹੈ।

(੫) (ਫਿਰ ਇਸੇ ਨਿਰਮਲ ਘਿਉ ਤੋਂ ਹੀ) ਹੋਮ, ਯੱਗ ਤੇ ਪੂਜਾ ਦੀ ਭੇਟਾ (ਦੇਣ ਦੇ) ਕੰਮ ਸਰਦੇ ਜਾਂ ਸਵਾਰੇ ਜਾਂਦੇ ਹਨ।

(੬) ਇਸੇ ਤਰ੍ਹਾਂ ਦੁੱਧ ਵਾਂਗ ਹੀ ਉਹ ਵਿਸ਼ਾਲ ਤੇ ਕਰਣ

ਕਾਰਣ ਪ੍ਰਭੂ ਜੀ ਆਪ ਤੋਂ ਆਪ ਹੀ (ਸਭ ਪਾਸੇ) ਵਰਤ ਰਹੇ (ਕੌਤਕ ਕਰ ਰਹੇ) ਹਨ। ਗੁਰਮੁਖ (ਗੁਰੂ ਤੋਂ ਗਿਆਨ ਪ੍ਰਾਪਤ ਤੇ ਨਿਸਚੈ ਕਰਨ ਵਾਲੇ ਕਿ ਇਹ ਸਭ ਪ੍ਰਭੂ ਦਾ ਹੀ ਪਸਾਰਾ ਹੈ।) ਇਸ ਭੇਦ ਨੂੰ ਜਾਣਦੇ ਤੇ ਜਰਦੇ ਹਨ।੧੩।

*ਭਾਵਾਰਥ :* ਇਸ ਉਪ੍ਰੋਕਤ ਪਉੜੀ ਵਿਚ ਇਸ਼ਾਰਾ ਸਾਧਨ ਕਰਨ ਵੱਲ ਹੈ ਕਿ ਇਸ ਤਰ੍ਹਾਂ ਜਗਿਆਸੂ ਨਾਮ ਅਭਿਆਸ ਦੁਆਰੇ ਸਹਿਜ ਪਦ ਨੂੰ ਪਹੁੰਚ ਜਾਂਦੇ ਹਨ। ਜਿਵੇਂ ਕਿ ਗਾਂ ਤੋਂ ਦੁੱਧ, ਦਹੀਂ, ਲੱਸੀ, ਮੱਖਣ ਅੰਤ ਵਿਚ ਨਿਰੋਲ ਘਿਉ ਆਪਣੇ ਸਹੀ ਰੂਪ ਵਿਚ ਆਇਆ, ਉਂਝ ਭਾਵੇਂ ਸਭਨਾਂ ਵਿਚ ਘਿਉ ਦਾ ਹੀ ਪਸਾਰਾ ਸੀ, ਇਹ ਅਨੁਭਵ ਕਰਕੇ ਗੁਰਮੁਖ ਵਧੇਰੇ ਬੋਲਦਾ ਨਹੀਂ, ਅੰਤਰ ਆਤਮੇ ਜੇਰੇ ਵਿਚ ਰਹਿੰਦਾ ਹੋਇਆ ਅਡੋਲਤਾ ਵਿਚ ਜੀਵਨ ਗੁਜ਼ਾਰਦਾ ਹੈ।

## ੧੪. ਸੂਰਜ ਏਕੋ ਰੁਤ ਅਨੇਕ

੧. ਪਲ ਘੜੀਆਂ ਮੂਰਤ ਪਹਿਰ
ਥਿੱਤ ਵਾਰ ਗਣਾਏ।
੨. ਦੋਇ ਪਖ ਬਾਰਹ ਮਾਹ
ਕਰ ਸੰਜੋਗ ਬਣਾਏ।
੩. ਛਿਅ ਰੁੱਤੀਂ ਵਰਤਾਈਆਂ
ਬਹੁ ਚਲਿਤ ਬਨਾਏ।
੪. ਸੂਰਜ ਇੱਕ ਵਰਤਦਾ
ਲੋਕ ਵੇਦ ਅਲਾਏ।
੫. ਚਾਰ ਵਰਨ ਛਿਅ ਦਰਸ਼ਨਾਂ
ਬਹੁ ਪੰਥ ਚਲਾਏ।
੬. ਆਪੇ ਆਪ ਵਰੱਤਦਾ
ਗੁਰਮੁਖ ਸਮਝਾਏ ॥੧੪॥

*ਪਦ ਅਰਥ :* ਮੂਰਤ—ਮਹੂਰਤ, ਦੁਘਟਕਾ। ਅਲਾਏ—ਆਖਣਾ, ਕਹਿਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਸ ਜੋਤਿ ਸਰੂਪ ਪਰਮੇਸਰ ਦੀ ਜੋਤਿ ਨੂੰ ਹਰ ਥਾਂ ਵਿਆਪਕ ਅਨੁਭਵ ਕਰਨ ਲਈ ਕੋਈ ਪ੍ਰਤੱਖ ਦ੍ਰਿਸ਼ਟਾਂਤ ਦਿਓ?

(੧) ਉ: (ਹੇ ਭਾਈ! ਵੇਖੋ ਜਿਵੇਂ ਸੂਰਜ ਇਕ ਹੈ ਪਰ ਉਸ ਵਿਚ) ਪਲ, ਘੜੀਆਂ, ਮਹੂਰਤ, ਪਹਿਰ, ਥਿੱਤਾਂ ਤੇ ਵਾਰਾਂ ਦੀ ਗਿਣਤੀ ਕੀਤੀ ਜਾਂਦੀ ਹੈ।

(੨) (ਅਤੇ) ਦੋ ਪੱਖ (ਉਤਰਾਇਣ ਤੇ ਦਖਨਾਇਣ) ਅਤੇ ੧੨ ਮਹੀਨਿਆਂ ਦਾ ਸੰਜੋਗ ਕਰਕੇ ਬਣਾ ਦਿੱਤੇ ਹਨ।

(੩) (ਅਗੇ) ਛੇ ਰੁੱਤਾਂ ਵਰਤਾ ਦਿੱਤੀਆਂ ਹਨ (ਤੇ ਇਉਂ ਕੌਤਕ ਕਰ ਦਿੱਤੇ ਹਨ)।

(੪) (ਸੂਰਜ ਇਕ ਹੈ) ਇਕੱਲੇ ਸੂਰਜ ਦਾ ਇਹ ਪਸਾਰਾ (ਵਰਤਾਰਾ) ਹੈ ਬਹੁਤੇ ਲੋਕੀਂ ਤੇ ਵੇਦਾਂ ਦੇ ਗਿਆਨੀਆਂ ਦਾ (ਇਹੋ ਹੀ) ਆਖਣਾ ਹੈ।

(੫) ਛੇ ਦਰਸ਼ਨਾਂ (ਧਰਮ) ਤੇ ਚਾਰ ਵਰਨਾਂ ਦੇ ਅਨੇਕਾਂ ਪੰਥ (ਰਸਤੇ) ਆਪ ਲੋਕਾਂ ਨੇ ਹੀ ਚਲਾਏ ਹਨ (ਇਹ ਪ੍ਰਭੂ ਦੀ ਕ੍ਰਿਤ ਨਹੀਂ ਹੈ)।

(੬) (ਇਸ ਅਸਲ ਸਿਧਾਂਤ ਨੂੰ) ਗੁਰਮੁਖ ਹੀ (ਸਮਝ ਸਕਦੇ ਤੇ) ਸਮਝਾਉਂਦੇ ਹਨ (ਕਿ ਇਹ ਸਭ ਇਕ) ਆਪੇ ਆਪ (ਸਭ ਪਾਸੇ) ਪ੍ਰਭੂ ਜੀ ਦੀ ਹੀ ਵਿਆਪਕਤਾ ਹੈ।੧੪।

*ਭਾਵਾਰਥ :* ਇਸ ਉਪ੍ਰੋਕਤ ਪਉੜੀ ਦੇ ਸਮੁੱਚੇ ਭਾਵ ਨੂੰ ਗੁਰਬਾਣੀ ਦੇ ਮਹਾਂ ਵਾਕ ਵਿਚ ਗੁਰੂ ਨਾਨਕ ਦੇਵ ਜੀ ਇਉਂ ਅੰਕਿਤ ਕਰਦੇ ਹਨ ਕਿ :

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ ॥
ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥
*(ਮ: ੧)*

## ੧੫. ਅਗਨੀ ਦਾ ਦ੍ਰਿਸ਼ਟਾਂਤ

ਸਗਲ ਬਨਸਪਤਿ ਮਹਿ ਬੈਸੰਤਰੁ ॥ ॥
*(ਸੋਰਠਿ ਮ: ੫, ਪੰਨਾ ੬੧੭)*

੧. ਇੱਕ ਪਾਣੀ ਇੱਕ ਧਰਤਿ ਹੈ
ਬਹੁ ਬਿਰਖ ਉਪਾਏ।
੨. ਅਫਲ ਸਫਲ ਪਰਕਾਰ ਬਹੁ
ਫਲ ਫੁੱਲ ਸੁਹਾਏ।
੩. ਬਹੁ ਰਸ ਰੰਗ ਸੁਵਾਸਨਾ
ਪਰਕਿਰਤ ਸੁਭਾਏ।

੪. ਬੈਸੰਤਰ ਇਕ ਵਰਨ ਹੋਇ
ਸਭ ਤਰਵਰ ਛਾਏ।
੫. ਗੁਪਤਹੁ ਪਰਗਟ ਹੋਇ ਕੈ
ਭਸਮੰਤ ਕਰਾਏ।
੬. ਆਪੇ ਆਪ ਵਰੱਤਦਾ
ਗੁਰਮੁਖ ਸੁਖ ਪਾਏ ॥੧੫॥

*ਪਦ ਅਰਥ :* ਅਫਲ—ਫਲ ਤੋਂ ਵਾਂਝਾ। ਸਫਲ—ਫਲ ਸਹਿਤ। ਪਰਕਿਰਤ—ਅਸਲੀਅਤ। ਤਰਵਰ—ਦਰੱਖ਼ਤ। ਭਸਮੰਤ—ਭਸਮ, ਸੁਆਹ ਹੋ ਜਾਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਸ ਪ੍ਰਭੂ ਦੀ ਵਿਆਪਕਤਾ ਸੰਬੰਧੀ ਕੋਈ ਹੋਰ ਦ੍ਰਿਸ਼ਟਾਂਤ ਦਿਓ?

(੧) ਉ: (ਹੇ ਭਾਈਓ! ਵੇਖੋ ਜਿਵੇਂ ਕਿ) ਇੱਕੋ ਪਾਣੀ ਤੇ ਇੱਕੋ ਧਰਤੀ ਹੈ, (ਜਿਸ ਤੋਂ ਅੱਗੋਂ) ਕਈ ਪ੍ਰਕਾਰ ਦੇ ਦਰੱਖਤ ਪੈਦਾ ਹੋਏ ਹੋਏ ਹਨ।

(੨) (ਕਈ) ਫਲਾਂ ਤੋਂ ਸੱਖਣੇ (ਤੇ ਕਈ) ਫਲਾਂ ਵਾਲੇ (ਅਨੇਕਾਂ ਹੀ) ਫਲ ਤੇ ਫੁਲ ਸ਼ੋਭ ਰਹੇ ਹਨ।

(੩) ਅਨੇਕਾਂ ਬੜੀ ਤਰ੍ਹਾਂ ਦੇ ਰਸ ਤੇ ਰੰਗ ਤੇ ਸੋਹਣੀਆ ਸੁਗੰਧੀਆਂ ਤੇ ਸੁੰਦਰ ਪ੍ਰਕਿਰਤੀ ਵਾਲੇ ਸੁਭਾਇਮਾਨ ਹੋ ਰਹੇ ਹਨ।

(੪) (ਪਰ ਪ੍ਰਭੂ ਜੀ ਦੀ ਕੁਦਰਤ ਵੇਖੋ ਕਿ ਇਨ੍ਹਾਂ ਸਭ ਤਰ੍ਹਾਂ ਦੇ) ਫੈਲੇ ਹੋਏ ਬ੍ਰਿਛਾਂ ਵਿਚੋਂ ਅਗਨੀ ਇਕ ਰੂਪ ਹੀ ਹੋ ਕੇ ਨਿਕਲਦੀ (ਪ੍ਰਕਾਸ਼ ਹੁੰਦੀ) ਹੈ।

(੫) ਬ੍ਰਿਛਾਂ ਵਿਚੋਂ ਗੁਪਤ (ਰੂਪ ਤੋਂ) ਪ੍ਰਗਟ ਹੋ ਕੇ (ਉਨ੍ਹਾਂ ਸਭ ਬ੍ਰਿਛਾਂ ਦੀਆਂ ਲੱਕੜਾਂ ਦੇ ਢੇਰਾਂ ਨੂੰ ਸਾੜ ਕੇ) ਸੁਆਹ ਕਰ ਦੇਂਦੀ ਹੈ, ਭਾਵ ਅਗਨੀ ਬ੍ਰਿਛਾਂ ਵਿਚ ਗੁਪਤ ਸੀ, ਦਿੱਸਦੀ ਨਹੀਂ ਸੀ, ਪਰ ਅਣਦਿੱਸਦੇ ਰੂਪ, ਭਾਵ ਲੱਕੜਾਂ ਵਿਚੋਂ ਹੀ ਨਿਕਲ ਕੇ ਗੁਪਤ ਹੋ ਪ੍ਰਗਟ ਹੋ ਕੇ, ਸਭ ਨੂੰ ਛਿਨ ਵਿਚ ਹੀ ਭਸਮਾ ਭੂਤ ਕਰ ਦੇਂਦੀ ਹੈ।

(੬) (ਇਹੋ ਹੀ ਉਸ ਪ੍ਰਕਾਸ਼ ਰੂਪ ਪ੍ਰਭੂ ਦੀ ਗੱਲ ਹੈ) ਉਹ ਪ੍ਰਭੂ ਆਪੇ ਆਪ ਹੀ ਸਭ ਪਾਸੇ ਤੇ ਹਰ ਵਸਤੂ ਵਿਚ ਵਿਆਪਕ ਹੋ ਕੇ ਵਰਤ ਰਿਹਾ ਹੈ (ਪਰ ਹਾਂ, ਇਸ ਕੌਤਕ ਦਾ ਭੇਦ) ਗੁਰਮੁਖ ਜਨ ਹੀ ਜਾਣਦੇ ਹਨ ਤੇ ਸੁਖ ਪਾਉਂਦੇ ਹਨ।੧੫।

*ਭਾਵਾਰਥ :* ਇਸ ਪਉੜੀ ਵਿਚ ਵਾਹਿਗੁਰੂ ਜੀ ਦੀ ਵਿਆਪਕਤਾ ਅਤੇ ਨਿਰਲੇਪਤਾ ਦਰਸਾ ਰਹੇ ਹਨ ਕਿ ਸੰਸਾਰ ਦੀ ਪਰਲੈ, ਉਤਪਤੀ, ਪਾਲਨ ਸਭ ਉਹੀ ਪਰਮੇਸਰ ਕਰਦਾ ਹੈ, ਇਨ੍ਹਾਂ ਅਸਥੂਲ ਨੇਤਰਾਂ ਰਾਹੀਂ ਉਸਨੂੰ ਤੱਕਣਾ, ਵੇਖਣਾ ਅਸੰਭਵ ਹੈ। ਪਰ ਗੁਰਮੁਖ ਉਸਨੂੰ ਅੰਤਰ ਆਤਮੇ ਸਦਾ ਹੀ ਅਨੁਭਵ ਕਰਦੇ ਹਨ।

## ੧੬. ਸੰਗ ਦਾ ਰੰਗ

੧. ਚੰਦਨ ਵਾਸ ਵਣਾਸਪਤਿ
ਸਭ ਚੰਦਨ ਹੋਵੈ।
੨. ਅਸ਼ਟ ਧਾਤ ਇਕ ਧਾਤ ਹੋਇ
ਸੰਗ ਪਾਰਸ ਢੋਵੈ।
੩. ਨਦੀਆਂ ਨਾਲੇ ਵਾਹੜੇ
ਮਿਲ ਗੰਗ ਗੰਗੋਵੈ।
੪. ਪਤਿਤ ਉਧਾਰਣ ਸਾਧਸੰਗ
ਪਾਪਾਂ ਮਲ ਧੋਵੈ।
੫. ਨਰਕ ਨਿਵਾਰ ਅਸੰਖ ਹੋਇ
ਲਖ ਪਤਿਤ ਸੰਗੋਵੈ।
੬. ਆਪੇ ਆਪ ਵਰੱਤਦਾ
ਗੁਰਮੁਖ ਅਲੋਵੈ ॥੧੬॥

*ਪਦ ਅਰਥ :* ਢੋਵੈ—ਪਰਸ ਕੇ, ਮਿਲ ਕੇ। ਵਾਹੜੇ—ਨਦੀਆਂ ਨਾਲਿਆਂ ਦਾ ਪਾਣੀ। ਗੰਗੋਵੈ—ਵੈ ਉਹ ਭੀ ਗੰਗਾ ਹੋ ਜਾਂਦੇ ਹਨ। ਸੰਗੋਵੈ—ਸੰਗੀ, ਸਾਥੀ। ਅਲੋਵੈ—ਅਲਾਪਦੇ, ਕਹਿੰਦੇ ਜਾਂ ਵੇਖਦੇ।

*ਅਰਥ :*

ਪ੍ਰ: ਸ੍ਰੀ ਮਾਨ ਜੀਓ! ਸਤਿਸੰਗ ਕਰਨ ਵਾਲੇ ਸੰਗੀ ਨੂੰ ਵਿਸ਼ੇਸ਼ ਫਲ ਕੀ ਮਿਲਦਾ ਹੈ, ਇਸ ਸੰਬੰਧੀ ਕੋਈ ਦ੍ਰਿਸਟਾਂਤ ਦਿਓ?

(੧) ਉ: ਹੇ ਭਾਈਓ! (ਵੇਖੋ ਜਿਵੇਂ ਜੰਗਲ ਵਿਚ) ਚੰਦਨ (ਦੇ ਰੁਖ) ਦੀ ਵਾਸ਼ਨਾ ਨਾਲ, ਬਾਕੀ ਦੇ ਰੁਖ ਜੋ ਨੇੜੇ ਨੇੜੇ ਹੁੰਦੇ ਹਨ (ਭਾਵ ਸਾਰੀ) ਵਨਸਪਤੀ ਚੰਦਨ ਦੀ ਸੁਗੰਧ ਵਾਲੀ ਹੀ ਹੋ ਜਾਂਦੀ ਹੈ।

(੨) (ਹੋਰ ਸੁਣੋ) ਅੱਠ ਧਾਤਾਂ 'ਚੋਂ ਕੋਈ ਭੀ ਧਾਤ ਹੋਵੇ, ਉਹ ਪਾਰਸ ਨਾਲ ਛੋਹੇ ਤਾਂ ਸੋਨਾ ਬਣ ਜਾਂਦੀ ਹੈ।

(੩) (ਅਤੇ) ਨਦੀਆਂ ਨਾਲਿਆਂ ਦਾ ਪਾਣੀ ਗੰਗਾ ਵਿਚ

ਮਿਲ ਕੇ, ਗੰਗਾ ਦੇ ਪਾਣੀ ਵਰਗਾ ਹੀ ਪਵਿੱਤ੍ਰ ਹੋ ਜਾਂਦਾ ਹੈ (ਉਸਨੂੰ ਕੋਈ ਫਿਰ ਵੱਖਰੇ ਰੂਪ ਵਿਚ ਵੇਖ ਨਹੀਂ ਸਕਦਾ)।

(੪) (ਹੇ ਭਾਈ ! ਇਸੇ ਤਰ੍ਹਾਂ ਇਕ) ਸਾਧ ਸੰਗਤ ਐਸੀ ਥਾਂ ਹੈ ਜੋ ਪਾਪੀਆਂ ਦਾ ਉੱਧਾਰ ਕਰ ਦੇਂਦੀ ਤੇ ਪਾਪਾਂ ਦੀ ਮੈਲ ਧੋ ਦੇਂਦੀ ਹੈ।

(੫) ਸਾਧ ਸੰਗਤ ਕਰਨ ਨਾਲ ਅਸੰਖ ਪਾਪੀਆਂ ਦੇ ਨਰਕ ਟਲ ਜਾਂਦੇ ਹਨ।

(੬) ਇਸ ਤਰ੍ਹਾਂ ਸੰਗਤ ਕਰਕੇ ਪਾਪੀ ਤੋਂ ਪਵਿੱਤ੍ਰ ਹੋਇਆ ਕੋਈ ਗੁਰਮੁਖ ਹੀ ਜਾਣਦਾ ਹੈ ਕਿ ਉਹ ਪ੍ਰਭੂ ਆਪੇ ਆਪ ਹੀ ਸਭ ਵਿਚ ਵਰਤ ਰਿਹਾ ਹੈ (ਜਿਸਨੂੰ ਕੇਵਲ ਗੁਰਮੁਖ ਹੀ ਦੇਖਦੇ ਹਨ)।੧੬।

*ਭਾਵਾਰਥ :* ਇਸ ਪਉੜੀ ਵਿਚ ਭਾਈ ਸਾਹਿਬ ਜੀ ਉਸ ਪ੍ਰਭੂ ਦੀ ਵਿਆਪਕ ਮਹਿਮਾ ਦੇ ਨਾਲ ਪਤਿਤ ਉਧਾਰਨ ਸ਼ਕਤੀ ਦਾ ਪ੍ਰਕਾਸ਼ ਕਰਦੇ ਹਨ ਕਿ ਉਹ ਜੀਵਾਂ ਨੂੰ, ਜੋ ਉਸ ਪਰ ਟੇਕ ਧਰਦੇ ਹਨ, ਜੋ ਆਪਣਾ ਦਿਲ ਉਸਦੇ ਰਹਿਣ ਦਾ ਮੰਦਰ ਬਣਾਉਂਦੇ ਹਨ, ਉਨ੍ਹਾਂ ਨੂੰ ਤਾਰ ਦਿੰਦੇ ਹਨ, ਉਸਦੀ ਇਸ ਸ਼ਕਤੀ ਨੂੰ ਭੀ ਗੁਰਮੁਖ ਵੇਖ ਕੇ ਪ੍ਰਸੰਨ ਹੁੰਦੇ ਹਨ। ਆਮ ਜੀਵਾਂ ਨੂੰ ਇਸਦਾ ਗਿਆਨ ਨਹੀਂ ਹੁੰਦਾ।

## ੧੭. ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

੧. ਦੀਪਕ ਹੇਤ ਪਤੰਗ ਦਾ
ਜਲ ਮੀਨ ਤਰੰਦਾ।
੨. ਮਿਰਗ ਨਾਦ ਵਿਸਮਾਦ ਹੈ
ਭਵਰ ਕਵਲ ਵਸੰਦਾ।
੩. ਚੰਦ ਚਕੋਰ ਪਰੀਤ ਹੈ
ਦੇਖ ਧਿਆਨ ਧਰੰਦਾ।
੪. ਚਕਵੀ ਸੂਰਜ ਹੇਤ ਹੈ
ਸੰਜੋਗ ਬਣੰਦਾ।
੫. ਨਾਰਿ ਭਤਾਰ ਪਿਆਰ ਹੈ
ਮਾਂ ਪੁੱਤ ਮਿਲੰਦਾ।
੬. ਆਪੇ ਆਪ ਵਰੱਤਦਾ
ਗੁਰਮੁਖ ਪਰਚੰਦਾ॥੧੭॥

*ਪਦ ਅਰਥ :* ਪਤੰਗ—ਪਤੰਗਾ। ਮੀਨ—ਮੱਛੀ। ਵਿਸਮਾਦ—ਮਸਤ, ਅਸਚਰਜ। ਨਾਰਿ—ਇਸਤ੍ਰੀ। ਭਤਾਰ—ਭਰਤਾ, ਪਤੀ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਸ ਪ੍ਰਭੂ ਦੇ ਮਿਲਾਪ ਲਈ ਕਿਹੋ ਜਿਹਾ ਪ੍ਰੇਮ ਹੋਣਾ ਚਾਹੀਦਾ ਹੈ, ਕੁੱਝ ਉਦਾਹਰਣ ਦਿਓ ?

(੧) ਉ: (ਹੇ ਭਾਈ ! ਸੁਣੋ ਜਿਵੇਂ ਕਿ) ਦੀਵੇ ਨਾਲ ਪਤੰਗੇ ਨੂੰ ਪਿਆਰ ਹੈ ਤੇ ਮੱਛੀ ਜਲ ਨਾਲ ਪ੍ਰੇਮ ਕਰਦੀ ਹੈ।

(੨) ਹਿਰਨ ਨਾਦ ਦੀ ਆਵਾਜ਼ 'ਤੇ ਮਸਤ ਹੈ, ਤੇ ਭੌਰਾ ਕਵਲ ਫੁਲ ਦਾ ਪ੍ਰੇਮੀ ਹੈ।

(੩) ਚੰਦ ਨਾਲ ਚਕੋਰ ਦੀ ਪ੍ਰੀਤੀ ਹੈ, ਚੰਦ੍ਰਮਾ ਨੂੰ ਵੇਖ ਕੇ ਉਹ ਉੱਧਰ ਹੀ ਧਿਆਨ ਧਰਦਾ ਹੈ।

(੪) ਚਕਵੀ ਨੂੰ ਸੂਰਜ ਨਾਲ ਪਿਆਰ ਹੈ (ਕਿਉਂਕਿ ਕੁਦਰਤ ਵੱਲੋਂ ਐਸਾ ਹੀ) ਸੰਜੋਗ ਬਣ ਗਿਆ ਹੈ।

(੫) ਇਸਤ੍ਰੀ ਤੇ ਪਤੀ ਵਿਚ ਪਿਆਰ ਹੈ, ਮਾਂ ਪੁੱਤਰ ਨੂੰ ਪਿਆਰ ਨਾਲ ਮਿਲਦੀ ਹੈ।

(੬) (ਪਰ ਇਨ੍ਹਾਂ ਸਭਨਾਂ ਵਿਚ ਉਹ ਪ੍ਰਭੂ) ਆਪੇ ਹੀ ਆਪ ਵਰਤ ਰਿਹਾ ਹੈ, ਇਸ ਖੇਡ ਨੂੰ ਕੇਵਲ ਗੁਰਮੁਖ ਸਮਝਦਾ ਹੈ ਤੇ ਪਰਚਦਾ (ਪਤੀਜ ਜਾਂਦਾ) ਹੈ।੧੭।

*ਭਾਵਾਰਥ :* ਉਪ੍ਰੋਕਤ ਪਉੜੀ ਵਿਚ ਸੰਸਾਰਿਕ ਪ੍ਰੇਮ ਦੇ ਉਦਾਹਰਣ ਦਰਸਾ ਕੇ ਭਾਈ ਸਾਹਿਬ ਗੁਰਮੁਖਾਂ ਦਾ ਸੱਚਾ ਪ੍ਰੇਮ ਦਰਸਾਉਂਦੇ ਹਨ ਕਿ ਗੁਰਮੁਖ ਉਸ ਵਾਹਿਗੁਰੂ ਨਾਲ ਹੀ ਪਿਆਰ ਕਰਦੇ ਹਨ ਅਤੇ ਉਸੇ ਪ੍ਰੇਮ ਪਿਆਰ ਦੀ ਸੱਚੀ ਸ਼ਰਧਾ ਨਾਲ ਸਦੀਵੀਂ ਸੁਖ ਪਾਉਂਦੇ ਹਨ ਜਿਸ ਸੁਖ ਦਾ ਕਦੇ ਭੀ ਵਿਜੋਗ ਨਹੀਂ ਹੁੰਦਾ। ਉਪਦੇਸ਼ ਇਹੋ ਹੈ ਕਿ ਹਰ ਪ੍ਰਾਣੀ ਨੂੰ ਉਸੇ ਵਾਹਿਗੁਰੂ ਨਾਲ ਸੱਚਾ ਪ੍ਰੇਮ ਕਰਨਾ ਚਾਹੀਦਾ ਹੈ, ਇਹੋ ਹੀ ਇਕ ਵਾਹਿਗੁਰੂ ਦੇ ਮਿਲਾਪ ਦਾ ਸਹੀ ਸਾਧਨ ਹੈ।

## ੧੮. ਸਭੈ ਘਟ ਰਾਮੁ ਬੋਲੈ ਰਾਮਾ ਬੋਲੈ

੧. ਅੱਖੀਂ ਅੰਦਰ ਦੇਖਦਾ
ਸਭ ਚੋਜ ਵਿਡਾਣਾ।
੨. ਕੰਨੀਂ ਸੁਣਦਾ ਸੁਰਤਿ ਕਰਿ
ਆਖਾਣ ਵਖਾਣਾ।

੩. ਜੀਭੈ ਅੰਦਰ ਬੋਲਦਾ
ਬਹੁ ਸਾਦ ਲੁਭਾਣਾ।
੪. ਹੱਥੀਂ ਕਿਰਤ ਕਮਾਂਵਦਾ
ਪਗ ਚਲੈ ਸੁਜਾਣਾ।
੫. ਦੇਹੀ ਅੰਦਰ ਇੱਕ ਮਨ
ਇੰਦ੍ਰੀ ਪਰਵਾਣਾ।
੬. ਆਪੇ ਆਪ ਵਰੱਤਦਾ
ਗੁਰਮੁਖ ਸੁਖ ਮਾਣਾ ॥੧੮॥

*ਪਦ ਅਰਥ :* ਚੋਜ ਵਿਡਾਣਾ—ਅਸਚਰਜ ਕੌਤਕ। ਆਖਾਣ—ਪ੍ਰਸੰਗ, ਬਚਨ। ਲੁਭਾਣਾ—ਮੋਹਿਤ ਹੋਣਾ। ਸੁਜਾਣਾ—ਚਤਰ, ਸਿਆਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਿਵੇਂ ਹਰ ਮਹਾਂ ਪੁਰਸ਼ ਇਹੋ ਹੀ ਆਖਦੇ ਆ ਰਹੇ ਹਨ ਕਿ ਉਹ ਚੋਜੀ ਪ੍ਰੀਤਮ ਪ੍ਰਭੂ ਮਨੁੱਖ ਦੇ ਹਰ ਅੰਗ ਅੰਗ ਵਿਚ ਵਿਆਪਕ ਹੈ, ਪਰ ਉਸ ਨੂੰ ਅਨੁਭਵ ਕਿਵੇਂ ਕੀਤਾ ਜਾਵੇ?

(੧) ਉ: ਹੇ ਭਾਈ! ਜੇ ਵੀਚਾਰ ਦ੍ਰਿਸ਼ਟੀ ਨਾਲ ਤੱਕਿਆ ਜਾਵੇ ਤਾਂ ਉਸ ਪ੍ਰਭੂ ਦੀ ਅਨੁਭਵਤਾ ਇਉਂ ਹੀ ਹੋਵੇਗੀ ਕਿ ਜੋ ਹਰ ਮਨੁੱਖ ਅੱਖਾਂ ਨਾਲ ਸਾਰੇ ਵੱਡੇ ਵੱਡੇ ਕੌਤਕ ਵੇਖਦਾ ਹੈ।

(੨) ਕੰਨਾਂ ਨਾਲ ਸਾਰੇ ਪ੍ਰਸੰਗ ਧਿਆਨ ਨਾਲ ਸੁਣਦਾ ਹੈ।

(੩) ਜੀਭ ਦੇ ਅੰਦਰੋਂ ਬੋਲਦਾ ਹੈ, ਤੇ ਜੀਭਾ ਦੇ ਸੁਆਦ (ਰਸ) ਵਿਚ ਲੁਭਾਇਮਾਨ ਹੁੰਦਾ ਹੈ।

(੪) ਹੱਥਾਂ ਨਾਲ ਕਿਰਤ ਕਰਦਾ ਹੈ, ਤੇ ਪੈਰਾਂ ਨਾਲ ਤੁਰਦਾ ਹੈ।

(੫) (ਇਸ ਮਨੁੱਖਾ) ਦੇਹੀ ਵਿਚ ਇਕ ਮਨ (ਰੂਪ ਸਭ ਦਾ ਪ੍ਰਧਾਨ ਇੰਦਰਾ) ਹੈ, ਜਿਸਦੇ ਹੁਕਮ ਨਾਲ ਜਾਂ ਸਲਾਹ ਨੂੰ ਹੋਰ ਸਭ) ਇੰਦ੍ਰੇ ਪ੍ਰਵਾਨ ਕਰਦੇ ਹਨ।

(੬) ਹੁਣ ਜੇ ਅੰਤਰ ਆਤਮੇ ਵੀਚਾਰਿਆ ਜਾਵੇ ਤਾਂ ਉਪ੍ਰੋਕਤ ਸਭਨਾਂ ਇੰਦ੍ਰਿਆਂ ਵਿਚ ਉਹ ਪ੍ਰਭੂ ਆਪੇ ਆਪ ਹੀ ਵਰਤ ਰਿਹਾ ਹੈ। ਪਰ, ਪ੍ਰਭੂ ਦੀ ਇਸ ਅਸਚਰਜ ਕੌਤਕਾਂ ਭਰੀ ਅਵਸਥਾ ਨੂੰ ਗੁਰੂ ਤੋਂ ਵਰੋਸਾਇਆ ਗੁਰਮੁਖ ਹੀ ਸਹੀ ਰੂਪ ਵਿਚ ਅਨੁਭਵ ਕਰਦਾ ਹੈ, ਇਸ ਲਈ ਇਸ ਅਜਬ ਵਰਤਾਰੇ ਨੂੰ ਵੇਖ ਕੇ ਕੋਈ ਗੁਰਮੁਖ ਹੀ ਸੁਖ ਮਾਣਦਾ ਹੈ।੧੮।

*ਭਾਵਾਰਥ :* ਉਪ੍ਰੋਕਤ ਪੰਗਤੀਆਂ ਅੰਦਰ ਭਾਈ ਸਾਹਿਬ ਇਹੋ ਹੀ ਸਿਧਾਂਤ ਅੰਕਿਤ ਕਰਦੇ ਹਨ ਕਿ ਜਿਵੇਂ ਦੇਹੀ ਅੰਦਰ ਮਨ ਸਭ ਇੰਦ੍ਰੀਆਂ ਤੋਂ ਜੁਦਾ ਜੁਦਾ ਕੰਮ ਲੈਂਦਾ ਹੈ, ਉਵੇਂ ਹੀ ਉਹ ਚੋਜੀ ਪ੍ਰੀਤਮ ਆਪਣੇ ਰਚੇ ਨਿਯਮਾਂ ਤੋਂ ਸ੍ਰਿਸ਼ਟੀ ਦੇ ਨਾਨਾ ਕਾਰਜ ਕਰ ਰਿਹਾ ਹੈ, ਪਰ ਇਸ ਗੁਪਤ ਕੌਤਕ ਦੀ ਲਖਤਾ ਭੀ ਕਿਸੇ ਗੁਰੂ ਦਰੋਂ ਵਰੋਸਾਏ ਗੁਰਮੁਖ ਨੂੰ ਹੀ ਹੋਇਆ ਕਰਦੀ ਹੈ।

## ੧੯. ਸ੍ਰਿਸ਼ਟੀ ਤੇ ਕਰਤੇ ਦਾ ਸੰਬੰਧ ਤੇ ਪ੍ਰਬੰਧ

੧. ਪਵਣ ਗੁਰੂ ਗੁਰ ਸਬਦ ਹੈ
ਰਾਗ ਨਾਦ ਵੀਚਾਰਾ।
੨. ਮਾਤ ਪਿਤਾ ਜਲੁ ਧਰਤਿ ਹੈ
ਉਤਪਤਿ ਸੰਸਾਰਾ।
੩. ਦਾਈ ਦਾਇਆ ਰਾਤ ਦਿਹੁ
ਵਰਤੇ ਵਰਤਾਰਾ।
੪. ਸ਼ਿਵ ਸ਼ਕਤੀ ਦਾ ਖੇਲ ਮੇਲ
ਪਰਕਿਰਤ ਪਸਾਰਾ।
੫. ਪਾਰਬ੍ਰਹਮ ਪੂਰਨ ਬ੍ਰਹਮ
ਘਟ ਚੰਦ੍ਰ ਅਕਾਰਾ।
੬. ਆਪੇ ਆਪ ਵਰੱਤਦਾ
ਗੁਰਮੁਖ ਨਿਰਧਾਰਾ ॥੧੯॥

*ਪਦ ਅਰਥ :* ਗੁਰ ਸਬਦ—ਗੁਰੂ ਬਚਨ (ਉਪਦੇਸ਼)। ਸ਼ਿਵ ਸ਼ਕਤੀ—ਪ੍ਰਭੂ ਦੀ ਚੇਤਨ ਸਕਤੀ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਆਪ ਜੀ ਇਸ ਸ੍ਰਿਸ਼ਟੀ ਤੇ ਸ੍ਰਿਸ਼ਟੀ ਦੇ ਕਰਤੇ ਦਾ ਪਰਸਪਰ ਕੀ ਸੰਬੰਧ ਅਤੇ ਪ੍ਰਬੰਧ ਅਨੁਭਵ ਕਰਦੇ ਹੋ?

(੧) ਉ: (ਹੇ ਭਾਈ! ਜੇ ਅਸੀਂ ਪਹਿਲੋਂ ਸ੍ਰਿਸ਼ਟੀ ਦੀ ਅਰੰਭਤਾ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਇਉਂ ਹੀ ਪ੍ਰਤੀਤ ਹੋਵੇਗਾ ਕਿ ਇਹ) ਪੌਣ ਗੁਰੂ ਹੈ (ਤੇ) ਗੁਰੂ

ਸਬਦ ਹੈ (ਇਸ ਤੋਂ) ਰਾਗ ਨਾਦ ਦੇ ਵਿਚਾਰ ਹੁੰਦੇ ਹਨ। ਭਾਵ ਰਾਗ ਨਾਦ ਦਾ ਵੀਚਾਰ (ਸਮਝ) ਪੈਂਦਾ ਹੈ।

(੨) ਧਰਤੀ ਮਾਤਾ ਹੈ, ਜਲ ਪਿਤਾ ਹੈ, ਇਨ੍ਹਾਂ (ਤੱਤਾਂ ਤੋਂ) ਸੰਸਾਰ ਦੀ ਉੱਤਪਤੀ ਹੋਈ ਹੈ।

(੩) ਰਾਤ (ਸਵਾਉਣ ਵਾਲੀ) ਦਾਈ ਤੇ ਦਿਨ (ਖਿਡਾਉਣ ਵਾਲਾ) ਦਾਇਆ ਹੈ, (ਇਨ੍ਹਾਂ ਦੇ) ਵਰਤਾਰੇ (ਵਿਖੇ ਜਗਤ) ਵਰਤਦਾ ਹੈ।

(੪) ਸ਼ਿਵ ਸ਼ਕਤੀ (ਭਾਵ ਚੇਤਨ ਤੇ ਜੜ੍ਹ ਰੂਪ ਸ਼ਕਤੀਆਂ) ਦੇ ਮੇਲ ਨਾਲ ਸੰਸਾਰ ਰਚਾ ਦਿੱਤਾ ਹੈ।

(੫) (ਇਸ ਸਾਰੀ ਰਚਨਾ ਵਿਚ) ਪਾਰਬ੍ਰਹਮ (ਪ੍ਰਭੂ ਜੀ ਇਉਂ) ਪੂਰਨ ਰੂਪ ਰਸੇ ਹੋਏ ਹਨ, ਜਿਵੇਂ ਘੜੇ ਦੇ ਪਾਣੀ ਵਿਚ ਚੰਦ੍ਰਮਾ ਦਾ ਪ੍ਰਤੀਬਿੰਬ ਲਿਸ਼ਕਦਾ ਹੈ।

(੬) (ਸੋ ਇਉਂ ਉਹ ਪ੍ਰਭੂ) ਆਪੇ ਆਪ ਹੀ (ਸਭ ਪਾਸੇ) ਵਰਤ ਰਿਹਾ ਹੈ, (ਪਰ) ਗੁਰਮੁਖਾਂ (ਗੁਰੂ ਤੋਂ ਵਰੋਸਾਏ ਸ੍ਰੇਸ਼ਟ ਜਨਾਂ) ਦਾ ਆਧਾਰ (ਆਸਰਾ) ਰੂਪ (ਬਣ ਰਿਹਾ) ਹੈ।੧੯।

*ਭਾਵਾਰਥ :* ਇਸ ਪਉੜੀ ਵਿਚ ਕਈ ਕੁ ਉਦਾਹਰਣ ਦੇ ਕੇ ਭਾਈ ਸਾਹਿਬ ਗੁਰਮੁਖਾਂ ਦੀ ਮਾਨਸਿਕ ਅਵਸਥਾ ਅੰਕਿਤ ਕਰਦੇ ਹਨ ਕਿ ਗੁਰਮੁਖ ਅੰਤਰ ਆਤਮੇ ਵੀਚਾਰ ਕਰਕੇ ਇਸ ਗਿਆਨ ਵਿਚ ਲਿਵਲੀਨ ਹੋ, ਪਾਰਬ੍ਰਹਮ ਦੇ ਆਸ਼੍ਰਤ ਹੋ ਜਾਂਦੇ ਹਨ।

## ੨੦. ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ

੧. ਫੁੱਲਾਂ ਅੰਦਰ ਵਾਸੁ ਹੈ
ਹੋਇ ਭਵਰ ਲੁਭਾਣਾ।
੨. ਅੰਬਾਂ ਅੰਦਰ ਰਸ ਧਰੇ
ਕੋਇਲ ਰਸ ਮਾਣਾ।
੩. ਮੋਰ ਬੰਬੀਹਾ ਹੋਇ ਕੈ
ਘਣ ਵਰਸ ਸਿਵਾਣਾ।
੪. ਖੀਰ ਨੀਰ ਸੰਜੋਗ ਹੋਇ
ਕਲੀਕੰਦ ਵਖਾਣਾ।
੫. ਓਅੰਕਾਰ ਆਕਾਰ ਕਰ
ਹੁਇ ਪਿੰਡ ਪਰਾਣਾ।
੬. ਆਪੇ ਆਪ ਵਰੱਤਦਾ
ਗੁਰਮੁਖ ਪਰਵਾਣਾ ॥੨੦॥੨॥

*ਪਦ ਅਰਥ :* ਵਾਸੁ—ਵਾਸ਼ਨਾ। ਰਸ—ਮਿਠਾਸ। ਧਰੇ—ਪਾ ਕੇ। ਖੀਰ—ਦੁੱਧ। ਕਲੀਕੰਦ—ਮਿਠਾਈ, ਬਰਫ਼ੀ ਅਥਵਾ ਕਲੀ ਤੇ ਫਲ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਸ ਰਚਨਹਾਰ ਕਰਤਾਰ ਨੂੰ ਸਾਰੀ ਬਨਸਪਤੀ ਦੇ ਅੰਦਰ ਵਿਆਪਕ ਰੂਪ ਕਿਵੇਂ ਅਨੁਭਵ ਕੀਤਾ ਜਾਵੇ ?

(੧) ਉ: ਹੇ ਭਾਈ! ਜਦੋਂ ਕੋਈ ਖੋਜੀ ਬਰੀਕਬੀਨੀ ਨਾਲ ਪੜਚੋਲ ਕਰੇਗਾ ਤਾਂ ਉਸ ਨੂੰ ਇਉਂ ਹੀ ਸੂਝ ਪਵੇਗੀ ਕਿ ਫੁਲਾਂ ਅੰਦਰ ਵਾਸ਼ਨਾ (ਭੀ ਉਹ ਕਰਤਾਰ ਆਪ ਹੀ) ਹੈ, (ਪਰ) ਭੌਰਾ (ਬਣ ਕੇ ਉਹ ਆਪ ਹੀ ਉਸਦੀ ਵਾਸ਼ਨਾ ਦਾ) ਲੋਭੀ ਹੋ ਰਿਹਾ ਹੈ।

(੨) ਅੰਬਾਂ ਵਿਚ ਰਸ ਮਿਠਾਸ ਵੀ ਆਪ ਹੀ ਧਰਦਾ ਹੈ ਤੇ ਆਪ ਹੀ ਕੋਇਲ (ਰੂਪ ਹੋ) ਰਸ ਮਾਣਦਾ ਹੈ।

(੩) ਮੋਰ ਬਬੀਹਾ ਬਣ (ਆਪ ਹੀ) ਆਪਣੇ ਵਰ੍ਹਾਏ ਘਣੇ ਵੱਸ ਰਹੇ (ਮੀਂਹ) ਵਿਚ (ਆਪਣੇ ਆਪ ਨੂੰ) ਪਛਾਣਦਾ ਹੈ।

(੪) ਜਿਵੇਂ ਦੁੱਧ ਤੇ ਪਾਣੀ ਦਾ ਸੰਜੋਗ (ਮੇਲ ਹੁੰਦਾ, ਹੈ ਤੇ ਕਲੀਕੰਦ (ਬਰਫ਼ੀ ਜਾਂ ਪੇਠੇ ਦੀ ਮਿਠਿਆਈ ਦਾ) ਸੰਜੋਗ ਹੁੰਦਾ ਹੈ।

(੫) ਇਵੇਂ ਹੀ ਓਅੰਕਾਰ (ਪ੍ਰਭੂ ਆਪਣਾ) ਆਕਾਰ ਬਣਾ (ਉਨ੍ਹਾਂ ਵਿਚ) ਸਰੀਰ ਤੇ ਪ੍ਰਾਣ ਬਣ ਜਾਂਦਾ ਹੈ।

(੬) ਉਹ ਆਪੇ ਹੀ ਆਪ ਵਰਤ ਰਿਹਾ ਹੈ (ਜਿਸਨੂੰ) ਗੁਰਮੁਖਾਂ ਨੇ ਹੀ ਪ੍ਰਵਾਣ ਭਾਵ ਜ਼ਾਹਰਾ ਰੂਪ ਪ੍ਰਤੱਖ ਕਰਕੇ ਜਾਣਿਆ ਹੈ।੨੦।੨।

*ਭਾਵਾਰਥ :* ਇਹੋ ਹੀ ਸਿੱਧ ਹੁੰਦਾ ਹੈ ਕਿ ਉਹ ਪਰਮੇਸ਼ਰ ਪ੍ਰੇਮ ਰੂਪ ਹੈ ਅਤੇ ਪ੍ਰੇਮ ਸਰੂਪ ਹੋ ਕੇ ਫੁਲ, ਫਲ, ਪੱਤ੍ਰ ਬਨਸਪਤੀ ਵਿਚ ਪਸਰ ਰਿਹਾ ਹੈ, ਜਦੋਂ ਅਸੀਂ ਡੂੰਘੀਆਂ ਨਜ਼ਰਾਂ ਰਾਹੀਂ ਤਕਾਂਗੇ ਤਾਂ ਸਾਨੂੰ ਉਹ ਪ੍ਰੇਮ ਚਮਤਕਾਰੇ ਮਾਰ ਕੇ ਅਨੰਦ ਲੱਭਣ ਦੁਆਰਾ ਆਪਣਾ ਪਤਾ ਦੇ ਰਿਹਾ ਹੁੰਦਾ ਹੈ।

ਦੂਜੀ ਵਾਰ ਸਮਾਪਤ।

# ਵਾਰ ੩

ੴ ਸਤਿਗੁਰ ਪ੍ਰਸਾਦਿ ॥

## ੧. ਆਦਿ ਪੁਰਖ ਦਾ ਮੰਗਲਾਚਰਨ

**੧. ਆਦਿ ਪੁਰਖ ਆਦੇਸ, ਆਦਿ ਵਖਾਣਿਆ।**
**੨. ਸੋ ਸਤਿਗੁਰ ਸਚ ਵੇਸ, ਸਬਦ ਸਿਞਾਣਿਆ।**
**੩. ਸ਼ਬਦ ਸੁਰਤਿ ਉਪਦੇਸ਼, ਸੱਚ ਸਮਾਣਿਆ।**
**੪. ਸਾਧਸੰਗਤ ਸਚ ਦੇਸ, ਘਰ ਪਰਵਾਣਿਆ।**
**੫. ਪ੍ਰੇਮ ਭਗਤਿ ਆਵੇਸ ਸਹਜ ਸੁਖਾਣਿਆ।**
**੬. ਭਗਤ ਵਛਲ ਪਰਵੇਸ਼ ਮਾਣ ਨਿਮਾਣਿਆ।**
**੭. ਬ੍ਰਹਮਾ ਬਿਸ਼ਨ ਮਹੇਸ ਅੰਤੁ ਨ ਜਾਣਿਆ।**
**੮. ਸਿਮਰੇ ਸਹਸ ਫਣੇਸ਼ ਤਿਲ ਨ ਪਛਾਣਿਆ।**
**੯. ਗੁਰਮੁਖ ਦਰ ਦਰਵੇਸ਼ ਸੱਚੁ ਸੁਹਾਣਿਆ ॥੧॥**

*ਪਦ ਅਰਥ :* ਆਦੇਸੁ—ਨਮਸਕਾਰ। ਸੁਖਾਣਿਆ—ਸੁਖ+ਆਣਿਆ—ਪ੍ਰਾਪਤ ਸੁਖ। ਦਰ—ਸਤਿਸੰਗ ਦਾ ਬੂਹਾ। ਸੁਹਾਣਿਆ—ਸੋਹਣਾ ਲਗਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਹਰ ਗ੍ਰੰਥ ਕਰਤਾ ਆਪਣੇ ਗ੍ਰੰਥ ਦੇ ਅਰੰਭ ਵਿਚ ਆਪੋ ਆਪਣੇ ਭਿੰਨ ਭਿੰਨ ਇਸ਼ਟ ਦੇਵ ਦਾ ਮੰਗਲਾਚਰਨ ਕਰਦੇ ਹਨ, ਪਰ ਤੁਸੀਂ ਕਿਸ ਦਾ ਮੰਗਲ ਕਰਨ ਵਿਚ ਯਕੀਨ ਰਖਦੇ ਹੋ?

(੧) ਉ: ਹੇ ਭਾਈ! ਮੇਰੀ ਤਾਂ ਉਸੇ ਆਦਿ ਪੁਰਖ (ਪ੍ਰਭੂ ਪਰਮੇਸ਼ਰ) ਨੂੰ ਨਮਸਕਾਰ ਹੈ, ਜੋ ਸਭ ਦਾ ਆਦਿ (ਮੁੱਢ ਭਾਵ ਕਰਤਾ) ਕਿਹਾ ਜਾਂਦਾ ਹੈ।

ਪ੍ਰ: ਕਿਉਂ ਜੀ, ਤੁਸੀਂ ਸਤਿਗੁਰੂ ਕਿਸਨੂੰ ਅਨੁਭਵ ਕਰਦੇ ਹੋ?

(੨) ਉ: ਹੇ ਭਾਈਓ! ਮੈਂ ਤਾਂ ਇਉਂ ਹੀ ਨਿਸਚਾ ਕਰਦਾ ਹਾਂ ਕਿ ਉਹੋ ਸਤਿਗੁਰੂ ਜੀ ਸੱਚੇ ਸਰੂਪ (ਸੱਚੇ ਵੇਸ, ਪਹਿਰਾਵੇ) ਵਾਲੇ ਹਨ, ਜਿਨ੍ਹਾਂ ਨੇ ਧੁਰੋਂ ਆਏ ਸਬਦ (ਉਪਦੇਸ਼) ਨਾਲ ਉਸ ਆਦਿ ਪੁਰਖ ਪ੍ਰਭੂ ਨੂੰ ਜਾਣ ਪਛਾਣ ਲਿਆ ਹੈ।

ਪ੍ਰ: ਕਿਉਂ ਜੀ, ਉਸ ਸਤਿਗੁਰੂ ਵਿਚ ਹੋਰ ਕੀ ਵਿਸ਼ੇਸ਼ਤਾ ਹੈ?

(੩) ਉ: ਹੇ ਭਾਈ! ਉਸ ਸਤਿਗੁਰੂ ਜੀ ਨੇ ਸ਼ਬਦ (ਉਪਦੇਸ਼ ਨੂੰ) ਸੁਰਤ ਧਿਆਨ ਵਿਚ ਬਿਠਾ ਕੇ (ਆਪਣੇ ਸਿੱਖਾਂ, ਜਗਿਆਸੂਆਂ ਨੂੰ) ਸੱਚੇ ਪ੍ਰਭੂ ਦੇ ਧਿਆਨ ਵਿਚ ਲਗਾ ਦਿੱਤਾ (ਭਾਵ ਲਿਵਲੀਨ ਕਰ ਦਿੱਤਾ) ਹੈ।

ਪ੍ਰ: ਕਿਉਂ ਜੀ, ਐਸੇ ਸਤਿਗੁਰੂ ਦਾ ਉਪਦੇਸ਼ ਹਾਸਲ ਕਰਨ ਲਈ ਸੱਚਾ ਅਸਥਾਨ ਕਿਹੜਾ ਹੈ?

(੪) ਉ: ਹੇ ਪਿਆਰੇ! ਮੈਨੂੰ ਤਾਂ ਦੇਰਕਾਲ ਖੋਜ ਕਰਨ ਤੋਂ ਉਪਰੰਤ ਇਉਂ ਹੀ ਨਿਸਚਾ ਹੋ ਆਇਆ ਹੈ ਕਿ ਇਕ ਸਾਧ ਸੰਗਤ (ਹੀ) ਸੱਚਾ ਉਪਦੇਸ਼ (ਗੁਰ ਸਿਖਿਆ ਪ੍ਰਾਪਤ ਕਰਨ ਦਾ ਸੱਚਾ ਅਸਥਾਨ) ਹੈ, ਤੇ ਇਹੀ ਅਸਥਾਨ (ਭਾਵ ਘਰ) ਸੱਚੇ ਸਤਿਗੁਰੂ ਦਾ ਪ੍ਰਮਾਣੀਕ ਹੈ।

(੫) ਕਿਉਂਕਿ, ਇਸੇ ਅਸਥਾਨ ਤੋਂ ਹੀ ਜਗਿਆਸੂ ਦਾ ਪ੍ਰੇਮਾ ਭਗਤੀ ਵਿਖੇ ਪ੍ਰਵੇਸ਼ (ਹੋ ਕੇ ਜਗਿਆਸੂ ਨੂੰ) ਸਹਿਜ ਸੁਖ (ਦੀ ਪ੍ਰਾਪਤੀ ਹੁੰਦੀ) ਹੈ।

ਪ੍ਰ: ਕਿਉਂ ਜੀ, ਜਿਨ੍ਹਾਂ ਸਿੱਖਾਂ ਦਾ ਗੁਰੂ ਦੇ ਉਪਦੇਸ਼ ਨਾਲ ਸੰਜੋਗ ਹੋ ਗਿਆ ਉਨ੍ਹਾ ਦੇ ਅੰਦਰ ਕੀ ਵਿਸ਼ੇਸ਼ਤਾ ਪਾਈ ਜਾਂਦੀ ਹੈ?

(੬) ਉ: ਹੇ ਪਿਆਰੇ! ਜਿਨ੍ਹਾਂ ਜਗਿਆਸੂਆਂ ਜਾਂ ਸਿੱਖਾਂ ਦਾ ਗੁਰੂ ਦੇ ਉਪਦੇਸ਼ ਨਾਲ ਭਗਤ ਵਛਲ (ਪ੍ਰਭੂ) ਨਾਲ ਪਰਵੇਸ਼ (ਮਿਲਾਪ) ਹੈ (ਉਹ) ਨਿਮਾਣਿਆਂ ਦੇ ਮਾਣ (ਬਣ ਜਾਂਦੇ) ਹਨ, ਜਿਵੇਂ ਕਿ ਸ੍ਰੀ ਗੁਰੂ ਅੰਗਦ ਦੇਵ ਜਾਂ ਗੁਰੂ ਅਮਰਦਾਸ ਜੀ ਤੇ ਬਾਕੀ ੯ ਸਤਿਗੁਰੂ ਸਾਹਿਬਾਨ।

ਪ੍ਰ: ਭਾਈ ਸਾਹਿਬ ਜੀਓ! ਉਸ ਆਦਿ ਪੁਰਖ ਬਾਰੇ ਕੁੱਝ ਜਾਣਕਾਰੀ ਦਿਓ?

(੭) ਉ: ਹੇ ਭਾਈਓ! ਜਦੋਂ ਪੁਰਾਤਨ ਸ਼ਾਸਤ੍ਰਾਂ ਦੀ ਪੜਚੋਲ

ਕੀਤੀ ਜਾਏ ਤਾਂ ਇਉਂ ਹੀ ਸੋਝੀ ਮਿਲਦੀ ਹੈ ਕਿ ਉਸ ਰਚਨਹਾਰ ਕਰਤਾਰ ਦਾ ਬ੍ਰਹਮਾ, ਵਿਸ਼ਨੂੰ ਤੇ ਸ਼ਿਵ (ਵਰਗੇ ਵੱਡੇ ਦੇਵਤਿਆਂ ਨੇ ਭੀ) ਅੰਤ ਨਹੀਂ ਪਾਇਆ।

(੮) ਤੇ ਸ਼ੇਸ਼ ਨਾਗ ਹਜਾਰਾਂ ਫਣਾਂ ਵਾਲਾ (ਰੋਜਾਨਾ) ਸਿਮਰਦਾ ਹੈ, ਪਰ ਰਤਾ ਭਰ (ਵੀ ਅੰਤ) ਨਹੀਂ ਜਾਣ ਸੱਕਿਆ।

ਪ੍ਰ: ਕਿਉਂ ਜੀ, ਕੀ ਉਸ ਪ੍ਰਭੂ ਦੀ ਆਖ਼ਰ ਕਿਸੇ ਨੂੰ ਸੂਝ ਬੂਝ ਭੀ ਹੋ ਸੱਕੀ ਹੈ?

(੯) ਉ: ਹੇ ਭਾਈ! ਜਿਹੜੇ ਗੁਰਮੁਖ ਸਾਧ ਸੰਗਤ ਦੇ ਦਰ ਦੇ ਦਰਵੇਸ਼ (ਉਸਦੇ ਆਸਰੇ ਪਰਨੇ) ਹੋ ਗਏ, ਉਨ੍ਹਾਂ ਨੂੰ ਹੀ ਸੱਚੇ ਤੇ ਸੱਚ ਦਾ ਪ੍ਰਤੀਕ ਪ੍ਰਭੂ ਜਾਂ ਪ੍ਰਭੂ ਰੂਪ ਸਤਿਗੁਰੂ ਜੀ ਸੋਹਣੇ ਲੱਗੇ ਹਨ।੧।

*ਭਾਵਾਰਥ :* ਇਸ ਪਹਿਲੀ ਪਉੜੀ ਦੀ ਪਹਿਲੀ ਪੰਗਤੀ ਦੇ ਕਈ ਗਿਆਨੀ ਸਜਨ ਆਦਿ ਪੁਰਖ ਦਾ ਅਰਥ ਗੁਰੂ ਨਾਨਕ ਦੇਵ ਜੀ ਭੀ ਕਰਦੇ ਹਨ, ਕਿਉਂਕਿ ਉਹ ਆਦਿ ਗੁਰੂ ਸਨ, ਇਸ ਕਰਕੇ ਇਹ ਮੰਗਲਾਚਰਨ ਦੀ ਪਉੜੀ ਉਨ੍ਹਾਂ ਦੀ ਸੇਵਾ ਵਿਚ ਹੀ ਹੈ, ਪਰ ਕਈ ਸਜਨ ਪਹਿਲੀ ਤੁੱਕ ਵਾਹਿਗੁਰੂ ਅਰਥਾਂ ਵਿਚ ਰਖਦੇ ਹਨ ਤੇ ਬਾਕੀ ਦੀਆਂ ਗੁਰੂ ਸਾਹਿਬਾਂ ਵੱਲ।

ਹੁਣ ਅਗਲੀ ਪਉੜੀ ਵਿਚ ਗੁਰੂ ਨਾਨਕ ਅਤੇ ਗੁਰੂ ਅੰਗਦ ਜੀ ਦਾ ਅਭੇਦ ਪੱਖ ਵਿਖੇ ਵਰਣਨ ਕਰਦੇ ਹਨ।

## ੨. ਗੁਰੂ ਚੇਲੇ ਦੀ ਪਰਸਪਰ ਨੇੜਤਾ

੧. ਗੁਰ ਚੇਲੇ ਰਹਰਾਸਿ ਅਲਖ ਅਭੇਉ ਹੈ।
੨. ਗੁਰ ਚੇਲੇ ਸਾਬਾਸਿ ਨਾਨਕ ਦੇਉ ਹੈ।
੩. ਗੁਰਮਤ ਸਹਜਿ ਨਿਵਾਸ ਸਿਫਤ ਸਮੇਉ ਹੈ।
੪. ਸ਼ਬਦ ਸੁਰਤ ਪਰਗਾਸ ਅਛਲ ਅਛੇਉ ਹੈ।
੫. ਗੁਰਮੁਖ ਆਸ ਨਿਰਾਸ ਮਤਿ ਅਰਖੇਉ ਹੈ।
੬. ਕਾਮ ਕਰੋਧ ਵਿਣਾਸ ਸਿਫਤ ਸਮੇਉ ਹੈ।
੭. ਸਤਿ ਸੰਤੋਖ ਉਲਾਸ ਸ਼ਕਤਿ ਨ ਸੇਉ ਹੈ।
੮. ਘਰ ਹੀ ਵਿਚ ਉਦਾਸ ਸੱਚ ਸੁਚੇਉ ਹੈ।
੯. ਵੀਹ ਇਕੀਹ ਅਭਿਆਸ ਗੁਰ ਸਿਖ ਦੇਉ ਹੈ ।੨।

*ਪਦ ਅਰਥ :* ਰਹਰਾਸਿ—ਰਹੁਰੀਤ, ਗੁਰੂ ਚੇਲੇ ਦੀ ਏਕਤਾ, ਦੋ ਤੋਂ ਇਕ ਰੂਪ ਹੋ ਜਾਣਾ। ਅਲਖ—ਜੋ ਨਾ ਲਖੀ ਜਾਵੇ। ਅਭੇਉ—ਜਿਸਦਾ ਭੇਦ ਨਾ ਲੱਭੇ, ਜਾਣਿਆ ਨਾ ਜਾਏ, ਦਿੱਸਣ ਤੋਂ ਰਹਿਤ। ਸਮੇਉ—ਇਕ ਮਿਕ ਹੋ ਜਾਣਾ। ਅਰਖੇਉ—ਉੱਚੀ ਤੇ ਅਤਿ ਬਰੀਕ, ਸੂਖ਼ਮ। ਉਲਾਸ—ਖੇੜਾ, ਪ੍ਰਸੰਨਤਾ, ਅਨੰਦ। ਸੇਉ—ਸ਼ਿਵ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਓ! ਆਪ ਗੁਰੂ ਤੇ ਚੇਲੇ ਦੀ ਏਕਤਾ ਅਤੇ ਰਹੁਰੀਤੀ ਨੂੰ ਕਿਸ ਰੂਪ ਵਿਚ ਅਨੁਭਵ ਕਰਦੇ ਹੋ?

(੧) ਉ: ਹੇ ਭਾਈਓ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਗੁਰੂ ਤੇ ਚੇਲੇ ਦੀ ਏਕਤਾ ਦੋ ਤੋਂ ਇਕ ਰੂਪ ਬਣ ਜਾਣਾ ਹੈ ਤੇ ਰਹੁਰੀਤੀ (ਐਸੀ ਹੈ) ਜੋ ਨ (ਆਮ) ਦਿੱਸਦੀ ਹੈ, ਨ ਜਾਣੀ ਜਾਂਦੀ ਹੈ (ਭਾਵ ਭੇਦ ਰਹਿਤ ਹੈ)।

(੨) ਹੇ ਪਿਆਰੇ! ਇਉਂ ਹੀ ਕਹਿਣਾ ਬਣਦਾ ਹੈ ਕਿ ਗੁਰੂ ਤੇ ਚੇਲਾ ਧੰਨਤਾ ਯੋਗ ਹਨ (ਜੋ ਇੱਕੋ) ਗੁਰੂ ਨਾਨਕ ਦੇਉ ਦਾ ਹੀ ਰੂਪ ਹਨ (ਭਾਵ ਨਾਮ ਦੋ ਹਨ ਪਰ ਰੂਪ ਇਕੋ ਹੀ ਹੈ)।

ਪ੍ਰ: ਕਿਉਂ ਜੀ, ਚੇਲੇ ਗੁਰੂ ਅੰਗਦ ਦੇਵ ਜੀ ਦੀ ਮਾਨਸਿਕ ਅਵਸਥਾ ਨੂੰ ਆਪ ਜੀ ਕਿਸ ਰੂਪ ਵਿਚ ਅਨੁਭਵ ਕਰਦੇ ਹੋ?

(੩) ਉ: ਹੇ ਭਾਈਓ! ਇਉਂ ਹੀ ਕਿਹਾ ਜਾ ਸਕਦਾ ਹੈ ਕਿ ਚੇਲੇ ਗੁਰੂ ਅੰਗਦ ਦੇਵ ਜੀ ਦਾ ਗੁਰੂ ਦੇ ਉਪਦੇਸ਼ ਦੁਆਰਾ ਸਹਿਜ ਅਵਸਥਾ ਵਿਖੇ ਨਿਵਾਸ ਹੋ ਗਿਆ ਹੈ ਤੇ ਸਿਫਤ ਸਾਲਾਹ ਵਿਖੇ ਹੀ ਲਿਵਲੀਨ ਹੋ ਗਏ ਹਨ।

ਪ੍ਰ: ਕਿਉਂ ਜੀ, ਆਖ਼ਰ ਉਨ੍ਹਾਂ ਦੀ ਮਾਨਸਿਕ ਅਵਸਥਾ ਦਾ ਟਿਕਾਅ ਕਿਥੇ ਹੋ ਗਿਆ ਸੀ?

(੪) ਉ: ਹੇ ਭਾਈਓ! ਉਨ੍ਹਾਂ ਦੀ ਸੁਰਤਿ ਦਾ ਸ਼ਬਦ ਵਿਚ ਪਰਗਾਸ (ਹੁੰਦੇ ਹੀ ਉਹ) ਅਛੱਲ, (ਨਾ ਛਲੇ ਜਾਣ ਵਾਲੇ) ਅਭੇਉ (ਭੇਦ ਰਹਿਤ, ਭਾਵ ਸਮਝ ਵਿਚ ਨ ਆਉਣ ਵਾਲੀ ਅਵਸਥਾ ਦੇ ਮਾਲਕ ਬਣ ਗਏ) ਹਨ।

(੫) (ਹੁਣ ਉਹ ਗੁਰੂ ਤੋਂ ਵਰੋਸਾ ਕੇ) ਗੁਰਮੁਖ ਆਸਾ ਤੇ ਨਿਰਾਸਾ (ਵਿਚ ਇਕ ਸਮਾਨ ਰਹਿਣ ਵਾਲੀ) ਉੱਚੀ (ਤੇ ਨਾ ਸਮਝ ਆ ਸੱਕਣ ਵਾਲੀ ਸੂਖ਼ਮ ਮੱਤ ਦੇ ਮਾਲਕ, ਚੜ੍ਹਦੀ ਕਲਾ ਦੇ ਵਿਚ ਰਹਿਣ ਵਾਲੇ ਬਣ ਗਏ ਹਨ।

(੬) (ਅਤੇ) ਉਨ੍ਹਾਂ ਦੇ ਅੰਦਰੋਂ ਕਾਮ, ਕ੍ਰੋਧ ਦਾ ਨਾਸ਼, (ਹੋ ਚੁੱਕਾ ਹੈ, ਉਹ ਸੱਚੇ ਪ੍ਰਭੂ ਦੀ ਸੱਚੀ) ਸਿਫ਼ਤ ਸਾਲਾਹ ਵਿਚ ਲਿਵਲੀਨ ਹੋ ਗਏ ਹਨ।

(੭) (ਹੁਣ ਉਨ੍ਹਾਂ ਦੇ ਮਨ ਵਿਚ ਹਰ ਸਮੇਂ) ਸਤ, ਸੰਤੋਖ ਤੇ ਪ੍ਰਸੰਨਤਾ ਹੈ, (ਅਤੇ) ਸ਼ਿਵ ਸ਼ਕਤੀ (ਦੋਹਾਂ) ਦਾ ਅਭਾਵ ਹੈ।

(੮) (ਉਹ) ਘਰ (ਭਾਵ ਗ੍ਰਹਿਸਥ) ਵਿਚ ਹੀ ਉਦਾਸ (ਤੇ ਤਨ ਮਨ ਦੇ) ਸੱਚੇ ਸੁੱਚੇ ਹਨ।

(੯) (ਇਥੇ ਪੁੱਜ ਕੇ) ਗੁਰਦੇਵ ਤੇ ਸਿਖ ਦਾ ਵੀਹ ਵਿਸਵੇ (ਪੂਰਨ ਤੌਰ 'ਤੇ ਵਿਰਾਗਵਾਨ ਹੋ ਕੇ ਮੰਜ਼ਿਲ) ਇਕ ਹੀ ਇਕ ਈਸ਼ਵਰ ਦਾ ਹੀ ਆਸਰਾ ਤੇ ਅਭਿਆਸ ਹੈ (ਭਾਵ ਇਸੇ ਅਵਸਥਾ ਵਿਚ ਹੀ ਉਹ ਦ੍ਰਿੜ੍ਹ ਰਹਿੰਦੇ ਹਨ, ਪਰ ਫਿਰ ਭੀ ਇਸੇ ਅਵਸਥਾ ਵਿਚ ਰਹਿਣ ਦਾ ਅਭਿਆਸ ਵੀ ਕਰੀ ਜਾਂਦੇ ਹਨ, ਦੂਜੇ ਪਾਸੇ ਉਨ੍ਹਾਂ ਦਾ ਧਿਆਨ ਜਾਂਦਾ ਹੀ ਨਹੀਂ)।੨।

ਭਾਵ ਇਹੋ ਦਰਸਾ ਰਹੇ ਹਨ ਕਿ ਗੁਰੂ ਦਾ ਸਿਖ ਸ਼ਬਦ ਸੁਰਤਿ ਦਾ ਅਭਿਆਸ ਕਰਕੇ ਆਸਾ ਵਿਚ ਨਿਰਾਸ ਹੋ ਚੜ੍ਹਦੀ ਕਲਾ ਅੰਦਰ ਰਹਿ ਕੇ ਅਲੱਖ ਅਵਸਥਾ ਵਿਚ ਰਹਿ ਕੇ ਆਖ਼ਰ ਸਹਿਜ ਪਦ ਤੇ ਪਹੁੰਚਦਾ ਹੈ।

## ੩. ਗੁਰੂ ਤੇ ਚੇਲੇ ਦੀ ਅਭੇਦਤਾ ਹੋਰ ਭੀ ਦਰਸਾਉਂਦੇ ਹਨ

**੧. ਗੁਰ ਚੇਲਾ ਪਰਵਾਣ ਗੁਰਮੁਖ ਜਾਣੀਐ।**
**੨. ਗੁਰਮੁਖ ਚੋਜ ਵਿਡਾਣ ਅਕਥ ਕਥਾਣੀਐ।**
**੩. ਕੁਦਰਤ ਨੋਂ ਕੁਰਬਾਣ ਕਾਦਰ ਜਾਣੀਐ।**
**੪. ਗੁਰਮੁਖ ਜਗ ਮਿਹਮਾਣ ਜਗ ਮਿਹਮਾਣੀਐ।**
**੫. ਸਤਿਗੁਰ ਸਤਿ ਸੁਹਾਣ ਆਖ ਵਖਾਣੀਐ।**
**੬. ਦਰਿ ਢਾਢੀ ਦਰਵਾਣ ਚਵੈ ਗੁਰਬਾਣੀਐ।**
**੭. ਅੰਤਰਜਾਮੀ ਜਾਣ ਹੇਤ ਪਛਾਣੀਐ।**
**੮. ਸਚ ਸ਼ਬਦ ਨੀਸਾਣ ਸੁਰਤਿ ਸਮਾਣੀਐ।**
**੯. ਇਕੋ ਦਰ ਦੀਬਾਣ ਸ਼ਬਦ ਸਿਞਾਣੀਐ ॥੩॥**

*ਪਦ ਅਰਥ :* ਚੋਜ ਵਿਡਾਣ—ਅਸਚਰਜ ਕੌਤਕ। ਕੁਦਰਤ—ਪ੍ਰਭੂ ਦੀ ਨ ਸਮਝ ਆਉਣ ਵਾਲੀ ਲੀਲ੍ਹਾ। ਕਾਦਰ—ਸ੍ਰਿਸ਼ਟੀ ਦਾ ਕਰਤਾ। ਮਿਹਮਾਣੀਐ—ਪ੍ਰਾਹੁਣੇ ਵਾਂਗੂੰ ਸਤਿਕਾਰੇ ਜਾਂਦੇ ਹਨ। ਚਵੈ—ਬੋਲਣਾ। ਦੀਬਾਣ—ਆਸਰਾ। ਸ਼ਬਦ—ਸ਼ਬਦ ਦੁਆਰਾ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਓ! ਤੁਸੀਂ ਗੁਰਮਤਿ ਅਨੁਸਾਰ ਗੁਰੂ ਦਾ ਮੰਨਿਆ ਪ੍ਰਮੰਨਿਆ ਪੱਕਾ ਚੇਲਾ ਕਿਸਨੂੰ ਜਾਣਦੇ ਹੋ?

(੧) ਉ: (ਹੇ ਭਾਈ! ਗੁਰਮਤ ਦੀ ਪੜਚੋਲ ਕਰਨ ਤੋਂ ਮੈਨੂੰ ਤਾਂ ਇਉਂ ਹੀ ਅਨੁਭਵ ਹੋਇਆ ਹੈ ਕਿ) ਗੁਰੂ ਦਾ ਚੇਲਾ ਪ੍ਰਮਾਣੀਕ ਗੁਰਮੁਖ ਗੁਰੂ ਤੋਂ ਵਰੋਸਾਇਆ ਹੋਇਆ ਹੀ (ਪੱਕਾ ਚੇਲਾ) ਜਾਣਿਆ ਜਾਂਦਾ ਹੈ।

ਪ੍ਰ: ਕਿਉ ਜੀ, ਉਸਦੇ ਕੰਮ ਕਾਜ ਦੱਸੋ ਜਿਸ ਤੋਂ ਉਸਦੀ ਪਛਾਣ ਕਰ ਸਕੀਏ?

(੨) ਉ: ਹੇ ਭਾਈ! (ਅਸਲ ਵਿਚ ਉਸ) ਗੁਰਮੁਖ ਦੇ ਕੰਮ (ਚੋਜ) ਵੀ (ਗੁਰੂ ਵਾਂਗ) ਅਸਚਰਜ ਹੁੰਦੇ ਹਨ, ਜੋ ਕਿ ਬਿਆਨ ਨਹੀਂ ਕੀਤੇ ਜਾ ਸਕਦੇ (ਭਾਵ ਕਥਨ ਕਰਕੇ ਠੀਕ ਤਰ੍ਹਾਂ ਨਾਲ ਦੱਸੇ ਨਹੀਂ ਜਾ ਸਕਦੇ)।

(੩) (ਆਖ਼ਰ ਇਉਂ ਹੀ ਕਹਿਣਾ ਪਵੇਗਾ ਕਿ) ਕੁਦਰਤ (ਪ੍ਰਭੂ ਦੀ ਰਚਨਾ ਰੂਪ ਲੀਲ੍ਹਾ) ਤੋਂ ਬਲਿਹਾਰ ਜਾਈਏ, (ਜਿਸ ਨੂੰ ਵੇਖ ਕੇ) ਉਸ ਕਾਦਰ ਦੀ ਮਹੱਤਤਾ ਤੇ ਵਡਿਆਈ ਨੂੰ ਜਾਣਿਆ ਜਾਂਦਾ ਹੈ।

ਪ੍ਰ: ਕਿਉਂ ਜੀ, ਉਸ ਗੁਰਮੁਖ ਦੀ ਮਾਨਸਿਕ ਅਵਸਥਾ ਕਿਸ ਰੂਪ ਵਿਚ ਵਰਤਦੀ ਹੈ?

(੪) ਉ: ਹੇ ਭਾਈ! (ਉਹ) ਗੁਰਮੁਖ ਜਗਤ ਵਿਚ ਪ੍ਰਾਹੁਣੇ ਵਾਂਗ ਰਹਿੰਦੇ ਹਨ, ਭਾਵ ਉਹ ਆਪਣੇ ਆਪ ਨੂੰ ਪ੍ਰਾਹੁਣੇ ਵਾਂਗ ਸਮਝਦੇ ਹਨ ਕਿ ਇਸ ਸੰਸਾਰ ਵਿਚ ਦੋ ਚਾਰ ਦਿਨ ਹੀ ਠਹਿਰਨਾ ਹੈ ਪਰ ਸੰਸਾਰੀਆਂ ਵੱਲੋਂ ਜੋ ਸਤਿਕਾਰ ਹੁੰਦਾ ਹੈ, ਉਹ ਮਹਿਮਾਨਾਂ ਵਾਲਾ ਹੈ (ਭਾਵ ਗੁਰਮੁਖ ਮਹਿਮਾਨਾਂ ਵਾਂਗ ਸਤਿਕਾਰੇ ਜਾਂਦੇ ਹਨ)।

(੫) ਹੇ ਭਾਈਓ! ਉਹ ਗੁਰਮੁਖ ਹਮੇਸ਼ਾ ਇਹੋ ਗੱਲ ਆਖਦੇ ਤੇ ਕਥਨ ਕਰਦੇ ਹਨ ਕਿ (ਐ ਦੁਨੀਆ ਦੇ ਲੋਕੋ!) ਸਤਿਗੁਰ ਨੂੰ ਸੱਚ ਹੀ ਸੋਹਣਾ ਲੱਗਦਾ ਹੈ (ਭਾਵ ਉਸ ਦੇ ਦਰ ਵਿਚ ਕੇਵਲ ਸੱਚ ਹੀ ਕਬੂਲਿਆ ਜਾਂਦਾ ਹੈ)।

ਪ੍ਰ: ਉਹਨਾਂ ਗੁਰਮੁਖਾਂ ਦੀ ਹੋਰ ਕੀ ਪਛਾਣ ਹੈ?

(੬) ਉ: ਹੇ ਪਿਆਰੇ! (ਉਹ) ਗੁਰਮੁਖ ਸਤਿਗੁਰੂ ਦੇ ਦਰ ਦਾ ਢਾਢੀ (ਦਰਵਾਣ) ਬਣ ਕੇ ਗੁਰਬਾਣੀ ਹੀ ਬੋਲਦਾ ਹੈ ਭਾਵ ਗੁਰੂ ਦੇ ਸ਼ਬਦ (ਉਪਦੇਸ਼) ਦਾ ਹੀ ਜ਼ਿਕਰ ਜ਼ਕਾਰ ਕਰਦਾ ਹੈ।

(੭) ਉਹ ਗੁਰਮੁਖ ਅੰਤਰਜਾਮੀ (ਅਕਾਲ ਪੁਰਖ) ਦੇ ਹਿਤ (ਭਾਵ ਉਸਦੇ ਪੱਖ) ਨੂੰ ਪਛਾਣਦਾ (ਜਾਣਦਾ) ਹੈ।

(੮) ਅਸਲ ਵਿਚ ਜੇ ਸਹੀ ਵੀਚਾਰ ਕੀਤੀ ਜਾਏ ਤਾਂ ਗੁਰਮੁਖ ਕੋਲ ਨਿਸ਼ਾਨੀ (ਹੀ) ਸੱਚੇ ਦੇ ਸੱਚੇ ਸ਼ਬਦ (ਦੀ ਹੀ) ਹੁੰਦੀ ਹੈ, ਜਿਸ ਰਾਹੀਂ ਉਸਦੀ ਸੁਰਤੀ ਪ੍ਰਭੂ ਦੀ ਪ੍ਰੀਤੀ ਵਿਚ ਹੀ ਲਿਵਲੀਨ ਹੋ (ਭਾਵ ਸਮਾ) ਜਾਂਦੀ ਹੈ।

(੯) (ਅਤੇ) ਉਸ ਗੁਰਮੁਖ ਨੂੰ ਇਕੋ (ਸਾਧ ਸੰਗਤ ਦੇ) ਦਰ ਦਾ ਹੀ ਆਸਰਾ (ਤੇ ਓਟ) ਹੈ, ਜਿਥੋਂ ਗੁਰਬਾਣੀ ਦੇ ਸ਼ਬਦ ਦੇ ਸਹਾਰੇ (ਇਕ ਬ੍ਰਹਮ ਪਰਮੇਸ਼ਰ ਨੂੰ) ਪਛਾਣਦਾ (ਭਾਵ ਜਾਣ ਲੈਂਦਾ) ਹੈ।੩।

*ਭਾਵਾਰਥ :* 'ਗੁਰ ਚੇਲਾ' ਪ੍ਰਮਾਣੀਕ ਚੇਲੇ ਗੁਰੂ ਅੰਗਦ ਜੀ ਦੇ ਕੰਮ ਅਸਚਰਜ ਤੇ ਅਕੱਥ ਰੂਪ ਹਨ।

## ੪. ਗੁਰੂ ਤੇ ਚੇਲੇ ਦੀ ਏਕਤਾ

**੧. ਸ਼ਬਦ ਗੁਰੂ ਗੁਰ ਵਾਹ ਗੁਰਮੁਖ ਪਾਇਆ।**
**੨. ਚੇਲਾ ਸੁਰਤ ਸਮਾਹ ਅਲਖ ਲਖਾਇਆ।**
**੩. ਗੁਰ ਚੇਲੇ ਵੀਵਾਹ ਤੁਰੀ ਚੜ੍ਹਾਇਆ।**
**੪. ਗਹਿਰ ਗੰਭੀਰ ਅਥਾਹ ਅਜਰ ਜਰਾਇਆ।**
**੫. ਸੱਚਾ ਵੇਪਰਵਾਹ ਸੱਚ ਸਮਾਇਆ।**
**੬. ਪਾਤਿਸ਼ਾਹਾਂ ਪਾਤਿਸ਼ਾਹ ਹੁਕਮ ਚਲਾਇਆ।**
**੭. ਲਉਬਾਲੀ ਦਰਗਾਹ ਭਾਣਾ ਭਾਇਆ।**
**੮. ਸਚੀ ਸਿਫਤ ਸਲਾਹ ਅਪਿਉ ਪੀਆਇਆ।**
**੯. ਸ਼ਬਦ ਸੁਰਤਿ ਅਸਗਾਹ ਅਘੜ ਘੜਾਇਆ ॥੪॥**

*ਪਦ ਅਰਥ :* ਵੀਵਾਹ—ਮੇਲ ਮਿਲਾਪ। ਤੁਰੀ—ਤੁਰੀਆ ਪਦ, ਸਹਿਜ ਅਵਸਥਾ। ਲਉਬਾਲੀ—ਬੇਪਰਵਾਹ। ਅਪਿਉ—ਅੰਮ੍ਰਿਤ। ਅਸਗਾਹ—ਅਥਾਹ, ਬੇਹੱਦ। ਅਘੜ—ਮੂਰਖਾਂ ਵਾਲੀ ਦਸ਼ਾ।

*ਅਰਥ :*

ਪ੍ਰ: ਕਿਉਂ ਜੀ, ਗੁਰੂ ਅਤੇ ਗੁਰੂ ਤੋਂ ਸ਼ਬਦ ਪ੍ਰਾਪਤ ਕਰਨ ਵਾਲੇ ਚੇਲੇ ਨੂੰ ਆਪ ਜੀ ਕਿਸ ਰੂਪ ਵਿਚ ਸਤਿਕਾਰਦੇ ਹੋ ?

(੧) ਉ: ਹੇ ਭਾਈਓ! (ਮੈਂ ਤਾਂ ਆਪਣੇ ਅੰਤਰ ਆਤਮੇ ਇਉਂ ਹੀ ਅਨੁਭਵ ਕਰਦਾ ਹਾਂ ਕਿ) ਗੁਰੂ ਸ਼ਬਦ ਦੇਣ ਵਾਲਾ ਗੁਰੂ, ਧੰਨਤਾ ਯੋਗ ਹੈ ਅਤੇ ਉਹ ਗੁਰਮੁਖ ਵੀ ਧੰਨ ਹੈ ਜਿਸਨੇ ਗੁਰੂ ਤੋਂ ਸ਼ਬਦ ਪ੍ਰਾਪਤ ਕੀਤਾ ਹੈ।

(੨) ਹੇ ਪਿਆਰੇ! ਵੀਚਾਰ ਕਰਨ ਤੋਂ ਇਉਂ ਹੀ ਸੋਝੀ ਮਿਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਚੇਲੇ, ਪੈਰੋਕਾਰ ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਤੇ ਬਾਕੀ ਗੁਰੂਆਂ ਦੇ ਪੂਰੇ ਗੁਰੂ, ਗੁਰੂ ਨਾਨਕ ਦੇ ਚੇਲੇ ਅਖਵਾਏ (ਉਨ੍ਹਾਂ ਨੇ) ਸ਼ਬਦ ਨੂੰ (ਆਪਣੀ) ਸੁਰਤ ਵਿਚ ਮੇਲ ਕੇ (ਭਾਵ ਸ਼ਬਦ ਸੁਰਤ ਵਿਚ ਇਕ ਮਿਕ ਹੋ ਆਪ ਅਲਖ (ਨਾ ਲਖੇ ਜਾਣ ਵਾਲੇ ਪ੍ਰਭੂ) ਨੂੰ ਲਖਿਆ (ਦੇਖਿਆ, ਪਛਾਣਿਆ) ਤੇ ਹੋਰਨਾਂ ਨੂੰ ਦਿਖਾਇਆ।

ਪ੍ਰ: ਕਿਉਂ ਜੀ, ਚੇਲੇ ਅੰਗਦ ਨੂੰ ਗੁਰੂ ਮਿਲਾਪ ਦਾ ਆਖ਼ਰ ਫਲ ਕੀ ਹਾਸਲ ਹੋਇਆ ?

(੩) ਉ: ਹੇ ਭਾਈ! (ਜਦੋਂ ਗੁਰੂ ਅੰਗਦ) ਚੇਲੇ ਦਾ ਗੁਰੂ ਨਾਨਕ ਜੀ ਨਾਲ ਵੀਵਾਹ (ਭਾਵ ਮੇਲ) ਹੋਇਆ, ਤਾਂ ਗੁਰੂ ਨੇ ਚੇਲੇ ਨੂੰ ਤੁਰੀ (ਤੁਰੀਆ ਪਦ, ਸਹਿਜ ਅਵਸਥਾ) ਦੀ ਘੋੜੀ ਤੇ ਚੜ੍ਹਾ ਦਿੱਤਾ।

(੪) ਫਲ ਸਰੂਪ ਚੇਲੇ ਨੂੰ ਫਿਰ ਗੁਰੂ ਨੇ ਗਹਿਰ ਗੰਭੀਰ ਤੇ ਅਥਾਹ ਬਣਾ ਕੇ, ਐਸੀ ਅਵਸਥਾ ਵਿਚ ਪਹੁੰਚਾ ਦਿੱਤਾ ਕਿ ਜਿਸ ਵਿਚ ਚੇਲੇ ਦੇ ਹਿਰਦੇ ਅੰਦਰ ਨ ਜਰੇ ਜਾਣ ਵਾਲੇ ਹਾਲਾਤ ਨੂੰ ਜਰਨ ਦੀ ਸ਼ਕਤੀ ਪੈਦਾ ਕਰ ਦਿੱਤੀ।

(੫) ਚੇਲਾ ਗੁਰੂ ਅੰਗਦ ਦੇਵ ਫਿਰ ਸੱਚੇ ਬੇਪ੍ਰਵਾਹ ਹੋ ਕੇ ਪ੍ਰਭੂ ਦੇ ਸੱਚ ਸਰੂਪ ਵਿਚ ਸਮਾ ਗਏ (ਭਾਵ ਸੱਚ ਦਾ ਰੂਪ ਹੀ ਬਣ ਗਏ)।

ਪ੍ਰ: ਕਿਉਂ ਜੀ, ਫਿਰ ਉਨ੍ਹਾਂ ਵਿਚ ਸ਼ਕਤੀ ਕਿਹੋ ਜਿਹੀ ਆ ਜਾਂਦੀ ਹੈ ?

(੬) ਉ: ਹੇ ਭਾਈਓ! (ਸ਼ਕਤੀ ਤਾਂ ਇਤਨੀ ਵਧੇਰੇ ਆ ਜਾਂਦੀ ਹੈ ਕਿ) ਪਾਤਿਸਾਹਾਂ ਦੇ ਪਾਤਿਸਾਹ (ਭਾਵ ਵੱਡੇ ਪ੍ਰਭੂ ਦੇ ਪ੍ਰਬੰਧਕਾਂ, ਬ੍ਰਹਮਾਂ ਸ਼ਿਵ ਆਦਿਕਾਂ) 'ਤੇ ਭੀ ਉਨ੍ਹਾਂ ਦਾ ਹੁਕਮ ਚਲਣਾ ਅਰੰਭ ਹੋ ਗਿਆ।

(੭) ਪਰ ਇੰਨੀ ਵੱਡੀ ਤਾਕਤ ਦੇ ਮਾਲਕ ਹੋ ਕੇ ਭੀ ਉਹ ਬੇਪ੍ਰਵਾਹ ਪਰਮੇਸ਼ਰ ਦੇ ਭਾਣੇ ਨੂੰ ਚੰਗਾ ਮੰਨਦੇ ਹਨ (ਭਾਵ ਮਿੱਠਾ ਕਰ ਕੇ ਜਾਣਦੇ ਹਨ)।

(੮) ਉਨ੍ਹਾਂ ਨੇ ਵਾਹਿਗੁਰੂ ਦੀ ਸੱਚੀ ਸਿਫ਼ਤ ਸਾਲਾਹ ਦੇ ਅੰਮ੍ਰਿਤ ਨੂੰ (ਆਪ ਪੀਤਾ ਤੇ ਪਰਉਪਕਾਰੀ ਸਤਿਗੁਰੂ ਜੀ ਨੇ ਅਗੋਂ) ਹੋਰਨਾਂ ਨੂੰ ਭੀ ਪਿਲਾਇਆ।

(੯) ਹੁਣ ਉਹ ਆਪ ਸ਼ਬਦ ਦੀ ਅਥਾਹ ਸੁਰਤ ਵਿਚ ਲੀਨ ਹੋ (ਭਾਵ ਜੁੜੇ ਰਹਿ ਕੇ ਹੋਰ ਭੀ ਅਨੇਕਾਂ) ਅਘੜਾ

(ਬੇਸਮਝਾਂ ਤੇ ਮੂਰਖਾਂ) ਨੂੰ ਅਕਲ ਵਾਲੇ ਤੇ ਨਾਮ ਜਪਣ ਵਾਲੇ (ਘੜਾਇਆ) ਬਣਾ ਦਿੱਤਾ।੪।

*ਭਾਵਾਰਥ :* ਇਹੋ ਅੰਕਿਤ ਕਰਦੇ ਹਨ ਕਿ ਚੇਲੇ ਅੰਗਦ ਜੀ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਸ਼ਬਦ ਦੁਆਰਾ ਲੀਨਤਾ ਹਾਸਲ ਕਰਕੇ ਹੋਰ ਭੀ ਕਈਆਂ ਨੂੰ ਅਲੱਖ ਪਰਮੇਸ਼ਰ ਦੀ ਲਖਤਾ ਕਰਵਾ ਦਿੱਤੀ, ਇਤਨੀ ਤਾਕਤ ਦੇ ਮਾਲਕ ਹੁੰਦਿਆਂ ਫਿਰ ਭੀ ਉਹ ਉਸ ਸੱਚੇ ਸਾਈਂ ਜੀ ਦੀ ਰਜ਼ਾ ਵਿਚ ਰਾਜੀ ਰਹੇ।

## ੫. ਗੁਰਸਿੱਖੀ ਦਾ ਮਾਰਗ

**੧. ਮੁੱਲ ਨ ਮਿਲੈ ਅਮੋਲ ਨ ਕੀਮਤ ਪਾਈਐ।**
**੨. ਪਾਇ ਤਰਾਜੂ ਤੋਲ ਨ ਅਤੁਲ ਤੁਲਾਈਐ।**
**੩. ਨਿਜ ਘਰ ਤਖਤ ਅਡੋਲ ਨ ਡੋਲ ਡੁਲਾਈਐ।**
**੪. ਗੁਰਮੁਖ ਪੰਥ ਨਿਰੋਲ ਨ ਰਲੈ ਰਲਾਈਐ।**
**੫. ਕਥਾ ਅਕੱਥ ਅਬੋਲ ਨ ਬੋਲ ਬੁਲਾਈਐ।**
**੬. ਸਦਾ ਅਭੁੱਲ ਅਭੋਲ ਨ ਭੋਲ ਭੁਲਾਈਐ।**
**੭. ਗੁਰਮੁਖ ਪੰਥ ਅਲੋਲ ਸਹਜ ਸਮਾਈਐ।**
**੮. ਅਮਿਓ ਸਰੋਵਰ ਝੋਲ ਗੁਰਮੁਖ ਪਾਈਐ।**
**੯. ਲੱਖ ਟੋਲੀਂ ਇਕ ਟੋਲ ਨ ਆਪ ਗਣਾਈਐ।੫।**

*ਪਦ ਅਰਥ :* ਤਰਾਜੂ—ਤੱਕੜੀ। ਤੋਲ—ਵੱਟਾ। ਨਿਰੋਲ—ਸ਼ੁਧ। ਅਭੋਲ—ਗਲਤੀ ਰਹਿਤ, ਦਾਨਾ। ਅਲੋਲ—ਸਥਿਰ। ਝੋਲ—ਨਿਤਾਰ ਕੇ। ਟੋਲ—ਪਦਾਰਥ। ਆਪ ਗਣਾਈਐ—ਆਪਾ ਨਾ ਜਣਾਉਣਾ, ਹੰਕਾਰ ਨਾ ਕਰਨਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਸ ਰੱਬ ਦੀ ਪ੍ਰਾਪਤੀ ਦੇ ਅਨੇਕਾਂ ਹੀ ਮਾਰਗ ਵੇਖਣ ਵਿਚ ਆਉਂਦੇ ਹਨ ਪਰ ਤੁਹਾਡਾ ਨਿਸਚਾ ਕਿਸ ਮਾਰਗ ਪਰ ਹੈ?

ਉ: ਹੇ ਭਾਈਓ! ਮੇਰੇ ਨਿਸਚੇ ਵਿਚ ਤਾਂ ਕੇਵਲ ਗੁਰਸਿੱਖੀ, ਗੁਰਮੁਖਾਂ ਦਾ ਹੀ ਪੰਥ ਉੱਤਮ ਹੈ।

ਪ੍ਰ: ਕਿਉਂ ਜੀ, ਜਿਵੇਂ ਹਰ ਇਕ ਮਾਰਗ ਨੂੰ ਅਪਨਾਉਣ ਲਈ ਕਿਸੇ ਨ ਕਿਸੇ ਰੂਪ ਵਿਚ ਉਸਦਾ ਮੁੱਲ ਜਾਂ ਕੀਮਤ ਅਦਾ ਕਰਨੀ ਪੈਂਦੀ ਹੈ, ਕੀ ਸਿੱਖੀ ਮਾਰਗ ਨੂੰ ਅਪਨਾਉਣ ਲਈ ਭੀ ਉਸਦੀ ਕੋਈ ਕੀਮਤ ਦੇਣੀ ਪੈਂਦੀ ਹੈ?

(੧) ਉ: ਹੇ ਭਾਈਓ! ਅਸਲ ਵਿਚ ਇਹ ਗੁਰਸਿੱਖੀ ਦਾ ਮਾਰਗ ਅਮੋਲਕ ਹੈ, ਇਹ ਕਿਸੇ ਭੀ ਸੰਸਾਰਿਕ ਪਦਾਰਥਾਂ ਨਾਲ ਮੁੱਲ ਨਹੀਂ ਮਿਲ ਸਕਦਾ ਤੇ ਨਾ ਹੀ ਇਸਦੀ ਕੀਮਤ ਹੀ ਪੈ ਸਕਦੀ ਹੈ।

(੨) ਕਿਉਂਕਿ ਅਸੀਂ ਪ੍ਰਤੱਖ ਵੇਖਦੇ ਹਾਂ ਕਿ ਸੰਸਾਰ ਦੀ ਹਰ ਸ਼ੈ ਤੱਕੜੀ ਵੱਟੇ ਰਾਹੀਂ ਤੋਲੀ ਜਾਂਦੀ ਹੈ ਪਰ ਇਹ ਸਿੱਖੀ ਤੱਕੜੀ ਵਿਚ ਵੱਟੇ ਪਾ ਕੇ ਤੋਲੀ ਭੀ ਨਹੀਂ ਜਾ ਸਕਦੀ (ਭਾਵ ਤੋਲ ਰਹਿਤ) ਹੈ।

ਪ੍ਰ: ਕਿਉਂ ਜੀ, ਇਸ ਸਿੱਖੀ ਮਾਰਗ ਤੇ ਤੁਰਨ ਵਾਲੇ ਪਾਂਧੀਆਂ ਦੀ ਆਖ਼ਰ ਪਛਾਣ ਕੀ ਹੈ?

(੩) ਉ: (ਹੇ ਭਾਈ! ਇਸ ਮਾਰਗ 'ਤੇ ਚੱਲਣ ਵਾਲੇ ਰਾਹੀਆਂ ਦੀ ਕੇਵਲ ਇਕ ਇਹੋ ਪਛਾਣ ਹੈ ਕਿ ਉਹ) ਆਪਣੇ ਘਰ (ਹਿਰਦੇ) ਦੇ ਤਖ਼ਤ ਉੱਤੇ (ਸਦਾ ਹੀ) ਅਡੋਲ ਰਹਿੰਦੇ ਹਨ, ਕਦੇ ਭੀ ਡੋਲਦੇ ਨਹੀਂ।

(੪) ਹੇ ਪਿਆਰੇ! ਇਸ ਲਈ ਇਹੋ ਕਹਿਣਾ ਪੈਂਦਾ ਹੈ ਕਿ ਗੁਰਸਿੱਖਾਂ ਦਾ ਪੰਥ ਨਿਰੋਲ (ਸ਼ੁਧ) ਹੈ, ਉਹ ਐਸਾ ਹੈ ਕਿ ਕਿਸੇ ਨਾਲ ਰਲਾਇਆ ਰਲਦਾ ਭੀ ਨਹੀਂ।

(੫) (ਇਸ ਦੀ) ਕਥਾ (ਵਿਆਖਿਆ) ਅਕੱਥ ਹੈ (ਕਥਨ ਰਹਿਤ ਹੈ) ਬੋਲਿਆਂ ਬੋਲੀ ਭੀ ਨਹੀਂ ਜਾ ਸਕਦੀ।

(੬) (ਜੇ ਨਿਰਪੱਖ ਹੋ ਵੀਚਾਰ ਕਰੀਏ ਤਾਂ ਇਹੋ ਹੀ ਸਾਬਤ ਹੋਵੇਗਾ ਕਿ) ਇਹ ਹਮੇਸ਼ਾ ਭੁੱਲ ਤੋਂ ਰਹਿਤ, ਸੁਘੜ (ਦਾਨਿਆਂ ਦੀ) ਗਤੀ ਵਾਲੀ ਹੈ, ਭੁਲਾਇਆਂ ਵੀ ਭੁੱਲ ਵਾਲੀ ਨਹੀਂ ਹੁੰਦੀ।

(੭) (ਇਹ) ਗੁਰਮੁਖ ਪੰਥ ਅਡੋਲ (ਸਥਿਰ) ਰਹਿੰਦਾ ਤੇ ਸਹਿਜ ਪਦ ਦੀ ਹੋਂਦ ਵਿਚ (ਟਿਕਣ ਵਾਲਾ) ਹੈ।

(੮) ਪਰ ਗੁਰਮੁਖ (ਸਹਿਜੇ ਹੀ) ਅੰਮ੍ਰਿਤ (ਅਕੱਥ ਕਥਾ) ਦੇ ਸਰੋਵਰ ਨੂੰ ਝੋਲ (ਝੋਲ ਪੀਂਦੇ) ਤੇ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ।

ਪ੍ਰ: ਕਿਉਂ ਜੀ, ਆਖ਼ਰ ਇਨ੍ਹਾਂ ਦੀ ਹੋਰ ਕੀ ਪਛਾਣ ਹੈ?

(੯) ਉ: ਹੇ ਭਾਈ! ਇਨ੍ਹਾਂ ਦੀ ਵੱਡੀ ਪਛਾਣ ਇਹੋ ਹੈ ਕਿ ਲੱਖਾਂ (ਅਮੋਲਕ) ਪਦਾਰਥਾਂ ਵਰਗਾ ਪਦਾਰਥ ਇਨ੍ਹਾਂ ਦੇ ਪਾਸ ਇਹ ਹੈ ਕਿ ਇਹ ਆਪਣੇ ਪਾਸ ਲੱਖਾਂ ਪਦਾਰਥ ਹੁੰਦਿਆਂ ਭੀ ਆਪਾ ਨਹੀਂ ਜਣਾਉਂਦੇ (ਭਾਵ ਇਹ ਸਦਾ ਹੀ ਹੰਕਾਰ ਤੋਂ ਰਹਿਤ ਰਹਿੰਦੇ) ਹਨ।੫।

*ਭਾਵਾਰਥ :* ਇਹ ਠੀਕ ਹੈ ਕਿ ਸੰਸਾਰ ਵਿਚ ਭਿੰਨ-ਭਿੰਨ ਪੰਥ ਵੇਖਣ ਵਿਚ ਆਉਂਦੇ ਹਨ ਉਨ੍ਹਾਂ ਨੂੰ ਹਾਸਲ ਕਰਨ ਲਈ ਉਨ੍ਹਾ ਦੀ ਬਦਲ ਵਿਚ ਕੋਈ ਨ ਕੋਈ ਕੀਮਤ ਜ਼ਰੂਰ ਅਦਾ ਕਰਨੀ ਪੈਂਦੀ ਹੈ, ਪਰ ਗੁਰਸਿੱਖੀ ਦਾ ਮਾਰਗ ਹੋਰ ਕਿਸੇ ਦੁਨਿਆਵੀ ਪਦਾਰਥ ਵੱਟੇ ਨਹੀਂ ਪਾਇਆ ਜਾ ਸਕਦਾ

ਇਸ ਤੇ ਤੁਰਨ ਲਈ ਤਾਂ ਕੇਵਲ ਆਪਾ ਭਾਵ ਹੀ ਮਿਟਾਉਣਾ ਪੈਂਦਾ ਹੈ।

## ੬. ਪੂਰੇ ਸਤਿਗੁਰ ਦਾ ਬਖ਼ਸ਼ਿਆ ਸੌਦਾ

**੧. ਸੌਦਾ ਇਕਤੁ ਹੱਟ ਸਬਦ ਵਿਸਾਹੀਐ।**
**੨. ਪੂਰਾ ਪੂਰੈ ਵੱਟ ਕਿ ਆਖ ਸਲਾਹੀਐ।**
**੩. ਕਦੇ ਨ ਹੋਵੈ ਘੱਟ ਸਚੀ ਪਤਿਸ਼ਾਹੀਐ।**
**੪. ਪੂਰੇ ਸਤਿਗੁਰ ਖੱਟ ਅਖੁੱਟ ਸਮਾਹੀਐ।**
**੫. ਸਾਧਸੰਗਤ ਪਰਗੱਟ ਸਦਾ ਨਿਬਾਹੀਐ।**
**੬. ਚਾਵਲ ਇਕਤੇ ਸੱਟ ਨ ਦੂਜੀ ਵਾਹੀਐ।**
**੭. ਜਮ ਦੀ ਫਾਹੀ ਕੱਟ ਦਾਦ ਇਲਾਹੀਐ।**
**੮. ਪੰਜੇ ਦੂਤ ਸੰਘਟ ਸੁ ਢੇਰੀ ਢਾਹੀਐ।**
**੯. ਪਾਣੀ ਜਿਉ ਹਰਹਟ ਸੁ ਖੇਤ ਉਮਾਹੀਐ।੬।**

*ਪਦ ਅਰਥ :* ਹੱਟ—ਦੁਕਾਨ ਭਾਵ ਸਾਧ ਸੰਗਤ। ਅਖੁੱਟ—ਨਾ ਮੁੱਕਣ ਵਾਲਾ। ਦਾਦ ਇਲਾਹੀਐ—ਰੱਬ ਦੀ ਦਾਤ। ਹਰਹਟ—ਹਰਟ, ਟਿੰਡਾਂ ਵਾਲਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਹਰ ਸ਼ੈ ਖ਼ਰੀਦਣ ਲਈ ਵੱਖੋ-ਵੱਖ ਦੁਕਾਨਾਂ ਹਨ, ਪਰ ਨਾਮ ਦਾ ਸੌਦਾ ਲੈਣ ਲਈ ਕਿਹੜੀ ਹੱਟ ਹੈ, ਜਿਥੋਂ ਖ਼ਰੀਦਿਆ ਜਾਏ ?

(੧) ਉ: ਹੇ ਭਾਈਓ! ਇਹ ਨਾਮ ਰੂਪੀ ਪਦਾਰਥ ਸਬਦ ਦੁਆਰਾ (ਕੇਵਲ) ਇੱਕੋ ਹੱਟ (ਸਾਧ ਸੰਗਤ) ਤੋਂ ਹੀ ਮਿਲ ਸਕਦਾ ਹੈ।

ਪ੍ਰ: ਕਿਉ ਜੀ, ਜਿਸ ਗੁਰੂ ਦੁਆਰਾ ਇਹ ਨਾਮ ਰੂਪ ਪਦਾਰਥ ਮਿਲਦਾ ਹੈ ਉਸਦੀ ਸਿਫ਼ਤ ਕਹੋ ?

(੨) ਉ: ਹੇ ਭਾਈ! ਜਦੋਂ ਵੀਚਾਰ ਕਰੀਏ ਤਾਂ ਉਸ ਪੂਰੇ ਸਤਿਗੁਰੂ ਦਾ ਪੂਰਾ ਬਚਨ (ਭਾਵ ਉਪਦੇਸ਼ ਰੂਪ ਵੱਟਾ) ਪੂਰਾ ਹੈ, (ਤੇ ਉਸ ਪੂਰੇ ਨੂੰ) ਕੀ ਕਹਿ ਕੇ ਸਲਾਹੀਏ (ਭਾਵ ਪੂਰੇ ਸਤਿਗੁਰੂ ਦੇ ਉਪਦੇਸ਼ ਦੀ) ਸਿਫ਼ਤ ਹੋ ਨਹੀਂ ਸਕਦੀ।

(੩) ਕਿਉਂਕਿ ਸੰਸਾਰੀ ਤੋਲ ਘੱਟ ਵੱਧ ਹੋ ਸਕਦੇ ਹਨ, ਪਰ ਇਹ ਪੂਰੇ ਗੁਰੂ ਦਾ ਤੋਲ ਕਦੀ ਵੀ ਘੱਟ ਨਹੀਂ ਸਕਦਾ, ਕਿਉਂਕਿ (ਪੂਰੇ ਦੀ) ਸੱਚੀ ਪਾਤਿਸ਼ਾਹੀ ਦਾ ਜੋ ਹੈ।

ਪ੍ਰ: ਕਿਉਂ ਜੀ, ਗੁਰੂ ਦੁਆਰਾ ਇਸ ਨਾਮ ਦਾ ਸੌਦਾ ਖ਼ਰੀਦਣ ਵਾਲੇ ਨੂੰ ਆਖ਼ਰ ਲਾਭ ਕੀ ਹਾਸਲ ਹੁੰਦਾ ਹੈ ?

(੪) ਉ: ਹੇ ਭਾਈ! ਜੋ ਪੂਰੇ ਸਤਿਗੁਰ ਨਾਲ ਮਿਲ ਕੇ ਇਸ ਸੌਦੇ ਦਾ ਲਾਭ ਖੱਟਦੇ ਹਨ, (ਉਹ ਨ ਖ਼ਤਮ ਹੋਣ ਵਾਲੇ) ਸਹਿਜ ਅਨੰਦ ਵਿਖੇ ਸਮਾ (ਭਾਵ ਲਿਵਲੀਨ ਹੋ) ਜਾਂਦੇ ਹਨ।

(੫) ਹੇ ਪਿਆਰੇ! (ਇਸ ਸੌਦੇ ਦੀ ਹੱਟੀ) ਸਾਧ ਸੰਗਤ ਪ੍ਰਗਟ (ਮਸ਼ਹੂਰ) ਹੈ, ਇਸ ਨਾਲ ਸਦਾ ਹੀ ਨਿਰਬਾਹ ਕਰਦੇ ਰਹਿਣਾ ਚਾਹੀਦਾ ਹੈ (ਭਾਵ ਕਦੇ ਭੀ ਪਿਛੇ ਨਹੀ ਹੱਟਣਾ ਚਾਹੀਦਾ)।

(੬) (ਜਿਵੇਂ) ਚੌਲਾਂ ਨੂੰ ਇੱਕੋ ਹੀ ਸੱਟ ਛੜ ਦੇਂਦੀ ਹੈ, (ਇਸੇ ਤਰ੍ਹਾਂ) ਸਾਧ ਸੰਗਤ ਦਾ ਇਕੋ ਵਾਰ ਹੀ ਐਸਾ ਲੜ ਫੜੋ, ਐਸੀ ਪ੍ਰੀਤ ਪਾਓ ਕਿ ਮੁੜ ਦੂਜੀ ਵੇਰ ਵਿਛੜਨ (ਭਾਵ ਸੱਟ ਮਾਰਨ) ਦੀ ਲੋੜ ਹੀ ਨਾ ਪਵੇ (ਇਸ ਤਰ੍ਹਾਂ ਸਾਧ ਸੰਗਤ ਵਿਚ ਹੀ ਰਚ ਜਾਏ)।

(੭) ਇਸ ਨਾਮ ਦੀ ਬਰਕਤ ਨਾਲ ਜਮ ਦੀ ਫਾਹੀ ਨੂੰ (ਜੋ ਹਰ ਸਮੇਂ ਸਿਰ ਤੇ ਲਟਕ ਰਹੀ ਹੈ) ਰੱਬੀ ਬਖ਼ਸ਼ਿਸ਼ ਪ੍ਰਾਪਤ ਕਰਕੇ ਸਦਾ ਲਈ ਕੱਟ ਦਿਓ।

(੮) ਹੇ ਭਾਈ! ਰੱਬੀ ਬਖ਼ਸ਼ਿਸ਼ ਦੁਆਰਾ ਕਾਮ, ਕ੍ਰੋਧ ਆਦਿ ਪੰਜਾਂ ਦੂਤਾਂ ਨੂੰ ਘੇਰ ਕੇ (ਐਸਾ ਮਾਰੋ ਕਿ) ਉਨ੍ਹਾਂ ਦਾ ਨਾਮੋ ਨਿਸ਼ਾਨ ਹੀ ਮਿਟਾ ਦਿਓ।

(੯) ਹੇ ਭਾਈਓ! ਜਿਵੇਂ ਟਿੰਡਾਂ ਵਾਲੇ ਖੂਹ ਦਾ ਪਾਣੀ ਖੇਤ ਨੂੰ ਹਰਾ ਭਰਾ ਕਰਦਾ ਹੈ, ਇਸੇ ਤਰ੍ਹਾਂ ਸਾਧ ਸੰਗਤ ਦੇ ਆਸਰੇ ਨਾਲ ਸੁਰਤ ਦੇ ਖੇਤ ਨੂੰ ਹਰਾ-ਭਰਾ ਰਖੀਏ।੬।

***ਭਾਵਾਰਥ :*** ਸਾਧ ਸੰਗਤ ਇਕ ਹਰਟ ਹੈ ਨਾਮ ਰੂਪੀ ਜਲ ਨਾਲ ਜਗਿਆਸੂ ਦੇ ਮਨ ਰੂਪੀ ਖੇਤ ਵਿਖੇ ਬ੍ਰਹਮਾਨੰਦ ਦੀ ਪੈਲੀ ਨੂੰ ਸਦਾ ਹੀ ਹਰੀ-ਭਰੀ ਰਖੇ।

## ੭. ਪੂਰੇ ਸਤਿਗੁਰੂ ਦੀ ਵਡਿਆਈ

**੧. ਪੂਰਾ ਸਤਿਗੁਰ ਆਪ ਨ ਅਲਖ ਲਖਾਵਈ।**
**੨. ਦੇਖੈ ਥਾਪਿ ਉਥਾਪ ਜਿਉਂ ਤਿਸ ਭਾਵਈ।**
**੩. ਲੇਪ ਨ ਪੁੰਨ ਨ ਪਾਪ ਉਪਾਇ ਸਮਾਵਈ।**

੪. ਲਾਗੂ ਵਰ ਨ ਸਰਾਪ ਨ ਆਪ ਜਨਾਵਈ।
੫. ਗਾਵੈ ਸਬਦ ਅਲਾਪ ਅਕੱਥ ਸੁਨਾਵਈ।
੬. ਅਕਥ ਕਥਾ ਜਪ ਜਾਪ ਨ ਜਗਤ ਕਮਾਵਈ।
੭. ਪੂਰੇ ਗੁਰ ਪਰਤਾਪ ਆਪ ਗਵਾਵਈ।
੮. ਲਾਹੇ ਤਿੰਨੇ ਤਾਪ ਸੰਤਾਪ ਘਟਾਵਈ।
੯. ਗੁਰਬਾਣੀ ਮਨ ਧ੍ਰਾਪ ਨਿਜ ਘਰ ਆਵਈ ॥੭॥

*ਪਦ ਅਰਥ :* ਥਾਪਿ ਉਥਾਪ—ਸਾਜਣ ਤੇ ਨਾਸ ਕਰਨ ਵਾਲਾ। ਲਾਗੂ—ਲਗਣਾ, ਅਭਿਮਾਨੀ, ਜ਼ਿੰਮੇਵਾਰ। ਧ੍ਰਾਪ—ਰੱਜਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਅਜੋਕੇ ਸਮੇਂ ਦੇ ਵੱਡੇ-ਵੱਡੇ ਡੇਰੇ ਦਾਰ ਅਧੂਰੇ ਲੋਕ ਭੀ ਆਪਣੇ ਆਪ ਨੂੰ ਪੂਰੇ ਸਤਿਗੁਰੂ ਅਖਵਾਉਣ ਦੇ ਦਾਅਵੇਦਾਰ ਬਣੀ ਬੈਠੇ ਹਨ ਅਤੇ ਭੋਲੇ ਭਾਲੇ ਲੋਕ ਭੀ ਉਨ੍ਹਾਂ 'ਤੇ ਪੂਰੇ ਹੋਣ ਦਾ ਨਿਸਚਾ ਕਰ ਲੈਂਦੇ ਹਨ, ਪਰ ਕੀ ਆਪ ਗੁਰਮਤਿ ਅਨੁਸਾਰ ਦੱਸਣ ਦੀ ਖੇਚਲ ਕਰੋਗੇ ਕਿ ਪੂਰਾ ਸਤਿਗੁਰੂ ਕੌਣ ਹੈ?

(੧) ਉ: ਹੇ ਭਾਈ! (ਜੇ ਗੁਰਮਤਿ ਅਨੁਸਾਰ ਪੜਚੋਲ ਕਰੀਏ ਤਾਂ ਇਉਂ ਹੀ ਜਾਣਕਾਰੀ ਮਿਲਦੀ ਹੈ ਕਿ ਉਹ) ਪੂਰਾ ਸਤਿਗੁਰੂ ਆਪ (ਪਰਮੇਸ਼ਰ ਦਾ ਰੂਪ) ਅਲੱਖ (ਨਾ ਜਾਣੇ ਜਾ ਸਕਣ ਵਾਲਾ) ਹੈ, ਅਤੇ (ਨਾਹੀ ਉਹ ਕਿਸੇ ਨੂੰ) ਆਪਾ ਭਾਵ ਜਣੌਂਦਾ ਹੈ (ਭਾਵ ਹੈ ਕਿ ਉਹ ਆਪਣੀ ਮਹੱਤਤਾ ਨੂੰ ਐਵੇਂ ਫੋਕੇ ਗੁਰੂਆਂ ਵਾਂਗ ਆਪਣੇ ਮੂੰਹੋਂ ਨਹੀਂ ਕਹਿੰਦਾ, ਸਗੋਂ ਇਹ ਮਹੱਤਤਾ ਤੇ ਵਡਿਆਈ ਪੂਰੇ ਗੁਰੂ ਦੇ ਨਿਤ ਕਰਮ ਅਭਿਆਸ ਤੋਂ ਆਪਣੇ ਆਪ ਹੀ ਪ੍ਰਗਟ ਹੋ ਜਾਂਦੀ ਹੈ)।

ਪ੍ਰ: ਕਿਉਂ ਜੀ, ਐਸਾ ਗੁਰੂ ਜਿਸ ਪਰਮੇਸ਼ਰ ਦਾ ਉਹ ਸਰੂਪ ਹੈ, ਉਸਦੀ ਭੀ ਸ਼ਕਤੀ ਦਾ ਵਰਣਨ ਕਰੋ?

(੨) ਉ: ਹੇ ਭਾਈ! ਉਹ ਪਰਮੇਸ਼ਰ ਜਗਤ ਨੂੰ ਉਤਪਤ ਕਰਦਾ ਤੇ ਲੈ ਕਰ ਕੇ ਦੇਖਦਾ ਹੈ ਜਿਸ ਤਰ੍ਹਾਂ ਉਸਨੂੰ ਭਾਉਂਦਾ ਹੈ, ਪਰ, ਇਸ ਕੰਮ ਵਿਚ ਉਸ ਕਿਸੇ ਦੀ ਸਾਲਾਹ ਨਹੀਂ ਲੈਂਦਾ (ਜਿਵੇਂ ਉਸਨੂੰ ਭਾਉਂਦਾ ਹੈ ਉਹ ਤਿਵੇਂ ਹੀ ਕਰਦਾ) ਹੈ।

(੩) ਉਹ ਪਰਮੇਸ਼ਰ ਐਸਾ ਨਿਰਲੇਪ ਹੈ ਜਿਸ ਨੂੰ ਜਗਤ ਦੇ ਸਾਜਣ ਤੇ ਢਾਹ ਦੇਣ ਦਾ ਕੋਈ ਭੀ ਪੁੰਨ ਪਾਪ ਨਹੀਂ ਲਗਦਾ।

(੪) ਨਾ ਉਸਨੂੰ ਕੋਈ ਵਰ ਤੇ ਸਰਾਪ ਹੀ ਲੱਗਦਾ ਹੈ, ਕਿਉਂਕਿ ਇਸ ਕੰਮ ਵਿਚ ਉਹ ਆਪਣਾ ਆਪ ਪ੍ਰਗਟ ਨਹੀਂ ਕਰਦਾ।

(੫) ਉਹ ਪੂਰਾ ਸਤਿਗੁਰੂ ਗਾਉਂਦਾ ਹੈ ਸ਼ਬਦ 'ਤੇ ਆਲਾਪ ਕਰਕੇ ਅਕੱਥ (ਪ੍ਰਭੂ ਦੇ ਗੁਣਾਂ ਨੂੰ) ਸੁਣਾਉਂਦਾ ਹੈ।

(੬) ਉਹ ਅਕੱਥ ਕਥਾ (ਪਰਮੇਸ਼ਰ ਦੀ ਕਰਦਾ ਤੇ) ਜਪੁ ਜਾਪੁ (ਕਰਦਿਆਂ) ਜਗਤ ਦੀ (ਕਾਰ ਰਾਗ, ਦ੍ਵੈਸ਼, ਨਿੰਦਾ, ਚੁਗਲੀ ਜਾ ਹੰਕਾਰ ਆਦਿ ਵਾਲੀ) ਕਾਰ ਨੂੰ ਨਹੀਂ ਕਮਾਉਂਦਾ।

(੭) (ਅਜਿਹੇ) ਪੂਰੇ ਸਤਿਗੁਰੂ ਦਾ ਐਸਾ ਪ੍ਰਤਾਪ ਹੈ ਕਿ ਉਹ ਆਪਣੇ ਜਗਿਆਸੂਆਂ, ਗੁਰਸਿੱਖਾਂ ਦੀ ਹੰਗਤਾ ਤੇ ਹਉਮੈਂ ਨੂੰ ਵੀ ਖ਼ਤਮ ਕਰ ਦੇਂਦਾ ਹੈ।

(੮) ਪੂਰੇ ਗੁਰੂ ਦਾ ਇਹ ਪ੍ਰਤਾਪ ਹੈ ਕਿ ਉਹ ਆਪਣੀ ਸੰਗਤ ਵਿਚ ਆਉਣ ਵਾਲੇ ਅਧਿਕਾਰੀਆਂ ਦੇ ਤਿੰਨੇ ਤਾਪ ਉਤਾਰਦਾ ਤੇ ਸੰਤਾਪ ਦੂਰ ਕਰਦਾ ਹੈ।

ਪ੍ਰ: ਕਿਉਂ ਜੀ, ਐਸੇ ਗੁਰੂ ਦੇ ਉਪਦੇਸ਼ ਨੂੰ ਕਮਾਉਣ ਵਾਲਿਆਂ ਨੂੰ ਆਖ਼ਰ ਹੋਰ ਕੀ ਫਲ ਪ੍ਰਾਪਤ ਹੁੰਦਾ ਹੈ?

(੯) ਉ: ਹੇ ਭਾਈ! ਗੁਰਬਾਣੀ (ਭਾਵ ਗੁਰੂ ਦੇ ਉਪਦੇਸ਼) ਨੂੰ ਕਮਾ ਕਮਾ ਕੇ ਮਨ ਰੱਜ ਜਾਂਦਾ ਹੈ ਤੇ ਉਹ ਆਪਣੇ ਸਹੀ ਸਰੂਪ ਘਰ ਵਿਚ ਟਿਕ ਜਾਂਦਾ ਹੈ।੭।

*ਭਾਵਾਰਥ :* ਜੋ ਅਧੂਰੇ ਮਨੁੱਖ ਭੀ ਪੂਰੇ ਗੁਰੂ ਅਖਵਾਉਣ ਦੇ ਦਾਅਵੇਦਾਰ ਬਣ ਬੈਠੇ ਹਨ ਉਨ੍ਹਾਂ ਤੋਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ, ਸੰਸਾਰ ਵਿਚ ਸਦਾ ਹੀ ਆਉਂਦੇ ਜਾਂਦੇ ਰਹਿਣ ਦੇ ਚੱਕ੍ਰ ਵਿਚ ਪਏ ਰਹਿਣਾ ਪੈਂਦਾ। ਇਸ ਲਈ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ—ਪੂਰੇ ਗੁਰ ਕਾ ਸੁਨ ਉਪਦੇਸੁ—ਹੇ ਭਾਈ! ਅਧੂਰੇ ਲੋਕਾਂ ਨੂੰ ਛੱਡ ਕੇ ਪੂਰੇ ਗੁਰੂ ਦੇ ਅਨੁਸਾਰੀ ਹੋ ਜੀਵਨ ਗੁਜ਼ਾਰੋ, ਜੇ ਸੱਚ ਸਰੂਪ ਦੀ ਪ੍ਰਾਪਤੀ ਚਾਹੁੰਦੇ ਹੋ।

## ੮. *ਗੁਰਸਿੱਖਾਂ ਲਈ ਕਮਾਈ ਕਰਨ ਦਾ ਨਿਰੂਪਨ*

੧. ਪੂਰਾ ਸਤਿਗੁਰ ਸੱਤਿ ਗੁਰਮੁਖ ਭਾਲੀਐ।
੨. ਪੂਰੀ ਸਤਿਗੁਰ ਮੱਤਿ ਸ਼ਬਦ ਸਮ੍ਹਾਲੀਐ।
੩. ਦਰਗਹ ਧੋਈਐ ਪੱਤਿ ਹਉਮੈਂ ਜਾਲੀਐ।
੪. ਘਰ ਹੀ ਜੋਗ ਜੁਗੱਤਿ ਬੈਸਣ ਧਰਮਸਾਲੀਐ।

੫. ਪਾਵਣ ਮੋਖ ਮੁਕੱਤਿ ਗੁਰ ਸਿਖ ਪਾਲੀਐ।
੬. ਅੰਤਰ ਪ੍ਰੇਮ ਭਗੱਤਿ ਨਦਰਿ ਨਿਹਾਲੀਐ।
੭. ਪਾਤਿਸ਼ਾਹੀ ਇਕ ਛੱਤ ਖਰੀ ਸੁਖਾਲੀਐ।
੮. ਪਾਣੀ ਪੀਹਣ ਘੱਤ ਸੇਵਾ ਘਾਲੀਐ।
੯. ਮਸਕੀਨੀ ਵਿਚ ਵੱਤ ਚਾਲ ਨਿਰਾਲੀਐ ॥੩॥

*ਪਦ ਅਰਥ :* ਬੈਸਣ—ਬੈਠਣਾ। ਮੋਖ ਮੁਕੱਤਿ—ਕੈਵਲ ਮੋਖ, ਪੂਰੀ ਮੁਕਤੀ। ਇਕ ਛੱਤਿ—ਉਹ ਪਾਤਿਸ਼ਾਹੀ, ਜਿਸਦਾ ਇੱਕੋ (ਛੱਤ੍ਰ) ਰਾਜਾ ਹੈ, ਭਾਵ ਅਕਾਲ ਪੁਰਖ ਸ੍ਰਿਸ਼ਟੀ ਦਾ ਪਾਤਿਸ਼ਾਹ ਹੈ, ਐਸਾ ਰਾਜ ਸੁਖਦਾਈ ਤੇ ਸੁਤੰਤ੍ਰਤਾ ਵਾਲਾ ਹੁੰਦਾ ਹੈ। ਮਸਕੀਨੀ—ਗਰੀਬੀ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਗੁਰੂ ਦੇ ਸਿੱਖਾਂ ਲਈ ਉਹ ਕਿਹੜੀ ਘਾਲ ਕਮਾਈ ਹੈ ਜੋ ਇਨ੍ਹਾਂ ਨੂੰ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ?

(੧) ਉ: ਹੇ ਭਾਈਓ! ਗੁਰਮਤ ਦੀ ਖੋਜ ਕਰਨ ਤੋਂ ਇਉਂ ਹੀ ਸੋਝੀ ਮਿਲਦੀ ਹੈ ਕਿ ਪੂਰਾ ਸਤਿਗੁਰੂ (ਹੀ) ਸਤਿ ਸਰੂਪ ਹੈ, ਬੱਸ, ਗੁਰਮੁਖ (ਬਣ ਕੇ ਉਸੇ ਦੀ) ਭਾਲ ਕਰੀਏ (ਭਾਵ ਗੁਰੂ ਦੀ ਸਿਖਿਆ ਦੇ ਸਹਾਰੇ ਹਮੇਸ਼ਾ ਹੀ ਢੂੰਡੀਏ)।

ਪ੍ਰ: ਕਿਉਂ ਜੀ, ਉਸ ਪੂਰੇ ਗੁਰੂ ਦੀ ਸਿਖਿਆ ਕੀ ਹੈ?

(੨) ਉ: ਹੇ ਭਾਈ! (ਉਸ ਪੂਰੇ) ਸਤਿਗੁਰੂ ਦੀ ਪੂਰੀ (ਮਤਿ) ਸਿਖਿਆ ਇਹੀ ਹੈ ਕਿ ਬਸ, ਸੱਚੇ ਸ਼ਬਦ ਦੀ (ਹੀ ਸਦਾ) ਸੰਭਾਲ ਕਰੀਏ।

(੩) (ਕਿਉਂਕਿ) ਦਰਗਾਹ ਵਿਚ ਢੋਈ ਪਾਉਣ ਲਈ ਆਪਣੀ ਪਤ ਨੂੰ ਧੋਈਏ (ਭਾਵ ਸਵਾਰੀਏ ਤੇ) ਹਉਮੈਂ (ਆਪਾ ਭਾਵ, ਹੰਗਤਾ, ਹੰਕਾਰ ਨੂੰ) ਸਾੜ ਦੇਵੀਏ।

ਪ੍ਰ: ਕਿਉਂ ਜੀ, ਮਤਿ ਨੂੰ ਕਿਵੇਂ ਧੋਤਾ ਜਾਏ? ਕੋਈ ਸਾਧਨ ਦਸੋ?

(੪) ਉ: ਹੇ ਪਿਆਰੇ। ਮਤਿ ਨੂੰ ਧੋਣ ਲਈ ਕਿਤੇ ਬਾਹਰ ਜਾਣ ਦੀ ਲੋੜ ਨਹੀਂ (ਬੱਸ) ਘਰ ਵਿਚ (ਹੀ) ਜੋਗ (ਸੁਰਤਿ ਵਿਚ ਲਿਵਲੀਨ ਹੋਣ ਦੀ) ਜੁਗਤ ਸਤਿ ਸੰਗਤ (ਧਰਮਸਾਲ) ਵਿਚ ਬੈਠ ਕੇ ਸਿੱਖ ਲਈਏ।

ਪ੍ਰ: ਕਿਉਂ ਜੀ, ਇਸ ਸਿਖਿਆ ਨੂੰ ਧਾਰਨ ਕਰਨ ਦਾ ਆਖਰ ਫਲ ਕੀ ਮਿਲਦਾ ਹੈ?

(੫) ਉ: ਹੇ ਭਾਈ! ਜੋ ਗੁਰੂ ਦੀ ਸਿਖਿਆ ਨੂੰ ਇਸ ਬਿਧਿ ਪਾਲਦੇ ਹਨ (ਭਾਵ ਕਮਾਈ ਕਰਦੇ ਹਨ) ਉਹ ਕੈਵਲ ਮੁਕਤੀ ਪਾਉਂਦੇ ਹਨ।

ਪ੍ਰ: ਕਿਉਂ ਜੀ, ਬਾਹਰੋਂ ਤਾਂ ਸਿੱਖੀ ਸਰੂਪ ਵਿਚ ਬਹੁਤੇ ਵੇਖਣ ਵਿਚ ਆਉਂਦੇ ਹਨ, ਕੀ ਉਨ੍ਹਾਂ ਸਾਰਿਆਂ ਨੂੰ ਹੀ ਗੁਰੂ ਬਖ਼ਸ਼ਿਸ਼ ਭਰੀ ਨਜ਼ਰ ਰਾਹੀਂ ਨਿਹਾਲ ਕਰ ਦੇਂਦੇ ਹਨ?

(੬) ਉ: ਹੇ ਪਿਆਰੇ! (ਐਸਾ ਨਹੀਂ) ਪਰ ਜਿਨ੍ਹਾਂ ਦੇ ਅੰਦਰ ਪ੍ਰਭੂ ਦੀ ਪ੍ਰੇਮਾ ਭਗਤੀ ਹੋਵੇਗੀ, ਉਹ ਗੁਰੂ ਦੀ ਰਹਿਮਤ ਭਰੀ ਨਦਰ ਦੁਆਰੇ ਨਿਹਾਲ ਹੋਣਗੇ (ਭਾਵ ਪ੍ਰਭੂ ਦੀ ਬਖ਼ਸ਼ਿਸ਼ ਪਾਉਣਗੇ)।

(੭) (ਉਨ੍ਹਾਂ ਨੂੰ) ਇਕ ਛੱਤਰ ਵਾਲੀ ਪਾਤਿਸ਼ਾਹੀ (ਭਾਵ ਪ੍ਰਭੂ ਨਾਲ ਅਭੇਦਤਾ ਹੋਣ ਵਾਲੀ ਪਾਤਿਸ਼ਾਹੀ) ਸੁਖੈਨ ਹੀ ਪ੍ਰਾਪਤ ਹੋ ਜਾਂਦੀ ਹੈ। ਯਥਾ ਗੁਰਵਾਕ :

ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥
(ਪੰਨਾ ੭੦੭)

ਪ੍ਰ: ਕਿਉਂ ਜੀ, ਇਸ ਅਭੇਦਤਾ ਨੂੰ ਪ੍ਰਾਪਤ ਕਰਨ ਵਾਲਾ ਕੁੱਝ ਹੋਰ ਕ੍ਰਿਆ ਕਰਨ ਵਲੋਂ ਤਾਂ ਉਪ੍ਰਾਮ ਹੋਵੇਗਾ?

(੮) ਉ: ਹੇ ਭਾਈ! ਉਹ ਇਸ ਮਸਤ ਦਸ਼ਾ ਵਿਚ ਪੁੱਜ ਕੇ ਭੀ ਪਾਣੀ ਢੋਂਦੇ, ਚੱਕੀ ਪੀਂਹਦੇ ਤੇ ਵੱਧ ਵੱਧ ਕੇ ਸੇਵਾ ਦੀ ਘਾਲਣਾ ਘਾਲਦੇ ਹਨ।

(੯) (ਐਸੀ ਦਸ਼ਾ ਵਿਚ ਪੁੱਜ ਕੇ ਹੀ ਉਹ) ਐਸੀ ਨਿਰਾਲੀ ਚਾਲ ਤੇ ਗਰੀਬੀ (ਨਿਰਮਾਣਤਾ) ਵਾਲੇ ਰੰਗ-ਢੰਗ ਵਿਚ ਜੀਵਨ ਬਿਤਾਉਂਦੇ ਹਨ।੩।

*ਭਾਵਾਰਥ :* ਅਕਾਲ ਪੁਰਖ ਜੋ ਗੁਰੂ ਸਰੂਪ ਵਿਚ ਉਪਦੇਸ ਦੇਂਦਾ ਹੈ, ਉਹ ਗੁਰਮੁਖਾਂ ਦੁਆਰਾ ਸਤਿਸੰਗ ਵਿਚੋਂ ਲੱਭਦਾ ਹੈ। ਉਸਨੂੰ ਪ੍ਰਾਪਤ ਕਰਨ ਦੀ ਜੁਗਤ ਪ੍ਰੇਮਾ ਭਗਤੀ ਅੰਦਰ ਖੋਜਣੀ ਹੈ। ਉਸ ਪ੍ਰੇਮਾ ਭਗਤੀ ਕਰਕੇ ਮਨ ਸੁਖੀ ਤੇ ਸਦੀਵੀ ਖ਼ੁਸ਼ ਰਹਿੰਦਾ ਹੈ ਤੇ ਆਦਿ ਅੰਤ ਹੱਥੀਂ ਸੇਵਾ ਕਰੀਦੀ ਹੈ, ਚਾਹੇ ਗਰੀਬ ਹੋਵੇ ਭਾਵੇਂ ਅਮੀਰ।

## ੪. ਗੁਰਮੁਖਾਂ ਦੇ ਲੱਛਣ ਤੇ ਕਰਮ

੧. ਗੁਰਮੁਖ ਸੱਚਾ ਖੇਲ ਗੁਰ ਉਪਦੇਸਿਆ।
੨. ਸਾਧਸੰਗਤ ਦਾ ਮੇਲ ਸਬਦ ਅਵੇਸਿਆ।
੩. ਫੁੱਲੀਂ ਤਿਲੀਂ ਫੁਲੇਲ ਸੰਗ ਸਲੇਸਿਆ।
੪. ਗੁਰ ਸਿਖ ਨੱਕ ਨਕੇਲ ਮਿਟੇ ਅੰਦੇਸਿਆ।
੫. ਨ੍ਹਾਵਣ ਅੰਮ੍ਰਿਤ ਵੇਲ ਵਸਣ ਸੁਦੇਸਿਆ।

**੬. ਗੁਰ ਜਪ ਰਿਦੇ ਸੁਹੇਲ ਗੁਰ ਪਰਵੇਸਿਆ।**
**੭. ਭਾਉ ਭਗਤਿ ਭਉ ਭੇਲ ਸਾਧ ਸਰੇਸਿਆ।**
**੮. ਨਿਤ ਨਿਤ ਨਵਲ ਨਵੇਲ ਗੁਰਮੁਖ ਭੇਸਿਆ।**
**੯. ਖੈਰ ਦਲਾਲ ਦਲੇਲ ਸੇਵ ਸਹੇਸਿਆ ॥੯॥**

*ਪਦ ਅਰਥ :* ਅਵੇਸਿਆ—ਘਰ ਕੀਤਾ, ਧੁਰਾ ਬਣਾਉਣਾ। ਸਲੇਸਿਆ—ਸ੍ਰੇਸ਼ਟ, ਉੱਤਮ ਤੇ ਮਹਿਕ ਭਿੰਨਾ। ਸੁਦੇਸਿਆ—ਸ੍ਰੇਸ਼ਟ ਦੇਸ, ਭਲਾ ਦੇਸ਼ ਖੈਰ—ਭਿਖਯਾ। ਦਲੇਲ—ਦਲੇਰ। ਸਹੇਸਿਆ—ਪ੍ਰਭੂ ਨਾਲ ਮਿਲੇ ਹੋਏ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਗੁਰੂ ਤੋਂ ਉਪਦੇਸ਼ ਪ੍ਰਾਪਤ ਕਰਨ ਵਾਲਿਆਂ ਦਾ ਹਮੇਸ਼ਾ ਨਿਤ ਕਰਮ ਕੀ ਹੈ?

(੧) ਉ: ਹੇ ਭਾਈਓ! ਜਿਨ੍ਹਾਂ ਗੁਰਮੁਖਾਂ ਨੂੰ ਗੁਰੂ ਦਾ ਉਪਦੇਸ ਪ੍ਰਾਪਤ ਹੋਇਆ ਹੈ, (ਵੇਖਣ ਵਿਚ ਆਇਆ ਹੈ ਕਿ ਉਨ੍ਹਾਂ ਦਾ ਹਰ ਕਰਮ, ਨਿਤ ਜੀਵਨ) ਸੱਚਾ ਖੇਲ ਹੈ।

(੨) (ਉਹ) ਸਾਧ ਸੰਗਤ ਦੇ ਮੇਲ ਵਿਚ ਮਿਲ ਕੇ (ਹਰ ਸਮੇਂ) ਸਬਦ ਦੀ ਵੀਚਾਰ (ਵਰਤੇ) ਕਰਦੇ ਹਨ

ਪ੍ਰ: ਕਿਉਂ ਜੀ, ਸੰਗਤ ਕਰਦੇ ਰਹਿਣ ਦਾ ਆਖ਼ਰ ਉਨ੍ਹਾਂ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ?

(੩) ਉ: ਹੇ ਪਿਆਰੇ! (ਜਿਵੇਂ) ਫੁਲਾਂ ਨਾਲ ਮਿਲ ਕੇ ਤਿਲ (ਵੀ ਫੁਲਾਂ ਵਰਗੀ) ਮਹਿਕ ਵਾਲੇ (ਬਣ ਜਾਂਦੇ) ਹਨ, ਤਿਵੇਂ ਹੀ ਸਾਧ ਸੰਗਤ ਦੇ ਸੰਗ ਵਿਚ ਗੁਰਮੁਖ ਵੀ ਮਹਿਕ ਵਾਲੇ (ਭਾਵ ਪ੍ਰਭੂ ਦੇ ਰੰਗ ਵਿਚ ਰੰਗੇ ਜਾਂਦੇ) ਹਨ।

ਪ੍ਰ: ਕਿਉਂ ਜੀ, ਸੰਸਾਰ ਵਿਚ ਭਰਮ ਤੇ ਮੋਹ ਦਾ ਜਾਲ ਬੜਾ ਪ੍ਰਬਲ ਹੈ, ਪਰ ਗੁਰਸਿੱਖਾਂ ਦਾ ਇਨ੍ਹਾਂ ਤੋਂ ਬਚਾਅ ਕਿਵੇਂ ਹੋਇਆ?

(੪) ਉ: ਹੇ ਭਾਈ! (ਸੱਚ ਤਾਂ ਇਹੋ ਹੈ ਕਿ) ਗੁਰਮੁਖਾਂ ਦੇ ਨੱਕ ਵਿਚ (ਉਸ ਰਾਜਕ ਦੀ ਰਜ਼ਾ ਵਿਚ ਜੀਵਨ ਗੁਜ਼ਾਰਦੇ ਰਹਿਣ ਦੀ) ਨਕੇਲ ਹੈ (ਜਿਸ ਦਾ ਸਦਕਾ ਉਨ੍ਹਾਂ ਦੇ) ਅੰਦੇਸੇ (ਭਰਮ ਤੇ ਮੋਹ ਦੇ ਜਾਲ) ਮਿਟ ਜਾਂਦੇ ਹਨ।

ਪ੍ਰ: ਕਿਉਂ ਜੀ, ਉਨ੍ਹਾਂ ਦੀ ਨਿਤ ਪ੍ਰਤੀ ਕਿਰਿਆ ਕੀ ਹੈ?

(੫) ਉ: ਹੇ ਭਾਈ! (ਉਹ, ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਹਨ ਤੇ ਗੁਰੂ ਦੇ ਸ਼ਬਦ ਵਿਚ ਲਿਵਲੀਨ ਹੋ ਕੇ (ਉਸ) ਅਗੰਮੀ ਦੇਸ ਦੇ ਵਾਸੀ ਬਣਦੇ ਹਨ ਜੋ ਅਤਿ (ਨਿਰਮਲ ਤੇ) ਸ੍ਰੇਸ਼ਟ ਹੈ।

(੬) (ਉਹ) ਗੁਰੂ ਦੇ ਜਪ ਦਾ ਜਾਪ ਹਿਰਦੇ ਵਿਚ ਜਪ ਕੇ ਸਦਾ ਸੁਖੀ ਹੁੰਦੇ, ਤੇ ਗੁਰੂ ਵਿਚ ਪ੍ਰਵੇਸ਼ (ਅਭੇਦ) ਹੋ ਜਾਂਦੇ ਹਨ।

(੭) ਉਨ੍ਹਾਂ ਦਾ (ਸਦਾ ਹੀ) ਭੈ ਤੇ ਭਾਉ ਭਗਤੀ ਨਾਲ ਮੇਲ ਹੋਇਆ ਰਹਿੰਦਾ ਹੈ, (ਇਸ ਕਰਕੇ ਉਹੀ) ਸੱਚੇ ਸਾਧੂ ਦੀ ਪਦਵੀ ਦੇ ਮਾਲਕ ਹਨ।

(੮) (ਉਨ੍ਹਾਂ) ਗੁਰਮੁਖਾਂ ਨੂੰ ਨਿੱਤ-ਨਿੱਤ (ਦਿਨ-ਬ-ਦਿਨ) ਨਵੇਂ ਤੋਂ ਨਵਾਂ (ਜੀਵਨ ਰੰਗ ਚੜ੍ਹਦਾ) ਹੈ, ਉਹ ਪ੍ਰੇਮਾ ਭਗਤੀ ਦੇ ਰਸ ਵਿਚ ਲਿਵਲੀਨ ਹੁੰਦੇ ਜਾਂਦੇ ਹਨ।

(੯) ਖੈਰ (ਸੁਖ ਦੇ) ਦਾਤੇ ਹਨ, (ਗੁਰਮੁਖ, ਗੁਰਸਿੱਖ) ਸੇਵਦੇ (ਭਾਵ ਪ੍ਰਭੂ ਨੂੰ ਜਪਦੇ ਹਨ ਇਸ ਲਈ ਉਹ) ਪ੍ਰਭੂ ਨਾਲ ਆਪ ਮਿਲੇ ਹੋਏ ਤੇ ਹੋਰਨਾਂ ਨੂੰ ਮੇਲ ਦੇਣ ਦੇ (ਦਲੇਲ) ਵੱਡੇ ਖੁੱਲ੍ਹ ਦਿਲੇ ਦਾਤੇ (ਦਲਾਲ) ਹਨ।੯।

*ਭਾਵਾਰਥ :* ਗੁਰਮੁਖਾਂ ਦੀ ਨਿਤ ਕ੍ਰਿਆ ਇਹੋ ਹੈ ਕਿ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਪ੍ਰਭੂ ਦਾ ਚਿੰਤਨ ਕਰਦੇ ਹਨ ਤੇ ਇਸੇ ਸਿਮਰਨ ਦੀ ਸ਼ਕਤੀ ਦੁਆਰੇ ਉਹ ਸੰਸਾਰ ਦੇ ਭਰਮ ਤੇ ਮੋਹ ਜਾਲ ਨੂੰ ਮਿਟਾ ਕੇ ਸੁਖੀ ਜੀਵਨ ਗੁਜ਼ਾਰਦੇ ਹਨ, ਅਜਿਹੀ ਭਾਉ ਭਗਤੀ ਨਾਲ ਜੁੜੇ ਹੋਏ ਗੁਰਮੁਖਾਂ ਨੂੰ ਹੀ ਸੱਚੇ ਸਾਧੂ ਕਿਹਾ ਜਾ ਸਕਦਾ ਹੈ, ਅਜਿਹੇ ਸਾਧੂ ਪ੍ਰਭੂ ਨਾਲ ਆਪ ਮਿਲੇ ਹੋਏ ਹਨ ਤੇ ਹੋਰਨਾਂ ਨੂੰ ਭੀ ਉਸੇ ਸੱਚੇ ਸਾਈਂ ਨਾਲ ਮਿਲਾਪ ਕਰਾਉਣ ਦਾ ਉੱਦਮ ਕਰਦੇ ਹਨ।

## *੧੦. ਗੁਰ ਮੂਰਤਿ ਤੇ ਗੁਰ ਸ਼ਬਦ*

**੧. ਗੁਰ ਮੂਰਤ ਕਰ ਧਿਆਨ ਸਦਾ ਹਜ਼ੂਰ ਹੈ।**
**੨. ਗੁਰਮੁਖ ਸ਼ਬਦ ਗਿਆਨ ਨੇੜ ਨ ਦੂਰ ਹੈ।**
**੩. ਪੂਰਬ ਲਿਖਤ ਨਿਸ਼ਾਨ ਕਰਮ ਅੰਕੂਰ ਹੈ।**
**੪. ਗੁਰ ਸੇਵਾ ਪਰਧਾਨ ਸੇਵਕ ਸੂਰ ਹੈ।**
**੫. ਪੂਰਨ ਪਰਮ ਨਿਧਾਨ ਸਦ ਭਰਪੂਰ ਹੈ।**
**੬. ਸਾਧਸੰਗਤ ਅਸਥਾਨ ਜਗ ਮਗ ਨੂਰ ਹੈ।**
**੭. ਲਖ ਲਖ ਸਸੀਅਰ ਭਾਨ ਕਿਰਨਿ ਠਰੂਰ ਹੈ।**
**੮. ਲਖ ਲਖ ਬੇਦ ਪੁਰਾਨ ਕੀਰਤਨ ਚੂਰ ਹੈ।**
**੯. ਭਗਤ ਵਛਲ ਪਰਵਾਨ ਚਰਨਾਂ ਧੂਰ ਹੈ ॥**

*ਪਦ ਅਰਥ :* ਨਿਸ਼ਾਨ—ਪਰਗਟ, ਨਿਸ਼ਾਨੀ। ਅੰਕੂਰ—ਅੰਗੂਰ, ਕਰੂੰਮਲਾਂ ਫੁਟਣੀਆਂ। ਸੂਰ—ਸੂਰਮੇ। ਨੂਰ—

ਪ੍ਰਕਾਸ਼ਵਾਨ। ਠਰੂਰ—ਠੰਢਾ ਠਾਰ, ਸੀਤਲ। ਚੂਰ—ਮਾਤ ਕਰਨਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਗੁਰਮਤ ਅਨੁਸਾਰ ਧਿਆਨ ਧਰਨ ਬਾਰੇ ਆਪ ਜੀ ਦਾ ਕੀ ਵੀਚਾਰ ਹੈ ਕਿ ਕਿਸਦਾ ਧਿਆਨ ਧਰਿਆ ਜਾਵੇ ?

(੧) ਉ: ਹੇ ਭਾਈ! ਗੁਰਮਤ ਦੀ ਆਗਿਆ ਤਾ ਇਹੋ ਹੀ ਹੈ ਕਿ ਗੁਰੂ ਦੀ ਮੂਰਤਿ ਦਾ (ਹੀ) ਧਿਆਨ ਕਰੋ (ਕਿਉਂਕਿ ਉਹ ਗੁਰੂ) ਸਦਾ ਹੀ ਹਾਜ਼ਰਾ ਹਜ਼ੂਰ ਹੈ।

ਪ੍ਰ: ਕਿਉਂ ਜੀ, ਕੀ ਗੁਰ ਮੂਰਤਿ ਤੋਂ ਆਪ ਦੀ ਮੁਰਾਦ ਕਿਸੇ ਪੇਪਰ 'ਤੇ ਉੱਕਰੀ ਕਿਸੇ ਫੋਟੋ ਜਾਂ ਤਸਵੀਰ ਤੋਂ ਹੈ ?

(੨) ਉ: ਹੇ ਭਾਈਓ! (ਜਦੋਂ ਅਸੀਂ ਗੁਰਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਉਥੋਂ ਭੀ ਇਹੋ ਇਸ਼ਾਰਾ ਮਿਲਦਾ ਹੈ ਕਿ—ਗੁਰ ਕੀ ਮੂਰਤਿ ਮਨ ਮਹਿ ਧਿਆਨੁ—ਪਰ ਨਾਲ ਹੀ ਖੁਲਾਸਾ ਕਰ ਦਿਤਾ ਹੈ ਕਿ—ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ—ਭਾਵ ਹੈ ਕਿ ਗੁਰੂ ਦੇ ਸ਼ਬਦ ਰੂਪੀ ਮੰਤ੍ਰ ਨੂੰ ਮਨ ਵਿਚ ਧਾਰਨ ਕਰ ਲੈਣਾ ਹੀ ਗੁਰੂ ਮੂਰਤਿ ਦਾ ਮਨ ਵਿਚ ਧਿਆਨ ਕਰਨਾ ਹੈ) ਗੁਰੂ ਦੁਆਰੇ ਸ਼ਬਦ ਦਾ (ਜਿਨ੍ਹਾਂ ਨੂੰ) ਗਿਆਨ ਹੋਇਆ ਹੈ, ਉਨ੍ਹਾਂ ਨੂੰ ਗਿਆਨ ਦਾ ਚਾਨਣਾ ਐਸਾ ਹੋਇਆ ਕਿ ਉਨ੍ਹਾਂ ਨੂੰ ਪਰਮੇਸ਼ਰ (ਹਰ ਥਾਂ) ਦਿਸਦਾ ਹੈ, ਦੂਰ ਨਹੀ ਜਾਪਦਾ।

ਪ੍ਰ: ਕਿਉਂ ਜੀ, ਇਹ ਗਿਆਨ ਦਾ ਚਾਨਣ ਸਾਰੇ ਹੀ ਲੋਕਾਂ ਨੂੰ ਕਿਉਂ ਨਹੀਂ ਹੋ ਸਕਦਾ ?

(੩) ਉ: ਹੇ ਪਿਆਰੇ! (ਚਾਹੁੰਦੇ ਤਾਂ ਸਾਰੇ ਹੀ ਹਨ ਪਰ ਜਦ ਕਿਸੇ ਦੇ) ਪਿਛਲੇ ਕੀਤੇ ਕਰਮਾਂ ਦਾ ਨਿਸ਼ਾਨ ਅੰਗੂਰ ਪ੍ਰਗਟ ਹੋ ਜਾਂਦਾ ਹੈ (ਤਦੋਂ ਹੀ ਉਸਨੂੰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ) ਜਿਵੇਂ ਕਿ ਪਹਿਲੋਂ ਪੌਦੇ ਦੀਆਂ ਕਰੂੰਮਲਾਂ ਫੁਟਦੀਆਂ ਹਨ। ਅਖ਼ੀਰ ਵਿਚ ਉਸਨੂੰ ਫਲ ਲਗਦਾ ਹੈ।

ਪ੍ਰ: ਕਿਉਂ ਜੀ, ਫਿਰ ਕੀ ਹੁੰਦਾ ਹੈ ?

(੪) ਉ: ਹੇ ਭਾਈਓ! (ਫਿਰ ਉਹ) ਸੇਵਕ ਸੂਰਮਾ (ਬਣ ਕੇ) ਗੁਰੂ ਦੀ ਸੇਵਾ (ਵੱਧ ਚੜ੍ਹ ਕੇ ਕਰਨ ਵਿਚ) ਪ੍ਰਧਾਨ (ਭਾਵ ਮੁਖੀਆ) ਹੋ ਜਾਂਦਾ ਹੈ।

(੫) (ਉਹ ਬਖ਼ਸ਼ਿਸ਼ਾਂ ਤੇ ਰਹਿਮਤਾਂ ਕਰਨ ਵਾਲਾ ਪ੍ਰਭੂ) ਸਦਾ ਹੀ ਪੂਰਨ ਤੇ ਵੱਡਾ ਭੰਡਾਰ ਹੈ (ਜੋ ਕਦੀ ਵੀ ਖ਼ਾਲੀ ਨਹੀਂ ਹੁੰਦਾ)।

ਪ੍ਰ: ਕਿਉਂ ਜੀ, ਉਸ ਨੂਰੀ ਪਰਮੇਸਰ ਦੇ ਨੂਰ ਨੂੰ ਕਿਸ ਥਾਂ ਵੇਖ ਸਕੀਦਾ ਹੈ ?

(੬) ਉ: ਹੇ ਭਾਈਓ! ਉਸ ਨੂੰ ਵੇਖਣ ਦਾ ਅਸਥਾਨ ਤਾਂ ਕੇਵਲ ਸਾਧ ਸੰਗਤ ਹੈ, ਉਸਦਾ ਨੂਰ ਉਸੇ ਥਾਂ ਹੀ ਜਗਮਗ ਕਰ ਰਿਹਾ ਹੈ।

ਪ੍ਰ: ਕਿਉਂ ਜੀ, ਜੋ ਸਾਧ ਸੰਗਤ ਵਿਚ ਨੂਰ ਦਾ ਪ੍ਰਕਾਸ਼ ਹੋ ਰਿਹਾ ਹੈ ਕੀ ਉਹ ਸੂਰਜ ਤੇ ਚੰਦ੍ਰਮਾ ਦੀਆਂ ਕਿਰਨਾਂ ਦੀ ਸਮਾਨਤਾ ਰਖਦਾ ਹੈ ?

(੭) ਉ: ਹੇ ਭਾਈਓ! ਅਸਲ ਵਿਚ ਤਾਂ ਇਉਂ ਹੀ ਕਹਿਣਾ ਚਾਹੀਦਾ ਹੈ ਕਿ ਇਸ ਨੂਰੀ ਸਾਧ ਸੰਗਤ ਦੇ ਪ੍ਰਕਾਸ਼ ਸਾਹਮਣੇ ਲੱਖਾਂ ਸੂਰਜ ਤੇ ਚੰਦ੍ਰਮਾ (ਦੇ ਪ੍ਰਕਾਸ਼) ਦੀਆਂ ਕਿਰਨਾਂ ਮਾਤ ਹਨ (ਭਾਵ ਗੁਰੂ ਦੀ ਸੱਚੀ ਸਿਫ਼ਤ ਸਾਲਾਹ ਦੇ ਮੁਕਾਬਲੇ ਵਿਚ ਕੁੱਝ ਵੀ ਨਹੀਂ ਹਨ)।

(੮) ਲੱਖਾਂ ਵੇਦ ਤੇ ਲੱਖਾਂ ਹੀ ਪੁਰਾਣ (ਸਾਧ ਸੰਗਤ ਵਿਚ ਪ੍ਰਭੂ ਦੀ ਸਿਫ਼ਤ ਦੇ) ਕੀਰਤਨ ਸਾਹਮਣੇ ਚੂਰ (ਭਾਵ ਮਾਤ) ਹਨ।

(੯) ਹੇ ਭਾਈ! (ਐਸੇ ਪ੍ਰਭੂ ਦੇ ਪਿਆਰਿਆਂ ਦੀ) ਚਰਨ ਧੂੜੀ ਭਗਤ ਵਛਲ ਭਗਤਾਂ ਦੀ ਪੈਜ ਰੱਖਣ ਵਾਲੇ ਪ੍ਰਭੂ ਦੀਆਂ ਨਜ਼ਰਾਂ ਵਿਚ ਪ੍ਰਵਾਣ ਹੈ।੧੦।

***ਭਾਵਾਰਥ :*** ਜੋ ਗੁਰਮੁਖ ਗੁਰੂ ਦੀ ਮੂਰਤਿ ਸਬਦ ਦਾ ਧਿਆਨ ਕਰਦੇ ਹਨ ਗੁਰੂ ਹਰ ਸਮੇਂ ਹੀ ਉਨ੍ਹਾਂ ਦੇ ਅੰਗ ਸੰਗ ਹੈ, ਉਹੋ ਹੀ ਸੇਵਕ ਪ੍ਰਧਾਨ ਮੁਖੀ ਸੂਰਮਾ ਹੈ, ਉਨ੍ਹਾਂ ਨੂੰ ਹੀ ਗੁਰੂ ਦੁਆਰੇ ਸ਼ਬਦ ਦਾ ਪ੍ਰਕਾਸ ਹੋਇਆ ਹੈ. ਜਿਸ ਪ੍ਰਕਾਸ ਦੀ ਸਮਤਾ ਲੱਖਾਂ ਹੀ ਸੂਰਜ ਤੇ ਚੰਦ੍ਰਮਾ ਦੀਆਂ ਕਿਰਨਾਂ ਭੀ ਨਹੀਂ ਕਰ ਸਕਦੀਆਂ। ਪਰ ਐਸੇ ਸਤਿਗੁਰੂ ਦੀ ਚਰਨ ਧੂੜ ਪ੍ਰਾਪਤ ਕੀਤਿਆਂ ਹੀ ਸੁਖ ਹਾਸਲ ਹੁੰਦਾ ਹੈ। ਵਾਹਿਗੁਰੂ ਨੂੰ ਭੀ ਇਹੋ ਗੱਲ ਚੰਗੀ ਲੱਗਦੀ ਹੈ, ਗੁਰਬਾਣੀ ਵਿਚ ਭੀ ਇਹੋ ਹੁਕਮ ਹੈ :

ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥ *(ਪੰਨਾ ੮੦)*

## ੧੧. ਗੁਰੂ ਤੇ ਗੁਰਸਿੱਖ ਦੀ ਅਭੇਦਤਾ

**੧. ਗੁਰਸਿੱਖ ਸਿੱਖ ਗੁਰ ਸੋਇ ਅਲਖ ਲਖਾਇਆ।**
**੨. ਗੁਰ ਦੀਖਿਆ ਲੈ ਸਿੱਖ ਸਿੱਖ ਸਦਾਇਆ।**
**੩. ਗੁਰ ਸਿੱਖ ਇੱਕੋ ਹੋਇ ਜੋ ਗੁਰ ਭਾਇਆ।**
**੪. ਹੀਰਾ ਕਣੀ ਪਰੋਇ ਹੀਰ ਬਿਧਾਇਆ।**
**੫. ਜਲ ਤਰੰਗ ਅਵਲੋਇ ਸਲਿਲ ਸਮਾਇਆ।**
**੬. ਜੋਤੀ ਜੋਤਿ ਸਮੋਇ ਦੀਪ ਦੀਪਾਇਆ।**

**੭. ਅਚਰਜ ਅਚਰਜ ਢੋਇ ਚਲਿਤ ਬਣਾਇਆ।**
**੮. ਦੁੱਧਹੁ ਦਹੀ ਵਿਲੋਇ ਘਿਉ ਕਢਾਇਆ।**
**੯. ਇਕ ਚਾਨਣ ਤ੍ਰਿਹੁ ਲੋਇ ਪ੍ਰਗਟੀ ਆਇਆ ॥੧੧॥**

*ਪਦ ਅਰਥ :* ਅਵਲੋਇ—ਦੇਖਣਾ ਕਰੋ, ਭਾਵ ਦੇਖੋ। ਸਲਿਲ—ਜਲ ਦੀਆਂ ਲਹਿਰਾਂ। ਢੋਇ—ਮਿਲਣਾ। ਵਿਲੋਇ—ਰਿੜਕ ਕੇ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਸਿੱਖ ਦੀ ਗੁਰੂ ਵਿਚ ਅਭੇਦਤਾ ਕਿਵੇਂ ਹੁੰਦੀ ਹੈ ?

(੧) ਉ: ਹੇ ਭਾਈ ! (ਸਿੱਖ-ਇਤਿਹਾਸ ਇਹੋ ਹੀ ਜਾਣਕਾਰੀ ਦੇਂਦਾ ਹੈ ਕਿ) ਗੁਰਸਿੱਖ ਨੇ ਪਹਿਲੇ ਸਿੱਖੀ ਪ੍ਰਾਪਤ ਕੀਤੀ ਫਿਰ ਉਹੀ ਗੁਰੂ ਹੋਇਆ ਤੇ (ਉਸਨੇ) ਅਲਖ (ਨਾ ਲਖੇ ਜਾਣ ਵਾਲੇ) ਪਰਮੇਸ਼ਰ ਨੂੰ ਆਪ ਲਖ ਲਿਆ (ਭਾਵ ਜਾਣ ਲਿਆ ਤੇ ਹੋਰਨਾਂ ਨੂੰ ਭੀ ਜਣਾਇਆ)।

ਪ੍ਰ: ਕਿਉਂ ਜੀ, ਇਸ ਭਾਵ ਦੀ ਸਿੱਖੀ ਲਈ ਕੋਈ ਉਦਾਹਰਣ ਦਿਓ ?

(੨) ਉ: ਹੇ ਭਾਈ ! (ਵੇਖੋ) ਜਿਵੇਂ ਗੁਰੂ ਅੰਗਦ ਨੇ ਸਿਖ ਹੋ, ਗੁਰੂ ਨਾਨਕ ਤੋਂ ਸਿੱਖੀ ਪ੍ਰਾਪਤ ਕੀਤੀ, ਭਾਵ ਗੁਰੂ ਦੀ ਸਿਖਿਆ ਲੈ ਸਿਖ ਬਣੇ ਤੇ ਸਿਖ ਸਦਾਏ।

(੩) (ਪਰ ਜਦੋਂ ਦਿਨੇ ਰਾਤ ਸੇਵਾ ਕਰਦੇ) ਗੁਰੂ ਨੂੰ ਭਾ ਗਏ (ਚੰਗੇ ਲੱਗੇ) ਤਾਂ ਗੁਰੂ ਤੇ ਸਿਖ ਇੱਕੋ ਹੋ ਗਏ (ਭਾਵ ਲਹਿਣੇ ਤੋਂ ਗੁਰੂ ਨਾਨਕ ਦਾ ਦੂਜਾ ਰੂਪ, ਗੁਰੂ ਅੰਗਦ ਬਣ ਗਏ)।

(੪) (ਇਉਂ ਹੀ ਜਾਣੋ ਜਿਵੇਂ) ਹੀਰੇ ਦੀ ਕਣੀ ਨੇ ਹੀਰੇ ਨੂੰ ਵਿੰਨ੍ਹ ਕੇ ਪਰੋ ਦਿੱਤਾ।

(੫) (ਜਾਂ ਇਸ ਤਰ੍ਹਾਂ ਭੀ ਅਨੁਭਵ ਕਰ ਸਕਦੇ ਹਾਂ ਕਿ ਜਿਵੇਂ) ਜਲ ਦੀਆਂ ਤਰੰਗਾਂ (ਜਾਂ ਲਹਿਰਾਂ ਜਲ ਵਿਚੋਂ ਹੀ ਨਿਕਲਦੀਆਂ ਤੇ ਫਿਰ) ਜਲ ਵਿਚ ਹੀ ਲੀਨ ਹੋ ਜਾਂਦੀਆਂ ਹਨ।

(੬) (ਉਵੇਂ ਹੀ ਜਿਵੇਂ) ਦੀਵੇ ਤੋਂ ਦੀਵਾ ਜਗ ਜਾਂਦਾ, (ਇਵੇਂ ਗੁਰੂ ਜੋਤਿ) ਜੋਤਿ ਵਿਚ ਸਮਾ ਜਾਂਦੀ ਹੈ।

(੭) (ਇਵੇਂ ਗਹਿਰ ਗੰਭੀਰ ਸਤਿਗੁਰੂ ਜੀ ਨੇ) ਅਸਚਰਜਤਾ ਨੂੰ ਅਸਚਰਜ ਢੰਗ ਨਾਲ ਮੇਲ ਅਸਚਰਜ ਹੀ ਚਰਿੱਤ੍ਰ ਬਣਾ ਦਿੱਤਾ।

ਪ੍ਰ: ਕਿਉਂ ਜੀ, ਕੋਈ ਉਦਾਹਰਣ ਦਿਓ ?

(੮) ਉ: ਹੇ ਭਾਈ ! (ਜਿਵੇਂ) ਦੁੱਧ ਤੋਂ ਦਹੀਂ (ਬਣਾ ਕੇ, ਫਿਰ ਉਸ ਨੂੰ) ਰਿੜਕ ਕੇ (ਉਸ ਵਿਚੋਂ) ਘਿਉ ਕੱਢ ਲਈਦਾ ਹੈ।

(੯) ਇਉਂ ਇਸ ਪ੍ਰਭੂ ਦੇ ਸਰੂਪ ਗੁਰੂ ਦੇ ਗਿਆਨ ਦਾ ਚਾਨਣ ਤਿੰਨ ਲੋਕਾਂ ਵਿਚ ਪ੍ਰਗਟ (ਪ੍ਰਕਾਸ਼) ਹੋ ਗਿਆ ॥੧੧॥

*ਭਾਵਾਰਥ :* ਇਹ ਨਿਯਮ ਜੋ ਉਪ੍ਰੋਕਤ ਪਉੜੀ ਵਿਚ ਅੰਕਿਤ ਕੀਤਾ ਹੈ, ਇਹ ਦਸਾਂ ਪਾਤਿਸ਼ਾਹੀਆਂ ਦੇ ਪਰਸਪਰ ਸੰਬੰਧ ਵਿਚ ਭੀ ਘਟਦਾ ਹੈ।

## ੧੨. ਉੱਪਰਲੇ ਭਾਵ ਪਰ ਹੈ

**੧. ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ।**
**੨. ਅੰਗਦ ਅਲਖ ਅਭੇਉ ਸਹਜਿ ਸਮੋਇਆ।**
**੩. ਅਮਰਹੁ ਅਮਰ ਸਮੇਉ ਅਲਖ ਅਲੋਇਆ।**
**੪. ਰਾਮ ਨਾਮ ਅਰਿਖੇਉ ਅੰਮ੍ਰਿਤ ਚੋਇਆ।**
**੫. ਗੁਰ ਅਰਜਨ ਕਰ ਸੇਉ ਢੋਐ ਢੋਇਆ।**
**੬. ਗੁਰ ਹਰਿਗੋਬਿੰਦ ਅਮੇਉ ਵਿਲੋਇ ਵਿਲੋਇਆ।**
**੭. ਸੱਚਾ ਸੱਚ ਸੁਚੇਉ ਸੱਚ ਖਲੋਇਆ।**
**੮. ਆਤਮ ਅਗਹ ਅਗੇਉ ਸ਼ਬਦ ਪਰੋਇਆ।**
**੯. ਗੁਰਮੁਖ ਅਭਰ ਭਰੇਉ ਭਰਮ ਭਉ ਖੋਇਆ ॥੧੨॥**

*ਪਦ ਅਰਥ :* ਸਮੋਇਆ—ਸਮਾ ਦਿੱਤਾ, ਘਰ ਕੀਤਾ। ਰਾਮ ਨਾਮ—ਗੁਰੂ ਰਾਮਦਾਸ ਜੀ। ਅਰਿਖੇਉ—ਪ੍ਰੇਮ। ਢੋਐ ਢੋਇਆ—ਦਾਤ ਨਾਲ ਵਰੋਸਾਏ ਗਏ। ਅਗੇਉ—ਅਗਾਧ। ਅਭਰ—ਸੱਖਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਦੁਨੀਆ ਦੇ ਕੋਨੇ ਕੋਨੇ ਵਿਚ ਅਧੂਰੇ ਮਨੁੱਖ ਭੀ ਆਪਣੇ ਆਪ ਨੂੰ ਪੂਰਨ ਗੁਰੂ ਅਖਵਾਉਣ ਦੇ ਦਾਅਵੇਦਾਰ ਬਣੀ ਬੈਠੇ ਹਨ, ਪਰ ਆਪ ਜੀ ਗੁਰਮਤ ਅਨੁਸਾਰ ਜਾਣਕਾਰੀ ਦਿਓ ਕਿ ਕਲਜੁਗ ਵਿਚ ਸ਼ਿਰੋਮਣੀ ਗੁਰੂ ਕਿਸਨੂੰ ਮੰਨਣਾ ਜੋਗ ਹੈ ?

(੧) ਉ: ਹੇ ਪਿਆਰੇ ! (ਗੁਰਮਤ ਦੀ ਪੜਚੋਲ ਕਰਨ ਤੋਂ ਇਉਂ ਹੀ ਬੋਧ ਮਿਲਦਾ ਹੈ ਕਿ) ਸਤਿਗੁਰੂ ਨਾਨਕ ਦੇਵ ਜੀ (ਕਲਜੁਗ ਵਿਚ ਵੱਡੇ) ਗੁਰੂਆਂ ਦੇ ਗੁਰਦੇਵ ਹੋਏ।

(੨) (ਉਨ੍ਹਾਂ ਵਲੋਂ ਗੁਰੂ) ਅੰਗਦ (ਜੀ ਨੂੰ) ਅਲੱਖ ਤੇ ਅਭੇਦ

(ਵਾਹਿਗੁਰੂ ਵਿਚ) ਸਹਜਿ (ਪਦ ਦੇ ਕੇ) ਸਮਾ ਦਿੱਤਾ।

(੩) (ਅੱਗੇ ਗੁਰੂ ਅੰਗਦ ਜੀ ਨੇ ਗੁਰੂ) ਅਮਰਦਾਸ ਨੂੰ ਅਮਰ (ਅਵਸਥਾ ਭਾਵ ਪ੍ਰਭੂ ਦੀ ਪ੍ਰੇਮਾ ਭਗਤੀ ਵਿਖੇ ਪਹੁੰਚਾ ਕੇ) ਪ੍ਰਭੂ ਨੂੰ ਲਖਾ ਦਿੱਤਾ।

(੪) (ਅੱਗੋ) ਰਾਮਦਾਸ (ਗੁਰੂ ਜੀ ਦੇ ਹਿਰਦੇ ਵਿਚ ਗੁਰੂ ਅਮਰਦਾਸ ਜੀ ਨੇ) ਪ੍ਰੇਮ ਰਸ ਦਾ ਅੰਮ੍ਰਿਤ ਚੋ ਦਿੱਤਾ।

(੫) (ਫਿਰ ਅੱਗੇ) ਗੁਰੂ ਅਰਜਨ ਦੇਵ ਜੀ ਨੇ ਸੇਵਾ ਕੀਤੀ (ਤੇ ਉਹ ਪਿਤਾ ਗੁਰੂ ਵਲੋਂ ਇਸ ਈਸ਼ਵਰੀ) ਦਾਤ ਨਾਲ ਨਿਵਾਜੇ ਤੇ (ਸਤਿਕਾਰੇ) ਗਏ।

(੬) ਗੁਰੂ ਹਰਿਗੋਬਿੰਦ ਜੀ ਨੇ ਗੁਰੂ ਸ਼ਬਦ ਨੂੰ ਰਿੜਕਿਆ (ਕਮਾਈ ਕੀਤੀ, ਉਹ ਪਿਤਾ ਗੁਰੂ ਦੀ ਬਖ਼ਸ਼ਿਸ਼ ਨਾਲ) ਅਮੇਉ (ਮਿਣਤੀ ਤੋਂ ਰਹਿਤ, ਅਗਾਧ) ਹੋ ਗਏ।

(੭) (ਪ੍ਰਭੂ) ਸੱਚੇ ਦੀ (ਸੱਚੀ ਕ੍ਰਿਪਾ) ਸੱਚੇ (ਸਤਿਗੁਰਾਂ ਦੇ ਹਿਰਦੇ ਰਾਹੀਂ ਹੁੰਦੀ ਆਪਣੇ ਅਸਲੀ) ਸੱਚ (ਦੇ ਨਿਸ਼ਾਨੇ ਤੇ ਹੀ) ਆ ਖਲੋਤੀ (ਤੇ ਸਿੱਖਾਂ ਦੇ ਹਿਰਦਿਆਂ ਵਿਚ ਭੀ ਇਹ ਸੱਚ ਆ ਖਲੋਤਾ)।

(੮) (ਸਿੱਖਾਂ ਦੇ) ਆਤਮੇ (ਮਨ ਤੇ ਹਿਰਦੇ) ਨੂੰ ਅਥਾਹ ਤੇ ਅਗਾਧ (ਗੁਰੂ) ਸ਼ਬਦ ਨਾਲ ਪਰੋ (ਭਾਵ ਜੋੜ) ਦਿੱਤਾ।

ਪ੍ਰ: ਕਿਉ ਜੀ, ਆਖਰ ਗੁਰਸਿੱਖਾਂ ਨੂੰ ਇਸਦਾ ਫਲ ਕੀ ਮਿਲਿਆ ?

(੯) ਉ: ਹੇ ਭਾਈ! ਫਿਰ ਗੁਰਮੁਖ (ਗੁਰਸਿੱਖਾਂ ਨੇ) ਅਭਰ (ਨਾ ਭਰੇ ਜਾਣ ਵਾਲੇ ਹਿਰਦਿਆਂ) ਨੂੰ ਗੁਰੂ ਸ਼ਬਦ ਨਾਲ ਜੁੜ ਕੇ ਆਪਣੇ ਭਰਮ ਤੇ ਡਰਾਂ ਨੂੰ ਖ਼ਤਮ ਕਰ ਦਿੱਤਾ।੧੨।

*ਭਾਵਾਰਥ :* ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਜੋ ਡਰ ਤੇ ਸਹਿਮ ਸਿਖ ਹਿਰਦਿਆਂ ਵਿਚ ਉਤਪੰਨ ਹੋ ਗਿਆ ਸੀ, ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਤਾ-ਗੱਦੀ 'ਤੇ ਬੈਠਦਿਆਂ ਹੀ ਦੂਰ ਹੋ ਗਏ, ਡਰ ਤੇ ਸਹਿਮ ਦੀ ਥਾਂ ਨਿਰਭੈਤਾ ਤੇ ਗੁੱਸੇ ਭਰੇ ਜੋਸ਼ ਦਾ ਉਭਾਰ ਆ ਗਿਆ, ਜਿਸ ਨੇ ਦੁਸ਼ਮਣ, ਜ਼ਾਲਮਾਂ ਦੇ ਭੁਲੇਖੇ ਤੇ ਭਰਮ ਦੂਰ ਕਰ ਦਿੱਤੇ।

## ੧੩. ਸਾਧ ਸੰਗਤ ਤੇ ਗੁਰਮੁਖ

**੧. ਸਾਧਸੰਗਤਿ ਭਉ ਭਾਉ ਸਹਜਿ ਬੈਰਾਗ ਹੈ।**
**੨. ਗੁਰਮੁਖ ਸਹਜਿ ਸੁਭਾਉ ਸੁਰਤਿ ਸੁ ਜਾਗ ਹੈ।**
**੩. ਮਧੁਰ ਬਚਨ ਆਲਾਉ ਹਉਮੈਂ ਤਜਾਗ ਹੈ।**
**੪. ਸਤਿਗੁਰ ਮਤਿ ਪਰਥਾਉ ਸਦਾ ਅਨੁਰਾਗ ਹੈ।**
**੫. ਪਿਰਮ ਪਿਆਲੇ ਸਾਉ ਮਸਤਕ ਭਾਗ ਹੈ।**
**੬. ਬ੍ਰਹਮ ਜੋਤਿ ਬ੍ਰਹਮਾਉ ਗਜਾਨ ਚਰਾਗ ਹੈ।**
**੭. ਅੰਤਰ ਗੁਰਮਤਿ ਚਾਉ ਅਲਿਪਤ ਅਦਾਗ ਹੈ।**
**੮. ਵੀਹ ਇਕੀਹ ਚੜ੍ਹਾਉ ਸਦਾ ਸੁਹਾਗ ਹੈ ।੧੩।**

*ਪਦ ਅਰਥ :* ਆਲਾਉ—ਬੋਲਣਾ। ਪਰਥਾਉ—ਅਨੁਸਾਰ, ਅਨੁਕੂਲ, ਆਸਰੇ। ਅਨੁਰਾਗ—ਪ੍ਰੇਮ। ਸਾਉ—ਸੁਆਦ।

*ਅਰਥ :*

ਪ੍ਰ: ਭਾਈ ਸਾਹਿਬ ਜੀ! ਮਨੁੱਖ ਦੇ ਮਨ ਦਾ ਵੇਗ ਸਦਾ ਹੀ ਸੰਸਾਰ ਦੇ ਮਾਇਕੀ ਪਦਾਰਥਾਂ ਦੇ ਮੋਹ ਦੇ ਵੇਗ ਵਿਚ ਗਲਤਨ ਰਹਿੰਦਾ ਹੈ, ਇਸ ਨੂੰ ਰੋਕਣ ਲਈ ਕੋਈ ਸਾਧਨ ਦਸੋ ?

(੧) ਉ: ਹੇ ਭਾਈਓ! ਇਹ ਠੀਕ ਹੈ ਕਿ ਸੰਸਾਰ ਵਿਚ ਮੋਹ ਦੀ ਪ੍ਰਬਲਤਾ ਬਹੁਤ ਹੈ ਪਰ ਇਸ ਤੋਂ ਬਚਣ ਲਈ ਕੇਵਲ ਇੱਕੋ ਸਾਧ ਸੰਗਤ ਹੈ, ਜਿਸ ਵਿਚੋਂ ਭਉ (ਅਦਬ ਵਾਲੇ ਡਰ) ਤੇ ਭਾਉ ਪ੍ਰੇਮ ਦੀ ਸਿਖਿਆ ਮਿਲਦੀ ਹੈ, ਜਿਸ ਨਾਲ ਸਹਿਜੇ ਹੀ (ਪ੍ਰਭੂ ਦੇ ਪ੍ਰੇਮ ਵਿਚ) ਵੈਰਾਗੀ ਹੋ ਜਾਈਦਾ ਹੈ।

ਪ੍ਰ: ਕਿਉਂ ਜੀ, ਉਨ੍ਹਾਂ ਦੀ ਪਛਾਣ ਕੀ ਹੈ ?

(੨) ਉ: ਹੇ ਭਾਈਓ! (ਉਹ) ਗੁਰਮੁਖ ਸਹਿਜ ਸੁਭਾਅ ਸੁਰਤਿ ਵਿਚ ਇਕ ਰਸ ਜੁੜੇ ਹੋਏ ਭੀ (ਸਦਾ) ਸਾਵਧਾਨ ਰਹਿੰਦੇ ਹਨ (ਭਾਵ ਉਨ੍ਹਾਂ ਦੀ ਸੁਰਤਿ ਸ਼ਬਦ ਵਿਚ ਹੀ ਜੁੜੀ ਰਹਿੰਦੀ ਹੈ)।

(੩) ਇਹ ਰੱਬੀ ਦਾਤ ਪ੍ਰਾਪਤ ਕਰਕੇ ਭੀ ਉਹ ਮਿੱਠੇ ਬਚਨ ਬੋਲਦੇ ਤੇ (ਸਦਾ ਹੀ) ਹਉਮੈਂ ਦੇ ਤਿਆਗੀ ਰਹਿੰਦੇ ਹਨ।

(੪) ਉਹ ਸਤਿਗੁਰਾਂ ਦੀ ਮਤਿ (ਸਿਖਿਆ) ਦੇ ਅਨੁਸਾਰੀ ਹੋ ਸਦਾ ਹੀ ਪ੍ਰੇਮ (ਰੰਗ) ਵਿਚ (ਰੰਗੇ) ਰਹਿੰਦੇ ਹਨ।

(੫) (ਕਿਉਂਕਿ ਉਨ੍ਹਾ ਨੂੰ) ਅੰਮ੍ਰਿਤ ਦੇ ਰਸ ਦਾ ਸੁਆਦ ਆਉਂਦਾ ਹੈ, ਇਹ ਉਨ੍ਹਾਂ ਦੇ ਮੱਥੇ ਦਾ ਭਾਗਯ ਹੈ।

(੬) (ਉਹ) ਬ੍ਰਹਮ ਪ੍ਰਭੂ ਦੀ ਜੋਤਿ ਬਣ ਕੇ, (ਹੁਣ) ਬ੍ਰਹਮਾ ਵਰਗੇ ਦੇਵਤਿਆਂ ਲਈ ਵੀ ਗਿਆਨ ਦਾ ਦੀਵਾ ਬਣ ਜਾਂਦੇ ਹਨ।

(੭) (ਕਿਉਂਕਿ) ਉਨ੍ਹਾਂ ਦੇ ਅੰਦਰ ਗੁਰੂ ਦੀ ਸਿਖਿਆ ਦਾ ਚਾਉ ਹੁੰਦਾ ਹੈ। ਉਹ (ਮਾਇਆ ਤੋਂ) ਅਲੇਪ ਅਤੇ ਵਿਸ਼ਿਆਂ ਤੋਂ ਅਦਾਗ ਹਨ।

ਪ੍ਰ: ਕਿਉਂ ਜੀ, ਆਖ਼ਰ ਉਨ੍ਹਾਂ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ ?

(੮) ਉ: ਹੇ ਭਾਈ ! (ਉਨ੍ਹਾਂ ਨੂੰ ਇਹ ਫਲ ਹਾਸਲ ਹੁੰਦਾ ਹੈ ਕਿ) ਸੰਸਾਰ ਵੀਹ ਵਿਸਿਆਂ ਵਿਚ ਫਸਿਆ ਹੋਇਆ ਹੈ (ਉਹ) ਗੁਰਮੁਖ ਇਕੀਹ (ਇਕ ਈਸ਼ਵਰ ਵਿਖੇ) ਚੜ੍ਹਾਉ (ਉੱਨਤੀ) ਕਰਦੇ ਹਨ। ਫਿਰ ਉਹ ਪ੍ਰਭੂ ਦੀ ਬਖ਼ਸ਼ਿਸ਼ ਨਾਲ ਸਦੀਵੀ ਅਨੰਦ ਪ੍ਰਾਪਤ ਕਰਦੇ ਹਨ।੧੩।

*ਭਾਵਾਰਥ :* ਸਾਧ ਸੰਗਤ ਦੁਆਰੇ ਮਨੁੱਖ ਦੇ ਅੰਤਰ ਆਤਮੇ ਉਸ ਪ੍ਰਭੂ ਦਾ ਅਦਬ ਤੇ ਪ੍ਰੇਮ ਉਤਪੰਨ ਹੁੰਦਾ ਹੈ, ਜਿਸਦਾ ਸਦਕਾ ਏਹ ਜੀਵ ਉਸ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਸਦਾ ਹੀ ਸੁਖ ਸ਼ਾਂਤੀ ਦਾ ਜੀਵਨ ਜੀਉਂਦਾ ਹੈ।

## ੧੪. ਉਪਰਲੇ ਭਾਵ

**੧. ਗੁਰਮੁਖ ਸ਼ਬਦ ਸਮਾਲ ਸੁਰਤਿ ਸਮਾਲੀਐ।**
**੨. ਗੁਰਮੁਖ ਨਦਰਿ ਨਿਹਾਲ ਨੇਹ ਨਿਹਾਲੀਐ।**
**੩. ਗੁਰਮੁਖ ਸੇਵਾ ਘਾਲ ਵਿਰਲੇ ਘਾਲੀਐ।**
**੪. ਗੁਰਮੁਖ ਦੀਨ ਦਯਾਲ ਹੇਤ ਹਿਆਲੀਐ।**
**੫. ਗੁਰਮੁਖ ਨਿਬਹੈ ਨਾਲ ਗੁਰ ਸਿਖ ਪਾਲੀਐ।**
**੬. ਰਤਨ ਪਦਾਰਥ ਲਾਲ ਗੁਰਮੁਖ ਭਾਲੀਐ।**
**੭. ਗੁਰਮੁਖ ਅਕਲ ਅਕਾਲ ਭਗਤਿ ਸੁਖਾਲੀਐ।**
**੮. ਗੁਰਮੁਖ ਹੰਸਾ ਢਾਲ ਰਸਕ ਰਸਾਲੀਐ॥੧੪॥**

*ਪਦ ਅਰਥ :* ਨਿਹਾਲੀਐ—ਵੇਖਦੇ ਹਨ। ਹੇਤ ਹਿਆਲੀਐ—ਦਿਲੀ ਪ੍ਰੇਮ ਹੰਸਾ ਢਾਲ—ਹੰਸਾ ਦੀ ਨਿਆਈ। ਰਸਕ ਰਸਾਲੀਐ—ਰਸਾਂ ਦਾ ਘਰ।

*ਅਰਥ :*

ਪ੍ਰ: ਕਿਉਂ ਜੀ, ਗੁਰੂ ਦਾ ਉਪਦੇਸ਼ ਧਾਰਨ ਵਾਲੇ ਗੁਰਮੁਖਾਂ ਦੀ ਪਛਾਣ ਕੀ ਹੈ ?

(੧) ਉ: ਹੇ ਭਾਈ ! ਜੋ ਗੁਰਮੁਖ (ਗੁਰੂ ਦੇ) ਉਪਦੇਸ਼ ਨੂੰ (ਅੰਤਰ ਆਤਮੇ) ਦ੍ਰਿੜ੍ਹ ਕਰ ਲੈਂਦੇ ਹਨ (ਉਹ ਫਿਰ) ਸੁਰਤਿ ਵਿਚ ਪਰਮੇਸ਼ਰ ਦੀ ਪ੍ਰੀਤ ਨੂੰ ਹੀ ਸਦਾ ਯਾਦ ਰਖਦੇ ਹਨ।

ਪ੍ਰ: ਕਿਉਂ ਜੀ, ਉਨ੍ਹਾਂ ਗੁਰਮੁਖਾਂ ਵਿਚ ਕੋਈ ਸ਼ਕਤੀ ਭੀ ਆ ਜਾਂਦੀ ਹੈ ?

(੨) ਉ: ਹਾਂ, ਹੇ ਭਾਈ ! (ਉਨ੍ਹਾਂ) ਗੁਰਮੁਖਾਂ ਦੀ (ਬਖ਼ਸ਼ਿਸ਼) ਭਰੀ ਨਦਰ ਹੀ ਨਿਹਾਲ ਕਰ ਦੇਂਦੀ ਹੈ ਤੇ (ਬੱਸ, ਫਿਰ ਉਨ੍ਹਾਂ ਨੂੰ) ਪ੍ਰੇਮ ਵਿਚ ਪ੍ਰੇਮ ਹੀ ਨਦਰੀ ਆਉਂਦਾ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਓ ! ਸੇਵਾ ਕਰਨ ਵਾਲੇ ਸੇਵਕ ਤਾਂ ਬਹੁਤ ਵੇਖਣ ਵਿਚ ਆਉਂਦੇ ਹਨ, ਪਰ ਇਹ ਸ਼ਕਤੀ ਸਾਰਿਆਂ ਅੰਦਰ ਕਿਉਂ ਨਹੀਂ ਵੇਖੀਦੀ ?

(੩) ਉ: ਹੇ ਭਾਈਓ ! (ਇਸਦਾ ਸਹੀ ਕਾਰਨ ਇਹੋ ਹੈ ਕਿ) ਉਨ੍ਹਾਂ ਗੁਰਮੁਖਾਂ ਵਰਗੀ (ਨਿਰਮਾਣ) ਸੇਵਾ ਘਾਲ ਕਮਾਈ ਕੋਈ ਵਿਰਲਾ ਹੀ ਕਮਾਉਂਦਾ ਹੈ।

ਪ੍ਰ: ਕਿਉਂ ਜੀ, ਉਨ੍ਹਾਂ ਗੁਰਮੁਖਾਂ ਦੀ ਰਹਿਤ ਭੀ ਦੱਸਣ ਦੀ ਕ੍ਰਿਪਾ ਕਰੋ ?

(੪) ਉ: ਹੇ ਭਾਈ ! (ਉਨ੍ਹਾਂ ਗੁਰਮੁਖਾਂ ਦੀ ਰਹਿਤ ਇਹੋ ਵੇਖਣ ਵਿਚ ਆਉਂਦੀ ਹੈ ਕਿ) ਉਹ ਸਦਾ ਹੀ ਨਿਮਾਣੇ ਤੇ ਮਜਲੂਮਾ ਦੇ ਉੱਤੇ ਦਿਆਲੂ ਰਹਿੰਦੇ. ਤੇ ਦਿਲੋਂ ਪਿਆਰ ਰਖਦੇ ਹਨ।

(੫) ਹੇ ਭਾਈ ! ਗੁਰਮੁਖ ਨਾਲ ਨਿਬਾਹੁੰਦੇ ਹਨ (ਭਾਵ ਅੰਤ ਤੱਕ ਸਹਾਈ ਹੁੰਦੇ ਹਨ ਤਾਂ ਤੇ) ਇਸ ਲਈ ਗੁਰ ਸਿਖਿਆ ਨੂੰ ਹੀ ਪਾਲਦੇ ਰਹੀਏ।

(੬) ਹੇ ਪਿਆਰੇ ! (ਉਨ੍ਹਾਂ) ਗੁਰਮੁਖਾਂ ਪਾਸੋਂ ਰਤਨ ਪਦਾਰਥ (ਭਾਵ ਵਾਹਿਗੁਰੂ ਦਾ ਪ੍ਰੇਮ ਤੇ ਵੈਰਾਗ) ਮਿਲਦੇ, ਤੇ ਉਨ੍ਹਾਂ ਕੋਲੋਂ ਹੀ ਇਹ ਲੱਭਣੇ ਚਾਹੀਦੇ ਹਨ (ਅਰਥਾਤ ਨਕਲੀ ਗੁਰਮੁਖਾਂ, ਗੁਰੂਆਂ ਤੋਂ ਨਹੀਂ ਲੱਭ ਸਕਦੇ)।

(੭) (ਉਹ) ਗੁਰਮੁਖ (ਸੰਸਾਰੀ ਮੱਤ ਤੋਂ ਉੱਚੀ) ਅਕਲ ਵਾਲੇ ਤੇ ਅਕਾਲ (ਅਮਰ) ਹੁੰਦੇ ਹਨ ਤੇ ਉਹ ਸੁੱਤੇ ਹੀ ਭਗਤੀ ਵਿਚ ਜੁੜੇ ਰਹਿੰਦੇ ਹਨ।

(੮) (ਉਹ) ਗੁਰਮੁਖ (ਹੰਸਾ) ਵਾਂਗੂ (ਤੱਤ ਮਿਥਿਆ ਦਾ ਵਿਵੇਚਨ ਕਰਦੇ ਹਨ) ਭਾਵ ਤੱਤ ਤੇ ਅਤੱਤ ਦਾ ਨਿਖੇੜਾ ਕਰਕੇ ਮਿੱਠੀ ਤੇ ਰਸ ਵਾਲੀ ਭਗਤੀ ਦੇ ਰੰਗ ਵਿਚ ਰੰਗੇ ਹੁੰਦੇ ਹਨ।੧੪।

*ਭਾਵਾਰਥ :* ਗੁਰਮੁਖਾਂ ਦੀ ਕ੍ਰਿਪਾ ਕਟਾਖ ਅਵਲੋਕਣੀ ਵਿਚ ਇਤਨੀ ਸ਼ਕਤੀ ਹੈ ਕਿ ਉਹ ਜਿਸ ਵਲ ਭੀ ਰਹਿਮ ਭਰੀ ਨਜ਼ਰ ਨਾਲ ਤੱਕਦੇ ਹਨ ਉਨ੍ਹਾਂ ਨੂੰ ਨਿਹਾਲ ਕਰ ਦੇਂਦੇ ਹਨ। ਅਜਿਹੇ ਗੁਰਮੁਖਾਂ ਪਾਸੋਂ ਹੀ ਵਾਹਿਗੁਰੂ ਦੀ ਪ੍ਰਾਪਤੀ ਦੇ ਸ਼ੁਭ ਗੁਣ ਪ੍ਰੇਮ ਤੇ ਵੈਰਾਗ ਆਦਿ ਦੈਵੀ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਕਿਉਂਕਿ ਉਹ ਸਾਰ ਗ੍ਰਾਹੀ ਬ੍ਰਿਤੀ ਦੇ ਧਾਰਨੀ ਹੁੰਦੇ ਹਨ, ਭਾਵ ਹੰਸਾਂ ਵਾਂਗ ਉਹ ਤੱਤ ਵਸਤੂ ਪ੍ਰਭੂ ਦੇ ਪ੍ਰੇਮ ਦੇ ਗ੍ਰਹਿਣ ਕਰਨ ਵਾਲੇ ਹਨ। ਇਸ ਲਈ ਐਸੇ ਗੁਰਮੁਖਾਂ ਦੀ ਸੰਗਤ ਵਿਚ ਰਹਿ ਕੇ ਸਦਾ ਜੀਵਨ ਗੁਜ਼ਾਰਦੇ ਰਹਿਣਾ ਯੋਗ ਹੈ।

## ੧੫. ਮੂਲ ਮੰਤ੍ਰ ਦੇ ਗੂਹੜ ਅਰਥ-ਭਾਵ

੧. ਏਕਾ ਏਕੰਕਾਰ ਲਿਖ ਦਿਖਾਲਿਆ।
੨. ਊੜਾ ਓਅੰਕਾਰ ਪਾਸ ਬਹਾਲਿਆ।
੩. ਸਤਿ ਨਾਮੁ ਕਰਤਾਰ ਨਿਰਭਉ ਭਾਲਿਆ।
੪. ਨਿਰਵੈਰਹੁ ਜੈਕਾਰ ਅਜੂਨਿ ਅਕਾਲਿਆ।
੫. ਸੱਚੁ ਨੀਸਾਣ ਅਪਾਰ ਜੋਤਿ ਉਜਾਲਿਆ।
੬. ਪੰਜ ਅੱਖਰ ਉਪਕਾਰ ਨਾਮੁ ਸਮ੍ਹਾਲਿਆ।
੭. ਪਰਮੇਸ਼ਰ ਸੁਖ ਸਾਰ ਨਦਰਿ ਨਿਹਾਲਿਆ।
੮. ਨਉ ਅੰਗ ਸੁੰਨ ਸ਼ਮਾਰ ਸੰਗ ਨਿਰਾਲਿਆ।
੯. ਨੀਲ ਅਨੀਲ ਵੀਚਾਰ ਪਿਰਮ ਪਿਆਲਿਆ ।੧੫।

***ਪਦ ਅਰਥ :*** ਏਕੰਕਾਰ—ਪ੍ਰਭੂ ਦਾ ਇਕ ਸਰੂਪ। ਭਾਲਿਆ—ਲੱਭਾ, ਭਾਵ ਜਾਣਿਆ, ਟੋਲਿਆ। ਉਪਕਾਰ—ਕਿਰਪਾ। ਅੰਗ—ਅੰਕ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਸ੍ਰੀ ਜਪੁਜੀ ਸਾਹਿਬ ਜੀ ਦੇ ਅਰੰਭ ਵਿਚ ਜੋ ਮੂਲ ਮੰਤ੍ਰ ਗੁਰੂ ਨਾਨਕ ਦੇਵ ਜੀ ਨੇ ਅੰਕਿਤ ਕੀਤਾ ਹੈ, ਜਿਸਨੂੰ ਜਪਦੇ ਰਹਿਣ ਲਈ ਹਰ ਪ੍ਰਾਣੀ ਮਾਤ੍ਰ ਨੂੰ ਹੀ ਪ੍ਰੇਰਨਾ ਕੀਤੀ ਗਈ ਹੈ, ਉਸ ਮੰਤ੍ਰ ਦੇ ਸਾਨੂੰ ਆਪ ਜੀ ਗੂਹੜ ਅਰਥ ਭੇਦਾਂ ਤੋਂ ਜਾਣੂ ਕਰਾਉਣ ਦੀ ਕ੍ਰਿਪਾ ਕਰੋ ਤਾ ਕਿ ਅਸੀ ਜਾਪ ਕਰਨ ਸਮੇਂ ਉਸਦੇ ਅਰਥ ਭਾਵਾਂ ਨੂੰ ਆਪਣੇ ਅੰਤਰ ਆਤਮੇ ਧਾਰਨ ਕਰ ਸਕੀਏ?

ਉ: ਹੇ ਭਾਈਓ! ਸੱਚ ਤਾਂ ਇਹੋ ਹੈ ਕਿ ਇਸ ਧੁਰੋਂ ਆਈ ਇਲਾਹੀ ਬਾਣੀ ਦੇ ਸਹੀ ਅਰਥ ਭਾਵਾਂ ਨੂੰ ਸਮਝਣ ਲਈ ਕਿਸੇ ਸੰਸਾਰੀ ਜੀਵ ਦੇ ਅੰਦਰ ਸ਼ਕਤੀ ਨਹੀਂ, ਪਰ ਹਾਂ, ਆਪੋ ਆਪਣੀ ਸਮਝ ਅਨੁਸਾਰ ਨਾਮ ਮਾਤ੍ਰ ਹੀ ਕੋਈ ਕੁੱਝ ਕਹਿ ਸਕਦਾ ਹੈ, ਸੋ ਮੈਂ ਭੀ ਆਪਣੀ ਸਮਝ ਅਨੁਸਾਰ ਆਪ ਜੀ ਨੂੰ ਕੁੱਝ ਕਹਿਣ ਦਾ ਨਿਮਾਣਾ ਜਿਹਾ ਜਤਨ ਕਰ ਸਕਦਾ ਹਾਂ।

(੧) ਹੇ ਪਿਆਰੇ! ਜਦੋਂ ਅਸੀਂ ਲਿਖੇ ਹੋਏ ਅੱਖਰਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਇਉਂ ਹੀ ਬੋਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਅਰੰਭ ਵਿਚ ੧ (ਏਕਾ) ਲਿਖ ਕੇ ਇਕ (ਪਰਮੇਸਰ ਦਾ) ਇੱਕੋ ਸਰੂਪ ਦਿਖਾਇਆ (ਭਾਵ ਉਹ ਪਰਮੇਸ਼ਰ ਇਕ ਹੈ)।

(੨) ਊੜੇ ਨਾਲ ਓਅੰਕਾਰ (੧ਓ) ਉਸਦਾ ਪਸਾਰਾ ਉਸਦੇ ਨਾਲ ਹੀ ਬਹਾ ਦਿੱਤਾ ਹੈ।

(੩) (ਅੱਗੇ) ਸਤਿਨਾਮ (ਉਸ ਸੱਚੇ ਪ੍ਰਭੂ ਦਾ ਨਾਮ ਹੈ) ਤੇ ਕਰਤਾਰ (ਕਰਤਾ ਪੁਰਖ) ਸਾਰੀ ਰਚਨਾ ਦਾ ਕਰਤਾ ਜੋ ਭਉ ਤੋਂ ਬਿਨਾ ਹੈ, ਉਸ ਨੂੰ ਭੀ ਨਾਲ ਹੀ ਜਾਣਿਆ (ਭਾਵ ਓਅੰਕਾਰ ਦੇ ਪਾਸ ਬਹਾਲੇ ਹਨ)।

(੪) (ਫਿਰ ਉਹ) ਨਿਰਵੈਰ ਤੇ ਜੈਕਾਰ (ਸਦਾ ਥਿਰ) ਹੈ। ਉਹ ਅਜੂਨੀ (ਸੁਤੇ ਪ੍ਰਕਾਸ਼ ਸੈਭੰ) ਤੇ ਮੌਤ ਰਹਿਤ ਹੈ।

(੫) ਉਸਦਾ ਨੀਸਾਣ ਸੱਚਾ ਤੇ ਪਾਰਾਵਾਰ ਤੋਂ ਰਹਿਤ ਹੈ, ਸਾਰੇ ਪਾਸੇ ਉਸਦੀ ਜੋਤੀ ਦਾ ਪ੍ਰਕਾਸ਼ ਹੈ।

(੬) (ਉਹ) ਪੰਜ ਅੱਖਰਾਂ ੧ਓਅੰਕਾਰ ਪ੍ਰਭੂ ਜਿਸ ਤੇ ਉਪਕਾਰ (ਭਾਵ ਮਿਹਰ) ਕਰਦਾ ਹੈ, ਉਹ ਉਸਦੇ ਨਾਮ ਨੂੰ ਸਮ੍ਹਾਲਦਾ (ਭਾਵ ਜਪਦਾ) ਹੈ।

(੭) (ਫਿਰ ਉਹ ਨਾਮ ਜਪਣ ਵਾਲਾ) ਪਰਮੇਸ਼ਰ ਸੁਖ ਸਾਰ ਦੀ ਨਜ਼ਰ (ਮਿਹਰ) ਨਾਲ ਤਰ ਜਾਂਦਾ (ਭਾਵ ਮੁਕਤ ਹੋ ਜਾਂਦਾ) ਹੈ।

(੮) ਇਹ ਇਉਂ ਹੀ ਹੈ, ਜਿਵੇਂ ਨਉਂ ਅੰਗ (ਅੰਕੜੇ) ਬਿੰਦੀ ਦੇ ਨਾਲ ਲੱਗ ਕੇ ਅਨੇਕਾਂ ਹੋ ਜਾਂਦੇ ਹਨ, ਇਉਂ ਹੀ ਗੁਰਮੁਖ ਪ੍ਰਭੂ ਨਾਲ ਜੁੜ ਨਿਰਾਲੇ ਹੋ ਜਾਂਦੇ ਹਨ।

(੯) ਗੁਰਮੁਖ ਅਰਬਾਂ ਖਰਬਾਂ ਦੀ ਗਿਣਤੀ ਤੀਕ ਵੀ ਵੀਚਾਰ ਵਾਂਗ ਵਧ ਕੇ ਪ੍ਰਭੂ ਦੀ ਬੇਅੰਤਤਾਈ ਵਿਚ ਸਮਾ ਜਾਂਦੇ ਹਨ ਭਾਵ ਪ੍ਰੇਮ ਦਾ ਰੂਪ ਹੋ ਜਾਂਦੇ ਹਨ।੧੫।

***ਭਾਵਾਰਥ :*** ਇਸ ਉਪ੍ਰੋਕਤ ਪਉੜੀ ਵਿਚ ਭਾਈ ਜੀ ਇਹੋ ਸਿਧਾਂਤ ਅੰਕਿਤ ਕਰਦੇ ਹਨ ਕਿ ਗਣਿਤ ਵਿਦਿਆ ਵਿਚ ਪਹਿਲੇ ਨੌਂ ਅੰਗ ਹਨ—੧., ੨., ੩., ੪., ੫., ੬., ੭., ੮., ੯.—ਇਹ ਆਪਣੀ ਅਸਲੀ ਕੀਮਤ ਰੱਖਦੇ ਹਨ। ਪਰ ਜਦੋਂ ਇਨ੍ਹਾਂ ਦੇ ਅੱਗੇ ਬਿੰਦੀ ਲਗਦੀ ਹੈ ਤਾਂ ਇਨ੍ਹਾਂ ਦੀ ਕੀਮਤ ਦਸ ਗੁਣਾਂ ਵਧ ਜਾਂਦੀ ਹੈ। ਜਿਉਂ ਜਿਉਂ ਬਿੰਦੀ ਲਾਉ ਦਸ ਗੁਣਾਂ ਕੀਮਤ ਵਧਦੀ ਜਾਂਦੀ ਹੈ ਉਂਞ ਬਿੰਦੀ (ਸ਼ੂਨਯ) ਇਕਲੀ ਗਣਿਤ ਵਿਦਿਆ ਵਿਚ ਕੁੱਝ ਮੁੱਲ ਨਹੀ ਰੱਖਦੀ। ਜਦ ਨਵਾਂ ਅੰਗਾਂ ਵਿਚੋਂ ਕਿਸੇ ਨਾਲ ਮਿਲੇ ਤਾਂ ਉਸਦੀ ਕੀਮਤ ਦਸ ਗੁਣਾਂ ਕਰ ਦੇਂਦੀ ਹੈ। ਇਥੇ ਵੀ ਭਾਵ ਇਹੋ ਹੈ ਕਿ ਪੰਜ ਅੱਖਰਾਂ (ਏਕਓਂਕਾਰ) ਨੇ ਉਪਕਾਰ ਕੀਤਾ ਕਿ ਵਾਹਿਗੁਰੂ ਦਾ ਅਸਲ ਨਾਮ ਸਾਨੂੰ ਬਖ਼ਸ਼ਿਆ ਜਿਸਦੀ ਅਸਾਂ ਸੰਮ੍ਹਾਲ ਕੀਤੀ। ਹੁਣ ਨਾਮ ਤਾਂ ਨੌਂ ਅੰਗ ਦੀ ਨਿਆਈ ਹੈ ਤੇ ਸਾਡੀ ਸੰਮ੍ਹਾਲ ਸ਼ੂਨਯ ਹੈ, ਉਹ ਨੌਂ ਅੰਗ ਨਾਮ ਦੇ ਕਿਹੜੇ ਹਨ? ਉਹ ਇਥੇ ਕਿਹੇ ਹਨ:

੧. ੧, ੨. ਓ, ੩. ਸਤਿਨਾਮੁ, ੪. ਕਰਤਾ ਪੁਰਖੁ, ੫. ਨਿਰਭਉ, ੬. ਨਿਰਵੈਰੁ, ੭. ਅਕਾਲ ਮੂਰਤਿ, ੮. ਅਜੂਨੀ, ੯. ਸੈਭੰ।

ਇਹ ਨੌਂ ਅੰਗ ਯਾ ਕਹੋ ਕਿ ਮੂਲ ਮੰਤਰ ਜੋ ਗੁਰੂ ਜੀ ਨੇ ਬਖਸ਼ਿਆ, ਇਹ ਤਾਂ ਅਸਲ ਕੀਮਤ ਵਾਲੀ ਸ਼ੈ ਤੇ ਜੋ ਇਸਦੀ ਸੰਮ੍ਹਾਲ ਸਿਮਰਨ ਹੈ, ਸੋ ਸੁੰਨਜ ਬਿੰਦੀ ਹੈ। ਜਦ ਨਾਲ ਨਾਮ ਸਿਮਰਨ ਮਿਲੇਗਾ ਕੀਮਤ ਦਸ ਗੁਣਾਂ ਹੋ ਜਾਏਗੀ। ਜਿਉਂ ਜਿਉਂ ਵਧੀਕ ਸਿਮਰੋ ਨਾਮ ਦੀ ਕੀਮਤ ਵਧਦੀ ਜਾਏਗੀ। ਜੇ ਨਾਮ ਛੱਡ ਕੇ ਸਿਮਰੋ ਤਾਂ ਕੁੱਝ ਮੁੱਲ ਨਹੀਂ ਉਹ ਤਾਂ ਸ਼ੂਨਜ ਹੈ। ਇਸੇ ਭਾਵ ਨੂੰ ਗੁਰਬਾਣੀ ਵਿਚ ਅੰਕਿਤ ਕੀਤਾ ਹੈ—ਬਰਨ ਸਹਿਤ ਜੋ ਜਾਪੈ ਨਾਮੁ॥ ਸੋ ਜੋਗੀ ਕੇਵਲ ਨਿਹਕਾਮੁ ॥ (੧੧੬੭)—ਇਹ ਮੂਲ ਮੰਤ੍ਰ ਜੋ ਅਸਲੀ ਕੀਮਤ ਵਾਲੀ ਸੈ ਹੈ, ਜੋ ਗੁਰੂ ਦੀ ਕ੍ਰਿਪਾ ਕਰਕੇ ਸਾਨੂੰ ਮਿਲੀ ਹੈ, ਨੌਂ ਅੰਗਾਂ ਵਾਂਙ ਆਪਣੇ ਮੁੱਲ ਦੀ ਸ਼ੈ ਹੈ। "ਜਪੁ" ਜੋ ਇਸਦੇ ਨਾਲ ਹੈ ਸੋ ਬਿੰਦੀ ਹੈ, ਜਿੰਨੀਆਂ ਬਿੰਦੀਆਂ ਲਾਓ, ਉਨਾਂ ਇਸ ਮੂਲ ਮੰਤ੍ਰ ਤੋਂ ਅਧਿਕ ਸੁਖ ਪਾਓਗੇ। ਇਹੋ ਜਪ ਦੀ ਬਿੰਦੀ, ਜੋ ਗਿਣਤੀਆਂ ਤੋਂ ਬਾਹਰ ਅਵਸਥਾ ਤੋਂ ਪਰੇ ਯਥਾਰਥ ਹੈ, ਉਥੇ ਲੈ ਜਾਂਦੀ ਹੈ।

## ੧੬. ਸਤਿਸੰਗ ਵਿਚ ਚੌਹਾਂ ਵਰਨਾਂ ਦੀ ਅਭੇਦਤਾ

**੧. ਚਾਰ ਵਰਨ ਸਤਿਸੰਗਿ ਗੁਰਮੁਖ ਮੇਲਿਆ।**
**੨. ਜਾਣ ਤੰਬੋਲਹੁ ਰੰਗ ਗੁਰਮੁਖ ਚੇਲਿਆ।**
**੩. ਪੰਜੇ ਸ਼ਬਦ ਅਭੰਗ ਅਨਹਦ ਕੇਲਿਆ।**
**੪. ਸਤਿਗੁਰ ਸ਼ਬਦ ਤਰੰਗ ਸਦਾ ਸੁਹੇਲਿਆ।**
**੫. ਸ਼ਬਦ ਸੁਰਤ ਪਰਸੰਗ ਗਿਆਨ ਸੰਗ ਮੇਲਿਆ।**
**੬. ਰਾਗ ਨਾਦ ਸਰਬੰਗ ਅਹਿਨਿਸ ਭੇਲਿਆ।**
**੭. ਸ਼ਬਦ ਅਨਾਹਦ ਰੰਗ ਸੁੱਝ ਇਕੇਲਿਆ।**
**੮. ਗੁਰਮੁਖ ਪੰਥ ਨਿਪੰਗ ਬਾਰਹ ਖੇਲਿਆ॥੧੬॥**

***ਪਦ ਅਰਥ :*** ਤੰਬੋਲਹੁ—ਪਾਨਾਂ ਦਾ ਬੀੜਾ। ਚੇਲਿਆ—ਚਾਲਾ। ਭੇਲਿਆ—ਮਿਲੇ ਹੋਏ। ਪੰਥ—ਰਸਤਾ। ਨਿਪੰਗ—ਸ਼ੁੱਧ। ਬਾਰਹ ਖੇਲਿਆ—ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦਰੇ, ਮਨ ਤੇ ਬੁੱਧ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਦੋਂ ਅਸੀਂ ਮਨੂੰ ਸਿੰਮ੍ਰਿਤੀ ਪੜ੍ਹਦੇ ਹਾਂ ਤਾਂ ਉਸ ਵਿਚ ਮਨੂੰ ਜੀ ਨੇ ਆਪਣੀ ਨੀਂਵੀਂ ਸੋਚਣੀ ਦੇ ਅਧਾਰਿਤ ਹੋ ਉਸ ਪਰਮੇਸ਼ਰ ਦੀ ਇਸ ਸੰਸਾਰਕ ਰਚਨਾ ਦੇ ਅੰਦਰ ਇੱਕੋ ਮਨੁੱਖ ਜਾਤੀ ਨੂੰ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ) ਚੌਹਾਂ ਵਰਨਾਂ ਵਿਚ ਵੰਡ ਦਿੱਤਾ ਹੈ ਤੇ ਇਨ੍ਹਾਂ ਦੀ ਕ੍ਰਿਤ ਕਰਮ ਨੂੰ ਭੀ ਵੱਖੋ ਵੱਖਰਾ ਕਰ ਦਿੱਤਾ, ਜਿਨ੍ਹਾਂ ਦਾ ਪਰਸਪਰ ਕਿਸੇ ਪੱਖੋਂ ਭੀ ਤਾਲਮੇਲ ਨਜ਼ਰ ਨਹੀਂ ਆਉਂਦਾ, ਇਹੋ ਹੀ ਕਾਰਨ ਹੈ ਕਿ ਜਿਸ ਕਰਕੇ ਇਕ ਮਨੁੱਖ ਦੂਜੇ ਮਨੁੱਖ ਨੂੰ ਘਿਰਨਾਂ ਦੀ ਨਜ਼ਰ ਨਾਲ ਤੱਕਦਾ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਜੋ ਨਵੀਨ ਮਾਰਗ ਸਤਿਸੰਗ ਨੂੰ ਜਨਮ ਦਿੱਤਾ ਹੈ ਇਸ ਨੂੰ ਅਪਨਾਉਣ ਵਾਲੇ ਮਨੁੱਖ ਵਿਚ ਕਿਹੋ ਜਿਹੀ ਬਦਲ ਆ ਜਾਂਦੀ ਹੈ, ਇਸ ਦੇ ਸੰਬੰਧ ਵਿਚ ਕੁੱਝ ਜਾਣਕਾਰੀ ਦੇਣ ਦੀ ਕ੍ਰਿਪਾ ਕਰੋ?

(੧) ਉ: ਹੇ ਭਾਈ! ਜਦੋਂ ਅਸੀਂ ਗੁਰਮਤ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਇਹੋ ਹੀ ਸੋਝੀ ਮਿਲਦੀ ਹੈ ਕਿ ਜਿਥੇ ਮਨੂੰ ਜੀ ਨੇ ਮਨੁੱਖ ਨੂੰ ਚੌਹਾਂ ਵਰਨਾਂ ਵਿਚ ਵੰਡਿਆ ਹੈ ਉਥੇ ਗੁਰੂ ਨਾਨਕ ਦੇਵ ਜੀ ਨੇ ਜਿਸ ਸਤਿਸੰਗ ਨੂੰ ਜਨਮ ਦਿੱਤਾ ਹੈ ਉਸ ਸੰਗਤ ਵਿਚ ਮਿਲ ਕੇ ਚਾਰੇ ਵਰਨਾਂ ਦੇ ਲੋਕ ਗੁਰਮੁਖ ਹੋ ਕੇ ਨਿਕਲਦੇ ਹਨ।

ਪ੍ਰ: ਕਿਉਂ ਜੀ! ਐਸੇ ਗੁਰਮੁਖਾਂ ਦੀ ਪਛਾਣ ਕੀ ਹੈ?

(੨) ਉ: ਹੇ ਭਾਈ! ਪਾਨਾਂ ਦੇ ਬੀੜੇ ਦੇ ਰੰਗ ਵਾਂਗੂ ਗੁਰਮੁਖਾਂ ਦਾ ਚਾਲਾ ਹੈ (ਭਾਵ ਜਿਵੇਂ ਕੱਥ, ਸੁਪਾਰੀ, ਚੂਨਾ, ਪਾਨ ਮਿਲ ਕੇ ਇਨ੍ਹਾਂ ਦਾ ਲਾਲ ਰੰਗ ਇੱਕੋ ਹੋ ਜਾਂਦਾ ਹੈ) ਇਸੇ ਤਰ੍ਹਾਂ ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ ਚਾਰੇ ਰੰਗ ਸਤਿਸੰਗ ਵਿਚ ਮਿਲ ਕੇ ਇਕ ਗੁਰਮੁਖ ਹੀ ਕਹਾਉਂਦੇ ਹਨ (ਭਾਵ ਇਸ ਗੁਰਮੁਖ ਪੰਥ ਵਿਚ ਮਿਲ ਕੇ ਚਾਰੇ ਵਰਨਾਂ ਦਾ ਭੇਦ-ਭਾਵ ਮਿਟ ਜਾਂਦਾ ਹੈ)।

ਪ੍ਰ: ਕਿਉਂ ਜੀ! ਉਨ੍ਹਾਂ ਗੁਰਮੁਖਾਂ ਦੀ ਮਾਨਸਿਕ ਅਵੱਸਥਾ ਵਿਚ ਕੀ ਬਦਲ ਆ ਜਾਂਦੀ ਹੈ?

(੩) ਉ: ਹੇ ਭਾਈ! (ਉਨ੍ਹਾਂ ਗੁਰਮੁਖਾਂ ਨੂੰ) ਪੰਜ ਅਨਾਹਦ ਸ਼ਬਦ ਇਕ ਰਸ ਖੇਡ ਵਿਚ ਖਿਡਾਉਂਦੇ (ਤੇ ਅਨੰਦ ਪ੍ਰਸੰਨ ਚਿੱਤ ਰੱਖਦੇ) ਹਨ।

(੪) (ਅਤੇ ਉਹ ਗੁਰਮੁਖ) ਸਤਿਗੁਰੂ ਦੇ ਸ਼ਬਦ ਦੀ ਤਰੰਗ (ਲਹਿਰ) ਵਿਚ ਸਦਾ ਹੀ ਸੁਖੀ ਤੇ ਸੁਹੇਲੇ ਰਹਿੰਦੇ ਹਨ।

(੫) (ਉਹ) ਸ਼ਬਦ ਤੇ ਸੁਰਤਿ ਦੇ ਮੇਲ ਨਾਲ ਗਿਆਨ ਦੀ ਅਵਸਥਾ ਵਿਚ (ਸਦਾ ਹੀ) ਜੁੜੇ ਰਹਿੰਦੇ ਹਨ।

(੬) (ਗੁਰੂ ਸਬਦ ਦੇ) ਰਾਗ ਤੇ ਨਾਦ ਨਾਲ ਇਕ ਰਸ ਦਿਨੇ ਰਾਤ ਮਿਲੇ ਰਹਿੰਦੇ ਹਨ।

(੭) ਸ਼ਬਦ ਦੀ ਅਨਾਹਦ ਧੁਨੀ ਨਾਲ ਰੰਗੇ ਹੋਏ ਇਕ ਪ੍ਰਭੂ ਨੂੰ ਸਮਝਦੇ ਤੇ ਜਾਣ ਲੈਂਦੇ ਹਨ (ਭਾਵ ਉਨ੍ਹਾਂ ਨੂੰ ਸਭ ਪਾਸੇ ਇੱਕੋ ਪ੍ਰਭੂ ਰਮਿਆ ਹੋਇਆ ਨਜ਼ਰ ਆ ਜਾਂਦਾ ਹੈ)।

(੮) ਇਸ ਲਈ ਹੇ ਭਾਈ! ਇਹ ਗੁਰਮੁਖਾਂ ਦਾ ਪੰਥ ਸ਼ੁੱਧ ਮੈਲ ਤੋਂ ਰਹਿਤ ਹੈ। ਭਾਵ ਵਿਸ਼ੇ ਵਿਕਾਰਾਂ ਦੇ ਚਿੱਕੜ ਤੋਂ (ਨਿਪੰਗ) ਰਹਿਤ ਹੈ, ਨਿਰਮਲ ਹੈ। ਉਹ ਬਾਰਹ ਅੰਗਾਂ ਦੇ ਨਿਪੁੰਨ ਹੋ ਕੇ ਉਨ੍ਹਾਂ ਵਿਚ ਵਰਤਦੇ, ਭਾਵ ਖੇਡਦੇ ਹਨ। ਪੰਜਾਂ ਤੱਤਾਂ ਦੇ ਪੰਜ ਗੁਣ—ਧੀਰਜ, ਸੰਤੋਖ, ਦਇਆ, ਧਰਮ ਤੇ ਸੱਤ—ਪੰਜ ਇਹ ਗੁਣ ਗਿਆਨ ਤੇ ਵੈਰਾਗ ਦੇ ਇਹ ਗੁਣ, ਇਹ ਸਾਰੇ ਮਿਲ ਕੇ ੧੨ ਹੁੰਦੇ ਹਨ।੧੬।

*ਭਾਵਾਰਥ :* ਗੁਰਮੁਖਾਂ ਦੀ ਸੰਗਤ ਕਰਕੇ ਚਾਰੇ ਵਰਨ ਗੁਰਮੁਖ ਹੋ ਕੇ ਪਾਨਾਂ ਦੇ ਰੰਗ ਵਾਂਗੂੰ ਇਕ ਰੰਗ ਹੋ ਜਾਂਦੇ ਹਨ, ਅਰ ਉਨ੍ਹਾਂ ਦਾ ਪੰਥ, ਟੋਲਾ, ਵਿਸ਼ਿਆਂ ਦੇ ਚਿੱਕੜ ਤੋਂ ਰਹਿਤ 'ਨਿਪੰਗ' ਨਿਰਮਲ ਹੋ ਕੇ ਦੈਵੀ ਗੁਣਾਂ ਵਿਚ ਖੇਡਦਾ, ਸਦਾ ਜੀਵਨ ਮੁਕਤ ਹੋ ਕੇ ਵਿਚਰਦਾ ਹੈ।

## ੧੭. ਗੁਰਮੁਖ ਤੇ ਆਦਿ ਨਿਰੰਜਨ ਪ੍ਰਭੂ

**੧. ਹੋਈ ਆਗਿਆ ਆਦਿ ਆਦਿ ਨਿਰੰਜਨੋ।**
**੨. ਨਾਦੈ ਮਿਲਿਆ ਨਾਦ ਹਉਮੈਂ ਭੰਜਨੋ।**
**੩. ਬਿਸਮਾਦੇ ਬਿਸਮਾਦ ਗੁਰਮੁਖ ਅੰਜਨੋ।**
**੪. ਗੁਰਮਤਿ ਗੁਰ ਪਰਸਾਦ ਭਰਮ ਨਿਖੰਜਨੋ।**
**੫. ਆਦਿ ਪੁਰਖ ਪਰਮਾਦ ਅਕਾਲ ਅਗੰਜਨੋ।**
**੬. ਸੇਵਕ ਸ਼ਿਵ ਸਨਕਾਦ ਕ੍ਰਿਪਾ ਕਰੰਜਨੋ।**
**੭. ਜਪੀਐ ਜੁਗਹ ਜੁਗਾਦ ਗੁਰਸਿਖ ਮੰਜਨੋ।**
**੮. ਪਿਰਮ ਪਿਆਲੇ ਸਾਦ ਪਰਮ ਪੁਰੰਜਨੋ।**
**੯. ਆਦਿ ਜੁਗਾਦਿ ਅਨਾਦ ਸਰਬ ਸੁਰੰਜਨੋ ॥੧੭॥**

*ਪਦ ਅਰਥ :* ਨਿਰੰਜਨੋ—ਮਾਇਆ ਤੋਂ ਰਹਿਤ। ਨਾਦ—ਸਬਦ। ਨਿਖੰਜਨੋ—ਕੱਟੇ ਜਾਂਦੇ ਹਨ। ਕਰੰਜਨੋ—ਕਰਣਹਾਰ। ਮੰਜਨੋ—ਇਸਨਾਨ। ਪੁਰੰਜਨੋ—ਪ੍ਰਕਾਸ਼ ਰੂਪ ਪ੍ਰਭੂ। ਸੁਰੰਜਨੋ—ਪ੍ਰਕਾਸ਼ ਦਾ ਕਰਤਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਮਨੁੱਖ ਦੀ ਸੁਰਤਿ ਵਿਚ ਸਦਾ ਹੀ ਮਾਇਕੀ ਸੰਸਕਾਰਾਂ ਦਾ ਵੇਗ ਵਗਦਾ ਰਹਿੰਦਾ ਹੈ, ਪਰ ਇਸ ਸੁਰਤਿ ਦੀ ਗੁਰੂ ਦੇ ਸ਼ਬਦ ਵਿਚ ਲੀਨਤਾ ਕਿਵੇਂ ਹੋਵੇ ਇਸ ਬਾਰੇ ਕੁੱਝ ਸੋਝੀ ਦਿਓ?

(੧) ਉ: ਹੇ ਭਾਈ! ਮਨੁੱਖ ਦਾ ਆਪਣਾ ਚਾਰਾ ਕੋਈ ਨਹੀਂ ਜੋ ਕਰ ਸਕੇ, ਪਰ ਹਾਂ, ਗੁਰਮਤ ਦੁਆਰੇ ਇਉਂ ਹੀ ਜਾਣਕਾਰੀ ਮਿਲਦੀ ਹੈ ਕਿ ਜਦੋਂ ਸਭ ਤੋਂ ਪਹਿਲੇ ਉਸ ਮਾਇਆ ਤੋਂ ਰਹਿਤ ਆਦਿ ਪ੍ਰਭੂ ਦੀ ਆਗਿਆ ਹੋਈ।

(੨) (ਤਦ) ਗੁਰੂ ਦੇ ਬਖ਼ਸ਼ੇ ਸ਼ਬਦ ਨਾਲ (ਜੋ ਹਉਮੈਂ ਨੂੰ ਕੱਟਣ ਵਾਲਾ ਸ਼ਬਦ ਹੈ, ਉਸਦੇ) ਸੁਰਤਿ ਵਿਚ ਅਭਿਆਸ ਕਰਨ ਨਾਲ ਹਉਮੈਂ ਟੁੱਟ ਗਈ, ਉਸ ਸ਼ਬਦ ਨੂੰ ਜਾ ਮਿਲਿਆ, ਜਿਸਨੂੰ ਸ਼ਬਦ ਬ੍ਰਹਮ ਕਹੀਦਾ ਹੈ।

ਪ੍ਰ: ਕਿਉਂ ਜੀ! ਇਸ ਦੀ ਸੋਝੀ ਸਾਰਿਆਂ ਨੂੰ ਕਿਉਂ ਨਹੀਂ ਮਿਲਦੀ?

(੩) ਉ: ਹੇ ਭਾਈ! ਅਸਲ ਵਿਚ ਇਸਦੀ ਸੋਝੀ ਗੁਰੂ ਦੀ ਕ੍ਰਿਪਾ ਨਾਲ ਹੀ ਹੁੰਦੀ ਹੈ, ਕਿਉਂਕਿ ਇਹ ਗੁਰਮੁਖਾਂ ਦਾ ਅੰਜਨ (ਸੁਰਮਾ) ਅਸਚਰਜ ਤੋਂ ਅਸਚਰਜ ਹਾਲਤ ਵਾਲਾ ਹੈ।

ਪ੍ਰ: ਕਿਉਂ ਜੀ! ਗੁਰੂ ਦੀ ਸਿਖਿਆ ਤਾਂ ਬਹੁਤ ਲੋਕ ਸੁਣਦੇ ਹਨ, ਪਰ ਉਨ੍ਹਾਂ ਦੇ ਅੰਤਰ ਆਤਮੇ ਭਰਮ ਭੁਲੇਖੇ ਸਦਾ ਹੀ ਬਣੇ ਰਹਿੰਦੇ ਹਨ ਇਹ ਕਿਉਂ ਹੈ?

(੪) ਉ: ਹੇ ਭਾਈ! ਸੁਣਦੇ ਤਾਂ ਵਧੇਰੇ ਲੋਕ ਹਨ, ਪਰ ਗੁਰੂ ਦੀ ਮੱਤ ਸਿਖਿਆ ਸਹੀ ਰੂਪ ਵਿਚ ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦੀ ਹੈ ਜਿਸ ਨਾਲ ਸਭ ਭਰਮ ਦੂਰ ਹੁੰਦੇ ਹਨ, ਭਾਵ ਕੱਟੇ ਜਾਂਦੇ ਹਨ।

ਪ੍ਰ: ਕਿਉਂ ਜੀ, ਜਿਨ੍ਹਾਂ ਦਾ ਭਰਮ ਭੁਲੇਖਾ ਕੱਟਿਆ ਜਾਂਦਾ ਹੈ ਉਨ੍ਹਾਂ ਨੂੰ ਲਾਭ ਕੀ ਮਿਲਦਾ ਹੈ?

(੫) ਉ: ਹੇ ਪਿਆਰੇ! ਉਨ੍ਹਾਂ ਨੂੰ ਉਸ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਜੋ ਆਦਿ ਪੁਰਖ (ਪ੍ਰਭੂ) ਸਭ ਦਾ ਮੁੱਢ ਅਕਾਲ (ਮੌਤ ਰਹਿਤ) ਤੇ ਅਗੰਜ (ਨਾ ਟੁੱਟਣ ਵਾਲਾ) ਹੈ।

(੬) (ਇਕ) ਇਹੋ ਸੇਵਕਾਂ ਲਈ ਕਲਿਆਣ ਰੂਪ ਤੇ ਸਨਕਾਦਿਕਾਂ ਆਦਿ ਉੱਤੇ ਕ੍ਰਿਪਾ ਕਰਨ ਵਾਲਾ ਹੈ।

(੭) ਜੁਗਾਂ ਜੁਗਾਂ ਤੀਕਰ (ਭਾਵ ਜਿਨਾਂ ਕੁ ਜੀਵਨ ਸਮਾਂ ਹੈ) ਹੇ ਉੱਤਮ ਗੁਰਸਿੱਖੋ! (ਪ੍ਰਭੂ ਨੂੰ) ਜਪਦੇ ਰਹੋ, ਸਿਮਰਨ ਕਰੀ ਚਲੋ, ਇਹੋ ਕਰਤਬ ਸਿੱਖਾਂ ਲਈ ਸੱਚਾ

ਇਸ਼ਨਾਨ ਹੈ।

(੮) ਜਦੋਂ ਭੀ ਕਿਸੇ ਗੁਰਸਿੱਖੀ ਧਾਰਨ ਵਾਲੇ ਸਿਖ ਨੂੰ ਪ੍ਰਭੂ ਦੀ ਮਿੱਠੀ ਪ੍ਰੀਤੀ ਦੇ ਪਿਆਲੇ ਦਾ ਸੁਆਦ ਆਇਆ ਹੈ, ਤਦੋਂ ਸਾਰੇ ਹੀ (ਉਸਨੂੰ) ਪ੍ਰਭੂ ਰਮਿਆ ਹੋਇਆ ਨਜ਼ਰ ਆਉਂਦਾ ਹੈ।

(੯) ਬੱਸ, ਉਹ ਇਸ ਗਿਆਨ ਨੂੰ ਦ੍ਰਿੜ੍ਹ ਕਰ ਲੈਂਦਾ ਹੈ ਕਿ ਇਕ ਅਕਾਲ ਪੁਰਖ ਹੀ ਆਦਿ ਜੁਗਾਦਿ ਤੋਂ ਮੁੱਢੋਂ (ਅਨਾਦਿ) ਸਭ ਜੀਵ ਜੰਤੂਆਂ ਤੇ ਸ੍ਰਿਸ਼ਟੀ ਦੀ ਰਚਨਾ ਦਾ ਕਰਨਹਾਰ ਹੈ।੧੭।

*ਭਾਵਾਰਥ :* ਮਨੁੱਖ ਦੇ ਅੰਦਰੋਂ ਸੰਸਕਾਰਾਂ ਦੀ ਅਭਾਵਤਾ ਤਦੋਂ ਹੀ ਹੁੰਦੀ ਹੈ ਜਦੋਂ ਇਸ ਦੀ ਸੁਰਤਿ ਗੁਰੂ ਦੇ ਦਿੱਤੇ ਉਪਦੇਸ਼ ਵਿਚ ਅਮਲ ਕਰਕੇ ਸਦਾ ਹੀ ਨਾਮ ਸਿਮਰਨ ਦੀ ਕਮਾਈ ਕਰਨ ਵਿਚ ਤਦਾਕਾਰ ਰਹਿੰਦੀ ਹੈ।

## ੧੮. ਮੁਰੀਦ ਦੇ ਲੱਛਣ

**੧. ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ।**
**੨. ਸਾਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ।**
**੩. ਗੋਲਾ ਮੁਲ ਖਰੀਦ ਕਾਰੇ ਜੋਵਣਾ।**
**੪. ਨਾ ਤਿਸ ਭੁਖ ਨ ਨੀਂਦ ਨ ਖਾਣਾ ਸੋਵਣਾ।**
**੫. ਪੀਹਣ ਹੋਇ ਜਦੀਦ ਪਾਣੀ ਢੋਵਣਾ।**
**੬. ਪੱਖੇ ਦੀ ਤਾਗੀਦ ਪਗ ਮਲ ਧੋਵਣਾ।**
**੭. ਸੇਵਕ ਹੋਇ ਸੰਜੀਦ ਨ ਹੱਸਣ ਰੋਵਣਾ।**
**੮. ਦਰ ਦਰਵੇਸ਼ ਰਸੀਦ ਪਿਰਮ ਰਸ ਭੋਵਣਾ।**
**੯. ਚੰਦ ਮੁਮਾਰਖ ਈਦ ਪੁੱਗ ਖਲੋਵਣਾ।।੧੮।।**

*ਪਦ ਅਰਥ :* ਮੁਰੀਦ—ਚੇਲਾ, ਸ਼ਿਸ਼। ਸਾਬਰ—ਸੰਤੋਖੀ, ਸਹਾਰੇ ਵਾਲਾ। ਸ਼ਹੀਦ—ਗੁਰੂ ਲਈ ਖਿੜੇ ਮੱਥੇ ਜਾਨ ਦੇਣ ਵਾਲਾ। ਕਾਰੇ ਜੋਵਣਾ—ਸੇਵਾ ਵਿਚ ਲੱਗਣਾ। ਜਦੀਦ—ਹਰ ਸਮੇਂ ਨਵੇਂ ਤੇ ਖਿੜੇ ਰੂਹ ਵਾਲਾ, ਤਿਆਰ-ਬਰ-ਤਿਆਰ। ਸੰਜੀਦ—ਵਜ਼ਨਦਾਰ, ਭਾਵ ਗਹਿਰ ਗੰਭੀਰ। ਰਸੀਦ—ਪੁਜਾ ਹੋਇਆ, ਪਹੁੰਚਣਾ। ਮੁਮਾਰਖ—ਮੁਬਾਰਕ, ਵਧਾਈਆਂ। ਪੁੱਗ—ਪੂਰਨ (ਚੰਦ੍ਰਮਾ) ਹੋ ਜਾਣਾ, ਪਾਸ ਹੋ ਜਾਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਵਰਤਮਾਨ ਸਮੇਂ ਦੇ ਵੱਡੇ-ਵੱਡੇ ਡੇਰੇਦਾਰ ਲੋਕਾਂ ਦੀਆਂ ਜਦੋਂ ਗੱਲਾਂ ਸੁਣਦੇ ਹਾਂ ਤਾਂ ਉਹ ਆਪਣੇ ਆਪ ਨੂੰ ਪੂਰਨ ਮੁਰੀਦ ਦੱਸਣ ਦਾ ਦਾਅਵਾ ਕਰਦੇ ਹਨ ਅਤੇ ਭੋਲੇ ਭਾਲੇ ਲੋਕ ਯਕੀਨ ਭੀ ਕਰੀ ਬੈਠੇ ਹਨ, ਪਰ ਆਪ ਜੀ ਜਾਣਕਾਰੀ ਦਿਓ ਕਿ ਗੁਰਮਤ ਅਨੁਸਾਰ ਮੁਰੀਦ ਦੇ ਸਹੀ ਲੱਛਣ ਕਿਹੜੇ ਹਨ?

(੧) ਉ: ਹੇ ਭਾਈਓ! ਜਦੋਂ ਗੁਰਮਤ ਦੀ ਪੜਚੋਲ ਕਰਦੇ ਹਾਂ ਤਾਂ ਇਹੋ ਸਾਬਤ ਹੁੰਦਾ ਹੈ ਕਿ ਜੋ ਸੰਸਾਰੀ ਖ਼ਾਹਿਸ਼ਾਂ ਨੂੰ ਮਾਰਨਾ ਜਾਂ ਸੰਸਾਰ ਨਾਲੋਂ ਮੋਹ ਤੋੜਨਾ ਭਾਵ ਮੁਰਦੇ ਵਾਂਗ ਹੋ ਕੇ ਹੀ ਚੇਲਾ (ਮੁਰੀਦ) ਬਣਿਆ ਜਾਂਦਾ ਹੈ, ਨਿਰੀਆਂ ਗੱਲਾਂ ਨਾਲ (ਹੀ) ਨਹੀਂ।

(੨) (ਅਤੇ ਜੋ ਬੰਦਾ) ਸੰਤੋਖੀ ਤੇ ਸਿਦਕੀ ਹੈ (ਉਹ ਆਪਾ ਭਾਵ ਵਾਰ ਦੇਣ ਵਾਲਾ ਹੀ) ਸ਼ਹੀਦ ਆਪੇ ਨੂੰ ਗਵਾ ਕੇ ਆਪਣੇ ਭਰਮ ਤੇ ਭਉ ਨੂੰ ਖ਼ਤਮ ਕਰਦਾ ਹੈ।

(੩) (ਉਹ) ਮੁੱਲ ਖ਼ਰੀਦੀ ਗੋਲੇ ਵਾਂਗੂ (ਹਰ ਸਮੇਂ ਆਪਣੇ ਆਪ ਨੂੰ ਕਾਰ) ਸੇਵਾ ਦੇ ਕੰਮ ਵਿਚ ਲਾਈ ਰੱਖੇ, ਭਾਵ ਜੁਟਿਆ ਹੀ ਰਹੇ।

(੪) ਉਸ ਦੀ ਸਰੀਰਕ ਦਸ਼ਾ ਐਸੀ ਹੋ ਜਾਂਦੀ ਹੈ ਕਿ ਨਾ ਉਸਨੂੰ ਭੁੱਖ, ਨਾ ਨੀਂਦਰ, ਨਾ ਖਾਣ ਦੀ ਖਿੱਚ, ਨਾਹੀਂ ਸੌਣ (ਆਰਾਮ ਕਰਨ) ਦਾ ਚੇਤਾ ਹੈ।

(੫) ਉਹ ਚੱਕੀ 'ਤੇ ਹੱਥੀਂ ਆਟਾ ਪੀਂਹਦਾ (ਤੇ ਥਕਾਵਟ ਮੰਨਦਾ ਹੀ ਨਹੀਂ) ਅਤੇ ਉਹ ਸਦਾ ਪਾਣੀ ਭੀ ਢੋਂਦਾ ਹੈ।

(੬) ਪੱਖਾ ਕਰਨ ਦੀ (ਭਾਵ ਝੱਲਣ ਦੀ) ਉਸਨੂੰ ਤਾਕੀਦ ਹੈ, ਚਰਨ ਧੋਣ ਦੀ ਸੇਵਾ (ਵੀ ਪ੍ਰੇਮ ਨਾਲ) ਕਰਦਾ ਹੈ।

(੭) (ਉਸਨੂੰ ਇਹ ਸਮਝ ਹੋ ਆਉਂਦੀ ਹੈ ਕਿ) ਸੇਵਕੀ ਸੰਜੀਦਾ (ਗਹਿਰ ਗੰਭੀਰ) ਹੋ ਕੇ ਹੀ ਹੁੰਦੀ ਹੈ, (ਉਹ) ਨ ਕਰੜੀ ਘਾਲਨਾ ਤੋਂ ਘਬਰਾਉਂਦਾ ਤੇ ਨਾ ਹੀ (ਗੁਰੂ ਦੀ ਖ਼ੁਸ਼ੀ ਪ੍ਰਾਪਤ ਕਰਕੇ) ਹੱਸਦਾ (ਭਾਵ ਹੰਕਾਰ ਕਰਦਾ) ਹੈ।

(੮) (ਬੱਸ, ਇਸ ਤਰ੍ਹਾਂ ਹਰ ਹਾਲ ਵਿਚ ਭਾਣਾ ਮੰਨ ਕੇ ਗੁਰੂ ਦੇ ਦਰ ਦਾ) ਦਰਵੇਸ਼ ਬਣ ਕੇ ਸੇਵਾ ਕਰਕੇ ਮਨਜ਼ੂਰ ਹੁੰਦਾ ਹੈ, ਭਾਵ ਪੁੱਗ ਜਾਂਦਾ ਹੈ।

ਪ੍ਰ: ਕਿਉਂ ਜੀ! ਐਸੇ ਸੇਵਕ ਨੂੰ ਆਖ਼ਰ ਫਲ ਕੀ ਮਿਲਦਾ ਹੈ?

(੯) ਉ: ਹੇ ਭਾਈਓ! ਐਸੇ ਸੇਵਕ ਨੂੰ ਫਿਰ ਜਿਵੇਂ ਚੰਦ ਦੇ ਚੜ੍ਹਨ ਤੇ ਈਦ ਦੀਆਂ ਮੁਬਾਰਕਾਂ (ਵਧਾਈਆਂ) ਮਿਲਦੀਆਂ ਹਨ, ਇਸੇ ਤਰ੍ਹਾਂ ਸੇਵਕ ਨੂੰ ਵੀ ਪੁੱਗ ਖਲੋਣ ਮਗਰੋਂ ਵਧਾਈਆਂ ਮਿਲਦੀਆਂ ਹਨ।੧੮।

*ਭਾਵਾਰਥ :* ਇਹ ਹੈ ਕਿ ਮੁਰੀਦ ਉਹ ਹੈ ਜੋ ਮੁਰਦਾ ਹੋ ਰਹੇ, ਆਪਾ ਭਾਵ ਨ ਜਣਾਵੇ। ਜਿਵੇਂ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥

*(ਪੰਨਾ ੯੯੧)*

ਪੁਨਾ :

ਸਿਰੁ ਧਰਿ ਤਲੀ ਗਲੀ ਮੇਰੀ ਆਉ॥

*(ਪੰਨਾ ੧੪੧੨)*

ਤਥਾ :

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥

*(ਪੰਨਾ ੫੫੮)*

ਜਦ ਚੰਦ ਈਦ ਦਾ ਚੜ੍ਹਦਾ ਹੈ ਤਾਂ ਮੁਸਲਮਾਨਾਂ ਦੇ ਮਨਾਂ ਵਿਚ ਵੱਡੀਆਂ ਵਧਾਈਆਂ ਹੁੰਦੀਆਂ ਹਨ ਤੇ ਹਿੰਦੂ ਲੋਕ ਚੜ੍ਹਦੇ ਚੰਦ ਨੂੰ ਮੱਥਾ ਟੇਕਦੇ ਹਨ, ਉਹੀ ਫਿਰ ਪੂਰਨ ਚੰਦ ਬਣ ਜਾਂਦਾ ਹੈ, ਭਾਵ ਪੁੱਗ ਜਾਂਦਾ ਹੈ। ਇਸੇ ਤਰ੍ਹਾਂ ਗੱਲ ਕੀ ਆਪ ਨੂੰ ਛੋਟਾ ਹੀ ਕਹਾਉਣਾ ਚਾਹੀਦਾ ਹੈ ਤੇ ਮੁਰਦਾ ਹੋ ਕੇ ਸਤਿਸੰਗ ਵਿਚ ਵਿਆਪਕ ਜਾਣ ਕੇ ਗੁਰੂ ਦੀ ਸੇਵਾ ਕਮਾਉਣੀ ਚਾਹੀਦੀ ਹੈ, ਤਦੋਂ ਹੀ ਪ੍ਰਭੂ ਦੀ ਪ੍ਰਾਪਤੀ ਦੇ ਸਿਖਰੀ ਮੰਜ਼ਿਲਾਂ ਨੂੰ ਹਾਸਲ ਕਰ ਸਕੀਦਾ ਹੈ।

## ੧੯. ਮੁਰੀਦ ਦੀ ਹੋਰ ਘਾਲਣਾ

**੧. ਪੈਰੀਂ ਪੈ ਪਾ ਖਾਕ ਮੁਰੀਦੈ ਥੀਵਣਾ।**
**੨. ਗੁਰ ਮੂਰਤ ਮੁਸ਼ਤਾਕ ਮਰ ਮਰ ਜੀਵਣਾ।**
**੩. ਪਰਹਰ ਸਭੇ ਸਾਕ ਸੁਰੰਗ ਰੰਗੀਵਣਾ।**
**੪. ਹੋਰ ਨ ਝੱਖਣ ਝਾਕ ਸਰਨ ਮਨ ਸੀਵਣਾ।**
**੫. ਪਿਰਮ ਪਿਆਲਾ ਪਾਕ ਅਮਿਅ ਰਸ ਪੀਵਣਾ।**
**੬. ਮਸਕੀਨੀ ਅਉਤਾਕ ਅਸਥਿਰ ਥੀਵਣਾ।**
**੭. ਦਸ ਅਉਰਾਤ ਤਲਾਕ ਸਹਜਿ ਅਲੀਵਣਾ।**
**੮. ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ।**
**੯. ਸ਼ਬਦ ਸੁਰਤਿ ਹੁਸ਼ਨਾਕ ਪਾਰ ਪਰੀਵਣਾ॥੧੯॥**

*ਪਦ ਅਰਥ :* ਪਾ ਖਾਕ—ਚਰਨ ਧੂੜੀ। ਮੁਸਤਾਕ—ਅਭਿਲਾਖੀ, ਪ੍ਰੇਮੀ। ਝਾਕ—ਕਿਸੇ ਹੋਰ ਵੱਲ ਤੱਕਣਾ, ਪਰਾਈ ਝਾਕ। ਅਉਤਾਕ—ਵਸੇਬਾ। ਦਸ ਅਉਰਾਤ—ਦਸ ਇੰਦ੍ਰੀਆਂ। ਅਲੀਵਣਾ—ਸਮਾ ਜਾਣਾ। ਹੁਸਨਾਕ—ਹੁਸ਼ਿਆਰ।

### *ਅਰਥ :*

ਪ੍ਰ: ਭਾਈ ਸਾਹਿਬ ਜੀਓ! ਜੇ ਕੋਈ ਸਾਦਕ ਗੁਰੂ ਪੀਰ ਦਾ ਮੁਰੀਦ ਬਣਨਾ ਚਾਹੁੰਦਾ ਹੈ ਤਾਂ ਕੀ ਉਸ ਲਈ ਕੋਈ ਖ਼ਾਸ ਨਿਯਮ ਹੈ ਜੋ ਕਿ ਉਸਨੂੰ ਧਾਰਨ ਕਰਨੇ ਯੋਗ ਹਨ?

(੧) ਉ: ਹੇ ਭਾਈ! ਗੁਰਮਤ ਸਾਨੂੰ ਇਹੋ ਹੀ ਪ੍ਰੇਰਨਾ ਦੇਂਦੀ ਹੈ ਕਿ ਜੇ ਕੋਈ (ਸ਼ਰਧਾਲੂ) ਮੁਰੀਦੀ ਚਾਹੁੰਦਾ ਹੈ (ਤਾਂ ਉਹ) ਮੁਰੀਦ ਐਸਾ ਹੋਵੇ ਕਿ ਗੁਰੂ ਦੀ ਚਰਨੀ ਪੈ ਕੇ ਉਸੇ ਦੇ ਚਰਨਾਂ ਦੀ ਧੂੜੀ ਬਣ ਜਾਏ।

(੨) ਗੁਰੂ ਮੂਰਤ (ਭਾਵ ਗੁਰੂ ਦੇ ਦਰਸ਼ਨਾਂ ਦਾ ਹੀ) ਪ੍ਰੇਮੀ ਬਣ ਜਾਏ, (ਉਹ ਸੰਸਾਰ ਵਲੋਂ) ਮਰੇ ਤੇ ਮਰ ਕੇ (ਫਿਰ ਗੁਰੂ ਲਈ ਹੀ) ਜੀਵੇ।

(੩) ਸਾਕਾਂ ਸਨਬੰਧੀਆਂ, ਸਭਨਾਂ ਨੂੰ ਛੱਡ ਕੇ, (ਇਕ ਗੁਰੂ ਭਗਤੀ ਦੇ) ਸੁਹਣੇ ਰੰਗ ਵਿਚ (ਹੀ) ਰੰਗਿਆ ਜਾਏ।

(੪) ਹੋਰ ਪਾਸੇ ਤਾਂਘ ਰੱਖਣ ਦੀਆਂ ਝਖਾਂ ਨਾ ਮਾਰੇ (ਬੱਸ, ਇਕ ਪ੍ਰਭੂ ਤੇ ਗੁਰਦੇਵ ਦੀ) ਸ਼ਰਨ ਵਿਚ ਮਨ ਨੂੰ ਸੀਉ ਛੱਡੇ, ਭਾਵ ਜੋੜ ਦੇਵੇ।

(੫) ਪਿਰੀ (ਪ੍ਰਭੂ) ਦੇ ਪ੍ਰੇਮ ਰਸ ਦੇ ਪਿਆਲੇ ਦਾ ਪਵਿੱਤ੍ਰ ਅੰਮ੍ਰਿਤ ਰਸ ਹੀ ਪੀਂਦਾ ਰਹੇ।

(੬) ਗ਼ਰੀਬੀ ਧਾਰ ਕੇ, ਬੱਸ ਗ਼ਰੀਬੀ (ਨਿਰਮਾਣਤਾ) ਵਿਚ ਹੀ ਰਹੇ, (ਅਤੇ ਉਸਨੂੰ ਅੰਤਰ ਆਤਮੇ ਇਹ ਭਰੋਸਾ ਹੋਵੇ ਕਿ ਉਹ ਮੁਰੀਦੀ ਵਿਚ ਨਿਰਮਾਣਤਾ ਵਿਚ ਰਹਿ ਕੇ) ਹੀ ਪੱਕਾ ਹੋ ਸਕੇਗਾ।

(੭) ਦਸ ਔਰਤਾਂ (ਭਾਵ ਇੰਦ੍ਰੀਆਂ ਦੇ ਰਸ) ਨੂੰ ਤਲਾਕ ਦੇਵੇ, ਛੱਡ ਦੇਵੇ, ਤਾਂ ਸਹਿਜ ਅਵਸਥਾ ਵਿਖੇ ਜਾ ਰਹੇਗਾ।

(੮) ਗੁਰੂ ਦੇ ਵਾਕਾਂ ਭਾਵ ਗੁਰੂ ਦੇ ਉਪਦੇਸ਼ ਨੂੰ ਸਾਵਧਾਨੀ ਨਾਲ ਕਮਾਵੇ ਤੇ ਮਨ ਨੂੰ ਭਰਮਾਂ ਵਿਚ ਨ ਪੈਣ ਦੇਵੇ।

(੯) (ਬੱਸ, ਇਸ ਤਰ੍ਹਾਂ ਮੁਰੀਦ) ਸ਼ਬਦ ਤੇ ਸੁਰਤਿ ਦੇ ਮੇਲ ਨੂੰ ਹੁਸ਼ਿਆਰੀ ਨਾਲ ਫੜੇ, (ਫਿਰ ਇਹ ਮੁਰੀਦੀ ਉਸ ਮੁਰੀਦ ਨੂੰ) ਸੰਸਾਰ ਸਮੁੰਦ੍ਰ ਤੋਂ ਪਾਰ ਕਰ ਦੇਵੇਗੀ।੧੯।

*ਭਾਵਾਰਥ :* ਮੁਰੀਦ ਸਦਾ ਹੀ ਗੁਰੂ ਦੇ ਪਰਾਇਣ ਰਹੇ ਆਪ ਨੂੰ ਗ਼ਰੀਬ ਸਮਝੇ ਅਤੇ ਹੋਰ ਪਾਸੇ ਵੱਲ ਮਨ ਨੂੰ ਨਾ ਭਰਮਾਵੇ, ਅਨਿੰਨ ਭਗਤ ਰਹੇ। ਸ਼ਬਦ ਸੁਰਤਿ ਦਾ ਪ੍ਰੇਮੀ ਜੋ ਹੁਸ਼ਿਆਰ ਨਹੀਂ ਉਸ ਨੂੰ ਆਲਸ, ਨੀਂਦ ਤੇ ਸੰਕਲਪ ਵਿਕਲਪ ਦਬਾ ਲੈਂਦੇ ਹਨ।

## ੨੦. ਪੂਰਨ ਸਿੱਖ ਦੀ ਤਸਵੀਰ

**੧. ਸਤਿਗੁਰ ਸਰਨੀ ਜਾਇ ਸੀਸ ਨਿਵਾਇਆ।**
**੨. ਗੁਰ ਚਰਨੀ ਚਿਤ ਲਾਇ ਮੱਥਾ ਲਾਇਆ।**
**੩. ਗੁਰਮਤਿ ਰਿਦੈ ਵਸਾਇ ਆਪ ਗਵਾਇਆ।**
**੪. ਗੁਰਮੁਖ ਸਹਜਿ ਸੁਭਾਇ ਭਾਣਾ ਭਾਇਆ।**
**੫. ਸ਼ਬਦ ਸੁਰਤਿ ਲਿਵ ਲਾਇ ਹੁਕਮ ਕਮਾਇਆ।**
**੬. ਸਾਧਸੰਗਤ ਭੈ ਭਾਇ ਨਿਜ ਘਰ ਪਾਇਆ।**
**੭. ਚਰਨ ਕਵਲ ਪਤੀਆਇ ਭਵਰ ਲੁਭਾਇਆ।**
**੮. ਸੁਖ ਸੰਪੁਟ ਪਰਚਾਇ ਅਮਿਓ ਪੀਆਇਆ।**
**੯. ਧੰਨ ਜਣੇਂਦੀ ਮਾਇ ਸਹਿਲਾ ਆਇਆ ॥੨੦॥੩॥**

***ਪਦ ਅਰਥ :*** ਨਿਜ ਘਰ—ਸ੍ਵੈ-ਸ੍ਵਰੂਪ। ਪਤੀਆਇ—ਪਤੀਜ ਕੇ, ਠੀਕ ਜਾਣ ਕੇ। ਪਰਚਾਇ—ਪ੍ਰੇਮ ਸਹਿਤ। ਸਹਿਲਾ—ਸਫਲ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਆਪ ਜੀ ਗੁਰੂ ਦਾ ਸਿਖ ਕਿਸਨੂੰ ਕਬੂਲ ਕਰਦੇ ਹੋ?

(੧) ਉ: ਹੇ ਭਾਈਓ! ਗੁਰੂ ਦਾ ਸਿਖ ਤਾਂ ਉਸੇ ਨੂੰ ਮੰਨਣਾ ਪਵੇਗਾ ਜਿਸ ਸਿਖ ਨੇ ਗੁਰੂ ਦੀ ਸ਼ਰਨ ਵਿਚ ਪੁੱਜ ਕੇ ਸੀਸ ਨਿਵਾਇਆ ਹੈ।

ਪ੍ਰ: ਕਿਉਂ ਜੀ! ਸੀਸ ਨਿਵਾਉਣ ਵਾਲੇ ਤਾਂ ਅਨੇਕਾਂ ਸਿਖ ਹਨ ਕੀ ਉਨ੍ਹਾਂ ਸਾਰਿਆਂ ਨੂੰ ਹੀ ਗੁਰੂ ਦੇ ਸਿਖ ਮੰਨ ਲਿਆ ਜਾਵੇ?

(੨) ਉ: ਹੇ ਭਾਈ! ਮੱਥਾ ਟੇਕਣਾ ਗੁਰੂ ਦਰ ਤੇ ਕੇਵਲ ਰਸਮੀਆਂ ਤੌਰ ਤੇ ਨਹੀਂ ਸਗੋਂ ਜਿਸਨੇ ਗੁਰੂ ਚਰਨਾਂ ਤੇ ਚਿਤ ਨਾਲ, ਮਨ ਲਾ ਕੇ ਮੱਥਾ ਰਖਿਆ (ਭਾਵ ਪ੍ਰੇਮ ਸਹਿਤ ਡੰਡਉਤ ਕੀਤੀ ਹੈ)।

(੩) ਹੇ ਭਾਈ! ਇਥੇ ਹੀ ਬੱਸ ਨਹੀਂ, ਫਿਰ ਜਿਸਨੇ ਗੁਰੂ ਦੇ ਸ਼ਬਦ ਭਾਵ ਗੁਰੂ ਦੀ ਸਿਖਿਆ ਨੂੰ ਹਿਰਦੇ ਵਿਚ ਵਸਾ ਕੇ ਆਪਣੇ ਅੰਦਰੋਂ ਹੰਗਤਾ ਵਾਲੀ ਮੱਤ (ਭੀ) ਗੁਆ ਦਿੱਤੀ।

ਪ੍ਰ: ਕਿਉਂ ਜੀ! ਆਖ਼ਰ ਉਸ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ?

(੪) ਉ: (ਐ ਪਿਆਰੇ! ਇਸ ਤਰ੍ਹਾਂ ਕਰਨ ਨਾਲ) ਗੁਰਸਿੱਖ ਨੂੰ ਸਹਿਜ ਸੁਭਾਅ ਹੀ ਪ੍ਰਭੂ ਦਾ ਭਾਣਾ ਮਿੱਠਾ ਲਗਦਾ (ਹੈ)।

(੫) (ਫਿਰ ਉਸਨੇ) ਸ਼ਬਦ ਨੂੰ ਸੁਰਤਿ ਵਿਚ ਰੱਖ ਕੇ, ਗੁਰੂ ਹੁਕਮ ਦੀ ਕਮਾਈ ਕੀਤੀ (ਨਾਮ ਜਪਿਆ, ਸਿਮਰਨ ਕੀਤਾ)।

(੬) (ਇਸ ਤਰ੍ਹਾਂ) ਸਾਧ ਸੰਗਤ ਵਿਚੋਂ (ਪ੍ਰਭੂ ਦੇ) ਭੈ ਤੇ ਪ੍ਰੇਮ ਨਾਲ ਸੰਗਤ ਕਰਕੇ, ਆਪਣਾ ਸ੍ਵੈ ਸਰੂਪ ਲੱਭ ਲਿਆ।

(੭) (ਵਾਹਿਗੁਰੂ ਦੇ) ਚਰਨਾਂ ਕਵਲਾਂ ਤੇ (ਪਤੀਜ ਕੇ ਫਿਰ) ਭੌਰੇ ਵਾਂਗੂ (ਫੁਲ ਤੇ ਲੁਭਾਇਮਾਨ ਹੋਣ ਵਾਂਗ) ਸਿਖ ਵੀ ਪ੍ਰੇਮ ਭਉਰਾ ਬਣ ਗਿਆ।

(੮) (ਫਿਰ ਉਸਨੇ) ਸੁਖਾਂ ਦੇ ਸੰਪਟ (ਖ਼ਜ਼ਾਨੇ) ਵਿਚ ਪਰਚ ਕੇ (ਗੁਰੂ ਸ਼ਬਦ ਦੇ ਰਸ ਦਾ) ਅੰਮ੍ਰਿਤ ਪੀਤਾ।

(੯) (ਹੁਣ ਕਹਿਣਾ ਪਵੇਗਾ ਕਿ) ਉਸ ਐਸੇ ਸਿਖ ਦੀ ਜੰਮਣ ਵਾਲੀ ਮਾਤਾ ਧੰਨ ਹੈ, ਤੇ ਉਸਦਾ ਜਨਮ ਭੀ ਸਫਲਾ ਹੋ ਗਿਆ।੨੦।੩।

***ਭਾਵਾਰਥ :*** ਗੁਰੂ ਦੀ ਸੰਗਤ ਵਿਚ ਆਉਣ ਵਾਲੇ ਸਿਖ ਤਾਂ ਤੱਕਣ ਵਿਚ ਬਹੁਤ ਆਉਂਦੇ ਹਨ, ਪਰ ਉਨ੍ਹਾਂ ਵਿਚੋਂ ਗੁਰੂ ਦੇ ਦਰ ਤੇ ਉਹੀ ਕਬੂਲੇ ਜਾਂਦੇ ਹਨ ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ ਨੂੰ ਮਨ ਵਿਚ ਧਾਰਨ ਕਰਕੇ ਜੀਵਨ ਗੁਜ਼ਾਰਿਆ ਹੈ, ਧਾਰਨਾ ਤੋਂ ਸੱਖਣੇ ਲੋਕ ਭਾਵੇਂ ਸਾਰੀ ਜ਼ਿੰਦਗੀ ਭਰ ਸੰਗਤ ਵਿਚ ਆ ਕੇ ਵਾਰ-ਵਾਰ ਨਿਉਂ ਨਿਉਂ ਕੇ ਮੱਥਾ ਨਿਵਾਉਂਦੇ ਰਹਿਣ ਉਨ੍ਹਾਂ ਦਾ ਲੋਕ ਦਿਖਾਵਾ ਰੱਬੀ ਦਰ ਵਿਚ ਕਬੂਲ ਨਹੀਂ ਹੋ ਸਕਦਾ। ਉਨ੍ਹਾਂ ਦੇ ਬਾਰੇ ਤਾਂ ਬਾਣੀ ਵਿਚ ਇਉਂ ਹੀ ਜ਼ਿਕਰ ਆਉਂਦਾ ਹੈ ਕਿ :

> ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
> ਸੀਸਿ ਨਿਵਾਇਐ ਕਿਆ ਥੀਐ
> ਜਾ ਰਿਦੈ ਕੁਸੁਧੇ ਜਾਹਿ॥੧॥ *(ਪੰਨਾ ੪੭੦)*

ਅਪਰਾਧੀ ਦਾ ਨਿਉਣਾ ਇਉਂ ਹੀ ਸਮਝੋ ਜਿਵੇਂ ਹਿਰਨਾਂ ਨੂੰ ਮਾਰਨ ਵਾਲਾ ਬਾਰ ਬਾਰ ਨਿਉਂਦਾ ਹੈ, ਉਹ ਸ਼ਿਕਾਰੀ ਮ੍ਰਿਗ ਨੂੰ ਮੱਥਾ ਨਹੀਂ ਟੇਕਦਾ ਉਹ ਤਾਂ ਸਗੋਂ ਉਸਦਾ ਘਾਤਕ ਅਪਰਾਧੀ ਹੈ।

(ਤੀਜੀ ਵਾਰ ਸਮਾਪਤ)

# ਵਾਰ ੪

ੴ ਸਤਿਗੁਰ ਪ੍ਰਸਾਦਿ॥

## ੧. ਸਿਰਜਨਹਾਰ ਦਾ ਮੰਗਲ

੧. ਓਅੰਕਾਰ ਅਕਾਰ ਕਰ
ਪਵਣ ਪਾਣੀ ਬੈਸੰਤਰ ਧਾਰੇ।
੨. ਧਰਤਿ ਅਕਾਸ਼ ਵਿਛੋੜਿਅਨੁ
ਚੰਦ ਸੂਰ ਦੋਇ ਜੋਤਿ ਸਵਾਰੇ।
੩. ਖਾਣੀ ਚਾਰ ਬੰਧਾਨ ਕਰ
ਲੱਖ ਚਉਰਾਸੀਹ ਜੂਨਿ ਦੁਆਰੇ।
੪. ਇੱਕਸ ਇੱਕਸ ਜੂਨਿ ਵਿਚ
ਜੀਅ ਜੰਤ ਅਨਗਣਤ ਅਪਾਰੇ।
੫. ਮਾਨਸ ਜਨਮ ਦੁਲੰਭ ਹੈ
ਸਫਲ ਜਨਮ ਗੁਰ ਸਰਣ ਉਧਾਰੇ।
੬. ਸਾਧਸੰਗਤਿ ਗੁਰ ਸ਼ਬਦ ਲਿਵ
ਭਾਇ ਭਗਤਿ ਗੁਰ ਗਿਆਨ ਬੀਚਾਰੇ।
੭. ਪਰਉਪਕਾਰੀ ਗੁਰੂ ਪਿਆਰੇ ॥੧॥

***ਪਦ ਅਰਥ :*** ਬੰਧਾਨ ਕਰ—ਬਣਾ ਕੇ। ਦੁਲੰਭ—ਦੁਰਲੱਭ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਹਰ ਗ੍ਰੰਥ ਕਰਤਾ ਗ੍ਰੰਥ ਦੇ ਅਰੰਭ ਵਿਚ ਆਪੋ ਆਪਣੇ ਭਿੰਨ-ਭਿੰਨ ਇਸ਼ਟ ਦੇਵੀ ਦੇਵਤੇ ਦਾ ਮੰਗਲ ਕਰਦਾ ਹੈ, ਪਰ ਤੁਸੀਂ ਕਿਸਦਾ ਮੰਗਲ ਕਰਨਾ ਯੋਗ ਸਮਝਦੇ ਹੋ?

(੧) ਉ: ਹੇ ਭਾਈਓ! ਮੈਂ ਤਾਂ ਹਰ ਕਾਰਜ ਦੇ ਅਰੰਭ ਵਿਚ ਕੇਵਲ ਉਸੇ ਪਰੀ ਪੂਰਨ ਪਰਮੇਸ਼ਰ ਦਾ ਮੰਗਲ ਕਰਨ ਵਿਚ ਵਿਸ਼ਵਾਸ਼ ਰਖਦਾ ਹਾਂ ਜਿਸਨੇ ੧ ਓਅੰਕਾਰ ਤੋਂ (ਸਾਰੀ ਕਾਇਨਾਤ) ਦੇ ਅਕਾਰ ਬਣਾ ਕੇ ਪਉਣ, ਪਾਣੀ, ਅਗਨੀ (ਆਦਿ ਪੰਜ ਤੱਤ) ਬਣਾਏ (ਹਨ)।

(੨) (ਫਿਰ ਪੰਜਾ ਤੱਤਾਂ ਵਿਚੋਂ) ਧਰਤੀ ਤੇ ਆਕਾਸ਼ ਨੂੰ ਵਿਛੋੜ ਦਿੱਤਾ (ਭਾਵ ਧਰਤੀ ਥੱਲੇ ਤੇ ਉੱਪਰ ਆਕਾਸ਼ ਬਣਾ ਕੇ) ਚੰਦ ਤੇ ਸੂਰਜ (ਇਨ੍ਹਾਂ ਲਈ) ਦੋ ਜੋਤਾਂ ਬਣਾ ਦਿੱਤੀਆਂ।

(੩) (ਇਨ੍ਹਾਂ ਦੇ ਪਿਛੋਂ) ਚਾਰ ਖਾਣੀਆਂ ਦੇ ਨਿਯਮ ਬਣਾ ਕੇ ਚੌਰਾਸੀ ਲੱਖ ਜੂਨਾਂ ਦੇ ਸਰੀਰ ਬਣਾ ਦਿੱਤੇ।

(੪) ਇਕ ਇਕ ਜੂਨ ਵਿਚ ਅਪਾਰ, ਅਨਗਿਣਤ ਜੀਵ ਜੰਤੂ ਪੈਦਾ ਕਰ ਦਿੱਤੇ।

ਪ੍ਰ: ਕਿਉਂ ਜੀ! ਕੀ ਇਨ੍ਹਾਂ ਅਨਗਿਣਤ ਜੂਨਾਂ ਵਿਚ ਸਮਤਾ ਹੀ ਮੰਨੀ ਗਈ ਹੈ?

(੫) ਉ: ਹੇ ਭਾਈ! (ਇਨ੍ਹਾਂ ਸਾਰੀਆਂ ਜੂਨਾਂ ਦੀ ਰਚਨਾ ਤਾਂ ਉਸੇ ਇੱਕੋ ਕਰਤਾਰ ਤੋਂ ਹੋਈ ਹੈ ਪਰ ਇਨ੍ਹਾਂ ਸਭਨਾਂ ਵਿਚੋਂ) ਮਨੁੱਖਾ ਜਨਮ ਦੁਰਲੱਭ ਹੈ (ਪਰ ਇਸਦੀ ਦੁਰਲੱਭਤਾ ਤਦੇ ਹੀ ਮੰਨੀ ਜਾ ਸਕਦੀ ਹੈ) ਜੇ ਕਰ ਗੁਰੂ ਦੀ ਸ਼ਰਨੀ ਲੱਗ ਕੇ ਆਪਣੇ ਆਪ ਦਾ ਉੱਧਾਰ ਕਰੇ, ਤਾਂ ਹੀ ਸਫਲ ਹੈ।

(੬) ਅਤੇ ਸਾਧ ਸੰਗਤ ਵਿਚ ਜਾ ਕੇ, ਗੁਰ ਸ਼ਬਦ ਦਾ ਧਿਆਨ ਕਰੇ, ਚਿੱਤ ਜੋੜੇ, ਪ੍ਰੇਮ ਭਾਵਨਾ ਗੁਰੂ ਦੇ ਬਖ਼ਸ਼ੇ ਗਿਆਨ (ਸ਼ਬਦ) ਦੀ ਵੀਚਾਰ ਕਰਦਾ ਰਹੇ।

(੭) ਅਤੇ ਪਰਉਪਕਾਰੀ ਸਤਿਗੁਰੂ ਨਾਲ ਪਿਆਰ ਕਰੇ ਤੇ ਆਪ ਵੀ ਉਪਕਾਰ ਕਰਨ ਵਾਲਾ ਜੀਵਨ ਬਣਾਵੇ।੧।

***ਭਾਵਾਰਥ :*** ਉਸ ਕਰਤਾਰ ਨੇ ਜੋ ੧ ਓਅੰਕਾਰ ਦੁਆਰੇ ਚਾਰੇ ਖਾਣੀਆਂ ਦੇ ਜੀਵਾਂ ਦੀ ਰਚਨਾ ਕੀਤੀ ਹੈ ਇਸ ਵਿਚ ਇਸ ਮਨੁੱਖਾ ਜਨਮ ਨੂੰ ਉੱਤਮ ਦਰਜਾ ਦਿੱਤਾ ਗਿਆ ਹੈ, ਪਰ ਇਹ ਉੱਤਮਤਾ ਤਦੇ ਹੀ ਮੰਨੀ ਜਾਵੇਗੀ ਜਦ ਕਿ ਗੁਰੂ ਦੀ ਸ਼ਰਨ ਵਿਚ ਆ ਕੇ ਸਾਧ ਸੰਗਤ ਵਿਚੋਂ ਗੁਰੂ ਦੇ ਗਿਆਨ ਦੀ ਵੀਚਾਰ ਕਰੇ ਅਤੇ ਉਸ ਦੀ ਦਿਨੇ ਰਾਤ ਕਮਾਈ ਕਰੇ, ਘਾਲਣਾ ਘਾਲੇ।

## ੨. ਨਿੰਮ੍ਰਤਾ ਦੀ ਵਿਸ਼ੇਸ਼ਤਾ

੧. ਸਭ ਦੂੰ ਨੀਵੀਂ ਧਰਤਿ ਹੈ
ਆਪ ਗਵਾਏ ਹੋਇ ਉਡੀਣੀ।
੨. ਧੀਰਜ ਧਰਮ ਸੰਤੋਖ ਦ੍ਰਿੜ੍ਹ
ਪੈਰਾਂ ਹੇਠ ਰਹੈ ਲਿਵ ਲੀਣੀ।
੩. ਸਾਧ ਜਨਾਂ ਦੇ ਚਰਨ ਛੁਹਿ
ਆਢੀਣੀ ਹੋਈ ਲਾਖੀਣੀ।
੪. ਅੰਮ੍ਰਿਤ ਬੂੰਦ ਸੁਹਾਵਣੀ
ਛਹਬਰ ਛਲਕ ਰੇਣੁ ਹੋਇ ਰੀਣੀ।
੫. ਮਿਲਿਆ ਮਾਣ ਨਿਮਾਣੀਐ
ਪਿਰਮ ਪਿਆਲਾ ਪੀ ਪਤੀਣੀ।
੬. ਜੋ ਬੀਜੈ ਸੋਈ ਲੁਣੈ
ਸਭ ਰਸ ਕਸ ਬਹੁ ਰੰਗ ਰੰਗੀਣੀ।
੭. ਗੁਰਮੁਖ ਸੁਖ ਫਲ ਹੈ ਮਸਕੀਣੀ ॥੨॥

*ਪਦ ਅਰਥ :* ਉਡੀਣੀ—ਨਿਮਾਣੀ। ਲਿਵ ਲੀਣੀ—ਪ੍ਰੇਮ ਵਿਚ ਲਿਵ ਲੱਗਣੀ। ਆਢੀਣੀ—ਅੱਧੇ ਦਾਮ ਦੀ, ਭਾਵ ਧੇਲੇ ਦੀ। ਲਾਖੀਣੀ—ਲੱਖਾਂ ਦੀ। ਛਹਬਰ ਛਲਕ—ਲਗਾਤਾਰ ਝੜੀ ਲੱਗ ਜਾਣੀ। ਰੇਣ—ਧਰਤੀ। ਰੀਣੀ—ਰੱਜਦੀ ਹੈ। ਪਤੀਣੀ—ਪਤੀਜਣਾ। ਮਸਕੀਣੀ—ਗ਼ਰੀਬੀ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਉਸ ਪ੍ਰਭੂ ਦੀ ਪ੍ਰਾਪਤੀ ਦੇ ਦੈਵੀ ਗੁਣਾਂ ਵਿਚੋਂ ਇਕ ਨਿੰਮ੍ਰਤਾ ਦਾ ਗੁਣ ਭੀ ਉੱਚਾ ਦਰਜਾ ਰੱਖਦਾ ਹੈ, ਪਰ ਇਸਨੂੰ ਅੰਤਰ-ਆਤਮੇ ਧਾਰਨ ਕਰਨ ਦੀ ਹਰ ਮਨੁੱਖ ਵਿਚ ਸਮਰੱਥਾ ਨਹੀਂ ਪਰ ਜੇ ਕਿਸੇ ਦੇ ਮਨ ਵਿਚ ਇਸ ਨੂੰ ਧਾਰਨ ਕਰਨ ਦਾ ਉਤਸ਼ਾਹ ਹੋਵੇ, ਤਾਂ ਆਪ ਜੀ ਕੋਈ ਸਾਧਨ ਦਸੋ ਕਿ ਅਜਿਹੇ ਸ਼ਰਧਾਲੂ ਨੂੰ ਕਿਥੋਂ ਪ੍ਰੇਰਨਾ ਮਿਲ ਸਕਦੀ ਹੈ ?

(੧) ਉ: ਹੇ ਭਾਈ ! ਇਸ ਸੰਸਾਰ ਦੀ ਰਚਨਾ ਦਾ ਮੁੱਢ ਕਾਰਨ ਪੰਜ ਤੱਤ (ਆਕਾਸ਼, ਆਦਿ ਵੇਖਣ ਵਿਚ ਆਉਂਦੇ ਹਨ ਪਰ ਇਨ੍ਹਾਂ ਵਿਚੋਂ ਜੋ ਧਰਤੀ ਹੈ ਇਸ ਵਿਚੋਂ ਸ਼ਰਧਾਲੂ ਨੂੰ ਨਿੰਮ੍ਰਤਾ ਦਾ ਗੁਣ ਧਾਰਨ ਦੀ ਪ੍ਰੇਰਨਾ ਮਿਲਦੀ ਹੈ ਜਿਵੇਂ ਕਿ ਸਭ ਤੋਂ ਨੀਵੀਂ ਧਰਤੀ ਹੈ ਜੋ ਆਪਾ ਗਵਾ ਕੇ ਨਿਮਾਣੀ ਬਣੀ ਰਹਿੰਦੀ ਹੈ।

(੨) (ਅਤੇ) ਧੀਰਜ, ਸੰਤੋਖ ਦੇ ਧਰਮ ਵਿਚ ਸਦਾ ਦ੍ਰਿੜ੍ਹ ਹੋ, ਪੈਰਾਂ ਹੇਠ ਰਹਿਣ ਵਿਚ ਹੀ ਪ੍ਰੀਤੀ ਲਾਈ ਰੱਖਦੀ ਹੈ।

(੩) ਸੰਤਾਂ ਦੇ ਚਰਨਾਂ ਦੀ ਛੂਹ ਨਾਲ ਉਹ ਬੇਮੁੱਲੀ ਲੱਖਾਂ ਦੇ ਮੁੱਲ ਵਾਲੀ ਬਣ ਜਾਂਦੀ ਹੈ।

(੪) (ਫਿਰ ਉਹ) ਨਿਰਮਲ ਅੰਮ੍ਰਿਤ ਰੂਪ ਮੀਂਹ ਦੀ ਛਹਬਰ ਤੇ ਛਲਕਾ ਨਾਲ (ਭਾਵ ਇਕ ਰਸ ਬਰਖਾ ਨਾਲ) ਧਰਤੀ ਰੱਜਦੀ ਹੈ।

(੫) (ਫਿਰ ਉਸ) ਨਿਮਾਣੀ ਨੂੰ ਮਾਣ ਮਿਲਦਾ ਹੈ, (ਜਦ ਈਸਵਰ ਦੇ ਭੇਜੇ ਪਿਰਮ ਪਿਆਲੇ) ਮੀਂਹ ਨਾਲ ਸਰਸਬਜ਼ ਹੋ ਕੇ ਪਤੀਜਦੀ ਭਾਵ ਤ੍ਰਿਪਤ ਹੁੰਦੀ ਹੈ।

(੬) (ਇਸ ਸਮੇਂ) ਜੋ ਕੁੱਝ ਵੀ ਇਸ ਵਿਚ ਬੀਜਿਆਂ ਜਾਂਦਾ ਹੈ ਉਹੀ ਮਿਲਦਾ ਹੈ, ਵੱਡੇ ਰਸਾਂ ਕਸਾਂ ਨਾਲ ਰੰਗੀ ਹੋਈ ਜੋ ਇਹ ਧਰਤੀ ਹੈ।

(੭) ਧਰਤੀ ਵਿਚੋਂ ਗੁਰਮੁਖ ਲੋਕ ਸੁਖਾਂ ਦੇ ਫਲ (ਧਰਤੀ ਵਾਂਗ) ਗ਼ਰੀਬੀ (ਨਿੰਮ੍ਰਤਾ ਵਿਖੇ) ਸਮਝਦੇ ਹਨ।੨।

*ਭਾਵਾਰਥ :* ਇਸ ਪਉੜੀ ਵਿਚ ਭਾਈ ਸਾਹਿਬ ਨੇ ਧਰਤੀ ਦਾ ਦ੍ਰਿਸ਼ਟਾਂਤ ਦੇ ਕੇ ਉਪਦੇਸ਼ ਕੀਤਾ ਹੈ ਕਿ ਜਿਵੇਂ ਧਰਤੀ ਨਿਮਾਣੀ ਹੈ, ਨਿੰਮ੍ਰਤਾ ਰੱਖਦੀ ਹੈ। ਉਸ ਉੱਪਰ ਸੰਤ ਰਹਿੰਦੇ ਹਨ, ਸੰਤਾਂ ਦੇ ਸਪਰਸ਼ ਕਰਕੇ ਪਵਿੱਤ੍ਰ ਹੋ ਜਾਂਦੀ ਹੈ, ਫਿਰ ਆਕਾਸ਼ ਤੋਂ ਮੀਂਹ ਵਰ੍ਹਦੇ ਹਨ ਧਰਤੀ ਤ੍ਰਿਪਤ ਹੋ ਜਾਂਦੀ ਹੈ। ਇਸੇ ਤਰ੍ਹਾਂ ਜੋ ਮਨੁੱਖ ਧਰਤੀ ਦੇ ਗੁਣਾਂ ਤੋਂ ਪ੍ਰੇਰਨਾ ਲੈ ਕੇ ਜੀਵਨ ਗੁਜ਼ਾਰਦਾ ਹੈ ਉਹ ਗੁਰਮੁਖ ਭੀ ਗ਼ਰੀਬੀ ਦਾ ਸਦਕਾ ਸੁਖ ਫਲ ਦੀ ਪ੍ਰਾਪਤੀ ਕਰ ਲੈਂਦਾ ਹੈ।

## ੩. ਸਭ ਤੋਂ ਨੀਵੇਂ ਚਰਨਾਂ ਦਾ ਉਦਾਹਰਣ

੧. ਮਾਣਸ ਦੇਹ ਸੁ ਖੇਹ ਹੈ
ਤਿਸ ਵਿਚ ਜੀਭੈ ਲਈ ਨਕੀਬੀ।
੨. ਅੱਖੀਂ ਦੇਖਨਿ ਰੂਪ ਰੰਗ
ਨਾਦ ਕੰਨ ਸੁਣ ਕਰ ਰਕੀਬੀ।
੩. ਨੱਕ ਸੁਵਾਸ ਨਿਵਾਸ ਹੈ
ਪੰਜੇ ਦੂਤ ਬੁਰੀ ਤਰਤੀਬੀ।
੪. ਸਭ ਦੂੰ ਨੀਵੇਂ ਚਰਨ ਹੋਇ
ਆਪ ਗਵਾਇ ਨਸੀਬ ਨਸੀਬੀ।

**੫. ਹਉਮੈਂ ਰੋਗ ਮਿਟਾਇਦਾ**
**ਸਤਿਗੁਰ ਪੂਰਾ ਕਰੇ ਤਬੀਬੀ।**
**੬. ਪੈਰੀਂ ਪੈ ਰਹਰਾਸਿ ਕਰ**
**ਗੁਰ ਸਿਖ ਸੁਣ ਗੁਰਸਿਖ ਮਨੀਬੀ।**
**੭. ਮੁਰਦਾ ਹੋਇ ਮੁਰੀਦ ਗਰੀਬੀ ॥੩॥**

*ਪਦ ਅਰਥ :* ਨਕੀਬੀ—ਉਹ ਸੇਵਾਦਾਰ ਜੋ ਅੰਦਰ ਦੀ ਗੱਲ ਬਾਹਰ ਆ ਕੇ ਦੱਸੇ। ਰਕੀਬੀ—ਨਿਗਾਹਬਾਨੀ, ਰਖਵਾਲੀ ਕਰਨ ਵਾਲਾ। ਤਰਤੀਬੀ—ਬਾਕਾਇਦਗੀ। ਨਸੀਬ ਨਸੀਬੀ—ਵੱਡੇ ਭਾਗਾਂ ਵਾਲੇ। ਤਬੀਬੀ—ਹਕੀਮੀ। ਮਨੀਬੀ—ਮੰਨਣ ਕਰਨਾ, ਮੰਨ ਲੈਣਾ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਓ! ਇਸ ਦੇਹ ਦੇ ਸੰਜੋਗੀ ਜੋ ਇੰਦ੍ਰੇ ਹਨ, ਕੀ ਇਹ ਵੱਖੋ ਵੱਖ ਕ੍ਰਿਆ ਕਰਨ ਵਿਚ ਸੁਤੰਤਰ ਹਨ ਜਾਂ ਕਿ ਇਨ੍ਹਾਂ ਦੀ ਪ੍ਰੇਰਕ ਸ਼ਕਤੀ ਕੋਈ ਵੱਖਰੀ ਹੈ ਜੋ ਕਿ ਇਨ੍ਹਾਂ ਤੋਂ ਆਪਣੀ ਪ੍ਰੇਰਨਾ ਦੁਆਰੇ ਕਿਰਤ ਕਰਾਉਂਦੀ ਹੈ?

(੧) ਉ: ਹੇ ਭਾਈ! (ਜੇ ਵੀਚਾਰ ਦ੍ਰਿਸ਼ਟੀ ਰਾਹੀਂ ਤੱਕਿਆ ਜਾਵੇ ਤਾਂ ਸੋਝੀ ਮਿਲੇਗੀ ਕਿ ਇਸ ਸਰੀਰ ਦਾ ਕੋਈ ਭੀ ਇੰਦ੍ਰਾ ਸੁਤੰਤਰ ਨਹੀਂ, ਕਿਉਂਕਿ ਇਨ੍ਹਾਂ ਇੰਦ੍ਰਿਆਂ ਦਾ ਆਸਰਾ ਜੋ ਸਰੀਰ ਹੈ ਉਹ) ਮਨੁੱਖ ਦੇਹ ਮਿੱਟੀ ਦੀ ਹੈ (ਜੋ ਮਿੱਟੀ ਕੁੱਝ ਭੀ ਕਰਨ ਦੀ ਸਮਰੱਥਾ ਨਹੀਂ ਰੱਖਦੀ ਪਰ ਇਸ ਵਿਚ ਪਰਮੇਸ਼ਰ ਦੀ ਬਖ਼ਸ਼ੀ ਸੱਤਾ ਨਾਲ) ਜੀਭ ਨੇ ਨਕੀਬੀ ਦਾ ਕੰਮ ਸਾਂਭਿਆ ਹੈ (ਭਾਵ ਹਰ ਮਨੁੱਖ ਦੇ ਅੰਦਰ ਦੀ ਗੱਲ ਨੂੰ ਬਾਹਰ ਪ੍ਰਗਟ ਕਰਦੀ ਹੈ)।

(੨) (ਇਸ ਤੋਂ ਅੱਗੇ) ਅੱਖਾਂ ਰੂਪ ਰੰਗ ਦੇਖਦੀਆਂ ਹਨ ਤੇ ਕੰਨ ਰਾਗ ਨਾਦ (ਆਵਾਜ) ਸੁਣਾਉਣ ਵਾਲੇ ਜੰਤ੍ਰ ਦਾ ਕੰਮ ਸਾਂਭ ਲੈਂਦੇ ਹਨ।

(੩) ਨੱਕ ਦਾ ਵਾਸਨਾ ਵਿਚ ਵਾਸਾ ਹੈ, ਤੇ ਪੰਜੇ ਦੂਤ (ਭਾਵ ਸ਼ਬਦ, ਸਪਰਸ਼, ਰੂਪ, ਰਸ, ਗੰਧ) ਇਹ ਬੁਰੀ ਸੌਹਬਤ ਦੀਆਂ ਤਦਬੀਰਾਂ ਦੱਸਣ ਵਾਲੇ (ਭੈੜੇ ਸਲਾਹਕਾਰ) ਹਨ (ਮਤਲਬ ਇਹ ਕਿ ਕੰਨ ਮਿੱਠੀ ਆਵਾਜ, ਸਰੀਰ ਸਪਰਸ਼ਤਾ ਨੂੰ, ਨੇਤ੍ਰ ਰੂਪ ਨੂੰ, ਜੀਭ ਰਸ ਨੂੰ ਤੇ ਨੱਕ ਸੁਗੰਧੀ ਲਈ ਲੋਚਦੇ ਰਹਿੰਦੇ ਹਨ)।

ਪ੍ਰ: ਕਿਉ ਜੀ! ਇਨ੍ਹਾਂ ਇੰਦ੍ਰਿਆਂ ਵਿਚੋਂ ਉੱਚਾ ਦਰਜਾ ਕੌਣ ਰੱਖਦਾ ਹੈ?

(੪) ਉ: ਹੇ ਭਾਈ! ਉਂਞ ਤਾਂ ਆਪੋ ਆਪਣੇ ਥਾਂ ਸਾਰੇ ਹੀ ਉੱਚਤਾ ਰੱਖਦੇ ਹਨ, ਪਰ ਇਨ੍ਹਾਂ ਗਿਆਨ ਇੰਦ੍ਰਿਆਂ ਨਾਲੋ ਪੈਰ ਸਭ ਤੋਂ ਨੀਵੇਂ (ਥੱਲੇ) ਹਨ, ਪਰ ਉਹ ਆਪਾ ਭਾਵ ਗਵਾ ਕੇ (ਨਸੀਬ) ਉੱਚੇ ਭਾਗਾਂ ਨਾਲ ਭਾਗਾ ਵਾਲੇ ਹਨ।

(੫) (ਪਰ ਹਾਂ, ਭਾਗਾਂ ਵਾਲੇ ਭੀ ਉਨ੍ਹਾਂ ਨੂੰ ਤਦੋਂ ਹੀ ਮੰਨਿਆ ਜਾਵੇਗਾ ਜੇ ਉਹ) ਸਤਿਗੁਰੂ (ਦੀ ਸ਼ਰਨ ਵਿਚ ਜਾਣ, ਕਿਉਂਕਿ ਸਤਿਗੁਰੂ ਜੀ) ਪੂਰੇ ਵੈਦ ਹਨ, ਜੋ ਹਉਮੈਂ ਦੇ ਭਿਆਨਕ ਰੋਗ ਨੂੰ ਮਿਟਾ ਦੇਂਦੇ ਹਨ।

(੬) (ਉਹ ਗੁਰਸਿੱਖ) ਪੈਰੀ ਪੈਣ ਦੀ ਰਹੁਰੀਤੀ ਤੇ ਚੱਲ ਕੇ, ਗੁਰੂ ਦੀ ਸਿਖਿਆ ਨੂੰ (ਸੁਣ) ਮੰਨ ਕੇ (ਉਸ ਤੇ) ਅਮਲ ਕਰਦੇ ਹਨ।

(੭) ਬੱਸ, ਗੁਰਸਿੱਖ ਲਈ ਇਹੋ ਵੱਡੀ ਸਿਖਿਆ ਹੈ ਕਿ ਉਹ ਪੈਰਾਂ ਦੇ ਨੀਵੇਂ ਹੋਣ ਵਾਂਗ ਮੁਰਦਾ (ਭਾਵ ਨਿੰਮ੍ਰਤਾ) ਧਾਰਨ ਕਰੇ, ਬੱਸ ਫਿਰ ਉਹ ਮੁਰੀਦੀ (ਗੁਰਸਿੱਖੀ) ਦੇ ਧਾਰਨ ਜੋਗ ਹੁੰਦਾ ਹੈ।੩।

*ਭਾਵਾਰਥ :* ਇਸ ਪਉੜੀ ਵਿਚ ਇਹੋ ਭਾਵ ਅੰਕਿਤ ਕਰਦੇ ਹਨ ਕਿ ਨੱਕ, ਕੰਨ, ਅੱਖਾਂ ਆਦਿ ਸਭੇ ਹੀ ਉੱਚੇ ਦਰਜੇ 'ਤੇ ਹਨ, ਪਰ ਇਹ ਪੰਜਾ ਵਿਸ਼ਿਆਂ ਦੇ ਅਧੀਨ ਹੋ ਜਾਂਦੇ ਤੇ ਉਨ੍ਹਾਂ ਦੀ ਪੂਰਨਤਾ ਕਰਦੇ ਹਨ, ਪਰ ਪੈਰ ਸਭ ਤੋਂ ਨੀਵੇਂ, ਸਾਰੇ ਸਰੀਰ ਦਾ ਕੰਮ ਸਵਾਰਦੇ ਹਨ, ਕਿਉਂਕਿ ਇਹੋ ਹੀ ਪੈਰ ਸਤਿਸੰਗ ਪਾਸ ਤੁਰ ਕੇ ਜਾਂਦੇ ਹਨ ਅਤੇ ਗੁਰੂ ਹਉਮੈਂ ਰੋਗ ਕੱਟ ਦਿੰਦਾ ਹੈ, ਇਨ੍ਹਾਂ ਹੀ ਪੈਰਾਂ 'ਤੇ ਫਿਰ ਮੱਥਾ ਟੇਕੀਦਾ ਹੈ, ਬੱਸ, ਇਸ ਤਰ੍ਹਾਂ ਦਾ ਮੁਰਦਾ ਹੋ ਕੇ ਮੁਰੀਦ ਗਰੀਬ ਬਣੇ। ਜੋ ਗੁਰੂ ਦੇ ਦਰ 'ਤੇ ਕਬੂਲਿਆ ਜਾਵੇਗਾ।

## ੪. ਛੋਟੀਆਂ ਸ਼ੈਆਂ ਦੇ ਵੱਡੇ ਗੁਣ

**੧. ਜਿਉਂ ਲਹੁੜੀ ਚੀਚੁੰਗਲੀ**
**ਪੈਧੀ ਛਾਪ ਮਿਲੀ ਵਡਿਆਈ।**
**੨. ਲਹੁੜੀ ਘਨਹਰ ਬੂੰਦ ਹੋਇ**
**ਪਰਗਟ ਮੋਤੀ ਸਿੱਪ ਸਮਾਈ।**
**੩. ਲਹੁੜੀ ਬੂਟੀ ਕੇਸਰੈ**
**ਮੱਥੈ ਟਿੱਕਾ ਸੋਭਾ ਪਾਈ।**
**੪. ਲਹੁੜੀ ਪਾਰਸ ਪੱਥਰੀ**
**ਅਸ਼ਟ ਧਾਤ ਕੰਚਨ ਕਰਵਾਈ।**

**੫. ਜਿਉ ਮਣਿ ਲਹੁੜੇ ਸੱਪ ਸਿਰ**
**ਦੇਖੈ ਲੁਕ ਲੁਕ ਲੋਕ ਲੁਕਾਈ।**
**੬. ਜਾਨ ਰਸਾਇਣ ਪਾਰਿਅਹੁ**
**ਰੱਤੀ ਮੁਲ ਨ ਜਾਇ ਮੁਲਾਈ।**
**੭. ਆਪ ਗਵਾਇ ਨ ਆਪ ਗਣਾਈ ॥੪॥**

*ਪਦ ਅਰਥ :* ਲਹੁੜੀ—ਨਿੱਕੀ, ਛੋਟੀ ਜਿਹੀ। ਸੋਭਾ—ਵਡਿਆਈ। ਪੱਥਰੀ—ਗੀਟੀ, ਛੋਟਾ ਜਿਹਾ ਪੱਥਰ ਦਾ ਟੁਕੜਾ। ਲੁਕਾਈ—ਖਲਕਤ, ਸ੍ਰਿਸ਼ਟੀ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਂਞ ਤਾਂ ਭਾਵੇਂ ਹੰਗਤਾ ਨੂੰ ਮਿਟਾ ਦੇਣਾ ਬੜਾ ਹੀ ਕਠਿਨ ਹੈ, ਪਰ ਜਦੋਂ ਕਿਸੇ ਦੀ ਹੰਗਤਾ ਮਿਟ ਜਾਏ ਤਾਂ ਉਸਨੂੰ ਕੀ ਫਲ ਪ੍ਰਾਪਤ ਹੁੰਦਾ ਹੈ?

(੧) ਉ: ਹੇ ਭਾਈਓ! ਜੋ ਨਿੰਮ੍ਰਤਾ ਧਾਰਨ ਵਾਲੇ ਗੁਰਮੁਖਾਂ ਨੂੰ ਉੱਚੀ ਪਦਵੀ ਪ੍ਰਾਪਤ ਹੁੰਦੀ ਹੈ, ਉਹ ਭਾਵੇਂ ਆਮ ਸੰਸਾਰੀ ਲੋਕਾਂ ਨੂੰ ਤਾਂ ਨਜ਼ਰ ਨਹੀਂ ਆਉਂਦੀ ਪਰ ਉਹ ਵਿਰਲੇ ਹੀ ਮਹਾਂ ਪੁਰਸ਼ ਹਨ ਜੋ ਉਨ੍ਹਾਂ ਦੀ ਬੁਲੰਦੀਆਂ ਤੇ ਪੁੱਜੀ ਸੁਰਤਿ ਨੂੰ ਅਨੁਭਵ ਕਰ ਸਕਦੇ ਹਨ। ਕਿਉਂਕਿ ਇਹ ਨਿਯਮ ਹੈ ਕਿ ਨਿਉਂ ਕੇ ਚੱਲਣ ਵਾਲਿਆਂ ਨੂੰ ਹੀ ਵਡਿਆਈ ਮਿਲਦੀ ਹੈ ਜਿਵੇਂ ਕਿ (ਅਸੀਂ ਵੇਖਦੇ ਹਾਂ ਕਿ) ਨਿੱਕੀ ਉਂਗਲੀ ਚੀਚੀ ਨੂੰ (ਹੀ) ਮੁੰਦਰੀ ਪਾਉਣ ਦੀ ਵਡਿਆਈ ਮਿਲਦੀ ਹੈ।

(੨) (ਇਸੇ ਤਰ੍ਹਾਂ) ਨਿੱਕੀ ਜਿਹੀ (ਸ੍ਵਾਂਤੀ) ਬੱਦਲ ਦੀ ਬੂੰਦ (ਜਦੋਂ) ਸਿੱਪ ਵਿਚ ਆ ਪੈਂਦੀ ਹੈ (ਤਾਂ ਉਹ ਬੂੰਦ ਸੁੱਚਾ) ਮੋਤੀ ਬਣ ਕੇ ਪ੍ਰਗਟ ਹੁੰਦੀ ਹੈ।

(੩) ਨਿੱਕੀ ਜਿਹੀ ਕੇਸਰ ਦੀ ਬੂਟੀ (ਦੀ ਕਿਤਨੀ ਮਹੱਤਤਾ ਹੈ ਕਿ ਉਹ ਸ਼ੁਭ ਸਮਿਆਂ 'ਤੇ) ਮੱਥੇ 'ਤੇ ਲੱਗ ਕੇ ਟਿੱਕਾ ਬਣ ਸੋਭਾ ਪਾਉਂਦੀ ਹੈ।

(੪) ਨਿੱਕੀ ਪਾਰਸ ਦੀ ਪੱਥਰ ਦੀ ਟੁਕੜੀ (ਅਠ ਧਾਤਾਂ) ਨੂੰ ਛੂਹ ਜਾਵੇ ਤਾਂ ਸੋਨਾ ਕਰ ਦੇਂਦੀ ਹੈ।

(੫) ਜਿਵੇਂ ਸੱਪ ਦੇ ਸਿਰ ਵਿਚ ਨਿੱਕੀ ਜਿਹੀ ਮਣੀ ਹੁੰਦੀ ਹੈ ਜਿਸਨੂੰ ਲੁਕਾਈ (ਖਲਕਤ) ਲੁਕ ਲੁਕ ਕੇ ਪਈ ਵੇਖਦੀ ਹੈ।

(੬) (ਇਸੇ ਤਰ੍ਹਾਂ) ਪਾਰੇ ਦੀ ਰਸਾਇਣ ਤੋਂ ਨਿੱਕੀ ਜਿਹੀ ਰੱਤੀ ਬਣਦੀ ਹੈ, (ਉਸਦਾ ਕਿਸੇ) ਮੁੱਲ ਨਾਲ ਵੀ ਮੁਕਾਬਲਾ ਨਹੀਂ ਕੀਤਾ ਜਾ ਸਕਦਾ (ਭਾਵ ਉਹ ਅਮੋਲਕ ਚੀਜ਼ ਹੋ ਜਾਂਦੀ ਹੈ)।

(੭) (ਇਉਂ ਹੀ) ਜੋ ਆਪਾ-ਭਾਵ (ਹੰਗਤਾ ਭਾਵ ਮੈਂ ਮੇਰੀ) ਨੂੰ ਗਵਾ ਲੈਂਦੇ ਹਨ, ਨਿੰਮ੍ਰਤਾ ਧਾਰਨ ਕਰ ਲੈਂਦੇ ਹਨ ਉਹ ਫਿਰ ਕਿਸੇ ਨੂੰ ਆਪਾ ਨਹੀਂ ਜਣਾਉਂਦੇ।੪।

*ਭਾਵਾਰਥ :* ਉਪ੍ਰੋਕਤ ਪੰਗਤੀਆਂ ਵਿਚ ਭਾਈ ਸਾਹਿਬ ਜੀ ਨੇ ਚੀਚੀ, ਸ੍ਵਾਂਤੀ ਬੂੰਦ, ਕੇਸਰ, ਪਾਰਸ, ਮਣੀ, ਰਸਾਇਣ ਦੇ ਉਦਾਹਰਣ ਦੇ ਕੇ ਹਰ ਮਨੁੱਖ ਮਾਤਰ ਨੂੰ ਨਿੰਮ੍ਰਤਾ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ ਕਿ ਸਿਖ ਇਉਂ ਨੀਵਾਂ ਹੋਵੇ, ਦਿਲੋਂ ਨਿਮਾਣਾ ਹੋਣ ਨਾਲ ਹੀ ਮਨੁੱਖ ਦੀ ਸੁਰਤਿ ਬੁਲੰਦੀਆਂ ਨੂੰ ਛੋਹ ਸਕਦੀ ਹੈ।

## ੫. ਅੱਗ ਦੀ ਤਪਸ਼ ਅਤੇ ਜਲ ਦੀ ਨਿੰਮ੍ਰਤਾ

**੧. ਅੱਗ ਤੱਤੀ ਜਲ ਸੀਅਰਾ**
**ਕਿਤ ਅਵਗੁਣ ਕਿਤ ਗੁਣ ਵੀਚਾਰਾ।**
**੨. ਅੱਗੀ ਧੂੰਆਂ ਧਉਲਹਰਿ**
**ਜਲ ਨਿਰਮਲ ਗੁਰ ਗਿਆਨ ਸੁਚਾਰਾ।**
**੩. ਕੁਲ ਦੀਪਕ ਬੈਸੰਤਰਹੁ**
**ਜਲ ਕੁਲ ਕਵਲ ਵਡੇ ਪਰਵਾਰਾ।**
**੪. ਦੀਪਕ ਹੇਤ ਪਤੰਗ ਦਾ**
**ਕਵਲ ਭਵਰ ਪਰਗਟ ਪਾਹਾਰਾ।**
**੫. ਅੱਗੀ ਲਾਟ ਉਚਾਟ ਹੈ**
**ਸਿਰ ਉੱਚਾ ਕਰ ਕਰੈ ਕੁਚਾਰਾ।**
**੬. ਸਿਰ ਨੀਵਾਂ ਨੀਵਾਣ ਵਾਸੁ**
**ਪਾਣੀ ਅੰਦਰ ਪਰਉਪਕਾਰਾ।**
**੭. ਨਿਵ ਚਲੈ ਸੋ ਗੁਰੂ ਪਿਆਰਾ ॥੫॥**

*ਪਦ ਅਰਥ :* ਤੱਤੀ—ਗਰਮ। ਸੀਅਰਾ—ਠੰਢਾ। ਧਉਲਹਰਿ—ਮੰਦਰ, ਮਹਿਲ ਮਾੜੀਆਂ। ਕੁਲ—ਸਮੂਹ, ਸਾਰੇ ਹੀ। ਪਾਹਾਰਾ—ਸੰਸਾਰ। ਉਚਾਟ—ਘਬਰਾਹਟ, ਉੱਚਾਪਣ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜੀਵਨ ਦਾ ਸਫਰ ਕਰਦਿਆਂ

ਕਈ ਮਨੁੱਖਾਂ ਦੀ ਸੰਗਤ ਦੁਖ ਦਾ ਕਾਰਨ ਬਣ ਜਾਂਦੀ ਹੈ ਅਤੇ ਕਈ ਸੁਖਾਂ ਦਾ ਸਾਧਨ ਵੇਖੇ ਜਾਂਦੇ ਹਨ ਇਸਦਾ ਕੀ ਕਾਰਨ ਜਾਣਿਆ ਜਾਏ ਕੀ ਇਸ ਸੰਬੰਧੀ ਕੋਈ ਵੀਚਾਰ ਦਿਓਗੇ ?

(੧) ਉ: ਹੇ ਭਾਈ ! (ਇਸ ਦੇ ਭੇਦ ਨੂੰ ਸਮਝਣ ਲਈ ਪਹਿਲੋਂ ਇਹ ਵੀਚਾਰ ਕਰੋ ਕਿ) ਅੱਗ ਕਿਸ ਅਵਗੁਣ ਕਰਕੇ ਤੱਤੀ (ਭਾਵ ਤਮੋਗੁਣੀ) ਹੈ ਅਤੇ ਜਲ ਕਿਸ ਗੁਣ (ਕਰਕੇ) ਸੀਤਲ (ਭਾਵ ਸਤੋਗੁਣੀ) ਹੈ। ਭਾਵ ਹੈ ਕਿ ਤਮੋਗੁਣੀ ਬੰਦਿਆਂ ਦੀ ਸੋਹਬਤ ਦੁਖ ਦਾ ਕਾਰਨ ਅਤੇ ਸਤੋਗੁਣੀ ਬੰਦਿਆਂ ਦਾ ਮਿਲਾਪ ਸਦਾ ਹੀ ਸੁਖ ਦਾ ਸਾਧਨ ਹੈ, ਇਸ ਲਈ ਸਦਾ ਚੰਗੇ ਬੰਦਿਆਂ ਦੀ ਸੰਗਤ ਹੀ ਕਰਦੇ ਰਹੋ।

(੨) ਗੁਰੂ ਦੇ (ਬਖ਼ਸ਼ੇ) ਗਿਆਨ ਨਾਲ ਇਸ ਭੇਦ ਨੂੰ ਭੀ ਚੰਗੀ ਤਰ੍ਹਾਂ ਵੀਚਾਰੋ (ਕਿ) ਅੱਗ ਮੰਦਰ ਨੂੰ (ਕਿਉਂ) ਧੂੰਆਂ ਕਰਦੀ (ਭਾਵ ਮੈਲਾ ਕਰਦੀ ਹੈ) ਤੇ ਪਾਣੀ (ਕਿਉਂ) ਨਿਰਮਲ ਕਰਦਾ ਹੈ ? ਭਾਵ ਹੈ ਜਿਵੇਂ ਅੱਗ ਤੇ ਪਾਣੀ ਦਾ ਸੁਭਾ ਆਦੀ ਹੈ ਇਸੇ ਤਰ੍ਹਾਂ ਚੰਗੇ ਮੰਦੇ ਬੰਦਿਆਂ ਦਾ ਦੂਜਿਆਂ ਲੋਕਾਂ 'ਤੇ ਪ੍ਰਭਾਵ ਹੋਣਾ ਸੁਭਾਵਿਕ ਹੀ ਹੋਇਆ ਕਰਦਾ ਹੈ।

(੩) ਅੱਗ ਦੀ ਕੁਲ (ਭਾਵ ਬਲਦਾ ਦੀਵਾ) ਤੇ ਜਲ ਦੀ ਕੁਲ ਦਾ ਕੰਵਲ ਫੁਲ ਵੱਡੇ ਪ੍ਰਵਾਰ ਵਾਲੇ ਹਨ।

(੪) ਦੀਵੇ ਦੀ ਲਾਟ ਨਾਲ ਪਤੰਗੇ ਦਾ ਤੇ ਕੰਵਲ ਨਾਲ ਭਵਰੇ ਦਾ ਪਿਆਰ ਹੈ, (ਪਰ ਪਤੰਗ ਲਾਟ ਨਾਲ ਸੜ ਮਰਦਾ ਤੇ ਭੌਰਾ ਫੁਲ 'ਤੇ ਮਸਤ ਹੋ, ਉਸੇ ਵਿਚ ਹੀ ਮਸਤ ਹੋ, ਫੁਲ ਦੀਆਂ ਪੰਖੜੀਆਂ ਵਿਚ ਹੀ ਬੰਦ ਹੋ ਕੇ ਮਰ ਜਾਂਦਾ ਹੈ।) ਇਹ ਗੱਲ ਸੰਸਾਰ 'ਤੇ ਪ੍ਰਗਟ ਭਾਵ ਪ੍ਰਸਿੱਧ ਹੈ।

(੫) ਅੱਗ ਦੀ ਲਾਟ ਉੱਚੀ ਉਠਦੀ ਹੈ ਤੇ ਜਿਸਨੂੰ ਭੀ ਲੱਗੇ ਉਸੇ ਨੂੰ ਹੀ ਸਾੜ ਕੇ ਸੁਆਹ ਕਰਨ ਦਾ ਖੋਟਾ ਕੰਮ ਕਰਦੀ ਹੈ।

(੬) ਪਾਣੀ (ਵਿਚ ਨਿੰਮ੍ਰਤਾ ਹੈ ਉਹ) ਨੀਵਾਂ ਸਿਰ ਕਰਕੇ ਹੀ ਤੁਰਦਾ ਤੇ ਨੀਵੀਆਂ ਥਾਵਾਂ ਤੇ ਹੀ ਨਿਵਾਸ ਰੱਖਦਾ ਹੈ (ਇਉਂ) ਪਾਣੀ ਵਿਚ ਪਰਉਪਕਾਰ (ਦੀ ਰੁਚੀ) ਹੈ।

(੭) (ਇਸੇ ਤਰ੍ਹਾਂ ਉਹੀ ਸਿਖ) ਗੁਰੂ ਨੂੰ ਪਿਆਰਾ ਹੈ, ਜੋ ਨਿਵ ਕੇ ਚਲਦਾ ਹੈ।੫।

***ਭਾਵਾਰਥ :*** ਜਲ ਅਤੇ ਅੱਗ ਤੋਂ ਉਪਦੇਸ਼ ਕੱਢਿਆ ਹੈ ਕਿ ਜਿਵੇਂ ਅੱਗ ਤਮੋਗੁਣੀ ਹੈ ਅਤੇ ਜਲ ਸਤੋਗੁਣੀ ਹੈ, ਇਸ ਲਈ ਤਮੋਗੁਣੀ ਬੰਦਿਆਂ ਦੀ ਕੁਸੰਗਤ ਦਾ ਤਿਆਗ ਕਰਕੇ ਸਤੋਗੁਣੀ ਸਤਿਸੰਗੀਆਂ ਦੀ ਸੰਗਤ ਵਿਚ ਸਦਾ ਰਹਿਣ ਦਾ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ।

## ੬. ਮਜੀਠ ਤੇ ਕਸੁੰਭੇ ਤੋਂ ਉਪਦੇਸ਼

੧. ਰੰਗ ਮਜੀਠ ਕਸੁੰਭ ਦਾ
ਕੱਚਾ ਪੱਕਾ ਕਿਤ ਵੀਚਾਰੇ।
੨. ਧਰਤੀ ਉੱਖਣ ਕੱਢੀਐ
ਮੂਲ ਮਜੀਠ ਜੜੀ ਜੜ ਤਾਰੇ।
੩. ਉੱਖਲ ਮੁਹਲੇ ਕੁਟੀਐ
ਪੀਹਣ ਪੀਸੈ ਚੱਕੀ ਭਾਰੇ।
੪. ਸਹੇ ਅਵੱਟਣ ਅੱਗ ਦਾ
ਹੋਇ ਪਿਆਰੀ ਮਿਲੈ ਪਿਆਰੇ।
੫. ਪੋਹਲੀਅਹੁੰ ਸਿਰ ਕੱਢ ਕੈ
ਫੁੱਲ ਕਸੁੰਭ ਚੁਲੰਭ ਖਿਲਾਰੇ।
੬. ਖਟ ਤੁਰਸੀ ਦੇ ਰੰਗੀਐ
ਕਪਟ ਸਨੇਹੁ ਰਹੈ ਦਿਨ ਚਾਰੇ।
੭. ਨੀਵਾਂ ਜਿਣੇ ਉਚੇਰਾ ਹਾਰੇ ॥੬॥

***ਪਦ ਅਰਥ :*** ਉੱਖਣ—ਪੁੱਟਣਾ। ਉੱਖਲ—ਚੱਟੂ। ਅਵੱਟਣ—ਉਬਾਲੇ, ਅੱਗ ਦਾ ਸੇਕ। ਪੋਹਲੀਅਹੁੰ—ਡੋਡੀ। ਚੁਲੰਭ—ਗਾੜ੍ਹਾ ਰੰਗ।

***ਅਰਥ :***

ਪ੍ਰ: ਭਾਈ ਸਾਹਿਬ ਜੀਓ ! ਗੁਰੂ ਨਾਨਕ ਨਾਮ ਲੇਵਾ ਸਿੱਖਾਂ ਦੇ ਬਹਿਰੂੰਨੀ ਲਿਬਾਸ ਵੇਖਣ ਵਿਚ ਤਾਂ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਸਹੀ ਰੂਪ ਵਿਚ ਸਿਖ ਕਿਸ ਨੂੰ ਜਾਣਿਆ ਜਾਏ, ਕੋਈ ਮਿਸਾਲ ਦੇ ਕੇ ਸਮਝਾਓ ?

(੧) ਉ: ਹੇ ਭਾਈਓ ! (ਵੇਖੋ ਜਿਵੇਂ ਸਾਡੇ ਸਾਹਮਣੇ ਇੱਕੋ ਰੰਗ ਦੇ ਦੋ ਫੁਲ ਭਿੰਨ ਭਿੰਨ ਪਏ ਹਨ, ਜਾਂ ਇਹ ਕਹਿ ਲਵੋ ਕਿ) ਮਜੀਠ ਤੇ ਕਸੁੰਭੇ ਦੇ ਕੱਚੇ ਪੱਕੇ (ਰੰਗ ਪਏ ਹਨ) ਪਰ ਇਨ੍ਹਾਂ ਰੰਗਾਂ ਦਾ ਨਿਰਣਾ (ਤੁਸੀਂ) ਕਿਵੇਂ ਵੀਚਾਰੋਗੇ (ਭਾਵ ਕਿਵੇਂ ਸਮਝੋਗੇ) ?

ਪ੍ਰ: ਭਾਈ ਸਾਹਿਬ ਜੀ ! ਇਸ ਦਾ ਖੁਲਾਸਾ ਭੀ ਆਪ ਹੀ ਕਰੋ ?

(੨) ਉ: ਹੇ ਭਾਈ ! (ਵੇਖੋ, ਮਜੀਠ) ਧਰਤੀ ਨੂੰ ਖੋਦ ਕੇ ਵਿਚੋਂ ਕੱਢੀਦਾ ਹੈ। ਮਜੀਠ ਦਾ ਮੁੱਢ ਬੂਟੇ ਦੀਆਂ ਸ਼ਾਖਾਂ ਨਾਲ ਜੁੜਿਆ ਹੁੰਦਾ ਹੈ।

(੩) (ਫਿਰ ਇਸਨੂੰ ਧਰਤੀ ਵਿਚੋਂ ਕੱਢ ਕੇ) ਚੱਟੂ ਵਿਚ ਪਾ ਮੋਹਲੇ ਨਾਲ ਕੁੱਟੀਦਾ ਹੈ, ਚੱਕੀ ਦੇ ਭਾਰੇ ਚੱਕਾਂ ਨਾਲ ਫਿਰ ਇਸ ਨੂੰ ਬਰੀਕ ਕਰੀਦਾ ਹੈ।

(੪) (ਫਿਰ ਇਹ ਮਜੀਠ) ਅੱਗ ਉੱਤੇ ਉਬਾਲੀ ਜਾਂਦੀ ਹੈ, (ਫਿਰ ਇਸਦੇ ਪੱਕੇ ਰੰਗ ਨੂੰ ਲਾ ਕੇ) ਪਿਆਰੀ ਪਿਆਰੇ ਨੂੰ ਮਿਲਦੀ ਹੈ। (ਉਸ ਸਮੇਂ ਮਜੀਠ ਦੇ ਰੰਗ ਨਾਲ ਹੀ ਇਸਤ੍ਰੀਆਂ ਦੇ ਦੁਪੱਟੇ ਜਾਂ ਪੱਗਾਂ ਰੰਗੀਆਂ ਜਾਂਦੀਆਂ ਸਨ; ਜੋ ਨਵੇਂ ਵਿਆਹੇ ਜੋੜੇ ਦੀ ਨਿਸ਼ਾਨੀ ਹੁੰਦੀ ਸੀ।)

(੫) ਦੂਜੇ ਪਾਸੇ ਕਸੁੰਭੇ ਦਾ ਫੁਲ ਡੋਡੀਆਂ ਤੋਂ ਸਿਰ ਕੱਢਦਾ ਸੀ, ਜੋ ਗੂੜ੍ਹਾ ਲਾਲ ਪ੍ਰਤੀਤ ਹੁੰਦਾ ਹੈ।

(੬) ਪਰ ਜਦੋਂ ਪਾਣੀ ਵਿਚ ਖਟਿਆਈ ਪਾ ਕੇ ਕਾੜ੍ਹ ਕੇ (ਕੋਈ ਕੱਪੜਾ) ਰੰਗੀਦਾ ਹੈ, ਤਾਂ ਫਿਰ ਇਸਦੇ ਝੂਠੇ ਪ੍ਰੇਮ (ਕੱਚੇ ਰੰਗ) ਦਾ ਪਤਾ ਲੱਗਦਾ ਹੈ ਜੋ ਚਹੁੰ ਦਿਨਾਂ ਵਿਚ ਹੀ ਮੁੱਕ ਜਾਂਦਾ ਹੈ।

(੭) ਨਿਮ੍ਰਤਾ ਵਾਲਾ ਜਿੱਤ ਜਾਂਦਾ ਹੈ ਤੇ ਉੱਚਾ ਹਾਰ ਜਾਂਦਾ ਹੈ।੬।

***ਭਾਵਾਰਥ :*** ਇਸ ਉਪ੍ਰੋਕਤ ਪਉੜੀ ਵਿਚ ਭਾਈ ਸਾਹਿਬ ਜੀ ਮਜੀਠ ਤੇ ਕਸੁੰਭੇ ਦਾ ਉਦਾਹਰਣ ਦੇਂਦੇ ਹਨ ਕਿ ਮਜੀਠ ਤਾਂ ਧਰਤੀ ਵਿਚੋਂ ਪੁੱਟ ਕੇ ਕੱਢੀਦਾ ਹੈ ਤੇ ਕਸੁੰਭੇ ਦਾ ਫੁਲ ਧਰਤੀ ਤੋਂ ਬਾਹਰ ਹੁੰਦਾ ਹੈ। ਇਨ੍ਹਾਂ ਦੇ ਰੰਗ ਵਿਚਲੇ ਫ਼ਰਕ ਦਾ ਦ੍ਰਿਸ਼ਟਾਂਤ ਦੇ ਕੇ ਨਿਮ੍ਰਤਾ ਦੀ ਵਡਿਆਈ ਤੇ ਹੰਕਾਰ ਦੀ ਨਿਖੇਧੀ ਕੀਤੀ ਹੈ। ਕਿਉਂਕਿ ਨਿਰਹੰਕਾਰ ਹੋ ਕੇ ਹੀ ਰੱਬੀ ਮਾਰਗ 'ਤੇ ਟੁਰਿਆ ਜਾ ਸਕਦਾ ਹੈ। ਬਾਹਰਲੇ ਪਹਿਰਾਵੇ ਦੀ ਰੱਬੀ ਦਰਬਾਰ ਵਿਚ ਕੋਈ ਭੀ ਕੀਮਤ ਨਹੀਂ।

## *੭. ਕੀੜੀ ਤੇ ਮੱਕੜੀ ਦਾ ਉਦਾਹਰਣ*

**੧. ਕੀੜੀ ਨਿਕੜੀ ਚਲਿਤ ਕਰ**
**ਭ੍ਰਿੰਗੀ ਨੋਂ ਮਿਲ ਭ੍ਰਿੰਗੀ ਹੋਵੈ।**
**੨. ਨਿਕੜੀ ਦਿਸੈ ਮੱਕੜੀ**
**ਸੂਤ ਮੂੰਹੋਂ ਕੱਢ ਫਿਰ ਸੰਗੋਵੈ।**
**੩. ਨਿਕੜੀ ਮੱਖਿ ਵਖਾਣੀਐ**
**ਮਾਖਿਓਂ ਮਿੱਠਾ ਭਾਗਠ ਹੋਵੈ।**
**੪. ਨਿਕੜਾ ਕੀੜਾ ਆਖੀਐ**
**ਪੱਟ ਪਟੋਲੇ ਕਰ ਢੰਗ ਢੋਵੈ।**
**੫. ਗੁਟਕਾ ਮੂੰਹ ਵਿੱਚ ਪਾਇ ਕੈ**
**ਦੇਸ ਦਿਸੰਤਰ ਜਾਇ ਖੜੋਵੈ।**
**੬. ਮੋਤੀ ਮਾਣਕ ਹੀਰਿਆਂ**
**ਪਾਤਿਸਾਹ ਲੈ ਹਾਰ ਪਰੋਵੈ।**
**੭. ਪਾਇ ਸਮਾਇਣ ਦਹੀ ਵਿਲੋਵੈ ॥੭॥**

***ਪਦ ਅਰਥ :*** ਮੱਕੜੀ—ਕੀੜਾ, ਉਹ ਕੀੜਾ ਜੋ ਰੇਸ਼ਮ ਬਣਾਉਂਦਾ ਹੈ। ਸੰਗੋਵੈ—ਨਿਗਲਣਾ। ਭਾਗਠ—ਧਨਵਾਨ, ਭਾਗਾਂ ਵਾਲਾ। ਢੰਗ ਢੋਵੈ—ਵਿਆਹ ਵਿਖੇ ਢੋਵਣਾ। ਸਮਾਇਣ—ਜਾਗ ਲਾਉਣੀ। ਵਿਲੋਵੈ—ਰਿੜਕਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਸਾਡੇ ਅਨੇਕਾਂ ਹੀ ਪ੍ਰਸ਼ਨਾਂ ਦੇ ਉੱਤਰ ਦੇਂਦੇ ਆ ਰਹੇ ਹੋ, ਉੱਥੇ ਸਾਡੇ ਇਸ ਸੰਸੇ ਦੀ ਭੀ ਨਵਿਰਤੀ ਲਈ ਕੋਈ ਪ੍ਰਤੱਖ ਪ੍ਰਮਾਨ ਦਿਓ ਕਿ ਇਹ ਜੀਵ ਹਰ ਪੱਖੋਂ ਹੀ ਅਲਪੱਗ ਹੈ ਇਹ ਉਸ ਸਰਬੱਗ ਪ੍ਰਮੇਸ਼ਰ ਵਿਚ ਕਿਵੇਂ ਅਭੇਦ ਹੋ ਸਕਦਾ ਹੈ?

ਉ: ਹੇ ਭਾਈਓ! ਤੁਹਾਡੇ ਇਸ ਸੰਸੇ ਸੰਬੰਧੀ ਪੁਰਾਤਨ ਪੁਸਤਕਾਂ ਵਿਚ ਇਕ ਨਹੀਂ ਸਗੋਂ ਅਨੇਕਾਂ ਹੀ ਉਦਾਹਰਣ ਪੜ੍ਹਨ ਸੁਣਨ ਵਿਚ ਆਉਂਦੇ ਹਨ, ਉਹ ਸਾਰੇ ਤਾਂ ਨਹੀਂ ਪਰ ਮੈਂ ਚੰਦ ਉਦਾਹਰਣ ਦੇਣ ਦਾ ਜਤਨ ਕਰਦਾ ਹਾਂ, ਜਿਵੇਂ ਕਿ :

(੧) (ਇਕ) ਨਿੱਕੀ ਕੀੜੀ (ਜਦ) ਭ੍ਰਿੰਗੀ ਕੀੜੇ ਨਾਲ ਮਿਲਦੀ ਹੈ, (ਤਾਂ ਐਸਾ) ਕੌਤਕ ਹੁੰਦਾ ਹੈ ਕਿ ਕੀੜੀ ਭ੍ਰਿੰਗੀ ਦਾ ਰੂਪ ਹੋ ਜਾਂਦੀ ਹੈ।

(੨) (ਲਓ ਹੋਰ ਸੁਣੋ) ਇਕ ਮੱਕੜੀ ਦੇਖਣ ਵਿਚ ਨਿੱਕਾ ਜਿਹਾ ਕੀੜਾ ਹੈ (ਜੋ ਸੈਂਕੜੇ ਗਜ਼) ਸੂਤ ਮੂੰਹ ਤੋਂ ਕੱਢਦਾ ਹੈ, (ਉਹ ਆਖ਼ਰ) ਫਿਰ ਉਸਨੂੰ ਨਿਗਲ ਜਾਂਦਾ ਹੈ।

(੩) (ਹੋਰ ਵੇਖੋ ਇਕ) ਸ਼ਹਿਦ ਦੀ ਮੱਖੀ ਨਿੱਕੀ ਜਿਹੀ ਹੁੰਦੀ ਹੈ, ਪਰ ਉਸਦਾ 'ਕੱਠਾ ਕੀਤਾ ਸ਼ਹਿਦ ਧਨ ਵਾਲਿਆਂ ਦੇ ਘਰੀਂ ਪੁੱਜ ਜਾਂਦਾ ਹੈ।

(੪) (ਇਸੇ ਤਰ੍ਹਾਂ) ਰੇਸ਼ਮ ਦਾ ਨਿੱਕਾ ਜਿਹਾ ਕੀੜਾ ਆਖੀਦਾ ਹੈ, ਪਰ ਉਸਦੀ ਬਦੌਲਤ ਬਣੇ ਰੇਸ਼ਮ ਤੇ ਜ਼ਰੀ ਦੇ ਕੱਪੜੇ ਵਿਆਹ ਤੇ (ਵਰੀ ਤੇ ਦਾਜ ਵਿਚ) (ਲੋਕ) ਢੋਂਹਦੇ ਹਨ।

(੫) (ਹੋਰ ਵੇਖੋ! ਜੋਗੀ ਤੇ ਸਪੇਰੇ ਲੋਕ) ਮੂੰਹ ਵਿਚ ਗੁਟਕਾ (ਮਣਕਾ) ਰੱਖ ਕੇ ਦੇਸ਼ ਦਿਸ਼ੰਤਰਾਂ ਵਿਚ ਜਾ ਵਿਚਰਦੇ ਹਨ।

(੬) (ਇਸੇ ਤਰ੍ਹਾਂ) ਮੋਤੀ ਤੇ ਮਾਣਕ (ਹੀਰਿਆਂ) ਦੇ ਹਾਰ ਬਾਦਸ਼ਾਹਾਂ ਦੇ ਗਲ ਵਿਚ ਹਾਰ ਬਣ ਕੇ ਪੈਂਦੇ ਹਨ।

(੭) (ਹੋਰ ਭੀ ਵੇਖੋ ਕਿ) ਥੋੜ੍ਹੀ ਜਿਹੀ ਜਾਗ ਲਾ ਕੇ ਮਟਕਾ ਦੁੱਧ ਦਾ) ਦਹੀਂ ਬਣਾ ਕੇ ਰਿੜਕਿਆ ਜਾਂਦਾ ਹੈ।੭।

*ਭਾਵਾਰਥ :* ਇਸੇ ਤਰ੍ਹਾਂ ਇਥੇ ਨਿਕੀਆਂ ਚੀਜ਼ਾਂ ਦੇ ਵੱਡੇ ਫਲ ਦਸ ਕੇ ਸਮਝਾਇਆ ਹੈ ਕਿ ਨਿਕੇ ਬਣੋ ਭਾਵ ਨਿੰਮ੍ਰਤਾ ਧਾਰਨ ਕਰੋ, ਨਿੰਮ੍ਰਤਾ ਧਾਰਨ ਨਾਲ ਵੱਡੇ ਵੱਡੇ ਫਲ ਪ੍ਰਾਪਤ ਕੀਤੇ ਜਾ ਸਕਦੇ ਹਨ, ਜੀਵ ਭਾਵੇਂ ਅਲਪੱਗ ਹੈ ਪਰ ਨਿੰਮ੍ਰਤਾ ਦਾ ਸਦਕਾ ਇਹ ਉਸ ਸਰਬੱਗ ਪਰੀ ਪੂਰਨ ਪਰਮੇਸ਼ਰ ਵਿਚ ਅਭੇਦ ਹੋ ਜਾਂਦਾ ਹੈ।

## ੮. ਘਾਹ ਦੇ ਉਪਕਾਰ ਤੇ ਨਿੰਮ੍ਰਤਾ

੧. ਲੱਤਾਂ ਹੇਠ ਲਤਾੜੀਐ
ਘਾਹੁ ਨ ਕੱਢੈ ਸਾਹੁ ਵਿਚਾਰਾ।
੨. ਗੋਰਸ ਦੇ ਖੜ ਖਾਇ ਕੈ
ਗਾਇ ਗਰੀਬੀ ਪਰਉਪਕਾਰਾ।
੩. ਦੁੱਧਹੁ ਦਹੀ ਜਮਾਈਐ
ਦਹੀਅਹੁ ਮੱਖਣ ਛਾਹਿ ਪਿਆਰਾ।
੪. ਘਿਅ ਤੇ ਹੋਵਣਿ ਹੋਮ ਜੱਗ
ਢੰਗ ਸੁਆਰਥ ਚੱਜ ਅਚਾਰਾ।
੫. ਧਰਮ ਧਉਲ ਪਰਗਟੁ ਹੋਇ
ਧੀਰਜ ਵਹੈ ਸਹੈ ਸਿਰ ਭਾਰਾ।
੬. ਇਕ ਇਕ ਜਾਊ ਜਣੇਂਦਿਆਂ
ਚਹੁ ਚੱਕਾਂ ਵਿਚ ਵੱਗ ਹਜਾਰਾ।
੭. ਤ੍ਰਿਣ ਅੰਦਰਿ ਵੱਡਾ ਪਾਸਾਰਾ ॥੮॥

*ਪਦ ਅਰਥ :* ਗੋਰਸ—ਦੁੱਧ ਤੇ ਮੱਖਣ। ਖੜ—ਘਾਹ, ਪੱਠੇ। ਢੰਗ ਸੁਆਰਥ—ਵਿਆਹ ਆਦਿ ਖ਼ੁਸ਼ੀ ਦੇ ਕਾਰਜ। ਚੱਜ ਅਚਾਰਾ—ਭਲੇ ਕਰਤੱਬ। ਧਰਮ—ਜੋ ਧਾਰਨ ਕੀਤਾ ਜਾਏ। ਜਾਊ—ਬੱਚਾ, ਵੱਛਾ। ਪਾਸਾਰਾ—ਫੈਲਾਉ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਸ ਪ੍ਰਭੂ ਪ੍ਰਾਪਤੀ ਦੇ ਜਿਤਨੇ ਭੀ ਦੈਵੀ ਗੁਣ ਹਨ ਉਨ੍ਹਾਂ ਵਿਚੋਂ ਇਕ ਨਿੰਮ੍ਰਤਾ ਦਾ ਗੁਣ ਭੀ ਬਹੁਤ ਵੱਡੀ ਮਹਾਨਤਾ ਰੱਖਦਾ ਹੈ, ਪਰ ਜਿਤਨੀ ਭੀ ਇਸ ਵਿਚ ਉੱਚਤਾ ਹੈ ਉਤਨੀ ਹੀ ਇਸਨੂੰ ਧਾਰਨ ਕਰਨ ਵਿਚ ਮਹਾਨ ਕਠਿਨਤਾ ਹੈ ਪਰ ਆਪ ਸਾਨੂੰ ਕਿਸੇ ਐਸੀ ਸ਼ੈ ਬਾਰੇ ਵਾਕਫ਼ੀਅਤ ਦਿਓ, ਜਿਸ ਤੋਂ ਸਾਨੂੰ ਸਦਾ ਹੀ ਨਿੰਮ੍ਰਤਾ ਧਾਰਨ ਕਰਦੇ ਰਹਿਣ ਦੀ ਪ੍ਰੇਰਨਾ ਮਿਲਦੀ ਰਹੇ ?

ਉ: (ਹੇ ਭਾਈਓ! ਉਸ ਪਰਮੇਸ਼ਰ ਦੀ ਜੋ ਇਹ ਸੰਸਾਰਕ ਰਚਨਾ ਹੈ ਇਸ ਵਿਚ ਇੱਕੋ ਸ਼ੈ ਨਹੀਂ ਜੋ ਮਨੁੱਖ ਨੂੰ ਨਿੰਮ੍ਰਤਾ ਧਾਰਨ ਕਰਨ ਦੀ ਪ੍ਰੇਰਨਾ ਕਰਦੀ ਹੋਵੇ ਸਗੋਂ ਅਨੇਕਾਂ ਹੀ ਵਸਤੂਆਂ ਹਨ, ਜੋ ਸਾਰੀਆਂ ਨੂੰ ਬਿਆਨਿਆਂ ਨਹੀਂ ਜਾ ਸਕਦਾ, ਪਰ ਹਾਂ, ਤੁਹਾਡੇ ਕਹਿਣ ਮੁਤਾਬਿਕ ਕੇਵਲ ਇਕ ਦੋ ਉਦਾਹਰਣ ਦੇਣਾ ਚਾਹੁੰਦਾ ਹਾਂ, ਜਿਵੇਂ ਕਿ ਅਹੁ ਸਾਹਮਣੇ ਤੱਕੋ ਘਾਹ ਖਲੋਤਾ ਉਸ ਵਿਚਾਰੇ ਵਿਚ ਕਿਤਨੀ ਨਿੰਮ੍ਰਤਾ ਅਤੇ ਉਪਕਾਰੀ ਹੋਣ ਦਾ ਕਿਤਨਾ ਮਾਦਾ ਹੈ।)

(੧) (ਵਿਚਾਰਾ) ਘਾਹ (ਰਾਹੀਆਂ ਦੀਆਂ) ਲੱਤਾਂ ਹੇਠ ਲਿਤਾੜਿਆ ਜਾਂਦਾ, (ਉਸ) ਵਿਚਾਰੇ ਲਈ ਸਾਹ ਲੈਣਾ ਭੀ ਔਖਾ ਹੁੰਦਾ ਹੈ।

(੨) (ਹੋਰ ਵੇਖੋ) ਗਊ ਦੀ ਗ਼ਰੀਬੀ (ਜਿਥੇ ਕੋਈ ਚਾਹੇ, ਲੈ ਜਾਏ ਜਿਥੇ ਮਰਜ਼ੀ ਬੰਨ੍ਹ ਰਖੇ) ਪਰ ਉਸ ਦਾ ਉਪਕਾਰ ਦੇਖੋ ਕਿ ਘਾਹ ਪੱਠਾ ਖਾ ਕੇ (ਅੰਮ੍ਰਿਤ ਵਰਗੀ ਵਸਤੁ) ਦੁੱਧ ਦੇਂਦੀ ਹੈ।

(੩) ਦੁੱਧ ਤੋਂ ਦਹੀਂ ਜਮਾ ਕੇ, ਦਹੀਂ (ਨੂੰ ਰਿੜਕ ਕੇ, ਉਸ ਤੋਂ) ਮੱਖਣ ਤੇ ਲੱਸੀ ਬਣਦੇ ਹਨ, ਜੋ (ਸਭ ਨੂੰ) ਪਿਆਰੇ ਲਗਦੇ ਹਨ, ਭਾਵ ਸਭ ਦੇ ਮਨ ਭਾਉਂਦੀ ਖ਼ੁਰਾਕ ਹੈ।

(੪) (ਇਥੇ ਹੀ ਬੱਸ ਨਹੀਂ) ਘਿਉ ਨਾਲ ਹੋਮ ਯੱਗ, ਵਿਆਹ ਢੰਗਾਂ ਦੇ ਕਾਰਜ ਤੇ ਹੋਰ ਇਸੇ ਤਰ੍ਹਾਂ ਦੇ ਕੰਮ ਕੀਤੇ ਜਾਂਦੇ ਹਨ।

(੫) (ਉਸ ਗਾਂ ਤੋਂ ਜਨਮਿਆਂ ਵੱਛਾ) ਬਲਦ ਬਣਦਾ ਹੈ, ਜਿਸਦਾ ਕੰਮ (ਧਰਮ) ਹੀ ਇਹ ਬਣ ਜਾਂਦਾ ਹੈ ਕਿ ਉਹ ਪਿੱਠ ਤੇ ਭਾਰ ਚੁੱਕੇ ਜਾਂ ਗਲ ਵਿਚ ਹਲ ਦੀ ਪੰਜਾਲੀ ਪਾ ਕੇ ਖਿੱਚੇ।

(੬) ਇਸ ਤਰ੍ਹਾਂ ਗਾਵਾਂ ਦੇ ਜਣੇ ਵੱਛਿਆਂ ਦੇ ਹਜ਼ਾਰਾਂ ਵੱਗ ਚਾਰ ਚੱਕਾਂ ਵਿਖੇ (ਭਾਵ ਸਭ ਪਾਸੇ ਹੋ ਜਾਂਦੇ) ਹਨ।

(੭) ਇਸ ਤਰ੍ਹਾਂ ਘਾਹ ਦੇ ਤਿਣਾਂ ਨਾਲ ਵੱਡਾ ਫੈਲਾਓ (ਪਸਾਰਾ) ਹੋ ਜਾਂਦਾ ਹੈ।੮।

*ਭਾਵਾਰਥ :* ਇਸ ਪਉੜੀ ਵਿਚ ਘਾਸ ਦਾ ਉਦਾਹਰਣ ਦੇ ਕੇ ਉਨ੍ਹਾ ਮਨੁੱਖਾਂ ਨੂੰ ਪ੍ਰੇਰਨਾ ਦਿੱਤੀ ਹੈ ਕਿ ਜੇ ਕਿਸੇ ਨੇ ਨਿੰਮ੍ਰਤਾ ਦਾ ਗੁਣ ਧਾਰਨ ਕਰਨਾ ਹੋਵੇ ਉਹ ਘਾਸ ਤੋਂ

ਪ੍ਰੇਰਨਾ ਲਵੇ ਕਿ ਉਹ ਕਿਸ ਤਰ੍ਹਾਂ ਸਾਰੇ ਲੋਕਾਂ ਦੇ ਪੈਰਾਂ ਹੇਠ ਲਿਤਾੜੀ ਜਾਂਦੀ ਭੀ ਆਪਣੇ ਆਪ ਨੂੰ ਜਤਾਉਂਦੀ ਨਹੀਂ। ਉਪਕਾਰ ਕਰਨ ਵਾਲੇ ਤੇ ਭੀ ਇਹੋ ਨਿਯਮ ਲਾਗੂ ਹੁੰਦਾ ਹੈ ਕਿ ਉਪਕਾਰ ਕਰਕੇ ਆਪਣੇ ਆਪ ਨੂੰ ਉਹ ਕਦੇ ਭੀ ਜਣਾਵੇ ਨਾ।

## ੯. ਨਿੱਕੇ ਤਿਲ ਤੋਂ ਪ੍ਰੇਰਨਾ

**੧. ਲਹੁੜਾ ਤਿਲ ਹੋਇ ਜੰਮਿਆ**
**ਨੀਚਹੁ ਨੀਚ ਨ ਆਪ ਗਣਾਯਾ।**
**੨. ਫੁੱਲਾਂ ਸੰਗਤਿ ਵੱਸਿਆ**
**ਹੁਇ ਨਿਰਗੰਧ ਸੁਗੰਧ ਸੁਹਾਯਾ।**
**੩. ਕੋਲ੍ਹੂ ਪਾਇ ਪੀੜਾਇਆ**
**ਹੋਇ ਫੁਲੇਲ ਖੇਲ ਵਰਤਾਯਾ।**
**੪. ਪਤਿਤ ਪਵਿੱਤ੍ਰ ਚਲਿੱਤ੍ਰ ਕਰ**
**ਪਾਤਿਸ਼ਾਹ ਸਿਰ ਧਰ ਸੁਖ ਪਾਯਾ।**
**੫. ਦੀਵੇ ਪਾਇ ਜਲਾਇਆ**
**ਕੁਲ ਦੀਪਕ ਜਗ ਬਿਰਦ ਸਦਾਯਾ।**
**੬. ਕੱਜਲ ਹੋਆ ਦੀਵਿਅਹੁ**
**ਅੱਖੀਂ ਅੰਦਰ ਜਾਇ ਸਮਾਯਾ।**
**੭. ਬਾਲਾ ਹੋਇ ਨ ਵਡਾ ਕਹਾਯਾ ॥੯॥**

***ਪਦ ਅਰਥ :*** ਲਹੁੜਾ—ਨਿੱਕਾ ਜਿਹਾ। ਨਿਰਗੰਧ—ਵਾਸ਼ਨਾ ਰਹਿਤ। ਸੁਗੰਧ—ਚੰਗੀ ਵਾਸ਼ਨਾ ਵਾਲਾ। ਖੇਲ—ਕੌਤਕ। ਬਾਲਾ—ਵੱਡਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਿਥੇ ਆਪ ਜੀ ਨੇ ਹਰ ਮਨੁੱਖ ਮਾਤ੍ਰ ਲਈ ਨਿਮ੍ਰਤਾ ਧਾਰਨ ਕਰਨ ਦੀ ਘਾਹ ਤੋਂ ਪ੍ਰੇਰਨਾ ਲੈਣ ਦਾ ਇਸ਼ਾਰਾ ਕੀਤਾ ਹੈ, ਉਥੇ ਆਪ ਜੀ ਉਨ੍ਹਾਂ ਲੋਕਾਂ ਲਈ ਕੀ ਕਹਿਣਾ ਚਾਹੋਗੇ ਜੋ ਜਨਮ ਸਮੇਂ ਤੋਂ ਹੀ ਨਿਰਧਨ, ਨਿਰਗੁਣ ਤੇ ਹਰ ਪੱਖੋਂ ਹੀ ਕਮਜ਼ੋਰ ਸਨ, ਪਰ ਉਹ ਪ੍ਰਭੂ ਦੀ ਬਖ਼ਸ਼ਿਸ਼ ਦਾ ਸਦਕਾ ਸਹਿਜੇ ਸਹਿਜੇ ਸ਼ਕਤੀਸ਼ਾਲੀ ਹੋ ਉਸ ਦਾਤਾਰ ਨੂੰ ਹੀ ਭੁਲਾ ਬੈਠੇ? ਉਹ ਹਰ ਥਾਂ ਆਪਣੇ ਆਪ ਨੂੰ ਹੀ ਜਣਾਉਂਦੇ ਰਹੇ?

ਉ: (ਹੇ ਭਾਈਓ! ਅਜਿਹੇ ਮਨੁੱਖਾਂ ਬਾਰੇ ਤਾਂ ਇਉਂ ਹੀ ਕਹਿਣਾ ਪਵੇਗਾ ਕਿ ਉਨ੍ਹਾਂ ਨੂੰ ਇਕ ਨਿੱਕੇ ਜਿਹੇ ਤਿਲ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਜੋ ਕਿ ਤਿਲ ਦਾ ਦਾਣਾ ਅਨੇਕਾਂ ਗੁਣਾਂ ਦਾ ਭੰਡਾਰ ਹੁੰਦਿਆਂ ਭੀ ਆਪਣੇ ਆਪ ਨੂੰ ਕਦੇ ਨਹੀਂ ਜਣਾਉਂਦਾ, ਆਪ ਨੂੰ ਨੀਚ ਹੀ ਅਨੁਭਵ ਕਰਦਾ ਹੈ।)

(੧) ਹੇ ਭਾਈ! (ਵੇਖੋ ਜਿਵੇਂ ਇਕ ਤਿਲ ਦਾ ਦਾਣਾ) ਨਿੱਕਾ ਜਿਹਾ ਤਿਲ ਹੋ ਕੇ ਜੰਮਿਆ ਨੀਵੇਂ ਤੋਂ ਨੀਵਾਂ ਹੋ, ਉਸ ਨੇ ਆਪਣੇ (ਵੱਡੇ ਤੋਂ ਵੱਡੇ) ਗੁਣ ਨੂੰ (ਭੀ) ਨਾ ਜਣਾਇਆ।

ਪ੍ਰ: ਕਿਉਂ ਜੀ, ਉਸ ਵਿਚ ਗੁਣ ਕਿਹੜੇ ਪਾਏ ਜਾਂਦੇ ਹਨ?

(੨) ਉ: ਹੇ ਭਾਈ! (ਵੇਖੋ) ਫੁੱਲਾਂ ਵਿਚ ਜਦੋਂ ਇਸ ਨਿਰਵਾਸ ਨੇ ਵਾਸਾ ਕੀਤਾ ਤਾਂ ਚੰਗੀ ਵਾਸ਼ਨਾ ਨਾਲ ਸੁਭਾਇਮਾਨ ਹੋ ਗਿਆ।

(੩) (ਇਥੋਂ ਉਤਾਰ ਕੇ, ਜਦ ਇਹ) ਕੋਹਲੂ ਵਿਚ ਪੀੜਿਆ ਗਿਆ ਤਾਂ ਫੁਲੇਲ ਬਣ ਕੇ (ਇਸਨੇ) ਚੰਗਾ ਕੌਤਕ ਖੇਡਿਆ।

(੪) (ਇਥੇ ਹੀ ਬੱਸ ਨਹੀਂ) ਪਤਿਤਾਂ ਨੂੰ ਪਵਿੱਤ੍ਰ ਕਰਨ ਵਾਲੇ ਪ੍ਰਭੂ ਨੇ (ਫਿਰ ਐਸਾ) ਕੌਤਕ ਵਰਤਾਇਆ ਕਿ ਇਸ ਫੁਲੇਲ ਨੂੰ ਬਾਦਸ਼ਾਹਾਂ ਨੇ ਸਿਰ ਵਿਚ ਮਲ ਕੇ ਸੁਖ ਪਾਇਆ (ਭਾਵ ਨਿਮ੍ਰਤਾ ਨੇ ਪਾਪੀ ਕਾਲੇ ਤਿਲ ਨੂੰ ਫੁਲੇਲ ਦੀ ਪਦਵੀ ਦੇ ਕੇ ਪਾਤਿਸ਼ਾਹਾਂ ਦੇ ਸਿਰਾਂ 'ਤੇ ਪੁਚਾਇਆ)।

(੫) ਇਹੋ ਤੇਲ ਜਦੋਂ ਦੀਵੇ ਵਿਚ ਪੈ ਕੇ ਸੜਿਆ, ਤਾਂ ਇਹ ਕੁਲ ਦੀਪਕ ਕਹਾਇਆ, ਭਾਵ ਕੁਲ ਦਾ ਦੀਪਕ (ਬਿਰਦ) ਬਣਿਆ, ਕੁਲ ਦਾ ਪ੍ਰਕਾਸ਼ਕ ਨਾਮ ਰੱਖਿਆ।

(੬) ਇਥੇ ਹੀ ਬੱਸ ਨਹੀਂ ਫਿਰ ਇਹ ਦੀਵੇ ਤੋਂ ਕੱਜਲ (ਸੁਰਮਾ) ਬਣ ਕੇ ਕੋਮਲ ਅੱਖਾਂ ਵਿਚ ਜਾ ਬੈਠਾ।

(੭) ਇਉਂ ਇੰਨੀਆਂ ਖ਼ੂਬੀਆਂ ਦੇ ਮਾਲਕ ਹੁੰਦੇ ਨੇ, ਆਪਣੇ ਆਪ ਨੂੰ ਨਾ ਜਣਾਇਆ।੯।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਦਾ ਇਹੋ ਇਸ਼ਾਰਾ ਹੈ ਕਿ ਜੇ ਕੋਈ ਮਨੁੱਖ ਗੁਣਵਾਨ, ਧਨਵਾਨ ਜਾਂ ਹੋਰ ਕੋਈ ਭੀ ਵਿਸ਼ੇਸ਼ਤਾ ਵੇਖਦਾ ਹੈ ਤਾਂ ਉਸ ਨੂੰ ਕਦੀ ਭੀ ਆਪਣਾ ਆਪ ਨਹੀ ਜਣਾਉਣਾ ਚਾਹੀਦਾ ਕਿਉਂਕਿ ਇਨ੍ਹਾਂ ਸਾਰੇ ਗੁਣਾਂ ਦੀ ਦਾਤ ਉਸੇ ਗੁਣਾਂ ਦੇ ਭੰਡਾਰ ਤੋਂ ਪ੍ਰਾਪਤ ਹੋਈ ਜਾਂ ਇਉਂ ਕਹੋ ਕਿ ਹਰ ਗੁਣ ਹਰ ਮਨੁੱਖ ਨੂੰ ਉਸ ਪ੍ਰਭੂ ਵਲੋਂ ਦਾਨ ਵਜੋਂ ਮਿਲਿਆ ਹੈ। ਇਹ ਪ੍ਰੇਰਨਾ ਹਰ ਜੀਵ

ਨੂੰ ਤਿਲ ਤੋਂ ਹਾਸਲ ਕਰਨੀ ਚਾਹੀਦੀ ਹੈ ਜੋ ਕਿ ਅਨੇਕਾਂ ਖੂਬੀਆਂ ਦਾ ਖਜ਼ਾਨਾ ਹੁੰਦਿਆਂ ਆਪਣੇ ਆਪ ਨੂੰ ਕਦੇ ਭੀ ਨਹੀਂ ਜਣਾਉਂਦਾ।

## ੧੦. ਵੜੇਵੇਂ ਦੇ ਵਿਸਥਾਰ ਤੋਂ ਪ੍ਰੇਰਨਾ

੧. ਹੋਇ ਵੜੇਵਾਂ ਜੱਗ ਵਿਚ
ਬੀਜੇ ਤਨ ਖੇਹ ਨਾਲ ਰਲਾਯਾ।
੨. ਬੂਟੀ ਹੋਇ ਕਪਾਹ ਦੀ
ਟੀਡਿ ਹੱਸ ਹੱਸ ਆਪ ਖਿੜਾਯਾ।
੩. ਦੂਹ ਮਿਲ ਵੇਲਣ ਵੇਲਿਆ
ਲੂੰ ਲੂੰ ਕਰਿ ਤੁੰਬ ਤੁੰਬਾਯਾ।
੪. ਪਿੰਞਣ ਪਿੰਞ ਉਡਾਇਆ
ਕਰ ਕਰ ਗੋੜ੍ਹੀ ਸੂਤ ਕਤਾਯਾ।
੫. ਤਣ ਉਣਿ ਖੁੰਬ ਚੜ੍ਹਾਇ ਕੈ
ਦੇ ਦੇ ਦੁੱਖ ਧੁਵਾਇ ਰੰਗਾਯਾ।
੬. ਕੈਂਚੀ ਕੱਟਣ ਕੱਟਿਆ
ਸੂਈ ਧਾਗੇ ਜੋੜ ਸਵਾਯਾ।
੭. ਲੱਜਣ ਕੱਜਣ ਹੋਇ ਕਜਾਯਾ ॥੧੦॥

***ਪਦ ਅਰਥ :*** ਵੜੇਵਾਂ—ਕਪਾਹ ਦਾ ਬੀਜ। ਲੂੰ ਲੂੰ—ਵਾਲ ਵਾਲ। ਗੋੜ੍ਹੀ—ਗੋਹੜੇ। ਪਿੰਞਣ—ਪੇਂਜਾ, ਪਿੰਞਣ ਵਾਲਾ। ਕੱਟਣ—ਕਾਤਰਾਂ। ਲੱਜਣ—ਵਸਤ੍ਰ। ਕੱਜਣ—ਪੜਦੇ ਕੱਜ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਇਹ ਵੇਖਣ ਵਿਚ ਆਮ ਹੀ ਆਉਂਦਾ ਹੈ ਕਿ ਬਹੁਤੇ ਲੋਕ ਅਧੂਰੇ ਹੁੰਦਿਆਂ ਭੀ ਆਪਣੇ ਆਪ ਨੂੰ ਪੂਰੇ ਹੋਣ ਦਾ ਦਾਅਵਾ ਕਰਦੇ ਹਨ, ਹਾਲਾਂਕਿ ਉਨ੍ਹਾਂ ਵਿਚ ਸੰਤ ਗਿਰੀ ਦੀ ਕੋਈ ਭੀ ਵਿਸ਼ੇਸ਼ਤਾ ਨਹੀਂ ਫਿਰ ਭੀ ਉਹ ਆਪਣੇ ਬਾਹਰਲੇ ਪਹਿਰਾਵੇ ਦਾ ਸਦਕਾ ਆਪਣੀ ਪੂਜਾ ਕਰਾਉਣ ਵਿਚ ਚਾਤਰ ਹਨ, ਪਰ ਤੁਹਾਡੇ ਵੀਚਾਰ ਵਿਚ ਸਹੀ ਸੰਤ ਕਿਸਨੂੰ ਮੰਨਿਆ ਜਾ ਸਕਦਾ ਹੈ, ਕੀ ਦਸੋਗੇ ?

ਉ: (ਹੇ ਭਾਈਓ ! ਜਦੋਂ ਅਸੀਂ ਗੁਰਮਤ ਦੀ ਪੜਚੋਲ ਕਰਦੇ ਹਾਂ ਤਾਂ ਇਹੋ ਹੀ ਸੋਝੀ ਹਾਸਿਲ ਹੁੰਦੀ ਹੈ ਕਿ ਸੰਤ ਜਨ ਵੜੇਵੇਂ ਵਾਂਗ ਆਪਣੇ 'ਤੇ ਅਨੇਕਾਂ ਕਸ਼ਟ ਸਹਾਰ ਕੇ ਭੀ ਦੂਜਿਆਂ ਲਈ ਆਪਣਾ ਆਪ ਕੁਰਬਾਨ ਕਰ ਦੇਂਦੇ ਹਨ, ਜਿਵੇਂ ਕਿ)

(੧) (ਵੇਖੋ) ਜਗਤ ਵਿਚ ਵੜੇਵੇਂ ਨੇ ਪੈਦਾ ਹੋ ਕੇ (ਧਰਤੀ ਵਿਚ ਬੀਜਿਆ ਜਾ ਕੇ) ਮਿੱਟੀ ਵਿਚ ਆਪਣੇ ਆਪ ਨੂੰ ਮਿੱਟੀ ਕਰ ਦਿੱਤਾ (ਭਾਵ ਆਪਣੇ ਸਰੀਰ ਨੂੰ ਖੇਹ ਨਾਲ ਰਲਾ ਦਿੱਤਾ)।

(੨) (ਫਿਰ ਅੱਗੇ ਹੋਰ ਤੱਕੋ ਕਿ ਇਸਦੀ ਇਸ ਘਾਲਣਾ ਤੋਂ) ਕਪਾਹ ਦਾ ਬੂਟਾ ਉਗਿਆ, ਜਿਸ ਨਾਲ ਕਪਾਹ ਦੇ ਟੀਡਿਆਂ ਨੇ ਲੱਗ ਕੇ ਹੱਸ ਹੱਸ ਆਪਣੇ ਆਪ ਨੂੰ ਖੇੜਾ ਦਿੱਤਾ, ਪ੍ਰਫੁਲਤ ਕੀਤਾ।

(੩) (ਇਸ ਕਰਕੇ) ਦੋਹਾਂ ਵੇਲਣਿਆਂ ਵਿਚ ਵੇਲਿਆ ਗਿਆ, ਕਪਾਹ ਕੱਢੀ ਤੇ ਤੁੰਬਿਆ, ਫਿਰ (ਪੇਂਜੇ ਨੇ) ਪਿੰਜਿਆ, ਇਸਦਾ ਲੂੰ ਲੂੰ ਉਡਾ ਦਿੱਤਾ।

(੪) ਫਿਰ (ਘਰਾਂ ਵਿਚ ਆ ਕੇ) ਗੋਹੜੇ ਕਰ ਕਰ ਸੂਤ ਕੱਤਿਆ ਗਿਆ।

(੫) ਤਾਣਾ ਤਣ ਕੇ, ਫਿਰ ਉਣਿਆ ਗਿਆ, ਤੇ ਫਿਰ ਖੁੰਬੇ ਚੜ੍ਹਾ ਕੇ, ਵੱਡੇ ਵੱਡੇ ਦੁਖ ਦੇ ਕੇ ਧੁਆਇਆ ਤੇ ਰੰਗਾਇਆ ਗਿਆ।

(੬) (ਇਥੇ ਹੀ ਬੱਸ ਨਹੀਂ ਫਿਰ ਉਸ ਕੱਪੜੇ ਨੂੰ) ਕੈਂਚੀ ਨੇ ਕੱਟਿਆ, (ਫਿਰ) ਕੱਟ ਕੇ ਮੋਚੇ ਦੇ ਤਿਆਰ ਹੋਇ ਕੱਪੜੇ ਨੂੰ ਸੂਈ ਨੇ ਧਾਗੇ ਨਾਲ ਜੁੜ ਕੇ ਸੀਤਾ ਤੇ ਜੋੜ ਦਿੱਤਾ।

(੭) (ਉਸ ਵੜੇਵੇਂ ਦੀ ਇਸ ਨਿੰਮ੍ਰਤਾ ਨਾਲ) ਅਖੀਰ ਕੱਪੜੇ ਨੇ ਪਾਉਣ ਵਾਲੇ ਦਾ ਕੱਜਣ ਕੱਜਿਆ। ਭਾਵ ਲੋਕਾਂ ਨੂੰ ਪਾਲੇ ਤੋਂ ਕੱਜ ਦਿੱਤਾ।੧੦।

***ਭਾਵਾਰਥ :*** ਇਸ ਵੜੇਵੇਂ ਵਾਂਗ ਨਿੰਮ੍ਰਤਾ ਧਾਰ ਕੇ ਅਨੇਕਾਂ ਤਰ੍ਹਾਂ ਦੇ ਸਰੀਰ ਪਰ ਕਸ਼ਟ ਸਹਾਰਦੇ ਹੋਏ ਜੋ ਲੋਕਾਂ ਦੇ ਪੜਦੇ ਕੱਜਦੇ ਹਨ ਉਨ੍ਹਾਂ ਨੂੰ ਹੀ ਸਹੀ ਰੂਪ ਵਿਚ ਸੰਤ ਕਿਹਾ ਜਾ ਸਕਦਾ ਹੈ, ਅਜਿਹੇ ਸੰਤਾਂ ਬਾਰੇ ਹੀ ਬਾਣੀ ਵਿਚ ਕਈ ਥਾਵਾਂ ਤੇ ਉਦਾਹਰਣ ਮਿਲਦੇ ਹਨ—ਜਨ ਪਰਉਪਕਾਰੀ ਆਏ—ਉਨ੍ਹਾਂ ਦਾ ਸਰੀਰ ਹੀ ਲੋਕਾਂ ਤੇ ਉਪਕਾਰ ਕਰਨ ਲਈ ਆਇਆ ਹੈ, ਪਰ ਅਜਿਹੇ ਉਪਕਾਰੀ ਸੰਤ ਕੋਟਨ ਮਹਿ ਕੋਈ ਵਿਰਲਾ ਹੀ ਮਿਲਦਾ ਹੈ।

## ੧੧. ਅਨਾਰ ਦੇ ਦਾਣੇ ਤੋਂ ਨਿੰਮ੍ਰਤਾ ਧਾਰਨ ਦੀ ਪ੍ਰੇਰਨਾ

੧. ਦਾਣਾ ਹੋਇ ਅਨਾਰ ਦਾ
ਹੋਇ ਧੂੜ ਧੂੜੀ ਵਿਚ ਧੱਸੈ।
੨. ਹੋਇ ਬਿਰਖ ਹਰੀਆਵਲਾ
ਲਾਲ ਗੁਲਾਲਾ ਫੁੱਲ ਵਿਗੱਸੈ।
੩. ਇੱਕਸ ਬਿਰਖ ਸਹਸ ਫੁਲ
ਫੁਲ ਫਲ ਇਕ ਦੂ ਇੱਕ ਸਰੱਸੈ।
੪. ਇਕ ਦੂੰ ਦਾਣੇ ਲੱਖ ਹੋਹਿ
ਫਲ ਫਲ ਦੇ ਮਨ ਅੰਦਰ ਵੱਸੈ।
੫. ਤਿਸ ਫਲ ਤੋਟਿ ਨ ਆਵਈ
ਗੁਰਮੁਖ ਸੁਖ ਫਲ ਅੰਮ੍ਰਿਤ ਰੱਸੈ।
੬. ਜਜੋਂ ਜਜੋਂ ਲੱਯਨ ਤੋੜ ਫਲ
ਤਜੋਂ ਤਜੋਂ ਫਿਰ ਫਿਰ ਫਲੀਐ ਹੱਸੈ।
੭. ਨਿਵ ਚੱਲਣ ਗੁਰ ਮਾਰਗ ਦੱਸੈ ॥੧੧॥

*ਪਦ ਅਰਥ :* ਧੱਸੈ—ਖੁੱਭਦਾ ਹੈ। ਗੁਲਾਲਾ—ਪੋਸਤ ਦਾ ਲਾਲ ਫੁਲ, ਲਾਲ। ਵਿਗੱਸੈ—ਖਿੜਦਾ ਹੈ। ਫਲ—ਫਲਣਾ। ਸਰੱਸੈ—ਵਧੀਕ, ਸਹਿਤ ਰਸ ਦੇ। ਲਾਲ ਗੁਲਾਲ—ਗੂੜ੍ਹਾ ਲਾਲ ਰੰਗ। ਹੱਸੈ—ਖਿੜਦਾ ਹੈ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਜੋ ਲੋਕ ਹਰ ਪੱਖੋਂ ਨੀਵੇਂ ਹਨ, ਉਨ੍ਹਾਂ ਨੂੰ ਤਾਂ ਮਜਬੂਰਨ ਨਿਉਂਕੇ ਚਲਣਾ ਹੀ ਬਣਦਾ ਹੈ, ਪਰ ਜੋ ਸ਼ਕਤੀਸ਼ਾਲੀ ਧਨਵਾਨ, ਗੁਣਵਾਨ ਲੋਕ ਨਿਉਂਕੇ ਚੱਲਦੇ ਹਨ ਕੀ ਉਨ੍ਹਾਂ ਨੂੰ ਕੋਈ ਵਿਸ਼ੇਸ਼ ਫਲ ਮਿਲਦਾ ਹੈ ?

ਉ: ਹੇ ਭਾਈ ! ਅਜਿਹੇ ਲੋਕ ਉੱਚਤਾ ਦੇ ਅਧਿਕਾਰੀ ਹਨ, ਜਿਵੇਂ ਕਿ ਇਕ ਅਨਾਰ ਦਾ ਦਾਣਾ ਹੈ, ਕਿਉਂ ਜੀ, ਉਹ ਕਿਵੇਂ ?

(੧) ਹੇ ਪਿਆਰੇ ! (ਵੇਖੋ ਜਿਵੇਂ) ਇਕ ਅਨਾਰ ਦਾ ਦਾਣਾ ਧਰਤੀ ਵਿਚ ਧੂੜ ਬਣ ਕੇ ਧੱਸ ਜਾਂਦਾ ਹੈ (ਭਾਵ ਮਿੱਟੀ ਦਾ ਹੀ ਰੂਪ ਹੋ ਜਾਂਦਾ ਹੈ)।

(੨) ਇਸ ਇਕ ਦਾਣੇ ਤੋਂ ਫਿਰ ਹਰਾ ਭਰਾ ਬੂਟਾ ਹੋ, ਬ੍ਰਿਛ ਬਣਦਾ ਹੈ, ਜਿਸ ਨੂੰ ਪਹਿਲੋਂ ਲਾਲ ਗੁਲਾਲ (ਗੂੜ੍ਹੇ ਲਾਲ ਰੰਗ ਦੇ) ਫੁਲ ਲੱਗਦੇ ਹਨ। ਭਾਵ ਪੋਸਤ ਦੇ ਫੁਲਾਂ ਵਾਂਗ ਲਾਲ ਹੋ ਕੇ ਖਿੜਦਾ ਹੈ।

(੩) (ਉਸ) ਇਕ ਬ੍ਰਿਛ ਤੋਂ ਹੀ ਹਜ਼ਾਰਾਂ ਫਲ ਫੁਲ, ਇਕ ਤੋਂ ਇਕ ਵਧੀਕ ਹੋ ਵਧਦੇ ਫੁਲਦੇ ਹਨ।

(੪) (ਅੱਗੇ) ਇਕ ਦਾਣੇ ਤੋਂ ਲੱਖਾਂ ਦਾਣੇ ਬਣ ਕੇ ਇਕ ਇਕ ਫਲ ਦੇ ਢਿੱਡ ਵਿਚ ਵੱਸਦੇ ਹਨ (ਭਾਵ ਮਨਾਂ ਵਿਚ ਵੱਸ ਜਾਂਦੇ ਹਨ)।

(੫) ਬ੍ਰਿਛ ਦੇ ਉਨ੍ਹਾਂ ਫਲਾਂ ਨੂੰ ਫਿਰ ਤੋਟ ਨਹੀਂ ਆਉਂਦੀ (ਜਿਸ ਤਰ੍ਹਾਂ) ਗੁਰਮੁਖਾਂ ਨੂੰ ਅੰਮ੍ਰਿਤ ਰੂਪ (ਨਾਮ) ਰਸ ਦੀ ਤੋਟ ਨਹੀਂ ਆਉਂਦੀ।

(੬) (ਇਥੇ ਹੀ ਬੱਸ, ਨਹੀਂ) ਜਿਉਂ ਜਿਉਂ ਫਲ ਤੋੜੇ ਜਾਂਦੇ ਹਨ, ਤਿਉਂ ਤਿਉਂ ਫਲ ਹੋਰ ਤੋਂ ਹੋਰ ਲੱਗਦੇ ਜਾਂਦੇ ਹਨ (ਭਾਵ ਫਲ ਖਿੜ ਖਿੜ ਹੱਸਦੇ ਤੇ ਵਧਦੇ ਜਾਂਦੇ ਹਨ)।

(੭) (ਇਉਂ) ਸਤਿਗੁਰੂ ਜੀ ਨਿਉਂ ਕੇ ਚੱਲਣ ਦਾ (ਸੁਖਦਾਈ) ਮਾਰਗ ਦੱਸਦੇ ਹਨ।੧੧।

*ਭਾਵਾਰਥ :* ਉਪ੍ਰੋਕਤ ਪਉੜੀ ਵਿਚ ਭਾਈ ਸਾਹਿਬ ਜੀ ਇਹੋ ਸਿਧਾਂਤ ਅੰਕਿਤ ਕਰਦੇ ਹਨ ਕਿ ਜਿਵੇਂ ਅਨਾਰ ਦਾ ਦਾਣਾ ਉੱਚੀ ਜਾਤ ਦਾ ਹੋ ਕੇ ਗ਼ਰੀਬੀ ਤੇ ਨਿੰਮ੍ਰਤਾ ਧਾਰ ਕੇ ਆਪ ਨੂੰ ਮਿੱਟੀ ਵਿਚ ਮਿੱਟੀ ਬਣ ਜਾਣ ਦਾ ਉਪਰਾਲਾ ਕੀਤਾ ਤਾਂ ਉਹ ਇਕ ਦਾਣਿਓਂ ਲੱਖਾਂ ਦਾਣਿਆਂ ਦੇ ਰੂਪ ਵਿਚ ਬਦਲ ਗਿਆ ਅਤੇ ਵੱਡਾ ਭਾਗਸ਼ਾਲੀ ਹੋ ਗਿਆ, ਉਹ ਬਾਹਰਲੀ ਬਿਪਤਾ ਝੱਲ ਕੇ ਵੀ ਫਿਰ ਹੱਸਦਾ ਹੈ, ਉਸਨੇ ਪਰਉਪਕਾਰ ਲਈ ਦੁਖ ਨਹੀਂ ਮੰਨਿਆ। ਇਸ ਲਈ ਹਰ ਮਨੁੱਖ ਨੂੰ ਨਿੰਮ੍ਰਤਾ ਧਾਰ ਕੇ ਪਰਉਪਕਾਰੀ ਬਣਨਾ ਚਾਹੀਦਾ ਹੈ।

## ੧੨. ਸ਼ੁੱਧ ਸੋਨੇ ਦੀ ਵਿਸ਼ੇਸ਼ਤਾ

੧. ਰੇਣਿ ਰਸਾਇਣ ਸਿਝੀਐ
ਰੇਤ ਹੇਤ ਕਰ ਕੰਚਨ ਵੱਸੈ।
੨. ਧੋਇ ਧੋਇ ਕਣਿ ਕੱਢੀਐ
ਰੱਤੀ ਮਾਸਾ ਤੋਲਾ ਹੱਸੈ।
੩. ਪਾਇ ਕੁਠਾਲੀ ਗਾਲੀਐ
ਰੈਣੀ ਕਰ ਸੁਨਿਆਰ ਵਿਗੱਸੈ।
੪. ਘੜ ਘੜ ਪੱਤ੍ਰ ਪਖਾਲੀਅਨਿ
ਲੂਣੀ ਲਾਇ ਜਲਾਇ ਰਹੱਸੈ।

**੫. ਬਾਰਹ ਵੰਨੀ ਹੋਇ ਕੈ**
**ਲੱਗੈ ਲਵੈ ਕਸਉਟੀ ਕੱਸੈ।**
**੬. ਟਕਸਾਲੈ ਸਿੱਕਾ ਪਵੈ**
**ਘਣ ਅਹਰਣ ਵਿਚਿ ਅਚਲ ਸਰੱਸੈ।**
**੭. ਸਾਲ ਸੁਨਈਆ ਪੋਤੈ ਪੱਸੈ॥੧੨॥**

***ਪਦ ਅਰਥ :*** ਰੇਣਿ—ਕਿਣਕਾ। ਸਿਝੀਐ—ਪ੍ਰਾਪਤ ਹੁੰਦੀ ਹੈ। ਹੱਸੈ—ਚਮਕਦਾ ਹੈ। ਰੈਣੀ—ਭੇਲੀ, ਡਲੀ। ਪਖਾਲੀਅਨਿ—ਧੋਂਦੇ ਹਨ। ਲੂਣੀ—ਮਸਾਲੇ। ਰਹੱਸੈ—ਪ੍ਰਸੰਨ ਹੋਣਾ। ਲੱਗੈ ਲਵੈ—ਲਾਗਾਂ ਲਾ ਕੇ ਜਾਂ ਨਰਮੀ ਲਗਣੀ। ਕੱਸੈ—ਚਸ ਲਾਉਣੀ। ਸਾਲ ਸੁਨਈਆ—ਸ਼ੁੱਧ ਮੋਹਰ। ਪੋਤੈ—ਖ਼ਜ਼ਾਨਾ। ਪੱਸੈ—ਪੈਂਦੀ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਕਈ ਸਾਦਕਾਂ ਨੂੰ ਵੇਖਿਆ ਗਿਆ ਹੈ ਕਿ ਉਹ ਪ੍ਰਭੂ ਦੀ ਪ੍ਰਾਪਤੀ ਲਈ ਰੱਬੀ ਮਾਰਗ 'ਤੇ ਟੁਰੇ ਸਨ, ਪਰ ਪਤਾ ਨਹੀਂ ਉਨ੍ਹਾਂ ਨੂੰ ਇਸ ਮਾਰਗ ਵਿਚ ਕੀ ਔਕੜਾਂ ਆਈਆਂ, ਕੁੱਝ ਸਫ਼ਰ ਕਰ ਕੇ ਉਹ ਇਸ ਪਾਸੇ ਨੂੰ ਹੀ ਛੱਡ ਬੈਠੇ ਤੇ ਇਉਂ ਹੀ ਮੰਨ ਬੈਠੇ ਕਿ ਸਾਨੂੰ ਰੱਬ ਦੀ ਨੇੜਤਾ ਹਾਸਲ ਹੋ ਹੀ ਨਹੀਂ ਸਕਦੀ, ਕਿਉਂ ਜੀ! ਉਨ੍ਹਾਂ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

ਉ: ਹੇ ਭਾਈ! ਇਹ ਤਾਂ ਮੰਨਣਾ ਹੀ ਪਵੇਗਾ ਕਿ ਭਗਤੀ ਦਾ ਮਾਰਗ ਇਹ ਕੋਈ ਮੈਦਾਨੀ ਰਸਤਾ ਨਹੀਂ, ਸਗੋਂ ਪਹਾੜੀ ਰਸਤਾ ਹੈ, ਜਿਸ 'ਤੇ ਚੱਲਣ ਸਮੇਂ ਅਨੇਕਾਂ ਹੀ ਔਕੜਾਂ ਆਉਂਦੀਆਂ ਹਨ, ਪਰ ਜੋ ਇਨ੍ਹਾਂ ਮਾਰਗ ਵਿਚ ਆਉਣ ਵਾਲੀਆਂ ਦੁਖਦਾਈ ਬਿਪਤਾਵਾਂ ਦਾ ਟਾਕਰਾ ਨਹੀਂ ਕਰ ਸਕਦਾ, ਉਸਨੂੰ ਕਦੀ ਭੀ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ, ਪਰ ਉਸਨੂੰ ਚਾਹੀਦਾ ਹੈ ਕਿ ਉਹ ਬਾਰ੍ਹਾਂ ਵੰਨੀ ਦੇ ਸੋਨੇ ਤੋਂ ਪ੍ਰੇਰਨਾ ਲਵੇ ਕਿ ਉਸਨੂੰ ਉੱਚਤਾ ਪ੍ਰਾਪਤ ਕਰਨ ਲਈ ਕਿਤਨੇ ਕਸ਼ਟ ਸਹਾਰਨੇ ਪਏ।

ਪ੍ਰ: ਕਿਉਂ ਜੀ! ਕੀ ਉਨ੍ਹਾਂ ਕਸ਼ਟਾਂ ਨੂੰ ਖ਼ੁਲਾਸੇ ਰੂਪ ਵਿਚ ਦਰਸਾਉਣ ਦੀ ਖੇਚਲ ਕਰੋਗੇ?

(੧) ਉ: ਹੇ ਭਾਈਓ! (ਵੇਖੋ, ਜਿਵੇਂ) ਸੋਨਾ ਰੇਤ ਵਿਚੋਂ ਨਿਕਲਦਾ ਹੈ, ਇਸ ਰੇਤ ਦੇ ਕਿਣਕਿਆਂ ਤੋਂ ਰਸਾਇਣ ਮਿਲਦੀ ਹੈ ਕਿਉਂਕਿ ਸੋਨਾ ਰੇਤ ਵਿਚ ਹੀ ਵੱਸਦਾ ਹੈ।

(੨) (ਇਸ ਨੂੰ) ਧੋ ਧੋ ਕੇ ਕਿਣਕੇ ਕਢੀਦੇ ਹਨ (ਪਰ ਜਦੋਂ) ਰੱਤੀ, ਮਾਸਾ ਜਾਂ ਤੋਲੇ ਦੇ ਰੂਪ ਵਿਚ ਇਕੱਠਾ ਹੋ ਜਾਵੇ ਤਾਂ ਫਿਰ ਉਹ ਆਪਣੀ ਚਮਕ ਦਰਸਾਉਂਦਾ ਹੈ।

(੩) (ਫਿਰ) ਉਸਨੂੰ ਪਰਖਣ ਲਈ ਕੁਠਾਲੀ ਵਿਚ ਪਾ ਕੇ ਢਾਲੀਦਾ ਹੈ। ਉਸਦੀ ਡਲੀ ਬਣਾ ਕੇ ਸੁਨਿਆਰਾ ਖ਼ੁਸ਼ ਹੁੰਦਾ ਹੈ।

(੪) (ਫਿਰ) ਉਸਨੂੰ ਪੱਤਰੇ ਕਰ ਕਰ ਧੋਂਦਾ ਹੈ ਤੇ ਮਸਾਲੇ ਲਾ ਲਾ ਉਸਨੂੰ ਬਿਲਕੁਲ ਸ਼ੁੱਧ ਕਰਨ ਲਈ ਅੱਗ ਦੇਂਦਾ ਤੇ ਖ਼ੁਸ਼ ਹੁੰਦਾ ਹੈ (ਕਿ ਮੇਰੀ ਮਿਹਨਤ ਸਫਲ ਹੋ ਰਹੀ ਹੈ)।

(੫) ਜਦੋਂ (ਇਉਂ ਕਰਦੇ ਕਰਦੇ) ਸੋਨਾ ੧੨ ਵੰਨੀਆਂ ਦਾ ਸ਼ੁੱਧ ਹੋਇਆ ਦੇਖਦਾ ਹੈ ਤਾਂ ਫਿਰ ਵੀ ਕਸ ਤੇ ਲਾ ਕੇ ਰਸ ਲਾ ਕੇ ਪਰਖਦਾ ਹੈ (ਭਾਵ ਲਗਾਂ ਲਾ ਕੇ ਕਸੌਟੀ ਪਰ ਕੱਸਦਾ ਹੈ)।

(੬) ਤਾਂ ਫਿਰ ਇਹ ਸੋਨਾ ਟਕਸਾਲ ਵਿਚ ਪੈ ਕੇ (ਬਾਦਸ਼ਾਹੀ) ਸਿੱਕਾ ਬਣਦਾ ਹੈ, ਵਦਾਣ ਤੇ ਅਹਿਰਣ ਵਿਚ (ਪਰਖਣ ਤੇ) ਉਸਦੀ ਚਮਕ ਕਾਇਮ ਰਹਿੰਦੀ ਹੈ।

(੭) ਇਸ ਤਰ੍ਹਾਂ ਸੋਨੇ ਦੀ ਸ਼ੁੱਧ ਮੋਹਰ ਬਣ ਕੇ ਪਾਤਿਸ਼ਾਹੀ ਖ਼ਜ਼ਾਨੇ ਵਿਚ ਪੈਂਦੀ ਹੈ।੧੨।

***ਭਾਵਾਰਥ :*** ਇਸ ਤਰ੍ਹਾਂ ਜੋ ਸੋਨਾ ਰੇਤ ਵਿਚੋਂ ਨਿਕਲਿਆ ਸੀ ਉਸਨੇ ਆਪਣੇ ਉੱਪਰ ਕਿਤਨੇ ਕਸ਼ਟ ਸਹਾਰੇ ਉਨ੍ਹਾਂ ਕਸ਼ਟਾਂ ਦਾ ਹੀ ਸਦਕਾ ਉਹ ਆਖ਼ਰ ਨੂੰ ਬਾਦਸ਼ਾਹ ਦੇ ਖ਼ਜ਼ਾਨੇ ਵਿਚ ਜਾ ਕੇ ਦਾਖ਼ਲ ਹੋਇਆ।

ਇਸੇ ਤਰ੍ਹਾਂ ਜੋ ਭਗਤ ਲੋਕ ਰੱਬੀ ਮਾਰਗ 'ਤੇ ਚੱਲਦੇ ਹੋਏ ਅਨੇਕਾਂ ਕਠਿਨਤਾਈਆਂ ਦਾ ਟਾਕਰਾ ਜੀਵਨ ਭਰ ਹੀ ਕਰਦੇ ਰਹਿੰਦੇ ਹਨ, ਉਹ ਆਖ਼ਰ ਨੂੰ ਬਾਰ੍ਹਾਂ ਵੰਨੀ ਦੇ ਸੋਨੇ ਵਾਂਗ ਸ਼ੁੱਧ ਹੋ ਕੇ ਸ਼ੁੱਧ ਸਰੂਪ ਵਿਚ ਹੀ ਸਮਾਈ ਕਰਦੇ ਹਨ। ਇਸ ਰੱਬੀ ਮਾਰਗ ਦੀਆਂ ਔਕੜਾਂ ਨੂੰ ਜੋ ਕਮਜ਼ੋਰ ਲੋਕ ਬਰਦਾਸ਼ਤ ਨਹੀਂ ਕਰ ਸਕਦੇ ਉਹ ਇਸ ਮਾਰਗ ਵਿਚ ਸਫਲਤਾ ਪ੍ਰਾਪਤ ਨਹੀਂ ਕਰ ਸਕਦੇ, ਜਿਸ ਲਈ ਉਹ ਰੱਬੀ ਦਰਬਾਰ ਵਿਚ ਭੀ ਕਬੂਲ ਨਹੀਂ ਹੁੰਦੇ ਕਿਉਂਕਿ ਗੁਰਬਾਣੀ ਦਾ ਫ਼ੁਰਮਾਨ ਭੀ ਇਹੋ ਹੈ ਕਿ :

ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥
*(ਪੰਨਾ ੧੪੩)*

## ੧੩. ਖਸਖਾਸ ਦੇ ਦਾਣੇ ਤੋਂ ਪ੍ਰੇਰਨਾ

**੧. ਖਸਖਸ ਦਾਣਾ ਹੋਇ ਕੈ**
**ਖਾਕ ਅੰਦਰ ਹੋਇ ਖਾਕ ਸਮਾਵੇ।**

੨. ਦੋਸਤ ਪੋਸਤ ਬੂਟ ਹੋਇ
ਰੰਗ ਬਿਰੰਗੀ ਫੁਲ ਖਿੜਾਵੈ।
੩. ਹੋਡਾ ਹੋਡੀ ਡੋਡੀਆਂ
ਇਕ ਦੂੰ ਇੱਕ ਚੜ੍ਹਾਉ ਚੜ੍ਹਾਵੈ।
੪. ਸੂਲੀ ਉਪਰ ਖੇਲਣਾ
ਪਿਛੋਂ ਦੇ ਸਿਰ ਛਤਰ ਧਰਾਵੈ।
੫. ਚੁਖ ਚੁਖ ਹੋਇ ਮਲਾਇ ਕੈ
ਲੋਹੂ ਪਾਣੀ ਰੰਗ ਰੰਗਾਵੈ।
੬. ਪਿਰਮ ਪਿਆਲਾ ਮਜਲਸੀ
ਜੋਗ ਭੋਗ ਸੰਜੋਗ ਬਣਾਵੈ।
੭. ਅਮਲੀ ਹੋਇ ਸੁ ਮਜਲਸ ਆਵੈ ॥੧੩॥

***ਪਦ ਅਰਥ :*** ਦਾਨਾ—ਬੀਜ। ਦੋਸਤ—ਪਿਆਰਾ। ਹੋਡਾ ਹੋਡੀ—ਰੀਸੋ ਰੀਸੀ, ਜ਼ਿਦੋ ਜ਼ਿਦੀ। ਸੂਲੀ—ਡੋਡੀ, ਡੰਡੀ। ਚੁਖ ਚੁਖ—ਮਲ ਮਲ ਕੇ ਟੁਕੜੇ ਕਰਨੇ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਇਹ ਦੱਸਣ ਦੀ ਕ੍ਰਿਪਾ ਕਰੋ ਕਿ ਜਿਤਨੇ ਸੱਜਨ ਭੀ ਗੁਰੂ ਦਰਬਾਰ ਵਿਚ ਆਉਂਦੇ ਹਨ, ਇਨ੍ਹਾਂ ਵਿਚੋਂ ਵੇਖੀਦੇ ਹਨ ਕਿ ਕੋਈ ਲੰਗਰ ਦੀ ਸੇਵਾ ਕਰਦਾ ਹੈ, ਕੋਈ ਜੋੜਿਆਂ ਦੀ ਤੇ ਕੋਈ ਭਾਂਡੇ ਮਾਂਜਣ ਦੀ ਸੇਵਾ ਵਿਚ ਤੱਤਪਰ ਰਹਿੰਦਾ ਹੈ, ਪਰ ਕੀ ਇਨ੍ਹਾਂ ਸਭਨਾਂ ਦੀ ਸੇਵਾ ਗੁਰੂ ਦਰਬਾਰ ਵਿਚ ਕਬੂਲ ਹੁੰਦੀ ਹੈ?

ਉ: ਹੇ ਭਾਈਓ! ਜੇ ਇਨ੍ਹਾਂ ਸਭਨਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਿਆ ਜਾਵੇ ਤਾਂ ਇਨ੍ਹਾਂ ਦੇ ਸਾਨੂੰ ਦੋ ਰੂਪ ਨਜ਼ਰ ਆਉਣਗੇ, ਇਕ ਤਾਂ ਉਹ ਸੱਜਨ ਹਨ ਜੋ ਆਪਣੇ ਆਪ ਨੂੰ ਇਹ ਦਰਸਾਉਣ ਦਾ ਮਨ ਵਿਚ ਸੂਖਮ ਸੰਸਕਾਰ ਰੱਖਦੇ ਹਨ ਕਿ ਲੋਕੀਂ ਮੈਨੂੰ ਵੱਡਾ ਸੇਵਾਦਾਰ ਜਾਣ ਕੇ ਮੈਨੂੰ ਮਾਣ ਸਤਿਕਾਰ ਦੇਣ ਤੇ ਹਰ ਥਾਂ ਮੈਨੂੰ ਵਡਿਆਇਆ ਜਾਵੇ, ਇਹ ਇਕ ਤਰ੍ਹਾਂ ਦੇ ਵਪਾਰੀ ਸੇਵਕ ਹਨ ਜੋ ਮਾਣ ਪ੍ਰਾਪਤੀ ਦੀ ਕੀਮਤ ਲੈ ਕੇ ਆਪਣੀ ਸੇਵਾ ਨੂੰ ਵੇਚ ਦੇਂਦੇ ਹਨ, ਭਾਵ ਆਪਣੀ ਸੇਵਾ ਨੂੰ ਅਜ਼ਾਈਂ ਗਵਾ ਲੈਂਦੇ ਹਨ—ਨਾਨਕ ਨਿਹਫਲ ਜਾਤ ਤਿਹ.....॥ (ਪੰਨਾ ੧੪੨੮)

ਦੂਜੇ ਦਰਜੇ ਦੇ ਗੁਰਮਤ ਅਨੁਸਾਰ ਸਹੀ ਸੇਵਕ ਉਹ ਹਨ, ਜੋ ਆਪਣੇ ਆਪ ਨੂੰ ਜਣਾਉਣ ਲਈ ਨਹੀਂ ਸਗੋਂ ਆਪਾ ਭਾਵ ਗਵਾਉਣ ਲਈ ਸੇਵਾ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਬਾਣੀ ਦਾ ਇਹ ਫ਼ੁਰਮਾਨ ਚੇਤੇ ਹੈ ਕਿ:

ਆਪੁ ਗਵਾਇ ਸੇਵਾ ਕਰੇ॥ *(ਪੰਨਾ ੪੭੪)*

ਜਾਂ

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ॥ *(ਪੰਨਾ ੭੨੨)*

ਪਰ, ਅਜਿਹਾ ਸੇਵਕ ਗੁਰਬਾਣੀ ਅਨੁਸਾਰ ਕ੍ਰੋੜਾਂ ਵਿਚੋਂ ਕੋਈ ਹੀ ਦਿੱਸੇਗਾ ਨਹੀਂ ਤਾਂ ਵਪਾਰੀ ਸੇਵਕ ਹਨ, ਜੋ ਸੇਵਾ ਕਰਕੇ ਭੀ ਅਜਾਈਂ ਗਵਾ ਲੈਂਦੇ ਹਨ:

ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ॥ *(ਪੰਨਾ ੪੯੫)*

ਸੋ, ਜਦ ਤੱਕ ਕੋਈ ਸੇਵਾਦਾਰ ਖਸਖਾਸ ਦੇ ਦਾਣੇ ਵਾਂਗ ਆਪਾ ਭਾਵ ਗਵਾ ਕੇ ਸਾਰਿਆਂ ਦੇ ਚਰਨਾਂ ਦੀ ਖ਼ਾਕ ਨਹੀਂ ਬਣ ਜਾਂਦਾ ਉਤਨਾ ਚਿਰ ਉਹ ਗੁਰੂ ਦੇ ਦਰਬਾਰ ਵਿਚ ਕਬੂਲ ਨਹੀਂ ਹੁੰਦਾ। ਖਸਖਾਸ ਦੇ ਦਾਣੇ ਵੱਲ ਨਜ਼ਰ ਮਾਰੋ ਜਿਵੇਂ ਕਿ:

(੧) (ਵੇਖੋ) ਖਸਖਾਸ ਦਾ ਦਾਣਾ ਬੀਜ ਬਣ ਕੇ ਮਿੱਟੀ ਵਿਚ ਮਿਲ ਜਾਂਦਾ ਹੈ।
(੨) ਉਹ ਪਿਆਰੇ ਦੋਸਤ ਪੋਸਤ ਦਾ ਪੌਦਾ ਬਣ ਕੇ ਤਰ੍ਹਾਂ ਤਰ੍ਹਾਂ ਦੇ ਫੁਲ ਪੈਦਾ ਕਰਦਾ (ਖਿੜਾਉਂਦਾ) ਹੈ।
(੩) (ਫਿਰ) ਰੀਸੋ ਰੀਸੀ (ਇਸ ਪੌਦੇ ਦੀਆਂ) ਡੋਡੀਆਂ (ਜਿਨ੍ਹਾਂ 'ਤੇ ਫੁਲ ਲਗਦੇ ਹਨ) ਇਕ ਤੋਂ ਅੱਗੇ ਹੋ ਹੋ ਆਪਣਾ ਆਪ ਪ੍ਰਗਟਾਉਂਦੀਆਂ ਹਨ।
(੪) ਸੂਲੀ (ਭਾਵ ਡੰਡੀ) ਉੱਪਰ ਪੋਸਤ ਹੁੰਦਾ ਹੈ, ਜਿਸਦਾ ਸਿਰ ਮਗਰੋਂ ਛੱਤਰ ਵਾਂਗੂੰ ਬਣਦਾ ਹੈ (ਭਾਵ ਛੱਤਰਾਕਾਰ ਹੋ ਜਾਂਦਾ ਹੈ)।
(੫) (ਫਿਰ ਮਾਲਕ ਇਸੇ) ਛੱਤਰ ਰੂਪ ਡੋਡੀ ਨੂੰ ਮਲ ਮਲ ਕੇ ਨਿੱਕੇ ਨਿੱਕੇ ਟੁਕੜੇ ਕਰ ਦੇਂਦੇ ਹਨ। ਧੋਣ ਤੇ ਪਾਣੀ ਲਹੂ ਵਰਗਾ ਲਾਲ ਹੁੰਦਾ ਹੈ।
(੬) ਇਹੀ ਪਾਣੀ ਫਿਰ ਪਿਆਲਿਆਂ ਵਿਚ ਪਾ ਕੇ ਜੋਗੀ ਤੇ ਭੋਗੀ (ਜੋਗੀ ਜੋਗ ਦੀ ਸਮਾਧੀ ਲਈ ਤੇ ਭੋਗੀ ਭੋਗ ਦਾ ਰਸ ਮਾਨਣ ਲਈ) ਪੀਂਦੇ ਤੇ ਮਸਤੀ ਦਾ ਸੰਜੋਗ ਪ੍ਰਾਪਤ ਕਰਦੇ ਹਨ।
(੭) ਇਸ ਦੀ ਮਜਲਸ (ਪੋਸਤੀਆਂ ਦੀ ਸਭਾ) ਵਿਚ ਉਹੀ ਆਉਂਦਾ ਹੈ, ਜੋ ਕਿ ਇਸਦਾ ਅਮਲੀ ਹੁੰਦਾ ਹੈ।੧੩।

***ਭਾਵਾਰਥ :*** ਉਪ੍ਰੋਕਤ ਪੰਗਤੀਆਂ ਵਿਚ ਭਾਈ ਸਾਹਿਬ ਨੇ ਇਕ ਖਸਖਾਸ ਦੇ ਦਾਣੇ ਦਾ ਉਦਾਹਰਣ ਦਿੱਤਾ ਹੈ ਕਿ

ਜੋ ਭੀ ਕੋਈ ਸਿਖ ਗੁਰੂ ਦੇ ਦਰ ਵਿਚ ਕਬੂਲ ਹੋਣਾ ਚਾਹੁੰਦਾ ਹੈ ਉਹ ਸੇਵਾਦਾਰ ਹੁੰਦਾ ਹੋਇਆ ਖਸਖਸ ਦੇ ਦਾਣੇ ਵਾਂਗ ਆਪਣੇ ਆਪ ਨੂੰ ਸਾਰਿਆਂ ਦੇ ਚਰਨਾਂ ਦੀ ਖ਼ਾਕ ਬਣਾ ਕੇ ਹੀ ਇਸ ਸਿੱਖੀ ਦੇ ਮਾਰਗ ਦੀ ਮੰਜ਼ਿਲ ਨੂੰ ਤਹਿ ਕਰਕੇ ਰੱਬੀ ਦਰਬਾਰ ਵਿਚ ਪੁੱਜ ਸਕਦਾ ਹੈ ਕਿਉਂਕਿ ਗੁਰੂ ਫ਼ੁਰਮਾਨ ਭੀ ਇਹੋ ਹੈ, ਜਿਵੇਂ ਕਿ :

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

*(ਪੰਨਾ ੧੧੦੨)*

## ੧੪. ਕਮਾਦ ਦੀ ਕਮਾਈ ਦਾ ਉਦਾਹਰਣ

੧. ਰਸ ਭਰਿਆ ਰਸ ਰੱਖਦਾ
ਬੋਲਣ ਅਣਬੋਲਣ ਅਭਰਿੱਠਾ।
੨. ਸੁਣਿਆ ਅਣਸੁਣਿਆ ਕਰੈ
ਕਰੇ ਵੀਚਾਰ ਡਿੱਠਾ ਅਣਡਿੱਠਾ।
੩. ਅੱਖੀਂ ਧੂੜ ਅਟਾਈਆਂ
ਅੱਖੀਂ ਵਿਚ ਅੰਗੂਰ ਬਹਿੱਠਾ।
੪. ਇਕ ਦੂੰ ਬਾਹਲੇ ਬੂਟ ਹੋਇ
ਸਿਰ ਤਲਵਾਯਾ ਇੱਠਹੁ ਇੱਠਾ।
੫. ਦੋਂਹ ਖੁੰਢਾਂ ਵਿਚ ਪੀੜੀਐ
ਟੋਟੇ ਲਾਹੇ ਇਭ ਗੁਣ ਮਿੱਠਾ।
੬. ਵੀਹ ਇਕੀਹ ਵਰੱਤਦਾ
ਅਵਗੁਣਿਆਰੇ ਪਾਪ ਪਣਿੱਠਾ।
੭. ਮੰਨੇ ਗੰਨੇ ਵਾਂਗ ਸੁਧਿੱਠਾ॥੧੪॥

***ਪਦ ਅਰਥ :*** ਅਭਰਿੱਠਾ—ਨਿਮ੍ਰਤਾ ਧਾਰਨ ਵਾਲਾ ਪਿਆਰਾ, ਨਿਮਾਣਾ। ਅੱਖੀਂ—ਗੰਢਾਂ। ਅਟਾਈਆਂ—ਗੱਡੀਆਂ। ਇੱਠਹੁ ਇੱਠਾ—ਪਿਆਰੇ ਤੋਂ ਪਿਆਰਾ। ਖੁੰਢਾਂ—ਵੇਲਣੇ ਦੇ ਚੱਕੇ। ਵੀਹ—ਜਗਤ। ਇਕੀਹ—ਸਤਿਸੰਗ। ਪਣਿੱਠਾ—ਨਾਸ ਹੋਣਾ। ਸੁਧਿੱਠਾ—ਦ੍ਰਿੜ੍ਹ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਕੀ ਆਪ ਜੀ ਇਸ ਬਾਰੇ ਕੁੱਝ ਜਾਣਕਾਰੀ ਕਰਾਉਣ ਦੀ ਕ੍ਰਿਪਾ ਕਰੋਗੇ ਕਿ ਜੀਵ ਨੂੰ ਇਸ ਸੰਸਾਰ ਦੇ ਬੰਧਨਾਂ ਵਲੋਂ ਮੁਕਤਿ ਹੋਣ ਲਈ ਕਿਤਨਾ ਕੁ ਸਮਾਂ ਸਾਧਨਾ ਕਰਦੇ ਰਹਿਣਾ ਪੈਂਦਾ ਹੈ ?

ਉ: ਹੇ ਭਾਈ ! ਜੇ ਦੂਰ ਦਰਸ਼ੀ ਨਜ਼ਰਾਂ ਨਾਲ ਤੱਕਿਆ ਜਾਵੇ ਤਾਂ ਗੁਰ-ਇਤਿਹਾਸ ਦੁਆਰਾ ਇਹੋ ਹੀ ਸੂਝ ਬੂਝ ਮਿਲਦੀ ਹੈ ਕਿ ਇਸ ਸੰਸਾਰ ਦੇ ਚੱਕਰ ਤੋਂ ਛੁਟਕਾਰਾ ਪਾਉਣ ਲਈ ਕੋਈ ਖ਼ਾਸ ਸਮਾਂ ਨਿਰਧਾਰਤ ਨਹੀਂ ਅਤੇ ਨਾਹੀ ਅਸੀਂ ਇਸ ਜੀਵਨ ਦਾ ਵਧੇਰਾ ਸਮਾਂ ਜਪ, ਤਪ, ਨੇਮ, ਦਾਨ, ਪੁੰਨ ਕਰਦੇ ਰਹਿਣ ਦੇ ਇਵਜ਼ਾਨੇ ਵਿਚ ਇਸ ਆਵਾਗਵਨ ਵਲੋਂ ਮੁਕਤਿ ਹੋ ਸਕਦੇ ਹਾਂ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਸੰਸਾਰ ਦੇ ਬੰਧਨਾਂ ਤੋਂ ਮੁਕਤਿ ਹੋਣ ਲਈ ਇਕ ਛਿਨ ਵੀ ਲੱਗ ਸਕਦੀ ਹੈ, ਇਕ ਸਾਲ ਭੀ ਲੱਗ ਸਕਦਾ ਹੈ, ਇਕ ਜਨਮ ਭੀ, ਕਈ ਜਨਮ ਭੀ ਗੁਜ਼ਰ ਸਕਦੇ ਹਨ, ਪਰ ਇਸਨੂੰ ਆਪਣੇ ਜੀਵਨ ਭਰ ਵਿਚ ਕੀਤੀ ਜਾ ਰਹੀ ਕਮਾਈ ਦਾ ਮਾਣ ਨਹੀਂ ਹੋਣਾ ਚਾਹੀਦਾ, ਕਮਾਦ ਦੇ ਗੰਨੇ ਵਾਂਗੂ ਇਸ ਨੂੰ ਇਸ ਰੱਬੀ ਮਾਰਗ 'ਤੇ ਟੁਰਦੇ ਰਹਿਣਾ ਚਾਹੀਦਾ ਹੈ, ਜਿਵੇਂ ਗੰਨਾ ਕਿਸੇ ਦਿਨ ਆਖ਼ਰੀ ਪੜਾਅ ਤੇ ਪਹੁੰਚ ਜਾਂਦਾ ਹੈ, ਇਸੇ ਤਰ੍ਹਾਂ ਸਾਧਨਾ ਕਰਦੇ ਰਹਿਣ ਵਾਲਾ ਸਾਧਕ ਭੀ ਆਖ਼ਰ ਆਪਣੇ ਨਿਰਬੰਧ ਹੋ ਜਾਣ ਦੀ ਮੰਜ਼ਿਲ 'ਤੇ ਪੁੱਜ ਹੀ ਜਾਂਦਾ ਹੈ। ਜਿਵੇਂ ਕਿ ਵੇਖੋ :

(੧) ਇਕ ਗੰਨਾ ਰਸ ਦਾ ਭਰਿਆ ਹੋਇਆ (ਆਪਣੇ ਵਿਚ) ਰਸ ਰਖਦਾ ਹੈ, ਬੋਲਣ ਜਾਂ ਨਾ ਬੋਲਣ (ਦੋਹਾਂ ਹਾਲਤਾਂ ਵਿਚ) ਮਿੱਠਾ ਹੈ। ਕਿਸੇ ਤਰ੍ਹਾਂ ਭੀ ਰਸ ਕਢੋ, ਚੂਪ ਕੇ ਜਾਂ ਪੀੜ ਕੇ, ਰਸ ਕੱਢ ਕੇ ਛਕੋ, ਉਹ ਮਿੱਠਾ ਹੀ ਰਹਿੰਦਾ ਹੈ।

(੨) (ਹੋਰ ਵੇਖੋ) ਗਾੜ੍ਹੀ ਗੰਨਿਆਂ ਦੀ ਖੇਤੀ ਵਿਚੋਂ ਆਵਾਜ਼ ਨਹੀਂ ਸੁਣਦੀ, ਨਾ ਲੁੱਕਿਆ ਹੋਇਆ ਕੋਈ ਦਿੱਸਦਾ ਹੀ ਹੈ (ਭਾਵ ਸੁਣੇ ਨੂੰ ਅਣਸੁਣਿਆ ਤੇ ਡਿਠੇ ਨੂੰ ਅਣਡਿਠਿਆ ਕਰਨ ਵਾਲਾ ਕਮਾਦ ਦਾ ਖੇਤ ਹੈ)।

(੩) ਜਦੋਂ (ਇਸਦੀਆਂ) ਅੱਖਾਂ (ਭਾਵ ਗੰਢਾਂ) ਬੀਜ ਰੂਪ ਬਣਾ ਕੇ (ਧਰਤੀ ਦੀ) ਮਿੱਟੀ ਵਿਚ ਗੱਡੀਆਂ (ਬੀਜੀਆਂ) ਤਾਂ ਅੱਖਾਂ (ਗੰਢਾਂ) ਵਿਚੋਂ ਹੀ ਅੰਗੂਰ (ਕਰੂੰਮਲਾਂ) ਪੈਦਾ ਹੁੰਦੀਆਂ ਹਨ।

(੪) ਫਿਰ ਇਕ ਪੌਦੇ ਤੋਂ ਹੀ ਕਈ ਪੌਦੇ, ਸਿਰ ਹੇਠਾਂ ਤੇ ਪੈਰ ਉੱਤੇ ਕਰਕੇ (ਉੱਗ ਪੈਂਦੇ ਹਨ, ਜੋ ਸਭ ਨੂੰ) ਪਿਆਰੇ ਤੋਂ ਪਿਆਰੇ (ਸੋਹਣੇ) ਲੱਗਦੇ ਹਨ।

(੫) (ਫਿਰ) ਗੰਨਾ ਵੇਲਣੇ ਵਿਚ ਪੀੜਿਆ ਜਾਂਦਾ ਤੇ ਟੋਟੇ

ਟੋਟੇ ਕਰ ਦਿੱਤਾ ਜਾਂਦਾ ਹੈ, ਇਸ ਕਰਕੇ ਕਿ ਇਹ (ਪਿਆਰਾ ਲਗਦਾ) ਮਿੱਠਾ ਹੈ।

(੬) (ਇਸ ਤਰ੍ਹਾਂ) ਵੀਹ ਸੰਸਾਰ (ਹੈ ਤੇ) ਇਕੀਹ (ਸਤਿ-ਸੰਗਤ) ਹੋ ਕੇ ਵਰਤਦਾ ਹੈ। ਇਸੇ ਗੰਨੇ ਦੀ ਰਸ ਤੋਂ ਗੁੜ ਬਣਦਾ ਹੈ, ਜੋ ਵਿਆਹਾਂ ਸ਼ਾਦੀਆਂ ਜਾਂ ਧਰਮ ਕਾਰਜਾਂ ਸਮੇਂ ਕੜਾਹ ਪ੍ਰਸ਼ਾਦ ਆਦਿ ਵਿਚ ਵਰਤਿਆ ਜਾਂਦਾ ਹੈ, ਪਰ ਬੇਸਮਝ ਤੇ ਪਾਪੀ ਲੋਕ ਇਸਨੂੰ ਸ਼ਰਾਬ ਜਾਂ ਹੋਰ ਭੈੜੇ ਕੰਮਾਂ ਵਿਚ ਵਰਤ ਕੇ ਆਪ ਭੀ ਨਾਸ ਹੋਣ ਵਾਲਾ ਕੰਮ ਕਰਦੇ ਤੇ ਇਸਦੇ ਮਿੱਠੇ ਨੂੰ ਵੀ ਜ਼ਾਇਆ ਕਰਦੇ ਹਨ।

(੭) ਜੋ ਗੰਨੇ ਦੀ ਮਿਠਾਸ ਦੇ ਗੁਣ ਤੋਂ ਸਿਖਿਆ ਲੈਂਦੇ ਤੇ ਮਿੱਠੇ ਸੁਭਾਵ ਵਾਲੇ ਬਣ ਕੇ ਭਲੇ ਕੰਮ ਕਰਦੇ ਹਨ, ਉਹ ਸੰਸਾਰ ਤੋਂ ਤਰ ਜਾਂਦੇ ਹਨ ਤੇ ਕੌੜੇ (ਪਾਪ-ਕਰਮੀ) ਡੁੱਬ ਡੁੱਬ ਜਾਂਦੇ ਹਨ।੧੪।

***ਭਾਵਾਰਥ :*** ਇਸ ਪਉੜੀ ਅੰਦਰ ਭਾਈ ਸਾਹਿਬ ਜੀ ਨੇ ਇਕ ਗੰਨੇ ਦਾ ਦ੍ਰਿਸ਼ਟਾਂਤ ਦੇ ਕੇ ਉਨ੍ਹਾਂ ਸਾਧਕਾਂ ਨੂੰ ਪ੍ਰੇਰਨਾ ਲੈਣ ਦੀ ਪ੍ਰੇਰਨਾ ਕੀਤੀ ਹੈ ਜੋ ਕਿ ਇਸ ਸੰਸਾਰ ਦੇ ਬੰਧਨਾਂ ਤੋਂ ਮੁਕਤ ਹੋਣ ਦੀ ਇੱਛਾ ਰਖਦੇ ਹਨ ਤੇ ਉਨ੍ਹਾਂ ਨੂੰ ਉਤਸਾਹ ਦਿੰਦੇ ਹਨ ਕਿ ਤੁਸੀਂ ਭੀ ਇਕ ਗੰਨੇ ਤੋਂ ਸਿਖਿਆ ਲਓ ਜਿਸਨੇ ਪਹਿਲੋਂ ਆਪਣੇ ਆਪ ਨੂੰ ਮਿੱਟੀ ਵਿਚ ਰੁਲਾ ਕੇ ਸਹਿਜੇ ਸਹਿਜੇ ਉੱਚਾ ਉਠ ਕੇ ਬੁਲੰਦੀਆਂ 'ਤੇ ਪਹੁੰਚ, ਉੱਚਤਾ ਪ੍ਰਾਪਤ ਕਰਨ ਦੀ ਸਿਖਿਆ ਦਿੱਤੀ ਹੈ, ਜੋ ਸਾਧਕ ਗੰਨੇ ਦੇ ਮਿਠਾਸ ਤੋਂ ਪਰਉਪਕਾਰੀ ਸੁਭਾਅ ਨੂੰ ਧਾਰਨ ਕਰਦੇ ਹਨ ਉਹ ਸੁਭਾਵਕ ਹੀ ਸੰਸਾਰ ਦੇ ਬੰਧਨਾਂ ਤੋਂ ਛੁੱਟ ਜਾਂਦੇ ਹਨ।

## ੧੫. *ਸੁਾਂਤੀ ਬੂੰਦ ਤੇ ਸਿੱਪੀ ਦਾ ਉਦਾਹਰਣ*

**੧. ਘਣਹਰਿ ਬੂੰਦ ਸੁਹਾਵਣੀ**
**ਨੀਵੀਂ ਹੋਇ ਅਗਾਸਹੁੰ ਆਵੈ।**
**੨. ਆਪ ਗਵਾਇ ਸਮੁੰਦ ਵੇਖ**
**ਸਿੱਪੈ ਦੇ ਮੂੰਹ ਵਿਚ ਸਮਾਵੈ।**
**੩. ਲੈਂਦੋ ਹੀ ਮੁਹਿ ਬੂੰਦ ਸਿੱਪ**
**ਚੁਭੀ ਮਾਰ ਪਤਾਲ ਲੁਕਾਵੈ।**
**੪. ਫੜ ਕਢੈ ਮਰਜੀਵੜਾ**
**ਪਰ ਕਾਰਜ ਨੋਂ ਆਪ ਫੜਾਵੈ।**
**੫. ਪਰਵਸ ਪਰਉਪਕਾਰ ਨੋਂ**
**ਪਰ ਹੱਥ ਪੱਥਰ ਦੰਦ ਭਨਾਵੈ।**
**੬. ਭੁੱਲ ਅਭੁੱਲ ਅਮੁੱਲ ਦੇ**
**ਮੋਤੀ ਦਾਨ ਨ ਪਛੋਤਾਵੈ।**
**੭. ਸਫਲ ਜਨਮ ਕੋਈ ਵਰਸਾਵੈ ॥੧੫॥**

***ਪਦ ਅਰਥ :*** ਚੁਭੀ—ਟੁੱਭੀ। ਮਰਜੀਵੜਾ—ਜੋ ਸਮੁੰਦਰ ਵਿਚ ਟੁੱਭੀਆਂ ਮਾਰਦਾ ਹੈ। ਅਮੁੱਲ ਦੇ—ਐਵੇਂ ਦੇ ਕੇ, ਦਾਨ ਕਰਕੇ। ਵਰਸਾਵੈ—ਲਾਭ ਪ੍ਰਾਪਤ ਕਰੇ, ਵਰੋਸਾਉਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਤੁਸੀਂ ਕਈ ਵਾਰ ਸੰਗਤ ਨੂੰ ਸੰਬੋਧਨ ਕਰਦੇ ਹੋਇਆਂ ਇਹ ਵੀਚਾਰ ਭੀ ਪ੍ਰਗਟ ਕਰਦੇ ਹੋ ਕਿ ਇਹ ਜੀਵ ਪਰਮੇਸ਼ਰ ਦਾ ਹੀ ਸਰੂਪ ਹੈ, ਪਰ ਇਹ ਪ੍ਰਤੀਤ ਹੀ ਵੱਖਰਾ ਹੋ ਰਿਹਾ ਹੈ, ਇਹ ਸਾਧਨ ਕਰਦੇ ਰਹਿਣ ਨਾਲ ਸਹਿਜੇ ਸਹਿਜੇ ਉਸੇ ਵਿਚ ਹੀ ਲੀਨ ਹੋ ਜਾਂਦਾ ਹੈ, ਪਰ ਦਸੋ ਇਸ ਜੀਵ ਦੀ ਉਸ ਪਰੀ ਪੂਰਨ ਪਰਮੇਸ਼ਰ ਨਾਲ ਕਿਵੇਂ ਅਭੇਦਤਾ ਹੋ ਸਕਦੀ ਹੈ, ਜਦ ਕਿ ਇਹ ਜੀਵ ਅਲਪੱਗ ਹੈ, ਪਰਮੇਸ਼ਰ ਸਰਬੱਗ ਹੈ, ਇਹ ਜੀਵ ਪੰਜਾਂ ਤੱਤਾਂ ਦੀ ਬਣਤਰ ਹੈ, ਉਹ ਪ੍ਰਭੂ ਤ੍ਰਿਗੁਣ ਅਤੀਤ ਹੈ, ਇਹ ਜੀਵ ਨਿਰਗੁਣ ਹੈ, ਉਹ ਪ੍ਰਭੂ ਗੁਣਾਂ ਦਾ ਭੰਡਾਰ ਹੈ, ਇਹ ਜੀਵ ਰੂਪਵਾਨ ਹੈ, ਉਹ ਪ੍ਰਭੂ ਰੂਪ ਰੰਗ ਤੇ ਵਿਅਕਤੀ ਰਹਿਤ ਹੈ, ਕੀ ਆਪ ਜੀ ਇਸ ਭੇਦ ਨੂੰ ਖੁਲਾਸੇ ਰੂਪ ਵਿਚ ਪ੍ਰਗਟਾਓਗੇ?

ਉ: ਹੇ ਭਾਈਓ! ਇਸ ਗੁੱਝੇ ਭੇਦ ਨੂੰ ਸਮਝਣ ਲਈ ਜਦੋਂ ਅਸੀਂ ਗੁਰਬਾਣੀ ਦੇ ਅੰਤ੍ਰੀਵ ਭਾਵਾਂ ਨੂੰ ਪੜਚੋਲਾਂਗੇ ਤਾਂ ਸਾਨੂੰ ਸਹਿਜੇ ਹੀ ਸੋਝੀ ਆ ਜਾਵੇਗੀ ਕਿ ਇਹ ਜੀਵ ਰਾਮ ਦੀ ਹੀ ਅੰਸ਼ ਹੈ—ਕਹੁ ਕਬੀਰ ਇਹੁ ਰਾਮ ਕੀ ਅੰਸੁ॥ (ਪੰਨਾ ੮੭੧) ਭਾਵ ਇਸ ਜੀਵ ਦੀ ਪ੍ਰਤੱਖ ਜੋਤਿ ਉਸ ਜੋਤੀ ਸਰੂਪ ਤੋਂ ਵੱਖਰੀ ਨਹੀਂ ਹੈ, ਪਰ ਹਾਂ, ਵੱਖਰਾਪਨ ਇਉਂ ਹੀ ਨਜ਼ਰ ਆਉਂਦਾ ਹੈ ਕਿ ਜਿਵੇਂ ਕਿਸੇ ਪਾਣੀ ਤੋਂ ਵੱਖਰੀਆਂ ਲਹਿਰਾਂ, ਝੱਗ, ਬੁਦਬੁਦੇ ਵੇਖਣ ਵਿਚ ਆਉਂਦੇ ਹਨ। ਜਿਵੇਂ ਸੋਨਾ ਤੇ ਸੋਨੇ ਦੇ ਬਣੇ ਗਹਿਣੇ ਵੱਖਰੇ ਦਿੱਸਦੇ ਹਨ, ਵਾਸਤਵ ਵਿਚ ਕੋਈ ਅੰਤਰਾ ਨਹੀਂ, ਜਾਂ ਇਉਂ ਸਮਝੋ, ਅਹੁ ਤੱਕੋ ਸਾਡੇ ਸਾਹਮਣੇ

ਇਕ ਨਿੱਕੀ ਜਿਹੀ ਲੂਣ ਦੀ ਡਲੀ ਪਈ ਹੈ, ਜਦੋਂ ਉਸਨੂੰ ਸਮੁੰਦਰ ਦੀ ਖੋਜ ਕਰਨ ਲਈ ਜਾਂ ਡੂੰਘਾਈ ਦੀ ਹਾਥ ਲੈਣ ਲਈ ਉਸ ਸਮੁੰਦਰ ਵਿਚ ਸੁੱਟਿਆ ਜਾਵੇ ਤਾਂ ਉਹ ਉਸੇ ਵਿਚ ਹੀ ਲੀਨ ਹੋ ਜਾਂਦੀ ਹੈ ਕਿਉਂਕਿ ਉਹ ਉਸੇ ਵਿਚੋਂ ਵੱਖਰੀ ਹੋਈ ਸੀ ਜਾਂ ਇਉਂ ਕਹਿ ਲਵੋ ਕਿ ਜਿਵੇਂ ਸਮੁੰਦਰ ਦਾ ਪਾਣੀ ਬੁਖ਼ਾਰਾਤਾਂ ਦੇ ਆਸਰੇ ਉੱਡ ਕੇ ਆਕਾਸ਼ ਵਿਚ ਚਲਾ ਜਾਂਦਾ ਹੈ, ਉਹ ਬੱਦਲਾਂ ਰਾਹੀਂ ਸਹਿਜੇ ਸਹਿਜੇ ਵਰਖਾ ਰੂਪ ਹੋ ਕੇ ਵਰਸਦਾ ਹੈ, ਉਹ ਪਹਾੜਾਂ 'ਤੇ ਵਰਸ ਕੇ ਨਦੀਆਂ ਨਾਲਿਆਂ, ਟੋਬਿਆਂ ਦੁਆਰੇ ਹੁੰਦਾ ਹੋਇਆ ਆਖ਼ਰ ਉਸੇ ਸਮੁੰਦਰ ਵਿਚ ਹੀ ਲੀਨ ਹੋ ਜਾਂਦਾ ਹੈ ਜਿਥੋਂ ਉਹ ਵਖਰਾ ਹੋਇਆ ਸੀ। ਸੋ, ਜਿਸ ਤਰ੍ਹਾਂ ਉਪ੍ਰੋਕਤ ਸ਼ੈਆਂ ਆਪਣੇ ਆਦਿ ਰੂਪ ਤੋਂ ਵਿਛੜਿਆਂ ਨੂੰ ਆਪਣੇ ਮੁੱਢ ਕਦੀਮੀ ਰੂਪ ਵਿਚ ਪੁੱਜਣ ਲਈ ਕਈ ਤਰ੍ਹਾਂ ਦੀ ਮਸ਼ੱਕਤ ਕਰਦਿਆਂ ਕਈ ਕਸ਼ਟ ਸਹਾਰਨੇ ਪੈਂਦੇ ਹਨ, ਇਸੇ ਤਰ੍ਹਾਂ ਇਸ ਜੀਵ ਨੂੰ ਵੀ ਆਪਣੇ ਸਹੀ ਸ੍ਵੈ-ਸਰੂਪ ਵਿਚ ਲੀਨ ਹੋਣ ਲਈ ਕਈ ਤਰ੍ਹਾਂ ਦੇ ਸਾਧਨ ਕਰਨੇ ਪੈਂਦੇ ਹਨ। ਤਦੋਂ ਕਿਤੇ ਆਤਮਾ ਪਰਮਾਤਮਾ ਵਿਚ ਲੀਨ ਹੁੰਦੀ ਹੈ। ਲਓ, ਆਖ਼ਰੀ ਤੁਹਾਨੂੰ ਇਕ ਨਿੱਕੀ ਜਿਹੀ ਸੁਆਂਤੀ ਬੂੰਦ ਦਾ ਉਦਾਹਰਣ ਦੇਂਦੇ ਹਾਂ ਕਿ ਉਹ ਆਕਾਸ਼ੋਂ ਡਿਗ ਕੇ ਕਈ ਤਰ੍ਹਾਂ ਦੇ ਦੁੱਖ ਸਹਾਰਦੀ ਹੋਈ ਕਿਵੇਂ ਕਾਮਯਾਬ ਹੋ ਸਿਖਰਾਂ 'ਤੇ ਪੁੱਜਦੀ ਤੇ ਸਫਲ ਹੁੰਦੀ ਹੋਈ ਹੋਰ ਭੀ ਕਈਆਂ ਨੂੰ ਲਾਭਦਾਇਕ ਹੁੰਦੀ ਹੈ।

(੧) (ਲਓ ਤੱਕੋ ਜਿਵੇਂ) ਇਕ ਬੱਦਲ ਦੀ ਸੁਹਾਵਣੀ ਬੂੰਦ ਆਕਾਸ਼ ਤੋਂ ਨੀਵਾਣ ਵੱਲ ਆਉਂਦੀ ਹੈ।

(੨) (ਪਰ) ਉਹ ਅੱਗੋਂ ਆਪਾ ਭਾਵ ਗਵਾ ਕੇ ਸਮੁੰਦਰ ਦੇ ਅਥਾਹ ਪਾਣੀਆਂ ਵਿਚ ਰਲ ਕੇ ਸਿੱਪੀ ਦੇ ਮੂੰਹ ਵਿਚ ਜਾ ਪੈਂਦੀ ਹੈ।

(੩) (ਅੱਗੋਂ) ਸਿੱਪੀ (ਸ੍ਵਾਂਤੀ) ਬੂੰਦ ਨੂੰ ਆਪਣੇ ਕੋਲ ਆਈ ਵੇਖ ਕੇ, ਉਸੇ ਵੇਲੇ ਆਪਣਾ ਮੂੰਹ ਬੰਦ ਕਰ ਲੈਂਦੀ ਤੇ ਸਮੁੰਦਰ ਦੇ ਡੂੰਘੇ ਪਾਣੀਆਂ ਵਿਚ ਜਾ ਲੁਕਦੀ ਹੈ।

(੪) (ਫਿਰ) ਮਰਜੀਵੜਾ (ਟੁੱਭੀ ਮਾਰ ਕੇ) ਸਿੱਪੀ ਨੂੰ ਫੜ ਬਾਹਰ ਕੱਢਦਾ ਹੈ, ਪਰ ਉਹ ਸਿੱਪੀ ਪਰਸੁਆਰਥ ਲਈ ਫੜੀ ਜਾਂਦੀ ਹੈ।

(੫) (ਉਸ) ਸਿੱਪੀ ਨੇ ਪਰਉਪਕਾਰ ਕੀਤਾ, ਬੂੰਦ ਨੂੰ ਬੰਦ ਕਰ ਸੁੱਚਾ ਦੁਰਲੱਭ ਕੀਮਤੀ ਮੋਤੀ ਬਣਾ ਦਿੱਤਾ, ਪਰ ਹੁਣ ਪਰਾਏ ਵੱਸ ਵਿਚ ਪੈ ਕੇ ਆਪਣੇ ਦੰਦ ਤੁੜਾਉਂਦੀ (ਭਾਵ ਸਿੱਪੀ ਨੂੰ ਤੋੜ ਕੇ ਉਸ ਵਿਚੋਂ ਮੋਤੀ ਕੱਢ ਲਿਆ ਜਾਂਦਾ ਹੈ)।

(੬) ਭੁੱਲ ਜਾਂ ਅਭੁੱਲ (ਚੇਤੇ ਰੱਖਣ ਵਾਲੀ) ਬਣ ਕੇ, ਸਿੱਪੀ ਮੋਤੀ ਦਾਨ ਦੇਣ ਪਿਛੋਂ ਪਛਤਾਵਾ ਨਹੀਂ ਕਰਦੀ (ਕਿ ਇਹ ਕੀਮਤੀ ਮੋਤੀ ਦਾ ਦਾਨ ਮੈਂ ਕਿਉਂ ਕੀਤਾ ਤੇ ਦਾਨ ਕਰਕੇ ਮੈਂ ਦੁੱਖ ਪਾਇਆ)।

(੭) (ਇਸ ਸੰਸਾਰ ਵਿਚ) ਜੀਵਨ ਉਸੇ ਦਾ ਹੀ ਸਫਲਾ ਹੈ, ਜਿਸਦਾ ਹੋਰ ਭੀ ਕਿਸੇ ਨੂੰ ਕੁੱਝ ਲਾਭ ਪ੍ਰਾਪਤ ਹੋਵੇ।੧੫।

*ਭਾਵਾਰਥ :* ਭਾਈ ਸਾਹਿਬ ਜੀ! ਇਕ ਆਕਾਸ਼ੋਂ ਉੱਤਰੀ ਬੂੰਦ ਦਾ ਉਦਾਹਰਣ ਦੇ ਕੇ ਇਸ ਮਾਨੀ ਮਨੁੱਖ ਨੂੰ ਸੰਬੋਧਨ ਕਰਦੇ ਹਨ ਕਿ ਜਿਵੇਂ ਬੂੰਦ ਵੱਡੇ ਹੰਕਾਰ ਨਾਲ ਆਕਾਸ਼ੋਂ ਉੱਤਰੀ, ਪਰ ਸਮੁੰਦਰ ਦੇ ਵਿਸਥਾਰ ਨੂੰ ਤੱਕ ਕੇ ਉਸ ਨੂੰ ਇਹ ਕਹਿਣਾ ਪਿਆ ਕਿ ਮੈਂ ਤਾਂ ਇਸ ਸਮੁੰਦਰ ਦੇ ਮੁਕਾਬਲੇ ਵਿਚ ਕੁੱਝ ਭੀ ਨਹੀਂ ਹਾਂ, ਇਸ ਦੀ ਨਿਰਮਾਣਤਾ ਨੂੰ ਤੱਕ ਕੇ ਸਿੱਪੀ ਨੇ ਬੂੰਦ ਨੂੰ ਗੋਦ ਵਿਚ ਲੈ ਕੇ ਪਾਲਿਆ। ਪਰ ਮਰਜੀਵੜੇ ਨੇ ਇਸ ਨੂੰ ਪੱਥਰ ਨਾਲ ਭੰਨ ਕੇ ਮੋਤੀ ਕੱਢੇ ਤਦੋਂ ਇਹ ਪਾਤਿਸ਼ਾਹ ਦੇ ਸਿਰ ਦੇ ਮੁਕਟ ਦਾ ਗਹਿਣਾ ਬਣੀ, ਭਾਵ ਜਦੋਂ ਇਹ ਬੂੰਦ ਨਿਮ੍ਰਤਾ ਨੂੰ ਧਾਰ ਕੇ ਨਿਰਮਾਣ ਹੋਈ ਤਾਂ ਇਸ ਉੱਚੀ ਪਦਵੀ ਨੂੰ ਪੁੱਜੀ। ਇਸੇ ਤਰ੍ਹਾਂ ਇਹ ਜੀਵ ਜਦੋਂ ਨਿਰਮਾਣ ਹੋ ਆਪਾ ਭਾਵ ਤਿਆਗ ਕੇ ਰੱਬੀ ਮਾਰਗ ਵੱਲ ਟੁਰਿਆ ਤਾਂ ਸਹਿਜੇ-ਸਹਿਜੇ ਆਪਣੇ ਸਹੀ ਸਰੂਪ ਵਿਚ ਲੀਨ ਹੋ ਗਿਆ।

## ੧੬. ਗੁਰੂ ਤੇ ਸਿੱਖ ਦਾ ਮਿਲਾਪ, ਹੀਰੇ ਦਾ ਪ੍ਰਮਾਣ

**੧. ਹੀਰੇ ਹੀਰਾ ਬੇਧੀਐ**
**ਬਰਮੇ ਕਣੀ ਅਣੀ ਹੋਇ ਹੀਰੇ।**
**੨. ਧਾਗਾ ਹੋਇ ਪਰੋਈਐ**
**ਹੀਰੇ ਮਾਲ ਰਸਾਲ ਗਹੀਰੇ।**
**੩. ਸਾਧਸੰਗਤ ਗੁਰ ਸ਼ਬਦ ਲਿਵ**
**ਹਉਮੈਂ ਮਾਰ ਮਰੇ ਮਨ ਧੀਰੇ।**
**੪. ਮਨ ਜਿਣ ਮਨ ਦੇ ਲਏ ਮਨ**
**ਗੁਣ ਵਿਚ ਗੁਣ ਗੁਰਮੁਖ ਸਰੀਰੇ।**
**੫. ਪੈਰੀਂ ਪੈ ਪਾ ਖਾਕ ਹੋਇ**
**ਕਾਮਧੇਨੁ ਸੰਤ ਰੇਣ ਨ ਨੀਰੇ।**

੬. ਸਿਲਾ ਅਲੂਣੀ ਚੱਟਣੀ
ਲਖ ਅੰਮ੍ਰਿਤ ਰਸ ਤਰਸਨ ਸੀਰੈ।
੭. ਵਿਰਲਾ ਸਿੱਖ ਸੁਣੈ ਗੁਰ ਪੀਰੈ ॥੧੬॥

*ਪਦ ਅਰਥ :* ਅਣੀ—ਨੋਕ, ਤਿੱਖੀ ਨੋਕ। ਰਸਾਲ ਗਹੀਰੈ—ਬਹੁਤ ਖ਼ੂਬਸੂਰਤ। ਮਨ—ਸਰੀਰਕ ਇੰਦਰਿਆਂ ਦਾ ਰਾਜਾ ਜਾਂ ਜੀਵ ਆਤਮਾ। ਨ ਨੀਰੈ—ਨਹੀਂ ਪੁੱਜਦੀ। ਸੀਰੈ—ਮਿਠਾਸ, ਰਸਾਂ ਦਾ ਰਸ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਆਪ ਜੀ ਸਾਨੂੰ ਸੰਗਤ ਵਿਚ ਆ ਕੇ ਗੁਰਬਾਣੀ ਦੀ ਵੀਚਾਰ ਤੇ ਪਾਠ ਕਰਦੇ ਰਹਿਣ ਦੀ ਸਦਾ ਹੀ ਪ੍ਰੇਰਨਾ ਕਰਦੇ ਰਹਿੰਦੇ ਹੋ, ਅਸੀਂ ਭੀ ਕਈ ਘਰੋਗੀ ਕਾਰੋਬਾਰਾਂ ਨੂੰ ਛੱਡ ਕੇ ਗੁਰਮਤ ਦੇ ਵੀਚਾਰ ਸੁਣਨ ਲਈ—ਹੋਇ ਇਕਤ੍ਰ ਮਿਲਹੁ ਮੇਰੇ ਭਾਈ॥ (ਪੰਨਾ੧੧੮੫) ਦੇ ਗੁਰੂ ਫ਼ੁਰਮਾਨ ਅਨੁਸਾਰ ਮਿਲ ਕੇ ਬੈਠਣ ਦਾ ਉਪਰਾਲਾ ਕਰਦੇ ਹਾਂ, ਸਾਡੀ ਬੈਠਕ ਤੋਂ ਪ੍ਰਤੀਤ ਭੀ ਇਹੋ ਹੁੰਦਾ ਹੈ ਕਿ ਅਸੀਂ ਸੁਣ ਰਹੇ ਹਾਂ, ਪਰ, ਜਿਸਨੇ ਸੁਣ ਕੇ ਧਾਰਨ ਕਰਨਾ ਹੈ ਉਹ ਸਾਡਾ ਮਨ ਦਸੋ ਦਿਸ਼ਾ ਵਿਚ ਭਰਮਦਾ ਹੈ, ਜਿਸ ਕਰਕੇ ਇਹ ਮੰਨਣਾ ਪਵੇਗਾ ਕਿ ਅਸੀਂ ਸੁਣਦੇ ਹੋਇ ਪ੍ਰਤੀਤ ਹੁੰਦੇ ਭੀ ਸੁਣਦੇ ਨਹੀਂ, ਜਿਸਦਾ ਸਬੂਤ ਹੈ ਕਿ ਅਸੀਂ ਕਈ ਕਈ ਸਾਲਾਂ ਤੋਂ ਸੁਣਦੇ ਆ ਰਹੇ ਹਾਂ, ਪਰ ਸਾਡੇ ਮੁੱਢ ਕਦੀਮੀ ਸੁਭਾਵਾਂ ਵਿਚ ਕੋਈ ਬਦਲ ਨਹੀਂ ਆਈ, ਇਸ ਲਈ ਆਪ ਜੀ ਸਾਡੇ ਮਨ ਨੂੰ ਸੁਧਾਰਨ ਲਈ ਉਪਦੇਸ਼ ਦਿਓ, ਜਿਸਦਾ ਸਦਕਾ ਸਾਡਾ ਸੰਗਤ ਵਿਚ ਮਿਲ ਕੇ ਬੈਠਣਾ ਸਫਲਾ ਹੋਵੇ ?

ਉ: ਹੇ ਭਾਈਓ ! ਇਸ ਵਿਚ ਕੋਈ ਸ਼ੱਕ ਨਹੀਂ ਮਨ ਬਹੁਤ ਅਵੈੜਾ ਤੇ ਚੰਚਲ ਹੈ, ਜਦੋਂ ਅਸੀਂ ਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਬਹੁਤ ਸਾਰਾ ਬਾਣੀ ਦਾ ਹਿੱਸਾ ਮਨ ਨੂੰ ਸੰਬੋਧਨ ਕਰਦਿਆਂ ਹੀ ਉਚਾਰਨ ਕੀਤਾ ਪੜ੍ਹਨ ਵਿਚ ਆਉਂਦਾ ਹੈ। ਪਰ, ਬਾਣੀ ਵਿਚੋਂ ਸਾਨੂੰ ਇਹ ਭੀ ਪ੍ਰੇਰਨਾ ਮਿਲਦੀ ਹੈ ਕਿ ਬਾਣੀ ਦਾ ਪਾਠ ਕੇਵਲ ਪੜ੍ਹਦੇ ਰਹਿਣ ਮਾਤ੍ਰ ਹੀ ਕਾਫ਼ੀ ਨਹੀਂ ਪਰ, ਜੋ ਬਾਣੀ ਫ਼ੁਰਮਾਨ ਕਰਦੀ ਹੈ ਉਸ ਦੇ ਅਨੁਸਾਰ ਜੀਵਨ ਢਾਲਦੇ ਰਹਿਣ ਨਾਲ ਹੀ ਪੂਰਨ ਲਾਭ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਇਹ ਨਿਸਚਾ ਕਰਨਾ ਪਵੇਗਾ ਕਿ ਸਾਡਾ ਕਠੋਰ ਮਨ ਗੁਰੂ ਦੇ ਸਬਦ ਦੁਆਰਾ ਹੀ ਵਿੰਨ੍ਹਿਆਂ ਜਾ ਸਕਦਾ ਹੈ. ਇਸਨੂੰ ਸਥਿਰ ਕਰਨ ਦਾ ਕੋਈ ਹੋਰ ਸਾਧਨ ਹੀ ਨਹੀਂ, ਇਸ ਬਾਰੇ ਤੁਹਾਨੂੰ ਇਕ ਹੀਰੇ ਦਾ ਉਦਾਹਰਣ ਦਿੰਦੇ ਹਾਂ।

(੧) (ਵੇਖੋ) ਜਿਵੇਂ ਵਰਮੇਂ ਦੀ ਨੋਕ ਨਾਲ ਹੀਰੇ ਦੀ ਤਿੱਖੀ ਅਣੀ ਲਗਾ ਕੇ, ਹੀਰਾ ਹੌਲੀ ਹੌਲੀ ਵਿੰਨ੍ਹਿਆ ਜਾਂਦਾ ਹੈ (ਕਿਉਂਕਿ ਹੀਰਾ ਹੀਰੇ ਦੀ ਅਣੀ ਤੋਂ ਬਿਨਾਂ ਵਿੰਨ੍ਹਿਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਗੁਰੂ ਦੇ ਸ਼ਬਦ ਰੂਪ ਹੀਰੇ ਦੀ ਕਣੀ ਦੁਆਰੇ ਹੀ ਗੁਰਸਿੱਖ ਦੇ ਹੀਰੇ ਮਨ ਨੂੰ ਵਿੰਨ੍ਹਿਆ ਜਾ ਸਕਦਾ ਹੈ, ਹੋਰ ਕੋਈ ਉਪਾਓ ਨਹੀਂ ਹੈ)।

(੨) (ਅੱਗੋਂ) ਧਾਗੇ ਨਾਲ ਹੀਰਿਆਂ ਦੀ ਸੁੰਦਰ ਮਾਲਾ ਪਰੋ ਸਕੀਦੀ ਹੈ (ਭਾਵ ਪ੍ਰੇਮ ਦੀ ਡੋਰੀ ਹੋਵੇ) ਤਾਂ ਹੀਰਿਆਂ ਦੀ ਸੁੰਦਰ ਮਾਲਾ ਪਰੋਈ ਜਾਂਦੀ ਹੈ।

(੩) (ਕਿਉਂ ਜੀ) ਸਾਧਨ ਕੀ ਹੈ ? ਹੇ ਭਾਈ ! ਸਾਧ ਸੰਗਤ ਵਿਚ ਗੁਰੂ ਦੇ ਸ਼ਬਦ ਨਾਲ ਮਨ ਨੂੰ ਜੋੜ ਕੇ (ਮੈਂ ਮੇਰੀ ਦੀ) ਹੰਗਤਾ ਨੂੰ ਮਾਰ ਕੇ ਮਨ ਨੂੰ ਸਥਿਰ ਕਰੇ।

(੪) (ਬੱਸ) ਇਸੇ ਤਰ੍ਹਾਂ ਗੁਰਸਿੱਖ ਆਪਣਾ ਮਨ ਗੁਰੂ ਨੂੰ ਦੇਂਦਾ ਹੈ, ਤੇ ਗੁਰੂ ਕੋਲੋਂ ਮੰਤ੍ਰ (ਗੁਰਮੰਤ੍ਰ) ਲੈਂਦਾ ਤੇ ਮਨ ਨੂੰ ਜਿੱਤਦਾ ਹੈ। (ਇਹ ਵੱਡਾ) ਗੁਣਾਂ ਦਾ ਗੁਣ ਗੁਰਮੁਖਾਂ ਦੇ ਸਰੀਰ ਵਿਚ ਪੈਦਾ ਹੋ ਜਾਂਦਾ ਹੈ।

(੫) (ਇਸ ਤਰ੍ਹਾਂ) ਜੋ ਗੁਰਮੁਖ ਨਿੰਮ੍ਰਤਾ ਦਾ ਗੁਣ ਧਾਰਨ ਕਰਕੇ ਚਰਨਾਂ ਦੀ ਧੂੜੀ ਬਣ (ਗੁਰੂ ਸੰਤ ਦੀ) ਚਰਨੀ ਲੱਗ ਗਏ। ਉਸ ਚਰਨ ਧੂੜੀ ਦੀ ਸੰਮਤਾ ਕਾਮਧੇਨ ਗਊ ਭੀ ਨਹੀਂ ਕਰ ਸਕਦੀ।

ਪ੍ਰ: ਕਿਉਂ ਜੀ ! ਇਹ ਦਾਤ ਸਾਰਿਆਂ ਨੂੰ ਹੀ ਕਿਉਂ ਨਹੀਂ ਮਿਲ ਸਕਦੀ ?

(੬) ਉ: ਹੇ ਭਾਈ ! (ਚਾਹੁੰਦੇ ਤਾਂ ਬਹੁਤ ਲੋਕ ਹਨ ਪਰ) ਇਹ ਅਲੂਣੀ ਸਿਲਾ ਦੇ ਚੱਟਣ ਵਾਲੀ ਤਪੱਸਿਆ ਹੈ, ਜਿਸਦੇ ਅੰਮ੍ਰਿਤ ਰਸ ਨੂੰ ਪ੍ਰਾਪਤ ਕਰਨ ਲਈ ਲੱਖਾਂ ਤਰਸਦੇ ਹਨ, ਪਰ ਪ੍ਰਾਪਤ ਨਹੀਂ ਹੁੰਦਾ।

ਪ੍ਰ: ਕਿਉਂ ਜੀ ! ਕੀ ਇਸਦਾ ਭੀ ਕੋਈ ਖ਼ਾਸ ਕਾਰਨ ਹੈ ?

(੭) ਉ: ਹਾਂ, (ਕਿਉਂਕਿ ਹੇ ਭਾਈ!) ਗੁਰੂ ਪੀਰਾਂ ਦੀ ਸਿਖਿਆ ਨੂੰ (ਪੂਰਨ ਤੌਰ 'ਤੇ) ਕੋਈ ਵਿਰਲਾ ਹੀ ਸੁਣਦਾ (ਤੇ ਕਮਾਉਂਦਾ) ਹੈ।੧੬।

*ਭਾਵਾਰਥ :* ਭਾਈ ਸਾਹਿਬ ਜੀ ਨੇ ਹੀਰੇ ਦਾ ਉਦਾਹਰਣ ਦਿੱਤਾ ਹੈ ਕਿ ਜਿਵੇਂ ਹੀਰਾ ਹੀਰੇ ਦੇ ਕੋਲ ਪਿਆ ਹੋਵੇ ਉਹ ਹੀਰੇ ਵਿਚ ਛੇਕ ਨਹੀਂ ਕਰ ਸਕਦਾ ਜਿੰਨਾਂ ਚਿਰ ਹੀਰੇ ਦੀ ਕਣੀ ਨੂੰ ਵਰਮੇ ਦੀ ਨੋਕ ਨਾਲ ਚੜ੍ਹਤ ਨਹੀਂ ਕੀਤਾ ਜਾਂਦਾ, ਇਸੇ ਤਰ੍ਹਾਂ ਮਨ ਨੂੰ ਜਿਤਨਾ ਚਿਰ ਤੱਕ ਬਾਣੀ ਦੇ ਅਰਥ ਭਾਵ ਨਾਲ ਅਭੇਦ ਨਹੀਂ ਕੀਤਾ ਜਾਂਦਾ ਉਤਨਾ ਚਿਰ

ਇਸਨੂੰ ਆਪਣੀ ਸਹੀ ਮੰਜਿਲ ਦੀਆਂ ਉਚਾਣਾ 'ਤੇ ਪੁੱਜਣਾ ਅਸੰਭਵ ਹੈ। ਪਰ ਇਸ ਮਹਾ ਸਾਰ ਸੁਖ ਨੂੰ ਪ੍ਰਾਪਤ ਕਰਨ ਲਈ ਗੁਰੂ ਪੀਰਾਂ ਦੀ ਚਾਕਰੀ ਦਾ ਕਰਨਾ ਭੀ ਅਤਿ ਜ਼ਰੂਰੀ ਹੈ ਜੋ ਕਿ ਗੁਰ ਫ਼ੁਰਮਾਨ ਅਨੁਸਾਰ—ਗੁਰ ਪੀਰਾ ਕੀ ਚਾਕਰੀ ਮਹਾ ਕਰੜੀ ਸੁਖ ਸਾਰੁ॥—ਭਾਵ ਹੈ ਕਿ ਪਹਿਲੋਂ ਸੇਵਾ ਦੀ ਅਲੂਣੀ ਸਿਲਾ ਚੱਟਣੀ ਪੈਂਦੀ ਹੈ ਪਿਛੋਂ ਆਤਮ ਸੁਖ ਦਾ ਅਮੋਲਕ ਰਸ ਹਾਸਲ ਹੁੰਦਾ ਹੈ। ਪਰ, ਇਸ ਅਮੋਲਕ ਦਾਤ ਨੂੰ ਪ੍ਰਾਪਤ ਕਰਨ ਲਈ ਕੋਈ ਵਿਰਲਾ ਸਿਖ ਹੀ ਗੁਰੂ ਪੀਰ ਦੀ ਸਿਖਿਆ ਨੂੰ ਸੁਣਕੇ ਧਾਰਨ ਕਰਦਾ ਹੈ।

## ੧੭. ਜੀਵਨ ਮੁਕਤ ਗੁਰਸਿੱਖ ਦੀ ਕਰਨੀ

੧. ਗੁਰ ਸਿੱਖੀ ਗੁਰ ਸਿੱਖ ਸੁਣ
ਅੰਦਰ ਸਿਆਣਾ ਬਾਹਰੌਂ ਭੋਲਾ।
੨. ਸ਼ਬਦ ਸੁਰਤਿ ਸਾਵਧਾਨ ਹੋ
ਵਿਣ ਗੁਰਸ਼ਬਦ ਨ ਸੁਣਈ ਬੋਲਾ।
੩. ਸਤਿਗੁਰ ਦਰਸ਼ਨੁ ਦੇਖਣਾ
ਸਾਧਸੰਗਤ ਵਿਣ ਅੰਨ੍ਹਾ ਖੋਲਾ।
੪. ਵਾਹਿਗੁਰੂ ਗੁਰੁ ਸ਼ਬਦ ਲੈ
ਪਿਰਮ ਪਿਆਲਾ ਚੁਪ ਚਬੋਲਾ।
੫. ਪੈਰੀਂ ਪੈ ਪਾ ਖਾਕ ਹੋਇ
ਚਰਣ ਧੋਇ ਚਰਣੋਦਕ ਝੋਲਾ।
੬. ਚਰਣ ਕਵਲ ਚਿਤ ਭਵਰ ਕਰ
ਭਵਜਲ ਅੰਦਰ ਰਹੈ ਨਿਰੋਲਾ।
੭. ਜੀਵਣ ਮੁਕਤਿ ਸਚਾਵਾ ਚੋਲਾ॥੧੭॥

*ਪਦ ਅਰਥ :* ਭੋਲਾ—ਸਿੱਧਾ ਸਾਧਾ। ਅੰਨ੍ਹਾ ਖੋਲਾ—ਅੱਖੋਂ ਅੰਨ੍ਹਾ ਤੇ ਕੰਨੋਂ ਬੋਲਾ, ਅੰਨ੍ਹਾ ਕਾਣਾ। ਚਬੋਲਾ—ਪੀ ਜਾਂਦਾ ਹੈ। ਝੋਲਾ—ਲੀਤਾ। ਚੋਲਾ—ਜਾਮਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਜਿਤਨੇ ਭੀ ਗੁਰੂ ਨਾਨਕ ਨਾਮ ਲੇਵਾ ਸਿਖ ਸੰਗਤ ਵਿਚ ਆਉਂਦੇ ਵੇਖੀਂਦੇ ਹਨ, ਉਹ ਸਾਨੂੰ ਤਾਂ ਭਾਵੇਂ ਬਾਹਰੋਂ ਹਰ ਪੱਖੋਂ ਪੂਰਨ ਹੀ ਨਜਰ ਆਉਂਦੇ ਹਨ, ਕਿਉਂਕਿ ਉਨ੍ਹਾਂ ਦੀ ਬਾਹਰਲੀ ਰਹਿਣੀ, ਕਹਿਣੀ, ਬੋਲਚਾਲ ਬੜੀ ਹੀ ਨਿੰਮ੍ਰਤਾ ਭਰਪੂਰ ਵੇਖੀ ਜਾਂਦੀ ਹੈ, ਇਸੇ ਹੀ ਕਾਰਣ ਕਈ ਵੀਚਾਰੇ ਸਿਧੇ ਸਾਧੇ, ਨਿਸ਼ਕਪਟ, ਸਰਲ ਚਿੱਤ ਲੋਕ ਉਨ੍ਹਾਂ ਦੇ ਪਖੰਡ ਪਾਜ ਦੇ ਜਾਲ ਵਿਚ ਫਸ ਕੇ ਧੋਖਾ ਖਾ ਜਾਂਦੇ ਹਨ, ਪਰ ਆਪ ਜੀ ਦਸੋ ਉਨ੍ਹਾਂ ਤੋਂ ਬਚਣ ਲਈ ਕੀ ਸਾਧਨ ਕੀਤਾ ਜਾਏ ?

ਉ: ਹੇ ਭਾਈ ! ਵੇਖੋ ਜਿਵੇਂ ਸੋਨੇ ਦੇ ਬਣੇ ਗਹਿਣਿਆਂ ਵਿਚ ਰਲਾਈ ਖੋਟ ਨੂੰ ਪਰਖਣ ਲਈ ਸਰਾਫ਼ ਪਾਸ ਕਸਵੱਟੀ ਹੈ, ਉਹ ਕਸਵੱਟੀ ਦੀ ਪਰਖ ਤੋਂ ਬਿਨਾਂ ਉਨ੍ਹਾਂ ਗਹਿਣਿਆਂ ਦੀ ਸੁੰਦਰ ਬਨਾਵਟ, ਚਮਕ ਦਮਕ ਨੂੰ ਵੇਖ ਕੇ ਹੀ ਉਨ੍ਹਾਂ 'ਤੇ ਯਕੀਨ ਨਹੀਂ ਕਰ ਲੈਂਦਾ। ਇਸੇ ਤਰ੍ਹਾਂ ਸਿਆਣਾ ਗੁਰੂ ਦਾ ਸਿਖ ਕਿਸੇ ਭੇਖੀ ਦੇ ਬਾਹਰਲੇ ਲਿਬਾਸ ਨੂੰ, ਰਹਿਤ ਬਹਿਤ ਨੂੰ ਵੇਖ ਕੇ ਹੀ ਨਹੀਂ ਭਰਮ ਜਾਂਦਾ ਉਸਨੂੰ ਸੋਝੀ ਹੈ ਕਿ ਮੇਰੇ ਗੁਰੂ ਨੇ ਹਰ ਮਨੁੱਖ ਨੂੰ ਪਰਖਣ ਲਈ ਗੁਰਬਾਣੀ ਦੀ ਕਸੌਟੀ ਦਿੱਤੀ ਹੈ, ਉਹ ਗੁਰਬਾਣੀ ਰਾਹੀਂ ਪਰਖ ਕਰਕੇ ਹੀ ਪਤੀਜਦਾ ਹੈ, ਜਿਸਦਾ ਸਦਕਾ ਉਹ ਸਦਾ ਹੀ ਧੋਖੇਬਾਜ਼ਾਂ ਦੇ ਛਲ, ਵਲ ਤੋਂ ਬਚਿਆ ਰਹਿੰਦਾ ਹੈ।

ਪ੍ਰ: ਭਾਈ ਸਾਹਿਬ ਜੀਓ ! ਤੁਸੀਂ ਗੁਰਮਤ ਦੀ ਰੌਸ਼ਨੀ ਵਿਚ ਆਪਣੇ ਵੀਚਾਰ ਪ੍ਰਗਟ ਕਰੋ ਕਿ ਗੁਰੂ ਦੀ ਸਿਖਿਆ ਨੂੰ ਧਾਰਨ ਕਰਕੇ ਜੋ ਜੀਵਨ ਗੁਜ਼ਾਰਨ ਵਾਲਾ ਗੁਰੂ ਦਾ ਸਿਖ ਹੈ ਉਸਦੀ ਕਰਣੀ ਕੀ ਹੈ ?

ਉ: ਹੇ ਭਾਈ। ਅਜਿਹੇ ਪੂਰਨ ਗੁਰਸਿੱਖ ਦੇ ਸੰਪੂਰਨ ਗੁਣ ਤਾਂ ਨਹੀਂ ਕਹੇ ਜਾ ਸਕਦੇ, ਪਰ ਮੈਂ ਤੁੱਛ ਬੁੱਧੀ ਅਨੁਸਾਰ ਤੁੱਛ ਮਾਤਰ ਲੱਛਣ ਕਹਿਣ ਦਾ ਨਿਮਾਣਾ ਜਿਹਾ ਜਤਨ ਕਰਦਾ ਹਾਂ, ਜਿਵੇਂ ਕਿ :

(੧) ਹੇ ਪਿਆਰੇ ! ਜੋ ਸਹੀ ਰੂਪ ਵਿਚ ਗੁਰੂ ਦਾ ਸਿਖ ਹੈ, ਉਹ ਗੁਰੂ ਦੀ ਸਿਖਿਆ ਨੂੰ ਸੁਣ ਕੇ (ਉਸ ਦਾ ਮੰਨਣ ਕਰਦਾ ਹੈ) ਉਹ ਅੰਦਰੋ (ਗੁਰੂ ਦੀ ਸਿਖਿਆ 'ਤੇ ਅਮਲ ਕਰਕੇ) ਸਿਆਣਾ ਤੇ ਬਾਹਰੋਂ ਸਿੱਧ ਪੱਧਰੀ (ਹਾਲਤ ਵਾਲਾ) ਭੋਲਾ-ਭਾਲਾ ਲਗਦਾ ਹੈ।

(੨) (ਉਸਦਾ ਦੂਜਾ ਲੱਛਣ ਹੈ ਕਿ) ਉਹ ਸ਼ਬਦ ਨੂੰ ਸੁਰਤਿ (ਧਿਆਨ) ਵਿਚ ਰੱਖਦਾ ਹੈ, ਤੇ ਇਸ ਤੋਂ ਬਿਨਾਂ ਉਹ ਹੋਰ ਕੁੱਝ ਸੁਣਨਾ ਹੀ ਨਹੀਂ ਚਾਹੁੰਦਾ (ਭਾਵ ਹੋਰ ਕਿਸੇ ਸ਼ਬਦ ਨੂੰ ਉਹ ਸੁਣਦਾ ਹੀ ਨਹੀਂ।

(੩) (ਤੀਜਾ ਗੁਣ ਉਸ ਵਿਚ ਇਹ ਹੈ ਕਿ) ਉਹ ਕੇਵਲ ਸਤਿਗੁਰੂ ਦੇ ਹੀ ਦਰਸ਼ਨ ਕਰਦਾ ਹੈ ਤੇ ਸਾਧ ਸੰਗਤ

ਵਿਚੋਂ ਗੁਰਮਤ ਦੀਆ ਵੀਚਾਰਾ ਸੁਣਦਾ, ਤੇ ਹੋਰ ਦੇਖਣ ਵੱਲੋਂ ਉਹ ਅੰਨ੍ਹਿਆ ਵਾਂਗ ਤੇ ਸੁਣਨ ਵੱਲੋਂ ਬੋਲਿਆਂ ਵਾਂਗ ਹੋ ਜਾਂਦਾ ਹੈ।

(੪) (ਚੌਥੀ ਵਿਸ਼ੇਸ਼ਤਾ ਹੈ ਕਿ) ਉਹ ਵਾਹਿਗੁਰੂ ਮੰਤ੍ਰ ਦਾ ਪ੍ਰੇਮ ਪਿਆਲਾ ਗੁਰਾਂ ਤੋਂ ਪ੍ਰਾਪਤ ਕਰਕੇ, ਬੱਸ, ਉਸੇ ਨੂੰ ਹੀ ਹੋਲੀ ਹੋਲੀ ਪੀਦਾ ਜਾਂਦਾ ਹੈ।

(੫) (ਪੰਜਵਾਂ ਗੁਣ ਹੈ ਕਿ) ਉਹ ਚਰਨਾਂ ਦੀ ਧੂੜੀ ਬਣ ਕੇ, ਚਰਨਾਂ 'ਤੇ ਮੱਥੇ ਟੇਕਦਾ, ਚਰਨਾਂ ਦਾ ਧੋਣ (ਚਰਨਾਮ੍ਰਿਤ) ਹੀ ਲੈ ਲੈ ਅੰਮ੍ਰਿਤ ਵਾਂਗ ਮੂੰਹ ਲਾਉਂਦਾ ਹੈ।

(੬) (ਛੇਵਾਂ ਗੁਣ ਉਸਦਾ ਇਹ ਹੈ ਕਿ) ਉਹ ਭਵਰੇ ਵਾਂਗੂ ਚਰਨ ਕਵਲਾਂ ਦਾ ਨਿਰੋਲ ਪ੍ਰੇਮੀ ਬਣ ਕੇ, ਹੋਰ ਪਾਸਿਆਂ (ਸੰਸਾਰੀ ਖਿੱਚਾ ਤੋਂ) ਬਿਲਕੁਲ ਨਿਰਲੇਪ ਹੋ ਅਛੋਹ ਬਣ ਜਾਂਦਾ ਹੈ।

(੭) (ਉਸਦਾ ਯਕੀਨ ਹੈ ਕਿ) ਜੀਵਨ ਮੁਕਤੀ ਦਾ ਇਹ ਸੱਚਾ ਚੋਲਾ (ਜਾਮਾ) ਹੈ। ਭਾਵ ਇਹ ਸਰੀਰ ਰੂਪੀ ਚੋਲਾ, ਇਸੇ ਤਰ੍ਹਾਂ ਗੁਰਸਿੱਖੀ 'ਤੇ ਚੱਲ ਕੇ ਸਫਲਾ ਹੁੰਦਾ ਹੈ।੧੭।

***ਭਾਵਾਰਥ :*** ਉਪ੍ਰੋਕਤ ਚੰਦ ਸਤਰਾਂ ਵਿਚ ਭਾਈ ਸਾਹਿਬ ਜੀ ਉਸ ਗੁਰਸਿੱਖ ਦੇ ਜੀਵਨ ਬਾਰੇ ਜ਼ਿਕਰ ਕਰਦੇ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਹੁੰਦਾ ਹੋਇਆ ਭੀ ਉਸੇ ਘੜੇ ਵਾਂਗ ਅਡੋਲ ਰਹਿੰਦਾ ਹੈ ਜੋ ਪਾਣੀ ਦਾ ਭਰਿਆ ਹੋਇਆ ਹਵਾ ਦੇ ਤਿਖੇ ਵੇਗ ਨਾਲ ਭੀ ਛਲਕਦਾ ਨਹੀਂ, ਡਲ੍ਹਕਦਾ ਨਹੀਂ, ਉਹ ਕੇਵਲ ਆਪਣੇ ਗੁਰੂ ਦੇ ਦਰਸ਼ਨਾਂ ਦਾ ਹੀ ਮੁਤਲਾਸ਼ੀ ਹੈ, ਹੋਰ ਸੰਸਾਰਿਕ ਮਾਇਆ ਦੇ ਦ੍ਰਿਸ਼ ਉਸ ਨੂੰ ਰੰਚਕ ਮਾਤ੍ਰ ਭੀ ਪ੍ਰਭਾਵਿਤ ਨਹੀਂ ਕਰਦੇ, ਉਹ ਪ੍ਰਭੂ ਦੇ ਚਰਨਾਂ ਕਵਲਾ ਵਿਚ ਸਦਾ ਹੀ ਭਵਰੇ ਵਾਂਗੂੰ ਮਸਤ ਰਹਿੰਦਾ ਹੋਇਆ ਸੰਸਾਰ ਤੋਂ ਨਿਰਲੇਪ ਰਹਿੰਦਾ ਹੈ, ਉਸਨੂੰ ਇਹ ਨਿਸਚਾ ਹੈ ਕਿ ਜੀਵਨ ਮੁਕਤੀ ਪ੍ਰਾਪਤ ਕਰਨ ਲਈ ਇਹ ਮਨੁੱਖੀ ਜਾਮਾ ਹੀ ਇਕ ਸੱਚੀ ਅਮੋਲਕ ਦਾਤ ਹੈ।

## ੧੮. ਵਾਲ ਦਾ ਉਦਾਹਰਣ

**੧. ਸਿਰ ਵਿਚ ਨਿੱਕੇ ਵਾਲ ਹੋਇ**
**ਸਾਧੂ ਚਰਨ ਚਵਰ ਕਰ ਢਾਲੈ।**
**੨. ਗੁਰ ਸਰ ਤੀਰਥ ਨ੍ਹਾਇ ਕੈ**
**ਹੰਝੂ ਭਰ ਭਰ ਪੈਰ ਪਖਾਲੈ।**
**੩. ਕਾਲੀਂ ਹੂੰ ਧਉਲੇ ਕਰੇ**
**ਚੱਲਣ ਜਾਣ ਨੀਸ਼ਾਣ ਸਮ੍ਹਾਲੇ।**
**੪. ਪੈਰੀਂ ਪੈ ਪਾ ਖਾਕ ਹੋਇ**
**ਪੂਰਾ ਸਤਿਗੁਰ ਨਦਰਿ ਨਿਹਾਲੇ।**
**੫. ਕਾਗ ਕੁਮੰਤਹੁੰ ਪਰਮ ਹੰਸ**
**ਉਜਲ ਮੋਤੀ ਖਾਇ ਖਵਾਲੇ।**
**੬. ਵਾਲਹੁੰ ਨਿੱਕੀ ਆਖੀਐ**
**ਗੁਰ ਸਿੱਖੀ ਸੁਣ ਗੁਰਸਿੱਖ ਪਾਲੈ।**
**੭. ਗੁਰਸਿਖ ਲੰਘੇ ਪਿਰਮ ਪਿਆਲੈ ॥੧੮॥**

***ਪਦ ਅਰਥ :*** ਨਿੱਕੇ—ਬਰੀਕ, ਮਹੀਨ, ਪਤਲੇ। ਪਖਾਲੈ—ਧੋਵੇ। ਕੁਮੰਤਹੁੰ—ਭੈੜਾ ਵਜ਼ੀਰ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ! ਹਿੰਦੂ ਮੱਤ ਦਾ ਪੁਰਾਤਨ ਇਤਿਹਾਸ ਸੁਣਨ ਵਿਚ ਆਉਂਦਾ ਹੈ ਕਿ ਪੁਰਾਣੇ ਜੁਗਾਂ ਦੇ ਰਿਖੀ ਮੁਨੀ ਹਜਾਰਾ ਸਾਲ ਜਪ, ਤਪ, ਕਠਿਨ ਤਪੱਸਿਆ ਕਰਦੇ ਰਹਿੰਦੇ, ਉਹ ਕਰ ਭੀ ਸਕਦੇ ਸਨ ਕਿਉਂਕਿ ਉਨ੍ਹਾ ਦੀਆਂ ਉਮਰਾਂ ਭੀ ਬਹੁਤ ਵਡੇਰੀਆ ਮੰਨੀਆ ਗਈਆਂ ਹਨ। ਪਰ ਅਜੋਕੇ ਜੁਗ ਦਾ ਮਨੁੱਖ ਉਮਰ ਕਰਕੇ ਬਹੁਤ ਛੁਟੇਰਾ ਹੈ ਜੋ ਕਿ ਲੰਬੇਰੇ ਕਠਿਨ ਸਾਧਨ ਨਹੀਂ ਕਰ ਸਕਦਾ, ਇਸ ਲਈ ਆਪ ਜੀ ਕੋਈ ਅਜਿਹਾ ਸੁਖੈਨ ਸਾਧਨ ਦਸੋ ਜਿਸਦਾ ਸਦਕਾ ਇਸ ਜੁਗ ਦੇ ਹਰ ਪੱਖੋਂ ਕਮਜ਼ੋਰ ਜੀਵ ਇਸ ਸੰਸਾਰ ਭਵਜਲ ਤੋਂ ਪਾਰ ਹੋ ਸੱਕਣ?

**ਉ:** ਹੇ ਭਾਈ! ਪੁਰਾਤਨ ਤੇ ਅਜੋਕੇ ਜੁਗਾ ਦੇ ਸੰਬੰਧ ਵਿਚ ਗੁਰਬਾਣੀ ਨੇ ਬਹੁਤ ਖੁਲਾਸੇ ਰੂਪ ਵਿਚ ਵੀਚਾਰ ਪ੍ਰਗਟਾਏ ਹਨ, ਜਿਸਦਾ ਮੁਖ ਸਿਧਾਂਤ ਇਹੋ ਸਮਝਣ ਵਿਚ ਆਉਂਦਾ ਹੈ ਕਿ ਇਸ ਜੁਗ ਵਿਚ ਕੇਵਲ ਉਸ ਪ੍ਰਭੂ ਦਾ ਮਨ ਕਰਕੇ ਨਾਮ ਹੀ ਸਿਮਰਦੇ ਰਹਿਣਾ ਚਾਹੀਦਾ ਹੈ, ਅਤੇ ਸਰੀਰ ਕਰ ਕੇ ਸੰਤ ਜਨਾ ਦੀ ਹਰ ਪ੍ਰਕਾਰ ਦੀ ਸੇਵਾ ਕਰਦੇ ਰਹਿਣਾ ਯੋਗ ਹੈ, ਪਰ ਇਹ ਦੋਵੇ ਸਾਧਨ ਨਿਰਮਾਣ, ਨਿਰਹੰਕਾਰ ਹੋ ਕੇ ਕੀਤੇ ਜਾਣ ਨਾਲ ਹੀ ਸਫਲਤਾ ਮਿਲੇਗੀ, ਇਨ੍ਹਾਂ ਦੇ ਕਰਦੇ ਰਹਿਣ ਦਾ ਅਭਿਮਾਨ ਇਨ੍ਹਾਂ ਦੈਵੀ ਗੁਣਾ ਨੂੰ ਨਿਸਫਲ ਭੀ ਗਵਾ ਦੇਂਦਾ ਹੈ, ਜੇ ਪੁਛੋ ਕਿ ਇਨ੍ਹਾਂ ਸੁਭ ਗੁਣਾ ਦੇ ਕਰਦੇ ਰਹਿਣ ਦੀ ਰੂਪ ਰੇਖਾ ਕੀ ਹੈ, ਤਾਂ ਉਨ੍ਹਾਂ ਦਾ

ਥੋੜੇ ਮਾਤ੍ਰ ਜ਼ਿਕਰ ਕਰਦੇ ਹਾਂ, ਜਿਸ ਤੋਂ ਸਾਧਨਾ ਕਰਦੇ ਰਹਿਣ ਵਾਲੇ ਨੂੰ ਸਦੀਵੀ ਕਾਲ ਸੇਧ ਮਿਲਦੀ ਰਹੇਗੀ।

(੧) (ਵੇਖੋ) ਸਿਰ ਦੇ ਕੇਸ (ਪਤਲੇ) ਬੜੇ ਨਿੱਕੇ ਹਨ (ਚਾਹੀਦਾ ਹੈ ਕਿ ਜਿਨ੍ਹਾਂ ਦਾ) ਚਵਰ ਬਣਾ ਕੇ ਸੰਤਾਂ ਦੇ (ਚਰਨਾਂ ਨੂੰ) ਸਾਫ਼ ਕਰੇ ਜਾਂ ਚਵਰ ਵਾਂਗੂੰ ਉਨ੍ਹਾਂ ਦੇ ਉੱਪਰ ਝੁਲਾਵੇ।

ਪ੍ਰ: ਕਿਉਂ ਜੀ! ਕਈਆਂ ਦਾ ਵੀਚਾਰ ਹੈ ਕਿ ਤੀਰਥਾਂ ਦਾ ਹੀ ਇਸ਼ਨਾਨ ਕਰਦਾ ਰਹੇ?

(੨) ਉ: ਹੇ ਭਾਈ! ਅਸਲ ਤੀਰਥ ਗੁਰੂ ਦਾ ਸ਼ਬਦ ਉਪਦੇਸ਼ ਰੂਪ ਹੀ ਤੀਰਥ ਹੈ, ਇਸ ਵਿਚ ਹੀ ਇਸ਼ਨਾਨ ਕਰੇ ਤੇ (ਪ੍ਰੇਮ ਦੇ) ਹੰਝੂਆਂ ਨਾਲ ਚਰਨਾਂ ਨੂੰ ਧੋਵੇ (ਭਾਵ ਗਦ ਗਦ ਹੋ ਕੇ ਅਤਿਅੰਤ ਪ੍ਰੀਤ ਕਰੇ।)

(੩) (ਜਦੋਂ ਕੁਦਰਤ ਵੱਲੋਂ) ਕਾਲੇ ਵਾਲ ਚਿੱਟੇ ਕਰ ਦਿੱਤੇ ਜਾਣ ਤਾਂ ਇਹ ਨਿਸ਼ਾਨੀ ਜਾਣੋਂ ਕਿ ਹੁਣ ਸੰਸਾਰ ਤੋਂ ਚੱਲਣ ਦਾ ਸਮਾਂ ਆ ਗਿਆ ਹੈ।

(੪) (ਬੱਸ) ਹੁਣ ਤਾਂ ਇਹ ਗੁਰੂ ਦੇ ਚਰਨੀਂ ਲੱਗ ਲੱਗ ਕੇ ਚਰਨਾਂ ਦੀ ਧੂੜ ਹੀ ਬਣ ਜਾਏ ਤਾਂ ਇਸ ਸਮੇਂ ਪੂਰਾ ਸਤਿਗੁਰੂ ਆਪਣੀ ਨਦਰ (ਮਿਹਰ) ਕਰਕੇ ਨਿਹਾਲ ਕਰੇ, ਜਾਂ ਕ੍ਰਿਪਾ ਦੀ ਨਦਰ ਸਿਖ ਉੱਤੇ ਸੁੱਟ ਕੇ ਉਸਨੂੰ ਨਿਹਾਲ ਕਰ ਦੇਵੇਗਾ।

(੫) ਕਾਂ ਵਰਗੇ ਕਾਲੇ ਕੁਮੱਤੀ ਮਨ ਨੂੰ ਨਿਰਮਲ ਹੰਸ ਵਰਗਾ ਚਿੱਟਾ ਕਰੇ ਜੋ ਉੱਜਲ ਮੋਤੀ ਬਣ (ਉੱਤਮ ਗੁਣ) ਆਪ ਵਿਹਾਝੇ (ਭਾਵ ਖਾਵੇ) ਤੇ ਹੋਰ ਨੂੰ ਖੁਆਵੇ।

(੬) (ਇਹ ਤਾਂ ਸੱਚ ਹੈ ਕਿ ਇਹ ਸਿੱਖੀ) ਵਾਲ ਤੋਂ ਭੀ ਨਿੱਕੀ (ਭਾਵ ਕਠਿਨ ਘਾਲਣਾ ਵਾਲੀ) ਕਹੀਦੀ ਹੈ, ਪਰ ਗੁਰਸਿਖ ਇਨ੍ਹਾਂ ਨੂੰ ਘਾਲਦਾ ਤੇ ਸਿੱਖੀ (ਦੇ ਨਿਯਮਾਂ ਨੂੰ ਹਰ ਹਾਲਤ ਵਿਚ) ਪਾਲਦਾ ਹੈ।

(੭) (ਇਸ ਤਰ੍ਹਾਂ) ਗੁਰਸਿੱਖ (ਇਸ ਸੰਸਾਰ ਭਵਜਲ ਨੂੰ) ਗੁਰੂ ਦੇ ਬਖ਼ਸ਼ੇ ਸ਼ਬਦ ਦੇ ਪ੍ਰੇਮ ਰਸ ਨਾਲ ਪਾਰ ਕਰਦਾ ਹੈ।੧੮।

***ਭਾਵਾਰਥ :*** ਭਾਈ ਸਾਹਿਬ ਜੀ ਉਪ੍ਰੋਕਤ ਚੰਦ ਸਤਰਾਂ ਵਿਚ ਇਸ ਸੰਸਾਰ ਸਮੁੰਦਰ ਤੋਂ ਪਾਰ ਹੋਣ ਦਾ ਸਾਧਨ ਕੇਵਲ ਸਤਿ ਸੰਗਤ ਦੀ ਸੇਵਾ ਤੇ ਮਨ ਦੀ ਉੱਜਲਤਾ ਸਿੱਖੀ ਦਾ ਪਾਲਨ ਕਰਨਾ ਅਤੇ ਉਸ ਪ੍ਰਭੂ ਦੇ ਪ੍ਰੇਮ ਨੂੰ ਹੀ ਸਹੀ ਸਾਧਨ ਦਰਸਾ ਰਹੇ ਹਨ। ਪੁਰਾਤਨ ਜੁਗਾਂ ਦੇ ਜਪ ਤਪ ਆਦਿ ਸਾਧਨ ਇਸ ਕਲਜੁਗ ਵਿਚ ਕਰਨੇ ਕਠਿਨ ਹਨ, ਇਸ ਲਈ ਨਾਮ ਦਾ ਹੀ ਸਿਮਰਨ ਕਰਨਾ ਯੋਗ ਹੈ।

## ੧੯. ਗੁੱਲਰ ਦਾ ਬ੍ਰਿਛ ਤੇ ਉਸ ਵਿਚ ਕੀੜਾ

੧. ਗੁੱਲਰ ਅੰਦਰ ਭੁਣਹਣਾ  
ਗੁੱਲਰ ਨੋਂ ਬ੍ਰਹਮੰਡ ਵਖਾਣੈ।  
੨. ਗੁੱਲਰ ਲੱਗਣ ਲੱਖ ਫਲ  
ਇਕ ਦੂ ਲੱਖ ਅਲੱਖ ਨ ਜਾਣੈ।  
੩. ਲਖ ਲਖ ਬਿਰਖ ਬਗੀਚਿਅਹੁ  
ਲੱਖ ਬਗੀਚੇ ਬਾਗ ਵਖਾਣੈ।  
੪. ਲੱਖ ਬਾਗ ਬ੍ਰਹਮੰਡ ਵਿਚ  
ਲੱਖ ਬ੍ਰਹਮੰਡ ਲੂੰਅ ਵਿਚ ਆਣੈ।  
੫. ਮਿਹਰ ਕਰੇ ਜਿ ਮਿਹਰਵਾਨ  
ਗੁਰਮੁਖ ਸਾਧਸੰਗਤ ਰੰਗ ਮਾਣੈ।  
੬. ਪੈਰੀਂ ਪੈ ਪਾ ਖਾਕ ਹੋਇ  
ਸਾਹਿਬ ਦੇ ਚੱਲੈ ਉਹ ਭਾਣੈ।  
੭. ਹਉਮੈਂ ਜਾਇ ਤ ਜਾਇ ਸਿਞਾਣੈ ॥੧੯॥

***ਪਦ ਅਰਥ :*** ਭੁਣਹਣਾ—ਮੱਛਰ ਦੀ ਸ਼ਕਲ ਦਾ ਇਕ ਕੀੜਾ। ਲੂੰਅ—ਰੋਮ। ਜਾਇ—ਸ੍ਵੈ-ਸਰੂਪ ਦੀ ਜਗ੍ਹਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਇਸ ਸੰਸਾਰ ਦੀ ਰਚਨਾ ਰਚੀ ਬਾਰੇ ਬਹੁਤ ਸਾਰੇ ਲੇਖਕਾਂ ਦੀਆਂ ਲਿਖਤਾਂ ਪੜ੍ਹਦੇ ਹਾਂ ਤਾਂ ਕਿਸੇ ਇਕ ਲਿਖਾਰੀ ਦੀ ਲਿਖਤ ਦੂਸਰੇ ਦੀ ਵੀਚਾਰ ਨਾਲ ਉੱਕਾ ਹੀ ਤਾਲਮੇਲ ਨਹੀਂ ਰੱਖਦੀ ਜਿਵੇਂ ਕਿ:

(੧) ਹਿੰਦੂ ਮੱਤ ਕਹਿੰਦਾ ਹੈ ਕਿ ਇਸ ਜਗਤ ਰਚਨਾ ਰਚੀ ਨੂੰ, ਇਕ ਅਰਬ, ਛਿਆਨਵੇਂ ਕ੍ਰੋੜ, ਅੱਠ ਲੱਖ, ਤਰਵੰਜਾ ਹਜ਼ਾਰ ਵਰ੍ਹੇ ਹੋ ਗਏ ਹਨ।

(੨) ਈਸਾਈ ਮੱਤ ਕਹਿੰਦਾ ਹੈ ਕਿ ਛੇ ਹਜ਼ਾਰ ਵਰ੍ਹੇ ਹੋਏ ਹਨ।

(੩) ਮੁਸਲਮਾਨਾਂ ਦੇ ਮੱਤ ਅਨੁਸਾਰ ਜਗਤ ਦੀ ਰਚਨਾ ਨੂੰ ਰਚਿਆਂ ਚੌਦਾਂ ਹਜ਼ਾਰ ਵਰ੍ਹੇ ਗੁਜ਼ਰ ਗਏ ਹਨ।

(੪) ਪਰ ਜਦੋਂ ਅਸੀ ਪੱਛਮੀ ਲੇਖਕਾਂ ਦੀ ਰਾਇ ਪੜ੍ਹਦੇ ਹਾਂ ਤਾਂ ਉਨ੍ਹਾਂ ਵਿਚੋਂ ਕਈਆਂ ਦਾ ਖਿਆਲ ਹੈ ਕਿ ਜਦੋਂ

ਇਹ ਧਰਤੀ ਬਨਾਸਪਤੀ ਪੈਦਾ ਕਰਨ ਦੇ ਯੋਗ ਹੋਈ ਉਸ ਅਰੰਭਤਾ ਦੇ ਸਮੇਂ ਨੂੰ ਡੇਢ ਕ੍ਰੋੜ ਸਾਲ ਗੁਜ਼ਰ ਗਏ ਹਨ।

(੫) ਪਰ ਜਦੋਂ ਅਸੀਂ ਪ੍ਰੋਫੈਸਰ ਕੇਰਲਾ ਦਾ ਖ਼ਿਆਲ ਪੜ੍ਹੀਏ ਤਾਂ ਇਹ ਕਹਿੰਦਾ ਹੈ ਕਿ ਜਗਤ ਰਚਨਾ ਰਚੀ ਗਈ ਨੂੰ ਸੱਤ ਕ੍ਰੋੜ ਸਾਲ ਬੀਤ ਗਏ ਹਨ।

(੬) ਵਿਲਿਅਮ ਟਾਮਸ ਦੇ ਮੱਤ ਅਨੁਸਾਰ ਜਗਤ ਰਚਨਾ ਰਚੀ ਗਈ ਨੂੰ ਦਸ ਕ੍ਰੋੜ ਸਾਲ ਗੁਜ਼ਰ ਗਏ ਹਨ।

(੭) ਪਰ ਜਦੋਂ ਪ੍ਰੋਫੈਸਰ ਹਿਲਨਰ ਦੇ ਵੀਚਾਰ ਪੜ੍ਹੀਏ ਤਾਂ ਉਹ ਇਸ ਜਗਤ ਰਚਨਾ ਬਣੀ ਨੂੰ ਕੇਵਲ ਦੋ ਕ੍ਰੋੜ ਸਾਲ ਹੀ ਬੀਤੇ ਦੱਸਦਾ ਹੈ।

ਇਸ ਤਰ੍ਹਾਂ ਹੋਰ ਭੀ ਕਈ ਮੱਤ ਜਗਤ ਰਚਨਾ ਬਾਰੇ ਪੜ੍ਹੇ ਗਏ ਹਨ, ਜਿਨ੍ਹਾਂ ਦਾ ਪਰਸਪਰ ਉੱਕਾ ਹੀ ਤਾਲਮੇਲ ਨਹੀਂ ਵੇਖਿਆ ਜਾਂਦਾ, ਪਰ ਅਸੀਂ ਚਾਹੁੰਦੇ ਹਾਂ ਕਿ ਆਪ ਜੀ ਸਾਨੂੰ ਇਸ ਜਗਤ ਰਚਨਾ ਦੇ ਬਾਰੇ ਗੁਰਮਤ ਅਨੁਸਾਰ ਰੌਸ਼ਨੀ ਪਾਓ ਕਿ ਇਹ ਰਚਨਾ ਕਦੋਂ ਤੇ ਕਿਵੇਂ ਰਚੀ ਗਈ ਹੈ, ਅਸੀਂ ਇਤਕਾਦ ਰੱਖਦੇ ਹਾਂ ਕਿ ਗੁਰਮਤ ਦੀ ਸਿਧਾਂਤਕ ਵੀਚਾਰ ਸਰਬੋਤਮ ਸਾਡੇ ਧਾਰਨ ਕਰਨ ਯੋਗ ਹੈ?

ਉ: ਹੇ ਭਾਈਓ! ਇਹੋ ਪ੍ਰਸ਼ਨ ਕਦੀ ਸੁਮੇਰ ਪਰਬਤ ਤੇ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਨਮੁਖ ਹੋ ਕੀਤਾ ਸੀ ਕਿ ਹੇ ਬਾਲਾ! ਦਸੋ?

ਪ੍ਰ: ਕਵਣੁ ਸੁ ਵੇਲਾ ਵਖਤੁ ਕਵਣੁ॥ *(ਜਪੁਜੀ)*

ਉ: ਤਦੋਂ ਗੁਰਦੇਵ ਨੇ ਉੱਤਰ ਦਿੱਤਾ ਸੀ ਕਿ ਹੇ ਸਿੱਧੋ! ਸੁਣੋ:

ਵੇਲ ਨ ਪਾਈਆ ਪੰਡਤੀ॥
ਵਖਤੁ ਨ ਪਾਇਓ ਕਾਦੀਆ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ॥ *(ਜਪੁਜੀ)*

ਹੋਰ ਭੀ ਕਈ ਥਾਵਾਂ 'ਤੇ ਅੰਕਿਤ ਕਰਦੇ ਹਨ ਜਿਵੇਂ ਕਿ:

ਬੀਓ ਪੂਛਿ ਨ ਮਸਲਤਿ ਧਰੈ॥ *(ਪੰਨਾ ੮੬੩)*

ਜੋ ਕਿਛੁ ਕਰਣਾ ਸੁ ਕਰਿ ਰਹਿਆ॥ *(ਪੰਨਾ ੪੬੯)*

ਜਾਂ—ਜਦਹੁ ਆਪੇ ਥਾਟੁ ਕੀਆ ਬਹਿ ਕਰਤੈ॥ *(ਪੰਨਾ ੫੫੧)*

ਸਮੁੱਚਾ ਭਾਵ ਇਹੋ ਹੈ ਕਿ ਉਸਨੇ ਸ੍ਰਿਸ਼ਟੀ ਰਚਨਾ ਦੇ ਅਰੰਭ ਸਮੇਂ ਕਿਸੇ ਦੂਸਰੇ ਦੀ ਸਲਾਹ, ਮਸ਼ਵਰਾ ਨਹੀ ਲਿਆ। ਕਿਉਂਕਿ ਉਦੋਂ ਉਸਤੋਂ ਭਿੰਨ ਹੋਰ ਦੂਸਰਾ ਕੋਈ ਭੀ ਨਹੀਂ ਸੀ, ਜਿਸਦੀ ਕਿ ਉਹ ਦਲੀਲ, ਰਾਇ ਲੈਂਦਾ।

ਪ੍ਰ: ਭਾਈ ਸਾਹਿਬ ਜੀਓ! ਜੋ ਪੁਰਾਤਨ ਲੇਖਕਾਂ ਨੇ ਆਪਣੀਆਂ ਲਿਖਤਾਂ ਰਾਹੀਂ ਸੰਸਾਰ ਦੇ ਰਚੇ ਜਾਣ ਬਾਰੇ ਆਪੋ ਆਪਣੇ ਅੰਦਾਜ਼ੇ ਲਗਾਏ ਹਨ, ਉਨ੍ਹਾਂ ਬਾਰੇ ਆਪ ਜੀ ਕੀ ਦਲੀਲ ਰੱਖਦੇ ਹੋ, ਕੀ ਜਾਣਕਾਰੀ ਦਿਓਗੇ?

ਉ: ਹੇ ਭਾਈਓ! ਮੈਨੂੰ ਤਾਂ ਉਹ ਸਾਰੇ ਹੀ ਲੇਖਕ ਇਕ ਗੁਲਰ ਦੇ ਬਿਰਖ ਨੂੰ ਲੱਗੇ ਹੋਏ ਫਲ ਵਿਚ ਵੱਸ ਰਹੇ ਕੀੜੇ ਦੀ ਨਿਆਈਂ ਨਜ਼ਰ ਆਉਂਦੇ ਹਨ, ਜੋ ਕਿ ਉਸ ਫਲ ਨੂੰ ਹੀ ਬ੍ਰਹਿਮੰਡ ਸਮਝਦਾ ਹੈ (ਗੁਲਰ, ਪਿੱਪਲ ਜਾਂ ਬੋਹੜ ਦੀ ਜਾਤੀ ਦਾ ਇਕ ਬ੍ਰਿਛ ਹੈ ਇਸਦਾ ਫਲ ਅੰਜੀਰ ਨਾਲ ਮਿਲਦਾ-ਜੁਲਦਾ ਹੈ)।

ਪ੍ਰ: ਕਿਉਂ ਭਾਈ ਸਾਹਿਬ ਜੀਓ! ਜੋ ਤੁਸਾਂ ਪੁਰਾਤਨ ਲਿਖਾਰੀਆਂ ਨੂੰ ਕਿਸੇ ਗੁਲਰ ਦੇ ਫਲ ਵਿਚ ਵਸ ਰਹੇ ਕੀੜੇ ਦਾ ਉਦਾਹਰਣ ਦਿੱਤਾ ਹੈ ਕੀ ਇਸ ਨੂੰ ਖ਼ੁਲਾਸੇ ਰੂਪ ਵਿਚ ਪ੍ਰਗਟਾਉਣ ਦਾ ਜਤਨ ਕਰੋਗੇ, ਤਾਂ ਕਿ ਸਾਨੂੰ ਸਹੀ ਜਾਣਕਾਰੀ ਮਿਲ ਸੱਕੇ?

(੧) ਉ: ਹੇ ਭਾਈ! ਵੇਖੋ, (ਜਿਵੇਂ) ਇਕ ਗੁਲਰ ਦੇ ਬਿਰਖ ਵਿਚ ਭੁਣਹਣਾ ਕੀੜਾ ਹੁੰਦਾ ਹੈ, ਉਹ ਗੁਲਰ ਦੇ (ਬ੍ਰਿਛ) ਨੂੰ ਹੀ ਬ੍ਰਹਿਮੰਡ (ਸਾਰਾ ਸੰਸਾਰ) ਕਹਿੰਦਾ ਹੈ। ਉਸਨੂੰ ਅੱਗੇ ਕੋਈ ਸੋਝੀ ਨਹੀਂ।

(੨) (ਪਰ) ਉਸ ਗੁਲਰ ਨੂੰ ਲੱਖਾਂ ਫਲ ਲੱਗਦੇ ਹਨ, ਪਰ (ਉਨ੍ਹਾਂ) ਫਲਾਂ ਦੇ ਲੱਥਣ ਭਾਵ (ਵੱਖ ਹੋਣ) ਮਗਰੋਂ ਉਹ ਲੱਖਾਂ ਵਾਲਾ ਹੋ ਕੇ ਫਿਰ ਇਕੱਲੇ ਦਾ 'ਕੱਲਾ ਰਹਿ ਜਾਂਦਾ ਹੈ।

(੩) (ਹੁਣ ਜਦੋਂ ਵੀਚਾਰ ਕਰੀਏ ਤਾਂ) ਇਕ ਬਗੀਚੇ ਵਿਚ ਲੱਖਾਂ ਬ੍ਰਿਛ ਹੁੰਦੇ ਹਨ ਤੇ ਲੱਖਾਂ ਬਗੀਚਿਆਂ ਦੇ ਬ੍ਰਿਛ ਇਕ ਬਾਗ਼ ਕਹੀਦੇ ਹਨ।

(੪) (ਇਸ ਤਰ੍ਹਾਂ) ਬ੍ਰਹਿਮੰਡ ਸੰਸਾਰ ਵਿਚ ਲੱਖਾਂ ਬਾਗ਼ ਹਨ, ਪਰ ਐਸੇ ਲੱਖਾਂ ਬ੍ਰਹਿਮੰਡ (ਸੰਸਾਰ ਦੇ ਇਕ) ਲੂੰਅ ਵਿਚ ਸਮਾਏ ਹੋਏ ਹਨ।

ਪ੍ਰ: ਕਿਉਂ ਜੀ, ਇਹ ਸੋਝੀ ਸਾਰਿਆਂ ਨੂੰ ਹੀ ਕਿਉਂ ਨਹੀ ਹੋ ਆਉਂਦੀ?

(੫) ਉ: ਹੇ ਭਾਈ! (ਚਾਹੁੰਦੇ ਤਾਂ ਸਾਰੇ ਹੀ ਹਨ ਪਰ) ਜਿਸ ਉੱਤੇ ਮਿਹਰਵਾਨ (ਪ੍ਰਭੂ) ਕ੍ਰਿਪਾ ਕਰੇ, ਉਹ ਗੁਰਮੁਖਾਂ ਦੀ ਸਾਧ ਸੰਗਤ ਵਿਚ ਮਿਲ ਕੇ ਅਨੰਦ ਮਾਣਦਾ ਹੈ।

(੬) ਉਹ ਚਰਨੀ ਲੱਗ ਚਰਨਾਂ ਦੀ ਧੂੜੀ ਬਣ ਜਾਂਦਾ ਹੈ ਤੇ ਮਾਲਕ (ਪ੍ਰਭੂ) ਦੇ ਭਾਣੇ (ਹੁਕਮ) ਵਿਚ ਚਲਦਾ ਹੈ।

(੭) ਪਰ ਇਸ ਵਿਚ ਇਕ ਸ਼ਰਤ ਹੈ, ਜੋ ਇਸ ਰੰਗ ਦੇ ਮਾਨਣ ਵਾਲਿਆਂ ਦੀ ਨਿਸ਼ਾਨੀ ਜਾਣ ਲਵੋ, ਹਉਮੈਂ

ਦੂਰ ਹੋ ਜਾਏ ਤਾ (ਉਸ ਜਾਇ ਭਾਵ ਸ੍ਵੈ-ਸਰੂਪ ਦੀ ਪਛਾਣ ਹੁੰਦੀ ਹੈ (ਭਾਵ ਨਿੰਮ੍ਰਤਾ ਨਾਲ ਹੀ ਇਸ ਸਹਿਜ ਪਦ ਨੂੰ ਪਹੁੰਚ ਸਕੀਦਾ ਹੈ)।੧੯।

*ਭਾਵਾਰਥ :* ਉਪ੍ਰੋਕਤ ਪਉੜੀ ਵਿਚ ਭਾਈ ਸਾਹਿਬ ਜੀ ਉਸ ਪਰਮੇਸ਼ਰ ਦੀ ਅਗੰਮ ਸ਼ਕਤੀ ਤੇ ਉਸਦੀ ਸੰਸਾਰਿਕ ਰਚਨਾ ਦਾ ਨਿਰਣਾ ਦਰਸਾ ਰਹੇ ਹਨ ਅਤੇ ਜੋ ਲੋਕ ਉਸ ਅਗੰਮ ਸ਼ਕਤੀ ਦੀ ਕ੍ਰਾਂਤੀ ਨੂੰ ਆਪਣੀ ਤੁੱਛ ਬੁੱਧੀ ਦੇ ਤਰਾਜੂ ਰਾਹੀਂ ਤੋਲਣ ਦਾ ਨਿਰਾਰਥ ਜਤਨ ਕਰਦੇ ਹਨ, ਉਨ੍ਹਾਂ ਨੂੰ ਇਕ ਗੁਲਰ ਬ੍ਰਿਛ ਦੇ ਫਲ ਵਿਚ ਵੱਸਣ ਵਾਲੇ ਕੀੜੇ ਦੀ ਤੁਲਨਾ ਦੇਂਦੇ ਹਨ ਜੋ ਕਿ ਉਸ ਨਿੱਕੇ ਜਿਹੇ ਫਲ ਨੂੰ ਹੀ ਬ੍ਰਹਿਮੰਡ ਅਨੁਭਵ ਕਰਨ ਦੀ ਅਗਿਆਨਤਾ ਕਰਦਾ ਹੈ। ਇਹ ਜੀਵ ਇਸ ਦੇਹ ਵਿਚ ਵੱਸਦਾ ਹੋਇਆ ਆਪਣੇ ਆਪ ਨੂੰ ਬ੍ਰਹਿਮੰਡ ਵਿਚ ਬੈਠਾ ਸਮਝਦਾ ਹੈ, ਪਰ ਇਸ ਜੀਵ ਨੂੰ ਇਹ ਸੋਝੀ ਨਹੀਂ ਕਿ ਇਸ ਧਰਤੀ ਰੂਪੀ ਬ੍ਰਿਛ ਨੂੰ ਮੇਰੇ ਜੈਸੇ ਲੱਖਾਂ ਫਲ ਲੱਗੇ ਹੋਏ ਹਨ। ਫਿਰ ਇਕ ਇਕ ਸੂਰਜ ਦੇ ਬਗੀਚੇ ਵਿਚ ਕਈ ਇਹੋ ਜਿਹੀਆਂ ਧਰਤੀਆਂ ਹਨ।

ਇਥੇ ਹੀ ਬੱਸ ਨਹੀਂ ਫਿਰ ਵਡੇਰੇ ਸੂਰਜਾਂ ਦੇ ਚੱਕਰ ਵਿਚ ਇਹੋ ਜਿਹੇ ਅਨਗਿਣਤ ਸੂਰਜ ਹਨ। ਇਸੇ ਤਰ੍ਹਾਂ ਅੱਗੇ ਉਨ੍ਹਾਂ ਤੋਂ ਵਡੇਰਿਆਂ ਦੇ ਚੱਕਰ ਵਿਚ ਉਹੋ ਜਿਹੇ ਹੋਰ ਭੀ ਬਥੇਰੇ ਹਨ। ਭਾਵ ਅਥਾਹ ਸ੍ਰਿਸ਼ਟੀ ਹੈ ਜਿਸਦੀ ਅੱਗੋ ਅਥਾਹ ਰਚਨਾ ਹੈ। ਪਰ ਇਸ ਜੀਵ ਵਰਗੇ ਗੁਲਰ ਦੇ ਮੱਛਰ ਅਨ-ਗਿਣਤ ਹਨ, ਅਤੇ ਤੋਲ ਵਿਚ ਭੀ ਹੱਦ ਤੋਂ ਰਹਿਤ ਹਨ।

ਜਿਨ੍ਹਾਂ ਲੋਕਾਂ ਨੇ ਆਪਣੀ ਸਿਆਣਪ ਤੇ ਅਕਲ ਦੀ ਵਰਤੋਂ ਕਰਕੇ ਉਸ ਰੱਬ ਜਾਂ ਰੱਬ ਦੀ ਰਚਨਾ ਦੇ ਅਨੁਮਾਨ ਲਗਾਏ ਹਨ ਉਨ੍ਹਾਂ ਨੂੰ ਇਉਂ ਹੀ ਸਮਝਣਾ ਪਵੇਗਾ ਕਿ ਜਿਵੇਂ ਅਨੇਕਾਂ ਪੰਛੀ ਆਕਾਸ਼ ਵਿਚ ਉੱਡਦੇ ਹਨ ਉਹ ਆਕਾਸ਼ ਦੀਆਂ ਸਿਖਰਾਂ ਨੂੰ ਨਹੀਂ ਛੋਹ ਸਕਦੇ, ਪਰ ਹਾਂ, ਜਿਤਨੀ ਜਿਤਨੀ ਉਨ੍ਹਾਂ ਦੇ ਖੰਭਾਂ ਵਿਚ ਸ਼ਕਤੀ ਹੈ ਉਹ ਉਥੇ ਤੱਕ ਹੀ ਉਡਾਰੀ ਉੱਡ ਸਕਦੇ ਹਨ। ਜਾਂ ਇਉਂ ਕਹਿ ਲਵੋ ਕਿ ਜਿਵੇਂ ਕੋਈ ਮਨੁੱਖ ਸਾਗਰ ਦੇ ਕਿਨਾਰੇ 'ਤੇ ਖਲੋਤਾ ਉਸ ਅਥਾਹ ਸਾਗਰ ਦੀ ਹਾਥ ਲੈਣ ਦਾ ਜਤਨ ਕਰੇ ਉਸ ਨੂੰ ਸਫਲਤਾ ਨਹੀਂ ਮਿਲ ਸਕਦੀ, ਕਿਉਂਕਿ ਉਸ ਸਾਗਰ ਦੀ ਡੂੰਘਾਈ ਉਸਦੀ ਸੋਚਣ ਸ਼ਕਤੀ ਤੋਂ ਬਹੁਤ ਦੂਰ ਹੈ। ਜਾਂ ਇਉਂ ਭੀ ਕਹਿ ਸਕਦੇ ਹਾਂ ਕਿ ਜਿਵੇਂ ਦੋ ਚਾਰ ਮਨੁੱਖਾਂ ਦੇ ਹੱਥਾ ਵਿਚ ਲੱਕੜ ਦੇ ਚੌਕਟੇ ਪਕੜੇ ਹੋਏ ਉਨ੍ਹਾਂ ਦੇ ਰਾਹੀ ਆਕਾਸ਼ ਵੱਲ ਨੂੰ ਤੱਕ ਰਹੇ ਹਨ, ਉਹ ਸੰਪੂਰਨ ਆਕਾਸ਼ ਨੂੰ ਤੱਕਣ ਵਲੋਂ ਅਸਮਰੱਥ ਹਨ, ਉਹ ਆਕਾਸ਼ ਨੂੰ ਉਤਨਾ ਹੀ ਤੱਕ ਸਕਦੇ ਹਨ, ਜਿਤਨਾ ਜਿਤਨਾ ਉਨ੍ਹਾਂ ਦੇ ਹੱਥਾਂ ਵਿਚ ਚੌਕਟਾ ਹੈ। ਇਸੇ ਤਰ੍ਹਾਂ ਹਰ ਵੀਚਾਰਵਾਨ ਸੱਜਨ ਉਸ ਕਰਤਾਰ ਜਾਂ ਉਸਦੀ ਕ੍ਰਿਤ ਬਾਰੇ ਉਤਨਾ ਕੁਝ ਹੀ ਕਹਿਣ ਦੀ ਗੰਮਤਾ ਰੱਖਦਾ ਹੈ, ਜਿਤਨੀਕੁ ਉਸ ਵਿਚ ਸ਼ਕਤੀ ਹੈ, ਵਧੇਰੇ ਸੰਪੂਰਨ ਨਹੀਂ ਕਹਿ ਸਕਦਾ।

ਇਸੇ ਲਈ ਸਿਆਣਿਆਂ ਪੜਚੋਲੀਆਂ ਦੀ ਇਹੋ ਵੀਚਾਰ ਹੈ ਕਿ ਜਿਥੇ ਸੰਸਾਰ ਦੇ ਸਾਰੇ ਮੱਤ ਜਾ ਖਲੋਂਦੇ ਹਨ, ਗੁਰਮਤ ਉਥੋਂ ਅੱਗੇ ਅਰੰਭ ਹੁੰਦੀ ਹੈ। ਜਦੋਂ ਸਾਧਕਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਇਉਂ ਬੇਨਤੀ ਕੀਤੀ ਕਿ ਬਾਬਾ ਜੀਉ ! ਜੇ ਤੁਸਾਂ ਉਸ ਕਰਤਾ ਪੁਰਖ ਨੂੰ ਜਾਂ ਉਸਦੀ ਕੁਝ ਰਚਨਾ ਨੂੰ ਜਾਣ ਲਿਆ ਹੈ ਤਾਂ ਤੁਸੀਂ ਕਹਿ ਦਿਓ, ਤਾਂ ਆਪ ਜੀ ਵਲੋਂ ਨਿੰਮ੍ਰਤਾ ਸਹਿਤ ਇਹੋ ਬਚਨ ਕਹੇ ਗਏ ਕਿ ਹੇ ਭਾਈਓ ! ਸੁਣੋ :

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
*(ਜਪੁਜੀ)*

ਭਾਵ ਜੇ ਮੈਂ ਜਾਣ ਭੀ ਲਿਆ ਹੈ ਤਾਂ ਮੈਂ ਆਖਣਾ ਨਹੀਂ, ਕਿਉਂਕਿ ਜੇ ਮੈਂ ਆਖਣਾ ਜਾਂ ਕਹਿਣਾ ਚਾਹਵਾਂ ਤਾਂ ਭੀ ਉਸਨੂੰ ਮੈਂ ਸੰਪੂਰਨਤਾ ਰੂਪ ਵਿਚ ਆਖ ਹੀ ਨਹੀਂ ਸਕਦਾ। ਅੱਗੇ ਜਾ ਕੇ ਭੀ ਇਹੋ ਕੁਝ ਅੰਕਿਤ ਕੀਤਾ ਹੈ :

ਕਿਆ ਹਉ ਕਥੀ ਕਥੇ ਕਥਿ ਦੇਖਾ
ਮੈ ਅਕਥੁ ਨ ਕਥਨਾ ਜਾਈ ॥ *(ਬਿਲਾਵਲੁ ਮ: ੧, ਪੰਨਾ ੭੯੫)*

ਇਸੇ ਤਰ੍ਹਾਂ ਇਸ ਸੰਸਾਰਿਕ ਰਚਨਾ ਬਾਰੇ ਅੰਕਿਤ ਕਰਦੇ ਹਨ :

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
*(ਜਪੁਜੀ)*

## ੨੦. ਦੂਜ ਦੇ ਚੰਦ੍ਰਮਾ ਤੋਂ ਪ੍ਰੇਰਨਾ

**੧. ਦੂਇ ਦਿਹੁ ਚੰਦ ਅਲੋਪ ਹੋਇ**
**ਤੀਐ ਦਿਹ ਚੜ੍ਹਦਾ ਹੋਇ ਨਿੱਕਾ।**
**੨. ਉਠ ਉਠ ਜਗਤ ਜੁਹਾਰਦਾ**
**ਗਗਨ ਮਹੇਸੁਰ ਮਸਤਕ ਟਿੱਕਾ।**
**੩. ਸੋਲਹ ਕਲਾ ਸੰਘਾਰੀਐ**
**ਸਫਲ ਜਨਮ ਸੋਹੈ ਕਲ ਇੱਕਾ।**

**੪. ਅੰਮ੍ਰਿਤ ਕਿਰਣ ਸੁਹਾਵਣੀ**
**ਨਿੱਝਰ ਝਰੈ ਸਿੰਜੈ ਸਹਸਿੱਕਾ।**
**੫. ਸੀਤਲ ਸਾਂਤਿ ਸੰਤੋਖ ਦੇ**
**ਸਹਜ ਸੰਜੋਗੀ ਰਤਨ ਅਮਿੱਕਾ।**
**੬. ਕਰੇ ਅੰਨ੍ਹੇਰੋਂ ਚਾਨਣਾ**
**ਡੋਰ ਚਕੋਰ ਧਯਾਨ ਧਰ ਛਿੱਕਾ।**
**੭. ਆਪ ਗਵਾਇ ਅਮੋਲ ਮਣਿੱਕਾ ॥੨੦॥**

***ਪਦ ਅਰਥ :*** ਜੁਹਾਰਦਾ—ਨਮਸਕਾਰਦਾ, ਮੱਥੇ ਟੇਕਦਾ। ਗਗਨ—ਆਕਾਸ਼। ਮਹੇਸੁਰ—ਸ਼ਿਵਜੀ। ਸੰਘਾਰੀਐ—ਖ਼ਤਮ ਹੋਵੇ, ਗਰਹਿਣੇ, ਘਾਟੇ। ਕਲ ਇੱਕਾ—ਏਕਮ ਦਾ। ਸਹਸਿੱਕਾ—ਸਿੱਕ ਦੀ ਸ਼ਹੁ ਨੂੰ ਦੇਖ ਕੇ। ਛਿੱਕਾ—ਖਿੱਚਿਆ ਰਹਿੰਦਾ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਓ ! ਆਮ ਸੰਸਾਰੀ ਲੋਕਾਂ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਦੀ ਭੱਜ ਦੌੜ ਸੰਸਾਰ ਵਿਚ ਕੇਵਲ ਮਾਇਕੀ ਪਦਾਰਥਾਂ ਨੂੰ ਹੀ ਵੱਧ ਤੋਂ ਵੱਧ ਹਾਸਲ ਕਰਨ ਦੀ ਤਮੰਨਾ ਵੇਖਣ ਵਿਚ ਆਉਂਦੀ ਹੈ, ਪਰ ਉਸ ਪਰਮੇਸ਼ਰ ਦੀ ਪ੍ਰਾਪਤੀ ਦੇ ਮਾਰਗ ਵੱਲ ਬਹੁਤ ਲੋਕ ਘੱਟ ਤੁਰਦੇ ਵੇਖਦੇ ਹਾਂ, ਕਿਉਂ ਜੀ, ਦਸੋਗੇ ਕਿ ਇਸਦਾ ਸਹੀ ਕਾਰਨ ਕੀ ਹੈ ?

ਉ: ਹੇ ਭਾਈ ! ਜਦੋਂ ਅਸੀਂ ਇਸਦੇ ਉੱਤਰ ਬਾਰੇ ਗੁਰਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਇਹੋ ਜਾਣਕਾਰੀ ਮਿਲਦੀ ਹੈ ਕਿ—ਲਿਵ ਧਾਤੁ ਦੁਇ ਰਾਹ ਹੈ ਪੰਨਾ ੮੭—ਮਾਰਗ ਦੋ ਹਨ—ਇਕ ਸੰਸਾਰ ਦਾ, ਦੂਜਾ ਨਿਰੰਕਾਰ ਦਾ—ਸੰਸਾਰ ਵਿਚ ਤਰੱਕੀ ਕਰਨ ਲਈ ਭੱਜ ਦੌੜ ਕਰਨੀ ਪੈਂਦੀ ਹੈ, ਪਰ ਕਰਤਾਰ ਦੇ ਮਾਰਗ 'ਤੇ ਚੱਲਣ ਲਈ ਟਿਕਣਾ ਪੈਂਦਾ ਹੈ। ਦੌੜ ਭੱਜ ਕਰਨ ਤੋਂ ਬਿਨਾਂ ਸੰਸਾਰ ਵਿਚ ਕਾਮਯਾਬੀ ਹਾਸਲ ਕਰਨੀ ਮੁਸ਼ਕਿਲ ਹੈ ਅਤੇ ਮਨ ਨੂੰ ਟਿਕਾ ਕੇ ਅਚੱਲ ਹੋ ਬੈਠਣ ਤੋਂ ਬਿਨਾਂ ਉਸ ਕਰਤਾਰ ਦੇ ਮਾਰਗ ਪਰ ਸਫਰ ਕਰਨਾ ਭੀ ਅਸੰਭਵ ਹੈ। ਤੇ ਇਹ ਭੀ ਮੰਨਣਾ ਹੀ ਪਵੇਗਾ ਕਿ ਸੰਸਾਰ ਵਿਚ ਮਾਇਕੀ ਪਦਾਰਥਾਂ ਦੀ ਪ੍ਰਾਪਤੀ ਕਰਨ ਲਈ ਜ਼ਮੀਨੀ ਮਾਰਗ ਭਾਵ ਸੁਖੈਨ ਮਾਰਗ ਹੈ, ਪਰ ਰੱਬੀ ਰਸਤੇ ਪਰ ਚਲਣਾ ਇਹ ਇਕ ਪਹਾੜੀ ਮਾਰਗ ਹੈ, ਭਾਵ ਇਸ ਪਰ ਚਲਣਾ ਅਤੀ ਕਠਿਨ ਹੈ ਕਿਉਂਕਿ ਇਸ ਪਰ ਚੱਲਣ ਸਮੇਂ ਕਈ ਤਰ੍ਹਾਂ ਦੀਆਂ ਔਕੜਾਂ ਦਾ ਟਾਕਰਾ ਕਰਨਾ ਪੈਂਦਾ ਹੈ।

ਪਰ, ਜਦੋਂ ਅਸੀਂ ਅਜੋਕੇ ਜੁਗ ਦੇ ਜੀਵਾਂ ਵੱਲ ਤੱਕਦੇ ਹਾਂ ਤਾਂ ਇਹ ਉਸੇ ਸੈ ਤੇ ਹੀ ਯਕੀਨ ਕਰਦੇ ਹਨ ਜੋ ਇਨ੍ਹਾਂ ਨੂੰ ਪ੍ਰਤੱਖ ਦਿੱਸਦੀ ਹੋਵੇ, ਜੋ ਦਿੱਸਦੀ ਨਹੀਂ ਉਸ ਪਰ ਇਨ੍ਹਾਂ ਦਾ ਭਰੋਸਾ ਹੀ ਨਹੀਂ ਬੱਝਦਾ, ਉਹ ਦਲੀਲ ਦੇਂਦੇ ਹਨ ਕਿ ਜਦੋਂ ਅਸੀਂ ਦੋ ਚਾਰ ਘੰਟੇ ਜਾ ਕੇ ਬਜ਼ਾਰ ਵਿਚ ਕੰਮ ਕਰਦੇ ਹਾਂ ਤਾਂ ਸਾਨੂੰ ਦਸ ਵੀਹ ਰੁਪਏ ਮਿਲਦੇ ਹਨ, ਪਰ ਜੇ ਰੱਬ ਦੀ ਯਾਦ ਵਿਚ ਕੁਝ ਘੰਟੇ ਗੁਜ਼ਾਰੀਏ ਤਾਂ ਕੁਝ ਭੀ ਹਾਸਲ ਨਹੀਂ ਹੁੰਦਾ, ਪਰ, ਉਨ੍ਹਾਂ ਨੂੰ ਕਦੀ ਇਹ ਵੀਚਾਰ ਹੀ ਨਹੀਂ ਆਈ ਕਿ ਜੋ ਧਰਤੀ ਵਿਚ ਬੀਜ ਬੋਏ ਜਾਂਦੇ ਹਨ ਉਨ੍ਹਾ ਵਿਚੋ ਕਈਆਂ ਨੂੰ ਫਲ ਕੁਝ ਕੁ ਮਹੀਨਿਆਂ ਅੰਦਰ ਹੀ ਲੱਗ ਆਉਂਦੇ ਹਨ, ਕਈਆਂ ਨੂੰ ਕਈ ਕਈ ਸਾਲ ਭੀ ਗੁਜ਼ਰ ਜਾਂਦੇ ਹਨ, ਆਖ਼ਰ ਫਲੀਭੂਤ ਸਮਾਂ ਪਾ ਕੇ ਸਾਰੇ ਹੀ ਬ੍ਰਿਛ ਹੁੰਦੇ ਹਨ, ਇਸੇ ਤਰ੍ਹਾਂ ਜੋ ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲੇ ਸਾਧਕ ਹਨ ਉਨ੍ਹਾਂ ਨੂੰ ਦੁੱਧ ਵਿਚੋਂ ਮੱਖਣ ਕੱਢਣ ਵਾਲਿਆਂ ਵਾਂਗੂ ਸਹਿਜੇ ਬਲੋਣਾ ਪੈਂਦਾ ਹੈ ਤਾਂ ਕਿਤੇ ਜਾ ਕੇ ਮੱਖਣ ਹਾਸਲ ਹੁੰਦਾ ਹੈ, ਹੁਕਮ ਭੀ ਗੁਰਬਾਣੀ ਦਾ ਇਹੋ ਹੈ ਕਿ :

ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥

*(ਪੰਨਾ 8੭੮)*

ਸੋ, ਕਿਸੇ ਮੰਜ਼ਿਲ ਦੀ ਸਿਖਰਾਂ 'ਤੇ ਪੁੱਜਣ ਲਈ ਸਮਾਂ ਜ਼ਰੂਰ ਲਗਦਾ ਹੈ, ਪਰ ਇਸ ਸਫ਼ਰ ਵਿਚ ਨਿਰਾਸਤਾ ਨਹੀਂ ਹੋਣੀ ਚਾਹੀਦੀ ਆਖ਼ਰ ਸਫਲਤਾ ਅਵੱਸ਼ ਹੀ ਹੋਵੇਗੀ। ਇਸ ਪਰ ਅਸੀਂ ਇਕ ਦੂਜ ਦੇ ਚੰਦ੍ਰਮਾ ਦਾ ਉਦਾਹਰਣ ਭੀ ਵਰਤ ਸਕਦੇ ਹਾਂ ਜਿਵੇਂ ਉਹ ਅਰੰਭਤਾ ਵਿਚ ਅਲੋਪ ਰਹਿ ਕੇ ਆਖ਼ਰ ਵਿਚ ਸਹਿਜੇ ਸਹਿਜੇ ਸਿਖਰਾਂ 'ਤੇ ਪੁੱਜ ਜਾਂਦਾ ਹੈ, ਜੇ ਤੁਸੀਂ ਪੁਛੋ ਕਿ ਉਹ ਕਿਵੇਂ ਉਹ ਤੁਸਾਂ ਨੂੰ ਚੰਦ ਸਤਰਾਂ ਵਿਚ ਅੰਕਿਤ ਕਰਦੇ ਹਾਂ :

(੧) ਹੇ ਭਾਈਓ ! (ਵੇਖੋ ਜਿਵੇਂ) ਦੋ ਦਿਨ (ਮੱਸਿਆ ਅਤੇ ਏਕਮ ਨੂੰ) ਚੰਦ੍ਰਮਾ ਅਲੋਪ ਰਹਿੰਦਾ ਹੈ, ਦੂਜ ਵਾਲੇ ਦਿਨ ਨਿੱਕਾ ਜਿਹਾ ਹੋ ਕੇ ਨਿਕਲਦਾ ਹੈ ਭਾਵ ਤੀਜੀ ਰਾਤ ਨੂੰ ਚੜ੍ਹਦਾ ਹੈ।

(੨) (ਫਿਰ ਸਾਰਾ) ਜਹਾਨ ਉੱਠ ਉੱਠ ਕੇ ਵੇਖਦਾ ਤੇ ਨਮਸ਼ਕਾਰਾਂ ਕਰਦਾ ਹੈ, ਦੂਜ ਦਾ ਚੰਦ ਆਸਮਾਨ ਵਿਚ ਐਉਂ ਹੁੰਦਾ ਹੈ, ਜਿਵੇਂ ਸ਼ਿਵ ਜੀ ਦੇ ਮੱਥੇ ਦਾ ਤਿਲਕ ਹੁੰਦਾ ਹੈ।

(੩) (ਜਿਵੇਂ) ਇਕ ਇਕ ਕਰਕੇ ਚੰਦ ਦੀਆਂ ਸੋਲ੍ਹਾਂ ਕਲਾਂ

ਖਤਮ ਹੋਈਆਂ, ਪਰ (ਆਖਰ) ਏਕਮ ਨੂੰ ਇਕ ਕਲਾ ਵਾਲਾ (ਨਵਾਂ) ਜਨਮ ਹੋਣ ਕਰਕੇ ਫਿਰ ਸੋਭਦਾ (ਭਾਵ ਸਫਲਾ ਹੁੰਦਾ) ਹੈ।

(੪) (ਉਹ) ਚੰਦ੍ਰਮਾ ਆਪਣੀਆਂ ਸੋਹਣੀਆਂ ਕਿਰਨਾਂ ਨਾਲ ਖੇਤਾਂ ਤੇ ਬ੍ਰਿਛਾਂ ਦੇ ਪੱਤਿਆਂ ਨੂੰ ਸਿੰਜਦਾ ਹੈ।

(੫) (ਫਿਰ) ਉਹ ਚੰਦ੍ਰਮਾ ਸੀਤਲਤਾ, ਸ਼ਾਂਤੀ ਤੇ ਸੰਤੋਖ ਦੇਂਦਾ ਹੈ, ਤੇ ਸਹਿਜ ਦੇ ਸੰਜੋਗ ਦਾ ਅਮੋਲਕ ਰਤਨ ਹੈ।

(੬) (ਉਹ) ਚੰਦ੍ਰਮਾ ਹਨੇਰੇ ਵਿਚ ਚਾਨਣ ਕਰਦਾ ਹੈ ਤੇ ਚਕੋਰ ਪਿਆਰ ਸੁਰਤੀ ਦੀ ਡੋਰ ਨਾਲ ਚੰਦ ਵੱਲ ਖਿਚਿਆ ਰਹਿੰਦਾ ਹੈ।

(੭) ਆਪਾ ਗਵਾਇ ਕੇ ਹੀ ਇਹ ਅਮੋਲਕ ਮਾਣਕ ਵਰਗਾ ਹੁੰਦਾ ਹੈ।੨੦।

***ਭਾਵਾਰਥ :*** ਭਾਈ ਸਾਹਿਬ ਉਪ੍ਰੋਕਤ ਪਉੜੀ ਵਿਚ ਰੱਬੀ ਮਾਰਗ 'ਤੇ ਟੁਰਨ ਵਾਲਿਆਂ ਨੂੰ ਪ੍ਰੇਰਨਾ ਲੈਣ ਦੀ ਪ੍ਰੇਰਨਾ ਕਰਦੇ ਹਨ ਕਿ ਚੰਦ੍ਰਮਾ ਪਹਿਲੋਂ ਭਾਵੇਂ ਗੁਪਤ ਰੂਪ ਵਿਚ ਸੀ, ਪਰ, ਉਹ ਟੁਰਿਆ ਰਿਹਾ, ਆਖਰ ਸਾਰੇ ਲੋਕਾਂ ਦੇ ਨਮਸ਼ਕਾਰ ਕਰਨੇ ਯੋਗ ਹੋ ਗਿਆ, ਇਸੇ ਤਰ੍ਹਾਂ ਜੋ ਸਿਮਰਨ ਕਰਦੇ ਹਨ, ਉਹ ਸਹਿਜੇ-ਸਹਿਜੇ ਆਪਾ ਭਾਵ ਗਵਾ ਕੇ ਅਮੋਲਕ ਰਤਨ ਰੂਪ ਬਣ ਜਾਂਦੇ ਹਨ।

## ੨੧. *ਨਿਰਮਾਣ ਧ੍ਰੂ ਭਗਤ ਦਾ ਦ੍ਰਿਸ਼ਟਾਂਤ*

**੧. ਹੋਇ ਨਿਮਾਣਾ ਭਗਤਿ ਕਰ**
**ਗੁਰਮੁਖ ਧ੍ਰੂ ਹਰਿ ਦਰਸ਼ਨ ਪਾਯਾ।**
**੨. ਭਗਤ ਵਛਲ ਹੋਇ ਭੇਟਿਆ**
**ਮਾਣ ਨਿਮਾਣੇ ਆਪ ਦਿਵਾਯਾ।**
**੩. ਮਾਤ ਲੋਕ ਵਿਚ ਮੁਕਤਿ ਕਰ**
**ਨਿਹਚਲ ਵਾਸ ਅਗਾਸ ਚੜ੍ਹਾਯਾ।**
**੪. ਚੰਦ ਸੂਰ ਤੇਤੀਸ ਕਰੋੜ**
**ਪਰਦਖਣਾ ਚਉਫੇਰ ਫਿਰਾਯਾ।**
**੫. ਵੇਦ ਪੁਰਾਣ ਵਖਾਣਦੇ**
**ਪਰਗਟ ਕਰ ਪਰਤਾਪ ਜਣਾਯਾ।**
**੬. ਅਵਿਗਤ ਗਤ ਅਤਿ ਅਗਮ ਹੈ**
**ਅਕਥ ਕਥਾ ਵੀਚਾਰ ਨ ਆਯਾ॥**
**੭. ਗੁਰਮੁਖ ਸੁਖ ਫਲ ਅਲਖ ਲਖਾਯਾ॥੨੧॥੪॥**

***ਪਦ ਅਰਥ :*** ਨਿਹਚਲ ਵਾਸ—ਪੱਕਾ ਨਿਵਾਸ। ਅਕਥ ਕਥਾ—ਕਥਨ ਵਿਚ ਨਾ ਆ ਸਕਣ ਵਾਲੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਪੁਰਾਤਨ ਪੁਰਾਣਕ ਕਥਾਵਾਂ ਸੁਣਦੇ ਹਾਂ ਤਾਂ ਜਾਣਕਾਰੀ ਮਿਲਦੀ ਹੈ ਕਿ ਪਿੱਛਲੇ ਜੁਗਾਂ ਵਿਚ ਅਨੇਕਾਂ ਤਪੀਸ਼ੁਰਾਂ ਨੇ ਆਪਣੀ ਧਨ, ਦੌਲਤ, ਮਹਿਲ, ਮਾੜੀਆਂ ਅਤੇ ਪਰਿਵਾਰਾਂ ਨੂੰ ਤਿਆਗ ਕੇ ਹਜਾਰਾਂ ਸਾਲਾਂ ਬੱਧੀ ਤਪੱਸਿਆ ਕੀਤੀ ਪਰ ਉਨ੍ਹਾਂ ਦਾ ਇਤਨਾ ਵਧੇਰੇ ਜ਼ਿਕਰ ਨਹੀਂ ਆਉਂਦਾ ਜਿਤਨਾ ਕੇ ਧ੍ਰੂ ਭਗਤ ਦੀ ਭਗਤੀ ਕਰਨ ਦਾ ਵਿਸ਼ੇਸ਼ ਤੌਰ ਪਰ ਜ਼ਿਕਰ ਆਉਂਦਾ ਹੈ, ਕਿਉਂ ਜੀ ਕੀ ਉਸਦੀ ਭਗਤੀ ਕਰਦੇ ਰਹਿਣ ਵਿਚ ਕੋਈ ਖਾਸ ਵਿਸ਼ੇਸਤਾ ਪਾਈ ਜਾਂਦੀ ਹੈ, ਜੇ ਕੋਈ ਅਧਿਕਤਾ ਹੈ ਤਾਂ ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਜੋ ਭੀ ਪੁਰਾਤਨ ਸਮਿਆਂ ਦੇ ਲੋਕ ਮਾਇਆ, ਘਰ ਬਾਰ ਤੇ ਪਰਿਵਾਰਾਂ ਨੂੰ ਛੱਡ ਕੇ ਘਰੋਂ ਟੁਰੇ ਸਨ, ਉਸ ਵੇਲੇ ਉਨ੍ਹਾਂ ਦੇ ਅੰਤਰ ਆਤਮੇ ਕੇਵਲ ਇਕੋ ਹੀ ਉਮੰਗ ਸੀ ਕਿ ਅਸੀਂ ਉਸ ਪਰੀ ਪੂਰਨ ਪਰਮੇਸ਼ਰ ਦਾ ਮਿਲਾਪ ਕਰਨਾ ਹੈ ਜਿਸ ਤੋਂ ਕਿ ਅਸੀਂ ਵਿਛੜੇ ਹੋਏ ਹਾਂ, ਇਸੇ ਮਨੋਰਥ ਨੂੰ ਪੂਰਾ ਕਰਨ ਲਈ ਬੜੇ ਉਗਰ ਜਪ, ਤਪ ਕੀਤੇ, ਜਿਨ੍ਹਾਂ ਦਾ ਫਲ ਇਨ੍ਹਾਂ ਨੂੰ ਕਰਾਮਾਤਾਂ, ਰਿੱਧੀਆਂ-ਸਿੱਧੀਆਂ ਵਾਕ ਸਿੱਧੀ ਹਾਸਲ ਹੋ ਗਈ, ਇਨ੍ਹਾਂ ਵਾਕ ਸਿੱਧੀਆਂ ਦਾ ਫਲ ਇਨ੍ਹਾਂ ਤਪੀਆਂ ਦੀ ਪੂਜਾ, ਮਾਣ ਪ੍ਰਤਿਸ਼ਟਾ ਲੋਕਾਂ ਵਿਚ ਹੋਣੀ ਅਰੰਭ ਹੋ ਗਈ, ਹੁਣ ਪੂਜਾ ਕਰਾਉਣ ਦੇ ਚੱਕਰ ਵਿਚ ਅਜਿਹੇ ਚੱਕਰਾਏ ਗਏ ਕਿ ਉਹ ਆਪਣੇ ਆਪ ਦੀ ਲਖਯਤਾ ਕਰਨ ਦਾ ਸਹੀ ਮਨੋਰਥ ਹੀ ਭੁੱਲ ਬੈਠੇ, ਜਿਸ ਬਾਰੇ ਗੁਰਬਾਣੀ ਵਿਚ ਭੀ ਫੁਰਮਾਨ ਆਇਆ ਹੈ ਕਿ :

(੧) ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥ *(ਪੰਨਾ ੧੩੬੯)*

ਜਾਂ—

(੨) ਇਨ ਹੀ ਮਾਹਿ ਅਟਕ ਜੋ ਉਰਝੇ.....

ਅਰਥਾਤ ਮਨ ਨੂੰ ਮਾਣ ਦੀ ਖੁਰਾਕ ਖੁਵਾਉਣ ਦਾ

ਆਦੀ ਬਣਾ ਬੈਠੇ, ਜਦੋਂ ਮਨ ਮਾਣ ਕਰਾਉਣ ਦਾ ਆਦੀ ਹੋ ਜਾਵੇ, ਉਹ ਹਰ ਥਾਂ ਤੋਂ ਹੀ ਇਹੋ ਖ਼ੁਰਾਕ ਚਾਹੁੰਦਾ ਹੈ, ਜਿਥੋਂ ਇਸਨੂੰ ਇਹ ਮਾਣ ਦੀ ਖ਼ੁਰਾਕ ਨਾ ਮਿਲੇ ਉਥੇ ਆਪਣੀ ਮੌਤ ਹੋਣੀ ਅਨੁਭਵ ਕਰਦਾ ਹੈ।

ਹੁਣ ਇਹ ਤਪੀਆ ਹਰ ਥਾਂ ਤੋਂ ਹੀ ਮਾਣ ਦੀ ਖ਼ੁਰਾਕ ਹਾਸਲ ਕਰਨ ਲਈ ਉਸ ਕਠਿਨ ਤਪੱਸਿਆ ਦੁਆਰਾ ਪ੍ਰਾਪਤ ਕੀਤੀ ਸ਼ਕਤੀ ਦੀ ਗ਼ਲਤ ਵਰਤੋਂ ਕਰਦਾ ਹੈ, ਭਾਵ ਕਿਸੇ ਨੂੰ ਵਰ ਦੇਂਦਾ ਹੈ, ਕਿਸੇ ਨੂੰ ਸਰਾਪ, ਇਸ ਤਰ੍ਹਾਂ ਕਰਦੇ ਰਹਿਣ ਨਾਲ ਉਹ ਆਪਣੀ ਸਾਰੀ ਸ਼ਕਤੀ ਨੂੰ ਨਸ਼ਟ ਕਰ ਲੈਂਦਾ ਹੈ। ਜਿਸ ਪ੍ਰਾਪਤੀ ਦੀ ਉੱਚੀ ਮੰਜ਼ਿਲ 'ਤੇ ਪੁੱਜਣਾ ਸੀ ਉਹ ਉਸ ਤੋਂ ਉਰਾਰ ਹੀ ਰਹਿ ਜਾਂਦਾ ਹੈ, ਇਸ ਤਰ੍ਹਾਂ ਉਸਦੇ ਪਰਿਵਾਰ ਤੇ ਮਾਇਆ ਦਾ ਤਿਆਗ ਕੀਤਾ ਹੋਇਆ ਭੀ ਨਿਸਫਲ ਚਲਾ ਜਾਂਦਾ ਹੈ। ਸੰਤ ਕਬੀਰ ਸਾਹਿਬ ਜੀ ਨੇ ਭੀ ਅਜਿਹੇ ਹੋਛੇ ਮਾਇਆ ਦੇ ਤਿਆਗੀਆਂ ਨੂੰ ਤੱਕ ਕੇ ਹੀ ਆਪਣੇ ਖ਼ਿਆਲ ਅੰਕਿਤ ਕੀਤੇ ਹਨ ਕਿ :

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ
ਮਾਨੁ ਸਭੈ ਕਉ ਖਾਇ॥੧੫੬॥ *(ਪੰਨਾ ੧੩੭੨)*

ਭਾਵ ਹੈ ਕਿ ਕਿਸੇ ਨੇ ਬਾਹਰੋਂ ਮਾਇਆ ਤਿਆਗ ਭੀ ਦਿੱਤੀ ਹੈ ਤਾਂ ਭੀ ਕੋਈ ਵਡੇਰੀ ਗੱਲ ਨਹੀਂ, ਜੇ ਕਰ ਉਸਨੇ ਆਪਣੇ ਅੰਦਰੋਂ ਮਾਣ ਦਾ ਤਿਆਗ ਨਹੀਂ ਕੀਤਾ, ਵੇਖਣ ਵਿਚ ਆਇਆ ਹੈ ਕਿ ਇਸ ਮਾਇਆ ਨੇ ਸ਼ਿਰੋਮਣੀ ਮੁਨੀਆਂ ਨੂੰ ਵੀ ਆਪਣੇ ਕਾਬੂ ਕਰ ਲਿਆ ਹੈ। ਇਸ ਗੱਲ ਦੀ ਪੁਰਾਣਕ ਹਿੰਦੂ ਇਤਿਹਾਸ ਉਗਾਹੀ ਦੇਂਦਾ ਹੈ ਕਿ ਵੱਡੇ ਵੱਡੇ ਤਪੀਆਂ ਦੇ ਤਪਾਂ ਨੂੰ ਵਿਅਰਥ, ਨਿਸਫਲ ਕਰਨ ਦਾ ਕਾਰਨ ਉਨ੍ਹਾਂ ਦੇ ਮਨ ਵਿਚ ਮਾਣ ਤੇ ਹੰਕਾਰ ਹੀ ਬਣਦਾ ਰਿਹਾ ਹੈ। ਪਰ ਉਨ੍ਹਾਂ ਦੇ ਮੁਕਾਬਲੇ ਵਿਚ ਜਦੋਂ ਅਸੀਂ ਗੁਰਮੁਖ ਧ੍ਰੂ ਭਗਤ ਦੀ ਨਿਰਮਾਣਤਾ ਸਹਿਤ ਕੀਤੀ ਭਗਤੀ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਸਾਰਿਆਂ ਨੂੰ ਹੀ ਝੁਕਣਾ ਪੈਂਦਾ ਹੈ। ਇਸ ਲਈ ਇਹੋ ਕਹਿਣਾ ਚਾਹੀਦਾ ਹੈ ਕਿ ਜੋ ਰੱਬੀ ਮਾਰਗ ਪਰ ਤੁਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਧ੍ਰੂ ਭਗਤ ਦੇ ਨਿਰਮਾਣ ਜੀਵਨ ਤੋਂ ਪ੍ਰੇਰਨਾ ਲੈਂਦੇ ਰਹਿਣਾ ਚਾਹੀਦਾ ਹੈ, ਜਿਸ ਨਿਰਮਾਣਤਾ ਦਾ ਸਦਕਾ ਧ੍ਰੂ ਨੇ ਹਰੀ ਪਰਮੇਸ਼ਰ ਦੇ ਪ੍ਰਤੱਖ ਦਰਸ਼ਨ ਪਾਏ। ਹੇ ਭਾਈਓ ! ਮੈਨੂੰ ਤਾਂ ਇਉਂ ਹੀ ਅਨੁਭਵ ਹੁੰਦਾ ਹੈ ਕਿ :

(੧) ਹੇ ਭਾਈ ! ਧ੍ਰੂ ਨੇ ਨਿਰਮਾਣ ਹੋ ਕੇ ਭਗਤੀ ਕੀਤੀ, ਗੁਰਮੁਖ ਬਣ ਕੇ ਹਰੀ ਪ੍ਰਭੂ ਦਾ ਦਰਸ਼ਨ ਪ੍ਰਾਪਤ ਕੀਤਾ। (ਇਸ ਲਈ ਹੁਣ)

(੨) (ਇਉਂ ਹੀ ਕਹਿਣਾ ਚਾਹੀਦਾ ਹੈ ਕਿ ਪਰਮੇਸ਼ਰ ਨੇ) ਭਗਤ ਵਛਲ ਬਣ ਕੇ ਨਿਮਾਣੇ (ਧ੍ਰੂ ਜੀ) ਨੂੰ ਆਪ ਹੀ ਮਾਣ ਦਿੱਤਾ।

(੩) (ਫਿਰ ਇਸੇ ਧਰਤੀ) ਮਾਤ ਲੋਕ ਵਿਚ ਹੀ ਮੁਕਤਿ ਕਰਕੇ ਆਕਾਸ਼ ਵਿਚ ਚੜ੍ਹਾ (ਉੱਚੀ ਥਾਂ) ਨਿਹਚਲ (ਪੱਕਾ) ਨਿਵਾਸ ਦੇ ਦਿੱਤਾ।

(੪) (ਉਦੋਂ ਤੇ ਹੁਣ ਭੀ) ਚੰਦ, ਸੂਰਜ ਤੇ ਤੇਤੀ ਕ੍ਰੋੜ ਦੇਵਤੇ (ਆਕਾਸ਼ ਵਿਚ) ਧ੍ਰੂ ਤਾਰੇ ਦੀ ਪਰਿਕਰਮਾ ਕਰਦੇ ਹਨ।

ਪ੍ਰ: ਕਿਉਂ ਭਾਈ ਸਾਹਿਬ ਜੀ, ਇਸ ਬਾਰੇ ਕੋਈ ਪੁਰਾਤਨ ਉਗਾਹੀ ਭੀ ਹੈ ?

(੫) ਉ: ਹੇ ਭਾਈ ! (ਇਸ ਕਥਾ ਦੇ ਪ੍ਰਸੰਗ ਨੂੰ) ਪਰਮੇਸ਼ਰ ਦੇ ਇਸ ਪ੍ਰਗਟ (ਜ਼ਾਹਰਾ) ਪ੍ਰਤਾਪ ਨੂੰ ਵੇਦ ਤੇ ਪੁਰਾਣ ਬਿਆਨ ਕਰਦੇ ਹਨ।

(੬) (ਪਰ) ਹੇ ਭਾਈ ! ਪਰਮੇਸ਼ਰ ਦਾ ਇਹ ਵਡਿਆਈ ਭਰਿਆ ਕਰਤਵ ਵਿਸਥਾਰ (ਗਤੀ) ਤੋਂ ਪਰੇ ਹੈ ਤੇ ਗੰਮਤਾ (ਪਹੁੰਚ) ਤੋਂ ਪਰੇ ਹੈ, ਕਥਨ ਤੋਂ ਬਾਹਰ ਤੇ ਵਿਚਾਰ (ਸਮਝ) ਦੇ ਘੇਰੇ ਵਿਚ ਵੀ ਨਹੀਂ ਆਉਂਦਾ ਕਿ ਪ੍ਰਭੂ ਨੇ ਧ੍ਰੂ ਤਾਰੇ ਨੂੰ ਅਸਥਾਨ (ਗਗਨ) ਵਿਚ ਉਦੋਂ ਦਾ ਕਿਵੇਂ ਇੱਕੋ ਥਾਂ, ਨਿਹਚਲ ਅਸਥਾਨ ਤੇ ਰੱਖਿਆ ਹੋਇਆ ਹੈ। ਅਨੇਕਾਂ ਨਵੇਂ ਤਾਰੇ ਨਿਕਲਦੇ ਤੇ ਮਿਟਦੇ, ਪਰ ਧ੍ਰੂ ਤਾਰਾ ਉਵੇਂ, ਇਕ ਥਾਂ ਨਿਸਚਿਤ ਹੈ।

(੭) (ਪਰ, ਐਸੇ ਪ੍ਰਭੂ ਨੇ) ਗੁਰਮੁਖਾਂ ਨੂੰ ਇਸ ਅਲੱਖ (ਨਾ ਜਾਣੇ ਜਾ ਸਕਣ ਵਾਲੇ) ਸੁਖ ਨੂੰ ਸਮਝਾ ਦਿੱਤਾ ਹੈ ੨੧।੪।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨਿਰਮਾਣ ਹੋ ਭਗਤੀ ਕਰਦੇ ਰਹਿਣ ਦਾ ਧ੍ਰੂ ਭਗਤ ਨੂੰ ਮਾਣ ਮਿਲਣ ਦਾ ਜ਼ਿਕਰ ਕਰਦੇ ਹਨ, ਜਦੋਂ ਕਿ ਉਨ੍ਹਾਂ ਦੇ ਮੁਕਾਬਲੇ ਵਿਚ ਵੱਡੇ ਵੱਡੇ ਤਪੀਏ ਆਪਣੇ ਤਪ ਕਰਦੇ ਰਹਿਣ ਦੇ ਹੰਕਾਰ ਵਿਚ ਅਸਫਲ ਹੀ ਰਹੇ, ਸੋ, ਰੱਬੀ ਮਾਰਗ 'ਤੇ ਟੁਰਨ ਵਾਲੇ ਪਾਂਧੀਆਂ ਨੂੰ ਧ੍ਰੂ ਭਗਤ ਦੇ ਨਿਰਮਾਣ ਹੋ ਭਗਤੀ ਕਰਦੇ ਰਹਿਣ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਜੋ ਕਿ ਧ੍ਰੂ ਭਗਤ ਪੁਰਾਣਕ ਕਥਾ ਅਨੁਸਾਰ ਉਸਦੀ ਵਡਿਆਈ ਅਜਿਹੀ ਵਧੀ ਕਿ ਆਕਾਸ਼ ਵਿਚ ਉੱਤਰੀ ਦਿਸ਼ਾ ਦੇ ਸਿਰ 'ਤੇ ਐਸਾ ਅਚੱਲ ਹੋਇਆ ਕਿ ਸਾਰੇ ਤਾਰੇ ਉਸ ਦੇ ਚੌਗਿਰਦੇ ਫਿਰਦੇ ਹਨ ਉਹ ਅਟੱਲ ਹੈ, ਇਸ ਲਈ ਨਿਰਮਾਣ ਭਗਤੀ ਮਾਰਗ 'ਤੇ ਚਲਦੇ ਹੋਏ ਗੁਰਮੁਖ ਬਣੋ ਜਿਸਦਾ ਫਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ। ਜੋ ਭਗਤੀ ਕਰਨ ਦਾ ਅਸਲੀ ਪ੍ਰਯੋਜਨ ਹੈ।

(ਚੌਥੀ ਵਾਰ ਸਮਾਪਤ)

# ਵਾਰ ੫

ੴ ਸਤਿਗੁਰ ਪ੍ਰਸਾਦਿ॥

## ੧. ਗੁਰਮੁਖਾਂ ਦੇ ਲੱਛਣ

੧. ਗੁਰਮੁਖ ਹੋਵੈ ਸਾਧ ਸੰਗ
ਹੋਰਤ ਸੰਗ ਕੁਸੰਗ ਨ ਰੱਚੈ।
੨. ਗੁਰਮੁਖ ਪੰਥ ਸੁਹੇਲੜਾ
ਬਾਰਹ ਪੰਥ ਨ ਖੇਚਲ ਖੱਚੈ।
੩. ਗੁਰਮੁਖ ਵਰਨ ਅਵਰਨ ਹੋਇ
ਰੰਗ ਸੁਰੰਗ ਤੰਬੋਲ ਪਰੱਚੈ।
੪. ਗੁਰਮੁਖ ਦਰਸ਼ਨ ਦੇਖਣਾ
ਛਿਅ ਦਰਸ਼ਨ ਪਰਸਨ ਨ ਸਰੱਚੈ।
੫. ਗੁਰਮੁਖ ਨਿਹਚਲ ਮਤਿ ਹੈ
ਦੂਜੈ ਭਾਇ ਲੁਭਾਇ ਨ ਪੱਚੈ।
੬. ਗੁਰਮੁਖ ਸ਼ਬਦ ਕਮਾਵਣਾ
ਪੈਰੀਂ ਪੈ ਰਹਰਾਸਿ ਨ ਹੱਚੈ।
੭. ਗੁਰਮੁਖ ਭਾਇ ਭਗਤਿ ਚਹ ਮੱਚੈ ॥੧॥

***ਪਦ ਅਰਥ :*** ਰੱਚੈ—ਰਚ ਜਾਣਾ। ਸੁਹੇਲੜਾ—ਸੋਭਨੀਕ, ਸੁਹਾਵਾ, ਸੁੰਦਰ। ਖੱਚੈ—ਖਚਤ ਹੋਣਾ। ਸਰੱਚੈ—ਨਹੀਂ ਲਗਦੇ। ਪਰੱਚੈ—ਅਭੇਦ ਹੋਣਾ। ਚਹ ਮੱਚੈ—ਖੁਸ਼ੀਆਂ ਵਿਚ ਮਸਤ ਹੋਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਸਾਨੂੰ ਕਈ ਧਾਰਮਿਕ ਜਾਂ ਆਮ ਇਕੱਤ੍ਰਤਾਵਾਂ ਵਿਚ ਜਾਣ ਦਾ ਸਮਾਂ ਮਿਲਦਾ ਹੈ, ਜਿਥੇ ਕਈ ਸਜਨਾਂ ਦੇ ਸਰੀਰਾਂ ਉੱਤੇ ਗੁਰਮੁਖਾਂ ਦਾ ਲਿਬਾਸ ਪਹਿਨਿਆਂ ਹੁੰਦਾ ਹੈ, ਉਹ ਵੇਖਣ ਵਿਚ ਭੀ ਚੰਗੇ ਗੁਰਮੁਖ ਹੀ ਪ੍ਰਤੀਤ ਹੁੰਦੇ ਹਨ, ਪਰ ਜਦੋਂ ਉਨ੍ਹਾਂ ਦੇ ਨੇੜੇ ਹੋ ਉਨ੍ਹਾਂ ਨੂੰ ਤੱਕਣ ਦਾ ਮੌਕਾ ਬਣਦਾ ਹੈ ਤਾਂ ਉਨ੍ਹਾਂ ਦੀ ਕਿਰਤ-ਵਿਰਤ ਦਾ ਉਨ੍ਹਾਂ ਦੇ ਬਾਹਰਲੇ ਪਹਿਰਾਵੇ ਨਾਲ ਉੱਕਾ ਹੀ ਤਾਲਮੇਲ ਨਹੀਂ ਹੁੰਦਾ, ਪਰ ਸਾਧਾਰਨ ਲੋਕ ਉਨ੍ਹਾਂ ਦੇ ਬਹਿਰੂਨੀ ਗੁਰਮੁਖਤਾਈ ਦੇ ਲਿਬਾਸ ਨੂੰ ਤੱਕ ਕੇ ਭਰਮ ਭੁਲੇਖਾ ਜ਼ਰੂਰ ਖਾ ਜਾਂਦੇ ਹਨ, ਜਿਸਦਾ ਫਲ ਉਨ੍ਹਾਂ ਨੂੰ ਕੇਵਲ ਪਛਤਾਵਾ ਹੀ ਮਿਲਦਾ ਹੈ। ਕਿਉਂ ਜੀ, ਕੀ ਆਪ ਦੱਸਣ ਦੀ ਖੇਚਲ ਕਰੋਗੇ ਕਿ ਗੁਰਮਤਿ ਅਨੁਸਾਰ ਗੁਰਮੁਖਾਂ ਦੇ ਲੱਛਣਾਂ ਦੀ ਸਹੀ ਰੂਪ ਰੇਖਾ ਕੀ ਮੰਨੀ ਜਾਂਦੀ ਹੈ ?

ਉ: ਹੇ ਭਾਈਓ ! ਕਿਸੇ ਮਨੁੱਖ ਦੇ ਸਰੀਰ ਉੱਪਰ ਗੁਰਮੁਖਾਂ ਦਾ ਲਿਬਾਸ ਪਹਿਨਿਆਂ ਵੇਖ ਕੇ ਉਸਨੂੰ ਗੁਰਮੁਖ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਉਹ ਅੰਦਰੋਂ ਗੁਰਮੁਖ ਨਹੀਂ ਹੈ, ਉਸਨੇ ਕੇਵਲ ਗੁਰਮੁਖਾਂ ਦੀ ਬਾਹਰੋਂ ਪੁਸ਼ਾਕ ਹੀ ਪਹਿਨ ਰੱਖੀ ਹੈ। ਪਰ ਜਦ ਕੋਈ ਅੰਦਰੋਂ ਗੁਰਮੁਖ ਬਣ ਗਿਆ ਹੈ, ਇਹ ਇਕ ਸਾਧਨ ਹੈ, ਭਗਤੀ ਹੈ, ਬੰਦਗੀ ਜਾਂ ਸਿਮਰਨ ਹੈ। ਜੇ ਕੋਈ ਅੰਤਰ ਆਤਮੇ ਗੁਰਮੁਖਾਂ ਦੇ ਗੁਣਾਂ ਤੋਂ ਸੱਖਣਾ ਹੈ, ਮਾਨੋਂ ਉਹ ਕਾਗ਼ਜ਼ੀ ਫੁਲ ਹੈ ਜਿਸ ਵਿਚ ਭਗਤੀ ਜਾਂ ਸਿਮਰਨ ਦੀ ਸੁਗੰਧੀ ਨਹੀਂ, ਉਸਦੇ ਬਾਹਰਲੇ ਪਹਿਰਾਵੇ ਦੀ ਭੀ ਕੋਈ ਕੀਮਤ ਨਹੀਂ।

ਜਦ ਕੋਈ ਆਪਣੀ ਦੁਨਿਆਵੀ ਗ਼ਰਜ਼ ਪੂਰੀ ਕਰਨ ਲਈ ਗੁਰਮੁਖ ਬਣਦਾ ਹੈ ਤਾਂ ਉਹ ਬਾਹਰੋਂ ਹੀ ਗੁਰਮੁਖ ਪ੍ਰਤੀਤ ਹੁੰਦਾ ਹੈ, ਉਸਨੂੰ ਸੁਗੰਧੀ ਤੋਂ ਸੱਖਣਾ ਕਾਗ਼ਜ਼ੀ ਫੁਲ ਹੀ ਜਾਣੋ, ਜਿਸਦਾ ਕਿਸੇ ਨੂੰ ਭੀ ਕੋਈ ਲਾਭ ਨਹੀਂ। ਪਰ ਜਿਹੜਾ ਅੰਦਰੋਂ ਸ਼ੌਕ ਨਾਲ ਗੁਰਮੁਖ ਬਣਿਆ ਹੈ ਉਹ ਅੰਦਰੋਂ ਬਾਹਰੋਂ ਗੁਲਾਬ ਦੇ ਫੁਲ ਵਾਂਗੂ ਹੈ, ਜੋ ਆਪਣੀ ਗੁਰਮੁਖਤਾ ਦੀ ਵਾਸ਼ਨਾ ਨਾਲ ਹੋਰ ਵੀ ਕਈਆਂ ਨੂੰ ਮਹਿਕ ਦੇ ਕੇ ਸੁਗੰਧਿਤ ਕਰਨ ਦਾ ਸਾਧਨ ਬਣਦਾ ਹੈ। ਬੱਸ, ਉਸੇ ਗੁਰਮੁਖ ਨੂੰ ਸ਼ੁਭ ਗੁਣਾਂ

ਦਾ ਭੰਡਾਰ ਮੰਨਿਆ ਜਾ ਸਕਦਾ ਹੈ।

ਪ੍ਰ: ਕਿਉਂ ਜੀ! ਉਨ੍ਹਾਂ ਦੇ ਦੈਵੀ ਗੁਣਾਂ ਦੇ ਭੰਡਾਰ ਵਿਚੋਂ ਕੁਝ ਕੁ ਵਿਸ਼ੇਸ਼ ਗੁਣਾਂ ਦੀ ਜਾਣਕਾਰੀ ਕਰਾਓਗੇ, ਤਾਂਕਿ ਸਾਨੂੰ ਭੀ ਕੁਝ ਲੱਖਤਾ ਹੋ ਸੱਕੇ ?

ਉ: ਹੇ ਭਾਈਓ! ਉਨ੍ਹਾਂ ਦੇ ਸੰਪੂਰਨ ਗੁਣ ਤਾਂ ਬਿਆਨੇ ਨਹੀਂ ਜਾ ਸਕਦੇ, ਪਰ ਹਾਂ, ਜਿਤਨੇ ਕੁ ਪ੍ਰਤੱਖ ਦ੍ਰਿਸ਼ਟੀ ਗੋਚਰ ਹੋ ਰਹੇ ਹਨ, ਉਨ੍ਹਾਂ ਵਿਚੋਂ ਕੁਝ ਕੁ ਨਾਮ ਮਾਤ੍ਰ ਕਹਿਣ ਦਾ ਜਤਨ ਕਰਦਾ ਹਾਂ।

(੧) ਹੇ ਭਾਈ! (ਲਓ ਸੁਣੋ) ਜੋ ਸਾਧਾਂ, ਗੁਰਮੁਖਾਂ ਦੀ ਸੰਗਤ ਕਰਕੇ ਗੁਰਮੁਖ ਬਣਦਾ ਹੈ, ਉਹ ਹੋਰ ਕਿਸੇ ਦੇ ਸੰਗ ਜਾਂ ਕੁਸੰਗ ਵਿਚ ਨਹੀਂ ਲਗਦਾ।

(੨) (ਕਿਉਂਕਿ) ਉਨ੍ਹਾਂ ਗੁਰਮੁਖਾਂ ਦਾ ਪੰਥ (ਰਸਤਾ) ਸੁਹੇਲੜਾ ਤੇ ਸੌਖਾ ਹੈ, (ਇਸ ਲਈ) ਉਹ ਜੋਗੀਆਂ ਦੇ ਬਾਰ੍ਹਾਂ ਪੰਥਾਂ ਦੀਆਂ ਖੇਚਲਾ ਵਾਲੀਆਂ ਕਰਨੀਆਂ ਵਿਚ ਖਚਤ ਨਹੀਂ ਹੁੰਦੇ।

(੩) (ਉਹ) ਗੁਰਮੁਖ ਭਾਵੇਂ ਵਰਣ ਜਾਤੀਆਂ ਤੇ ਭਾਵੇਂ ਅਵਰਣ (ਭਾਵ ਉਚ ਜਾਂ ਨੀਚ) ਕਿਸੇ ਜਾਤੀ ਦਾ ਵੀ ਹੋਵੇ, ਉਹ ਪਾਨ ਦੇ ਬੀੜੇ ਗੂੜ੍ਹੇ ਸੋਹਣੇ ਰੰਗ (ਭਾਵ ਸਤਿਸੰਗ ਦੇ ਰੰਗ) ਵਿਚ ਪਰਚ (ਅਭੇਦ) ਹੋ ਜਾਂਦਾ ਹੈ।

(੪) (ਹੇ ਭਾਈ!) ਜਿਨ੍ਹਾਂ ਨੇ ਗੁਰਮੁਖਾਂ ਦੇ ਦਰਸ਼ਨ (ਸੰਗਤ) ਕਰ ਲੀਤੇ, ਉਹ ਪ੍ਰਚਲਤ ਛੇ ਦਰਸ਼ਨਾਂ (ਧਰਮਾਂ) ਦੇ ਭਰਮਾਂ ਨੂੰ ਨਹੀਂ ਪਰਸਦੇ।

(੫) (ਕਿਉਂਕਿ) ਉਨ੍ਹਾਂ ਗੁਰਮੁਖਾਂ ਦੀ ਮੱਤ ਦ੍ਰਿੜ੍ਹਤਾ ਵਾਲੀ ਅਚੱਲ ਹੋ ਜਾਂਦੀ ਹੈ, ਉਹ ਦੂਜੇ ਭਾਵ ਦੇ ਕਿਸੇ ਲੋਭ ਵਿਚ ਫਸ ਕੇ ਸ਼ਰਮਿੰਦੇ ਨਹੀਂ ਹੁੰਦੇ।

(੬) ਜਿਨ੍ਹਾਂ ਗੁਰਮੁਖਾਂ ਨੇ ਸ਼ਬਦ ਦੀ ਕਮਾਈ ਕੀਤੀ ਹੈ, ਉਹ ਗੁਰਮੁਖਤਾਈ ਦੀਆਂ ਲੀਹਾਂ 'ਤੇ ਹੀ ਤੁਰਦੇ, ਭਾਵ ਪੈਰੀ ਪਾਉਣਾ ਜਾਂ ਹੋਰ ਗੁਰਮੁਖਾਂ ਦੀ ਰਹੁਰੀਤੀ ਤੋਂ ਪਿਛੇ ਨਹੀਂ ਹਟਦੇ।

(੭) ਉਹ ਤਾਂ ਪ੍ਰੇਮਾ ਭਗਤੀ ਦੇ ਰਸ ਵਿਚ ਅਨੰਦ ਤੇ ਮਗਨ ਹੋਏ ਰਹਿੰਦੇ ਹਨ।੧।

*ਭਾਵਾਰਥ :* ਭਾਈ ਸਾਹਿਬ ਜੀ ਉੱਪਰ ਉਨ੍ਹਾਂ ਗੁਣਾਂ ਦਾ ਜ਼ਿਕਰ ਕਰਦੇ ਹਨ ਜੋ ਗੁਰਮੁਖਾਂ ਵਿਚ ਆਮ ਵਰਤਦੇ ਹਨ, ਜਿਵੇਂ ਕਿ ਅਨਿੰਨ ਭਗਤੀ, ਸਾਧ ਸੰਗਤ ਦਾ ਮਿਲਾਪ, ਛੇ ਦਰਸ਼ਨਾਂ ਤੋਂ ਮਤਿ ਉੱਚੀ, ਸਬਦ ਦੀ ਕਮਾਈ, ਨਿੰਮ੍ਰਤਾ ਅਤੇ ਪ੍ਰੇਮ ਆਦਿ ਇਹ ਦੈਵੀ ਗੁਣ ਗੁਰਮੁਖਾਂ ਵਿਚ ਸਦੀਵੀ ਕਾਲ ਹੀ ਵਸਦੇ ਹਨ, ਜਿਨ੍ਹਾਂ ਗੁਣਾਂ ਦਾ ਉਨ੍ਹਾਂ ਨੂੰ ਤਾਂ ਆਧਾਰ ਹੋਣਾ ਸੀ, ਉਹ ਹੋਰ ਲੋਕਾਂ ਨੂੰ ਭੀ ਇਨ੍ਹਾਂ ਦੇ ਧਾਰਨ ਕਰਨ ਦੀ ਸਦਾ ਪ੍ਰੇਰਨਾ ਕਰਦੇ ਰਹਿੰਦੇ ਹਨ। ਇਸ ਲਈ ਉਹ ਗੁਰਮੁਖ ਉਸ ਪ੍ਰਭੂ ਦੀ ਪ੍ਰੇਮਾ ਭਗਤੀ ਕਰਦੇ ਹੋਏ ਸਾਰੇ ਜੀਵਨ ਭਰ ਹੀ ਸੁਖ ਮਾਣਦੇ ਹਨ।

## ੨. ਗੁਰਮੁਖਾਂ ਦੀ ਮਾਨਸਿਕ ਅਵਸਥਾ

**੧. ਗੁਰਮੁਖ ਇੱਕ ਅਰਾਧਣਾ**
**ਇਕ ਮਨ ਹੋਇ ਨ ਹੋਇ ਦੁਚਿੱਤਾ।**
**੨. ਗੁਰਮੁਖ ਆਪ ਗਵਾਇਆ**
**ਜੀਵਨ ਮੁਕਤਿ ਨ ਤਾਮਸ ਪਿੱਤਾ।**
**੩. ਗੁਰ ਉਪਦੇਸ਼ ਅਵੇਸ਼ ਕਰ**
**ਸਣ ਦੂਤਾਂ ਵਿਖੜਾ ਗੜ੍ਹ ਜਿੱਤਾ।**
**੪. ਪੈਰੀਂ ਪੈ ਪਾ-ਖਾਕ ਹੋਇ**
**ਪਾਹੁਨੜਾ ਜੱਗ ਹੋਇ ਅਥਿੱਤਾ।**
**੫. ਗੁਰਮੁਖ ਸੇਵਾ ਗੁਰਸਿੱਖਾਂ**
**ਗੁਰਸਿਖ ਮਾਂ ਪਿਓ ਭਾਈ ਮਿੱਤਾ।**
**੬. ਦੁਰਮਤ ਦੁਬਿਧਾ ਦੂਰ ਕਰ**
**ਗੁਰਮਤਿ ਸ਼ਬਦ ਸੁਰਤਿ ਮਨ ਸਿੱਤਾ।**
**੭. ਛੱਡ ਕੁਫੱਕੜ ਕੂੜਿ ਕੁਧਿੱਤਾ ॥੨॥**

*ਪਦ ਅਰਥ :* ਤਾਮਸ ਪਿੱਤਾ—ਕ੍ਰੋਧੀ ਦਿਲ। ਅਵੇਸ਼—ਦਾਖ਼ਲ ਹੋਣਾ। ਅਥਿੱਤਾ—ਪੂਜਨੀਕ। ਕੁਫੱਕੜ—ਖੋਟਾ, ਕੁਬੁੱਧੀ। ਕੁਧਿੱਤਾ—ਕੁਬੁੱਧੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦ ਵੀ ਕਦੀ ਸਾਡੇ ਅੰਦਰ ਉਤਸ਼ਾਹ ਪੈਦਾ ਹੁੰਦਾ ਹੈ ਕਿ ਅਸੀਂ ਇਕੱਲੇ ਇਕਾਂਤ-ਵਾਸੀ ਹੋ ਉਸ ਪ੍ਰਭੂ ਦੀ ਅਰਾਧਨਾ ਕਰੀਏ, ਇਹ ਠੀਕ ਹੈ ਕਿ ਅਸੀਂ ਸਰੀਰ ਕਰਕੇ ਇਕਾਂਤਵਾਸੀ ਹੋ ਸਰੀਰਕ ਤੌਰ ਪਰ ਅਚੱਲ ਹੋ ਬੈਠਦੇ ਹਾਂ, ਪਰ ਅਸੀ ਅੰਦਰ ਵੱਸ ਰਹੇ ਚੰਚਲ ਮਨ ਨੂੰ ਅਚੱਲ ਕਰਨ ਵਲੋਂ ਅਸਫਲ ਰਹਿੰਦੇ ਹਾਂ, ਕਿਉਂ ਜੀ! ਜਿਨ੍ਹਾਂ ਗੁਰਮੁਖਾਂ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ ਕੀ ਦਸੋਗੇ ਕਿ ਉਨ੍ਹਾਂ ਦੀ ਮਾਨਸਿਕ ਦਸ਼ਾ ਦੀ ਰੂਪ ਰੇਖਾ ਕਿਸ ਪ੍ਰਕਾਰ ਦੀ ਹੋ ਜਾਇਆ ਕਰਦੀ ਹੈ ?

ਉ: ਹੇ ਭਾਈਓ! ਇਹ ਠੀਕ ਹੈ ਕਿ ਇਸ ਮਨ ਦਾ ਵੇਗ

ਬੜਾ ਹੀ ਤੇਜ਼ ਚੱਲਦਾ ਹੈ ਜੋ ਕਿ ਇਕ ਨਿਮਖ ਵਿਚ ਦਸੋ ਦਿਸ਼ਾ ਦਾ ਚੱਕਰ ਲਾ ਆਉਂਦਾ ਹੈ ਇਸ ਦੀ ਚੰਚਲਤਾ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਭੀ ਉਗਾਹੀ ਭਰਦੇ ਹਨ ਕਿ:

ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥
*(ਪੰਨਾ ੬੪੪)*

ਭਾਵ ਹੈ ਕਿ ਜਿਨ੍ਹਾਂ ਪੁਰਾਤਨ ਜੋਗੀਆਂ ਨੇ ਸੈਂਕੜੇ ਸਾਲ ਤਪਸਿਆ ਕੀਤੀ ਉਹ ਭੀ ਇਸ ਦੀ ਮਾਰ ਤੋਂ ਬਚ ਨਹੀਂ ਸਕੇ, ਹੋਰ ਦਾ ਤਾਂ ਜ਼ਿਕਰ ਹੀ ਕੀ ਕਰਨਾ ਹੈ ਗੋਰਖ ਨਾਥ ਜਿਸਨੇ ਭਾਰਤ ਵਿਚ ਜੋਗ ਮੱਤ ਨੂੰ ਜਨਮ ਦਿੱਤਾ, ਉਸਦੇ ਗੁਰੂ ਮੁਛਿੰਦ੍ਰ ਨਾਥ ਪਰ ਜਦੋਂ ਮਨ ਨੇ ਵਾਰ ਕੀਤਾ ਤਾਂ ਉਸਦਾ ਟਾਕਰਾ ਨਹੀਂ ਕਰ ਸੱਕਿਆ, ਅੱਸੀ ਸਾਲ ਦੀ ਉਮਰ ਵਿਚ ਇਸ ਨੂੰ ਮਨ ਨੇ ਇਕ ਵੇਸਵਾ ਨਾਲ ਵਿਆਹ ਕਰਨ ਲਈ ਮਜਬੂਰ ਕਰ ਦਿੱਤਾ, ਇਸਨੂੰ ਮਨ ਨੇ ਵੇਸਵਾ ਦਾ ਨਾਚ ਤੇ ਸ਼ਰਾਬ ਪੀਣ ਵਿਚ ਅਜਿਹਾ ਭਟਕਾਇਆ, ਜੋ ਜੋਗ ਸਾਧਨਾ ਕਰਨੀ ਹੀ ਭੁੱਲ ਗਿਆ, ਇਹ ਅੱਸੀ ਸਾਲ ਦੇ ਕੀਤੇ ਤਪ ਨੂੰ ਅਜਾਂਈ ਕਰ ਬੈਠਾ।

ਹੇ ਭਾਈਓ! ਇਥੇ ਹੀ ਬੱਸ ਨਹੀਂ, ਜਦੋਂ ਅਸੀਂ ਮਨ ਦੀ ਸ਼ਕਤੀ ਬਾਰੇ ਸੰਤ ਕਬੀਰ ਜੀ ਨੂੰ ਪੁੱਛਦੇ ਹਾਂ ਤਾਂ ਉਹ ਭੀ ਆਪਣੀ ਰਾਇ ਨੂੰ ਇਸੇ ਨਾਲ ਸਹਿਮਤ ਕਰਦੇ ਹਨ ਕਿ ਐ ਦੁਨੀਆ ਦਾਰੋ! ਇਹ ਮਨ ਬੜਾ ਸ਼ਕਤੀਸ਼ਾਲੀ ਹੈ, ਮੈਂ ਤਾਂ ਵੇਖ ਲਿਆ ਹੈ ਕਿ ਮੇਰੇ ਪਾਸੋਂ ਇਸ ਮਨ ਨੂੰ ਕਾਬੂ ਕਰਨ ਵਾਲਾ ਕਿਲ੍ਹਾ ਜਿੱਤਿਆ ਨਹੀਂ ਜਾ ਸਕਦਾ ਕਿਉਂਕਿ ਇਹ ਮਨ ਮੈਨੂੰ ਪਿਛਲੇ ਜਨਮਾਂ ਵਿਚ ਭੀ ਹਾਰ ਦੇਂਦਾ ਆ ਰਿਹਾ, ਕਬੀਰ ਜੀ ਨੇ ਇਹ ਖ਼ੁਦ ਹੀ ਮੰਨ ਲਿਆ ਹੈ ਕਿ—ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ॥ ਪੰਨਾ ੬੭੦—ਭਾਵ ਹੇ ਪ੍ਰਭੂ! ਪਿਛਲੇ ਜਨਮਾਂ ਵਿਚ ਭੀ ਮੈਂ ਤੇਰੇ ਵਲ ਨੂੰ ਸਫ਼ਰ ਕਰਦਾ ਰਿਹਾ ਹਾਂ, ਪਰ ਮਨ ਨੇ ਮੈਨੂੰ ਸਿਖਰਾਂ 'ਤੇ ਨਹੀਂ ਪੁੱਜਣ ਦਿੱਤਾ, ਹੁਣ ਭੀ ਮੈਂ ਇਹੋ ਕਹਿਣ ਲਈ ਮਜਬੂਰ ਹਾਂ ਕਿ:

ਜਨ ਗਰੀਬ ਕੋ ਜੋਰੁ ਨ ਪਹੁਚੈ
ਕਹਾ ਕਰਉ ਰਘੁਰਾਇਆ॥ *(ਪੰਨਾ ੧੧੬੧)*

ਭਾਵ, ਹੇ ਸਾਈਆਂ ਜੀਓ! ਦਸੋ ਹੁਣ ਮੈਂ ਕੀ ਕਰਾਂ, ਕਿਉਂਕਿ ਮੈਂ ਗ਼ਰੀਬ ਦਾ ਤਾਂ ਇਸ ਮਨ ਨੂੰ ਕਾਬੂ ਕਰਨ ਲਈ ਜ਼ੋਰ ਹੀ ਨਹੀਂ ਚੱਲਦਾ, ਕਿਉਂਕਿ ਇਹ ਤਾਂ ਬੜੀ ਹੀ ਸ਼ਕਤੀ ਰਖਦਾ ਹੈ, ਮੈਂ ਇਕੱਲਾ ਹਾਂ, ਇਸ ਕੋਲ ਬੜੀ ਹੀ ਹਠੀਲੀ ਬਲਵਾਨ ਫ਼ੌਜ ਹੈ।

ਜਦੋਂ ਅਸੀਂ ਵੀਚਾਰ ਮਾਲਾ ਦੇ ਕਰਤਾ ਅਨਾਥ ਪੁਰੀ ਦੇ ਵੀਚਾਰ ਪੜ੍ਹਦੇ ਹਾਂ ਤਾਂ ਉਹ ਇਸ ਮਨ ਦੀ ਚੰਚਲਤਾ ਬਾਰੇ ਆਪਣੇ ਖ਼ਿਆਲ ਇਉਂ ਉੱਕਰਦਾ ਹੈ ਕਿ ਐ ਲੋਕੋ! ਮੈਂ ਮਨ ਦੀ ਚੰਚਲਤਾ ਨੂੰ ਛੇ ਰੂਪਾਂ ਵਿਚ ਅਨੁਭਵ ਕੀਤਾ ਹੈ, ਜਿਵੇਂ ਕਿ:

ਚਲਦਲ ਪੱਤ੍ਰ, ਪਟਾਕ ਪਟ, ਦਾਮਨ, ਕੱਛਪ ਮਾਥ॥
ਭੂਤ ਦੀਪ, ਦੀਪਕ ਸਿਖਾ, ਇਹ ਮਨ ਬ੍ਰਿਤ ਅਨਾਥ॥
*(ਵੀਚਾਰ ਮਾਲਾ)*

ਭਾਵ ਹੈ, ਪਿੱਪਲ ਦਾ ਪੱਤਾ, ਨਿਸ਼ਾਨ ਸਾਹਿਬ ਦਾ ਕੱਪੜਾ, ਬਿਜਲੀ, ਕੱਛੂ ਦੀ ਸਿਰੀ, ਭੂਤਾਂ ਦੀ ਅੱਗ, ਦੀਵੇ ਦੀ ਲਾਟ ਜਿਵੇਂ ਇਹ ਛੇ ਚੀਜ਼ਾਂ ਚੰਚਲ ਹਨ, ਮਨ ਦੀ ਚੰਚਲਤਾ ਭੀ ਅਜਿਹੀ ਹੈ। ਇਸ ਲਈ ਜਿਤਨਾ ਚਿਰ ਅਜਿੱਤ ਮਨ ਨੂੰ ਨਹੀਂ ਜਿੱਤੋਗੇ ਉਤਨਾ ਚਿਰ ਤੁਸੀਂ ਸੰਸਾਰ ਨੂੰ ਭੀ ਨਹੀਂ ਜਿੱਤ ਸਕਦੇ ਇਸ ਸ਼ਤ੍ਰੂ ਮਨ ਬਾਰੇ ਰਾਜਾ ਭਰਥਰੀ ਜੀ ਆਪਣੇ ਵੀਚਾਰ ਇਉਂ ਅੰਕਿਤ ਕਰਦੇ ਹਨ ਕਿ:

ਮਨ ਰਿਪ ਜੀਤਾ ਸਭ ਰਿਪ ਜੀਤੇ,
ਮਨ ਰਿਪ ਜੀਤਾ ਸਭ ਰਿਪ ਜੀਤੇ।

ਭਾਵ ਹੈ ਕਿ ਜੇ ਸਾਡਾ ਮਨ ਦੁਸ਼ਮਣ ਜੀਊਂਦਾ ਹੈ ਤਾਂ ਨਿਸਚਾ ਕਰੋ ਕਿ ਸਾਡੇ ਸਾਰੇ ਹੀ ਦੁਸ਼ਮਣ ਜੀਊਂਦੇ ਹਨ। ਪਰ ਜਦੋਂ ਅਸੀਂ ਆਪਣੇ ਮਨ ਦੁਸ਼ਮਣ ਨੂੰ ਜਿੱਤ ਲਿਆ ਤਾਂ ਸਮਝੋ ਅਸੀਂ ਸਾਰੇ ਹੀ ਦੁਸ਼ਮਣ ਜਿੱਤ ਲਏ ਹਨ।

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਮੁਖਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਉਨ੍ਹਾਂ ਨੇ ਇਸ ਬਲਵਾਨ ਦੁਸ਼ਮਣ ਮਨ ਨੂੰ ਕਿਵੇਂ ਕਾਬੂ ਕਰ ਲਿਆ, ਕੀ ਦਸੋਗੇ?

ਉ: ਹੇ ਭਾਈਓ! ਇਸ ਮਨ ਰੂਪ ਸਰਪ ਦੀ ਜ਼ਹਿਰ ਨੂੰ ਮਾਰਨ ਲਈ ਗੁਰਮੁਖਾਂ ਪਾਸ ਗੁਰੂ ਦਾ ਸ਼ਬਦ ਰੂਪ ਗਾਰੜੂ ਮੰਤ੍ਰ ਹੈ, ਜਿਸ ਦੀ ਕਮਾਈ ਦਾ ਸਦਕਾ ਉਨ੍ਹਾਂ ਨੇ ਇਸ ਮਨ ਦੁਸ਼ਮਣ ਨੂੰ ਜਿੱਤ ਲਿਆ, ਉਹ ਹੁਣ ਗੁਰਮੁਖ ਦਿਨੇ ਰਾਤ (ਸਦੀਵੀ ਕਾਲ) ਸ਼ਬਦ ਦੀ ਹੀ ਅਰਾਧਨਾ ਕਰਦੇ ਹਨ। ਉਨ੍ਹਾਂ ਗੁਰਮੁਖਾਂ ਦੀ ਹੁਣ ਤੁਹਾਡੇ ਪੁੱਛਣ ਅਨੁਸਾਰ ਮਾਨਸਿਕ ਅਵਸਥਾ ਦਾ ਕੁਝ ਕੁ ਜ਼ਿਕਰ ਕਰਦੇ ਹਾਂ (ਕਿ ਉਨ੍ਹਾਂ ਦੇ ਜਿੱਤੇ ਹੋਏ ਮਨ

ਵਿਚ ਕੀ ਬਦਲ ਆ ਗਈ ਅਤੇ ਉਨ੍ਹਾਂ ਦੇ ਮਨ ਦੀ ਕ੍ਰਿਆ ਕੀ ਹੈ):

(੧) ਹੇ ਭਾਈਓ ! (ਲਓ ਸੁਣੋ) ਗੁਰਮੁਖ ਇਕ ਚਿਤ ਹੋ ਕੇ ਇਕੋ (ਪ੍ਰਭੂ) ਦੀ ਅਰਾਧਨਾ ਕਰਦੇ ਹਨ, ਉਨ੍ਹਾਂ ਨੂੰ ਜੀਵਨ ਭਰ ਕਦੀ ਭੀ ਦੁਚਿਤੀ ਨਹੀਂ ਹੁੰਦੀ (ਭਾਵ ਉਹ ਪ੍ਰਭੂ ਦੀ ਅਰਾਧਨਾ ਕਰਨ ਵਲੋਂ ਕਦੇ ਭੀ ਸੁਸਤੀ ਨਹੀਂ ਕਰਦੇ)।

(੨) (ਉਹ) ਗੁਰਮੁਖ ਆਪਾ ਭਾਵ (ਮੈਂ ਮੇਰੀ) ਨੂੰ ਖ਼ਤਮ ਕਰਕੇ ਜੀਵਨ ਮੁਕਤਿ ਹੋ ਚੁੱਕੇ ਹਨ, ਹੁਣ ਉਨ੍ਹਾਂ (ਦੇ ਮਨ ਵਿਚ) ਕਦੇ ਭੀ ਤਾਮਸੀ (ਕ੍ਰੋਧ) ਨਹੀਂ ਆਉਂਦਾ।

(੩) (ਕਿਉਂਕਿ) ਉਹ ਗੁਰੂ ਦੇ ਉਪਦੇਸ਼ ਨੂੰ ਦ੍ਰਿੜਤਾ ਨਾਲ ਧਾਰਨ ਕਰਕੇ, ਪੰਜਾਂ ਦੂਤਾਂ ਸਮੇਤ, ਮਨ ਦੇ ਬਿਖ਼ਮ (ਗੜ੍ਹ) ਕਿਲ੍ਹੇ ਨੂੰ ਜਿੱਤ ਲੈਂਦੇ ਹਨ।

(੪) ਪੈਰੀਂ ਪੈਣ ਦੀ ਰੀਤ 'ਤੇ ਚੱਲਦੇ ਹੋਏ, ਉਹ ਚਰਨਾਂ ਦੀ ਧੂੜੀ ਬਣ ਕੇ, ਜਗਤ ਵਿਚ ਪ੍ਰਾਹੁਣੇ (ਮੁਸਾਫ਼ਰਾਂ) ਦੀ ਤਰ੍ਹਾਂ ਜੀਵਨ ਬਿਤਾਉਂਦੇ ਹਨ।

(੫) (ਉਹ) ਗੁਰਮੁਖ, ਗੁਰਸਿੱਖਾਂ ਦੀ ਸੇਵਾ ਕਰਦੇ ਤੇ ਗੁਰਸਿੱਖਾਂ ਨੂੰ ਮਾਤਾ, ਪਿਤਾ, ਭਾਈ ਤੇ ਮਿੱਤ੍ਰਾਂ ਵਾਂਗੂੰ ਜਾਣਦੇ ਹਨ।

(੬) ਖੋਟੀ ਮਤ ਜੋ (ਸਦਾ ਹੀ) ਦੁਬਿਧਾ (ਦ੍ਵੈਤ) ਖੜੀ ਰਖਦੀ ਹੈ (ਉਸਨੂੰ ਦੂਰ ਕਰਕੇ) ਗੁਰਮੁਖ ਸ਼ਬਦ ਵਿਚ ਸੁਰਤਿ ਨੂੰ ਜੋੜ ਕੇ, ਮਨ ਨੂੰ ਉਸ ਦੇ ਨਾਲ ਸਿਉ ਦੇਦੇ ਹਨ (ਤਾਂਕਿ ਮਨ ਸੁਰਤਿ ਤੋਂ ਵੱਖਰਾ ਹੋ ਹੀ ਨ ਸੱਕੇ)।

(੭) ਖੋਟਾ ਕੰਮ ਅਤੇ ਕੂੜੀਆਂ ਹੁੱਜਤਾਂ ਜਾਂ ਕੁਬੁੱਧੀਆਂ ਨੂੰ ਛੱਡ ਦੇਂਦੇ ਹਨ (ਭਾਵ ਮਨ ਵਲੋਂ ਜੋ ਖੋਟੇ ਕਰਮ ਕਰਨ ਲਈ ਬਹਾਨੇ-ਬਾਜ਼ੀ ਹੁੰਦੀ ਹੈ ਉਹ ਗੁਰਮੁਖਾਂ ਨੇ ਉੱਕਾ ਹੀ ਤਿਆਗ ਦਿੱਤੀ ਹੈ)।੨।

*ਭਾਵਾਰਥ :* ਇਨ੍ਹਾਂ ਉਪ੍ਰੋਕਤ ਦੋ ਪਉੜੀਆਂ ਵਿਚ ਭਾਈ ਸਾਹਿਬ ਜੀ ਨੇ ਗੁਰਮੁਖਾਂ ਦੇ ਧਾਰਨ ਕੀਤੇ (੧੪) ਚੋਦਾਂ ਗੁਣਾਂ ਨੂੰ ਅੰਕਿਤ ਕੀਤਾ ਹੈ, ਜਿਨ੍ਹਾਂ ਦੇ ਅਧਾਰਿਤ ਹੋ ਗੁਰਮੁਖ ਆਪਣਾ ਸਾਰਾ ਜੀਵਨ ਸਫਲ ਕਰਦੇ ਹਨ, ਇਨ੍ਹਾਂ ਦੈਵੀ ਗੁਣਾਂ ਦੀ ਧਾਰਨਾ ਵਲੋਂ ਸੱਖਣੇ ਜੋ ਪੁਰਾਣੇ ਸਮਿਆਂ ਦੇ ਲੋਕ ਜਪ ਤਪ ਕਰਦੇ ਸਨ, ਉਨ੍ਹਾਂ ਨੂੰ ਨਾਮ ਸਿਮਰਨ ਤੋਂ ਸੁੰਞੇ ਦਰਸਾ ਕੇ ਅਸਫਲਤਾ ਦਰਸਾਈ ਹੈ ਅਤੇ ਜੋ ਰੱਬੀ ਮਾਰਗ 'ਤੇ ਚੱਲਣ ਵਾਲੇ ਪਾਂਧੀ ਹਨ, ਉਨ੍ਹਾਂ ਨੂੰ ਇਨ੍ਹਾਂ ਦੈਵੀ ਗੁਣਾਂ ਦੇ ਧਾਰਨ ਕਰਨ ਦੀ ਪ੍ਰੇਰਨਾ ਮਿਲਦੀ ਹੈ, ਜਿਨ੍ਹਾਂ ਦੇ ਆਧਾਰਿਤ ਹੋ ਰੱਬੀ ਮਾਰਗ 'ਤੇ ਚੱਲਣ ਵਾਲਾ ਪਾਂਧੀ ਸਹਿਜੇ ਸਹਿਜੇ ਆਪਣੀ ਸਹੀ ਮੰਜ਼ਿਲ 'ਤੇ ਪੁੱਜ ਜਾਂਦਾ ਹੈ। ਗੁਰਮੁਖ ਆਪਣੇ ਮਨ ਦੇ ਹੱਠ ਨੂੰ ਛੱਡ ਕੇ ਕੇਵਲ ਉਸੇ ਪਰੀ ਪੂਰਨ ਪਰਮੇਸਰ ਦੇ ਭਾਣੇ ਵਿਚ ਪ੍ਰਸੰਨ ਰਹਿੰਦੇ ਹਨ। ਉਹ ਅਨਿੰਨ ਭਗਤ ਹੁੰਦੇ ਹਨ, ਇੰਦ੍ਰੇ ਜਿਤ, ਨਿੰਮ੍ਰੀ ਭੂਤ, ਸਬਦ ਅਭਿਆਸੀ, ਸਤਿਸੰਗੀਆਂ ਨਾਲ ਪ੍ਰੇਮ ਤੇ ਸਦਾ ਹੀ ਉੱਜਲ ਮੱਤ ਵਾਲੇ ਹੁੰਦੇ ਹਨ। ਬਸ, ਉਨ੍ਹਾਂ ਦੀ ਮਾਨਸਿਕ ਧਾਰਨਾ ਇਹੋ ਹੁੰਦੀ ਹੈ, ਜੋ ਬਾਣੀ ਦਾ ਫ਼ੁਰਮਾਨ ਹੈ:

ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ॥
*(ਪੰਨਾ ੧੪੨੬)*

## ੩. ਗੁਰਸਿੱਖਾਂ ਦਾ ਪਰਸਪਰ ਮਿਲਾਪ

**੧. ਅਪਨੇ ਅਪਨੇ ਵਰਨ ਵਿੱਚ**
**ਚਾਰ ਵਰਨ ਕੁਲ ਧਰਮ ਧਰੰਦੇ।**
**੨. ਛਿਅ ਦਰਸ਼ਨ ਛਿਅ ਸ਼ਾਸਤ੍ਰਾਂ**
**ਗੁਰ ਗੁਰਮਤਿ ਖਟ ਕਰਮ ਕਰੰਦੇ।**
**੩. ਅਪਨੇ ਅਪਨੇ ਸਾਹਿਬੈ**
**ਚਾਕਰ ਜਾਇ ਜੁਹਾਰ ਜੁੜੰਦੇ।**
**੪. ਅਪਨੇ ਅਪਨੇ ਵਣਜ ਵਿੱਚ**
**ਵਾਪਾਰੀ ਵਾਪਾਰ ਮਚੰਦੇ।**
**੫. ਅਪਨੇ ਅਪਨੇ ਖੇਤ ਵਿਚ**
**ਬੀਉ ਸਭੇ ਕਿਰਸਾਣ ਬੀਜੰਦੇ।**
**੬. ਕਾਰੀਗਰ ਕਾਰੀਗਰਾਂ**
**ਕਾਰਖਾਨੇ ਵਿਚ ਜਾਇ ਮਿਲੰਦੇ।**
**੭. ਸਾਧਸੰਗਤ ਗੁਰਸਿੱਖ ਪੁਜੰਦੇ ॥੩॥**

*ਪਦ ਅਰਥ :* ਵਰਨ—ਜਾਤਾਂ (ਬ੍ਰਾਹਮਣ, ਖੱਤ੍ਰੀ, ਵੈਸ਼ ਅਤੇ ਸੂਦਰ)। ਖਟ ਕਰਮ—ਛੇ ਕਿਸਮ ਦੇ ਕਰਮ ਧਰਮ (ਜਪ, ਹੋਮ, ਸੰਧਿਆ, ਇਸਨਾਨ, ਅਤਿਥ ਸੇਵਾ, ਦੇਵ ਪੂਜਾ)। ਸਾਹਿਬੈ—ਮਾਲਕ, ਰਾਜੇ। ਜੁਹਾਰ—ਬੰਦਗੀ, ਸੇਵਾ ਕਿਰਸਾਣ—ਜਿਮੀਂਦਾਰ। ਪੁਜੰਦੇ—ਪਹੁੰਚੇ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਇਹ ਅਸੀਂ ਆਮ ਹੀ ਵੇਖਦੇ ਹਾਂ ਕਿ ਜਿਥੇ ਦੁਨਿਆਵੀ ਲੋਕਾਂ ਦੇ ਇਕੱਠਾਂ, ਜਲਸੇ, ਜਲੂਸਾਂ ਵਿਚ ਸਾਰੇ ਹੀ ਲੋਕ ਮਿਲਕੇ ਬੈਠਦੇ ਹਨ ਅਤੇ ਆਪੋ ਆਪਣੇ ਵੀਚਾਰ ਵਿਟਾਦਰੇ ਕਰਦੇ, ਇਕ ਦੂਜੇ

ਦੇ ਖਿਆਲ ਤੋਂ ਜਾਣੂ ਹੁੰਦੇ ਹਨ. ਉਥੇ ਜਿਨ੍ਹਾਂ ਨੂੰ ਅਸੀਂ ਸਤਿਸੰਗੀ ਅਨੁਭਵ ਕਰਦੇ ਹਾਂ, ਉਨ੍ਹਾਂ ਨੂੰ ਅਜਿਹੀਆਂ ਇਕੱਤ੍ਰਤਾਵਾਂ ਵਿਚ ਬਹੁਤ ਘੱਟ ਵੇਖਦੇ ਹਾਂ, ਕਿਉ ਜੀ, ਇਸਦਾ ਭੀ ਕੋਈ ਖ਼ਾਸ ਕਾਰਨ ਹੈ ਜਿਸ ਕਰਕੇ ਉਹ ਆਮ ਲੋਕਾਂ ਦੇ ਇਕੱਠਾਂ ਵਿਚ ਜਾਣ ਵਲੋਂ ਨਫਰਤ ਜਾਂ ਘਿਰਨਾ ਕਰਦੇ ਹਨ ?

ਉ: ਹੇ ਭਾਈਓ! ਇਹ ਤੁਹਾਡੀ ਸੋਚਣੀ ਗ਼ਲਤ ਹੈ ਕਿਉਂਕਿ ਭਗਤ ਸਤਿਸੰਗੀ ਲੋਕ ਤਾਂ ਕਦੇ ਭੀ ਕਿਸੇ ਨੂੰ ਦੋਸੀ ਨਹੀਂ ਠਹਿਰਾਉਂਦੇ, ਉਹ ਤਾਂ ਇਹੋ ਨਿਸਚਾ ਰੱਖਦੇ ਹਨ ਕਿ:

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥

*(ਪੰਨਾ ੯੯੧)*

ਜਾਂ ਕਬੀਰ ਜੀ ਭੀ ਇਸੇ ਸਿਧਾਂਤ ਨਾਲ ਆਪਣੀ ਸੰਮਤੀ ਪ੍ਰਗਟਾਉਂਦੇ ਹਨ, ਜਿਵੇਂ ਕਿ:

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥੭॥

*(ਪੰਨਾ ੧੩੬੪)*

ਪਰ ਹਾਂ, ਇਸ ਵਿਚ ਇਤਨਾ ਅੰਤਰਾ ਜ਼ਰੂਰ ਹੈ ਕਿ ਜੋ ਭੀ ਕਿਸੇ ਦੀ ਅੰਦਰੂਨੀ ਮੰਗ ਹੈ, ਉਹ ਉਸ ਦੀ ਪੂਰਤੀ ਲਈ ਉਸੇ ਥਾਂ ਜਾਣਾ ਪਸੰਦ ਕਰਦਾ ਹੈ ਜਿਥੇ ਉਸਨੂੰ ਉਸਦੀ ਆਪਣੀ ਇੱਛਾ ਅਨੁਸਾਰ ਖ਼ੁਰਾਕ ਮਿਲ ਸਕਦੀ ਹੈ। ਵੇਖੋ, ਜਿਵੇਂ ਇਕ ਹੰਸ ਹੈ ਉਹ ਉਸੇ ਮਾਨ-ਸਰੋਵਰ ਦੀ ਨਿਰਮਲ ਝੀਲ ਦੇ ਕਿਨਾਰੇ ਬੈਠਣਾ ਪਸੰਦ ਕਰਦਾ ਹੈ ਜਿਥੇ ਉਸਨੂੰ ਉਸਦੀ ਖ਼ੁਰਾਕ ਮੋਤੀ ਮਿਲਦੇ ਹਨ, ਪਰ ਕਾਂ ਉਥੇ ਜਾ ਕੇ ਬੈਠਣ ਨੂੰ ਪਸੰਦ ਨਹੀਂ ਕਰਦਾ ਕਿਉਂਕਿ ਉਸਦੀ ਖ਼ੁਰਾਕ ਵਿਸ਼ਟਾ ਹੈ. ਉਸਨੂੰ ਖਾਣ ਲਈ ਉਸਦੇ ਅੱਗੇ ਜੇ ਕਪੂਰ ਭੀ ਰੱਖ ਦਿੱਤਾ ਜਾਵੇ ਤਾਂ—ਕਾਉ ਕਪੂਰ ਨ ਚਖਈ ਦੁਰਗੰਧ ਸੁ ਖਾਵੈ॥

ਜਾਂ ਇਉਂ ਵੀ ਫ਼ਰਜ਼ ਕਰ ਲਓ ਕਿ ਕਿਸੇ ਬਹੁਤ ਵੱਡੇ ਸ਼ਹਿਰ ਵਿਚ ਵਖੋ ਵੱਖ ਸੈਂਕੜੇ ਦੁਕਾਨਾਂ ਹਨ, ਪਰ ਜਿਸ ਸ਼ੈ ਦਾ ਕੋਈ ਖ਼ਰੀਦਾਰ ਹੈ ਉਹ ਉਸੇ ਹੀ ਦੁਕਾਨ 'ਤੇ ਜਾ ਕੇ ਬੈਠੇਗਾ, ਕਪੜੇ ਦਾ ਗਾਹਕ ਬਜਾਜ ਦੀ ਦੁਕਾਨ 'ਤੇ ਜਾਵੇਗਾ, ਪਰ ਜੋ ਹੀਰੇ ਜਵਾਹਰਾਤ ਤੇ ਲਾਲਾਂ ਦਾ ਵਪਾਰੀ ਹੈ ਉਹ ਸਰਾਫ਼ਾਂ ਦੀ ਦੁਕਾਨ ਪਰ ਹੀ ਜਾ ਕੇ ਬੈਠਣ ਦਾ ਉਤਸ਼ਾਹ ਰਖਦਾ ਹੈ।

ਜਾ ਇਉਂ ਕਹਿ ਲਵੋ ਕਿ ਕੋਈ ਭੀ ਸਿਆਣਾ ਸੂਝ ਬੂਝ ਰੱਖਣ ਵਾਲਾ ਇਨਸਾਨ ਆਪਣੇ ਦੇਸ ਨੂੰ ਛੱਡ ਕੇ ਕਿਸੇ ਉਸ ਬਿਦੇਸ਼ ਵਿਚ ਜਾ ਕੇ ਵਸਣਾ ਪਸੰਦ ਨਹੀਂ ਕਰੇਗਾ, ਜਿਥੇ ਉਸਦਾ ਖਾਣਾ, ਪੀਣਾ, ਪਹਿਨਣਾ ਅਤੇ ਪਰ-ਭਾਸ਼ਾ, ਬੋਲੀ ਦੀ ਸਾਂਝ ਦਾ ਤਾਲਮੇਲ ਨ ਮੇਲ ਖਾਂਦਾ ਹੋਵੇ। ਇਸੇ ਭਾਵ ਦੀ ਪੂਰਤੀ ਲਈ ਤੁਹਾਨੂੰ ਕੁਝ ਕੁ ਉਹ ਉਦਾਹਰਣ ਦੇਂਦੇ ਹਾਂ ਜੋ ਕਿ ਪਰਤੱਖ ਵਰਤੋਂ ਵਿਚ ਵਰਤ ਰਹੇ ਸਾਨੂੰ ਨਜ਼ਰ ਆ ਰਹੇ ਹਨ, ਜਿਵੇਂ ਕਿ:

(੧) ਹੇ ਭਾਈ! (ਵੇਖੋ ਜਿਵੇਂ ਕਿ) ਆਪਣੇ ਆਪਣੇ ਵਰਨ (ਜਾਤੀ) ਵਿਚ ਚਾਰੇ ਜਾਤੀਆਂ ਵਾਲੇ, ਆਪੋ ਆਪਣੇ ਕੁਲ ਦੇ ਧਰਮ ਅਨੁਸਾਰ (ਹਮੇਸ਼ਾ ਹੀ) ਵਰਤਦੇ ਹਨ (ਭਾਵ ਬ੍ਰਾਹਮਣ, ਖੱਤ੍ਰੀ, ਵੈਸ਼ਯ, ਸ਼ੂਦਰ ਆਪਣੇ ਕੁਲਾਧਾਰੀ ਧਰਮ ਨੂੰ ਹੀ ਧਾਰਦੇ ਹਨ)।

(੨) ਛੇ ਦਰਸ਼ਨ (ਧਰਮ) ਛੇ ਸ਼ਾਸਤ੍ਰ ਗੁਰੂਆਂ ਦੀ ਦੱਸੀ ਗੁਰਮਤਿ ਨੂੰ ਲੈ ਕੇ ਖਟ ਕਰਮ (੧. ਜਪ, ੨. ਹੋਮ, ੩. ਸੰਧਿਆ, ੪. ਇਸ਼ਨਾਨ, ੫. ਅਤਿਥਿ ਪੂਜਾ, ੬. ਦੇਵ ਅਰਚਾ) ਨੂੰ ਕਰਦੇ ਹਨ।

(੩) ਨੌਕਰ (ਜੋ ਭੀ ਕੰਮ 'ਤੇ ਜਾਂਦੇ ਹਨ) ਉਹ ਜਾ ਕੇ ਆਪਣੇ ਆਪਣੇ ਮਾਲਕ (ਤੇ ਅਫ਼ਸਰ) ਨੂੰ ਨਮਸਕਾਰ ਕਰਦੇ ਹਨ।

(੪) ਵਪਾਰੀ ਆਪਣੇ ਨਾਲ ਸੰਬੰਧਿਤ ਵਪਾਰੀਆਂ ਨੂੰ ਮਿਲਦੇ ਤੇ ਵਪਾਰ ਚਲਾਉਂਦੇ ਹਨ।

(੫) ਕਿਸਾਨ ਆਪੋ ਆਪਣੇ ਖੇਤ ਵਿਚ (ਜੋ ਵੀ ਚਾਹੁੰਦਾ ਹੈ) ਜਾ ਕੇ ਬੀਜ ਬੀਜਦਾ ਹੈ।

(੬) ਕਾਰੀਗਰ (ਤੇ ਮਜ਼ਦੂਰ) ਕਾਰੀਗਰਾਂ ਨੂੰ ਜਾ ਕੇ ਕਾਰਖ਼ਾਨੇ ਵਿਚ ਮਿਲ ਪੈਂਦੇ ਹਨ।

(੭) (ਇਸੇ ਤਰ੍ਹਾਂ ਹੇ ਭਾਈਓ!) ਗੁਰਸਿੱਖ ਸਿੱਖਾਂ ਦੇ ਦਰਸ਼ਨ ਕਰਨ (ਤੇ ਉਪਦੇਸ਼ ਸੁਣਨ ਲਈ) ਸਾਧ ਸੰਗਤ ਵਿਚ ਪੁੱਜਦੇ ਹਨ।੩।

***ਭਾਵਾਰਥ :*** ਜਿਵੇਂ ਹਰ ਬੰਦੇ ਦੀ ਸਰੀਰਕ ਖ਼ੁਰਾਕ ਵਖੋ ਵੱਖ ਹੈ, ਉਸਨੂੰ ਜਿਥੋਂ ਭੀ ਉਹ ਖ਼ੁਰਾਕ ਮਿਲੇ ਉਹ ਹਰ ਹਾਲਤ ਵਿਚ ਉਥੇ ਪੁੱਜਦਾ ਹੈ, ਪਰ ਦੂਜੀ ਮਾਨਸਿਕ ਖ਼ੁਰਾਕ ਹੈ, ਜਿਨ੍ਹਾਂ ਦਾ ਮਨ ਦੈਵੀ ਗੁਣਾਂ ਦੀ ਖ਼ੁਰਾਕ ਖਾਣ ਦਾ ਆਦੀ ਹੈ ਉਹ ਸਦਾ ਹੀ ਗੁਰੂ ਦੀ ਸੰਗਤ ਵਿਚ ਪੁੱਜ ਕੇ, ਗੁਰੂ ਦਾ ਉਪਦੇਸ਼ ਸੁਣ ਕੇ ਤੇ ਧਾਰਨ ਕਰਦੇ ਹਨ, ਜਿਸ ਧਾਰਨਾ ਦਾ ਸਦਕਾ ਉਨ੍ਹਾਂ ਨੂੰ ਉਹ ਸਦੈਵੀ ਸੁਖ ਹਾਸਲ ਹੁੰਦਾ ਹੈ ਜਿਸਦਾ ਕਿ ਜੀਵਨ ਭਰ ਕਦੇ ਭੀ ਅਭਾਵ ਨਹੀਂ ਹੁੰਦਾ, ਇਸ ਲਈ ਹਰ ਵਕਤ ਗੁਰੂ ਦੀ ਸੰਗਤ ਵਿਚ ਜੁੜ ਬੈਠਣ ਦੀ ਪ੍ਰੇਰਨਾ ਮਿਲਦੀ ਹੈ।

## ੪. ਪਰਸਪਰ ਖ਼ਿਆਲੀਆਂ ਦਾ ਮਿਲਾਪ

੧. ਅਮਲੀ ਰਚਨ ਅਮਲੀਆਂ
ਸੋਫੀ ਸੋਫੀ ਮੇਲ ਕਰੰਦੇ।
੨. ਜੂਆਰੀ ਜੂਆਰੀਆਂ
ਵੇਕਰਮੀ ਵੇਕਰਮ ਰਚੰਦੇ।
੩. ਚੋਰਾਂ ਚੋਰਾਂ ਪਿਰਹੜੀ
ਠੱਗ ਠੱਗਾਂ ਮਿਲ ਦੇਸ ਠਗੰਦੇ।
੪. ਮਸਕਰਿਆਂ ਮਿਲ ਮਸਕਰੇ
ਚੁਗਲਾਂ ਚੁਗਲ ਉਮਾਹਿ ਮਿਲੰਦੇ।
੫. ਮਨਤਾਰੂ ਮਨਤਾਰੂਆਂ
ਤਾਰੂ ਤਾਰੂ ਤਾਰ ਤਰੰਦੇ।
੬. ਦੁਖਿਆਰੇ ਦੁਖਿਆਰਿਆਂ
ਮਿਲ ਮਿਲ ਅਪਣੇ ਦੁੱਖ ਰੁਵੰਦੇ।
੭. ਸਾਧਸੰਗਤ ਗੁਰਸਿੱਖ ਵਸੰਦੇ ॥੪॥

*ਪਦ ਅਰਥ :* ਸੋਫੀ—ਜੋ ਨਸ਼ਾ ਨਹੀਂ ਪੀਂਦੇ, ਭਾਵ ਬੁੱਧੀਵਾਨ। ਵੇਕਰਮੀ—ਦੁਰਾਚਾਰੀ। ਪਿਰਹੜੀ—ਪ੍ਰੀਤ। ਮਸਕਰੇ—ਟੋਕਬਾਜ਼। ਉਮਾਹਿ—ਖ਼ੁਸ਼ੀ ਨਾਲ। ਮਨਤਾਰੂ—ਅਨਤਾਰੂ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਜੋ ਗੁਰਸਿੱਖ ਸਾਧ ਸੰਗਤ ਦੇ ਪ੍ਰੇਮੀ ਹਨ, ਉਹ ਭਾਵੇਂ ਕਿਤਨੇ ਭੀ ਦੂਰੀ 'ਤੇ ਵਸਦੇ ਹਨ, ਪਰ ਉਹ ਸਦਾ ਹੀ ਸੰਗਤ ਵਿਚ ਵਸਦੇ ਰਹਿਣ ਨੂੰ ਪਸੰਦ ਕਰਦੇ ਹਨ। ਪਰ ਕਈ ਲੋਕ ਐਸੇ ਭੀ ਵੇਖਣ ਵਿਚ ਆਉਂਦੇ ਹਨ ਜੋ ਕਿ ਸਾਧ ਸੰਗਤ ਦੇ ਨੇੜੇ ਵਸਦੇ ਹੋਏ ਭੀ ਸੰਗਤ ਵਿਚ ਆਉਣ ਦਾ ਉਤਸ਼ਾਹ ਨਹੀਂ ਰੱਖਦੇ, ਕਿਉਂ ਜੀ ਇਸਦਾ ਕੀ ਕਾਰਣ ਹੈ?

ਉ: ਹੇ ਭਾਈਓ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਸਾਨੂੰ ਧਰਮੀ ਪੁਰਸ਼ਾਂ ਦੀਆਂ ਲਿਖੀਆਂ ਹੋਈਆਂ ਧਾਰਮਕ ਪੁਸਤਕਾਂ ਦੇ ਪੜ੍ਹਨ ਤੋਂ ਵਿਸ਼ੇਸ਼ ਰੂਪ ਵਿਚ ਮਿਲਦਾ ਹੈ, ਕਿਉਂਕਿ ਉਨ੍ਹਾਂ ਨੇ ਹਰ ਮਨੁੱਖ ਦੇ ਅੰਤਰ ਆਤਮੇ ਦੋ ਤਰ੍ਹਾਂ ਦੇ ਵਖੋ ਵੱਖ ਸੰਸਕਾਰਾ ਦੀ ਪ੍ਰਬਲਤਾ ਅੰਕਿਤ ਕੀਤੀ ਹੈ, ਜਿਵੇਂ ਕਿ ਇਕ ਹੈ ਪ੍ਰਮਾਰਥਿਕ ਸੰਸਕਾਰ ਦੂਜੇ ਹੈ ਸੰਸਾਰਕ। ਸੋ, ਜਿਸ ਦੇ ਅੰਦਰ ਜਿਨ੍ਹਾਂ ਸੰਸਕਾਰਾਂ ਦੀ ਵਧੇਰੇ ਪ੍ਰਬਲਤਾ ਹੋਵੇ ਉਸਦਾ ਮਾਨਸਿਕ ਝੁਕਾਉ ਵਧੇਰੇ ਉਸੇ ਪਾਸੇ ਹੋਇਆ ਕਰਦਾ ਹੈ, ਇਸ ਵਿਚ ਦੂਰ ਜਾਂ ਨੇੜੇ ਵਸਦੇ ਰਹਿਣ ਦਾ ਕੋਈ ਅੰਤਰਾ ਨਹੀਂ।

(੧) ਅਸੀਂ ਵੇਖਦੇ ਹਾਂ ਕਿ ਜੇ ਕਦੀ ਕਾਂ ਨੂੰ ਕਪੂਰ ਦੇ ਕੋਲ ਬੈਠਣਾ ਪਵੇ ਉਹ ਉਥੇ ਨਹੀਂ ਬੈਠੇਗਾ ਕਿਉਂਕਿ ਉਹ ਉਸਦੀ ਖ਼ੁਰਾਕ ਨਹੀਂ ਹੈ ਉਹ ਆਪਣੀ ਖ਼ੁਰਾਕ ਵਿਸ਼ਟਾ ਕੋਲ ਜਾ ਕੇ ਹੀ ਬੈਠਣਾ ਪਸੰਦ ਕਰੇਗਾ।

(੨) ਜਦੋਂ ਅਸੀਂ ਡੱਡੂ ਵੱਲ ਤੱਕਦੇ ਹਾਂ ਉਹ ਨਿਰਮਲ ਪਾਣੀ ਵਿਚ ਉੱਗਦੇ ਕਵਲ ਫੁਲ ਦੀਆ ਜੜ੍ਹਾਂ ਵਿਚ ਹੀ ਵਸਦਾ ਹੈ, ਪਰ ਉਸ ਡੱਡੂ ਨੂੰ ਉਸਦੀ ਸਾਰ ਹੀ ਨਹੀਂ ਉਹ ਜਾਲਾ ਖਾ ਕੇ ਹੀ ਪ੍ਰਸੰਨ ਰਹਿੰਦਾ ਹੈ।

(੩) ਜਿਵੇਂ ਇਕ ਚਿੱਚੜ ਗਊ, ਮੱਝ ਦੇ ਦੁੱਧ ਦੇ ਭਰੇ ਅਸਥਨਾਂ ਦੇ ਬਹੁਤ ਨੇੜੇ ਵਸਦਾ ਹੈ, ਪਰ ਉਸਨੂੰ ਉਸਦੀ ਸਾਰ ਹੀ ਨਹੀਂ ਕਿਉਂਕਿ ਉਸਦੀ ਅੰਦਰੂਨੀ ਭਾਵਨਾ ਖ਼ੂਨ ਪੀਣ ਦੀ ਹੀ ਹੈ।

(੪) ਦੂਜੇ ਪਾਸੇ ਅਸੀਂ ਹੰਸਾਂ ਨੂੰ ਤੱਕਦੇ ਹਾਂ ਜੋ ਕਦੇ ਭੀ ਛੱਪੜ ਤੇ ਟੋਭਿਆਂ ਤੇ ਜਾ ਕੇ ਨਹੀਂ ਬੈਠਦੇ ਕਿਉਂਕਿ ਉਥੇ ਉਨ੍ਹਾਂ ਦਾ ਖਾਣਾ ਹੀ ਨਹੀਂ, ਉਹ ਉਸ ਮਾਨਸਰੋਵਰ ਦੀ ਝੀਲ 'ਤੇ ਹੀ ਜਾ ਕੇ ਬੈਠਦੇ ਹਨ, ਜਿਥੇ ਉਨ੍ਹਾਂ ਦਾ ਹੀਰੇ ਮੋਤੀ ਖਾਣਾ ਮਿਲਦਾ ਹੈ ਉਹ ਭਾਵੇਂ ਕਿਤਨੀ ਹੀ ਦੂਰੀ 'ਤੇ ਹੋਵੇ।

(੫) ਦੂਸਰੇ ਅਸੀਂ ਕੂੰਜਾ ਵੱਲ ਵੇਖਦੇ ਹਾਂ ਕਿ ਉਹ ਆਪਣੇ ਬੱਚਿਆਂ ਨੂੰ ਸੈਂਕੜੇ ਕੋਹਾਂ ਦੀ ਦੂਰੀ 'ਤੇ ਛੱਡ ਕੇ ਚਲੀਆਂ ਜਾਂਦੀਆਂ ਹਨ, ਪਰ ਮਨ ਵਿਚ ਸਦਾ ਹੀ ਆਪਣੇ ਬੱਚਿਆਂ ਦਾ ਸਿਮਰਨ ਕਰਦੀਆਂ ਹਨ, ਆਖ਼ਰ ਉਹ ਆਪਣੀ ਭਾਵਨਾ ਅਨੁਸਾਰ ਆਪਣੇ ਬੱਚਿਆਂ ਕੋਲ ਹੀ ਆ ਕੇ ਵੱਸਣਾ ਪਸੰਦ ਕਰਦੀਆਂ ਹਨ।

(੬) ਫਿਰ ਅਸੀਂ ਚਕੋਰ ਵੱਲ ਤੱਕਦੇ ਹਾਂ, ਉਸਦੀ ਪ੍ਰੀਤ ਭਾਵਨਾ ਚੰਦ੍ਰਮਾ ਨਾਲ ਹੈ, ਉਹ ਭਾਵੇਂ ਲੱਖਾਂ ਕੋਹਾਂ ਦੀ ਦੂਰੀ 'ਤੇ ਹੈ ਉਹ ਤਾਂ ਭੀ ਉਸੇ ਦੇ ਕੋਲ ਜਾ ਕੇ ਵੱਸਣ ਦੀ ਸਧਰ ਰੱਖਦਾ ਹੈ।

(੭) ਫਿਰ ਅਸੀਂ ਮੋਰ ਤੇ ਪਪੀਹਿਆਂ ਵੱਲ ਵੇਖਦੇ ਹਾਂ ਕਿ ਜਦੋਂ ਸਾਵਣ ਭਾਦਰੋਂ ਦੀ ਬਰਸਾਤ ਵਿਚ ਆਕਾਸ ਅੰਦਰ ਬੱਦਲਾਂ ਦੀਆਂ ਕਾਲੀਆਂ ਘਟਾਂ ਦੀ ਘਨਘੋਰ ਗਰਜਦੀ ਹੈ ਤਾਂ ਪਪੀਹੇ ਤੇ ਮੋਰ ਨਿਰਤ ਕਰਨੀ ਅਤੇ ਸੰਗੀਤ ਦਾ ਅਲਾਪ ਕਰਨਾ ਅਰੰਭ ਕਰ ਦੇਂਦੇ ਹਨ।

(੮) ਜਦੋਂ ਅਸੀਂ ਗਊ ਵੱਲ ਤੱਕਦੇ ਹਾਂ ਤਾ ਉਹ ਆਪਣੇ

ਬੱਚੇ ਨੂੰ ਪਿਛੇ ਪੰਜ ਕੋਹਾਂ ਦੀ ਦੂਰੀ ਤੇ ਛੱਡ ਕੇ ਚਲੀ ਜਾਂਦੀ ਹੈ, ਪਰ ਉਸਦੇ ਮਨ ਵਿਚ ਇਹੋ ਇੱਛਾ ਬਣੀ ਰਹਿੰਦੀ ਹੈ ਕਿ ਮੈਂ ਛੇਤੀ ਤੋਂ ਛੇਤੀ ਆਪਣੇ ਵਿਛੜੇ ਹੋਏ ਬੱਚੇ ਦਾ ਮਿਲਾਪ ਕਰਾਂ ਅਤੇ ਵੱਧ ਤੋਂ ਵੱਧ ਸਮਾਂ ਉਸਦੇ ਕੋਲ ਰਹਾਂ। ਇਸ ਤਰ੍ਹਾਂ ਹੋਰ ਭੀ ਕਈ ਉਦਾਹਰਣ ਮਿਲ ਸਕਦੇ ਹਨ, ਪਰ ਹੁਣ ਤੁਹਾਨੂੰ ਜੋ ਸਾਡੇ ਪ੍ਰਤੱਖ ਵੇਖਣ ਵਿਚ ਆਉਂਦੇ ਹਨ, ਉਹ ਚੰਦ ਉਦਾਹਰਣ ਦੇਂਦੇ ਹਾਂ:

(੧) (ਹੇ ਭਾਈਓ! ਵੇਖੋ ਜਿਵੇਂ) ਅਮਲੀ ਅਮਲੀਆਂ ਨਾਲ ਮਿਲ ਬਹਿੰਦੇ ਹਨ, ਪਰ ਜੋ ਅਮਲ ਤੋਂ ਪਰਹੇਜ਼ ਕਰਦੇ ਸੋਫੀ ਲੋਕ ਹਨ, ਉਹ ਸੋਫੀਆਂ ਨਾਲ ਹੀ ਮਿਲਦੇ ਹਨ।

(੨) (ਅਤੇ) ਜੂਆ ਖੇਡਣ ਵਾਲੇ ਜੂਆ ਖੇਡਣ ਵਾਲਿਆਂ ਨਾਲ ਤੇ ਕੁਕਰਮੀ ਕੁਕਰਮ ਕਰਨ ਵਾਲਿਆਂ ਨਾਲ ਹੀ ਮਿਲਦੇ ਮਿਲਾਂਦੇ ਹਨ।

(੩) ਚੋਰਾਂ ਦੀ ਪ੍ਰੀਤੀ ਤੇ ਪਿਆਰ ਚੋਰੀ ਕਰਨ ਵਾਲਿਆਂ ਨਾਲ ਹੀ ਹੁੰਦਾ ਹੈ ਤੇ ਠਗਾਂ ਦੀ ਠਗਾਂ ਨਾਲ ਜੋ ਲੋਕਾਂ ਨੂੰ ਠਗ ਕੇ ਲੁੱਟਦੇ ਹਨ।

(੪) (ਅਤੇ) ਮਖੌਲੀਏ (ਹਾਸਾ ਪਸੰਦ ਕਰਨ ਵਾਲੇ) ਲੋਕ ਮਖੌਲੀਆਂ ਨੂੰ ਮਿਲ ਕੇ (ਪ੍ਰਸੰਨ ਹੁੰਦੇ ਹਨ) ਤੇ ਨਿੰਦਕ (ਚੁਗਲ) ਨਿੰਦਕਾਂ ਨਾਲ ਹੀ ਮਿਲ ਕੇ ਖ਼ੁਸ਼ ਹੁੰਦੇ ਹਨ।

(੫) (ਜੋ) ਨਹੀਂ ਤਰ ਸਕਦੇ ਉਹ ਅਨਤਾਰੂਆਂ ਨਾਲ ਮੇਲ ਰੱਖਦੇ ਤੇ ਤਰ ਸੱਕਣ ਵਾਲੇ, ਤਰਨ ਵਾਲਿਆਂ ਨਾਲ ਮਿਲ ਕੇ ਤਰਨ ਦਾ ਅਨੰਦ ਲੈਂਦੇ ਹਨ।

(੬) (ਅਤੇ) ਦੁਖਿਆਰਿਆਂ ਨੂੰ ਦੁਖੀਆਂ ਦੀ ਗੱਲ ਚੰਗੀ ਲਗਦੀ ਹੈ, ਤੇ ਉਹ ਆਪੋ ਵਿਚ ਮਿਲ ਕੇ ਆਪੋ ਆਪਣੇ ਦੁਖਾਂ ਦੀਆਂ ਕਹਾਣੀਆਂ ਕਰਦੇ ਹਨ।

(੭) (ਤਿਵੇਂ) ਗੁਰਸਿੱਖ ਸਾਧ ਸੰਗਤ ਵਿਚ ਹੀ ਵਸਦੇ ਹਨ।੪।

*ਭਾਵਾਰਥ :* ਭਾਈ ਸਾਹਿਬ ਜੀ ਨੇ ਮਨੁੱਖ ਨੂੰ ਪ੍ਰਤੱਖ ਦ੍ਰਿਸ਼ਟੀ ਗੋਚਰ ਉਦਾਹਰਣ ਦੇ ਕੇ ਇਹੋ ਦਰਸਾਉਣ ਦਾ ਜਤਨ ਕੀਤਾ ਹੈ ਕਿ ਜੋ ਭੀ ਕਿਸੇ ਮਨੁੱਖ ਦੇ ਅੰਤਰ ਆਤਮੇ ਭਾਵਨਾਵਾਂ ਹਨ, ਉਸਨੂੰ ਜਿਥੇ ਭੀ ਉਨ੍ਹਾਂ ਦੀ ਪੂਰਤੀ ਹੁੰਦੀ ਦਿਸਦੀ ਹੈ, ਉਹ ਉਥੇ ਰਹਿਣਾ ਹੀ ਪਸੰਦ ਕਰਦਾ ਹੈ, ਜਿਵੇਂ ਅਸੀਂ ਤੱਕਦੇ ਹਾਂ, ਜਿਥੇ ਸਾਡੀ ਬੋਲੀ ਖਾਣ, ਪਹਿਰਾਣ, ਖ਼ਿਆਲਾਂ ਦਾ ਤਾਲਮੇਲ ਨਾ ਹੋਵੇ ਅਸੀਂ ਉਥੇ ਰਹਿਣ ਨੂੰ ਪਸੰਦ ਨਹੀਂ ਕਰਦੇ। ਪਰ ਗੁਰਸਿੱਖਾਂ ਦੀ ਪ੍ਰੀਤੀ ਕੇਵਲ ਸਾਧ ਸੰਗਤ ਨਾਲ ਹੀ ਹੁੰਦੀ ਹੈ ਇਸ ਲਈ ਉਹ ਸਦਾ ਸਾਧ ਸੰਗਤ ਵਿਚ ਹੀ ਵਸਦੇ ਰਹਿਣ ਨੂੰ ਪਸੰਦ ਕਰਦੇ ਹਨ। ਭਾਵ ਉਹ ਸਦਾ ਸਾਧ ਸੰਗਤ ਦੇ ਰੱਬੀ ਖ਼ਿਆਲਾਂ ਤੇ ਵੀਚਾਰਾਂ ਵਿਚ ਹੀ ਲੱਗੇ ਰਹਿੰਦੇ ਹਨ, ਉਨ੍ਹਾਂ ਨੂੰ ਹੋਰ ਕੋਈ ਭੀ ਗੱਲ ਚੰਗੀ ਨਹੀਂ ਲੱਗਦੀ। ਉਹ ਆਪਣਾ ਸਾਰਾ ਜੀਵਨ ਇਸੇ ਭਾਵਨਾਵਾਂ ਵਿਚ ਗੁਜ਼ਾਰਦੇ ਹਨ।

## ੫. ਭਿੰਨ ਭਿੰਨ ਲਗਨ ਦੀ ਮਸਤੀ

**੧. ਕੋਈ ਪੰਡਿਤ ਜੋਤਸ਼ੀ**
**ਕੋ ਪਾਂਧਾ ਕੋ ਵੈਦ ਸਦਾਏ।**
**੨. ਕੋਈ ਰਾਜਾ ਰਾਉ ਕੋ**
**ਕੋ ਮਹਿਤਾ ਚਉਧਰੀ ਅਖਾਏ।**
**੩. ਕੋਈ ਬਜਾਜ਼ ਸਰਾਫ ਕੋ**
**ਕੋ ਜਹੁਰੀ ਜੜਾਉ ਜੜਾਏ।**
**੪. ਪਾਸਾਰੀ ਪਰਚੂਨੀਆ**
**ਕੋਈ ਦਲਾਲੀ ਕਿਰਸ ਕਮਾਏ।**
**੫. ਜਾਤਿ ਸਨਾਤਿ ਸਹੰਸ ਲਖ**
**ਕਿਰਤ ਵਿਰਤ ਕਰ ਨਾਉਂ ਗਣਾਏ।**
**੬. ਸਾਧਸੰਗਤਿ ਗੁਰਸਿੱਖ ਮਿਲ**
**ਆਸਾ ਵਿੱਚ ਨਿਰਾਸ ਜਮਾਏ।**
**੭. ਸ਼ਬਦ ਸੁਰਤਿ ਲਿਵ ਅਲਖ ਲਖਾਏ ॥੫॥**

*ਪਦ ਅਰਥ :* ਪਾਂਧਾ—ਉਸਤਾਦ। ਮਹਿਤਾ—ਪਟਵਾਰੀ। ਜੜਾਉ ਜੜਾਏ—ਜੜੀਆ, ਜੋ ਜੜਤ ਦਾ ਕੰਮ ਕਰੇ। ਪਰਚੂਨੀਆ—ਛੋਟੇ ਸੌਦੇ ਵੇਚਣ ਵਾਲਾ। ਕਿਰਸ—ਬਚਤ। ਵਿਰਤ—ਉਪਜੀਵਕਾ। ਵਲਾਏ—ਦਿਨ ਕਟੀ ਕਰਨਾ। ਅਲਖ—ਨ ਜਾਣੇ ਜਾਣ ਵਾਲਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਅਸੀਂ ਵੇਖਦੇ ਹਾਂ ਕਿ ਹਰ ਕਲਾਕਾਰ ਨੇ ਆਪਣੇ ਆਪਣੇ ਨਾਮਾਂ ਨਾਲ ਅਜਿਹੇ ਉਪਨਾਮ ਦੀ ਸੰਗਿਆ ਜ਼ਰੂਰ ਹੀ ਜੋੜ ਰੱਖੀ ਹੈ, ਜੋ ਕਿ ਉਸਦੇ ਮਨ ਨੂੰ ਉਤਸ਼ਾਹਤ ਰੱਖਣ ਦਾ ਸਾਧਨ ਬਣੀ ਰਹੇ, ਭਾਵੇਂ ਕੋਈ ਕਵੀ ਹੈ, ਸੰਗੀਤਕਾਰ ਹੈ ਜਾਂ ਕਿਸੇ

ਵੀ ਤਰ੍ਹਾਂ ਦੀ ਵਿਦਿਆ ਵਿਚ ਅੱਗੇ ਲੰਘ ਗਿਆ ਹੈ, ਜਦ ਉਸਨੂੰ ਉਪਨਾਮ ਦੀ ਸੰਗਿਆ ਨਾਲ ਬੁਲਾਇਆ ਜਾਵੇ ਤਾਂ ਉਸਦੇ ਮਨ ਵਿਚ ਸੁਭਾਵਕ ਹੀ ਖ਼ੁਸ਼ੀ ਦਾ ਜਨਮ ਹੋ ਆਉਂਦਾ ਹੈ, ਕਿਉਂ ਜੀ, ਕੀ ਅਜਿਹੀ ਲਗਨ ਦੀ ਮਸਤੀ ਗੁਰਮੁਖਾਂ ਦੇ ਅੰਦਰ ਭੀ ਹੋਇਆ ਕਰਦੀ ਹੈ ਇਸ ਪੱਖ ਬਾਰੇ ਆਪ ਜੀ ਕਿਵੇਂ ਅਨੁਭਵ ਕਰਦੇ ਹੋ, ਦੱਸਣ ਦੀ ਖੇਚਲ ਕਰੋ ?

ਉ: ਹੇ ਭਾਈਓ ! ਜੋ ਸਹੀ ਰੂਪ ਵਿਚ ਗੁਰਮੁਖ ਹੈ, ਉਸਨੂੰ ਕਿਸੇ ਹੋਰ ਬਾਹਜਮੁਖ ਸੰਗਿਆ ਦੇ ਨਾਮ ਦੀ ਲੋੜ ਨਹੀਂ ਹੋਇਆ ਕਰਦੀ ਪਰ ਗੁਰਮੁਖ ਸ਼ਬਦ ਦੇ ਮੁਖ ਅਰਥ ਹਨ 'ਗੁਰ-ਮੁਖ' ਭਾਵ ਜਿਸਨੇ ਗੁਰੂ ਨੂੰ ਮੁਖੀ, ਆਗੂ ਬਣਾ ਲਿਆ ਹੈ, ਜੋ ਗੁਰੂ ਦੇ ਮੁਖੋਂ ਨਿਕਲਿਆ ਉਪਦੇਸ਼ ਹੈ, ਉਸ ਦੇ ਅਨੁਸਾਰੀ ਹੋ ਜੀਵਨ ਗੁਜ਼ਾਰਨ ਵਾਲਾ ਗੁਰਮੁਖ ਹੈ, ਹੁਕਮ ਭੀ ਇਹੋ ਹੈ ਕਿ—ਗੁਰਮੁਖ ਤੇਰਾ ਭਾਣਾ ਭਾਵੈ—ਭਾਵ ਜੋ ਮਨੁੱਖ ਗੁਰੂ ਦੇ ਭਾਣੇ ਵਿਚ ਚਲਦਾ ਹੈ ਉਸਨੂੰ ਕਿਸੇ ਹੋਰ ਉਪਨਾਮ ਦੀ ਵਰਤੋਂ ਕਰਨ ਦੀ ਲੋੜ ਨਹੀਂ ਰਹਿ ਜਾਂਦੀ, ਪਰ ਇਸ ਗੁਰਮੁਖਤਾ ਪਦਵੀ ਦੀ ਜਿਸਨੂੰ ਅਜੇ ਪ੍ਰਾਪਤੀ ਨਹੀਂ ਹੋਈ, ਉਹ ਬਾਹਜਮੁਖ ਉਪਨਾਮਾਂ ਦੀ ਵਰਤੋਂ ਕਰਕੇ ਤੁੱਛ ਮਾਤ੍ਰ ਮਸਤੀ ਦੀ ਆਸਾ ਕਰਦੇ ਹਨ, ਜਿਵੇਂ ਕਿ ਪ੍ਰਤੱਖ ਵੇਖਣ ਵਿਚ ਆਉਂਦਾ ਹੈ:

(੧) (ਵੇਖੋ) ਕੋਈ ਪੰਡਿਤ, ਕੋਈ ਜੋਤਸ਼ੀ, ਕੋਈ ਪਾਂਧਾ ਤੇ ਕੋਈ ਵੈਦ ਸਦਾਉਂਦਾ ਹੈ।

(੨) ਕੋਈ ਰਾਜਾ, ਕੋਈ ਰਾਉ, ਕੋਈ ਪਟਵਾਰੀ ਤੇ ਕੋਈ (ਆਪਣੇ ਆਪ ਨੂੰ) ਚੌਧਰੀ ਅਖਵਾਉਂਦਾ ਹੈ।

(੩) ਕੋਈ ਬਜਾਜ (ਕਪੜਾ ਵੇਚਣ ਵਾਲਾ) ਤੇ ਕੋਈ ਸਰਾਫ਼ (ਸੋਨੇ ਦੇ ਗਹਿਣੇ ਵੇਚਣ ਵਾਲਾ) ਤੇ ਕੋਈ ਜੌਹਰੀ (ਹੀਰੇ ਮੋਤੀ ਵੇਚਣ ਵਾਲਾ) ਤੇ ਜੜਤ ਦਾ ਕੰਮ ਕਰਨ ਵਾਲਾ ਸੁਨਿਆਰਾ ਹੈ।

(੪) ਕੋਈ ਪਸਾਰੀ ਤੇ ਪਰਚੂਨੀਆ ਹੈ ਤੇ ਕੋਈ ਦਲਾਲੀ ਦੀ ਕਿਰਸ ਦੀ ਕਮਾਈ ਕਰਦਾ ਹੈ।

(੫) (ਹਜ਼ਾਰਾਂ ਹੀ ਉਚ ਤੇ ਨੀਚ ਜਾਤਾਂ ਵਾਲੇ) ਹਜ਼ਾਰਾਂ ਕਿਸਮ ਦੀ ਕਿਰਤ ਕਮਾਈ ਤੇ ਵੱਖੋ ਵੱਖ ਨਾਵਾਂ ਨਾਲ ਗਿਣੇ ਜਾਂਦੇ ਹਨ।

ਪ੍ਰ: ਕਿਉਂ ਜੀ ! ਗੁਰਮੁਖਾਂ ਦੀ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਕਿਹੋ ਜਿਹੇ ਵਰਤੋਂ ਵਿਹਾਰ ਹੈ ?

(੬) ਉ: (ਹੇ ਸਜਨੋਂ !) ਗੁਰੂ ਦੇ ਸਿੱਖ ਸਾਧ ਸੰਗਤ ਵਿਚ ਮਿਲ ਕੇ ਆਸ਼ਾ (ਦੇ ਭਰੇ ਸੰਸਾਰ) ਵਿਚ (ਸੰਸਾਰ ਦੀਆਂ ਵਡਿਆਈਆ ਤੋਂ ਉਪਰਾਮ ਹੋ ਕੇ) ਨਿਰਾਸਾ ਨੂੰ ਜਨਮ ਦੇਂਦੇ ਹਨ (ਭਾਵ ਇਸ ਖ਼ਿਆਲ ਨੂੰ ਦ੍ਰਿੜ ਕਰਦੇ ਹਨ ਕਿ ਸੰਸਾਰੀ ਪਦਾਰਥ ਨਾਸ਼ਵੰਤ ਹਨ, ਇਨ੍ਹਾਂ ਨਾਲ ਪ੍ਰੀਤੀ ਕਰਨੀ ਝੂਠੀ ਹੈ। ਇਕ ਪ੍ਰਭੂ ਦਾ ਨਾਮ ਹੀ ਇਥੇ ਉਥੇ ਸਹਾਈ ਹੋਣ ਵਾਲਾ ਹੈ)।

(੭) ਹੇ ਭਾਈ ! (ਇਸ ਤਰ੍ਹਾਂ) ਸਾਧ ਸੰਗਤ ਵਿਚੋਂ ਗੁਰਸਿੱਖ ਸ਼ਬਦ ਦੀ ਸੁਰਤ ਵਿਚ ਲਿਵ ਜੋੜ ਕੇ ਉਸ ਅਲੱਖ (ਨਾ ਲਖੇ ਜਾਣ ਵਾਲੇ ਪ੍ਰਭੂ) ਨੂੰ ਜਾਣ ਲੈਂਦੇ ਹਨ।੫।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਜੋ ਹੋਰ ਕਈ ਲੋਕਾਂ ਦੀ ਗਿਣਤੀ ਦਿੱਤੀ ਹੈ, ਇਹ ਸਭ ਸਾਂਝੀ ਕਿਰਤ ਵਿਰਤ ਕਰਕੇ ਸਹਿਚਾਰੀ ਹਨ, ਇਨ੍ਹਾਂ ਦੇ ਮੇਲ ਦਾ ਕਾਰਨ ਸਾਂਝੀ ਆਸ ਹੈ, ਪਰ ਗੁਰਮੁਖ ਨਿਰਾਸ਼ ਘਰ ਵਿਚ ਇਕੱਠੇ ਹੁੰਦੇ ਹਨ।

## ੬. ਸ੍ਰਿਸ਼ਟੀ ਦੇ ਆਮ ਜੀਵਾਂ ਨਾਲੋਂ ਗੁਰਮੁਖਾਂ ਦਾ ਫ਼ਰਕ

**੧. ਜਤੀ ਸਤੀ ਚਿਰਜੀਵਨੇ**
**ਸਾਧਿਕ ਸਿੱਧ ਨਾਥ ਗੁਰ ਚੇਲੇ।**
**੨. ਦੇਵੀ ਦੇਵ ਰਿਖੀਸ਼ਰਾਂ**
**ਭੈਰਉ ਖੇਤ੍ਰਪਾਲ ਬਹੁ ਮੇਲੇ।**
**੩. ਗਣ ਗੰਧਰਬ ਅਪੱਛਰਾਂ**
**ਕਿੰਨਰ ਜੱਛ ਚਲਿਤ ਬਹੁ ਖੇਲੇ।**
**੪. ਰਾਕਸ਼ ਦਾਨੋਂ ਦੈਤ ਲਖ**
**ਅੰਦਰ ਦੂਜਾ ਭਾਉ ਦੁਹੇਲੇ।**
**੫. ਹਉਮੈਂ ਅੰਦਰ ਸਭ ਕੋ**
**ਗੁਰਮੁਖ ਸਾਧ ਸੰਗਤ ਰਸ ਕੇਲੇ।**
**੬. ਇਕ ਮਨ ਇਕ ਅਰਾਧਣਾ**
**ਗੁਰਮਤਿ ਆਪੁ ਗਵਾਇ ਸੁਹੇਲੇ।**
**੭. ਚੱਲਣ ਜਾਣ ਪਏ ਸਿਰ ਤੇਲੇ ॥੬॥**

***ਪਦ ਅਰਥ :*** ਜਤੀ ਸਤੀ—ਜਤ ਤੇ ਸਤ ਰੱਖਣ ਵਾਲੇ। ਚਿਰਜੀਵਨੇ—ਵੱਡੀ ਉਮਰ ਵਾਲੇ। ਸਾਧਿਕ—ਸਾਧਨਾ ਕਰਨ ਵਾਲੇ। ਖੇਤ੍ਰਪਾਲ—ਭੂਤ ਜਾਤੀ। ਗਣ ਗੰਧਰਬ ਅਪੱਛਰਾਂ ਕਿੰਨਰ ਜੱਛ—ਦੇਵਤਿਆਂ ਦੇ ਰਾਗੀ, ਇੰਦਰ ਦੇ

ਦਰਬਾਰ ਦੀਆਂ ਨਾਚੀਆਂ ਤੇ ਸਾਜ਼ ਵਜਾਉਣ ਵਾਲੇ। ਦੁਹੇਲੇ—ਦੁਖੀਏ। ਸਿਰ ਤੇਲੇ—ਮਾਈਏਂ ਪੈਣਾ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਦੇਵੀ ਦੇਵਤਿਆਂ, ਰਾਖਸ਼, ਅਪੱਛਰਾਂ ਦੇ ਸਾਨੂੰ ਸ਼ਾਸਤਰਾਂ ਦੁਆਰੇ ਕੇਵਲ ਸੁਣਨ ਮਾਤ੍ਰ ਹੀ ਸੰਸਕਾਰ ਹਨ, ਉਨ੍ਹਾਂ ਦਾ ਜ਼ਿਕਰ ਨਹੀਂ ਕਰਦੇ, ਪਰ ਇਸ ਸ੍ਰਿਸ਼ਟੀ ਦੀ ਜੋ ਸਾਰੀ ਮਨੁੱਖਤਾ ਹੈ ਇਨ੍ਹਾਂ ਦੀ ਰਚਨਾ ਪੰਜਾਂ ਤੱਤਾਂ ਤੋਂ ਹੀ ਮੰਨੀ ਗਈ ਹੈ, ਇਸ ਲਈ ਇਨ੍ਹਾਂ ਦੇ ਸਰੀਰਾਂ ਦੀ ਬਨਾਵਟ ਭੀ ਸਮਾਨ ਹੀ ਦੇਖਣ ਵਿਚ ਆਉਂਦੀ ਹੈ। ਇਨ੍ਹਾਂ ਵਿਚੋਂ ਜਿਨ੍ਹਾਂ ਗੁਰਮੁਖਾਂ ਦਾ ਤੁਸੀਂ ਜ਼ਿਕਰ ਕਰਦੇ ਆ ਰਹੇ ਹੋ, ਉਨ੍ਹਾਂ ਨੂੰ ਆਪ ਸਭਨਾਂ ਤੋਂ ਉਚੇਰਾ ਦਰਜਾ ਦੇਂਦੇ ਹੋ, ਕਿਉਂ ਜੀ, ਦਸੋਗੇ ਕਿ ਉਨ੍ਹਾਂ ਗੁਰਮੁਖਾਂ ਵਿਚ ਤੁਸੀਂ ਕਿਹੜੀ ਵਿਸ਼ੇਸ਼ਤਾ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਇਹ ਠੀਕ ਹੈ ਕਿ ਉਸ ਪਰੀ ਪੂਰਨ ਪਰਮੇਸ਼ਰ ਨੇ ਪੰਜਾਂ ਤੱਤਾਂ ਦੁਆਰੇ (ਆਪੇ ਭਾਡੇ ਸਾਜੀਅਨ) ਇਹ ਸਰੀਰਾਂ ਰੂਪੀ ਭਾਂਡੇ ਆਪਣੇ ਹੁਕਮ ਵਿਚ ਸਮਾਨ ਹੀ ਸਾਜੇ ਹਨ, ਪਰ ਇਨ੍ਹਾਂ ਦੇ ਅੰਦਰ ਜੋ ਵਸਤੂਆਂ ਹਨ ਇਨ੍ਹਾਂ ਵਿਚ ਬਹੁਤ ਅੰਤਰਾ ਵੇਖੀਦਾ ਹੈ, ਜਿਸ ਕਰਕੇ ਵੇਖਣ ਵਾਲੇ ਨੂੰ ਉੱਤਮ ਤੇ ਮੱਧਮ ਦਰਜਾ ਅਵੱਸ਼ ਹੀ ਦੇਣਾ ਬਣ ਆਉਂਦਾ ਹੈ।

ਮਿਸਾਲ ਦੇ ਤੌਰ ਪਰ ਜਿਵੇਂ ਘੁਮਾਰ ਦੇ ਘੜੇ ਹੋਏ ਇਕੋ ਮਿੱਟੀ ਦੇ ਭਾਂਡੇ ਸਾਡੇ ਸਾਹਮਣੇ ਪਏ ਹਨ, ਉਹ ਵੇਖਣ ਵਿਚ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਉਨ੍ਹਾਂ ਦੇ ਅੰਦਰ ਖਾਨੇ ਸ਼ੈਆਂ ਵਖੋ ਵੱਖ ਹਨ, ਕਿਸੇ ਵਿਚ ਦੁੱਧ ਹੈ, ਕਿਸੇ ਵਿਚ ਪਾਣੀ ਹੈ, ਕਿਸੇ ਵਿਚ ਅੰਮ੍ਰਿਤ ਹੈ, ਕਿਸੇ ਵਿਚ ਜ਼ਹਿਰ ਹੈ ਤੇ ਕਿਸੇ ਵਿਚ ਹੀਰੇ, ਮੋਤੀ, ਲਾਲ, ਜਵਾਹਰਾਤ ਭੀ ਹਨ, ਪਰ ਸਿਆਣਾ ਬੰਦਾ ਉਨ੍ਹਾਂ ਭਾਂਡਿਆਂ ਦੇ ਅੰਦਰ ਪਈਆਂ ਵਸਤੂਆਂ ਦਾ ਸਦਕਾ ਉਨ੍ਹਾਂ ਨੂੰ ਭਿੰਨ ਭਿੰਨ ਉੱਤਮ ਮੱਧਮ ਦਰਜਾ ਅਵੱਸ਼ ਹੀ ਦੇਵੇਗਾ, ਦੇਣਾ ਭੀ ਚਾਹੀਦਾ ਹੈ।

ਇਸੇ ਤਰ੍ਹਾਂ ਜਦੋਂ ਅਸੀਂ ਕਿਸੇ ਸਰੀਰ ਰੂਪੀ ਭਾਂਡੇ ਵਿਚ ਸਤ, ਸੰਤੋਖ, ਦਇਆ, ਧਰਮ, ਵੀਚਾਰ, ਉੱਚਾ ਇਖਲਾਕ ਆਦਿ ਦੈਵੀ ਗੁਣਾਂ ਦੀ ਪ੍ਰਧਾਨਤਾ ਵੇਖਦੇ ਹਾਂ ਤਾਂ ਸਾਨੂੰ ਉਸਦੇ ਲਈ ਗੁਰਮੁਖ ਨਾਮ ਦੀ ਵਰਤੋਂ ਕਰਕੇ ਉਸਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਬਣ ਆਉਂਦਾ ਹੈ।

ਜੋ ਸਰੀਰ ਭਾਂਡਾ ਵਿਕਾਰਾਂ ਦੀ ਜ਼ਹਿਰ ਨਾਲ ਲਬਾਲਬ ਭਰਿਆ ਹੋਇਆ ਹੈ, ਉਸਨੂੰ ਤਾ ਅਵੱਸ਼ ਹੀ ਮੱਧਮ ਦਰਜਾ ਦੇਣਾ ਪਵੇਗਾ, ਇਸ ਲਈ ਹੇ ਭਾਈਓ! ਗੁਰਮਤਿ ਵਿਚ ਛੋਟੇ ਵੱਡੇ ਸਰੀਰਾਂ ਨੂੰ ਨਹੀਂ ਤੋਲਿਆ ਜਾਂਦਾ ਪਰ ਕਿਸੇ ਦੇ ਸਰੀਰ ਵਿਚ ਉੱਤਮ ਮੱਧਮ ਵਸਤੂ ਕੀ ਹੈ ਉਸਦੇ ਅਨੁਸਾਰ ਉਸਨੂੰ ਵਿਸ਼ੇਸ਼ਤਾਈ ਦਿੱਤੀ ਜਾਂਦੀ ਹੈ, ਇਸ ਲਈ ਹੇ ਭਾਈਓ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ, ਜਿਵੇਂ ਕਿ :

(੧) ਜਤੀ ਸਤੀ, ਚਿਰਜੀਵਣੇ (ਲੰਮੀ ਉਮਰ ਵਾਲੇ) ਸਾਧਨਾ ਕਰ ਕਰ ਕੇ ਬਣੇ ਸਿੱਧ ਤੇ ਨਾਥ (ਕੰਨ ਪਾਟੇ ਜੋਗੀ) ਆਦਿ ਅਨੇਕਾਂ ਗੁਰੂ ਤੇ ਚੇਲੇ ਹਨ।

(੨) ਅਨੇਕਾਂ ਦੇਵੀ ਦੇਵਤੇ, ਰਖੀਸ਼ਰ, ਭੈਰੋਂ ਤੇ ਖੇਤਰਪਾਲ ਆਦਿ ਦੇ ਬਹੁਤੇ ਮੇਲੇ ਲਗਦੇ ਹਨ।

(੩) ਗਣ, ਗੰਧਰਬ, ਅਪੱਛਰਾਂ, ਕਿੰਨਰ ਤੇ ਜੱਛ ਆਦਿਕਾਂ ਦੇ ਅਸਚਰਜਤਾ ਭਰੇ ਵੱਡੇ ਖੇਲ ਹਨ।

(੪) (ਇਸੇ ਤਰ੍ਹਾਂ) ਲੱਖਾਂ ਹੀ ਰਾਕਸ਼, ਦੇਵਤੇ ਤੇ ਦੈਂਤ ਹਨ, ਇਹ ਸਭ ਵਿਰੋਧੀ ਭਾਵਾਂ (ਦ੍ਵੈਸ਼) ਦੇ ਕਾਰਨ ਦੁਖੀ ਹਨ।

ਪ੍ਰ: ਕਿਉਂ ਜੀ! ਗੁਰਮੁਖਾਂ ਵਿਚ ਤੁਸੀਂ ਕੀ ਅਧਿਕਤਾ ਤੱਕਦੇ ਹੋ?

(੫) ਉ: ਹੇ ਭਾਈਓ! (ਜੋ ਉਪਰ ਗਿਣੇ ਹਨ) ਇਹ ਸਾਰੇ ਹੀ ਆਪੋ ਆਪਣੀ ਹਉਮੈਂ (ਹੰਕਾਰ) ਵਿਚ ਹਨ, (ਕੇਵਲ) ਗੁਰਮੁਖ (ਗੁਰੂ ਦੇ ਪੂਰਨ ਸਿਖ) ਸਾਧ ਸੰਗਤ ਦੇ ਰਸ ਨਾਲ ਅਨੰਦ ਮਾਣਦੇ ਹਨ।

(੬) ਹੇ ਭਾਈ! ਉਹ ਕੇਵਲ ਇਕ ਮਨ ਹੋ ਕੇ, ਇਕ ਪ੍ਰਭੂ ਦੀ ਅਰਾਧਨਾ ਕਰਦੇ ਹਨ ਤੇ ਗੁਰੂ ਦੀ ਮੱਤ ਨਾਲ ਆਪਾ ਭਾਵ ਨੂੰ ਗਵਾ ਕੇ (ਸਦਾ ਹੀ) ਸੁਖੀ ਰਹਿੰਦੇ ਹਨ।

(੭) (ਉਨ੍ਹਾਂ ਵਿਚ ਵੱਡੀ ਵਡਿਆਈ ਇਹੋ ਹੈ ਕਿ) ਉਨ੍ਹਾਂ ਨੇ (ਇਸ ਅਸਾਰ ਸੰਸਾਰ ਤੋਂ ਚਲਣਾ) ਮਰਨਾ ਜਾਣ ਛੱਡਿਆ ਹੈ। ਇਹੋ ਤੇਲ ਉਨ੍ਹਾਂ ਦੇ ਸਿਰ 'ਤੇ ਪਿਆ ਹੋਇਆ ਹੈ (ਜਿਸ ਤਰ੍ਹਾਂ ਮਾਈਏਂ ਪਈ ਤੇਲ ਚੜ੍ਹੀ ਹੋਈ ਕੁੜੀ ਇਹੋ ਜਾਣਦੀ ਹੈ ਕਿ ਹੁਣੇ ਪੇਕੇ ਘਰੋਂ ਚਲਿਆਂ ਜਾਣਾ ਹੈ)।੬।

***ਭਾਵਾਰਥ :*** ਇਸ ਪਉੜੀ ਅੰਦਰ ਭਾਈ ਸਾਹਿਬ ਜੀ ਇਹੋ ਸਿਧਾਂਤ ਅੰਕਿਤ ਕਰਦੇ ਹਨ ਕਿ—ਜੋ ਜੋ ਦੀਸੈ ਸੋ ਸੋ ਰੋਗੀ—ਭਾਵ ਦੇਵੀ ਦੇਵਤੇ ਸਾਰੇ ਹੀ ਹਉਮੈਂ ਦੇ ਰੋਗ ਵਿਚ ਗ੍ਰੱਸੇ ਹੋਏ ਰੋਗੀ ਹਨ, ਪਰ, ਗੁਰੂ ਦੇ ਸਿੱਖਾਂ ਨੇ ਸਾਧ ਸੰਗਤ ਵਿਚ ਜੁੜ ਕੇ ਇਸ ਰੋਗ ਵਲੋਂ ਸਦੀਵੀ ਛੁਟਕਾਰਾ ਪਾ ਲਿਆ, ਤੇ ਇਕ ਮਨ ਹੋ ਉਸੇ ਪ੍ਰਭੂ ਦੀ ਅਰਾਧਨਾ ਵਿਚ ਤਤਪਰ ਰਹਿੰਦੇ ਹਨ।

## ੭. ਗੁਰ ਸ਼ਬਦ ਬਿਨਾ, ਹੋਰ ਫੋਕਟ ਕਰਮ

੧. ਜਤ ਸਤ ਸੰਜਮ ਹੋਮ ਜਗ
ਜਪ ਤਪ ਦਾਨ ਪੁੰਨ ਬਹੁਤੇਰੇ।
੨. ਰਿਧ ਸਿਧ ਨਿਧ ਪਾਖੰਡ ਬਹੁ
ਤੰਤ੍ਰ ਮੰਤ੍ਰ ਨਾਟਕ ਅਗਲੇਰੇ।
੩. ਵੀਰਾਰਾਧਣ ਜੋਗਣੀ
ਮੜ੍ਹੀ ਮਸਾਣ ਵਿਡਾਣ ਘਨੇਰੇ।
੪. ਪੂਰਕ ਕੁੰਭਕ ਰੇਚਕਾ
ਨਿਵਲੀ ਕਰਮ ਭੁਇਅੰਗਮ ਘੇਰੇ।
੫. ਸਿੱਧਾਸਣ ਪਰਚੇ ਘਣੇ
ਹਠ ਨਿਗ੍ਰਹ ਕਉਤਕ ਲੱਖ ਹੇਰੇ।
੬. ਪਾਰਸ ਮਣੀ ਰਸਾਇਣਾ
ਕਰਾਮਾਤ ਕਾਲਖ ਆਨ੍ਹੇਰੇ।
੭. ਪੂਜਾ ਵਰਤ ਉਪਾਰਨੇ
ਵਰ ਸਰਾਪ ਸ਼ਿਵ ਸਕਤਿ ਲਾਵੇਰੇ।
੮. ਸਾਧਸੰਗਤ ਗੁਰ ਸ਼ਬਦ ਵਿਣ
ਥਾਉਂ ਨ ਪਾਇਨ ਭਲੇ ਭਲੇਰੇ।
੯. ਕੂੜ ਇਕ ਗੰਢੀਂ ਸਉ ਫੇਰੇ ॥੭॥

*ਪਦ ਅਰਥ :* ਅਗਲੇਰੇ—ਬਹੁਤੇ। ਵਿਡਾਣ—ਭਿੰਨ ਭਿੰਨ, ਅਸਚਰਜ। ਭੁਇਅੰਗਮ—ਘੁੰਮਣ ਘੇਰ। ਪਰਚੇ—ਪ੍ਰੇਮੀ ਹੋਏ। ਹਠ ਨਿਗ੍ਰਹ—ਹਠੀ ਕਰਮ। ਆਨ੍ਹੇਰੇ—ਅਗਿਆਨਤਾ। ਲਾਵੇਰੇ—ਲਗੇ ਹੋਏ। ਫੇਰੇ—ਫਰੇਬ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਸਨਾਤਨ ਜਗਤ ਦਾ ਪੁਰਾਤਨ ਇਤਿਹਾਸ ਪੜ੍ਹਦੇ ਸੁਣਦੇ ਹਾਂ, ਤਾਂ ਉਸ ਵਿਚ ਸਾਨੂੰ ਕਈ ਤਰ੍ਹਾਂ ਦੇ ਭਿੰਨ ਭਿੰਨ ਕਰਮਾਂ ਧਰਮਾਂ ਦੀ ਜਾਣਕਾਰੀ ਮਿਲਦੀ ਹੈ, ਜਿਵੇਂ ਕਿ ਜਪ, ਤਪ, ਹੋਮ, ਨਿਉਲੀ ਕਰਮ ਆਦਿ ਹਨ। ਪੁਰਾਣੇ ਲੋਕ ਇਨ੍ਹਾਂ ਨੂੰ ਸੈਂਕੜੇ ਸਾਲਾਂ ਬੱਧੀ ਕਰਦੇ ਰਹਿੰਦੇ, ਜਿਨ੍ਹਾਂ ਦੀ ਇੱਛਾ ਕੇਵਲ ਅਰੰਭਤਾ ਵਿਚ ਇਹੋ ਸੀ ਕਿ ਅਸੀਂ ਇਸ ਸੰਸਾਰ ਦਾ ਆਵਾਗਵਨ ਮੁਕਾ ਕੇ ਆਪਣੇ ਸਹੀ ਸਲਾਮਤ ਸ੍ਵੈ-ਸਰੂਪ ਟਿਕਾਣੇ 'ਤੇ ਪੁੱਜ ਜਾਵੀਏ, ਕੀ ਇਨ੍ਹਾਂ ਨੂੰ ਅਨੇਕਾਂ ਤਰ੍ਹਾਂ ਦੇ ਕਠਿਨ ਸਾਧਨ ਕਰਨ ਨਾਲ ਸਫਲਤਾ ਮਿਲਦੀ ਰਹੀ ਹੈ? ਪਰ, ਇਹ ਭੀ ਦੱਸਣ ਦੀ ਕ੍ਰਿਪਾ ਕਰੋ ਕਿ ਕੀ ਉਨ੍ਹਾਂ ਪੁਰਾਤਨ ਕਰਮਾਂ ਧਰਮਾਂ ਦੇ ਕਰਦੇ ਰਹਿਣ ਨਾਲ ਗੁਰੂ ਦੀ ਗੁਰਮਤਿ ਭੀ ਸਹਿਮਤ ਹੈ?

ਉ: ਹੇ ਭਾਈਓ! ਜਦੋਂ ਅਸੀਂ ਗੁਰਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਸੋਝੀ ਮਿਲਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਪੁਰਾਤਨ ਜੁਗਾਂ ਦੇ ਕਰਮ ਕਾਂਡਾਂ ਨਾਲ ਉੱਕਾ ਹੀ ਸਹਿਮਤ ਨਹੀਂ, ਆਪ ਜੀ ਦਾ ਇਹੋ ਫ਼ੁਰਮਾਨ ਹੈ ਕਿ ਪੁਰਾਣੇ ਜੁਗ ਗੁਜ਼ਰ ਜਾਣ ਨਾਲ ਉਨ੍ਹਾਂ ਦੇ ਕਰਮ ਧਰਮ ਭੀ ਅਭਾਵ ਹੋ ਗਏ, ਜਿਵੇਂ ਕਿ :

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥
(ਪੰਨਾ ੩੪੬)

ਭਾਵ ਸਤਜੁਗ ਵਿਚ ਸਤ ਪ੍ਰਧਾਨ ਸੀ, ਤ੍ਰੇਤੇ ਵਿਚ ਜਗ, ਦੁਆਪਰ ਵਿਚ ਪੂਜਾ, ਹੁਣ ਕਲਜੁਗ ਵਿਚ ਕੇਵਲ ਨਾਮ ਸਿਮਰਨ ਕਰਨ ਵਾਲੇ ਨੂੰ ਹੀ ਪ੍ਰਧਾਨਤਾ ਦਿੱਤੀ ਗਈ ਹੈ। ਅਤੇ ਸਾਰੇ ਲੋਕਾਂ ਲਈ ਇਕੋ ਹੀ ਸਾਂਝੀ ਬੁਲੰਦ ਆਵਾਜ਼ ਵਿਚ ਇਉਂ ਕਿਹਾ ਗਿਆ ਹੈ ਕਿ ਐ ਲੋਕੋ!

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥..... (ਪੰਨਾ ੧੧੮੫)

ਭਾਵ, ਹੇ ਭਾਈਓ! ਹੁਣ ਕਲਜੁਗ ਆ ਗਿਆ ਹੈ, ਕਲਜੁਗ ਆ ਗਿਆ ਹੈ।

ਪ੍ਰ: ਕਿਉਂ ਜੀ! ਹੁਣ ਕਿਆ ਕਰੀਏ?

ਉ: ਹੇ ਪਿਆਰੇ! ਹੁਣ ਕੇਵਲ ਇਕੋ ਨਾਮ ਜੱਪਣ ਰੂਪ ਬੀਜ ਬੀਜੋ, ਹੋਰ ਕਿਸੇ ਕਰਮ ਧਰਮ ਰੂਪ ਬੀਜ ਬੀਜਣ ਦੀ ਰੁੱਤ ਨਹੀਂ ਹੈ, ਮਤਾਂ ਇਸ ਭਰਮ ਭੁਲੇਖੇ ਵਿਚ ਪਏ ਆਪਣਾ ਸਮਾਂ ਅਜਾਈਂ ਗਵਾ ਲਵੋ। ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਤਾਂ ਇਹ ਅਟੱਲ ਫ਼ੁਰਮਾਨ ਹੈ ਕਿ ਐ ਲੋਕੋ!

ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ ॥੧॥
(ਪੰਨਾ ੧੦੦੨)

ਹੇ ਭਾਈਓ! ਵੇਖੋ, ਰੁੱਤ ਕੋਈ ਹੋਰ ਹੋਵੇ, ਬੀਜ ਕੋਈ ਹੋਰ ਬੀਜਿਆ ਜਾਵੇ, ਤਾਂ ਉਥੇ ਕਿਸੇ ਭੀ ਫੁਲ ਅਤੇ

ਫਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪਰ, ਗੁਰੂ ਗ੍ਰੰਥ ਸਾਹਿਬ ਜੀ ਦੀ ਤਾਂ ਇਥੋਂ ਤੱਕ ਹਦਾਇਤ ਹੈ ਕਿ :

ਕੁਰੁਤਾ ਬੀਜੁ ਬੀਜੇ ਨਹੀ ਜੰਮੈ,
ਸਭੁ ਲਾਹਾ ਮੂਲੁ ਗਵਾਇਦਾ॥ *(ਪੰਨਾ ੧੦੨੫)*

ਭਾਵ ਹੈ ਕਿ ਬਿਨਾ ਰੁੱਤ ਤੋਂ ਜੋ ਬੀਜ ਬੀਜਿਆ ਜਾਵੇ ਉਹ ਜੰਮਦਾ ਹੀ ਨਹੀਂ, ਫਰਜ਼ ਕਰੋ, ਜੇ ਉਹ ਜੰਮ ਭੀ ਪਵੇ ਤਾਂ ਉਸਨੂੰ ਫੁਲ ਫਲ ਲੱਗਣ ਦੀ ਤਾਂ ਆਸ ਹੀ ਨਹੀਂ ਕੀਤੀ ਜਾ ਸਕਦੀ। ਇਸ ਲਈ ਹੁਕਮ ਹੈ ਕਿ :

ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾ॥ *(ਪੰਨਾ ੬੯੨)*

ਪ੍ਰ: ਕਿਉਂ ਜੀ! ਜੋ ਲੋਕ ਇਸ ਅਜੋਕੇ ਸਮੇਂ ਅੰਦਰ ਭੀ ਪੁਰਾਤਨ ਕਰਮਾਂ ਧਰਮਾਂ ਦਾ ਬੀਜ ਬੋਈ ਜਾਂਦੇ ਹਨ, ਕੀ ਉਨ੍ਹਾਂ ਨੂੰ ਕੋਈ ਭੀ ਫਲ ਪ੍ਰਾਪਤ ਨਾ ਹੋਵੇਗਾ?

ਉ: ਹੇ ਸਜਨੋ! ਉਨ੍ਹਾਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੈ ਕਿ :

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ॥ *(ਪੰਨਾ ੭੪੭)*

ਭਾਵ ਹੈ, ਜਿਸ ਧਰਮ ਦੇ ਕਰਮਾਂ ਵਿਚ ਪਾਖੰਡ ਦਿਸਦਾ ਹੋਵੇ, ਉਹ ਤਾਂ ਮਨੁੱਖ ਦਾ ਅਖ਼ੀਰ ਤੱਕ ਸਾਥ ਹੀ ਨਹੀਂ ਦੇਂਦੇ। ਉਸਨੂੰ ਤਾਂ ਜੋ ਮਾਰਗ ਵਿਚ ਜਾਗਾਤ ਲੈਣ ਵਾਲੇ ਜਮਦੂਤ ਹਨ, ਉਹੀ ਲੁੱਟ ਲੈਂਦੇ ਹਨ, ਇਸ ਲਈ ਉਹ ਸੱਖਣਾ ਹੀ ਰਹਿ ਜਾਂਦਾ ਹੈ। ਅਜਿਹੇ ਲੋਕਾਂ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਇਕ ਫ਼ੈਸਲਾ ਅਟੱਲ ਹੈ ਜੋ ਸਾਡੇ ਸਾਰਿਆਂ ਦੇ ਹੀ ਮੰਨਣ ਜੋਗ ਹੈ ਕਿ :

ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ॥ *(ਪੰਨਾ ੬੪੧)*

ਭਾਵ ਹੈ ਕਿ ਅਨੇਕਾਂ ਵਿਧੀਆਂ ਦੇ ਕਰਮ ਧਰਮ ਕਰਕੇ ਵੇਖ ਲਓ, ਇਸ ਤਰ੍ਹਾਂ ਹੇ ਪਿਆਰੇ! ਉਸ ਪਰੀ ਪੂਰਨ ਪਰਮਾਤਮਾ ਨਾਲ ਮਿਲਾਪ ਨਹੀਂ ਹੋ ਸਕਦਾ। ਜਿਸ ਪਰਲੋਕ ਗਵਨ ਕਰਨ ਸਮੇਂ ਦੇ ਕੋਹ ਨਹੀਂ ਗਿਣੇ ਜਾ ਸਕਦੇ, ਉਸ ਬਾਰੇ ਬਾਣੀ ਵਿਚ ਫੁਰਮਾਨ ਆਇਆ ਹੈ ਕਿ :

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ॥ *(ਪੰਨਾ ੨੬੪)*

ਭਾਵ ਉਸ ਲੰਮੇਂ ਸਫ਼ਰ ਵਿਚ ਕੇਵਲ ਇਕ ਨਾਮ ਹੀ (ਤੋਸਾ) ਪਦਾਰਥ ਹੈ। ਜੋ ਜੀਵ ਦੀ ਵਰਤੋਂ ਵਿਚ ਆ ਸਕਦਾ ਹੈ। ਇਸ ਲਈ ਭਾਈਓ, ਜੋ ਮੈਂ ਤੱਕਦਾ ਹਾਂ ਕਿ :

(੧) (ਇਹ ਜੋ) ਜਤ, ਸਤ, ਸੰਜਮ, ਹੋਮ, ਜਗ, ਜਪ, ਤਪ ਤੇ ਦਾਨ-ਪੁੰਨ ਆਦਿ ਦੇ ਅਨੇਕਾਂ ਕਰਮ ਹਨ।

(੨) (ਅਤੇ) ਰਿਧੀਆਂ ਸਿਧੀਆਂ ਤੇ ਨਿਧੀਆਂ ਦੇ ਪਖੰਡ ਬਹੁਤੇ ਹਨ, ਤੰਤ੍ਰ-ਮੰਤ੍ਰ ਤੇ ਜੰਤਰ ਵੀ ਵੱਧ ਚੜ੍ਹ ਕੇ ਹਨ।

(੩) ਬੀਰਾਂ ਦਾ ਸਿਮਰਨ, ਜੋਗਣੀਆਂ ਤੇ ਮੜ੍ਹੀਆਂ ਮਸਾਣਾਂ (ਦੀ ਪੂਜਾ) ਦੇ ਅਸਚਰਜ ਕੌਤਕ ਹਨ।

(੪) ਪੂਰਕ (ਸ੍ਵਾਸ ਚਾੜ੍ਹਨੇ) ਕੁੰਭਕ (ਠਹਿਰਾਉਣੇ) ਤੇ ਰੇਚਕ (ਸ੍ਵਾਸ ਉਤਾਰਨੇ) ਇਹ ਜੋਗੀਆਂ ਦੇ ਮੁਖ ਸਾਧਨ ਹਨ। ਫਿਰ ਨਿਉਲੀ ਕਰਮ (ਦੋਵੇਂ ਕੰਨ੍ਹੇ ਨੀਵੇਂ ਕਰ ਕੰਡ ਨੂੰ ਸਿੱਧਾ ਰੱਖ ਕੇ ਬੈਠਣਾ, ਸ੍ਵਾਸਾਂ ਦੇ ਜ਼ੋਰ ਨਾਲ ਪੇਟ ਨੂੰ ਉਪਰ ਹੇਠਾਂ ਤੇ ਸੱਜੇ ਖੱਬੇ ਇਸ ਢੰਗ ਨਾਲ ਇਉਂ ਚਲਾਣਾ ਜਿਵੇਂ ਦਹੀਂ ਦੀ ਚਾਟੀ ਵਿਚ ਮਧਾਣੀ ਫਿਰਦੀ ਹੈ, ਜੋਗੀ ਇਸ ਤਰ੍ਹਾਂ ਕਰਦੇ ਹਨ।) ਫਿਰ ਭੁਯੰਗਮਾ (ਕੁੰਡਲਨੀ) ਨਾੜੀ, ਜੋ ਦਸਮ ਦੁਆਰ ਨੂੰ ਜਾਂਦੀ ਸੁਖਮਨਾ ਨਾੜੀ ਦੇ ਬੂਹੇ (ਘੇਰੇ ਵਿਚ) ਬੰਦ ਰੱਖਦੀ ਹੈ, ਜੋਗੀ ਲੋਕ ਇਸ ਬੂਹੇ ਨੂੰ ਆਪਣੇ ਸ੍ਵਾਸਾਂ ਦੀ ਹਵਾ ਦੇ ਬਲ ਨਾਲ ਖੋਲ੍ਹਦੇ ਤੇ ਦਸਮ ਦੁਆਰ ਤੀਕ ਪਹੁੰਚਦੇ ਹਨ।

(੫) ਜੋਗੀ ਲੋਕ ਸਿਧਾਂ ਦੇ ੮੪ ਆਸਣਾਂ ਵਿਚ ਕਾਮਯਾਬ ਹੋਣ ਲਈ ਬੜੇ ਡੂੰਘੇ ਲਗੇ ਹੋਏ ਹਨ ਤੇ ਹਠ ਕਰਮਾਂ ਦੇ ਲੱਖਾਂ ਤਮਾਸ਼ਿਆਂ ਵਿਚ ਲੱਗੇ ਹੋਏ ਦੇਖਣ ਵਿਚ ਆ ਰਹੇ ਹਨ।

(੬) (ਕੋਈ) ਪਾਰਸ, ਮਣੀ (ਕੋਈ) ਰਸਾਇਣ (ਸੋਨਾ ਬਣਾਉਣ) ਦੀ ਕਰਾਮਾਤ ਦੀ ਸ਼ਾਹੀ ਨਾਲ ਅੰਨ੍ਹੇ ਹੋ ਰਹੇ ਹਨ।

(੭) (ਦੂਜੇ ਪਾਸੇ ਆਮ ਹਿੰਦੂ ਜਨਤਾ ਦੇ ਮੁਖੀ ਬਣ ਕੇ) ਪੂਜਾ, ਵਰਤ ਰੱਖਣੇ ਤੇ ਖੋਲ੍ਹਣੇ, ਕਈ ਵਰ ਤੇ ਸਰਾਪ (ਦੀ ਸਿਧੀ ਲਈ) ਸ਼ਿਵ ਤੇ ਪਾਰਬਤੀ ਦੀ ਪੂਜਾ ਚਾਹਿਨਾ ਨਾਲ ਕਰ ਰਹੇ ਹਨ।

ਪ੍ਰ: ਕਿਉਂ ਜੀ! ਕਲਜੁਗ ਵਿਚ ਤੁਸੀਂ ਗੁਰਮੱਤ ਅਨੁਸਾਰ ਕਿਵੇਂ ਅਨੁਭਵ ਕਰਦੇ ਹੋ?

(੮) ਉ: (ਹੇ ਭਾਈ! ਮੈਂ ਤਾਂ ਗੁਰੂ ਦੀ ਦਿੱਤੀ ਮੱਤ ਅਨੁਸਾਰ ਇਉਂ ਹੀ ਅਨੁਭਵ ਕਰਦਾ ਹਾਂ ਕਿ ਇਸ ਕਲਜੁਗ ਦੇ ਸਮੇਂ ਵਿਚ ਕੇਵਲ) ਸਾਧ ਸੰਗਤ ਤੇ ਗੁਰੂ ਸਬਦ (ਦੀ ਵੀਚਾਰ) ਬਿਨਾ ਕਿਸੇ ਨੂੰ ਭੀ ਥਾਂ ਨਹੀਂ ਮਿਲੇਗੀ,

ਭਾਵੇਂ ਆਪਣੇ ਤੌਰ ਤੇ ਕੋਈ ਕਿਤਨੇ ਭੀ ਭਲੇ ਕਰਮ ਪਿਆ ਕਰੇ (ਭਾਵ ਕਿਤਨੇ ਭੀ ਕੋਈ ਭਲੇ ਲੋਕ ਦਿਖਾਈ ਪਏ ਦੇਣ)।

(੬) (ਲੋਕੀਂ ਭਾਵੇਂ ਕੂੜ ਦੀ ਇਕ ਗੱਲ ਨੂੰ) ਸੱਚੀ ਬਣਾਉਣ ਲਈ ਸੌ ਵਲ ਛਲ ਪਏ ਕਰਨ, ਉਨ੍ਹਾਂ ਦੀ ਚਤੁਰਾਈ ਭਰੀ ਭਗਤੀ ਜਾਂ ਹਉਮੈਂ ਭਰਿਆ ਪੁੰਨ ਦਾਨ ਕਿਸੇ ਭੀ ਅਰਥ ਨਹੀਂ।੭।

*ਭਾਵਾਰਥ :* ਜਿਤਨੇ ਉਪਰ ਕਰਮ ਅੰਕਿਤ ਕੀਤੇ ਹਨ ਇਹ ਸਾਰੇ ਹਉਮੈਂ ਦੇ ਹਨ, ਜਿਸ ਕਰਕੇ ਲੋਕ ਦੁਖੀ ਹੁੰਦੇ ਹਨ, ਸਤਿਸੰਗਤ ਤੇ ਸ਼ਬਦ ਅਭਿਆਸ ਬਿਨਾਂ ਕੁਝ ਭੀ ਪ੍ਰਵਾਨ ਨਹੀਂ ਕਿਉਂਕਿ ਨਾਮ ਬਿਨਾਂ ਸਭ ਕੂੜ ਹੈ, ਕੂੜ ਨੂੰ ਸੌ ਗੰਢ ਦਾ ਫੇਰ ਦਿਓ, ਭਾਵ ਇਕ ਝੂਠ ਨੂੰ ਛੁਪਾਉਣ ਲਈ ਹੋਰ ਸੈਂਕੜੇ ਝੂਠ ਬੋਲਣ ਦੀ ਲੋੜ ਪੈਂਦੀ ਹੈ।

## ੮. ਗੁਰਮੁਖਤਾ ਅਤੇ ਸ਼ਗਨ ਅਪਸ਼ਗਨ ਦੀ ਵੀਚਾਰ

੧. ਸਉਣ ਸਗੁਨ ਬੀਚਾਰਨੇ
ਨਉਂ ਗ੍ਰਹ ਬਾਰਹ ਰਾਸਿ ਵੀਚਾਰਾ।
੨. ਕਾਮਨ ਟੂਣੇ ਅਉਸੀਆਂ
ਕਣਸੋਈ ਪਾਸਾਰ ਪਸਾਰਾ।
੩. ਗਦਹੁ ਕੁਤੇ ਬਿਲੀਆਂ
ਇੱਲ ਮਲਾਲੀ ਗਿੱਦੜ ਛਾਰਾ।
੪. ਨਾਰਿ ਪੁਰਖ ਪਾਣੀ ਅਗਨਿ
ਛਿੱਕ ਪੱਦ ਹਿਡਕੀ ਵਰਤਾਰਾ।
੫. ਥਿੱਤ ਵਾਰ ਭੱਦ੍ਰਾ ਭਰਮ
ਦਿਸ਼ਾ ਸੂਲ ਸਹਸਾ ਸੰਸਾਰਾ।
੬. ਵਲ ਛਲ ਕਰ ਵਿਸਵਾਸ ਲੱਖ
ਬਹੁ ਚੁੱਖੀ ਕਿਉਂ ਰਵੈ ਭਤਾਰਾ।
੭. ਗੁਰਮੁਖ ਸੁਖਫਲ ਪਾਰ ਉਤਾਰਾ ॥੮॥

*ਪਦ ਅਰਥ :* ਸਉਣ—ਜੋਤਿਸ਼। ਇੱਲ—ਇੱਲਾਂ, ਚੀਲਾਂ। ਮਲਾਲੀ—ਮੈਨਾ। ਛਾਰ—ਤੇਜ਼ ਹਵਾ ਦਾ ਬੁਲਾ, ਵਾ ਵਰੋਲੇ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ ! ਇਹ ਤਾਂ ਅਸੀਂ ਆਮ ਹੀ ਵੇਖਦੇ ਹਾਂ ਕਿ ਹਰ ਸੰਸਾਰੀ ਮਨੁੱਖ ਦੇ ਅੰਤਰ ਆਤਮੇ ਹਰ ਸਮੇਂ ਹੀ ਸੁਖੀ ਰਹਿਣ ਦੀ ਚਾਹਤ ਹੈ, ਪਰ ਇਸ ਚਾਹਤ ਵਿਚ ਜੋ ਵੀ ਕੋਈ ਸ਼ੈ ਵਿਘਨ ਦਾ ਕਾਰਣ ਬਣਦੀ ਹੈ, ਉਹ ਉਸਨੂੰ ਆਪਣੇ ਜੀਵਨ ਮਾਰਗ ਵਿਚ ਪਸੰਦ ਨਹੀਂ ਕਰਦਾ, ਉਸਨੂੰ ਉਹ ਹਰ ਤਰ੍ਹਾਂ ਹੀ ਦੂਰ ਕਰਨ ਦਾ ਉਪਰਾਲਾ ਕਰਦਾ ਹੈ। ਜਿਥੇ ਮਨੁੱਖ ਹੋਰ ਕਈ ਤਰ੍ਹਾਂ ਦੇ ਵਿਘਨ ਅਨੁਭਵ ਕਰਦਾ ਹੈ ਉਥੇ ਸੀਨੇ-ਬ-ਸੀਨੇ ਚਲੇ ਆ ਰਹੇ ਸ਼ਗਨ ਅਪਸ਼ਗਨਾਂ ਨੂੰ ਭੀ ਆਪਣੇ ਸੁਖੀ ਰਹਿਣ ਦੇ ਮਾਰਗ ਵਿਚ ਇਕ ਬਹੁਤ ਵੱਡੀ ਰੋਕ ਸਮਝਦਾ ਹੈ। ਕਿਉ ਜੀ, ਜਿਵੇਂ ਹਰ ਮਨੁੱਖ ਸ਼ਗਨ ਅਪਸਗਨਾਂ ਦੇ ਵਿਘਨਾਂ ਤੋਂ ਬਚ ਕੇ ਆਪਣੇ ਆਪ ਨੂੰ ਸੁਖੀ ਰਹਿਣ ਦੀ ਚਾਹਤ ਰੱਖਦਾ ਹੈ ਕੀ ਗੁਰਮੁਖ ਭੀ ਇਸੇ ਸਾਧਨ ਨੂੰ ਸੁਖ ਦਾ ਕਾਰਨ ਮੰਨਦਾ ਹੈ, ਜਾਂ ਕਿ ਉਸਦੀ ਵੀਚਾਰਧਾਰਾ ਕੋਈ ਹੋਰ ਵੱਖਰੀ ਹੈ, ਜਾਣਕਾਰੀ ਦੇਣ ਦੀ ਕ੍ਰਿਪਾ ਕਰੋ ?

ਉ: ਸਜਨ ਜੀਉ ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਸਾਨੂੰ ਦੁਨੀਆ ਦਾ ਪੁਰਾਤਨ ਇਤਿਹਾਸ ਪੜਚੋਲ ਕਰਨ ਤੋਂ ਸੁਭਾਵਕ ਹੀ ਮਿਲ ਜਾਂਦਾ ਹੈ ਕਿ ਜਦੋਂ ਤੋਂ ਇਸ ਸੰਸਾਰ ਦੀ ਸਾਜਨਾ ਸਾਜੀ ਗਈ ਹੈ, ਅਰੰਭ ਤੋਂ ਹੀ ਦੋ ਮਾਰਗ ਚਲੇ ਆ ਰਹੇ ਹਨ—ਇਕ ਸੰਸਾਰੀਆਂ ਦਾ, ਦੂਜਾ ਨਿਰੰਕਾਰੀਆਂ ਦਾ—ਇਨ੍ਹਾਂ ਦਾ ਪਰਸਪਰ ਅੱਜ ਤੱਕ ਕਦੇ ਭੀ ਜੋੜ ਨਹੀਂ ਹੋ ਸਕਿਆ, ਨਾ ਪਿਛੇ ਹੋਇਆ, ਨਾ ਹੁਣ ਹੈ, ਨਾਹੀ ਆਉਣ ਵਾਲੇ ਸਮੇਂ ਵਿਚ ਕਦੀ ਹੋਵੇਗਾ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਸਦੀਵੀ ਵਰਤੋਂ ਵਿਚ ਆਉਣ ਵਾਲਾ ਫ਼ੈਸਲਾਕੁਨ ਵਾਕ ਪਹਿਲੋਂ ਹੀ ਅੰਕਿਤ ਕਰ ਦਿੱਤਾ ਹੈ :

> ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥
> *(ਪੰਨਾ ੧੪੫)*

ਇਹ ਸਿਧਾਂਤ ਪੁਰਾਤਨ ਹੋ ਗੁਜ਼ਰੇ ਭਗਤਾਂ ਦੇ ਜੀਵਨ ਪੜ੍ਹਨ ਤੋਂ ਪ੍ਰਤੱਖ ਸਾਬਤ ਹੋ ਜਾਂਦਾ ਹੈ।

ਮੇਰੇ ਪੜ੍ਹਨ ਵਿਚ ਜਿਤਨੇ ਭੀ ਭਗਤਾਂ ਗੁਰਮੁਖਾਂ ਦੇ ਜੀਵਨ ਆਏ ਹਨ, ਉਨ੍ਹਾਂ ਨੂੰ ਕਦੇ ਭੀ ਸੁਖ ਆਰਾਮ ਦਾ ਜੀਵਨ ਸੰਸਾਰੀਆਂ ਨੇ ਜੀਉਣ ਨਹੀਂ ਦਿੱਤਾ, ਸਦਾ ਹੀ ਵੱਧ ਤੋਂ ਵੱਧ ਕਸ਼ਟ ਦੇਣ ਦਾ ਜਤਨ ਕੀਤਾ ਗਿਆ ਹੈ। ਭਗਤ ਕਬੀਰ ਦਾ ਹੀ ਜੀਵਨ ਪੜ੍ਹ ਲਵੋ, ਜਿਸਨੂੰ ਬਨਾਰਸ ਦੇ ਈਂ-ਖਾਲੂ ਪੰਡਿਤਾਂ ਨੇ ਸਤਾਰਾਂ ਵਾਰ

ਕੁੱਟਿਆ, ਤਿੰਨ ਦਫ਼ਾ ਇਸ ਦਾ ਘਰ ਜਲਾਇਆ ਅਤੇ ਸੁਲਤਾਨ ਲੋਧੀ ਨੇ ਇਨ੍ਹਾਂ ਨੂੰ ਤਿੰਨ ਵਾਰ ਜੇਲ੍ਹ ਵਿਚ ਰੱਖ ਕੇ ਕਈ ਤਰ੍ਹਾਂ ਦੇ ਕਸ਼ਟ ਦਿੱਤੇ। ਇਸੇ ਤਰ੍ਹਾਂ ਹੋਰ ਭੀ ਕਈ ਜੀਵਨ ਪੜ੍ਹ ਸਕਦੇ ਹੋ। ਇਹ ਐਸਾ ਕਿਉਂ ਹੋਇਆ, ਕਿਉਂਕਿ ਇਨ੍ਹਾਂ ਸੰਸਾਰੀਆਂ ਤੇ ਨਿਰੰਕਾਰੀਆ ਦਾ ਤਲ ਭਿੰਨ ਭਿੰਨ ਸੀ। ਸੰਸਾਰੀਆਂ ਵਲੋਂ ਗੁਰਮੁਖਾਂ ਨੂੰ ਜੋ ਕਸ਼ਟ ਦਿੱਤੇ ਜਾਂਦੇ ਰਹੇ, ਉਸਦੀ ਜਿੰਮੇਵਾਰੀ ਸੰਸਾਰੀ ਲੋਕਾਂ 'ਤੇ ਹੀ ਆਉਂਦੀ ਹੈ, ਗੁਰਮੁਖਾਂ 'ਤੇ ਨਹੀਂ ਕਿਉਂਕਿ ਗੁਰਮੁਖ ਰੱਬੀ ਮਾਰਗ 'ਤੇ ਚਲਦੇ ਹੋਏ ਬਹੁਤ ਦੂਰ ਨਿਕਲ ਗਏ ਅਤੇ ਸੰਸਾਰੀ ਪਿਛੇ ਰਹਿ ਗਏ, ਉਹ ਹੁਣ ਗੁਰਮੁਖਾਂ ਦੇ ਨਾਲ ਰਲ ਨਹੀਂ ਸਕਦੇ, ਕਿਉਂਕਿ ਉਨ੍ਹਾਂ ਵਿਚ ਅੱਗੇ ਵਧਣ ਦੀ ਸ਼ਕਤੀ ਨਹੀਂ, ਇਸ ਲਈ ਉਹ ਈਰਖਾ ਕਰਨ ਲੱਗ ਪੈਂਦੇ ਹਨ, ਉਨ੍ਹਾਂ ਗੁਰਮੁਖਾਂ ਦੀ ਹੋ ਰਹੀ ਮਹਿਮਾ ਨੂੰ ਘਟਾਉਣ ਲਈ ਉਨ੍ਹਾਂ ਦੇ ਪਵਿੱਤ੍ਰ ਜੀਵਨਾਂ 'ਤੇ ਭੀ ਅਣਹੋਏ ਦੂਸ਼ਨ ਲਗਾਉਣ ਦੇ ਕਈ ਕੋਹਜੇ ਜਤਨ ਕਰਦੇ ਹਨ। ਪਰ ਸੂਰਜ ਦੀ ਰੋਸ਼ਨੀ ਨੂੰ ਕਿਸੇ ਨਿੱਕੇ ਜਿਹੇ ਬਰਤਨ ਨਾਲ ਛੁਪਾਇਆ ਨਹੀਂ ਜਾ ਸਕਦਾ।

ਇਸ ਲਈ ਹੇ ਭਾਈਓ! ਗੁਰਮੁਖ ਲੋਕ ਸੁਖ ਦੁਖ ਦਾ ਸਾਧਨ ਉਨ੍ਹਾਂ ਭਰਮਾਂ ਵਹਿਮਾਂ ਨੂੰ ਨਹੀਂ ਮੰਨਦੇ ਜੋ ਆਮ ਦੁਨੀਆਦਾਰ ਲੋਕਾਂ ਦੇ ਬਣਾਏ ਹੋਏ ਹਨ ਅਤੇ ਨਾਹੀ ਉਹ ਸ਼ਗੁਨ ਅਪਸ਼ਗੁਨਾਂ ਦੇ ਚੱਕਰਾਂ ਵਿਚ ਚਕਰਾਉਂਦੇ ਹਨ, ਪਰ ਹਾਂ, ਲੋਕ-ਉਕਤੀ ਅਨੁਸਾਰ ਜੇ ਕੋਈ ਸ਼ਗੁਨ ਅਪਸ਼ਗੁਨ ਹੈ ਭੀ ਤਾਂ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਇਉਂ ਹੀ ਨਿਸਚਾ ਰੱਖਦੇ ਹਨ ਕਿ:

ਸਗੁਨ ਅਪਸਗੁਨ ਤਿਸ ਕਉ ਲਗਹਿ
ਜਿਸੁ ਚਿਤਿ ਨ ਆਵੈ॥ (ਆਸਾ ਮ: ੫)

ਭਾਵ ਹੈ ਕਿ ਜੇ ਕੋਈ ਸ਼ਗੁਨ ਅਪਸ਼ਗੁਨ ਹੈ ਤਾਂ ਉਸੇ ਨੂੰ ਲਗਦੇ ਹਨ, ਜਿਸ ਮਨੁੱਖ ਨੂੰ ਉਹ ਪਰਮੇਸਰ ਭੁੱਲ ਜਾਂਦਾ ਹੈ, ਕਿਉਂਕਿ ਗੁਰਮੁਖ ਤਾਂ ਇਹੋ ਨਿਸਚਾ ਰੱਖਦੇ ਹਨ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ ਹੈ, ਜਿਵੇਂ ਕਿ:

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ॥
(ਸਿਰੀਰਾਗੁ ਮ: ੫)

ਭਾਵ ਹਰੀ ਦਾ ਨਾਮ ਜਪਣਾ ਹੀ ਜੋਤਿਸ਼ ਰਾਹੀਂ ਸਗਨ ਵੀਚਾਰਨੇ ਹਨ।

ਪ੍ਰ: ਭਾਈ ਸਾਹਿਬ ਜੀਓ! ਸਾਨੂੰ ਤਾਂ ਵਧੇਰੇ ਬੋਧ ਨਹੀਂ, ਪਰ ਆਪ ਜੀ ਦੇ ਪੜ੍ਹਨ ਸੁਣਨ ਵਿਚ ਤਾਂ ਜ਼ਰੂਰ ਆਇਆ ਹੋਵੇਗਾ ਕਿ ਇਸ ਸ਼ਗੁਨ ਅਪਸ਼ਗੁਨ ਦੀ ਰੂਪ ਰੇਖਾ ਕਿਤਨੀ ਕੁ ਮੰਨੀ ਗਈ ਹੈ, ਕੀ ਇਸ ਬਾਰੇ ਜਾਣਕਾਰੀ ਦਿਓਗੇ?

ਉ: ਹੇ ਸਜਨੋ! ਜਿਤਨੇ ਭੀ ਮੇਰੇ ਪੜ੍ਹਨ ਸੁਣਨ ਵਿਚ ਆਏ ਹਨ, ਉਹ ਸਾਰੇ ਤਾਂ ਮੇਰੀ ਚਿਤਵਨੀ ਵਿਚ ਨਹੀਂ, ਪਰ ਹਾਂ, ਜਿਤਨੇ ਕੁ ਮੈਨੂੰ ਚੇਤੇ ਹਨ ਉਹ ਨਾਮ ਮਾਤ੍ਰ ਕਹਿਣ ਦਾ ਜਤਨ ਕਰਦਾ ਹਾਂ, ਜਿਵੇਂ ਕਿ:

(੧) ਹੇ ਭਾਈ! (ਜਿਵੇਂ) ਜੋਤਿਸ਼ (ਸਉਣ) ਰਾਹੀਂ ਸ਼ਗਨ ਵਿਚਾਰਨੇ, ਨੌਂ ਗ੍ਰੇਹਾਂ (ਚੰਦ, ਸੂਰਜ, ਰਾਹੂ, ਕੇਤੂ, ਮੰਗਲ, ਬੁਧ, ਬ੍ਰਹਸਪਤ, ਸੁਕਰ ਤੇ ਸ਼ਨੀਚਰ) ਅਤੇ ੧੨ ਰਾਸਾ (ਮੇਖ, ਮੀਨ, ਬ੍ਰਿਖ, ਸਿੰਘ, ਕਰਕ, ਮਿਥਨ, ਕੰਨਿਆ, ਕੁੰਭ, ਮਕਰ, ਤੁਲਾ, ਧਨ ਤੇ ਬ੍ਰਿਸ਼ਚਕ) ਆਦਿਕਾਂ ਦੇ ਵੀਚਾਰ ਕਰਨੇ।

(੨) ਟੂਣੇ ਕਰਨ ਵਾਲੀਆਂ ਇਸਤ੍ਰੀਆਂ, ਟੂਣੇ ਅਉਸੀਆਂ (ਲਕੀਰਾਂ ਵਾਲੇ ਮੰਤ੍ਰ) ਦੀਆਂ ਕਣਸੋਆਂ (ਐਧਰ ਓਧਰ ਇਹੋ ਜਿਹੀਆਂ ਗੱਲਾਂ ਦੀ ਖ਼ਬਰ ਰੱਖਣੀ) ਆਦਿ ਦਾ ਪਸਾਰਾ ਪਸਰਿਆ ਹੋਇਆ ਹੈ।

(੩) ਕਈ ਖੋਤੇ, ਕੁੱਤੇ, ਬਿੱਲੀਆਂ, ਇੱਲਾਂ ਤੇ ਮਲਾਲੀ (ਮੈਨਾ), ਗਿੱਦੜਾਂ ਤੇ ਹਨੇਰੀ ਦੇ ਸ਼ਗੁਨ, ਅਪਸ਼ਗੁਨਾਂ ਦੀਆਂ ਵੀਚਾਰਾਂ ਵਿਚ ਫਸੇ ਪਏ ਹਨ।

(੪) ਇਸਤ੍ਰੀ ਆਦਮੀ (ਤੁਰਨ ਲੱਗੇ ਜੇ ਅੱਗੋਂ) ਪਾਣੀ ਜਾਂ ਅੱਗ (ਲੈ ਕੇ ਮਿਲੇ) ਜਾਂ ਨਿੱਛ, ਪਦ, ਹਿਡਕੀ (ਉਬਾਸੀ) ਲਵੇ (ਤਾਂ ਇਸਦਾ ਸ਼ਗੁਨ ਤੇ ਅਪਸ਼ਗੁਨ ਮੰਨਦੇ ਹਨ)।

(੫) ਥਿਤ, ਵਾਰ, ਭਦ੍ਰਾਂ ਦਾ ਸੰਸਾ ਅੱਠ ਦਿਸ਼ਾ ਸੂਲ ਦਾ ਭਰਮ ਜਗਤ ਨੂੰ ਲੱਗਾ ਹੋਇਆ ਹੈ।

(੬) ਹੇਰੀਆਂ ਫੇਰੀਆਂ ਕਰਨ ਉੱਤੇ ਭਰੋਸਾ ਰੱਖ ਕੇ ਲੱਖਾਂ ਧਨ ਜੋੜਨੇ ਤੇ ਬਹੁਚੱਖੀ (ਬਹੁਤੇ ਸਵਾਦਾਂ ਤੇ ਫ਼ੈਸ਼ਨਾਂ ਵਾਲੀ ਵੇਸਵਾ) ਪਤੀ ਦਾ ਮਿਲਾਪ ਕਿਉਂ ਕਰ ਪਾ ਸਕੇਗੀ।

ਪ੍ਰ: ਕਿਉਂ ਜੀ! ਆਖ਼ਰ ਗੁਰਮੁਖਾਂ ਨੂੰ ਸੁਖ ਫਲ ਕਿਵੇਂ ਮਿਲਦਾ ਤੇ ਉਨ੍ਹਾਂ ਦਾ ਪਾਰ ਉਤਾਰਾ ਕਿਵੇਂ ਹੁੰਦਾ ਹੈ?

(੭) ਉ: ਹੇ ਭਾਈ! ਗੁਰਮੁਖ ਸਭ ਸੰਸਿਆਂ, ਭਰਮਾਂ, ਸ਼ਗਨਾਂ, ਅਪਸ਼ਗਨਾਂ ਤੋਂ ਅੱਗੇ ਲੰਘ ਕੇ ਕੇਵਲ ਇਕ ਪ੍ਰਭੂ ਤੇ ਸਤਿਗੁਰੂ 'ਤੇ ਭਰੋਸਾ ਰੱਖਦੇ ਹਨ, ਇਸ ਲਈ ਉਨ੍ਹਾ ਨੂੰ ਸੁਖ ਫਲ ਦੀ ਪ੍ਰਾਪਤੀ ਹੁੰਦੀ ਹੈ, ਤੇ ਇਸੇ ਦੀ ਬਦੌਲਤ ਉਹ ਭਵ ਸਾਗਰ ਤੋਂ ਪਾਰ ਉਤਰ ਜਾਂਦੇ ਹਨ।੮।

*ਭਾਵਾਰਥ :* ਇਸ ਪਉੜੀ ਅੰਦਰ ਭਾਈ ਸਾਹਿਬ ਉਨ੍ਹਾਂ ਲੋਕਾਂ ਦਾ ਜ਼ਿਕਰ ਕਰਦੇ ਹਨ, ਜੋ ਇਕ ਗੁਰੂ ਦਾ ਭਰੋਸਾ ਛੱਡ ਕੇ ਬਾਹਲੇ ਸ਼ਗਨਾਂ ਅਪਸ਼ਗਨਾਂ ਤੇ ਜੋਤਿਸ਼ ਵਿਚ ਫਸੇ ਹੋਏ ਹਨ। ਉਨ੍ਹਾਂ ਲੋਕਾਂ ਨੂੰ ਵੇਸਵਾ ਦੀ ਤੁਲਨਾ ਦੇਂਦੇ ਹਨ, ਜੋ ਲੱਖਾਂ ਪੁਰਸ਼ਾਂ ਉੱਤੇ ਵਿਸ਼ਵਾਸ਼ ਰੱਖਦੀ ਹੈ, ਉਹ ਲੋਕ ਇਸੇ ਤਰ੍ਹਾਂ ਦੇ ਹਨ ਜੋ ਕਿ—ਛੇਰੀ ਭਰਮੈ ਮੁਕਤਿ ਨ ਹੋਇ—ਭਾਵ ਹੈ ਕਿ ਜਿਨ੍ਹਾਂ ਚਿਰ ਪੰਛੀ ਛੇਕਾਂ ਵਿਚ ਭਟਕੇਗਾ, ਉਸਦੀ ਖਲਾਸੀ ਨਹੀਂ ਹੋਵੇਗੀ। ਜੋ ਗੁਰੂ ਦੇ ਪਿਆਰੇ ਗੁਰਮੁਖ ਹਨ ਉਹ ਕੇਵਲ ਗੁਰੂ ਤੇ ਭਰੋਸਾ ਰੱਖ ਕੇ ਇਨ੍ਹਾਂ ਸੰਸਾਰ ਦੇ ਬੰਧਨਾਂ ਤੋਂ ਖਲਾਸੀ ਪਾਉਂਦੇ ਹਨ।

## ੯. ਗੁਰਮੁਖਾਂ ਦੇ ਮਾਰਗ ਦੀ ਮਹਾਨਤਾ

੧. ਨਦੀਆਂ ਨਾਲੇ ਵਾਹੜੇ
ਗੰਗ ਸੰਗ ਗੰਗੋਦਕ ਹੋਈ।
੨. ਅਸ਼ਟ ਧਾਤ ਇਕ ਧਾਤ ਹੋਇ
ਪਾਰਸ ਪਰਸੈ ਕੰਚਨ ਸੋਈ।
੩. ਚੰਦਨ ਵਾਸ ਵਣਾਸਪਤਿ
ਅਫਲ ਸਫਲ ਕਰ ਚੰਦਨ ਗੋਈ।
੪. ਛਿਅ ਰੁਤ ਬਾਰਹ ਮਾਹ ਕਰ
ਸੁੱਝੈ ਸੁੱਝ ਨ ਦੂਜਾ ਕੋਈ।
੫. ਚਾਰ ਵਰਨ ਛਿਅ ਦਰਸ਼ਨਾਂ
ਬਾਰਹ ਵਾਟ ਭਵੈ ਸਭ ਲੋਈ।
੬. ਗੁਰਮੁਖ ਦਰਸਨੁ ਸਾਧ ਸੰਗੁ
ਗੁਰਮੁਖਿ ਮਾਰਗਿ ਦੁਬਿਧਾ ਖੋਈ।
੭. ਇਕ ਮਨ ਇਕ ਅਰਾਧਣ ਓਈ॥੯॥

*ਪਦ ਅਰਥ :* ਵਾਹੜੇ—ਬਰਸਾਤੀ ਨਾਲੇ। ਗੰਗੋਦਕ—ਗੰਗਾ ਜਲ। ਸੁੱਝ—ਸੂਰਜ। ਸਭ ਲੋਈ—ਸਾਰੇ ਲੋਕ। ਦਰਸਨੁ—ਮਤ, ਮਾਰਗ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਸੰਸਾਰ ਵਿਚ ਦੂਰ ਤੱਕ ਨਜ਼ਰ ਮਾਰਦੇ ਹਾਂ, ਤਾਂ ਜਿਥੇ ਸਾਨੂੰ ਹਰ ਪਦਾਰਥ ਵੱਲ ਨਜ਼ਰ ਮਾਰਿਆਂ ਵੱਖਰਾ-ਪਨ ਦਿੱਸ ਆਉਂਦਾ ਹੈ, ਉਥੇ ਸਾਨੂੰ ਧਰਮ ਦੇ ਮਾਰਗ ਵਿਚ ਤੁਰਨ ਵਾਲੇ ਉਪਾਸ਼ਕ ਭੀ ਅਨੇਕਾਂ ਵੇਖਣ ਵਿਚ ਆਉਂਦੇ ਹਨ, ਜਿਨ੍ਹਾਂ ਦੇ ਦੇਵਤਾ ਵਖੋ ਵੱਖ ਹਨ, ਉਨ੍ਹਾਂ ਦੀ ਪੂਜਾ ਤੇ ਪੂਜਾ ਦੇ ਢੰਗ ਅਤੇ ਫਲ ਭੀ ਭਿੰਨ-ਭਿੰਨ ਮੰਨੇ ਗਏ ਹਨ। ਪਰ, ਅਸਚਰਜਤਾ ਇਹ ਹੈ ਕਿ ਹਰ ਉਪਾਸ਼ਕ ਆਪੋ ਆਪਣੇ ਦੇਵਤੇ ਤੇ ਦੇਵ ਪੂਜਾ ਨੂੰ ਹੀ ਉੱਤਮ ਮੰਨਦਾ ਹੈ ਅਤੇ ਬਾਕੀ ਦੇ ਦੇਵਤਾ ਤੇ ਦੇਵ ਪੁਜਾਰੀਆਂ ਨੂੰ ਉਹ ਨੀਵੀਆਂ ਨਜ਼ਰਾਂ ਨਾਲ ਤੱਕਦਾ ਹੈ। ਕਿਉਂ ਜੀ, ਤੁਸੀਂ ਜਿਨ੍ਹਾਂ ਗੁਰਮੁਖਾਂ ਦਾ ਪਿਛੇ ਜ਼ਿਕਰ ਕਰਦੇ ਆ ਰਹੇ ਹੋ, ਕੀ ਇਨ੍ਹਾਂ ਦਾ ਮਾਰਗ ਭੀ ਇਨ੍ਹਾਂ ਉਪ੍ਰੋਕਤ ਉਪਾਸ਼ਕਾਂ ਦੇ ਨਾਲ ਮਿਲਦਾ ਜੁਲਦਾ ਹੈ ਜਾਂ ਕਿ ਵੱਖਰਾ ਹੈ, ਇਸ ਸੰਬੰਧੀ ਗੁਰਮਤਿ ਅਨੁਸਾਰ ਆਪਣੇ ਵੀਚਾਰ ਦਿਓ ?

ਉ: ਹੇ ਭਾਈਓ! ਅਸਲ ਵਿਚ ਗੁਰਮੁਖਾਂ ਤੇ ਬਾਕੀ ਦੇ ਸੰਸਾਰੀ ਉਪਾਸ਼ਕਾਂ ਦੀ ਪੂਜਾ ਬਾਰੇ ਜੇ ਗਹੁ ਨਾਲ ਤੱਕਿਆ ਜਾਏ ਤਾਂ ਇਨ੍ਹਾਂ ਵਿਚ ਪਰਸਪਰ ਬੜਾ ਅੰਤਰਾ ਹੈ, ਕਿਉਂਕਿ ਸੰਸਾਰੀ ਲੋਕ ਤ੍ਰੈ ਗੁਣੀ ਦੇਵਤਿਆਂ ਦੇ ਪੁਜਾਰੀ ਹਨ, ਪਰ ਗੁਰਮੁਖ ਤ੍ਰੈ ਗੁਣ ਅਤੀਤ ਜੋ ਨਿਰੰਕਾਰ ਹੈ ਉਹ ਉਸਦੇ ਪੁਜਾਰੀ ਹਨ।

ਪ੍ਰ: ਕਿਉਂ ਜੀ! ਜੋ ਦੇਵਤਾ ਇਤਨੇ ਸ਼ਕਤੀਸ਼ਾਲੀ ਹਨ, ਉਹ ਹਰ ਉਪਾਸ਼ਕ ਦੀ ਇੱਛਾ ਅਨੁਸਾਰ ਉਸਨੂੰ ਪਦਾਰਥ ਦੇਣ ਦੀ ਸਮਰੱਥਾ ਭੀ ਰੱਖਦੇ ਹਨ, ਫਿਰ ਗੁਰਮੁਖ ਉਨ੍ਹਾਂ ਦੇਵਤਿਆਂ ਦੀ ਉਪਾਸ਼ਨਾ ਕਰਨ ਵਲੋਂ ਸੰਕੋਚ ਕਰਕੇ ਕਰਤਾਰ ਦੀ ਪੂਜਾ ਕਰਨਾ ਕਿਉਂ ਪਸੰਦ ਕਰਦੇ ਹਨ, ਇਸ ਵਿਚ ਭੀ ਕੋਈ ਅੰਤਰਾ ਹੈ, ਕੀ ਜਾਣਕਾਰੀ ਦਿਓਗੇ ?

ਉ: ਹੇ ਭਾਈ! ਪਰਮੇਸ਼ਰ ਤੇ ਦੇਵ ਪੂਜਾ ਵਿਚ ਕੀ ਭੇਦ ਹੈ ? ਇਹ ਗੁਰਮੁਖਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਗੁਰਬਾਣੀ ਦੀ ਰੋਸ਼ਨੀ ਵਿਚ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਹੈ ਕਿ ਜਿਨ੍ਹਾਂ ਬ੍ਰਹਮਾ ਆਦਿਕ ਦੇਵਤਿਆਂ ਨੂੰ ਸੰਸਾਰ ਦੇ ਆਵਾਗਵਨ ਤੋਂ ਛੁਟਕਾਰਾ ਪਾਉਣ ਲਈ ਪੂਜਦੇ ਹਾਂ, ਇਹ ਤਾਂ ਆਪ ਹੀ ਜੰਮਣ ਮਰਨ ਦੇ ਚੱਕਰ ਵਿਚ ਆਉਂਦੇ ਜਾਂਦੇ ਦਿਸਦੇ ਹਨ। ਇਸ ਭਾਵ ਦਾ ਖੁਲਾਸਾ ਗੁਰੂ ਗੋਬਿੰਦ ਸਿੰਘ ਜੀ ਕਰਦੇ ਹਨ ਕਿ :

ਬ੍ਰਹਮ ਮਹੇਸਰ ਬਿਸਨੁ ਸਚੀਪਤਿ
ਅੰਤ ਫਸੇ ਜਮ ਫਾਸ ਪਰੈਗੇ॥ *(੧੦ ਸਵੈਯੇ*

ਭਾਵ, ਇਹ ਸਾਰੇ ਦੇਵੀ ਦੇਵਤੇ ਅੰਤ ਸਮੇਂ ਖੁਦ ਹੀ

ਜਮਾਂ ਦੀ ਫਾਹੀ ਵਿਚ ਫਸਣ ਵਾਲੇ ਹਨ, ਇਹ ਹੋਰ ਕਿਸੇ ਆਪਣੇ ਪੁਜਾਰੀ ਦਾ ਛੁਟਕਾਰਾ ਕਿਵੇਂ ਕਰ ਸਕਦੇ ਹਨ।

ਜੋ ਲੋਕ ਇਨ੍ਹਾਂ ਦੇਵਤਿਆਂ ਦੀ ਉਪਾਸ਼ਨਾ ਕਰਕੇ ਇਨ੍ਹਾਂ ਦੀਆਂ ਪੁਰੀਆਂ ਵਿਚ ਪੁੱਜਦੇ ਹਨ, ਉਹ ਜਿਤਨਾ ਸਮਾਂ ਉਨ੍ਹਾਂ ਨੇ ਤਪ ਕੀਤਾ ਹੈ ਉਹ ਉਤਨਾਂ ਸਮਾਂ ਹੀ ਉਥੇ ਠਹਿਰ ਸਕਦੇ ਹਨ, ਆਖ਼ਰ ਉਥੋਂ ਉਨ੍ਹਾਂ ਨੂੰ ਬਾਹਰ ਕੱਢਿਆ ਜਾਂਦਾ ਹੈ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਅਟੱਲ ਫ਼ੁਰਮਾਨ ਹੈ ਕਿ :

ਇੰਦ੍ਰ ਲੋਕ ਸਿਵ ਲੋਕਹਿ ਜੈਬੋ
ਓਛੇ ਤਪ ਕਰਿ ਬਾਹੁਰਿ ਐਬੋ ॥੧॥ (ਪੰਨਾ ੬੯੨)

ਭਾਵ ਹੈ, ਤੁੱਛ ਮਾਤ੍ਰ ਤਪ ਕੀਤੇ ਹੋਏ ਦਾ ਫਲ ਭੋਗ ਕੇ ਉਨ੍ਹਾਂ ਉਪਾਸ਼ਕਾਂ ਨੂੰ ਉਨ੍ਹਾਂ ਪੁਰੀਆਂ ਤੋਂ ਬਾਹਰ ਅਵੱਸ਼ ਹੀ ਆਉਣਾ ਪੈਂਦਾ ਹੈ, ਜਿਸ ਕਰਕੇ ਦੇਵ ਪੁਜਾਰੀਆਂ ਨੂੰ ਜੰਮਣ ਮਰਨ ਦਾ ਕਾਰਣ ਬਣਿਆ ਹੀ ਰਹਿੰਦਾ ਹੈ।

ਫ਼ਰਜ਼ ਕਰੋ, ਜੇ ਕਿਸੇ ਦੀ ਘੋਰ ਤਪਸਿਆ ਸਾਧੀ ਹੋਈ ਹੈ, ਉਹ ਉਸ ਪੁਰੀ ਵਿਚ ਉਤਨਾਂ ਸਮਾਂ ਹੀ ਰਹਿ ਸਕਦਾ ਹੈ, ਜਿਤਨੇ ਚਿਰ ਤੱਕ ਉਹ ਦੇਵਪੁਰੀ ਕਾਇਮ ਹੈ, ਜਦੋਂ ਦੇਵਪੁਰੀ ਦੀ ਹੋਂਦ ਹੀ ਮਿਟ ਗਈ, ਫਿਰ ਤਾਂ ਉਥੇ ਠਹਿਰਨਾ ਹੀ ਅਸੰਭਵ ਹੈ, ਕਿਉਂਕਿ ਇਸ ਸੰਬੰਧੀ ਗੁਰਬਾਣੀ ਦਾ ਫ਼ੁਰਮਾਨ ਹੈ ਕਿ :

ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥
(ਪੰਨਾ ੨੩੭)

ਭਾਵ ਹੈ, ਇਨ੍ਹਾਂ ਪੁਰੀਆਂ ਦਾ ਆਖ਼ਰ ਅੰਤ ਜ਼ਰੂਰ ਹੀ ਹੋ ਜਾਣ ਵਾਲਾ ਹੈ, ਜਦੋਂ ਇਨ੍ਹਾਂ ਦੇਵਪੁਰੀਆਂ ਦਾ ਹੀ ਅੰਤ ਹੋ ਗਿਆ ਤਾਂ ਇਨ੍ਹਾਂ ਪੁਰੀਆਂ ਦੇ ਵਿਚ ਰਹਿਣ ਵਾਲੇ ਉਪਾਸ਼ਕ ਕਿਵੇਂ ਇਥੇ ਅਚੱਲ ਰਹਿ ਸਕਦੇ ਹਨ, ਇਨ੍ਹਾਂ ਨੂੰ ਤਾਂ ਜੰਮਣ ਮਰਨ ਦੇ ਚੱਕਰ ਵਿਚ ਸਦਾ ਹੀ ਆਉਂਦੇ ਜਾਂਦੇ ਰਹਿਣਾ ਪਵੇਗਾ।

ਇਸ ਤੋਂ ਇਲਾਵਾ ਗੁਰਬਾਣੀ ਦੁਆਰੇ ਗੁਰਮੁਖਾਂ ਨੂੰ ਹੋਰ ਭੀ ਸੋਝੀ ਮਿਲੀ ਹੈ, ਕਿ ਜੇ ਕੋਈ ਕਿਸੇ ਦੇਵਤੇ ਦੀ ਉਪਾਸ਼ਨਾ ਕਰਨ ਵਾਲਾ ਉਸਦੀ ਪੂਰਨ ਤੌਰ ਪਰ ਉਪਾਸ਼ਨਾ ਕਰ ਸਕੇ ਤਾਂ ਉਸਦਾ ਉਸਨੂੰ ਫਲ ਮਿਲਦਾ ਹੈ ਕਿ ਉਹ ਉਸ ਦੇਵਤੇ ਦਾ ਸਰੂਪ ਬਣ ਜਾਂਦਾ ਹੈ, ਜੇ ਉਸਦੀ ਉਪਾਸ਼ਨਾ ਵਿਚ ਕੋਈ ਵਿਘਨ ਪੈ ਜਾਏ ਤਾਂ ਉਸ ਦੇਵਤੇ ਦਾ ਵਾਹਨ ਬਣਨਾ ਪੈਂਦਾ ਹੈ, ਗੁਰਬਾਣੀ ਦਾ ਫ਼ੁਰਮਾਨ ਹੈ ਕਿ :

ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚਢੇ ਡਉਰੂ ਢਮਕਾਵੈ ॥੨॥ (ਪੰਨਾ ੮੭੪)

ਭਾਵ ਹੈ, ਸ਼ਿਵਜੀ ਦਾ ਉਪਾਸ਼ਕ ਜਾਂ ਤਾਂ ਉਸਦਾ ਰੂਪ ਹੀ ਬਣ ਜਾਏਗਾ, ਜਾਂ ਫਿਰ ਉਸਦਾ ਵਾਹਨ ਬੈਲ ਬਣੇਗਾ ਜਿਸ ਉੱਤੇ ਸ਼ਿਵਜੀ ਅਸਵਾਰੀ ਕਰਕੇ ਡੌਰੂ ਵਜਾਉਂਦਾ ਰਵੇਗਾ। ਸਾਰੇ ਦੇਵ ਪੁਜਾਰੀਆਂ ਬਾਰੇ ਇਉਂ ਹੀ ਮੰਨਿਆ ਗਿਆ ਹੈ।

ਇਸ ਲਈ ਹੇ ਭਾਈਓ ! ਗੁਰਮੁਖਾਂ ਨੂੰ ਗੁਰਬਾਣੀ ਦੀ ਰੌਸ਼ਨੀ ਦੁਆਰੇ ਇਹ ਸਭੋ ਕੁਝ ਅਸਲੀਅਤ ਨਜ਼ਰ ਆ ਚੁੱਕੀ ਹੁੰਦੀ ਹੈ ਕਿ ਇਹ ਦੇਵ ਪੂਜਾ ਦ੍ਵੈਤ ਮਾਰਗ ਹੈ ਜਿਸ ਦੀ ਪੂਜਾ ਪੁਜਾਰੀ ਦੇ ਅੰਦਰ ਕੇਵਲ ਦ੍ਵੈਤ ਨੂੰ ਹੀ ਜਨਮ ਦੇਂਦੀ ਹੈ, ਇਸ ਲਈ ਉਹ ਗੁਰਮੁਖ ਇਸ ਗਲਤ ਮਾਰਗ ਵਿਚ ਕਦੇ ਭੀ ਕਦਮ ਰੱਖਣਾ ਪਸੰਦ ਨਹੀਂ ਕਰਦੇ। ਉਨ੍ਹਾਂ ਦਾ ਜੋ ਅਦ੍ਵੈਤ ਗੁਰਮਤ ਮਾਰਗ ਹੈ ਇਸੇ ਪਰ ਜੀਵਨ ਭਰ ਟੁਰੇ ਰਹਿਣ ਦਾ ਨਿਸਚਾ ਹੈ।

**ਪ੍ਰ:** ਕਿਉਂ ਜੀ ! ਇਸ ਗੁਰਮਤ ਮਾਰਗ ਪਰ ਚਲਦੇ ਰਹਿਣ ਦਾ ਉਨ੍ਹਾਂ ਗੁਰਮੁਖਾਂ ਨੂੰ ਆਖ਼ਰ ਫਲ ਕੀ ਪ੍ਰਾਪਤ ਹੁੰਦਾ ਹੈ ?

**ਉ:** ਹੇ ਭਾਈ ! ਉਨ੍ਹਾਂ ਨੂੰ ਉਸ ਫਲ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦੀ ਕਿਸੇ ਹੋਰ ਉਪਾਸ਼ਕ ਜਾਂ ਕਿਸੇ ਭੀ ਦੁਨੀਆ-ਦਾਰ ਨੂੰ ਨਹੀਂ ਹੋਇਆ ਕਰਦੀ, ਭਾਵ ਉਹ ਆਪਣੇ ਵਾਸਤਵ ਤੱਤ ਸਰੂਪ ਵਿਚ ਇਉਂ ਲੀਨ ਹੋ ਜਾਇਆ ਕਰਦੇ ਹਨ ਜਿਵੇਂ ਕਿ ਲਓ ਸੁਣੋ :

(੧) (ਅਸੀਂ ਵੇਖਦੇ ਹਾਂ ਕਿ) ਨਦੀਆਂ ਨਾਲੇ ਵਹਿੰਦੇ ਹੋਏ ਗੰਗਾ ਵਿਚ ਮਿਲ ਕੇ, ਗੰਗਾ ਦੇ ਜਲ ਦਾ ਹੀ ਰੂਪ ਬਣ ਜਾਂਦੇ ਹਨ।

(੨) (ਇਸੇ ਤਰ੍ਹਾਂ) ਅੱਠੇ ਧਾਤਾਂ ਇਕ ਧਾਤ (ਸੋਨਾ) ਬਣ ਜਾਂਦੀਆਂ ਹਨ, ਜਦੋਂ ਉਹ ਪਾਰਸ ਨੂੰ ਪਰਸਦੀਆਂ ਹਨ।

(੩) (ਹੋਰ ਸੁਣੋ) ਚੰਦਨ (ਆਪਣੇ ਜੋ ਵੀ ਨੇੜੇ) ਬਨਾਸਪਤੀ ਹੋਵੇ, ਭਾਵੇਂ ਫਲ ਵਾਲੀ ਜਾਂ ਫਲ ਤੋਂ ਬਗੈਰ, ਉਹ ਉਸਨੂੰ (ਚੰਦਨ ਦੀ) ਖ਼ੁਸ਼ਬੂ ਵਾਲੀ ਬਣਾ ਦੇਂਦਾ ਹੈ।

(੪) ਛੇ ਰੁਤਾਂ ਤੇ ਬਾਰਾਂ ਮਹੀਨਿਆਂ ਨੂੰ ਬਣਾਉਣ ਵਾਲਾ ਸੂਰਜ ਤਾਂ ਇਕੋ ਹੈ ਹੋਰ ਕੋਈ ਨਹੀਂ।

(੫) ਚਾਰੇ ਵਰਨ (ਬ੍ਰਾਹਮਣ, ਖੱਤ੍ਰੀ, ਵੈਸ਼, ਸੂਦਰ) ਤੇ ਛੇ

ਦਰਸ਼ਨ (ਛੇ ਸਾਸਤ੍ਰਾ ਦੇ ਧਰਮ) ਬਾਰਾਂ ਰਸਤਿਆਂ ਤੇ ਹੀ ਸਾਰੀ ਲੁਕਾਈ ਫਿਰ ਰਹੀ ਹੈ।

ਪ੍ਰ: ਕਿਉਂ ਜੀ! ਆਖ਼ਰ ਗੁਰਮੁਖਾਂ ਦਾ ਰਸਤਾ ਕਿਸ ਤਰ੍ਹਾਂ ਦਾ ਹੈ ਅਤੇ ਉਸਦੀ ਹੋਰ ਰਸਤਿਆਂ ਨਾਲੋਂ ਅਧਿਕਤਾ ਕੀ ਹੈ?

(੬) ਉ: (ਹੇ ਸਜਨੋਂ!) ਗੁਰਮੁਖਾਂ ਦਾ ਦਰਸ਼ਨ (ਧਰਮ ਤਾਂ ਕੇਵਲ) ਸਾਧ ਸੰਗਤ ਹੀ ਹੈ, ਗੁਰਮੁਖਾਂ ਦਾ ਇਹ ਰਸਤਾ ਹਉਮੈਂ ਤੇ ਦੁਬਿਧਾ (ਦੂਈ ਦ੍ਵੈਤ) ਨੂੰ ਖ਼ਤਮ ਕਰ ਦੇਂਦਾ ਹੈ।

(੭) (ਉਹ ਗੁਰਮੁਖ) ਇਕ ਮਨ ਹੋ ਕੇ ਇਕ (ਪ੍ਰਭੂ ਦਾ ਹੀ) ਸਿਮਰਨ (ਅਰਾਧਨਾ) ਕਰਦੇ ਹਨ (ਹੋਰ ਕਿਸੇ ਵੀ ਭਰਮ ਜਾਲ ਵਿਚ ਨਹੀਂ ਫਸਦੇ)।੯।

***ਭਾਵਾਰਥ :*** ਗੁਰਮੁਖਾਂ ਦਾ ਮਾਰਗ ਬਾਕੀ ਸੰਸਾਰ ਦੇ ਲੋਕਾਂ ਨਾਲੋਂ ਵੱਖਰਾ ਹੈ, ਕਿਉਂਕਿ ਬਾਕੀ ਦੇ ਦੇਵਤਿਆਂ ਦੀ ਉਪਾਸ਼ਨਾ ਕਰਨ ਵਾਲੇ ਰਸਤੇ ਮਨੁੱਖ ਨੂੰ ਦ੍ਵੈਤ-ਭਾਵ ਦੇ ਮਾਰਗ ਵੱਲ ਲੈ ਜਾਂਦੇ ਹਨ, ਪਰ ਗੁਰਮੁਖਾਂ ਦਾ ਭਗਤੀ ਦਾ ਅਦ੍ਵੈਤਵਾਦੀ ਮਾਰਗ ਹੈ ਜੋ ਸਰਲ ਮਾਰਗ ਉਸ ਨਿਰੰਕਾਰ ਤੱਕ ਪੁਜਾਉਣ ਦੀ ਸਮੱਰਥਾ ਰੱਖਦਾ ਹੈ। ਆਖ਼ਰ ਗੁਰਮੁਖ ਸਾਧ ਸੰਗਤ ਦੇ ਮਾਰਗ ਰਾਹੀਂ ਚਲਦੇ ਚਲਦੇ ਉਸ ਆਪਣੇ ਸਾਗਰ ਰੂਪ ਸ੍ਵੈ- ਸਰੂਪ ਵਿਚ ਜਾ ਲੀਨ ਹੋ ਜਾਂਦੇ ਹਨ, ਜਿਥੋਂ ਕਿ ਉਹ ਵਿਛੜੇ ਹੋਏ ਸਨ, ਆਖ਼ਰ ਬਾਣੀ ਦਾ ਭੀ ਇਹੋ ਫ਼ੁਰਮਾਨ ਹੈ:

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥ *(ਪੰਨਾ ੨੭੮)*

## ੧੦. ਕੁਲਾ ਧਰਮ ਤੇ ਗੁਰਮੁਖ ਮਾਰਗ

**੧. ਨਾਨਕ ਦਾਦਕ ਸਾਹੁਰੈ**
**ਵਿਰਤੀਸੁਰ ਲਾਗਾਇਤ ਹੋਏ।**
**੨. ਜੰਮਣ ਭੱਦਣ ਮੰਗਣੇ**
**ਮਰਣੈ ਪਰਣੈ ਕਰਦੇ ਢੋਏ।**
**੩. ਰੀਤੀ ਰੂੜੀ ਕੁਲਾ ਧਰਮ**
**ਚੱਜ ਅਚਾਰ ਵਿਚਾਰ ਵਿਖੋਏ।**
**੪. ਕਰ ਕਰਤੂਤ ਕਸੂਤ ਵਿਚ**
**ਪਾਇ ਦੁਲੀਚੇ ਗੈਣ ਚੰਦੋਏ।**
**੫. ਜੋਧ ਜਠੇਰੇ ਮੰਨੀਅਨਿ**
**ਸਤੀਆਂ ਸਉਤ ਟੋਭੜੀ ਟੋਏ।**
**੬. ਸਾਧ ਸੰਗਤ ਗੁਰ ਸ਼ਬਦ ਵਿਣ**
**ਮਰ ਮਰ ਜੰਮਣ ਦਈ ਵਿਗੋਏ।**
**੭. ਗੁਰਮੁਖ ਹੀਰੇ ਹਾਰ ਪਰੋਏ॥੧੦॥**

***ਪਦ ਅਰਥ :*** ਵਿਰਤੀਸੁਰ—ਪ੍ਰੋਹਤ। ਲਾਗਾਇਤ—ਲਾਗੀ ਆਦਿ, ਕਮੀਨ ਲੋਕ। ਭੱਦਣ—ਸਿਰ ਮੁੰਡਨ। ਵਿਖੋਏ—ਵਿਖਾਵੇ, ਭੁੱਲੇ ਹੋਏ। ਕਸੂਤ—ਜਨੇਊ। ਗੈਣ ਚੰਦੋਏ—ਅਕਾਸ਼ੀ ਚੰਦੋਏ, ਭਾਵ ਵੱਡੇ ਚੰਦੋਏ। ਟੋਭੜੀ—ਛੋਟਾ ਟੋਭਾ, ਛੱਪੜ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਥੇ ਅਸੀਂ ਤੱਕ ਰਹੇ ਹਾਂ ਉਥੇ ਆਪ ਜੀ ਦੇ ਭੀ ਸਾਹਮਣੇ ਹੀ ਹੈ ਕਿ ਸੰਸਾਰ ਦੇ ਸਾਰੇ ਲੋਕ ਜੋ ਸਦੀਆਂ ਤੋਂ ਹੀ ਕੁਲਾ ਧਰਮ ਦੇ ਫੋਕੇ ਕਰਮਾਂ ਦੇ ਬੰਧਨਾਂ ਵਿਚ ਬੰਨ੍ਹੇ ਹੋਏ ਜੀਵਨ ਦਾ ਅਮੋਲਕ ਸਮਾਂ ਅਜਾਈਂ ਕਿਉਂ ਗਵਾ ਰਹੇ ਹਨ, ਕਿਉਂ ਜੀ! ਦਸੋਗੇ ਐਸਾ ਕਿਉਂ ਹੈ?

ਉ: ਹੇ ਸਜਨ ਜਨੋ! ਇਸ ਸੰਬੰਧੀ ਜੇ ਅਸੀਂ ਕਦੀ ਵੀਚਾਰ ਦ੍ਰਿਸ਼ਟੀ ਦੁਆਰੇ ਪੁਰਾਤਨ ਸਮੇਂ ਵੱਲ ਨਜ਼ਰ ਮਾਰੀਏ ਤਾਂ ਇਸ ਦਾ ਮੂਲ ਕਾਰਨ ਸਾਨੂੰ ਕਈ ਸਦੀਆਂ ਤੋਂ ਪਹਿਲੇ ਉਹ ਤੁਅੱਸਬ ਭਰੇ ਪੰਡਿਤ ਲੋਕ ਹੀ ਦਿਸਣਗੇ ਜਿਨ੍ਹਾਂ ਨੇ ਲੋਕਾਂ ਨੂੰ ਅਵਿੱਦਕ ਰੱਖ ਕੇ ਅਸਲੀਅਤ ਤੋਂ ਜਾਣੂ ਨਹੀਂ ਹੋਣ ਦਿੱਤਾ, ਕਿਉਂਕਿ ਉਨ੍ਹਾਂ ਪੰਡਿਤਾਂ ਕੋਲ ਆਪਣੀ ਸੁਖੈਨ ਜੀਵਨ ਗੁਜ਼ਾਰੀ ਲਈ ਇਹੋ ਇਕ ਸਾਧਨ ਸੀ ਕਿ ਉਹ ਚੁਸਤ ਚਲਾਕ ਲੋਕ ਜਨਤਾ ਨੂੰ ਭਰਮ ਭੁਲੇਖਿਆਂ ਵਿਚ ਭਰਮਾ ਕੇ ਆਪਣੀ ਪੂਜਾ ਤੇ ਸੁਖੈਨ ਉਪਜੀਵਕਾ ਟੋਰੀ ਰੱਖਣ। ਪਰ ਜਿਸ ਸਮੇਂ ਤੋਂ ਗੁਰੂ ਨਾਨਕ ਦੇਵ ਜੀ ਨੇ ਗੁਰਮਤ ਦਾ ਪ੍ਰਕਾਸ਼ ਕੀਤਾ ਉਸ ਰੋਸ਼ਨੀ ਦੁਆਰੇ ਤੱਕਣ ਵਾਲੇ ਗੁਰਮੁਖਾਂ ਨੇ ਸਦੀਆਂ ਤੋਂ ਫੋਕੇ ਕਰਮ ਕਾਂਡਾਂ ਵਿਚ ਆਪਣੇ ਆਪਨੂੰ ਜਕੜਿਆ ਹੋਇਆ ਤੱਕਿਆ ਤਾਂ ਉਹ ਇਨ੍ਹਾਂ ਵਹਿਮਾਂ ਨੂੰ ਤਿਆਗ ਕੇ ਨਿਰਬੰਧ ਹੋ ਗਏ।

ਗੁਰੂ ਨਾਨਕ ਦੇਵ ਜੀ ਨੇ ਜਦੋਂ ਸੰਸਾਰ ਦੇ ਕੋਨੇ-ਕੋਨੇ ਵੱਲ ਤੱਕਿਆ ਤਾਂ ਆਪ ਜੀ ਨੂੰ ਸਾਰੀ ਮਨੁੱਖਤਾ ਕਰਮ ਕਾਂਡ, ਭਰਮ, ਭੁਲੇਖੇ ਤੇ ਵਹਿਮਾਂ ਵਿਚ ਜਕੜੀ ਹੋਈ ਦਿੱਸੀ, ਗੁਰਮਤ ਦਾ ਸਹੀ ਮਾਰਗ ਤਾਂ ਆਪ ਜੀ

ਨੇ ਸਾਰੇ ਸੰਸਾਰ ਨੂੰ ਹੀ ਦਰਸਾਉਣਾ ਸੀ, ਪਰ ਇਸ ਦੀ ਅਰੰਭਤਾ ਆਪ ਜੀ ਨੇ ਆਪਣੇ ਘਰੋਂ ਹੀ ਅਰੰਭੀ।

ਜਦੋਂ ਆਪ ਜੀ ਨੌਂ (੯) ਸਾਲਾਂ ਦੇ ਹੋਏ ਤਾਂ ਆਪ ਜੀ ਨੂੰ ਖੱਤ੍ਰੀ ਕੁਲਾ ਧਰਮ ਅਨੁਸਾਰ ਜਨੇਊ ਪਾਉਣ ਦੀ ਰਸਮ ਅਦਾ ਕਰਨ ਲਈ ਪ੍ਰੇਰਿਆ ਗਿਆ। ਪੰਡਿਤ ਜੀ ਆ ਗਏ, ੍ ਤਰ੍ਹਾਂ ਦੀ ਤਿਆਰੀ ਕਰ ਲਈ ਗਈ, ਜਦੋਂ ਪੰਡਿਤ ਜੀ ਜਨੇਊ ਪਾਉਣ ਲੱਗੇ ਤਾਂ ਆਪ ਜੀ ਨੇ ਕਿਹਾ ਕਿ ਪੰਡਿਤ ਜੀ! ਜ਼ਰਾ ਠਹਿਰੀਏ, ਕਿਉਂਕਿ ਪਹਿਲੋਂ ਮੈਂ ਆਪ ਜੀ ਦੇ ਨਾਲ ਇਸ ਜਨੇਊ ਬਾਰੇ ਵੀਚਾਰ ਵਿਟਾਂਦਰਾ ਕਰਨਾ ਚਾਹਵਾਂਗਾ। ਪੰਡਿਤ ਬੜਾ ਹੈਰਾਨ ਤੇ ਪਰੇਸ਼ਾਨ ਸੀ, ਕਿ ਮੈਂ ਕਿਤਨੇ ਬੱਚਿਆਂ ਨੂੰ ਜਨੇਊ ਪਾਏ ਹਨ, ਪਰ ਇਹ ਇਕ ਪਹਿਲਾ ਬੱਚਾ ਹੈ, ਜਿਸਨੇ ਇਹਨਾਂ ਸ਼ਬਦਾਂ ਦੀ ਵਰਤੋਂ ਕਰਨ ਦੀ ਜੁਰਅਤ ਕੀਤੀ ਹੈ।

ਪੰਡਿਤ ਜੀ ਨੇ ਝਿੱਥਾ ਜਿਹਾ ਹੋ ਕਿਹਾ, ਕਿ ਹੇ ਨਾਨਕ! ਤੂੰ ਕਹੁ ਕੀ ਕਹਿਣਾ ਚਾਹੁੰਦਾ ਹੈਂ ? ਤਾਂ ਆਪ ਜੀ ਕਹਿ ਰਹੇ ਹਨ ਕਿ ਪੰਡਿਤ ਜੀ! ਇਹ ਦਸੋ ਜੋ ਤੁਸੀਂ ਮੇਰੇ ਜਨੇਊ ਪਾਉਣ ਦੀ ਤਿਆਰੀ ਕਰ ਰਹੇ ਹੋ ਕੀ ਇਹ ਮੇਰੇ ਸਾਰੇ ਜੀਵਨ ਭਰ ਲਈ ਕਾਫ਼ੀ ਹੈ ? ਤਾਂ ਪੰਡਿਤ ਨੇ ਕਿਹਾ ਹੇ ਨਾਨਕ! ਇਹ ਤਾਂ ਸਾਲ ਪਿਛੋਂ ਬਦਲ ਕੇ ਨਵਾਂ ਹੋਰ ਪਾਉਣਾ ਪੈਂਦਾ ਹੈ, ਜਾਂ ਇਹ ਟੁੱਟ ਜਾਏ ਜਾਂ ਜਲ ਜਾਏ ਤਾਂ ਭੀ ਹੋਰ ਨਵਾਂ ਪਾਈਦਾ ਹੈ।

ਪ੍ਰ: ਤਦੋਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਕਿਹਾ ਕਿ ਪੰਡਿਤ ਜੀ! ਇਹ ਦਸੋ ਕੀ ਤੁਹਾਡੇ ਪਾਸ ਕੋਈ ਅਜਿਹਾ ਜਨੇਊ ਨਹੀਂ ਜੋ ਜੀਵਨ ਭਰ ਲਈ ਸਦਾ ਹੀ ਸਾਥੀ ਬਣਿਆ ਹਵੇ ?

ਉ: ਹੇ ਨਾਨਕ! ਅਜਿਹਾ ਜਨੇਊ ਤਾਂ ਅੱਜ ਤੱਕ ਕਿਸੇ ਦੇ ਵੇਖਣ ਵਿਚ ਨਹੀਂ ਆਇਆ ਅਤੇ ਨਾਹੀ ਕਿਸੇ ਨੇ ਤਿਆਰ ਹੀ ਕੀਤਾ ਹੈ ? ਪੰਡਿਤ ਜੀ ਵੇਖਿਆ ਤਾਂ ਜਾ ਸਕਦਾ ਹੈ ਪਰ ਜੇ ਕਿਸੇ ਕੋਲ ਅੱਖੀਆਂ ਹੋਣ ? ਹੇ ਨਾਨਕ! ਕੀ ਤੂੰ ਮਜ਼ਾਕ ਭਰੀਆਂ ਬੱਚਿਆਂ ਵਾਲੀਆਂ ਗੱਲਾਂ ਕਰਦਾ ਹੈਂ, ਕੀ ਤੂੰ ਮੇਰੀਆਂ ਪ੍ਰਤੱਖ ਅੱਖੀਆਂ ਵੇਖ ਨਹੀਂ ਰਿਹਾ ? ਤਾਂ ਆਪ ਜੀ ਨੇ ਕਿਹਾ ਕਿ ਪੰਡਿਤ ਜੀ! ਮੈਂ ਇਨ੍ਹਾਂ ਪ੍ਰਤੱਖ ਬਾਹਰਲੀਆਂ ਅੱਖਾਂ ਦਾ ਜ਼ਿਕਰ ਨਹੀਂ ਕਰਦਾ, ਕਿਉਂਕਿ ਇਹ ਅੱਖਾਂ ਤਾਂ ਬਾਹਰਲੇ ਇਸ ਸੂਤ ਦੇ ਜਨੇਊ ਨੂੰ ਹੀ ਤੱਕ ਸਕਦੀਆਂ ਹਨ, ਪਰ ਜੋ ਜਨੇਊ ਸੂਖਮ ਅਸਲੀ ਹੈ ਉਸਨੂੰ ਇਹ ਅਸਥੂਲ ਅੱਖੀਆਂ ਨਹੀਂ ਵੇਖ ਸਕਦੀਆਂ।

ਪੰਡਿਤ ਨੇ ਕਿਹਾ ਕਿ ਹੇ ਨਾਨਕ! ਜਿਸ ਦਾ ਤੂੰ ਜ਼ਿਕਰ ਕਰਦਾ ਆ ਰਿਹਾ ਹੈਂ ਕੀ ਉਹ ਜਨੇਊ ਜੋ ਤੇਰੇ ਪਾਸ ਹੈ ਤਾਂ ਸਾਨੂੰ ਭੀ ਵਿਖਾ ਤਾਂ ਕਿ ਸਾਨੂੰ ਭੀ ਯਕੀਨ ਹੋ ਜਾਏ ? ਤਾਂ ਹੁਣ ਆਪ ਜੀ ਜੋ ਜਨੇਊ ਜੀਵ ਦੇ ਸਦਾ ਲੋਕ ਪ੍ਰਲੋਕ ਵਿਚ ਸਹਾਇਕ ਹੋ ਸਕਦਾ ਹੈ, ਉਹ ਆਸਾ ਦੀ ਵਾਰ ਦੇ ੧੫ਵੇਂ ਸਲੋਕ ਵਿਚ ਅੰਕਿਤ ਕਰਦੇ ਹਨ:

ਸਲੋਕ ਮ: ੧ ॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

(ਪੰਨਾ ੪੭੧)

ਹੇ ਪੰਡਿਤ ਜੀ, ਅੰਤਰੀਵ ਸੱਚੇ ਜਨੇਊ ਦੀ ਇਹ ਸੱਚੀ ਸਮੱਗਰੀ ਹੈ, ਜਿਸ ਨਾਲ ਇਹ ਜਨੇਊ ਤਿਆਰ ਹੁੰਦਾ ਹੈ, ਅਰਥਾਤ, ਦਇਆ ਦੀ ਕਪਾਹ ਹੈ, ਸੰਤੋਖ ਦਾ ਸੂਤ ਜੱਤ ਦੀਆਂ ਜਿਸਨੂੰ ਗੰਢਾਂ ਦਿਤੀਆਂ ਜਾਂਦੀਆ ਹਨ ਅਤੇ ਸੱਤ ਪ੍ਰਤੱਗੀ ਹੋਣ ਰੂਪ ਵੱਟ ਦਿੱਤਾ ਜਾਂਦਾ ਹੈ। ਹੇ ਪੰਡਿਤ! ਇਹ ਸੱਚਾ ਜਨੇਊ ਜੀਵ ਦੇ ਅੰਤਰ ਆਤਮੇ ਪਹਿਨੀਦਾ ਹੈ, ਜੇ ਤੇਰੇ ਪਾਸ ਐਸਾ ਜਨੇਊ ਹੈ ਤਾਂ ਮੈਨੂੰ ਪਹਿਨਣ ਵਿਚ ਕੋਈ ਇਨਕਾਰ ਨਹੀਂ, ਪਰ ਬਾਹਰਲਾ ਤਾਗਿਆਂ ਦਾ ਬਣਿਆ ਜਨੇਊ ਮੈਨੂੰ ਕਬੂਲ ਨਹੀਂ। ਜੋ ਗੁਰਮਤ ਦਾ ਸੱਚਾ ਜਨੇਊ ਹੈ ਇਹ ਨਾ ਟੁੱਟਦਾ ਹੈ, ਨਾ ਇਸਨੂੰ ਮੈਲ ਲਗਦੀ ਹੈ ਨਾਹੀ ਇਹ ਜਲਦਾ ਹੈ, ਇਸ ਲਈ ਮੈਂ ਤਾਂ ਅਜਿਹੇ ਲੋਕਾਂ ਨੂੰ ਧੰਨ ਜਾਣਦਾ ਹਾਂ ਜੋ ਧਾਰਨ ਕਰਕੇ ਜੀਵਨ ਗੁਜ਼ਾਰਦੇ ਹਨ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਘਰ ਤੋਂ ਹੀ ਕੁਲਾ ਧਰਮ ਦਾ ਖੰਡਨ ਕਰਕੇ, ਜਦੋਂ ਆਪ ਜੀ ਨੇ ਸਾਰੇ ਸੰਸਾਰ ਵੱਲ ਨਜ਼ਰ ਮਾਰੀ ਤਾਂ ਆਪ ਜੀ ਨੇ ਕੀ ਤੱਕਿਆ ਕਿ ਇਹ ਸਾਰਾ ਸੰਸਾਰ ਹੀ ਰੋਗੀ ਹੈ:

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥

(ਪੰਨਾ ੬੮੭)

ਭਾਵ ਜਿਥੇ ਜਿਥੇ ਕੁਲਾ ਧਰਮ, ਵਹਿਮ, ਭਰਮ, ਪਖੰਡ ਦੇ ਰੋਗ ਵਿਚ ਗ੍ਰੱਸੇ ਹੋਏ ਰੋਗੀ ਤੱਕੇ ਉਨ੍ਹਾਂ ਨੂੰ ਨਾਮ ਦੀ ਦਵਾਈ ਦੇ ਕੇ ਅਰੋਗ ਕਰਨ ਲਈ ਘਰੋਂ ਖ਼ੁਦ ਹੀ ਚੱਲ ਪਏ, ਕਿਸੇ ਨੇ ਬੁਲਾਇਆ ਨਹੀਂ, ਹਰਿਦੁਆਰ ਦੇ ਪੰਡਿਤ ਲੋਕ ਜੋ ਸਦੀਆਂ ਤੋਂ ਕੁਲਾ ਧਰਮ ਦੇ ਬੰਧਨ ਵਿਚ ਬੱਧੇ ਹੋਏ ਸੂਰਜ ਨੂੰ ਪਾਣੀ ਦੇ ਰਹੇ ਸਨ, ਉਨ੍ਹਾਂ

ਦਾ ਵਹਿਮ ਦੂਰ ਕਰਨ ਲਈ ਆਪ ਜੀ ਉਥੇ ਜਾ ਪੁੱਜੇ। ਭਾਵ ਜਿਥੇ ਵੀ ਕੋਈ ਰੋਗੀ ਸੀ, ਉਸਨੇ ਆਪ ਜੀ ਨੂੰ ਬੁਲਾਇਆ ਨਹੀਂ, ਪਰ ਬਿਨਾਂ ਸੱਦਿਆਂ, ਬਗ਼ੈਰ ਫ਼ੀਸ ਤੋਂ ਘਰ ਘਰ ਪਹੁੰਚ ਕੇ ਇਲਾਜ ਕਰਨ ਵਾਲਾ ਇਹ ਗੁਰੂ ਨਾਨਕ ਪਹਿਲਾ ਹੀ ਵੈਦ ਆਇਆ ਹੈ, ਆਪ ਜੀ ਤੋਂ ਪਹਿਲੇ ਨਾ ਕੋਈ ਆਇਆ ਹੈ ਅਤੇ ਨਾਹੀ ਅੱਗੇ ਲਈ ਕਿਸੇ ਦੇ ਆਉਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਪ੍ਰ: ਕਿਉ ਭਾਈ ਸਾਹਿਬ ਜੀਉ ! ਸਾਨੂੰ ਤਾਂ ਇਤਨਾਂ ਵਧੇਰੇ ਬੋਧ ਨਹੀਂ ਹੈ ਕਿ ਇਹ ਕੁਲਾ ਧਰਮ ਲੋਕਾਂ ਵਿਚ ਕਿਤਨਾ ਕੁ ਵਧੇਰੇ ਛਾਇਆ ਹੋਇਆ ਹੈ, ਪਰ ਆਪ ਜੀ ਦੇ ਪੜ੍ਹਨ ਸੁਣਨ ਵਿਚ ਤਾਂ ਇਸਦੀ ਰੂਪ ਰੇਖਾ ਵਧੇਰੇ ਆਈ ਹੋਵੇਗੀ, ਕੀ ਇਸਦੀ ਸਾਨੂੰ ਭੀ ਸੋਝੀ ਦਿਓਗੇ ?

ਉ: ਹੇ ਸਜਨੋ ! ਇਹ ਕੁਲਾ ਧਰਮ ਸਦੀਆਂ ਤੋਂ ਚਲਿਆ ਆ ਰਿਹਾ ਹੈ, ਜਿਸ ਸੰਬੰਧੀ ਹਿੰਦੂ ਮੱਤ ਦੇ ਗ੍ਰੰਥਾਂ ਵਿਚ ਬਹੁਤ ਕੁਝ ਪੜ੍ਹਨ ਵਿਚ ਆਇਆ ਹੈ ਉਹ ਸਾਰਾ ਤਾਂ ਮੇਰੀ ਸਿਮ੍ਰਤੀ ਵਿਚ ਨਹੀਂ, ਪਰ ਹਾਂ ਜਿਤਨਾਂ ਭੀ ਮੇਰੀ ਚਿਤਵਨੀ ਵਿਚ ਹੈ, ਉਤਨਾਂ ਕੁ ਕਹਿਣ ਦਾ ਜਤਨ ਕਰਦਾ ਹਾਂ :

(੧) (ਹੇ ਭਾਈਓ ! ਇਹ ਅਸੀਂ ਆਮ ਹੀ ਵੇਖਦੇ ਹਾਂ ਕਿ) ਹਰ ਨਾਨਕੇ, ਦਾਦਕੇ ਤੇ ਸਹੁਰੇ ਘਰਾਂ ਵਿਚ ਪ੍ਰੋਹਿਤ ਤੇ ਲਾਗੀ ਹੁੰਦੇ ਹਨ।

(੨) (ਜਿਹੜੇ) ਜੰਮਣ, ਮੁੰਡਣ, ਕੁੜਮਾਈ ਤੇ ਮਰਨੇ ਪਰਨੇ ਸਮੇਂ, ਇਕ ਦੂਜੇ ਵੱਲ ਸੁਨੇਹੇ ਪੱਤਰ ਤੇ ਢੋਏ ਆਦਿ ਭੇਜਣ ਦੇ ਕੰਮ ਕਰਦੇ ਹਨ।

(੩) (ਇਸ ਤਰ੍ਹਾਂ ਸਭ ਲੋਕ) ਕੂੜੀਆਂ ਰੀਤਾਂ ਤੇ ਕੁਲਾ ਧਰਮ, ਚੱਜ ਆਚਾਰ ਆਦਿ ਦੇ ਵਿਖਾਵਿਆਂ ਦੇ ਭੁਲੇਖਿਆਂ ਵਿਚ ਭਰਮੇ ਤੇ ਭੁੱਲੇ ਰਹਿੰਦੇ ਹਨ।

(੪) ਜਨੇਊ ਤੇ ਹੋਰ ਸੂਤਕ ਪਾਤਕਾਂ ਦੇ ਉਤਸਵ ਸਮੇਂ ਹੇਠਾਂ ਗਲੀਚੇ ਤੇ ਹੋਰ ਸੁੰਦਰ ਕਪੜੇ ਵਿਛੌਂਦੇ ਤੇ ਉਪਰ ਚੰਦੋਏ ਆਦਿ ਤਾਣਦੇ ਹਨ।

(੫) ਜੋਧਿਆਂ ਤੇ ਆਪਣੇ ਵਡਕਿਆਂ ਨੂੰ ਮੰਨਦੇ (ਭਾਵ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰਦੇ) ਹਨ, ਸਤੀਆਂ ਤੇ ਸੌਂਕਣਾਂ ਦਾ ਧਰਮ ਭੀ ਮੰਨਦੇ ਹਨ, ਛੱਪੜਾਂ ਤੇ ਟੋਭਿਆਂ ਦੀ ਵੀ ਪੂਜਾ ਕਰਦੇ (ਭਾਵ ਮੰਨਤਾਂ ਮੰਨਦੇ) ਹਨ।

(੬) (ਪਰ ਇਹ ਸਭ ਕੁਝ ਕਰਦੇ ਹੋਏ ਉਹ) ਸਾਧ ਸੰਗਤਿ ਅਤੇ ਗੁਰੂ ਸ਼ਬਦ ਦੀ ਸੋਝੀ ਬਿਨਾਂ ਮਰ ਮਰ ਕੇ ਜੰਮਦੇ ਤੇ ਫਿਰ ਮਰਦੇ, ਵਾਹਿਗੁਰੂ ਦੀ ਯਾਦ ਤੋਂ ਬਿਨਾ ਭੁੱਲੇ ਹੋਏ ਲੋਕ (ਬੱਸ ਇਸੇ ਜੰਮਣ ਮਰਨ ਦੇ ਚੱਕਰ ਵਿਚ ਪਏ ਹੋਏ) ਹਨ।

(੭) ਪਰ ਗੁਰਮੁਖ (ਗੁਰੂ ਤੋਂ ਵਰੋਸਾਏ ਸਤ ਪੁਰਸ਼) ਹੀਰੇ ਹਨ, ਤੇ ਉਨ੍ਹਾਂ ਨੂੰ ਹੀਰਿਆਂ ਦੇ ਹਾਰ ਵਿਚ ਪਰੋਏ ਜਾਣੋ।੧੦।

*ਭਾਵਾਰਥ :* ਗੁਰਮੁਖ ਕੇਵਲ ਇਕੋ ਹੀ ਅਕਾਲ ਪੁਰਖ ਦੇ ਹੁਕਮ ਵਿਚ ਪਰੋਏ ਹੋਏ ਹਨ, ਉਹ ਬਾਹਰਲੇ ਬਾਹਲੇ ਕੁਲਾ ਧਰਮਾਂ ਦੇ ਭਰਮਾਂ ਵਿਚ ਨਹੀਂ ਭਰਮਦੇ, ਕਿਉਂਕਿ ਉਨ੍ਹਾਂ ਦਾ ਭੈੜੇ ਆਚਾਰਾਂ ਵਿਚ ਵਿਸ਼ਵਾਸ ਹੀ ਨਹੀਂ, ਭਾਵ ਗੁਰਮੁਖ ਲੋਕ ਸਦੀਆਂ ਤੋਂ ਚਲੇ ਆ ਰਹੇ ਕੁਲਾ ਧਰਮ ਦੀ ਪ੍ਰਵਾਹ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਸੋਝੀ ਹੈ ਕਿ ਇਹ ਸਾਰੇ ਭਰਮ ਭੁਲੇਖੇ ਅਤੇ ਵਹਿਮ ਅਵਿੱਦਕ ਲੋਕਾਂ ਵਿਚ ਉਨ੍ਹਾਂ ਚਤਰ ਬ੍ਰਾਹਮਣਾਂ ਨੇ ਪ੍ਰਚਲਤ ਕੀਤੇ ਹੋਏ ਹਨ, ਜਿਨ੍ਹਾਂ ਨੇ ਆਪਣੀ ਉਪਜੀਵਕਾ ਨੂੰ ਸੁਖਾਲੀ ਚਲਦੇ ਰਹਿਣ ਦਾ ਇਹ ਇਕ ਸਾਧਨ ਬਣਾ ਰੱਖਿਆ ਸੀ।

## ੧੧. ਸ਼ਾਹਜ਼ਾਦੇ ਤੇ ਰਾਜ-ਕੁਮਾਰਾਂ ਦੇ ਸੁਖ

੧. ਲਸ਼ਕਰ ਅੰਦਰ ਲਾਡਲੇ
ਪਾਤਿਸ਼ਾਹਾਂ ਜਾਏ ਸ਼ਾਹਜ਼ਾਦੇ।
੨. ਪਾਤਿਸ਼ਾਹ ਅੱਗੇ ਚੜਨ
ਪਿਛੇ ਸਭ ਉਮਰਾਉ ਪਿਆਦੇ।
੩. ਬਣ ਬਣ ਆਵਨ ਤਾਇਫੇ
ਓਇ ਸ਼ਾਹਜ਼ਾਦੇ ਸਾਦ ਮੁਰਾਦੇ।
੪. ਖਿਜਮਤਗਾਰ ਵਡੀਰੀਅਨ
ਦਰਗਹਿ ਹੋਵਨ ਖੁਆਰ ਕੁਵਾਦੇ।
੫. ਅਗੇ ਢੋਈ ਸੇ ਲਹਨਿ
ਸੇਵਾ ਅੰਦਰ ਕਰੇ ਕੁਸ਼ਾਦੇ।
੬. ਪਾਤਿਸ਼ਾਹਾਂ ਪਾਤਿਸ਼ਾਹੁ ਸੋ
ਗੁਰਮੁਖ ਵਰਤੇ ਗੁਰ ਪਰਸਾਦੇ।
੭. ਸ਼ਾਹ ਸੁਹੇਲੇ ਆਦਿ ਜੁਗਾਦੇ ॥੧੧॥

*ਪਦ ਅਰਥ :* ਲਾਡਲੇ—ਪਿਆਰੇ, ਲਾਡਾ ਨਾਲ ਪਲੇ।

ਤਾਇਫੇ—ਵੇਸਵਾਵਾ ਦੇ ਟੋਲੇ। ਸਾਦ ਮੁਰਾਦੇ—ਸਿੱਧੇ ਸਾਦੇ। ਦਰਗਹਿ—ਪ੍ਰਭੂ ਦੀ ਕਚਹਿਰੀ। ਕੁਵਾਦੇ—ਗੁਨਾਹਗਾਰਾਂ ਵਰਗੇ ਜਵਾਬ ਦੇਹ। ਢੋਈ—ਆਸਰਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਹ ਠੀਕ ਹੈ ਕਿ ਸਾਨੂੰ ਇਤਨਾਂ ਵਧੇਰੇ ਬੋਧ ਤਾਂ ਨਹੀਂ ਪਰ ਤਾਂਹੇਮ ਭੀ ਆਪ ਜੀ ਦੇ ਗਿਆਨ ਭੰਡਾਰ ਵਿਚੋਂ ਹਮੇਸ਼ਾ ਨਵੀਨ ਵੀਚਾਰਾਂ ਸੁਣਦੇ ਰਹਿਣ ਦਾ ਸੁਭਾਗ ਹਾਸਲ ਹੁੰਦਾ ਰਹਿੰਦਾ ਹੈ। ਕਈ ਵਾਰ ਸਾਡੇ ਕਮਜੋਰ ਮਨਾਂ ਵਿਚ ਅਜਿਹੇ ਕਮਜ਼ੋਰ ਖ਼ਿਆਲ ਵੀ ਜਨਮ ਲੈਂਦੇ ਹਨ, ਜਿਨ੍ਹਾਂ ਦੇ ਹੱਲ ਕਰਨ ਦੀ ਸਮੱਰਥਾ ਸਾਡੇ ਅੰਦਰ ਨਹੀ ਹੁੰਦੀ, ਇਸ ਲਈ ਅਸੀਂ ਆਪ ਜੀ ਤੋਂ ਨਿਰਣਾ ਕਰਵਾਉਣ ਦਾ ਜਤਨ ਕਰਿਆ ਕਰਦੇ ਹਾਂ ਤੇ ਆਪ ਜੀ ਸਾਡੇ ਸੰਸਿਆਂ ਦੀ ਨਵਿਰਤੀ ਕਰਨ ਲਈ ਸਾਨੂੰ ਜਥਾ ਜੋਗ ਸਮਾਧਾਨ ਭੀ ਦੇਂਦੇ ਆ ਰਹੇ ਹੋ, ਪਰ ਅੱਜ ਭੀ ਇਕ ਨਵੀਨ ਖ਼ਿਆਲ ਆਪ ਜੀ ਦੀ ਦ੍ਰਿਸ਼ਟੀ ਗੋਚਰ ਕਰਵਾ ਰਹੇ ਹਾਂ।

ਭਾਈ ਸਾਹਿਬ ਜੀ! ਵੇਖੋ ਸਾਡੇ ਸਾਹਮਣੇ ਦੋ ਮਨੁੱਖ ਹਨ, ਇਕ ਤਾਂ ਉਹ ਹੈ ਜੋ ਚੱਕਰਵਰਤੀ ਰਾਜਾ ਸਿੰਘਾਸਣ (ਰਾਜ ਤਖ਼ਤ) ਪਰ ਬੈਠਾ ਲੋਕਾਂ 'ਤੇ ਹੁਕਮ ਚਲਾ ਰਿਹਾ ਹੈ, ਲੱਖਾਂ ਲਸ਼ਕਰ ਤੇ ਉਮਰਾਉ ਜਿਸਦੇ ਅਧੀਨ ਹਨ, ਉਸਦੀ ਆਗਿਆ ਦਾ ਉਲੰਘਣ ਨਹੀ ਕਰ ਸਕਦੇ, ਅਤੇ ਉਸਦੀ ਸਰੀਰਕ ਸੁੰਦਰਤਾ ਦਾ ਭੀ ਲੋਕਾਂ ਦੇ ਮਨਾਂ ਵਿਚ ਬੜਾ ਪ੍ਰਭਾਵ ਹੈ।

ਦੂਜੇ ਪਾਸੇ ਇਕ ਉਹ ਗ਼ਰੀਬ ਹੈ ਜੋ ਕਿਸੇ ਟੁੱਟੀ ਹੋਈ ਛੱਪਰੀ ਵਿਚ ਰਹਿੰਦਾ, ਤੇ ਸਰੀਰ ਪਰ ਭੀ ਫੱਟਿਆ ਪੁਰਾਣਾ ਮੈਲਾ ਕੁਚੈਲਾ ਲਿਬਾਸ ਹੈ ਅਤੇ ਰੁੱਖੀ ਸੁੱਕੀ ਰੋਟੀ ਖਾ ਕੇ ਸਮਾਂ ਗੁਜ਼ਾਰਦਾ ਹੈ, ਕਿਉਂ ਜੀ! ਦੱਸਣ ਦੀ ਖੇਚਲ ਕਰੋਗੇ ਕਿ ਕੀ ਰੱਬੀ ਦਰਬਾਰ ਵਿਚ ਗਿਆਂ ਭੀ ਇਨ੍ਹਾਂ ਦੀ ਰੂਪ ਰੇਖਾ ਅਜਿਹੀ ਹੀ ਹੋਵੇਗੀ, ਤੁਸਾਂ ਦੇ ਇਸ ਸੰਬੰਧੀ ਕੀ ਵੀਚਾਰ ਹਨ?

ਉ: ਹੇ ਸਜਨੋ! ਸੱਚ ਤਾਂ ਇਹ ਹੈ ਕਿ ਇਸ ਬਾਰੇ ਮੇਰੇ ਆਪਣੇ ਵੀਚਾਰ ਤਾਂ ਕੋਈ ਨਹੀਂ, ਪਰ ਹਾਂ, ਜੋ ਮੈਨੂੰ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਉਨ੍ਹਾਂ ਦੇ ਅਗੰਮੀ ਤੇ ਅਮੋਘ ਬਚਨ ਕੇਵਲ ਸੁਣਨ ਦਾ ਹੀ ਸਮਾਂ ਨਹੀਂ ਮਿਲਿਆ, ਸਗੋਂ ਉਨ੍ਹਾਂ ਨੂੰ ਸੁਣ ਕੇ ਅੰਕਿਤ ਕਰਨ ਦਾ ਭੀ ਸੁਭਾਵ ਹਾਸਲ ਹੋਇਆ ਹੈ, ਉਨ੍ਹਾਂ ਦਾ ਸੰਗ੍ਰਹਿ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਵਿਦਮਾਨ ਹੈ। ਉਹ ਸਾਰੇ ਵੀਚਾਰ ਤਾਂ ਮੇਰੀ ਚਿਤਵਨੀ ਵਿਚ ਨਹੀਂ, ਪਰ ਹਾਂ, ਜਿਤਨੀ ਕੁ ਸਿਮ੍ਰਤੀ ਮੈਨੂੰ ਰਹਿ ਸੱਕੀ ਹੈ ਉਸਦੇ ਆਧਾਰਿਤ ਹੋ ਮੈਂ ਚੰਦ ਵੀਚਾਰਾਂ ਆਪ ਦੇ ਸਮਰਪਨ ਕਰਨ ਦਾ ਇਕ ਨਿਮਾਣਾ ਜਿਹਾ ਉਪਰਾਲਾ ਕਰਦਾ ਹਾਂ।

ਸ੍ਰੀ ਮਾਨ ਜੀਉ! ਜਦੋਂ ਅਸੀਂ ਗੁਰਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਉਨ੍ਹਾਂ ਲੋਕਾਂ ਨੂੰ ਮਹਾਨਤਾ ਨਹੀਂ ਦੇਂਦੇ ਜੋ ਇਸ ਲੋਕ ਵਿਚ ਰਾਜ ਭਾਗ ਤਖ਼ਤ ਤਾਜ ਦੇ ਮਾਲਕ ਹਨ, ਜੇ ਉਨ੍ਹਾਂ ਦੀ ਆਤਮਾ ਨਾਮ ਚਿੰਤਨ ਤੋਂ ਸੱਖਣੀ ਹੈ ਤਾਂ ਉਨ੍ਹਾਂ ਬਾਰੇ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥
ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ ॥
ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ ॥੧॥
*(ਪੰਨਾ ੩੫੮)*

ਭਾਵ ਜੇ ਏਨਾ ਕੁਝ ਭੀ ਹੈ ਤਾਂ ਭੀ ਨਿਸਫਲ ਜਾਣੋ, ਇਸ ਤੋਂ ਅੱਗੇ ਜੇ ਉਸਦੇ ਸਰੀਰ ਵਿਚ ਭੀ ਪੰਜ ਵਿਸ਼ੇਸ਼ਤਾ ਹਨ। ਭਾਵ ਸਰੀਰ ਕਰਕੇ ਸੁੰਦਰ ਹੈ, ਉੱਚੀ ਕੁਲ ਵਿਚ ਜਨਮ ਹੈ, ਚਤਰ ਭੀ ਹੈ, ਮੁੱਖ ਤੋਂ ਗਿਆਨ ਕਥਨ ਕਰਨ ਦੀ ਭੀ ਯੋਗਤਾ ਰੱਖਦਾ ਹੈ ਅਤੇ ਧਨਵਾਨ ਭੀ ਹੈ, ਇਹ ਪੰਜੇ ਵਿਸ਼ੇਸ਼ਤਾ ਇਕ ਮਨੁੱਖ ਵਿਚ ਹੋਣੀਆਂ ਅਸੰਭਵ ਹਨ, ਪਰ ਜੇ ਕਿਸੇ ਨੂੰ ਇਹ ਪੰਜੇ ਹਾਸਲ ਹੋਣ ਤਾਂ ਭੀ ਗੁਰੂ ਗ੍ਰੰਥ ਸਾਹਿਬ ਜੀ ਉਸ ਮਨੁੱਖ ਨੂੰ ਇਕ ਚਲਦੀ ਫਿਰਦੀ ਮਿਰਤਕ ਲਾਸ਼ ਹੀ ਕਹਿੰਦੇ ਹਨ, ਜੇ ਉਸਦੇ ਅੰਤਰ ਆਤਮੇ ਉਸ ਪਰਮੇਸ਼ਰ ਦੀ ਪ੍ਰੀਤ ਭਾਵਨਾ ਨਹੀਂ ਹੈ।

ਅਤਿ ਸੁੰਦਰ ਕੁਲੀਨ ਚਤੁਰ
ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ
ਜਿਹ ਪ੍ਰੀਤਿ ਨਹੀ ਭਗਵੰਤ ॥੧॥ *(ਪੰਨਾ ੨੫੩)*

ਇਸ ਤੋਂ ਅੱਗੇ ਇਕ ਹੋਰ ਭੀ ਦੋਸ਼ ਅਰੋਪਨ ਕਰਦੇ ਹਨ ਕਿ :

ਬਿਖੈ ਰਾਜ ਤੇ ਅੰਧੁਲਾ ਭਾਰੀ ॥
ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥ *(ਪੰਨਾ ੧੯੬)*

ਭਾਵ, ਕਿਸੇ ਵਿਸ਼ਿਆਂ ਵਿਚ ਗਲਤਾਨ ਚੱਕਰਵਰਤੀ ਰਾਜੇ ਨਾਲੋਂ ਤਾਂ ਇਕ ਨੇਤ੍ਰ ਹੀਣ ਅੰਨ੍ਹਾਂ ਭੀ ਚੰਗਾ ਭਾਰੇ ਗੁਣਾਂ ਵਾਲਾ ਹੈ ਜੋ ਕਦੀ ਕਦਾਈਂ ਠੋਕਰ ਖਾ ਕੇ ਗਿਰਨ ਸਮੇਂ ਰੱਬ ਦਾ ਨਾਮ ਉਚਾਰਨ ਕਰ ਲੈਂਦਾ ਹੈ।

ਅੱਗੇ ਹੋਰ ਭੀ ਇਕ ਅਤਿ ਨੀਵਾਂ ਘਿਰਣਾ ਭਰਿਆ ਦੋਸ਼ ਦਰਸਾ ਰਹੇ ਹਨ ਕਿ:

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥

(ਪੰਨਾ ੭੦੭)

ਭਾਵ, ਨਾਮ ਸਿਮਰਨ ਤੋਂ ਸੱਖਣਾ ਮਨੁੱਖ ਭਾਵੇਂ ਕਿਤਨਾ ਭੀ ਮਾਇਕੀ ਪਦਾਰਥਾਂ ਦੇ ਭੰਡਾਰਿਆਂ ਦਾ ਮਾਲਕ ਹੋ, ਪਰ ਗੁਰੂ ਗ੍ਰੰਥ ਸਾਹਿਬ ਜੀ ਉਸਨੂੰ ਕਿਸੇ ਵਿਸ਼ਟਾ ਦੇ ਕੀੜੇ ਦੀ ਹੀ ਤੁਲਨਾ ਦੇਂਦੇ ਹਨ, ਬੱਸ ਇਸਤੋਂ ਵੱਧ ਨਹੀਂ।

ਪਰ, ਦੂਜੇ ਪਾਸੇ ਜੋ ਮਨ ਕਰਕੇ ਹਰੀ ਦੇ ਨਾਮ ਸਿਮਰਨ ਵਿਚ ਭਿਜਿਆ ਹੋਇਆ ਹੈ, ਉਸਨੂੰ ਸਾਰੀ ਸ੍ਰਿਸਟੀ ਦੇ ਰਾਜੇ ਨਾਲੋਂ ਭੀ ਮਹਾਨ ਪਦਵੀ ਦੇਂਦੇ ਹਨ, ਜਿਵੇਂ ਕਿ:

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥...
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥

(ਪੰਨਾ ੭੦੭)

ਭਾਵ, ਉਹ ਭਾਵੇਂ ਕਿਸੇ ਟੁੱਟੀ ਹੋਈ ਛੱਪਰੀ ਵਿਚ ਰਹਿੰਦਾ, ਫਟੇ ਪੁਰਾਣੇ ਬਸਤ੍ਰ ਪਹਿਣ ਕੇ ਜੀਵਨ ਨਿਰਬਾਹ ਕਰਦਾ ਹੈ, ਉਸਨੂੰ ਰੱਬੀ ਦਰਬਾਰ ਵਿਚ ਸਤਿਕਾਰ ਮਿਲੇਗਾ। ਕਿਉਂਕਿ ਜਿੰਨਾ ਮਾਇਆਧਾਰੀ ਤਖ਼ਤ ਤਾਜ ਦੇ ਮਾਲਕਾਂ ਦੇ ਸਰੀਰਾਂ ਨੂੰ ਇਸ ਲੋਕ ਵਿਚ ਸਨਮਾਨਿਆਂ ਜਾਂਦਾ ਹੈ ਇਹ ਸਰੀਰ ਮਿੱਟੀ ਦੇ ਪੁਤਲੇ ਤਾਂ ਅੱਗੇ ਜਾਣੇ ਹੀ ਨਹੀਂ, ਇਥੇ ਹੀ ਮਿੱਟੀ ਵਿਚ ਮਿੱਟੀ ਹੋ ਜਾਣਗੇ, ਇਸੇ ਲਈ ਹੁਕਮ ਹੈ ਕਿ (ਅਗੈ ਜੀਉ ਨਵੇਂ) ਭਾਵ ਜੋ ਗੁਰਮੁਖਾਂ ਦੀਆਂ ਆਤਮਾਵਾਂ ਰੱਬੀ ਯਾਦ ਵਿਚ ਜੁੜੀਆਂ ਰਹਿਣ ਵਾਲੀਆਂ ਹਨ, ਉਨ੍ਹਾਂ ਨੂੰ ਹੀ:

ਰੇ ਰੇ ਦਰਗਹ ਕਹੈ ਨ ਕੋਊ॥
ਆਉ ਬੈਠੁ ਆਦਰੁ ਸੁਭ ਦੇਊ॥ (ਪੰਨਾ ੨੫੨)

ਭਾਵ, ਉਨ੍ਹਾ ਨੂੰ ਤ੍ਰਿਸਕਾਰ ਦੀਆਂ ਨਜ਼ਰਾਂ ਨਾਲ ਨਹੀ ਤੱਕਿਆ ਜਾਵੇਗਾ, ਸਗੋਂ ਸਨਮਾਨਿਆਂ ਜਾਵੇਗਾ, ਕਿ ਆਉ ਮਹਾਰਾਜ, ਬੈਠੋ ਸਤਿਕਾਰ ਯੋਗ ਜੀਓ! ਇਸ ਤੋਂ ਅੱਗੇ ਭੀ:

ਨਾਨਕ ਧਰਮ ਐਸੇ ਚਵਹਿ ਕੀਤੁ ਭਵਨੁ ਪੁਨੀਤ ॥੧੦॥

(ਪੰਨਾ ੧੪੨੫)

ਭਾਵ, ਧਰਮਰਾਜ ਭੀ ਨਿੰਮ੍ਰਤਾ ਸਹਿਤ ਜੋਦੜੀ ਕਰਦਾ ਹੈ ਕਿ ਤੁਸਾਂ ਬੜੀ ਮੇਹਰ ਕੀਤੀ ਹੈ, ਇਥੇ ਆ ਕੇ ਤੁਸਾਂ ਮੇਰੇ ਭਵਨ ਨੂੰ ਪਵਿੱਤ੍ਰ ਕਰ ਦਿੱਤਾ ਹੈ।

ਇਸ ਲਈ ਸਜਨੋ! ਜਦੋਂ ਮੈਂ ਸੰਸਾਰ ਵਿਚ ਤੱਕਦਾ ਹਾਂ ਤਾਂ ਮੈਨੂੰ ਭੀ ਅਜਿਹਾ ਕੁਝ ਹੀ ਦ੍ਰਿਸ਼ਟੀ ਗੋਚਰ ਹੁੰਦਾ ਹੈ ਕਿ:

(੧) (ਹੇ ਭਾਈ! ਮੈਂ ਵੀ ਵੇਖਦਾ ਹਾਂ ਕਿ) ਫ਼ੌਜਾਂ ਵਿਚ (ਚੜ੍ਹਾਈ ਸਮੇਂ) ਬਾਦਸ਼ਾਹਾਂ ਦੇ ਲਾੜਾਂ ਨਾਲ ਜੰਮੇ ਪਲੇ ਕੰਵਰ (ਸ਼ਾਹਜ਼ਾਦੇ ਭੀ) ਹੁੰਦੇ ਹਨ।

(੨) (ਵੇਖਣ ਵਿਚ ਆਇਆ ਹੈ ਕਿ) ਬਾਦਸ਼ਾਹ ਅੱਗੇ ਚੜ੍ਹਦੇ ਤੇ ਪਿਛੇ ਪਿਛੇ ਲਗ ਸਭ ਉਮਰਾਉ (ਫ਼ੌਜਦਾਰ, ਅਮੀਰ) ਤੇ ਪਿਆਦੇ ਚੜ੍ਹਦੇ ਹਨ।

(੩) ਇਹ ਚੜ੍ਹੇ ਹੋਏ ਮਨੁੱਖ ਨੂੰ ਅਗੋਂ ਵੇਸਵਾਵਾਂ ਦੇ ਟੋਲੇ (ਵਿਕਾਰ ਰੂਪ ਧਾਰ) ਤੋਹਫੇ ਮਿਲਦੇ ਹਨ (ਪਰ ਅਸਲ) ਸ਼ਾਹਜ਼ਾਦੇ ਉਹੀ ਹਨ, ਜੋ ਇਨ੍ਹਾਂ ਵਿਸ਼ੇ ਵਿਕਾਰਾਂ ਦੇ ਤਾਇਫਿਆਂ ਤੋਂ ਬਚ ਜਾਂਦੇ ਹਨ, ਤੇ ਸਾਦ ਮੁਰਾਦੇ ਰਹਿੰਦੇ ਹਨ।

(੪) ਖਿਦਮਤਗਾਰ (ਭਾਵ ਪ੍ਰਭੂ ਤੇ ਸਤਿਗੁਰੂ ਦਾ ਭੈ ਮੰਨਣ ਵਾਲੇ) ਤਾ ਸਤਿਕਾਰੇ ਤੇ ਵਡਿਆਏ ਜਾਂਦੇ ਹਨ, ਪਰ ਕਵਾਦੇ (ਪ੍ਰਭੂ ਤੇ ਸਤਿਗੁਰੂ ਦੀ ਪ੍ਰਵਾਹ ਨ ਕਰਨ ਵਾਲੇ) ਉੱਤਰ ਦੇਹ ਹੋਣਗੇ (ਉਨ੍ਹਾਂ ਨੂੰ ਹੀ ਦਰਗਾਹ ਵਿਚ ਜਮ ਖੁਆਰ ਕਰੇਗਾ)।

(੫) (ਹੇ ਭਾਈਓ! ਯਕੀਨ ਕਰੋ ਕਿ) ਅੱਗੇ ਤਾਂ ਢੋਈ (ਵਸੇਬਾ) ਉਨ੍ਹਾਂ ਨੂੰ ਹੀ ਮਿਲੇਗਾ, ਜੋ (ਗੁਰੂ ਪ੍ਰਭੂ ਦੀ) ਸੇਵਾ (ਸਿਮਰਨ) ਵਿਚ ਹਿਤ ਨਾਲ ਚਿੱਤ ਲਾਉਣਗੇ (ਭਾਵ ਚੰਗੀ ਕਾਰ ਕਮਾਉਣਗੇ।

(੬) (ਹੇ ਭਾਈ !) ਜੋ ਗੁਰਮੁਖ ਗੁਰੂ ਦੀ ਕ੍ਰਿਪਾ (ਭਾਵ ਭਾਣੇ ਵਿਚ ਰਹਿਣਗੇ ਉਹੋ ਹੀ ਅਸਲ ਵਿਚ ਪਾਤਿਸ਼ਾਹਾਂ ਦੇ ਪਾਤਿਸ਼ਾਹ ਹਨ।

(੭) ਉਹ ਸਦਾ ਹੀ ਆਦਿ (ਮੁੱਢੋਂ) ਹਰ ਜੁਗ ਵਿਚ ਸ਼ਾਹ ਤੇ ਸੁਹੇਲੇ (ਸੁਖੀ) ਰਹਿੰਦੇ ਹਨ।੧੧।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਇਹੋ ਸਿਧਾਂਤ ਅੰਕਿਤ ਕਰਦੇ ਹਨ ਕਿ ਇਸ ਲੋਕ ਵਿਚ ਤਾਂ ਭਾਵੇਂ ਕਈ ਕੂੜ ਕੁਸੱਤ ਬੋਲ ਕੇ ਸਰਮਾਇਆਦਾਰ ਹੋ ਜਾਂਦੇ ਹਨ, ਉਹ ਖ਼ੁਦਗਰਜ਼ ਲੋਕ ਖ਼ੁਦਗਰਜ਼ਾਂ ਤੋਂ ਆਪਣੀ ਚਾਰ ਦਿਨਾ ਲਈ ਮਾਨ ਵਡਿਆਈ ਭੀ ਹਾਸਲ ਕਰ ਲੈਂਦੇ ਹਨ, ਪਰ

ਰੱਬੀ ਦਰਬਾਰ ਵਿਚ ਗਇਆਂ ਤਾਂ :

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥

*(ਪੰਨਾ ੪੬੩)*

ਜਾਂ ਇਉਂ ਭੀ ਫ਼ੁਰਮਾਨ ਆਇਆ ਹੈ ਕਿ :

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥

*(ਪੰਨਾ ੯੫੩)*

ਇਸ ਲਈ ਹੇ ਭਾਈਓ ! ਗ਼ਲਤ ਘਾੜਤਾਂ ਘੜਨ ਵਾਲੇ ਮਨ ਦੇ ਪਿਛੇ ਟੁਰਨਾਂ ਛੱਡ ਕੇ ਸਾਨੂੰ ਗੁਰੂ ਦੀ ਆਗਿਆ ਦਾ ਹੀ ਸਦਾ ਪਾਲਨ ਕਰਦੇ ਰਹਿਣਾ ਯੋਗ ਹੈ।

## ੧੨. ਸਾਧ ਸੰਗਤਿ ਦੀ ਅਧਿਕਤਾ

**੧. ਤਾਰੇ ਲੱਖ ਹਨੇਰ ਵਿੱਚ**
**ਚੜ੍ਹਿਐ ਸੁਝਿ ਨ ਸੁਝੈ ਕੋਈ।**
**੨. ਸ਼ੀਂਹ ਬੁੱਕੇ ਮਿਰਗਾਵਲੀ**
**ਭੰਨੀ ਜਾਇ ਨ ਆਇ ਖੜੋਈ।**
**੩. ਬਿਸੀਅਰ ਗਰੜੈ ਡਿੱਠਿਆਂ**
**ਖੁੱਡੀਂ ਵੜਦੇ ਲੱਖ ਪਲੋਈ।**
**੪. ਪੰਖੇਰੂ ਸ਼ਾਹਬਾਜ਼ ਦੇਖ**
**ਢੁੱਕ ਨ ਹੰਘਨ ਮਿਲੈ ਨ ਢੋਈ।**
**੫. ਚਾਰ ਵੀਚਾਰ ਸੰਸਾਰ ਵਿਚ**
**ਸਾਧਸੰਗ ਮਿਲ ਦੁਰਮਤਿ ਖੋਈ।**
**੬. ਸਤਿਗੁਰ ਸੱਚਾ ਪਾਤਿਸ਼ਾਹ**
**ਦੁਬਿਧਾ ਮਾਰ ਮਿਵਾਸਾ ਗੋਈ।**
**੭. ਗੁਰਮੁਖ ਜਾਤਾ ਜਾਣ ਜਣੋਈ ॥੧੨॥**

***ਪਦ ਅਰਥ :*** ਸੁਝਿ—ਸੂਰਜ। ਸੁਝੈ—ਦਿੱਸਦਾ। ਬਿਸੀਅਰ—ਸੱਪ। ਪਲੋਈ—ਨੱਸਦਾ ਹੈ। ਮਿਵਾਸਾ—ਆਕੀ, ਭਾਵ ਕਾਮ ਕ੍ਰੋਧ ਆਦਿ। ਗੋਈ—ਲੁਕਦੇ ਹਨ, ਭੱਜਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਥੇ ਅਸੀ ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਜਪੀ ਤਪੀਆਂ ਦੇ ਜੀਵਨ ਪੜ੍ਹਦੇ ਸੁਣਦੇ ਆ ਰਹੇ ਹਾਂ ਕਿ ਉਨ੍ਹਾਂ ਲੋਕਾਂ ਨੇ ਹਜ਼ਾਰਾਂ ਵਰ੍ਹੇ ਤਪੱਸਿਆ ਕੀਤੀ, ਪਰ ਤਾਂ ਭੀ ਉਨ੍ਹਾਂ ਦੇ ਅੰਦਰੋਂ ਦ੍ਵੈਤ-ਭਾਵ, ਈਰਖਾ, ਬਖ਼ੀਲੀ, ਸਾੜਾ, ਜਲਨ ਦੂਰ ਨਹੀਂ ਹੋ ਸੱਕੀ ? ਉਥੇ ਅਜੋਕੇ ਜੁਗ ਦੇ ਆਪਣੇ ਆਪ ਨੂੰ ਪੂਰਨ ਸੰਤ, ਮਹਾਂਪੁਰਸ਼ ਕਹਾਉਣ ਵਾਲੇ ਵੱਡੇ ਵੱਡੇ ਡੇਰੇਦਾਰ ਭੀ ਦੁਰਮਤਿ ਦੀ ਪਰਜੁਲਤ ਅਗਨੀ ਵਿਚ ਸੜਨ ਵਲੋਂ ਸੱਖਣੇ ਨਹੀਂ ਵੇਖੀਦੇ। ਇਹ ਠੀਕ ਹੈ ਕਿ ਉਹ ਦੂਰੋਂ ਵੇਖਣ ਵਿਚ ਤੇ ਗਿਆਨ ਦੀਆਂ ਗੱਲਾਂ ਸੁਣਾਉਣ ਵਿਚ ਬੜੇ ਚਾਤਰ ਹਨ ਅਤੇ ਆਪਣੀ ਨਿਰਮਾਣਤਾ ਜਣਾਉਣ ਵਿਚ ਭੀ ਬੜੇ ਨਿਪੁੰਨ ਹਨ, ਪਰ ਜਦੋਂ ਨੇੜੇ ਹੋ ਕੇ ਉਨ੍ਹਾਂ ਦੀ ਸੰਗਤ ਕਰਨ ਦਾ ਕਦੀ ਮੌਕਾ ਮਿਲੇ ਤਾਂ ਉਹ ਆਪਣੀ ਕਹਿਣੀ ਕਥਨੀ ਤੋਂ ਬਿਲਕੁਲ ਉਲਟ ਵੇਖਣ ਵਿਚ ਆਉਂਦੇ ਹਨ, ਜਾਂ ਇਉਂ ਭੀ ਕਹਿਣਾ ਠੀਕ ਹੀ ਹੋਵੇਗਾ ਕਿ ਜਿਸ ਪੱਧਰ ਤੇ ਗ੍ਰਿਹਸਤੀ ਲੋਕ ਜੀਵਨ ਗੁਜ਼ਾਰਦੇ ਹਨ ਉਹ ਉਨ੍ਹਾਂ ਤੋਂ ਭੀ ਨੀਵੇਂ ਪੱਧਰ ਦੇ ਲੋਕ ਹਨ। ਕਿਉਂ ਜੀ ! ਦਸੋਗੇ ਕਿ ਐਸਾ ਕਿਉਂ ਹੈ ?

ਉ: ਹੇ ਸਜਨੋ ! ਜਦੋਂ ਤੁਹਾਡੇ ਇਸ ਪ੍ਰਸ਼ਨ ਦੇ ਸੰਬੰਧ ਵਿਚ ਗੁਰਬਾਣੀ ਦੀ ਪੜਚੋਲ ਕਰੀਏ ਤਾਂ ਇਹੋ ਜਾਣਕਾਰੀ ਮਿਲੇਗੀ ਕਿ ਇਨ੍ਹਾਂ ਲੋਕਾਂ ਨੂੰ ਸਾਧ ਸੰਗਤਿ ਨਹੀਂ ਮਿਲ ਸੱਕੀ, ਕਿਉਂਕਿ ਸਾਧ ਸੰਗਤਿ ਤੋਂ ਸੱਖਣੇ ਮਨੁੱਖ ਦੀ ਕਿਸੇ ਜੁਗ ਵਿਚ ਭੀ ਦੁਰਮਤਿ ਦੂਰ ਨਹੀਂ ਹੋਈ। ਇਸ ਸੰਬੰਧ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਅਟੱਲ ਫ਼ੁਰਮਾਨ ਹੈ ਕਿ :

ਬਿਨੁ ਭਾਗਾ ਸਤਸੰਗੁ ਨ ਲਭੈ
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥

*(ਪੰਨਾ ੯੫)*

ਭਾਵ ਹੈ ਕਿ, ਗੁਰੂ ਦੀ ਸਾਧ ਸੰਗਤ ਤੋਂ ਸੱਖਣਾ ਮਨੁੱਖ ਭਾਵੇਂ ਕਿਤਨਾਂ ਭੀ ਜਪ ਤਪ ਕਰਦਾ ਰਵੇ, ਉਸਦੇ ਅੰਦਰੋਂ ਦੁਰਮਤ, ਈਰਖਾ, ਬਖ਼ੀਲੀ ਦੀ ਜਲਨ ਸਦਾ ਹੀ ਪ੍ਰਜੁਲਤ ਰਵੇਗੀ, ਇਹ ਗੱਲ ਵੱਖਰੀ ਹੈ ਕਿ ਉਹ ਜਪ ਤਪ ਕਰਕੇ ਕੋਈ ਰਿੱਧੀ ਸਿੱਧੀ ਕਰਾਮਾਤ ਹਾਸਲ ਕਰ ਲਵੇ। ਪਰ, ਇਸ ਤਰ੍ਹਾਂ ਉਸਦੇ ਮਨ ਦੀ ਮਲੀਨਤਾਈ ਦੂਰ ਨਹੀਂ ਹੋਵੇਗੀ, ਮਲੀਨ ਮਨ ਦੇ ਅਧੀਨ ਹੋ, ਉਹ ਜਪ ਤਪ ਰਾਹੀਂ ਮਿਲੀ ਕਰਾਮਾਤ ਨੂੰ ਲੋਕਾਂ ਤੋਂ ਮਾਨ ਮਨੌਤ ਕਰਾਉਣ ਲਈ ਵਰ ਸਰਾਪ ਦੇਣ ਵਿਚ ਵਰਤ ਕੇ ਆਪਣੀ ਅੰਦਰਲੀ ਮਾਨ

ਕਰਾਉਣ ਦੀ ਸੂਖਮ ਸੱਧਰ ਨੂੰ ਹੀ ਪੂਰੀ ਕਰਨ ਵਿਚ ਆਪਣੀ ਤ੍ਰਿਪਤੀ ਅਨੁਭਵ ਕਰੇਗਾ।

ਜਿਨ੍ਹਾਂ ਲੋਕਾਂ ਨੂੰ ਤੁਸੀਂ ਵੇਖਦੇ ਹੋ ਕਿ ਉਹ ਆਪਣੇ ਤਿਆਗ ਦੀਆਂ ਵੱਡੀਆਂ-ਵੱਡੀਆਂ ਗੱਪਾਂ ਮਾਰਦੇ ਹਨ ਕਿ ਅਸੀਂ ਮਾਇਆ ਤਿਆਗ ਦਿੱਤੀ, ਘਰ ਬਾਰ ਤਿਆਗ ਦਿੱਤਾ, ਪਰਿਵਾਰ ਤਿਆਗ ਦਿਤਾ, ਇਹ ਉਨ੍ਹਾਂ ਦਾ ਕੇਵਲ ਕਹਿਣ ਮਾਤ੍ਰ ਹੀ ਹੈ। ਉਂਝ ਤਾਂ ਇਹ ਤਿਆਗ ਕਰਨਾ ਭੀ ਬੜਾ ਕਠਿਨ ਹੈ, ਪਰ ਜੇ ਮੰਨ ਭੀ ਲਿਆ ਜਾਵੇ ਤਾਂ ਗੁਰਬਾਣੀ ਇਸ ਨੂੰ ਕੋਈ ਵਧੇਰੇ ਮਹਾਨਤਾ ਨਹੀਂ ਦੇਂਦੀ, ਕਬੀਰ ਜੀ ਤਾਂ ਕਹਿੰਦੇ ਹਨ ਕਿ ਹੇ ਲੋਕੋ! ਸੁਣੋ, ਜੇ ਕਿਸੇ ਨੇ ਮਾਇਆ ਤਿਆਗ ਭੀ ਦਿੱਤੀ ਹੈ ਤਾਂ ਭੀ ਕੀ ਹੋਇਆ ਜੇ ਉਸਨੇ ਅੰਦਰੋਂ ਸੂਖਮ ਮਾਨ ਦਾ ਤਿਆਗ ਨਹੀਂ ਕੀਤਾ, ਕਿਉਂਕਿ ਇਹ ਮਾਨ ਤਾਂ ਵੱਡੇ ਵੱਡੇ ਮੁਨੀਆਂ ਤੇ ਤਪੀਆਂ ਨੂੰ ਭੀ ਖਾਈ ਜਾ ਰਿਹਾ ਹੈ:

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ
ਮਾਨੁ ਸਭੈ ਕਉ ਖਾਇ॥੧੫੬॥ *(ਪੰਨਾ ੧੩੭੨)*

ਜਦੋਂ ਤੁਸੀਂ ਕਿਸੇ ਨੂੰ ਨਿਰਮਾਣਤਾ ਭਰੇ ਬਚਨ ਕਹਿੰਦਿਆਂ ਸੁਣੋ ਕਿ ਸ੍ਰੀ ਮਾਨ ਜੀਉ! ਮੈਂ ਤਾਂ ਤੁਹਾਡੇ ਚਰਨਾਂ ਦੀ ਧੂੜ ਹਾਂ, ਖ਼ਾਕ ਹਾਂ, ਜਦੋਂ ਬਾਰ ਬਾਰ ਹੀ ਇਉਂ ਕਹਿੰਦਾ ਰਵੇ ਤਾਂ ਤੁਸੀਂ ਉਸਦੀ ਪਰਖ ਕਰਨ ਲਈ ਇਕ ਬਾਰ ਕਹਿ ਦਿਓ ਕਿ ਹਾਂ, ਤੂੰ, ਤਾਂ ਠੀਕ ਹੀ ਮੇਰੇ ਚਰਨਾਂ ਦੀ ਧੂੜ ਹੈਂ, ਬੱਸ, ਫਿਰ ਤਕੋਗੇ ਕਿ ਉਹ ਕਦੀ ਤੁਹਾਡੇ ਸਾਹਮਣੇ ਆਉਣੋਂ ਭੀ ਸੰਕੋਚ ਕਰੇਗਾ, ਉਹ ਇਉਂ ਹੀ ਸਮਝੇਗਾ ਕਿ ਇਸਨੇ ਮੇਰੀ ਤੌਹੀਨ ਕੀਤੀ ਹੈ, ਇਸ ਤੋਂ ਸਾਬਤ ਹੋ ਜਾਵੇਗਾ ਕਿ ਉਸਨੇ ਪਹਿਲੋਂ ਧੂੜ ਹੋਣ ਦੇ ਸ਼ਬਦਾਂ ਦੀ ਵਰਤੋਂ ਕੂੜੀ ਹੀ ਕੀਤੀ ਸੀ। ਇਸ ਤਰ੍ਹਾਂ ਦੇ ਬਹੁਤ ਲੋਕ ਤੁਹਾਨੂੰ ਮਿਲਣਗੇ ਜੋ ਬਾਹਰੋਂ ਹੀ ਨਿਰਮਾਣਤਾ ਜਣਾਉਣਗੇ, ਪਰ ਅੰਦਰੋਂ ਉਹ ਹਉਮੈਂ, ਹੰਕਾਰ, ਤਕੱਬਰ ਦੇ ਭਰੇ ਹੋਇਆ ਕਰਦੇ ਹਨ। ਇਸ ਭਾਵ ਨੂੰ ਗੁਰਬਾਣੀ ਨੇ ਸਾਫ ਸਪੱਸ਼ਟ ਕੀਤਾ ਹੈ ਕਿ:

ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ॥ *(ਪੰਨਾ ੧੧੪੦)*

ਭਾਵ ਜਿਸਨੇ ਹਉਮੈਂ ਦਾ ਤਿਆਗ ਨਹੀਂ ਕੀਤਾ ਉਹ ਭਾਵੇਂ ਗ੍ਰਿਹਸਤੀ ਹੈ ਜਾਂ ਸਾਧੂ ਹੈ, ਉਸਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਤਿਆਗੀ ਹੈ ਹੀ ਨਹੀਂ।

ਗੁਰਬਾਣੀ ਵਿਚ ਹੁਕਮ ਆਇਆ ਹੈ ਕਿ ਜਿਸਦਾ ਮਨ ਹਉਮੈਂ ਦੀ ਮੈਲ ਕਰਕੇ ਮਲੀਨ ਹੈ ਉਸਦੇ ਅੰਤਰ ਆਤਮੇ ਨਾਮ ਦਾ ਨਿਵਾਸ ਨਹੀਂ ਹੋ ਸਕਦਾ। ਕਿਉਂਕਿ ਇਹ ਦੋਵੇਂ ਪਦਾਰਥ ਪਰਸਪਰ ਵਿਰੋਧੀ ਹਨ, ਜਿਥੇ ਹਉਮੈਂ ਹੈ ਉਥੇ ਨਾਮ ਨਹੀਂ ਠਹਿਰ ਸਕਦਾ ਜਿਥੇ ਨਾਮ ਦਾ ਨਿਵਾਸ ਹੋ ਜਾਏ ਉਥੇ ਹਉਮੈਂ ਨਹੀਂ ਠਹਿਰ ਸਕਦੀ ਇਹ ਗੁਰੂ ਦਾ ਅਟੱਲ ਫੈਸਲਾ ਹੈ:

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥ *(ਪੰਨਾ ੫੬੦)*

ਭਾਵ ਹੈ ਇਕੋ ਹੀ ਭਾਂਡੇ ਵਿਚ ਦੋ ਵਸਤੂਆਂ ਨਹੀਂ ਠਹਿਰਾਈਆਂ ਜਾ ਸਕਦੀਆਂ, ਜਿਵੇਂ ਜਿਸ ਬਰਤਨ ਵਿਚ ਪਹਿਲੋਂ ਜ਼ਹਿਰ ਪਾਈ ਹੈ, ਉਸ ਵਿਚ ਅੰਮ੍ਰਿਤ ਪਾਉਣ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਪਹਿਲੇ ਉਸ ਜ਼ਹਿਰ ਨੂੰ ਨਿਕਾਲਿਆ ਜਾਵੇ ਤਾਂ ਹੀ ਅੰਮ੍ਰਿਤ ਪਾਇਆ ਜਾ ਸਕਦਾ ਹੈ, ਗੁਰੂ ਗ੍ਰੰਥ ਸਾਹਿਬ ਜੀ ਦਾ ਇਹੋ ਹੁਕਮ ਹੈ ਕਿ:

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥ *(ਪੰਨਾ ੪੭੪)*

ਭਾਵ ਹੈ ਕਿ ਕਿਸੇ ਭਾਂਡੇ ਵਿਚ ਪਈ ਵਸਤੂ ਨੂੰ ਪਾਸੇ ਕੀਤਾ ਜਾਵੇ ਦੂਸਰੀ ਵਸਤੂ ਤਾਹੀਓਂ ਉਸ ਵਿਚ ਸਮਾ ਸਕਦੀ ਹੈ!

ਦੂਜੀ ਇਕ ਹੋਰ ਭੀ ਹਿਦਾਇਤ ਕਰਦੇ ਹਨ ਕਿ ਐ ਪਿਆਰਿਓ! ਇਹ ਭੀ ਸਦਾ ਯਾਦ ਰਖੋ ਕਿ ਉਸ ਹਰੀ ਪੂਰਨ ਪਰਮੇਸ਼ਰ ਨੂੰ, ਜੋ ਮਨੁੱਖ ਅੰਤਰ ਆਤਮੇ ਹੰਕਾਰ ਧਾਰਨ ਵਾਲਾ ਹੈ, ਉਹ ਤਾਂ ਬਿਲਕੁਲ ਹੀ ਭਾਉਂਦਾ ਨਹੀਂ, ਇਹ ਗੁਰੂ ਦਾ ਫ਼ੁਰਮਾਨ ਹੈ:

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥ *(ਪੰਨਾ ੧੦੮੯)*

ਭਾਵ ਹੈ ਕਿ ਇਹ ਵੀਚਾਰ ਸਾਰੇ ਧਾਰਮਿਕ ਸ਼ਾਸਤ੍ਰ ਅਤੇ ਮਹਾਪੁਰਸ਼ ਪੁਕਾਰ ਪੁਕਾਰ ਕੇ ਕਹਿੰਦੇ ਹਨ ਕਿ ਹੰਕਾਰ ਹਰੀ ਦੇ ਮਾਰਗ ਵਿਚ ਬਹੁਤ ਵੱਡੀ ਰੋਕ ਹੈ ਇਸ ਦਾ ਤਿਆਗ ਕਰੋ। ਇਸ ਲਈ ਹੇ ਭਾਈਓ! ਸ੍ਰੇਸ਼ਟ ਵੀਚਾਰ ਇਹੋ ਹੈ ਕਿ ਸਾਧ ਸੰਗਤ ਵਿਚ ਮਿਲ ਕੇ ਜੀਵਨ ਗੁਜ਼ਾਰਦੇ ਰਹੋ ਜਿਸਦਾ ਸਦਕਾ ਮਨੁੱਖ ਦੇ ਮਨ ਵਿਚੋਂ ਦੁਰਮਤ ਦੂਰ ਹੋ ਜਾਂਦੀ ਹੈ। ਕਿਉਂਕਿ ਸਤਿਗੁਰੂ ਜੀ ਨੇ ਸਾਧ ਸੰਗਤ ਬਾਰੇ ਆਪਣਾ ਨਿਹਚਾ

ਭੀ ਇਹੋ ਅੰਕਿਤ ਕੀਤਾ ਹੈ ਕਿ :

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧ ਸੰਗਤਿ ਮੋਹਿ ਪਾਈ॥

*(ਪੰਨਾ ੧੨੯੯)*

ਹੇ ਭਾਈਓ ! ਜਦੋਂ ਦਾ ਮੈਨੂੰ ਗੁਰੂ ਦੀ ਸਾਧ ਸੰਗਤ ਦਾ ਮਿਲਾਪ ਹੋਇਆ ਹੈ, ਮੇਰੇ ਅੰਦਰੋਂ ਦੁਰਮਤ ਰਾਹੀ ਜੋ ਪਰਾਈ (ਤਾਤਿ) ਜਲਨ, ਸੜਨ ਸੀ, ਉਹ ਸਾਰੀ ਹੀ ਦੂਰ ਹੋ ਗਈ, ਕਿਉਂਕਿ ਹੁਣ ਮੈਨੂੰ ਗੁਰੂ ਦੀ ਸੰਗਤ ਨੇ ਸੂਝ ਬੂਝ ਦੇ ਦਿੱਤੀ ਹੈ ਕਿ ਤੇਰਾ ਸੰਸਾਰ ਵਿਚ ਵੈਰੀ ਕੋਈ ਨਹੀਂ, ਕਿਉਂਕਿ ਕੋਈ ਬਿਗਾਨਾ ਹੀ ਨਹੀਂ, ਤੇਰਾ ਆਪਣਾ ਆਪ ਹੀ ਹੈ, ਹੁਣ ਦਸੋ ਆਪਣੇ ਆਪ ਨਾਲ ਵੈਰ ਭਾਵਨਾ ਕਿਵੇਂ ਰੱਖੀ ਜਾਵੇ। ਬੱਸ ਹੁਣ ਤਾਂ ਉਸ ਰੱਬੀ ਰਜ਼ਾ ਵਿਚ ਹੀ ਰਾਜ਼ੀ ਹਾਂ।

ਪ੍ਰ: ਕਿਉਂ ਭਾਈ ਸਾਹਿਬ ਜੀ! ਤੁਹਾਡਾ ਆਪਣਾ ਵਿਸ਼ਵਾਸ ਕੀ ਹੈ ਕਿ ਜਿਸ ਦੁਰਮਤ ਦੇ ਪੱਖ ਵਿਚ ਆਸੁਰੀ ਸੰਪਤੀ ਦੀ ਇਤਨੀ ਵੱਡੀ ਸ਼ਕਤੀਸ਼ਾਲੀ ਫ਼ੌਜ ਹੈ ਉਸਦਾ ਟਾਕਰਾ ਕਰਨ ਲਈ ਕੀ ਕੇਵਲ ਸਾਧ ਸੰਗਤ ਬਲ ਰੱਖਦੀ ਹੈ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਮੇਰੀ ਆਪਣੀ ਦੂਰ ਦਰਸ਼ੀ ਦ੍ਰਿਸ਼ਟੀ ਤਾਂ ਵਧੇਰੇ ਨਹੀਂ ਹੈ, ਪਰ ਜੋ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਬੋਧ ਹਾਸਲ ਹੋਇਆ ਹੈ ਉਸਦੇ ਆਧਾਰਿਤ ਹੋ ਮੈਂ ਕਹਿ ਸਕਦਾ ਹਾਂ ਕਿ ਸਾਧ ਸੰਗਤ ਦਾ ਮੁਕਾਬਲਾ ਕਰਨ ਲਈ ਦੁਰਮਤ ਦੀ ਸੈਨਾ ਵਿਚ ਉੱਕਾ ਹੀ ਬਲ ਨਹੀਂ; ਜੇ ਪੁੱਛੋ ਕਿ ਐਸਾ ਕਿਵੇਂ ਹੋ ਸਕਦਾ ਹੈ, ਤਾਂ ਇਸਦਾ ਖੁਲਾਸਾ ਕਰਨ ਲਈ ਮੈਂ ਤੁਹਾਨੂੰ ਦੋ ਚਾਰ ਉਦਾਹਰਨ ਹਾਜ਼ਰ ਕਰਦਾ ਹਾਂ, ਜਿਸ ਤੋਂ ਇਹ ਸਾਬਤ ਹੋ ਜਾਵੇਗਾ ਕਿ ਦੁਰਮਤ ਦੀ ਕਮਜ਼ੋਰ ਸੈਨਾ ਵਿਚ ਸਾਧ ਸੰਗਤ ਦੇ ਸਨਮੁਖ ਹੋ ਟਾਕਰਾ ਕਰਨ ਦੀ ਉੱਕਾ ਹੀ ਜੁਰਅਤ ਨਹੀਂ, ਜਿਵੇਂ ਕਿ :

(੧) (ਹੇ ਭਾਈ ! ਵੇਖੋ ਜਿਵੇਂ ਕਿ) ਹਨੇਰੇ ਵਿਚ ਲੱਖਾਂ ਤਾਰੇ ਹੁੰਦੇ ਹਨ, ਪਰ ਸੂਰਜ ਦੇ ਚੜ੍ਹਿਆਂ (ਉਸਦੀ ਰੋਸ਼ਨੀ ਵਿਚ) ਕੋਈ ਭੀ ਨਹੀਂ ਦਿੱਸਦਾ।

(੨) (ਇਸੇ ਤਰ੍ਹਾਂ) ਸ਼ੇਰ ਦੇ ਗਰਜਣ (ਭਾਵ ਭਬਕ ਮਾਰਨ) ਨਾਲ ਹਿਰਨਾਂ ਦੀਆਂ ਡਾਰਾਂ ਭੱਜ ਜਾਂਦੀਆਂ (ਡਰ ਦੇ ਮਾਰੇ) ਖੜੇ ਨਹੀਂ ਸਕਦੀਆਂ।

(੩) (ਹੋਰ ਸੁਣੋ) ਗਰੁੜ ਨੂੰ ਵੇਖ ਕੇ ਸੱਪ, ਭਾਵੇਂ ਲੱਖਾ ਹੋਣ ਭੱਜ ਕੇ ਖੁਡ ਵਿਚ ਵੜ ਕੇ ਲੁਕ ਜਾਣਾ ਚਾਹੁੰਦੇ ਹਨ।

(੪) ਹੋਰ ਵੇਖੋ ਪੰਛੀ ਬਾਜ ਨੂੰ ਵੇਖਦੇ ਹੀ ਦੂਰ ਭੱਜਦੇ ਹਨ, ਨੇੜੇ ਹੋਣ ਦੀ ਉਨ੍ਹਾਂ ਦੀ ਹਿੰਮਤ ਨਹੀਂ ਹੁੰਦੀ, ਪਰ ਭੱਜਦਿਆਂ ਨੂੰ (ਅਸਮਾਨ ਵਿਚ) ਲੁੱਕਣ ਦੀ ਥਾਂ (ਢੋਈ) ਨਹੀਂ ਮਿਲਦੀ।

(੫) (ਇਸ ਲਈ ਹੇ ਭਾਈਓ !) ਸੰਸਾਰ ਵਿਚ ਸੁੰਦਰ ਵੀਚਾਰ ਬੱਸ ਇਹੀ ਹੈ ਕਿ ਸਾਧ ਸੰਗਤ ਵਿਚ ਮਿਲੋ, ਜਿਥੋਂ ਦੀ ਗੂੜ੍ਹ ਵੀਚਾਰ ਦੁਰਮਤ (ਖੋਟੀ) ਮੱਤ ਨੂੰ ਦੂਰ ਕਰ ਦਿੰਦੀ ਹੈ। (ਸਾਧ ਸੰਗਤ ਸੱਚੇ ਸਤਿਗੁਰੂ ਜੀ ਦੀ ਕਾਇਮ ਕੀਤੀ ਹੋਈ ਹੈ।)

(੬) ਸਤਿਗੁਰੂ ਸੱਚੇ ਪਾਤਿਸ਼ਾਹ ਦੇ ਉਪਦੇਸ਼ਾਂ ਨਾਲ ਦੁਬਿਧਾ ਨਾਸ਼ ਹੋ ਜਾਂਦੀ ਹੈ ਤੇ ਵਿਕਾਰ ਖ਼ਤਮ ਹੋ ਜਾਂਦੇ ਹਨ।

(੭) ਇਸ ਗੱਲ ਨੂੰ ਕੇਵਲ ਗੁਰਮੁਖ ਹੀ ਜਾਣਦੇ ਹਨ ਤੇ ਉਹ ਅੱਗੋਂ ਹੋਰਨਾਂ ਨੂੰ ਭੀ ਜਣਾ ਦੇਂਦੇ ਹਨ।੧੨।

*ਭਾਵਾਰਥ :* ਇਹੋ ਹੈ ਕਿ ਸੰਤਾਂ ਦੀ ਸੰਗਤ ਵਿਚ ਗਿਆਨ ਰੂਪ ਸੂਰਜ ਦੇ ਉਦਯ ਹੋਣ ਨਾਲ ਅਗਿਆਨ ਅੰਧੇਰਾ ਦੂਰ ਹੋ ਜਾਂਦਾ ਹੈ। ਜਿਸ ਤਰ੍ਹਾਂ ਸੂਰਜ ਚੜ੍ਹਿਆਂ ਤਾਰੇ, ਸ਼ੇਰ ਆਇਆਂ ਮਿਰਗ, ਗਰੁੜ ਅੱਗੇ ਸੱਪ, ਬਾਜ਼ ਅੱਗੇ ਪੰਛੀ ਖੜੇ ਨਹੀਂ ਸਕਦੇ, ਤਿਵੇਂ ਗੁਰਮੁਖ ਅੱਗੇ ਭੇਖੀ ਪਖੰਡੀ ਨਹੀਂ ਠਹਿਰ ਸਕਦੇ। ਇਸ ਲਈ ਗੁਰਬਾਣੀ ਵਿਚ ਮਨੁੱਖ ਨੂੰ ਬਾਰ ਬਾਰ ਸੰਗਤ ਵਿਚ ਰਹਿ ਕੇ ਜੀਵਨ ਗੁਜ਼ਾਰਦੇ ਰਹਿਣ ਦੀ ਪ੍ਰੇਰਨਾ ਕੀਤੀ ਹੈ।

## ੧੩. ਗੁਰੂ ਜੀ ਦਾ ਗੁਰਮੁਖ ਗਾਡੀ ਮਾਰਗ

੧. ਸਤਿਗੁਰੁ ਸੱਚਾ ਪਾਤਿਸਾਹ
ਗੁਰਮੁਖ ਗਾਡੀ ਰਾਹ ਚਲਾਯਾ।
੨. ਪੰਚ ਦੂਤ ਕਰ ਭੂਤ ਵੱਸ
ਦੁਰਮਤਿ ਦੂਜਾ ਭਾਉ ਮਿਟਾਯਾ।
੩. ਸ਼ਬਦ ਸੁਰਤਿ ਲਿਵ ਚੱਲਣਾ
ਜਮ ਜਾਗਾਤੀ ਨੇੜ ਨ ਆਯਾ।
੪. ਬੇਮੁਖ ਬਾਰਹ ਬਾਟ ਕਰ
ਸਾਧਸੰਗਤ ਸਚਖੰਡ ਵਸਾਯਾ।
੫. ਭਾਉ ਭਗਤਿ ਭਉ ਮੰਤ੍ਰ ਦੇ
ਨਾਮ ਦਾਨ ਇਸ਼ਨਾਨ ਦ੍ਰਿੜਾਯਾ।

## ੬. ਜਿਉਂ ਜਲ ਅੰਦਰ ਕਮਲ ਹੈ ਮਾਯਾ ਵਿੱਚ ਉਦਾਸ ਰਹਾਯਾ।
## ੭. ਆਪ ਗਵਾਇ ਨ ਆਪ ਗਣਾਯਾ ॥੧੩॥

*ਪਦ ਅਰਥ :* ਗੁਰਮੁਖ ਗਾਡੀ ਰਾਹ—ਗੱਡੀ ਦਾ ਰਾਹ, ਭਾਵ ਗੁਰਮੁਖਾਂ ਦੇ ਚਲਣ ਲਈ ਸੌਖਾ ਰਸਤਾ। ਜਾਗਾਤੀ—ਮਸੂਲ ਲੈਣ ਵਾਲਾ ਮਸੂਲੀਆ। ਬਾਰਹ ਬਾਟ—ਜੋਗੀਆਂ ਦੇ ਬਾਰਾਂ ਰਸਤੇ, (ਅ) ਬ੍ਰਿਥਾ ਭਟਕਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਪੀਰਾਂ, ਫ਼ਕੀਰਾਂ, ਅਵਤਾਰਾਂ ਦੇ ਸਮਿਆਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਨੇ ਆਪੋ ਆਪਣੇ ਪੈਰੋਕਾਰਾਂ ਦੇ ਲਈ ਭਿੰਨ ਭਿੰਨ ਨਿਯਮ ਕਾਇਮ ਕੀਤੇ, ਉਨ੍ਹਾਂ ਤੇ ਉਹ ਸਦੀਆਂ ਦੇ ਚਲਦੇ ਆ ਰਹੇ ਸਨ, ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਸਾਰਿਆਂ ਦੇ ਰਾਹ ਵੱਖੋ ਵੱਖ ਸਨ, ਉਨ੍ਹਾਂ ਦਾ ਇਕ ਦੂਜੇ ਨਾਲ ਕੋਈ ਭੀ ਤਾਲਮੇਲ ਨਹੀਂ ਸੀ, ਹਰ ਪੈਰੋਕਾਰ ਆਪੋ ਆਪਣੇ ਮਾਰਗ ਨੂੰ ਇਕ ਦੂਜੇ ਨਾਲੋਂ ਉਚੇਰਾ ਤੇ ਚੰਗਾ ਸਮਝ ਰਿਹਾ ਸੀ, ਸਗੋਂ ਇਥੋਂ ਤੱਕ ਭੀ ਕਮਜ਼ੋਰੀਆਂ ਸਨ ਕਿ ਇਕ ਦੂਜੇ ਦੇ ਧਾਰਨ ਕੀਤੇ ਹੋਏ ਸਰੀਰਕ ਚਿੰਨ੍ਹਾਂ ਤੇ ਧਾਰਮਿਕ ਨਿਯਮਾਂ ਨੂੰ ਭੀ ਘਿਰਣਾਂ ਦੀਆਂ ਨਜ਼ਰਾਂ ਨਾਲ ਤੱਕਿਆ ਜਾਂਦਾ ਸੀ। ਪਰ ਤਾਂਹਮ ਭੀ ਪੁਰਾਤਨ ਲੋਕ ਸਦੀਆਂ ਤੋਂ ਆਪੋ ਆਪਣੇ ਮਜ਼ਹਬ ਦੇ ਨਿਯਮਾਂ ਅਨੁਸਾਰ ਜੱਗ, ਜੋਗ, ਜਪ, ਤਪ ਕਰਦੇ ਚਲੇ ਆ ਰਹੇ ਸਨ, ਪਰ ਜਦ ਤੋਂ ਗੁਰੂ ਨਾਨਕ ਦੇਵ ਜੀ ਦਾ ਸੰਸਾਰ ਵਿਚ ਆਗਮਨ ਹੋਇਆ ਤਾਂ ਆਪ ਜੀ ਨੇ ਪੁਰਾਤਨ ਸਾਰੇ ਹੀ ਮਜ਼ਹਬਾਂ ਦੇ ਪ੍ਰਚਲਤ ਮਾਰਗਾਂ ਤੋਂ ਵੱਖਰੇ ਸਿੱਖੀ ਪੰਥ ਨੂੰ ਜਨਮ ਦਿੱਤਾ ਜਿਸਨੇ ਕਿ ਪੁਰਾਣੇ ਸਨਾਤਨ ਨਿਯਮਾਂ ਨੂੰ ਬਦਲ ਕੇ ਇਕ ਨਵੀਨ ਮਾਰਗ ਟੋਰਿਆ; ਕਿਉਂ ਜੀ! ਇਹ ਨਵਾਂ ਮਾਰਗ ਟੋਰਨ ਦੀ ਸੱਚੇ ਪਾਤਿਸ਼ਾਹ ਨੂੰ ਕਿਉਂ ਲੋੜ ਪਈ, ਕੀ ਇਸ ਬਾਰੇ ਕੁਝ ਆਪਣੇ ਵੀਚਾਰ ਦਿਓਗੇ ਤਾਂ ਕਿ ਸਾਡੇ ਭਰਮ ਭੁਲੇਖੇ ਭੀ ਦੂਰ ਹੋ ਸਕਣ?

ਉ: ਹੇ ਸਜਨੋ! ਜਦੋਂ ਅਸੀਂ ਪੁਰਾਤਨ ਬੁੱਧੀ ਜੀਵੀਆਂ ਦੇ ਉੱਕਰੇ ਹੋਏ ਵੀਚਾਰਾਂ ਨੂੰ ਪੜ੍ਹਦੇ ਹਾਂ ਤਾਂ ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਦੋ ਤਰ੍ਹਾਂ ਦੇ ਮਾਰਗ ਦਰਸਾਏ ਹਨ, ਜਿਵੇਂ ਕਿ ਇਕ (ਚੀਟੀ) ਕੀੜੀ ਮਾਰਗ ਹੈ, ਦੂਜਾ ਬਿਹੰਗਮ। ਜਿਸਦਾ ਭਾਵ ਹੈ ਕਿ ਜਿਸ ਮਾਰਗ ਦੇ ਲੰਬੇਰੇ ਸਫ਼ਰ ਨੂੰ ਕੀੜੀ ਕਈ ਸਾਲਾਂ ਵਿਚ ਤਹਿ ਕਰਦੀ ਹੈ, ਉਸ ਦੁਰੇਡੇ ਸਫ਼ਰ ਨੂੰ ਪੰਛੀ ਚੰਦ ਘੰਟਿਆਂ ਵਿਚ ਹੀ ਮੁਕਾ ਲੈਂਦਾ ਹੈ। ਇਸ ਲਈ ਜਦੋਂ ਗੁਰੂ ਨਾਨਕ ਜੀ ਦਾ ਇਸ ਸੰਸਾਰ ਵਿਚ ਆਗਮਨ ਹੋਇਆ ਤਾਂ ਆਪ ਜੀ ਨੇ ਸਾਰੇ ਸੰਸਾਰ ਵੱਲ ਦੀਰਘ ਦ੍ਰਿਸ਼ਟੀ ਨਾਲ ਤੱਕਿਆ ਤਾਂ ਆਪ ਜੀ ਨੂੰ ਇਹੋ ਨਜ਼ਰ ਆਇਆ ਕਿ ਵਧੇਰੇ ਲੋਕ ਪੁਰਾਤਨ ਕੀੜੀ ਮਾਰਗ 'ਤੇ ਹੀ ਟੁਰੇ ਜਾ ਰਹੇ ਨੇ ਜਿਸਦੀ ਕਿ ਅਜੋਕਾ ਜੁਗ ਮੰਗ ਨਹੀਂ ਕਰਦਾ, ਕਿਉਂਕਿ ਇਸ ਜੁਗ ਦੇ ਮਨੁੱਖ ਦੀ ਪੁਰਾਣੇ ਜੁਗਾਂ ਦੇ ਅਨੁਸਾਰ ਉਮਰ ਨਹੀਂ, ਜਿਸ ਵਿਚ ਇਹ ਸਦੀਆਂ ਤੱਕ ਜਪ ਤਪ ਜੋਗਾ ਅਭਿਆਸ ਦੀ ਕਿਰਿਆ ਕਰ ਸੱਕੇ, ਅਤੇ ਨਾ ਹੀ ਇਸ ਪਾਸ ਇਤਨੀ ਵਧੇਰੇ ਧਨ ਦੌਲਤ ਹੈ ਜਿਸਦਾ ਸਦਕਾ ਇਹ ਜਗ ਆਦਿ ਸਾਧਨ ਕਰ ਸੱਕੇ, ਇਸ ਲਈ ਗੁਰਮਤ ਨੇ ਇਸ ਜੀਵ ਨੂੰ ਹਰ ਪਖੋਂ ਕਮਜ਼ੋਰ ਵੇਖ ਕੇ ਗੁਰਮੁਖਾਂ ਲਈ ਇਹ ਬਿਹੰਗਮ ਮਾਰਗ ਜਿਸ ਨੂੰ ਅਸੀਂ ਗਾਡੀ ਰਾਹ ਭੀ ਕਹਿ ਸਕਦੇ ਹਾਂ, ਇਸ ਸੁਖੈਨ ਮਾਰਗ 'ਤੇ ਹਰ ਪ੍ਰਾਣੀ ਮਾਤਰ ਹੀ ਸਫ਼ਰ ਕਰਨ ਦੀ ਸਮਰੱਥਾ ਰਖਦਾ ਹੈ, ਇਸ ਲਈ ਹਰ ਰੱਬੀ ਮਾਰਗ ਵੱਲ ਸਫ਼ਰ ਕਰਨ ਵਾਲੇ ਹਰ ਮਨੁੱਖ ਨੂੰ ਹੀ ਸਤਿਗੁਰੂ ਜੀ ਨੇ ਇਸ ਸਰਲ ਮਾਰਗ 'ਤੇ ਚਲਦੇ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਸੋ ਮੈਨੂੰ ਭੀ ਇਉਂ ਹੀ ਅਨੁਭਵ ਹੁੰਦਾ ਹੈ ਕਿ:

(੧) ਹੇ ਭਾਈ! ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਗੁਰਮੁਖਾਂ (ਦੇ ਚੱਲਣ ਲਈ ਗੁਰਸਿੱਖੀ ਦਾ) ਸੌਖਾ ਮਾਰਗ ਚਲਾ ਦਿੱਤਾ ਹੈ (ਜਿਸ ਮਾਰਗ 'ਤੇ ਹਰ ਪ੍ਰਾਣੀ ਮਾਤ੍ਰ ਹੀ ਚਲ ਸਕਦਾ ਹੈ)।

(੨) (ਉਨ੍ਹਾਂ ਨੇ ਅਜਿਹੀ ਮੇਹਰ ਕੀਤੀ ਕਿ) ਭੂਤਾਂ ਵਰਗੇ (ਲੋਕਾਈ ਨੂੰ ਚੰਬੜੇ ਹੋਏ) ਪੰਜੇ ਦੂਤ (ਕਾਮ ਕ੍ਰੋਧ ਆਦਿ) ਵੱਸ ਵਿਚ ਕਰਕੇ, ਖੋਟੀ ਮੱਤ ਤੇ ਦੂਜੇ ਭਾਵ ਦਾ ਨਾਮੋ ਨਿਸ਼ਾਨ ਹੀ ਮਿਟਾ ਦਿੱਤਾ ਹੈ।

(੩) (ਉਹ ਗੁਰਮੁਖ ਗੁਰਸਿੱਖ ਗੁਰੂ ਦੇ) ਸ਼ਬਦ ਨੂੰ ਸੁਰਤ ਵਿਚ ਰਖ, ਲਿਵ ਲਾਉਂਦੇ, ਇਸ ਤਰ੍ਹਾਂ ਚਲਣ ਵਾਲਿਆਂ ਦੇ ਜਮ ਜਾਗਾਤੀ (ਜਮ ਦਾ ਮਸੂਲੀਆ) ਨੇੜੇ ਭੀ ਨਹੀਂ ਆਉਂਦਾ।

(੪) (ਪਰ) ਬੇਮੁਖ (ਲੋਕ ਸੱਚੇ ਪ੍ਰਭੂ ਦੇ ਰਸਤੇ ਵਲੋਂ ਭੁਲ ਕੇ) ਜੋਗੀ ਬਣ, ਕੰਨ ਪੜਵਾ, ਉਨ੍ਹਾਂ ਦੇ ੧੨ ਪੰਥਾਂ (ਅਉਖੀਆਂ ਰਹੁ-ਰੀਤਾਂ) 'ਤੇ ਚਲ ਚਲ ਕੇ ਖੁਆਰ ਹੁੰਦੇ ਫਿਰਦੇ ਹਨ (ਪਰ ਜੋ ਗੁਰਮੁਖ ਗੁਰਸਿੱਖ ਬਣ ਸਤਿਗੁਰੂ ਦੀ ਸਾਧ ਸੰਗਤ ਵਿਚ ਆਉਣ ਲਗ ਗਏ)

ਉਨ੍ਹਾਂ ਲਈ ਸਾਧ ਸੰਗਤ ਸੱਚ ਖੰਡ ਰੂਪ ਬਣ ਗਿਆ।
(੫) (ਉਸ ਸਾਧ ਸੰਗਤ ਵਿਚੋਂ ਪ੍ਰਭੂ ਦਾ) ਭਾਉ, ਪ੍ਰੇਮਾ ਤੇ ਭਗਤੀ-ਭਾਵ ਦਾ ਮੰਤਰ (ਉਪਦੇਸ਼) ਮਿਲਦਾ ਹੈ, ਜਿਸ ਨਾਲ ਸਾਧ ਸੰਗਤ ਵਿਚ ਜਾਣ ਵਾਲਿਆਂ ਨੂੰ ਨਾਮ, ਦਾਨ ਤੇ ਇਸ਼ਨਾਨ ਦੇ ਗੁਣ ਦ੍ਰਿੜ੍ਹ ਹੁੰਦੇ ਹਨ।

ਪ੍ਰ: ਕਿਉ ਜੀ! ਉਨ੍ਹਾਂ ਦੀ ਮਾਨਸਿਕ ਕ੍ਰਿਆ ਕਿਸ ਰੂਪ ਵਿਚ ਹੋ ਜਾਂਦੀ ਹੈ?

(੬) ਉ: (ਹੇ ਭਾਈ! ਉਹ ਗੁਰਮੁਖ ਇਨ੍ਹਾਂ ਗੁਣਾਂ ਦੇ ਸਦਕੇ ਸੰਸਾਰ ਵਿਚ) ਮਾਇਆ ਤੋਂ ਇਉਂ ਅਲਿਪਤ ਰਹਿੰਦੇ ਹਨ, ਜਿਵੇਂ ਕਮਲ ਜਲ ਵਿਚ ਹੁੰਦਾ ਹੋਇਆ ਭੀ ਜਲ ਤੋਂ ਉੱਚਾ (ਨਿਰਲੇਪ) ਰਹਿੰਦਾ ਹੈ।
(੭) (ਇਸ ਤਰ੍ਹਾਂ ਗੁਰਮੁਖਾਂ ਨੇ) ਆਪਾ ਭਾਵ ਨੂੰ ਮੇਟ ਕੇ, ਫਿਰ ਇਸ ਸਹਿਜ ਅਵਸਥਾ ਦਾ ਮਾਨ ਕਿਸੇ ਨੂੰ ਦੱਸਣ ਦਾ ਜਤਨ ਨਹੀਂ ਕੀਤਾ।੧੩।

*ਭਾਵਾਰਥ:* ਇਸ ਪਉੜੀ ਵਿਚ ਭਾਈ ਸਾਹਿਬ ਨੇ ਗੁਰਮੁਖ ਮਾਰਗ ਦਾ ਵੇਰਵਾ ਖੋਲ੍ਹ ਕੇ ਦੱਸਿਆ ਹੈ, ਕਿ ਉਨ੍ਹਾਂ ਦਾ ਕੀ ਕਰਤੱਵ ਹੈ। ਉਨ੍ਹਾਂ ਦੀ ਸ਼ਬਦ ਵਿਚ ਸੁਰਤ ਲੀਨ ਰਹਿੰਦੀ ਹੈ, ਪੰਜੇ ਕਾਮਾਦਿਕ ਦੂਤ ਉਨ੍ਹਾਂ ਦੇ ਵੱਸ ਵਿਚ ਹੁੰਦੇ ਹਨ, ਪ੍ਰੇਮਾ ਭਗਤੀ, ਨਾਮ-ਦਾਨ ਇਸ਼ਨਾਨ, ਹੰਗਤਾ ਦਾ ਤਿਆਗ ਇਹ ਗੁਰਮੁਖਾਂ ਦੀ ਕਰਣੀ ਹੈ, ਉਹ ਮਨ ਕਰਕੇ ਕਵਲ ਫੁਲ ਵਾਂਗ ਸੰਸਾਰ ਦੇ ਪਦਾਰਥਾਂ ਵਲੋਂ ਸਦਾ ਹੀ ਨਿਰਲੇਪ ਰਹਿੰਦੇ ਹਨ।

## ੧੪. ਗੁਰਮੁਖਾਂ ਨੂੰ ਸੱਚਾ ਸੁਖ ਤੇ ਸਦੀਵੀ ਖ਼ੁਸ਼ੀ

**੧. ਰਾਜਾ ਪਰਜਾ ਹੋਇ ਕੈ**
**ਚਾਕਰ ਕੂਕਰ ਦੇਣ ਦੁਹਾਈ।**
**੨. ਜੰਮਦਿਆਂ ਰਣਝੁੰਝਣਾ**
**ਨਾਨਕ ਦਾਦਕ ਹੋਇ ਵਧਾਈ।**
**੩. ਵੀਵਾਹੇ ਨੋਂ ਸਿੱਠਣੀਆਂ**
**ਦੁਹੀ ਵਲੀਂ ਦੁਇ ਤੂਰ ਵਜਾਈ।**
**੪. ਰੋਵਣ ਪਿੱਟਣ ਮੋਇਆਂ ਨੋਂ**
**ਵੈਣ ਅਲਾਹਣਿ ਧੁੰਮ ਧੁਮਾਈ।**
**੫. ਸਾਧ ਸੰਗਤ ਸਚੁ ਸੋਹਿਲਾ**
**ਗੁਰਮੁਖ ਸਾਧਸੰਗਤ ਲਿਵ ਲਾਈ।**
**੬. ਬੇਦ ਕਤੇਬਹੁੰ ਬਾਹਰਾ**
**ਜੰਮਣ ਮਰਣ ਅਲਿਪਤ ਰਹਾਈ।**
**੭. ਆਸਾ ਵਿੱਚ ਨਿਰਾਸ ਵਲਾਈ॥੧੪॥**

*ਪਦ ਅਰਥ:* ਚਾਕਰ ਕੂਕਰ—ਰਾਜਿਆਂ ਦੇ ਨੌਕਰ ਹੋ ਕੁਤਿਆਂ ਵਾਂਗ ਦੁਹਾਈ ਦੇਣ ਵਾਲੇ, ਰਾਜੇ ਦੀ ਦੁਹਾਈ ਫੇਰਨ ਵਾਲੇ। ਰਣਝੁੰਝਣਾ—ਖ਼ੁਸ਼ੀ ਦੇ ਮੰਗਲ ਵਾਜੇ। ਤੂਰ—ਤੁਰੀ, ਵਾਜੇ। ਅਲਾਹਣਿ—ਮੌਤ ਦੇ ਗੀਤ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਜਦੋਂ ਸੰਸਾਰ ਭਰ ਵਿਚ ਨਜ਼ਰ ਮਾਰਦੇ ਹਾਂ ਤਾਂ ਅਜਿਹਾ ਕੋਈ ਭੀ ਮਨੁੱਖ ਸਾਨੂੰ ਨਜ਼ਰ ਨਹੀਂ ਆਉਂਦਾ ਜਿਸਦਾ ਕਿ ਸਾਰਾ ਜੀਵਨ ਇਕ ਰਸ ਖ਼ੁਸ਼ੀਆਂ ਵਿਚ ਹੀ ਗੁਜ਼ਰ ਰਿਹਾ ਹੋਵੇ, ਕਿਉਂਕਿ ਹਰ ਬੰਦਾ ਹੀ ਬੇਜ਼ਾਰ ਹੈ ਤੇ ਕਲਪਨਾ ਵਿਚ ਕਲਪ ਰਿਹਾ ਹੈ। ਹਾਂ, ਇਤਨਾ ਕੁ ਅੰਤਰਾ ਜ਼ਰੂਰ ਵੇਖਣ ਵਿਚ ਆਉਂਦਾ ਹੈ ਕਿ ਜੇ ਕੋਈ ਅੱਜ ਖ਼ੁਸ਼ੀ ਮਨਾ ਰਿਹਾ ਤੇ ਸੁਖੀ ਨਜ਼ਰ ਆਉਂਦਾ ਹੈ, ਤਾਂ ਉਸਨੂੰ ਕੱਲ੍ਹ ਜ਼ਰੂਰ ਕਲਪਦਾ ਹੋਇਆ ਵੇਖੀਦਾ ਹੈ, ਕਿਉਂ ਜੀ! ਕੀ ਤੁਹਾਡੀਆਂ ਨਜ਼ਰਾਂ ਵਿਚ ਕੋਈ ਅਜਿਹਾ ਮਨੁੱਖ ਵੇਖਣ ਵਿਚ ਆਇਆ ਹੈ ਜੋ ਕਿ ਆਪਣਾ ਜੀਵਨ ਸਦੀਵੀ ਖ਼ੁਸ਼ੀਆਂ ਵਿਚ ਗੁਜ਼ਾਰਦਾ ਹੋਵੇ, ਜੇ ਕੋਈ ਹੈ ਤਾਂ ਜਾਣਕਾਰੀ ਦਿਓ?

ਉ: ਹੇ ਸਜਨੋਂ! ਤੁਹਾਡਾ ਖ਼ਿਆਲ ਇਤਨਾ ਕੁ ਤਾਂ ਜ਼ਰੂਰ ਮੰਨਣ ਵਿਚ ਆ ਸਕਦਾ ਹੈ ਕਿ ਸੰਸਾਰ ਵਿਚ ਉਨ੍ਹਾਂ ਲੋਕਾਂ ਦੀ ਵਧੇਰੇ ਗਿਣਤੀ ਹੈ ਜੋ ਆਪਣਾ ਸਾਰਾ ਜੀਵਨ ਹੀ ਗ਼ਮਗੀਨਤਾ ਵਿਚ ਗੁਜ਼ਾਰ ਜਾਂਦੇ ਹਨ। ਪਰ, ਇਨ੍ਹਾਂ ਵਿਚ ਇਕ ਹੋਰ ਸ਼੍ਰੇਣੀ ਗੁਰਮੁਖਾਂ ਦੀ ਭੀ ਹੈ ਜਿਨ੍ਹਾਂ ਦਾ ਸਾਰਾ ਜੀਵਨ ਹੀ ਸਦੀਵੀ ਖ਼ੁਸ਼ੀਆਂ ਤੇ ਖੇੜਿਆਂ ਵਿਚ ਗੁਜਰਦਾ ਹੈ। ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ, ਵਧੇਰੇ ਨਹੀਂ, ਪਰ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਅਜਿਹਾ ਸਦੀਵੀ ਖ਼ੁਸ਼ੀਆਂ ਭਰਿਆ ਜੀਵਨ ਗੁਜ਼ਾਰਨ ਵਾਲਾ ਕੋਈ ਅਜਿਹਾ ਮਨੁੱਖ ਹੈ ਹੀ ਨਹੀਂ। ਗੁਰਬਾਣੀ ਦੇ ਹੁਕਮ ਅਨੁਸਾਰ ਇਹ ਤਾਂ ਜ਼ਰੂਰ ਹੀ ਮੰਨਣਾ ਪਵੇਗਾ ਕਿ:

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥
*(ਪੰਨਾ ੧੪੧੧)*

ਅਜਿਹੇ ਗੁਰਮੁਖਾਂ ਦੀ ਸ਼੍ਰੇਣੀ ਗੁਜ਼ਰ ਚੁੱਕੇ ਸਮੇਂ ਵਿਚ ਭੀ ਸੀ, ਅਤੇ ਹੁਣ ਭੀ ਹੈ, ਅਤੇ ਆਉਣ ਵਾਲੇ ਸਮੇਂ ਵਿਚ ਭੀ ਕਾਇਮ ਰਵੇਗੀ। ਪਰ, ਵਧੇਰੇ ਨਹੀਂ ਕਿਉਂਕਿ ਗੁਰੂ ਦਾ ਹੁਕਮ ਹੈ:

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥
*(ਪੰਨਾ ੧੪੨੭)*

ਪ੍ਰ: ਕਿਉਂ ਭਾਈ ਸਾਹਿਬ ਜੀਉ! ਗੁਰਮੁਖਾਂ ਨੂੰ ਇਹ ਸਦੀਵੀ ਖ਼ੁਸ਼ੀਆਂ ਭਰਿਆ ਜੀਵਨ ਗੁਜ਼ਾਰਨ ਦੀ ਦਾਤ ਕਿਥੋਂ ਪ੍ਰਾਪਤ ਹੋਈ ਹੈ?

ੳ: ਹੇ ਸਜਨੋ! ਉਨ੍ਹਾਂ ਗੁਰਮੁਖਾਂ ਦਾ ਨਿਵਾਸ ਸਦਾ ਹੀ ਗੁਰੂ ਦੀ ਸੰਗਤ ਵਿਚ ਰਹਿੰਦਾ ਹੈ, ਜਿਸ ਬਾਰੇ ਉਨ੍ਹਾਂ ਨੂੰ ਗੁਰਬਾਣੀ ਦੁਆਰੇ ਇਹ ਸਰੋਤ ਮਿਲੇ ਹੈ ਕਿ:

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥
*(ਪੰਨਾ ੯੪)*

ਭਾਵ ਹੈ ਜਿਸ ਸੰਗਤ ਵਿਚ ਹਰੀ ਪ੍ਰਭੂ ਦਾ ਖ਼ੁਦ ਹੀ ਨਿਵਾਸ ਹੈ, ਉਥੋਂ ਤਾਂ ਉਨ੍ਹਾਂ ਗੁਰਮੁਖਾਂ ਨੂੰ ਸਦੀਵੀ ਖੇੜਾ ਤੇ ਖ਼ੁਸ਼ੀਆਂ ਦੀ ਹੀ ਦਾਤ ਪ੍ਰਾਪਤ ਹੋਣੀ ਹੈ। ਉਨ੍ਹਾਂ ਗੁਰਮੁਖਾਂ ਨੂੰ ਉਸ ਸੰਗਤ ਵਿਚੋਂ ਇਹ ਸਦਾ ਹੀ ਉਪਦੇਸ਼ ਸੁਣਨ ਲਈ ਮਿਲਦਾ ਹੈ ਕਿ ਸਦੀਵੀ ਖ਼ੁਸ਼ੀ ਭਰਿਆ ਜੀਵਨ ਕੇਵਲ ਸੰਗਤ ਵਿਚ ਮਿਲ ਕੇ ਉਸੇ ਪ੍ਰਭੂ ਦੇ ਗੁਣ ਗਾਉਂਦੇ ਰਹਿਣ ਨਾਲ ਹੀ ਹਾਸਲ ਹੁੰਦਾ ਹੈ, ਬਾਕੀ ਤਾਂ ਧਨ ਦੌਲਤ, ਰਾਜ ਭਾਗ, ਨਾਟਕ ਚੇਟਕ ਵੇਖਣ ਦੇ ਸਾਧਨ ਕੇਵਲ ਸੁਪਨੇ ਮਾਤ੍ਰ ਹੀ ਹਨ:

ਸੁਖੁ ਨਾਹੀ ਬਹੁਤੈ ਧਨਿ ਖਾਟੇ ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥
ਸੁਖੁ ਨਾਹੀ ਬਹੁ ਦੇਸ ਕਮਾਏ ॥
ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥
*(ਪੰਨਾ ੧੧੪੭)*

ਇਸ ਲਈ ਉਨ੍ਹਾਂ ਨੂੰ ਗੁਰਬਾਣੀ ਦੁਆਰੇ ਸੰਗਤ ਵਿਚੋ ਸੰਕੇਤ ਮਿਲ ਗਿਆ ਹੈ:

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ
ਸਾਧ ਸੰਗਤਿ ਜਪਿ ਇਕ ਖਿਨਾ ॥੧॥ਰਹਾਉ॥
*(ਪੰਨਾ ੨੧੦)*

ਕਿ, ਹੇ ਮੇਰੇ ਮਨ! ਸਾਧ ਸੰਗਤ ਤੋਂ ਬਿਨਾਂ ਤੈਨੂੰ ਸਦੀਵੀ ਸੁਖ ਤੇ ਖ਼ੁਸ਼ੀਆਂ ਭਰਿਆ ਜੀਵਨ ਨਹੀਂ ਮਿਲ ਸਕਦਾ, ਇਸ ਲਈ ਗੁਰੂ ਦੀ ਸੰਗਤ ਵਿਚ ਮਿਲ ਕੇ ਸਦਾ ਹੀ ਉਸੇ ਪਰੀ ਪੂਰਨ ਪਰਮੇਸ਼ਰ ਦੇ ਨਾਮ ਦਾ ਸਿਮਰਨ ਕਰਦਾ ਰਹੁ, ਤਾਂਕਿ ਤੈਨੂੰ ਸਦੀਵੀ ਮਾਨਸਿਕ ਸੁਖ ਤੇ ਖ਼ੁਸ਼ੀਆਂ ਭਰਿਆ ਜੀਵਨ ਮਿਲਦਾ ਰਹੇ।

ਪ੍ਰ: ਕਿਉਂ ਜੀ! ਜਦੋਂ ਕਿਸੇ ਨੂੰ ਮਾਨਸਿਕ ਖ਼ੁਸ਼ੀ ਦੀ ਦਾਤ ਸੰਗਤ ਵਿਚੋਂ ਮਿਲ ਜਾਏ ਤਾਂ ਉਸਦੀ ਜੀਵਨ ਸ਼ੈਲੀ ਵਿਚ ਕੀ ਬਦਲ ਆ ਜਾਂਦੀ ਹੈ?

ੳ: ਹੇ ਸਜਨੋ! ਉਹ ਗੁਰਮੁਖ ਉਸੇ ਰੱਬ ਦੀ ਰਜਾ ਵਿਚ ਹੀ ਪ੍ਰਸੰਨ ਰਹਿੰਦਾ ਹੈ। ਬਸ, ਉਸਦੀ ਰਜਾ ਵਿਚ ਜੀਵਨ ਗੁਜ਼ਾਰਦੇ ਰਹਿਣਾ ਹੀ ਇਕ ਪੂਰਨ ਬੰਦਗੀ ਹੈ:

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ *(ਪੰਨਾ ੪)*

ਜੋ ਤੁਧੁ ਭਾਵੈ ਸੋਈ ਚੰਗਾ
ਇਕ ਨਾਨਕ ਕੀ ਅਰਦਾਸੇ ॥੪॥੨॥ *(ਪੰਨਾ ੭੯੫)*

ਬੱਸ, ਹੁਣ ਤਾਂ ਕਿਸੇ ਕਵੀ ਦੇ ਕਥਨ ਅਨੁਸਾਰ ਉਸਦੇ ਮਨ ਦੀ ਭਟਕਣਾ ਹੀ ਮੁੱਕ ਗਈ:

ਆਏ ਕੋ ਹਰਖ ਨਹੀਂ ਗਏ ਕੋ ਸੋਗ ਨਹੀਂ,
ਕੈਸੇ ਨਿਰਦ੍ਵੰਦ ਭਏ ਸਮਝਨੇ ਕੀ ਬਾਤ ਹੈ।
ਦੇਹ ਨੇਹ ਨੇਰੇ ਨਹੀਂ ਲਖਮੀ ਕੋ ਹੇਰੇ ਨਹੀਂ,
ਮਨ ਕਾਹੂੰ ਫੇਰੇ ਨਾਹੀ ਪਾਹਨ ਸਮ ਗਾਤ ਹੈ।
ਲੋਗਨ ਕੀ ਰੀਤ ਨਾਹੀ ਕਾਹੂੰ ਸਿਉਂ ਪ੍ਰੀਤ ਨਹੀ,
ਹਾਰ ਨਾਹੀ ਜੀਤ ਨਾਹੀ ਵਰਣ ਹੈ ਨ ਜਾਤ ਹੈ।
ਐਸੋ ਜਬ ਗਿਆਨ ਹੋਤ ਤਬੈ ਕਿਛੁ ਧਿਆਨ ਹੋਤ,
ਬ੍ਰਹਮ ਕੇ ਸਮਾਨ ਹੋਤ ਬ੍ਰਹਮ ਮੇ ਸਮਾਤ ਹੈ।

ਗੁਰਮੁਖਾਂ ਦੇ ਰੱਬੀ ਮਾਰਗ 'ਤੇ ਚਲਦਿਆਂ-ਚਲਦਿਆਂ ਆਖ਼ਰੀ ਮੰਜ਼ਿਲ 'ਤੇ ਪੁੱਜ ਕੇ ਸੰਤ ਕਬੀਰ ਨੂੰ ਭੀ ਇਹੋ ਕੁਝ ਕਹਿਣਾ ਪਿਆ ਕਿ ਹੇ ਭਾਈਓ! ਸੱਚ ਕਹਿ ਦੇਣ ਵਿਚ ਕੋਈ ਹਰਜ ਨਹੀਂ ਕਿ:

ਅਬ ਤਉ ਜਾਇ ਚਢੇ ਸਿੰਘਾਸਨਿ
ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ
ਕੋਇ ਨ ਸਕੈ ਪਛਾਨੀ ॥੬॥੩॥ *(ਪੰਨਾ ੯੬੯)*

ਭਾਵ ਹੈ ਕਿ ਜਿਸ ਸਿੰਘਾਸਨ 'ਤੇ ਪੁੱਜਣ ਲਈ ਮੈਂ ਜਨਮ ਜਨਮਾਂਤ੍ਰਾਂ ਤੋਂ ਤੁਰਿਆ ਆ ਰਿਹਾ ਸੀ ਹੁਣ ਮੈਂ

ਉਸ ਸਿੰਘਾਸਨ 'ਤੇ ਪੁੱਜ ਗਿਆ ਹਾਂ ਜਿਥੇ ਰਾਮ ਤੇ ਕਬੀਰ ਦੀ ਏਕਤਾ ਹੋ ਚੁੱਕੀ ਹੈ, ਵੱਖਰਾ-ਪਨ ਖ਼ਤਮ ਹੋ ਗਿਆ ਹੈ ਜਿਸ ਕਰਕੇ ਕੋਈ ਪਛਾਣ ਹੀ ਨਹੀ ਸਕਦਾ। ਇਹ ਉਪ੍ਰੋਕਤ ਅਵਸਥਾ ਉਨ੍ਹਾਂ ਗੁਰਮੁਖਾਂ ਦੀ ਹੈ ਜਿਨ੍ਹਾਂ ਨੂੰ ਸਾਧ ਸੰਗਤ ਵਿਚੋਂ ਸੱਚਾ ਸੁਖ ਤੇ ਸੱਚੀ ਖ਼ੁਸ਼ੀ ਪ੍ਰਾਪਤ ਹੋ ਚੁੱਕੀ ਹੈ। ਹੇ ਭਾਈ! ਜਦੋਂ ਮੈਂ ਦੂਜੇ ਪਾਸੇ ਉਨ੍ਹਾਂ ਲੋਕਾਂ ਵੱਲ ਨਜ਼ਰ ਮਾਰਦਾ ਹਾਂ ਜੋ ਕਿ ਸਾਧ ਸੰਗਤ ਤੋਂ ਵੱਖਰੇ ਰਹਿ ਕੇ ਜੀਵਨ ਗੁਜ਼ਾਰਦੇ ਹਨ, ਉਹ ਮੈਨੂੰ ਇਉਂ ਹੀ ਪ੍ਰਤੀਤ ਹੁੰਦੇ ਹਨ ਜਿਵੇਂ ਕਿ ਇਸ ਸੰਸਾਰ ਵਿਚ:

(੧) ਪਰਜਾ ਤੇ ਰਾਜਾ ਦੇ ਰੂਪ ਵਿਚ (ਸ੍ਰਿਸ਼ਟੀ ਦੀ ਖੇਡ ਹੈ।) ਰਾਜਾ ਦੇ ਨੌਕਰ ਬਣੇ ਅਹਿਲਕਾਰ ਕੁੱਤਿਆਂ ਵਾਂਗ ਰਾਜੇ ਦੀ ਦੋਹੀ ਫੇਰਦੇ ਹਨ।

(੨) ਜੰਮਣ ਸਮੇਂ ਖ਼ੁਸ਼ੀ ਦੇ ਗੀਤ ਗਾਉਂਦੇ ਹਨ, ਨਾਨਕੇ ਦਾਦਕੇ ਦੋਹਾਂ ਵਲੋਂ ਇਕ ਦੂਜੇ ਨੂੰ ਵਧਾਈਆਂ ਦੇਂਦੇ ਹਨ।

(੩) ਵਿਆਹਾਂ ਤੇ ਦੁਵੱਲੀਓਂ ਸਿੱਠਣੀਆਂ ਦੇਂਦੇ ਤੇ ਦੋਵੇਂ ਪਾਸੇ ਖ਼ੁਸ਼ੀ ਦੇ ਗੀਤ ਤੇ ਵਾਜੇ ਵਜਾਏ ਜਾਂਦੇ ਹਨ।

ਹੇ ਭਾਈਓ! ਇਹ ਤਾਂ ਮੈਂ ਸੰਸਾਰ ਦੀ ਖ਼ੁਸ਼ੀ ਭਰੀ ਦਸ਼ਾ ਵੇਖਦਾ ਹਾਂ, ਫਿਰ ਜਦੋਂ ਦੂਜੇ ਪਾਸੇ ਨਿਗਾਹ ਮਾਰਦਾ ਹਾਂ ਤਾਂ ਦੁਖਦਾਈ ਹਾਲਤ ਇਉਂ ਵੇਖਣ ਵਿਚ ਆਉਂਦੀ ਹੈ ਕਿ:

(੪) (ਜੰਮਣ ਤੇ ਸੰਸਾਰੀ ਲੋਕ ਖ਼ੁਸ਼ੀਆਂ ਮਨਾਉਂਦੇ, ਤੇ ਇਸੇ ਤਰ੍ਹਾਂ ਮੌਤ ਹੋਣ 'ਤੇ) ਮੋਇਆਂ ਨੂੰ ਰੋਂਦੇ, ਪਿਟਦੇ ਤੇ ਵੈਣ ਪਾਉਂਦੇ। ਨੈਣ ਅਲਾਹਣੀਆਂ ਦੇ ਦੇ ਸਭ ਨੂੰ ਪਿਟਾਉਂਦੀ ਤੇ ਹਾਇ ਹਾਇ ਕਰਾਉਂਦੀ (ਧੁੰਮ ਧਮਾਉਂਦੀ ਹੈ)।

(੫) (ਹੇ ਪਿਆਰੇ! ਜਦੋਂ ਮੈਂ ਸਾਧ ਸੰਗਤ ਵਲ ਨਜ਼ਰ ਮਾਰਦਾ ਹਾਂ ਤਾਂ) ਉਸ ਸੰਗਤ ਵਿਚ ਸਦਾ ਹੀ ਸੱਚਾ ਅਨੰਦ ਹੁੰਦਾ ਹੈ, ਜਿਸ ਕਰਕੇ ਗੁਰਮੁਖ ਸਦਾ ਹੀ ਸਾਧ ਸੰਗਤ ਵਿਚ ਜੁੜਦੇ ਹਨ ਤੇ ਸ਼ਬਦ ਵਿਚ ਸੁਰਤੀ ਜੋੜ ਕੇ (ਸੰਸਾਰ ਦੀਆਂ ਇਨ੍ਹਾਂ ਦੋਹਾਂ ਹਾਲਤਾਂ ਖ਼ੁਸ਼ੀ ਤੇ ਗ਼ਮੀ ਤੋਂ) ਦੂਰ ਰਹਿੰਦੇ ਹਨ।

(੬) (ਉਨ੍ਹਾਂ ਗੁਰਮੁਖਾਂ ਦੀ ਆਤਮਾ) ਵੇਦ ਕਤੇਬਾਂ ਵਿਚ ਖਚਤ ਨਹੀਂ ਹੁੰਦੀ, ਤੇ ਉਹ ਜੰਮਣ ਮਰਨ (ਦੋਹਾਂ ਅਵਸਥਾਂ ਤੋਂ) ਨਿਰਲੇਪ ਰਹਿੰਦੇ ਹਨ।

(੭) ਉਹ (ਸੰਸਾਰ ਦੀਆਂ) ਆਸ਼ਾਂ ਵਿਚ ਨਿਰਾਸ ਰਹਿੰਦੇ ਹਨ।੧੪।

***ਭਾਵਾਰਥ :*** ਰਾਜਾ, ਪਰਜਾ ਦੇ ਜਨਮ ਮਰਨ ਵਿਖੇ ਹਰਖ ਸੋਗ ਬਣਿਆ ਰਹਿੰਦਾ ਹੈ, ਪਰ ਸਾਧ ਸੰਗਤ ਵਿਚ ਸੱਚਾ ਸੋਹਿਲਾ ਸਦਾ ਅਨੰਦ ਬਣਿਆ ਰਹਿੰਦਾ ਹੈ। ਇਸ ਭਾਵ ਨੂੰ ਭਗਤ ਰਵਿਦਾਸ ਜੀ ਨੇ ਨਿਸਚਤ ਵਾਕਾਂ ਵਿਚ ਅੰਕਿਤ ਕੀਤਾ ਹੈ ਕਿ ਜਿਥੇ ਮੈਂ ਹੁਣ ਨਿਵਾਸ ਕਰਦਾ ਹਾਂ ਉਸ ਦੀ ਰੂਪ ਰੇਖਾ ਇਸ ਪ੍ਰਕਾਰ ਦੀ ਹੈ:

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥

*(ਪੰਨਾ ੩੪੫)*

ਵੇਦਾਂ ਕਤੇਬਾਂ ਤੇ ਬਾਹਰ ਜਨਮ ਮਰਨ ਤੋਂ ਅਲੇਪ ਆਤਮਾ ਉਥੇ ਟਿਕਿਆ ਰਹਿੰਦਾ ਹੈ। ਇਸੇ ਲਈ ਗੁਰਮੁਖ ਆਸਾ ਵਿਖੇ ਰਹਿ ਕੇ ਭੀ ਸਦਾ ਨਿਰਲੇਪ ਰਹਿੰਦੇ ਹਨ।

## ੧੫. ਗੁਰਮੁਖ ਤੇ ਮਨਮੁਖ

**੧. ਗੁਰਮੁਖ ਪੰਥ ਸੁਹੇਲੜਾ**
**ਮਨਮੁਖ ਬਾਰਹ ਵਾਟ ਫਿਰੰਦੇ।**
**੨. ਗੁਰਮੁਖ ਪਾਰ ਲੰਘਾਇਦਾ**
**ਮਨਮੁਖ ਭਵਜਲ ਵਿੱਚ ਡੁਬੰਦੇ।**
**੩. ਗੁਰਮੁਖ ਜੀਵਨ ਮੁਕਤ ਕਰ**
**ਮਨਮੁਖ ਫਿਰ ਫਿਰ ਜਨਮ ਮਰੰਦੇ।**
**੪. ਗੁਰਮੁਖ ਸੁਖ ਫਲ ਪਾਇੰਦੇ**
**ਮਨਮੁਖ ਦੁਖ ਫਲ ਦੁੱਖ ਲਹੰਦੇ।**
**੫. ਗੁਰਮੁਖ ਦਰਗਹਿ ਸੁਰਖ-ਰੂ**
**ਮਨਮੁਖ ਜਮਪੁਰ ਡੰਡ ਸਹੰਦੇ।**
**੬. ਗੁਰਮੁਖ ਆਪ ਗਵਾਇਆ**
**ਮਨਮੁਖ ਹਉਮੈਂ ਅਗਨਿ ਜਲੰਦੇ।**
**੭. ਬੰਦੀ ਅੰਦਰ ਵਿਰਲੇ ਬੰਦੇ॥੧੫॥**

***ਪਦ ਅਰਥ :*** ਪੰਥ ਸੁਹੇਲੜਾ—ਸੌਖਾ ਰਸਤਾ। ਬਾਰਹ ਵਾਟ—ਜੋਗੀਆਂ ਦੇ ੧੨ ਪੰਥ ਜਾ ਹੋਰ ਅਨੇਕਾਂ ਮਤਾਂ ਦੇ ਰਾਹਾਂ ਪਰ ਬਿਨਾਂ ਸੋਚੇ ਸਮਝੇ ਚਲਣਾ। ਸੁਰਖ-ਰੂ—ਨਿਰਦੋਸ਼, ਬਰੀ ਹੋਣ ਵਾਂਗ, ਜਿਮੇਵਾਰੀ ਮੁੱਕ ਜਾਣੀ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਗੁਰਬਾਣੀ ਦਾ ਪਾਠ ਕਰਦਿਆਂ 'ਗੁਰਮੁਖ' ਅਤੇ 'ਮਨਮੁਖ' ਸ਼ਬਦ ਦੀ ਬਾਰ ਬਾਰ ਵਰਤੋਂ ਕੀਤੀ ਪੜ੍ਹਨ ਵਿਚ ਆਉਂਦੀ ਹੈ, ਪਰ ਸਾਨੂੰ ਇਨ੍ਹਾਂ ਦੇ ਸਹੀ ਅਰਥਾਂ ਦੀ ਵਧੇਰੇ ਜਾਣਕਾਰੀ ਨਹੀਂ, ਬੱਸ ਇਤਨੇ ਮਾਤਰ ਹੀ ਬੋਧ ਹੈ, ਜਿਵੇਂ ਕਿ ਕਿਹਾ ਜਾਂਦਾ ਹੈ ਕਿ ਉਹ ਫਲਾਂ ਮਨੁੱਖ ਬੜਾ ਗੁਰਮੁਖ ਹੈ, ਅਤੇ ਦੂਸਰਾ ਆਦਮੀ ਮਨਮੁਖ ਹੈ, ਪਰ ਇਸ ਤੋਂ ਵੱਧ ਹੋਰ ਕੋਈ ਬੋਧ ਨਹੀਂ; ਕਿਉਂ ਜੀ ! ਕੀ ਇਨ੍ਹਾਂ ਦੋਹਾਂ ਹੀ ਸ਼ਬਦਾਂ ਦੀ ਸਹੀ ਰੂਪ ਰੇਖਾ ਤੋਂ ਜਾਣੂ ਕਰਾਉਣ ਦੀ ਖੇਚਲ ਕਰੋਗੇ ?

ਉ: ਹੇ ਭਾਈਓ ! ਇਹ ਜੋ ਗੁਰਮੁਖ ਤੇ ਮਨਮੁਖ ਦੋ ਵਿਅਕਤੀਆਂ ਹਨ, ਜੇ ਇਨ੍ਹਾਂ ਦੋਹਾਂ ਵੱਲ ਅਸਥੂਲ ਦ੍ਰਿਸ਼ਟੀ ਨਾਲ ਤੱਕਿਆ ਜਾਵੇ ਤਾਂ ਇਹਨਾਂ ਦੇ ਸਰੀਰਕ ਆਕਾਰਾਂ ਵਿਚ ਤਾਂ ਕੋਈ ਅੰਤਰਾ ਨਹੀਂ, ਕਿਉਂਕਿ ਦੋਵੇਂ ਸਰੀਰ ਮਾਇਕੀ ਪੰਜਾਂ ਤੱਤਾਂ ਤੋਂ ਬਣੇ ਹੋਏ ਹਨ, ਪਰ ਜਦੋਂ ਇਨ੍ਹਾਂ ਦੀ ਮਾਨਸਿਕ ਕ੍ਰਿਆ ਵੱਲ ਤੱਕਿਆ ਜਾਵੇ ਤਾਂ ਬਹੁਤ ਫ਼ਰਕ ਆਵੇਗਾ।

ਜਿਵੇਂ ਕਿ ਅਸੀਂ ਸੋਨੇ ਤੇ ਮਲੱਮੇਂ ਦੇ ਬਣੇ ਹੋਏ ਗਹਿਣਿਆਂ ਵੱਲ ਦੂਰੋਂ ਤੱਕੀਏ ਤਾਂ ਸਮਾਨ ਹੀ ਦਿਸਦੇ ਹਨ, ਪਰ ਕਸਵੱਟੀ ਰਾਹੀਂ ਪਰਖਿਆਂ ਬੜਾ ਅੰਤਰਾ ਨਜ਼ਰ ਆਉਂਦਾ ਹੈ। ਜਾਂ ਇਉਂ ਭੀ ਕਹਿ ਸਕਦੇ ਹਾਂ ਕਿ ਸਾਡੇ ਸਾਹਮਣੇ ਕਾਂ ਤੇ ਕੋਇਲ ਦੋ ਪੰਛੀ ਬੈਠੇ ਹਨ, ਵੇਖਣ ਵਿਚ ਦੋਵੇਂ ਹੀ ਇਕੋ ਕਾਲੇ ਰੰਗ ਦੇ ਨਜ਼ਰ ਆਉਂਦੇ ਹਨ, ਪਰ ਉਨ੍ਹਾਂ ਦੋਵੇਂ ਪੰਛੀਆਂ ਦੀ ਆਵਾਜ਼ ਤੋਂ ਬਹੁਤ ਅੰਤਰਾ ਦਿਸ ਆਵੇਗਾ ਕਿਉਂਕਿ ਕੋਇਲ ਦੀ ਆਵਾਜ਼ ਵਿਚ ਸੰਗੀਤ ਹੈ ਤੇ ਕਾਂ ਦੀ ਆਵਾਜ਼ ਵਿਚ ਬੇਸੁਰਾ, ਕੁਰੱਖਤ ਪੁਣਾ ਹੈ। ਇਸੇ ਤਰ੍ਹਾਂ ਗੁਰਮੁਖ ਤੇ ਮਨਮੁਖ ਦੇ ਸੁਭਾਓ ਤੇ ਵਰਤਾਓ ਦੀ ਮਾਨਸਿਕ ਕਿਰਿਆ ਵਿਚ ਬੜਾ ਅੰਤਰਾ ਹੈ।

ਜੇ ਹੁਣ ਅਸੀਂ ਸੁਭਾਵਿਕ ਤੌਰ ਪਰ ਗੁਰਮੁਖ ਸ਼ਬਦ ਦੇ ਅੱਖਰੀ ਅਰਥਾਂ ਵੱਲ ਧਿਆਨ ਦੇਵੀਏ ਤਾਂ ਇਸਦਾ ਭਾਵਾਰਥ ਇਉਂ ਦਿਸ ਆਵੇਗਾ :

'ਗੁਰਮੁਖ' ਭਾਵ ਹੈ ਕਿ ਜੋ ਗੁਰੂ ਨੂੰ ਮੁਖੀ ਬਣਾ ਕੇ, ਆਗੂ ਬਣਾ ਪਿਛੇ ਪਿਛੇ ਟੁਰਦਾ ਹੈ, ਅਰਥਾਤ ਜੋ ਗੁਰੂ ਦੇ ਮੁਖੋਂ ਉਪਦੇਸ਼ ਨਿਕਲਿਆ ਹੈ ਉਸਦੇ ਅਨੁਸਾਰੀ ਹੋ ਕੇ ਜੋ ਭੀ ਜੀਵਨ ਗੁਜ਼ਾਰਨ ਵਾਲਾ ਹੈ, ਗੁਰਮਤ ਦੀ ਭਾਸ਼ਾ ਵਿਚ ਉਸਨੂੰ ਗੁਰਮੁਖ ਕਿਹਾ ਗਿਆ ਹੈ। ਇਸ ਤੋਂ ਉਲਟ ਕ੍ਰਿਆ ਕਰਨ ਵਾਲੇ ਨੂੰ ਮਨਮੁਖ ਦੇ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਹੈ।

'ਮਨਮੁਖ' ਭਾਵ ਹੈ ਕਿ ਜੋ ਮਨੁੱਖ ਆਪਣੇ ਮਨ ਨੂੰ ਮੁਖੀ, ਆਗੂ ਬਣਾ ਕੇ ਉਸਦੇ ਪਿਛੇ ਟੁਰਦਾ ਹੈ, ਅਰਥਾਤ, ਜੋ ਮਨ ਦਾ ਗ਼ੁਲਾਮ ਹੋ ਉਸੇ ਦੇ ਹੁਕਮ ਅਨੁਸਾਰ ਚਲਦਾ ਹੈ ਉਸਨੂੰ ਮਨਮੁਖ ਕਿਹਾ ਗਿਆ ਹੈ। ਪਰ ਸਿਆਣਿਆਂ ਨੇ ਤਾਂ ਮਨ ਦੇ ਮਗਰ ਲੱਗ ਕੇ ਜੀਵਨ ਗੁਜ਼ਾਰਦੇ ਰਹਿਣ ਵਲੋਂ ਥਾਂ ਥਾਂ ਰੋਕ ਲਾਈ ਹੈ, ਇਕ ਦੂਰ-ਅੰਦੇਸ਼ ਕਵੀ ਲਿਖਦਾ ਹੈ ਕਿ :

ਮਨ ਕੇ ਮਗਰ ਨ ਲਗੀਏ, ਮਨ ਕੇ ਮੱਤੇ ਅਨੇਕ ॥
ਮਨ ਕੇ ਮਾਰੇ ਮਰ ਗਏ, ਕਾਜ਼ੀ ਮੁੱਲਾਂ ਸ਼ੇਖ ॥

ਪਰ ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਅਜਿਹੇ ਮਨਮੁਖਾਂ ਲਈ ਬਹੁਤ ਵੱਡੀ ਸਖ਼ਤ ਸਜ਼ਾ ਨੀਅਤ ਕਰ ਦਿੱਤੀ ਹੈ ਜਿਵੇਂ ਕਿ :

ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥ *(ਪੰਨਾ ੧੦੭੩)*

ਭਾਵ ਮਨ ਦੇ ਗ਼ੁਲਾਮ ਹੋ ਕੇ ਜੋ ਜੀਵਨ ਗੁਜ਼ਾਰਨ ਵਾਲੇ ਹਨ, ਉਨ੍ਹਾਂ ਨੂੰ ਸਦਾ ਹੀ ਜੰਮਣ ਮਰਨ ਦਾ ਕਸ਼ਟ ਸਹਾਰਨਾ ਪਵੇਗਾ, ਪਰ ਗੁਰਮੁਖ ਬਾਰ ਬਾਰ ਜੰਮਣ ਮਰਨ ਦੇ ਚੱਕਰ ਵਲੋਂ ਆਜ਼ਾਦ ਹੋ ਗਏ ਹਨ। ਇਹ ਐਸਾ ਕਿਉਂ ਹੋਇਆ ? ਕਿਉਂਕਿ ਇਨ੍ਹਾਂ ਦੇ ਮਾਰਗ ਵੱਖੋ ਵੱਖ ਹਨ, ਜੋ ਮੈਨੂੰ ਇਉਂ ਅਨੁਭਵ ਹੋਏ ਹਨ, ਜਿਵੇਂ ਕਿ :

(੧) (ਹੇ ਭਾਈਓ !) ਗੁਰਮੁਖ ਆਪਣੇ ਗੁਰਮੁਖੀ ਮਾਰਗ 'ਤੇ ਚਲ ਕੇ ਬੜੇ ਸੁਖੀ ਹੁੰਦੇ ਹਨ ਤੇ ਮਨਮੁਖ ਹੋਰ ਹੋਰ ਮਤ-ਮਤਾਂਤਰਾਂ ਵਿਚ ਫਿਰਦੇ ਭਟਕਦੇ ਤੇ ਖ਼ੁਆਰ ਹੁੰਦੇ ਹਨ।

ਪ੍ਰ: ਕਿਉਂ ਜੀ ! ਇਨ੍ਹਾਂ ਦੀ ਸੰਗਤ ਕਰਦੇ ਰਹਿਣ ਵਾਲਿਆਂ ਨੂੰ ਕੀ ਫਲ ਮਿਲਦਾ ਹੈ ?

(੨) ਉ: (ਹੇ ਪਿਆਰੇ !) ਗੁਰਮੁਖ ਦੀ ਸੰਗਤ ਜਗਜਾਸੂ (ਸਿੱਖਿਆ ਲੈਣ ਵਾਲੇ ਨੂੰ) ਪਾਰ ਲਾਉਂਦੀ ਹੈ, ਪਰ ਮਨਮੁਖ (ਆਪਣੀ ਮਤ ਨੂੰ ਮੁਖ ਰੱਖਣ ਵਾਲੇ ਬਿਨਾਂ ਪ੍ਰਭੂ ਦੇ ਸੱਚੇ ਸਹਾਰੇ ਤੋਂ) ਭਵਜਲ (ਚਿੰਤਾਂ ਫ਼ਿਕਰਾਂ ਤੇ ਭਰਮਾਂ) ਦੇ ਵਿਚ ਹੀ ਖ਼ਤਮ ਹੋ ਜਾਂਦੇ ਹਨ।

(੩) ਗੁਰਮੁਖ ਦੀ ਸੰਗਤ ਤੇ ਉਪਦੇਸ਼ ਜਗਜਾਸੂ ਨੂੰ ਜੀਵਨ ਮੁਕਤੀ ਦੀ ਪਦਵੀ 'ਤੇ ਪਹੁੰਚਾਉਂਦਾ ਹੈ, ਪਰ ਮਨਮੁਖ ਮਰ ਮਰ ਕੇ ਜੰਮਣ ਤੇ ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ।

(੪) ਗੁਰਮੁਖ (ਆਪਣੀ ਸੱਚੀ ਕਰਨੀ ਵਾਲੇ) ਸੁਖ ਫਲ ਪ੍ਰਾਪਤ ਕਰਦਾ ਹੈ, ਤੇ ਮਨਮੁਖ ਨੂੰ (ਉਸਦੇ ਕਰਮਾਂ ਦਾ ਫਲ) ਦੁਖ ਹੀ ਪ੍ਰਾਪਤ ਹੁੰਦਾ ਹੈ।

(੫) ਗੁਰਮੁਖ (ਪ੍ਰਭੂ ਦੀ) ਦਰਗਾਹ ਵਿਚ ਨਿਰਦੋਸ਼ (ਸੁਰਖਰੂ) ਸਾਬਤ ਹੁੰਦੇ ਹਨ ਤੇ ਮਨਮੁਖ (ਗੁਨਾਹਗਾਰ ਸਾਬਤ ਹੋ ਕੇ) ਜਮਾਂ ਦੇ ਦੰਡ (ਸਜ਼ਾਵਾਂ) ਪਾਉਂਦੇ ਹਨ।

(੬) ਗੁਰਮੁਖ ਆਪਾ-ਭਾਵ ਗਵਾ ਕੇ (ਸ਼ੁਭ ਗੁਣਾਂ ਦੇ ਧਾਰਨੀ ਹੁੰਦੇ ਹਨ) ਅਤੇ ਮਨਮੁਖ ਹੰਕਾਰੀ ਬਣ ਕੇ ਹਉਮੈਂ ਦੀ ਅੱਗ ਨਾਲ ਸੰਸਾਰ ਵਿਚ ਵੀ ਕਰੁੱਝਦੇ ਤੇ ਸੜਦੇ ਰਹਿੰਦੇ ਹਨ, ਤੇ ਅੱਗੋਂ ਦਰਗਾਹ ਵਿਚ ਵੀ ਸਜ਼ਾਵਾਂ ਪਾਉਂਦੇ ਹਨ।

(੭) ਪਰ, ਪ੍ਰਭੂ ਦੀ ਬੰਦਗੀ ਵਿਚ ਵਿਰਲੇ ਬੰਦੇ ਹੀ ਲਗਦੇ ਹਨ।੧੫।

*ਭਾਵਾਰਥ :* ਗੁਰਮੁਖਾਂ ਦੀ ਇਹ ਧਾਰਨਾ ਹੈ ਕਿ ਉਹ ਹਰ ਚੰਗਾ ਕਰਮ ਕਰਕੇ ਭੀ ਆਪਣੀ ਹਉਮੈਂ ਨਹੀਂ ਜਣਾਉਂਦੇ, ਸਗੋਂ ਉਨ੍ਹਾਂ ਦੀ ਅੰਦਰੂਨੀ ਭਾਵਨਾ ਇਹੋ ਹੁੰਦੀ ਹੈ ਕਿ :

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥੬੨॥
*(ਪੰਨਾ ੧੩੬੭)*

ਭਾਵ ਹਰ ਕ੍ਰਿਆ ਕਰਦੇ ਹੋਏ ਭੀ ਆਪਣੇ ਆਪ ਨੂੰ ਕਦੀ ਨਹੀਂ ਜਣਾਉਂਦੇ। ਪਰ ਮਨਮੁਖਾਂ ਦੀ ਇਹ ਮਨ ਅੰਦਰ ਸਦਾ ਹੀ ਭਾਵਨਾ ਬਣੀ ਰਹਿੰਦੀ ਹੈ ਕਿ :

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
*(ਪੰਨਾ ੩੯)*

ਇਸੇ ਲਈ ਗੁਰਮੁਖ ਦੋਹੀਂ ਜਹਾਨੀ ਸੁਰਖਰੂ ਹਨ, ਅਤੇ ਮਨਮੁਖ ਦੋਹਾਂ ਲੋਕਾਂ ਵਿਚ ਸਜ਼ਾ ਭੁਗਤਣ ਦੇ ਹੱਕਦਾਰ ਬਣੇ ਰਹਿੰਦੇ ਹਨ।

## ੧੬. ਗੁਰਸਿੱਖ, ਸੱਚੀ ਸੁਹਾਗਣ ਦੇ ਰੂਪ ਵਿਚ

**੧. ਪੇਵਕੜੈ ਘਰ ਲਾਡਲੀ**
**ਮਾਊ ਪੀਊ ਖਰੀ ਪਿਆਰੀ।**
**੨. ਵਿੱਚ ਭਰਾਵਾਂ ਭੈਨੜੀ**
**ਨਾਨਕ ਦਾਦਕ ਸਣ ਪਰਵਾਰੀ।**
**੩. ਲੱਖਾਂ ਖਰਚ ਵੀਵਾਹੀਐ**
**ਗਹਿਣੇ ਦਾਜ ਸਾਜ ਅਤਿ ਭਾਰੀ।**
**੪. ਸਾਹੁਰੜੈ ਘਰ ਮੰਨੀਐ**
**ਸਨਖੱਤੀ ਪਰਵਾਰ ਸੁਧਾਰੀ।**
**੫. ਸੁਖ ਮਾਣੈ ਪਿਰ ਸੇਜੜੀ**
**ਛੱਤੀ ਭੋਜਨ ਸਦਾ ਸੀਗਾਰੀ।**
**੬. ਲੋਕ ਵੇਦ ਗੁਣ ਗਿਆਨ ਵਿਚ**
**ਅਰਧ ਸਰੀਰੀ ਮੋਖ ਦੁਆਰੀ।**
**੭. ਗੁਰਮੁਖ ਸੁਖ ਫਲ ਨਿਹਚਉ ਨਾਰੀ ॥੧੬॥**

***ਪਦ ਅਰਥ :*** ਮਾਊ ਪੀਊ—ਮਾਤਾ ਪਿਤਾ। ਭੈਨੜੀ—ਭੈਣ। ਸਨਖੱਤੀ—ਭਾਗਾਂ ਵਾਲੀ ਸੁਹਾਗਣੀ ਨੂੰਹ। ਨਿਹਚਉ ਨਾਰੀ—ਪਤੀਬ੍ਰਤ ਧਰਮ ਵਾਲੀ ਇਸਤ੍ਰੀ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੂੰ ਤਾਂ ਆਮ ਤਜਰਬਾ ਹੈ, ਕੀ ਇਹ ਦਸੋਗੇ ਕਿ ਗੁਰਸਿੱਖ ਤੇ ਆਮ ਲੋਕਾਂ ਦੇ ਜੀਵਨ ਵਿਚ ਕਿਤਨਾ ਕੁ ਮੱਤਭੇਦ ਹੈ, ਕਿਉਂਕਿ ਸਾਨੂੰ ਤਾਂ ਬਾਹਰੋਂ ਤੱਕਣ ਵਿਚ ਸਮਾਨਤਾ ਹੀ ਨਜ਼ਰ ਆਉਂਦੀ ਹੈ?

ਉ: ਹੇ ਭਾਈਓ! ਇਹ ਠੀਕ ਹੈ ਕਿ ਬਾਹਰੋਂ ਵੇਖਣ ਵਿਚ ਬਰਾਬਰੀ ਦਿਸਦੀ ਹੈ, ਪਰ ਇਨ੍ਹਾਂ ਦੀ ਅੰਤਰੀਵ ਜੀਵਨ-ਸ਼ੈਲੀ ਵਿਚ ਬਹੁਤ ਅੰਤਰਾ ਵੇਖਣ ਵਿਚ ਆਉਂਦਾ ਹੈ ਜਿਵੇਂ ਤੁਸੀਂ ਵੇਖਦੇ ਹੋ ਕਿ ਤੁਹਾਡੇ ਪ੍ਰਤੱਖ ਵੇਖਣ ਵਿਚ ਕਈ ਕੱਚ ਦੀਆਂ ਬੋਤਲਾਂ ਭਰੀਆਂ ਪਈਆਂ ਨਜ਼ਰ ਆਉਂਦੀਆਂ ਹਨ, ਪਰ ਉਨ੍ਹਾਂ ਵਿਚ ਕੀ ਕੁਝ ਹੈ ਇਹ ਪੜਚੋਲ ਕਰਨ ਤੋਂ ਹੀ ਜਾਣਕਾਰੀ ਮਿਲੇਗੀ। ਇਸੇ ਹੀ ਤਰ੍ਹਾਂ ਗੁਰਮੁਖ ਤੇ ਗੁਰਸਿੱਖ ਦੇ ਅੰਤਰ ਆਤਮੇ ਦੈਵੀ ਗੁਣਾਂ ਦੀ ਪ੍ਰਧਾਨਤਾ ਹੋਇਆ ਕਰਦੀ ਹੈ, ਜੋ ਕਿ ਅਸੀਂ ਆਮ ਲੋਕਾਂ ਦੇ ਜੀਵਨਾਂ ਵਿਚ ਨਹੀਂ ਵੇਖ ਸਕਦੇ। ਸੋ, ਇਨ੍ਹਾਂ ਸ਼ੁਭ ਗੁਣਾਂ ਦੀ ਬਹੁਲਤਾ ਕਰਕੇ ਬਾਣੀ ਵਿਚ ਗੁਰਮੁਖ ਤੇ ਗੁਰਸਿੱਖਾਂ ਦੇ ਜੀਵਨ ਨੂੰ ਤੱਕ ਕੇ ਸਤਿਗੁਰੂ ਜੀ ਨੇ ਸੱਚੀ ਸੁਹਾਗਣ ਦੇ ਜੀਵਨ ਨਾਲ ਤੁਲਨਾ ਦਿੱਤੀ ਹੈ, ਜਿਵੇਂ ਸੁਹਾਗਣ ਹਰ ਥਾਂ ਹੀ ਮਾਣ ਸਤਿਕਾਰ ਪ੍ਰਾਪਤ ਕਰਦੀ ਹੈ। ਇਵੇਂ ਹੀ

ਗੁਰਸਿੱਖ ਭੀ ਹਰ ਥਾਂ ਹੀ ਆਦਰ ਹਾਸਲ ਕਰਦਾ ਹੈ। ਉਨ੍ਹਾਂ ਗੁਰਮੁਖ ਗੁਰਸਿੱਖਾਂ ਦੀ ਜੀਵਨ ਸ਼ੈਲੀ ਵੱਲ ਤੱਕ ਕੇ ਹੀ ਮੇਰੇ ਅੰਦਰ ਭੀ ਇਕ ਅਜਿਹੀ ਉਤਸ਼ਾਹ ਭਰੀ ਲਹਿਰ ਵੱਗ ਟੁਰਦੀ ਹੈ ਜਿਸਨੂੰ ਮੈਂ ਕਿਸੇ ਸੁਹਾਗਣ ਦੇ ਜੀਵਨ ਦਾ ਉਦਾਹਰਣ ਦੇ ਕੇ ਪ੍ਰਗਟਾਉਣ ਦਾ ਉਪਰਾਲਾ ਕਰਦਾ ਹਾਂ, ਜਿਵੇਂ ਕਿ ਇਕ ਸੁਹਾਗਣ:

(੧) ਪੇਕਿਆਂ ਦੇ ਘਰ ਵਿਚ ਲਾਡਾਂ ਨਾਲ ਪਲੀ ਤੇ ਮਾਤਾ ਪਿਤਾ ਦੀ ਅਤਿ (ਖਰੀ) ਪਿਆਰੀ ਧੀ ਹੈ। (ਏਸੇ ਤਰ੍ਹਾਂ ਪੇਕਾ ਘਰ ਸੰਸਾਰ ਹੈ, ਗੁਰਮੁਖ ਰੂਪ ਸੁਹਾਗਣ ਇਸਤ੍ਰੀ ਇਸ ਸੰਸਾਰ ਅੰਦਰ ਭੀ ਸਦਾ ਸੁਖ ਪਾਉਂਦੀ ਹੈ।)

(੨) ਜਿਵੇਂ ਭਰਾਵਾਂ ਦੀ ਚੰਗੀ ਭੈਣ ਨਾਨਕੇ ਦਾਦਕੇ ਪਰਿਵਾਰਾਂ ਦੇ ਸਹਿਤ ਸੁਖ ਪਾਉਂਦੀ ਹੈ। ਇਸੇ ਤਰ੍ਹਾਂ ਉਹ ਗੁਰਮੁਖ ਦੋ ਭਰਾ ਹਨ ਗਿਆਨ ਤੇ ਨਾਨਕੇ, ਦਾਦਕੇ, ਸ਼ਰਧਾ ਤੇ ਅਭਿਆਸ, ਇਸ ਪਰਿਵਾਰ ਦੇ ਸਹਿਤ ਗੁਰਮੁਖ ਸੰਸਾਰ ਰੂਪੀ ਪੇਕੇ ਘਰ ਵਿਚ ਭੀ ਸੁਖ ਹੀ ਮਾਣਦੇ ਹਨ।

(੩) ਲੱਖਾਂ ਰੁਪਏ ਖ਼ਰਚ ਕੇ ਗਹਿਣੇ ਅਰ ਦਾਜ ਤੇ ਸਾਜ ਦੇ ਕੇ ਭਾਰੀ ਸਮਾਨ ਨਾਲ ਵਿਆਹੀ ਜਾਂਦੀ ਹੈ।

(੪) (ਉਹ ਗੁਰਮੁਖ) ਸਹੁਰੇ ਘਰ (ਸਤਿਸੰਗ ਜਾਂ ਪ੍ਰਲੋਕ ਵਿਚ) ਉਹ (ਆਪਣੇ ਸ਼ੁਭ ਗੁਣਾਂ ਕਰਕੇ) ਮੰਨੀ ਜਾਂਦੀ ਹੈ, ਤੇ ਸਹੁਰੇ ਘਰ ਦੇ ਪਰਿਵਾਰ ਨੂੰ ਭੀ ਸੁਆਰ ਦੇਂਦੀ ਭਾਵ ਸਫਲ ਕਰ ਦੇਂਦੀ ਹੈ। (ਸਹੁਰਿਆਂ ਵਲੋਂ ਸਲਾਹੀ ਜਾਂਦੀ ਹੈ ਕਿ ਇਹ ਭਲੇ ਕੁਲ-ਘਰ ਦੀ ਧੀ ਅਤੇ ਬਹੂ ਹੈ।)

(੫) (ਉਹ) ਪਿਰ ਦੇ ਸੰਗ ਵੀ ਸੇਜਾ 'ਤੇ ਸੁਖ ਮਾਣਦੀ ਹੈ। ਛੱਤੀ ਪ੍ਰਕਾਰ ਦੇ ਭੋਜਨ ਤੇ ਗਹਿਣਿਆਂ ਨਾਲ ਸ਼ਿੰਗਾਰੀ ਜਾਂਦੀ ਹੈ।

(੬) ਗੁਣੀ ਲੋਕਾਂ ਦੇ ਵਿਚਾਰ ਤੇ ਵੇਦਾਂ ਦੇ ਗਿਆਨ ਅਨੁਸਾਰ ਇਸਤ੍ਰੀ ਅਰਧ ਸਰੀਰੀ ਹੈ ਤੇ ਇਸੇ (ਪਤੀਬ੍ਰਤ ਇਸਤ੍ਰੀ ਦੇ ਸੰਗ ਕਰਕੇ ਹੀ ਮਨੁੱਖ) ਮੁਕਤ ਹੁੰਦਾ ਹੈ। (ਭਾਵ ਐਸੀ ਸੁਹਾਗਣ ਨੂੰ ਮੁਕਤੀ ਦਾ ਦੁਆਰਾ ਜਾਨਣਾ ਚਾਹੀਦਾ ਹੈ।)

(੭) ਗੁਰਮੁਖ ਪਤੀਬ੍ਰਤਾ ਇਸਤ੍ਰੀ ਵਾਂਗ ਹਨ, ਜੋ (ਸਦੀਵੀ) ਆਤਮਿਕ ਸੁਖ ਮਾਣਦੇ ਹਨ।੧੬।

***ਭਾਵਾਰਥ :*** ਗੁਰਮੁਖ ਜਾਣਦੇ ਹਨ ਕਿ ਇਹ ਸੰਸਾਰ ਜੀਵ ਦੇ ਲਈ ਇਕ ਪੇਕਾ ਘਰ ਹੈ, ਜਿਸ ਵਿਚ ਵਧੇਰੇ ਨਹੀਂ ਜ਼ਿੰਦਗੀ ਦੇ ਚਾਰ ਦਿਨ ਗੁਜ਼ਾਰਨੇ ਹਨ, ਕਿਉਂਕਿ :

ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥
ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥੧॥

*(ਪੰਨਾ ੩੩੩)*

ਆਖ਼ਰ ਪ੍ਰਲੋਕ ਰੂਪੀ ਸਹੁਰੇ ਘਰ ਅਵੱਸ਼ ਹੀ ਜਾਣਾ ਹੈ, ਇਸ ਲਈ ਗੁਰਮੁਖ ਗੁਰਸਿੱਖ ਸੁਹਾਗਵੰਤੀਆਂ ਦਾ ਜੀਵਨ ਗੁਜ਼ਾਰਦੇ ਹੋਏ ਲੋਕ ਪ੍ਰਲੋਕ ਵਿਚ ਸਦੀਵੀ ਸੁਖ ਮਾਣਦੇ ਹਨ।

## ੧੭. ਮਨਮੁਖਾਂ ਦਾ ਜੀਵਨ ਵੇਸਵਾ ਸਮਾਨ

੧. ਜਿਉਂ ਬਹੁ ਮਿੱਤੀ ਵੇਸਿਆ
ਸਭ ਕੁਲੱਖਣ ਪਾਪ ਕਮਾਵੈ।
੨. ਲੋਕਹੁ ਦੇਸਹੁ ਬਾਹਰੀ
ਤਿਹੁ ਪੱਖਾਂ ਕਾਲੰਕ ਲਗਾਵੈ।
੩. ਡੁੱਬੀ ਡੋਬੈ ਹੋਰਨਾਂ
ਮਹੁਰਾ ਮਿੱਠਾ ਹੋਇ ਪਚਾਵੈ।
੪. ਘੰਡਾਹੇੜਾ ਮਿਰਗ ਜਿਉਂ
ਦੀਪਕ ਹੋਇ ਪਤੰਗ ਜਲਾਵੈ।
੫. ਦੁਹੀਂ ਸਰਾਈਂ ਜ਼ਰਦ-ਰੂ
ਪੱਥਰ ਬੇੜੀ ਪੂਰ ਡੁਬਾਵੈ।
੬. ਮਨਮੁਖ ਮਨ ਅੱਠ ਖੰਡ ਹੋਇ
ਦੁਸ਼ਟਾਂ ਸੰਗਤਿ ਭਰਮ ਭੁਲਾਵੈ।
੭. ਵੇਸਵਾ ਪੁਤ ਨਨਾਉਂ ਸਦਾਵੈ ॥੧੭॥

***ਪਦ ਅਰਥ :*** ਬਹੁ ਮਿੱਤੀ—ਬਹੁਤੇ ਮਿੱਤਰਾਂ ਨਾਲ ਪਿਆਰ ਕਰਨ ਵਾਲੀ, ਵੇਸਵਾ। ਕਾਲੰਕ—ਕਾਲਖ ਦਾ ਟਿੱਕਾ। ਪੂਰ—ਭਰੀ ਹੋਈ ਬੇੜੀ। ਅੱਠ ਖੰਡ—ਅੱਠ ਅੰਗ ਸ਼ਿੰਗਾਰ ਦੇ ਵੱਖੋ ਵੱਖ—ਨੱਕ, ਅੱਖ, ਮੁਖ, ਠੋਡੀ, ਕੁਚ, ਦੰਦ, ਗੁਤ, ਭੌਹਾਂ। (ਅ) ਅੱਠ ਟੋਟੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪਿਛਲੀ ਪਉੜੀ ਵਿਚ ਆਪ ਜੀ ਨੇ ਕਿਸੇ ਗੁਰਮੁਖ ਦੇ ਪਵਿੱਤ੍ਰ ਜੀਵਨ ਨੂੰ ਇਕ ਸੁਹਾਗਣ ਦੀ ਤੁਲਨਾ ਦੇ ਕੇ ਖ਼ੁਸ਼ੀਆਂ ਤੇ ਖੇੜਿਆਂ ਵਿਚ ਗੁਜ਼ਰ ਰਿਹਾ ਦਰਸਾਇਆ ਹੈ, ਪਰ ਇਸਦੇ ਮੁਕਾਬਲੇ ਵਿਚ ਕਿਸੇ ਮਨਮੁਖ ਦੇ ਜੀਵਨ ਨੂੰ ਤੁਸੀ ਕਿਸ ਦੀ ਤੁਲਨਾ ਦੇਣਾ ਚਾਹੋਗੇ, ਇਸ ਸੰਬੰਧੀ ਭੀ

ਆਪ ਜੀ ਕੋਈ ਉਦਾਹਰਣ ਦਿਓ ?

ਉ: ਹੇ ਸਜਣੋ! ਜੇ ਗੁਰਬਾਣੀ ਦੇ ਭਾਵਾਂ ਨੂੰ ਮੁਖ ਰੱਖ ਕੇ ਵੀਚਾਰ ਕੀਤੀ ਜਾਵੇ ਤਾਂ ਮਨਮੁਖ ਦੇ ਜੀਵਨ ਨੂੰ ਕਿਸੇ ਵੇਸਵਾ ਦੀ ਤੁਲਨਾ ਦਿੱਤੀ ਜਾ ਸਕਦੀ ਹੈ, ਕਿਉਂਕਿ ਇਨ੍ਹਾਂ ਦੋਹਾਂ ਦੀਆਂ ਭਾਵਨਾਵਾਂ ਦਾ ਝੁਕਾਓ ਕੇਵਲ ਮਾਇਆ ਦੀ ਪੂਜਾ ਕਰਦੇ ਰਹਿਣਾ ਹੈ, ਜਿਵੇਂ ਵੇਸਵਾ ਵਧੇਰੇ ਦੌਲਤ ਇਕੱਤ੍ਰ ਕਰਨ ਲਈ ਬਹੁਤੇ ਮਿੱਤਰ ਬਣਾਉਂਦੀ ਹੈ, ਤਿਵੇਂ ਇਕ ਮਨਮੁਖ ਦਾ ਭੀ ਕਿਸੇ ਵੱਲ ਦੋਸਤੀ ਲਈ ਹੱਥ ਵਧਾਉਣਾ ਕੇਵਲ ਮਾਇਆ ਵਾਸਤੇ ਹੀ ਹੋਇਆ ਕਰਦਾ ਹੈ, ਇਸ ਭਾਵ ਨੂੰ ਬਾਣੀ ਵਿਚ ਬਹੁਤ ਖੁਲਾਸੇ ਰੂਪ ਵਿਚ ਅੰਕਿਤ ਕੀਤਾ ਗਿਆ ਹੈ, ਜਿਵੇਂ ਕਿ:

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥
ਜਿਚਰੁ ਪੈਨਨਿ ਖਾਵਨੇ੍ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥

*(ਪੰਨਾ ੯੫੬)*

ਭਾਵ ਹੈ ਕਿ ਮਨਮੁਖਾਂ ਦੀ ਦੋਸਤੀ ਉਤਨਾ ਚਿਰ ਹੀ ਰਹਿੰਦੀ ਹੈ ਜਦੋਂ ਤੀਕ ਉਨ੍ਹਾਂ ਨੂੰ ਖਾਣ ਪੀਣ ਲਈ ਗੱਫਾ ਮਿਲਦਾ ਰਵੇ, ਕੁਝ ਨ ਮਿਲਣ ਸਮੇਂ ਤਾਂ ਗੰਦ ਬਕਦੇ ਰਹਿਣ ਤੋਂ ਸਿਵਾਇ ਉਨ੍ਹਾਂ ਪਾਸੋਂ ਹੋਰ ਕੁਝ ਭੀ ਨਹੀਂ ਮਿਲਦਾ। ਇਸੇ ਲਈ ਗੁਰੂ ਗ੍ਰੰਥ ਸਾਹਿਬ ਜੀ ਨੇ ਬਾਰ ਬਾਰ ਕਈ ਥਾਵਾਂ ਤੇ ਹਿਦਾਇਤ ਕੀਤੀ ਹੈ ਕਿ ਅਜਿਹਿਆਂ ਮਨਮੁਖਾਂ ਨਾਲੋਂ ਤਾਂ ਦੂਰ ਹੀ ਰਹਿਣਾ ਚੰਗਾ ਹੈ, ਕਿਉਂਕਿ ਉਨ੍ਹਾਂ ਦੀ ਸੰਗਤ ਕਰਦੇ ਰਹਿਣ ਨਾਲ ਮਨ ਨੂੰ ਸਹਿਜੇ ਸਹਿਜੇ ਮਨੁੱਖਤਾ ਦਾ ਦਾਗ ਅਵੱਸ ਹੀ ਲੱਗ ਜਾਇਆ ਕਰਦਾ ਹੈ। ਸੋ ਮੈਂ ਜਦੋਂ ਭੀ ਮਨਮੁਖ ਦੇ ਜੀਵਨ ਵੱਲ ਨਜ਼ਰ ਮਾਰਦਾ ਹਾਂ ਤਾਂ ਉਸਦਾ ਮਨ ਖੰਡ ਖੰਡ ਹੋਇਆ ਦੁਸ਼ਟਾਂ ਦੀ ਸੰਗਤ ਕਰਦਾ ਭਰਮ ਵਿਚ ਭਟਕਦਾ ਹੀ ਰਹਿੰਦਾ ਹੈ। ਕਿਸੇ ਵੇਸਵਾ ਦਾ ਜੀਵਨ ਭੀ ਜਦੋਂ ਤੱਕੋ ਤਾਂ ਇਉਂ ਹੀ ਦਿੱਸਣ ਵਿਚ ਆਵੇਗਾ:

(੧) (ਹੇ ਭਾਈਓ! ਵੇਖੋ) ਜਿਵੇਂ ਬਹੁਤੇ ਮਿੱਤ੍ਰਾਂ ਵਾਲੀ ਵੇਸਵਾ, ਹਰ ਤਰ੍ਹਾਂ ਨਾਲ ਭੈੜੇ ਲੱਛਣਾਂ ਵਾਲੀ ਤੇ ਪਾਪ ਹੀ ਪਾਪ ਕਮਾਉਣ ਵਾਲੀ ਹੈ।

(੨) ਲੋਕਾਂ ਅਤੇ ਦੇਸ ਦੀ ਰੀਤੀ ਤੋਂ ਬਾਹਰ ਹੋ ਕੇ (ਉਹ ਵੇਸਵਾ) ਤਿੰਨੇ ਪੱਖਾਂ (ਨਾਨਕੇ, ਦਾਦਕੇ ਤੇ ਸਹੁਰਿਆਂ) ਨੂੰ ਕਲੰਕਿਤ ਕਰਨ ਵਾਲੀ ਹੈ।

(੩) (ਉਹ ਆਪ ਤਾਂ ਕਾਮ ਵਿਸ਼ੇ ਦੀ) ਨਦੀ ਵਿਚ ਡੁੱਬੀ ਪਈ ਹੈ, (ਪਰ ਨਾਲ) ਹੋਰਨਾਂ (ਸੰਗ ਕਰਨ ਵਾਲਿਆਂ) ਨੂੰ ਡੋਬੀ ਜਾਂਦੀ ਹੈ। (ਉਹ ਵਿਸ਼ੇ ਦਾ) ਮਹੁਰਾ ਮਿੱਠਾ ਕਰਕੇ ਖਾਈ ਤੇ ਪਚਾਈ ਜਾਂਦੀ ਹੈ।

(੪) ਉਹ ਸ਼ਿੰਗਾਰ ਲਾ ਲਾ ਕੇ, (ਸ਼ਿਕਾਰ ਵਾਂਗ) ਘੰਡੇ ਹੇੜੇ ਵਾਂਗ ਮਿਰਗਾਂ (ਮਨੁੱਖਾਂ) ਨੂੰ ਤੇ ਦੀਵੇ ਦੀ ਲਾਟ (ਸੁੰਦਰਤਾ ਦੀ ਖਿੱਚ ਨਾਲ) ਪਤੰਗੇ ਵਾਂਗ (ਮਨੁੱਖਾਂ ਨੂੰ ਕਾਮ ਦੀ ਅੱਗ ਵਿਚ) ਸਾੜੀ ਜਾਂਦੀ ਹੈ।

(੫) (ਉਹ ਇਸ ਪਾਪ ਕਰਮ ਦੇ ਫਲ ਸਰੂਪ) ਦੁਹੀ ਸਰਾਈ (ਇਥੇ ਤੇ ਅੱਗੇ ਦਰਗਾਹ ਵਿਚ) ਮੂੰਹ ਕਾਲਾ ਕਰਵਾਉਂਦੀ ਹੈ (ਤੇ ਆਪਣੇ ਪਾਪ ਕਰਮ ਨਾਲ ਸੰਗ ਕਰਨ ਵਾਲਿਆਂ ਦੇ) ਪੱਥਰ ਵਾਂਗ ਭਾਰੀ ਹੋ ਬੇੜੀਆਂ ਦੇ ਪੂਰਾਂ ਦੇ ਪੂਰ ਡੋਬੀ ਜਾਂਦੀ ਹੈ।

(੬) ਹੇ ਭਾਈਓ! ਮਨਮੁਖ ਦੇ ਮਨ (ਦੀ ਹਾਲਤ ਭੀ ਇਹੋ ਹੈ ਕਿ ਉਹ) ਅੱਠ ਹਿੱਸਿਆਂ ਵਿਚ ਟੁਕੜੇ ਟੁਕੜੇ ਹੋ ਕੇ ਭਰਮ ਵਿਚ ਪੈ ਭੁਲਾਂ ਕਰੀ ਜਾਂਦਾ ਹੈ।

(੭) ਵੇਸਵਾ ਜਿਹੜਾ ਕੋਈ ਪੁੱਤ ਜਾਂ ਧੀ ਜੰਮਦੀ ਹੈ ਉਹ ਨਿਨਾਵਾਂ ਹੀ ਰਹਿੰਦਾ ਹੈ। ਉਹ ਕਿਸਦਾ ਪੁੱਤਰ ਹੈ, ਇਹ ਨਾ ਵੇਸਵਾ ਜਾਣਦੀ ਹੈ, ਨਾ ਕੋਈ ਹੋਰ। ਉਹ ਪਿਉ ਦੇ ਨਾਮ ਵਲੋਂ ਬੇਨਾਵਾਂ ਹੀ ਰਹਿੰਦਾ ਹੈ (ਇਸੇ ਤਰ੍ਹਾਂ ਮਨਮੁਖ ਦੀ ਭੀ ਕੋਈ ਠਾਹਰ ਨਹੀਂ)।੧੭।

***ਭਾਵਾਰਥ :*** ਸੰਸਾਰ ਵਿਚ ਅਜਿਹੇ ਮਨਮੁਖ ਲੋਕ ਜੋ ਇਕ ਆਪਣੇ ਪਤੀ ਅਕਾਲ ਪੁਰਖ ਨੂੰ ਛੱਡ ਕੇ ਵਿਕਾਰਾਂ ਵਿਚ ਗਲਤਾਨ ਹੋ ਫਸੇ ਰਹਿੰਦੇ ਹਨ, ਅਤੇ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਿਚ ਲੱਗੇ ਰਹਿੰਦੇ ਹਨ, ਉਹ ਜਾਣੋ ਵੇਸਵਾ ਦੇ ਹੀ ਤੁੱਲ ਹਨ। ਬਾਣੀ ਅਨੁਸਾਰ ਉਨ੍ਹਾਂ ਲੋਕਾਂ ਨੂੰ ਇਉਂ ਹੀ ਜਾਣੋ ਜਿਵੇਂ ਕਿ:

ਭੈਰਉ ਭੂਤ ਸੀਤਲਾ ਧਾਵੈ ॥
ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥ *(ਪੰਨਾ ੮੭੪)*

ਉਹ ਲੋਕ ਸੰਸਾਰ ਸਮੁੰਦਰ ਵਿਚ ਆਪ ਡੁੱਬਦੇ ਹਨ ਅਤੇ ਹੋਰਨਾਂ ਨੂੰ ਭੀ ਡੋਬਦੇ ਹਨ।

## ੧੮. ਬਾਲਕ, ਜੁਬਾ ਤੇ ਬ੍ਰਿਧ ਅਵੱਸਥਾ ਦੀ ਦਸ਼ਾ

**੧. ਸੁੱਧ ਨ ਹੋਵੈ ਬਾਲ ਬੁਧਿ**
**ਬਾਲਕ ਲੀਲਾ ਵਿੱਚ ਵਿਹਾਵੈ।**

**੨. ਭਰ ਜੋਬਨ ਭਰਮਾਈਐ**
**ਪਰ ਤਨ ਪਰ ਧਨ ਨਿੰਦ ਲੁਭਾਵੈ।**
**੩. ਬਿਰਧ ਹੋਆ ਜੰਜਾਲ ਵਿਚ**
**ਮਹਾਂ ਜਾਲ ਪਰਵਾਰ ਫਹਾਵੈ।**
**੪. ਬਲ ਹੀਣਾ ਮਤਿ ਹੀਣ ਹੋਇ**
**ਨਾਉਂ ਬਹੱਤਰਿਆ ਬਰੜਾਵੈ।**
**੫. ਅੰਨਾ ਬੋਲਾ ਪਿੰਗੁਲਾ**
**ਤਨ ਥੱਕਾ ਮਨ ਦਹਿ ਦਿਸ ਧਾਵੈ।**
**੬. ਸਾਧਸੰਗਤਿ ਗੁਰ ਸਬਦ ਵਿਣ**
**ਲੱਖ ਚਉਰਾਸੀਹ ਜੂਨ ਭਵਾਵੈ।**
**੭. ਅਉਸਰ ਚੁੱਕਾ ਹੱਥ ਨ ਆਵੈ ॥੧੮॥**

***ਪਦ ਅਰਥ :*** ਸੁੱਧ—ਗਿਆਨ, ਸੋਝੀ। ਵਿਹਾਵੈ—ਬੀਤਣਾ, ਲੰਘ ਜਾਣਾ। ਬਰੜਾਵੈ—ਨੀਂਦ ਵਿਚ ਬਕਣਾ। ਅਉਸਰ—ਸਮਾ, ਜ਼ਿੰਦਗੀ ਦੇ ਦਿਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਗੁਰਮਤ ਦੀਆਂ ਵੀਚਾਰਾਂ ਦਰਸਾਉਣ ਸਮੇਂ ਮਨੁੱਖ ਮਾਤ੍ਰ ਨੂੰ ਭਜਨ, ਸਿਮਰਨ, ਬੰਦਗੀ ਕਰਦੇ ਰਹਿਣ ਦੀ ਵਧੇਰੇ ਪ੍ਰੇਰਨਾ ਕਰਦੇ ਹੋ, ਇਹ ਹੈ ਭੀ ਸਚਾਈ, ਪਰ ਸਾਡੇ ਮਨਾਂ ਵਿਚ ਬਾਰ ਬਾਰ ਇਹੋ ਹੀ ਖ਼ਿਆਲ ਬਣਿਆ ਰਹਿੰਦਾ ਹੈ ਕਿ ਬੰਦਗੀ ਤਾਂ ਜ਼ਰੂਰ ਕਰਨੀ ਹੈ, ਪਰ ਜਦੋਂ ਸੰਸਾਰ ਦੀਆਂ ਪਰਿਵਾਰਿਕ ਜ਼ਿਮੇਵਾਰੀਆਂ ਤੋਂ ਵੇਹਲੇ ਹੋ ਬ੍ਰਿਧ ਅਵਸਥਾ ਵਿਚ ਚਲੇ ਗਏ ਉਸ ਸਮੇਂ ਹੋਰ ਤਾਂ ਕੋਈ ਕਾਰੋਬਾਰ ਹੋਣਾ ਹੀ ਨਹੀਂ, ਬੱਸ ਇਕਾਂਤ ਹੋ ਬੰਦਗੀ ਕਰਦੇ ਰਵਾਂਗੇ, ਕਿਉਂ ਜੀ। ਕੀ ਆਪ ਜੀ ਸਾਡੇ ਇਸ ਖ਼ਿਆਲ ਨਾਲ ਸਹਿਮਤ ਹੋ?

ਉ: ਹੇ ਸਜਨੋ! ਹੋ ਸਕਦਾ ਹੈ ਕਿ ਤੁਹਾਡੇ ਜੈਸਾ ਕੋਈ ਮਨਚਲਾ ਸੰਸਾਰੀ ਮਨੁੱਖ ਤੁਹਾਡੇ ਇਸ ਥੋਥੇ ਸੰਕਲਪ ਨਾਲ ਸਹਿਮਤ ਹੋ ਜਾਏ, ਪਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਹ ਤੁਹਾਡਾ ਫੋਕਾ ਤੇ ਗ਼ਲਤ ਖ਼ਿਆਲ ਬਿਲਕੁਲ ਹੀ ਪਰਵਾਨ ਨਹੀਂ, ਕਿਉਂਕਿ ਇਸ ਵਿਚ ਉੱਕਾ ਹੀ ਸਚਾਈ ਨਹੀਂ ਦਿਸਦੀ।

ਪ੍ਰ: ਕਿਉਂ ਜੀ। ਤੁਸੀਂ ਇਸ ਗੁਰਮਤ ਦੇ ਵੀਚਾਰ ਨੂੰ ਖੁਲਾਸੇ ਰੂਪ ਵਿਚ ਪ੍ਰਗਟ ਕਰਨ ਦੀ ਕੋਈ ਦਲੀਲ ਦਿਓਗੇ ਤਾਂ ਕਿ ਅਸੀਂ ਭੀ ਨਿਰਸੰਦੇਹ ਹੋ ਜਾਵੀਏ?

ਉ: ਹੇ ਸਜਨੋ। ਪਹਿਲੇ ਤਾਂ ਤੁਸੀਂ ਇਹ ਸਾਬਤ ਕਰੋ ਕਿ ਕੀ ਤੁਹਾਡੇ ਪਾਸ ਕੋਈ ਅਜਿਹਾ ਪ੍ਵਾਨਾ ਜਾਂ ਲਿਖਤ ਹੈ ਜੋ ਇਹ ਸਾਬਤ ਕਰ ਸੱਕੇ ਕਿ ਤੁਸੀਂ ਜ਼ਰੂਰ ਹੀ ਬੁੱਢੇ ਹੋ ਕੇ ਮਰੋਗੇ? ਜੇ ਤੁਹਾਡੇ ਪਾਸ ਕੋਈ ਅਜਿਹਾ ਸਬੂਤ ਹੀ ਨਹੀਂ ਤਾਂ ਫਿਰ ਤੁਸੀਂ ਐਸੇ ਗ਼ਲਤ ਸੰਸਕਾਰ ਨੂੰ ਆਪਣੇ ਅੰਦਰ ਜਨਮ ਹੀ ਕਿਉਂ ਦੇਂਦੇ ਹੋ?

ਤੁਹਾਡੇ ਇਸ ਖ਼ਿਆਲ ਦੀ ਅਣਹੋਂਦ ਬਾਰੇ ਜਦੋਂ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਇ ਲਓਗੇ ਤਾਂ ਉਹ ਤੁਹਾਨੂੰ ਇਉਂ ਸੋਝੀ ਦੇਣਗੇ ਕਿ ਐ ਭੋਲਿਓ! ਤੁਸੀਂ ਬ੍ਰਿਧ ਹੋਣ ਦਾ ਖ਼ਿਆਲ ਕਰੀਂ ਬੈਠੇ ਹੋ ਕੀ ਤੁਸਾਂ ਕਦੀ ਇਹ ਨਹੀਂ ਸੋਚਿਆ ਕਿ—ਕੇਤੇ ਗਰਭ ਗਲੇ—ਭਾਵ ਕਈ ਬੱਚੇ ਮਾਂ ਦੇ ਪੇਟੋਂ ਬਾਹਰ ਹੀ ਨਹੀਂ ਆਏ, ਜੰਮਣ ਤੋਂ ਪਹਿਲੇ ਹੀ ਮਰ ਗਏ, ਕਈ ਜਨਮ ਲੈਂਦਿਆਂ ਹੀ ਮਰ ਗਏ, ਬਹੁਤੇ ਦੋ, ਚਾਰ, ਛੇ ਮਹੀਨਿਆਂ ਦੇ ਅੰਦਰ ਹੀ ਮਰ ਗਏ, ਇਸ ਲਈ ਕਿਸੇ ਨੂੰ ਭੀ ਇਹ ਸੋਝੀ ਨਹੀ ਕਿ ਉਸਦਾ ਆਖ਼ਰੀ ਸੁਆਸ ਕਿਹੜਾ ਹੈ, ਕਿਉਂਕਿ ਅਸੀਂ ਆਦਮੀ ਹੀ ਇਕ (ਦਮ) ਸੁਆਸ ਦੇ ਹਾਂ:

> ਹਮ ਆਦਮੀ ਹਾਂ ਇਕ ਦਮੀ
> ਮੁਹਲਤਿ ਮੁਹਤੁ ਨ ਜਾਣਾ॥ (ਪੰਨਾ ੬੬੦)

ਭਾਵ ਜਿਸਦੇ ਬਾਰੇ ਸਾਨੂੰ ਗਿਆਨ ਹੀ ਨਹੀਂ ਕਿ ਅਗਲਾ ਸੁਆਸ ਆਉਣਾ ਭੀ ਹੈ ਕਿ ਨਹੀਂ, ਉਸਦੀ (ਬਹੁ ਜੁਗ ਆਸ ਵਧਾਏ) ਇਤਨੀ ਲੰਮੀ ਆਸ ਕਰਨੀ ਅਗਿਆਨਤਾ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਤਾਂ ਇਲਾਹੀ ਸੱਚਾ ਪੈਗ਼ਾਮ ਦੇ ਰਹੇ ਹਨ ਕਿ ਲੋਕੋ! ਯਾਦ ਰਖੋ:

> ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
> ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥
> (ਪੰਨਾ ੨੫੪)

ਭਾਵ ਅਜਿਹਾ ਕੋਈ ਬੰਦੋਬਸਤ ਨਹੀ ਕਿ ਉਹ ਜਮਾ ਦਾ ਫੰਦਾ ਇਸ ਜੀਵ ਦੇ ਗਲ ਵਿਚ ਬਾਲ, ਜੁਬਾ ਜਾ ਬ੍ਰਿਧ ਅਵੱਸਥਾ ਵਿਚ ਕਦੋਂ ਆ ਪੈਣਾ ਹੈ ਕਿਉਂਕਿ ਉਹ ਤਾਂ (ਅਚਿੰਤੇ ਬਾਜ ਪਏ) ਹੈਨ।

ਹੇ ਸਜਨੋ। ਤੁਹਾਡੀ ਇਸ ਕਪੋਲ ਕਲਪਨਾ ਨਾਲ ਗੁਰੂ ਗ੍ਰੰਥ ਸਾਹਿਬ ਤਾਂ ਸਹਿਮਤ ਨਹੀ, ਪਰ ਫ਼ਰਜ਼ ਕਰੋ ਕਿ ਇਕ ਮਿੰਟ ਲਈ ਜੇ ਤੁਹਾਡੇ ਇਸ ਖਿਆਲ ਨੂੰ ਮੰਨ ਭੀ ਲਿਆ ਜਾਵੇ ਕਿ ਤੁਸੀਂ ਜ਼ਰੂਰ ਹੀ ਬ੍ਰਿਧ

ਅਵੱਸਥਾ ਤੱਕ ਪੁੱਜ ਜਾਓਗੇ, ਪਰ ਉਸ ਬ੍ਰਿਧਪੁਣੇ ਦੀ ਅਵੱਸਥਾ ਵਿਚ ਪੁੱਜ ਕੇ ਜੋ ਤੁਹਾਡਾ ਬੰਦਗੀ ਕਰਨ ਦਾ ਖ਼ਿਆਲ ਹੈ ਉਹ ਤਾਂ ਅਸੰਭਵ ਹੈ, ਕਿਉਂਕਿ ਤੁਸੀਂ ਖ਼ੁਦ ਹੀ ਵੀਚਾਰ ਕਰ ਲਓ ਕਿ ਉਸ ਸਮੇਂ ਬ੍ਰਿਧ ਸਰੀਰ ਦੀ ਕੀ ਦਸ਼ਾ ਹੋਇਆ ਕਰਦੀ ਹੈ, ਜੇ ਤੁਹਾਡੀ ਦ੍ਰਿਸ਼ਟੀ ਗੋਚਰ ਨਹੀਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਇ ਲਓ ਕਿ ਉਹ ਕੀ ਕਹਿੰਦੇ ਹਨ:

ਨੈਨਹੁ ਨੀਰੁ ਬਹੈ ਤਨੁ ਖੀਨਾ
ਭਏ ਕੇਸ ਦੁਧ ਵਾਨੀ॥
ਰੂਧਾ ਕੰਠੁ ਸਬਦੁ ਨਹੀ ਉਚਰੈ
ਅਬ ਕਿਆ ਕਰਹਿ ਪਰਾਨੀ॥੧॥ *(ਪੰਨਾ ੬੫੯)*

ਭਾਵ ਜਦੋਂ ਨੇਤ੍ਰਾਂ ਤੋਂ ਨੀਰ ਵਗਦਾ ਹੋਵੇਗਾ, ਸਰੀਰ ਕਮਜ਼ੋਰ ਹੋ ਜਾਏਗਾ, ਕੇਸ ਸਾਰੇ ਹੀ ਦੁੱਧ ਦੇ ਰੰਗ ਵਾਂਗ ਚਿੱਟੇ ਸਫ਼ੈਦ ਹੋ ਜਾਣਗੇ, ਕੰਠ ਰੁਕ ਜਾਏਗਾ, ਸ਼ੁਧ ਬਚਨ ਭੀ ਨਹੀਂ ਬੋਲ ਸਕੋਂਗੇ, ਹੇ ਪ੍ਰਾਣੀ! ਦਸ ਕੀ ਤੂੰ ਉਸ ਵੇਲੇ ਬੰਦਗੀ ਕਰ ਸਕੇਂਗਾ? ਕਿਉਂਕਿ ਉਸ ਵੇਲੇ ਤਾਂ, ਤੂੰ ਆਪਣੇ ਸਰੀਰ ਦੀ ਕ੍ਰਿਆ ਕਰਨ ਦੀ ਭੀ ਸਮਰੱਥਾ ਨਹੀਂ ਰਖੇਂਗਾ। ਹੇ ਸਜਨੋ! ਜੋ ਤੁਹਾਡਾ ਵੀਚਾਰ ਹੈ ਕਿ ਅਸੀਂ ਵੇਹਲੇ ਹੋ ਜਾਵਾਂਗੇ, ਇਹ ਭੀ ਖ਼ਿਆਲ ਤੁਹਾਡਾ ਗ਼ਲਤ ਹੈ ਕਿਉਂਕਿ ਤੁਸਾਂ ਵੇਹਲੇ ਨਹੀਂ ਹੋਣਾ ਤੁਹਾਨੂੰ ਤੁਹਾਡੇ ਸਰੀਰਕ ਅੰਗਾਂ ਨੇ ਵੇਹਲੇ ਕਰਨਾ ਹੈ, ਕਿਉਂਕਿ ਸਾਰੇ ਹੀ ਅੰਗਾਂ ਨੇ ਜਵਾਬ ਦੇ ਜਾਣਾ ਹੈ। ਪਰ ਚਲੋ ਮੰਨ ਲਓ ਕਿ ਤੁਸੀਂ ਸਰੀਰ ਕਰਕੇ ਵੇਹਲੇ ਹੋ ਗਏ, ਪਰ ਇਹ ਗੱਲ ਨਾ ਭੁਲਣੀ ਕਿ ਤੁਹਾਡਾ ਮਨ ਭੀ ਵੇਹਲਾ ਹੋ ਜਾਏਗਾ, ਕਿਉਂਕਿ ਮਨ ਦੀ ਕ੍ਰਿਆ ਤਾਂ ਪਹਿਲੇ ਨਾਲੋਂ ਕਈ ਗੁਣਾਂ ਵਧੇਰੇ ਵੱਧ ਜਾਏਗੀ। ਤੁਸੀਂ ਪੁਛੋਗੇ ਕਿ ਉਹ ਕਿਵੇਂ? ਉਹ ਇਸ ਤਰ੍ਹਾਂ ਕਿ ਪਹਿਲੇ ਚਾਲੀ ਪੰਜਾਹ ਸਾਲ ਗੁਜ਼ਰ ਚੁੱਕੇ ਉਮਰ ਦੇ ਸਮੇਂ ਅੰਦਰ ਸਰੀਰ ਦੇ ਇੰਦ੍ਰਿਆਂ ਨੇ ਜੋ ਕ੍ਰਿਆ ਕੀਤੀ ਹੈ ਉਹ ਸੂਖਮ ਸੰਸਕਾਰ ਹੋ ਕੇ ਅੰਦਰ ਉੱਕਰੀ ਗਈ ਹੈ, ਉਹ ਬੁਢਾਪੇ ਵਿਚ ਹੁਣ ਸਾਰੇ ਹੀ ਉੱਭਰ ਕੇ ਅੱਗੇ ਆ ਖਲੋਂਦੇ ਹਨ ਜੋ ਮਨੁੱਖ ਨੂੰ ਦਿਨੇ ਰਾਤ ਨੀਂਦ ਨਹੀਂ ਆਉਣ ਦੇਂਦੇ, ਕਲਪਨਾ ਵਿਚ ਕਲਪੌਂਦੇ ਹੀ ਰਹਿੰਦੇ ਹਨ। ਅਜਿਹੀਆ ਕਲਪਨਾ ਵਿਚ ਮਨੁੱਖ ਦਾ ਬੰਦਗੀ ਕਰਨਾ ਔਖਾ ਹੀ ਨਹੀਂ, ਸਗੋਂ ਨਾ ਮੁਮਕਿਨ ਹੀ ਕਹਿਣਾ ਯੋਗ ਹੈ।

ਇਸ ਲਈ ਸਜਨ ਜੀਉ! ਬੁਢਾਪੇ ਵਿਚ ਬੰਦਗੀ ਕਰਨ ਦੀ ਫੋਕੀ ਕਲਪਨਾ ਨੂੰ ਛੱਡ ਕੇ ਸੋਘਰ ਹੀ ਭਜਨ ਬੰਦਗੀ ਕਰਨ ਵੱਲ ਝੁਕਾਉ ਕਰ ਲੈਣਾ ਚਾਹੀਦਾ, ਕਿਉਂਕਿ ਗੁਰੂ ਫ਼ੁਰਮਾਨ ਭੀ ਇਹੋ ਹੈ ਕਿ:

ਕਬੀਰ ਕਾਲਿ ਕਰੰਤਾ ਅਬਹਿ ਕਰੁ
ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ
ਜਉ ਸਿਰ ਪਰਿ ਆਵੈ ਕਾਲੁ॥੧੩੮॥

*(ਪੰਨਾ ੧੩੭੧)*

ਭਾਵ, ਉਸ ਵੇਲੇ ਪਿਛੋਂ ਪਛਤਾਵਾ ਕਰਦੇ ਰਹਿਣ ਨਾਲ ਕੁਝ ਭੀ ਨਹੀਂ ਹੋ ਸਕਣਾ ਜਦੋਂ ਕਿ ਸਿਰ 'ਤੇ ਕਾਲ ਆ ਖਲੋਤਾ, ਇਸ ਲਈ ਅੱਜ ਤੋਂ ਹੀ, ਹੁਣੇ ਹੀ ਇਹ ਸ਼ੁਭ ਕਾਰਜ ਅਰੰਭ ਲੈਣਾ ਚਾਹੀਦਾ, ਤਾਂਕਿ ਸੀਘਰ ਹੀ ਕਾਰਜ ਵਿਚ ਸਫਲਤਾ ਹਾਸਲ ਹੋ ਸੱਕੇ।

ਇਸ ਲਈ ਹੇ ਸਜਨੋ! ਮੈਂ ਤਾਂ ਜਦੋਂ ਸਾਰੇ ਜੀਵਨ ਵਲ ਨਜ਼ਰ ਮਾਰਦਾ ਹਾਂ (ਤਾਂ) ਮਨੁੱਖ ਦੀ ਜੀਵਨ ਯਾਤਰਾ ਇਉਂ ਹੀ ਗੁਜ਼ਰ ਜਾਂਦੀ ਹੈ, ਜਿਵੇਂ ਕਿ:

(੧) ਹੇ ਭਾਈ! ਬਾਲਪੁਣੇ ਦੇ ਦਿਨਾਂ ਵਿਚ ਕੋਈ ਵੀ ਸਮਝ ਨਹੀਂ ਹੁੰਦੀ, ਤੇ ਇਹ ਸਮਾਂ ਬਾਲ ਖੇਡਾਂ ਵਿਚ ਹੀ ਬੀਤ ਜਾਂਦਾ ਹੈ।

(੨) ਜਦ ਜੋਬਨ ਅਵੱਸਥਾ (ਜੁਆਨੀ ਦੀ ਉਮਰ) ਹੁੰਦੀ ਹੈ ਤਾਂ (ਮਨੁੱਖ) ਪਰ ਤਨ (ਦੀ ਸੁੰਦਰਤਾ), ਪਰ ਧਨ (ਪਰਾਇਆ ਮਾਲ ਦੌਲਤ) ਤੇ ਪਰ ਨਿੰਦਾ (ਚੁਗਲੀਆਂ) ਵਿਚ ਦਿਲਚਸਪੀਆਂ ਲੈਣ ਲਗ ਜਾਂਦਾ ਹੈ।

(੩) (ਇਸ ਦੇ ਮਗਰੋਂ ਬ੍ਰਿਧ ਅਵੱਸਥਾ) ਬੁੱਢਾ ਹੋ ਕੇ ਮਨੁੱਖ (ਫਿਰ ਸੰਸਾਰੀ ਵਿਹਾਰਾਂ ਦੇ) ਜੰਜਾਲਾਂ ਵਿਚ (ਘੇਰਿਆ ਜਾਂਦਾ) ਤੇ (ਧੀਆਂ, ਪੁੱਤਾਂ, ਪੋਤਰਿਆਂ, ਦੋਹਤਰਿਆਂ ਦੇ) ਵੱਡੇ ਮੋਹ ਜਾਲਾਂ ਵਿਚ ਫਸ ਜਾਂਦਾ ਹੈ।

(੪) (ਆਖ਼ਰ) ਬਲ-ਹੀਣਾ ਹੋ ਜਾਂਦਾ ਹੈ ਤੇ ਮੱਤ (ਅਕਲ ਵੀ) ਘੱਟ ਜਾਂਦੀ (ਭਾਵ ਜਵਾਬ ਦੇ ਜਾਂਦੀ) ਹੈ, ਰਾਤ ਦੇ ਸਮੇਂ ਬਰੜਾ ਬਰੜਾ ਉਠਦਾ ਹੈ ਤੇ ਲੋਕਾਂ ਕੋਲੋ ਸੱਤਰਿਆ ਬਹੱਤਰਿਆ (ਮਤ-ਹੀਣ ਹੋਣ) ਦਾ ਨਾਉਂ ਧਰਾਉਂਦਾ ਹੈ।

(੫) (ਹੁਣ) ਨਜ਼ਰ ਘਟ ਜਾਂਦੀ ਹੈ, ਕੰਨਾਂ ਤੋਂ ਘੱਟ ਸੁਣਦਾ ਤੇ ਸਰੀਰ ਬਲ-ਹੀਣ ਹੋਣ ਕਰਕੇ ਪਿੰਗਲਿਆਂ ਵਾਂਗ ਹੋ ਜਾਂਦਾ ਹੈ, ਸਰੀਰ ਥੱਕ ਜਾਂਦਾ ਹੈ, ਪਰ ਮਨ ਨਹੀਂ ਥੱਕਦਾ, ਉਹ ਸਗੋਂ ਤੇਜ਼ ਹੋ ਕੇ ਦਸਾਂ ਪਾਸਿਆਂ ਵਲ ਦੌੜਦਾ ਹੈ।

(੬) ਸਾਧ ਸੰਗਤ ਤੇ ਗੁਰ ਸ਼ਬਦ ਦੀ ਸੋਝੀ ਬਿਨਾ, ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਭਟਕਦਾ ਫਿਰਦਾ ਹੈ।

(੭) (ਇਸ ਤਰ੍ਹਾਂ) ਮਨੁੱਖਾ ਜਨਮ ਦਾ ਸਮਾ ਬੀਤ ਜਾਣ ਤੋ ਹੱਥ ਨਹੀਂ ਆਉਂਦਾ।੧੮।

*ਭਾਵਾਰਥ :* ਹੇ ਪਿਆਰਿਓ ! ਇਹ ਨਿਹਚਾ ਕਰ ਲੈਣਾ ਚਾਹੀਦਾ ਹੈ ਕਿ ਜੇ ਤੁਸੀਂ ਜੀਵਨ ਵਿਚ ਅਜਿਹਾ ਸਮਾਂ ਲੱਭਣ ਦੇ ਜਤਨ ਕਰੋਗੇ ਕਿ ਸਾਨੂੰ ਰੱਬ ਦੀ ਬੰਦਗੀ ਕਰਨ ਲਈ ਵੇਹਲਾ ਸਮਾਂ ਮਿਲ ਜਾਏ ਤਾ ਐਸਾ ਹੋਣਾ ਮੁਸਕਲ ਹੈ, ਕਿਉਂਕਿ ਮਨੁੱਖ ਨੂੰ ਵੇਹਲ ਤਾਂ ਉਸੇ ਵੇਲੇ ਮਿਲਦਾ, ਜਦੋਂ ਇਸ ਨੂੰ ਚਾਰ ਭਰਾ ਚੁੱਕ ਕੇ ਚਿਖਾ ਪਰ ਰੱਖ ਦੇਦੇ ਹਨ, ਇਸ ਲਈ ਹਜੂਰ ਨੇ ਹਿਦਾਇਤ ਕਰ ਦਿੱਤੀ ਕਿ ਐ ਲੋਕੋ ! ਤੁਸੀਂ ਇਸ ਭਰਮ ਭੁਲੇਖੇ ਨੂੰ ਤਿਆਗ ਦਿਓ, ਕਿਉਂਕਿ :

ਜੇ ਵੇਲਾ ਵਖਤੁ ਵੀਚਾਰੀਐ
ਤਾ ਕਿਤੁ ਵੇਲਾ ਭਗਤਿ ਹੋਇ॥ *(ਪੰਨਾ ੩੫)*

## ੧੯. ਗੁਰਮੁਖ ਹੰਸ ਤੇ ਮਨਮੁਖ ਬਗਲੇ ਦੇ ਰੂਪ ਵਿਚ

੧. ਹੰਸ ਨ ਛੱਡੇ ਮਾਨਸਰ
ਬਗਲਾ ਬਹੁ ਛੱਪੜ ਫਿਰ ਆਵੈ।
੨. ਕੋਇਲ ਬੋਲੇ ਅੰਬ ਵਣ
ਵਣ ਵਣ ਕਾਉਂ ਕੁਥਾਉਂ ਸੁਖਾਵੈ।
੩. ਵੱਗ ਨ ਹੋਵਨ ਕੁੱਤਈਂ
ਗਾਈ ਗੋਰਸ ਵੰਸ ਵਧਾਵੈ।
੪. ਸਫਲ ਬ੍ਰਿਖ ਨਿਹਚਲ ਮੱਤੀਂ
ਨਿਹਫਲ ਮਾਣਸ ਦਹਦਿਸ ਧਾਵੈ।
੫. ਅੱਗ ਤੱਤੀ ਜਲ ਸੀਅਲਾ
ਸਿਰ ਉੱਚਾ ਨੀਵਾਂ ਦਿਖਲਾਵੈ।
੬. ਗੁਰਮੁਖ ਆਪ ਗਵਾਇਆ
ਮਨਮੁਖ ਮੂਰਖ ਆਪ ਗਣਾਵੈ।
੭. ਦੂਜਾ ਭਾਉ ਕੁਦਾਉ ਹਰਾਵੈ ॥੧੯॥

*ਪਦ ਅਰਥ :* ਵਣ—ਬ੍ਰਿਛ। ਵੱਗ—ਗਊਆਂ ਦਾ ਸਮੂੰਹ, ਟੋਲਾ। ਗੋਰਸ—ਦੁੱਧ, ਮੱਖਣ ਤੇ ਘਿਉ। ਨਿਹਚਲ ਮੱਤੀਂ—ਅਡੋਲ ਮੱਤ ਵਾਲੇ, ਭਟਕਣੋਂ ਬਿਨਾਂ ਧਰਤੀ ਵਿਚ ਲੱਗੇ ਹੋਏ ਬ੍ਰਿਛ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ ! ਭਾਵੇਂ ਆਮ ਧਾਰਮਿਕ ਸ਼ਾਸਤ੍ਰਾਂ ਵਿਚ ਤਾਂ ਹੰਸ ਅਤੇ ਬਗਲੇ ਦਾ ਉਦਾਹਰਣ ਪੜ੍ਹਦੇ ਆ ਰਹੇ ਹਾਂ, ਪਰ ਸਤਿਗੁਰੂ ਜੀ ਨੇ ਗੁਰਬਾਣੀ ਵਿਚ ਭੀ ਹੰਸ ਤੇ ਬਗਲੇ ਨੂੰ ਗੁਰਮੁਖ ਤੇ ਮਨਮੁਖ ਦੇ ਉਦਾਹਰਣ ਰੂਪ ਵਿਚ ਕਈ ਥਾਵਾਂ 'ਤੇ ਵਰਤਿਆ ਹੈ, ਕਿਉਂ ਜੀ ! ਜਦੋਂ ਇਨ੍ਹਾਂ ਦੀ ਬਾਹਰਲੀ ਪੁਸ਼ਾਕ ਇਕੋ ਜਿਹੀ ਵੇਖਣ ਵਿਚ ਆਉਂਦੀ ਹੈ, ਤਾਂ ਕੀ ਦਸੋਗੇ ਕਿ ਇਨ੍ਹਾਂ ਦੇ ਵਿਚ ਪਰਸਪਰ ਕੀ ਮੱਤਭੇਦ ਹੈ ? ਜਿਸਨੂੰ ਅਸੀਂ ਨਹੀਂ ਸਮਝ ਸਕਦੇ ?

ਉ: ਹੇ ਸਜਨੋ ! ਤੁਸੀਂ ਇਨ੍ਹਾਂ ਦੋਵਾਂ ਪੰਛੀਆਂ ਦੀ ਬਾਹਰਲੀ ਚਿੱਟੀ ਪੁਸ਼ਾਕ ਵਲ ਹੀ ਵੇਖਦੇ ਹੋ ਜਿਸ ਕਰਕੇ ਤੁਹਾਨੂੰ ਗ਼ਲਤ ਫ਼ਹਿਮੀ ਹੋ ਰਹੀ ਹੈ, ਪਰ ਸਤਿਗੁਰੂ ਜੀ ਨੇ ਇਨ੍ਹਾਂ ਦੋਵਾਂ ਪੰਛੀਆਂ ਦੀ ਅੰਦਰੂਨੀ ਕ੍ਰਿਆ ਨੂੰ ਤੱਕ ਕੇ ਗੁਰਮੁਖ ਤੇ ਮਨਮੁਖ ਦਾ ਉਦਾਹਰਣ ਵਰਤਿਆ ਹੈ।

ਪ੍ਰ: ਕਿਉਂ ਜੀ ! ਦਸੋਗੇ ਕਿ ਇਨ੍ਹਾਂ ਦੀ ਪਰਸਪਰ ਕ੍ਰਿਆ ਵਿਚ ਕੀ ਅੰਤਰਾ ਹੈ ?

ਉ: ਹੇ ਭਾਈਓ ! ਜਿਵੇਂ ਅਸੀਂ ਵੇਖਦੇ ਹਾਂ ਕਿ ਕੋਇਲ ਤੇ ਕਾਂ ਦੀ ਕਾਲੀ ਪੁਸ਼ਾਕ ਇਕੋ ਸਮਾਨ ਹੈ, ਪਰ ਇਨ੍ਹਾਂ ਦੀ ਖ਼ੁਰਾਕ ਤੇ ਆਵਾਜ਼ ਵਿਚ ਬੜਾ ਹੀ ਅੰਤਰਾ ਹੈ, ਕੋਇਲ ਸੁੰਦਰ ਬਾਗਾਂ ਵਿਚ ਰਹਿੰਦੀ ਤੇ ਫਲ ਖਾਦੀ ਹੈ, ਪਰ ਜਦੋਂ ਉਹ ਆਪਣੇ ਸੁੰਦਰ ਗਲੇ ਤੋਂ ਸੰਗੀਤ ਅਲਾਪਦੀ ਹੈ ਤਾਂ ਸਰੋਤਿਆਂ ਦੇ ਮਨ ਅੰਦਰ ਖ਼ੁਸ਼ੀ ਤੇ ਖੇੜੇ ਦਾ ਜਨਮ ਹੁੰਦਾ ਹੈ, ਜਿਸਨੂੰ ਸਰੋਤੇ ਸਦਾ ਹੀ ਸੁਣਦੇ ਰਹਿਣਾ ਚਾਹੁੰਦੇ ਹਨ। ਦੂਜਾ ਕਾਂ ਵਿਸ਼ਟਾ ਵਿਚ ਰਹਿੰਦਾ, ਵਿਸ਼ਟਾ ਦੀ ਖ਼ੁਰਾਕ ਖਾਂਦਾ ਹੈ, ਪਰ ਜਦੋਂ ਉਹ ਆਪਣੇ ਗਲੇ ਤੋਂ ਬੇਸੁਰੀ ਤੇ ਕੁਰੱਖਤ ਆਵਾਜ਼ ਕੱਢਦਾ ਹੈ ਉਸਨੂੰ ਕੋਈ ਸੁਣਨਾ ਨਹੀਂ ਚਾਹੁੰਦਾ, ਕਿਉਂਕਿ ਉਹ ਸਾਰਿਆਂ ਹੀ ਸੁਣਨ ਵਾਲਿਆਂ ਨੂੰ ਦੁਖ ਦਾ ਕਾਰਨ ਬਣਦੀ ਹੈ, ਸੁਣਨ ਵਾਲੇ ਉਸਨੂੰ ਇੱਟਾਂ ਪੱਥਰ ਮਾਰ ਕੇ ਉਥੋਂ ਉਡਾ ਦੇਣ ਦਾ ਉਪਰਾਲਾ ਕਰਦੇ ਹਨ। ਐਸਾ ਕਿਉਂ ਹੋਇਆ ? ਕਿਉਂਕਿ ਭਾਵੇਂ ਉਨ੍ਹਾਂ ਦੀ ਬਾਹਰਲੀ ਪੁਸ਼ਾਕ ਤਾਂ ਕਾਲੀ ਇਕੋ ਸਮਾਨ ਸੀ, ਪਰ ਉਨ੍ਹਾਂ ਦੀ ਅੰਦਰੂਨੀ ਭਾਵਨਾ ਵਿਚ ਬੜਾ ਅੰਤਰਾ ਸੀ।

ਸੋ, ਇਸੇ ਤਰ੍ਹਾਂ ਸਤਿਗੁਰੂ ਜੀ ਨੇ ਬਾਣੀ ਵਿਚ ਗੁਰਮੁਖ ਨੂੰ ਹੰਸ ਦੇ ਰੂਪ ਵਿਚ ਵਰਤਿਆ ਹੈ, ਕਿਉਂਕਿ ਹੰਸ ਦੇ ਬਾਹਰਲੇ ਗੁਣ ਗੁਰਮੁਖ ਵਿਚ ਪਾਏ ਜਾਂਦੇ ਹਨ, ਜਿਵੇਂ ਕਿ ਹੰਸ :

ਮਾਨ ਸਰੋਵਰ ਹੰਸੁਲਾ ॥

ਭਾਵ ਹੈ, ਹੰਸ ਜਿਵੇਂ ਸਦਾ ਹੀ ਮਾਨਸਰੋਵਰ ਦੀ ਝੀਲ 'ਤੇ ਰਹਿੰਦਾ ਹੈ, ਅਤੇ ਉਸਦੀ ਖ਼ੁਰਾਕ ਭੀ ਹੀਰੇ ਮੋਤੀ ਉਸਨੂੰ ਉਥੋਂ ਹੀ ਮਿਲਦੀ ਹੈ ਜਿਸ ਨਾਲ ਉਸਦੀ ਤ੍ਰਿਪਤੀ ਹੁੰਦੀ ਹੈ।

ਇਸੇ ਤਰ੍ਹਾਂ ਗੁਰਮੁਖ ਹੰਸ ਭੀ ਸਾਧ ਸੰਗਤ ਰੂਪ ਝੀਲ 'ਤੇ ਹੀ ਸਦਾ ਵੱਸਦੇ ਹਨ, ਕਿਉਂਕਿ ਉਨ੍ਹਾਂ ਦੀ ਖ਼ੁਰਾਕ ਜੋ ਸ਼ੁਭ ਗੁਣ ਹਨ, ਉਹ ਉਨ੍ਹਾਂ ਨੂੰ ਉਥੋਂ ਹੀ ਸਦਾ ਮਿਲਦੀ ਰਹਿੰਦੀ ਹੈ ਜਿਨ੍ਹਾਂ ਰਾਹੀਂ ਉਹ ਤ੍ਰਿਪਤ ਰਹਿੰਦੇ ਹਨ। ਇਸ ਲਈ ਉਹ ਸਾਧ ਸੰਗਤ ਰੂਪੀ ਸਰੋਵਰ ਨੂੰ ਕਦੇ ਭੀ ਛੱਡਦਾ ਨਹੀਂ।

ਗੁਰਮੁਖ ਦੇ ਦੂਜੇ ਪੱਖ ਵਿਚ ਮਨਮੁਖ ਰੂਪ ਬਗਲਾ ਹੈ, ਜਿਸਦਾ ਟਿਕਾਣਾ ਸਦਾ ਹੀ ਛੱਪੜਾਂ ਦੇ ਗੰਦੇ ਪਾਣੀਆਂ 'ਤੇ ਹੀ ਹੋਇਆ ਕਰਦਾ ਹੈ, ਜਿਥੋਂ ਉਹ— ਬਗ ਡੱਡਾਂ ਭਾਲਣ ਜਾਵੈ—ਭਾਵ ਸਦਾ ਹੀ ਡੱਡਾਂ ਦੀ ਭਾਲ ਕਰਦਾ ਹੈ ਕਿਉਂਕਿ ਉਸਦੀ ਖ਼ੁਰਾਕ ਹੀ ਡੱਡਾਂ ਹਨ, ਡੱਡਾਂ ਤੋਂ ਬਿਨਾਂ ਉਸਦੀ ਤ੍ਰਿਪਤੀ ਨਹੀਂ ਹੁੰਦੀ। ਇਸੇ ਤਰ੍ਹਾਂ ਮਨਮੁਖ ਬਗਲੇ ਦੇ ਰੂਪ ਵਿਚ ਦੰਭੀ, ਪਖੰਡੀ ਲੋਕ ਹਨ ਜੋ ਸਰਲ ਚਿੱਤ ਵਾਲੇ ਮਨੁੱਖਾਂ ਨੂੰ ਆਪਣੇ ਪਖੰਡ ਦੇ ਜਾਲ ਵਿਚ ਫਸਾ ਕੇ ਠੱਗਣ ਲਈ ਕਈ ਰੂਪ ਧਾਰਨ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਨੇ ਅਜਿਹੇ ਲੋਕਾਂ ਨੂੰ ਬੜੀ ਸਖ਼ਤ ਤਾੜਨਾ ਕਰੀ ਹੈ, ਜਿਵੇਂ ਕਿ:

ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕੁ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥
ਵਿਣੁ ਸਤਿਗੁਰ ਵਾਟ ਨ ਪਾਵੈ ॥੨॥

(ਪੰਨਾ ੪੭੦)

ਭਾਵ ਹੈ ਕਿ ਹੇ ਬ੍ਰਾਹਮਣ! ਤੂੰ ਲੋਕ ਵਿਖਾਵੇ ਲਈ ਧਾਰਮਿਕ ਪੁਸਤਕਾਂ ਭੀ ਪੜ੍ਹਦਾ ਹੈਂ, ਤਿੰਨ ਸਮੇਂ ਸੰਧਿਆ ਭੀ ਕਰਦਾ ਹੈਂ, ਪੱਥਰਾਂ ਦੇ ਬਣੇ ਹੋਏ ਠਾਕਰਾਂ ਦੀ ਪੂਜਾ ਭੀ ਕਰਦਾ ਹੈਂ, ਬਗਲੇ ਵਾਂਗ ਅੱਖਾਂ ਬੰਦ ਕਰਕੇ ਇਕ ਪੈਰ ਦੇ ਭਾਰ 'ਤੇ ਦੇਰ ਕਾਲ ਖਲੋਤਾ ਭੀ ਰਹਿੰਦਾ ਹੈਂ, ਪਰ ਮੁਖੋਂ ਝੂਠ ਬੋਲਦਾ ਹੈਂ, ਉਸ ਝੂਠ ਨੂੰ ਸੋਨੇ ਦੇ ਗਹਿਣਿਆਂ ਵਾਂਗ ਸੱਚ ਸਾਬਤ ਕਰਦਾ ਹੈਂ। ਗਲ ਵਿਚ ਮਾਲਾ ਪਾ ਕੇ ਇਹ ਵੀ ਸਾਬਤ ਕਰਦਾ ਹੈਂ ਕਿ ਮੈਂ ਭਜਨ ਕਰਦਾ, ਮੱਥੇ ਉੱਤੇ ਤਿਲਕ ਲਾ ਕੇ ਆਪਣੇ ਆਪ ਨੂੰ ਸੱਚਾ ਧਰਮੀ ਹੋਣ ਦਾ ਦਾਅਵੇਦਾਰ ਭੀ ਬਣਦਾ ਹੈਂ। ਪਰ ਯਾਦ ਰੱਖ ਤਿੰਨਾਂ ਲੋਕਾਂ ਦਾ ਪਾਲਕ ਪਰੀ ਪੂਰਨ ਪਰਮੇਸ਼ਰ ਤੇਰੇ ਇਸ ਪਖੰਡ ਦੇ ਕੂੜੇ ਪਾਜ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਜੇ ਤੂੰ ਖ਼ੁਦ ਭੀ ਬ੍ਰਾਹਮਣ ਦੇ ਸਹੀ ਕਰਮਾਂ ਤੋਂ ਜਾਣੂ ਹੋ ਜਾਏਂ ਤਾਂ ਤੈਨੂੰ ਭੀ ਇਹ ਸਾਰੇ ਹੀ ਪਖੰਡ ਦੇ ਕਰਮ ਬਗਲੇ ਦੇ ਦੰਭ ਵਾਂਗ ਹੀ ਪ੍ਰਤੀਤ ਹੋਣਗੇ, ਜਿਨ੍ਹਾਂ ਬਾਰੇ ਗੁਰੂ ਕਲਗੀਧਰ ਪਾਤਿਸ਼ਾਹ ਜੀ ਨੇ ਆਪਣੇ ਸਵਈਆਂ ਦੀ ਰਚਨਾ ਵਿਚ ਇਉਂ ਅੰਕਿਤ ਕੀਤਾ ਹੈ, ਜਿਵੇਂ ਕਿ:

ਕਹਾ ਭਇਓ ਜੋ ਦੋਊ ਲੋਚਨ ਮੂੰਦਕੈ
ਬੈਠ ਰਹਿਓ ਬਕ ਧਿਆਨ ਲਗਾਇਓ ॥ (ਸਵੱਯੇ)

ਭਾਵ ਕੀ ਹੋਇਆ ਜੇ ਕਿਸੇ ਨੇ ਰੱਬ ਦੇ ਧਿਆਨ ਤੋਂ ਸੱਖਣਾ ਰਹਿ ਕੇ ਕਿਸੇ ਬਗਲੇ ਵਾਂਗ ਇਕ ਪੈਰ ਦੇ ਭਾਰ 'ਤੇ ਖਲੋ, ਅੱਖਾਂ ਬੰਦ ਕਰਕੇ ਧਿਆਨ ਲਗਾ ਲਿਆ, ਕਿਉਂਕਿ ਕਿਸੇ ਬਗਲੇ ਦਾ ਧਿਆਨ ਤਾਂ ਉਤਨੇ ਸਮੇਂ ਤੱਕ ਹੀ ਹੈ, ਜਿਤਨਾ ਸਮਾਂ ਉਸ ਦੀ ਮਾਰ ਹੇਠ ਡੱਡੀ ਨਹੀਂ ਆ ਜਾਂਦੀ, ਇਸੇ ਤਰ੍ਹਾਂ ਕਿਸੇ ਪਖੰਡੀ ਦਾ ਅੱਖਾਂ ਬੰਦ ਕਰਕੇ ਸਮਾਧੀ ਲਾਉਣਾ ਭੀ ਉਤਨੇ ਸਮੇਂ ਲਈ ਹੈ ਜਿਤਨਾ ਚਿਰ ਉਸ ਦੇ ਪਖੰਡ ਜਾਲ ਵਿਚ ਕੋਈ ਫਸ ਨਹੀਂ ਜਾਂਦਾ। ਅਜਿਹੇ ਦੰਭੀਆਂ ਲਈ ਗੁਰੂ ਕਲਗੀਧਰ ਪਾਤਿਸਾਹ ਜੀ ਨੇ ਆਪਣੀ ਰਚਨਾ ਵਿਚ ਬਾਰ ਬਾਰ ਉਚਾਰਨ ਕੀਤਾ ਹੈ ਕਿ ਐ ਮੂਰਖੋ! ਸੁਣੋ:

ਕਾਹੇ ਕਉ ਡਿੰਭ ਕਰੈ ਮਨ ਮੂਰਖ
ਡਿੰਭ ਕਰੈ ਅਪਨੀ ਪਤਿ ਖ੍ਵੈ ਹੈ। (ਦਸਮ ਗ੍ਰੰਥ)

ਜਾਂ ਕਾਹੇ ਕਉ ਪੂਜਤ ਪਾਹਨ ਕਉ
ਕਛੁ ਪਾਹਨ ਮੈ ਪਰਮੇਸਰ ਨਾਹੀ ॥ (ਪੰਨਾ ੭੧੧)

ਜਾ ਕਤਹੂੰ ਨ ਭੇਖ ਭੀਜਈ.....

ਜਾਂ ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸ ਕੀਨ ॥
ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ ॥

ਅਜਿਹੇ ਭੇਖੀਆਂ ਨੂੰ ਸਿਵਾਇ ਨਰਕ ਗਾਮੀ ਹੋਣ ਤੋਂ ਹੋਰ ਕੋਈ ਭੀ ਰੱਬੀ ਦਰਬਾਰ ਵਿਚ ਚੰਗਾ ਫਲ ਪ੍ਰਾਪਤ ਨਹੀਂ ਹੋਵੇਗਾ, ਇਸੇ ਲਈ ਗੁਰਮਤ ਨੇ ਹਰ ਪ੍ਰਾਣੀ ਮਾਤ੍ਰ

ਨੂੰ ਕੂੜਾ ਭੇਖ ਕਰਨ ਵਲੋਂ ਬਾਰ ਬਾਰ ਵਰਜਿਆ ਹੈ।

ਕਈ ਲੋਕ ਐਸੇ ਭੀ ਨਜ਼ਰ ਆਉਂਦੇ ਹਨ ਜਿਨ੍ਹਾਂ ਦਾ ਭਾਵੇਂ ਮਾਲਾ ਨਾਲ ਕੋਈ ਦੂਰ ਦਾ ਭੀ ਸੰਬੰਧ ਨ ਹੋਵੇ, ਪਰ ਉਨ੍ਹਾਂ ਨੇ ਇਕ ਮਾਲਾ ਗਲ ਵਿਚ ਧਾਰਨ ਕਰ ਰਖੀ ਹੈ ਅਤੇ ਦੂਜੀ ਹੱਥ ਵਿਚ ਪਕੜੀ ਹੋਈ ਹੈ ਜਿਸ ਦਾ ਭਾਵ ਕੇਵਲ ਇਹੋ ਦਰਸਾਉਣਾ ਹੁੰਦਾ ਹੈ ਕਿ ਮੈਂ ਹਰ ਸਮੇਂ ਹੀ ਮਾਲਾ ਜਪਣ ਦਾ ਆਦੀ ਹਾਂ। ਐਸੇ ਲੋਕਾ ਬਾਰੇ ਕਵੀ 'ਗਿਰਧਰ ਰਾਏ' ਨੇ ਆਪਣੇ ਵੀਚਾਰ ਅੰਕਿਤ ਕੀਤੇ ਹਨ, ਉਹ ਲਿਖਦੇ ਹਨ ਕਿ :

ਮਾਲਾ ਮਨ ਸੋਂ ਕਹਿਤ ਹੈ ਸੁਨੋਂ ਦੇਵ ਜਗ ਭੂਪ।
ਮੁੱਝ ਫੇਰੇ ਸੇ ਹੋਇ ਕਿਆ ਜੌ ਤੂੰ ਨ ਲਖੈਂ ਨਿਜ ਰੂਪ।
ਤੂੰ ਨ ਲਖੈਂ ਨਿਜ ਰੂਪ ਕਹਿੰਨੀ ਹੈ ਸਭ ਥੋਥੀ।
ਕੇਵਲ ਹੈ ਬਕਵਾਸ ਖੋਲ ਕਰ ਪੜ੍ਹੇ ਜੋ ਪੋਥੀ।
ਕਹਿ ਗਿਰਧਰ ਕਵੀ ਰਾਇ ਤਿਨ ਕਾ ਮੂੰਹ ਹੋਇਗਾ ਕਾਲਾ।
ਹਿਰਦੇ ਜਿਨ ਕੇ ਕਪਟ ਔ ਹਾਥ ਸੇ ਫੇਰੇਂ ਮਾਲਾ।

*(ਕੁੰਡਲੀਆ)*

ਹੇ ਭਾਈਓ! ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਬਹੁਤ ਸ਼ਬਦ ਅਜਿਹੇ ਭੀ ਆਉਂਦੇ ਹਨ, ਜਿਨ੍ਹਾਂ ਦੇ ਪੜ੍ਹਨ ਸਮੇਂ ਜੋ ਸਾਨੂੰ ਅਰਥ ਬੋਧ ਪ੍ਰਤੀਤ ਹੁੰਦੇ ਹਨ, ਜੇ ਅਸੀਂ ਉਨ੍ਹਾਂ ਦੇ ਅਰਥ ਉਸੇ ਤਰ੍ਹਾਂ ਹੀ ਅਨੁਭਵ ਕਰ ਲਵੀਏ ਤਾਂ ਅਸੀਂ ਅਰਥਾਂ ਦੇ ਭੀ ਅਨਰਥ ਕਰਾਂਗੇ, ਜਿਵੇਂ ਕਿ ਇਕ ਸਲੋਕ ਕਬੀਰ ਜੀ ਦਾ ਪੜ੍ਹਨ ਵਿਚ ਆਉਂਦਾ ਹੈ :

ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥
ਪਾਵਹੁ ਤੇ ਪਿੰਗੁਲ ਭਇਆ
ਮਾਰਿਆ ਸਤਿਗੁਰ ਬਾਨ॥੧੯੩॥

*(ਪੰਨਾ ੧੩੭੪)*

ਭਾਵ ਹੈ ਕਿ ਕਬੀਰ ਜੀ ਕਹਿੰਦੇ ਹਨ ਕਿ ਜਦੋਂ ਮੈਨੂੰ ਸਤਿਗੁਰੂ ਜੀ ਨੇ ਬਾਣੀ ਦਾ ਬਾਣ ਮਾਰਿਆ ਤਾਂ ਮੈਂ ਗੂੰਗਾ, ਬਾਵਰਾ, ਕੰਨਾਂ ਤੋਂ ਬੋਲਾ, ਪੈਰਾਂ ਤੋਂ ਪਿੰਗਲਾ ਹੋ ਗਿਆ, ਜੇ ਅਸੀਂ ਇਨ੍ਹਾਂ ਦੇ ਅਰਥ ਇਸੇ ਤਰ੍ਹਾਂ ਕਰੀਏ ਤਾਂ ਇਹ ਕਬੀਰ ਸਾਹਿਬ ਨਾਲ ਬੇ-ਇਨਸਾਫ਼ੀ ਕਰਾਂਗੇ। ਕਬੀਰ ਜੀ ਦਾ ਅਸਲ ਭਾਵ ਹੈ ਕਿ ਮੈਂ ਕਿਸੇ ਨੂੰ ਫਿਕੇ ਬਚਨ ਕਹਿਣ ਵਲੋਂ ਗੂੰਗਾ ਹੋ ਗਿਆ ਹਾਂ। ਬਾਵਰਾ, ਭਾਵ ਬਉਰਾ ਅੰਦਰੋਂ ਬਾਹਰੋਂ ਇਕ ਹੋ ਗਿਆ ਹਾਂ। ਕਿਸੇ ਦੀ ਨਿੰਦਾ ਚੁਗਲੀ ਸੁਣਨ ਵਲੋਂ ਬੋਲਾ, ਤੇ ਕੁਸੰਗਤ ਵਿਚ ਤੁਰ ਕੇ ਜਾਣ ਵਲੋਂ ਮੈਂ ਪਿੰਗਲਾ ਹੋ ਗਿਆ ਹਾਂ। ਇਸ ਤਰ੍ਹਾਂ ਹੋਰ ਭੀ ਅਜਿਹੇ ਬਹੁਤ ਸ਼ਬਦ ਹਨ ਜਿਨ੍ਹਾਂ ਦੀ ਵੀਚਾਰ ਕਰਨ ਨਾਲ ਅੰਤ੍ਰੀਵ ਭਾਵ ਸਮਝੇ ਜਾ ਸਕਦੇ ਹਨ। ਇਸੇ ਹੀ ਤਰ੍ਹਾਂ ਇਹ 'ਹੰਸ' ਤੇ 'ਬਗਲਾ' ਸ਼ਬਦ ਹਨ, ਜਿਨ੍ਹਾਂ ਦੇ ਅੰਤ੍ਰੀਵ ਭਾਵ ਗੁਰਮੁਖ ਤੇ ਮਨਮੁਖ ਦੇ ਰੂਪ ਵਿਚ ਬਾਣੀ ਅੰਦਰ ਕਈ ਸ਼ਬਦਾਂ ਵਿਚ ਅੰਕਿਤ ਕੀਤੇ ਗਏ ਹਨ। ਹੇ ਭਾਈ! ਸੋ, ਮੈਨੂੰ ਭੀ ਬਾਣੀ ਦੀ ਪੜਚੋਲ ਕਰਨ ਸਮੇਂ ਜਦੋਂ ਇਹ ਦੋਵੇਂ ਸ਼ਬਦ ਸਾਹਮਣੇ ਆਉਂਦੇ ਹਨ ਤਾਂ ਮੇਰੇ ਅੰਤਰ ਆਤਮੇ ਅਜਿਹੀਆਂ ਭਾਵਨਾਵਾਂ ਜਨਮ ਲੈਂਦੀਆਂ ਹਨ, ਜਿਨ੍ਹਾਂ ਨੂੰ ਸਮੇਂ ਸਮੇਂ ਉੱਕਰਨ ਦੀ ਸਤਿਗੁਰੂ ਜੀ ਮੈਨੂੰ ਪ੍ਰੇਰਨਾ ਕਰਦੇ ਰਹਿੰਦੇ ਹਨ, ਜਿਵੇਂ ਕਿ :

(੧) (ਹੇ ਭਾਈਓ! ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਗੁਰਮੁਖ ਰੂਪ) ਹੰਸ (ਸਾਧ ਸੰਗਤ ਰੂਪ) ਮਾਨ ਸਰੋਵਰ ਨੂੰ ਨਹੀਂ ਛੱਡਦੇ, (ਪਰ ਦੂਜੇ ਪਾਸੇ) ਬਗੁਲਾ (ਮੱਛੀਆਂ ਨੂੰ ਤਾੜ ਲਾਉਂਦਾ) ਬਹੁਤੇ ਛੱਪੜਾਂ 'ਤੇ ਫਿਰ ਆਉਂਦਾ ਹੈ। (ਭਾਵ ਗੁਰਮੁਖ ਸਾਧ ਸੰਗ ਨੂੰ ਨਹੀਂ ਛੱਡਦੇ, ਦੰਭੀ ਲੋਕ ਕਈ ਕੁਸੰਗਤਾਂ ਵਿਚ ਭਟਕਦੇ ਹਨ)।

(੨) ਕੋਇਲ ਕੇਵਲ ਅੰਬ ਦੇ ਦਰੱਖਤ 'ਤੇ ਹੀ ਬੈਠਦੀ ਹੈ, ਪਰ ਕਾਂ ਬਹੁਤ ਬ੍ਰਿਛਾਂ 'ਤੇ ਉੱਡਦਾ ਫਿਰਦਾ ਹੈ, ਉਸਨੂੰ ਭਟਕਣਾ ਹੀ ਚੰਗਾ ਲਗਦਾ ਹੈ।

(੩) (ਪਰ) ਕੁੱਤੀਆਂ ਦੇ ਵੱਗ ਨਹੀਂ ਹੁੰਦੇ, ਪਰ ਗਾਵਾਂ ਘਿਉ, ਦੁੱਧ ਦੇ ਕੇ ਆਪਣੇ ਵੰਸ ਨੂੰ ਵਧਾਉਂਦੀਆਂ ਹਨ।

(੪) ਬ੍ਰਿਛ ਓਹੀ ਸਫਲ ਹਨ, ਜੋ ਨਿਹਚਲ ਰਹਿੰਦੇ ਹਨ, ਉਨ੍ਹਾਂ ਨੂੰ ਹੀ ਫਲ ਲਗਦੇ ਹਨ, ਪਰ ਦਸਾਂ ਦਿਸ਼ਾਂ ਨੂੰ ਦੌੜਨ ਵਾਲਾ ਮਨੁੱਖੀ ਮਨ ਨਿਹਫਲ ਰਹਿੰਦਾ ਹੈ। (ਭਾਵ ਉਮਰ ਦਾ ਕੀਮਤੀ ਸਮਾਂ ਅੰਜਾਈ ਗਵਾ ਲੈਂਦਾ ਹੈ।)

(੫) ਅੱਗ ਗਰਮ ਤੇ ਪਾਣੀ ਠੰਢਾ ਹੈ, (ਇਹ ਦੋਵੇਂ ਉਲਟ ਸੁਭਾਵਾਂ ਵਾਲੇ ਹਨ, ਜਿਵੇਂ) ਅੱਗ ਦੀ ਲਾਟ ਉੱਚੀ ਉਠਦੀ ਹੈ, ਤੇ ਪਾਣੀ ਨਿਵਾਣ ਵੱਲ ਜਾਂਦਾ ਹੈ, ਭਾਵ ਉਹ ਨੀਵੇਂ ਥਾਂ ਜਾ ਵੱਸਦਾ ਹੈ। (ਅੱਗ ਉੱਚਾ ਉਠਦੀ ਹੈ ਤਾਂ ਉਹ ਗਰਮ ਹੈ ਤੇ ਪਾਣੀ ਸਿਰ ਨੀਵਾਂ ਰੱਖਦਾ, ਨਿਵਾਣ ਵੱਲ ਜਾਂਦਾ ਹੈ, ਤਾਂ ਉਹ ਠੰਢਾ ਹੈ।)

(੬) ਇਸੇ ਤਰ੍ਹਾਂ ਗੁਰਮੁਖ ਆਪਾ-ਭਾਵ ਨੂੰ ਛੱਡ ਦਿੰਦੇ ਹਨ, ਭਾਵ ਨਿੰਮ੍ਰਤਾ ਦਾ ਗੁਣ ਧਾਰਨ ਕਰਦੇ ਹਨ, ਇਸ ਲਈ ਉਹ ਉੱਤਮ ਹਨ, ਤੇ ਮਨਮੁਖ ਆਪਾ ਜਣਾਉਂਦੇ ਹਨ। (ਇਸੇ ਲਈ ਉਹ ਜੀਵਨ ਵਿਅਰਥ ਗਵਾ ਲੈਂਦੇ ਹਨ।)

(੭) ਦੂਜਾ ਭਾਉ (ਮੈਂ ਮੇਰੀ) ਖੋਟੀ ਆਦਤ ਹੈ (ਇਸ ਨਾਲ) ਹਾਰ ਹੀ ਪੱਲੇ ਪੈਂਦੀ ਹੈ।੧੯।

*ਭਾਵਾਰਥ :* ਇਕ ਗੁਰੂ ਦੇ ਦਰ ਨੂੰ ਛੱਡ ਕੇ ਅਨੇਕਾਂ ਥਾਵਾਂ ਤੇ ਦਰ ਦਰ ਭਟਕਣ ਨਾਲ ਹਾਰ ਹੀ ਹੁੰਦੀ ਹੈ ਕਿਉਂਕਿ ਗੁਰੂ ਫ਼ੁਰਮਾਨ ਭੀ ਇਹੋ ਹੈ:

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥
*(ਪੰਨਾ ੪੭੦)*

ਇਸ ਲਈ ਸੱਚੇ ਗੁਰੂ ਗੁਰ ਨਾਨਕ ਦੇਵ ਪੁਰ ਹੀ ਭਰੋਸਾ ਰੱਖਣਾ ਰੱਬੀ ਦਰਬਾਰ ਵਲ ਟੁਰੇ ਜਾਣ ਦਾ ਸੱਚਾ ਮਾਰਗ ਹੈ, ਇਸ ਮਾਰਗ ਤੇ ਭੀ ਜੋ ਨਿਰਹੰਕਾਰ ਹੋ ਚਲਦਾ ਹੈ ਓਹੋ ਸ੍ਰੇਸ਼ਟ ਮੰਨਿਆ ਜਾਂਦਾ ਹੈ।

## ੨੦. ਜੋ ਜੋ ਦੀਸੈ ਸੋ ਸੋ ਰੋਗੀ

੧. ਗਜ ਮ੍ਰਿਗ ਮੀਨ ਪਤੰਗ ਅਲਿ
ਇੱਕਤ ਇੱਕਤ ਰੋਗ ਪਚੰਦੇ।
੨. ਮਾਨਸ ਦੇਹੀ ਪੰਜ ਰੋਗ
ਪੰਜੇ ਦੂਤ ਕਸੂਤ ਕਰੰਦੇ।
੩. ਆਸਾ ਮਨਸਾ ਡਾਇਣੀ
ਹਰਖ ਸੋਗ ਬਹੁ ਰੋਗ ਵਧੰਦੇ।
੪. ਮਨਮੁਖ ਦੂਜੈ ਭਾਇ ਲਗ
ਭੰਭਲਭੂਸੇ ਖਾਇ ਭਵੰਦੇ।
੫. ਸਤਿਗੁਰ ਸੱਚਾ ਪਾਤਿਸਾਹ
ਗੁਰਮੁਖ ਗਾਡੀ ਰਾਹ ਚਲੰਦੇ।
੬. ਸਾਧ ਸੰਗਤਿ ਮਿਲ ਚੱਲਣਾ
ਭਜ ਗਏ ਠੱਗ ਚੋਰ ਡਰੰਦੇ।
੭. ਲੈ ਲਾਹਾ ਨਿਜ ਘਰ ਨਿਬਹੰਦੇ॥੨੦॥

*ਪਦ ਅਰਥ :* ਅਲਿ—ਭੌਰਾ। ਪਚੰਦੇ—ਖਪ ਜਾਂਦੇ। ਕਸੂਤ—ਕੁਕਰਮ, ਉਪੱਦ੍ਰਵ। ਭੰਭਲਭੂਸੇ—ਭਟਕਣਾ, ਸੰਸਿਆਂ ਵਿਚ ਡੁੱਬ ਜਾਣਾ, ਸ਼ਸ਼ੋਪਨ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਉਂਝ ਤਾਂ ਪ੍ਰਵਾਰਕ ਰੁਝੇਵਿਆਂ ਵਿਚ ਰੁੱਝੇ ਰਹਿਣ ਦੇ ਕਾਰਨ ਬਾਣੀ ਦਾ ਪਾਠ ਕਰਨ ਲਈ ਬਹੁਤ ਘੱਟ ਸਮਾਂ ਮਿਲਦਾ ਹੈ, ਪਰ ਜਦ ਵੀ ਕਦੀਂ ਕਦਾਈਂ ਪਾਠ ਕਰਦੇ ਹਾਂ ਤਾਂ ਕਈ ਅਜਿਹੀਆਂ ਪੰਗਤੀਆਂ ਆ ਜਾਂਦੀਆਂ ਹਨ, ਜਿਨ੍ਹਾਂ ਦੇ ਕੇਵਲ ਪਾਠ ਕਰਨ ਮਾਤ੍ਰ ਉਨ੍ਹਾਂ ਦੇ ਸਹੀ ਭਾਵਾਂ ਨੂੰ ਸਮਝਣਾ ਸਾਡੀ ਤੁੱਛ ਬੁੱਧੀ ਦੀ ਗੰਮਤਾ ਨਹੀਂ ਹੁੰਦੀ। ਇਸੇ ਲਈ ਆਪ ਜੀ ਤੋਂ ਅਸੀਂ ਉਨ੍ਹਾਂ ਪੰਗਤੀਆਂ ਦੇ ਭਾਵਾਂ ਤੋਂ ਜਾਣੂ ਹੋਣ ਲਈ ਗਾਹੇ ਬਗਾਹੇ ਆਪ ਜੀ ਨੂੰ ਖੇਚਲਾ ਦੇਂਦੇ ਆ ਰਹੇ ਹਾਂ, ਪਰ ਆਪ ਜੀ ਭੀ ਆਪਣੀ ਫਰਾਖ-ਦਿਲੀ ਦਾ ਸਬੂਤ ਦੇਂਦੇ ਹੋਏ ਸਾਨੂੰ ਬੜੇ ਪਿਆਰ ਭਾਵਾਂ ਨਾਲ ਸਮਝਾਉਣ ਦਾ ਜਤਨ ਕਰਦੇ ਰਹਿੰਦੇ ਹੋ।

ਭਾਈ ਸਾਹਿਬ ਜੀ! ਵੇਖੋ, ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਇਹ ਪੰਗਤੀ ਪੜ੍ਹਦੇ ਹਾਂ ਕਿ:

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ਪੰਨਾ ੧੧੪੦

ਭਾਵ ਸਾਨੂੰ ਇਸਦੇ ਪੜ੍ਹਨ ਤੋਂ ਇਹੋ ਹੀ ਅਰਥ ਸਮਝਣ ਵਿਚ ਆਉਂਦਾ ਹੈ ਕਿ ਜੋ ਜੋ ਭੀ ਦਿਸਦਾ ਹੈ ਉਹ ਰੋਗੀ ਹੈ, ਪਰ ਇਹ ਗੱਲ (ਮਨੁੱਖ ਮਾਤ੍ਰ) ਭਾਵ ਸਾਰੇ ਮਨੁੱਖਾਂ 'ਤੇ ਤਾਂ ਜ਼ਰੂਰ ਲਾਗੂ ਹੁੰਦੀ ਹੈ, ਕਿਉਂਕਿ ਜਦੋਂ ਕਿਸੇ ਹੋਸਪੀਟਲ ਜਾਂ ਕਿਸੇ ਡਾਕਟਰ ਜਾਂ ਵੈਦਾਂ ਦੀਆਂ ਥਾਵਾਂ 'ਤੇ ਜਾ ਕੇ ਤੱਕਦੇ ਹਾਂ ਤਾਂ ਇਨ੍ਹਾਂ ਥਾਵਾਂ 'ਤੇ ਰੋਗੀ ਹੀ ਰੋਗੀ ਦਿੱਸਦੇ ਹਨ। ਪਰ ਇਨ੍ਹਾਂ ਤੋਂ ਇਲਾਵਾ ਜਦੋਂ ਅਸੀਂ ਜੰਗਲਾਂ ਦੇ ਵਾਸੀ ਪਸ਼ੂ, ਪੰਛੀ, ਹਾਥੀ, ਘੋੜੇ, ਦਰਿੰਦੇ, ਪਰਿੰਦੇ ਤੱਕਦੇ ਹਾਂ, ਤਾਂ ਉਨ੍ਹਾ 'ਤੇ ਇਹ ਰੋਗੀ ਹੋਣ ਦੀ ਗੱਲ ਬਹੁਤ ਘੱਟ ਨਜ਼ਰ ਆਉਂਦੀ ਹੈ, ਜੇ ਕਿਤੇ ਹੋਵੇ ਭੀ ਉਹ ਸਾਡੇ ਵੇਖਣ ਵਿਚ ਨਹੀਂ ਆਉਂਦੀ, ਕਿਉਂ ਜੀ! ਇਸ ਪੰਗਤੀ ਦਾ ਖੁਲਾਸੇ ਰੂਪ ਵਿਚ ਭਾਵਾਰਥ ਸਮਝਾਉਣ ਦੀ ਕ੍ਰਿਪਾ ਕਰੋਗੇ?

ਉ: ਹੇ ਸਜਣੋ! ਮੈਂ ਅਨੁਭਵ ਕਰਦਾ ਹਾਂ ਕਿ ਤੁਹਾਡੇ ਅੰਦਰ ਜਿਸ ਕਲਪਨਾ ਨੇ ਜਨਮ ਲਿਆ ਹੈ ਇਹ ਤੁਹਾਨੂੰ ਅਸਥੂਲ ਦ੍ਰਿਸ਼ਟੀ ਦੀ ਹੀ ਦੇਣ ਹੈ, ਕਿਉਂਕਿ ਅਜਿਹੇ ਖ਼ਿਆਲ ਕੇਵਲ ਅਸਥੂਲ ਦ੍ਰਿਸ਼ਟੀ ਦੀ ਪ੍ਰੇਰਨਾ ਦੁਆਰੇ ਹੀ ਪੈਦਾ ਹੁੰਦੇ ਹਨ, ਜੋ ਕਿ ਆਮ ਲੋਕਾਂ ਨੂੰ ਹੀ ਹੋਇਆ ਕਰਦੇ ਹਨ।

ਪ੍ਰ: ਕਿਉਂ ਜੀ! ਸਾਨੂੰ ਤਾਂ ਅਸਥੂਲ ਦ੍ਰਿਸ਼ਟੀ ਬਾਰੇ ਭੀ ਬੋਧ ਨਹੀਂ, ਕੀ ਸਮਝਾਉਣ ਦੀ ਖੇਚਲਾ ਕਰੋਗੇ?

ਉ: ਹੇ ਭਾਈਓ! ਜੋ ਮੈਨੂੰ ਬਾਣੀ ਦੀ ਪੜਚੋਲ ਕਰਨ ਸਮੇਂ ਪੜ੍ਹਨ ਸੁਣਨ ਵਿਚ ਆਇਆ ਹੈ ਉਹ ਇਹ ਹੈ ਕਿ ਪੁਰਾਤਨ ਬੁੱਧੀ ਜੀਵੀਆਂ ਨੇ ਦ੍ਰਿਸ਼ਟੀ ਦੇ ਪ੍ਰਕਾਰ ਦੀ

ਦਰਸਾਈ ਹੈ, ਜਿਵੇਂ ਕਿ ਇਕ ਹੈ 'ਅਸਥੂਲ ਦ੍ਰਿਸ਼ਟੀ' ਜੋ ਕਿ ਬਾਹਰੋਂ ਪ੍ਰਤੱਖ ਦਿੱਸਣ ਵਾਲੇ ਪਦਾਰਥਾਂ ਨੂੰ ਅਨੁਭਵ ਕਰਦੀ ਹੈ। ਜਿਵੇਂ ਕਿ ਸਾਡੇ ਅਸਥੂਲ ਨੇਤ੍ਰ ਸਾਡੇ ਸਾਹਮਣੇ ਪਏ ਮੋਟੇ ਪਦਾਰਥਾਂ ਦੇ ਰੂਪ, ਰੰਗ ਅਤੇ ਆਕਾਰਾਂ ਨੂੰ ਤਾਂ ਅਨੁਭਵ ਕਰਦੇ ਹਨ, ਪਰ ਉਨ੍ਹਾਂ ਦੇ ਅੰਦਰ ਜੋ ਸੂਖਮ ਰਸ ਹੈ ਉਨ੍ਹਾਂ ਦਾ ਨੇਤ੍ਰਾਂ ਨੂੰ ਕੋਈ ਗਿਆਨ ਨਹੀਂ। ਖਾਣ ਵਾਲੇ ਜਿਤਨੇ ਭੀ ਭੋਜਨ ਹਨ ਉਨ੍ਹਾਂ ਨੂੰ ਖਾਣ ਸਮੇਂ ਜੋ ਉਨ੍ਹਾਂ ਵਿਚ ਸੂਖਮ ਰਸ ਹੈ, ਉਸਨੂੰ ਸਾਡੇ ਮਨ ਦੀ ਸੂਖਮ ਦ੍ਰਿਸ਼ਟੀ ਹੀ ਅਨੁਭਵ ਕਰਦੀ ਹੈ। ਉਸਦਾ ਗਿਆਨ ਨੇਤ੍ਰਾਂ ਦੀ ਮੋਟੀ ਦ੍ਰਿਸ਼ਟੀ ਨੂੰ ਨਹੀਂ।

ਇਸੇ ਤਰ੍ਹਾਂ ਮੈਂ ਅਨੁਭਵ ਕਰਦਾ ਹਾਂ ਕਿ ਤੁਹਾਡੇ ਨੇਤ੍ਰਾਂ ਦੀ ਅਸਥੂਲ ਦ੍ਰਿਸ਼ਟੀ ਨੇ ਭੀ ਅਸਥੂਲ ਸਰੀਰ ਦੇ ਅਸਥੂਲ ਰੋਗਾਂ ਨੂੰ ਹੀ ਵੇਖਣ ਦਾ ਜਤਨ ਕੀਤਾ ਹੈ, ਪਰ ਸਤਿਗੁਰੂ ਜੀ ਨੇ ਤਾਂ ਇਸ ਸਰੀਰ ਦੇ ਰੋਗਾਂ ਤੋਂ ਵਖਰੇ ਇਸ ਸਰੀਰ ਦੇ ਅੰਦਰ ਜੋ ਸੂਖਮ ਰੋਗ ਹਨ ਵਧੇਰੇ ਉਨ੍ਹਾਂ ਦਾ ਹੀ ਜ਼ਿਕਰ ਕੀਤਾ ਹੈ, ਜਿਨ੍ਹਾਂ ਦੇ ਅਨੁਭਵ ਕਰਨ ਲਈ ਆਮ ਲੋਕਾਂ ਕੋਲ ਸੂਖਮ ਦ੍ਰਿਸਟੀ ਨਹੀਂ ਹੋਇਆ ਕਰਦੀ। ਉਨ੍ਹਾਂ ਰੋਗਾਂ ਨੂੰ ਤਾਂ ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲੇ ਮਹਾਂਪੁਰਸ਼ ਹੀ ਅਨੁਭਵ ਕਰਦੇ ਹਨ।

ਪ੍ਰ: ਕਿਉਂ, ਭਾਈ ਸਾਹਿਬ ਜੀਉ! ਜਿਨ੍ਹਾਂ ਸਰੀਰ ਦੇ ਅੰਦਰੂਨੀ ਸੂਖਮ ਰੋਗਾਂ ਨੂੰ ਅਸੀਂ ਅਨੁਭਵ ਕਰਨ ਦੀ ਸੂਖਮ ਦ੍ਰਿਸ਼ਟੀ ਨਹੀਂ ਰੱਖਦੇ; ਕੀ ਉਨ੍ਹਾਂ ਸੰਬੰਧੀ ਜਾਣਕਾਰੀ ਦਿਓਗੇ?

ਉ: ਹੇ ਭਾਈਓ! ਬਾਣੀ ਅੰਦਰ ਇਨ੍ਹਾਂ ਪੰਜਾਂ ਕਾਮਾਦਿਕਾਂ ਨੂੰ ਕਿਸੇ ਥਾਂ 'ਪੰਜ ਰੋਗ' ਕਿਸੇ ਜਗ੍ਹਾ ਪੰਜ ਦੂਤ ਜਾਂ ਪੰਜ ਚੋਰਾਂ ਦੇ ਨਾਮ ਨਾਲ ਪ੍ਰਗਟਾਇਆ ਹੈ, ਜਿਵੇਂ ਕਿ:

> ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
> ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
> (ਪੰਨਾ ੭੧੦)

ਜਾਂ
> ਇਸ ਦੇਹੀ ਅੰਦਰਿ ਪੰਚ ਚੋਰ ਵਸਹਿ
> ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
> ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ
> ਕੋਇ ਨ ਸੁਣੈ ਪੂਕਾਰਾ ॥
> ਅੰਧਾ ਜਗਤੁ ਅੰਧੁ ਵਰਤਾਰਾ
> ਬਾਝੁ ਗੁਰੂ ਗੁਬਾਰਾ ॥੨॥ (ਪੰਨਾ ੬੦੦)

ਭਾਵ, ਇਸ ਦੇਹੀ ਰੂਪ ਮਕਾਨ ਅੰਦਰ ਕਾਮਾਦਿਕ ਪੰਜ ਚੋਰ ਹਰ ਵਕਤ ਹੀ ਵੱਸਦੇ ਹਨ, ਜੋ ਦਿਨੇ ਰਾਤ ਨਾਮ ਅੰਮ੍ਰਿਤ ਤੇ ਸ਼ੁਭ ਗੁਣਾਂ ਦੀ ਦੌਲਤ ਨੂੰ ਲੁਟੀ ਜਾਂਦੇ ਹਨ, ਕਿਸੇ ਦੀ ਭੀ ਕੋਈ ਪੁਕਾਰ ਨਹੀਂ ਸੁਣਦਾ।

ਹੇ ਭਾਈ! ਇਹ ਅਸੀਂ ਆਮ ਹੀ ਵੇਖਦੇ ਹਾਂ ਕਿ ਜਿਸ ਕਿਸੇ ਘਰ ਵਿਚ ਕਦੀ ਕਦਾਈਂ ਇਕ ਦੋ ਚੋਰ ਆ ਜਾਣ ਉਹ ਵਾਹ ਲਗਦੀ ਕੋਈ ਭੀ ਵਸਤੂ ਛੱਡ ਕੇ ਨਹੀਂ ਜਾਂਦੇ, ਪਰ ਜਿਸ ਘਰ ਵਿਚ ਪੰਜ ਚੋਰ ਹਰ ਵਕਤ ਹੀ ਰਹਿੰਦੇ ਹੋਣ ਉਸ ਘਰ ਵਿਚ ਤਾਂ ਕੋਈ ਭੀ ਪਦਾਰਥ ਨਹੀਂ ਰਹਿੰਦਾ। ਪਰ ਇਕ ਗੱਲ ਇਹ ਭੀ ਸੋਚਣ ਵਾਲੀ ਹੈ ਕਿ ਚੋਰ ਕਿਸ ਘਰ ਵਿਚ ਆਉਂਦੇ ਹਨ? ਜਿਸ ਘਰ ਵਿਚ ਧਨ ਦੌਲਤ ਵਧੇਰੇ ਹੋਣ ਪਰ ਉਸ ਘਰ ਨੂੰ ਲੁੱਟਣ ਵਿਚ ਚੋਰ ਸਫਲ ਹੋ ਜਾਂਦੇ ਹਨ ਜਿਸ ਘਰ ਦੇ ਮਾਲਕ ਸਾਰੇ ਦੇ ਸਾਰੇ ਘੂਕ ਸੁੱਤੇ ਪਏ ਹੋਣ। ਸੋ ਅਸੀਂ ਵੇਖ ਰਹੇ ਹਾਂ ਕਿ ਇਸ ਸਰੀਰ ਘਰ ਦੇ ਸਾਰੇ ਹੀ ਮੈਂਬਰ ਬੇ-ਸੰਭਾਲ ਹੋ ਘੂਕ ਸੁੱਤੇ ਪਏ ਹਨ। ਬਾਣੀ ਵਿਚ ਫ਼ੁਰਮਾਨ ਹੈ:

> ਨੈਨਹੁ ਨੀਦ ਪਰਦ੍ਰਿਸਟਿ ਵਿਕਾਰ ॥
> ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
> ਰਸਨਾ ਸੋਈ ਲੋਭਿ ਮੀਠੈ ਸਾਦਿ ॥
> ਮਨੁ ਸੋਇਆ ਮਾਇਆ ਬਿਸਮਾਦਿ ॥੧॥
> (ਪੰਨਾ ੧੮੨)

ਭਾਵ, ਮਨੁੱਖ ਦੇ ਨੇਤ੍ਰਾਂ ਨੂੰ ਨੀਂਦ ਆਈ ਵੇਖਦੇ ਹਾਂ ਜੋ ਇਹ ਪਰਾਏ ਰੂਪ ਨੂੰ ਤੱਕ ਕੇ ਵਿਕਾਰ ਦ੍ਰਿਸ਼ਟੀ ਨਾਲ ਵੇਖਦਾ ਹੈ। ਕੰਨ ਸੁੱਤੇ ਪਏ ਹਨ ਪਰਾਇਆਂ ਦੀ ਨਿੰਦਾ ਚੁਗਲੀ ਸੁਣਦੇ ਰਹਿਣ ਦੀ ਆਦਤ ਵਿਚ। ਰਸਨਾ ਸੁੱਤੀ ਪਈ ਹੈ ਮਿਠੇ ਪਦਾਰਥਾਂ ਦੇ ਚਸਕਾ ਲੈਣ ਦੇ ਸੁਆਦ ਵਿਚ। ਮਨ ਸੁੱਤਾ ਪਿਆ ਹੈ ਮਾਇਆ ਦੀ ਬਿਸਮਾਦਤਾਈ ਦੀ ਮਸਤੀ ਵਿਚ। ਇਸ ਲਈ ਹੇ ਭਾਈਓ! ਤੱਕਣ ਵਿਚ ਆਉਂਦਾ ਹੈ ਕਿ ਇਸ ਜੀਵ ਦੇ ਸਰੀਰਕ ਇੰਦ੍ਰੇ ਆਪੋ ਆਪਣੇ ਵਿਕਾਰਾਂ ਦੇ ਰਸ ਲੈਣ ਵਿਚ ਘੂਕ ਸੁੱਤੇ ਪਏ ਹਨ, ਪਰ ਹਾਂ ਵਧੇਰੇ ਤਾਂ ਨਹੀਂ:

> ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
> ਸਾਬਤੁ ਵਸਤੁ ਓਹੁ ਅਪਨੀ ਲਹੈ ॥ (ਪੰਨਾ ੧੮੨)

ਭਾਵ, ਕਿਸੇ ਗੁਰਮੁਖ ਦਾ ਹੀ ਮਨ ਇਸ ਸਰੀਰ ਰੂਪੀ ਘਰ ਵਿਚ ਜਾਗਦਾ ਹੈ, ਜੋ ਆਪਣੀ ਸੱਚੀ ਆਤਮਿਕ ਵਸਤੂ ਨੂੰ ਪ੍ਰਾਪਤ ਕਰਨ ਵਿਚ ਸਫਲ ਹੋ ਸਕਦਾ ਹੈ।

ਬਾਕੀ ਤਾ ਹਉਮੈਂ ਦੇ ਰੋਗ ਵਿਚ ਗ੍ਰਸੇ ਹੋਏ ਦਿਨ ਰਾਤ ਵਿਲਕਦੇ ਹੋਏ ਜੀਵਨ ਵਿਅਰਥ ਗਵਾ ਰਹੇ ਹਨ। ਕਿਉਂਕਿ ਜਿਥੇ ਮਨੁੱਖ ਦੇ ਅੰਦਰ ਹੋਰ ਸੂਖਮ ਵਿਕਾਰਾਂ ਦੇ ਰੋਗ ਹਨ, ਉਥੇ ਗੁਰਬਾਣੀ ਨੇ ਇਸ ਹਉਮੈਂ ਨੂੰ ਬਾਕੀ ਦੇ ਰੋਗਾਂ ਨਾਲੋਂ ਵਡੇਰਾ ਰੋਗ ਫੁਰਮਾਇਆ ਹੈ, ਜਿਵੇਂ ਕਿ:

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥

*(ਪੰਨਾ ੪੬੬)*

ਇਸ ਲਈ ਸਾਨੂੰ ਇਉਂ ਹੀ ਸਮਝਣਾ ਪਵੇਗਾ ਕਿ ਮਨੁੱਖ ਦੀ ਨਜ਼ਰ ਕਿਸੇ ਸਰੀਰ 'ਤੇ ਜ਼ਖ਼ਮ ਜਾਂ ਫੋੜਾ ਫਿਨਸੀ ਦੇ ਰੋਗ ਨੂੰ ਤਾਂ ਵੇਖ ਸਕਦੀ ਹੈ, ਪਰ ਇਸ ਸਰੀਰ ਦੇ ਅੰਦਰ ਜੋ ਸੂਖਮ ਵਿਕਾਰਾਂ ਦੇ ਰੋਗ ਹਨ ਉਨ੍ਹਾਂ ਨੂੰ ਅਗਿਆਨਤਾ ਦੇ ਅੰਧੇਰੇ ਦੀ ਪ੍ਰਬਲਤਾ ਦਾ ਸਦਕਾ ਹਰ ਮਨੁੱਖ ਹੀ ਵੇਖਣ ਵਲੋਂ ਅਸਮਰੱਥ ਹੈ।

ਹੇ ਸਜਨੋ! ਤੁਹਾਡਾ ਦੂਸਰਾ ਖ਼ਿਆਲ ਸੀ ਕਿ ਜੰਗਲ ਵਾਸੀ ਹਾਥੀ, ਮ੍ਰਿਗ, ਘੋੜੇ ਆਦਿਕਾਂ ਦੇ ਸਰੀਰਾਂ ਨੂੰ ਕੋਈ ਰੋਗ ਵੇਖਣ ਵਿਚ ਨਹੀਂ ਆਉਂਦਾ, ਇਹ ਭੀ ਤੁਹਾਡੀ ਅਸਥੂਲ ਦ੍ਰਿਸ਼ਟੀ ਦਾ ਹੀ ਦੋਸ਼ ਹੈ, ਜਿਵੇਂ ਤੁਹਾਨੂੰ ਸਰੀਰਾਂ ਦੇ ਅੰਦਰ ਸੂਖਮ ਰੋਗ ਨਹੀਂ ਦਿਸਦੇ, ਉਸੇ ਤਰ੍ਹਾਂ ਇਨ੍ਹਾਂ ਜੰਗਲ ਵਾਸੀ ਜਾਨਵਰਾਂ ਦੇ ਜੋ ਸੂਖਮ ਰੋਗ ਹਨ, ਇਨ੍ਹਾਂ ਨੂੰ ਵੇਖਣ ਵਲੋਂ ਵੀ ਤੁਸੀਂ ਅਸਮਰੱਥ ਹੋ, ਇਨ੍ਹਾਂ ਦੇ ਅੰਦਰੂਨੀ ਰੋਗਾਂ ਨੂੰ ਹਜ਼ੂਰ ਦੀ ਬਾਣੀ ਨੇ ਸਪੱਸ਼ਟ ਰੂਪ ਵਿਚ ਅੰਕਿਤ ਕੀਤਾ ਹੈ:

ਹਉਮੈ ਰੋਗੁ ਮਾਨੁਖ ਕਉ ਦੀਨਾ॥
ਕਾਮ ਰੋਗਿ ਮੈਗਲੁ ਬਸਿ ਲੀਨਾ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥
ਨਾਦ ਰੋਗਿ ਖਪਿ ਗਏ ਕੁਰੰਗਾ॥੧॥
ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥੧॥ਰਹਾਉ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ॥
ਬਾਸਨ ਰੋਗਿ ਭਵਰੁ ਬਿਨਸਾਨੋ॥ *(ਪੰਨਾ ੧੧੪੦)*

ਭਾਵ ਹੈ ਕਿ ਜਿਵੇਂ ਹਉਮੈਂ ਆਦਿ ਰੋਗਾਂ ਦੇ ਗ੍ਰਸੇ ਹੋਏ ਜੀਵ ਹਨ, ਇਸੇ ਤਰ੍ਹਾਂ ਜੰਗਲ ਵਾਸੀ ਜੀਵ ਭੀ ਸੂਖਮ ਰੋਗਾਂ ਦੇ ਮਨ ਕਰਕੇ ਗ੍ਰੱਸੇ ਹੋਏ ਹਨ, ਜੋ ਆਮ ਲੋਕਾਂ ਨੂੰ ਨਜ਼ਰ ਨਹੀ ਆਉਂਦੇ। ਇਸ ਭਾਵ ਨੂੰ ਸਤਿਗੁਰੂ ਜੀ ਨੇ ਇਕ ਥਾਂ ਨਹੀਂ ਸਗੋਂ ਕਈ ਥਾਵਾਂ 'ਤੇ ਪ੍ਰਗਟਾਇਆ ਹੈ। ਇਸ ਲਈ ਜੋ ਵੀ ਉਸ ਕਾਦਰ ਕਰੀਮ ਨੇ ਆਪਣੀ ਕੁਦਰਤ ਦੁਆਰਾ ਰਚਨਾ ਰਚੀ ਹੈ, ਉਸ ਉਤੇ ਸੰਸਾ ਕਰਨਾ ਸਾਡੀ ਅਲਪੱਗਤਾ ਹੀ ਹੋ ਸਕਦੀ ਹੈ, ਕਿਉਂਕਿ ਸਾਡੇ ਮਨ ਦੀ ਅਲਪ ਸ਼ਕਤੀ ਉਸ ਰਚਨਹਾਰ ਦੀ ਸ੍ਰਬੱਗਤਾ ਨੂੰ ਅਨੁਭਵ ਕਰਨ ਵਲੋਂ ਅਸਮਰੱਥ ਹੈ, ਜਿਸ ਕਰਕੇ ਸਾਡੇ ਕਿਸੇ ਸ਼ੈ 'ਤੇ ਭੀ ਸੰਦੇਹ ਕਰਨਾ ਇਕ ਬਹੁਤ ਵੱਡੀ ਅਗਿਆਨਤਾ ਹੀ ਕਹਿਣਾ ਯੋਗ ਹੈ।

ਇਸ ਲਈ ਹੇ ਭਾਈਓ! ਗੁਰਬਾਣੀ ਵਿਚ ਜਿਥੇ ਮੈਨੂੰ ਮਨੁੱਖ ਦੇ ਸਰੀਰ ਵਿਚ ਪੰਜ ਵਿਕਾਰਾਂ ਦੇ ਸੂਖਮ ਰੋਗ ਪੜ੍ਹਨ ਵਿਚ ਆਉਂਦੇ ਹਨ, ਉਥੇ ਮੈਨੂੰ ਹਾਥੀ, ਮ੍ਰਿਗ ਆਦਿ ਪਸ਼ੂਆਂ ਵਿਚ ਜੇ ਵਧੇਰੇ ਨਹੀਂ ਤਾਂ ਇਕ ਇਕ ਰੋਗ ਦੇ ਗ੍ਰਸੇ ਹੋਏ ਰੋਗੀ ਤਾਂ ਦਿਨੇ ਰਾਤ ਵਿਲਕਦੇ ਤੱਕਣ ਵਿਚ ਆਉਂਦੇ ਹਨ।

ਪ੍ਰ: ਕਿਉਂ ਜੀ! ਕੀ ਜੀਵਾਂ ਤੋਂ ਵੱਖਰੀ ਸ਼੍ਰੇਣੀ ਪਸ਼ੂ ਆਦਿਕਾਂ ਦੇ ਸੂਖਮ ਰੋਗਾਂ ਦੀ ਜਾਣਕਾਰੀ ਕਰਾਓਗੇ?

ਉ: ਹੇ ਭਾਈਓ! ਗੁਰਬਾਣੀ ਦੁਆਰੇ ਜੋ ਸੋਝੀ ਮਿਲੀ ਹੈ ਉਸ ਤੋਂ ਪ੍ਰਭਾਵਿਤ ਹੋ ਜੋ ਗੁਰੂ ਜੀ ਨੇ ਮੈਨੂੰ ਪ੍ਰੇਰਨਾ ਦਿੱਤੀ ਹੈ, ਉਸ ਨੂੰ ਚੰਦ ਸਤਰਾਂ ਵਿਚ ਅੰਕਿਤ ਕਰਨ ਦਾ ਇਕ ਨਿਮਾਣਾ ਜਿਹਾ ਉੱਦਮ ਕੀਤਾ ਹੈ, ਜੋ ਇਉਂ ਹੈ:

(੧) (ਹੇ ਭਾਈਓ! ਜਿਵੇਂ ਅਸੀਂ ਵੇਖਦੇ ਹਾਂ ਕਿ) ਹਾਥੀ, ਹਿਰਨ, ਮੱਛੀ, ਪਤੰਗਾ ਤੇ ਭੌਰਾ ਇਹ ਇਕ ਇਕ ਰੋਗ ਨਾਲ ਹੀ ਮਾਰੇ ਜਾਂਦੇ ਹਨ। (ਜਿਵੇਂ ਕਿ ਹਾਥੀ ਨੂੰ ਕਾਮ ਦਾ, ਮ੍ਰਿਗ ਨੂੰ ਨਾਦ (ਅਵਾਜ਼) ਦਾ, ਮੱਛੀ ਨੂੰ ਜੀਹਬਾ ਦੇ ਸੁਆਦ ਦਾ, ਪਤੰਗੇ ਨੂੰ ਸੁਹਪਣ ਦੇਖਣ ਦਾ ਤੇ ਭੌਰੇ ਨੂੰ ਵਾਸ਼ਨਾ ਸੁਗੰਧੀ ਲੈਣ ਦਾ ਰੋਗ ਲਗਾ ਹੋਇਆ ਹੈ।)

(੨) ਪਰ ਮਨੁੱਖੀ ਦੇਹ ਨੂੰ ਇਹ ਪੰਜੇ ਰੋਗ ਹੀ ਲੱਗ ਰਹੇ ਹਨ। ਇਹ ਪੰਜੇ ਦੂਤ (ਵਿਕਾਰ) ਭਾਰਾ ਮਾਰਾ ਬਕਾਰਾ ਕਰ ਰਹੇ ਹਨ।

(੩) ਇਨ੍ਹਾਂ ਰੋਗਾਂ ਦੇ ਨਾਲ ਹੀ, ਮਨੁੱਖ ਵਿਚ ਆਸਾ ਤੇ ਮਨਸਾ ਡਾਇਣਾਂ ਹਨ ਤੇ ਹਰਖ ਸੋਗ ਹੋਰ ਬਹੁਤੇ ਰੋਗਾਂ ਨੂੰ ਪੈਦਾ ਕਰਨ ਵਾਲੇ ਹਨ।

(੪) (ਮਨੁੱਖ ਏਨੇ ਦੂਤਾਂ ਦੇ ਘੇਰੇ ਵਿਚ ਘਿਰਿਆ ਹੋਇਆ ਹੈ, ਪਰ) ਮਨਮੁਖ ਦੂਜੇ ਭਾਵ (ਮੈਂ ਮੇਰੀ) ਵਿਚ ਲੱਗ ਕੇ (ਇਨ੍ਹਾਂ ਦੂਤਾਂ ਦੇ ਢਹੇ ਚੜ੍ਹ) ਭੰਬਲ ਭੂਸੇ ਖਾਂਦੇ ਫਿਰਦੇ ਹਨ। (ਕਦੀ ਕਿਸੇ ਗੱਲ ਦੀ ਚਿੰਤਾ, ਕਦੇ ਕਿਸੇ ਹੋਰ ਦੀ ਚਿੰਤਾ ਵਿਚ ਗਲਤਾਨ ਰਹਿੰਦੇ ਹਨ।)

ਪ੍ਰ: ਭਾਈ ਸਾਹਿਬ ਜੀਉ! ਕਿਵੇਂ ਇਨ੍ਹਾਂ ਤੋਂ ਬਚਾਅ ਭੀ ਹੋ ਸਕਦਾ ਹੈ?

(੫) ਉ: (ਹੇ ਪਿਆਰੇ ! ਇਨ੍ਹਾਂ ਤੋਂ ਬਚਾਉਣ ਲਈ ਕੇਵਲ) ਸਤਿਗੁਰੂ ਸੱਚਾ ਪਾਤਿਸ਼ਾਹ ਹੈ, ਗੁਰਮੁਖ (ਜਦ ਉਨ੍ਹਾ ਦੇ ਦੱਸੇ) ਗਾਡੀ ਰਾਹ ਪਰ ਤੁਰਦੇ ਹਨ, ਫਿਰ ਉਹ

(੬) ਸਾਧ ਸੰਗਤ ਵਿਚ ਮਿਲ ਕੇ ਚਲਦੇ ਹਨ (ਇਸੇ ਕਾਰਨ ਪੰਜ ਵਿਸ਼ੇ ਅਤੇ ਹਰਖ ਸੋਗ ਆਦਿ) ਚੋਰ ਠੱਗਣਹਾਰੇ ਡਰ ਕੇ ਭੱਜ ਜਾਂਦੇ ਹਨ।

(੭) (ਇਸੇ ਤਰ੍ਹਾਂ ਗੁਰਮੁਖ ਜਨਮ ਦਾ) ਲਾਭ ਲੈ ਕੇ ਸ੍ਵੈ-ਸਰੂਪ ਵਿਖੇ ਨਿਵਾਸ ਕਰਦੇ ਹਨ।੨੦।

***ਭਾਵਾਰਥ :*** ਮ੍ਰਿਗ, ਮੀਨ, ਭਰਿੰਗ, ਪਤੰਗ, ਕੁੰਚਰ ਵਿਚ ਕੇਵਲ ਇਕ ਇਕ ਦੋਸ਼ ਹੈ ਪਰ ਪੰਜੇ ਦੋਸ਼ ਜਿਸ ਮਨੁੱਖ ਵਿਚ ਹਨ ਉਸਦੇ ਬਚ ਜਾਣ ਦੀ ਕੀ ਆਸ ਕੀਤੀ ਜਾ ਸਕਦੀ ਹੈ। ਬੱਸ, ਇਕ ਗੁਰੂ ਹੀ ਮੇਹਰ ਕਰੇ ਤਾਂ ਹੀ ਬਚਾਅ ਹੋ ਸਕਦਾ ਹੈ।

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥
*(ਪੰਨਾ ੪੮੬)*

## ੨੧. ਗੁਰੂ ਸੱਚੇ ਮਲਾਹ

**੧. ਬੇੜੀ ਚਾੜ ਲੰਘਾਇਦਾ**
**ਬਾਹਲੇ ਪੂਰ ਮਾਣਸ ਮੋਹਾਣਾ।**
**੨. ਆਗੂ ਇੱਕ ਨਿਬਾਹਿੰਦਾ**
**ਲਸ਼ਕਰ ਸੰਗ ਸ਼ਾਹ ਸੁਲਤਾਣਾ।**
**੩. ਫਿਰੈ ਮਹੱਲੈ ਪਾਹਰੂ**
**ਹੋਇ ਨਿਚਿੰਦ ਸਵਣ ਪਰਧਾਣਾ।**
**੪. ਲਾੜਾ ਇੱਕ ਵੀਵਾਹੀਐ**
**ਬਾਹਲੇ ਜਾਂਞੀ ਕਰ ਮਿਹਮਾਣਾ।**
**੫. ਪਾਤਸ਼ਾਹ ਇੱਕ ਮੁਲਕ ਵਿੱਚ**
**ਹੋਰ ਪਰਜਾ ਹਿੰਦੂ ਮੁਸਲਮਾਣਾ।**
**੬. ਸਤਿਗੁਰ ਸੱਚਾ ਪਾਤਿਸ਼ਾਹ**
**ਸਾਧਸੰਗਤਿ ਗੁਰ ਸ਼ਬਦ ਨੀਸਾਣਾ।**
**੭. ਸਤਿਗੁਰ ਪਰਣੈ ਤਿਨ ਕੁਰਬਾਣਾ ॥੨੧॥੫॥**

***ਪਦ ਅਰਥ :*** ਪੂਰ—ਸਾਥ, ਬੇੜੀ ਦੇ ਪਾਰ ਦਾ ਸਮੂੰਹ। ਮੋਹਾਣਾ—ਮਲਾਹ। ਨਿਬਾਹਿੰਦਾ—ਤੋੜ ਤੀਕ ਪੁਚਾਣਾ। ਪਰਧਾਣਾ—ਸਰਪੰਚ, ਮੁਖੀ ਆਗੂ, ਅਮੀਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਪੁਰਾਤਨ ਪੁਸਤਕਾਂ ਪੜ੍ਹਦੇ ਹਾਂ, ਤਾਂ ਉਨ੍ਹਾਂ ਵਿਚ ਇਸ ਸੰਸਾਰ ਨੂੰ ਸਾਗਰ ਦੀ ਤੁਲਨਾ ਦਿੱਤੀ ਹੈ, ਉਹ ਕਹਿੰਦੇ ਹਨ ਕਿ ਜਿਵੇਂ ਇਸ ਪਰਤੱਖ ਸਮੁੰਦਰ ਦਾ ਤਰਨਾ ਕਠਿਨ ਹੈ ਖਾਸ ਕਰਕੇ ਉਸ ਬੰਦੇ ਲਈ ਜੋ ਸਰੀਰ ਕਰਕੇ ਨਿਰਬਲ ਹੈ ਅਤੇ ਜਿਸਨੂੰ ਨਾ ਕਿਸੇ ਬੇੜੀ, ਨਾ ਹੀ ਮਲਾਹ ਦੀ ਸਹਾਇਤਾ ਹੈ ਉਸਦਾ ਤਰਨਾ ਤਾਂ ਬਹੁਤ ਹੀ ਔਖਾ ਹੈ, ਜਿਵੇਂ ਉਸਦੇ ਪ੍ਰਤੱਖ ਸਾਗਰ ਤੋਂ ਪਾਰ ਹੋਣ ਲਈ ਕਿਸੇ ਸਿਆਣੇ ਮਲਾਹ ਤੇ ਬੇੜੀ, ਤੁਲਹੇ ਦੀ ਅਤਿ ਜ਼ਰੂਰਤ ਹੋਇਆ ਕਰਦੀ ਹੈ।

ਇਸੇ ਤਰ੍ਹਾਂ ਇਹ ਜੋ ਅਥਾਹ ਸੰਸਾਰ ਸਾਗਰ ਹੈ, ਇਸ ਦੀਆਂ ਜੋ ਵਿਕਾਰਾ ਦੀਆਂ ਅਤਿ ਬਿਖਮ ਲਹਿਰਾਂ ਹਨ, ਇਨ੍ਹਾਂ ਤੋਂ ਪਾਰ ਹੋਣ ਲਈ ਭੀ ਕਿਸੇ ਸਿਆਣੇ 'ਗੁਰੂ' ਮਲਾਹ ਦੀ ਲੋੜ ਹੈ। ਪਰ ਉਨ੍ਹਾਂ ਨੇ ਗੁਰੂ ਮਲਾਹ ਭੀ ਆਪੋ ਆਪਣੀ ਭਾਵਨਾ ਅਨੁਸਾਰ ਵਖੋ ਵੱਖਰੇ ਦਰਸਾਏ ਹਨ, ਅਰਥਾਤ ਕਿਸੇ ਨੇ ਬ੍ਰਹਮਾ, ਕਿਸੇ ਨੇ ਵਿਸ਼ਨੂੰ, ਕਿਸੇ ਨੇ ਸ਼ਿਵ ਜੀ ਨੂੰ ਗੁਰੂ ਧਾਰਨ ਕਰ ਲੈਣ ਦੀ ਪ੍ਰੇਰਨਾ ਕੀਤੀ ਹੈ, ਅਤੇ ਉਨ੍ਹਾਂ ਦੀ ਉਪਾਸ਼ਨਾ ਕਰਨ ਦੇ ਭੀ ਭਿੰਨ ਭਿੰਨ ਸਾਧਨ ਦਰਸਾਏ ਹਨ, ਅਤੇ ਹੋਰ ਭੀ ਜੋਗ ਅਭਿਆਸ, ਦੇਵ ਪੂਜਾ, ਵੇਦ ਪਾਠ ਅਤੇ ਜਗ ਆਦਿ ਕਰਮ ਕਰਦੇ ਰਹਿਣ ਦੀ ਪ੍ਰੇਰਨਾ ਕੀਤੀ ਹੈ। ਕਿਉ ਜੀ ! ਤੁਸੀਂ ਇਹ ਦੱਸਣ ਦੀ ਖੇਚਲ ਕਰੋਗੇ ਕਿ ਗੁਰਮਤ ਵਿਚ ਇਸ ਸੰਸਾਰ ਸਾਗਰ ਦੀਆਂ ਬਿਖਮ ਲਹਿਰਾਂ ਤੋਂ ਬਚ ਕੇ ਪਾਰ ਹੋਣ ਦਾ ਸੁਖੈਨ ਸਾਧਨ ਤੇ ਉਸਦੀ ਰੂਪ ਰੇਖਾ ਕਿਵੇਂ ਦਰਸਾਈ ਹੈ ?

ਉ: ਹੇ ਸਜਨ ਜੀਉ ! ਇਹ ਤਾਂ ਉਨ੍ਹਾ ਇਤਿਹਾਸਕਾਰਾ ਦੇ ਕਥਨ ਅਨੁਸਾਰ ਅਵੱਸ ਹੀ ਮੰਨਣਾ ਪਵੇਗਾ ਕਿ ਇਸ ਸੰਸਾਰ ਸਾਗਰ ਦੇ ਬਿਖਮ ਵਿਕਾਰਾਂ ਦੀਆ ਬਿਖਮ ਲਹਿਰਾਂ ਤੋਂ ਪਾਰ ਹੋਣ ਲਈ ਮਨੁੱਖ ਨੂੰ ਗੁਰੂ ਦੀ ਅਵੱਸ਼ ਹੀ ਲੋੜ ਹੈ, ਇਸ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਭੀ ਕਈ ਥਾਵਾਂ 'ਤੇ ਪ੍ਰਗਟਾਇਆ ਹੈ, ਜਿਵੇਂ ਕਿ ਹੁਕਮ ਆਇਆ ਹੈ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥
*(ਪੰਨਾ ੪੬੩)*

ਭਾਵ ਹੈ, ਸੈਂਕੜੇ ਚੰਦ੍ਰਮਾਂ ਤੇ ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਭੀ ਜਿਸ ਮਨੁੱਖ ਦੇ ਅਗਿਆਨ ਅੰਧੇਰੇ ਨੂੰ ਦੂਰ ਨਹੀਂ ਕਰ ਸਕਦਾ, ਉਸ ਦੀ ਨਵਿਰਤੀ ਕੇਵਲ ਗੁਰੂ ਦਾ ਬਖ਼ਸ਼ਿਆ ਹੋਇਆ ਗਿਆਨ ਹੀ ਕਰ ਸਕਦਾ ਅਰਥਾਤ ਗੁਰੂ ਤੋਂ ਬਿਨਾਂ ਮਨੁੱਖ ਦੇ ਹਿਰਦੇ ਵਿਚ ਅਗਿਆਨ ਬਣਿਆ ਹੀ ਰਹਿੰਦਾ ਹੈ।

ਜਾਂ ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥
(ਪੰਨਾ ੧੩੯੯)

ਭਾਵ, ਗੁਰੂ ਤੋਂ ਬਿਨਾ ਮਨੁੱਖ ਦੀ ਇਸ ਸੰਸਾਰ ਦੇ ਬੰਧਨਾਂ ਵਲੋਂ ਖਲਾਸੀ ਹੋਣੀ ਅਤਿਅੰਤ ਕਠਨ ਹੈ।

ਪਰ, ਹੁਣ ਏਥੇ ਸੁਆਲ ਪੈਦਾ ਹੁੰਦਾ ਹੈ ਕਿ ਜਿਸ ਗੁਰੂ ਬਾਰੇ ਬਾਣੀ ਵਿਚ ਬਾਰ ਬਾਰ ਜ਼ਿਕਰ ਆਇਆ ਹੈ ਉਸਦੀ ਸਹੀ ਰੂਪ ਰੇਖਾ ਕੀ ਹੈ। ਕਿਉਂਕਿ ਅਜੋਕੇ ਸਮੇਂ ਵਿਚ ਤਾਂ ਅਨਗਿਣਤ ਹੀ ਗੁਰੂ ਹਨ ਜੋ ਗਿਣੇ ਹੀ ਨਹੀਂ ਜਾ ਸਕਦੇ। ਪਰ, ਜੇ ਵੀਚਾਰੀਏ ਤਾਂ ਸੱਚੇ ਗੁਰੂ ਬਾਰੇ ਹੀ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ, ਜਿਵੇਂ ਕਿ:

ਗੁਰੁ ਸਾਗਰੁ ਰਤਨੀ ਭਰਪੂਰੇ ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ (ਪੰਨਾ ੬੮੫)

ਭਾਵ ਹੈ, ਕਿ ਸੱਚਾ ਗੁਰੂ ਸਾਗਰ ਦਾ ਰੂਪ ਹੈ, ਜਿਸ ਵਿਚ ਨਾਮ ਰੂਪੀ ਰਤਨ ਭਰਪੂਰ ਹਨ, ਜੋ ਦੈਵੀ ਗੁਣਾਂ ਦੇ ਭਰੇ ਭੰਡਾਰ ਹਨ, ਜਿਸ ਨਾਮ ਅੰਮ੍ਰਿਤ ਦੇ ਚੋਗੇ ਨੂੰ ਸੰਤ ਜਨ ਸਦਾ ਹੀ ਚੁਗਦੇ ਰਹਿੰਦੇ ਹਨ, ਕਦੇ ਭੀ ਦੂਰ ਨਹੀਂ ਹੁੰਦੇ। ਪਰ ਜਿਨ੍ਹਾਂ ਕੱਚੇ ਗੁਰੂਆਂ ਦੇ ਅੰਤਰ ਆਤਮੇ ਨਾਮ ਦੀ ਕਣੀ ਨੇ ਨਿਵਾਸ ਹੀ ਨਹੀਂ ਕੀਤਾ ਉਨ੍ਹਾਂ ਬਾਰੇ ਤਾਂ ਬਾਣੀ ਵਿਚ ਬਾਰ ਬਾਰ ਇਉਂ ਜ਼ਿਕਰ ਆਉਂਦਾ ਹੈ ਕਿ:

ਕਾਚੇ ਗੁਰ ਤੇ ਮੁਕਤਿ ਨ ਹੂਆ ॥ (ਪੰਨਾ ੯੩੨)

ਜਾਂ ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥ (ਪੰਨਾ ੧੨੪੫)

ਭਾਵ, ਜੋ ਆਪਣੇ ਆਪ ਨੂੰ ਗੁਰੂ ਸਦਵਾਉਂਦਾ ਹੈ, ਪਰ ਦਰ ਦਰ ਭਿਖਿਆ ਮੰਗਦਾ ਫਿਰਦਾ ਹੈ, ਉਸਦੇ ਤਾਂ ਉੱਕਾ ਹੀ ਪੈਰਾਂ ਨੂੰ ਨਹੀਂ ਛੋਹਣਾ ਚਾਹੀਦਾ ਕਿਉਂਕਿ ਉਸ ਤੋਂ ਕੋਈ ਭੀ ਲਾਭ ਪ੍ਰਾਪਤ ਨਹੀਂ ਹੋਵੇਗਾ, ਬਾਣੀ ਦਾ ਫ਼ੁਰਮਾਨ ਹੈ ਕਿ:

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ
ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥ (ਪੰਨਾ ੩੦੬)

ਭਾਵ ਹੈ, ਜਿਸਦਾ ਮਾਲਕ ਹੀ ਭੁਖਾ ਨੰਗਾ ਹੈ, ਉਸਦੇ ਨੌਕਰ ਨੂੰ ਰਜਵਾਂ ਖਾਣਾ ਕਿਥੋਂ ਮਿਲੇਗਾ ? ਸੋ, ਐਸੇ ਦੰਭੀ ਗੁਰੂਆਂ ਬਾਰੇ ਤਾਂ ਕਬੀਰ ਜੀ ਨੇ ਬੜੇ ਸਖ਼ਤ ਸ਼ਬਦ ਵਰਤੇ ਹਨ, ਜਿਵੇਂ ਕਿ:

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥
(ਪੰਨਾ ੧੩੬੯)

ਭਾਵ ਹੈ, ਕਬੀਰ ਜੀ ਕਹਿੰਦੇ ਹਨ ਕਿ ਮੈਂ ਤਾਂ ਚਾਹਵਾਂਗਾ ਕਿ ਉਸ ਪਖੰਡੀ ਗੁਰੂ ਦੀ ਮਾਂ ਦਾ ਭੀ ਸਿਰ ਮੁੰਨ ਦੇਣਾ ਚਾਹੀਦਾ ਹੈ। (ਕਿਉਂਕਿ ਉਸਨੇ ਐਸੇ ਪਖੰਡੀ ਨੂੰ ਜਨਮ ਹੀ ਕਿਉਂ ਦਿੱਤਾ ਹੈ।) ਉਹ ਆਪ ਤਾਂ ਚੌਹਾਂ ਵੇਦਾਂ ਦੇ ਕਰਮ ਕਾਂਡ ਵਿਚ ਡੁੱਬੇ ਹੋਏ ਸਨ, ਨਾਲ ਆਪਣੇ ਚੇਲਿਆਂ ਨੂੰ ਭੀ ਬਹਾ ਦਿੱਤਾ ਭਾਵ ਰੋੜ੍ਹ ਦਿੱਤਾ ਕਿਉਂਕਿ:

ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ ॥੨॥
(ਵਾਰ ੩੫)

ਭਾਵ, ਜੇ ਕਿਸੇ ਅੰਧੇ ਨੂੰ ਆਗੂ ਬਣਾ ਲਿਆ ਜਾਵੇ ਉਹ ਸਾਥੀਆਂ ਨੂੰ ਭੀ ਨਾਲੇ ਲੈ ਡੁੱਬਦਾ ਹੈ।

ਪ੍ਰ: ਭਾਈ ਸਾਹਿਬ ਜੀਉ ! ਅਸੀਂ ਕਲਜੁਗੀ ਜੀਵ ਤਾਂ ਤੁਛ ਬੁੱਧੀ ਵਾਲੇ ਹਾਂ, ਜੋ ਕਿ ਸੱਚੇ ਤੇ ਕੱਚੇ ਗੁਰੂ ਦੀ ਪਰਖ ਕਰਨ ਦੀ ਸਮਰੱਥਾ ਹੀ ਨਹੀਂ ਰੱਖਦੇ, ਸੋ ਆਪ ਹੀ ਦੱਸੋ ਸਾਨੂੰ ਕੀ ਕਰਨਾ ਚਾਹੀਦਾ ਹੈ ?

ਉ: ਹੇ ਭਾਈਓ ! ਦੇਖੋ, ਜਿਵੇਂ ਅਸਲੀ ਤੇ ਨਕਲੀ ਸੋਨੇ ਦੀ ਕਿਸੇ ਨੂੰ ਸੋਝੀ ਨ ਹੋਵੇ ਉਹ ਕਿਸੇ ਸਰਾਫ਼ ਕੋਲ ਜਾਂਦਾ ਹੈ, ਉਹ ਕਸਵੱਟੀ ਰਾਹੀਂ ਪਰਖ ਕਰਕੇ ਦੱਸ ਦਿੰਦਾ ਹੈ ਕਿ ਇਸ ਵਿਚ ਮਿਲਾਵਟ ਹੈ, ਜਾਂ ਕਿ ਇਹ ਸੋਨਾ ਸ਼ੁਧ ਬਾਰਾਂ ਵੰਨੀ ਦਾ ਹੈ। ਇਸੇ ਤਰ੍ਹਾਂ ਸਾਡੇ ਪਾਸ ਗੁਰੂ ਨੇ ਗੁਰਬਾਣੀ ਰੂਪ ਕਸਵੱਟੀ ਬਖ਼ਸ਼ੀ ਹੈ, ਜਿਸ ਦੁਆਰੇ ਅਸੀਂ ਸੱਚਾਈ ਤੇ ਕੂੜ ਦੀ ਪਰਖ ਕਰ ਸਕਦੇ ਹਾਂ, ਅਰਥਾਤ ਜਿਸ ਦੀ ਕਿਰਤ ਕਰਮ ਦੇ ਨਾਲ ਸਤਿਗੁਰੂ ਦੀ ਬਾਣੀ ਸਹਿਮਤ ਨਹੀਂ, ਜਾਣ ਲੈਣਾ ਚਾਹੀਦਾ ਹੈ ਕਿ ਇਹ ਸਾਡੇ ਕਬੂਲ ਕਰਨ ਦੇ ਯੋਗ ਨਹੀਂ। ਇਸੇ ਭਾਵ ਨੂੰ ਗੁਰਬਾਣੀ ਨੇ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਸਾਡਾ ਗੁਰੂ ਕੌਣ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥੫॥ *(ਪੰਨਾ ੯੮੨)*

ਭਾਵ ਹੈ, ਸਿੱਖ ਦਾ ਗੁਰੂ ਕੋਈ ਦੇਹਧਾਰੀ ਨਹੀਂ, ਕੇਵਲ ਧੁਰ ਕੀ ਆਈ ਬਾਣੀ ਹੀ ਸੱਚਾ ਆਤਮਿਕ ਗਿਆਨ ਬਖ਼ਸ਼ਣੇ ਵਾਲੀ ਦਸੋਂ ਹੀ ਪਾਤਿਸ਼ਾਹੀਆਂ ਦਾ ਆਤਮਿਕ ਸਰੂਪ ਗੁਰਬਾਣੀ ਹੈ। ਇਸੇ ਹੀ ਬਾਣੀ ਦੀ ਰੌਸ਼ਨੀ ਰਾਹੀਂ ਗੁਰੂ ਦੇ ਸਿੱਖ ਨੇ ਆਪਣਾ ਜੀਵਨ ਉਜਾਲਾ ਕਰਨਾ ਹੈ, ਜਿਸ ਦਾ ਸਦਕਾ ਰੱਬੀ ਦਰਬਾਰ ਵਿਚ ਗਿਆਂ ਭੀ ਸਾਡਾ ਮੁਖ ਉੱਜਲਾ ਹੋਵੇਗਾ। ਇਸੇ ਉਜਾਲੇ ਨੂੰ ਹਾਸਲ ਕਰਨ ਲਈ ਹੀ ਸਤਿਗੁਰੂ ਨੇ ਸਤਿਸੰਗਤ ਕਾਇਮ ਕੀਤੀ ਹੈ, ਜਿਸਦੇ ਆਸਰੇ ਅਸੀਂ ਇਸ ਸੰਸਾਰ ਸਾਗਰ ਦੀਆਂ ਬਿਖਮ ਲਹਿਰਾਂ ਨੂੰ ਪਾਰ ਕਰਕੇ ਸੁਭਾਵਕ ਹੀ ਆਪਣੇ ਸ੍ਵੈ-ਸਰੂਪ ਨਿਜ ਘਰ ਵਿਚ ਪੁੱਜ ਸਕਦੇ ਹਾਂ। ਜਿਸ ਤਰ੍ਹਾਂ ਇਕੋ ਮਲਾਹ ਆਪਣੀ ਬੇੜੀ ਵਿਚ ਬਿਠਾ ਕੇ ਬਹੁਤ ਸਾਰੇ ਮੁਸਾਫ਼ਰਾਂ ਨੂੰ ਦਰਿਆ ਤੋਂ ਪਾਰ ਕਰ ਦੇਂਦਾ ਹੈ, ਇਸੇ ਤਰ੍ਹਾਂ ਹੀ ਸੱਚਾ ਮਲਾਹ ਗੁਰੂ ਆਪਣੀ ਸੰਗਤਿ ਰੂਪ ਬੇੜੀ ਵਿਚ ਬਿਠਾ ਕੇ ਸਾਦਕਾਂ ਦੇ ਪੂਰਾਂ ਦੇ ਪੂਰ ਇਸ ਸੰਸਾਰ ਸਾਗਰੋ ਪਾਰ ਕਰ ਦੇਂਦਾ ਹੈ।

ਇਕ ਵੀਚਾਰ ਮੇਰੇ ਸਾਹਮਣੇ ਹੋਰ ਭੀ ਆਈ ਹੈ ਜਿਸਨੂੰ ਭੀ ਮੈਂ ਪਾਠਕਾਂ ਦੇ ਦ੍ਰਿਸ਼ਟੀ-ਗੋਚਰ ਕਰਨਾ ਚਾਹੁੰਦਾ ਹਾਂ, ਇਹ ਵੀਚਾਰ ਭੀ ਇਸੇ ਉਪ੍ਰੋਕਤ ਪ੍ਰਕਰਨ ਨਾਲ ਸੰਬੰਧ ਰੱਖਦੀ ਹੈ। ਜਿਵੇਂ ਅਸੀਂ ਵੇਖਦੇ ਹਾਂ ਕਿ ਦਰਿਆ ਦੇ ਕਿਨਾਰੇ 'ਤੇ ਬਹੁਤ ਸਾਰੇ ਮਲਾਹ ਆਪੋ ਆਪਣੇ ਬੇੜੇ ਤੇ ਬੇੜਿਆਂ ਨੂੰ ਲੈ ਕੇ ਖਲੋਤੇ ਹਨ, ਉਹ ਮੁਸਾਫ਼ਰਾਂ ਨੂੰ ਆਪੋ ਆਪਣੀਆਂ ਬੇੜੀਆਂ ਅਤੇ ਬੇੜਿਆਂ ਵਿਚ ਬੈਠਣ ਲਈ ਪ੍ਰੇਰਦੇ ਹਨ ਅਤੇ ਦਰਿਆ ਤੋਂ ਪਾਰ ਕਰਨ ਦੇ ਦਾਅਵੇਦਾਰ ਭੀ ਬਣਦੇ ਹਨ, ਪਰ ਉਨ੍ਹਾਂ ਦੀ ਆਪਣੀ ਦਸ਼ਾ ਅਜਿਹੀ ਕਮਜ਼ੋਰ ਹੈ ਕਿ ਉਨ੍ਹਾਂ ਦਾ ਆਪਣਾ :

ਕਬੀਰ ਬੇੜਾ ਜਰਜਰਾ ਫੂਟੇ ਛੇਕ ਹਜਾਰ ॥
ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥੩੫॥
*(ਪੰਨਾ ੧੩੬੬)*

ਭਾਵ, ਜਿਸ ਬੇੜੇ 'ਤੇ ਸਫ਼ਰ ਕਰਨ ਲਈ ਉਹ ਮੁਸਾਫ਼ਰਾਂ ਨੂੰ ਪ੍ਰੇਰਨਾ ਕਰਦੇ ਹਨ, ਉਸ ਬੇੜੇ ਨੂੰ ਹਜ਼ਾਰਾਂ ਸੁਰਾਖ ਹਨ, ਅਤੇ ਉਹ ਮਲਾਹ ਖ਼ੁਦ ਭੀ ਤਰਨ ਵਲੋਂ ਅਨਜਾਣ ਹੈ। ਅਜਿਹੀ ਦਸ਼ਾ ਵਿਚ ਉਹ ਮਲਾਹ ਆਪ ਭੀ ਡੁੱਬੇਗਾ ਅਤੇ ਬਾਕੀ ਮੁਸਾਫ਼ਰਾਂ ਨੂੰ ਭੀ ਡਬੋ ਮਾਰੇਗਾ।

ਇਸੇ ਤਰ੍ਹਾਂ ਹੀ ਅਸੀਂ ਵੇਖਦੇ ਹਾਂ ਕਿ ਅਜੋਕੇ ਸਮੇਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਦੰਭੀ, ਪਖੰਡੀ ਲੋਕ ਆਪੋ ਆਪਣੀ ਕੁਮੱਤੀ ਦੀ ਦੇਣ ਰਾਹੀਂ ਕੁਮੰਤ੍ਰਾਂ ਦੇ ਬੇੜੇ ਬੇੜੀਆਂ ਤਿਆਰ ਕਰਕੇ ਭੋਲੇ ਭਾਲੇ ਸਾਦਕ ਲੋਕਾਂ ਨੂੰ ਪ੍ਰੇਰ ਕੇ ਆਪਣੇ ਉਨ੍ਹਾਂ ਬੇੜਿਆਂ ਵਿਚ ਬੈਠਾ ਕੇ ਸਫ਼ਰ ਕਰਨ ਲਈ ਪ੍ਰੇਰਦੇ ਹਨ, ਜਿਨ੍ਹਾਂ ਵਿਚ ਹਜ਼ਾਰਾਂ ਹੀ ਗੁਨਾਹਾਂ ਦੇ ਛੇਕ ਉਨ੍ਹਾਂ ਦੇ ਨੇੜੇ ਢੁੱਕਣ ਨਾਲ ਦੇਖਣ ਵਿਚ ਆਉਂਦੇ ਹਨ। ਸੋ, ਗੁਰਬਾਣੀ ਦੇ ਫ਼ੁਰਮਾਨ ਅਨੁਸਾਰ ਸਾਨੂੰ ਪੂਰਨ ਨਿਸਚਾ ਕਰ ਲੈਣਾ ਚਾਹੀਦਾ ਹੈ ਕਿ :

ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ ॥
*(ਪੰਨਾ ੧੧੦੧)*

ਭਾਵ, ਜੋ ਆਪ ਹੀ ਸੰਸਾਰ ਸਾਗਰ ਵਿਚ ਡੁੱਬ ਰਿਹਾ ਹੈ ਉਹ ਹੋਰ ਕਿਸੇ ਦੂਸਰੇ ਨੂੰ ਕਿਵੇਂ ਤਾਰਨ ਦਾ ਦਾਅਵੇਦਾਰ ਬਣ ਸਕਦਾ ਹੈ, ਕਿਉਂਕਿ ਹੁਕਮ ਤਾਂ ਇਹੋ ਹੈ ਕਿ :

ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ ॥੧॥
*(ਪੰਨਾ ੧੧੦੧)*

ਭਾਵ, ਜੋ ਆਪ ਸੰਸਾਰ ਸਾਗਰ ਤੋਂ ਪਾਰ ਹੋਣ ਵਾਲਾ ਹੈ ਉਹੀ ਕਿਸੇ ਹੋਰ ਨੂੰ ਪਾਰ ਕਰ ਦੇਣ ਦੀ ਸਮਰੱਥਾ ਰੱਖਦਾ ਹੈ। ਇਸ ਲਈ ਕਿਸੇ ਨੂੰ ਆਪਣਾ ਜੀਵਨ ਅਰਪਨ ਕਰਨ ਤੋਂ ਪਹਿਲੇ ਉਸਦੇ ਆਪਣੇ ਜੀਵਨ ਨੂੰ ਗੁਰਬਾਣੀ ਰਾਹੀਂ ਪਰਖ ਲੈਣਾ ਜ਼ਰੂਰੀ ਹੈ, ਤਾਂ ਕਿ ਸਾਨੂੰ ਪਿਛੋਂ ਪਛਤਾਵਾ ਨਾ ਕਰਨਾ ਪਵੇ।

ਸੋ ਭਾਈਓ! ਤੁਹਾਡੇ ਪ੍ਰਸ਼ਨਾਂ ਦੇ ਉੱਤਰ ਵਿਚ ਮੈਂ ਜੋ ਭੀ ਵੀਚਾਰ ਪ੍ਰਗਟ ਕਰਦਾ ਹਾਂ ਇਹ ਮੇਰੇ ਆਪਣੇ ਨਹੀਂ ਸਗੋਂ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਜੋ ਵੀਚਾਰ ਹਾਸਲ ਹੋਏ ਹਨ, ਉਹ ਭਾਵੇਂ ਸੰਪੂਰਨ ਤਾਂ ਚੇਤੇ ਨਹੀਂ, ਪਰ ਜੋ ਭੀ ਮੇਰੀ ਯਾਦ ਵਿਚ ਰਹਿ ਸੱਕੇ ਹਨ, ਉਹੀ ਗੁਰੂ ਦੀ ਪ੍ਰੇਰਨਾ ਦਾ ਸਦਕਾ ਕਹਿਣ ਦਾ ਜਤਨ ਕਰਦਾ ਹਾਂ। ਸੋ ਮੇਰਾ ਤਾਂ ਇਹੋ ਨਿਸਚਾ ਹੈ ਕਿ ਸਿੱਖ ਨੂੰ ਗੁਰੂ ਨਾਨਕ ਦੇਵ ਸੱਚੇ ਮਲਾਹ ਦੀ ਸਾਧ ਸੰਗਤ ਰੂਪ ਬੇੜੀ 'ਤੇ ਅਸਵਾਰ ਹੋ ਇਸ ਭਵ ਸਾਗਰ ਤੋਂ ਪਾਰ ਹੋਣ ਦਾ ਨਿਸਚਾ ਰੱਖਣਾ ਚਾਹੀਦਾ ਹੈ।

(੧) ਜਿਵੇਂ, ਮਲਾਹ ਬੇੜੀ 'ਤੇ ਚੜ੍ਹਾ ਕੇ, ਬਹੁਤ ਸਾਰੇ ਮਨੁੱਖਾ ਨੂੰ ਨਦੀ ਜਾਂ ਦਰਿਆ ਤੋਂ ਪਾਰ ਕਰਦਾ ਹੈ।

(੨) ਜਾਂ ਇਕੋ ਆਗੂ, ਇਕੋ ਬਾਦਸ਼ਾਹ, ਜਾਂ ਸੁਲਤਾਨ ਹੀ ਹੁੰਦਾ ਹੈ ਜੋ ਸਭ ਮਾਮਲਿਆਂ ਵਿਚ ਪੂਰਾ ਨਿਭਦਾ ਜਾਂ ਨਿਭਾਉਂਦਾ ਹੈ।

(੩) ਜਿਵੇਂ, ਮਹੱਲੇ ਵਿਚ ਇਕ ਪਹਿਰੇਦਾਰ ਹੁੰਦਾ ਹੈ ਤੇ ਬਾਕੀ ਮੁਖੀ, ਅਮੀਰ ਤੇ ਗ਼ਰੀਬ ਸਭ ਨਿਸਚਿੰਤ ਹੋ ਕੇ ਸੌਂ ਜਾਂਦੇ ਹਨ।

(੪) ਲਾੜਾ ਇਕੋ ਹੁੰਦਾ ਹੈ ਜਿਸਦਾ ਵਿਆਹ ਹੁੰਦਾ ਹੈ, ਪਰ ਬਹੁਤੇ ਜਾਂਞੀ ਨਾਲ ਜਾਂਦੇ ਹਨ, ਜੋ ਮਹਿਮਾਨ ਬਣ ਕੇ ਆਦਰ ਪਾਉਂਦੇ ਹਨ।

(੫) (ਜਿਵੇਂ) ਦੇਸ਼ ਦਾ ਬਾਦਸ਼ਾਹ ਤਾਂ ਇਕ ਹੀ ਹੁੰਦਾ ਹੈ ਤੇ ਹੋਰ ਪਰਜਾ ਬਥੇਰੀ ਹਿੰਦੂ ਮੁਸਲਮਾਨਾਂ ਦੀ ਹੁੰਦੀ ਹੈ।

(੬) (ਇਸੇ ਤਰ੍ਹਾਂ) ਇਕ ਸਤਿਗੁਰੂ ਸੱਚਾ ਪਾਤਿਸਾਹ ਹੈ, ਜਿਸ ਦੀ ਸਾਧ ਸੰਗਤ ਹੈ, ਜਿਥੇ ਉਹ ਸਿੱਖ ਨੂੰ ਗੁਰ ਸ਼ਬਦ ਦਾ ਪਰਵਾਨਾ (ਮਾਨ ਪੱਤਰ ਦੇ ਕੇ, ਸੰਸਾਰ ਭਵਜਲ ਵਿਚੋਂ ਪਾਰ ਕਰ ਦੇਂਦੇ ਹਨ)।

(੭) ਜਿਹੜੇ ਗੁਰਮੁਖ ਸਤਿਗੁਰੂ ਜੀ ਦਾ ਆਸਰਾ ਲੈਂਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ।੨੧।੫।

***ਭਾਵਾਰਥ :*** ਜਿਵੇਂ ਇਕ ਆਗੂ ਲੱਖਾਂ ਨੂੰ ਸੰਭਾਲਦਾ ਹੈ, ਤਿਵੇਂ ਸਤਿਗੁਰੂ ਸ੍ਰਿਸ਼ਟੀ ਦਾ ਉੱਧਾਰ ਕਰਦਾ ਹੈ, ਪਰ ਆਗੂ ਕੱਚੇ ਹਨ, ਸਤਿਗੁਰੂ ਸੱਚਾ ਹੈ, ਉਸਦਾ ਆਸਰਾ ਭੀ ਸੱਚਾ ਹੈ, ਜੋ ਲੈਂਦੇ ਹਨ, ਸੋ ਸੱਚੇ ਨੂੰ ਪ੍ਰਾਪਤ ਕਰਦੇ ਹਨ।

(ਪੰਜਵੀਂ ਵਾਰ ਸਮਾਪਤ)

# ਵਾਰ ੬

ੴ ਸਤਿਗੁਰ ਪ੍ਰਸਾਦਿ ॥

## ੧. ਪੂਰੇ ਸਤਿਗੁਰੂ ਜੀ ਦਾ ਮੰਗਲਾਚਰਨ

੧. ਪੂਰਾ ਸਤਿਗੁਰ ਜਾਣੀਐ
ਪੂਰੈ ਪੂਰਾ ਥਾਟੁ ਬਣਾਯਾ।
੨. ਪੂਰੇ ਪੂਰਾ ਸਾਧ ਸੰਗ
ਪੂਰੇ ਪੂਰਾ ਮੰਤ੍ਰ ਦ੍ਰਿੜਾਯਾ।
੩. ਪੂਰੇ ਪੂਰਾ ਪਿਰਮ ਰਸ
ਪੂਰਾ ਗੁਰਮੁਖ ਪੰਥ ਚਲਾਯਾ।
੪. ਪੂਰੇ ਪੂਰਾ ਦਰਸ਼ਨੋ
ਪੂਰੇ ਪੂਰਾ ਸ਼ਬਦ ਸੁਣਾਯਾ।
੫. ਪੂਰੇ ਪੂਰਾ ਬੈਹਣਾ
ਪੂਰੇ ਪੂਰਾ ਤਖਤ ਰਚਾਯਾ।
੬. ਸਾਧਸੰਗਤਿ ਸਚਖੰਡ ਹੈ
ਭਗਤ ਵਛਲ ਹੋਇ ਵਸਗਤਿ ਆਯਾ।
੭. ਸਚ ਸਰੂਪ ਸਚ ਨਾਉਂ ਗੁਰ
ਗਿਆਨ ਧਿਆਨ ਸਿੱਖਾਂ ਸਮਝਾਯਾ।
੮. ਗੁਰ ਚੇਲੇ ਪਰਚਾ ਪਰਚਾਯਾ ॥੧॥

***ਪਦ ਅਰਥ :*** ਥਾਟੁ—ਬਣਾਉ, ਬਣਤਰ। ਪਿਰਮ ਰਸ—ਪ੍ਰੇਮ ਰਸ, ਅੰਮ੍ਰਿਤ ਰਸ। ਬੈਹਣਾ—ਬਹਿਣ ਵਾਲੀ ਥਾਂ ਭਾਵ ਸਿੰਘਾਸਣ। ਵਸਗਤਿ—ਵਸੀਕਾਰ। ਪਰਚਾ—ਪ੍ਰੇਮ ਦੀ ਖੇਡ। ਪਰਚਾਯਾ—ਲਗਾਇਆ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਦੋਂ ਅਸੀਂ ਹਿੰਦੂ ਮੱਤ ਦੇ ਪੁਰਾਤਨ ਪੁਸਤਕ ਪੜ੍ਹਦੇ ਹਾਂ, ਤਾਂ ਉਨ੍ਹਾਂ ਦੇ ਅਰੰਭ ਵਿਚ ਉਹ ਆਪੋ ਆਪਣੇ ਇਸ਼ਟ ਦੇਵ ਦਾ ਮੰਗਲ ਕਰਦੇ ਹਨ, ਕੋਈ ਗਣੇਸ਼ ਦਾ, ਕੋਈ ਸ਼ਿਵਾਂ ਦਾ, ਕੋਈ ਵਿਸ਼ਨੂੰ ਦਾ, ਕਿਉਂ ਜੀ, ਤੁਸੀਂ ਕਿਸ ਦਾ ਮੰਗਲਾਚਰਨ ਕਰਨਾ ਪਸੰਦ ਕਰਦੇ ਹੋ?

ਉ: ਹੇ ਭਾਈਓ! ਹਰ ਗੁਰੂ ਨਾਨਕ ਨਾਮ ਲੇਵਾ, ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦਾ ਹੀ ਮੰਗਲ ਕਰਨਾ ਪਸੰਦ ਕਰਦਾ ਹੈ, ਕਿਉਂਕਿ ਇਸ ਕਲਜੁਗ ਵਿਚ ਗੁਰੂ ਅਵਤਾਰ ਗੁਰੂ ਨਾਨਕ ਦੇਵ ਜੀ ਹੀ ਮੰਨੇ ਜਾਂਦੇ ਹਨ, ਪੁਰਾਤਨ ਜੁਗਾਂ ਵਿਚ ਜੋ ਅਵਤਾਰ ਆਏ ਉਨ੍ਹਾਂ ਪਾਸ ਕੇਵਲ ਗਿਣਤੀ ਦੀਆਂ ਹੀ ਕਲਾ ਸਨ। ਜਿਵੇਂ ਹਿੰਦੂਆਂ ਦੇ ਪੁਸਤਕਾਂ ਵਿਚ (ਅੰਸਾ, ਅਵੇਸਾ, ਕਲਾ ਅਤੇ ਪੂਰਨ, ਚੌਵੀ ਅਵਤਾਰ ਮੰਨੇ ਹਨ) ਜਿਨ੍ਹਾਂ ਵਿਚ ਗਿਣਤੀ ਦੀਆਂ ਕਲਾ ਭਾਵ ਸ਼ਕਤੀਆਂ ਮੰਨੀਆਂ ਗਈਆਂ ਹਨ, ਕਿਸੇ ਵਿਚ ਦੋ, ਚਾਰ, ਜਾਂ ਛੇ ਕਲਾ ਮੰਨੀਆਂ ਹਨ। ਇਹ ਭੀ ਮੰਨਿਆ ਗਿਆ ਹੈ ਕਿ ਕਿਸੇ ਵਿਚ ਪਹਿਲੋਂ ਕੋਈ ਕਲਾ ਨਹੀਂ ਸੀ, ਤਪੱਸਿਆ ਕਰਨ ਨਾਲ ਸ਼ਕਤੀ ਆਈ, ਜਿਵੇਂ ਕਿ ਪਰਸ ਰਾਮ ਵਿਚ ਤਪ ਕਰਨ ਨਾਲ ਸ਼ਕਤੀ ਆਈ। ਇਨ੍ਹਾਂ ਚੌਵੀ ਅਵਤਾਰਾਂ ਵਿਚੋਂ ਤ੍ਰੇਤੇ ਦੇ ਅਵਤਾਰ ਰਾਮ ਚੰਦ੍ਰ ਵਿਚ ਚੌਦਾਂ ਕਲਾ ਮੰਨੀਆਂ ਗਈਆਂ ਹਨ। ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਵਿਚ ਸੋਲ੍ਹਾਂ ਮੰਨੀਆਂ ਹਨ, ਜਿਸਦਾ ਬਾਣੀ ਵਿਚ ਜ਼ਿਕਰ ਆਇਆ ਹੈ ਕਿ :

ਸੋਲਹ ਕਲਾ ਸੰਪੂਰਨ ਫਲਿਆ ॥
ਅਨਤ ਕਲਾ ਹੋਇ ਠਾਕੁਰੁ ਚੜਿਆ ॥

*(ਪੰਨਾ ੧੦੮੧)*

ਭਾਵ ਹੈ ਕਿ ਜਦੋਂ ਗਿਣਤੀ ਦੀਆਂ ਕਲਾ ਦੀ ਲੋੜ ਸੀ ਤਾ ਕਰਤਾਰ ਨੇ ਅਵਤਾਰਾ ਨੂੰ ਦੋ, ਚਾਰ, ਛੇ, ਚੌਦਾ ਜਾਂ ਸੋਲ੍ਹਾਂ ਕਲਾ ਦੇ ਕੇ ਸੰਸਾਰ ਵਿਚ ਭੇਜਿਆ, ਪਰ ਜਦੋਂ ਠਾਕਰ ਨੇ ਇਹ ਅਨੁਭਵ ਕੀਤਾ ਕਿ ਹੁਣ ਕਲਜੁਗ ਵਿਚ ਗਿਣਤੀ ਦੀਆਂ ਕਲਾ ਨਾਲ ਸੰਪੂਰਨ

ਸੰਸਾਰ ਦੇ ਜੀਵਾਂ ਦਾ ਉਧਾਰ ਨਹੀਂ ਹੋ ਸਕਦਾ ਤਾਂ ਠਾਕਰ ਨੂੰ ਖ਼ੁਦ ਹੀ ਸਰਬ ਕਲਾ ਸਮਰੱਥ ਗੁਰੂ ਨਾਨਕ ਦੇ ਜਾਮੇ ਵਿਚ ਪੂਰਨ ਗੁਰੂ ਅਵਤਾਰ ਨੂੰ ਪ੍ਰਗਟ ਹੋਣਾ ਪਿਆ।

ਪੁਰਾਤਨ ਇਤਿਹਾਸ ਦੀ ਪੜਚੋਲ ਕਰਨ ਤੋਂ ਇਹ ਹੀ ਸਾਬਤ ਹੁੰਦਾ ਹੈ ਕਿ ਪੁਰਾਤਨ ਜੁਗਾਂ ਦੇ ਅਵਤਾਰ ਜਿਤਨੇ ਕਾਰਜਾਂ ਦੀ ਸੌਂਪੀ ਕਈ ਕਈ ਹਜ਼ਾਰ ਵਰ੍ਹੇ ਗੁਜ਼ਾਰ ਕੇ ਭੀ ਨਹੀਂ ਕਰ ਸੱਕੇ, ਉਨ੍ਹਾਂ ਤੋਂ ਵਧੇਰੇ ਸਫਲਤਾ ਗੁਰੂ ਨਾਨਕ ਦੇਵ ਜੀ ਨੇ ਸੱਤਰ ਕੁ ਸਾਲਾਂ ਵਿਚ ਹੀ ਹਾਸਲ ਕਰ ਵਿਖਾਈ।

ਗੁਰੂ ਨਾਨਕ ਦੇਵ ਜੀ ਦਾ ਅਵਤਾਰ ਬਾਕੀ ਦੇ ਅਵਤਾਰਾਂ ਵਾਂਗ ਦੇਸ ਦੇ ਕਿਸੇ ਖ਼ਾਸ ਹਿੱਸੇ ਲਈ ਨਹੀਂ ਸੀ ਹੋਇਆ, ਆਪ ਜੀ ਦੀ ਸਾਂਝੀ ਵਾਲਤਾ ਸਾਰੇ ਜਗਤ ਨਾਲ ਹੀ ਸੀ, ਇਸੇ ਲਈ ਆਪ ਜੀ ਨੂੰ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ, ਜਿਸ ਦਾ ਪ੍ਰਤੱਖ ਸਬੂਤ ਹੈ ਕਿ ਮੁਸਲਮਾਨ ਗੁਰੂ ਨਾਨਕ ਨੂੰ ਆਪਣਾ ਪੀਰ ਤਸਲੀਮ ਕਰਦੇ ਹਨ, ਹਿੰਦੂ ਆਪਣਾ ਅਵਤਾਰ ਤੇ ਸਿਖ ਆਪਣਾ ਗੁਰੂ ਕਰਕੇ ਪੂਜਨਾ ਕਰਦੇ ਹਨ। ਐਸਾ ਕਿਉਂ ਮੰਨਿਆ ਗਿਆ ? ਉਹ ਇਸ ਲਈ ਕਿ ਆਪ ਜੀ ਦੀ ਆਤਮਾ ਵਿਚ ਕਿਸੇ ਲਈ ਭੀ ਕਿਸੇ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ ਸੀ ਆਪ ਜੀ ਸਾਰਿਆਂ ਨੂੰ ਹੀ ਸਮ-ਦ੍ਰਿਸ਼ਟੀ ਨਾਲ ਵੇਖਦੇ ਸਨ। ਇਹ ਭੀ ਸਬੂਤ ਅਸੀਂ ਪ੍ਰਤੱਖ ਹੀ ਤੱਕਦੇ ਹਾਂ ਕਿ ਜੇ ਆਪ ਜੀ ਨੇ ਕਿਸੇ ਥਾਂ ਭੀ ਕੋਈ ਮਰੀਜ਼ (ਬੀਮਾਰ) ਤੱਕਿਆ ਉਥੇ ਉਹ ਖ਼ੁਦ ਹੀ ਬਿਨਾਂ ਬੁਲਾਇਆਂ, ਬਿਨਾਂ ਫ਼ੀਸ ਤੋਂ ਆਪ ਹੀ ਪੁੱਜ ਗਏ। ਜੇ ਆਪ ਜੀ ਨੇ ਸੁਮੇਰ ਪਰਬਤ ਪਰ ਬੀਮਾਰ ਸਿੱਧਾਂ ਨੂੰ ਤੱਕਿਆ ਤਾਂ ਉਥੇ ਪੁੱਜ ਗਏ, ਲੋੜ ਪਈ ਤਾਂ ਮੱਕੇ ਦੇ ਮਜੌਰਾਂ ਦਾ ਇਲਾਜ ਕਰਨ ਭੀ ਚਲੇ ਗਏ ਤੇ ਜੋ ਬ੍ਰਾਹਮਣ ਸਦੀਆਂ ਦਾ ਬੀਮਾਰ ਪਿਆ ਸੀ, ਭਾਵ ਅੱਗ ਦੇ ਬਬੋਲੇ ਸੂਰਜ ਨੂੰ ਪਾਣੀ ਦੇਂਦਾ ਹੋਇਆ ਲਾ-ਇਲਾਜ ਹੋ ਰਿਹਾ ਸੀ, ਉਸਦਾ ਇਲਾਜ ਕਰਨ ਭੀ ਆਪ ਹਰਿਦੁਆਰ ਪੁੱਜ ਗਏ। ਜੇ ਨਿਰਪੱਖ ਹੋ ਵੀਚਾਰ ਕਰਾਂਗੇ ਤਾਂ ਸਾਰੇ ਲੋਕਾਂ ਨੂੰ ਇਹ ਅਵੱਸ਼ ਹੀ ਮੰਨਣਾ ਪਵੇਗਾ ਕਿ ਗੁਰੂ ਨਾਨਕ ਜਗਤ ਵਿਚ ਇਕ ਪਹਿਲਾ ਵੈਦ ਸੀ ਜੋ ਜਗਤ ਦੇ ਬੀਮਾਰਾਂ ਕੋਲ ਬਿਨਾਂ ਬੁਲਾਇਆਂ, ਬਿਨਾਂ ਫ਼ੀਸ ਦੇ ਇਲਾਜ ਕਰਨ ਲਈ ਖ਼ੁਦ ਹੀ ਘਰ ਘਰ ਪੁੱਜਦਾ ਰਿਹਾ। ਜੇ ਇਉਂ ਭੀ ਕਹਿ ਦਿਤਾ ਜਾਵੇ ਤਾਂ ਇਸ ਵਿਚ ਭੀ ਕੋਈ ਅਤਿ ਕਥਨੀ ਨਹੀਂ ਕਿ ਗੁਰੂ ਨਾਨਕ ਤੋਂ ਪਹਿਲੇ ਨਾ ਕੋਈ ਅਜਿਹਾ ਪੂਰਨ ਗੁਰੂ ਅਵਤਾਰ ਆਇਆ ਹੈ ਅਤੇ ਨਾ ਹੀ ਭਵਿਖਤ ਵਿਚ ਆਉਣ ਦੀ ਆਸ ਹੀ ਕੀਤੀ ਜਾਂਦੀ ਹੈ।

ਗੁਰੂ ਨਾਨਕ ਦੇਵ ਦੇ ਉਪਕਾਰਾਂ ਨੂੰ ਤੱਕ ਕੇ ਲੇਖਕ ਨੇ ਚੰਦ ਸਤਰਾਂ ਉੱਕਰੀਆਂ ਹਨ :

ਜਗਤ ਉਧਾਰਬੇ ਕੋ, ਪਾਪਨ ਬਿਦਾਰਬੇ ਕੋ,
ਨਾਮ ਪ੍ਰਚਾਰਬੇ ਕੋ, ਜਗ ਮਾਝ ਆਏ ਹੈਂ।
ਜਾਤਿ ਪਾਤਿ, ਛੂਤ ਛਾਤ, ਭੂਤ ਕੇ ਉਡਾਵਨੇ ਕੋ,
ਬਾਲਾ ਮਰਦਾਨਾ, ਸਜੇ ਖੱਬੇ ਦੋ ਬਠਾਏ ਹੈਂ।
ਜੰਗਲ ਪਹਾੜ ਫਿਰੇ ਬਸਤੀ ਉਜਾਰ,
ਸਾਰੀ ਉਮਰ ਗੁਜ਼ਾਰ ਪਾਪੀ ਲਾਖੋਂ ਹੀ ਤਰਾਏ ਹੈਂ।
ਨਾਨਕ ਨਿਰੰਕਾਰ ਸਦਾ ਗਰੀਬੀ ਉਰਧਾਰ,
ਚਲੇ ਕਰਨ ਉਧਾਰ, ਜੋ ਸੁਧਾਰ ਹਿਤ ਆਏ ਹੈਂ।

*(ਲੇਖਕ)*

ਸੋ, ਸਜਨ ਜੀਉ ! ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਤਾਂ ਮੇਰੇ ਅੰਤਰ ਆਤਮੇ ਬੱਸ, ਇਹੋ ਭਾਵਨਾਵਾਂ ਦਾ ਅੰਕੂਰ ਉਪਜਿਆ ਹੈ ਕਿ ਇਸ ਕਲਜੁਗ ਦੇ ਭਿਆਨਕ ਸਮੇਂ ਵਿਚ ਕੇਵਲ 'ਪੂਰਨ ਗੁਰ ਅਵਤਾਰ' ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਦੀ ਸੇਵਾ ਕਰਨ ਦੀ ਚਾਹਤ ਹਰ ਮਨੁੱਖ ਮਾਤਰ ਦੇ ਅੰਦਰ ਹੀ ਬਣੀ ਰਹਿਣੀ ਚਾਹੀਦੀ ਹੈ। ਇਸ ਲਈ ਮੈਂ ਤਾਂ ਸਦਾ ਹੀ ਸਮੇਂ ਸਮੇਂ ਸਿਰ ਪੂਰੇ ਗੁਰੂ ਨਾਨਕ ਦਾ ਮੰਗਲਾਚਰਨ ਕਰਦਾ ਆ ਰਿਹਾ ਹਾਂ ਅਤੇ ਇਹੋ ਹੀ ਪ੍ਰੇਰਨਾ ਮੈਂ ਤੁਹਾਨੂੰ ਸਭ ਨੂੰ ਦੇਣਾ ਚਾਹਵਾਂਗਾ ਕਿ ਹੇ ਭਾਈਓ ! ਸੁਣੋ :

(੧) ਪੂਰਾ ਸਤਿਗੁਰੂ (ਗੁਰੂ ਨਾਨਕ) ਨੂੰ ਜਾਣੋ, (ਕਿਉਂਕਿ) ਪੂਰੇ ਗੁਰੂ ਨੇ ਪੂਰੀ (ਮੁਕੰਮਲ-ਤਾਈ ਵਾਲੀ) ਬਣਤਰ ਨੂੰ ਬਣਾਇਆ ਹੈ, ਭਾਵ ਪੂਰਾ ਬਣਾਉ ਬਣਾਇਆ ਹੈ।

ਪ੍ਰ: ਕਿਉਂ ਜੀ ! ਪੂਰੀ ਬਣਤਰ ਜਾਂ ਬਣਾਉ ਤੋਂ ਆਪ ਜੀ ਦੀ ਸਹੀ ਮੁਰਾਦ ਕੀ ਹੈ ?

(੨) ਉ: ਹੇ ਭਾਈਓ ! (ਪੂਰੇ ਸਤਿਗੁਰੂ ਜੀ ਨੇ) ਪੂਰਨ ਸਾਧ ਸੰਗ ਕਾਇਮ ਕੀਤਾ, (ਜਿਸ ਵਿਚ) ਪੂਰੇ (ਗੁਰੂ ਨੇ) ਪੂਰਾ ਮੰਤਰ (ਸਤਿਨਾਮ, ਵਾਹਿਗੁਰੂ) ਦ੍ਰਿੜ੍ਹ ਕਰਾ ਦਿੱਤਾ ਹੈ।

(੩) ਫਿਰ ਉਸ ਪੂਰੇ (ਸਤਿਗੁਰ ਜੀ ਨੇ) ਪੂਰਾ ਪਿਰਮ ਰਸ (ਦੇ ਕੇ) ਪੂਰਨ (ਤੌਰ ਤੇ) ਗੁਰਮੁਖ ਪੰਥ ਚਲਾਇਆ ਹੈ।

(੪) (ਉਸ) ਪੂਰੇ (ਸਤਿਗੁਰੂ ਦਾ) ਧਰਮ (ਦਾ ਰਸਤਾ) ਵੀ ਪੂਰਨ ਹੈ, ਪੂਰੇ (ਗੁਰੂ ਨੇ) ਪੂਰਾ ਸ਼ਬਦ (ਮੰਤਰ) ਸੁਣਾਇਆ ਹੈ।

(੫) ਪੂਰੇ (ਸਤਿਗੁਰ ਜੀ) ਨੇ ਪੂਰਾ ਬੈਠਣ ਵਾਲਾ ਅਸਥਾਨ (ਗੁਰਤਾ ਗੱਦੀ) ਬਣਾਈ ਹੈ ਤੇ ਪੂਰੇ ਨੇ ਪੂਰਾ ਤਖ਼ਤ (ਗੁਰਤਾ ਦਾ) ਰਚ ਦਿੱਤਾ ਹੈ।

ਪ੍ਰ: ਭਾਈ ਸਾਹਿਬ ਜੀਉ! ਗੁਰੂ ਦੇ ਦਰਬਾਰ ਤੋਂ ਆਪ ਜੀ ਦਾ ਕੀ ਭਾਵ ਹੈ?

(੬) ਉ: (ਹੇ ਭਾਈ! ਸਤਿਗੁਰੂ ਦਾ) ਸਾਧ ਸੰਗਤ ਰੂਪ (ਦਰਬਾਰ) ਸੱਚਖੰਡ ਹੈ, (ਉਹ) ਭਗਤ ਵੱਛਲ (ਦੇ ਬਿਰਦ ਨੂੰ ਪਾਲਣ ਵਾਲਾ) ਹੋਣ ਕਰਕੇ (ਪੂਰਨ ਭਗਤਾਂ, ਤੇ ਪੂਰਨ ਗੁਰਸਿਖਾਂ) ਦੇ ਵੱਸ ਵਿਚ ਆ ਗਿਆ ਹੈ।

(੭) (ਹੇ ਪਿਆਰੇ! ਵੀਚਾਰ ਕਰਨ ਤੋਂ ਸੂਝ ਮਿਲਦੀ ਹੈ ਕਿ) ਪੂਰੇ ਗੁਰੂ ਜੀ ਨੇ ਸਾਧ ਸੰਗਤ ਵਿਚ ਹੀ ਸੱਚੇ ਨਾਮ ਦਾ (ਉਪਦੇਸ਼) ਸੱਚਾ ਗਿਆਨ ਤੇ ਧਿਆਨ ਸਿੱਖਾਂ ਨੂੰ ਸਮਝਾਇਆ ਹੈ।

(੮) ਗੁਰੂ ਨੇ ਚੇਲੇ ਨੂੰ ਪਰਚਾ ਪਾ ਕੇ (ਇਮਤਿਹਾਨ ਲੈ ਕੇ) ਪਾਸ ਕੀਤਾ ਹੈ, ਭਾਵ ਹੈ ਕਿ ਪੂਰੇ ਸਤਿਗੁਰੂ ਨੇ ਆਪਣਾ ਆਪ ਚੇਲੇ ਪ੍ਰਤੀ ਸਮਝਾ ਕੇ, ਫਿਰ ਉਸਨੂੰ ਇਸ ਗੁਰਮੁਖਤਾਈ ਦੀ ਖੇਡ ਵਿਚ ਲਾ ਦਿੱਤਾ ਹੈ।੧।

*ਭਾਵਾਰਥ:* ਇਸ ਪਉੜੀ ਵਿਚ ਭਾਈ ਸਾਹਿਬ ਗੁਰੂ ਦੀ ਪੂਰਨ ਸਰਬੱਗਤਾ, ਦਾਤ ਤੇ ਮਹਿਮਾ ਦਾ ਉਚਾਰਨ ਕਰਦੇ ਹਨ ਕਿਉਂਕਿ ਇਸ ਅਜੋਕੇ ਸਮੇਂ ਵਿਚ ਭੋਲੇ ਭਾਲੇ ਸਰਧਾਲੂਆਂ ਨੂੰ ਠੱਗਣ ਵਾਲੇ ਪੰਖੰਡੀ ਨਾਮ ਧਰੀਕ ਗੁਰੂ ਬਹੁਤ ਦਿੱਸਣ ਵਿਚ ਆਉਂਦੇ ਹਨ, ਜਿਨ੍ਹਾਂ ਕੱਚਿਆ ਗੁਰੂਆਂ ਤੋਂ ਕਦੇ ਭੀ ਕਿਸੇ ਮਨੁੱਖ ਦੀ ਇਸ ਸੰਸਾਰ ਦੇ ਬੰਧਨਾਂ ਤੋਂ ਖਲਾਸੀ ਨਹੀਂ ਹੋ ਸਕਦੀ, ਇਸੇ ਲਈ ਹਰ ਸਿਖ ਨੂੰ ਪ੍ਰੇਰਨਾ ਕਰ ਰਹੇ ਹਨ ਕਿ ਕਲਜੁਗ ਵਿਚ ਪੂਰਨ ਤੇ ਸੱਚੇ ਅਵਤਾਰ ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਦੇ ਉਪਦੇਸ਼ ਨੂੰ ਧਾਰਨ ਕਰਕੇ ਜੀਵਨ ਸਫਲਾ ਕਰੋ। ਇਸ ਸੰਬੰਧੀ ਬਾਣੀ ਵਿਚ ਵੀ ਕਈ ਥਾਵਾਂ ਤੇ ਉਪਦੇਸ਼ ਮਿਲਦਾ ਹੈ, ਜਿਵੇਂ ਕਿ:

ਸਤਿਗੁਰ ਬਾਝਹੁ ਗੁਰੁ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ ॥੧੩॥ *(ਪੰਨਾ ੪੩੫)*

## ੨. ਮਹਿਮਾ, ਸਾਧੂ ਸੰਗਤ ਦੀ

**੧. ਕਰਣ ਕਾਰਣ ਸਮਰੱਥ ਹੈ**
**ਸਾਧ ਸੰਗਤਿ ਦਾ ਕਰੈ ਕਰਾਯਾ।**
**੨. ਭਰੇ ਭੰਡਾਰ ਦਾਤਾਰ ਹੈ**
**ਸਾਧਸੰਗਤ ਦਾ ਦੇਇ ਦਿਵਾਯਾ।**
**੩. ਪਾਰਬ੍ਰਹਮ ਗੁਰ ਰੂਪ ਹੋਇ**
**ਸਾਧਸੰਗਤ ਗੁਰ ਸ਼ਬਦ ਸਮਾਯਾ।**
**੪. ਜੱਗ ਭੋਗ ਜੋਗ ਧਿਆਨ ਕਰ**
**ਪੂਜਾ ਕਰੇ ਨ ਦਰਸ਼ਨ ਪਾਯਾ।**
**੫. ਸਾਧ ਸੰਗਤ ਪਿਓ ਪੁੱਤ ਹੋਇ**
**ਦਿਤਾ ਖਾਇ ਪਹਿਨੇ ਪੈਨ੍ਹਾਯਾ।**
**੬. ਘਰਬਾਰੀ ਹੋਇ ਵਰਤਿਆ**
**ਘਰਬਾਰੀ ਸਿੱਖ ਪੈਰੀ ਪਾਯਾ।**
**੭. ਮਾਯਾ ਵਿੱਚ ਉਦਾਸ ਰਖਾਯਾ ॥੨॥**

*ਪਦ ਅਰਥ:* ਸਮਰੱਥ—ਸਕਤੀ ਵਾਲਾ। ਘਰਬਾਰੀ—ਗ੍ਰਿਹਸਤੀ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਹਮੇਸ਼ਾ ਹੀ ਦੋ ਵੇਲੇ ਸਤਿ ਸੰਗਤ ਵਿਚ ਮਿਲ ਬੈਠਣ ਦੀ ਪ੍ਰੇਰਨਾ ਕਰਦੇ ਆ ਰਹੇ ਹੋ, ਕਿਉਂ ਜੀ, ਆਪ ਇਹ ਦੱਸਣ ਦੀ ਭੀ ਕ੍ਰਿਪਾ ਕਰੋਗੇ ਕਿ ਇਹ ਸਤਿ ਸੰਗਤ ਦੀ ਪ੍ਰਪਾਟੀ ਕਦੋਂ ਤੇ ਕਿਸ ਦੁਆਰੇ ਪ੍ਰਚੱਲਤ ਹੋਈ ਹੈ?

ਉ: ਹੇ ਭਾਈਓ! ਜਿਥੋਂ ਤੱਕ ਮੈਨੂੰ ਗੁਰੂ ਦੁਆਰੇ ਸੋਝੀ ਮਿਲੀ ਹੈ ਉਹ ਇਹੋ ਹੈ ਕਿ ਇਤਿਹਾਸਕ ਤੱਤ ਇਹੋ ਦਰਸਾ ਰਹੇ ਹਨ ਕਿ ਸਤਿ ਸੰਗਤ ਦੀ ਪਰਮਪਰਾ ਆਦਿ ਗੁਰੂ ਨਾਨਕ ਦੇਵ ਜੀ ਤੋਂ ਹੀ ਪ੍ਰਚੱਲਤ ਹੋਈ ਹੈ। ਕਿਉਂਕਿ ਇਸ ਦੀ ਸਾਖ ਗੁਰ-ਇਤਿਹਾਸ ਇਉਂ ਭਰਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਦੀ ਲੁਕਾਈ ਨੂੰ ਈਰਖਾ ਦ੍ਵੈਸ਼ ਦੀ ਅਗਨੀ ਵਿਚ ਸੜਦੀ ਬਲਦੀ ਤੱਕਿਆ ਤਾਂ ਆਪ ਜੀ ਭਾਈ ਬਾਲਾ ਤੇ ਮਰਦਾਨੇ ਨੂੰ ਆਪਣੇ ਸਾਥ ਲੈ ਕੇ ਟੁਰ ਪਏ। ਦੇਸ ਦੇ ਕੋਨੇ ਕੋਨੇ ਵਿਚ ਜਿਥੇ ਭੀ ਆਪ ਜੀ ਪੁੱਜੇ ਉਥੇ ਉਥੇ ਧਰਮ ਸਾਲਾ ਕਾਇਮ ਕਰਕੇ ਦੋ ਵੇਲੇ ਇਕੱਠੇ ਹੋ ਸੰਗਤ ਦੇ ਰੂਪ ਵਿਚ ਹਰੀ ਦਾ ਜਸ ਕਰਦੇ ਰਹਿਣ ਦੀ ਪ੍ਰੇਰਨਾ ਕੀਤੀ, ਜੋ ਅੱਜ ਤੱਕ ਭੀ ਪ੍ਰਚੱਲਤ ਹੈ। ਅਤੇ ਇਹ ਸੰਕੇਤ ਕਰ ਦਿੱਤਾ ਕਿ ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਲਈ ਕੇਵਲ ਇਹੋ ਇਕ ਸ੍ਰੇਸ਼ਟ ਸਾਧਨ ਹੈ।

ਪ੍ਰ: ਕਿਉਂ ਜੀ! ਕਈ ਲੋਕ ਅੱਜ ਭੀ ਵੇਖਣ ਵਿਚ ਆਉਂਦੇ

ਹਨ ਕਿ ਉਹ ਸੰਗਤ ਤੋਂ ਸੱਖਣੇ ਰਹਿ ਕੇ ਜੋਗ, ਜਪ, ਤਪ ਆਦਿ ਸਾਧਨਾਂ ਵਿਚ ਦਿਨੇ ਰਾਤ ਲਗੇ ਰਹਿੰਦੇ ਹਨ, ਕੀ ਉਨ੍ਹਾਂ ਲੋਕਾਂ ਦੀ ਕਲਿਆਣ ਨਹੀਂ ਹੋਵੇਗੀ ? ਅਜਿਹੇ ਸਾਧਨ ਕਰਨ ਵਾਲਿਆਂ ਲੋਕਾਂ ਬਾਰੇ ਗੁਰਮਤਿ ਦੀ ਕੀ ਰਾਇ ਹੈ ?

ਉ: ਹੇ ਭਾਈ ! ਗੁਰਮਤਿ ਨੇ ਤਾਂ ਅਜਿਹੇ ਹੱਠ ਜੋਗ ਕਰਨ ਵਾਲੇ ਲੋਕਾਂ ਨੂੰ ਕਿਸੇ ਉਸ ਅਨਜਾਣ ਜ਼ਿਮੀਦਾਰ ਦੀ ਤੁਲਨਾ ਦਿੱਤੀ ਹੈ, ਜੋ ਹੱਲ ਵਾਹੁੰਦਾ ਹੈ ਤੇ ਸੁਹਾਗਾ ਦੇਣ ਦੀ ਖੇਚਲ ਭੀ ਕਰਦਾ ਹੈ, ਪਰ ਉਸ ਖੇਤ ਵਿਚ ਰੁੱਤ ਅਨੁਸਾਰ ਬੀਜ ਨਹੀਂ ਬੋਂਦਾ, ਉਸਦਾ ਸਾਰਾ ਕਸ਼ਟ ਸਹਾਰਨਾ ਵਿਅਰਥ ਚਲਾ ਜਾਂਦਾ ਹੈ, ਕਿਉਂਕਿ ਉਹ ਕਰੁਤਾ ਬੀਜ ਬੀਜਿਆ ਹੋਇਆ ਜੰਮਦਾ ਨਹੀਂ, ਜੇ ਜੰਮ ਭੀ ਜਾਏ ਤਾਂ ਉਸਨੂੰ ਫੁੱਲ ਫਲ ਕੋਈ ਨਹੀਂ ਲਗਦੇ। ਇਸ ਬਾਰੇ ਗੁਰਬਾਣੀ ਵਿਚ ਇਉਂ ਫ਼ੁਰਮਾਨ ਆਇਆ ਹੈ ਕਿ :

ਕੁਰੁਤਾ ਬੀਜੁ ਬੀਜੇ ਨਹੀ ਜੰਮੈ
ਸਭੁ ਲਾਹਾ ਮੂਲੁ ਗਵਾਇਦਾ ॥੫॥ (ਪੰਨਾ ੧੦੭੫)

ਜਾਂ ਆਨ ਰੁਤੀ ਆਨ ਬੋਈਐ ਫਲੁ ਨ ਫੂਲੈ ਤਾਹਿ ॥੧॥ (ਪੰਨਾ ੧੦੦੨)

ਇਸ ਲਈ ਹੇ ਭਾਈਓ ! ਕਲਜੁਗ ਦੀ ਰੁੱਤ ਵਿਚ ਜਪ, ਤਪ ਕਰਨ ਦਾ ਬੀਜ ਬੋਣਾ ਇਕ ਕਰੁਤਾ ਬੀਜ ਹੈ, ਜਿਸ ਨੂੰ ਮੁਕਤੀ ਪ੍ਰਾਪਤ ਹੋਣ ਦਾ ਕੋਈ ਭੀ ਫਲ ਪ੍ਰਾਪਤ ਨਹੀਂ ਹੋਵੇਗਾ।

ਪ੍ਰ: ਕਿਉਂ ਜੀ ! ਇਹ ਭੀ ਦੱਸ ਦਿਓ ਕਿ ਗੁਰਮਤਿ ਅਨੁਸਾਰ ਇਸ ਕਲਜੁਗ ਵਿਚ ਉਹ ਕਿਹੜਾ ਬੀਜ ਬੀਜਣਾ ਯੋਗ ਹੈ ਜਿਸ ਨੂੰ ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਦੇ ਫਲ ਫੁੱਲ ਲੱਗ ਸਕਦੇ ਹੋਣ ?

ਉ: ਹੇ ਸਜਨੋ ! ਇਸ ਬਾਰੇ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ ਐ ਲੋਕੋ :

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ (ਪੰਨਾ ੧੧੮੫)

ਇਹ ਬਾਣੀ ਦੁਆਰੇ ਗੁਰੂ ਜੀ ਨੇ ਇਕ ਹਿਦਾਇਤ ਦਿੱਤੀ ਹੈ ਕਿ ਹੁਣ ਕਲਜੁਗ ਦਾ ਸਮਾਂ ਹੈ, ਇਸ ਵਿਚ ਕੇਵਲ ਨਾਮ ਦਾ ਹੀ ਬੀਜ ਬੀਜਣਾ ਕਰੋ ਕਿਉਂਕਿ ਪਿਛਲੇ ਜੁਗਾਂ ਦੇ ਜੋਗ, ਜਪ, ਤਪ ਸਾਧਨ ਕਰਨ ਦੀ ਹੁਣ ਰੁੱਤ ਨਹੀਂ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਉਤਰ, ਦੱਖਣ, ਪੂਰਬ, ਪੱਛਮ ਵਿਚ ਪੁੱਜ ਕੇ ਲੋਕਾਈ ਨੂੰ ਸੰਗਤ ਰੂਪ ਵਿਚ ਇਕੱਤ੍ਰ ਹੋ ਕੇ ਨਾਮ ਸਿਮਰਨ ਕਰਦੇ ਰਹਿਣ ਦੀ ਹੀ ਪ੍ਰੇਰਨਾ ਕੀਤੀ ਹੈ।

ਪ੍ਰ: ਕਿਉਂ ਜੀ ! ਜਿਸ ਗੁਰੂ ਨਾਨਕ ਦੇਵ ਜੀ ਨੇ ਇਸ ਜਗਤ ਵਿਚ ਸੰਗਤ ਕਰਨ ਦੀ ਪਰਮਪਰਾ ਪ੍ਰਚੱਲਤ ਕੀਤੀ ਹੈ, ਕੀ ਇਹ ਦੱਸਣ ਦੀ ਖੇਚਲ ਕਰੋਗੇ ਕਿ ਉਨ੍ਹਾਂ ਦੇ ਅੰਤਰ ਆਤਮੇ ਇਸ ਸੰਗਤ ਬਾਰੇ ਕਿਤਨਾ ਕੁ ਅਦਬ, ਸਤਿਕਾਰ ਸੀ ?

ਉ: ਹੇ ਪਿਆਰੇ ! ਇਹ ਭੀ ਸਾਨੂੰ ਗੁਰਬਾਣੀ ਦੁਆਰੇ ਹੀ ਜਾਣਕਾਰੀ ਮਿਲਦੀ ਹੈ ਕਿ ਬਾਣੀ ਵਿਚ ਸਤਿਗੁਰੂ ਜੀ ਨੇ ਸਾਧ ਸੰਗਤ ਦੀ ਮਹਿਮਾ ਉਚਾਰਨ ਕਰਨ ਦੇ ਸੰਬੰਧ ਵਿਚ ਇਕ ਥਾਂ ਨਹੀਂ ਸਗੋਂ ਕਈ ਥਾਵਾਂ ਤੇ ਬਾਰ ਬਾਰ ਸੰਬੋਧਨ ਕੀਤਾ ਹੈ, ਜਿਵੇਂ ਕਿ :

ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸੁ ਤਰਿਆ ॥ (ਪੰਨਾ ੧੦)

ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥ (ਪੰਨਾ ੪੮੬)

ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ (ਪੰਨਾ ੬੩੧)

ਬਾਣੀ ਵਿਚ ਜੋ ਸਾਧ ਸੰਗਤ ਦੀ ਬਾਰ ਬਾਰ ਮਹਿਮਾ ਕੀਤੀ ਗਈ ਹੈ ਇਸਦਾ ਇਹੋ ਭਾਵ ਹੈ ਕਿ :

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥ (ਪੰਨਾ ੯੪)

ਭਾਵ ਹੈ ਕਿ ਸੰਗਤ ਵਿਚ ਹਰੀ ਪ੍ਰਭੂ ਖ਼ੁਦ ਨਿਵਾਸ ਕਰਦਾ ਹੈ, ਜਿਸ ਕਰਕੇ ਬਾਣੀ ਵਿਚ ਪੁਨਾ ਪੁਨਾ ਸਾਧ ਸੰਗਤ ਕਰਦੇ ਰਹਿਣ ਦੀ ਹਰ ਪ੍ਰਾਣੀ ਮਾਤ੍ਰ ਨੂੰ ਪ੍ਰੇਰਨਾ ਕੀਤੀ ਗਈ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਗੁਰੂ ਨਾਨਕ ਦੇਵ ਜੀ ਬਾਰੇ ਤੁਹਾਡੇ ਅੰਦਰ ਕੀ ਭਾਵਨਾ ਹੈ, ਕਿ ਜਿਸ ਗੁਰੂ ਨਾਨਕ ਦੇਵ ਜੀ ਨੇ ਸਾਧ ਸੰਗਤ ਦੀ ਪਰਮਪਰਾ ਅਰੰਭ ਕੀਤੀ ਹੈ ਉਨ੍ਹਾਂ ਦੇ ਆਪਣੇ ਅੰਤਰ ਆਤਮੇ ਸਾਧ ਸੰਗਤ ਸੰਬੰਧੀ ਕੀ ਭਾਵਨਾਵਾਂ ਸਨ ?

ਉ: ਹੇ ਸਜਨੋ ! ਭਾਵੇਂ ਮੇਰੀ ਆਪਣੀ ਤਾਂ ਅਲਪ ਮੱਤ ਹੈ, ਪਰ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਬਾਣੀ ਦੀ ਪੜਚੋਲ ਕਰਦਿਆਂ ਜੋ ਮੇਰੇ ਅੰਦਰ ਸ਼ੁਭ ਸੰਸਕਾਰਾਂ ਦੇ ਅੰਕੂਰ ਉਪਜੇ ਹਨ ਉਨ੍ਹਾਂ ਦੇ ਆਧਾਰਿਤ ਹੋ ਮੈਂ ਉਨ੍ਹਾਂ ਨੂੰ ਇਉਂ ਉੱਕਰਨ ਦਾ ਇਕ ਨਿਮਾਣਾ ਜਿਹਾ ਯਤਨ

ਕੀਤਾ ਹੈ, ਜਿਵੇਂ ਕਿ:

(੧) (ਹੇ ਭਾਈ! ਗੁਰਦੇਵ ਜੀ ਗੁਰੂ ਨਾਨਕ ਸਾਹਿਬ) ਕਰਣ ਕਾਰਣ ਸਮਰੱਥ ਹਨ, ਪਰ ਉਹ ਸਾਧ ਸੰਗਤ ਦੇ ਕਰਾਇਆਂ ਹੀ ਕੁਝ ਕਰਦੇ ਹਨ (ਕਿਉਂਕਿ ਉਹ ਸਾਧ ਸੰਗਤ ਵਿਚ ਹੀ ਹਰੀ ਪ੍ਰਭੂ ਨੂੰ ਵੱਸਦਾ ਅਨੁਭਵ ਕਰਦੇ ਸਨ)।

(੨) (ਗੁਰਦੇਵ ਜੀ) ਭਰੇ ਭੰਡਾਰਾਂ ਦੇ ਦਾਤੇ ਹਨ, ਪਰ ਸਾਧ ਸੰਗਤ ਜਿਸ ਨੂੰ ਦਾਤ ਦਿਵਾਏ, ਉਸਨੂੰ ਦਿੰਦੇ ਹਨ।

(੩) (ਕਿਉਂਕਿ ਆਪ) ਪਾਰਬ੍ਰਹਮ ਵਲੋਂ ਗੁਰੂ ਰੂਪ ਹੋ ਕੇ ਪ੍ਰਗਟੇ ਹਨ ਅਤੇ ਸਾਧ ਸੰਗਤ ਵਿਚ ਗੁਰੂ ਸ਼ਬਦ ਹੋ ਕੇ ਸਮਾਏ ਹੋਏ ਹਨ।

ਪ੍ਰ: ਕਿਉਂ ਜੀ! ਕੀ ਜੱਗ ਜੋਗ (ਪ੍ਰਾਣਾਯਾਮ) ਦੇ ਧਿਆਨ ਕਰਕੇ ਉਸਦੇ ਦਰਸ਼ਨ ਨਹੀਂ ਹੋ ਸਕਦੇ?

(੪) ਉ: (ਹੇ ਭਾਈਓ! ਬਹੁਤ ਲੋਕਾਂ ਨੇ ਯਤਨ ਕੀਤੇ ਹਨ ਪਰ ਉਸ ਪ੍ਰਭੂ ਦੇ) ਜੱਗ, ਭੋਗ, ਜੋਗ, ਪ੍ਰਾਣਾਯਾਮ ਦੇ ਧਿਆਨ ਕਰਕੇ ਜਾਂ ਪੂਜਾ ਆਦਿ ਸਾਧਨਾ ਕਰਨ ਨਾਲ ਦਰਸ਼ਨ ਨਹੀਂ ਹੁੰਦੇ (ਉਸਦੇ ਤਾਂ ਸਾਧ ਸੰਗਤ ਵਿਚ ਪ੍ਰਤੱਖ ਦਰਸ਼ਨ ਹੁੰਦੇ ਹਨ)।

(੫) ਕਿਉਂਕਿ ਗੁਰੂ ਤੇ ਸਾਧ ਸੰਗਤ (ਪਰਸਪਰ) ਪਿਉ ਪੁੱਤਰ ਦੇ ਨਾਤੇ ਵਾਂਗ ਸੰਬੰਧਤ ਹਨ (ਭਾਵ ਸਿਖ) ਪਿਤਾ ਗੁਰੂ ਦਾ ਦਿੱਤਾ ਹੀ ਖਾਂਦੇ ਤੇ ਪਹਿਨਾਇਆ ਪਹਿਨਦੇ ਹਨ (ਏਨੀ ਨੇੜਤਾ ਹੈ ਗੁਰੂ ਅਤੇ ਸਾਧ ਸੰਗਤ ਦੀ)।

(੬) ਜਿਵੇਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਖ਼ਤਮ ਕਰਨ ਮਗਰੋਂ, ਫਿਰ ਘਰਬਾਰੀ (ਗ੍ਰਿਹਸਤੀਆਂ) ਵਾਂਗ ਆਪਣੇ ਗੁਰੂ ਆਦਰਸ਼ ਦੇ ਉਲੀਕੇ ਕੰਮ ਨੂੰ ਚਲਾਉਂਦੇ ਰਹੇ, ਇਵੇਂ ਹੀ ਅਗੋਂ ਘਰਬਾਰੀ (ਗ੍ਰਿਹਸਤੀ) ਸਿਖ (ਗੁਰੂ ਅੰਗਦ ਦੇਵ ਜੀ) ਨੂੰ ਪੈਰੀਂ ਪਾਇਆ।

(੭) ਮਾਇਆ ਵਿਚ ਉਦਾਸ (ਰਹਿਣ ਦਾ ਸਿਧਾਂਤ ਦ੍ਰਿੜ ਕਰਾ ਕੇ) ਰਖਾਇਆ। (ਭਾਵ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਵਰਗੇ ਮਹਾਨ ਪ੍ਰਤਾਪੀ ਸਤਿਗੁਰੂ ਦੀ ਥਾਂ ਤੇ ਬੈਠ ਕੇ ਵੀ, ਆਪਣੀ ਬ੍ਰਿਤੀ ਵਿਚ ਇਸ ਪਦਵੀ ਪ੍ਰਾਪਤ ਹੋਣ ਦਾ ਹੁਲਾਸ ਨਹੀਂ ਲਿਆਂਦਾ, ਉਹ ਪਹਿਲੀ ਹਾਲਤ ਵਿਚ ਹੀ ਉਦਾਸ ਰਹੇ ਭਾਵ ਗੁਰੂ ਨਾਨਕ ਦੇਵ ਜੀ ਵਾਂਗ ਮਾਇਆ ਤੋਂ ਬਿਲਕੁਲ ਨਿਰਲੇਪ ਰਹੇ)।੨।

***ਭਾਵਾਰਥ:*** ਜੋ ਗੁਰੂ ਨਾਨਕ ਦੇਵ ਜੀ ਨੇ ਕਲਜੁਗੀ ਜੀਵਾਂ ਦੀ ਕਲਿਆਨ ਕਰਤਾ ਸਾਧ ਸੰਗਤ ਦੀ ਪਰੰਪਰਾ ਪ੍ਰਚੱਲਤ ਕੀਤੀ ਹੈ, ਇਸ ਦੇ ਆਧਾਰਤ ਹੋ ਜੋ ਜੀਵਨ ਸਫਰ ਗੁਜ਼ਾਰਦੇ ਹਨ ਉਹ ਸਦਾ ਹੀ ਲੋਕ ਪ੍ਰਲੋਕ ਵਿਚ ਸੁਖ ਹਾਸਲ ਕਰਦੇ ਹਨ।

## ੩. ਗੁਰਸਿੱਖਾਂ ਦੀ ਨਿੱਤ ਕਿਰਿਆ

੧. ਅੰਮ੍ਰਿਤ ਵੇਲੇ ਉਠ ਕੇ
ਜਾਇ ਅੰਦਰ ਦਰਯਾਇ ਨ੍ਹਵੰਦੇ।
੨. ਸਹਜ ਸਮਾਧ ਅਗਾਧ ਵਿੱਚ
ਇਕ ਮਨ ਹੋ ਗੁਰ ਜਾਪ ਜਪੰਦੇ।
੩. ਮੱਥੇ ਟਿਕੇ ਲਾਲ ਲਾਇ
ਸਾਧਸੰਗਤ ਚੱਲ ਜਾਇ ਬਹੰਦੇ।
੪. ਸਬਦ ਸੁਰਤ ਲਿਵਲੀਨ ਹੋਇ
ਸਤਿਗੁਰ ਬਾਣੀ ਗਾਵ ਸੁਣੰਦੇ।
੫. ਭਾਇ ਭਗਤਿ ਭੈ ਵਰਤਮਾਨ
ਗੁਰ ਸੇਵਾ ਗੁਰਪੁਰਬ ਕਰੰਦੇ।
੬. ਸੰਝੈ ਸੋਦਰ ਗਾਵਣਾ
ਮਨ ਮੇਲੀ ਕਰ ਮੇਲ ਮਿਲੰਦੇ।
੭. ਰਾਤੀ ਕੀਰਤ ਸੋਹਿਲਾ
ਕਰ ਆਰਤੀ ਪਰਸਾਦ ਵਡੰਦੇ।
੮. ਗੁਰਮੁਖ ਸੁਖ ਫਲ ਪਿਰਮ ਚਖੰਦੇ ॥੩॥

***ਪਦ ਅਰਥ:*** ਸਹਜ ਸਮਾਧ—ਸ਼ਾਂਤ ਅਵੱਸਥਾ ਦੀ ਸਮਾਧੀ। ਲਾਲ—ਰੱਤਾ, ਸੁਰਖਰੋਈ। ਸੰਝੈ—ਸੰਧਯਾ ਕਾਲ।

*ਅਰਥ:*

ਪ੍ਰ: ਭਾਈ ਸਾਹਿਬ ਜੀਓ! ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਨੇ ਜੋ ਸਾਰੀ ਲੋਕਾਈ ਦੀ ਭਲਾਈ ਲਈ, ਸਤਿ ਸੰਗਤ ਦੀ ਸੰਪ੍ਰਦਾਇ ਪਰਚੱਲਤ ਕੀਤੀ ਹੈ, ਕੀ ਇਸ ਵਿਚ ਦਾਖ਼ਲ ਹੋਣ ਵਾਲੇ ਸ਼ਰਧਾਲੂ ਸਿੱਖਾਂ ਲਈ ਭੀ ਕੋਈ ਖ਼ਾਸ ਨਿਯਮਾਵਲੀ ਹੈ, ਜਿਸ ਦੇ ਨਿਯਮ ਬੱਧ ਹੋਣਾ ਹਰ ਸਿਖ ਲਈ ਅਤਿ ਜ਼ਰੂਰੀ ਹੈ, ਕੀ ਤੁਸੀਂ ਇਸ ਸੰਬੰਧੀ ਗੁਰਮਤਿ ਅਨੁਸਾਰ ਵੀਚਾਰ ਪ੍ਰਗਟ ਕਰੋਗੇ?

ਉ: ਹੇ ਭਾਈਓ! ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਗੁਰਬਾਣੀ ਦੀ ਰੌਸ਼ਨੀ ਵਿਚ ਜੋ ਕੁਝ ਮੈਨੂੰ ਨਜ਼ਰ ਆਇਆ ਹੈ, ਉਹ ਇਉਂ ਹੀ ਸਮਝੋ ਕਿ ਸਿਖ ਲਈ ਗੁਰੂ ਦੀਆਂ ਕਾਇਮ ਕੀਤੀਆਂ ਹਿਦਾਇਤਾਂ ਅਨੁਸਾਰ ਹੀ ਜੀਵਨ ਗੁਜ਼ਾਰਦੇ ਰਹਿਣਾ ਚਾਹੀਦਾ ਹੈ, ਇਸ ਹਿਦਾਇਤ ਨੂੰ ਸਤਿਗੁਰੂ ਜੀ ਨੇ ਬਾਣੀ ਵਿਚ ਇਉਂ

ਅੰਕਤ ਕਰ ਦਿੱਤਾ ਹੈ, ਜਿਵੇਂ ਕਿ :

ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥
(ਪੰਨਾ ੬੬੭)

ਭਾਵ ਹੈ ਕਿ ਹੇ ਗੁਰ ਸਿਖ ਮਿਤਰੋ! ਜੋ ਗੁਰੂ ਦੀ ਮਰਯਾਦਾ ਪ੍ਰਚੱਲਤ ਕੀਤੀ ਹੋਈ ਹੈ ਉਸ ਤੇ ਸਦਾ ਹੀ ਟੁਰਦੇ ਰਹੋ, ਤੇ ਜੋ ਗੁਰੂ ਹੁਕਮ ਕਰਦਾ ਹੈ ਉਸਨੂੰ ਸਤਿ ਸਤਿ ਕਰਕੇ ਮੰਨੋ। ਪਰ ਗੁਰੂ ਦੇ ਹੁਕਮ ਦੀ ਪਾਲਨਾ ਕਰਨ ਲਈ ਇਕ ਨਿਯਮ ਹੋਰ ਭੀ ਅਤਿ ਜ਼ਰੂਰੀ ਹੈ ਜਿਸ ਤੋਂ ਸੱਖਣੇ ਰਹਿ ਕੇ ਗੁਰੂ ਦੇ ਹੁਕਮ ਦੀ ਪਾਲਨਾ ਕਰਨੀ ਬਹੁਤ ਕਠਨ ਹੀ ਨਹੀਂ, ਸਗੋਂ ਨਾ-ਮੁਮਕਿਨ ਕਹਿਣੀ ਚਾਹੀਦੀ ਹੈ। ਇਸ ਬਾਰੇ ਭੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਆਇਆ ਹੈ, ਜਿਵੇਂ ਕਿ :

ਗੁਰ ਕੀ ਮਤਿ ਤੂੰ ਲੇਹਿ ਇਆਨੇ॥
ਭਗਤਿ ਬਿਨਾ ਬਹੁ ਡੂਬੇ ਸਿਆਨੇ॥ (ਪੰਨਾ ੨੮੮)

ਭਾਵ ਹੈ ਕਿ ਹੇ ਗੁਰੂ ਦੀ ਸੰਗਤ ਵਿਚ ਆਉਣ ਵਾਲੇ ਅਨਜਾਣ! ਤੂੰ ਗੁਰੂ ਦੀ ਦਿੱਤੀ ਹੋਈ ਗੁਰਮਤਿ ਦਾ ਧਾਰਨੀ ਹੋ ਕਿਉਂਕਿ ਗੁਰੂ ਦੀ ਸਿਖਿਆ ਨੂੰ ਧਾਰਨ ਤੋਂ ਸੱਖਣੇ ਬੜੇ ਬੜੇ ਸਿਆਣੇ ਕਹਾਉਣ ਵਾਲੇ ਇਸ ਸੰਸਾਰ ਸਾਗਰ ਦੀਆਂ ਵਿਖਮ ਵਿਕਾਰਾਂ ਦੀਆਂ ਵਿਖਮ ਲਹਿਰਾਂ ਵਿਚ ਹੀ ਬਹਿ ਗਏ।

ਹੇ ਭਾਈਓ! ਗੁਰੂ ਦੀ ਗੁਰਮਤਿ ਧਾਰਨ ਕਰਨ ਲਈ ਇਕ ਨਿਯਮ ਹੋਰ ਭੀ ਅਤਿ ਜ਼ਰੂਰੀ ਹੈ, ਉਹ ਹੈ ਕਿ ਗੁਰੂ ਦੀ ਮੱਤ ਨੂੰ ਅੰਦਰ ਧਾਰਨ ਕਰਨ ਲਈ ਪਹਿਲੋਂ ਜਗ੍ਹਾ ਬਣਾਉਣੀ ਪਵੇਗੀ ਭਾਵ ਮਨ ਨੂੰ ਸਾਫ਼ ਕਰਨਾ ਪਵੇਗਾ ਕਿਉਂਕਿ ਇਹ ਨਿਯਮ ਹੈ ਕਿ ਜਿਤਨਾ ਚਿਰ ਕਿਸੇ ਬਰਤਨ ਵਿਚ ਪਈ ਮੈਲੀ ਕੁਚੈਲੀ ਵਸਤੂ ਨੂੰ ਬਾਹਰ ਨ ਨਿਕਾਲਿਆ ਜਾਵੇ ਉਤਨਾ ਚਿਰ ਉਸ ਵਿਚ ਚੰਗੀ ਵਸਤੂ ਨਹੀਂ ਪਾਈ ਜਾ ਸਕਦੀ। ਬਾਣੀ ਦਾ ਫ਼ੁਰਮਾਨ ਹੈ ਕਿ ਜਿਵੇਂ :

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥
(ਪੰਨਾ ੪੭੪)

ਭਾਵ ਜਿਤਨਾ ਚਿਰ ਸਾਡੇ ਅੰਦਰ ਸਾਡੇ ਮਨ ਦੀ ਕੁਮੱਤ ਵਸਦੀ ਹੈ ਉਤਨਾ ਚਿਰ ਸਾਡੇ ਅੰਦਰ ਗੁਰੂ ਦੀ ਮੱਤ ਨਹੀਂ ਧਾਰਨ ਕੀਤੀ ਜਾ ਸਕਦੀ ਇਸ ਲਈ ਗੁਰੂ ਜੀ ਨੇ ਬਾਣੀ ਅੰਦਰ ਨਿਯਮ ਕਰ ਦਿੱਤਾ ਹੈ ਕਿ ਹੇ ਹਰੀ ਦੇ ਜਨੋਂ! ਸੁਣੋ :

ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥
(ਪੰਨਾ ੮੦੦)

ਭਾਵ ਹੇ ਹਰੀ ਦੇ ਜਨੋਂ! ਜੇ ਗੁਰੂ ਦੀ ਮੱਤ ਧਾਰਨ ਕਰਨਾ ਚਾਹੁੰਦੇ ਹੋ, ਤਾਂ ਪਹਿਲੋਂ ਆਪਣੇ ਮਨ ਵਿਚ ਜੋ ਖੋਟੀ ਮੱਤ ਧਾਰਨ ਕਰ ਰੱਖੀ ਹੈ, ਇਸ ਦਾ ਤਿਆਗ ਕਰ ਦਿਓ, ਪਰ ਯਾਦ ਰਹੇ ਇਹ ਬਾਤ ਬੜੀ ਕਠਿਨ ਹੈ। ਇਹ ਸਾਡੀ ਆਮ ਵਰਤੋਂ ਵਿਚ ਵਰਤਾਰਾ ਵਰਤਿਆ ਜਾ ਰਿਹਾ ਨਜ਼ਰ ਆਉਂਦਾ ਹੈ, ਕਿ ਸਾਨੂੰ ਕੋਈ ਸਾਡਾ ਮਿੱਤ੍ਰ ਮੱਤ ਦਿੰਦਾ ਹੈ, ਉਹ ਭਾਵੇਂ ਕੁਮੱਤ ਹੀ ਹੋਵੇ ਉਸਨੂੰ ਅਸੀਂ ਬਿਨਾਂ ਸੋਚੇ ਸਮਝੇ ਹੀ ਮੰਨ ਲੈਂਦੇ ਹਾਂ। ਇਹ ਐਸਾ ਕਿਉਂ ਹੁੰਦਾ ਹੈ? ਕਿਉਂਕਿ ਉਸਦੀ ਕੁਮੱਤ ਦਾ ਸਾਡੀਆਂ ਅੰਦਰਲੀਆਂ ਭਾਵਨਾਵਾਂ ਨਾਲ ਤਾਲਮੇਲ ਹੁੰਦਾ ਹੈ। ਜਿਸ ਕਰਕੇ ਅਸੀਂ ਸ਼ੀਘਰ ਹੀ ਸੁਣ ਕੇ ਧਾਰਨ ਕਰ ਲੈਂਦੇ ਹਾਂ। ਪਰ ਜਦੋਂ ਅਸੀਂ ਗੁਰੂ ਦੀ ਸ੍ਰੇਸ਼ਟ ਮੱਤ ਅੰਮ੍ਰਿਤ ਪੀਣ ਦੀ ਸੁਣਦੇ ਹਾਂ, ਤਾਂ ਉਹ ਅਸੀਂ ਸੁਣੀ ਹੋਈ ਭੀ ਅਣਸੁਣੀ ਕਰ ਦੇਂਦੇ ਹਾਂ। ਪਰ ਕੋਈ ਨਿਵਾਲੇ ਪਿਆਲੇ ਦਾ ਸਾਂਝੀਵਾਲ ਸ਼ਰਾਬ ਪੀਣ ਲਈ ਕਵੇ ਤਾਂ ਅਸੀਂ ਝੱਟ ਹੀ ਮੰਨ ਲੈਂਦੇ ਹਾਂ। ਸੋ ਜਿਤਨਾ ਚਿਰ ਅਸੀਂ ਆਪਣੇ ਅੰਦਰ ਮਨ ਦੀ ਧਾਰਨ ਕੀਤੀ ਕੁਮੱਤ ਦਾ ਤਿਆਗ ਨਹੀਂ ਕਰਦੇ ਉਤਨਾ ਚਿਰ ਗੁਰੂ ਦੀ ਗੁਰਮਤਿ ਅੰਦਰ ਧਾਰਨ ਨਹੀਂ ਹੋ ਸਕਦੀ। ਇਹੋ ਕਾਰਨ ਹੈ ਕਿ ਬਹੁਤ ਲੋਕ ਚਾਲੀ ਚਾਲੀ ਸਾਲਾਂ ਤੋਂ ਧਰਮ ਮੰਦਰਾਂ ਵਿਚ ਆਉਂਦੇ ਤੇ ਧਾਰਮਿਕ ਕਥਾਵਾਂ ਸੁਣਦੇ ਹੋਏ ਭੀ ਕਿਸੇ ਟਿਕਾਣੇ ਤੇ ਨਹੀਂ ਪੁੱਜ ਸੱਕੇ।

ਪ੍ਰ: ਕਿਉਂ ਜੀ! ਕੀ ਤੁਸੀਂ ਇਹੋ ਕਹਿਣਾ ਚਾਹੁੰਦੇ ਹੋ ਕਿ ਧਰਮ ਸਥਾਨਾਂ ਵਿਚ ਆਉਣ ਵਾਲੇ ਸਾਰੇ ਦੇ ਸਾਰੇ ਲੋਕ ਸੱਖਣੇ ਹੀ ਰਹਿੰਦੇ ਹਨ?

ਉ: ਹੇ ਭਾਈਓ! ਮੇਰਾ ਇਹ ਭਾਵ ਨਹੀਂ ਕਿ ਕੋਈ ਭੀ ਆਪਣੀ ਮੰਜ਼ਿਲ 'ਤੇ ਨਹੀਂ ਪੁੱਜਦਾ, ਹਾਂ ਇਹ ਜ਼ਰੂਰ ਕਹਿਣਾ ਪਵੇਗਾ ਕਿ (ਕੋਟਨ ਮੈ ਨਾਨਕ ਕੋਊ) ਭਾਵ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਕਰੋੜਾਂ ਵਿਚੋਂ ਕੋਈ ਹੀ ਸਿਖਰਾਂ ਤੇ ਪੁੱਜਦਾ ਹੈ।

ਪ੍ਰ: ਕਿਉਂ ਜੀ! ਇਹ ਭੀ ਦੱਸ ਦਿਓ ਕਿ ਉਸ ਆਖ਼ਰੀ ਮੰਜ਼ਿਲ 'ਤੇ ਪੁੱਜਣ ਵਾਲੇ ਸਿਖ ਨੇ ਉਹ ਕਿਹੜਾ ਸਾਧਨ ਅਪਨਾਇਆ ਹੈ ਜਿਸਦਾ ਸਦਕਾ ਉਹ ਇਸ ਸੰਸਾਰ ਸਾਗਰ ਦੀਆਂ ਵਿਖਮ ਲਹਿਰਾਂ ਤੋਂ ਬਚ ਕੇ ਪਾਰ ਹੋ ਗਿਆ, ਜਿਸ ਤੋਂ ਕਿ ਬੜੇ ਬੜੇ ਜੋਗੀ, ਜਪੀ, ਤਪੀ ਭੀ ਪਾਰ ਨਹੀਂ ਹੋ ਸਕੇ?

ਉ: ਹੇ ਭਾਈਓ! ਸਾਧਨ ਇਕੋ ਹੀ ਹੈ ਕਿ ਜਿਸ ਸਿਖ ਨੇ

ਅਰਜਨ ਵਾਂਗ ਘੋੜਿਆਂ ਦੀਆਂ ਵਾਗਾਂ ਕ੍ਰਿਸ਼ਨ ਜੀ ਨੂੰ ਸੌਂਪ ਦਿੱਤੀਆਂ ਹਨ। ਤੁਸਾਂ ਤਸਵੀਰ ਵੇਖੀ ਹੋਵੇਗੀ ਕਿ ਇਕ ਰਥ ਹੈ ਜਿਸ ਦੇ ਅੱਗੇ ਪੰਜ ਘੋੜੇ ਜੁੜੇ ਹੋਏ ਹਨ ਇਸ ਦੇ ਰਥਵਾਹੀ ਕ੍ਰਿਸ਼ਨ ਜੀ ਹਨ ਅਤੇ ਅਰਜਨ ਪਿੱਛੇ ਬੈਠਾ ਹੈ। ਮਹਾਂਭਾਰਤ ਵਿਚ ਇਸੇ ਤਰ੍ਹਾਂ ਪ੍ਰਸੰਗ ਆਉਂਦਾ ਹੈ ਕਿ ਅਰਜਨ ਨੇ ਇਨ੍ਹਾਂ ਪੰਜਾਂ ਘੋੜਿਆਂ ਦੀ ਵਾਗ ਡੋਰ ਕ੍ਰਿਸ਼ਨ ਜੀ ਨੂੰ ਸੌਂਪ ਦਿੱਤੀ ਕਿ ਹੇ ਭਗਵਨ! ਇਹ ਪੰਜੇ ਘੋੜੇ ਬੜੇ ਸ਼ਕਤੀਸ਼ਾਲੀ ਹਨ ਇਨ੍ਹਾਂ ਨੂੰ ਤੁਸੀਂ ਹੀ ਕਾਬੂ ਕਰੋ, ਮੈਂ ਇਨ੍ਹਾਂ ਨੂੰ ਕਾਬੂ ਵਿਚ ਨਹੀਂ ਰੱਖ ਸਕਦਾ।

ਇਸ ਪ੍ਰਸੰਗ ਤੋਂ ਸਾਨੂੰ ਇਹੋ ਸੇਧ ਮਿਲਦੀ ਹੈ ਕਿ ਇਹ ਸਾਡਾ ਪੰਜ ਭੂਤਕ ਸਰੀਰ ਇਕ ਤਰ੍ਹਾਂ ਦਾ ਰਥ ਹੈ ਜਿਸ ਨੂੰ ਪੰਜ ਗਿਆਨ ਇੰਦ੍ਰੇ ਪੰਜ ਘੋੜੇ ਜੁੜੇ ਹੋਏ ਹਨ, ਇਹ ਇਤਨੇ ਕ੍ਰਾਂਤੀਕਾਰੀ ਹਨ ਜੋ ਇਸ ਸਰੀਰ ਰੂਪੀ ਰਥ ਨੂੰ ਆਪੋ ਆਪਣੇ ਵਿਸ਼ਿਆਂ ਵਲ ਨੂੰ ਖਿਚੀ ਤੁਰੀ ਜਾਂਦੇ ਹਨ। ਜਿਸ ਸਿੱਖ ਨੂੰ ਇਹ ਬੋਧ ਹੋ ਗਿਆ ਕਿ ਮੈਂ ਇਨ੍ਹਾਂ ਪੰਜਾਂ ਗਿਆਨ ਇੰਦ੍ਰਿਆਂ ਰੂਪ ਘੋੜਿਆਂ ਨੂੰ ਕਾਬੂ ਨਹੀਂ ਕਰ ਸਕਦਾ ਉਹ ਫਿਰ ਗੁਰੂ ਦੇ ਸਨਮੁਖ ਹੋ ਇਉਂ ਨਿਮਰਤਾ ਸਹਿਤ ਜੋਦੜੀ ਕਰਦਾ ਹੈ ਕਿ ਹੇ ਸਤਿਗੁਰੋ :

ਅਵਰਿ ਪੰਚ ਹਮ ਏਕ ਜਨਾ
ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ॥੧॥

*(ਪੰਨਾ ੧੫੫)*

ਮੈਂ ਇਕੱਲਾ ਹਾਂ, ਮੇਰੇ ਟਾਕਰੇ 'ਤੇ ਪੰਜ ਗਿਆਨ ਇੰਦ੍ਰੇ ਜਾਂ ਪੰਜ ਕਾਮਾਦਿਕ ਬੜੇ ਬਲਵਾਨ ਸੂਰਮੇ ਹਨ, ਜੋ ਮੈਨੂੰ ਵਿਕਾਰਾਂ ਦੀਆਂ ਸੱਟਾਂ ਭੀ ਮਾਰਦੇ ਅਤੇ ਮੇਰੇ ਦੈਵੀ ਗੁਣਾਂ ਦੀ ਪੂੰਜੀ ਨੂੰ ਭੀ ਲੁੱਟੀ ਜਾ ਰਹੇ ਹਨ ਮੈਂ ਅਨੁਭਵ ਕਰਦਾ ਹਾਂ ਕਿ :

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥੨॥

*(ਪੰਨਾ ੭੧੦)*

ਭਾਵ ਹੈ ਕਿ ਇਸ ਸਰੀਰ ਰੂਪੀ ਰਥ ਵਿਚ ਬੈਠੇ ਮਨ ਰਥਵਾਹੀ ਨੂੰ ਇਨ੍ਹਾਂ ਪੰਜਾਂ ਵਿਕਾਰਾ ਨੇ ਵਿਗਾੜ ਦਿੱਤਾ ਹੈ, ਅਰਥਾਤ ਆਪਣੇ ਆਪਣੇ ਵਿਸ਼ਿਆਂ ਵੱਲ ਖਿੱਚੀ ਜਾ ਰਹੇ ਹਨ, ਇਨ੍ਹਾਂ ਨੇ ਹਰੀ ਨਾਲੋਂ ਮੇਰਾ ਅੰਤਰਾ ਪਾ ਦਿੱਤਾ ਹੈ, ਭੇਦ ਪਾ ਦਿੱਤਾ ਹੈ, ਹੇ ਸਤਿਗੁਰੂ ਜੀ! ਦਸੋ ਹੁਣ ਮੈਂ ਤੁਹਾਡੇ ਦਰ ਨੂੰ ਛੱਡ ਕੇ ਹੋਰ ਕਿਸ ਦੇ ਦਰ ਤੇ ਜਾ ਕੇ ਪੁਕਾਰ ਕਰਾਂ। ਕਿਉਂਕਿ :

ਅਵਰ ਓਟ ਮੈ ਸਗਲੀ ਦੇਖੀ
ਇਕ ਤੇਰੀ ਓਟ ਰਹਾਈਐ॥੩॥ *(ਪੰਨਾ ੬੨੫)*

ਜਦੋਂ ਸਿਖ ਆਪਾ ਭਾਵ ਤਿਆਗ ਕੇ ਇਉਂ ਜੋਦੜੀ ਕਰਦਾ ਹੈ ਤਾਂ ਉਪਕਾਰੀ ਸਤਿਗੁਰੂ ਉਸ ਨੂੰ ਇਸ ਸੰਸਾਰ ਦੀਆਂ ਵਿਖਮ ਵਿਕਾਰਾਂ ਦੀਆਂ ਦੁਖਦਾਈ ਲਹਿਰਾਂ ਤੋਂ ਬਚਾਅ ਲੈਂਦੇ ਹਨ।

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਦੇ ਰਾਖੇ ਗੁਰੂ ਜੀ ਆਪ ਹੋ ਗਏ, ਉਨ੍ਹਾਂ ਦੀ ਪਛਾਣ ਕੀ ਹੈ, ਭਾਵ ਉਨ੍ਹਾਂ ਦੀ ਸਰੀਰਕ ਤੇ ਮਾਨਸਿਕ ਕ੍ਰਿਆ ਕਿਸ ਰੂਪ ਵਿਚ ਵਰਤਦੀ ਹੈ?

ਉ: ਹੇ ਭਾਈ! ਉਨ੍ਹਾਂ ਨੇ ਸਿੱਖੀ ਦੇ ਸਹੀ ਸਿਧਾਂਤ ਨੂੰ ਸਮਝ ਲਿਆ ਹੈ ਕਿ :

ਸਗਲ ਧਰਮ ਮਹਿ ਗ੍ਰਿਹਸਤ ਪ੍ਰਧਾਨ ਹੈ।

ਇਸ ਲਈ ਉਹ ਘਰ ਬਾਰ ਤਿਆਗ ਕੇ ਕਿਤੇ ਬਾਹਰ ਜੰਗਲ ਵਾਸੀ ਹੋਣਾ ਪਸੰਦ ਨਹੀਂ ਕਰਦੇ। ਉਨ੍ਹਾਂ ਨੂੰ ਸਤਿਸੰਗਤ ਰਾਹੀਂ ਇਹ ਗਿਆਨ ਹੋ ਆਇਆ ਹੈ ਕਿ :

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੩॥

*(ਪੰਨਾ ੧੩੭੬)*

ਇਸ ਲਈ ਹੇ ਸਜਨੋਂ! ਮੈਂ ਤਾਂ ਜਿਥੇ ਜਿਥੇ ਭੀ ਅਜਿਹੇ ਗੁਰੂ ਦੇ ਸਿੱਖਾਂ ਨੂੰ ਤੱਕਦਾ ਹਾਂ, ਉਨ੍ਹਾਂ ਦੀ ਨਿੱਤ ਦੀ ਕਿਰਿਆ ਇਹੋ ਹੈ, ਜਿਵੇਂ ਕਿ :

(੧) ਗੁਰੂ ਦੇ ਸਿਖ ਸਵੇਰੇ ਉਠ ਕੇ ਨਦੀ (ਜਾਂ ਸਰੋਵਰ ਜਾਂ ਖੂਹ ਆਦਿ ਦੇ ਜਲ) ਵਿਚ ਇਸ਼ਨਾਨ ਕਰਦੇ ਹਨ।
(੨) ਫਿਰ ਉਹ ਅਗਾਧ ਪ੍ਰਭੂ ਦੀ ਲਿਵ ਵਿਚ ਜੁੜ ਕੇ ਸਹਿਜ ਸਮਾਧ ਵਿਖੇ ਇਕ ਮਨ ਹੋ, ਗੁਰੂ ਮੰਤਰ ਦਾ ਜਾਪ ਜਪਦੇ ਹਨ।
(੩) ਮੱਥੇ ਤੇ ਗੁਰੂ ਦੀ ਬਖ਼ਸ਼ਸ਼ (ਭਾਵ ਚੜ੍ਹਦੀ ਕਲਾ) ਦਾ ਟਿੱਕਾ ਲਾਲਾਂ ਵਾਂਗੂੰ ਦਗਦਾ ਹੈ, ਜਦੋਂ ਸਾਧ ਸੰਗਤ ਵਿਚ ਚਲਕੇ ਜਾ ਬੈਠਦੇ ਹਨ।
(੪) ਸ਼ਬਦ ਨੂੰ ਸੁਰਤ ਵਿਚ ਲੈ ਜਾ ਲਿਵਲੀਨ (ਮਗਨ) ਹੋ ਕੇ ਸਤਿਗੁਰੂ ਦੀ ਬਾਣੀ ਗਾਉਂਦੇ ਤੇ ਸੁਣਦੇ ਹਨ।
(੫) ਪ੍ਰੇਮਾ-ਭਗਤੀ ਅਤੇ ਭੈ-ਭਾਉਨੀ ਵਿਚ ਵਰਤਦੇ ਹਨ ਤੇ ਗੁਰੂ ਦੀ ਸੇਵਾ ਤੇ ਗੁਰਪੁਰਬ ਕਰਦੇ ਭਾਵ ਮਨਾਉਂਦੇ ਹਨ।

(੬) ਸ਼ਾਮ ਵੇਲੇ ਸੋਦਰ (ਰਹਿਰਾਸ) ਪੜ੍ਹਦੇ ਤੇ ਗਾਉਂਦੇ ਹਨ, ਮਨ ਮੇਲੀਆਂ (ਭਾਵ ਗੁਰੂ ਪ੍ਰੇਮੀਆਂ) ਨਾਲ ਮੇਲ ਰੱਖਦੇ (ਮਿਲਦੇ ਮਿਲਾਉਂਦੇ) ਹਨ।

(੭) ਰਾਤ ਨੂੰ (ਸੌਣ ਲਗੇ) ਕੀਰਤਨ ਸੋਹਿਲੇ ਦਾ ਪਾਠ ਕਰਦੇ ਹਨ। ਆਰਤੀ ਕਰਕੇ ਪ੍ਰਸਾਦਿ ਵਰਤਾਉਂਦੇ ਹਨ।

(੮) ਗੁਰਮੁਖ (ਪ੍ਰੇਮੀ ਜਨ, ਇਸ ਨਿਤ ਕ੍ਰਿਆ ਦੇ) ਸੁਖ ਫਲ ਦੇ ਪ੍ਰੇਮ ਰਸ ਨੂੰ ਚੱਖਦੇ (ਭਾਵ ਪੀਂਦੇ ਹਨ)।੩।

*ਭਾਵਾਰਥ :* ਭਾਈ ਸਾਹਿਬ ਜੀ ਨੇ ਇਸ ਪਉੜੀ ਵਿਚ ਇਸ ਸ਼ਬਦ ਦੇ ਭਾਵ ਨੂੰ ਅੰਕਤ ਕੀਤਾ ਹੈ, ਜਿਵੇਂ ਕਿ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

*ਪੰਨਾ ੩੦੫।*

ਇਸ਼ਨਾਨ ਤੇ ਸਤਿਸੰਗ ਵਿਚ ਪ੍ਰਵੇਸ਼ ਦੋਵੇਂ ਭਾਵ ਹਨ।

ਸਮਾਧੀ ਵਿਚ ਲਿਵ ਜੋੜਨੀ ਨਿਰਾਸਾ ਨਿਰਵਾਸ ਹੋ ਕੇ ਸ਼ਬਦ ਦੀ ਕਮਾਈ, ਬਾਣੀ ਦਾ ਅਭਿਆਸ, ਪ੍ਰੇਮਾ-ਭਗਤੀ, ਨਿਤਨੇਮ ਆਦਿ ਸਾਧਨ ਕਰਕੇ ਸੁਖ ਫਲ ਪਾਉਂਦੇ ਹਨ।

## ੪. ਸਾਧ ਸੰਗਤ ਸੱਚਖੰਡ ਹੈ

੧. ਇੱਕ ਕਵਾਉ ਪਸਾਉ ਕਰ
ਓਅੰਕਾਰ ਅਕਾਰ ਪਸਾਰਾ।
੨. ਪਉਣ ਪਾਣੀ ਬੈਸੰਤਰੋ
ਧਰਤਿ ਅਗਾਸ ਕਰੇ ਨਿਰਧਾਰਾ।
੩. ਰੋਮ ਰੋਮ ਵਿੱਚ ਰਖਿਓਨ
ਕਰ ਵਰਭੰਡ ਕਰੋੜ ਅਕਾਰਾ।
੪. ਪਾਰਬ੍ਰਹਮ ਪੂਰਨ ਬ੍ਰਹਮ
ਅਗਮ ਅਗੋਚਰ ਅਲਖ ਅਪਾਰਾ।
੫. ਪ੍ਰੇਮ ਪਿਆਲੇ ਵੱਸ ਹੋਇ
ਭਗਤ ਵੱਛਲ ਹੋਇ ਸਿਰਜਨਹਾਰਾ।
੬. ਬੀਉ ਬੀਜ ਅਤਿ ਸੂਖਮੋ
ਤਿੱਦੂ ਹੋਇ ਵਡ ਬਿਰਖ ਬਿਥਾਰਾ।
੭. ਫਲ ਵਿਚ ਬੀਉ ਸਮਾਇ ਕੈ
ਇਕ ਦੂੰ ਬੀਓਂ ਲੱਖ ਹਜਾਰਾ।
੮. ਗੁਰਮੁਖ ਸੁਖ ਫਲ ਪ੍ਰੇਮ ਰਸ
ਗੁਰਸਿਖਾਂ ਸਤਿਗੁਰੂ ਪਿਆਰਾ।
੯. ਸਾਧ ਸੰਗਤਿ ਸਚਖੰਡ ਵਿੱਚ
ਸਤਿਗੁਰ ਪੁਰਖ ਵਸੈ ਨਿਰੰਕਾਰਾ।
੧੦. ਭਾਇ ਭਗਤਿ ਗੁਰਮੁਖ ਨਿਸਤਾਰਾ ॥੪॥

*ਪਦ ਅਰਥ :* ਕਵਾਉ—ਅਵਾਜ਼। ਓਅੰਕਾਰ—ਕਰਤਾ ਪੁਰਖ। ਨਿਰਧਾਰਾ—ਆਸਰੇ ਤੋਂ। ਵਰਭੰਡ—ਬ੍ਰਹਿਮੰਡ। ਵਡ—ਬੜ੍ਹ—ਬੋਹੜ। ਨਿਸਤਾਰਾ—ਉੱਧਾਰ, ਮੁਕਤਿ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜਿਥੇ ਆਪ ਜੀ ਸਾਨੂੰ ਹੋਰ ਭਿੰਨ ਭਿੰਨ ਪੱਖਾਂ ਤੋਂ ਜਾਣਕਾਰੀ ਦੇਂਦੇ ਆ ਰਹੇ ਹੋ, ਉਥੇ ਅਸੀਂ ਆਪ ਜੀ ਤੋਂ ਇਹ ਭੀ ਆਸ ਰਖਦੇ ਹਾਂ ਕਿ ਤੁਸੀਂ ਸਾਨੂੰ ਇਸ ਸ੍ਰਿਸ਼ਟੀ ਬਾਰੇ ਜਾਣਕਾਰੀ ਦਿਓ ਕਿ ਇਹ ਸੰਸਾਰ ਦੀ ਰਚਨਾ ਕਦੋਂ ਤੇ ਕਿਸ ਪ੍ਰਕਾਰ ਰਚੀ ਗਈ ਹੈ ?

ਉ: ਹੇ ਸਜਨੋਂ ! ਇਸ ਰਚਨਾ ਬਾਰੇ ਦੋ ਪੱਖ ਹਨ, ਇਕ ਹੈ ਗੁਰਮਤਿ ਦਾ, ਦੂਜਾ ਹੈ ਅਨਮਤਿ ਦਾ। ਪਰ ਤੁਸੀਂ ਦਸੋ ਕਿਸ ਪੱਖ ਤੋਂ ਜਾਣੂ ਹੋਣਾ ਚਾਹੁੰਦੇ ਹੋ ਤਾਂਕਿ ਮੈਂ ਉਸੇ ਸੰਬੰਧ ਵਿਚ ਆਪਣੇ ਚੰਦ ਵੀਚਾਰ ਆਪ ਜੀ ਨੂੰ ਹਾਜ਼ਰ ਕਰ ਸੱਕਾਂ।

ਪ੍ਰ: ਭਾਈ ਸਾਹਿਬ ਜੀਉ ! ਪੱਖ ਤਾਂ ਅਸੀਂ ਗੁਰਮਤਿ ਦਾ ਹੀ ਸਰਬੋਤਮ ਮੰਨਦੇ ਹਾਂ ਤੇ ਉਸੇ ਨੂੰ ਹੀ ਅਪਣਾਉਣ ਦੇ ਚਾਹਵਾਨ ਹਾਂ, ਪਰ ਕਿਤਨਾ ਚੰਗਾ ਹੋਵੇ ਕਿ ਜੇ ਆਪ ਜੀ ਸਾਨੂੰ ਅਨਮਤਿ ਦੇ ਵੀਚਾਰਾਂ ਤੋਂ ਭੀ ਜਾਣੂ ਕਰਵਾਉਣ ਦੀ ਖੇਚਲ ਕਰ ਸਕੋ ?

(੧) ਉ: ਹੇ ਸਜਨੋਂ ! ਜਦੋਂ ਅਸੀਂ ਇਸ ਸ੍ਰਿਸ਼ਟੀ ਦੀ ਰਚਨਾ ਬਾਰੇ ਵਿਗਿਆਨਕ ਖੋਜੀਆਂ ਦੇ ਵੀਚਾਰਾਂ ਨੂੰ ਪੜ੍ਹਦੇ ਸੁਣਦੇ ਹਾਂ ਤਾਂ ਇਨ੍ਹਾਂ ਨੇ ਸ੍ਰਿਸ਼ਟੀ ਦੇ ਪ੍ਰਗਟ ਹੋਣ ਬਾਰੇ ਭਿੰਨ-ਭਿੰਨ ਖਿਆਲ ਦਿੱਤੇ ਹਨ, ਉਹ ਕਿਸੇ ਇਕ ਦੇ ਖਿਆਲ ਦੂਜੇ ਨਾਲ ਉੱਕਾ ਹੀ ਤਾਲ ਮੇਲ ਨਹੀਂ ਰੱਖਦੇ। ਕਿਉਂਕਿ ਜਦੋਂ ਪੁਰਾਤਨ ਹੋ ਗੁਜ਼ਰੇ ਹਿੰਦੂ ਰਿਸ਼ੀਆਂ ਵਲੋਂ ਲਿਖੀਆਂ ਗਈਆਂ ਪੁਸਤਕਾਂ ਪੜ੍ਹੋ ਤਾਂ ਉਨ੍ਹਾਂ ਦਾ ਇਹ ਵੀਚਾਰ ਹੈ ਕਿ ਪਹਿਲੋਂ 'ਹਿਰਨ ਗਰਭ' ਹੋਇਆ ਇਸ ਤੋਂ ਅੱਗੇ ਜਗਤ ਉਤਪਤੀ ਹੋਈ। ਇਹ

ਕਹਿੰਦੇ ਹਨ ਕਿ ਸਭ ਤੋਂ ਪਹਿਲੇ ਪਾਣੀ ਬਣਿਆ, ਉਸ ਪਾਣੀ ਵਿਚੋਂ ਇਕ ਅੰਡਾ ਪੈਦਾ ਹੋਇਆ, ਉਸ ਅੰਡੇ ਦੇ ਦੋ ਹਿੱਸੇ ਹੋਏ, ਉਸ ਵਿਚ ਇਕ ਇਸਤ੍ਰੀ ਸੀ, ਅਤੇ ਦੂਜਾ ਮਰਦ ਸੀ, ਸੋ ਇਨ੍ਹਾਂ ਦੀ ਵੀਚਾਰਧਾਰਾ ਦਸਦੀ ਹੈ ਕਿ ਇਸ ਦ੍ਰਿਸ਼ਟਮਾਨ ਜਗਤ ਦੀ ਰਚਨਾ ਬ੍ਰਹਮਾ ਨੇ ਕੀਤੀ ਹੈ।

(੨) **ਦਾਰਸ਼ਨਿਕ**—ਜਦੋਂ ਦਾਰਸ਼ਨਿਕ ਮੱਤਾਂ ਨੂੰ ਪੜਚੋਲੀਏ, ਤਾਂ ਇਨ੍ਹਾਂ ਵਿਚ ਇਕ ਮੱਤ ਦੀ ਰਾਇ ਇਹ ਹੈ ਕਿ ਇਹ ਜਗਤ ਰਚਨਾ ਅਨਾਦੀ ਹੈ ਤੇ ਇਹ ਇਕ ਪ੍ਰਵਾਹ ਦੀ ਤਰ੍ਹਾਂ ਵੱਗਣ ਵਾਲੀ ਹੈ, ਇਹ ਹਮੇਸ਼ਾਂ ਹੀ ਤੁਰੀ ਆਈ ਹੈ ਤੇ ਇਸੇ ਤਰ੍ਹਾਂ ਸਦਾ ਤੁਰੀ ਚਲਦੀ ਜਾਵੇਗੀ, ਸੋ ਇਸ ਦਾ ਨ ਆਦਿ ਹੈ ਤੇ ਨਾਹੀ ਅੰਤ ਹੋਵੇਗਾ।

(੩) **ਵੇਦਾਂਤੀ**—ਜਦੋਂ ਵੇਦਾਂਤੀਆਂ ਦੇ ਵੀਚਾਰ ਪੜ੍ਹੋ ਉਹ ਇਹ ਸੰਮਤੀ ਰਖਦੇ ਹਨ ਕਿ ਆਤਮਾ ਤੋਂ ਪੰਜ ਮਹਾਭੂਤ (ਤੱਤ) ਪੈਦਾ ਹੋਏ, ਜਿਨ੍ਹਾਂ ਤੋਂ ਅਗੇ ਇਹ ਜਗਤ ਰਚਨਾ ਬਣੀ ਹੈ। ਪਰ ਇਨ੍ਹਾਂ ਦੇ ਵੀਚਾਰ ਵਿਚ ਇਹ ਜਗਤ ਕੇਵਲ ਕਲਪਨਾ ਮਾਤ੍ਰ ਹੀ ਹੈ।

(੪) **ਇਸਾਈ ਮੱਤ**—ਇਸਾਈ ਮੱਤ ਦੀ ਰਾਇ ਇਹ ਹੈ ਕਿ ਈਸ਼ਰ ਇਸ ਜਗਤ ਰਚਨਾ ਨੂੰ ਸੱਤ ਦਿਨ ਲਗਾਤਾਰ ਰਚਦਾ ਰਿਹਾ ਤੇ ਸਤਵੇਂ ਦਿਨ ਐਤਵਾਰ ਨੂੰ ਅਰਾਮ ਕੀਤਾ।

(੫) **ਇਸਲਾਮ ਮੱਤ**—ਮੁਸਲਮਾਨ ਇਹ ਨਿਸਚਾ ਰਖਦੇ ਹਨ ਕਿ ਰੱਬ ਨੇ (ਕੁੰਨ) ਸ਼ਬਦ ਕਿਹਾ ਤਾਂ ਸ੍ਰਿਸ਼ਟੀ ਦੀ ਰਚਨਾ ਰਚੀ ਗਈ, ਪਰ ਜਦੋਂ ਉਹ ਇਸ ਰਚਨਾ ਨੂੰ ਨਾਸ ਕਰਨਾ ਚਾਹੇਗਾ ਤਾਂ ਇਹ ਨਾਸ ਹੋ ਜਾਵੇਗੀ।

(੬) **ਸਾਇੰਸਦਾਨੀ ਮੱਤ**—ਜਦੋਂ ਕਈ ਪੱਛਮੀ ਵਿਦਵਾਨਾਂ ਤੇ ਸਾਇੰਸਦਾਨਾਂ ਤੇ ਉਚੇਚਾ ਡਾਰਵਨ ਦੀ ਦਲੀਲ ਪੜ੍ਹੋ ਤਾਂ ਉਹ ਕਹਿੰਦਾ ਹੈ ਕਿ ਇਹ ਜਗਤ ਪਹਿਲੋਂ ਗਰਮ ਲੋਹੇ ਵਾਂਗ ਪੰਘਰਿਆ ਹੋਇਆ ਦ੍ਰਵਯ ਸੀ, ਜਦੋਂ ਉਸ ਵਿਚੋਂ ਸਹਿਜੇ ਸਹਿਜੇ ਗਰਮੀ ਘਟ ਗਈ, ਫਿਰ ਉਹ ਚਿਕੜ ਦੀ ਸ਼ਕਲ ਬਣ ਗਈ ਉਸ ਵਿਚ ਜੀਵ, ਜੰਤ ਤੇ ਕੀੜੇ ਮਕੌੜੇ ਪੈਦਾ ਹੋ ਗਏ, ਬਨਸਪਤੀ ਪੈਦਾ ਹੋ ਗਈ। ਸੂਰਜ, ਚੰਦ, ਤਾਰੇ, ਪਹਾੜ ਆਦਿਕ ਬਣ ਗਏ, ਅਤੇ ਬਾਂਦਰਾਂ ਤੋਂ ਮਨੁੱਖ ਬਣ ਗਏ।

### *ਸਮਾਂ*

ਪ੍ਰ: ਭਾਈ ਸਾਹਿਬ ਜੀਉ! ਕੀ ਇਸ ਜਗਤ ਰਚਨਾ ਰਚੀ ਜਾਣ ਦਾ ਕਿਸੇ ਨੇ ਸਮਾਂ ਭੀ ਅੰਕਤ ਕੀਤਾ ਹੈ, ਜੇ ਤੁਸਾਂ ਪੜ੍ਹਿਆ ਜਾਂ ਸੁਣਿਆ ਹੋਵੇ ਤਾਂ ਜਾਣਕਾਰੀ ਦਿਓ?

ਉ: ਹੇ ਭਾਈਓ! ਸਾਰੇ ਤਾਂ ਨਹੀਂ ਪਰ ਮੈਨੂੰ ਕੁਝ ਕੁ ਲਿਖਾਰੀਆਂ ਦੀਆਂ ਲਿਖਤਾਂ ਪੜ੍ਹਨ ਸੁਣਨ ਦਾ ਅਵਸਰ ਜ਼ਰੂਰ ਮਿਲਿਆ ਹੈ ਜਿਵੇਂ ਕਿ:

(੧) ਹਿੰਦੂ ਮੱਤ ਕਹਿੰਦਾ ਹੈ ਕਿ ਇਸ ਜਗਤ ਰਚਨਾ ਰਚੀ ਨੂੰ ਤਿੰਨ ਅਰਬ, ਛਿਆਨਵੇਂ ਕ੍ਰੋੜ, ਅੱਠ ਲੱਖ, ਤ੍ਰਵੰਜਾ ਹਜ਼ਾਰ ਵਰ੍ਹੇ ਹੋ ਗਏ ਹਨ।

(੨) ਇਸਾਈ ਮੱਤ ਕਹਿੰਦਾ ਹੈ ਕਿ ਕੇਵਲ ਛੇ ਹਜ਼ਾਰ ਵਰ੍ਹੇ ਹੋਏ ਹਨ।

(੩) ਮੁਸਲਮਾਨਾਂ ਦੇ ਮੱਤ ਅਨੁਸਾਰ ਇਸ ਰਚਨਾ ਰਚੀ ਨੂੰ ਚੌਦਾਂ ਹਜ਼ਾਰ ਵਰ੍ਹੇ ਗੁਜ਼ਰ ਚੁੱਕੇ ਹਨ।

(੪) ਜਦੋਂ ਪੱਛਮੀ ਲੇਖਕਾਂ ਦੀ ਰਾਇ ਪੜ੍ਹੀਏ ਤਾਂ ਉਨ੍ਹਾਂ ਵਿਚੋਂ ਕਈਆਂ ਦਾ ਖ਼ਿਆਲ ਹੈ ਕਿ ਜਦੋਂ ਇਹ ਧਰਤੀ ਬਨਾਸਪਤੀ ਪੈਦਾ ਕਰਨ ਦੇ ਯੋਗ ਹੋਈ ਉਸ ਅਰੰਭਤਾ ਦੇ ਸਮੇਂ ਨੂੰ ਡੇਢ ਕ੍ਰੋੜ ਸਾਲ ਗੁਜ਼ਰ ਗਏ ਹਨ।

(੫) ਪਰ ਜਦੋਂ ਅਸੀਂ ਪ੍ਰੋਫ਼ੈਸਰ ਕੇਰਲਾ ਦਾ ਖ਼ਿਆਲ ਪੜ੍ਹੀਏ ਤਾਂ ਉਹ ਕਹਿੰਦਾ ਹੈ ਕਿ ਜਗਤ ਰਚਨਾ ਰਚੀ ਗਈ ਨੂੰ ਸਤ ਕ੍ਰੋੜ ਸਾਲ ਬੀਤ ਗਏ ਹਨ।

(੬) ਵਿਲੀਅਮ ਟਾਮਸ ਦੇ ਮੱਤ ਅਨੁਸਾਰ ਜਗਤ ਰਚਨਾ ਰਚੀ ਗਈ ਨੂੰ ਦਸ ਕ੍ਰੋੜ ਸਾਲ ਗੁਜ਼ਰ ਗਏ ਹਨ।

(੭) ਪਰ ਜਦੋਂ ਪ੍ਰੋਫ਼ੈਸਰ ਹਿਲਨਰ ਦੇ ਵੀਚਾਰ ਪੜ੍ਹੀਏ ਤਾਂ ਉਹ ਇਸ ਰਚਨਾ ਬਣੀ ਨੂੰ ਕੇਵਲ ਦੋ ਕ੍ਰੋੜ ਸਾਲ ਹੀ ਬੀਤੇ ਦਸਦਾ ਹੈ।

ਇਨ੍ਹਾਂ ਤੋਂ ਇਲਾਵਾ ਹੋਰ ਭੀ ਬਹੁਤ ਸਾਰੇ ਮੱਤ ਪੜ੍ਹਨ ਸੁਣਨ ਵਿਚ ਆਉਂਦੇ ਹਨ, ਪਰ ਉਨ੍ਹਾਂ ਸਾਰਿਆਂ ਦੀ ਵੀਚਾਰਧਾਰਾ ਇਕ ਦੂਜੇ ਨਾਲ ਤਾਲਮੇਲ ਨਹੀ ਖਾਂਦੀ।

ਪਰ ਇਨ੍ਹਾਂ ਉਪ੍ਰੋਕਤ ਸਾਰੇ ਵੀਚਾਰਾਂ ਨੂੰ ਜਦੋਂ ਗੁਰਬਾਣੀ ਦੀ ਕਸੌਟੀ ਨਾਲ ਪਰਖਿਆ ਜਾਏ, ਤਾਂ ਇਹ ਸਾਰੇ ਦੇ ਸਾਰੇ ਸਾਨੂੰ ਇਉਂ ਹੀ ਪ੍ਰਤੀਤ ਹੋਣਗੇ ਜਿਵੇਂ ਕਿਸੇ ਕਸੌਟੀ ਰਾਹੀਂ ਕੀਤੀ ਪਰਖ ਤੋਂ ਬਿਨਾ ਮੁਲੰਮਾ ਭੀ ਸਾਨੂੰ ਸੋਨਾ ਹੀ ਭਾਸਿਆ ਕਰਦਾ ਹੈ।

ਪ੍ਰ: ਭਾਈ ਸਾਹਿਬ ਜੀਉ! ਹੁਣ ਤੁਸੀਂ ਸਾਨੂੰ ਗੁਰਬਾਣੀ ਦੁਆਰੇ ਇਸ ਜਗਤ ਰਚਨਾ ਸੰਬੰਧੀ ਜਾਣਕਾਰੀ ਦਿਓ, ਕਿ ਕਦੋਂ ਇਹ ਸ੍ਰਿਸ਼ਟੀ ਦੀ ਰਚਨਾ ਰਚੀ ਗਈ?

ਉ: ਹੇ ਸਜਨੋਂ! ਇਹੋ ਪ੍ਰਸ਼ਨ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਸੁਮੇਰ ਪਰਬਤ ਪਰ ਕਰਕੇ ਪੁੱਛ ਕੀਤੀ ਸੀ ਕਿ ਹੇ ਬਾਲਾ! ਇਹ ਦਸੋ ਕਿ ਇਸ ਜਗਤ ਰਚਨਾ ਬਾਰੇ ਤੇਰਾ ਕੀ ਵੀਚਾਰ ਹੈ।

ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
(ਜਪੁਜੀ)

ਤਾਂ ਆਪ ਜੀ ਨੇ ਉਤਰ ਦਿੱਤਾ ਸੀ ਕਿ ਹੇ ਸਿੱਧੋ! ਸੁਣੋ:

ਵੇਲ ਨ ਪਾਈਆ ਪੰਡਤੀ
ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰ ਨਾ ਜੋਗੀ ਜਾਣੈ,
ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਈ॥ (ਜਪੁਜੀ)

ਇਸੇ ਭਾਵ ਨੂੰ ਅਗੇ ਹੋਰ ਪ੍ਰਗਟਾਇਆ ਹੈ, ਜਿਵੇਂ ਕਿ:

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ,
ਤਦਹੁ ਪੁਛਿ ਨ ਸੇਵਕੁ ਬੀਆ॥
(ਮ: ੪, ਪੰਨਾ ੫੫੧)

ਅਥਵਾ—ਬੀਓ ਪੂਛਿ ਨ ਮਸਲਤਿ ਧਰੈ॥
ਜੋ ਕਿਛੁ ਕਰਹਿ ਸੁ ਆਪੇ ਕਰੈ॥
(ਗੌਂਡ ਮ: ੫, ਪੰਨਾ ੮੬੩)

ਹੇ ਸਜਨ ਜਨੋਂ! ਇਨ੍ਹਾਂ ਉਪਰੋਕਤ ਗੁਰਬਾਣੀ ਦੀਆਂ ਪੰਗਤੀਆਂ ਨੇ ਜੋ ਮੇਰੇ ਅੰਤਰ ਆਤਮੇ ਭਾਵਨਾਵਾਂ ਨੂੰ ਜਨਮ ਦਿੱਤਾ ਹੈ ਉਨ੍ਹਾਂ ਤੋਂ ਪ੍ਰਭਾਵਿਤ ਹੋ ਮੈਂ ਅਗਲੀ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈ! ਉਸ) ਕਰਤਾ ਪੁਰਖ ਜੀ ਨੇ ਇਕੋ ਬੋਲ ਤੋਂ ਰੂਪ ਧਾਰ ਕੇ, (ਇਸ ਸ੍ਰਿਸ਼ਟੀ ਦਾ) ਪਸਾਰਾ ਪਸਾਰ (ਰਚ) ਦਿੱਤਾ।

(੨) (ਫਿਰ ਉਸਨੇ ਆਪਣੀ ਗੁਪਤ ਸ਼ਕਤੀ ਰਾਹੀਂ ਇਹ) ਪਉਣ, ਪਾਣੀ, ਅਗਨੀ, ਧਰਤੀ ਤੇ ਆਕਾਸ਼ ਨੂੰ ਬਿਨਾਂ ਸਹਾਰੇ ਦੇ (ਕੇਵਲ ਆਪਣੇ ਆਸਰੇ) ਖੜ੍ਹਾ ਕਰ ਦਿੱਤਾ।

ਪ੍ਰ: ਕਿਉਂ ਜੀ! ਕੀ ਇਨ੍ਹਾਂ ਬ੍ਰਹਿਮੰਡਾਂ ਦੀ ਭੀ ਕੋਈ ਗਿਣਤੀ ਹੈ?

(੩) ਉ: (ਹੇ ਭਾਈ! ਉਸ ਪ੍ਰਭੂ ਜੀ ਨੇ) ਰੋਮ ਰੋਮ ਵਿਚ ਕ੍ਰੋੜਾਂ ਬ੍ਰਹਿਮੰਡਾਂ ਦੇ ਅਕਾਰ ਬਣਾ ਰੱਖੇ ਹਨ।

ਪ੍ਰ: ਭਾਈ ਸਾਹਿਬ ਜੀਉ! ਕੁਝ ਉਸ ਬ੍ਰਹਮ ਦੀ ਜਾਣਕਾਰੀ ਦਿਓ?

(੪) (ਹੇ ਸਜਨੋਂ! ਇਤਨਾਂ ਹੀ ਸਮਝੋ ਕਿ ਉਹ) ਪਾਰਬ੍ਰਹਮ ਆਪ ਪੂਰਨ ਬ੍ਰਹਮ ਹੈ, ਜੋ ਅਗਮ ਹੈ ਤੇ (ਪਹੁੰਚ ਤੋਂ ਪਰੇ) ਤੇ ਮਨੁੱਖੀ ਇੰਦ੍ਰਿਆਂ ਦੀ ਸਮਝ ਵਿਚ ਨਹੀਂ ਆਉਂਦਾ। ਉਹ ਅਲਖ (ਨਜ਼ਰ ਨਹੀਂ ਆਉਂਦਾ) ਤੇ ਉਸ ਦਾ ਪਾਰਾਵਾਰ ਭੀ ਨਹੀਂ ਪਾਇਆ ਜਾ ਸਕਦਾ।

ਪ੍ਰ: ਕਿਉਂ ਜੀ! ਕੀ ਉਸ ਵਿਚ ਕੋਈ ਖ਼ਾਸ ਸਿਫ਼ਤ ਭੀ ਪਾਈ ਜਾਂਦੀ ਹੈ?

(੫) ਉ: (ਹੇ ਭਾਈ! ਉਹ) ਪ੍ਰਭੂ ਸਿਰਜਨਹਾਰ ਭਗਤਿ ਵਛਲ (ਭਗਤਾਂ ਦਾ ਰਖਵਾਲਾ) ਹੈ, (ਇਸ ਲਈ ਜਿਸਨੇ ਵੀ ਉਸ ਦੇ) ਨਾਮ ਰਸ ਅੰਮ੍ਰਿਤ ਨੂੰ ਪੀਤਾ ਹੈ, ਉਹ ਉਨ੍ਹਾਂ ਦੇ ਵੱਸ ਹੋ ਜਾਂਦਾ ਹੈ।

ਪ੍ਰ: ਕਿਉਂ ਜੀ! ਜਦੋਂ ਉਹ ਬ੍ਰਹਮ ਸੂਖਮ ਤੋਂ ਸੂਖਮ ਮੰਨਿਆ ਜਾਂਦਾ ਹੈ ਤਾਂ ਫਿਰ ਉਹ ਇਡੇ ਵੱਡੇ ਵਿਸਥਾਰ ਵਾਲਾ ਕਿਵੇਂ ਬਣ ਗਿਆ?

(੬) ਉ: (ਹੇ ਭਾਈ! ਵੇਖੋ) ਬੀਜ (ਇਕ) ਨਿੱਕਾ ਤੇ ਸੂਖਮ ਜਿਹੀ ਚੀਜ਼ ਹੈ, ਪਰ ਬੀਜਣ ਮਗਰੋਂ ਵੱਡੇ ਵੱਡੇ ਬ੍ਰਿਛਾਂ ਦਾ ਵਿਸਥਾਰ ਹੋ ਜਾਂਦਾ ਹੈ।

(੭) ਫਲ ਵਿਚ ਬੀਜ ਸਮਾ ਕੇ ਇਕ ਬੀਓ ਲੱਖਾਂ ਹਜ਼ਾਰਾਂ (ਬ੍ਰਿਛ) ਬਣ ਜਾਂਦੇ ਹਨ (ਭਾਵ ਜਗਤ ਦਾ ਆਦਿ ਇਕ ਵਾਹਿਗੁਰੂ ਹੀ ਜਾਣਦਾ ਹੈ) ਜਿਵੇਂ ਕਿ ਹੁਕਮ ਹੈ (ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ)।

ਪ੍ਰ: ਕਿਉਂ ਜੀ! ਉਸ ਦਾ ਪ੍ਰੇਮ ਰਸ ਕਿਸੇ ਨੂੰ ਹਾਸਲ ਭੀ ਹੋਇਆ ਹੈ?

(੮) ਉ: ਹੇ ਭਾਈ! ਜਿਨ੍ਹਾਂ ਗੁਰਮੁਖ ਗੁਰੂ ਦੇ ਸਿੱਖਾਂ ਨੇ ਸਤਿਗੁਰੂ ਨੂੰ ਪਿਆਰਾ ਜਾਤਾ ਹੈ, (ਉਨ੍ਹਾਂ ਨੇ ਪਿਆਰੇ ਦੇ ਪ੍ਰੇਮ ਰਸ ਦਾ ਸੁਖ ਫਲ ਪਾਇਆ ਹੈ।)

(੯) (ਉਨ੍ਹਾਂ ਗੁਰਮੁਖਾਂ ਦੇ) ਸਤਿਸੰਗ ਰੂਪੀ ਸੱਚਖੰਡ ਵਿਚ ਨਿਰੰਕਾਰ ਤੇ ਸਤਿਗੁਰ ਪੁਰਖ ਵਸਦੇ ਹਨ।

(੧੦) (ਅਜਿਹੀ) ਪ੍ਰੇਮਾ-ਭਗਤੀ ਕਰਕੇ ਗੁਰਮੁਖਾਂ ਦਾ ਨਿਸਤਾਰਾ ਹੋ ਜਾਂਦਾ ਹੈ।

*ਭਾਵਾਰਥ:* ਇਸ ਸੰਸਾਰ ਦੀ ਉਤਪਤੀ ਇਕ ਸ਼ਬਦ ਤੋਂ ਦੱਸ ਕੇ ਵਾਹਿਗੁਰੂ ਦੀ ਪ੍ਰੇਮਾ-ਭਗਤੀ ਦਾ ਫਲ ਦਰਸਾਇਆ ਹੈ, ਉਪਦੇਸ਼ ਇਹੋ ਕੀਤਾ ਹੈ ਕਿ ਸਾਧ ਸੰਗਤ ਵਿਚ ਨਿਵਾਸ ਕਰੋ ਤਾਂ ਜੋ ਇਸ ਸੰਸਾਰ ਤੋਂ ਪਾਰ ਉਤਾਰਾ ਹੋ ਸੱਕੇ।

## ੫. ਜਪੁਜੀ ਦੇ ਅੰਤਲੇ ਸਲੋਕ ਦਾ ਅਰਥ

**੧. ਪਉਣ ਗੁਰੂ ਗੁਰ ਸ਼ਬਦ ਹੈ**
**ਵਾਹਿਗੁਰੂ ਗੁਰ ਸ਼ਬਦ ਸੁਣਾਯਾ।**
**੨. ਪਾਣੀ ਪਿਤਾ ਪਵਿਤ੍ਰ ਕਰ**
**ਗੁਰਮੁਖ ਪੰਥ ਨਿਵਾਣ ਚਲਾਯਾ।**
**੩. ਧਰਤੀ ਮਾਤ ਮਹੱਤ ਕਰ**
**ਓਤ ਪੋਤ ਸੰਜੋਗ ਬਨਾਯਾ।**
**੪. ਦਾਈ ਦਾਇਆ ਰਾਤ ਦਿਹੁ**
**ਬਾਲ ਸੁਭਾਇ ਜਗੱਤ ਖਿਲਾਯਾ।**
**੫. ਗੁਰਮੁਖ ਜਨਮ ਸਕਾਰਥਾ**
**ਸਾਧ ਸੰਗਤਿ ਵੱਸ ਆਪ ਗਵਾਯਾ।**
**੬. ਜੰਮਣ ਮਰਨੋ ਬਾਹਿਰੇ**
**ਜੀਵਨ ਮੁਕਤਿ ਜੁਗਤਿ ਵਰਤਾਯਾ।**
**੭. ਗੁਰਮਤ ਮਾਤਾ ਮਤਿ ਹੈ**
**ਪਿਤਾ ਸੰਤੋਖ ਮੋਖ ਪਦ ਪਾਯਾ।**
**੮. ਧੀਰਜ ਧਰਮ ਭਰਾਵ ਦੁਇ**
**ਜਪ ਤਪ ਜਤ ਸਤ ਪੁਤ ਜਣਾਯਾ।**
**੯. ਗੁਰ ਚੇਲਾ ਚੇਲਾ ਗੁਰੂ**
**ਪੁਰਖਹੁ ਪੁਰਖ ਚਲਤ ਵਰਤਾਯਾ।**
**੧੦. ਗੁਰਮੁਖ ਸੁਖ ਫਲ ਅਲਖ ਲਖਾਯਾ ॥੫॥**

***ਪਦ ਅਰਥ :*** ਨਿਵਾਣ—ਨਿੰਮਰਤਾ। ਮਹੱਤ ਕਰ—ਵਡਿਆਈ ਦੇ ਕੇ। ਓਤ ਪੋਤ—ਤਾਣੇ ਪੇਟੇ ਵਾਂਗ ਸੰਬੰਧਤ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਹ ਠੀਕ ਹੈ ਕਿ ਪ੍ਰਵਾਰਕ ਰੁਝੇਵਿਆਂ ਵਿਚ ਸਾਨੂੰ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਪੜ੍ਹਨ ਦਾ ਵਧੇਰੇ ਸਮਾਂ ਨਹੀਂ ਮਿਲਦਾ, ਪਰ ਯਤਨ ਕਰੀਦਾ ਹੈ ਕਿ ਘਟੋ ਘੱਟ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਜ਼ਰੂਰ ਕਰਦੇ ਰਹੀਏ, ਪਰ ਜਦੋਂ ਜਪੁਜੀ ਸਾਹਿਬ ਦਾ ਅਖ਼ੀਰਲਾ ਸਲੋਕ "ਪਵਣ ਗੁਰੂ' ਪੜ੍ਹਦੇ ਹਾਂ ਤਾਂ ਉਸ ਸਲੋਕ ਵਿਚ ਜੋ ਗੁਰੂ ਨਾਨਕ ਦੇਵ ਜੀ ਨੇ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ, ਧਰਤੀ ਨੂੰ ਮਾਤਾ ਦੇ ਰੂਪ ਵਿਚ, ਅਤੇ ਦਿਨ ਰਾਤ ਨੂੰ ਦਾਈ ਦਾਇਆ ਦਰਸਾਇਆ ਹੈ। ਇਸ ਪਰ ਸਾਡੀ ਤਰਕ ਨਾ ਸਮਝਣਾ, ਕਿਉਂਕਿ ਸਾਡੀ ਅਲਪ ਬੁਧੀ ਦੇ ਕਾਰਨ ਅਸੀਂ ਇਸ ਦੇ ਸਹੀ ਭਾਵਾਂ ਨੂੰ ਨਹੀਂ ਸਮਝ ਸਕਦੇ ਇਸ ਲਈ ਅਸੀਂ ਇਸ ਦੇ ਗੁੱਝੇ ਭਾਵਾਂ ਤੋਂ ਜਾਣੂ ਹੋਣਾ ਚਾਹੁੰਦੇ ਹਾਂ, ਆਸ ਹੈ ਕਿ ਸਾਨੂੰ ਇਸ ਬਾਰੇ ਆਪ ਜੀ ਜ਼ਰੂਰ ਸੋਝੀ ਦੇਣ ਦੀ ਖੇਚਲ ਕਰੋਗੇ?

ਉ: ਹੇ ਭਾਈਓ! ਜਦੋਂ ਤੁਸੀਂ ਸੰਪੂਰਨ ਗੁਰਬਾਣੀ ਦਾ ਪਾਠ ਕਰੋਗੇ, ਤਾਂ ਤੁਹਾਨੂੰ ਅਜਿਹੇ ਹੋਰ ਭੀ ਸ਼ਬਦ ਪੜ੍ਹਨ ਵਿਚ ਆਉਣਗੇ ਜਿਨ੍ਹਾਂ ਦੇ ਸਹੀ ਭਾਵਾਂ ਨੂੰ ਸਮਝਣ ਤੋਂ ਬਿਨਾਂ ਹਰ ਮਨੁੱਖ ਮਾਤ੍ਰ ਨੂੰ ਹੀ ਭਰਮ ਭੁਲੇਖਾ ਪੈ ਸਕਦਾ ਹੈ, ਕਿਉਂਕਿ ਜਦੋਂ ਉਸ ਸ਼ਬਦ ਦੇ ਅਰਥ ਅਸੀਂ ਆਪਣੀ ਅਸਥੂਲ ਬੁੱਧੀ ਅਨੁਸਾਰ ਕਰਾਂਗੇ ਤਾਂ ਅਵੱਸ਼ ਹੀ ਗਲਤ ਕਰਾਂਗੇ ਜਿਤਨਾ ਚਿਰ ਅਸੀਂ ਕਿਸੇ ਗੁਰਬਾਣੀ ਦੇ ਗੁੱਝੇ ਭਾਵਾਂ ਨੂੰ ਸਮਝਣ ਵਾਲੇ ਸਿਆਣੇ ਤੋਂ ਉਸ ਦਾ ਨਿਰਣਾ ਨਹੀਂ ਕਰ ਲੈਂਦੇ ਤਦੋਂ ਤੀਕ ਸਾਡੇ ਅੰਦਰ ਗਲਤ ਸੰਸਕਾਰ ਬਣੇ ਹੀ ਰਹਿਣਗੇ, ਖੋਜੀਆਂ ਨੂੰ ਇਹ ਜਾਣਕਾਰੀ ਜ਼ਰੂਰ ਹੈ ਕਿ ਅਜਿਹੇ ਸ਼ਬਦ ਬਾਣੀ ਵਿਚ ਬਹੁਤ ਹਨ, ਜਿਵੇਂ ਕਿ ਮਿਸਾਲ ਦੇ ਤੌਰ ਪਰ ਅਸੀਂ ਕਬੀਰ ਜੀ ਦਾ ਇਕ ਸਲੋਕ ਪੜ੍ਹਦੇ ਹਾਂ :

ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥
ਪਾਵਹੁ ਤੇ ਪਿੰਗੁਲ ਭਇਆ
ਮਾਰਿਆ ਸਤਿਗੁਰ ਬਾਨ ॥੧੯੩॥ *(ਪੰਨਾ ੧੩੭੪)*

ਉਪ੍ਰੋਕਤ ਸਲੋਕ ਦੇ ਪਾਠ ਕਰਨ ਸਮੇਂ ਪਾਠਕ ਨੂੰ ਇਹੋ ਅਰਥ ਬੋਧ ਪ੍ਰਤੀਤ ਹੁੰਦਾ ਹੈ, ਕਿ ਕਬੀਰ ਜੀ ਕਹਿੰਦੇ ਹਨ ਕਿ ਜਦੋਂ ਤੋਂ ਸਤਿਗੁਰੂ ਜੀ ਨੇ ਮੈਨੂੰ ਬਾਣੀ ਦਾ ਬਾਣ ਮਾਰਿਆ ਹੈ ਤਦ ਤੋਂ ਮੈਂ ਗੂੰਗਾ, ਬਾਵਰਾ, ਬੋਲਾ ਅਤੇ ਪਿੰਗਲਾ ਹੋ ਗਿਆ ਹਾਂ। ਹੁਣ ਜੇ ਇਸ ਸਲੋਕ ਦੇ ਅਰਥ ਅਸੀਂ ਆਪਣੀ ਅਸਥੂਲ ਬੁੱਧੀ ਅਨੁਸਾਰ ਜੋ ਸਾਨੂੰ ਸਮਝ ਪੈਂਦੀ ਹੈ ਉਸੇ ਤਰ੍ਹਾਂ ਹੀ ਕਰ ਲਈਏ ਤਾਂ ਇਹੋ ਹੀ ਕਹਿਣਾ ਪਵੇਗਾ ਕਿ ਇਸ ਤਰ੍ਹਾਂ ਦੇ ਅਰਥ ਕਰਨੇ ਕਬੀਰ ਸਾਹਿਬ ਦੇ ਅੰਤ੍ਰੀਵ ਭਾਵਾਂ ਨੂੰ ਕੁਚਲ ਕੇ ਉਨ੍ਹਾ ਦੇ ਨਾਲ ਬੇ-ਇਨਸਾਫ਼ੀ ਕਰਨੀ ਹੈ, ਕਿਉਂਕਿ ਕਬੀਰ ਦੀ ਬਾਕੀ ਬਾਣੀ ਜਾਂ ਉਨ੍ਹਾਂ ਦੇ

ਜੀਵਨ ਵਿਚ ਕੋਈ ਅਜਿਹਾ ਜ਼ਿਕਰ ਨਹੀਂ ਆਉਂਦਾ ਕਿ ਕਬੀਰ ਗੁੰਗਾ, ਬੋਲਾ ਜਾਂ ਪਿੰਗਲਾ ਹੋ ਗਿਆ ਸੀ। ਇਸ ਲਈ ਸਾਨੂੰ ਇਸ ਸਲੋਕ ਦੇ ਅੰਤ੍ਰੀਵ ਭਾਵਾਂ ਨੂੰ ਸਮਝਣਾ ਪਵੇਗਾ ਕਿ ਕਬੀਰ ਜੀ ਇਸ ਸਲੋਕ ਵਿਚ ਗੁੱਝੇ ਭਾਵ ਕੀ ਅੰਕਤ ਕਰਦੇ ਹਨ।

ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈਓ! ਜਦੋਂ ਦਾ ਸਤਿਗੁਰੂ ਨੇ ਮੈਨੂੰ ਬਾਣੀ ਦਾ ਬਾਣ ਮਾਰਿਆ ਹੈ ਮੈਂ ਤਦੋਂ ਤੋਂ ਹੀ ਗੁੰਗਾ ਹੋ ਗਿਆ ਹਾਂ ਭਾਵ ਕਿਸੇ ਦੀ ਨਿੰਦਾ, ਉਸਤਤੀ ਦੇ ਬਚਨ ਕਹਿਣ ਵਲੋਂ ਗੁੰਗਾ ਹੋ ਗਿਆ ਹਾਂ, ਅਰਥਾਤ ਹੁਣ ਮੈਂ ਨਾ ਕਿਸੇ ਦੀ ਨਿੰਦਾ ਕਰਦਾ ਹਾਂ ਅਤੇ ਨਾਹੀ ਕਿਸੇ ਦੀ ਫੋਕੀ ਪ੍ਰਸੰਸਾ ਕਰਦਾ ਹਾਂ ਗੁਰਬਾਣੀ ਵਿਚ ਭੀ ਇਹੋ ਫ਼ੁਰਮਾਨ ਆਇਆ ਹੈ ਉਸਤਤਿ ਨਿੰਦਾ ਦੋਊ ਤਿਆਗੈ।

ਬਾਵਰੇ ਤੋਂ ਭਾਵ ਹੈ ਕਿ ਹੁਣ ਮੈਂ ਅੰਦਰੋਂ ਬਾਹਰੋਂ ਇਕੋ ਹੋ ਗਿਆ ਹਾਂ, ਭਾਵ ਇਹ ਨਹੀਂ ਕਿ ਮੇਰੇ ਅੰਦਰ ਕੁਝ ਹੋਰ ਭਾਵਨਾ ਹੋਣ ਤੇ ਬਾਹਰੋਂ ਕੁਝ ਹੋਰ ਕਹਿੰਦਾ ਰਵਾਂ।

ਕੰਨਾਂ ਵਲੋਂ ਬੋਲਾ ਹੋਣ ਦਾ ਇਹ ਭਾਵ ਹੈ ਕਿ ਨਾ ਮੈਂ ਹੁਣ ਕਿਸੇ ਦੀ ਨਿੰਦਾ, ਚੁਗਲੀ ਦੇ ਬਚਨ ਸੁਣਦਾ ਹਾਂ ਅਤੇ ਨਾਹੀ ਮੈਨੂੰ ਆਪਣੀ ਫੋਕੀ ਪ੍ਰਸੰਸਾ ਸੁਣਦੇ ਰਹਿਣ ਦੀ ਵਾਦੀ ਹੈ।

ਕੁਸੰਗਤ ਵਲ ਟੁਰ ਕੇ ਜਾਣ ਵਲੋਂ ਮੈਂ ਹੁਣ ਪਿੰਗਲਾ ਹੋ ਗਿਆ ਹਾਂ, ਭਾਵ ਮੇਰੇ ਪੈਰ ਹੁਣ ਖੋਟੀ ਸੰਗਤ ਵਲ ਟੁਰਦੇ ਹੀ ਨਹੀਂ। ਕਬੀਰ ਜੀ ਦੇ ਇਸ ਭਾਵਾਂ ਨੂੰ ਨਾ ਸਮਝਣ ਵਾਲੇ ਹਰੇਕ ਪਾਠਕ ਨੂੰ ਭੁਲੇਖਾ ਜ਼ਰੂਰ ਹੀ ਪੈਂਦਾ ਰਵੇਗਾ, ਜਿਵੇਂ ਕਿ ਤੁਹਾਨੂੰ (ਪਵਣ ਗੁਰੂ ਪਾਣੀ ਪਿਤਾ) ਦੇ ਸਲੋਕ ਦਾ ਸੰਸਾ ਹੋਇਆ ਹੈ।

ਪ੍ਰ: ਭਾਈ ਸਾਹਿਬ ਜੀਉ! ਇਹ ਤਾਂ ਅਸੀਂ ਆਪਣੀ ਮਾਨਸਿਕ ਕਮਜ਼ੋਰੀ ਪਹਿਲੋਂ ਹੀ ਕਹਿ ਸੁਣਾਈ ਹੈ ਕਿ ਸਾਨੂੰ ਸੰਪੂਰਨ ਗੁਰਬਾਣੀ ਦਾ ਪੂਰਨ ਬੋਧ ਨਹੀਂ ਹੈ, ਪਰ ਅਸੀਂ ਆਪ ਜੀ ਦੇ ਸ਼ੁਕਰ ਗੁਜ਼ਾਰ ਹਾਂ ਕਿ ਤੁਸੀਂ ਸਾਨੂੰ ਬੇਨਤੀ ਕਰਨ ਤੋਂ ਸਮੇਂ ਸਮੇਂ ਬਾਣੀ ਦੇ ਗੁੱਝੇ ਭਾਵਾਂ ਤੋਂ ਜਾਣੂ ਕਰਾਉਂਦੇ ਆ ਰਹੇ ਹੋ। ਹੁਣ ਅਸੀਂ ਪਹਿਲੋਂ ਕੀਤੀ ਬੇਨਤੀ ਅਨੁਸਾਰ ਹੀ 'ਪਵਣ ਗੁਰੂ' ਸਲੋਕ ਦੇ ਗੁੱਝੇ ਭਾਵਾਂ ਤੋਂ ਜਾਣੂ ਹੋਣਾ ਚਾਹੁੰਦੇ ਹਾਂ, ਆਸ ਹੈ ਕਿ ਬੇਨਤੀ ਮਨਜ਼ੂਰ ਕਰੋਗੇ?

ਉ: ਹੇ ਭਾਈਓ! ਇਸ ਬਾਣੀ ਦੇ ਗੁੱਝੇ ਭਾਵਾਂ ਨੂੰ ਸਮਝ ਲੈਣਾ ਕਿਸੇ ਮਨੁੱਖ ਦੇ ਵੱਸ ਦੀ ਗੱਲ ਨਹੀਂ, ਕਿਉਂਕਿ ਇਹ (ਧੁਰ ਕੀ ਬਾਣੀ ਆਈ) ਹੈ; ਇਹ ਕਿਸੇ ਸੰਸਾਰੀ ਮਨੁੱਖ ਦੇ ਦਿਮਾਗ਼ ਦੀ ਬਣਤਰ ਨਹੀਂ, ਜਿਸ ਨੂੰ ਕੋਈ ਮਨੁੱਖ ਸਮਝ ਸਕੇ, ਪਰ ਹਾਂ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਜਿਤਨਾ ਕੁ ਬੋਧ ਮੈਂ ਸਰਵਣ ਕੀਤਾ ਹੈ, ਉਹ ਸੰਪੂਰਨ ਤਾਂ ਮੇਰੀ ਸਿਮਰਤੀ ਵਿਚ ਨਹੀਂ, ਜਿਤਨਾ ਕੁ ਰਹਿ ਸਕਿਆ ਹੈ, ਉਸਦੇ ਆਧਾਰਿਤ ਹੋ ਚੰਦ ਪੰਗਤੀਆਂ ਵਿਚ ਅੰਕਤ ਕੀਤਾ ਹੈ, ਜੋ ਇਸ ਤਰ੍ਹਾਂ ਹੈ:

(੧) (ਹੇ ਭਾਈ! ਮਨੁੱਖ ਦੀ ਅਸਥੂਲ ਬੁੱਧੀ ਅਨੁਸਾਰ ਤਾਂ ਇਉਂ ਹੀ ਸਮਝਿਆ ਜਾ ਸਕਦਾ ਹੈ ਕਿ) ਪਉਣ (ਸਵਾਸ) ਗੁਰੂ ਹੈ, ਗੁਰ ਸ਼ਬਦ ਹੈ, (ਭਾਵ) ਵਾਹਿਗੁਰੂ ਦਾ ਸ਼ਬਦ (ਬੋਲ, ਸਵਾਸਾਂ ਦੀ ਹਵਾ ਨਾਲ ਬੋਲ ਕੇ) ਸੁਣਾਇਆ ਹੈ। (ਇਸੇ ਕਰਕੇ ਗੁਰੂ ਨਾਨਕ ਜੀ ਨੇ ਪਉਣ ਨੂੰ ਗੁਰੂ ਪਦਵੀ ਦਿੱਤੀ ਹੈ।)

(੨) ਪਾਣੀ (ਸਭ ਦਾ) ਪਿਤਾ ਹੈ, ਜੋ (ਲੋਕਾਂ ਨੂੰ) ਪਵਿੱਤ੍ਰਤਾਈ (ਪ੍ਰਦਾਨ) ਕਰਦਾ ਹੈ, (ਇਸੇ ਤਰ੍ਹਾਂ) ਗੁਰਮੁਖ (ਮੁਖੀ ਗੁਰੂ ਨਾਨਕ ਦੇਵ ਜੀ ਨੇ ਸਿਖ) ਪੰਥ ਚਲਾਇਆ, ਜੋ ਨਿਵਾਣ (ਨਿਮ੍ਰਤਾ) ਦਾ ਧਾਰਨੀ ਹੈ।

(੩) ਧਰਤੀ ਨੂੰ ਭਾਰੀਆਂ ਵਡਿਆਈਆਂ ਦੇ ਕੇ ਮਾਤਾ ਦਾ ਦਰਜਾ ਦਿੱਤਾ ਹੈ। ਜੋ ਧਰਤੀ ਨੂੰ ਮਾਤਾ ਦੇ ਸ਼ਬਦ ਨਾਲ ਓਤਪੋਤ (ਬਿਲਕੁਲ) ਜੋੜ ਦਿੱਤਾ ਹੈ (ਧਰਤੀ) ਮਾਤਾ ਵਾਂਗ ਸਹਾਰਾ ਦੇਂਦੀ ਹੈ, ਮਾਤਾ ਵਾਂਗ ਖਾਣ ਪੀਣ ਨੂੰ ਦੇਂਦੀ ਹੈ (ਭਾਵ ਸਭ ਕੁਝ ਧਰਤੀ ਤੋਂ ਹੀ ਪ੍ਰਾਪਤ ਹੁੰਦਾ ਹੈ ਇਸ ਲਈ ਉਹ ਮਾਤਾ ਹੈ)।

(੪) ਰਾਤ ਦਿਨ ਖਿਡਾਵੇ ਹਨ, ਜਿਸ ਨੇ ਬਾਲਾਂ ਵਾਂਗ ਜਗਤ ਨੂੰ ਖੇਡਣ ਵਿਚ ਲਾ ਛਡਿਆ ਹੈ। (ਰਾਤ ਸੁਆਂਦੀ ਤੇ ਅਰਾਮ ਦੇਂਦੀ ਹੈ, ਦਿਨ ਰੋਜ਼ੀ ਕਮਾਉਣ ਦਾ ਸਮਾਂ ਦੇਂਦਾ ਹੈ)। ਇਸ ਕਰਕੇ ਰਾਤ ਦਿਨ ਦਾਈ ਦਾਇਆ ਹਨ।

ਪ੍ਰ: ਭਾਈ ਸਾਹਿਬ ਜੀਉ! ਇਸ ਸਾਰੀ ਸੰਸਾਰਿਕ ਖੇਡ ਵਿਚ ਤੁਸੀਂ ਕਿਸ ਮਨੁੱਖ ਦਾ ਜੀਵਨ ਸਫ਼ਰ ਸਫਲਾ ਸਮਝਦੇ ਹੋ?

(੫) ਉ: (ਹੇ ਭਾਈਓ! ਸੱਚ ਤਾਂ ਇਉਂ ਹੀ ਕਹਿਣਾ ਚਾਹੀਦਾ ਹੈ ਕਿ) ਇਸ ਮਨੁੱਖ ਸ਼੍ਰੇਣੀ ਵਿਚ ਗੁਰਮੁਖਾਂ ਦਾ ਹੀ ਜਨਮ ਸਫਲਾ ਹੈ, ਜਿਨ੍ਹਾਂ ਨੇ ਸਾਧ ਸੰਗਤ ਵਿਚ ਵਸ ਕੇ (ਭਾਵ ਸਾਧ ਸੰਗਤ ਵਿਚ ਵਿਚਾਰੇ ਹੋਏ ਪ੍ਰਭੂ ਦੇ ਗੁਣਾਂ ਤੇ ਵਡਿਆਈਆਂ ਨੂੰ ਹਿਰਦੇ ਵਿਚ ਵਸਾ ਕੇ) ਆਪਾ-ਭਾਵ ਦੀ ਹੰਗਤਾ ਨੂੰ ਮਿਟਾ ਦਿੱਤਾ ਹੈ।

(੬) (ਹੇ ਪਿਆਰੇ! ਇਸੇ ਕਰਕੇ ਹੀ ਉਹ) ਜੀਵਨ ਮੁਕਤ ਦੀ ਜੁਗਤ ਵਿਚ ਹੋ ਕੇ, ਜਨਮ ਮਰਨ ਦੇ ਚੱਕਰ ਤੋਂ

ਦੂਰ ਹੋ ਜਾਂਦੇ ਹਨ।

(੭) (ਐਸੇ ਜੀਵਨ ਮੁਕਤ ਗੁਰਮੁਖਾਂ ਦੀ) ਗੁਰੂ ਦੀ ਸਿਖਿਆ ਮਾਤਾ ਦੇ ਸਮਾਨ, ਤੇ ਸੰਤੋਖ ਪਿਤਾ ਦੀ ਨਿਆਈਂ ਹੈ, ਇਨ੍ਹਾਂ ਗੁਣਾਂ ਦੀ ਬਰਕਤ ਨਾਲ ਉਹ ਮੋਖ ਪਦਵੀ ਪ੍ਰਾਪਤ ਕਰ ਲੈਂਦੇ ਹਨ।

(੮) ਧੀਰਜ ਤੇ ਧਰਮ (ਐਸੇ ਗੁਰਮੁਖਾਂ ਦੇ) ਭਰਾਵਾਂ ਵਾਂਗ (ਸੱਕੇ ਵੀਰ ਤੇ) ਜਪ ਤਪ ਤੇ ਜਤ ਸਤ (ਉਨ੍ਹਾਂ ਦੇ) ਪੁਤਰਾਂ ਵਾਂਗ ਜੰਮੇ (ਪਿਆਰੇ ਹੋ ਜਾਂਦੇ) ਹਨ।

(੯) ਗੁਰੂ ਚੇਲਾ ਤੇ ਚੇਲਾ ਗੁਰੂ, ਪੂਰੇ ਪੁਰਖਾਂ ਨੇ (ਚੇਲੇ ਨੂੰ) ਪੁਰਖ (ਆਪਣੇ ਵਰਗਾ) ਥਾਪ ਦੇਣ ਦਾ ਕੌਤਕ ਵਰਤਾਇਆ।

(੧੦) ਗੁਰਮੁਖਾਂ ਅਲਖ ਸੁਖ ਫਲ ਲਖ ਕੇ (ਹੋਰਨਾਂ ਨੂੰ) ਲਖਾਇਆ ਹੈ।੫।

## ੬. ਗੁਰਮੁਖਾਂ ਦੀ ਨਿਰਲੇਪਤਾ ਪੁਰ ਵਿਸ਼ੇਸ਼ ਦ੍ਰਿਸ਼ਟਿ

੧. ਪਰ ਘਰ ਜਾਇ ਪਰਾਹੁਣਾ
ਆਸਾ ਵਿੱਚ ਨਿਰਾਸ ਵਲਾਏ।
੨. ਪਾਣੀ ਅੰਦਰ ਕਵਲ ਜਿਉਂ
ਸੂਰਜ ਧਿਆਨ ਅਲਿਪਤ ਰਹਾਏ।
੩. ਸ਼ਬਦ ਸੁਰਤਿ ਸਤਸੰਗ ਮਿਲ
ਗੁਰ ਚੇਲੇ ਦੀ ਸੰਧਿ ਮਿਲਾਏ।
੪. ਚਾਰ ਵਰਨ ਗੁਰਸਿੱਖ ਹੋਇ
ਸਾਧ ਸੰਗਤ ਸਚਖੰਡ ਵਸਾਏ।
੫. ਆਪ ਗਵਾਇ ਤੰਬੋਲ ਰਸ
ਖਾਇ ਚਬਾਇ ਸੁਰੰਗ ਚੜ੍ਹਾਏ।
੬. ਛਿਅ ਦਰਸ਼ਨ ਤਰਸਨ ਖੜੇ
ਬਾਰਹ ਪੰਥ ਗਰੰਥ ਸੁਨਾਏ।
੭. ਛਿਅ ਰੁਤ ਬਾਰਹ ਮਾਸ ਕਰ
ਇਕ ਇਕ ਸੂਰਜ ਚੰਦ ਦਿਖਾਏ।
੮. ਬਾਰਹ ਸੋਲਹ ਮੇਲ ਕੈ
ਸਸੀਅਰ ਅੰਦਰ ਸੂਰ ਸਮਾਏ।
੯. ਸ਼ਿਵ ਸ਼ਕਤੀ ਨੂੰ ਲੰਘ ਕੈ
ਗੁਰਮੁਖ ਇਕ ਮਨ ਇੱਕ ਧਿਆਏ।
੧੦. ਪੈਰੀਂ ਪੈ ਜਗ ਪੈਰੀਂ ਪਾਏ॥੬॥

*ਪਦ ਅਰਥ :* ਵਲਾਏ—ਬਿਤੀਤ ਕਰਦਾ ਹੈ। ਅਲਿਪਤ—ਅਲੇਪ। ਸੰਧਿ—ਮਿਲਾਪ। ਸ਼ਿਵ ਸ਼ਕਤੀ—ਸ਼ਾਂਤੀ ਤੇ ਤਾਮਸੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸੰਗਤ ਵਿਚ ਵੱਖ ਵੱਖ ਵਿਸ਼ਿਆਂ ਪਰ ਵੀਚਾਰ ਕਰਦੇ ਹੋਏ ਕਦੀ ਇਸ ਇਕੋ ਮਨੁੱਖ ਸ਼੍ਰੇਣੀ ਨੂੰ ਭੀ ਭਿੰਨ ਭਿੰਨ ਦੋ ਸ਼੍ਰੇਣੀਆਂ ਵਿਚ ਨਿਰੂਪਨ ਕਰਦੇ ਹੋ, ਖੁਲਾਸੇ ਵਿਚ ਇਸ ਦਾ ਪ੍ਰਗਟਾਵਾ ਇਉਂ ਭੀ ਦਰਸਾਉਂਦੇ ਹੋ ਕਿ ਇਸ ਮਨੁੱਖਤਾ ਵਿਚ ਕੁਝ ਹਿੱਸਾ ਨਿਰੰਕਾਰੀ ਹੈ ਤੇ ਬਾਕੀ ਸਾਰੇ ਸੰਸਾਰੀ ਹਨ, ਭਾਵ ਇਕ ਗੁਰਮੁਖ ਹਨ ਤੇ ਬਾਕੀ ਸੰਸਾਰੀ ਲੋਕ ਮਨਮੁਖ ਹਨ। ਪਰ ਜਦੋਂ ਅਸੀਂ ਸਾਰੀ ਮਨੁੱਖਤਾ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਤਾਂ ਸਾਰੇ ਮਨੁੱਖ ਅਤੇ ਮਨੁਖਤਾ ਦੀ ਸਰੀਰਕ ਕ੍ਰਿਆ, ਖਾਣ, ਪੀਣ, ਕਾਰੋਬਾਰ ਸਮਾਨ ਹੀ ਦਿਸਦੀ ਹੈ, ਪਰ ਆਪ ਜੀ ਇਸ ਮਨੁੱਖ ਸ਼੍ਰੇਣੀ ਨੂੰ ਭਿੰਨ ਭਿੰਨ ਦੋ ਹਿੱਸਿਆਂ ਵਿਚ ਕਿਸ ਅਧਾਰ ਤੇ ਵੰਡਦੇ ਹੋ?

ਉ: ਹੇ ਭਾਈਓ! ਜੋ ਭੀ ਮੈਂ ਸੰਗਤ ਵਿਚ ਵੀਚਾਰ ਪ੍ਰਗਟ ਕਰਦਾ ਹਾਂ, ਉਹ ਮੇਰੇ ਆਪਣੇ ਨਹੀਂ, ਸਗੋਂ ਜੋ ਗੁਰੂ ਦੀ ਸ਼ਰਨ ਵਿਚ ਰਹਿ ਕੇ ਮੈਨੂੰ ਸੰਸਕਾਰ ਮਿਲੇ ਹਨ ਉਨ੍ਹਾਂ ਦੇ ਆਧਾਰਿਤ ਹੋ ਕੇ ਹੀ ਮੈਂ ਖ਼ਿਆਲ ਪ੍ਰਗਟਾਉਣ ਦਾ ਯਤਨ ਕਰਦਾ ਹਾਂ। ਹੋ ਸਕਦਾ ਹੈ ਕਿ ਤੁਹਾਨੂੰ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਪੜ੍ਹਨ ਦਾ ਸਮਾਂ ਨਾ ਮਿਲਿਆ ਹੋਵੇ ਜਿਸ ਵਿਚ ਮਨੁੱਖ ਸ਼੍ਰੇਣੀ ਨੂੰ (ਗੁਰਮੁਖ ਤੇ ਮਨਮੁਖਤਾ) ਦੋ ਰੂਪਾਂ ਵਿਚ ਪ੍ਰਗਟਾਇਆ ਹੈ, ਜਿਵੇਂ ਕਿ ਬਾਣੀ ਵਿਚ ਹੁਕਮ ਆਇਆ ਹੈ:

ਮਨਮੁਖਿ ਆਵੈ ਮਨਮੁਖਿ ਜਾਵੈ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ॥੧੨॥ *(ਪੰਨਾ ੧੦੭੩)*

ਇਸ ਤਰ੍ਹਾਂ ਤੁਸੀਂ ਬਾਣੀ ਵਿਚ ਕਈ ਥਾਵਾਂ ਤੇ ਗੁਰਮੁਖ ਤੇ ਮਨਮੁਖ ਦੇ ਭਿੰਨ ਭਿੰਨ ਦੋ ਰੂਪ ਪੜ੍ਹੋਗੇ।

ਪ੍ਰ: ਕਿਉਂ, ਭਾਈ ਸਾਹਿਬ ਜੀਉ! ਜਦੋਂ ਸਰੀਰ ਸਾਰੇ ਇਕੋ

ਸਮਾਨ ਹਨ ਤਾਂ ਇਨ੍ਹਾਂ ਨੂੰ ਭਿੰਨ ਭਿੰਨ ਦੋ ਹਿੱਸਿਆਂ ਵਿਚ ਵੰਡਣ ਦਾ ਕੀ ਭਾਵ ਹੈ?

ਉ: ਹੇ ਭਾਈਓ! ਇਹ ਠੀਕ ਹੈ ਕਿ ਇਨ੍ਹਾਂ ਦੋਵੇਂ ਗੁਰਮੁਖ ਤੇ ਮਨਮੁਖ ਦੇ ਸਰੀਰਾਂ ਦੀ ਬਾਹਰੋਂ ਤਾਂ ਸਮਾਨਤਾ ਹੈ ਪਰ ਇਨ੍ਹਾਂ ਦੇ ਅੰਤਰ ਆਤਮੇ ਦੀ ਮਾਨਸਕ ਕ੍ਰਿਆ ਵਿਚ ਬੜੀ ਭਿੰਨਤਾ ਪਾਈ ਜਾਂਦੀ ਹੈ। ਜਿਵੇਂ ਗੁਰਮੁਖ ਤਾਂ ਗੁਰੂ ਦੇ ਮੁਖੋਂ ਜੋ ਉਪਦੇਸ਼ ਨਿਕਲਿਆ ਹੋਇਆ ਹੈ ਉਸ ਨੂੰ ਅਗੇ ਰੱਖ ਕੇ ਜੀਵਨ ਬਸਰ ਕਰਦਾ ਹੈ। ਪਰ ਮਨਮੁਖ ਆਪਣੇ ਮਨ ਨੂੰ ਮੁਖੀ ਬਣਾ ਕੇ ਉਸਦੇ ਪਿਛੇ ਟੁਰਦਾ ਹੈ, ਭਾਵ ਜੋ ਉਸਦਾ ਮਨ ਕਹਿੰਦਾ ਹੈ ਉਸ ਦੇ ਮਗਰ ਹੀ ਟੁਰਿਆ ਰਹਿੰਦਾ ਹੈ। ਇਸ ਲਈ ਉਸਦੀ ਮਾਨਸਕ ਕ੍ਰਿਆ ਅਤਿ ਨੀਵੀਂ ਹੈ।

ਪ੍ਰ: ਕਿਉਂ ਜੀ, ਮਾਨਸਕ ਕਿਰਿਆ ਤੋਂ ਆਪ ਜੀ ਦੀ ਕੀ ਮੁਰਾਦ ਹੈ ਇਹ ਭੀ ਦਸ ਦਿਓ?

ਉ: ਹੇ ਭਾਈਓ! ਜਿਵੇਂ ਸਰੀਰ ਦੀ ਕਿਰਿਆ ਹੋ ਰਹੀ ਨੂੰ ਤਾਂ ਅਸੀਂ ਤੱਕ ਹੀ ਰਹੇ ਹਾਂ, ਪਰ ਜੋ ਸਾਡੇ ਅੰਦਰ ਮਨ ਗੁਪਤ ਕਿਰਿਆ ਕਰੀ ਜਾ ਰਿਹਾ ਹੈ ਉਸ ਨੂੰ ਅਸੀਂ ਤੱਕ ਨਹੀਂ ਸਕਦੇ ਕੇਵਲ ਅਨੁਭਵ ਹੀ ਕਰਦੇ ਹਾਂ। ਪਰ ਜੇ ਅਸੀਂ ਵੀਚਾਰ ਦ੍ਰਿਸ਼ਟੀ ਦੁਆਰੇ ਤੱਕੀਏ ਤਾਂ ਸਾਨੂੰ ਇਹੋ ਬੋਧ ਮਿਲੇਗਾ ਕਿ ਸਾਡੇ ਸਰੀਰ ਦੇ ਇੰਦ੍ਰੇ ਭੀ ਸਾਡੇ ਅੰਦਰ ਗੁਪਤ ਰੂਪ ਵਿਚ ਬੈਠਾ ਜੋ ਮਨ ਹੈ, ਇਸ ਦੀ ਪ੍ਰੇਰਨਾ ਰਾਹੀਂ ਇਸੀ ਤਰ੍ਹਾਂ ਕਿਰਿਆ ਕਰਦੇ ਹਨ ਜਿਵੇਂ ਕਿ ਕਿਸੇ ਕਾਰ ਵਿਚ ਬੈਠੇ ਡਰਾਇਵਰ ਦੀ ਪ੍ਰੇਰਨਾ ਨਾਲ ਕਾਰ ਇਧਰ ਉਧਰ ਜਾਂਦੀ ਹੈ। ਜਿਵੇਂ ਕਾਰ ਕ੍ਰਿਆ ਕਰਨ ਨੂੰ ਸਮਰੱਥ ਨਹੀਂ ਇਸੇ ਤਰ੍ਹਾਂ ਇਹ ਇੰਦ੍ਰੇ ਭੀ ਸੁਤੰਤ੍ਰ ਨਹੀਂ, ਪਤੰਤ੍ਰ ਹਨ।

ਪਰ, ਇਸ ਮਨ ਨੂੰ ਭੀ ਅਸੀਂ ਦੋ ਵਿਅਕਤੀਆਂ ਦੇ ਅੰਤਰਗਤਿ ਦੋ ਰੂਪਾਂ ਵਿਚ ਤੱਕਦੇ ਹਾਂ, ਇਕ ਹੈ ਮਨਮੁਖ ਦੇ ਅੰਦਰ, ਦੂਸਰਾ ਹੈ ਗੁਰਮੁਖ ਵਿਅਕਤੀ ਵਿਚ। ਇਨ੍ਹਾਂ ਦੋਵੇਂ ਵਿਅਕਤੀਆਂ ਦੇ ਅੰਦਰ ਜੋ ਮਾਨਸਕ ਕ੍ਰਿਆ ਹੋ ਰਹੀ ਹੈ ਇਨ੍ਹਾਂ ਦੀ ਕ੍ਰਿਆ ਦੀ ਰੂਪ ਰੇਖਾ ਭੀ ਭਿੰਨ ਭਿੰਨ ਹੋ ਰਹੀ ਹੈ, ਜਿਸ ਦਾ ਤਾਲਮੇਲ ਇਕ ਦੂਸਰੇ ਨਾਲ ਨਹੀਂ ਵੇਖੀਦਾ।

ਪ੍ਰ: ਕਿਉਂ ਜੀ, ਕੀ ਇਹ ਭੀ ਜਾਣਕਾਰੀ ਦਿਓਗੇ ਕਿ ਇਨ੍ਹਾਂ ਦੋਵੇਂ ਗੁਰਮੁਖ ਤੇ ਮਨਮੁਖ ਦੀ ਹੋ ਰਹੀ ਗੁਪਤ ਮਾਨਸਕ ਕ੍ਰਿਆ ਵਿਚ ਕੀ ਭਿੰਨਤਾ ਹੈ?

ਉ: ਹੇ ਭਾਈਓ! ਜਦੋਂ ਇਨ੍ਹਾਂ ਦੋਹਾਂ ਵਿਅਕਤੀਆਂ ਦੀ ਮਾਨਸਕ ਕ੍ਰਿਆ ਨੂੰ ਗੁਰਬਾਣੀ ਦੀ ਕਸਵੱਟੀ ਰਾਹੀਂ ਪਰਖੀਏ ਤਾਂ ਬਹੁਤ ਅੰਤਰਾ ਪ੍ਰਤੀਤ ਹੁੰਦਾ ਹੈ, ਜਿਵੇਂ ਕਿ ਮਨਮੁਖ ਦਾ ਮਨ ਜਦੋਂ ਇਸ ਸੰਸਾਰ ਦੀ ਸੁੰਦਰਤਾ ਤੇ ਖਾਣ ਪੀਣ ਦੇ ਪਦਾਰਥਾਂ ਵੱਲ ਤੱਕਦਾ ਹੈ, ਤਾਂ ਉਹ ਅਨੁਭਵ ਕਰਦਾ ਹੈ ਕਿ, ਬੱਸ, ਇਸ ਤੋਂ ਪਰੇ ਹੋਰ ਕੁਝ ਭੀ ਨਹੀਂ, ਉਹ ਇਸ ਸੁਪਨ ਰੂਪ ਸੰਸਾਰ ਦੀ ਕੂੜੀ ਮਸਤੀ ਵਿਚ ਅਜਿਹਾ ਮਸਤ ਹੁੰਦਾ ਹੈ ਹੁਣ ਇਸ ਨੂੰ (ਮਰਣਾ ਚੀਤਿ ਨ ਆਵੈ) ਭਾਵ ਮਰਣਾ ਕਦੀ ਚੇਤੇ ਹੀ ਨਹੀਂ ਆਉਂਦਾ, ਹਾਲਾਂਕਿ ਉਹ ਵੇਖਦਾ ਭੀ ਹੈ ਕਿ:

> ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ॥
> ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥
> *(ਪੰਨਾ ੧੩੮੧)*

ਜਾਂ
> ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ॥
> ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੯੪॥
> *(ਪੰਨਾ ੧੩੮੨)*

ਪਰ, ਉਹ ਇਸ ਹਰਿਚੰਦਉਰੀ ਸੰਸਾਰ ਨੂੰ ਸੱਤ ਰੂਪ ਜਾਣ ਕੇ ਅਜਿਹਾ ਭਰਮਦਾ ਹੈ ਕਿ:

> ਖਾਣਾ, ਪੀਣਾ, ਹਸਣਾ, ਸਉਣਾ
> ਵਿਸਰਿ ਗਇਆ ਹੈ ਮਰਣਾ॥
> ਖਸਮੁ ਵਿਸਾਰਿ ਖੁਆਰੀ ਕੀਨੀ
> ਧ੍ਰਿਗੁ ਜੀਵਣੁ ਨਹੀ ਰਹਣਾ ॥੧॥ *(ਪੰਨਾ ੧੨੫੪)*

ਬੱਸ, ਇਸਨੂੰ ਇਹੋ ਚਾਰ ਸ਼ੈਆਂ ਸੱਤ ਪ੍ਰਤੀਤ ਹੁੰਦੀਆਂ ਹਨ, ਹਾਲਾਂਕਿ ਇਹ ਝੂਠ ਹਨ। ਪਰ ਜੋ ਸੱਤ ਹੈ ਮਰਣਾ ਇਹ ਏਸ ਨੂੰ ਬਿਲਕੁਲ ਹੀ ਭੁਲਾ ਬੈਠਾ। ਇਹ ਉਨ੍ਹਾਂ ਮਨਮੁਖਾਂ ਦੇ ਕਮਜ਼ੋਰ ਮਨ ਦੀ ਨੀਵੀਂ ਪੱਧਰ ਹੈ ਕਿ ਉਹ (ਬਹੁ ਜੁਗ ਆਸ ਵਧਾਏ) ਭਾਵ, ਉਹ ਇਸ ਨਾਸਵੰਤ ਸੰਸਾਰ ਵਿਚ ਕਈ ਜੁਗ ਰਹਿਣ ਦੀ ਆਸ ਲਗਾਈ ਬੈਠੇ ਹਨ। ਉਨ੍ਹਾਂ ਨੂੰ ਇਹ ਗੁਰਬਾਣੀ ਦਾ ਅਟੱਲ ਫ਼ੁਰਮਾਨ ਕਦੀ ਸੁਣ ਕੇ ਧਾਰਨ ਕਰਨ ਦਾ ਵੇਹਲ ਹੀ ਨਹੀਂ ਮਿਲਿਆ ਕਿ:

> ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥
> *(ਪੰਨਾ ੬੬੦)*

ਜਾਂ
> ਛਨਿ ਘਾਲੇ ਸਭ ਦਿਵਸ ਸਾਸ
> ਨਹ ਬਢਨ ਘਟਨ ਤਿਲੁ ਸਾਰ॥ *(ਪੰਨਾ ੨੫੪)*

ਭਾਵ, ਉਨ੍ਹਾਂ ਦੇ ਮਨ ਵਿਚ ਕਦੀ ਇਹ ਅਹਿਸਾਸ ਹੀ ਨਹੀਂ ਹੋਇਆ ਕਿ ਇਸ ਸਰੀਰ ਰੂਪੀ ਬਟੂਏ ਵਿਚ (ਦਮਾਂ) ਸਵਾਸਾਂ ਰੂਪ ਦਮੜੇ ਗਿਣ ਕੇ ਪਾਏ ਹੋਏ ਹਨ

ਜੋ ਦਿਨੇ ਰਾਤ ਖ਼ਰਚੇ ਜਾ ਰਹੇ ਹਨ, ਆਖ਼ਰ ਇਨ੍ਹਾਂ ਦੇ ਮੁੱਕ ਜਾਣ ਪਰ ਕਾਲ ਅਵੱਸ਼ ਹੀ ਆ ਜਾਣਾ ਹੈ। ਪਰ ਇਸ ਮਨਮੁਖ ਨੇ ਤਾਂ ਮਰਨਾ ਕਦੀ ਚੇਤੇ ਹੀ ਨਹੀਂ ਕੀਤਾ। ਇਸ ਨੇ ਤਾਂ ਇਸ ਮਨੁੱਖ ਸਰੀਰ ਨੂੰ ਇਸ ਸੰਸਾਰ ਦੇ ਨਾਸਵੰਤ ਭੋਗ ਭੋਗਣ ਦਾ ਹੀ ਸਾਧਨ ਮੰਨ ਲਿਆ ਹੈ।

ਪਰ, ਗੁਰਮੁਖਾਂ ਦੇ ਮਨ ਦੀ ਮਾਨਸਕ ਅਵਸਥਾ ਇਨ੍ਹਾਂ ਲੋਕਾ ਤੋਂ ਬਿਲਕੁਲ ਵੱਖਰੀ ਹੈ। ਭਾਵ, ਉਨ੍ਹਾਂ ਗੁਰਮੁਖਾਂ ਨੇ ਆਪਣੇ ਮਨ ਨੂੰ ਆਗੂ ਨਹੀਂ ਬਣਾਇਆ, ਗੁਰੂ ਨੂੰ ਆਪਣਾ ਆਗੂ ਬਣਾਇਆ ਹੈ, ਉਨ੍ਹਾਂ ਦੇ ਮਨ ਦੀ ਰੁਚੀ ਦਾ ਵੇਗ ਕੇਵਲ ਰੱਬੀ ਮਾਰਗ ਵੱਲ ਹੀ ਝੁਕਾਉ ਰਖਦਾ ਹੈ, ਉਹ ਗੁਰੂ ਦੇ ਫ਼ਰਮਾਨ ਦੁਆਰੇ ਮਨ ਨੂੰ ਸਦਾ ਇਉਂ ਹੀ ਸੰਬੋਧਨ ਕਰਦੇ ਰਹਿੰਦੇ ਹਨ ਕਿ ਹੇ ਮਨ :

ਗੁਰ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥ (ਪੰਨਾ ੯੩੩)

ਭਾਵ, ਜੋ ਗੁਰੂ ਨੇ ਗੁਰਬਾਣੀ ਵਿਚ ਕਹਿਆ ਹੈ, ਮਨ ਨੂੰ ਉਸੇ ਪਰ ਅਮਲ ਕਰਦੇ ਰਹਿਣ ਲਈ ਸਦਾ ਪ੍ਰੇਰਦੇ ਰਹਿੰਦੇ ਹਨ। ਕਿਉਂਕਿ ਉਨ੍ਹਾਂ ਨੂੰ ਗੁਰੂ ਦੀ ਸੰਗਤ ਵਿਚੋਂ ਹਮੇਸ਼ਾ ਏਹੋ ਉਪਦੇਸ਼ ਮਿਲਦਾ ਹੈ ਕਿ ਇਹ ਸੰਸਾਰ ਚਾਰ ਦਿਨਾਂ ਦਾ ਹੀ ਚਮਤਕਾਰ ਹੈ, ਇਸ ਵਿਚ ਖੱਚਤ ਨ ਹੋਵੋ। ਮਰਣਾ ਸਦਾ ਹੀ ਚੇਤੇ ਰਖੋ। ਗੁਰਮੁਖ ਇਸ ਗੁਰੂ ਦੇ ਦਿਤੇ ਉਪਦੇਸ਼ ਨੂੰ ਸੁਣ ਕੇ ਧਾਰਨਾ ਵਿਚ ਲਿਆਉਂਦੇ ਹਨ ਕਿ ਹੇ ਮਨ! ਇਹ ਨਿਸਚਾ ਕਰ ਕਿ ਇਸ ਸੰਸਾਰ ਦੀ ਰੂਪ ਰੇਖਾ ਭੀ ਇਸੇ ਪ੍ਰਕਾਰ ਦੀ ਹੈ ਜਿਵੇਂ ਕਿ :

ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ ॥
ਸੂਧੇ ਸੂਧੇ ਰੇਗਿ ਚਲਹੁ ਤੁਮ
ਨਤਰ ਕੁਧਕਾ ਦਿਵਈਹੈ ਰੇ ॥੧॥ਰਹਾਉ॥
ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ ॥
ਮਾਨਸੁ ਬਪੁਰਾ ਮੂਸਾ ਕੀਨੋ
ਮੀਚੁ ਬਿਲਈਆ ਖਈਹੈ ਰੇ ॥੧॥
ਧਨਵੰਤਾ ਅਰੁ ਨਿਰਧਨ ਮਨਈ
ਤਾ ਕੀ ਕਛੂ ਨ ਕਾਨੀ ਰੇ ॥
ਰਾਜਾ ਪਰਜਾ ਸਮ ਕਰਿ ਮਾਰੈ
ਐਸੋ ਕਾਲੁ ਬਡਾਨੀ ਰੇ ॥੨॥ (ਪੰਨਾ ੬੫੫)

ਤਥਾ—ਮ੍ਰਿਤ ਮੰਡਲ ਜਗੁ ਸਾਜਿਆ
ਜਿਉ ਬਾਲੂ ਘਰ ਬਾਰ ॥
ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ ॥੧॥
(ਪੰਨਾ ੬੦੮)

ਜਥਾ—ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥
(ਪੰਨਾ ੧੪੨੭)

ਜਾਂ— ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥
ਕਿਆ ਤੂੰ ਰਤਾ ਗਿਰਸਤ ਸਿਉ
ਸਭ ਫੁਲਾ ਕੀ ਬਾਗਾਤਿ ॥੨॥ (ਪੰਨਾ ੫੦)

ਇਸ ਲਈ, ਹੇ ਭਾਈਓ! ਗੁਰਮੁਖ ਤੇ ਮਨਮੁਖਾਂ ਦੇ ਸਰੀਰਾਂ ਦੀ ਬਾਹਰੋਂ ਬਨਾਵਟ ਤਾਂ ਭਾਵੇਂ ਸਮਾਨ ਹੀ ਨਜ਼ਰ ਆਉਂਦੀ ਹੈ, ਪਰ ਇਨ੍ਹਾਂ ਦੋਹਾਂ ਦੀ ਮਾਨਸਕ ਕ੍ਰਿਆ ਵਿਚ ਬਹੁਤ ਅੰਤਰਾ ਹੈ, ਭਾਵ ਮਨਮੁਖ ਨੂੰ ਮਰਨਾ ਕਦੀ ਚੇਤੇ ਹੀ ਨਹੀਂ ਆਉਂਦਾ, ਪਰ ਗੁਰਮੁਖਾਂ ਦੀ ਏਥੋਂ ਤੁਰ ਜਾਣ ਦੀ ਸਦਾ ਹੀ ਤਿਆਰੀ ਹੁੰਦੀ ਹੈ। ਸੋ, ਮੈਨੂੰ ਭੀ ਅਜਿਹੇ ਗੁਰਮੁਖਾਂ ਦੀ ਨਿਰਲੇਪਤਾ ਤੱਕ ਕੇ ਕਦੀ ਕਦਾਈਂ ਗੁਰੂ ਦੀ ਪ੍ਰੇਰਨਾ ਅਨੁਸਾਰ ਚੰਦ ਸਤਰਾਂ ਉੱਕਰਨ ਦਾ ਉਤਸ਼ਾਹ ਪ੍ਰਗਟ ਹੋ ਆਉਂਦਾ ਹੈ, ਜਿਵੇਂ ਕਿ :

(੧) (ਹੇ ਭਾਈਓ। ਅਸੀਂ ਵੇਖਦੇ ਹਾਂ ਕਿ) ਜਿਵੇਂ ਓਪਰੇ ਘਰ ਵਿਚ ਪਰਾਹੁਣਾ ਜਾਂਦਾ ਹੈ; (ਪਰ ਉਹ ਜਿਸ ਆਸ਼ੇ ਨਾਲ ਜਾਂਦਾ ਹੈ ਉਸ ਤੋਂ) ਨਿਰਾਸਾ ਹੋ ਕੇ ਰਾਤ ਬਿਤਾਉਂਦਾ ਹੈ।

(੨) (ਹੋਰ ਸੁਣੋ) ਜਿਵੇਂ ਕੰਵਲ ਪਾਣੀ ਵਿਚ ਰਹਿ ਕੇ ਸੂਰਜ ਵਲ ਧਿਆਨ ਟਿਕਾਉਂਦਾ ਹੈ (ਪਰ ਉਹ ਜਲ ਤੋਂ) ਅਲੇਪ ਰਹਿੰਦਾ ਹੈ।

(੩) (ਇਸੇ ਤਰ੍ਹਾਂ) ਸ਼ਬਦ ਤੇ ਸੁਰਤ ਦੀ ਸਤਿਸੰਗ ਵਿਚ ਮਿਲ ਕੇ, ਗੁਰੂ ਚੇਲੇ ਦੀ ਸੰਧੀ (ਮਿਲਾਪ) ਹੁੰਦੀ ਹੈ। (ਭਾਵ ਸ਼ਬਦ ਗੁਰੂ ਤੇ ਸੁਰਤ ਚੇਲਾ ਹੈ, ਜਿਨ੍ਹਾਂ ਦਾ ਸਤਿ ਸੰਗਤ ਵਿਚ ਮਿਲਾਪ ਦ੍ਰਿੜ੍ਹ ਹੁੰਦਾ ਹੈ।)

(੪) (ਸਤਿ ਸੰਗਤ ਵਿਚ ਕੋਈ ਮਤ ਭੇਦ ਨਹੀਂ) ਚਾਰੇ ਵਰਣ ਗੁਰਸਿਖ ਬਣ ਕੇ, ਸਾਧ ਸੰਗਤ ਰੂਪ ਸੱਚਖੰਡ ਵਿਚ ਵਾਸਾ ਕਰਦੇ ਹਨ।

ਪ੍ਰ: ਕਿਉਂ ਜੀ, ਇਨ੍ਹਾਂ ਚਾਰੇ ਵਰਣਾਂ ਦੀ ਅਭੇਦਤਾ ਕਿਵੇਂ ਹੁੰਦੀ ਹੈ?

(੫) ਉ: ਹੇ ਭਾਈਓ! ਜਿਵੇਂ (ਕੱਥ, ਸੁਪਾਰੀ, ਚੂਨਾ, ਪਾਨ ਦੇ ਤੰਬੋਲ) ਬੀੜਾ ਲੋਕ ਜਦੋਂ ਚਬ ਕੇ ਖਾਂਦੇ ਹਨ (ਤਾਂ ਲਾਲ ਰੰਗ) ਚੜ੍ਹਦਾ ਹੈ (ਤਦੋਂ ਚਾਰੇ) ਆਪਾ ਭਾਵ ਨੂੰ ਗਵਾ ਦਿੰਦੇ ਹਨ (ਕੇਵਲ ਲਾਲ ਰੰਗ ਹੀ ਦਿੱਸਦਾ ਹੈ)।

(੬) ਛੇ ਦਰਸ਼ਨ (ਛੇ ਸ਼ਾਸਤ੍ਰਾਂ ਦੇ) ਅਤੇ ਬਾਰ੍ਹਾਂ ਪੰਥ (ਜੋਗੀਆਂ ਦੇ) ਆਪਣੇ ਗ੍ਰੰਥਾਂ ਨੂੰ ਪੜ੍ਹਦੇ ਸੁਣਦੇ ਹਨ,

(ਪਰ ਜਿਸ ਉਤਮ ਪਦਵੀ ਲਈ ਸੁਣਦੇ ਪੜ੍ਹਦੇ ਹਨ) ਪ੍ਰੰਤੂ ਉਸ ਪਦਵੀ ਨੂੰ ਅਹੰਕਾਰ ਦੇ ਕਾਰਨ ਪ੍ਰਾਪਤ ਨਹੀਂ ਹੁੰਦੇ) ਉਸ ਨੂੰ ਪ੍ਰਾਪਤ ਕਰਨ ਲਈ ਖੜ੍ਹੇ ਤਰਸਦੇ ਹਨ।

(੭) ਛੇ ਰੁੱਤਾਂ (ਬਸੰਤ, ਗ੍ਰੀਖਮ, ਪਾਵਸ, ਸਰਦ, ਹੇਮੰਤ, ਸਿਸਰ) ਦੇ ਬਾਰ੍ਹਾਂ ਮਹੀਨਿਆਂ ਦੇ ਇਕ ਸੂਰਜ ਤੇ ਇਕ ਚੰਦ ਦਿਸਦੇ ਹਨ (ਭਾਵ ਇਹ ਨਹੀਂ ਜਾਣਦੇ ਕਿ ਸੂਰਜ ਇਕ ਹੈ ਤੇ ਰੁੱਤਾਂ ਵਿਖੇ ਭੇਦ ਹੈ)।

(੮) (ਪ੍ਰੰਤੂ ਗੁਰਮੁਖਾਂ ਨੇ) ਬਾਰ੍ਹਾਂ ਸੂਰਜ ਦੀਆਂ ਅਤੇ ਸੋਲਾਂ (ਕਲਾਂ) ਚੰਦ੍ਰਮਾ ਦੀਆਂ ਮੇਲ ਕੇ ਚੰਦ੍ਰਮਾ ਵਿਚ ਸੂਰਜ ਮਿਲਾਇਆ ਹੈ (ਭਾਵ ਸਤੋ ਵਿਚ ਤਮੋ ਦਾ ਅਭਾਵ ਕੀਤਾ ਹੈ)।

ਪ੍ਰ: ਕਿਉਂ ਜੀ, ਤ੍ਰਿਗੁਣਾਤੀਤ ਅਵਸਥਾ ਤੋਂ ਆਪ ਕੀ ਭਾਵ ਲੈਂਦੇ ਹੋ?

(੯) ਉ: ਹੇ ਭਾਈ! ਗੁਰਮੁਖ ਸਤੋਗੁਣ ਤੇ ਤਮੋਗੁਣ ਤੋਂ ਲੰਘ ਕੇ ਇਕ ਮਨ ਹੋ ਕੇ ਇਕ (ਪ੍ਰਭੂ ਦਾ) ਹੀ ਸਿਮਰਨ ਕਰਦੇ ਹਨ।

ਪ੍ਰ: ਕਿਉਂ ਜੀ, ਆਖ਼ਰ ਉਨ੍ਹਾਂ ਗੁਰਮੁਖਾਂ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ?

(੧੦) ਉ: (ਹੇ ਭਾਈ! ਉਨ੍ਹਾਂ ਨੇ ਨਿੰਮ੍ਰਤਾ ਭਾਵ ਧਾਰਨ ਕਰਕੇ ਸਭ ਨੂੰ) ਪੈਰੀ ਪਾਉਣਾ ਕਰਕੇ (ਆਪਣੇ ਗੁਣਾਂ ਦੀ ਤੁਰੈਲ) ਸਾਰੇ ਜਗਤ ਨੂੰ ਹੀ ਚਰਨੀ ਲਾ ਲਿਆ ਹੈ।੬।

*ਭਾਵਾਰਥ :* ਇਸ ਪਉੜੀ ਅੰਦਰ ਭਾਈ ਸਾਹਿਬ ਜੀ ਗੁਰਮੁਖਾਂ ਦੀ ਮਾਨਸਕ ਅਵਸਥਾ ਦਰਸਾ ਰਹੇ ਹਨ ਕਿ ਗੁਰਮੁਖ ਸੰਸਾਰ ਦੇ ਪਦਾਰਥਾਂ ਤੋਂ ਨਿਰਲੇਪ ਰਹਿ ਕੇ ਵਾਹਿਗੁਰੂ ਨਾਲ ਸ਼ਬਦ ਸੁਰਤ ਦੁਆਰਾ ਡੋਰ ਲਗਾ ਕੇ ਜੀਵਨ ਗੁਜ਼ਾਰਦੇ ਹਨ। ਸੂਰਜ ਚੰਦ੍ਰਮਾ ਨੂੰ ਇਕ ਇਉਂ ਕਿਹਾ ਹੈ ਕਿ ਸੂਰਜ ਦਾ ਹੀ ਚਾਨਣਾ ਚੰਦ੍ਰਮਾ ਵਿਚ ਆ ਕੇ ਚਮਕਦਾ ਹੈ। ਦ੍ਰਿਸ਼ਟਾਂਤ ਵਿਚ ਸਤੋ ਤਮੋ ਵੱਲ ਅਰਥ ਕੀਤੇ ਜਾਂਦੇ ਹਨ।

## ੭. ਗੁਰਮੁਖਾਂ ਦੀ ਰਹਿਣੀ

**੧. ਗੁਰ ਉਪਦੇਸ਼ ਅਵੇਸ਼ ਕਰ**
**ਪੈਰੀਂ ਪੈ ਰਹਿਰਾਸ ਕਰੰਦੇ।**
**੨. ਚਰਨ ਸਰਨ ਮਸਤਕ ਧਰਨ**
**ਚਰਨ ਰੇਨ ਮੁਖ ਤਿਲਕ ਸੁਹੰਦੇ।**
**੩. ਭਰਮ ਕਰਮ ਦਾ ਲੇਖ ਮੇਟ**
**ਲੇਖ ਅਲੇਖ ਵਸੇਖ ਬਣੰਦੇ।**
**੪. ਜਗਮਗ ਜੋਤ ਉਦੋਤ ਕਰ**
**ਸੂਰਜ ਚੰਦ ਨ ਲੱਖ ਪੁਜੰਦੇ।**
**੫. ਹਉਮੈ ਗਰਬ ਨਿਵਾਰ ਕੈ**
**ਸਾਧਸੰਗਤ ਸਚ ਮੇਲ ਮਿਲੰਦੇ।**
**੬. ਸਾਧਸੰਗਤ ਪੂਰਨ ਬ੍ਰਹਮ**
**ਚਰਨ ਕਵਲ ਪੂਜਾ ਪਰਚੰਦੇ।**
**੭. ਸੁਖ ਸੰਪਟ ਹੋਇ ਭਵਰ ਵਸੰਦੇ॥੭॥**

*ਪਦ ਅਰਥ :* ਅਵੇਸ਼—ਘਰ। ਅਲੇਖ—ਲੇਖੋਂ ਰਹਿਤ। ਪਰਚੰਦੇ—ਪਰਚ ਜਾਂਦੇ ਹਨ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਪਿਛੇ ਆਪ ਜੀ ਨੇ ਉਨ੍ਹਾਂ ਗੁਰਮੁਖਾਂ ਦੀ ਉਚੀ ਸੂਖਮ ਮਾਨਸਕ ਅਵੱਸਥਾ ਸੰਬੰਧੀ ਵੀਚਾਰ ਪ੍ਰਗਟਾਏ ਹਨ ਜਿਨ੍ਹਾਂ ਗੁਰਮੁਖਾਂ ਨੇ ਸਾਧ ਸੰਗਤ ਵਿਚ ਮਿਲ ਕੇ ਅਪਣੇਂ ਅਘੜ ਮਨ ਨੂੰ ਘੜਨ ਦੀ ਸਫਲਤਾ ਹਾਸਲ ਕਰੀ ਹੈ, ਉਨ੍ਹਾਂ ਦੀ ਉਚੇ ਪੱਧਰ ਦੀ ਮਾਨਸਕ ਅਵੱਸਥਾ ਨੂੰ ਤੱਕਣ ਲਈ ਤਾਂ ਸਾਡੇ ਪਾਸ ਉਚੇਰੀ ਨਜ਼ਰ ਨਹੀਂ, ਪਰ ਕਿਤਨਾ ਚੰਗਾ ਹੋਵੇ ਜੇ ਆਪ ਜੀ ਉਨ੍ਹਾਂ ਦੀ ਸਰੀਰਕ ਅਸਥੂਲ ਕ੍ਰਿਆ ਬਾਰੇ ਕੁਝ ਜਾਣਕਾਰੀ ਦਿਓ, ਜਿਸ ਤੋਂ ਅਸੀਂ ਭੀ ਆਪਣੇ ਜੀਵਨ ਸਫ਼ਰ ਲਈ ਕੁਝ ਰੋਸ਼ਨੀ ਹਾਸਲ ਕਰ ਸਕੀਏ, ਕਿਉਂਕਿ ਅਸੀਂ ਆਪਣੀ ਮੋਟੀ ਮੱਤ ਦੇ ਪ੍ਰਭਾਵ ਕਰਕੇ ਗੁਰੂ ਦੀ ਬਾਣੀ ਦੇ ਗੁੱਝੇ ਭਾਵਾਂ ਤੋਂ ਅਨਜਾਣ ਹੀ ਰਹਿੰਦੇ ਹਾਂ?

ਉ: ਸਜਣੋਂ! ਸਚਾਈ ਤਾਂ ਇਹੋ ਹੈ ਕਿ ਗੁਰਬਾਣੀ ਦੇ ਗੁੱਝੇ ਭਾਵਾਂ ਨੂੰ ਸਮਝਣ ਲਈ ਕਿਸੇ ਸੰਸਾਰੀ ਅਲਪੱਗ ਜੀਵ ਦੀ ਅਕਲ ਸਮਰੱਥਾ ਨਹੀਂ ਰੱਖਦੀ ਕਿਉਂਕਿ ਇਹ ਗੁਰਬਾਣੀ ਕਿਸੇ ਮਨੁੱਖ ਦੇ ਦਿਮਾਗ਼ ਦੀ ਕਿਰਤ ਨਹੀਂ ਇਹ ਤਾਂ ਉਸ ਧੁਰਾ ਰੂਪ ਪ੍ਰਮੇਸ਼ਰ ਵਲੋਂ ਸਫੁਰਨ ਹੋਈ ਬਾਣੀ ਹੈ, ਜਿਸ ਬਾਰੇ ਹੁਕਮ ਹੈ:

ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥ *(ਪੰਨਾ ੬੨੮)*

ਇਸ ਲਈ, ਸਾਨੂੰ ਜਾਣ ਲੈਣਾ ਚਾਹੀਦਾ ਹੈ ਕਿ ਜਿਤਨਾ ਚਿਰ ਕਿਸੇ ਮਨੁੱਖ ਦੀ ਸੁਰਤ ਉਸ ਧੁਰਾ ਰੂਪ

ਪ੍ਰਮੇਸ਼ਰ ਦੇ ਨਾਲ ਇੱਕ ਮਿੱਕ ਨਾ ਹੋ ਸੱਕੇ ਉਤਨਾ ਚਿਰ ਕੋਈ ਮਨੁੱਖ ਕਈ ਜਨਮ ਧਾਰ ਕੇ ਭੀ ਬਾਣੀ ਦਾ ਬੋਧ ਹਾਸਲ ਨਹੀਂ ਕਰ ਸਕਦਾ। ਪਰ ਹਾਂ, ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਜਿਤਨਾ ਕੁ ਮੈਨੂੰ ਗੁਰੂ ਦੁਆਰੇ ਬਾਣੀ ਸੁਣਨ ਦਾ ਸੁਭਾਗ ਮਿਲਿਆ ਹੈ ਉਹ ਸਾਰਾ ਤਾਂ ਭਾਵੇਂ ਮੇਰੀ ਚਿਤਵਨੀ ਵਿਚ ਨਹੀਂ, ਪਰ ਜਿਤਨਾ ਕੁ ਨਾਮ ਮਾਤ੍ਰ ਹੈ ਉਸ ਦੇ ਆਧਾਰਤ ਹੋ ਮੈਂ ਸਮੇਂ ਸਮੇਂ ਕੁਝ ਕਹਿਣ ਦਾ ਇਕ ਨਿਮਾਣਾ ਜਿਹਾ ਉਪਰਾਲਾ ਕਰਦਾ ਰਹਿੰਦਾ ਹਾਂ।

ਹੁਣ ਜੋ ਤੁਸੀਂ ਗੁਰਮੁਖਾਂ ਦੀ ਪ੍ਰਤੱਖ ਸਰੀਰਕ ਕ੍ਰਿਆ ਬਾਰੇ ਕੁਝ ਜਾਣਕਾਰੀ ਚਾਹੁੰਦੇ ਹੋ ਉਸ ਨੂੰ ਮੈਂ ਤੁੱਛ ਬੁੱਧੀ ਅਨੁਸਾਰ ਹੇਠ ਉੱਕਰੀਆਂ ਚੰਦ ਲਾਇਨਾਂ ਵਿਚ ਅੰਕਤ ਕਰਦਾ ਹਾਂ।

(੧) ਹੇ ਭਾਈਓ ! ਜੋ ਗੁਰਮੁਖ ਹਨ, ਉਹ ਗੁਰੂ ਉਪਦੇਸ਼ ਵਿਚ ਵੱਸ ਕੇ (ਭਾਵ ਗੁਰੂ ਦੇ ਉਪਦੇਸ਼ ਨੂੰ ਮਨ ਵਿਚ ਵਸਾ ਕੇ) ਪੈਰੀ ਪੈਂਦੇ ਅਤੇ ਇਸੇ ਰਹੁ-ਰੀਤੀ ਨੂੰ ਕਰਦੇ ਹਨ।

(੨) (ਫਿਰ ਉਹ) ਗੁਰੂ ਚਰਨਾਂ ਦੀ ਸ਼ਰਨ ਵਿਚ ਜਾਂਦੇ ਤੇ ਮੱਥਾ ਟੇਕਦੇ, ਗੁਰੂ ਚਰਨਾਂ ਦੀ ਧੂੜੀ ਮੁੱਖ ਤੇ, ਮੱਥੇ ਤੇ ਲਾਉਂਦੇ (ਜੋ ਧੂੜ) ਤਿਲਕ ਵਾਂਗੂ ਸੋਭਾ ਪਾਉਂਦੀ ਹੈ।

(੩) (ਇਸ ਤਰ੍ਹਾਂ ਕਰਕੇ ਉਨ੍ਹਾਂ ਦੇ ਮੱਥੇ ਦੇ) ਕਰਮਾਂ ਤੇ ਭਰਮਾਂ ਦੇ ਜੋ ਲੇਖ ਸੀ ਉਹ ਮੇਟ ਦਿੱਤੇ, ਤੇ ਉਹ ਵਿਸ਼ੇਸ਼ ਲੇਖ ਜੋ ਅਲੇਖ (ਪ੍ਰਭੂ ਦੀ ਲਖਤਾ, ਜਾਣਕਾਰੀ ਦੇ ਸਨ) ਉਹ (ਮੱਥੇ ਤੇ) ਉਘਾੜ ਲਏ।

ਪ੍ਰ: ਕਿਉਂ ਜੀ, ਆਖਰ ਉਨ੍ਹਾਂ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ ?

(੪) ਉ: (ਹੇ ਪਿਆਰੇ !) ਜਿਥੇ ਲੱਖਾਂ ਚੰਦ ਤੇ ਸੂਰਜ ਨਹੀਂ ਪੁੱਜ ਸਕਦੇ, (ਉਸ ਪ੍ਰਭੂ ਦੀ) ਜਗਮਗ ਜੋਤ ਨੂੰ ਹਿਰਦੇ ਵਿਚ ਪ੍ਰਗਟ ਕਰ ਲੈਂਦੇ ਹਨ।

(੫) (ਅਤੇ) ਹਉਮੈਂ ਤੇ ਹੰਕਾਰ ਨੂੰ ਮੇਟ ਕੇ, ਸਾਧ ਸੰਗਤ ਦੇ ਸੱਚੇ ਮੇਲ ਵਿਚ ਮਿਲੇ ਰਹਿੰਦੇ ਹਨ।

(੬) (ਕਿਉਂਕਿ ਉਨ੍ਹਾਂ ਨੂੰ ਦ੍ਰਿੜ੍ਹ ਹੋ ਜਾਂਦਾ ਹੈ ਕਿ) ਸਾਧ ਸੰਗਤ ਵਿਚ ਪੂਰਨ ਬ੍ਰਹਮ (ਅਕਾਲ ਪੁਰਖ ਦਾ ਨਿਵਾਸ) ਹੈ, ਇਸ ਲਈ ਉਹ ਸਾਧ ਸੰਗਤ ਦੇ ਚਰਨਾਂ ਦੀ ਪੂਜਾ ਵਿਚ ਹੀ ਪਰਚਦੇ ਹਨ।

(੭) (ਉਹ ਇਉਂ) ਸੁਖਾਂ ਦਾ ਸੰਪਟ (ਡੱਬਾ) ਬਣਾ ਕੇ (ਆਪ) ਭਵਰ ਰੂਪ ਹੋ ਕੇ (ਪਰਚਦੇ ਹਨ ਤੇ ਦਿਨ ਰਾਤ ਗੁਰੂ ਚਰਨਾਂ ਦੇ ਧਿਆਨ ਵਿਖੇ) ਵੱਸਦੇ ਹਨ।੭।

***ਭਾਵਾਰਥ :*** ਭਾਈ ਸਾਹਿਬ ਇਸ ਪਉੜੀ ਵਿਚ ਗੁਰਸਿੱਖਾਂ ਦੀ ਰਹੁ-ਰੀਤੀ ਦਰਸਾ ਰਹੇ ਹਨ, ਜਿਸ ਨਾਲ ਉਹ ਭਵਸਾਗਰ ਤਰਦੇ ਹਨ ਤੇ ਆਸਾ ਰੂਪ ਸੰਸਾਰ ਵਿਚ ਨਿਰਾਸ ਰਹਿੰਦੇ ਹਨ ਤੇ ਵਾਹਿਗੁਰੂ ਦੇ ਚਰਨਾਂ ਦੀ ਓਟ ਲੈ ਕੇ, ਨਿਰਾਸਾ ਵਿਚ ਟਿਕ ਕੇ, ਆਤਮਕ ਜੋਤ ਵਿਚ ਨਿਮਗਨ ਹੋ ਲਿਵਲੀਨ ਰਹਿੰਦੇ ਹਨ।

## ੮. ਸਾਧ ਸੰਗਤ ਦੇ ਮਿਲਾਪ ਦੀ ਵਿਸ਼ੇਸ਼ਤਾ

**੧. ਗੁਰ ਦਰਸ਼ਨ ਪਰਸਨ ਸਫਲ**
**ਛਿਅ ਦਰਸ਼ਨ ਇਕ ਦਰਸ਼ਨ ਜਾਣੈ।**
**੨. ਦਿੱਬ ਦ੍ਰਿਸ਼ਟ ਪਰਗਾਸ ਕਰ**
**ਲੋਕ ਵੇਦ ਗੁਰ ਗਿਆਨ ਪਛਾਣੈ।**
**੩. ਏਕਾ ਨਾਰੀ ਜਤੀ ਹੋਇ**
**ਪਰ ਨਾਰੀ ਧੀ ਭੈਣ ਵਖਾਣੈ।**
**੪. ਪਰ ਧਨੁ ਸੂਅਰ ਗਾਇ ਜਿਉ**
**ਮਕਰੂਹ ਹਿੰਦੂ ਮੁਸਲਮਾਣੈ।**
**੫. ਘਰਬਾਰੀ ਗੁਰ ਸਿੱਖ ਹੋਇ**
**ਸਿਖਾ ਸੂਤ੍ਰ ਮਲ ਮੂਤ੍ਰ ਵਿਡਾਣੈ।**
**੬. ਪਾਰਬ੍ਰਹਮ ਪੂਰਨ ਬ੍ਰਹਮ**
**ਗਯਾਨ ਧਯਾਨ ਗੁਰਸਿੱਖ ਸਿਞਾਣੈ।**
**੭. ਸਾਧਸੰਗਤ ਮਿਲ ਪਤਿ ਪਰਵਾਣੈ ॥੮॥**

***ਪਦ ਅਰਥ :*** ਪਰਸਨ—ਸਪਰਸ਼ ਕਰਨਾ, ਹੱਥਾਂ ਨਾਲ ਫੜਨਾ, (ਚਰਨ ਫੜਨੇ)। ਦਿੱਬ ਦ੍ਰਿਸ਼ਟ—ਗਿਆਨ ਦੀ ਦ੍ਰਿਸ਼ਟੀ, ਹਿਰਦੇ ਦੇ ਨੇਤ੍ਰ ਖੁਲ੍ਹਣੇ। ਮਕਰੂਹ—ਨਿੰਦਤ, ਅਖਾਜ, ਮਨਾਹੀ। ਵਿਡਾਣੈ—ਅਸੰਗ, ਤਿਆਗਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਪੁਰਾਤਨ ਹਿੰਦੂ ਇਤਿਹਾਸ ਸੁਣਦੇ ਹਾਂ ਤਾਂ ਉਨ੍ਹਾਂ ਨੇ ਛੇ ਦਰਸ਼ਨ, ਭਾਵ ਛੇ ਧਰਮ ਮੰਨੇ ਹਨ, ਜਿਨ੍ਹਾਂ ਦਾ ਪਰਸਪਰ ਇਕ ਦੂਜੇ ਧਰਮ ਨਾਲ ਕੋਈ ਭੀ ਤਾਲਮੇਲ ਨਹੀਂ ਅਤੇ ਇਨ੍ਹਾਂ ਦੇ ਉਪਾਸ਼ਕ ਭੀ ਭਿੰਨ ਭਿੰਨ ਹਨ, ਇਹ ਉਪਾਸ਼ਕ ਭੀ ਆਪਣੇ ਆਪ ਨੂੰ ਇਕ ਦੂਜੇ ਨਾਲੋਂ ਉਚੇਰਾ ਸਮਝਦੇ ਹਨ, ਤੇ ਇਨ੍ਹਾਂ ਦੀ ਉਪਾਸਨਾ ਦੇ ਢੰਗ ਭੀ ਵੱਖੋ ਵੱਖਰੇ ਹਨ। ਪਰ

ਕਿਉਂ ਜੀ, ਦਸੋਗੇ ਕਿ ਜੋ ਗੁਰੂ ਨਾਨਕ ਦੇਵ ਜੀ ਦੇ ਸਤਿਸੰਗੀ ਗੁਰਸਿੱਖ ਹਨ ਉਹ ਕਿਸ ਧਰਮ ਨੂੰ ਅਪਣਾਉਂਦੇ ਹਨ ?

ਉ: ਹੇ ਸਜਨੋਂ! ਮੈਨੂੰ ਤਾਂ ਗੁਰਬਾਣੀ ਦੀ ਪੜਚੋਲ ਕਰਦਿਆਂ ਇਹੋ ਜਾਣਕਾਰੀ ਹੋਈ ਹੈ ਕਿ ਜੋ ਧਰਮ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੇ ਲੋਕਾਂ ਨੂੰ ਦ੍ਰਿੜ੍ਹ ਕਰਾਇਆ ਹੈ ਇਸ ਨੂੰ ਸਰਬੋਤਮ ਕਹਿਣਾ ਚਾਹੀਦਾ ਹੈ। ਇਹ ਮੈਂ ਇਸ ਲਈ ਨਹੀਂ ਕਹਿ ਰਿਹਾ ਕਿ ਮੈਂ ਗੁਰੂ ਨਾਨਕ ਦੇਵ ਜੀ ਦਾ ਨਾਮ ਧਰੀਕ ਸਿਖ ਹਾਂ, ਸਗੋਂ ਇਸ ਲਈ ਕਹਿੰਦਾ ਹਾਂ ਕਿ ਮੈਨੂੰ ਬਾਕੀ ਦੇ ਧਰਮਾਂ ਨਾਲੋਂ ਅਸਲੀਅਤ ਇਸ ਸਿਖ ਧਰਮ ਵਿਚ ਹੀ ਨਜ਼ਰ ਆਈ ਹੈ।

ਜਦੋਂ ਮੈਂ ਪੜ੍ਹਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਲੁਕਾਈ ਦੀ ਸੁਧਾਈ ਹਿਤ (੮੨) ਬਿਆਸੀ ਹਜ਼ਾਰ ਮੀਲ ਦਾ ਸਫ਼ਰ ਪੈਦਲ ਤੁਰ ਕੇ ਕੀਤਾ ਹੈ, ਇਤਨੇ ਲੰਮੇ ਸਫ਼ਰ ਵਿਚ ਵਖੋ ਵੱਖ ਧਰਮਾਂ ਦੇ ਧਾਰਨ ਵਾਲੇ ਲੋਕਾਂ ਨਾਲ ਵੀਚਾਰ-ਵਿਟਾਂਦਰੇ ਭੀ ਹੋਏ, ਪਰ ਆਪ ਨੇ ਕਿਸੇ ਭੀ ਧਰਮ ਧਾਰੀ ਨੂੰ ਘਿਰਣਾ ਦੀ ਨਜ਼ਰਾਂ ਨਾਲ ਨਹੀਂ ਤੱਕਿਆ, ਪਰ ਹਾਂ, ਉਸ ਨੂੰ ਅਸਲੀਅਤ ਤੋਂ ਜਾਣੂ ਜ਼ਰੂਰ ਕਰਾਇਆ ਕਿ ਹੇ ਸਜਨਾ! ਕਿਸੇ ਧਰਮ ਦੇ ਬਾਹਰਲੇ ਚਿੰਨ੍ਹਾਂ ਦਾ ਧਾਰਨੀ ਹੋਣਾ ਉਤਨਾ ਚਿਰ ਲਾਭਦਾਇਕ ਨਹੀਂ ਜਦੋਂ ਤੀਕ ਉਸਦੇ ਅੰਤਰੀਵ ਗੁਣਾਂ ਦਾ ਧਾਰਨੀ ਨਾ ਹੋ ਜਾਈਏ।

ਗੁਰੂ ਨਾਨਕ ਦੇਵ ਜੀ ਨੇ ਜਦੋਂ ਭੀ ਕਿਸੇ ਮੁਸਲਮਾਨ ਨੂੰ ਉਪਦੇਸ਼ ਦਿੱਤਾ ਹੈ ਤਾਂ ਉਸਨੂੰ ਇਹ ਨਹੀਂ ਕਿਹਾ ਕਿ ਤੂੰ ਮੁਸਲਮਾਨੀ ਮਜ਼੍ਹਬ ਨੂੰ ਤਿਆਗ ਦੇ, ਸਗੋਂ ਇਹੋ ਪ੍ਰੇਰਨਾ ਕੀਤੀ ਹੈ ਕਿ ਤੂੰ ਮੁਸਲਮਾਨ ਹੀ ਰਹੁ ਪਰ ਜੋ ਇਸਦੇ ਸਹੀ ਗੁਣ ਹਨ ਉਨ੍ਹਾਂ ਦਾ ਧਾਰਨੀ ਬਣ ਜਾ, ਫਿਰ ਤੇਰਾ ਮੁਸਲਮਾਨ ਹੋਣਾ ਵੀ ਸਫਲ ਹੈ। ਜੇ ਸਿਖ ਇਤਿਹਾਸ ਦੀ ਖੋਜ ਕਰੀਏ ਤਾਂ ਇਹੋ ਸਾਬਤ ਹੁੰਦਾ ਹੈ ਕਿ ਪਹਿਲਾ ਸਿਖ ਗੁਰੂ ਨਾਨਕ ਦੇਵ ਜੀ ਦਾ ਰਾਏ ਬੁਲਾਰ ਮੁਸਲਮਾਨ ਹੋਇਆ ਹੈ। ਇਸ ਤਰ੍ਹਾਂ ਕਿਸੇ ਵੀ ਧਰਮ ਜਾਂ ਧਰਮਧਾਰੀ ਨੂੰ ਗੁਰੂ ਨਾਨਕ ਦੇਵ ਜੀ ਨੇ ਨਫ਼ਰਤ ਦੀਆਂ ਨਜ਼ਰਾਂ ਨਾਲ ਨਹੀਂ ਤੱਕਿਆ, ਪਰ ਹਾਂ, ਉਸ ਧਰਮ ਦੇ ਜੋ ਸਹੀ ਅਸੂਲ ਸਨ ਉਨ੍ਹਾਂ ਤੋਂ ਉਸਨੂੰ ਜ਼ਰੂਰ ਜਾਣੂ ਕਰਾਇਆ ਹੈ। ਸਾਰੇ ਸੰਸਾਰ ਦੇ ਲੋਕਾਂ ਨੂੰ ਇਸੇ ਗੁਰਮਤਿ ਦੇ ਸਹੀ ਸਿਧਾਂਤ ਤੋਂ ਜਾਣੂ ਕਰਾਇਆ ਕਿ ਐ ਦੁਨੀਆ ਦੇ ਲੋਕੋ! ਸਾਰੇ ਧਰਮਾਂ ਦਾ ਮੁਖ ਧਰਮ ਕੇਵਲ ਉਸ ਪੂਰਨ ਪ੍ਰਮੇਸ਼ਰ ਦਾ ਨਾਮ ਸਿਮਰਨ ਕਰਨਾ ਹੈ ਇਸੇ ਦੇ ਧਾਰਨੀ ਹੋਵੋ, ਇਸੇ ਸਿਧਾਂਤ ਨੂੰ ਗੁਰੂ ਅਰਜਨ ਦੇਵ ਜੀ ਨੇ ਬਾਣੀ ਵਿਚ ਅੰਕਤ ਕਰ ਦਿੱਤਾ ਹੈ ਕਿ :

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ *(ਪੰਨਾ ੨੬੬)*

ਇਸ ਲਈ ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਜਾਂ ਸਿਖ ਇਤਿਹਾਸ ਦੁਆਰਾ ਜੋ ਜਾਣਕਾਰੀ ਮਿਲਦੀ ਰਹੀ ਹੈ ਕਿ ਗੁਰੂ ਦਾ ਸਿਖ ਕਿਸ ਦਰਸ਼ਨ (ਧਰਮ) ਨਾਲ ਸੰਬੰਧ ਰਖਦਾ ਹੈ ਉਸਨੂੰ ਚੰਦ ਲਾਇਨਾਂ ਵਿਚ ਅੰਕਤ ਕਰਨ ਦਾ ਯਤਨ ਕੀਤਾ ਹੈ, ਜਿਵੇਂ ਕਿ :

(੧) (ਹੇ ਸਜਨੋਂ! ਜੋ ਗੁਰੂ ਦਾ ਸਿਖ ਹੈ ਉਹ) ਗੁਰੂ ਦੇ ਦਰਸ਼ਨ ਤੇ ਚਰਨ ਛੋਹ ਕੇ ਸਫਲਾ ਹੁੰਦਾ ਹੈ, ਉਹ ਛੇਆਂ ਦਰਸ਼ਨਾਂ (ਧਰਮਾਂ) ਨੂੰ ਇਕੋ ਗੁਰੂ ਦੇ ਧਰਮ ਨੂੰ ਮੁਢਲਾ ਆਦਿ ਧਰਮ ਸਮਝਦਾ ਹੈ।

ਪ੍ਰ: ਕਿਉਂ ਜੀ, ਐਸਾ ਬੋਧ ਉਸਨੂੰ ਕਿਥੋਂ ਪ੍ਰਾਪਤ ਹੋਇਆ ?

(੨) ਉ: (ਕਿਉਂਕਿ ਗੁਰੂ ਉਸਦੀ) ਦਿੱਬ ਦ੍ਰਿਸ਼ਟੀ ਭਾਵ, ਗਿਆਨ ਦੇ ਨੇਤ੍ਰਾਂ ਨੂੰ ਖੋਹਲ ਦੇਂਦਾ ਹੈ (ਜਿਸ ਨਾਲ ਗੁਰਸਿੱਖ) ਲੋਕਾਂ ਦੇ ਤੇ ਵੇਦਾਂ ਦੇ ਗਿਆਨ (ਭਾਵ ਸਭ ਕੁਛ) ਗੁਰੂ ਦੇ ਗਿਆਨ ਵਿਚ ਹੀ ਜਾਣਦਾ ਹੈ (ਗੁਰੂ ਦੇ ਗਿਆਨ ਤੋਂ ਵਧ ਕੇ ਉਹ ਹੋਰ ਕਿਸੇ ਗਿਆਨ ਨੂੰ ਨਹੀਂ ਸਮਝਦਾ।)

ਪ੍ਰ: ਭਾਈ ਸਾਹਿਬ ਜੀਓ! ਜਦੋਂ ਅਸੀਂ ਪੁਰਾਤਨ ਹਿੰਦੂ ਪੁਸਤਕਾਂ ਪੜ੍ਹਦੇ ਸੁਣਦੇ ਹਾਂ, ਤਾਂ ਉਨ੍ਹਾਂ ਨੇ ਪੁਰਾਤਨ ਗੁਜ਼ਰ ਚੁੱਕੇ ਸਮੇਂ ਵਿਚ ਕੇਵਲ ਗਿਣਤੀ ਦੇ ਛੇ ਜਤੀ ਹੋਏ ਹੀ ਮੰਨੇ ਹਨ, ਕੀ ਗੁਰਮਤਿ ਭੀ ਇਸੇ ਉਨ੍ਹਾਂ ਦੇ ਖਿਆਲ ਨਾਲ ਸਹਿਮਤ ਹੈ ?

(੩) ਉ: (ਹੇ ਭਾਈਓ! ਗੁਰਮਤਿ ਵਿਚ ਤਾਂ) ਇਕੋ ਨਾਰੀ ਵਾਲਾ ਜਤੀ ਹੁੰਦਾ ਹੈ (ਅਤੇ ਜੋ) ਪਰਾਈ ਇਸਤ੍ਰੀ ਨੂੰ ਧੀ ਭੈਣ ਸਮਝਦਾ ਹੈ।

(੪) ਪਰਾਇਆ ਧਨ ਹਿੰਦੂ ਨੂੰ ਗਊ ਤੇ ਮੁਸਲਮਾਨ ਨੂੰ ਸੂਰ ਵਾਂਗੂੰ ਅਖਾਜ ਸਮਝਦਾ ਹੈ। ਜਿਵੇਂ ਕਿ ਗੁਰਵਾਕ ਹੈ ਕਿ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
*(ਵਾਰ ਮਾਝ, ਮ: ੧, ਪੰਨਾ ੧੪੧)*

(੫) ਜੋ ਘਰਬਾਰੀ ਗ੍ਰਿਹਸਤੀ ਸਿਖ ਹੁੰਦਾ ਹੈ, ਉਹ ਨਿਰੀ ਬੋਦੀ ਰੱਖਣ ਤੇ ਜਨੇਊ ਪਾਉਣ ਨੂੰ ਇਉਂ ਤਿਆਗ ਦੇਂਦਾ ਹੈ ਜਿਵੇਂ ਮਲ ਮੂਤ੍ਰ ਨੂੰ ਮਾੜਾ ਤੇ ਬਦਬੂ ਵਾਲਾ ਸਮਝ ਕੇ, ਛੱਡ ਦਈਦਾ ਹੈ।

(੬) (ਗੁਰੂ ਦਾ ਸਿਖ) ਪਾਰਬ੍ਰਹਮ ਪ੍ਰਭੂ ਨੂੰ ਹੀ ਸਭ ਪਾਸੇ ਪੂਰਨ ਤੌਰ ਤੇ ਵਿਆਪਕ ਵੇਖਦਾ ਹੈ, ਉਹ ਇਸ ਭਾਵ ਨੂੰ ਗੁਰੂ ਦੇ ਦੱਸੇ ਗਿਆਨ ਧਿਆਨ ਵਿਚ ਦ੍ਰਿੜ੍ਹ ਕਰਕੇ ਜਾਣ ਲੈਂਦਾ ਹੈ।

(੭) ਐਸੇ ਗਿਆਨ ਧਿਆਨ ਵਾਲੇ ਸਿੱਖਾਂ ਦੀ ਸੰਗਤ ਵਿਚ ਜੋ ਭੀ ਆ ਕੇ ਮਿਲਦਾ ਹੈ, ਉਹ ਪ੍ਰਮਾਣੀਕ ਪਤਿ (ਇਜ਼ਤ) ਮਾਣ ਵਾਲਾ ਹੋ ਜਾਂਦਾ ਹੈ।੮।

*ਭਾਵਾਰਥ :* ਭਾਈ ਸਾਹਿਬ ਜਦੋਂ ਭੀ ਆਪਣੇ ਵਲੋਂ ਕੋਈ ਖ਼ਿਆਲ ਅੰਕਤ ਕਰਦੇ ਹਨ, ਉਸ ਵਿਚ ਕੇਵਲ ਗੁਰਮਤਿ ਦੇ ਸਿਧਾਂਤ ਨੂੰ ਹੀ ਮੁਖ ਰੱਖਦੇ ਹਨ। ਕਿਉਂਕਿ ਗੁਰੂ ਨਾਨਕ ਦੇਵ ਜੀ ਜਿਥੇ ਭੀ ਗਏ ਉਥੇ ਲੋਕਾਂ ਨੂੰ ਸਚਾਈ ਦੇ ਮਾਰਗ ਤੇ ਟੁਰੇ ਰਹਿਣ ਦੀ ਹੀ ਪ੍ਰੇਰਨਾ ਕੀਤੀ। ਪਰ ਜੋ ਪਰਮਪਰਾ ਲੋਕਾਂ ਵਿਚ ਰੀਤਾਂ ਚਲੀਆਂ ਆ ਰਹੀਆਂ ਸਨ, ਜੋ ਰੱਬੀ ਮਾਰਗ ਤੇ ਸਫ਼ਰ ਕਰਨ ਵਾਲੇ ਪਾਂਧੀਆਂ ਨੂੰ ਰੋਕ ਸਾਬਤ ਹੋ ਰਹੀਆਂ ਸਨ, ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ, ਆਪ ਜੀ ਨੇ ਇਹ ਨਹੀਂ ਵੇਖਿਆ ਕਿ ਇਸ ਸਨਾਤਨ ਰੀਤੀ ਨੂੰ ਪ੍ਰਚੱਲਤ ਹੋਇਆਂ ਸਦੀਆ ਗੁਜ਼ਰ ਗਈਆਂ ਹਨ, ਤੇ ਲੱਖਾਂ ਹੀ ਸਨਾਤਨੀ ਮੱਤ ਦੇ ਲੋਕ ਇਨ੍ਹਾਂ ਤੇ ਟੁਰਦੇ ਆ ਰਹੇ ਹਨ। ਜੇ ਮੈਂ ਇਨ੍ਹਾਂ ਤੋਂ ਉਲਟ ਕੋਈ ਗੱਲ ਕੀਤੀ ਤਾਂ ਇਹ ਸਾਰੇ ਮੈਥੋਂ ਖ਼ਿਲਾਫ਼ ਅਵਾਜ਼ ਉਠਾਉਣਗੇ।

ਪਰ, 'ਸਚੁ ਸੁਣਾਇਸੀ ਸਚ ਕੀ ਵੇਲਾ' ਦੇ ਸਿਧਾਂਤ ਨੂੰ ਅੰਕਤ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਨੇ ਹਰਿ ਦੁਆਰ ਦੇ ਲੱਖਾਂ ਪੰਡਤਾ ਨੂੰ ਨਿਰਭੈ ਹੋ ਕੇ ਕਿਹਾ ਕਿ ਤੁਸੀਂ ਜੋ ਕ੍ਰੋੜਾ ਮੀਲਾਂ ਦੀ ਦੂਰੀ ਤੇ ਸੂਰਜ ਨੂੰ ਪਾਣੀ ਭੇਜ ਰਹੇ ਹੋ, ਇਹ ਤੁਹਾਡੀ ਭੁੱਲ ਹੈ।

ਇਸੇ ਤਰ੍ਹਾਂ ਜਿਨ੍ਹਾਂ ਲੋਕਾਂ ਨੇ ਪੁਰਾਤਨ ਸਮੇਂ ਗੋਰਖ ਆਦਿ ਕੇਵਲ ਛੇ ਹੀ ਜਤੀ ਹੋਏ ਮੰਨੇ ਹਨ, ਇਸ ਭੇਦ ਨੂੰ ਤਾਂ ਓਹੀ ਜਾਣ ਸਕਦੇ ਹਨ, ਪਰ ਗੁਰਮਤਿ ਨੇ ਇਸ ਖ਼ਿਆਲ ਨੂੰ ਨਹੀਂ ਕਬੂਲਿਆ, ਗੁਰਮਤਿ ਵਿਚ ਤਾਂ ਉਸੇ ਨੂੰ ਜਤੀ ਮੰਨਿਆ ਗਿਆ ਹੈ ਜੋ ਗ੍ਰਿਹਸਤ ਵਿਚ ਰਹਿੰਦਾ ਹੋਇਆ ਆਪਣੀ ਧਰਮ ਪਤਨੀ ਤੋਂ ਬਿਨਾਂ ਹੋਰ ਕਿਸੇ ਪਰਾਏ ਰੂਪ ਵੱਲ ਮੰਦ ਭਾਵਨਾ ਨਾਲ ਨਹੀਂ ਤੱਕਦਾ ਭਾਵ ਜੋ ਇਖ਼ਲਾਕੀ ਤੌਰ ਪਰ ਉਚੇਰੀ ਨਜ਼ਰ, ਉਚੀ ਦ੍ਰਿਸ਼ਟੀ ਦਾ ਧਾਰਨੀ ਹੈ। ਪਰ ਜੇ ਕਿਸੇ ਦੀਆਂ ਮਨ ਦੀਆਂ ਕਾਮਨਾਵਾਂ ਵਾਸ਼ਨਾ ਨਹੀਂ ਮੁੱਕੀਆਂ ਉਹ ਬੇਸ਼ਕ ਘਰਬਾਰ ਨੂੰ ਛੱਡ ਕੇ ਜੰਗਲਾਂ ਵਿਚ ਵੱਸਦਾ ਹੈ ਉਸਨੂੰ ਗੁਰਮਤਿ ਨੇ ਨਹੀਂ ਕਬੂਲ ਕੀਤਾ, ਜਿਵੇਂ ਕਿ :

ਜਤੀ ਸਦਾਵਹਿ ਜੁਗਤਿ ਨ ਜਾਣਹਿ
ਛਡਿ ਬਹਹਿ ਘਰ ਬਾਰੁ ॥ (ਪੰਨਾ ੪੬੯)

ਜਾ ਬਿੰਦੁ ਰਾਖਿ ਜੌ ਤਰੀਐ ਭਾਈ ॥
ਖੁਸਰੈ ਕਿਉ ਨ ਪਰਮਗਤਿ ਪਾਈ ॥੩॥
(ਪੰਨਾ ੩੨੪)

ਇਸ ਲਈ, ਗੁਰਮਤਿ ਨੂੰ ਅਪਨਾਉਣ ਲਈ ਪੁਰਾਤਨ ਰੀਤਾ ਨੂੰ ਤਿਆਗਣਾ ਪੈਂਦਾ ਹੈ।

## ੯. ਬਹੁ-ਰੰਗੀ ਸੰਸਾਰ ਵਿਚ, ਪ੍ਰਭੂ ਦੀ ਸ਼ਕਤੀ

੧. ਗਾਈਂ ਬਾਹਲੇ ਰੰਗ ਜਿਉ
ਖੜ ਚਰ ਦੁੱਧ ਦੇਣ ਇਕ ਰੰਗੀ।
੨. ਬਾਹਲੇ ਬਿਰਛ ਵਣਾਸਪਤ
ਅਗਨੀ ਅੰਦਰ ਹੈ ਬਹੁ ਰੰਗੀ।
੩. ਰਤਨਾ ਵੇਖੇ ਸਭ ਕੋ
ਰਤਨ ਪਾਰਖੂ ਵਿਰਲਾ ਸੰਗੀ।
੪. ਹੀਰੇ ਹੀਰਾ ਬੇਧਿਆ
ਰਤਨ ਮਾਲ ਸਤਸੰਗਤ ਚੰਗੀ।
੫. ਅੰਮ੍ਰਿਤ ਨਦਰਿ ਨਿਹਾਲਿਓ
ਹੋਇ ਨਿਹਾਲ ਨ ਹੋਰਸੁ ਮੰਗੀ।
੬. ਦਿੱਬ ਦੇਹ ਦਿੱਬ ਦਿਸ਼ਟ ਹੋਇ
ਪੂਰਨ ਬ੍ਰਹਮ ਜੋਤ ਅੰਗ ਸੰਗੀ।
੭. ਸਾਧਸੰਗਤ ਸਤਿਗੁਰ ਸਹਲੰਗੀ ॥੯॥

*ਪਦ ਅਰਥ :* ਖੜ—ਦੱਬ, ਘਾਹ, ਚਾਰਾ। ਪਾਰਖੂ—ਪ੍ਰੀਖਕ, ਪਰਖਣ ਵਾਲਾ। ਸਹਲੰਗੀ—ਮੇਲੀ, ਸਨਬੰਧੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਕਈ ਵਾਰ ਗੁਰਮਤਿ ਦੇ ਵੀਚਾਰ ਸੁਣਾਉਂਦੇ ਹੋਏ ਇਹ ਭੀ ਖ਼ਿਆਲ ਦ੍ਰਿੜ੍ਹ ਕਰਵਾਉਂਦੇ ਹੋ ਕਿ ਉਸ ਪ੍ਰਭੂ ਦੀ ਸਾਰੇ ਚਰਾਚਰ ਵਿਚ ਇਕੋ ਸ਼ਕਤੀ ਵਿਆਪਕ ਹੈ। ਪਰ ਇਹ ਜਾਣਕਾਰੀ ਦਿਓ ਕਿ ਜਦੋਂ ਸ਼ਕਤੀ ਇਕ ਹੈ ਤਾਂ ਫਿਰ ਨੱਨਤਪੁਨਾ ਕਿਉਂ ਵੇਖਣ ਵਿਚ ਆਉਂਦਾ ਹੈ। ਫ਼ਰਜ਼ ਕਰੋ ਜਦੋਂ ਅਸੀਂ ਕਿਸੇ ਬਗੀਚੇ ਵਿਚ ਜਾਂਦੇ ਹਾਂ ਤਾਂ ਉਥੇ ਰੰਗ

ਰੰਗਾਂ ਦੇ ਅਨੇਕਾਂ ਫੁੱਲ ਨਜ਼ਰ ਆਉਂਦੇ ਹਨ, ਪਰ ਜੇ ਸਾਰਿਆਂ ਵਿਚ ਇਕੋ ਸ਼ਕਤੀ ਹੈ ਤਾਂ ਉਨ੍ਹਾਂ ਵਿਚ ਸਮਾਨਤਾ ਕਿਉਂ ਨਹੀਂ ?

ਉ: ਹੇ ਭਾਈਓ ! ਅਸਲ ਵਿਚ ਸੱਚ ਤਾਂ ਇਉਂ ਹੀ ਕਹਿਣਾ ਚਾਹੀਦਾ ਹੈ ਕਿ ਉਸ ਸਰਬ ਸ਼ਕਤੀਮਾਨ ਦੀ ਸੰਪੂਰਨ ਸ਼ਕਤੀ ਨੂੰ ਸਮਝਣਾ ਸਾਡੇ ਅਲਪੱਗ ਜੀਵਾਂ ਦੀ ਗੰਮਤਾ ਨਹੀਂ, ਕਿਉਂਕਿ ਸਾਡੇ ਪਾਸ ਉਹ ਨਜ਼ਰਾਂ ਨਹੀਂ ਜਿਸ ਨਾਲ ਅਸੀਂ ਉਸ ਦੀ ਅਗੰਮ ਸ਼ਕਤੀ ਨੂੰ ਤੱਕ ਸਕੀਏ, ਬੱਸ, ਅਸੀਂ ਤਾਂ ਕੇਵਲ ਅਨੁਭਵ ਹੀ ਕਰ ਸਕਦੇ ਹਾਂ। ਬਾਣੀ ਦਾ ਫ਼ੁਰਮਾਨ ਭੀ ਇਸੇ ਤਰ੍ਹਾਂ ਪੜ੍ਹਨ ਵਿਚ ਆਉਂਦਾ ਹੈ ਕਿ :

ਨਾਨਕ ਸੇ ਅਖੜੀਆ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੧॥

*(ਪੰਨਾ ੫੭੭)*

ਹੇ ਸਜਨੋਂ ! ਮੈਨੂੰ ਤਾਂ ਬਾਣੀ ਦੀ ਵੀਚਾਰ ਕਰਦਿਆਂ ਇਉਂ ਹੀ ਸੋਝੀ ਮਿਲ ਸਕੀ ਹੈ ਜਿਸਨੂੰ ਮੈਂ ਚੰਦ ਸਤਰਾਂ ਵਿਚ ਇਉਂ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ। ਉਹ ਭੀ ਮੈਂ ਉਸ ਸਰਵ ਸ਼ਕਤੀਮਾਨ ਦੀ ਸਕਤੀ ਬਾਰੇ ਕੁਝ ਨਹੀਂ ਕਹਿ ਸਕਿਆ, ਪਰ ਜੋ ਮੈਨੂੰ ਪ੍ਰਤੱਖ ਦ੍ਰਿਸ਼ਟੀ ਗੋਚਰ ਹੋਇਆ ਹੈ ਉਹ ਇਉਂ ਹੈ :

(੧) (ਹੇ ਭਾਈਓ ! ਅਸੀਂ ਆਮ ਹੀ ਵੇਖਦੇ ਹਾਂ ਕਿ) ਜਿਵੇਂ ਕਈ ਰੰਗਾਂ ਦੀਆਂ (ਕਾਲੀਆਂ, ਪੀਲੀਆਂ, ਧੌਲੀਆ ਆਦਿ) ਗਊਆਂ ਹੁੰਦੀਆਂ ਹਨ (ਪਰ ਉਹ) ਦੱਭ ਜਾਂ ਘਾਹ ਖਾ ਕੇ ਦੁੱਧ ਇਕ ਰੰਗ ਦਾ (ਚਿੱਟਾ) ਹੀ ਦਿੰਦੀਆਂ ਹਨ।

(੨) ਜਿਵੇਂ ਤਰ੍ਹਾਂ ਤਰ੍ਹਾਂ ਦੇ ਬ੍ਰਿਛ ਤੇ ਬਨਸਪਤੀ ਹੈ (ਪਰ ਕਿਆ ਉਨ੍ਹਾਂ ਦੇ ਅੰਦਰਲੀ) ਅੱਗ ਵਿਚ ਭੀ ਬਹੁਤੇ ਰੰਗ ਹਨ ? ਇਹੋ ਮੰਨਣਾ ਪਵੇਗਾ ਕਿ ਉਨ੍ਹਾਂ ਵਿਚ ਅੱਗ ਇਕੋ ਜਿਹੀ ਹੈ।

ਪ੍ਰ: ਕਿਉਂ ਜੀ, ਇਹ ਸੋਝੀ ਸਾਰਿਆਂ ਨੂੰ ਹੀ ਕਿਉਂ ਨਹੀਂ ਹੁੰਦੀ ?

(੩) ਉ: ਹੇ ਭਾਈਓ ! ਇਹ ਤਾਂ ਇਉਂ ਹੀ ਕਹਿਣਾ ਪਵੇਗਾ ਕਿ ਰਤਨ (ਲਾਲਾਂ) ਨੂੰ ਵੇਖਣ ਵਾਲੇ ਤਾਂ ਸਾਰੇ ਹਨ, ਪਰ ਪਾਰਖੂ (ਪਛਾਨਣ ਵਾਲੇ) ਉਨ੍ਹਾਂ ਵਿਚ ਵਿਰਲੇ ਹੀ ਹਨ।

(੪) (ਹੇ ਪਿਆਰੇ !) ਜਿਵੇਂ ਹੀਰੇ ਨੂੰ ਹੀਰਾ ਹੀ ਛੇਦਦਾ ਹੈ, (ਜਿਨ੍ਹਾਂ ਦਾ ਮਨ) ਹੀਰਾ (ਗੁਰ ਸ਼ਬਦ ਦੇ) ਹੀਰੇ ਨਾਲ ਬੇਧਿਆ ਹੈ ਉਹ ਸਾਧ ਸੰਗਤ ਰੂਪੀ ਚੰਗੀ ਰਤਨਾਂ ਦੀ ਮਾਲਾ ਵਿਖੇ ਪ੍ਰੋਤੇ ਗਏ ਹਨ।

(੫) (ਉਹ ਐਸੇ ਪ੍ਰੇਮੀ ਗੁਰਸਿੱਖ) ਗੁਰੂ ਦੀ ਅੰਮ੍ਰਿਤ ਭਿੰਨੀ ਨਦਰ ਦੇਖਣ ਨਾਲ ਨਿਹਾਲ ਹੋ ਜਾਂਦੇ ਹਨ, ਤੇ ਨਿਹਾਲ ਹੋ, ਫਿਰ ਉਹ ਹੋਰ ਕੋਈ ਮੰਗ ਨਹੀਂ ਮੰਗਦੇ।

(੬) (ਉਨ੍ਹਾਂ ਦੀ) ਦੇਹ ਅਰ ਦ੍ਰਿਸ਼ਟੀ ਦਿੱਬ ਹੋ ਗਈ (ਭਾਵ ਉਨ੍ਹਾਂ ਦੇ ਦਰਸ਼ਨਾਂ ਤੋਂ ਹੀ ਲੋਕ ਨਿਹਾਲ ਹੋ ਜਾਂਦੇ ਹਨ) ਤੇ ਪੂਰਨ ਬ੍ਰਹਮ ਦੀ ਜੋਤੀ ਉਨ੍ਹਾਂ ਦੇ ਅੰਗ ਸੰਗ ਵਿਚ ਸਮਾ ਜਾਂਦੀ ਹੈ।

ਪ੍ਰ: ਕਿਉਂ ਜੀ, ਉਨ੍ਹਾਂ ਦੇ ਮਨ ਦੀ ਅਵਸਥਾ ਕਿਸ ਰੂਪ ਵਿਚ ਹੋ ਜਾਂਦੀ ਹੈ ?

(੭) ਉ: (ਹੇ ਭਾਈਓ ! ਐਸੇ ਗੁਰਸਿੱਖਾਂ ਦੀ) ਸਤਿਗੁਰਾਂ ਦੀ ਸਾਧ ਸੰਗਤ ਹੀ ਸੱਚਾ ਸਨਬੰਧੀ ਤੇ ਮੇਲੀ ਹੈ। ਉਹ ਭਾਵੇਂ ਗਹਿੰਦੇ ਪ੍ਰਵਾਰ ਵਿਚ ਹੀ ਹਨ, ਪਰ ਉਹ ਮਨ ਕਰਕੇ ਨਿਰਲੇਪ ਰਹਿੰਦੇ ਹਨ।੯।

***ਭਾਵਾਰਥ :*** ਭਾਈ ਸਾਹਿਬ ਨੇ ਇਸ ਉਪ੍ਰੋਕਤ ਪਉੜੀ ਦੇ ਅਰੰਭ ਵਿਚ ਉਸ ਸਰਬ ਸ਼ਕਤੀ ਮਾਨ ਦੀ ਸ਼ਕਤੀ ਦਾ ਜ਼ਿਕਰ ਕੀਤਾ ਹੈ ਕਿ ਉਹ ਸਾਰਿਆਂ ਵਿਚ ਵਿਆਪਕ ਹੁੰਦੀ ਹੋਈ ਭੀ ਨਿਰਲੇਪ ਹੈ ਉਨ੍ਹਾਂ ਦੀ ਸੋਝੀ ਪ੍ਰਾਪਤ ਕਰਨ ਵਾਲਿਆ ਨੂੰ ਭੀ ਇਹੋ ਦਿੱਬ ਦ੍ਰਿਸ਼ਟੀ ਹੋ ਆਉਂਦੀ ਹੈ ਕਿ ਉਸ ਪ੍ਰਭੂ ਦੀ ਜੋਤ 'ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥' ਪੰਨਾ ੧੩, ਗੁਰੂ ਦੀ ਸਿਖਿਆ ਦੁਆਰੇ ਉਨ੍ਹਾਂ ਨੂੰ ਇਹ ਪ੍ਰਕਾਸ਼ ਹੋ ਆਇਆ ਹੈ ਕਿ ਉਸ ਪ੍ਰਭੂ ਦੀ ਜੋਤ ਹੀ ਸਾਰੇ ਸੰਸਾਰ ਵਿਚ ਪ੍ਰਕਾਸ਼ ਕਰਦੀ ਹੈ ਜਿਸ ਦੇ ਆਸਰਤ ਹੋ ਸਾਰੇ ਜੀਵ ਕ੍ਰਿਆ ਕਰਦੇ ਹਨ। ਉਨ੍ਹਾਂ ਦੇ ਗਿਆਨ ਨੇਤ੍ਰ ਖੁੱਲ੍ਹ ਆਉਂਦੇ ਹਨ ਜਿਸ ਕਰਕੇ ਉਹ ਪ੍ਰਮੇਸ਼ਰ ਦੀ ਸ਼ਕਤੀ ਨੂੰ ਹੀ ਸਰਬ ਥਾਈਂ ਵਿਆਪਕ ਦੇਖਦੇ ਹਨ। ਅਜਿਹੇ ਗੁਰਮੁਖ ਹੋਰ ਸੰਸਾਰਕ ਸਾਕ ਸਾਰੇ ਝੂਠੇ ਅਨੁਭਵ ਕਰਦੇ ਹਨ ਉਨ੍ਹਾਂ ਦਾ ਇਹ ਇਕੋ ਦ੍ਰਿੜ੍ਹ ਵਿਸ਼ਵਾਸ ਹੈ ਕਿ ਕੇਵਲ ਸਤਿਗੁਰੂ ਹੀ ਅੰਤਕਾਲ ਦੇ ਸਹਾਇਕ ਹਨ।

## ੧੦. ਗੁਰਮੁਖਾਂ ਦੀ ਰਹੁ-ਰੀਤੀ

**੧. ਸ਼ਬਦ ਸੁਰਤਿ ਲਿਵ ਸਾਧ ਸੰਗ**
**ਪੰਚ ਸ਼ਬਦ ਇਕ ਸ਼ਬਦ ਮਿਲਾਏ।**
**੨. ਰਾਗ ਨਾਦ ਸੰਬਾਦ ਲਖ**
**ਭਾਖਿਆ ਭਾਉ ਸੁਭਾਉ ਅਲਾਏ।**

**੩. ਗੁਰਮੁਖ ਬ੍ਰਹਮ ਧਿਆਨ ਧੁਨ ਜਾਣੈ**
**ਜੰਤ੍ਰੀ ਜੰਤ੍ਰ ਵਜਾਏ।**
**੪. ਅਕਥ ਕਥਾ ਵੀਚਾਰ ਕੈ**
**ਉਸਤਤਿ ਨਿੰਦਾ ਵਰਜ ਰਹਾਏ।**
**੫. ਗੁਰ ਉਪਦੇਸ਼ ਅਵੇਸ਼ ਕਰ**
**ਮਿੱਠਾ ਬੋਲਣ ਮਨ ਪਰਚਾਏ।**
**੬. ਜਾਇ ਮਿਲਣ ਗੁੜ ਕੀੜਿਆਂ**
**ਰੱਖੇ ਰੱਖਣਹਾਰ ਲੁਕਾਏ।**
**੭. ਗੰਨਾ ਹੋਇ ਕੋਹਲੂ ਪੀੜਾਏ॥੧੦॥**

*ਪਦ ਅਰਥ :* ਅਲਾਏ—ਰਾਗ ਵਿਚ ਅਲਾਪ ਕਰਨਾ। ਧੁਨ—ਤਾਰ। ਅਕਥ ਕਥਾ—ਨਾ ਕਥਨ ਕੀਤੀ ਜਾ ਸੱਕਣ ਵਾਲੀ ਪ੍ਰਭੂ ਦੀ ਮਹਾਨ ਕਥਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਹ ਅਸੀਂ ਆਮ ਹੀ ਸੁਣਦੇ ਆ ਰਹੇ ਹਾਂ ਕਿ ਜੋ ਸੰਗੀਤ ਅਚਾਰੀਆ ਲੋਕ ਹਨ, ਉਹ ਪੰਜਾਂ ਸ਼ਬਦਾਂ (ਅਰਥਾਤ ਤਤ, ਬਿਤ, ਘਨ, ਨਾਦ, ਸੁਖਰ) ਦੇ ਅਲਾਪ ਕਰਦੇ ਰਹਿਣ ਦੀ ਮਸਤੀ ਵਿਚ ਹੀ ਸਦਾ ਮਸਤ ਰਹਿੰਦੇ ਹਨ ਪਰ ਕੀ ਗੁਰਮੁਖਾਂ ਦੀ ਰਹੁ-ਰੀਤੀ ਵਿਚ ਭੀ ਇਹ ਪੰਜ ਸ਼ਬਦ ਸ਼ਾਮਲ ਹਨ, ਜਾਂ ਕਿ ਉਨ੍ਹਾਂ ਦੀ ਰਹੁ-ਰੀਤੀ ਕੋਈ ਹੋਰ ਵੱਖਰੀ ਹੈ, ਦੱਸਣ ਦੀ ਖੇਚਲ ਕਰੋ ?

ਉ: ਹੇ ਪਿਆਰੇ! ਇਹ ਠੀਕ ਹੈ ਕਿ ਮੈਂ ਕੋਈ ਵਧੇਰੇ ਸੰਗੀਤ ਆਚਾਰੀਆਂ ਵਿਚ ਤਾਂ ਸ਼ਾਮਲ ਨਹੀਂ ਪਰ ਹਾਂ ਗੁਰਮਤਿ ਦੀ ਖੋਜ ਕਰਦਿਆਂ ਜੋ ਮੈਨੂੰ ਬੋਧ ਹਾਸਲ ਹੋ ਸੱਕਿਆ ਹੈ, ਉਸ ਦੇ ਅਧਾਰਤ ਹੋ ਮੈਂ ਚੰਦ ਸਤਰਾਂ ਉਲੀਕੀਆਂ ਹਨ ਜਿਨ੍ਹਾਂ ਵਿਚ ਅਕਸ-ਮਾਤ੍ਰ ਗੁਰਮੁਖਾਂ ਦੀ ਰਹੁ-ਰੀਤੀ ਅੰਕਤ ਕਰਨ ਦਾ ਉੱਦਮ ਕੀਤਾ ਹੈ।

(੧) ਹੇ ਭਾਈਓ! ਮੈਨੂੰ ਤਾਂ ਇਉਂ ਹੀ ਅਨੁਭਵ ਹੋਇਆ ਹੈ (ਕਿ) ਸਾਧ ਸੰਗਤ ਵਿਚ (ਗੁਰਮੁਖਾਂ ਦੀ) ਸ਼ਬਦ ਤੇ ਸੁਰਤ ਵਿਚ ਲਿਵ ਲੱਗੀ ਹੋਈ ਹੈ ਤੇ ਉਨ੍ਹਾਂ ਨੇ ਰਾਗ ਦੇ ਪੰਜ ਸ਼ਬਦਾਂ ਨੂੰ ਇਕ ਸ਼ਬਦ ਵਿਚ ਹੀ ਲੀਨ ਕੀਤਾ ਹੋਇਆ ਹੈ।

(੨) (ਕਿਉਂਕਿ ਉਨ੍ਹਾਂ ਨੂੰ ਇਹ ਬੋਧ ਹੈ ਕਿ) ਰਾਗਾਂ ਤੇ ਨਾਦਾਂ ਦੇ ਸੰਬੰਧ ਵਿਚ ਲੱਖਾਂ ਹੀ ਝਗੜੇ ਹਨ (ਪਰ ਉਹ ਗੁਰਮੁਖ) ਸਹਿਜ ਸੁਭਾਉ ਹੀ ਬੋਲਦੇ, ਜਾਂ (ਰਾਗ ਵਿਚ) ਅਲਾਪਦੇ ਹਨ (ਭਾਵ ਉਨ੍ਹਾਂ ਦਾ ਧਿਆਨ ਨਿਰੇ ਰਾਗ ਜਾਂ ਜੋੜੀ ਦੇ ਸੁਰਤਾਲ ਵੱਲ ਨਹੀਂ, ਸਗੋਂ ਕੇਵਲ ਸ਼ਬਦ ਦੇ ਗਿਆਨ ਵਿਚ ਹੈ, ਪਰ ਰਾਗ ਭੀ ਸਹਿਜ ਸੁਭਾ ਹੀ ਠੀਕ ਤੇ ਤਾਲ ਵੀ ਠੀਕ ਹੀ ਵਜਾ ਰਹੇ ਹਨ)।

(੩) ਗੁਰਮੁਖ (ਗਿਆਨੀ, ਭੇਤੀ) ਪੁਰਸ਼ ਹੀ ਬ੍ਰਹਮ ਵਿਚ ਧਿਆਨ ਤੇ ਧੁਨ ਲਾਉਣਾ ਜਾਣਦੇ ਹਨ, ਜਿਵੇਂ ਵਾਜਾ ਜਾਂ ਤੰਤੀ ਸਾਜ਼ ਵਜਾਉਣ ਵਾਲੇ ਨੂੰ ਸਾਜ਼ ਵਜਾਉਣ ਦੀ ਜਾਚ ਤੇ ਸੋਝੀ ਹੁੰਦੀ ਹੈ।

ਪ੍ਰ: ਕਿਉਂ ਜੀ, ਉਨ੍ਹਾਂ ਵਿਚ ਹੋਰ ਖ਼ਾਸ ਵਿਸ਼ੇਸ਼ਤਾ ਕੀ ਹੋਇਆ ਕਰਦੀ ਹੈ ?

(੪) ਉ: (ਹੇ ਪਿਆਰੇ! ਉਨ੍ਹਾਂ ਵਿਚ ਵੱਡੀ ਵਿਸ਼ੇਸ਼ਤਾ ਇਹੋ ਵੇਖਣ ਵਿਚ ਆਉਂਦੀ ਹੈ ਕਿ ਉਸ ਪ੍ਰਭੂ ਦੀ) ਅਕੱਥ ਕਥਾ ਨੂੰ ਹੀ ਵੀਚਾਰਦੇ ਅਤੇ ਉਸਤਤਿ ਨਿੰਦਾ ਨੂੰ (ਜੇ ਕੋਲ ਕੋਈ ਕਰਦਾ ਹੋਵੇ) ਤਾਂ ਵਰਜ (ਮਨ੍ਹਾ ਕਰਕੇ) ਹਟਾ ਦੇਂਦੇ ਹਨ।

(੫) (ਉਹ ਪ੍ਰਭੂ ਦੇ ਪ੍ਰੇਮੀ ਗੁਰਮੁਖ, ਗੁਰੂ) ਉਪਦੇਸ਼ (ਭਾਵ ਸ਼ਬਦ) ਨੂੰ ਮਨ ਵਿਚ ਵਸਾ ਕੇ, ਮਿੱਠਾ ਬੋਲਦੇ (ਤੇ ਆਪਣਾ ਅਤੇ ਹੋਰਨਾਂ ਦਾ ਭੀ) ਮਨ ਪ੍ਰਚਾਈ ਰੱਖਦੇ ਹਨ।

(੬) (ਉਹ ਗੁੜ ਵਾਂਗ ਮਿਠੇ ਤੇ ਪਰਉਪਕਾਰੀ ਹਨ) ਜਿਵੇਂ ਗੁੜ ਨੂੰ ਭਾਵੇਂ ਕੋਈ ਕਿਤੇ ਲੁਕਾ ਕੇ ਰੱਖੇ, ਪਰ ਕੀੜੇ ਕੀੜੀਆਂ ਉਸਨੂੰ ਲੱਭ ਹੀ ਲੈਂਦੇ ਹਨ। (ਇਸੇ ਤਰ੍ਹਾਂ ਮਿਠੇ) ਗੁਰਮੁਖਾਂ ਨੂੰ ਵੀ ਲੋਕੀਂ ਲੱਭ ਹੀ ਲੈਂਦੇ ਹਨ।

(੭) ਉਹ ਗੰਨੇ ਵਾਂਗ (ਪਰਉਪਕਾਰ ਦੀ ਖਾਤਰ, ਆਪਣੇ ਆਪ ਨੂੰ) ਕੋਹਲੂ ਵਿਚ ਵੀ ਪੀੜਾ ਲੈਂਦੇ ਹਨ।੧੦।

*ਭਾਵਾਰਥ :* ਸਾਧ ਸੰਗਤ ਦੇ ਪ੍ਰਤਾਪ ਨਾਲ ਸੁਰਤ ਵਿਚ ਸ਼ਬਦ ਦੀ ਲਿਵ ਪੱਕ ਕੇ ਜੋ ਬਾਣੀ ਅਨੁਸਾਰ (ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ) ਨਾਮ ਦੇ ਅਜਪਾ ਜਾਪ ਵਿਚੋਂ ਰੋਮ ਰੋਮ ਦੀ ਅਵੱਸਥਾ ਲੰਘ ਕੇ ਸ਼ਬਦ ਦੀ ਨਾ ਟੁੱਟਣ ਵਾਲੀ ਤਾਰ ਉਪਜਦੀ ਹੈ, ਉਸ ਇਕ ਤਾਰ ਵਿਚ ਸਭ ਕੁਝ ਹੀ ਆ ਜਾਂਦਾ ਹੈ, ਜੋ ਪੰਜ ਸ਼ਬਦ ਕਹੀਦੇ ਹਨ ਉਹ ਉਸੇ ਇਕ ਵਿਚ ਜਾਣੋ। ਕੰਨਾਂ ਦੀ ਘੂੰ ਘੂੰ ਅਨਹਦ ਸ਼ਬਦ ਨਹੀਂ ਹੈ। ਸੰਸਾਰ ਦਾ ਰਾਗ ਨਾਦ ਪ੍ਰੇਮ ਦੇ ਵਾਕ ਹਨ। ਇਸੇ ਤਰ੍ਹਾਂ ਜੰਤ੍ਰ ਦੀ ਥਾਂ ਬ੍ਰਹਮ ਗਿਆਨ ਹੈ। ਕਥਾ ਨਿੰਦਾ ਉਸਤਤਿ ਦਾ ਵਰਜਣਾ ਹੈ, ਉਹ ਗੁਰਮੁਖ ਮਿੱਠਾ ਬੋਲਣਾ ਗੰਨੇ ਵਾਂਙ ਕਲੇਸ ਸਹਿ ਕੇ ਭੀ ਨਹੀ ਛੱਡਦੇ।

## ੧੧. ਗੁਰਮੁਖ ਦੀ ਧਾਰਨਾ

੧. ਚਰਨ ਕਵਲ ਮਕਰੰਦ ਰਸ
ਹੋਇ ਭਵਰ ਲੈ ਵਾਸ ਲੁਭਾਵੈ।
੨. ਇੜਾ ਪਿੰਗਲਾ ਸੁਖਮਨਾ
ਲੰਘ ਤ੍ਰਿਬੇਣੀ ਨਿਜ ਘਰ ਆਵੈ।
੩. ਸਾਹਿ ਸਾਹਿ ਮਨ ਪਵਣ ਲਿਵ
ਸੋਹੰ ਹੰਸਾ ਜਪੈ ਜਪਾਵੈ।
੪. ਅਚਰਜ ਰੂਪ ਅਨੂਪ ਲਿਵ
ਗੰਧ ਸੁਗੰਧ ਅਵੇਸ ਮਚਾਵੈ।
੫. ਸੁਖ ਸਾਗਰ ਚਰਨਾਰਬਿੰਦ
ਸੁਖ ਸੰਪਟ ਵਿਚ ਸਹਜ ਸਮਾਵੈ।
੬. ਗੁਰਮੁਖ ਸੁਖ ਫਲ ਪਿਰਮ ਰਸ
ਦੇਹ ਬਿਦੇਹ ਪਰਮ ਪਦ ਪਾਵੈ।
੭. ਸਾਧ ਸੰਗਤ ਮਿਲ ਅਲਖ ਲਖਾਵੈ ॥੧੧॥

*ਪਦ ਅਰਥ :* ਸੋਹੰ—ਮੈਂ ਉਹੀ ਹਾਂ। ਹੰਸਾ—ਮੈਂ ਉਹ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਇਹ ਪ੍ਰਤੱਖ ਵੇਖਣ ਵਿਚ ਆਉਂਦਾ ਹੈ ਕਿ ਦੁਨੀਆ ਦੇ ਜਿਤਨੇ ਭੀ ਜੋਗੀ, ਜੰਗਮ, ਸਰੇਵੜੇ ਆਦਿ ਵਖੋ ਵੱਖ ਵਿਰਕੇ ਹਨ, ਇਨ੍ਹਾਂ ਦੀ ਧਾਰਨਾ ਭੀ ਭਿੰਨ ਭਿੰਨ ਹੈ, ਜਿਸ ਜਮਾਤ ਵਿਚ ਕੋਈ ਦਾਖ਼ਲ ਹੋਵੇ ਉਸਨੂੰ ਉਸ ਦੇ ਨਿਯਮਾਂ ਦੀ ਪਾਲਨਾ ਕਰਨੀ ਜ਼ਰੂਰੀ ਹੋਇਆ ਕਰਦੀ ਹੈ, ਜੇ ਕੋਈ ਗੁਰਮੁਖਾਂ ਦੀ ਭੀ ਖ਼ਾਸ ਧਾਰਨਾ ਹੈ ਤਾਂ ਉਹ ਦਰਸਾਉਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਗੁਰਮੁਖਾਂ ਦੀ ਜੋ ਮਾਨਸਕ ਅਵੱਸਥਾ ਹੈ ਉਹ ਤਾਂ ਪੂਰਨ ਰੂਪ ਵਿਚ ਬਿਆਨੀ ਨਹੀਂ ਜਾ ਸਕਦੀ, ਪਰ ਹਾਂ, ਗੁਰੂ ਦੀ ਚਰਨ ਸ਼ਰਨ ਵਿਚ ਰਹਿੰਦਿਆਂ ਜੋ ਗੁਰੂ ਦੇ ਸਾਦਕਾਂ, ਸੇਵਕਾਂ ਨੂੰ ਤੱਕਿਆ ਹੈ, ਉਨ੍ਹਾਂ ਦੀ ਜੋ ਕ੍ਰਿਆ ਵੇਖਣ ਵਿਚ ਆਈ ਹੈ, ਉਸ ਉਨ੍ਹਾਂ ਦੀ ਨਿਸ਼ਕਾਮ ਕਰਨੀ ਵੱਲ ਤੱਕ ਕੇ ਜੋ ਮੇਰੇ ਅੰਤਰ ਆਤਮੇ ਭਾਵਨਾਵਾਂ ਨੇ ਜਨਮ ਲਿਆ ਹੈ ਉਨ੍ਹਾਂ ਨੂੰ ਚੰਦ ਸਤਰਾਂ ਵਿਚ ਇਉਂ ਉਲੀਕੀਆ ਹੈ।

(੧) (ਹੇ ਸਜਨੋਂ! ਗੁਰੂ ਦੀ ਸੰਗਤ ਵਿਚ ਜਦੋਂ ਭੀ ਮੈਂ ਨਜ਼ਰ ਮਾਰਦਾ ਸਾਂ ਤਾਂ ਇਉਂ ਹੀ ਤੱਕਣ ਵਿਚ ਆਉਂਦਾ ਸੀ ਕਿ ਗੁਰਮੁਖ ਸਤਿਗੁਰੂ ਜੀ ਦੇ ਫੁਲਾਂ ਸਮਾਨ) ਚਰਨ ਕਮਲਾਂ ਦੇ ਰਸ (ਭਾਵ ਪਿਆਰ) ਉਤੇ ਭਵਰਿਆਂ ਵਾਂਗ (ਪ੍ਰੀਤ ਵਾਸ਼ਨਾ) ਦੇ ਲੋਭੀ (ਭਾਵ ਚਾਹਵਾਨ) ਹਨ।

ਪ੍ਰ: ਕਿਉਂ ਜੀ, ਕੀ ਉਹ ਗੁਰਮੁਖ ਜੋਗੀਆਂ ਦੇ ਇੜਾ, ਪਿੰਗਲਾ, ਸੁਖਮਨਾ ਦੀ ਕ੍ਰਿਆ ਭਾਵ ਸਵਾਸਾਂ ਨੂੰ ਚੜ੍ਹਾਉਣਾ, ਠਹਿਰਾਉਣਾ ਅਤੇ ਉਤਾਰਨ ਆਦਿ ਕ੍ਰਿਆ ਨਹੀਂ ਕਰਦੇ ?

(੨) ਉ: (ਹੇ ਭਾਈਓ! ਅਸਲ ਵਿਚ ਉਹ ਗੁਰਮੁਖ) ਇੜਾ, ਪਿੰਗਲਾ ਤੇ ਸੁਖਮਨਾ ਲੰਘ ਕੇ (ਭਾਵ ਹੋਰ ਰਸ ਤਿਆਗ ਤੇ ਅੱਗੇ ਵੱਧ ਕੇ) ਆਪਣੇ ਘਰ (ਸ੍ਵੈ-ਸਰੂਪ) ਵਿਚ ਆ ਟਿਕਦੇ ਹਨ।

ਪ੍ਰ: ਕਿਉਂ ਜੀ! ਕੀ ਉਹ ਪੁਰਾਤਨ ਸਮੇਂ ਦਾ 'ਸੋਹੰ' ਜਾਪ ਭੀ ਨਹੀਂ ਜਪਦੇ ?

(੩) ਉ: (ਹੇ ਭਾਈਓ! ਉਹ ਗੁਰਮੁਖ) ਸੋਹੰ ਹੰਸਾ ਦੇ ਜਾਪਾਂ ਨੂੰ ਲੰਘ ਕੇ ਸ੍ਵਾਸ ਸ੍ਵਾਸ ਮਨ ਦੀ ਲਿਵ (ਗੁਰੂ ਚਰਨਾਂ ਦੇ ਜਾਪ ਭਾਵ) ਧਿਆਨ ਵਿਚ ਜੁੜ ਜਾਂਦੇ ਹਨ (ਗੁਰਮਤਿ ਵਿਚ 'ਸੋਹੰ' ਵਾਹਿਗੁਰੂ ਪਦ ਵਾਂਙ ਗੁਰਮੰਤ੍ਰ ਨਹੀਂ, ਹੋਰ ਪਦਾਂ ਵਾਂਙ ਇਕ ਨਾਮ ਹੈ।)

ਪ੍ਰ: ਕਿਉਂ ਜੀ! ਮਨ ਦੀ ਲਿਵ ਤੋਂ ਅਸਲ ਆਪ ਦਾ ਕੀ ਭਾਵ ਹੈ ?

(੪) ਉ: (ਹੇ ਭਾਈਓ! ਅਸਲ ਵਿਚ) ਲਿਵ ਦਾ ਅਚਰਜ ਤੇ ਅਨੂਪਮ ਰੂਪ ਹੈ, ਜੋ ਹਿਰਦੇ ਰੂਪ ਘਰ ਵਿਚ ਸੁਗੰਧੀ ਤੇ ਮਹਿਕਾਂ ਨੂੰ ਮਚਾ (ਭਾਵ ਤੇਜ਼ ਕਰ) ਦੇਂਦੀ ਹੈ।

(੫) (ਉਹ ਗੁਰਮੁਖ) ਸੁਖਾਂ ਦੇ ਸਾਗਰ ਜੋ ਚਰਨ ਕਮਲ ਹਨ, ਬੱਸ, ਉਨ੍ਹਾਂ ਸੁਖ ਸੰਪਟ (ਸੁਖਾਂ ਦੇ ਖ਼ਜ਼ਾਨੇ) ਵਿਚ ਹੀ ਸਮਾ ਜਾਂਦੇ ਹਨ (ਭਾਵ ਸੁਖਾਂ ਦਾ ਰੂਪ ਹੀ ਬਣ ਜਾਂਦੇ ਹਨ)।

(੬) (ਉਹ ਗੁਰਮੁਖ) ਸੁਖਾਂ ਦੇ ਫਲ ਤੇ ਪ੍ਰੇਮ ਰਸ (ਵਿਚ ਐਸੇ ਮਸਤ ਹੁੰਦੇ) ਹਨ ਕਿ ਉਹ ਦੇਹ ਤੋਂ ਬਦੇਹ (ਭਾਵ ਸਰੀਰਕ ਸੁਖ ਤੇ ਦੁਖ, ਪੀੜਾ ਨੂੰ ਮਹਿਸੂਸ ਕਰਨ ਵਾਲੀ ਹਾਲਤ ਤੋਂ ਅਗੇ) ਹੋ ਜਾਂਦੇ ਤੇ ਪਰਮ ਪਦ ਪਾਉਂਦੇ ਹਨ।

ਪ੍ਰ: ਕਿਉਂ ਜੀ, ਉਨ੍ਹਾਂ ਦੀ ਸੰਗਤ ਕਰਨ ਵਾਲੇ ਕਿਸੇ ਹੋਰ ਨੂੰ ਭੀ ਕੋਈ ਲਾਭ ਹਾਸਲ ਹੁੰਦਾ ਹੈ।

(੭) ਉ: (ਹੇ ਭਾਈਓ! ਐਸੇ ਗੁਰਮੁਖਾਂ ਦੀ) ਸੰਗਤ ਵਿਚ ਮਿਲਣ ਕਰਕੇ (ਉਸ) ਨ ਜਾਣੇ ਜਾਣ ਵਾਲੇ ਪ੍ਰਭੂ ਦੀ ਲਖਤਾ (ਭਾਵ ਪਛਾਣ) ਹੋ ਆਉਂਦੀ ਹੈ।੧੧।

*ਭਾਵਾਰਥ :* ਗੁਰਮੁਖ ਇੜਾ, ਪਿੰਗਲਾ, ਸੁਖਮਨਾ ਆਦਿ

ਦੀ ਕ੍ਰਿਆ ਤੋਂ ਲੰਘ ਕੇ ਕੇਵਲ ਗੁਰੂ ਦੇ ਚਰਨ ਕਮਲਾਂ ਦੇ ਪ੍ਰੇਮ ਰਸ ਦੀ ਮਸਤੀ ਵਿਚ ਹੀ ਸਦਾ ਮਸਤ ਰਹਿੰਦੇ ਹਨ, ਕਿਉਂਕਿ ਗੁਰੂ ਦੇ ਚਰਨ ਕਮਲ ਸੁਖਾਂ ਦੇ ਸਾਗਰ ਹਨ, ਉਹ ਉਸੇ ਸੁਖ ਸੰਪਟ ਵਿਚ ਸਮਾ ਜਾਂਦੇ ਹਨ, ਜਿਥੇ ਪੁੱਜ ਕੇ ਸਰੀਰਕ ਸੁਖ ਦੁਖ ਦੀ ਕੋਈ ਭੀ ਮਹਿਸੂਸਤਾ ਨਹੀਂ ਹੁੰਦੀ, ਭਾਵ ਉਨ੍ਹਾਂ ਦੀ ਮਾਨਸਕ ਅਵਸਥਾ ਇਹੋ ਜਿਹੀ ਹੋ ਆਉਂਦੀ ਹੈ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਇਉਂ ਫ਼ੁਰਮਾਇਆ ਹੈ ਕਿ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥੧॥ਰਹਾਉ॥ ਅੰਗ ੬੩੩

ਅਜਿਹੇ ਗੁਰਮੁਖਾਂ ਦੀ ਸੰਗਤ ਕਰਨ ਵਾਲੇ ਸੰਗੀ ਨੂੰ ਭੀ ਉਸ ਰੱਬੀ ਮਾਰਗ 'ਤੇ ਟੁਰਦੇ ਰਹਿਣ ਦੀ ਪ੍ਰੇਰਨਾ ਮਿਲਦੀ ਰਹਿੰਦੀ ਹੈ ਜਿਸ ਦਾ ਸਦਕਾ ਉਹ ਭੀ ਸਹਿਜੇ ਸਹਿਜੇ ਅਲੱਖ ਸਰੂਪ ਦੀ ਲਖਤਾ ਹਾਸਲ ਕਰ ਲੈਂਦਾ ਹੈ।

## ੧੨. ਹੱਥਾਂ ਦੀ ਸਫਲਤਾ

੧. ਗੁਰਮੁਖ ਹੱਥ ਸਕੱਥ ਹਨ
ਸਾਧਸੰਗਤ ਗੁਰ ਕਾਰ ਕਮਾਵੈ।
੨. ਪਾਣੀ ਪੱਖਾ ਪੀਹਣਾ
ਪੈਰ ਧੋਇ ਚਰਣਾਮ੍ਰਿਤ ਪਾਵੈ।
੩. ਗੁਰਬਾਣੀ ਲਿਖ ਪੋਥੀਆਂ
ਤਾਲ ਮ੍ਰਿਦੰਗ ਰਬਾਬ ਵਜਾਵੈ।
੪. ਨਮਸਕਾਰ ਡੰਡੌਤ ਕਰ
ਗੁਰ ਭਾਈ ਗਲ ਮਿਲ ਗਲ ਲਾਵੈ।
੫. ਕਿਰਤ ਵਿਰਤ ਕਰ ਧਰਮ ਦੀ
ਹੱਥਹੁ ਦੇ ਕੇ ਭਲਾ ਮਨਾਵੈ।
੬. ਪਾਰਸ ਪਰਸ ਅਪਰਸ ਹੋਇ
ਪਰ ਤਨ ਪਰ ਧਨ ਹੱਥ ਨ ਲਾਵੈ।
੭. ਗੁਰਸਿਖ ਗੁਰਸਿਖ ਪੂਜ ਕੇ
ਭਾਇ ਭਗਤਿ ਭੈ ਭਾਣਾ ਭਾਵੈ।
੮. ਆਪ ਗਵਾਇ ਨ ਆਪ ਗਣਾਵੈ ॥੧੨॥

**ਪਦ ਅਰਥ :** ਸਕੱਥ—ਸਫਲ। ਪੀਹਣਾ—ਚੱਕੀ ਪੀਹਣੀ। ਤਾਲ—ਕੈਸੀਆ। ਕਿਰਤ ਵਿਰਤ—ਕੰਮ-ਕਾਜ। ਪਾਰਸ—ਗੁਰੂ ਸਿਖਿਆ, ਸਬਦ। ਭਾਇ ਭਗਤਿ— ਪ੍ਰੇਮਾ- ਭਗਤੀ।

**ਅਰਥ :**

ਪ੍ਰ: ਭਾਈ ਸਾਹਿਬ ਜੀ! ਇਸ ਵਿਚ ਤਾਂ ਕਿਸੇ ਨੂੰ ਕੋਈ ਭੀ ਸ਼ੱਕ ਨਹੀਂ ਕਿ ਉਸ ਕਾਦਰ ਕਰੀਮ ਨੇ ਆਪਣੀ ਕੁਦਰਤ ਰਾਹੀਂ ਇਸ ਪ੍ਰਪੰਚ ਦੀ ਘਾੜਤ ਨੂੰ ਘੜਿਆ ਹੈ ਤੇ ਇਸ ਵਿਚ ਪੰਜਾਂ ਤੱਤਾਂ ਰਾਹੀ ਇਨ੍ਹਾਂ ਮਨੁੱਖਾ ਦੀਆ ਦੇਹਾਂ ਨੂੰ ਸਾਜਿਆ ਹੈ, ਪਰ, ਜਿਥੇ ਤੁਸੀ ਇਹ ਖਿਆਲ ਦੇਂਦੇ ਹੋ ਕਿ ਆਮ ਮਨੁੱਖਾਂ ਨਾਲੋਂ ਗੁਰਮੁਖਾ ਦੀ ਮਾਨਸਕ ਅਵੱਸਥਾ ਬਹੁਤ ਉਚੇਰੀ ਹੈ, ਜਿਸਨੂੰ ਬਿਆਨਿਆ ਨਹੀਂ ਜਾ ਸਕਦਾ? ਇਹ ਤਾਂ ਮੰਨਣ ਵਿਚ ਆ ਸਕਦਾ ਹੈ, ਪਰ ਜਿਥੇ ਤੱਕ ਸਰੀਰਾਂ ਦਾ ਸੰਬੰਧ ਹੈ ਉਥੇ ਤੱਕ ਤਾਂ ਇਹੋ ਮੰਨਣਾ ਪਵੇਗਾ ਕਿ ਆਮ ਲੋਕਾਂ ਨਾਲੋਂ ਗੁਰਮੁਖਾਂ ਦੇ ਸਰੀਰਾਂ ਵਿਚ ਕੋਈ ਭਿੰਨ ਭੇਦ ਨਹੀਂ, ਕਿਉਂ ਜੀ, ਕੀ ਤੁਸੀਂ ਭੀ ਇਸੇ ਵੀਚਾਰ ਨਾਲ ਸਹਿਮਤ ਹੋ?

ਉ: ਹੇ ਭਾਈਓ! ਇਹ ਤਾਂ ਠੀਕ ਮੰਨਣ ਵਿਚ ਆਉਂਦਾ ਹੈ ਕਿ ਬਾਹਰੋਂ ਵੇਖਣ ਵਿਚ ਸਾਰੇ ਅਸਥੂਲ ਸਰੀਰਾਂ ਦੀ ਸਮਾਨਤਾ ਹੈ, ਪਰ ਜਦੋਂ ਵੀਚਾਰ ਦ੍ਰਿਸ਼ਟੀ ਦੁਆਰੇ ਤੱਕੀਏ ਤਾਂ ਆਮ ਲੋਕਾਂ ਦੇ ਸਰੀਰਾਂ ਨਾਲੋਂ ਗੁਰਮੁਖਾਂ ਦੇ ਸਰੀਰਾਂ ਵਿਚ ਭਾਵ ਸਰੀਰ ਦੇ ਹਰ ਅੰਗ ਵਿਚ ਵਿਲੱਖਣਤਾ ਸਫਲਤਾ ਨਜ਼ਰ ਆਵੇਗੀ, ਭਾਵ ਹੈ ਜਿਥੇ ਆਮ ਲੋਕਾ ਦੇ ਸਰੀਰਕ ਅੰਗ ਕੁਕਿਰਤ ਵਿਚ ਪ੍ਰਵਿਰਤ ਰਹਿੰਦੇ ਹਨ ਉਥੇ ਗੁਰਮੁਖਾਂ ਦੇ ਸਾਰੇ ਅੰਗ ਸੁਕ੍ਰਿਤ ਵਿਚ ਲਗੇ ਰਹਿਣ ਕਰਕੇ ਸਫਲ ਮੰਨੇ ਜਾਂਦੇ ਹਨ। ਇਥੇ ਵਧੇਰੇ ਤਾਂ ਨਹੀਂ ਪਰ ਕੁਝ ਕੁ ਅੰਗਾ ਦੀ ਸਫਲਤਾ ਬਾਰੇ ਜੋ ਮੈਨੂੰ ਗੁਰਬਾਣੀ ਵਿਚੋਂ ਪ੍ਰੇਰਨਾ ਮਿਲੀ ਹੈ ਉਸਨੂੰ ਮੈਂ ਸੰਪੂਰਨ ਰੂਪ ਵਿਚ ਤਾਂ ਅੰਕਤ ਨਹੀ ਕਰ ਸਕਦਾ, ਪਰ ਹਾਂ, ਚੰਦ ਸਤਰਾਂ ਰਾਹੀਂ ਮੁਖ ਭਾਵ ਉਲੀਕਣ ਦਾ ਉਦਮ ਕਰਦਾ ਹਾ—

(੧) (ਹੇ ਭਾਈਓ! ਜਦੋ ਅਸੀ ਗੁਰਬਾਣੀ ਦੀ ਰੌਸ਼ਨੀ ਵਿਚ ਤੱਕੀਏ ਤਾਂ ਸਾਨੂੰ ਨਜ਼ਰ ਆਵੇਗਾ ਕਿ) ਉਨ੍ਹਾ ਗੁਰਮੁਖਾ ਦੇ ਹੱਥ ਸਫਲ ਹਨ, ਜੋ ਸਾਧ ਸੰਗਤ ਤੇ ਗੁਰੂ ਦੀ ਕਾਰ (ਭਾਵ ਸੇਵਾ) ਕਰਦੇ ਹਨ।

(੨) ਸੰਗਤ ਨੂੰ ਪੱਖਾ ਝਲਦੇ (ਲੰਗਰ ਲਈ) ਦਾਣੇ ਪੀਂਹਦੇ ਤੇ ਪਾਣੀ ਢੋਂਦੇ ਹਨ (ਆਏ ਗੁਰਸਿਖ ਦੇ) ਪੈਰ ਧੋਂਦੇ ਤੇ ਗੁਰੂ ਦੇ ਚਰਣਾਮ੍ਰਿਤ ਨੂੰ ਪਾਉਂਦੇ (ਪੀਂਦੇ) ਹਨ।

(੩) ਗੁਰਬਾਣੀ ਦੀਆਂ ਪੋਥੀਆ ਜਾਂ ਗੁਟਕੇ ਲਿਖ ਕੇ (ਹੋਰਨਾਂ ਨੂੰ ਗੁਰਬਾਣੀ ਪੜ੍ਹਨ ਲਈ ਦੇਂਦੇ) ਕੀਰਤਨ ਦਾ ਅਨੰਦ ਲੈਣ ਲਈ ਜੋੜੀ, ਮ੍ਰਿਦੰਗ ਤੇ ਰਬਾਬ ਆਦਿਕ ਵਜਾਉਂਦੇ ਹਨ।

(੪) ਨਮਸਕਾਰ ਤੇ ਡੰਡਉਤ ਕਰਕੇ, ਗੁਰ ਭਾਈਆਂ ਨੂੰ ਮਿਲਦੇ, ਗਲ ਨਾਲ ਲਾਉਂਦੇ (ਭਾਵ ਛਾਤੀ ਨਾਲ ਲਾ ਕੇ ਪ੍ਰੇਮ ਨਾਲ ਮਿਲਦੇ ਹਨ।)

(੫) ਧਰਮ ਦੀ ਕ੍ਰਿਤ ਕਰਕੇ ਉਪਜੀਵਕਾ ਤੋਰਦੇ (ਭਾਵ ਵੱਢੀ ਜਾਂ ਹਰਾਮਖੋਰੀ ਦੀ ਕ੍ਰਿਤ ਨਹੀਂ ਕਰਦੇ) ਉਸ ਵਿਚੋਂ (ਦਸਵੰਧ ਤੇ ਹੋਰ ਦਾਨ) ਹਥੋਂ ਦੇ ਕੇ ਭਲਾ ਮਨਾਉਂਦੇ (ਪੁੰਨ ਸਮਝਦੇ) ਹਨ।

(੬) (ਗੁਰ ਸ਼ਬਦ, ਜਾਂ ਗੁਰੂ ਚਰਨਾਂ ਦੇ) ਪਾਰਸ ਨੂੰ ਪਰਸ ਕੇ (ਛੂਹ ਕੇ) ਉਹ ਅਪਰਸ (ਤਿਆਗੀ) ਹੋ ਜਾਂਦੇ ਹਨ ਤੇ ਪਰ ਇਸਤ੍ਰੀ ਤੇ ਪਰ ਧਨ ਨੂੰ ਹੱਥ ਨਹੀਂ ਲਾਉਂਦੇ (ਇਨ੍ਹਾਂ ਨੂੰ ਵੱਡੇ ਅਉਗਣ ਤੇ ਉੱਤਮ ਅਤੇ ਵੱਡੇ ਭਾਗਾਂ ਨਾਲ ਪ੍ਰਾਪਤ ਹੋਈ ਗੁਰਸਿੱਖੀ ਤੋਂ ਡਿਗਣਾ ਸਮਝਦੇ ਹਨ)।

(੭) ਕੋਈ ਗੁਰੂ ਦਾ ਪ੍ਰੇਮੀ ਸਿਖ ਮਿਲੇ ਤਾਂ ਉਸਦੀ ਪੂਜਾ ਕਰਨ ਵਾਂਗ ਆਉਭਗਤ ਕਰਦੇ ਗਲ ਨਾਲ ਮਿਲਦੇ ਗੁਰੂ ਦਾ ਭੈ ਤੇ ਭਾਵਨਾ ਅਤੇ ਭਾਣੇ ਵਿਚ (ਚਲਣ ਦੀਆਂ ਕਥਾਵਾਂ ਕਰਦੇ) ਰਹਿੰਦੇ ਹਨ।

(੮) (ਇਹੋ ਜਿਹੇ ਉੱਤਮ ਗੁਰਸਿੱਖ) ਆਪਾ ਭਾਵ ਗਵਾ ਕੇ, ਆਪੇ ਨੂੰ ਕਦੇ ਭੀ ਨਹੀਂ ਜਣਾਉਂਦੇ।੧੨।

*ਭਾਵਾਰਥ :* ਉਸ ਪਰੀ ਪੂਰਨ ਪ੍ਰਮਾਤਮਾ ਨੇ ਸਾਰੇ ਸਰੀਰਾਂ ਨੂੰ ਅੰਗ ਪ੍ਰਤੰਗ ਤਾਂ ਇਸੇ ਲਈ ਲਗਾਏ ਹਨ ਕਿ ਸਾਰੇ ਮਨੁੱਖ ਇਨ੍ਹਾਂ ਅੰਗਾਂ ਨਾਲ ਕਿਰਤ ਕਰਦੇ ਰਹਿਣ। ਕਿਰਤ ਤਾਂ ਕਰਨੀ ਹੀ ਚਾਹੀਦੀ ਹੈ ਪਰ ਗੁਰਮੁਖ ਜੋ ਰੱਬੀ ਮਾਰਗ ਤੇ ਚਲਣ ਵਾਲੇ ਹਨ ਉਹ ਸਦਾ ਹੀ ਗੁਰੂ ਦੀ ਦਿੱਤੀ ਸਿਖਿਆ ਦੁਆਰੇ ਉਹੀ ਸਫਲ ਕ੍ਰਿਤ ਕਰਦੇ ਹਨ ਜੋ ਗੁਰੂ ਦੇ ਦਰ ਪ੍ਰਵਾਨ ਹੋਵੇ ਅਤੇ ਰੱਬੀ ਦਰਗਾਹ ਵਿਚ ਭੀ ਮੁਖ ਉੱਜਲਾ ਹੋਵੇ।

## ੧੩. ਪੈਰਾਂ ਦੀ ਸਫਲਤਾ

**੧. ਗੁਰਮੁਖ ਪੈਰ ਸਕਾਰਥੇ**
**ਗੁਰਮੁਖ ਮਾਰਗ ਚਾਲ ਚਲੰਦੇ।**
**੨. ਗੁਰੂ ਦੁਆਰੈ ਜਾਣ ਚੱਲ**
**ਸਾਧ ਸੰਗਤਿ ਚੱਲ ਜਾਇ ਬਹੰਦੇ।**
**੩. ਧਾਵਨ ਪਰਉਪਕਾਰ ਨੋਂ**
**ਗੁਰਸਿੱਖਾਂ ਨੋ ਖੋਜ ਲਹੰਦੇ।**
**੪. ਦੁਬਿਧਾ ਪੰਥ ਨ ਧਾਵਨੀ**
**ਮਾਯਾ ਵਿੱਚ ਉਦਾਸ ਰਹੰਦੇ।**
**੫. ਬੰਦ ਖਲਾਸੀ ਬੰਦਗੀ**
**ਵਿਰਲੇ ਕੋਈ ਹੁਕਮੀ ਬੰਦੇ।**
**੬. ਗੁਰਸਿਖਾਂ ਪਰਦੱਖਣਾ**
**ਪੈਰੀਂ ਪੈ ਰਹਿਰਾਸ ਕਰੰਦੇ।**
**੭. ਗੁਰ ਚੇਲੇ ਪਰਚੇ ਪਰਚੰਦੇ ॥੧੩॥**

*ਪਦ ਅਰਥ :* ਸਕਾਰਥੇ—ਸਫਲ। ਗੁਰਮੁਖ ਮਾਰਗ—ਗੁਰਸਿੱਖੀ ਦਾ ਰਸਤਾ। ਖੋਜਿ—ਢੂੰਡ ਕੇ। ਦੁਬਿਧਾ—ਦੁਚਿਤੀ, ਝਗੜੇ ਜਾਂ ਆਪਾ ਭਾਵ। ਪਰਚੇ—ਪ੍ਰੇਮ ਵਿਚ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਨੇ ਗੁਰਮੁਖਾਂ ਦੇ ਹੱਥਾਂ ਦੀ ਸਫਲਤਾ ਦਾ ਸਾਧਨ ਸਾਧ ਸੰਗਤ ਤੇ ਗੁਰੂ ਦੀ ਸੇਵਾ ਕਰਦੇ ਰਹਿਣ ਨੂੰ ਦਰਸਾਇਆ ਹੈ, ਉਥੇ ਆਪ ਜੀ ਇਹ ਭੀ ਦੱਸਣ ਦੀ ਕ੍ਰਿਪਾ ਕਰੋ ਕਿ ਗੁਰਮੁਖਾਂ ਦੇ ਪੈਰਾਂ ਦੀ ਸਫਲਤਾ ਕਿਵੇਂ ਹੁੰਦੀ ਹੈ?

ਉ: ਹੇ ਭਾਈਓ! ਗੁਰਬਾਣੀ ਦੀ ਪੜਚੋਲ ਕਰਦਿਆਂ ਜਿਥੇ ਮੈਨੂੰ ਹੱਥਾਂ ਦੇ ਸੰਬੰਧ ਵਿਚ ਇਉਂ ਪੜ੍ਹਨ ਵਿਚ ਆਇਆ ਹੈ ਕਿ:

ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥
*(ਪੰਨਾ ੧੩੯੪)*

ਉਥੇ ਪੈਰਾਂ ਸੰਬੰਧੀ ਭੀ ਅਜਿਹਾ ਹੀ ਫੁਰਮਾਨ ਆਇਆ ਹੈ ਕਿ:

ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿਰਯ॥
*(ਪੰਨਾ ੧੩੯੪)*

ਭਾਵ ਹੈ, ਕਿ ਗੁਰਬਾਣੀ ਦੇ ਲਿਖਣ ਜਾਂ ਵੀਚਾਰ ਕਰਨ ਸਮੇਂ ਜੋ ਮੇਰੇ ਮਨ ਵਿਚ ਭਾਵਨਾਵਾਂ ਨੇ ਜਨਮ ਲਿਆ ਹੈ, ਉਨ੍ਹਾਂ ਤੋਂ ਪਰਭਾਵਤ ਹੋ ਮੈਂ ਹੇਠ ਲਿਖੇ ਅਨੁਸਾਰ ਚੰਦ ਪੰਗਤੀਆਂ ਉਲੀਕੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ!) ਗੁਰਮੁਖਾਂ ਦੇ ਪੈਰ ਸਫਲੇ ਹਨ, ਜੋ ਗੁਰਸਿੱਖੀ ਮਾਰਗ ਤੇ (ਠੀਕ ਤੌਰ ਤੇ ਦ੍ਰਿੜ੍ਹਤਾ ਨਾਲ) ਚਲਦੇ ਹਨ (ਅਤੇ ਹੋਰਨਾਂ ਨੂੰ ਭੀ ਚਲੌਂਦੇ ਹਨ)।

(੨) ਗੁਰੂ ਜੀ ਦੇ ਦਰਬਾਰ ਵਿਚ ਜਾ ਕੇ (ਸ਼ਬਦ ਸੁਣਨ ਲਈ) ਸਾਧ ਸੰਗਤ ਵਿਖੇ ਬੈਠਦੇ ਹਨ।
(੩) ਪਰੋਪਕਾਰ ਦੇ ਕੰਮਾਂ ਲਈ (ਭਾਵੇਂ ਉਹ ਕਿੰਨਾ ਹੀ ਪੈਂਡਾ ਕਿਉਂ ਨ ਹੋਵੇ) ਦੌੜ ਕੇ ਜਾਂਦੇ ਹਨ, ਗੁਰਸਿੱਖਾਂ ਨੂੰ ਢੂੰਡ ਕੇ ਲੱਭਦੇ ਹਨ।
(੪) ਦੁਬਿਧਾ ਦੇ ਪੰਥਾਂ (ਅਨਮਤਾਂ) ਵਿਚ ਨਹੀਂ ਜਾਂਦੇ, ਮਾਇਆ ਵਿਚ ਉਦਾਸ ਰਹਿੰਦੇ ਹਨ।
ਪ੍ਰ: ਭਾਈ ਸਾਹਿਬ ਜੀਓ! ਤੁਹਾਡੀਆਂ ਨਜ਼ਰਾਂ ਵਿਚ ਅਜਿਹੇ ਮਾਇਆ ਵਿਚ ਨਿਰਲੇਪ ਜੀਵਨ ਗੁਜ਼ਾਰਨ ਵਾਲੇ ਕਿਤਨੇ ਕੁ ਬੰਦੇ ਹਨ?
(੫) ਉ: ਹੇ ਭਾਈ! ਬੰਦ ਖਲਾਸੀ (ਮੁਕਤੀ ਤਾਂ ਪ੍ਰਭੂ ਦੀ) ਬੰਦਗੀ (ਭਜਨ ਸਿਮਰਨ) ਨਾਲ ਹੀ ਹੁੰਦੀ ਹੈ, ਪਰ ਅਜਿਹੇ ਬੰਦਗੀ ਵਾਲੇ ਕੋਈ ਵਿਰਲੇ ਹੀ ਪੁਰਸ਼ ਹੁੰਦੇ ਹਨ। ਕਿਉਂਕਿ ਗੁਰੂ ਫ਼ੁਰਮਾਨ ਹੈ ਕਿ:

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥੧॥
(ਪੰਨਾ ੪੯੫)

(੬) ਜੋ (ਪਹਿਲੇ) ਗੁਰਸਿੱਖਾਂ ਦੀਆਂ ਪਰਦਖਣਾ (ਸਤਿਕਾਰ ਨਾਲ) ਕਰਦੇ ਤੇ ਫਿਰ ਪੈਰੀਂ ਪੈਂਦੇ ਹਨ ਤੇ ਗੁਰਸਿੱਖੀ ਦੀ ਇਸ ਰਹੁ-ਰੀਤ ਨੂੰ ਅਪਣਾ ਕੇ ਆਪਣੀ ਜ਼ਿੰਦਗੀ ਦਾ ਅੰਗ ਬਣਾ ਲੈਂਦੇ ਹਨ।
(੭) (ਤੇ ਫਿਰ ਉਹ) ਗੁਰੂ ਚੇਲੇ ਦੀ (ਸੱਚੀ ਪ੍ਰੀਤੀ) ਪ੍ਰੇਮਾ ਭਗਤੀ ਦੇ ਪ੍ਰੇਮ ਰਸ ਵਿਚ ਪਰਚ ਜਾਂਦੇ ਹਨ (ਭਾਵ ਇਸੇ ਕੰਮ ਵਿਚ ਹੀ ਲੱਗ ਜਾਂਦੇ ਹਨ)।੧੩।

***ਭਾਵਾਰਥ:*** ਇਸ ਤਰ੍ਹਾਂ ਗੁਰਮੁਖ ਆਪਣੇ ਬਾਕੀ ਦੇ ਸਰੀਰਕ ਅੰਗਾਂ ਨੂੰ ਭੀ ਸਾਧ ਸੰਗਤ ਦੀ ਸੇਵਾ ਵਿਚ ਲਗਿਆਂ ਸਫਲ ਅਨੁਭਵ ਕਰਦੇ ਹਨ; ਪਰ ਜੋ ਸਰੀਰ ਦੇ ਇੰਦ੍ਰੇ ਗੁਰੂ ਦੇ ਫ਼ੁਰਮਾਨ ਦੀ ਉਲੰਘਣਾ ਕਰਦੇ ਹਨ ਉਨ੍ਹਾਂ ਨੂੰ ਘਿਰਣਾ ਦੀਆਂ ਨਜ਼ਰਾਂ ਨਾਲ ਤੱਕਦੇ ਹੋਏ ਸਦਾ ਇਉਂ ਹੀ ਤਾੜਨਾ ਕਰਦੇ ਰਹਿੰਦੇ ਹਨ, ਜਿਵੇਂ ਕਿ ਉਨ੍ਹਾਂ ਨੇ ਗੁਰਬਾਣੀ ਵਿਚੋਂ ਰੱਬੀ ਬਾਣੀ ਦਾ ਇਲਾਹੀ ਸੰਦੇਸ਼ ਸਰਵਣ ਕੀਤਾ ਹੈ:

ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥
ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥
ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ॥੧੪॥
(ਪੰਨਾ ੧੩੬੨)

ਇਸੇ ਤਰ੍ਹਾਂ ਹੋਰ ਭੀ ਬਾਣੀ ਦੇ ਸੰਦੇਸ਼ ਉਨ੍ਹਾਂ ਦੇ ਦ੍ਰਿਸ਼ਟੀ-ਗੋਚਰ ਰਹਿੰਦੇ ਹਨ, ਜਿਵੇਂ ਕਿ:

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ
ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥
(ਪੰਨਾ ੯੨੨)

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥
ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ
ਸਾਚੈ ਸੁਨਣੈ ਨੋ ਪਠਾਏ॥੩੭॥ (ਪੰਨਾ ੯੨੨)

ਫਿਰ ਸਾਰੇ ਸਰੀਰ ਨੂੰ ਗੁਰੂ ਫ਼ੁਰਮਾਨ ਦੁਆਰੇ ਸੰਬੋਧਨ ਕਰਦੇ ਹਨ:

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ
ਕਿਆ ਤੁਧੁ ਕਰਮ ਕਮਾਇਆ॥
ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ॥
ਜਿਨਿ ਹਰਿ ਤੇਰਾ ਰਚਨੁ ਰਚਿਆ
ਸੋ ਹਰਿ ਮਨਿ ਨ ਵਸਾਇਆ॥
ਗੁਰ ਪਰਸਾਦੀ ਹਰਿ ਮੰਨਿ ਵਸਿਆ
ਪੂਰਬਿ ਲਿਖਿਆ ਪਾਇਆ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ॥੩੫॥
(ਪੰਨਾ ੯੨੨)

## ੧੪. ਗੁਰਮੁਖ ਪਰੋਪਕਾਰੀ ਹਨ

**੧. ਗੁਰਸਿੱਖ ਮਨ ਪਰਗਾਸ ਹੈ**
**ਪਿਰਮ ਪਿਆਲਾ ਅਜਰ ਜਰੰਦੇ।**

੨. ਪਾਰਬ੍ਰਹਮ ਪੂਰਨ ਬ੍ਰਹਮ
ਬ੍ਰਹਮ ਬਿਬੇਕੀ ਧਿਆਨ ਧਰੰਦੇ।
੩. ਸ਼ਬਦ ਸੁਰਤਿ ਲਿਵਲੀਣ ਹੋ
ਅਕਥ ਕਥਾ ਗੁਰ ਸਬਦ ਸੁਣੰਦੇ।
੪. ਭੂਤ ਭਵਿੱਖਹੁ ਵਰਤਮਾਨ
ਅਬਿਗਤਿ ਗਤਿ ਅਤਿ ਅਲਖ ਲਖੰਦੇ।
੫. ਗੁਰਮੁਖ ਸੁਖ ਫਲ ਅਛਲ ਛਲ
ਭਗਤ ਵਛਲ ਕਰ ਅਛਲ ਛਲੰਦੇ।
੬. ਭਵਜਲ ਅੰਦਰ ਬੋਹਿਥੈ
ਇੱਕਸ ਪਿਛੇ ਲੱਖ ਤਰੰਦੇ।
੭. ਪਰਉਪਕਾਰੀ ਮਿਲਨ ਹਸੰਦੇ ॥੧੪॥

*ਪਦ ਅਰਥ :* ਪਿਰਮ ਪਿਆਲਾ—ਪ੍ਰੇਮ ਦਾ ਪਿਆਲਾ। ਬ੍ਰਹਮ ਬਿਬੇਕੀ—ਬ੍ਰਹਮ ਦੇ ਵਿਚਾਰਵਾਨ, ਗਿਆਨੀ। ਅਬਿਗਤਿ—ਉਹ ਹਾਲਤ ਜਿਸਨੂੰ ਕੋਈ ਜਾਣ ਨਹੀਂ ਸਕਦਾ। ਬੋਹਿਥੈ—ਜਹਾਜ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਉਨ੍ਹਾਂ ਗੁਰਮੁਖਾਂ ਦੀ ਸਰੀਰਕ ਕ੍ਰਿਆ ਦਾ ਜ਼ਿਕਰ ਕਰਦੇ ਆ ਰਹੇ ਹੋ, ਜਿਨ੍ਹਾਂ ਨੇ ਸਾਧ ਸੰਗਤ ਵਿਚ ਰਹਿੰਦਿਆਂ ਆਪਣੇ ਸਰੀਰ ਅਤੇ ਸਰੀਰ ਦੇ ਸਮੂਹ ਇੰਦ੍ਰਿਆਂ ਨੂੰ ਸੇਵਾ ਕਰਦਿਆਂ ਸਫਲ ਕਰ ਲਿਆ ਹੈ, ਕਿਉਂ ਜੀ, ਕੀ ਉਨ੍ਹਾਂ ਦੀ ਮਾਨਸਕ ਅਵਸਥਾ ਦੀ ਰੂਪ ਰੇਖਾ ਤੋਂ ਭੀ ਜਾਣੂ ਕਰਾਓਗੇ, ਤਾਂਕਿ ਸਾਡੇ ਮਨਾਂ ਵਿਚ ਭੀ ਕੁਝ ਉਤਸ਼ਾਹ ਦਾ ਜਨਮ ਹੋ ਸਕੇ ?

ਉ: ਹੇ ਸਜਨੋਂ ! ਉਨ੍ਹਾਂ ਗੁਰਮੁਖਾਂ ਦੇ ਸਰੀਰਾਂ ਦੀ ਕ੍ਰਿਆ ਤਾਂ ਪ੍ਰਤੱਖ ਵੇਖਣ ਵਿਚ ਆਉਂਦੀ ਹੈ ਜਿਨ੍ਹਾਂ ਬਾਰੇ ਮੈਂ ਕੁਝ ਕਹਿਣ ਦਾ ਯਤਨ ਕੀਤਾ ਹੈ, ਪਰ ਹਾਂ, ਉਨ੍ਹਾਂ ਦੀ ਜੋ ਗੁਪਤ ਮਾਨਸਕ ਅਵਸਥਾ ਹੈ, ਉਸ ਬਾਰੇ ਕੁਝ ਭੀ ਕਹਿਣਾ ਕਠਨ ਹੀ ਨਹੀਂ ਸਗੋਂ ਅਸੰਭਵ ਹੈ, ਕਿਉਂਕਿ ਉਨ੍ਹਾਂ ਦੇ ਮਨ ਦੀਆਂ ਉਡਾਣਾਂ ਦਾ ਵੇਗ ਇਤਨੀਆਂ ਉਚਾਣਾਂ ਤੇ ਜਾ ਪੁੱਜਾ ਹੈ, ਜਿਸਨੂੰ ਅਨੁਭਵ ਨਹੀ ਕੀਤਾ ਜਾ ਸਕਦਾ। ਉਨ੍ਹਾਂ ਨੂੰ ਜੋ ਰਸ ਪ੍ਰਾਪਤ ਹੋਇਆ ਹੈ, ਉਸ ਰਸ ਦਾ ਅਨੰਦ ਉਹ ਆਪ ਹੀ ਅਨੁਭਵ ਕਰਦੇ ਹਨ, ਉਹ ਤਾਂ ਖ਼ੁਦ ਵੀ ਉਸਨੂੰ ਕਹਿਣ ਵਲੋਂ ਅਸਮਰੱਥ ਹੋ ਜਾਂਦੇ ਹਨ। ਇਸ ਅਸਮਰੱਥਾ ਦਾ ਜ਼ਿਕਰ ਸੰਤ ਕਬੀਰ ਜੀ ਆਪਣੀ ਰਚਨਾ ਵਿਚ ਇਉਂ ਨਿਰੂਪਨ ਕਰਦੇ ਹਨ, ਜਿਵੇਂ ਕਿ :

ਕਹੁ ਕਬੀਰ ਗੂੰਗੈ ਗੁੜ ਖਾਇਆ
ਪੂਛੇ ਤੇ ਕਿਆ ਕਹੀਐ ॥੪॥੭॥੫੧॥ *(ਪੰਨਾ ੩੩੪)*

ਭਾਵ ਹੈ, ਜਦੋਂ ਕਿਸੇ ਗੂੰਗੇ ਨੂੰ ਗੁੜ ਖਵਾ ਕੇ ਪੁੱਛਿਆ ਜਾਏ ਕਿ ਤੈਨੂੰ ਕਿਹੋ ਜਿਹਾ ਰਸ ਆਇਆ ਤਾਂ ਉਹ ਦੱਸ ਨਹੀਂ ਸਕਦਾ ਕਿਉਂਕਿ ਉਸ ਪਾਸ ਦੱਸਣ ਦਾ ਸਾਧਨ ਜ਼ੁਬਾਨ ਨਹੀਂ ਹੈ, ਇਸੇ ਤਰ੍ਹਾਂ ਜਿਸ ਅਕਹਿ ਰਸ ਦੀ ਪ੍ਰਾਪਤੀ ਉਨ੍ਹਾਂ ਗੁਰਮੁਖ ਭਗਤ ਜਨਾਂ ਨੂੰ ਹੋਈ ਹੈ, ਉਸ ਨੂੰ ਉਹ ਦੱਸ ਨਹੀਂ ਸਕਦੇ, ਕਿਉਂਕਿ ਉਹ ਰਸ ਤ੍ਰੈਗੁਣਾਂ ਤੋਂ ਅਤੀਤ ਹੈ, ਕਥਨ ਉਸੇ ਪਦਾਰਥ ਦਾ ਕੀਤਾ ਜਾਂਦਾ ਹੈ ਜੋ ਤ੍ਰਿਗੁਣੀ ਪਦਾਰਥ ਹੈ।

ਜੇ ਅਸਥੂਲ ਰੂਪ ਵਿਚ ਸਮਝਣਾ ਚਾਹੀਏ ਤਾਂ ਅਸੀਂ ਇਉਂ ਭੀ ਕਹਿ ਸਕਦੇ ਹਾਂ ਕਿ ਇਕ ਪੰਛੀ ਧਰਤੀ ਤੋਂ ਉਡਾਰੀ ਮਾਰਦਾ ਹੈ ਉਸਦੇ ਖੰਭਾਂ ਦੀ ਹਿਲ ਜੁਲ ਥੋੜ੍ਹੀ ਹੀ ਦੂਰੀ ਤੱਕ ਹੁੰਦੀ ਹੈ, ਪਰ ਆਕਾਸ਼ ਵਿਚ ਉਚਾ ਜਾਣ ਸਮੇਂ ਉਸ ਪੰਛੀ ਦੇ ਪੰਖਾਂ ਦੀ ਹਰਕਤ ਰੁੱਕ ਜਾਂਦੀ ਹੈ। ਇਸੇ ਤਰ੍ਹਾਂ ਗੁਰਮੁਖਾਂ ਦੀ ਸੁਰਤ ਭੀ ਜਦੋਂ ਸਿਖਰਾਂ ਤੇ ਪੁੱਜ ਜਾਂਦੀ ਹੈ ਉਥੇ ਜਾ ਕੇ ਤਾਂ ਮਨ ਭੀ ਨਹੀਂ ਰਹਿੰਦਾ, ਕਿਉਂਕਿ ਸ਼ਾਸਤ੍ਰਾਂ ਅਨੁਸਾਰ ਤਾਂ ਮਨ ਦਾ ਕੋਈ ਵਖਰਾ ਆਕਾਰ ਹੀ ਨਹੀਂ, ਉਹ ਤਾਂ ਮਨ ਬਾਰੇ ਇਉਂ ਹੀ ਕਹਿੰਦੇ ਹਨ ਕਿ (ਸੰਕਲਪੋ ਵਿਕਲਪੋ ਹੀ ਮਨਾ) ਭਾਵ ਸੰਕਲਪ ਵਿਕਲਪ ਹੀ ਮਨ ਦਾ ਰੂਪ ਹੈ। ਪਰ ਜਿਥੇ ਪੁੱਜ ਕੇ ਸੰਕਲਪ ਵਿਕਲਪ ਹੀ ਮਿਟ ਜਾਂਦੇ ਹਨ, ਉਥੇ ਤਾਂ ਮਨ ਦੀ ਹੋਂਦ ਹੀ ਮਿਟ ਜਾਂਦੀ ਹੈ। ਇਸ ਲਈ ਉਸ ਅਗੰਮ ਅਗੋਚਰ ਵਿਚ ਲਿਵਲੀਨ ਹੋਈ ਸੁਰਤੀ ਕੁਝ ਕਹਿਣ ਵਲੋਂ ਇਸੇ ਤਰ੍ਹਾਂ ਅਸਮਰੱਥ ਹੋ ਜਾਂਦੀ ਹੈ ਜਿਵੇਂ ਕਿ ਗੂੰਗਾ ਮਿਠਿਆਈ ਖਾ ਕੇ ਉਸ ਦੇ ਰਸ ਨੂੰ ਕਥਨ ਨਹੀਂ ਕਰ ਸਕਦਾ।

ਪ੍ਰ: ਭਾਈ ਸਾਹਿਬ ਜੀਉ ! ਜੋ ਤੁਸੀਂ ਗੁਰਮੁਖਾਂ ਬਾਰੇ ਇਹ ਜ਼ਿਕਰ ਕਰਦੇ ਹੋ ਕਿ ਉਸ ਰਸ ਦਾ ਗੁਰਮੁਖ ਕੁਝ ਕਥਨ ਹੀ ਨਹੀਂ ਕਰ ਸਕਦੇ ਤਾਂ ਫਿਰ ਕੀ ਉਨ੍ਹਾਂ ਦੇ ਨਿਕਟਵਰਤੀ ਸ਼ਰਧਾਲੂਆਂ ਨੂੰ ਉਨ੍ਹਾਂ ਬੁੱਧ ਦੇ ਭਿਖਸ਼ੂਆਂ ਵਾਂਗ ਸ਼ੱਕ ਨਹੀਂ ਹੋ ਜਾਏਗੀ ? ਕਿਉਂਕਿ ਬੁੱਧ ਦੇ ਨਿਕਟਵਰਤੀ ਭਿਖਸ਼ੂ ਜਦੋਂ ਬਾਰ ਬਾਰ ਬੁੱਧ ਤੋਂ ਇਹ ਪੁੱਛ ਕਰਦੇ ਰਹੇ ਕਿ ਸਾਨੂੰ ਉਸ ਭਗਵਾਨ ਬਾਰੇ ਕੁਝ ਜਾਣਕਾਰੀ ਦਿਓ, ਤਾਂ ਬੁੱਧ ਜੀ ਅਗੋਂ ਚੁੱਪ ਰਹਿੰਦੇ, ਇਸ ਚੁੱਪ ਤੋਂ ਭਿਖਸ਼ੂਆਂ ਵਿਚ ਦੋ ਤਰ੍ਹਾਂ ਦੇ

ਸ਼ੱਕ ਉਪਜੇ। ਇਕ ਤਾਂ ਇਹ ਕਹਿਣ ਲੱਗ ਪਏ ਕਿ ਬੁੱਧ ਜੀ ਨੂੰ ਉਸ ਭਗਵਾਨ ਬਾਰੇ ਕੁਝ ਬੋਧ ਹੀ ਨਹੀਂ, ਜੇ ਉਸ ਸੰਬੰਧੀ ਇਨ੍ਹਾਂ ਨੂੰ ਕੁਝ ਗਿਆਨ ਹੋਵੇ ਤਾਂ ਜ਼ਰੂਰ ਦੱਸਣ ਕਿਉਂਕਿ ਜਦੋਂ ਅਸੀਂ ਮੰਦਰਾਂ ਦੇ ਪੁਜਾਰੀਆਂ ਪੰਡਤਾਂ ਤੋਂ ਪੁੱਛਦੇ ਹਾਂ ਤਾਂ ਉਹ ਸਾਨੂੰ ਕਈ ਪ੍ਰਕਾਰ ਦੇ ਉਦਾਹਰਣ ਦੇ ਕੇ ਰੱਬ ਬਾਰੇ ਦੱਸਣ ਦਾ ਉਪਰਾਲਾ ਕਰਦੇ ਹਨ।

ਕੁਝ ਭਿਖਸ਼ੂ ਬੁੱਧ ਦੇ ਚੁੱਪ ਰਹਿਣ ਤੋਂ ਇਸ ਖ਼ਿਆਲ ਦੇ ਦ੍ਰਿੜ੍ਹ ਵਿਸ਼ਵਾਸ਼ੀ ਹੋ ਗਏ ਕਿ ਜਿਸਨੂੰ ਭਗਵਾਨ ਜਾਂ ਰੱਬ ਕਿਹਾ ਜਾਂਦਾ ਹੈ ਉਹ ਹੈ ਹੀ ਨਹੀਂ; ਉਸ ਦੀ ਹੋਂਦ ਬਾਰੇ ਜੋ ਸੀਨੇ-ਬ-ਸੀਨੇ ਰਵਾਇਤ ਚਲੀ ਆ ਰਹੀ ਹੈ ਇਹ ਕੇਵਲ ਕਲਪਨਾ ਰੂਪ ਹੀ ਮੰਨਣੀ ਚਾਹੀਦੀ ਹੈ। ਇਸ ਖ਼ਿਆਲ ਦੇ ਧਾਰਨੀ ਭਿਖਸ਼ੂ ਰੱਬ ਦੀ ਹੋਂਦ ਵਲੋਂ ਉੱਕਾ ਹੀ ਇਨਕਾਰੀ ਹੋ ਗਏ, ਜਾਂ ਇਉਂ ਹੀ ਕਹਿਣਾ ਚਾਹੀਦਾ ਹੈ ਕਿ ਉਹ ਨਾਸਤਕ ਹੀ ਬਣ ਬੈਠੇ ?

**ਉ:** ਹੇ ਭਾਈਓ ! ਬੁੱਧ ਜੀ ਦੇ ਚੁੱਪ ਰਹਿਣ ਤੋਂ ਅਸੀਂ ਰੱਬ ਦੀ ਹੋਂਦ ਵਲੋਂ ਇਸੇ ਤਰ੍ਹਾਂ ਇਨਕਾਰੀ ਨਹੀਂ ਹੋ ਸਕਦੇ, ਜਿਵੇਂ ਅਸੀਂ ਕਿਸੇ ਗੂੰਗੇ ਦੇ ਗੁੜ ਖਾਣ ਪਿਛੋਂ ਉਸ ਦੇ ਕੁਝ ਨਾ ਦੱਸਣ ਤੋਂ ਇਸ ਅਸਲੀਅਤ ਵਲੋਂ ਇਨਕਾਰੀ ਨਹੀਂ ਹੋ ਸਕਦੇ ਕਿ ਉਸਨੂੰ ਕੋਈ ਰਸ ਆਇਆ ਹੀ ਨਹੀਂ, ਇਹ ਤਾਂ ਸਾਨੂੰ ਮੰਨਣਾ ਹੀ ਪਵੇਗਾ ਕਿ ਰਸ ਤਾਂ ਜ਼ਰੂਰ ਆਇਆ ਹੈ, ਪਰ ਉਸ ਵਿਚਾਰੇ ਪਾਸ ਉਸ ਰਸ ਨੂੰ ਦੱਸਣ ਲਈ ਜ਼ਬਾਨ ਹੀ ਨਹੀਂ ਜਿਸ ਰਾਹੀਂ ਉਹ ਕੁਝ ਦੱਸ ਸੱਕੇ।

ਇਸੇ ਤਰ੍ਹਾਂ ਜਿਨ੍ਹਾਂ ਗੁਰਮੁਖਾਂ ਦੀ ਸੁਰਤ ਉਸ ਅਥਾਹ ਸਾਗਰ ਰੂਪ ਪ੍ਰਭੂ ਵਿਚ ਲੀਨ ਹੋ ਗਈ ਉਹ ਮੁੜ ਕੇ ਇਸੇ ਤਰ੍ਹਾਂ ਦੱਸ ਨਹੀਂ ਸਕਦੇ, ਜਿਵੇਂ ਕਿ ਕਿਸੇ ਨੇ ਇਕ (ਲੂਣ) ਨਿਮਕ ਦੀ ਡਲੀ ਰੱਸੀ ਨਾਲ ਬੰਨ੍ਹ ਕੇ ਦਰਯਾ ਦਾ ਹਾਥ ਲੈਣ ਲਈ ਸੁੱਟੀ ਪਰ, ਉਹ ਦਰਯਾ ਵਿਚੋਂ ਹੀ ਪੈਦਾ ਹੋਈ ਸੀ, ਆਖ਼ਰ ਉਹ ਉਸੇ ਵਿਚ ਹੀ ਲੀਨ ਹੋ ਗਈ ਉਸ ਨੇ ਪਰਤ ਕੇ ਕੀ ਦੱਸਣਾ ਸੀ, ਇਸ ਭਾਵ ਨੂੰ ਵੀਚਾਰਮਾਲਾ ਦੇ ਕਰਤਾ ਅਨਾਥ ਪੁਰੀ ਨੇ ਇਉਂ ਅੰਕਤ ਕੀਤਾ ਹੈ ਕਿ :

ਚਲੀ ਪੂਤਲੀ ਲੋਨ ਕੀ ਥਾਹ ਸਿੰਧ ਕੀ ਲੈਨ॥
ਅਨਾਥ ਆਪ ਆਪੈ ਭਈ ਪਲਟ ਕਹੈ ਕੋ ਬੈਨ॥

*(ਵੀਚਾਰ ਮਾਲਾ)*

ਹੇ ਭਾਈਓ ! ਇਹੋ ਸੁਆਲ ਕਿਸੇ ਸਮੇਂ ਤ੍ਰੇਤੇ ਦੇ ਅਵਤਾਰ ਰਾਮ ਜੀ ਨੇ ਵਸ਼ਿਸ਼ਟ ਮੁਨੀ ਤੋਂ ਪੁੱਛਿਆ ਸੀ ਕਿ ਮੁਨੀ ਜੀ ! ਮੈਨੂੰ ਕੁਝ ਉਸ ਭਗਵਾਨ ਬਾਰੇ ਜਾਣਕਾਰੀ ਦਿਓ, ਤਾਂ ਮੁਨੀ ਜੀ ਚੁੱਪ ਹੀ ਰਹੇ, ਤਾਂ ਰਾਮ ਨੇ ਕਿਹਾ ਕਿ ਮੁਨੀ ਜੀ ਤੁਸਾਂ ਭਗਵਾਨ ਜੀ ਦੇ ਬਾਰੇ ਕੁਝ ਦਸਿਆ ਨਹੀਂ, ਮੁਨੀ ਜੀ ਨੇ ਕਿਹਾ ਕਿ ਹੇ ਰਾਮ ! ਮੈਂ ਤਾਂ ਤੈਨੂੰ ਦੱਸ ਦਿੱਤਾ ਹੈ, ਤਾਂ ਰਾਮ ਜੀ ਨੇ ਕਿਹਾ ਕਿ ਮੁਨੀ ਜੀ ਤੁਸਾਂ ਦੱਸਿਆ ਤਾਂ ਕੁਝ ਵੀ ਨਹੀਂ, ਚੁੱਪ ਹੀ ਰਹੇ ਹੋ, ਤਾਂ ਮੁਨੀ ਜੀ ਨੇ ਕਿਹਾ ਕਿ ਹੇ ਰਾਮ ! ਉਸ ਭਗਵਾਨ ਬਾਰੇ ਚੁੱਪ ਹੀ ਰਿਹਾ ਜਾ ਸਕਦਾ ਹੈ, ਉਸ ਬਾਰੇ ਤਾਂ ਕੁਝ ਭੀ ਕਹਿਣਾ ਬਣਦਾ ਨਹੀਂ। ਇਸ ਲਈ ਇਹ ਨਿਸਚਾ ਕਰ ਲੈਣਾ ਚਾਹੀਦਾ ਹੈ ਕਿ ਰੱਬ ਬਾਰੇ ਜੋ ਭੀ ਬੈਖਰੀ ਬਾਣੀ ਦੁਆਰੇ ਕਿਹਾ ਜਾਏਗਾ ਉਹ ਅਸਲੀਅਤ ਨਹੀਂ ਕਿਸੇ ਦੇ ਮਨ ਦੀ ਕਲਪਨਾ ਹੀ ਕਹਿਣੀ ਚਾਹੀਦੀ ਹੈ।

**ਪ੍ਰ:** ਭਾਈ ਸਾਹਿਬ ਜੀਉ ! ਤੁਸਾਂ ਨੇ ਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਸੰਪੂਰਨ ਗੁਰਬਾਣੀ ਨੂੰ ਉਲੀਕਿਆ ਤੇ ਪੜਚੋਲਿਆ ਹੈ, ਦਸੋ ਤੁਸੀਂ ਗੁਰਮੁਖਾਂ ਦੇ ਮਨ ਦੀ ਸਿਖਰਾਂ ਤੇ ਪੁੱਜੀ ਮਾਨਸਕ ਅਵਸਥਾ ਨੂੰ ਕਿਸ ਰੂਪ ਵਿਚ ਅਨੁਭਵ ਕੀਤਾ ਹੈ ?

**ਉ:** ਹੇ ਸਜਨੋਂ ! ਇਹ ਮੈਂ ਪਿਛੇ ਭੀ ਕਹਿ ਆਇਆ ਹਾਂ ਕਿ ਉਨ੍ਹਾਂ ਗੁਰਮੁਖਾਂ ਦੇ ਮਨ ਦੀ, ਜਿਨ੍ਹਾਂ ਸਿਖਰਾਂ ਤੇ ਮਾਨਸਕ ਅਵਸਥਾ ਪੁੱਜੀ ਹੋਈ ਹੈ ਉਨ੍ਹਾਂ ਬਾਰੇ ਕੁਝ ਕਹਿਣਾ ਭੀ ਅਸੰਭਵ ਹੈ, ਪਰ ਹਾਂ, ਜਿੰਨਾ ਕੁ ਮੈਂ ਅਨੁਭਵ ਕਰ ਸੱਕਿਆ ਹਾਂ ਉਸ ਨੂੰ ਚੰਦ ਸਤਰਾਂ ਵਿਚ ਇਉਂ ਅੰਕਤ ਕੀਤਾ ਹੈ।

(੧) (ਹੇ ਭਾਈਓ ! ਮੈਂ ਤਾਂ ਗੁਰਬਾਣੀ ਅਨੁਸਾਰ ਇਹੋ ਅਨੁਭਵ ਕਰ ਸਕਿਆ ਹਾਂ ਕਿ) ਗੁਰਸਿੱਖਾਂ ਦੇ ਮਨ ਵਿਚ (ਗਿਆਨ ਦਾ) ਪ੍ਰਕਾਸ਼ ਹੈ (ਉਹ ਇਸ ਗਿਆਨ ਦੇ) ਪ੍ਰੇਮ ਪਿਆਲੇ ਦੀ ਮਹਾਨ ਮਸਤੀ ਦੀ ਸਕਤੀ, ਜਿਸ ਨੂੰ ਮਾੜੇ ਮੋਟੇ ਸੰਭਾਲ ਜਾਂ ਜਰ ਨਹੀਂ ਸਕਦੇ, ਪਰ ਗਿਆਨੀ ਗੁਰਸਿੱਖ ਉਸ ਅਜਰ ਨੂੰ ਜਰਦੇ ਹਨ (ਭਾਵ ਉਹ ਆਪਾ ਨਹੀਂ ਜਣਾਉਂਦੇ)।

(੨) ਉਹ ਬ੍ਰਹਮ ਬਿਬੇਕੀ (ਪੂਰਨ ਵੀਚਾਰਵਾਨ) ਪੂਰਨ ਪਾਰ ਬ੍ਰਹਮ, ਪ੍ਰਮੇਸ਼ਰ ਦਾ ਧਿਆਨ ਧਰਦੇ ਹਨ।

(੩) ਉਹ ਸ਼ਬਦ ਦੇ ਰਸ ਨਾਲ ਸੁਰਤ ਵਿਚ ਲਿਵਲੀਨ ਹੋ ਕੇ, ਅਕੱਥ ਕਥਾ ਨੂੰ ਗੁਰੂ ਦੇ ਸ਼ਬਦ ਰਾਹੀਂ ਸੁਣਦੇ ਹਨ।

(੪) (ਜਿਸ ਦੇ ਫਲ ਸਰੂਪ) ਭੂਤ ਭਵਿੱਖ ਤੇ ਵਰਤਮਾਨ (ਤਿੰਨਾਂ ਹੀ ਕਾਲਾਂ) ਦੀ ਸੋ ਨ ਜਾਨਣ ਵਾਲੀ

ਹਾਲਤ ਹੈ ਉਸ ਦੇ ਗਿਆਤਾ (ਜਾਨਣ ਵਾਲੇ) ਬਣ ਜਾਂਦੇ ਹਨ।

(੫) (ਉਨ੍ਹਾਂ) ਗੁਰਸਿੱਖਾਂ ਨੂੰ ਆਤਮਕ ਸੁਖ ਪ੍ਰਾਪਤ ਹੋ ਜਾਂਦਾ ਹੈ, ਜਿਸਨੂੰ ਕੋਈ ਮੇਟ ਜਾਂ ਛਲ (ਧੋਖੇ ਨਾਲ ਖੋਹ) ਨਹੀਂ ਸਕਦਾ, ਸਗੋਂ ਭਗਤ ਵਛਲ (ਪ੍ਰਭੂ) ਦੀ ਕ੍ਰਿਪਾ ਨਾਲ (ਗੁਰਮੁਖ) ਨ ਛਲੇ ਜਾਣ ਵਾਲੇ (ਕਾਮ, ਕ੍ਰੋਧ ਆਦਿ ਵਿਕਾਰਾਂ ਨੂੰ) ਛਲ ਲੈਂਦੇ (ਭਾਵ ਵਸ ਵਿਚ ਕਰ ਲੈਂਦੇ ਹਨ)।

ਪ੍ਰ: ਕਿਉਂ ਜੀ, ਉਨ੍ਹਾਂ ਵਿਚ ਕਿਤਨੀ ਕੁ ਸ਼ਕਤੀ ਆ ਜਾਂਦੀ ਹੈ?

(੬) ਉ: ਹੇ ਭਾਈ! ਜਿਸ ਸਮੁੰਦਰ ਦੇ ਅਥਾਹ ਜਲ ਵਿਚੋਂ ਇਕ ਬੇੜਾ ਕਈਆਂ ਨੂੰ ਪਾਰ ਕਰ ਦੇਂਦਾ ਹੈ (ਇਸੇ ਤਰ੍ਹਾਂ) ਸੰਸਾਰ ਭਵਜਲ (ਵਿਸ਼ੇ ਵਿਕਾਰਾਂ, ਭਰਮਾਂ ਤੇ ਡਰ ਤੌਖਲਿਆਂ ਦੇ ਸਮੁੰਦਰ) ਵਿਚੋਂ ਇਕ ਐਸੇ ਗੁਰਮੁਖ ਦੀ ਸੰਗਤ ਦੀ ਬਦੌਲਤ ਲੱਖਾਂ ਤਰ ਜਾਂਦੇ ਹਨ।

(੭) (ਹੇ ਪਿਆਰੇ! ਐਸੇ) ਪਰਉਪਕਾਰੀ ਭੂਤ, ਭਵਿੱਖ ਦੇ ਜਾਨਣਹਾਰ ਗਿਆਨੀ ਪੁਰਸ਼ ਸਦਾ ਹੀ ਖਿੜੇ ਹੋਏ ਹੱਸਦੇ ਮਿਲਦੇ ਹਨ।੧੪।

***ਭਾਵਾਰਥ :*** ਐਸੇ ਗੁਰਮੁਖਾਂ ਨੂੰ ਜੋ ਖੇੜਾ ਖ਼ੁਸ਼ੀ ਅਨੰਦ ਰਸ ਦੀ ਪ੍ਰਾਪਤੀ ਹੋਈ ਹੈ ਉਸ ਨੂੰ ਬੈਖਰੀ ਬਾਣੀ ਦੁਆਰੇ ਬਿਆਨਿਆ ਨਹੀਂ ਜਾ ਸਕਦਾ।

## *੧੫. ਗੁਰਮੁਖ ਗ੍ਰਿਹਸਤ ਵਿਚ ਨਿਰਲੇਪ*

**੧. ਬਾਵਨ ਚੰਦਨ ਆਖੀਐ**
**ਬਹਲੇ ਬਿਸੀਅਰ ਤਿਸ ਲਪਟਾਹੀਂ।**
**੨. ਪਾਰਸ ਅੰਦਰ ਪੱਥਰਾਂ**
**ਪੱਥਰ ਪਾਰਸ ਹੋਇ ਨ ਜਾਹੀਂ।**
**੩. ਮਣੀ ਜਿਨ੍ਹਾਂ ਸੱਪਾਂ ਸਿਰੀਂ**
**ਓਇ ਭੀ ਸੱਪਾਂ ਵਿੱਚ ਫਿਰਾਹੀਂ।**
**੪. ਲਹਿਰੀਂ ਅੰਦਰ ਹੰਸੁਲੇ**
**ਮਾਣਕ ਮੋਤੀ ਚੁਗ ਚੁਗ ਖਾਹੀਂ।**
**੫. ਜਯੋਂ ਜਲ ਕਵਲ ਅਲਿਪਤ ਹੈ**
**ਘਰਬਾਰੀ ਗੁਰਸਿੱਖ ਤਿਵਾਹੀਂ।**
**੬. ਆਸਾ ਵਿੱਚ ਨਿਰਾਸ ਹੋਇ**
**ਜੀਵਨ ਮੁਕਤਿ ਜੁਗਤਿ ਜੀਵਾਹੀਂ।**
**੭. ਸਾਧ ਸੰਗਤਿ ਕਿਤ ਮੁਖ ਸਾਲਾਹੀਂ ॥੧੫॥**

***ਪਦ ਅਰਥ :*** ਬਿਸੀਅਰ—ਜ਼ਹਿਰੀ ਸੱਪ। ਲਪਟਾਹੀਂ—ਲਿਪਟੇ ਹੋਏ। ਪਾਰਸ—ਅੱਠਾਂ ਧਾਤਾਂ ਵਿਚੋਂ ਜਿਸ ਨੂੰ ਭੀ ਛੁਹੇ ਸੋਨਾ ਬਣਾ ਦੇਂਦਾ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਘਰਬਾਰੀ ਗੁਰਸਿੱਖਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਕੀ ਉਨ੍ਹਾਂ ਨੂੰ ਉਸ ਅਕਹਿ ਰਸ ਦੀ ਪ੍ਰਾਪਤੀ ਕਰਨ ਲਈ ਘਰਬਾਰ ਤਿਆਗ ਜੰਗਲਾਂ ਵਿਚ ਜਾ ਕੇ ਤਪੱਸਿਆ ਕਰਨੀ ਪੈਂਦੀ ਹੈ, ਕਿਉਂਕਿ ਗ੍ਰਿਹਸਤ ਵਿਚ ਰਹਿੰਦਿਆਂ ਤਾਂ ਉਸ ਰੱਬੀ ਰਸ ਨੂੰ ਪ੍ਰਾਪਤ ਕਰਨਾ ਬੜਾ ਹੀ ਕਠਨ ਹੈ, ਇਸ ਸੰਬੰਧੀ ਤੁਹਾਡਾ ਆਪਣਾ ਵੀਚਾਰ ਕੀ ਹੈ?

ਉ: ਹੇ ਸਜਨੋਂ! ਜਦੋਂ ਅਸੀਂ ਗੁਰਬਾਣੀ ਦੇ ਗੁੱਝੇ ਭਾਵਾਂ ਨੂੰ ਪੜਚੋਲੀਏ ਤਾਂ ਗੁਰਮਤਿ ਨੇ ਗੁਰਸਿੱਖਾਂ ਲਈ ਗ੍ਰਿਹਸਤਾਸ਼੍ਰਮ ਨੂੰ ਤਿਆਗ ਕੇ ਕਿਤੇ ਬਾਹਰ ਬੀਆਬਾਨ ਜੰਗਲਾਂ ਵਿਚ ਜਾ ਵੱਸਣ ਦੀ ਆਗਿਆ ਨਹੀਂ ਦਿੱਤੀ, ਸਗੋਂ ਗ੍ਰਿਹਸਤ ਵਿਚ ਰਹਿੰਦਿਆਂ ਹੀ ਮਾਇਕੀ ਪਦਾਰਥਾਂ ਵਲੋਂ ਨਿਰਲੇਪ ਜੀਵਨ ਗੁਜ਼ਾਰਦੇ ਰਹਿਣ ਦੀ ਪ੍ਰੇਰਨਾ ਕੀਤੀ ਹੈ। ਕਿਉਂਕਿ ਤਿਆਗ ਦੇ ਦੋ ਰੂਪ ਹਨ, ਇਕ ਹੈ ਸਰੀਰਕ ਤਿਆਗ ਦੂਸਰਾ ਹੈ ਮਾਨਸਕ, ਕਈ ਲੋਕ ਆਪਣੇ ਛੋਟੇ ਜਿਹੇ ਘਰ ਦੇ ਬੰਧਨਾਂ ਨੂੰ ਤਾਂ ਸਰੀਰ ਕਰਕੇ ਤਿਆਗ ਦੇਂਦੇ ਹਨ, ਪਰ ਬਾਹਰ ਜਾ ਕੇ ਕਿਸੇ ਵਡੇਰੇ ਆਸ਼ਰਮ ਜਾਂ ਡੇਰੇ ਦੇ ਬੰਧਨਾ ਵਿਚ ਬੰਨ੍ਹੇ ਜਾਂਦੇ ਹਨ ਜਾ ਆਪਣੇ ਨਿੱਕੇ ਜਿਹੇ ਪ੍ਰਵਾਰ ਦਾ ਮੋਹ ਤਾਂ ਛੱਡ ਆਉਂਦੇ ਹਨ ਪਰ ਬਾਹਰ ਜਾ ਕੇ ਉਸ ਤੋਂ ਕਈ ਗੁਣਾਂ ਵਧੇਰੇ ਚੇਲੇ ਚੇਲੀਆਂ ਦੇ ਮੋਹ ਵਿਚ ਬੱਝ ਜਾਂਦੇ ਹਨ। ਕਈ ਲੋਕ ਤਿਆਗੀ ਕਹਾਉਣ ਦੀ ਇੱਛਾ ਵਾਲੇ ਸਰੀਰ ਕਰਕੇ ਤਾਂ ਉਹ ਜੰਗਲ ਵਿਚ ਜਾ ਵੱਸਦੇ ਹਨ, ਪਰ ਉਨ੍ਹਾਂ ਦਾ ਮਨ ਪਿਛੇ ਛੱਡ ਕੇ ਆਏ ਪਰਵਾਰ ਦੇ ਨਿੱਕੇ ਨਿੱਕੇ ਬੱਚਿਆਂ ਦਾ ਹੀ ਸਿਮਰਨ ਕਰਦਾ ਰਹਿੰਦਾ ਹੈ। ਉਹ ਬੱਚੇ ਤਾਂ ਜੋ ਛੱਡ ਕੇ ਗਿਆ ਹੈ ਪ੍ਰਤੱਖ ਵੇਖਣ ਵਿਚ ਨਹੀਂ ਆਉਂਦੇ, ਪਰ ਉਨ੍ਹਾਂ ਦੇ ਮੋਹ ਦੀ ਪੂਰਤੀ ਲਈ ਕੋਈ ਹਰਨੀ ਦਾ, ਕੋਈ ਸਹੇ ਦਾ ਬੱਚਾ ਪਾਲ ਕੇ ਮਨ ਪ੍ਰਚਾਵਾ ਕਰਦਾ ਹੈ। ਜਿਵੇਂ ਕਿਸੇ ਗ੍ਰਿਹਸਤੀ ਦਾ ਬੱਚਾ ਬੀਮਾਰ

ਹੋ ਜਾਣ ਤੋਂ ਉਹ ਕਲਪਦਾ ਹੈ, ਇਸੇ ਤਰ੍ਹਾਂ ਉਸ ਜੰਗਲ ਵਾਸੀ ਨਾਮ ਧਰੀਕ ਦੀ ਭੀ ਦਸ਼ਾ ਕੋਈ ਘੱਟ ਨਹੀਂ ਹੁੰਦੀ। ਜੇ ਕਿਸੇ ਗ੍ਰਿਹਸਤੀ ਦਾ ਬੱਚਾ ਮਰ ਜਾਏ ਜਿਵੇਂ ਉਹ ਰੁਦਨ ਕਰਦਾ ਹੈ, ਇਸੇ ਤਰ੍ਹਾਂ ਉਸ ਜੰਗਲ ਵਾਸੀ ਤਪੀਏ ਦੀ ਦਸ਼ਾ ਭੀ ਉਸ ਹਰਨੀ ਦੇ ਬੱਚੇ ਮਰਨ ਵਾਂਗ ਹੀ ਵੇਖਣ ਵਿਚ ਆਉਂਦੀ ਹੈ, ਇਸ ਤੋਂ ਸਾਬਤ ਹੋਇਆ ਕਿ ਉਸਦੇ ਘਰ ਜਾਂ ਜੰਗਲ ਵਾਸੀ ਹੋਣ ਵਿਚ ਕੋਈ ਅੰਤਰਾ ਨਹੀਂ, ਕਿਉਂਕਿ (ਜੋ ਕਿਛ ਕੀਆ ਸੋ ਮਨ ਕੀਆ) ਭਾਵ ਹੈ ਜੋ ਕੁਝ ਮਾਨਸਕ ਕ੍ਰਿਆ ਹੋ ਰਹੀ ਹੈ ਉਹੀ ਕਬੂਲੀ ਜਾਵੇਗੀ।

ਦੂਸਰੇ ਦੋ ਤਰ੍ਹਾਂ ਦੇ ਹੋਰ ਤਿਆਗੀ ਭੀ ਬਾਣੀ ਵਿਚ ਦਰਸਾਏ ਹਨ, ਜਿਵੇਂ ਕਿ :

੧. ਨਾਰ ਮਰੇ ਘਰ ਸੰਪਤ ਨਾਸੀ.....

੨. ਪੂੰਅਰ ਤਾਪ ਗੇਰੀ ਕੇ ਬਸਤ੍ਰਾ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥

*(ਪੰਨਾ ੧੩੪੮)*

ਭਾਵ ਹੈ, ਜੇ ਘਰ ਵਾਲੀ ਔਰਤ ਮਰ ਗਈ ਜਾਂ ਧਨ, ਦੌਲਤ ਨਾਸ ਹੋ ਗਈ ਤਾਂ ਇਸ ਬਿਪਤਾ ਦਾ ਮਾਰਿਆ ਭਗਵੇਂ ਕਪੜੇ ਪਹਿਣ ਕੇ ਘਰ ਬਾਰ ਛੱਡ ਕੇ ਸਾਧੂ ਬਣ ਜਾਂਦਾ ਹੈ, ਪਰ, ਇਹ ਇਸ ਸਾਧੂ ਲਿਬਾਸ ਵਿਚ ਉਤਨਾ ਸਮਾ ਹੀ ਰਹਿੰਦਾ ਹੈ ਜਿਤਨਾ ਚਿਰ ਇਸ ਨੂੰ ਦੂਸਰੀ ਔਰਤ ਜਾਂ ਧਨ ਸੰਪਦਾ ਨਹੀਂ ਮਿਲ ਜਾਂਦੀ, ਪਰ ਜਦੋਂ ਇਨ੍ਹਾਂ ਦੋਹਾ ਸੈਆਂ ਦਾ ਸੰਜੋਗ ਹੋ ਗਿਆ ਤਾਂ ਫਿਰ ਘਰ ਬਾਰੀ ਬਣ ਬੈਠਾ, ਫ਼ਰਕ ਕੁਝ ਨਹੀ ਪਿਆ ਬੱਸ ਇਕ ਘਰ ਨੂੰ ਛੱਡ ਕੇ ਦੂਸਰੇ ਘਰ ਵਿਚ ਰਹਿਣ ਲੱਗ ਪਿਆ।

ਦੂਸਰੇ ਤਿਆਗੀ ਉਹ ਵੇਖਣ ਵਿਚ ਆਉਂਦੇ ਹਨ ਜਿਨ੍ਹਾਂ ਨੂੰ ਘਰ ਵਿਚ ਰਹਿੰਦਿਆਂ ਇਹ ਅਹਿਸਾਸ ਹੋਣ ਲੱਗਾ ਕਿ ਮੈਂ ਸੰਸਾਰ ਵਿਚ ਕਿਸ ਕਾਰਜ ਲਈ ਆਇਆ ਹਾਂ ਕਿ ਉਹ ਕਾਰਜ ਮੈਂ ਕਰਦਾ ਭੀ ਹਾਂ ਜਾਂ ਕਿ ਨਹੀਂ, ਮੈਂ ਕੀ ਹਾਂ ? ਤੇ ਸੰਸਾਰ ਕੀ ਹੈ ? ਇਕਾਂਤ ਹੋ ਕੇ ਇਹ ਸੋਚਨ ਲੱਗਾ, ਜਿਵੇਂ ਕਿ :

ਇਕਾਂਤ ਬੈਠ ਸੋਧਨ ਲਗੋ ਕੋ ਹੌਂ ਕੋ ਸੰਸਾਰ।

*(ਵੀਚਾਰ ਮਾਲਾ)*

ਇਸ ਤਰ੍ਹਾਂ ਦੇ ਸੰਸਕਾਰਾਂ ਤੇ ਇਸ ਦੇ ਅੰਦਰ ਇਨ੍ਹਾਂ ਭਾਵਨਾਵਾਂ ਨੇ ਜਨਮ ਲਿਆ ਕਿ ਜੋ ਮੇਰਾ ਕੇਂਦਰ ਸ੍ਵੈ-ਸਰੂਪ ਹੈ ਮੈਨੂੰ ਉਸਦੀ ਖੋਜ ਕਰਨੀ ਚਾਹੀਦੀ ਹੈ, ਬੱਸ, ਇਸ ਤਰ੍ਹਾਂ ਦੇ ਦ੍ਰਿੜ੍ਹ ਵਿਸ਼ਵਾਸੀ ਹੋ ਘਰੋਂ ਟੁਰ ਪਏ ਕਿ ਉਸ ਆਪਣੇ ਸਹੀ ਸਰੂਪ ਹਰੀ ਦੇ ਨਾਲ ਮਿਲਾਪ ਕਰੀਏ ਤਾਂ ਕਿ ਇਸ ਸੰਸਾਰ ਦਾ ਆਵਾਗਵਨ ਮਿਟ ਜਾਏ।

ਇਹ ਭਾਵਨਾਵਾਂ ਤਾਂ ਇਨ੍ਹਾਂ ਦੀਆਂ ਚੰਗੀਆਂ ਸਨ ਅਤੇ ਇਨ੍ਹਾਂ ਦੀ ਪੂਰਤੀ ਲਈ ਇਨ੍ਹਾਂ ਨੇ ਜਪ, ਤਪ ਭੀ ਕੀਤੇ ਅਤੇ ਉਸ ਜਪ ਤਪ ਦਾ ਸਦਕਾ ਇਨ੍ਹਾਂ ਨੂੰ ਰਿਧੀਆਂ ਸਿਧੀਆਂ ਭੀ ਪ੍ਰਾਪਤ ਹੋਈਆਂ, ਬੱਸ ਇਹ ਕਿਸੇ ਨੂੰ ਵਰ ਕਿਸੇ ਨੂੰ ਸਰਾਪ ਦੇਣ ਵਿਚ ਹੀ ਉਲਝ ਗਏ, ਜਿਥੇ ਪੁੱਜਣ ਲਈ ਇਹ ਘਰੋਂ ਟੁਰੇ ਸਨ ਉੱਥੇ ਨਹੀਂ ਪੁੱਜ ਸੱਕੇ ਰਸਤੇ ਵਿਚ ਹੀ ਅਟਕ ਗਏ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਇਨ੍ਹਾਂ ਦੀ ਦਸ਼ਾ ਦਰਸਾਈ ਹੈ ਕਿ :

੧. ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੬੬॥

*(ਪੰਨਾ ੧੩੬੬)*

੨. ਇਨ ਹੀ ਮਾਹਿ ਅਟਕ ਜੋ ਉਰਝੇ.....

ਭਾਵ, ਇਹ ਜਪ, ਤਪ ਕਰਕੇ ਕੁਝ ਉਚਾਣਾਂ ਤੇ ਚੜ੍ਹੇ ਸਨ ਪਰ ਸਿਖਰ ਤੇ ਨਹੀਂ ਪੁੱਜ ਸੱਕੇ, ਅਧਵਾਟਿਓਂ ਹੀ ਡਿੱਗ ਪਏ। ਇਨ੍ਹਾਂ ਦੀ ਦਸ਼ਾ ਭੀ ਕਿਸੇ ਉਸੇ ਪਾਂਧੀ ਵਾਂਗ ਹੋਈ ਜੋ ਸਹਿਜੇ ਸਹਿਜੇ ਕਿਸੇ ਮਹੱਲ ਦੀ ਅੱਠਵੀਂ ਮੰਜ਼ਲ ਤੇ ਪੁੱਜਾ ਹੋਵੇ ਉਸ ਨੂੰ ਕੋਈ ਉਥੋਂ ਧੱਕਾ ਦੇ ਕੇ ਸੁੱਟ ਦੇਵੇ, ਬੱਸ, ਉਸਨੂੰ ਫਿਰ ਉੱਠਣ ਦੇ ਅਸਾਰ ਹੀ ਨਹੀਂ ਰਹਿ ਜਾਂਦੇ।

ਇਸ ਤਰ੍ਹਾਂ ਦੇ ਪੁਰਾਤਨ ਜਪੀ, ਤਪੀ, ਰਿਖੀ, ਮੁਨੀਆਂ ਦੇ ਜੀਵਨਾਂ ਬਾਰੇ ਅਨੇਕਾਂ ਪ੍ਰਸੰਗ ਪੜ੍ਹਨ ਸੁਣਨ ਵਿਚ ਆਉਂਦੇ ਹਨ ਕਿ ਇਨ੍ਹਾਂ ਦੀ ਸੈਂਕੜੇ ਸਾਲਾਂ ਦੀ ਜਪ, ਤਪ ਦੀ ਕਮਾਈ ਨੂੰ ਇਨ੍ਹਾਂ ਮਾਇਕੀ ਵਿਕਾਰਾਂ ਨੇ ਇਕ ਖਿਨ ਵਿਚ ਕਿਵੇਂ ਭੰਗ ਦੇ ਭਾੜੇ ਰੋੜ੍ਹ ਦਿੱਤਾ। ਜੇ ਅਸੀਂ ਵਧੇਰੇ ਖੋਜ ਵਿਚ ਨਾ ਭੀ ਪਈਏ ਤਾਂ ਸਾਨੂੰ ਇਤਨੇ ਮਾਤ੍ਰ ਵਿਚ ਹੀ ਕਾਫ਼ੀ ਜਾਣਕਾਰੀ ਮਿਲ ਜਾਂਦੀ ਹੈ ਕਿ ਭਾਰਤ ਵਿਚ ਜੋਗ ਮੱਤ ਨੂੰ ਪ੍ਰਚਾਰਨ ਵਾਲੇ ਗੋਰਖ ਨਾਥ ਦੇ ਗੁਰੂ ਮਛਿੰਦਰ ਨਾਥ ਦੀ ਅੰਤ ਵਿਚ ਕੀ ਦਸ਼ਾ ਹੋਈ ਸੀ, ਇਸ ਦੇ ਜੀਵਨ ਬਾਰੇ ਇਤਿਹਾਸ ਸ਼ਾਹਦੀ ਭਰਦਾ ਹੈ ਕਿ ਇਸਨੇ ਅੱਸੀ ਸਾਲ ਦੀ ਉਮਰ ਵਿਚ ਇਕ ਵੇਸਵਾ ਨਾਲ ਵਿਆਹ ਕਰ ਲਿਆ ਤੇ ਹਮੇਸ਼ਾ ਉਸਦਾ ਨਿਰਤ ਹੀ ਵੇਖਣ ਲੱਗ ਪਿਆ ਅਤੇ ਸ਼ਰਾਬ ਪੀਣ ਦਾ ਭੀ ਆਦੀ ਹੋ ਗਿਆ। ਬੱਸ, ਇਹ ਹੁਣ ਸ਼ਰਾਬ ਤੇ ਨਿਰਤ ਦੇਖਣ ਵਿਚ ਇਤਨਾ ਗਲਤਾਨ ਹੋਇਆ ਕਿ ਜੋਗ ਸਾਧਨਾ ਕਰਨੀ ਹੀ ਭੁੱਲ ਗਿਆ ਅਤੇ ਜੋ ਇਸਦਾ ਸਹੀ ਮਾਰਗ ਆਪਣੇ

ਕੇਂਦਰ ਵਿਚ ਅਭੇਦ ਹੋਣਾ ਸੀ, ਉਹ ਵਿਸਰ ਹੀ ਗਿਆ।

ਇਕ ਹੋਰ ਭੀ ਵੀਚਾਰ ਕਰ ਲੈਣੀ ਯੋਗ ਹੋਵੇਗੀ ਕਿ ਗ੍ਰਿਹਸਤ ਨੂੰ ਛੱਡ ਕੇ ਬਾਹਰ ਜਾਣ ਵਾਲਾ ਤਿਆਗੀ ਜੋ ਜੰਗਲਾਂ ਵਿਚ ਰਹਿੰਦਾ ਹੈ ਉਹ ਵਾਸਤਵ ਵਿਚ ਗ੍ਰਿਹਸਤ ਦਾ ਤਿਆਗੀ ਹੋ ਹੀ ਨਹੀਂ ਸਕਦਾ, ਕਿਉਂਕਿ ਉਸਨੂੰ ਸਰੀਰਕ ਲੋੜਾਂ ਦੀ ਪੂਰਤੀ ਵਾਸਤੇ ਬਾਰ ਬਾਰ ਗ੍ਰਿਹਸਤੀਆਂ ਦੇ ਦਰ ਤੇ ਆ ਕੇ ਭਟਕਣਾ ਪੈਂਦਾ ਹੈ,

ਹੋਇ ਅਤੀਤ ਗ੍ਰਿਹਸਤ ਤਜ
ਫਿਰ ਉਨ ਹੂੰ ਕੇ ਘਰ ਮੰਗਣ ਜਾਈ॥ (੧-੪੦)

ਕਿਉਂਕਿ ਦੁੱਧ, ਦਹੀਂ, ਰੋਟੀ, ਕੱਪੜੇ ਦੀ ਪੂਰਤੀ ਤਾਂ ਗ੍ਰਿਹਸਤੀਆਂ ਦੇ ਦਰਾਂ ਤੋਂ ਹੀ ਪੂਰੀ ਹੋ ਸਕਦੀ ਹੈ। ਇਸ ਲਈ ਉਸ ਨੂੰ ਆਪਣਾ ਇਕ ਘਰ ਛੱਡ ਕੇ ਬਾਰ ਬਾਰ ਕਈ ਘਰਾਂ ਵਿਚ ਆਉਣਾ ਪੈਂਦਾ ਹੈ, ਜਿਸ ਕਰਕੇ ਉਸਨੂੰ ਗ੍ਰਿਹਸਤ ਦਾ ਤਿਆਗੀ ਕਿਹਾ ਹੀ ਨਹੀਂ ਜਾ ਸਕਦਾ।

ਜਦੋਂ ਅਸੀਂ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੀ ਸੰਪੂਰਨ ਗੁਰਮਤਿ ਦੀ ਪੜਚੋਲ ਕਰਦੇ ਹਾਂ ਤਾਂ ਆਪ ਜੀ ਦੀ ਗ੍ਰਿਹਸਤ ਨੂੰ ਤਿਆਗ ਦੇਣ ਦੀ ਕਿਤੇ ਭੀ ਆਗਿਆ ਨਹੀਂ ਮਿਲਦੀ, ਸਗੋਂ ਗ੍ਰਿਹਸਤ ਨੂੰ ਤਿਆਗਣ ਵਾਲੇ ਲੋਕਾਂ ਨੂੰ ਉਸੇ ਤਰ੍ਹਾਂ ਦੇ ਡਰਪੋਕ, ਕਾਇਰ ਤੇ ਭਗੌੜਿਆਂ ਦੀ ਗਿਣਤੀ ਵਿਚ ਸ਼ਾਮਲ ਕੀਤਾ ਹੈ, ਜਿਵੇਂ ਕੋਈ ਮੈਦਾਨੇ-ਜੰਗ ਵਿਚ ਦੁਸ਼ਮਣ ਦਾ ਮੁਕਾਬਲਾ ਨ ਕਰ ਸੱਕਣ ਵਾਲਾ ਭਗੌੜਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਜੋ ਗ੍ਰਿਹਸਤ ਵਿਚ ਆਉਣ ਵਾਲੀਆਂ ਔਕੜਾਂ ਦਾ ਟਾਕਰਾ ਨ ਕਰ ਸੱਕਣ ਵਾਲਾ ਗ੍ਰਿਹਸਤ ਨੂੰ ਛੱਡ ਕੇ ਭੱਜ ਗਿਆ ਹੈ, ਉਸ ਨੂੰ ਭੀ ਕਾਇਰ ਹੀ ਕਿਹਾ ਜਾਵੇਗਾ। ਇਸ ਲਈ ਗੁਰਮਤਿ ਨੇ ਗ੍ਰਿਹਸਤ ਨੂੰ ਤਿਆਗਣਾ ਨਹੀਂ ਕਿਹਾ। ਪਰ ਹਾਂ ਗ੍ਰਿਹਸਤ ਵਿਚ ਰਹਿ ਕੇ ਤਿਆਗ ਕਰਨਾ ਕਿਉਂ ਚੰਗਾ ਹੈ, ਉਸ ਦੀ ਪ੍ਰੇਰਨਾ ਬਾਣੀ ਵਿਚੋਂ ਜ਼ਰੂਰੀ ਮਿਲਦੀ ਹੈ, ਜਿਵੇਂ ਕਿ:

ਤਿਆਗਨਾ ਤਿਆਗਨੁ ਨੀਕਾ
ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥ *(ਪੰਨਾ ੧੦੧੮)*

ਭਾਵ, ਇਨ੍ਹਾਂ ਵਿਕਾਰਾਂ ਨੂੰ ਤਿਆਗਣ ਤੋਂ ਬਿਨਾਂ ਬਾਕੀ ਦੇ ਜੋ ਅੰਨ, ਬਸਤ੍ਰ ਅਤੇ ਧਨ ਦੇ ਤਿਆਗੀ ਹਨ, ਉਨ੍ਹਾਂ ਨੂੰ ਗੁਰਮਤਿ ਨੇ ਨਹੀਂ ਕਬੂਲਿਆ, ਉਨ੍ਹਾਂ ਨੂੰ ਤਾਂ ਸਗੋਂ ਸਖਤ ਤਾੜਨਾ ਕੀਤੀ ਹੈ ਕਿ:

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥
*(ਪੰਨਾ ੧੩੭੨)*

ਪਰ ਹਾਂ, ਗੁਰਮਤਿ ਨੇ ਗ੍ਰਿਹਸਤ ਵਿਚ ਰਹਿਣ ਵਾਲੇ ਗ੍ਰਿਹਸਤੀ ਲਈ ਕੁਝ ਸੰਕੇਤ ਜ਼ਰੂਰ ਅੰਕਤ ਕੀਤੇ ਹਨ, ਜਿਨ੍ਹਾਂ ਦੇ ਅਨੁਸਾਰੀ ਹੋ ਉਸਨੂੰ ਜੀਵਨ ਗੁਜ਼ਾਰਨਾ ਅਤਿ ਜ਼ਰੂਰੀ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ ॥੧॥ *(ਪੰਨਾ ੧੨੪੫)*

ਪੁੰਨ ਦਾਨ ਕਾ ਕਰੇ ਸਰੀਰੁ॥
ਸੋ ਗਿਰਹੀ ਗੰਗਾ ਕਾ ਨੀਰੁ॥ *(ਪੰਨਾ ੯੫੨)*

ਭਾਵ ਜੋ ਦਸਾਂ ਨੌਹਾਂ ਦੀ ਕ੍ਰਿਤ ਕਰਦਾ ਹੋਇਆ ਆਪਣੀ ਉਪਜੀਵਕਾ ਤੋਰਦਾ ਤੇ ਲੋੜਵੰਦਾਂ ਦੀ ਹਰ ਪਖੋਂ ਸਹਾਇਤਾ ਕਰਦਾ ਹੈ। ਅਤੇ ਉੱਚਾ ਇਖਲਾਕ ਰਖਦਾ ਤੇ ਰੱਬੀ ਮਾਰਗ ਪਰ ਟੁਰਿਆ ਰਹਿੰਦਾ ਹੈ, ਉਹ ਗ੍ਰਿਹਸਤੀ ਗੰਗਾ ਦੇ ਪਾਣੀ ਵਾਂਗ ਪਵਿੱਤ੍ਰ ਹੈ। ਉਸ ਗ੍ਰਿਹਸਤੀ ਦਾ ਮੁਕਾਬਲਾ ਕੋਈ ਭੀ ਜੰਗਲ ਵਾਸੀ ਨਹੀਂ ਕਰ ਸਕਦਾ, ਕਿਉਂਕਿ ਉਸ ਨੇ ਗੁਰਮਤਿ ਦੇ ਸਹੀ ਸਿਧਾਂਤ ਨੂੰ ਅਪਨਾਇਆ ਹੈ।

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਕਾਮਾਦਿ ਵਿਕਾਰਾਂ ਦਾ ਤਿਆਗ ਕਰਨਾ ਸ਼੍ਰੋਮਣੀ ਤਿਆਗ ਦਰਸਾ ਰਹੇ ਹੋ, ਉਥੇ ਬਾਣੀ ਵਿਚ ਇਨ੍ਹਾਂ ਦਾ ਟਾਕਰਾ ਕਰਨਾ ਭੀ ਬਹੁਤ ਕਠਿਨ ਦਰਸਾਇਆ ਹੈ ਕਿਉਂਕਿ ਇਹ ਬੜੇ ਸ਼ਕਤੀ ਸ਼ਾਲੀ ਹਨ ਇਨ੍ਹਾਂ ਨੇ:

ਚਾਰਿ ਬਰਨ ਚਉਹਾ ਕੇ ਮਰਦਨ
ਖਟੁ ਦਰਸਨ ਕਰ ਤਲੀ ਰੇ॥
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥੧॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ
ਸੋ ਪੂਰਾ ਇਹ ਕਲੀ ਰੇ ॥੧॥ਰਹਾਉ॥
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ॥
*(ਪੰਨਾ ੪੦੪)*

ਭਾਵ, ਹਜ਼ੂਰ ਆਪ ਭੀ ਬਾਣੀ ਵਿਚ ਇਨ੍ਹਾਂ ਦੀ ਸ਼ਕਤੀ

ਬਾਰੇ ਕਹਿ ਰਹੇ ਹਨ ਕਿ ਇਹ ਪੰਜੇ ਵਿਕਾਰ ਇਤਨੇ ਹਠੀਲੇ ਸੂਰਮੇ ਹਨ ਜਿਨ੍ਹਾਂ ਨੇ ਚਾਰ ਵਰਣ, ਛੇ ਦਰਸ਼ਨਾਂ ਦੇ ਸੁਘੜ ਸਿਆਣੇ ਲੋਕਾਂ ਨੂੰ ਕਾਬੂ ਕਰ ਲਿਆ, ਦਸੋ, ਉਹ ਐਸਾ ਕੌਣ ਬਲੀ ਸੂਰਮਾ ਹੈ ਜਿਸਨੇ ਇਨ੍ਹਾਂ ਪੰਜਾਂ ਨੂੰ ਮਾਰਿਆ ਹੋਵੇ ? ਕਿਉਂਕਿ ਇਹ ਬੜੀ ਪੱਕੀ ਹਠੀਲੀ ਫ਼ੌਜ ਹੈ। ਸੋ ਆਪ ਹੀ ਦਸੋ ਕਿ ਗ੍ਰਿਹਸਤ ਵਿਚ ਰਹਿ ਕੇ ਮਨੁੱਖ ਇਨ੍ਹਾਂ ਤੋਂ ਕਿਵੇਂ ਬਚਾਅ ਕਰ ਸਕਦਾ ਹੈ ?

ਉ: ਹੇ ਭਾਈਓ ! ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਬੜੇ ਬੜੇ ਜੰਗਲਾਂ ਵਿਚ ਸੰਘਣੇ ਦਰਖਤਾਂ ਦੀਆਂ ਝਿੜੀਆਂ ਬਣੀਆਂ ਹੋਇਆ ਕਰਦੀਆਂ ਹਨ ਉਨ੍ਹਾਂ ਦੇ ਅੰਦਰ ਛੋਟੇ ਛੋਟੇ ਅਕਾਰਾਂ ਵਾਲੇ ਸਹੇ ਆਦਿਕ ਜਾਨਵਰ ਲੁਕ ਕੇ ਬੈਠ ਜਾਂਦੇ ਹਨ ਜਿਥੇ ਕਿ ਉਨ੍ਹਾਂ ਨੂੰ ਵੱਡੇ ਵੱਡੇ ਹਾਥੀ ਆਦਿਕ ਦਰਿੰਦਿਆਂ ਦਾ ਕੋਈ ਭੀ ਡਰ ਭੈ ਨਹੀ ਰਹਿ ਜਾਂਦਾ, ਇਸੇ ਤਰ੍ਹਾਂ :

ਕਹੁ ਨਾਨਕ ਤਿਨਿ ਜਨਿ ਨਿਰਦਲਿਆ
ਸਾਧ ਸੰਗਤ ਕੈ ਝਲੀ ਰੇ ॥੨॥੩॥੧੩੨॥

*(ਪੰਨਾ ੪੦੪)*

ਭਾਵ, ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਦੀ ਸਾਧ ਸੰਗਤ ਰੂਪੀ (ਝੱਲ) ਸੰਘਟਨ ਵਿਚ ਲੁਕਾ ਕੇ ਆਪਣਾ ਜੀਵਨ ਗੁਜ਼ਾਰਿਆ ਹੈ ਉਨ੍ਹਾਂ ਨੂੰ ਫਿਰ ਇਨ੍ਹਾਂ ਕਾਮਾਦਿਕ ਦਰਿੰਦੇ ਖ਼ੂਨਖਾਰ ਦੁਸਮਣਾਂ ਦਾ ਕੋਈ ਭੀ ਖ਼ਤਰਾ ਨਹੀਂ ਰਹਿ ਜਾਂਦਾ, ਉਹ ਸਾਰਾ ਆਪਣਾ ਜੀਵਨ ਬੇ-ਗ਼ਮ ਹੋ ਗੁਜ਼ਾਰਦੇ ਹਨ।

ਸੋ, ਹੇ ਸਜਨੋਂ ! ਮੈਨੂੰ ਤਾਂ ਗੁਰਬਾਣੀ ਦੀ ਪੜਚੋਲ ਕਰਦਿਆ ਗ੍ਰਿਹਸਤ ਵਿਚ ਜੀਵਨ ਗੁਜਾਰਨ ਵਾਲੇ ਗੁਰਮੁਖਾਂ ਦਾ ਨਿਰਲੇਪ ਜੀਵਨ ਇਉਂ ਹੀ ਗੁਜ਼ਰ ਰਿਹਾ ਅਨੁਭਵ ਹੋਇਆ ਹੈ ਜਿਸ ਨੂੰ ਕਿ ਮੈਂ ਅਗੇ ਚੰਦ ਸਤਰਾਂ ਵਿਚ ਅੰਕਤ ਕਰਨ ਦਾ ਨਿਮਾਣਾ ਜਿਹਾ ਜਤਨ ਕੀਤਾ ਹੈ, ਉਹ ਭੀ ਮੈਨੂੰ ਜਿਵੇਂ ਮੇਰੇ ਗੁਰੂ, ਗੁਰੂ ਅਰਜਨ ਦੇਵ ਜੀ ਨੇ ਪ੍ਰੇਰਨਾ ਦਿੱਤੀ ਹੈ।

(੧) (ਹੇ ਭਾਈਓ !) ਜਿਸ ਨੂੰ ਬਾਵਨ ਚੰਦਨ ਕਹਿੰਦੇ ਹਨ ਉਸ ਨਾਲ ਅਨੇਕਾਂ ਜ਼ਹਿਰੀਲੇ ਸੱਪ ਲਿਪਟੇ ਹੋਏ ਹੁੰਦੇ ਹਨ (ਭਾਵ ਹੈ ਕਿ ਉਹ ਸੱਪਾਂ ਦਾ ਜੋ ਤਮੋ ਗੁਣ ਹੈ) ਉਹ ਗ੍ਰਹਿਣ ਨਹੀਂ ਕਰਦਾ (ਚੰਦਨ ਠੰਢਾ ਹੁੰਦਾ ਹੈ ਤੇ ਸੱਪ ਆਪਣੀ ਜ਼ਹਿਰ ਦੀ ਗਰਮੀ ਨਾਲ ਸੜਦੇ, ਇਸ ਨਾਲ ਲਿਪਟ ਕੇ ਠੰਢਕ ਤੇ ਸੁਖ ਪ੍ਰਾਪਤ ਕਰਦੇ)।

(੨) (ਫਿਰ ਹੋਰ ਤਕੋ ਕਿ) ਪਾਰਸ ਪੱਥਰਾਂ ਦੇ ਵਿਚ ਹੀ ਰਹਿੰਦਾ ਹੈ, ਪਰ ਉਹ ਪਾਰਸ ਆਪ ਪੱਥਰ ਦਾ ਗੁਣ ਨਹੀਂ ਧਾਰਦਾ।

(੩) ਜਿਨ੍ਹਾਂ ਸੱਪਾਂ ਦੇ ਸਿਰ ਵਿਚ ਮਣੀ ਹੁੰਦੀ ਹੈ, ਉਹ ਭੀ ਦੂਜੇ ਸੱਪਾਂ ਵਿਚ ਹੀ ਫਿਰਦੇ ਤੁਰਦੇ ਰਹਿੰਦੇ ਹਨ। ਪਰ ਆਪਣਾ ਗੁਣ ਹੀ ਰਖਦੇ ਹਨ (ਭਾਵ ਸਤਿਸੰਗੀ ਲੋਕ ਕੁਸੰਗੀਆਂ ਦਾ ਔਗੁਣ ਨਹੀਂ ਧਾਰਨ ਕਰਦੇ)।

(੪) (ਹੋਰ ਵੇਖੋ) ਮਾਨ ਸਰੋਵਰ ਦੀਆਂ ਲਹਿਰਾਂ ਵਿਚੋਂ ਹੰਸ ਕੇਵਲ ਮਾਣਕ ਤੇ ਮੋਤੀ ਚੁਗ ਚੁਗ ਖਾਂਦੇ ਹਨ (ਉਨ੍ਹਾਂ ਦਾ ਹੋਰ ਪਾਸੇ ਧਿਆਨ ਹੀ ਨਹੀਂ ਜਾਂਦਾ)।

(੫) ਜਿਸ ਤਰ੍ਹਾਂ ਪਾਣੀ ਵਿਚ ਰਹਿੰਦਾ ਕੰਵਲ ਫੁੱਲ ਪਾਣੀ ਤੋਂ ਨਿਰਲੇਪ ਰਹਿੰਦਾ ਹੈ ਇਸੇ ਤਰ੍ਹਾਂ ਗ੍ਰਿਹਸਤੀ ਸਿਖ ਹੋਰ (ਸੰਸਾਰੀ ਲੋਕਾਂ ਵਿਚ ਰਹਿੰਦਾ) ਸੰਸਾਰ ਦੀਆ ਖਿੱਚਾਂ ਤੇ ਪਕੜਾਂ ਤੋਂ ਨਿਰਲੇਪ ਰਹਿੰਦਾ ਹੈ।

(੬) (ਗੁਰਸਿੱਖ) ਆਸ਼ਾਵਾਂ ਦੇ ਸਮੁੰਦਰ ਵਿਚ ਨਿਰਾਸ਼ਿਆਂ ਵਾਂਗ ਹੋ ਰਹਿੰਦੇ ਹਨ ਤੇ ਜੀਵਨ ਮੁਕਤੀ ਦੀ ਜੁਗਤੀ ਨਾਲ ਉਹ ਜੀਉਂਦੇ ਹਨ (ਸੰਸਾਰੀ ਜੁਗਤੀਆ ਨਾਲ ਨਹੀਂ) ਗੁਰਸਿੱਖ ਨੂੰ ਇਹ ਜੀਵਨ ਜੁਗਤਿ ਸਾਧ ਸੰਗਤ ਵਿਚ ਗੁਰ ਸ਼ਬਦ ਦੀ ਸਿਖਿਆ ਤੋਂ ਪ੍ਰਾਪਤ ਹੋਈ ਹੈ।

(੭) (ਸੋ ਐਸੀ) ਸਾਧ ਸੰਗਤ ਦੀ ਮਹਿਮਾ ਨੂੰ ਕਿਸ ਮੁਖ ਨਾਲ ਕਹੀਏ ? (ਭਾਵ ਕਹੀ ਨਹੀਂ ਜਾ ਸਕਦੀ) ।੧੫।

***ਭਾਵਾਰਥ :*** ਸਾਧ ਸੰਗਤ ਵਿਚ ਰਹਿਣ ਵਾਲਾ ਗੁਰੂ ਦਾ ਗੁਰਸਿੱਖ ਉਹ ਭਾਵੇਂ ਪਦਾਰਥਾ ਵਿਚ ਹੀ ਰਹਿੰਦਾ ਹੈ, ਪਰ ਤਾ ਭੀ ਨਿਰਲੇਪ ਹੋ ਜੀਵਨ ਗੁਜਾਰਦਾ ਹੈ, ਜਿਵੇਂ ਇਸ ਭਾਵ ਨੂੰ ਕਬੀਰ ਜੀ ਇਉ ਅੰਕਤ ਕਰਦੇ ਹਨ, ਜਿਵੇ ਕਿ :

ਕਬੀਰ ਸੰਤੁ ਨ ਛਾਡੈ ਸੰਤਈ
ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ
ਤ ਸੀਤਲਤਾ ਨ ਤਜੰਤ ॥੧੭੪॥ *(ਪੰਨਾ ੧੩੭੩)*

## ੧੬. ਸਤਿਗੁਰੂ ਅਤੇ ਗੁਰਸਿੱਖ ਦੀ ਸਿਫਤ

੧. ਧੰਨ ਧੰਨ ਸਤਿਗੁਰ ਪੁਰਖ
ਨਿਰੰਕਾਰ ਆਕਾਰ ਬਨਾਯਾ।
੨. ਧੰਨ ਧੰਨ ਸਤਿਗੁਰ ਸਿੱਖ ਸੁਣ
ਚਰਨ ਸਰਨ ਗੁਰਸਿੱਖ ਜੁ ਆਯਾ।

੩. ਗੁਰਮੁਖ ਮਾਰਗ ਧੰਨ ਹੈ
ਸਾਧ ਸੰਗਤ ਮਿਲ ਸੰਗ ਚਲਾਯਾ।
੪. ਧੰਨ ਧੰਨ ਸਤਿਗੁਰ ਚਰਨ
ਧੰਨ ਮਸਤਕ ਗੁਰ ਚਰਨੀ ਲਾਯਾ।
੫. ਸਤਿਗੁਰ ਦਰਸ਼ਨ ਧੰਨ ਹੈ
ਧੰਨ ਧੰਨ ਗੁਰਸਿਖ ਪਰਸਨ ਆਯਾ।
੬. ਭਾਉ ਭਗਤਿ ਗੁਰਸਿਖ ਵਿਚ
ਹੋਇ ਦਿਆਲ ਗੁਰੂ ਮੁਹਿ ਲਾਯਾ।
੭. ਦੁਰਮਤਿ ਦੂਜਾ ਭਾਉ ਮਿਟਾਯਾ॥੧੬॥

***ਪਦ ਅਰਥ :*** ਆਕਾਰ—ਗੁਰੂ ਸਰੂਪ। ਮਾਰਗ—ਰਸਤਾ। ਪਰਸਨ—ਛੁਹਨਾਂ ਭਾਵ ਵੇਖਣਾ। ਦੁਰਮਤਿ—ਖੋਟੀ ਮਤ। ਦੂਜਾ ਭਾਉ—ਦ੍ਵੈਤ ਭਾਵ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸਾਡੀ ਤਾਂ ਇਤਨੀ ਵਧੇਰੇ ਉੱਜਲ ਮੱਤ ਨਹੀਂ ਜੋ ਕਿ ਸਤਿਗੁਰੂ ਦੀ ਸਿਫਤੋ ਸਾਲਾਹ ਕਰ ਸਕੀਏ, ਪਰ ਤੁਸੀਂ ਗੁਰੂ ਦੀ ਸ਼ਲਾਘਾ ਜਿਸ ਰੂਪ ਵਿਚ ਕਰਦੇ ਹੋ ਉਸ ਬਾਰੇ ਸਾਨੂੰ ਭੀ ਕੁਝ ਜਾਣਕਾਰੀ ਦਿਓ ਜਿਸ ਦਾ ਸਦਕਾ ਅਸੀ ਭੀ ਗੁਰੂ ਦੀ ਸਿਫਤ ਕਰਨ ਸੰਬੰਧੀ ਕੁਝ ਸੋਧ ਹਾਸਲ ਕਰ ਸਕੀਏ?

ਉ: ਹੇ ਭਾਈਓ! ਸੱਚ ਤਾਂ ਇਹੋ ਹੈ ਕਿ ਕਿਸੇ ਅਲਪੱਗ ਮਨੁੱਖ ਪਾਸੋਂ ਉਸ ਸਰਵੱਗ ਸਤਿਗੁਰੂ ਦੀ ਸਿਫਤੋ ਸਾਲਾਹ ਕੀਤੀ ਹੀ ਨਹੀਂ ਜਾ ਸਕਦੀ ਕਿਉਂਕਿ ਜਦੋਂ ਅਸੀਂ ਗੁਰਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਇਹੋ ਬੋਧ ਹਾਸਲ ਹੁੰਦਾ ਹੈ ਕਿ ਗੁਰੂ ਤੇ ਪ੍ਰਮੇਸ਼ਰ ਇਕੋ ਹੀ ਰੂਪ ਹਨ, ਜਿਵੇਂ ਕਿ:

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥
*(ਸ੍ਰੀ ਰਾਗੁ ਮ: ੫, ਪੰਨਾ ੫੩)*

ਗੁਰੁ ਪਰਮੇਸਰੁ ਏਕੋ ਜਾਣੁ॥
ਜੋ ਤਿਸੁ ਭਾਵੈ ਸੋ ਪਰਵਾਣੁ॥ *(ਗੋਂਡ ਮ: ੫, ਪੰਨਾ ੮੬੪)*

ਗੁਰੁ ਪਰਮੇਸਰੁ ਗੁਰੁ ਗੋਬਿੰਦੁ॥
ਗੁਰੁ ਕਰਤਾ ਗੁਰੁ ਸਦ ਬਖਸੰਦੁ॥
*(ਮਾਰੂ ਮ: ੫, ਪੰਨਾ ੧੦੮੦)*

ਗੁਰੁ ਪਰਮੇਸਰੁ ਪੂਜੀਐ ਮਨਿ ਤਨਿ ਲਾਇ ਪਿਆਰੁ॥
*(ਸ੍ਰੀ ਰਾਗੁ ਮ: ੫, ਪੰਨਾ ੫੨)*

ਗੁਰੁ ਪਰਮੇਸਰੁ ਪਾਰਬ੍ਰਹਮੁ
ਗੁਰੁ ਡੁਬਦਾ ਲਏ ਤਰਾਇ॥
*(ਸ੍ਰੀ ਰਾਗੁ ਮ: ੫, ਪੰਨਾ ੪੯)*

ਇਸ ਤਰ੍ਹਾਂ ਸਾਨੂੰ ਗੁਰਬਾਣੀ ਵਿਚੋਂ ਗੁਰੂ ਤੇ ਪ੍ਰਮੇਸ਼ਰ ਦੀ ਏਕਤਾ ਹੋਣ ਵਿਚ ਹੋਰ ਭੀ ਕਈ ਉਦਾਹਰਣ ਮਿਲਦੇ ਹਨ, ਭਾਵ ਹੈ ਜਿਵੇਂ ਪ੍ਰਮੇਸ਼ਰ ਗੁਣਾਂ ਦਾ ਅਥਾਹ ਸਾਗਰ ਹੈ ਇਸੇ ਹੀ ਤਰ੍ਹਾਂ ਗੁਰੂ ਭੀ ਗੁਣਾਂ ਦਾ ਅਥਾਹ ਸਾਗਰ ਹੈ, ਜਿਵੇਂ ਕਿ:

ਗੁਰੁ ਸਾਗਰੁ ਰਤਨੀ ਭਰਪੂਰੇ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥ *(ਪੰਨਾ ੬੯੫)*

ਭਾਵ ਹੈ, ਕਿ ਗੁਰੂ ਤਾਂ ਦੈਵੀ ਗੁਣਾਂ ਦੇ ਅਥਾਹ ਸਾਗਰ ਹਨ ਉਨ੍ਹਾਂ ਦੇ ਸੰਪੂਰਨ ਗੁਣਾਂ ਨੂੰ ਤਾਂ ਸਿਆਣਿਆਂ ਨਹੀ ਜਾ ਸਕਦਾ, ਪਰ ਹਾਂ, ਜਿਤਨੀ ਕੁ ਕੋਈ ਸਿਫਤੋ ਸਾਲਾਹ ਕਰਦਾ ਹੈ ਉਹ ਉਤਨੀ ਕੁ ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲੈਂਦਾ ਹੈ। ਉਸ ਨੂੰ ਇਸੀ ਤਰ੍ਹਾਂ ਜਾਣੋ ਜਿਵੇਂ ਕੋਈ ਦਰਯਾ ਦੇ ਕਿਨਾਰੇ ਤੇ ਖਲੋਤਾ ਉਸ ਦੀਆਂ ਲਹਿਰਾ ਬਾਰੇ ਕੁਝ ਕਹਿ ਸਕਦਾ ਹੈ ਪਰ ਉਹ ਸਾਗਰ ਦੀ ਹਾਥ ਨਹੀਂ ਪਾ ਸਕਦਾ।

ਪ੍ਰ: ਭਾਈ ਸਾਹਿਬ ਜੀਉ! ਬਹੁਤ ਲੋਕ ਵੇਖਣ ਵਿਚ ਆਉਂਦੇ ਹਨ ਕਿ ਉਹ ਗੁਰੂ ਦੀ ਮੂਰਤੀ ਨੂੰ ਸਾਹਮਣੇ ਰੱਖ ਕੇ ਉਸ ਦਾ ਧਿਆਨ ਧਰਦੇ ਹਨ ਕੀ ਇਸ ਨੂੰ ਗੁਰਮਤਿ ਭੀ ਕਬੂਲ ਕਰਦੀ ਹੈ?

ਉ: ਹੇ ਸਜਨੋਂ! ਗੁਰਬਾਣੀ ਵਿਚ ਮੂਰਤੀ ਪੂਜਾ ਕਰਨ ਦੀ ਸਾਨੂੰ ਕਿਤੇ ਭੀ ਪ੍ਰੇਰਨਾ ਨਹੀਂ ਮਿਲਦੀ, ਜੋ ਲੋਕ ਗੁਰਬਾਣੀ ਦੀ ਇਸ ਪੰਗਤੀ ਨੂੰ ਮੂਰਤੀ ਪੂਜਾ ਕਰਨ ਲਈ ਪ੍ਰੇਰਨਾ ਸਮਝ ਕੇ ਕਿਸੇ ਮੂਰਤੀ ਨੂੰ ਸਾਹਮਣੇ ਰੱਖ ਕੇ ਪੂਜਾ ਕਰਦੇ ਹਨ ਕਿ:

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ *(ਪੰਨਾ ੮੬੪)*

ਅਸਲ ਵਿਚ ਇਸ ਪੰਗਤੀ ਦਾ ਜੋ ਭਾਵਾਰਥ ਅਗਲੀ ਪੰਗਤੀ ਵਿਚ ਖੁਲਾਸਾ ਕੀਤਾ ਹੈ ਕਿ:

ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ *(ਪੰਨਾ ੮੬੪)*

ਭਾਵ ਹੈ ਕਿ ਗੁਰੂ ਦੀ ਮੂਰਤੀ ਦਾ ਧਿਆਨ ਸਹੀ ਰੂਪ ਵਿਚ ਇਹੋ ਹੈ ਕਿ ਜੋ ਗੁਰੂ ਦਾ ਦਿਤਾ ਹੋਇਆ ਗੁਰ ਸ਼ਬਦ ਰੂਪ ਮੰਤ੍ਰ ਹੈ ਇਸ ਦੇ ਸਹੀ ਅਰਥਾਂ ਨੂੰ ਮਨ ਵਿਚ ਧਾਰਨ ਕਰਨਾ ਹੀ ਮੰਤ੍ਰ ਹੈ। ਗੁਰਮਤਿ ਇਸੇ ਸਿਧਾਂਤ ਨਾਲ ਸਹਿਮਤ ਹੈ ਕਿ:

ਗੁਰ ਮੂਰਤਿ ਗੁਰੁ ਸ਼ਬਦ ਹੈ
ਸਾਧ ਸੰਗਤਿ ਵਿਚ ਪ੍ਰਗਟੀ ਆਯਾ॥

*(ਵਾਰ ੨੪, ਪਉੜੀ ੨੫)*

ਇਹ ਸਿਧਾਂਤ ਭੀ ਗੁਰੂ ਦੀ ਸੰਗਤ ਦੁਆਰੇ ਹੀ ਪ੍ਰਗਟ ਹੋ ਸਕਦਾ ਹੈ। ਜਿਤਨਾ ਚਿਰ ਕੋਈ ਇਸ ਸਹੀ ਸਿਧਾਂਤ ਨੂੰ ਨਹੀਂ ਸਮਝੇਗਾ ਉਤਨਾ ਚਿਰ ਉਸਨੂੰ ਭਟਕਣਾ ਬਣੀ ਰਹੇਗੀ।

ਪ੍ਰ: ਕਿਉਂ ਜੀ, ਜੋ ਲੋਕ ਗੁਰੂ ਜਾਂ ਕਿਸੇ ਹੋਰ ਨਾਮ ਧਰੀਕ ਵਿਅਕਤੀ ਦੀ ਮੂਰਤੀ ਦੇ ਧਿਆਨ ਧਰਨ ਵਿਚ ਜੁੜੇ ਰਹਿੰਦੇ ਹਨ, ਉਨ੍ਹਾਂ ਨੂੰ ਆਖ਼ਰ ਫਲ ਕੀ ਮਿਲੇਗਾ, ਕੀ ਉਨ੍ਹਾਂ ਦੀ ਪਹੁੰਚ ਨਿਰਗੁਣ ਸਰੂਪ ਤੱਕ ਨਹੀਂ ਹੋ ਸੱਕੇਗੀ, ਇਸ ਬਾਰੇ ਜਾਣਕਾਰੀ ਦਿਓ ?

ਉ: ਹੇ ਭਾਈਓ ! ਉਨ੍ਹਾਂ ਧਿਆਨੀਆਂ ਦਾ ਨਿਰਗੁਣ ਸਰੂਪ ਤੱਕ ਪਹੁੰਚਣਾ ਬਹੁਤ ਦੂਰ ਦੀ ਗੱਲ ਹੈ, ਕਿਉਂਕਿ ਪਹਿਲੋਂ ਤਾਂ ਇਹੋ ਹੀ ਪਤਾ ਨਹੀਂ ਕਿ ਉਨ੍ਹਾਂ ਨੂੰ ਕਿਸੇ ਮੂਰਤੀ ਦੇ ਆਕਾਰ ਨੂੰ ਅੰਦਰ ਵਸਾਉਣ ਲਈ ਕਿਤਨਾ ਕੁ ਸਮਾਂ ਗੁਜ਼ਰ ਜਾਏਗਾ, ਫ਼ਰਜ਼ ਕਰੋ ਜੇ ਉਹ ਕਿਸੇ ਮੂਰਤੀ ਦੇ ਆਕਾਰ ਨੂੰ ਆਪਣੇ ਅੰਦਰ ਵਸਾਉਣ ਵਿਚ ਸਫਲ ਹੋ ਭੀ ਜਾਣ, ਤਾਂ ਭੀ ਫਿਰ ਉਨ੍ਹਾਂ ਦੇ ਅੰਤਰ ਆਤਮੇ ਨਿਰੰਕਾਰ ਸਰੂਪ ਦੀ ਲੱਖਤਾ ਨਹੀਂ ਹੋ ਸਕਦੀ ਜਦ ਤਕ ਉਹ ਆਪਣੇ ਅੰਦਰ ਉੱਕਰੇ ਹੋਏ ਕਿਸੇ ਮੂਰਤੀ ਦੇ ਆਕਾਰ ਨੂੰ ਬਾਹਰ ਨਹੀਂ ਨਿਕਾਲਣਗੇ, ਕਿਉਂਕਿ ਜਦ ਤਕ ਕਿਸੇ ਬਰਤਨ ਵਿਚ ਪਈ ਪਹਿਲੀ ਵਸਤੂ ਨੂੰ ਬਾਹਰ ਨਹੀਂ ਨਿਕਾਲਿਆ ਜਾਂਦਾ ਤਦ ਤਕ ਕਿਸੇ ਦੂਸਰੀ ਵਸਤੂ ਦਾ ਉਸ ਵਿਚ ਸਮਾਉਣਾ ਕਠਨ ਹੀ ਨਹੀਂ ਸਗੋਂ ਅਸੰਭਵ ਹੈ, ਇਸ ਭਾਵ ਨੂੰ ਪ੍ਰਗਟਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਅਟੱਲ ਫ਼ੈਸਲਾ ਹੈ ਕਿ :

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥

*(ਪੰਨਾ ੪੭੪)*

ਦੂਸਰੀ ਇਕ ਹੋਰ ਭੀ ਕਠਿਨਾਈ ਸਾਹਮਣੇ ਆ ਜਾਂਦੀ ਹੈ ਕਿ ਜੇ ਉਸਨੂੰ ਕਿਸੇ ਮੂਰਤੀ ਦੇ ਆਕਾਰ ਨੂੰ ਆਪਣੇ ਅੰਦਰ ਵਸਾਉਣ ਲਈ ਦਸ ਸਾਲ ਗੁਜ਼ਰੇ ਹਨ ਤਾਂ ਫਿਰ ਉਸਨੂੰ ਬਾਹਰ ਨਿਕਾਲਣ ਲਈ ਦੁਗਣਾ ਵਕਤ ਵੀਹ ਸਾਲ ਤਾਂ ਅਵੱਸ਼ ਹੀ ਲਗਣਗੇ, ਇਸ ਲਈ ਗੁਰਮਤਿ ਨੇ ਇਸ ਲੰਮੇਂ ਚੱਕ੍ਰ ਤੋਂ ਬਚਾਉਣ ਲਈ ਕਿਸੇ ਭੀ ਮੂਰਤੀ ਦੀ ਪੂਜਾ ਕਰਨੀ ਜਾਂ ਧਿਆਨ ਧਰਨ ਵਲੋਂ ਰੋਕਥਾਮ ਕਰਕੇ ਕੇਵਲ ਗੁਰ ਮੰਤਰ ਦੇ ਮੁਖ ਭਾਵ ਨੂੰ ਹੀ ਅੰਤਰਗਤ ਧਾਰਨ ਕਰਨ ਦੀ ਪ੍ਰੇਰਨਾ ਕੀਤੀ ਹੈ।

ਜੋ ਆਕਾਰ ਤੋਂ ਰਹਿਤ ਨਿਰਾਕਾਰ ਬ੍ਰਹਮ ਹੈ ਇਸ ਅਭੇਦ ਹੋਣ ਦਾ ਇਹੋ ਇਕ ਮੁਖ ਸਾਧਨ ਹੈ। ਗੁਰਮਤਿ ਤਾਂ ਕੇਵਲ ਇਸੇ ਸਹੀ ਸਿਧਾਂਤ ਸਹਿਮਤ ਹੈ, ਗੁਰਸਿੱਖ ਭੀ ਇਸੇ ਗੁਰਮਤਿ ਦੇ ਚ ਗਾਡੀ ਰਾਹ ਪਰ ਜੀਵਨ ਗੁਜ਼ਾਰਦੇ ਹੋਏ ਆ ਜੀਵਨ ਸਫਲਾ ਕਰ ਜਾਂਦੇ ਹਨ।

ਪ੍ਰ: ਭਾਈ ਸਾਹਿਬ ਜੀਓ ! ਤੁਹਾਡਾ ਸਤਿਗੁਰੂ ਦੇ ਵਿਚ ਆਪਣਾ ਕੀ ਵਿਸ਼ਵਾਸ ਹੈ, ਇਸ ਬਾਰੇ ਭੀ ਰੋਸਨੀ ਪਾਓ ?

ਉ: ਹੇ ਭਾਈਓ ! ਸੱਚ ਤਾਂ ਇਹੋ ਹੈ ਕਿ ਸਤਿਗੁਰਾਂ ਦੀ ਸ਼ਰਨ ਵਿਚ ਮੈਨੂੰ ਰਹਿ ਕੇ ਜਿਤਨਾ ਭੀ ਗੁਰ ਸੁਣਦੇ ਰਹਿਣ ਦਾ ਸੁਭਾਗ ਹਾਸਲ ਹੋਇਆ ਹੈ ਸਾਰਾ ਤਾਂ ਮੇਰੀ ਚਿਤਵਨੀ ਵਿਚ ਨਹੀਂ ਹੈ, ਪਰ ਜਿ ਮਾਤਰ ਵਿਚ ਰਹਿ ਸੱਕਿਆ ਹੈ ਉਤਨਾ ਕੁ ਕਹਿ ਸ ਦਾ ਮੈਂ ਜ਼ਰੂਰ ਉਪਰਾਲਾ ਕਰਦਾ ਆ ਰਿਹਾ ਸਤਿਗੁਰੂ ਬਾਰੇ ਜੋ ਮੇਰੇ ਅੰਦਰ ਭਾਵਨਾਵਾਂ ਹਨ, ਮੈਂ ਚੰਦ ਸਤਰਾਂ ਵਿਚ ਇਉਂ ਉਲੀਕਣ ਦਾ ਨਿਮਾਣਾ ਜਿਹਾ ਜਤਨ ਕੀਤਾ ਹੈ, ਜਿਵੇਂ ਕਿ

(੧) (ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦ ਕਿ ਉਹ ਪੂਰੇ) ਪੁਰਖ ਸਤਿਗੁਰੂ ਜੀ ਧੰਨ ਧੰਨ (ਜਿਨ੍ਹਾਂ ਦੇ) ਸਾਖਿਆਤ ਸਰੂਪ ਨੂੰ ਨਿਰੰਕਾਰ ਪ੍ਰ ਨੇ ਆਪ ਬਣਾਇਆ ਹੈ।

(੨) (ਅਤੇ) ਧੰਨ ਧੰਨ ਸਤਿਗੁਰ ਪੁਰਖ ਦੀ ਸਿਖਿਅ ਜਿਸਨੂੰ ਸੁਣ ਕੇ ਗੁਰਸਿੱਖ ਸਤਿਗੁਰੂ ਦੀ ਚਰਨ ਵਿਚ ਆਇਆ ਹੈ।

(੩) (ਅਤੇ) ਸਤਿਗੁਰ ਪੁਰਖ ਦਾ ਚਲਾਇਆ ਗੁਰ ਮਾਰਗ ਵੀ ਧੰਨ ਹੈ, ਜੋ ਸਾਧ ਸੰਗਤ ਦੇ ਮਿ (ਸੰਗਤ) ਨਾਲ ਚਲਦਾ ਹੈ।

(੪) ਧੰਨ ਧਨ ਪੂਰੇ ਸਤਿਗੁਰੂ ਜੀ ਦੇ ਚਰਨ, ਜਿਨ੍ਹਾਂ ਧੰਨਤਾ ਯੋਗ ਗੁਰਸਿੱਖ ਨੇ ਆਪਣਾ ਮੱਥਾ ਲਾ (ਛੁਹਾਇਆ) ਹੈ।

(੫) ਪੂਰੇ ਸਤਿਗੁਰੂ ਜੀ ਦਾ ਦਰਸ਼ਨ ਭੀ ਧੰਨ ਹੈ (ਜੋ ਭ ਨਾਲ ਪ੍ਰਾਪਤ ਹੁੰਦਾ ਹੈ) ਅਤੇ ਧੰਨ ਧੰਨ ਉਹ ਗੁਰ ਹੈ, ਜੋ ਸਤਿਗੁਰੂ ਜੀ ਦੇ ਚਰਨਾਂ ਨੂੰ ਪਰਸਣ ਲਈ ਕੇ ਆਇਆ ਹੈ।

(੬) ਗੁਰੂ ਸਿਖ ਦੀ ਪ੍ਰੇਮ ਭਗਤੀ (ਦਾ ਰੰਗ) ਹੈ ਜਿ (ਵੇਖ ਕੇ) ਦਿਆਲੂ ਹੋ ਕੇ ਸਤਿਗੁਰੂ ਜੀ ਨੇ ਗੁਰ ਨੂੰ) ਮੂੰਹ ਲਾਇਆ ਭਾਵ ਆਪਣੇ ਸਾਹਮਣੇ ਲਿਆ (ਤੇ ਬੁਲਾ ਕੇ ਫਿਰ ਕ੍ਰਿਪਾ ਕੀਤੀ)।

(੭) ਸਤਿਗੁਰੂ ਨੇ ਸਿਖ ਵਿਚੋਂ ਖੋਟੀ ਮਤ ਤੇ ਦ੍ਵੈਤ ਭਾਵ ਨੂੰ ਨਾਸ ਕਰ ਦਿੱਤਾ।੧੬।

ਪ੍ਰਮਾਣ :

ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥

*(ਵਾਰ ਵਡਹੰਸੁ ਮ: ੪, ਪੰਨਾ ੫੯੩)*

## ੧੭. ਸਮੇਂ ਦੀ ਸਫਲਤਾ

**੧. ਧੰਨ ਪਲ ਚਸਾ ਘੜੀ ਪਹਿਰ ਧੰਨ**
**ਧੰਨ ਥਿੱਤ ਸੁ ਵਾਰ ਸਭਾਗੇ।**
**੨. ਧੰਨ ਧੰਨ ਦਿਹ ਰਾਤ ਹੈ**
**ਪੱਖ ਮਾਹ ਰੁਤ ਸੰਮਤ ਜਾਗੇ।**
**੩. ਧੰਨ ਅਭੀਚ ਨਿਛੱਤ੍ਰ ਹੈ**
**ਕਾਮ ਕ੍ਰੋਧ ਅਹੰਕਾਰ ਤਿਆਗੇ।**
**੪. ਧੰਨ ਧੰਨ ਸੰਜੋਗ ਹੈ**
**ਅਠਸਠ ਤੀਰਥ ਰਾਜ ਪਿਰਾਗੇ।**
**੫. ਗੁਰੂ ਦੁਆਰੇ ਆਇ ਕੈ**
**ਚਰਨ ਕਵਲ ਰਸ ਅੰਮ੍ਰਿਤ ਪਾਗੇ।**
**੬. ਗੁਰ ਉਪਦੇਸ ਅਵੇਸ ਕਰ**
**ਅਨਭੈ ਪਿਰਮ ਪਿਰੀ ਅਨੁਰਾਗੇ।**
**੭. ਸ਼ਬਦ ਸੁਰਤ ਲਿਵ ਸਾਧ ਸੰਗ**
**ਅੰਗ ਅੰਗ ਇਕ ਰੰਗ ਸਮਾਗੇ।**
**੮. ਰਤਨ ਮਾਲ ਕਰ ਕੱਚੇ ਧਾਗੇ ॥੧੭॥**

*ਪਦ ਅਰਥ :* ਪਲ—੬ ਸਵਾਸਾਂ ਦਾ ਇੱਕ ਪਲ। ਚਸਾ—ਛਿਨ, ਛੇ ਸੁਾਸਾਂ ਦੀ। ਘੜੀ—ਸੱਠ ਪਲਾਂ ਦੀ ਇਕ ਘੜੀ। ਪਹਿਰ—ਅੱਠ ਘੜੀ ਦਾ ਇਕ ਪਹਿਰ। ਪੱਖ—ਪੰਦ੍ਰਾਂ ਦਿਨਾ ਦਾ

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਦੋਂ ਅਸੀਂ ਦੁਨੀਆ ਦੇ ਹਰ ਮਨੁੱਖ ਮਾਤ੍ਰ ਵੱਲ ਨਜ਼ਰ ਮਾਰਦੇ ਹਾਂ, ਤਾਂ ਹਰ ਪ੍ਰਾਣੀ ਹੀ ਸੰਸਾਰ ਦੇ ਮਾਇਕੀ ਕਾਰੋਬਾਰਾਂ ਵਿਚ ਖੱਚਤ ਹੋ ਆਪੋ ਆਪਣਾ ਜੀਵਨ ਗੁਜ਼ਾਰ ਰਹੇ ਹਨ, ਪਰ ਤੁਸੀ ਦਸੋ ਗੁਰਮਤਿ ਅਨੁਸਾਰ ਕਿਸ ਮਨੁੱਖ ਦਾ ਸਮਾਂ ਸਫਲਾ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਇਹ ਤਾਂ ਠੀਕ ਹੈ ਕਿ ਆਪੋ ਆਪਣੀ ਸਰੀਰਕ ਕਿਰਿਆ ਦਾ ਨਿਰਬਾ ਕਰਦੇ ਰਹਿਣ ਲਈ ਕੋਈ ਜ਼ਿਮੀਦਾਰ ਕ੍ਰਿਸਾਣੀ ਕਰਦਾ ਹੈ, ਕੋਈ ਦੁਕਾਨ-ਦਾਰੀ ਕੋਈ ਹੋਰ ਵਣਜ ਵਪਾਰ ਕਰਦਾ ਹੈ, ਸਰੀਰ ਦੀ ਉਪਜੀਵਕਾ ਟੋਰਨ ਲਈ ਇਹ ਭੀ ਹਰ ਜੀਵ ਦਾ ਆਪੋ ਆਪਣਾ ਫ਼ਰਜ਼ ਹੀ ਬਣਦਾ ਹੈ, ਜੋ ਗੁਰਮਤਿ ਅਨੁਸਾਰ ਹਰ ਮਨੁੱਖ ਮਾਤ੍ਰ ਨੂੰ ਦਸਾਂ ਨੌਹਾਂ ਦੀ ਕਿਰਤ ਕਰਦੇ ਰਹਿਣਾ ਭੀ ਜ਼ਰੂਰੀ ਹੈ। ਪਰ, ਕਈ ਇਹ ਕੁਝ ਕਰਦੇ ਹੋਏ ਲੋਕਾਂ ਨੂੰ ਇਹੋ ਕਹਿੰਦੇ ਸੁਣੀਦਾ ਹੈ, ਜੀ, ਅਸੀਂ ਤਾਂ ਆਪਣਾ ਵਕਤ ਹੀ ਪਾਸ ਕਰ ਰਹੇ ਹਾਂ। ਅਸਲ ਵਿਚ ਗੁਰਮਤਿ ਨੇ ਕੇਵਲ ਵਕਤ ਪਾਸ ਕਰਦੇ ਰਹਿਣ ਲਈ ਨਹੀਂ ਕਿਹਾ, ਸਗੋਂ ਵਕਤ ਨੂੰ ਸਫਲਾ ਕਰਨ ਦੀ ਪ੍ਰੇਰਨਾ ਕਰੀ ਹੈ। ਕਿਉਂਕਿ ਜੇ ਅਸੀਂ ਕੇਵਲ ਸਰੀਰ ਦੀਆਂ ਲੋੜਾਂ ਪੂਰੀਆਂ ਕਰਨ ਦੇ ਆਹਰ ਵਿਚ ਹੀ ਲੱਗੇ ਰਹੀਏ ਤਾਂ ਸਾਡੀ ਬਾਕੀ ਦੇ ਜੀਵਾਂ ਨਾਲੋਂ ਕੋਈ ਵਿਸ਼ੇਸ਼ਤਾ ਨਹੀਂ, ਕਿਉਂਕਿ ਬਾਕੀ ਦੇ ਜਾਨਵਰ, ਦਰਿੰਦੇ, ਪਰਿੰਦੇ, ਪਸ਼ੂ, ਪੰਛੀ ਭੀ ਆਪੋ ਆਪਣੀ ਉਪਜੀਵਕਾ ਟੋਰਦੇ ਰਹਿਣ ਲਈ ਆਹਰ ਕਰਦੇ ਰਹਿੰਦੇ ਹਨ। ਸਾਡੇ ਵਾਂਗ ਉਹ ਭੀ ਆਪੋ ਆਪਣੇ ਬਚਿਆਂ ਦੀ ਪਾਲਣਾ ਕਰਦੇ ਵਕਤ ਪਾਸ ਕਰਦੇ ਹਨ। ਇਸ ਲਈ, ਹਰ ਮਨੁੱਖ ਨੂੰ ਗੁਰਬਾਣੀ ਦੀ ਪ੍ਰੇਰਨਾ ਅਨੁਸਾਰ ਇਹ ਆਪਣਾ ਅਮੋਲਕ ਜੀਵਨ ਸਫਲ ਕਰਨ ਲਈ ਉੱਦਮ ਕਰਦੇ ਰਹਿਣਾ ਚਾਹੀਦਾ ਹੈ।

ਪ੍ਰ: ਕਿਉਂ ਜੀ, ਦਸੋਗੇ ਕਿ ਗੁਰਬਾਣੀ ਅਨੁਸਾਰ ਇਸ ਮਨੁੱਖ ਦੇ ਸਮੇਂ ਨੂੰ ਸਫਲਤਾ ਕਿਵੇਂ ਹਾਸਲ ਹੋ ਸਕਦੀ ਹੈ?

ਉ: ਹੇ ਭਾਈ! ਸਾਨੂੰ ਗੁਰਬਾਣੀ ਦੀ ਵੀਚਾਰ ਕਰਨ ਸਮੇਂ ਇਸ ਭਾਵ ਨੂੰ ਪ੍ਰਗਟਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੁਆਰੇ ਇਸ ਮਨੁੱਖ ਨੂੰ ਸਫਲਤਾ ਪ੍ਰਾਪਤ ਹੁੰਦੀ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਆਇਆ ਹੈ:

ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ॥
ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ॥

*(ਰਾਮਕਲੀ ਕੀ ਵਾਰ, ਮ: ੫, ਪੰਨਾ ੯੫੮)*

ਚਰਣ ਕਮਲ ਸੰਗਿ ਨੇਹੁ ਕਿਨੈ ਵਿਰਲੈ ਲਾਇਆ ॥
ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ ॥੩॥
*(ਆਸਾ ਮ: ੫, ਪੰਨਾ ੩੯੯)*

ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥
ਜਿਨੀ ਇਕ ਮਨਿ ਇਕੁ ਅਰਾਧਿਆ
ਤਿਨ ਸਦ ਬਲਿਹਾਰੈ ਜਾਉ ॥ *(ਪੰਨਾ ੯੫੮)*

ਸਫਲ ਸਫਲ ਭਈ ਸਫਲ ਜਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥
*(ਧਨਾਸਰੀ ਮ: ੫, ਪੰਨਾ ੬੮੭)*

ਸਫਲ ਜਨਮੁ ਹੋਆ ਭਉ ਭਾਗਾ
ਹਰਿ ਭੇਟਿਆ ਏਕੁ ਮੁਰਾਰੀ ॥
*(ਸੂਹੀ ਮ: ੫, ਪੰਨਾ ੭੮੦)*

ਮਨ ਓਇ ਦਿਨਸ ਧੰਨਿ ਪਰਵਾਨਾਂ ॥
ਸਫਲ ਤੇ ਘਰੀ ਸੰਜੋਗ ਸੁਹਾਵੇ
ਸਤਿਗੁਰ ਸੰਗਿ ਗਿਆਨਾਂ ॥
*(ਸਾਰਗ ਮ: ੫, ਪੰਨਾ ੧੨੧੩)*

ਇਸੇ ਤਰ੍ਹਾਂ ਬਾਣੀ ਵਿਚੋਂ ਅਨੇਕਾਂ ਹੀ ਉਦਾਹਰਣ ਮਿਲਦੇ ਹਨ ਜੋ ਇਸ ਮਨੁੱਖ ਦੀ ਦੇਹ ਨੂੰ ਸਫਲਾਉਣ ਦੀ ਪ੍ਰੇਰਨਾ ਕਰਦੇ ਹਨ, ਸੋ ਇਸ ਲਈ ਮੈਂ ਇਨ੍ਹਾਂ ਹੀ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਕੁਝ ਲਾਇਨਾਂ ਅੰਕਤ ਕੀਤੀਆਂ ਹਨ, ਜਿਵੇਂ ਕਿ :

(੧) ਹੇ ਭਾਈ! ਧੰਨ ਹਨ ਉਹ ਪਲ, ਚਸਾ, ਘੜੀ ਤੇ ਪਹਿਰ, (ਅਤੇ) ਉਹ ਥਿੱਤਾਂ ਤੇ ਵਾਰ ਭਾਗਾਂ ਵਾਲੇ ਹਨ।
(੨) ਉਹ ਦਿਨ ਰਾਤ ਵੀ ਧੰਨ ਹਨ, ਉੱਤਮ ਹਨ ਉਹ ਪੱਖ, ਮਹੀਨੇ ਰੁੱਤ ਤੇ ਸੰਮਤ।
(੩) ਧੰਨ ਉਹ ਅਭਿਜਿਤ ਨਛੱਤ੍ਰ ਹਨ ਜਦ ਕਾਮਾਦਿਕ ਵਿਖਜ ਤਿਆਗ ਦਿੱਤੇ ਗਏ।
(੪) ਉਹ ਸੰਜੋਗ (ਮਿਲਾਪ) ਧੰਨ ਹੈ ਜਦ (ਗੁਰੂ ਰੂਪ) ਅਠਾਹਠ ਤੀਰਥਾਂ ਤੇ ਪ੍ਰਯਾਗ ਰਾਜ ਦੇ ਇਸ਼ਨਾਨ ਤੇ ਦਰਸ਼ਨ ਹੋ ਜਾਣ।
(੫) (ਧੰਨਤਾ ਜੋਗ ਹਨ) ਉਹ ਸਿਖ ਜੋ ਗੁਰੂ ਦੇ ਦੁਆਰੇ ਆ ਕੇ (ਉਥੋਂ ਚਰਨ ਕਵਲਾਂ ਦੇ ਪ੍ਰੇਮ ਰਸ ਦਾ ਅੰਮ੍ਰਿਤ ਪੀਂਦੇ ਹਨ (ਭਾਵ ਅੰਮ੍ਰਿਤ ਰਸ ਵਿਚ ਲੀਨ ਹੋਏ ਹਨ)।
(੬) ਗੁਰੂ ਉਪਦੇਸ਼ ਨੂੰ ਹਿਰਦੇ ਅੰਦਰ ਵਸਾ ਕੇ, ਅਨੁਭਵਤਾ ਦੇ ਪਰਮ ਪ੍ਰੇਮ ਰਸ ਵਿਚ ਮਗਨ ਹੋ ਗਏ (ਭਾਵ ਪ੍ਰੇਮ ਦੇ ਰੰਗ ਵਿਚ ਰੰਗੇ ਗਏ ਹਨ)।
(੭) ਸਿਖ ਨੇ ਸ਼ਬਦ ਨੂੰ ਸੁਰਤ ਵਿਚ ਰੱਖ ਕੇ ਧਿਆਨ ਜੋੜਿਆ। ਸਾਧ ਸੰਗਤ ਦਾ (ਐਸਾ ਫਲ ਹੋਇਆ ਕਿ) ਅੰਗ ਅੰਗ ਵਿਚ ਇਕ ਪ੍ਰਭੂ ਦਾ ਰੰਗ ਸਮਾ ਗਿਆ।
(੮) ਗੁਰਸਿੱਖ ਕੱਚੇ ਧਾਗੇ (ਮੁਕ ਜਾਣ ਵਾਲੇ ਸੁਆਸਾਂ ਨੂੰ) ਰਤਨਾਂ ਦੀ ਮਾਲਾ ਵਾਂਗ ਕਰ ਲੈਂਦੇ ਹਨ। ਭਾਵ ਸਰੀਰ ਤੇ ਅਤੇ ਸੁਆਸਾਂ ਨੂੰ ਸਫਲਾ ਕਰ ਲੈਂਦੇ ਹਨ।੧੭।

ਪ੍ਰਮਾਣ :

ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ
ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥
*(ਪੰਨਾ ੫੪੦)*

## ੧੮. ਗ੍ਰਿਹਸਤੀ, ਜੀਵਨ-ਮੁਕਤ

੧. ਗੁਰਮੁਖ ਮਿੱਠਾ ਬੋਲਣਾ
ਜੋ ਬੋਲੇ ਸੋਈ ਜਪ ਜਾਪੈ।
੨. ਗੁਰਮੁਖ ਅੱਖੀਂ ਦੇਖਣਾ
ਬ੍ਰਹਮ ਧਿਆਨ ਧਰਿ ਆਪ ਸੁ ਆਪੈ।
੩. ਗੁਰਮੁਖ ਸੁਣਨਾ ਸੁਰਤਿ ਕਰ
ਪੰਚ ਸ਼ਬਦ ਗੁਰ ਸ਼ਬਦ ਅਲਾਪੈ।
੪. ਗੁਰਮੁਖ ਕਿਰਤ ਕਮਾਵਣੀ
ਨਮਸ਼ਕਾਰ ਡੰਡਉਤ ਸਿਞਾਪੈ।
੫. ਗੁਰਮੁਖ ਮਾਰਗ ਚੱਲਣਾ
ਪਰਦੱਖਣਾ ਪੂਰਨ ਪਰਤਾਪੈ।
੬. ਗੁਰਮੁਖ ਖਾਣਾ ਪੈਨਣਾ
ਜੋਗ ਭੋਗ ਸੰਜੋਗ ਪਛਾਪੈ।
੭. ਗੁਰਮੁਖ ਸਵਣ ਸਮਾਧਿ ਹੈ
ਆਪੇ ਆਪ ਨ ਥਾਪ ਉਥਾਪੈ।
੮. ਘਰਬਾਰੀ ਜੀਵਨ ਮੁਕਤਿ
ਲਹਿਰ ਨਹੀ ਲਬ ਲੋਭ ਵਿਆਪੈ।
੯. ਪਾਰ ਪਵੈ ਲੰਘ ਵਰੈ ਸਰਾਪੈ ॥੧੮॥

*ਪਦ ਅਰਥ :* ਸੁਰਤਿ ਕਰ—ਧਿਆਨ ਦੇ ਕੇ, ਪ੍ਰੀਤ

ਕਰਕੇ। ਪੂਰਨ ਪਰਤਾਪੈ—ਪੂਰੇ ਪ੍ਰਤਾਪ ਵਾਲਾ, ਸਤਿਗੁਰੂ। ਪਛਾਪੈ—ਪਛਾਣਦੇ ਹਨ। ਥਾਪ ਉਥਾਪੈ—ਉਧੇੜ ਬੁਣ। ਵਰੈ ਸਰਾਪੈ—ਵਰ ਸਰਾਪ ਤੋਂ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਪੁਰਾਤਨ ਇਤਿਹਾਸ ਪੜ੍ਹਦੇ ਸੁਣਦੇ ਹਾਂ, ਤਾਂ ਇਹੋ ਜਾਣਕਾਰੀ ਮਿਲਦੀ ਹੈ ਕਿ ਪੁਰਾਤਨ ਸਮੇਂ ਦੇ ਵਧੇਰੇ ਲੋਕ ਇਹੋ ਨਿਸਚਾ ਰੱਖਦੇ ਸਨ ਕਿ ਜੀਵਨ ਮੁਕਤ ਹੋਣ ਲਈ ਮਨੁੱਖ ਨੂੰ ਗ੍ਰਿਹਸਤ ਦਾ ਤਿਆਗ ਕਰਕੇ ਜੰਗਲ ਵਾਸੀ ਹੋ ਜਾਣਾ ਜ਼ਰੂਰੀ ਹੈ, ਉਨ੍ਹਾਂ ਲੋਕਾਂ ਦੀ ਇਹੋ ਧਾਰਨਾ ਸੀ ਕਿ ਗ੍ਰਿਹਸਤ ਵਿਚ ਰਹਿ ਕੇ ਮਨੁੱਖ ਦਾ ਜੀਵਨ ਮੁਕਤ ਹੋਣਾ ਅਸੰਭਵ ਹੈ, ਕਿਉਂ ਜੀ, ਕੀ ਗੁਰਮਤਿ ਭੀ ਇਸੇ ਧਾਰਨਾ ਨਾਲ ਸਹਿਮਤ ਹੈ?

ਉ: ਹੇ ਭਾਈਓ! ਜੇ ਗੁਰਮਤਿ ਦੀ ਨਿਰਪੱਖ ਹੋ ਕੇ ਪੜਚੋਲ ਕਰੀਏ ਤਾਂ ਇਹੋ ਹੀ ਸਾਬਤ ਹੁੰਦਾ ਹੈ ਕਿ ਗੁਰਮਤਿ ਅਜਿਹੇ ਤਿਆਗ ਨਾਲ ਸਹਿਮਤ ਨਹੀਂ। ਕਿਉਂਕਿ ਗੁਰਮਤਿ ਨੇ ਤਿਆਗ ਦੋ ਤਰ੍ਹਾਂ ਦਾ ਦਰਸਾਇਆ ਹੈ, ਜਿਵੇਂ ਕਿ ਇਕ ਹੈ ਸਰੀਰਕ ਤਿਆਗ; ਦੂਜਾ ਮਾਨਸਕ ਤਿਆਗ ਹੈ; ਪਰ ਸਰੀਰਕ ਤਿਆਗ ਨੂੰ ਗੁਰਮਤਿ ਨੇ ਕੋਈ ਵਧੇਰੇ ਵਿਸ਼ੇਸ਼ਤਾਈ ਨਹੀਂ ਦਿੱਤੀ, ਜਿਤਨਾ ਚਿਰ ਕੋਈ ਮਨੁੱਖ ਮਨ ਕਰਕੇ ਤਿਆਗੀ ਨਹੀਂ ਹੋ ਜਾਂਦਾ। ਫ਼ਰਜ਼ ਕਰੋ, ਕਿ ਕੋਈ ਮਨੁੱਖ ਘਰ ਬਾਰ ਪ੍ਰਵਾਰ ਨੂੰ ਛੱਡ ਕੇ ਤੁਰ ਪਿਆ ਪਰ ਵਿਕਾਰਾਂ ਦੀਆਂ ਵਾਸ਼ਨਾ ਉਹ ਨਾਲ ਹੀ ਲੈ ਤੁਰਿਆ ਜੋ ਇਸਨੂੰ ਜੰਗਲ ਵਾਸੀ ਹੋਣ ਨਾਲ ਭੀ ਕਲਪਾਉਂਦੀਆਂ ਰਹੀਆਂ। ਅਜਿਹੇ ਲੋਕਾਂ ਵੱਲ ਹੀ ਤੱਕ ਕੇ ਸੰਤ ਕਬੀਰ ਜੀ ਨੂੰ ਕਹਿਣਾ ਪਿਆ ਕਿ :

> ਗ੍ਰਿਹੁ ਤਜਿ ਬਨ ਖੰਡਿ ਜਾਈਐ ਚੁਨਿ ਖਾਈਐ ਕੰਦਾ॥
> ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥੧॥
> *(ਪੰਨਾ ੮੫੫)*

> ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ॥
> *(ਪੰਨਾ ੮੫੫)*

ਭਾਵ ਹੈ, ਜੇ ਕਰ ਗ੍ਰਿਹਸਤ ਨੂੰ ਤਿਆਗ ਕੇ ਜੰਗਲਾਂ ਵਿਚ ਭੀ ਚਲੇ ਜਾਈਏ ਅਤੇ ਭੋਜਨ ਦਾ ਤਿਆਗ ਕਰਕੇ ਜੰਗਲਾਂ ਦੇ ਫਲ ਫੁੱਲ ਖਾ ਕੇ ਭੀ ਗੁਜ਼ਾਰਾ ਕਰਦੇ ਰਹੀਏ ਇਸ ਤਰ੍ਹਾਂ ਕਰਦੇ ਰਹਿਣ ਨਾਲ ਭੀ ਪਾਪੀ ਮਨ ਅਜਿਹਾ ਗਿਰਿਆ ਹੋਇਆ ਹੈ ਵਿਕਾਰਾਂ ਦੀਆਂ ਵਾਸ਼ਨਾ ਨੂੰ ਤਿਆਗਦਾ ਹੀ ਨਹੀਂ ਕਿਉਂਕਿ ਬਹੁਤ ਲੋਕਾਂ ਨੇ ਬਹੁਤ ਤਰ੍ਹਾਂ ਦੇ ਜਤਨ ਕਰ ਕਰ ਕੇ ਵੇਖ ਲਏ, ਆਖ਼ਰ ਇਸ ਕ੍ਰਾਂਤੀਕਾਰੀ ਮਨ ਦਾ ਟਾਕਰਾ ਨਹੀਂ ਕਰ ਸਕੇ, ਹਾਰਦੇ ਹੀ ਰਹੇ। ਇਸ ਤਰ੍ਹਾਂ ਦੇ ਤਿਆਗ ਨੂੰ ਗੁਰਮਤਿ ਨੇ ਕਬੂਲ ਨਹੀਂ ਕੀਤਾ। ਇਸ ਤਰ੍ਹਾਂ ਦੇ ਤਿਆਗੀ ਨਾਲੋਂ ਤਾਂ ਇਕ ਉਹ ਗ੍ਰਿਹਸਤੀ ਮਨੁੱਖ ਹਰ ਪਖੋਂ ਹੀ ਉਚੇਰਾ ਹੈ ਜੋ ਪ੍ਰਵਾਰ ਵਿਚ ਰਹਿੰਦਾ ਹੋਇਆ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ ਮਨ ਕਰਕੇ ਵਾਸ਼ਨਾ ਤੋਂ ਰਹਿਤ ਹੋ ਇਉਂ ਨਿਰਲੇਪ ਰਹਿ ਕੇ ਜੀਵਨ ਗੁਜ਼ਾਰਦਾ ਹੈ ਜਿਵੇਂ ਕਿ ਕਮਲ ਪਾਣੀ ਵਿਚ ਰਹਿੰਦਾ ਹੋਇਆ ਭੀ ਪਾਣੀ ਤੋਂ ਨਿਰਲੇਪ ਜੀਵਨ ਗੁਜ਼ਾਰਦਾ ਹੈ ਅਜਿਹਾ ਗ੍ਰਿਹਸਤੀ ਜੀਵਨ ਮੁਕਤ ਹੈ :

> ਵਿਚੇ ਗ੍ਰਿਹ ਸਦਾ ਰਹੈ ਉਦਾਸੀ
> ਜਿਉ ਕਮਲੁ ਰਹੈ ਵਿਚਿ ਪਾਣੀ ਹੇ॥੧੦॥
> *(ਪੰਨਾ ੧੦੭੦)*

ਪ੍ਰ: ਭਾਈ ਸਾਹਿਬ ਜੀਉ! ਕੀ ਦਸੋਗੇ ਕਿ ਅਜਿਹੇ ਜੀਵਨ ਮੁਕਤ ਗੁਰਮੁਖਾਂ ਵਿਚ ਉਹ ਕਿਹੜੇ ਗੁਣ ਹਨ ਜਿਨ੍ਹਾਂ ਦੀ ਅਸੀਂ ਭੀ ਪਛਾਣ ਕਰ ਸਕੀਏ?

ਉ: ਹੇ ਭਾਈਓ! ਅਸਲ ਵਿਚ ਅਜਿਹੇ ਜੀਵਨ ਮੁਕਤ ਗੁਰਮੁਖਾਂ ਦੇ ਸੰਪੂਰਨ ਗੁਣ ਤਾਂ ਅੰਕਤ ਨਹੀਂ ਕੀਤੇ ਜਾ ਸਕਦੇ, ਪਰ ਹਾਂ, ਗੁਰਬਾਣੀ ਦੀ ਵੀਚਾਰ ਕਰਦਿਆਂ ਜਿਤਨੀ ਕੁ ਮੈਨੂੰ ਸਮਝ ਪੈ ਸਕੀ ਹੈ ਉਸਨੂੰ ਮੈਂ ਚੰਦ ਸਤਰਾਂ ਵਿਚ ਅੰਕਤ ਕਰਨ ਦਾ ਉਪਰਾਲਾ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ! ਉਨ੍ਹਾਂ ਜੀਵਨ ਮੁਕਤ ਗੁਰਮੁਖਾਂ ਦਾ ਪਹਿਲਾ ਗੁਣ ਤਾਂ ਇਹੋ ਹੈ ਕਿ ਉਹ) ਗੁਰਮੁਖ ਮਿਠਾ ਬੋਲਦੇ ਹਨ, ਜੋ ਬੋਲਦੇ (ਭੀ) ਹਨ ਉਹ (ਪਰਮੇਸ਼ਰ ਦੇ) ਜਪੁ ਜਾਪੁ ਨੂੰ ਹੀ ਬੋਲਦੇ ਹਨ (ਭਾਵ ਉਹ ਵੱਧ ਘੱਟ ਬੋਲਦੇ ਹੀ ਨਹੀਂ)।

(੨) (ਉਹ) ਗੁਰਮੁਖ ਅੱਖਾਂ ਨਾਲ ਆਪਣੇ ਆਪ ਨੂੰ ਹੀ ਦੇਖਦੇ ਹਨ, ਅੰਦਰੋਂ (ਆਪੇ ਵਿਚ ਵੀ) ਬ੍ਰਹਮ ਦਾ ਹੀ ਧਿਆਨ ਧਰਦੇ ਹਨ।

(੩) ਗੁਰਮੁਖ ਸੁਰਤ ਨਾਲ ਹੀ ਪੰਜਾਂ ਸ਼ਬਦਾਂ ਨੂੰ ਸੁਣਦੇ ਤੇ ਸੁਰਤ ਨਾਲ ਹੀ ਸ਼ਬਦ ਦਾ ਅਲਾਪ ਕਰਦੇ ਹਨ।

(੪) ਗੁਰਮੁਖ ਹੱਥਾਂ ਨਾਲ ਕਿਰਤ ਕਰਦੇ ਤੇ ਸਿਰ ਨੂੰ ਡੰਡਉਤ ਤੇ ਨਮਸਕਾਰ ਕਰਨ ਵਿਚ ਹੀ ਲਾਉਂਦੇ ਹਨ।

(੫) ਗੁਰਮੁਖ ਪੈਰਾਂ ਨਾਲ ਗੁਰਮੁਖੀ ਮਾਰਗ 'ਤੇ ਚਲਦੇ ਤੇ (ਸਾਧ ਸੰਗਤ ਵਿਚ ਜਾ ਕੇ) ਪੂਰਨ ਪ੍ਰਤਾਪੀ ਸਤਿਗੁਰੂ

ਜੀ ਦੀਆ ਪ੍ਰਦੱਖਣਾ ਕਰਦੇ ਹਨ।

(੬) ਗੁਰਮੁਖ ਖਾਣਾ, ਪੈਨ੍ਹਣਾ, ਜੋਗ ਭੋਗ ਤੇ ਸੰਜੋਗ (ਮੇਲ) ਦੀਆਂ ਵਿਧੀਆਂ ਨੂੰ ਪਛਾਣਦੇ ਹਨ, ਭਾਵ ਸਭ ਕੁਝ ਹੀ ਸਮਝ ਕੇ (ਗੁਰੂ ਸ਼ਬਦ) ਸਿਖਿਆ ਦੀ ਰੋਸ਼ਨੀ ਵਿਚ ਕਰਦੇ ਹਨ।

(੭) ਗੁਰਮੁਖਾਂ ਦਾ ਨਿੰਦਰਾ ਵਿਚ ਜਾਣਾ ਭੀ ਸਮਾਧੀ ਲਾਉਣਾ ਹੈ, ਕਿਉਂਕਿ ਉਨ੍ਹਾਂ ਨੂੰ ਸੁਤਿਆਂ ਭੀ ਕੋਈ ਵਾਧੂ ਫੁਰਨਾ (ਸੁਪਨਾ) ਜਾਂ ਸੰਕਲਪ ਨਹੀਂ ਫੁਰਦਾ, ਸੋ ਉਨ੍ਹਾਂ ਦਾ ਸੌਣਾ ਭੀ ਸਮਾਧੀ ਦਾ ਦਰਜਾ ਰੱਖਦਾ ਹੈ।

(੮) ਉਨ੍ਹਾਂ ਨੂੰ ਗ੍ਰਿਹਸਤੀ ਜੀਵਨ ਬਤੀਤ ਕਰਦਿਆਂ, ਸੰਸਾਰ ਦੀ ਕੋਈ ਲੋਭ ਲਹਿਰ ਨਹੀਂ ਵਿਆਪਦੀ, ਉਨ੍ਹਾਂ ਨੂੰ ਜੀਵਨ ਮੁਕਤੀ ਦੀ ਪਦਵੀ ਤੋਂ ਨਹੀਂ ਡੋਗਦੀ।

(੯) (ਕਿਉਂਕਿ) ਉਹ ਵਰ ਤੇ ਸਰਾਪ ਦੀ ਮਾਰ ਤੋਂ ਦੂਰ ਭਾਵ ਉਪਰਲੀ ਅਵੱਸਥਾ ਵਿਚ ਪਹੁੰਚ ਕੇ ਦ੍ਰਿੜ੍ਹ ਹੋ ਗਏ, ਇਸ ਲਈ ਉਹ ਮੁਕਤ ਹੋ ਗਏ ਹਨ। ਭਾਵ ਸਮਦ੍ਰਿਸ਼ਟੀ ਵਾਲੇ ਹੋ ਗਏ ਹਨ।੧੮।

*ਭਾਵਾਰਥ :* ਜਿਥੇ ਸਰੀਰਕ ਤਿਆਗ ਕਰਨ ਵਾਲਾ ਜੰਗਲ ਵਾਸੀ ਹੋ ਕੇ ਭੀ ਉਸ ਸਮਾਨ ਦ੍ਰਿਸ਼ਟੀ ਤੋਂ ਸੱਖਣਾ ਰਹਿ ਜਾਂਦਾ ਹੈ (ਕਿਉਂਕਿ ਉਹ ਮਨ ਕਰਕੇ ਵਾਸ਼ਨਾ ਦਾ ਤਿਆਗ ਨਹੀਂ ਕਰ ਸੱਕਿਆ) ਜਿਸ ਦੀ ਪ੍ਰਾਪਤੀ ਗੁਰਮੁਖ ਨੂੰ ਗ੍ਰਿਹਸਤ ਵਿਚ ਰਹਿੰਦਿਆਂ ਹੀ ਹਾਸਲ ਹੋ ਗਈ। ਉਨ੍ਹਾਂ ਦੀ ਸਮ-ਦ੍ਰਿਸ਼ਟੀ ਭੀ ਉਨ੍ਹਾਂ ਫੁਲਾਂ ਵਾਂਗ ਹੋ ਜਾਂਦੀ ਹੈ ਜੋ ਦੋਹਾਂ ਹੱਥਾਂ, ਭਾਵ ਤੋੜਨ ਵਾਲੇ ਅਤੇ ਰਾਖੀ ਕਰਨ ਵਾਲੇ ਦੋਹਾਂ ਨੂੰ ਹੀ ਇਕ ਸਮਾਨ ਸੁਗੰਧੀ ਦੇਂਦੇ ਹਨ। ਪਰ ਐਸੇ ਗੁਰਮੁਖ ਬਾਣੀ ਅਨੁਸਾਰ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥
*(ਪੰਨਾ ੧੪੧੧)*

## ੧੯. ਗੁਰਮੁਖ ਦੀ ਧਾਰਨਾ

**੧. ਸਤਿਗੁਰ ਸੱਤਿ ਸਰੂਪ ਹੈ**
**ਧਿਆਨ ਮੂਲ ਗੁਰ ਮੂਰਤਿ ਜਾਣੈ।**
**੨. ਸਤਿਨਾਮੁ ਕਰਤਾ ਪੁਰਖ**
**ਮੂਲ ਮੰਤ੍ਰ ਸਿਮਰਣ ਪਰਵਾਣੈ।**
**੩. ਚਰਨ ਕਵਲ ਮਕਰੰਦ ਰਸ**
**ਪੂਜਾ ਮੂਲ ਪਿਰਮ ਰਸ ਮਾਣੈ।**
**੪. ਸ਼ਬਦ ਸੁਰਤਿ ਲਿਵ ਸਾਧਸੰਗਿ**
**ਗੁਰ ਕਿਰਪਾ ਤੇ ਅੰਦਰ ਆਣੈ।**
**੫. ਗੁਰਮੁਖ ਪੰਥ ਅਗੰਮ ਹੈ**
**ਗੁਰਮਤਿ ਨਿਹਚਲ ਚੱਲਣ ਭਾਣੈ।**
**੬. ਵੇਦ ਕਤੇਬਹੁੰ ਬਾਹਰੀ**
**ਅਕਥ ਕਥਾ ਕਉਣ ਆਖ ਵਖਾਣੈ।**
**੭. ਵੀਹ ਇਕੀਹ ਉਲੰਘ ਸਿਵਾਣੈ ॥੧੯॥**

*ਪਦ ਅਰਥ :* ਅਗੰਮ—ਗੰਮਤਾ, ਪਹੁੰਚ ਤੋਂ ਪਰੇ। ਵੀਹ ਇਕੀਹ—ਗਿਣਤੀਆਂ, ਜੀਵ ਈਸ਼ਰ ਦੇ ਵਾਚਕ ਭਾਵ, ਜੀਵ ਈਸ਼ਰ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਕੀ ਇਹ ਦੱਸਣ ਦੀ ਖੇਚਲ ਕਰੋਗੇ ਕਿ ਕਿਸੇ ਗੁਰਮੁਖ ਦੀ ਧਾਰਨਾ ਕਿਸ ਪ੍ਰਕਾਰ ਹੋਇਆ ਕਰਦੀ ਹੈ, ਕਿਉਂਕਿ ਜਦੋਂ ਅਸੀਂ ਆਮ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਵੇਖਣ ਵਿਚ ਆਉਂਦਾ ਹੈ ਕਿ ਹਰ ਮਜ਼੍ਹਬ ਨੇ ਆਪੋ ਆਪਣੀਆਂ ਵਖੋ ਵੱਖ ਧਾਰਨਾ ਕਾਇਮ ਕੀਤੀਆਂ ਹੋਈਆਂ ਹਨ, ਜਿਵੇਂ ਕਿ ਇਸਲਾਮ ਮੱਤ ਦੇ ਬਾਨੀ ਮੁਹੰਮਦ ਸਾਹਿਬ ਜੀ ਨੇ ਹਰ ਮੁਸਲਮਾਨ ਲਈ (ਪੰਜ ਵਕਤ ਨਿਮਾਜ਼ ਪੰਜ) ਭਾਵ ਪੰਜ ਸਮੇਂ ਪੰਜ ਨਿਮਾਜ਼ਾਂ ਪੜ੍ਹਦੇ ਰਹਿਣ ਦੀ ਧਾਰਨਾ ਕਾਇਮ ਕਰ ਦਿੱਤੀ ਹੈ, ਇਸੇ ਤਰ੍ਹਾਂ ਇਕ ਹਿੰਦੂ ਲਈ ਭੀ ਪੂਜਾ ਕਰਦੇ ਰਹਿਣ ਦਾ ਸੰਕੇਤ ਕਰ ਦਿੱਤਾ ਗਿਆ ਹੈ। ਹੋਰ ਭੀ ਭਿੰਨ-ਭਿੰਨ ਫਿਰਕਿਆਂ ਦੀਆਂ ਧਾਰਨਾਵਾਂ ਪੜ੍ਹਨ, ਸੁਣਨ ਵਿਚ ਆਉਂਦੀਆਂ ਹਨ, ਪਰ ਤੁਸੀਂ ਸਾਨੂੰ ਗੁਰਮਤਿ ਅਨੁਸਾਰ ਗੁਰਮੁਖ ਦੀ ਰਹਿਤ ਦਸੋ ਤਾਂਕਿ ਸਾਨੂੰ ਭੀ ਕੁੱਝ ਗੁਰਮੁਖ ਦੇ ਜੀਵਨ ਤੋਂ ਪ੍ਰੇਰਨਾ ਮਿਲ ਸੱਕੇ।

ਉ: ਹੇ ਭਾਈਓ! ਗੁਰਮੁਖ ਮਾਰਗ 'ਤੇ ਚੱਲਣ ਵਾਲੇ ਗੁਰਮੁਖਾਂ ਦੀ ਜੋ ਸੰਪੂਰਨ ਰਹਿਤ ਹੈ, ਉਸਨੂੰ ਦੱਸਣਾ ਤਾਂ ਕਠਨ ਹੈ ਕਿਉਂਕਿ ਉਨ੍ਹਾਂ ਦੀ ਜੋ ਮਾਨਸਿਕ ਉਡਾਣ ਹੈ ਉਹ ਅਗੰਮ ਅਗੋਚਰ ਹੈ ਉਸਨੂੰ ਬੈਖਰੀ ਬਾਣੀ ਰਾਹੀਂ ਬਿਆਨਿਆਂ ਨਹੀਂ ਜਾ ਸਕਦਾ, ਪਰ ਹਾਂ, ਬਾਣੀ ਦੇ ਵੀਚਾਰ ਕਰਨ ਤੋਂ ਜੋ ਮੇਰੇ ਅੰਤਰ ਆਤਮੇ ਭਾਵਨਾਵਾਂ ਨੇ ਜਨਮ ਲਿਆ ਹੈ, ਉਸ ਦੀ ਰੂਪ ਰੇਖਾ ਅਕਸ ਮਾਤ੍ਰ ਇਉਂ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਉੱਦਮ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ ! ਗੁਰਮੁਖ) ਸਤਿਗੁਰੂ ਜੀ ਨੂੰ ਸਤਿ ਸਰੂਪ ਸਮਝ ਕੇ ਮੂਲ (ਮੁਢਲਾ) ਧਿਆਨ (ਸੁਰਤੀ) ਵਿਚ ਗੁਰ ਮੂਰਤਿ ਨੂੰ ਹੀ ਜਾਣਦਾ ਹੈ।

(੨) (ਹੇ ਪਿਆਰੇ ! ਉਹ) ਸਤਿਨਾਮੁ ਕਰਤਾ ਪੁਰਖ ਦੇ ਮੂਲ ਮੰਤ੍ਰ ਦਾ ਸਿਮਰਨ ਕਰਕੇ ਪਰਵਾਣ ਹੁੰਦਾ ਹੈ।

(੩) (ਉਹ ਗੁਰਮੁਖ ਸਤਿਗੁਰਾਂ ਦੇ) ਚਰਨ ਕੰਵਲਾਂ ਦੀ ਸੁਗੰਧੀ ਦੇ ਰਸ ਨੂੰ ਮੂਲ ਪੂਜਾ (ਦਾ ਆਧਾਰ ਬਣਾ ਕੇ) ਰਸ ਵਿਚ ਮਗਨ ਹੁੰਦਾ ਹੈ।

(੪) ਸ਼ਬਦ ਨੂੰ ਸੁਰਤ ਧਿਆਨ ਵਿਚ, ਸਾਧ ਸੰਗਤ ਅਤੇ ਸਤਿਗੁਰੂ ਦੀ ਕ੍ਰਿਪਾ ਨਾਲ ਹਿਰਦੇ ਵਿਚ ਲਿਆਉਂਦਾ ਹੈ।

(੫) (ਹੇ ਭਾਈਓ ! ਇਸ ਲਈ) ਗੁਰਮੁਖ ਦਾ ਮਾਰਗ (ਮਨ ਬਾਣੀ ਦੀ) ਪਹੁੰਚ ਤੋਂ ਪਰੇ ਹੈ, ਉਹ ਗੁਰਮਤਿ ਨਾਲ ਨਿਹਚਲ ਹੋ ਨਿਹਚਲ ਭਾਣੇ ਵਿਚ ਹੀ ਚਲਦਾ ਹੈ।

(੬) ਇਸ (ਗੁਰਮੁਖ ਦੀ) ਵੇਦ ਕਤੇਬਾਂ ਤੋਂ ਬਾਹਰੀ (ਭਾਵ ਉਨ੍ਹਾਂ ਦੇ ਵਿਚਾਰਾਂ ਤੋਂ ਉੱਚੀ ਗਾਥਾ) ਨੂੰ ਕੌਣ ਆਖ ਸਕਦਾ ਤੇ ਬੋਲ ਸਕਦਾ ਹੈ।

(੭) (ਹੇ ਭਾਈ !) ਇਹ ਤਾਂ ਵੀਹ ਤੋਂ ਇਕੀਹ (ਦ੍ਰਿਸ਼ਟਮਾਨ ਗਿਆਨ ਅਵੱਸਥਾ) ਨੂੰ ਲੰਘ ਕੇ ਹੀ ਕੋਈ ਪਛਾਣ ਸਕਦਾ ਹੈ।੧੯।

*ਭਾਵਾਰਥ :* ਜੋ ਬ੍ਰਹਮ ਗਿਆਨੀ ਹੈ ਉਹੀ ਗੁਰਮੁਖ ਦੇ ਅਗੰਮ ਪੰਥ ਨੂੰ ਜਾਣਦਾ ਹੈ, ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਦਾ ਇਹੋ ਫ਼ੁਰਮਾਨ ਹੈ, ਯਥਾ ਕਿ :

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥
*(ਸੁਖਮਨੀ ਸਾਹਿਬ, ਪੰਨਾ ੨੭੩)*

ਇਸ ਲਈ ਹੇ ਭਾਈ ! ਗੁਰਮੁਖ ਦੀ ਗਤੀ ਗੁਰਮੁਖ ਹੀ ਜਾਣਦਾ ਹੈ।

## ੨੦. ਮਨਮੁਖ ਦੀ ਦਸ਼ਾ

**੧. ਸੀਸ ਨਿਵਾਏ ਢੀਂਗੁਲੀ**
**ਗਲ ਬੰਧੇ ਜਲ ਉੱਚਾ ਆਵੈ।**
**੨. ਘੁੱਘੂ ਸੁਝ ਨ ਸੁੱਝਈ**
**ਚਕਵੀ ਚੰਦ ਨ ਡਿੱਠਾ ਭਾਵੈ।**
**੩. ਸਿੰਬਲ ਬਿਰਖ ਨ ਸਫਲ ਹੋਇ**
**ਚੰਦਨ ਵਾਸ ਨ ਵਾਂਸ ਸਮਾਵੈ।**
**੪. ਸੱਪੈ ਦੁਧ ਪੀਆਲੀਐ**
**ਤੁੰਮੇ ਦਾ ਕਉੜੱਤ ਨ ਜਾਵੈ।**
**੫. ਜਿਉਂ ਥਣ ਚੰਬੜ ਚਿੱਚੜੀ**
**ਲੋਹੂ ਪੀਐ ਦੁੱਧ ਨ ਖਾਵੈ।**
**੬. ਸਭ ਅਵਗੁਣ ਮੈਂ ਤਨ ਵੱਸਣ**
**ਗੁਣ ਕੀਤੇ ਅਵਗੁਣ ਨੋਂ ਧਾਵੈ।**
**੭. ਥੋਮ ਨ ਵਾਸੁ ਕਥੂਰੀ ਆਵੈ ॥੨੦॥੬॥**

*ਪਦ ਅਰਥ :* ਢੀਂਗੁਲੀ—ਪਾਣੀ ਦਾ ਜੰਤਰ ਜੋ ਜ਼ੋਰ ਨਾਲ ਥੱਲੇ ਧਕੀਦਾ ਹੈ। ਘੁੱਘੂ—ਉੱਲੂ। ਸੁੱਝ—ਸੂਰਜ। ਕਥੂਰੀ—ਕਸਤੂਰੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਨੇ ਪਿਛਲੀ ਪਉੜੀ ਵਿਚ ਗੁਰਮੁਖ ਦੀ ਰਹਿਤ ਦਰਸਾਈ ਹੈ ਕਿ ਗੁਰਮੁਖ ਸਾਧ ਸੰਗਤ ਦੀ ਕ੍ਰਿਪਾ ਦੁਆਰੇ ਸਤਿਨਾਮ ਦਾ ਸਿਮਰਨ ਕਰਕੇ ਆਪਣੀ ਸੁਰਤ ਨੂੰ ਇਤਨੀ ਸਿਖਰਾਂ 'ਤੇ ਲੈ ਜਾਂਦਾ ਹੈ, ਜਿਸਨੂੰ ਵੇਦ ਕਤੇਬ ਭੀ ਕਥਨ ਨਹੀਂ ਕਰ ਸਕਦੇ। ਪਰ ਉਸਦੇ ਮੁਕਾਬਲੇ ਵਿਚ ਜੋ ਮਨਮੁਖ ਹਨ ਉਨ੍ਹਾਂ ਦੀ ਧਾਰਨਾ ਬਾਰੇ ਭੀ ਕੁੱਝ ਰੋਸ਼ਨੀ ਪਾਓ ਕਿ ਉਹਨਾਂ ਦੇ ਜੀਵਨ ਗੁਜ਼ਾਰਨ ਦੀ ਰਹੁ-ਰੀਤ ਕਿਸ ਪ੍ਰਕਾਰ ਹੈ ?

ਉ: ਹੇ ਭਾਈਓ ! ਜੋ ਮਨਮੁਖ ਹਨ ਉਹ ਕਿਸੇ ਗੁਰੂ ਪੀਰ ਦੇ ਦਰਸਾਏ ਹੋਏ ਸ਼ੁਭ ਮਾਰਗ ਨੂੰ ਨਹੀਂ ਅਪਣਾਉਂਦੇ ਉਹ ਤਾਂ ਕੇਵਲ ਆਪਣੇ ਮਨ ਨੂੰ ਹੀ ਆਗੂ ਬਣਾ ਕੇ ਟੁਰੇ ਰਹਿੰਦੇ ਹਨ, ਜਿਸ ਕਰਕੇ ਉਹ ਦਿਨੇ ਰਾਤ ਉਸੇ ਅਸ਼ੁਭ ਮਾਰਗ ਨੂੰ ਅਪਨਾਈ ਰੱਖਦੇ ਹਨ ਜੋ ਗੁਰੂ ਜਾਂ ਰੱਬ ਤੋਂ ਦੂਰੀ ਰੱਖਦਾ ਹੋਵੇ ਇਸੇ ਲਈ ਗੁਰਬਾਣੀ ਵਿਚ ਵਧੇਰੇ ਮਨ ਨੂੰ ਹੀ ਸੰਬੋਧਨ ਕਰਕੇ ਉਪਦੇਸ਼ ਕੀਤਾ ਗਿਆ ਹੈ, ਜਿਵੇਂ ਕਿ :

ਮਨ ਰੇ ਕਉਨੁ ਕੁਮਤਿ ਤੈ ਲੀਨੀ॥
ਪਰ ਦਾਰਾ ਨਿੰਦਿਆ ਰਸ ਰਚਿਓ
ਰਾਮ ਭਗਤਿ ਨਹਿ ਕੀਨੀ ॥੧॥ਰਹਾਉ॥
*(ਪੰਨਾ ੬੩੧)*

ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥
ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥੧॥ਰਹਾਉ॥
*(ਪੰਨਾ ੮੧੫)*

ਮਨ ਕੀ ਮਤਿ ਤਿਆਗਹੁ ਹਰਿ ਜਨ
ਏਹਾ ਬਾਤ ਕਠੈਨੀ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ
ਗੁਰ ਸਤਿਗੁਰ ਕੀ ਮਤਿ ਲੈਨੀ॥੩॥

(ਪੰਨਾ ੮੦੦)

ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ॥
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥੧॥

(ਪੰਨਾ ੩੩੭)

ਰੇ ਮਨ ਰਾਮ ਸਿਉ ਕਰਿ ਪ੍ਰੀਤਿ॥
ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ॥੧॥ਰਹਾਉ॥

(ਪੰਨਾ ੬੩੧)

ਮਨ ਮੂਰਖ ਅਜਹੂ ਨਹ ਸਮਝਤ
ਸਿਖ ਦੈ ਹਾਰਿਓ ਨੀਤ॥
ਨਾਨਕ ਭਉਜਲੁ ਪਾਰਿ ਪਰੈ
ਜਉ ਗਾਵੈ ਪ੍ਰਭ ਕੇ ਗੀਤ॥ (ਪੰਨਾ ੫੩੬)

ਇਸ ਤਰ੍ਹਾਂ ਚੰਚਲ ਮਨ ਨੂੰ ਹੀ ਬੋਧ ਦੇਣ ਲਈ ਵਧੇਰੇ ਬਾਣੀ ਅੰਦਰ ਉਪਦੇਸ਼ ਦਿੱਤਾ ਗਿਆ ਹੈ। ਜਦੋਂ ਸਤਿਗੁਰੂ ਜੀ ਨੇ ਪੁਰਾਤਨ ਜਪੀਆਂ ਤਪੀਆਂ ਦੇ ਜੀਵਨਾਂ ਵੱਲ ਤੱਕਿਆ ਕਿ ਸੈਂਕੜੇ ਸਾਲ ਤਪੱਸਿਆ ਕਰਨ ਤੋਂ ਬਾਅਦ ਵੀ ਮਨ ਦੀ ਚੰਚਲਤਾ ਵਿਚ ਕੋਈ ਫ਼ਰਕ ਨਹੀਂ ਪਿਆ ਤਾਂ ਆਪ ਜੀ ਨੇ ਇਸ ਮਨ ਨੂੰ ਕਾਬੂ ਕਰਨ ਲਈ ਸੰਗਤ ਕਾਇਮ ਕੀਤੀ ਜਿਸ ਸੰਗਤ ਵਿਚ ਜੁੜ ਕੇ ਸਿਮਰਨ ਕਰਦੇ ਰਹਿਣ ਨਾਲ ਮਨ ਨੂੰ ਕਾਬੂ ਕਰਨ ਲਈ ਸਹਾਇਤਾ ਮਿਲਦੀ ਹੈ। ਇਸੇ ਲਈ ਕਿਸੇ ਸਿਆਣੇ ਨੇ ਆਪਣੀ ਰਾਇ ਦਿੱਤੀ ਹੈ ਕਿ:

ਮਨ ਕੇ ਮਗਰ ਨ ਲਗੀਐ ਮਨ ਕੇ ਮਤੇ ਅਨੇਕ।
ਮਨ ਕੇ ਮਾਰੇ ਮਰ ਗਏ ਕਾਜ਼ੀ ਮੁਲਾਂ ਸ਼ੇਖ।

ਪ੍ਰ: ਭਾਈ ਸਾਹਿਬ ਜੀਉ! ਸੰਗਤ ਵਿਚ ਤਾਂ ਬਹੁਤ ਲੋਕ ਆਉਂਦੇ ਹਨ, ਉਨ੍ਹਾਂ ਵਿਚ ਗੁਰਮੁਖ ਤੇ ਮਨਮੁਖ ਦੀ ਕੀ ਪਛਾਣ ਹੈ?

ਉ: ਹੇ ਭਾਈਓ! ਬਾਹਰੋਂ ਵੇਖਣ ਵਿਚ ਤਾਂ ਕੋਈ ਫ਼ਰਕ ਨਹੀਂ ਆਵੇਗਾ ਪਰ ਉਨ੍ਹਾਂ ਆਉਣ ਵਾਲੇ ਸਜਨਾਂ ਦੇ ਮਾਨਸਿਕ ਮੰਡਲ ਤੋਂ ਜ਼ਰੂਰ ਅਨੁਮਾਨ ਲਗਾਇਆ ਜਾਵੇਗਾ ਕਿ ਗੁਰਮੁਖ ਕੌਣ ਤੇ ਮਨਮੁਖ ਕੌਣ ਹੈ। ਭਾਵ ਹੈ ਜੋ ਗੁਰੂ ਦੇ ਮੁਖੋਂ ਉਚਾਰਿਆ ਹੋਇਆ ਉਪਦੇਸ਼ ਸੁਣਕੇ ਉਸਦੇ ਅਨੁਸਾਰ ਆਪਣਾ ਜੀਵਨ ਗੁਜ਼ਾਰਦਾ ਹੈ, ਉਹ ਸਮਝੋ ਕਿ ਗੁਰਮੁਖ ਹੈ। ਪਰ ਜੋ ਆਪਣੇ ਮਨ ਨੂੰ ਮੁਖੀ ਬਣਾ ਕੇ ਜੀਵਨ ਸਫ਼ਰ ਕਰਦਾ ਹੈ, ਉਸਨੂੰ ਜਾਣੋ ਕਿ ਉਹ ਮਨਮੁਖ ਹੈ।

ਪ੍ਰ: ਕੀ, ਭਾਈ ਸਾਹਿਬ ਜੀਉ! ਇਹ ਭੀ ਦਸੋਗੇ ਕਿ ਆਖ਼ਰ ਇਨ੍ਹਾ ਦੋਵਾਂ ਸ਼੍ਰੇਣੀਆ ਵਾਲੇ ਮਨੁੱਖਾ ਨੂੰ ਜੀਵਨ ਸਫ਼ਰ ਤੋਂ ਬਾਅਦ ਫਲ ਕੀ ਮਿਲੇਗਾ?

ਉ: ਹੇ ਭਾਈਓ! ਇਹ ਭੀ ਸਾਨੂੰ ਗੁਰਬਾਣੀ ਦੀ ਪੜਚੋਲ ਕਰਨ ਤੋਂ ਜਾਣਕਾਰੀ ਸਹਿਜੇ ਹੀ ਮਿਲ ਜਾਂਦੀ ਹੈ। ਜੋ ਸਤਿਗੁਰੂ ਜੀ ਨੇ ਬਾਣੀ ਦੀਆਂ ਦੋ ਪੰਗਤੀਆਂ ਵਿਚ ਅੰਕਤ ਕਰ ਦਿੱਤਾ ਹੈ, ਜਿਵੇਂ ਕਿ:

ਮਨਮੁਖਿ ਆਵੈ ਮਨਮੁਖਿ ਜਾਵੈ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥

(ਪੰਨਾ ੧੦੭੩)

ਭਾਵ ਹੈ ਕਿ ਮਨ ਨੂੰ ਆਗੂ ਬਣਾ ਕੇ ਜੀਵਨ ਸਫ਼ਰ ਕਰਨ ਵਾਲਾ ਮਨਮੁਖ ਸਦਾ ਹੀ ਜੰਮਣ ਮਰਨ ਵਿਚ ਆਉਂਦਾ ਜਾਂਦਾ ਨਰਕ ਭੋਗਦਾ ਰਵ੍ਹੇਗਾ, ਪਰ ਗੁਰੂ ਦੀ ਆਗਿਆ ਅਨੁਸਾਰ ਜੀਵਨ ਗੁਜ਼ਾਰਨ ਵਾਲਾ ਸੰਸਾਰ ਦੇ ਆਵਾਗਵਨ ਤੋਂ ਛੁੱਟ ਜਾਂਦਾ ਹੈ।

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਮਨਮੁਖ ਦੇ ਜੀਵਨ ਬਾਰੇ ਕੀ ਅਨੁਮਾਨ ਲਾਉਂਦੇ ਹੋ ਕਿ ਉਸਦਾ ਜੀਵਨ ਕਿਉਂ ਅਕਾਰਥ ਗੁਜ਼ਰਦਾ ਹੈ, ਕੋਈ ਉਦਾਹਰਣ ਦਿਓ?

ਉ: ਹੇ ਸਜਣੋ! ਬਾਣੀ ਦੀ ਵੀਚਾਰ ਕਰਦਿਆਂ ਮੈਨੂੰ ਜੋ ਗੁਰਮੁਖ ਤੇ ਮਨਮੁਖ ਦੇ ਜੀਵਨਾਂ ਬਾਰੇ ਜਾਣਕਾਰੀ ਮਿਲੀ ਹੈ ਇਹ ਤਾਂ ਇਕ ਬਹੁਤ ਵਿਸਥਾਰ ਪੂਰਵਕ ਪਰਕਰਨ ਹੈ, ਪਰ ਜੋ ਮੈਨੂੰ ਮਨਮੁਖ ਦੇ ਗੁਜ਼ਰ ਰਹੇ ਥੋਥੇ ਜੀਵਨ ਤੋਂ ਸੰਸਕਾਰ ਉਪਜੇ ਹਨ ਉਨ੍ਹਾਂ ਨੂੰ ਮੈਂ ਇਸ (ਵੀਹਵੀ) ੨੦ ਪਉੜੀ ਵਿਚ ਅੰਕਤ ਕੀਤਾ ਹੈ, ਜਿਵੇਂ ਕਿ:

(੧) (ਹੇ ਭਾਈ! ਵੇਖੋ, ਲੋਕ ਢੀਂਗਲੀ) ਪਾਣੀ (ਜੰਤਰ) ਢੀਂਗਲੀ ਦਾ ਸਿਰ ਨੀਵਾਂ ਕਰੀਦਾ ਬੰਨ੍ਹੀਦਾ ਹੈ ਕਿ ਪਾਣੀ ਉੱਚਾ ਆਵੇ (ਮਿਸਾਲ ਦਿੱਤੀ ਹੈ ਕਿ ਢੀਂਗਲੀ ਦਾ ਸਿਰ ਜ਼ੋਰ ਨਾਲ ਨਿਵਾਈਦਾ ਹੈ, ਉਹ ਆਪ ਨਹੀ ਨਿਉਂਦੀ) ਤਿਵੇਂ ਮਨਮੁਖ ਭੀ ਆਪ ਨਹੀਂ ਨਿਉਂਦਾ।

(੨) (ਹੋਰ ਵੇਖੋ) ਉਲੂ ਨੂੰ ਸੂਰਜ ਨਹੀਂ ਦਿਸਦਾ, ਚਕਵੀ ਨੂੰ ਚੰਦਰਮਾ ਦੇਖਣਾ ਨਹੀਂ ਭਾਉਂਦਾ।

(੩) (ਇਸੇ ਤਰ੍ਹਾਂ ਜਿਵੇਂ) ਸਿੰਬਲ ਦੇ ਰੁੱਖ ਨੂੰ ਫਲ ਨਹੀਂ ਲਗਦੇ, ਤੇ ਵਾਂਸ ਵਿਚ, ਚੰਦਨ ਦੇ ਬਹੁਤ ਨੇੜੇ ਹੁੰਦੇ ਹੋਏ ਵੀ ਉਸ ਵਿਚ ਸੁਗੰਧੀ ਨਹੀਂ ਆਉਂਦੀ।

(੪) ਸੱਪ ਨੂੰ ਦੁੱਧ ਪਿਆਓ, (ਤਦ ਵੀ ਉਸਦੀ ਜ਼ਹਿਰ ਨਹੀਂ ਘਟਦੀ, ਨਾਹੀ ਉਹ ਡੰਗ ਮਾਰਨ ਦਾ ਸੁਭਾਅ ਛੱਡਦਾ ਹੈ) ਤੁੰਮੇ ਨੂੰ (ਦੁੱਧ ਨਾਲ) ਮਿਠਾ ਕਰਨਾ ਚਾਹੋ, ਤਾਂ ਨਹੀਂ ਹੋ ਸਕਦਾ।

(੫) (ਗਊ ਦੇ) ਥਣ ਨੂੰ ਚੰਬੜੀ ਚਿੱਚੜੀ ਦੁੱਧ ਨਹੀਂ ਪੀਂਦੀ, ਲਹੂ ਪੀਂਦੀ ਹੈ।

(੬) (ਭਾਈ ਸਾਹਿਬ ਜੀ ਉੱਤਮ ਉਪਦੇਸ਼ ਦੇ ਕੇ ਆਪਣੇ ਵਲੋਂ ਸਮਝਾਉਂਦੇ ਹਨ) ਕਿ ਸਾਰੇ ਅਵਗੁਣ ਮੇਰੇ ਸਰੀਰ ਵਿਖੇ ਹਨ (ਪ੍ਰਭੂ ਦੇ) ਕੀਤੇ ਉਪਕਾਰਾਂ ਨੂੰ ਛੱਡ ਕੇ ਅਸੀਂ ਅਵਗੁਣਾਂ ਵਲ ਦੌੜਦੇ ਹਾਂ।

(੭) ਥੋਮ ਵਿਚੋਂ ਕਸਤੂਰੀ ਦੀ ਸੁਗੰਧੀ ਨਹੀ ਆ ਸਕਦੀ, ਭਾਵ ਮਨਮੁਖ ਦੀ ਅਵੱਸਥਾ ਅਸਾਧ ਬੀਮਾਰੀ ਵਾਲੀ ਹੈ, ਉਹ ਠੀਕ ਹੋ ਨਹੀ ਸਕਦੀ।੨੦।੬।

***ਭਾਵਾਰਥ :*** ਭਾਈ ਸਾਹਿਬ ਜੀ ਨੇ ਮਨਮੁਖ ਦੇ ਸੰਬੰਧ ਵਿਚ ਕਈ ਉਦਾਹਰਣ ਦਿੱਤੇ ਹਨ ਕਿ ਮਨਮੁਖ ਭਾਵੇ ਜੀਵਨ ਭਰ ਸੰਗਤ ਵਿਚ ਭੀ ਵਸਦਾ ਰਵੇ, ਪਰ ਉਸਦੀ ਮਨਮੁਖਤਾ ਵਿਚ ਬਾਂਸ ਦੀ ਨਿਆਈਂ ਕੋਈ ਬਦਲ ਨਹੀਂ ਆਵੇਗੀ, ਜਿਵੇਂ ਕਬੀਰ ਜੀ ਨੇ ਫ਼ੁਰਮਾਇਆ ਹੈ ਕਿ :

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥੧੨॥

*(ਸਲੋਕ ਕਬੀਰ ਜੀ, ਪੰਨਾ ੧੩੬੫)*

ਉਸ ਮਨਮੁਖ ਦੀ ਨਾਂ ਸੌਰਨ ਵਾਲੀ ਦਸ਼ਾ ਭੀ ਇਸੀ ਪ੍ਰਕਾਰ ਹੈ, ਜਿਵੇਂ ਕਿ :

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥
ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥੯੯॥

*(ਸਲੋਕ ਕਬੀਰ ਜੀ, ਪੰਨਾ ੧੩੬੯)*

ਇਸੇ ਭਾਵ ਨੂੰ ਪ੍ਰਗਟਾਉਂਦਿਆਂ 'ਗੁਲਾਬ ਦਾਸ' ਨੇ ਚਾਰ ਲਾਇਨਾਂ ਅੰਕਤ ਕੀਤੀਆਂ ਹਨ, ਜਿਵੇਂ ਕਿ :

ਚੰਦਨ ਬਾਂਸ ਸਮੀਪ ਰਹੇ,
ਪਰ ਬਾਂਸ ਸੁਗੰਧ ਪਰੇ ਹੀ ਨਾਹੀ ॥
ਸਾਲਣ ਮਾਹੇ ਫਿਰੇ ਕੜਛੀ ਸਦਿ,
ਕੋਇ ਸਵਾਦ ਨ ਆਵਤ ਤਾਹੀ ॥
ਕੌਲ ਜੜ੍ਹਾਂ ਮੇਂ ਮੇਂਡਕ ਬਾਸਤ,
ਕੌਲ ਸੁਗੰਧ ਸੁ ਨਾਸਨ ਨਾਹੀ ॥
ਦਾਸ ਗੁਲਾਬ ਤਿਵੇਂ ਸਤਿ ਸੰਗਤ,
ਮੂਰਖ ਕੋ ਗੁਣ ਭਾਵਤ ਨਾਹੀ ॥

ਸਮੁੱਚਾ ਭਾਵ ਹੈ ਕਿ ਜਿਤਨਾਂ ਚਿਰ ਕੋਈ ਭੀ ਸਰੋਤਾ ਸੰਗਤ ਵਿਚ ਸੁਣ ਰਿਹਾ ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਨ ਵਲੋਂ ਸੱਖਣਾ ਹੈ, ਉਤਨਾਂ ਚਿਰ ਉਸਦੇ ਪੁਰਾਤਨ ਜੀਵਨ ਵਿਚ ਕੋਈ ਭੀ ਬਦਲ ਨਹੀਂ ਆਵੇਗੀ। ਇਕ ਜਨਮ ਕੀ ਭਾਵੇਂ ਉਸਦੇ ਕਈ ਜਨਮ ਭੀ ਗੁਜ਼ਰ ਜਾਣ ਉਹ ਅਸਫਲ ਹੀ ਰਵੇਗਾ।

(ਛੇਵੀਂ ਵਾਰ ਸਮਾਪਤ)

# ਵਾਰ ੭

ੴ ਸਤਿਗੁਰ ਪ੍ਰਸਾਦਿ॥

## ੧. ਸਤਿਗੁਰੂ ਜੀ ਦਾ ਮੰਗਲਾਚਰਨ

**੧. ਸਤਿਗੁਰ ਸੱਚਾ ਪਾਤਿਸ਼ਾਹ**
**ਸਾਧ ਸੰਗਤ ਸਚਖੰਡ ਵਸਾਯਾ।**
**੨. ਗੁਰਸਿਖ ਲੈ ਗੁਰਸਿੱਖ ਹੋਇ**
**ਆਪ ਗਵਾਇ ਨ ਆਪ ਗਣਾਯਾ।**
**੩. ਗੁਰਸਿਖ ਸਭੋ ਸਾਧਨਾ**
**ਸਾਧਿ ਸਧਾਇ ਸਾਧ ਸਦਵਾਯਾ।**
**੪. ਚਹੁੰ ਵਰਨਾ ਉਪਦੇਸ਼ ਦੇ**
**ਮਾਯਾ ਵਿੱਚ ਉਦਾਸ ਰਹਾਯਾ।**
**੫. ਸਚਹੁੰ ਓਰੈ ਸਭ ਕਿਹੁ**
**ਸੱਚ ਨਾਉਂ ਗੁਰ ਮੰਤ੍ਰ ਦ੍ਰਿੜਾਯਾ।**
**੬. ਹੁਕਮੈ ਅੰਦਰ ਸਭ ਕੋ**
**ਮੰਨੈ ਹੁਕਮ ਸੁ ਸੱਚ ਸਮਾਯਾ।**
**੭. ਸ਼ਬਦ ਸੁਰਤਿ ਲਿਵ ਅਲਖ ਲਖਾਯਾ ॥੧॥**

*ਪਦ ਅਰਥ :* ਸਾਧਿ–ਸਿੱਧੀ। ਸਧਾਇ–ਸਾਧ ਕੇ। ਸਾਧ–ਸ੍ਰੇਸ਼ਟ, ਪਰਉਪਕਾਰੀ। ਓਰੈ–ਉਰੇ, ਆਸਰੇ ਵਿਚ, ਖ਼ਾਲੀ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਰਹਿ ਕੇ ਆਪਣੇ ਜੀਵਨ ਦਾ ਢੇਰ ਸਾਰਾ ਸਮਾਂ ਗੁਜ਼ਾਰਿਆ ਹੈ, ਇਥੇ ਹੀ ਬੱਸ ਨਹੀਂ, ਗੁਰੂ ਅਰਜਨ ਦੇਵ ਜੀ ਨੇ ਆਪ ਦੇ ਜੀਵਨ ਨੂੰ ਸੁਭਾਗਾ ਬਨਾਉਣ ਲਈ ਤੁਹਾਡੇ ਪਾਸੋਂ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਧੁਰ ਦਰਗਾਹੋਂ ਆਈ ਬਾਣੀ ਦੇ ਲਿਖਵਾਉਣ ਦੀ ਸੇਵਾ ਭੀ ਲਈ ਹੈ, ਜਿਸ ਕਰਕੇ ਤੁਸੀਂ ਹੋਰ ਭੀ ਧੰਨਤਾ ਦੇ ਜੋਗ ਹੋ। ਕਿਉਂ ਜੀ! ਕੀ ਇਹ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸੰਬੰਧ ਵਿਚ ਤੁਹਾਡੇ ਅੰਦਰ ਆਤਮੇ ਕੀ ਭਾਵਨਾਵਾਂ ਨੇ ਜਨਮ ਲਿਆ ਹੈ, ਜਿਨ੍ਹਾਂ ਨੂੰ ਸੁਣ ਕੇ ਸਾਡੇ ਅੰਦਰ ਭੀ ਸਾਡੀ ਸ਼ਰਧਾ ਵਿਚ ਹੋਰ ਉਜਾਲਾ ਹੋ ਆਵੇ?

ਉ: ਹੇ ਸਜਨੋਂ! ਗੁਣਾਂ ਦੇ ਭੰਡਾਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੰਬੰਧ ਵਿਚ ਜੋ ਕੁੱਝ ਵੀ ਮੈਂ ਕਹਿਣਾ ਚਾਹਾਂ ਉਹ ਪੂਰਾ ਨਹੀਂ ਸਗੋਂ ਅਧੂਰਾ ਹੀ ਹੋਵੇਗਾ। ਕਿਉਂਕਿ 'ਮਥਰਾ ਭੱਟ' ਜੀ ਨੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸੰਬੰਧ ਵਿਚ ਆਪਣੀਆਂ ਭਾਵਨਾਵਾਂ ਨੂੰ ਇਉਂ ਪ੍ਰਗਟਾਇਆ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਹਨ :

ਭਨਿ ਮਥੁਰਾ ਕਛੁ ਭੇਦੁ ਨਹੀ
ਗੁਰੁ ਅਰਜੁਨੁ ਪਰਤਖੵ ਹਰਿ ॥੭॥੧੯॥

*(ਪੰਨਾ ੧੪੦੯)*

ਭਾਵ ਮਥਰਾ ਭੱਟ ਗੁਰੂ ਅਰਜਨ ਦੇਵ ਜੀ ਨੂੰ ਪ੍ਰਤੱਖ ਹਰੀ ਦਾ ਸਰੂਪ ਤੱਕਦੇ ਹਨ, ਜਿਵੇਂ ਹਰੀ ਦਾ ਪੂਰਨ ਵਿਸਥਾਰ ਰੂਪ ਵਿਚ ਕਥਨ ਨਹੀਂ ਕੀਤਾ ਜਾ ਸਕਦਾ ਇਸੇ ਤਰ੍ਹਾਂ ਗੁਣਾਂ ਦੇ ਸਾਗਰ ਗੁਰੂ ਅਰਜਨ ਦੇਵ ਜੀ ਬਾਰੇ ਜੇ ਕੋਈ ਕੁੱਝ ਕਹਿਣ ਦਾ ਜਤਨ ਭੀ ਕਰੇ ਤਾਂ ਉਹ ਇਸੇ ਤਰ੍ਹਾਂ ਹੋਵੇਗਾ ਜਿਵੇਂ ਕੋਈ ਸਾਗਰ ਦੇ ਕਿਨਾਰੇ 'ਤੇ ਖਲੋਤਾ ਸਾਗਰ ਦੀਆਂ ਲਹਿਰਾਂ ਦੀ ਜਾਣਕਾਰੀ ਦੇ ਰਿਹਾ ਹੋਵੇ, ਉਹ ਲਹਿਰਾਂ ਦੇ ਸੰਬੰਧ ਵਿਚ ਵੀ ਉਤਨਾਂ ਹੀ ਕਹਿ ਸਕਦਾ ਹੈ ਜਿਥੇ ਤੱਕ ਉਸਦੀ ਨਜ਼ਰ ਕੰਮ ਕਰਦੀ ਹੈ, ਕਿਉਂਕਿ ਲਹਿਰਾਂ ਤਾਂ ਅਨੰਤ ਹਨ ਜਿਸਨੂੰ ਉਹ ਪੂਰਨ ਰੂਪ ਵਿਚ ਗਿਣ ਨਹੀਂ

ਸਕਦਾ, ਸੋ ਜਦ ਕਿ ਸਾਗਰ ਦੀਆਂ ਲਹਿਰਾਂ ਹੀ ਅਨੰਤ ਹਨ ਤਾਂ ਉਸ ਸਾਗਰ ਦੀ ਗਹਿਰ ਗੰਭੀਰਤਾ ਬਾਰੇ ਕੋਈ ਅਨਜਾਣ ਕੀ ਕਹਿ ਸਕਦਾ ਹੈ, ਉਸਨੂੰ ਤਾਂ ਬੇਅੰਤ ਹੀ ਕਹਿਣਾ ਪਵੇਗਾ। ਇਸ ਲਈ ਹੇ ਭਾਈਓ! ਗੁਰੂ ਅਰਜਨ ਦੇਵ ਜੀ ਦੇ ਬਾਰੇ ਭੀ ਕੁੱਝ ਕਹਿਣਾ ਕਠਨ ਹੈ ਕਿਉਂਕਿ ਆਪ ਜੀ ਦੈਵੀਂ ਗੁਣਾਂ ਦੇ ਅਥਾਹ ਸਾਗਰ ਹਨ ਜੋ ਮਨ ਬਾਣੀ ਦਾ ਵਿਸ਼ਾ ਨਹੀਂ ਹੈ।

ਪ੍ਰ: ਭਾਈ ਸਾਹਿਬ ਜੀਓ! ਆਪ ਜੀ ਨੇ ਉਨ੍ਹਾਂ ਦੀ ਚਰਨ ਸ਼ਰਨ ਵਿਚ ਰਹਿ ਕੇ ਉਨ੍ਹਾਂ ਦੇ ਸੰਬੰਧ ਵਿਚ ਦਸੋ ਕੀ ਭਾਵਨਾਵਾਂ ਪ੍ਰਗਟਾਈਆਂ ਹਨ?

ਉ: ਹੇ ਭਾਈਓ! ਵਧੇਰੇ ਕੁੱਝ ਤਾਂ ਨਹੀਂ ਕਿਹਾ ਜਾ ਸਕਦਾ ਪਰ ਮੈਂ ਤਾਂ ਜੋ ਕੁੱਝ ਭੀ ਅਨੁਭਵ ਕਰ ਸੱਕਿਆ ਹਾਂ ਉਹ ਚੰਦ ਸਤਰਾਂ ਵਿਚ ਇਉਂ ਅੰਕਤ ਕੀਤਾ ਹੈ:

(੧) (ਹੇ ਭਾਈ! ਮੈਂ ਤਾਂ ਇਉਂ ਹੀ ਨਿਸਚਾ ਕੀਤਾ ਹੈ ਕਿ) ਸਤਿਗੁਰੂ ਅਰਜਨ ਦੇਵ ਜੀ ਸਚੇ ਪਾਤਸ਼ਾਹ ਹਨ (ਜਿਨ੍ਹਾਂ ਨੇ) ਸਾਧ ਸੰਗਤ ਰੂਪ ਸੱਚ ਖੰਡ ਨੂੰ ਵਸਾਇਆ ਹੈ।

ਪ੍ਰ: ਕਿਉਂ ਜੀ! ਉਸ ਸਚਖੰਡ ਰੂਪ ਸਾਧ ਸੰਗਤ ਵਿਚੋਂ ਕਿਸੇ ਨੂੰ ਕੋਈ ਦਾਤ ਭੀ ਪ੍ਰਾਪਤ ਹੋਈ?

(੨) ਉ: (ਹੇ ਭਾਈਓ! ਉਸ ਸਾਧ ਸੰਗਤ ਵਿਚੋਂ) ਗੁਰੂ ਦੀ ਸਿਖਿਆ ਲੈ ਕੇ, ਗੁਰਸਿੱਖ ਹੋ ਕੇ, ਆਪਾ-ਭਾਵ (ਮੈਂ ਮੇਰੀ) ਨੂੰ ਗਵਾ ਦਿੱਤਾ (ਉਨ੍ਹਾਂ ਸਿੱਖਾਂ ਨੇ ਪੂਰਨਤਾ ਵਿਚ ਪੁੱਜ ਕੇ ਵੀ) ਆਪਾ ਭਾਵ ਨਹੀਂ ਜਤਾਇਆ।

(੩) (ਹੇ ਭਾਈ! ਉਨ੍ਹਾਂ) ਗੁਰ ਸਿੱਖਾਂ ਨੇ ਸਭੇ ਸਾਧਨਾਂ ਸਾਧ ਕੇ (ਗੁਰੂ ਦੀ ਸਿਖਿਆ 'ਤੇ ਚਲ ਕੇ, ਕਠਨ ਕਰਨੀ ਦੀ ਘਾਲ ਕਮਾਈ ਕਰਕੇ ਫਿਰ) ਸਾਧੂ (ਆਪਣੇ ਆਪ ਨੂੰ ਭਲੇ ਪੁਰਸ਼ ਹੋਰਨਾਂ ਤੋਂ) ਸਦਵਾਇਆ।

ਪ੍ਰ: ਕਿਉਂ ਜੀ! ਕੀ ਉਹ ਸਤਿਗੁਰੂ ਜੀ ਕਿਸੇ ਖ਼ਾਸ ਵਰਨ ਦੇ ਲੋਕਾਂ ਨੂੰ ਉਪਦੇਸ਼ ਕਰਦੇ ਸਨ?

(੪) ਉ: (ਹੇ ਪਿਆਰੇ! ਉਹ ਸਤਿਗੁਰੂ ਜੀ) ਚਹੁੰ ਵਰਨਾਂ ਦੇ ਲੋਕਾਂ ਨੂੰ ਉਪਦੇਸ਼ ਦੇਂਦੇ ਤੇ ਮਾਇਆ ਵਿਚ ਉਦਾਸ (ਨਿਰਿਛਤ) ਰਹਿੰਦੇ ਹਨ।

(੫) (ਉਨ੍ਹਾਂ ਦਾ ਇਹੋ ਉਪਦੇਸ਼ ਸੀ ਕਿ ਹੇ ਭਾਈਓ!) ਸਚ ਤੋਂ ਸਭ ਕੁਛ ਉਰੇ ਹੈ, (ਭਾਵ ਸਭ ਕਰਮ-ਕਾਂਡ ਹੇਠਾਂ ਹਨ) ਸਦਾ (ਪ੍ਰਭੂ ਦਾ) ਨਾਮ ਇਹ ਗੁਰ-ਮੰਤ੍ਰ ਦ੍ਰਿੜ ਕਰਵਾਇਆ।

(੬) (ਸਤਿਗੁਰੂ ਜੀ ਨੇ ਇਹੋ ਉਪਦੇਸ਼ ਦਿੱਤਾ ਕਿ) ਸਭ ਪ੍ਰਭੂ ਦੇ ਹੁਕਮ ਵਿਚ ਹਨ (ਇਸ ਲਈ ਸਤਿਗੁਰੂ ਜੀ ਦੇ ਇਸ) ਹੁਕਮ ਨੂੰ ਜਿਸ ਨੇ ਵੀ ਮੰਨਿਆ (ਉਹ ਗੁਰਸਿੱਖ) ਸੱਚ ਵਿਚ ਸਮਾ ਗਿਆ।

(੭) (ਗੁਰੂ ਦੇ) ਸ਼ਬਦ ਦੀ ਗਿਆਤ ਦੀ (ਲਿਵ) ਸਮਾਧੀ ਅਲੱਖ ਨੂੰ ਲਖਾ ਦਿੰਦੀ ਹੈ (ਭਾਵ ਸ੍ਵੈ-ਸਰੂਪ ਦੀ ਲਖਤਾ ਹੋ ਜਾਂਦੀ ਹੈ)।੧।

*ਭਾਵਾਰਥ :* ਸੱਚੇ ਸਤਿਗੁਰਾਂ ਦੀ ਸੰਗਤ ਵਿਚ ਰਹਿ ਕੇ ਗੁਰਸਿੱਖ ਆਪ ਤਰਦਾ ਤੇ ਹੋਰਨਾਂ ਨੂੰ ਤਾਰਦਾ ਹੈ, ਗੁਰੂ ਦਾ ਹੁਕਮ ਮੰਨ ਕੇ ਹੋਰ ਭੀ ਸਭ ਨੂੰ ਸਾਂਝਾ ਉਪਦੇਸ਼ ਦੇਂਦਾ ਹੈ। ਉਸਦਾ ਇਹ ਪੂਰਨ ਨਿਸਚਾ ਹੋ ਜਾਂਦਾ ਹੈ ਕਿ ਸਭ ਕਰਮ ਧਰਮ ਸੱਚ ਤੋਂ ਹੇਠਾਂ ਹਨ ਇਸ ਲਈ ਉਹ ਗੁਰੂ ਦੇ ਦ੍ਰਿੜ ਕਰਵਾਏ ਗੁਰ-ਮੰਤ੍ਰ 'ਤੇ ਹੀ ਪੂਰਨ ਨਿਸਚਾ ਰਖਦਾ ਹੈ।

## ੨. ਦੋ ਦੀ ਗਿਣਤੀ, ਗੁਰਮੁਖ ਦੀ ਮਹਿਮਾ

**੧. ਸ਼ਿਵ ਸ਼ਕਤੀ ਨੋਂ ਸਾਧ ਕੈ**
**ਚੰਦ ਸੂਰਜ ਦਿਹੁ ਰਾਤ ਸਧਾਏ।**
**੨. ਸੁਖ ਦੁਖ ਸਾਧੇ ਹਰਖ ਸੋਗ**
**ਨਰਕ ਸੁਰਗ ਪੁੰਨ ਪਾਪ ਲੰਘਾਏ।**
**੩. ਜਨਮ ਮਰਣ ਜੀਵਨ ਮੁਕਤਿ**
**ਭਲਾ ਬੁਰਾ ਮਿਤ੍ਰ ਸੱਤ੍ਰ ਨਿਵਾਏ।**
**੪. ਰਾਜ ਜੋਗ ਜਿਣ ਵੱਸ ਕਰ**
**ਸਾਧ ਸੰਜੋਗ ਵਿਜੋਗ ਰਹਾਏ।**
**੫. ਵਸਗਤਿ ਕੀਨੀ ਨੀਂਦ ਭੁਖ**
**ਆਸਾ ਮਨਸਾ ਜਿਣ ਘਰ ਆਏ।**
**੬. ਉਸਤਤਿ ਨਿੰਦਾ ਸਾਧ ਕੈ**
**ਹਿੰਦੂ ਮੁਸਲਮਾਨ ਸਬਾਏ।**
**੭. ਪੈਰੀਂ ਪੈ ਪਾ ਖਾਕ ਸਦਾਏ॥੨॥**

*ਪਦ ਅਰਥ :* ਸ਼ਿਵ ਸ਼ਕਤੀ—ਸਤੋ ਤੇ ਤਮੋ ਗੁਣ। ਸਧਾਏ—ਸਿੱਧ ਕਰ ਲਏ, ਸਾਧ ਲੀਤੇ। ਸਾਧ ਸੰਜੋਗ—ਭਲੇ ਸੰਜੋਗ। ਵਸਗਤਿ—ਵੱਸ ਕਰਨੀ। ਪੈ ਖਾਕ—ਪੈਰਾਂ ਦੀ ਧੂੜੀ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਕਹਿੰਦੇ ਆ ਰਹੇ ਹੋ ਕਿ ਗੁਰਮੁਖ ਸਦਾ ਹੀ ਸਾਧ ਸੰਗਤ ਵਿਚ ਰਹਿੰਦੇ ਹੋਏ ਗੁਰੂ-ਮੰਤ੍ਰ ਦਾ ਜਾਪ ਜਪਦੇ ਰਹਿੰਦੇ ਹਨ, ਕੀ ਦਸੋਗੇ ਕਿ ਉਨ੍ਹਾਂ ਦੀ ਆਮ ਲੋਕਾਂ ਨਾਲੋਂ ਮਾਨਸਿਕ ਅਵੱਸਥਾ ਵਿਚ ਕੀ ਬਦਲ ਆਈ ਹੈ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਗੁਰਮੁਖਾਂ ਦੀ ਬਾਹਰਲੀ ਖਾਣ ਪੀਣ ਅਤੇ ਕਾਰੋਬਾਰ ਕਰਨ ਦੀ ਕ੍ਰਿਆ ਬਾਕੀ ਦੇ ਲੋਕਾਂ ਵਾਂਗ ਹੀ ਨਜ਼ਰ ਆਉਂਦੀ ਹੈ, ਪਰ ਉਨ੍ਹਾਂ ਦੀ ਅੰਤ੍ਰੀਵ ਮਾਨਸਿਕ ਕ੍ਰਿਆ ਵਿਚ ਬਹੁਤ ਅੰਤਰਾ ਹੋਇਆ ਕਰਦਾ ਹੈ।

ਪ੍ਰ: ਭਾਈ ਸਾਹਿਬ ਜੀਉ ! ਜੋ ਕੁੱਝ ਗੁਰਮੁਖਾਂ ਦੀ ਮਾਨਸਿਕ ਕ੍ਰਿਆ ਤੁਸਾਂ ਤੱਕੀ ਹੈ, ਕੀ ਉਹ ਕੁੱਝ ਸਾਨੂੰ ਭੀ ਦਰਸਾਉਣ ਦੀ ਖੇਚਲਾ ਕਰੋਗੇ ?

ਉ: ਹੇ ਭਾਈ ! ਉਨ੍ਹਾਂ ਗੁਰਮੁਖਾਂ ਦੀ ਮਾਨਸਿਕ ਕ੍ਰਿਆ ਜੋ ਗੁਪਤ ਰੂਪ ਵਿਚ ਵਰਤ ਰਹੀ ਹੈ, ਉਸਦੀ ਲੱਖਤਾ ਹੋਣੀ ਤਾਂ ਅਸੰਭਵ ਹੈ, ਪਰ ਹਾਂ, ਜੋ ਕੁੱਝ ਬਾਣੀ ਦੁਆਰੇ ਮੈਨੂੰ ਪ੍ਰਤੀਤ ਹੋਇਆ ਹੈ ਉਹ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਅੰਦਰੋਂ ਦ੍ਵੰਦਵਾਦ ਦਾ ਅਭਾਵ ਹੋ ਗਿਆ ਹੈ, ਅਰਥਾਤ ਦ੍ਵੈਤਭਾਵ ਦਾ ਅੰਤਰਾ ਹੀ ਮਿਟ ਗਿਆ।

ਪ੍ਰ: ਕਿਉਂ ਜੀ, ਇਹ ਏਡੀ ਵੱਡੀ ਉੱਚੀ ਦਾਤ ਪ੍ਰਾਪਤ ਕਰਨ ਲਈ ਉਨ੍ਹਾਂ ਨੇ ਸਾਧਨਾ ਕੇਹੜੀ ਕੀਤੀ ਹੈ, ਕਿਉਂਕਿ ਇਹ ਦ੍ਵੈਤ ਭਾਵਨਾ ਤਾਂ ਵੱਡੇ ਵੱਡੇ ਜਪੀਆਂ ਤਪੀਆਂ ਦੇ ਅੰਦਰੋਂ ਭੀ ਨਹੀਂ ਮਿਟ ਸਕੀ ?

ਉ: ਹੇ ਭਾਈਓ ! ਅਸਲ ਵਿਚ ਇਹ ਦਾਤ ਉਨ੍ਹਾਂ ਨੂੰ ਸਾਧ ਸੰਗਤ ਰਾਹੀਂ ਗੁਰਬਾਣੀ ਵਿਚੋਂ ਮਿਲੀ ਹੈ, ਗੁਰਬਾਣੀ ਵਿਚ ਸਾਨੂੰ ਕਈ ਥਾਵਾਂ ਤੋਂ ਬਾਰ ਬਾਰ ਇਹੋ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ :

> ਬਿਸਰਿ ਗਈ ਸਭ ਤਾਤਿ ਪਰਾਈ ॥
> ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥
> ਨਾ ਕੋ ਬੈਰੀ ਨਹੀ ਬਿਗਾਨਾ
> ਸਗਲ ਸੰਗਿ ਹਮ ਕਉ ਬਨਿ ਆਈ ॥੧॥
> *(ਪੰਨਾ ੧੨੯੯)*

ਅਜਿਹੇ ਗੁਰਬਾਣੀ ਦੇ ਉਪਦੇਸ਼ ਨੂੰ ਉਨ੍ਹਾਂ ਗੁਰਮੁਖਾਂ ਨੇ ਕੇਵਲ ਸੁਣਿਆ ਹੀ ਨਹੀ ਸਗੋਂ ਅੰਦਰ ਧਾਰਨ ਕਰਨ ਦੀ ਸਾਧਨਾ ਭੀ ਕੀਤੀ ਹੈ। ਸੋ, ਕਿਸੇ ਸਾਧਨਾ ਕਰਨ ਵਾਲੇ ਗੁਰਮੁਖ ਦੇ ਮਨ ਦੀ ਸਹਿਜੇ ਸਹਿਜੇ ਸਮ-ਦ੍ਰਿਸ਼ਟੀ ਅਜਿਹੀ ਹੋ ਜਾਂਦੀ ਹੈ ਕਿ ਉਸਦੇ ਅੰਦਰੋਂ ਉੱਕਾ ਹੀ ਦ੍ਵੈਤ ਭਾਵ ਮਿਟ ਜਾਂਦਾ ਹੈ, ਜਿਸ ਬਾਰੇ ਬਾਣੀ ਅੰਦਰ ਉਸਦੇ ਮਨ ਦੀਆਂ ਉੱਚੀਆਂ ਉਡਾਨਾਂ ਨੂੰ ਇਉਂ ਅੰਕਤ ਕੀਤਾ ਗਿਆ ਹੈ, ਜਿਵੇਂ ਕਿ :

> ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
> ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
> ਕੰਚਨ ਮਾਟੀ ਮਾਨੈ ॥੧॥ਰਹਾਉ॥ *(ਪੰਨਾ ੬੩੩)*

> ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
> ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥
> *(ਪੰਨਾ ੧੪੨੭)*

> ਸੁਖੁ ਦੁਖੁ ਤੇਰੀ ਆਗਿਆ ਪਿਆਰੇ
> ਦੂਜੀ ਨਾਹੀ ਜਾਇ ॥੩॥ *(ਪੰਨਾ ੪੩੨)*

> ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
> ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥
> *(ਪੰਨਾ ੧੪੯)*

> ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
> ਅਉਰੁ ਮਾਨੁ ਅਪਮਾਨਾ ॥
> ਹਰਖ ਸੋਗ ਤੇ ਰਹੈ ਅਤੀਤਾ
> ਤਿਨਿ ਜਗਿ ਤਤੁ ਪਛਾਨਾ ॥੧॥ *(ਪੰਨਾ ੨੧੯)*

> ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥
> ਸੋ ਜਾਣੈ ਜਿਨਿ ਦਾਤੈ ਦੀਏ ॥ *(ਪੰਨਾ ੧੦੩੦)*

> ਸੁਖੁ ਦੁਖੁ ਰਹਤ ਸਦਾ ਨਿਰਲੇਪੀ
> ਜਾ ਕਉ ਕਹਤ ਗੁਸਾਈ ॥ *(ਪੰਨਾ ੬੩੨)*

> ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥
> ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ ॥੩॥
> *(ਪੰਨਾ ੩੩੭)*

ਹੇ ਭਾਈ ! ਉਨ੍ਹਾਂ ਗੁਰਮੁਖਾਂ ਨੇ ਬਾਣੀ ਅਨੁਸਾਰ ਆਪਣੇ ਮਨ ਨੂੰ ਅਜਿਹਾ ਢਾਲ ਲਿਆ ਹੈ ਜਿਸ ਨੂੰ ਤੱਕ ਕੇ ਮੇਰੇ ਮਨ ਨੂੰ ਚੰਦ ਲਾਇਨਾਂ ਅੰਕਤ ਕਰਨ ਦੀ ਪ੍ਰੇਰਨਾ ਇਉਂ ਮਿਲੀ ਹੈ :

(੧) (ਹੇ ਭਾਈਓ ! ਗੁਰੂ ਦੇ ਪੂਰਨ ਗੁਰਸਿੱਖਾਂ ਨੇ) ਸਤੋ ਤਮੋ ਗੁਣਾਂ ਵਾਲੀ ਹਾਲਤ (ਨੂੰ) ਸਾਧ ਕੇ, ਚੰਦ, ਸੂਰਜ, ਦਿਨ ਤੇ ਰਾਤ ਨੂੰ ਭੀ ਸਾਧ ਲਿਆ (ਭਾਵ ਜਿੱਤ ਲਿਆ) ਹੈ।

(੨) (ਇਸੇ ਤਰ੍ਹਾਂ) ਸੁਖ ਦੁਖ ਭੀ ਜਿੱਤ ਲਏ ਤੇ ਖੁਸ਼ੀ ਗ਼ਮੀ ਭੀ ਅਤੇ ਨਰਕ ਸੁਰਗ ਤੇ ਪੁੰਨ ਪਾਪ ਦੀ ਕਾਣ ਨੂੰ

ਭੀ ਲੰਘਾ ਦਿੱਤਾ (ਭਾਵ ਚੁਕਾ) ਦਿੱਤਾ ਹੈ।

(੩) (ਵੇਖਣ ਵਿਚ ਆਉਂਦਾ ਹੈ ਕਿ ਐਸੇ ਗੁਰਸਿੱਖ) ਮਰਣ ਜੀਵਨ (ਦੇ ਸੰਸੇ ਨੂੰ ਟੱਪ) ਜੀਵਨ ਮੁਕਤ ਹੋ ਕੇ, ਭਲੇ ਬੁਰੇ ਤੇ ਵੈਰੀ ਮਿੱਤਰ ਨੂੰ ਇਕੋ ਜੇਹੇ ਸਮਝਣ ਵਾਲੇ ਬਣ ਗਏ।

(੪) ਰਾਜ ਜੋਗ ਨੂੰ ਜਿੱਤ ਕੇ ਵੱਸ ਕਰ ਲਿਆ ਹੈ, (ਸਾਧ ਸੰਜੋਗ) ਭਲੇ ਸੰਜੋਗ ਤੇ ਵਿਜੋਗ (ਬੁਰੇ ਸੰਜੋਗ) ਦੋਹਾਂ ਤੋਂ ਅਲੇਪ ਹੋ ਗਏ ਹਨ।

(੫) ਨੀਂਦ ਤੇ ਭੁੱਖ ਵੀ ਵੱਸ ਵਿਚ ਕਰ ਲਈ ਹੈ, ਆਸਾ ਮਨਸਾ ਨੂੰ ਜਿੱਤ ਕੇ ਘਰ (ਆਤਮ ਸਰੂਪ) ਪਹੁੰਚ ਗਏ ਹਨ।

(੬) ਉਸਤਤ ਨਿੰਦਾ ਨੂੰ ਜਿੱਤ ਕੇ ਹਿੰਦੂ ਮੁਸਲਮਾਨ ਦੇ ਸਾਂਝੇ ਹੋ ਗਏ ਹਨ।

(੭) ਇਹ ਸਭ ਕੁਝ ਕਰਕੇ ਫਿਰ ਨਿੰਮ੍ਰਤਾ ਨਾਲ ਸਭ ਅੱਗੇ ਨਿਉਂਦੇ, ਮਿੱਠਾ ਬੋਲਦੇ, ਪੈਰਾਂ ਦੀ ਧੂੜੀ ਸਦਾਉਂਦੇ ਹਨ।੨।

***ਭਾਵਾਰਥ :*** ਇਹੋ ਹੈ ਕਿ ਗੁਰਮੁਖ ਦ੍ਵੈਤ-ਭਾਵ ਤੋਂ ਰਹਿਤ ਹਨ। ਉਨ੍ਹਾਂ ਨੇ ਦੁੱਖ-ਸੁੱਖ, ਹਰਖ ਸੋਗ ਆਦਿ ਸਾਰੇ ਹੀ ਦ੍ਵੰਦ ਜੋੜੇ ਜਿੱਤ ਲਏ ਹਨ। ਉਨ੍ਹਾਂ ਨੂੰ ਕਿਸੇ ਪਦਾਰਥ ਦੇ ਆ ਜਾਣ ਦੀ ਕੋਈ ਖ਼ੁਸ਼ੀ ਨਹੀਂ, ਚਲੇ ਜਾਣ ਦਾ ਕੋਈ ਗ਼ਮ ਨਹੀਂ ਹੈ।

ਅਜਿਹੇ ਗੁਰਮੁਖਾਂ ਦੇ ਨਿਰਲੇਪ ਜੀਵਨਾਂ ਨੂੰ ਤੱਕ ਕੇ ਹੀ ਕਿਸੇ ਕਵੀ ਨੇ ਹੇਠ-ਲਿਖੀਆਂ ਚੰਦ ਸਤਰਾਂ ਉੱਕਰੀਆਂ ਹਨ :

ਆਇ ਕੋ ਹਰਖ ਨਹੀ ਗਏ ਕੋ ਸੋਗ ਨਹੀਂ,
ਕੈਸੇ ਨਿਰਦ੍ਵੰਦ ਭਏ ਸਮਝਨੇ ਕੀ ਬਾਤ ਹੈ।
ਦੇਹ ਨੇਹ ਨੇਰੇ ਨਾਹੀ ਲਛਮੀ ਕੇ ਹੇਰੇ ਨਾਹੀ,
ਮਨ ਕਾਹੂ ਫੇਰੇ ਨਾਹੀ ਪਾਹਨ ਸਮ ਗਾਤ ਹੈ।
ਲੋਗਨ ਕੀ ਰੀਤ ਨਾਹੀ ਕਾਹੂ ਸਿਉ ਪ੍ਰੀਤ ਨਾਹੀ,
ਹਾਰ ਨਾਹੀ ਜੀਤ ਨਾਹੀ ਵਰਣ ਹੈ ਨ ਜਾਤ ਹੈ।
ਐਸੋ ਜਬ ਗਿਆਨ ਹੋਤ ਤਬੈ ਕਿਛ ਧਿਆਨ ਹੋਤ,
ਬ੍ਰਹਮ ਕੇ ਸਮਾਨ ਹੋਤ ਬ੍ਰਹਮ ਮੈਂ ਸਮਾਤ ਹੈ।

## ੩. ਤਿੰਨਾਂ ਦੀ ਗਿਣਤੀ ਅਤੇ ਗੁਰਮੁਖ

੧. ਬ੍ਰਹਮਾ ਬਿਸ਼ਨ ਮਹੇਸ਼
ਤ੍ਰੈ ਲੋਕ ਵੇਦ ਗੁਣ ਗਿਆਨ ਲੰਘਾਏ।
੨. ਭੂਤ ਭਵਿੱਖਹੁ ਵਰਤਮਾਨ
ਆਦਿ ਮੱਧ ਜਿਣ ਅੰਤ ਸਿਧਾਏ।
੩. ਮਨ ਬਚ ਕਰਮ ਇਕਤ੍ਰ ਕਰ
ਜੰਮਣ ਮਰਣ ਜੀਵਣ ਜਿਣ ਆਏ।
੪. ਆਧਿ ਬਿਆਧਿ ਉਪਾਧਿ ਸਾਧਿ
ਸੁਰਗ ਮਿਰਤ ਪਾਤਾਲ ਨਿਵਾਏ।
੫. ਉੱਤਮ ਮੱਧਮ ਨੀਚ ਸਾਧਿ
ਬਾਲਕ ਜੋਬਨ ਬਿਰਧ ਜਿਣਾਏ।
੬. ਇੜਾ ਪਿੰਗੁਲਾ ਸੁਖਮਨਾ
ਤ੍ਰਿਕੁਟੀ ਲੰਘ ਤ੍ਰਿਬੇਣੀ ਨ੍ਹਾਏ।
੭. ਗੁਰਮੁਖ ਇਕ ਮਨ ਇੱਕ ਧਿਆਏ ॥੩॥

***ਪਦ ਅਰਥ :*** ਲੋਕ ਵੇਦ—ਸ਼ਾਸਤ੍ਰ ਤੇ ਵੇਦ ਯਾ ਲੋਕਾਂ ਦਾ ਵੇਦ, ਲੋਕੋਕੱਤੀ, ਧਰਮ ਸ਼ਾਸਤ੍ਰ ਪੁਸਤਕਾਂ। ਸਿਧਾਏ—ਸਿੱਧ ਕੀਤਾ, ਚਲੇ ਗਏ। ਤ੍ਰਿਬੇਣੀ—ਪ੍ਰਯਾਗ, ਭਾਵ ਸਹਿਜ ਅਵਸਥਾ, ਸਰਬ ਸ਼੍ਰੋਮਣੀ ਅਵੱਸਥਾ, ਤੇ ਸਰਬ ਸਾਧਨਾਂ ਤੋਂ ਪਾਰ ਯਥਾਰਥ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪਿਛਲੀ ਦੂਜੀ ਪਉੜੀ ਵਿਚ ਆਪ ਜੀ ਨੇ ਗੁਰਮੁਖਾਂ ਦੀ ਮਾਨਸਿਕ ਅਵੱਸਥਾ ਦਾ ਬੜੇ ਵਿਸਥਾਰ ਪੂਰਵਕ ਕਥਨ ਕੀਤਾ ਹੈ ਕਿ ਉਨ੍ਹਾਂ ਦੀ ਮਾਨਸਿਕ ਅਵਸਥਾ ਦ੍ਵੰਦਾਤੀਤ ਹੋ ਗਈ ਹੈ, ਭਾਵ ਜੋ ਦੋ ਦੋ, ਹਰਖ ਸੋਗ, ਸੁਖ-ਦੁਖ ਦੇ ਜੋੜੇ ਹਨ, ਇਨ੍ਹਾਂ ਨੂੰ ਜਿੱਤ ਲਿਆ ਹੈ, ਕਿਉਂ ਜੋ! ਪੁਰਾਤਨ ਪੁਸਤਕਾਂ ਵਿਚ ਤਾਂ ਤਿੰਨ ਨਾਮਾਂ ਦੀ ਭੀ ਵਧੇਰੇ ਗਿਣਤੀ ਆਉਂਦੀ ਹੈ, ਜਿਵੇਂ ਕਿ ਤਿੰਨ ਦੇਵਤੇ, ਤਿੰਨ ਲੋਕਾਂ ਦੀ ਗਿਣਤੀ ਹੈ, ਇਨ੍ਹਾਂ ਬਾਰੇ ਆਪ ਜੀ ਨੇ ਗੁਰਮੁਖਾਂ ਦੀ ਮਾਨਸਿਕ ਅਵੱਸਥਾ ਸੰਬੰਧੀ ਕਿਸ ਰੂਪ ਵਿਚ ਅੰਦਾਜ਼ਾ ਲਗਾਇਆ ਹੈ?

ਉ: ਹੇ ਭਾਈਓ! ਮੈਂ ਤਾਂ ਜਦੋਂ ਭੀ ਕਿਸੇ ਗੁਰਮੁਖ ਦਾ ਜੀਵਨ ਨੇੜੇ ਹੋ ਕੇ ਤੱਕਿਆ ਹੈ ਤਾਂ ਉਨ੍ਹਾਂ ਦਾ ਪਵਿੱਤ੍ਰ ਜੀਵਨ ਮੈਨੂੰ ਤ੍ਰੈ ਗੁਣਾਂ ਤੋਂ ਅਤੀਤ, ਨਿਰਲੇਪ ਹੀ ਨਜ਼ਰ ਆਇਆ ਹੈ, ਗੁਰਬਾਣੀ ਦੀ ਪੜਚੋਲ ਕਰਨ ਸਮੇਂ ਜੋ ਮੇਰੇ ਮਨ ਅੰਦਰ ਗੁਰਮੁਖਾਂ ਦੇ ਜੀਵਨ ਸੰਬੰਧੀ ਭਾਵਨਾਵਾਂ ਨੇ ਜਨਮ ਲਿਆ ਹੈ ਉਨ੍ਹਾਂ ਨੂੰ ਮੈਂ ਚੰਦ

ਲਾਇਨਾ ਵਿਚ ਉੱਕਰਨ ਦਾ ਇਉਂ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ:

(੧) (ਹੇ ਸਜਨੋ! ਮੈਂ ਤਾਂ ਇਉ ਹੀ ਅਨੁਭਵ ਕੀਤਾ ਹੈ ਕਿ (ਗੁਰਸਿੱਖ ਗੁਰਮੁਖ) ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਅਤੇ ਧਾਰਮਿਕ ਪੁਸਤਕਾਂ ਗੁਣ ਅਤੇ ਗਿਆਨ ਇਨ੍ਹਾਂ ਤਿੰਨਾਂ ਹੀ ਹਾਲਤਾ ਤੋਂ (ਅੱਗੇ) ਲੰਘ ਗਏ ਹਨ।

(੨) ਹੇ ਭਾਈ! ਬੀਤ ਚੁੱਕਾ ਸਮਾ, ਆਉਣ ਵਾਲਾ ਸਮਾ ਤੇ ਵਰਤਮਾਨ ਸਮਾ, ਆਦਿ ਮੱਧ ਤੇ ਅੰਤ, ਤਿੰਨ ਅਵੱਸਥਾ ਨੂੰ ਜਿੱਤ ਕੇ, ਅੰਤ (ਸਹਿਜ ਅਵੱਸਥਾ) ਤੱਕ ਚਲੇ ਗਏ ਹਨ।

(੩) ਮਨ, ਬਚਨ ਤੇ ਕਰਮ ਇਨ੍ਹਾਂ ਤਿੰਨਾਂ ਨੂੰ ਇਕੱਤ੍ਰ ਕਰਕੇ ਜੰਮਣ ਮਰਨ ਨੂੰ ਜਿੱਤ ਆਏ ਹਨ, ਭਾਵ ਜੋ ਕੁੱਝ ਕੀਤਾ ਉਹ ਇਕ ਸੱਚ ਦੇ ਆਧਾਰਿਤ ਕੀਤਾ, ਜਿਸ ਕਰਕੇ ਉਹ ਜੰਮਣ ਮਰਨ ਤੋਂ ਰਹਿਤ ਹੋ ਗਏ।

(੪) ਉਨ੍ਹਾ ਗੁਰਮੁਖਾਂ ਨੇ ਐਸੀ ਗੁਰੂ ਟੇਕ ਦੇ ਆਧਾਰਿਤ ਜਿੰਦੜੀ ਬਣਾਈ ਕਿ ਆਧੀਆਂ, ਬਿਆਧੀਆਂ ਤੇ ਉਪਾਧੀਆਂ ਸਾਧ ਕੇ, ਸੁਰਗ, ਪਤਾਲ ਤੇ ਮਾਤ ਲੋਕ ਤਿੰਨੇ ਹੀ ਉਨ੍ਹਾ ਨੇ ਜਿੱਤ ਲਏ, ਭਾਵ ਨਿਵਾ ਲਏ ਹਨ।

(੫) ਉੱਤਮ, ਮੱਧਮ, ਨੀਚ ਦਰਜਿਆਂ ਨੂੰ ਜਿੱਤ ਕੇ ਬਾਲਕ, ਜੋਬਨ ਤੇ ਬਿਰਧ ਅਵੱਸਥਾ ਨੂੰ ਵੀ ਜਿੱਤ ਗਏ, ਭਾਵ ਤਿੰਨੇ ਨਾਮ ਜਪ ਕੇ ਸਫਲੇ ਕਰ ਲਏ ਹਨ। ਅਸਫਲ ਨਹੀਂ ਹੋਣ ਦਿੱਤੇ।

(੬) ਇੜਾ, ਪਿੰਗਲਾ, ਸੁਖਮਨਾ (ਪ੍ਰਾਣਾਯਾਮ ਦੀਆਂ ਨਾੜੀਆਂ) ਦੀ ਤ੍ਰਿਕੁਟੀ ਨੂੰ ਲੰਘ ਤ੍ਰਿਬੇਣੀ (ਸ੍ਵੈ-ਸਰੂਪ) ਵਿਚ ਨ੍ਹਾਉਂਦੇ ਹਨ।

ਪ੍ਰ: ਕਿਉਂ ਜੀ! ਇਤਨੀਆਂ ਉਚਾਣਾਂ 'ਤੇ ਉਨ੍ਹਾਂ ਗੁਰਮੁਖਾਂ ਦੀ ਮਾਨਸਿਕ ਅਵੱਸਥਾ ਕਿਵੇਂ ਪੁੱਜੀ ਹੈ?

(੭) ਉ: ਹੇ ਭਾਈਓ! ਉਨ੍ਹਾ ਗੁਰਮੁਖਾਂ ਨੇ (ਇਕ ਅਕਾਲ ਪੁਰਖ ਦਾ) ਇਕਾਗ੍ਰ-ਮਨ ਹੋ ਧਿਆਨ ਧਰਿਆ ਹੈ।੩।

***ਭਾਵਾਰਥ:*** ਇਨ੍ਹਾ ਉਪਰੋਕਤ ਸਾਰੀਆ ਜਿੱਤਾ ਨੂੰ ਜਿੱਤਣ ਵਾਲੇ ਗੁਰਮੁਖ ਨਾਮ ਸਿਮਰਨ ਦਾ ਸਦਕਾ ਆਖ਼ਰ ਉਸੇ ਇਕ ਪ੍ਰਭੂ ਦੇ ਸੱਤ ਸਰੂਪ ਵਿਚ ਅਭੇਦ ਹੋਏ ਰਹਿੰਦੇ ਹਨ। ਵੇਖਣ ਵਿਚ ਉਹ ਭਾਵੇਂ ਬਾਕੀ ਦੇ ਸੰਸਾਰੀ ਲੋਕਾਂ ਵਾਗ ਹੀ ਕ੍ਰਿਆ ਕਰਦੇ ਨਜ਼ਰ ਆਉਂਦੇ, ਪਰ ਉਨ੍ਹਾ ਦੀ ਅੰਤਰ-ਆਤਮਾ ਪਰਮਾਤਮਾ ਵਿਚ ਹੀ ਇਕ ਮਿੱਕ ਹੋਈ ਰਹਿੰਦੀ ਹੈ।

## ੪. ਗੁਰਮੁਖਾਂ ਦੇ ਚੌਂਕੜੀ ਸੰਬੰਧੀ ਵੀਚਾਰ

**੧. ਅੰਡਜ ਜੇਰਜ ਸਾਧ ਕੈ**
**ਸੇਤਜ ਉਤਭੁਜ ਖਾਣੀ ਬਾਣੀ।**
**੨. ਚਾਰੇ ਕੁੰਡਾਂ ਚਾਰ ਜੁਗ**
**ਚਾਰ ਵਰਨ ਚਾਰ ਵੇਦ ਵਖਾਣੀ।**
**੩. ਧਰਮ ਅਰਥ ਕਾਮ ਮੋਖ ਜਿਣ**
**ਰਜ ਤਮ ਸਤ ਗੁਣ ਤੁਰੀਆ ਰਾਣੀ।**
**੪. ਸਨਕਾਦਿਕ ਆਸ੍ਰਮ ਉਲੰਘ**
**ਚਾਰ ਵੀਰ ਵਸਗਤ ਕਰ ਆਣੀ।**
**੫. ਚਉਪੜ ਜਿਉਂ ਚਉਸਾਰ ਮਾਰ**
**ਜੋੜਾ ਹੋਇ ਨ ਕੋਇ ਰਿਞਾਣੀ।**
**੬. ਰੰਗ ਬਰੰਗ ਤੰਬੋਲ ਰਸ**
**ਬਹੁ ਰੰਗੀ ਇਕ ਰੰਗ ਨੀਸਾਣੀ।**
**੭. ਗੁਰਮੁਖ ਸਾਧਸੰਗਤ ਨਿਰਬਾਣੀ ॥੪॥**

***ਪਦ ਅਰਥ:*** ਬਾਣੀ—ਚਾਰ ਬਾਣੀਆਂ। ਚਉਸਾਰ—ਬਾਜੀ, ਚਾਰੇ ਪਾਸੇ। ਰਿਞਾਣੀ—ਮਾਰਨਾ। ਤੰਬੋਲ—ਪਾਨਾਂ ਦਾ ਬੀੜਾ।

***ਅਰਥ:***

ਪ੍ਰ: ਭਾਈ ਸਾਹਿਬ ਜੀਓ! ਉਂਞ ਤਾਂ ਬਾਹਰਲੀਆਂ ਪੁਸਤਕਾਂ ਵਿਚ ਭੀ ਚੌਂਕੜੀਆਂ ਦਾ ਵੀਚਾਰ ਆਉਂਦਾ ਹੈ, ਜਿਵੇਂ ਕਿ ਚਾਰ ਖਾਣੀਆਂ, ਚਾਰ ਬਾਣੀਆ, ਚਾਰ ਕੁੰਡਾ, ਚਾਰੇ ਜੁਗ ਆਦਿ। ਇਸੇ ਤਰ੍ਹਾਂ ਗੁਰਬਾਣੀ ਵਿਚ ਭੀ ਚਾਰ ਪਦਾਰਥ ਆਦਿਕਾ ਦੀ ਕਈ ਥਾਵਾ ਪਰ ਜਾਣਕਾਰੀ ਮਿਲਦੀ ਹੈ, ਕਿਉ ਜੀ, ਇਨ੍ਹਾ ਚੌਕੜੀਆ ਬਾਰੇ ਗੁਰਮੁਖਾਂ ਦੇ ਵੀਚਾਰ ਕਿਸ ਰੂਪ ਵਿਚ ਮੰਨੇ ਜਾਂਦੇ ਹਨ, ਉਨ੍ਹਾਂ ਗੁਰਮੁਖਾ ਦੇ ਵੀਚਾਰਾ ਬਾਰੇ ਆਪ ਸਾਨੂੰ ਭੀ ਕੁੱਝ ਜਾਣਕਾਰੀ ਦੇਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਮੈਨੂੰ ਤਾਂ ਸਤਿਗੁਰਾ ਦੀ ਚਰਨ ਸ਼ਰਨ ਵਿਚ ਰਹਿ ਕੇ ਗੁਰਬਾਣੀ ਦੀ ਪੜਚੋਲ ਕਰਦਿਆਂ ਇਹੋ ਗਿਆਤ ਮਿਲੀ ਹੈ ਕਿ ਨਾਮ ਦਾ ਸਿਮਰਨ ਕਰਦਿਆ-

ਕਰਦਿਆਂ ਉਨ੍ਹਾਂ ਗੁਰਮੁਖਾਂ ਦੀ ਮਾਨਸਿਕ ਦ੍ਰਿਸ਼ਟੀ ਇਨ੍ਹਾਂ ਚੌਕੜੀਆਂ ਤੋਂ ਅੱਗੇ ਲੰਘ ਕੇ ਬਹੁਤ ਹੀ ਉੱਚੀਆਂ ਉਡਾਣਾਂ ਤੱਕ ਪੁੱਜ ਗਈ ਹੈ, ਜਿਸਨੂੰ ਬੈਖਰੀ ਬਾਣੀ ਦੁਆਰੇ ਕਥਨ ਕਰਨਾ ਭੀ ਅਤਿਅੰਤ ਹੀ ਕਠਨ ਹੈ। ਪਰ ਹਾਂ, ਜਿਤਨੇ ਕੁ ਮੇਰੇ ਅੰਤਰ ਆਤਮੇ ਉਨ੍ਹਾਂ ਗੁਰਮੁਖਾਂ ਦੇ ਸੰਬੰਧ ਵਿਚ ਸੰਸਕਾਰਾ ਨੇ ਜਨਮ ਲਿਆ ਹੈ, ਉਨ੍ਹਾਂ ਨੂੰ ਮੈਂ ਇਸ ਚੌਥੀ ਪਉੜੀ ਵਿਚ ਨਾਮ-ਮਾਤ੍ਰ ਅੰਕਤ ਕਰਨ ਦਾ ਯਤਨ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈ! ਪ੍ਰਤੀਤ ਇਉਂ ਹੀ ਹੁੰਦਾ ਹੈ ਕਿ ਉਹ ਗੁਰਮੁਖ) ਅੰਡਜ, ਜੇਰਜ, ਸੇਤਜ ਤੇ ਉਤਭੁਜ (ਇਹ ਚਾਰੇ ਖਾਣੀਆਂ ਜਿਨ੍ਹਾਂ ਰਾਹੀਂ ਸ੍ਰਿਸ਼ਟੀ ਦੇ ਜੀਵ ਪੈਦਾ ਹੁੰਦੇ ਹਨ)। ਚਾਰੇ ਬਾਣੀਆਂ—ਪਰਾ, ਪਸੰਤੀ, ਮੱਧਮਾ ਤੇ ਬੈਖਰੀ।

(੨) ਚਾਰੇ ਕੁੰਡਾਂ (ਪਾਸੇ) ਚਾਰ ਜੁਗ, ਚਾਰ ਵਰਨ ਤੇ ਚਾਰ ਵੇਦ ਕਹੇ ਜਾਂਦੇ ਹਨ।

(੩) ਧਰਮ, ਅਰਥ ਤੇ ਕਾਮ, ਮੋਖ (ਚਾਰ ਪਦਾਰਥਾਂ ਨੂੰ) ਜਿੱਤ ਕੇ, ਰਜੋ, ਸਤੋ, ਤਮੋ ਤੇ ਤੁਰੀਆ (ਅਵੱਸਥਾ ਨੂੰ ਭੀ ਗੁਰਮੁਖਾਂ ਨੇ) ਜਿੱਤ ਲਿਆ ਹੈ।

(੪) (ਚਾਰੇ) ਸਨਕ, ਸਨੰਦਨ, ਸਨਾਤਨ, ਸੰਤ ਕੁਮਾਰ, ਚਾਰੇ ਆਸ਼ਰਮਾਂ ਨੂੰ ਲੰਘ ਕੇ, ਚਾਰੇ ਵੀਰਾਂ (ਹਨੂੰਮਾਨ, ਨਰਸਿੰਘ, ਲੰਕੜਾ ਤੇ ਭੈਰੋਂ ਬੀਰਾਂ ਨੂੰ ਗੁਰਮੁਖ) ਵੱਸ ਵਿਚ ਕਰ ਲੈਂਦੇ ਹਨ।

(੫) ਜਿਵੇਂ ਕੋਈ ਚਉਪੜ ਦੀ ਖੇਡ ਵਿਚ ਚਾਰੇ ਪਾਸੇ ਮਾਰ ਕੇ, ਨਰਦਾਂ ਦੇ ਇਕੱਠੇ ਕੀਤੇ ਜੋੜੇ ਨੂੰ ਕੋਈ ਨਹੀਂ ਮਾਰ ਸਕਦਾ (ਇਸੇ ਤਰ੍ਹਾਂ ਗੁਰਮੁਖ ਤੇ ਪ੍ਰਭੂ, ਦੋਵੇਂ ਇਕ ਹੋ ਜਾਂਦੇ ਹਨ, ਤੇ ਉਸਨੂੰ ਭੀ ਕੋਈ ਜਿੱਤ ਜਾਂ ਮਾਰ ਨਹੀਂ ਸਕਦਾ)।

(੬) ਪਾਨ ਵਿਚ ਬਹੁਤੇ ਰੰਗਾਂ ਦੀਆਂ ਚੀਜ਼ਾਂ ਪੈਂਦੀਆਂ ਹਨ, ਪਰ ਜਦ ਉਹ ਚਿੱਥਿਆ ਜਾਂਦਾ ਹੈ ਤਾਂ ਸਭਨਾਂ ਦਾ ਇਕੋ (ਲਾਲ) ਰੰਗ ਬਣ ਜਾਂਦਾ ਹੈ।

(੭) (ਇਸੇ ਤਰ੍ਹਾਂ) ਗੁਰਮੁਖ (ਸਭ ਹਾਲਤਾਂ ਵਿਚੋਂ ਲੰਘ) ਇਕ ਸਾਧ ਸੰਗਤ ਦੀ ਬਦੌਲਤ ਸਦਾ ਹੀ ਨਿਰਬਾਣ (ਪਦ, ਭਾਵ ਸਹਿਜ ਅਵੱਸਥਾ) ਵਿਚ ਟਿਕ ਜਾਂਦੇ ਹਨ।੪।

*ਭਾਵਾਰਥ :* ਇਸ ਪਉੜੀ ਵਿਚ ਚੌਹਾਂ ਦੀ ਗਿਣਤੀ ਹੈ ਜਿਨ੍ਹਾਂ ਨੂੰ ਟੱਪ ਕੇ ਗੁਰਮੁਖ ਸਹਿਜ ਅਵੱਸਥਾ ਨੂੰ ਪਹੁੰਚਦੇ ਹਨ, ਇਨ੍ਹਾਂ ਗਿਣਤੀਆਂ ਵਿਚ ਭਾਵ ਇਹੋ ਹੈ ਕਿ ਗੁਰਮੁਖ ਸਾਰੀਆਂ ਅਵੱਸਥਾ ਤੋਂ ਪਾਰ ਹੋ ਯਥਾਰਥ ਨੂੰ ਅੱਪੜੇ ਹਨ, ਇਸ ਲਈ ਉਹ ਗਿਣਤੀਓਂ ਪਾਰ ਹੋ ਅਨਗਿਣਤ ਪਦਵੀ 'ਤੇ ਜਾ ਅੱਪੜੇ ਹਨ।

## ੫. ਪੰਜਾਂ ਦੀ ਗਿਣਤੀ ਨਾਲ ਗੁਰਮੁਖਾਂ ਦੀ ਵਿਸ਼ੇਸ਼ਤਾ

੧. ਪਉਣ ਪਾਣੀ ਬੈਸੰਤਰੋ
ਧਰਤਿ ਅਕਾਸ਼ ਉਲੰਘ ਪਇਆਣਾ।
੨. ਕਾਮ ਕ੍ਰੋਧ ਵਿਰੋਧ ਲੰਘ
ਲੋਭ ਮੋਹ ਅਹੰਕਾਰ ਵਿਹਾਣਾ।
੩. ਸਤ ਸੰਤੋਖ ਦਇਆ ਧਰਮ
ਅਰਥ ਸੁ ਗ੍ਰੰਥ ਪੰਚ ਪਰਵਾਣਾ।
੪. ਖੇਚਰ ਭੂਚਰ ਚਾਚਰੀ
ਉਨਮਨ ਲੰਘ ਅਗੋਚਰ ਬਾਣਾ।
੫. ਪੰਚਾਇਣ ਪਰਮੇਸ਼ਰੋ
ਪੰਚ ਸ਼ਬਦ ਘਨਘੋਰ ਨੀਸਾਣਾ।
੬. ਗੁਰਮੁਖ ਪੰਚ ਭੂਆਤਮਾ
ਸਾਧਸੰਗਤਿ ਮਿਲ ਸਾਧ ਸੁਹਾਣਾ।
੭. ਸਹਿਜ ਸਮਾਧਿ ਨ ਆਵਣ ਜਾਣਾ ॥੫॥

*ਪਦ ਅਰਥ :* ਪਇਆਣਾ—ਜਾਂਦੇ ਹਨ। ਵਿਰੋਧ—ਵੈਰ। ਵਿਹਾਣਾ—ਵਿਹਾ ਗਿਆ, ਮੁੱਕ ਗਿਆ, ਨਾਸ਼ ਹੋ ਗਿਆ। ਅਰਥ ਸੁ ਗ੍ਰੰਥ—ਚੰਗੇ ਗ੍ਰੰਥਾ ਦੇ ਚੰਗੇ ਅਰਥ। ਘਨਘੋਰ—ਧੁਨਿ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਦਿਆਂ ਵੱਖ ਵੱਖ ਥਾਵਾਂ 'ਤੇ ਪੰਜਾਂ ਦੀ ਗਿਣਤੀ ਭਿੰਨ ਭਿੰਨ ਰੂਪਾਂ ਵਿਚ ਆਉਂਦੀ ਹੈ, ਪਰ ਕੀ ਦੱਸਣ ਦੀ ਖੇਚਲ ਕਰੋਗੇ ਕਿ ਗੁਰਮੁਖਾਂ ਨੇ ਉਹ ਪੰਜ ਕੌਣ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਧਾਰਨ ਕੀਤਾ, ਅਤੇ ਪੰਜਾਂ ਦਾ ਤਿਆਗ ਕਰਿਆ ਹੈ?

ਉ: ਹੇ ਭਾਈਓ! ਗੁਰਮੁਖਾਂ ਦਾ ਜੀਵਨ ਹਮੇਸ਼ਾ ਗੁਰੂ ਦੀ ਸੰਗਤ ਵਿਚ ਬਾਣੀ ਪੜ੍ਹਦਿਆਂ ਸੁਣਦਿਆਂ ਹੀ ਗੁਜ਼ਰਦਾ ਹੈ, ਗੁਰਬਾਣੀ ਰਾਹੀਂ ਜਿਨ੍ਹਾਂ ਪੰਜਾਂ

ਕਾਮਾਦਿਕ ਚੋਰਾਂ ਦੇ ਤਿਆਗ ਕਰਨ ਦੀ ਉਨ੍ਹਾਂ ਨੂੰ ਸਦਾ ਹੀ ਪ੍ਰੇਰਨਾ ਮਿਲਦੀ ਹੈ ਉਹ ਸਹਿਜੇ ਸਹਿਜੇ ਉਨ੍ਹਾਂ ਦਾ ਤਿਆਗ ਕਰਨ ਦਾ ਯਤਨ ਕਰਦੇ ਹਨ, ਜਿਵੇਂ ਕਿ ਗੁਰਬਾਣੀ ਅੰਦਰ ਮਨੁੱਖ ਦੇ ਮਨ ਨੂੰ ਸਮਝਾਉਣ ਲਈ ਬਾਰ ਬਾਰ ਸੰਬੋਧਨ ਕੀਤਾ ਗਿਆ ਹੈ ਕਿ ਹੇ ਮਨੁੱਖ! ਤੂੰ ਸਦਾ ਹੀ ਚੇਤੇ ਰੱਖ ਕਿ:

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ
ਕੋਇ ਨ ਸੁਣੈ ਪੂਕਾਰਾ॥ (ਪੰਨਾ ੬੦੦)

ਅਵਰਿ ਪੰਚ ਹਮ ਏਕ ਜਨਾ
ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ॥੧॥ (ਪੰਨਾ ੧੫੫)

ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ॥
(ਫੁਨਹੇ ਮ: ੫, ਪੰਨਾ ੧੩੬੩)

ਪੰਚ ਕ੍ਰਿਸਾਨ ਵਾ ਭਾਗਿ ਗਏ
ਲੈ ਬਾਧਿਓ ਜੀਉ ਦਰਬਾਰੀ॥
(ਰਾਗੁ ਮਾਰੂ, ਪੰਨਾ ੧੧੦੪)

ਪੰਚ ਚੋਰ ਮਿਲਿ ਲਾਗੇ ਨਗਰੀਆ
ਰਾਮ ਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ
ਧਨੁ ਸਾਬਤੁ ਰਾਸਿ ਉਬਰਿਆ॥੨॥
(ਬਸੰਤੁ ਮ: ੪, ਪੰਨਾ ੧੧੭੮)

ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ॥
(ਸੋਰਠਿ ਮ: ੫, ਪੰਨਾ ੬੪੧)

ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ॥
(ਪ੍ਰਭਾਤੀ ਮ: ੧, ਪੰਨਾ ੧੩੨੯)

ਪੰਚ ਦੂਤ ਕਾਇਆ ਸੰਘਾਰਹਿ॥
ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ॥
(ਮਾਰੂ ਮ: ੩, ਪੰਨਾ ੧੦੪੫)

ਪੰਚ ਦੂਤ ਮੂੜ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ॥
ਦ੍ਰਿਸਟਿ ਨ ਆਵਹਿ ਅੰਧ ਅਗਿਆਨੀ
ਸੋਇ ਰਹਿਓ ਮਦ ਮਾਵਤ ਹੇ॥੩॥
(ਬਿਲਾਵਲੁ ਮ: ੫, ਪੰਨਾ ੮੨੧)

ਪੰਚ ਬਿਖਾਦੀ ਏਕੁ ਗਰੀਬਾ
ਰਾਖਹੁ ਰਾਖਨਹਾਰੇ॥
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ
ਆਇਓ ਸਰਨਿ ਤੁਹਾਰੇ॥੧॥
(ਗਉੜੀ ਮ: ੫, ਪੰਨਾ ੨੦੫)

ਅਜਿਹੀ ਪੰਜਾ ਕਾਮਾਦਿਕਾ ਦੀ ਆਸੁਰੀ ਸੰਪਤੀ ਨੂੰ ਗੁਰਮੁਖਾਂ ਨੇ ਆਪਣੇ ਮਨ ਵਿਚੋਂ ਸਦਾ ਹੀ ਤਿਆਗ ਛੱਡਿਆ ਹੈ, ਪਰ ਇਨ੍ਹਾਂ ਦੇ ਮੁਕਾਬਲੇ ਵਿਚ ਜੋ ਦੈਵੀ ਗੁਣ ਸਤਿ, ਸੰਤੋਖ, ਧਰਮ, ਵੀਚਾਰ, ਦਇਆ ਆਦਿ ਹਨ, ਉਨ੍ਹਾਂ ਦੇ ਉਹ ਸਦਾ ਹੀ ਧਾਰਨੀ ਰਹਿ ਕੇ ਜੀਵਨ ਗੁਜ਼ਾਰਦੇ ਹਨ। ਪਰ ਹੇ ਭਾਈਓ! ਜੋ ਉਨ੍ਹਾਂ ਦੀ ਸੰਪੂਰਨ ਮਾਨਸਿਕ ਧਾਰਨਾ ਹੈ ਉਹ ਤਾਂ ਬਿਆਨੀ ਨਹੀਂ ਜਾ ਸਕਦੀ ਪਰ ਜੋ ਸੁਭਾਵਿਕ ਤੱਕਣ ਨਾਲ ਜੋ ਭੀ ਤੁੱਛ ਮਾਤ੍ਰ ਮੈਂ ਅਨੁਭਵ ਕਰ ਸੱਕਿਆ ਹਾਂ, ਉਹ ਚੰਦ ਸਤਰਾਂ ਵਿਚ ਇਉਂ ਅੰਕਤ ਕੀਤਾ ਹੈ:

(੧) (ਹੇ ਪਿਆਰੇ! ਮੈਂ ਤਾਂ ਇਉਂ ਹੀ ਤੱਕਿਆ ਹੈ ਕਿ ਗੁਰਮੁਖ) ਪਉਣ, ਪਾਣੀ, ਅਗਨੀ, ਧਰਤੀ ਤੇ ਅਕਾਸ਼ (ਇਨ੍ਹਾਂ ਸਭ ਚੀਜ਼ਾਂ ਦੀ ਪਕੜ ਤੋਂ ਅੱਗੇ) ਲੰਘ ਜਾਂਦੇ ਹਨ।
(੨) ਕਾਮ, ਕ੍ਰੋਧ ਤੇ ਵੈਰ ਵਿਰੋਧ ਨੂੰ ਪਛਾੜ ਕੇ ਲੋਭ ਅਤੇ ਮੋਹ ਨੂੰ ਵੀ ਖ਼ਤਮ ਕਰ ਦੇਂਦੇ ਹਨ।
(੩) ਸਤਿ, ਸੰਤੋਖ, ਦਇਆ, ਧਰਮ ਤੇ ਗੁਣਾਂ ਦੇ (ਸ਼ੁਭ ਅਰਥ) ਠੀਕ ਅਰਥ ਭਾਵ (ਇਨ੍ਹਾਂ) ਪੰਜਾਂ ਵਿਚ ਪ੍ਰਮਾਣੀਕ ਹੋ ਜਾਂਦੇ ਹਨ।
(੪) (ਗੁਰਮੁਖ ਜੋਗ ਦੇ ਪੰਜ ਅੰਗਾਂ) ਖੇਚਰ (ਸੁਆਸ ਚਾੜ੍ਹਨੇ) ਭੂਚਰ (ਸੁਆਸਾਂ ਨੂੰ ਠਹਿਰਾਉਣਾ) ਚਾਚਰੀ (ਸੁਆਸ ਉਤਾਰਨੇ) ਉਨਮਨ (ਤੁਰੀਆ ਪਦ) ਨੂੰ ਲੰਘ ਕੇ (ਮਨ ਬਾਣੀ ਤੋਂ ਵੀ ਅੱਗੇ) ਅਗੋਚਰ ਅਵੱਸਥਾ ਵਿਚ ਪੁੱਜ ਜਾਂਦੇ ਹਨ।
(੫) (ਇਹ ਅਵੱਸਥਾ) ਪੰਚਾਇਣ ਦੇ ਘਰ ਦੀ ਹੈ, ਜਿਥੇ (ਗੁਰਮੁਖਾਂ ਦੇ) ਪੰਜ ਸ਼ਬਦਾਂ ਦੀ ਘਨਘੋਰ (ਅਨਹਦ ਸ਼ਬਦ ਦੀ ਧੁਨੀ) ਸੁਣੀਦੀ ਹੈ (ਜੋ ਪ੍ਰਭੂ ਦੇ ਮਿਲਣ ਦੀ ਨਿਸ਼ਾਨੀ ਹੈ)।
(੬) ਗੁਰਮੁਖਾਂ ਨੇ ਪੰਜ ਭੂਤਕ ਸਰੀਰ ਵਿਚਲੀ ਆਤਮਾ ਨੂੰ ਸਾਧ ਸੰਗਤ ਦੇ ਮੇਲ ਵਿਚ ਮਿਲ ਕੇ ਸਾਧ ਲਿਆ ਹੈ ਤੇ (ਇਸ ਪਿਛੋਂ) ਉਹ ਸੋਭਨੀਕ ਸੁਹਾਵਣੇ ਬਣ ਗਏ।
(੭) (ਜਿਥੇ ਉਹ) ਸਹਿਜ ਸਮਾਧੀ (ਵਿਚ ਟਿਕ ਕੇ) ਆਉਣ ਜਾਣ (ਭਾਵ ਜਨਮ ਮਰਨ ਦੇ ਚੱਕਰ ਤੋਂ) ਮੁਕਤ ਹੋ ਜਾਂਦੇ ਹਨ।੫।

*ਭਾਵਾਰਥ :* ਭਾਈ ਸਾਹਿਬ ਜੀ ਨੇ ਇਸ ਪਉੜੀ ਵਿਚ ਪੰਜਾਂ ਦੀ ਗਿਣਤੀ ਕਰਕੇ ਗੁਰਮੁਖਾਂ ਦੀ ਸ੍ਵੈ-ਸਰੂਪ ਵਿਚ ਸਥਿਰਤਾ ਦਾ ਕਥਨ ਕੀਤਾ ਹੈ, ਜਿਥੇ ਪੁੱਜ ਕੇ :

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥ *(ਪੰਨਾ ੨੭੮)*

## ੬. ਛਿਆਂ ਦੀ ਗਿਣਤੀ ਵਿੱਚ ਗੁਰਮੁਖ

੧. ਛਿਅ ਰੁੱਤੀਂ ਕਰ ਸਾਧਨਾਂ
ਛਿਅ ਦਰਸ਼ਨ ਸਾਧੇ ਗੁਰਮੱਤੀ।
੨. ਛਿਅ ਰਸ ਰਸਨਾਂ ਸਾਧ ਕੈ
ਰਾਗ ਰਾਗਨੀ ਭਾਇ ਭਗੱਤੀ।
੩. ਛਿਅ ਚਿਰਜੀਵੀ ਛਿਅ ਜਤੀ
ਚੱਕ੍ਰ ਵਰਤਿ ਛਿਅ ਸਾਧ ਜੁਗੱਤੀ।
੪. ਛਿਅ ਸ਼ਾਸਤ੍ਰ ਛਿਅ ਕਰਮ ਜਿਣ
ਛਿਅ ਗੁਰਾਂ ਗੁਰ ਸੁਰਤਿ ਨਿਰੱਤੀ।
੫. ਛਿਅ ਵਰਤਾਰੇ ਸਾਧ ਕੈ
ਛਿਅ ਛਕ ਛੱਤੀ ਪਵਨ ਪਰੱਤੀ।
੬. ਸਾਧ ਸੰਗਤਿ ਗੁਰ ਸ਼ਬਦ ਸੁਰੱਤੀ॥੬॥

*ਪਦ ਅਰਥ :* ਭਾਇ ਭਗੱਤੀ—ਪ੍ਰੇਮਾ ਭਗਤੀ। ਸੁਰਤਿ ਨਿਰੱਤੀ—ਇਕ ਰਸ ਪ੍ਰੀਤੀ। ਵਰਤਾਰੇ—ਵਰਤ ਰਹੇ ਕਰਮ-ਕਾਂਡ। ਵਰਤਾਰੇ—ਉਰਮੀਆਂ। ਪਵਨ ਪਰੱਤੀ—ਸਵਾਸਾਂ ਦਾ ਉਲਟਾਉਣਾ ਜਾਂ ਪਰਤਾਉਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਪੰਜਵੀਂ ਪਉੜੀ ਵਿਚ ਆਪ ਜੀ ਨੇ ਗੁਰਮੁਖਾਂ ਦੀ ਮਾਨਸਿਕ ਦਸ਼ਾ ਦਰਸਾਈ ਹੈ ਕਿ ਉਹ ਪੰਜਾ ਤੱਤਾਂ ਤੇ ਪੰਜਾ ਕਾਮਾਦਿਕਾਂ ਨੂੰ ਜਿੱਤ ਕੇ ਇਨ੍ਹਾਂ ਤੋਂ ਉੱਪਰ ਬੁਲੰਦੀਆਂ 'ਤੇ ਜਾ ਪੁੱਜੇ ਹਨ, ਕਿਉਂ ਜੀ ਇਨ੍ਹਾਂ ਤੋਂ ਉੱਪਰ ਤਾਂ ਛੇਆਂ ਦੀ ਗਿਣਤੀ ਅਰੰਭ ਹੋ ਜਾਂਦੀ ਹੈ ਜਿਵੇਂ ਕਿ ਛੇ ਰੁੱਤਾਂ, ਛੇ ਦਰਸ਼ਨ, ਛੇ ਰਸ, ਛੇ ਰਾਗ, ਛੇ ਚਿਰਜੀਵੀ, ਛੇ ਜਤੀ ਆਦਿ ਗਿਣੇ ਜਾਂਦੇ ਹਨ, ਇਨ੍ਹਾਂ ਦੇ ਸੰਬੰਧ ਵਿਚ ਗੁਰਮੁਖਾਂ ਦੀ ਮਾਨਸਿਕ ਅਵੱਸਥਾ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ, ਦੱਸਣ ਦੀ ਕ੍ਰਿਪਾ ਕਰੋ ?

(੧) ਉ: (ਹੇ ਭਾਈ! ਇਸ ਦੇ ਸੰਬੰਧ ਵਿਚ ਬਾਣੀ ਦੀ ਵੀਚਾਰ ਕਰਦਿਆਂ ਮੈਨੂੰ ਇਉਂ ਪ੍ਰਤੀਤ ਹੋਇਆ ਹੈ ਕਿ ਗੁਰਮੁਖਾਂ ਨੇ) ਛੇ ਰੁੱਤਾਂ (ਬਸੰਤ, ਗ੍ਰੀਖਮ, ਪਾਵਸ, ਸਿਸਰ, ਸਰਦ, ਹੇਮੰਤ) ਵਿਚ ਸਾਧਨਾ ਕਰਕੇ, ਗੁਰੂ-ਸਿਖਿਆ ਦੇ ਬਲ ਨਾਲ ਛੇ ਦਰਸ਼ਨ (ਸਾਖ, ਨਿਆਯ, ਯੋਗ, ਉਤਰ ਮੀਮਾਂਸਾ, ਪੂਰਵ ਮੀਮਾਂਸਾ, ਵੈਦਾਂਤ) ਜਿੱਤ ਲਏ ਹਨ।

(੨) ਇਸੇ ਤਰ੍ਹਾਂ ਜੀਭ ਦੇ ਛੇ ਰਸ (ਖੱਟਾ, ਮਿੱਠਾ, ਕੌੜਾ, ਸਲੂਣਾ, ਕਸੈਲਾ ਤੇ ਤਿੱਖਾ) ਸਾਧ ਲਏ ਹਨ, ਛੇ ਹੀ ਰਾਗ (ਭੈਰੋਂ, ਮਾਲਕੌਸ, ਹਿੰਡੋਲ, ਦੀਪਕ, ਸ੍ਰੀ ਰਾਗ, ਮੇਘ ਰਾਗ ਅਤੇ ਇਨ੍ਹਾਂ ਦੀਆਂ ਛੇ ਪਟਰਾਣੀਆਂ) ਰਾਗਣੀਆਂ (ਉਸ ਦੀ) ਪ੍ਰੇਮਾ-ਭਗਤੀ ਕਰਦੀਆਂ ਹਨ।

(੩) ਛੇ ਚਿਰਜੀਵੀ ਤੇ ਛੇ ਜਤੀ (ਹਨੂੰਮਾਨ, ਲਛਮਣ, ਗੋਰਖ ਆਦਿ ਭੀ ਸਾਧ ਲੀਤੇ ਹਨ ਅਤੇ) ਛੇ ਚੱਕਰਵਰਤੀ ਭੀ ਜੁਗਤੀ ਨਾਲ (ਪ੍ਰਾਣਾਯਾਮ ਨਾਲ ਸਾਧ ਲੀਤੇ ਹਨ) ਭਾਵ ਜਿੱਤ ਲਏ ਹਨ।

(੪) ਛੇ ਸ਼ਾਸਤ੍ਰਾਂ ਦੇ ਛੇ ਕਰਮਾਂ (ਜਪ, ਹੋਮ, ਸੰਧਯਾ, ਸ਼ਨਾਨ, ਅਥਿਤ ਪੂਜਾ, ਦੇਵ ਅਰਚਾ) ਜਿੱਤ ਕੇ ਛੀਆਂ ਗੁਰਾਂ ਗੁਰ (ਛੇ ਗੁਰੂਆਂ ਛੇ ਸ਼ਾਸਤ੍ਰਾਂ ਦੇ ਕਰਤੇ) ਦੀ ਗੁਰੂ (ਪਰਮੇਸ਼ਰ) ਨਾਲ ਸੱਚੀ ਪ੍ਰੀਤੀ ਜੋੜ ਲੈਂਦੇ ਹਨ।

(੫) ਛੇ ਵਰਤਾਰੇ (ਪੰਜ ਗਿਆਨ ਇੰਦ੍ਰੀਆਂ ਤੇ ਛੇਵਾਂ ਅੰਤਾਕਰਣ ਨੂੰ) ਸਾਧ (ਜਿੱਤ) ਕੇ ਛੀ ਛੀਕੇ ਛੱਤੀ (ਪਖੰਡਾਂ ਵਲੋਂ) ਆਪਣੀ ਸੁਰਤਿ (ਸੁਆਸਾਂ ਜਾਂ ਮਨ) ਨੂੰ ਮੋੜ ਲਿਆ ਹੈ ਅਥਵਾ ਛੇ ਚੱਕ੍ਰ ਸਾਧ ਲੀਤੇ ਹਨ।

ਪ੍ਰ: ਕਿਉਂ ਜੀ! ਉਨ੍ਹਾਂ ਦੀ ਸੁਰਤ ਦਾ ਟਿਕਾਉ ਕਿਥੇ ਸਥਿਰ ਹੈ ?

(੬) ਉ: ਹੇ ਭਾਈ! ਗੁਰਮੁਖਾਂ ਦੀ ਸੁਰਤ (ਕੇਵਲ) ਸਾਧ ਸੰਗਤ ਤੇ (ਗੁਰੂ ਦੇ) ਸ਼ਬਦ ਨਾਲ ਹੀ ਸਦਾ ਜੁੜੀ ਰਹਿੰਦੀ ਹੈ।੬।

*ਭਾਵਾਰਥ :* ਇਸ ਪਉੜੀ ਵਿਚ ਸਿਧਾਂਤ ਇਹ ਦਰਸਾ ਰਹੇ ਹਨ ਕਿ ਗੁਰਮੁਖ ਗੁਰੂ ਸ਼ਬਦ ਦੇ ਮਹਾਤਮ ਨਾਲ ਇਸ ਉੱਚੀ ਪਦਵੀ ਤੇ ਜਾ ਪੁੱਜਦੇ ਹਨ ਜੋ ਕਿ ਛੀ ਗਿਣਤੀ ਦੇ ਪ੍ਰਸਿੱਧ ਗੁਣੀਆਂ ਤੋਂ ਭੀ ਸ੍ਰੇਸ਼ਟ ਮੰਨੀ ਜਾਂਦੀ ਹੈ। ਪਰ ਇਹ ਸਾਰੀ ਪ੍ਰਾਪਤੀ ਗੁਰੂ ਦੀ ਸੰਗਤ ਦੁਆਰੇ ਹੀ ਹਾਸਲ ਹੁੰਦੀ ਹੈ।

## ੭. ਸੱਤਾਂ ਦੀ ਗਿਣਤੀ ਵਿਚ ਭੀ ਗੁਰਮੁਖਾਂ ਦੀ ਨਿਰਲੇਪਤਾ ਹੈ

੧. ਸੱਤ ਸਮੁੰਦ ਉਲੰਘਿਆ
ਦੀਪ ਸੱਤ ਇਕ ਦੀਪਕ ਬਲਿਆ।
੨. ਸੱਤ ਸੂਤ ਇਕ ਸੂਤ ਕਰ
ਸੱਤੇ ਪੁਰੀਆ ਲੰਘ ਉਛਲਿਆ।
੩. ਸੱਤ ਸੱਤੀ ਜਿਣ ਸਪਤ ਰਿਖਿ
ਸੱਤ ਸੁਰਾਂ ਜਿਣ ਅਟਲ ਨ ਟਲਿਆ।
੪. ਸੱਤੇ ਸੀਵਾਂ ਸਾਧ ਕੈ
ਸੱਤੀ ਸੀਵੀ ਸੁਫਲਿਓ ਫਲਿਆ।
੫. ਸੱਤ ਅਕਾਸ਼ ਪਤਾਲ ਸੱਤ
ਵਸਗਤਿ ਕਰ ਉਪਰੇਰੈ ਚਲਿਆ।
੬. ਸੱਤੇ ਧਾਰੀ ਲੰਘ ਕੇ
ਭੈਰਉ ਖੇਤ੍ਰਪਾਲ ਦਲ ਮਲਿਆ।
੭. ਸੱਤੇ ਰੋਹਣਿ ਸੱਤ ਵਾਰ
ਸੱਤ ਸੁਹਾਗਣਿ ਸਾਧਿ ਨ ਛਲਿਆ।
੮. ਗੁਰਮੁਖ ਸਾਧ ਸੰਗਤਿ ਵਿਚ ਖਲਿਆ ॥੭॥

*ਪਦ ਅਰਥ :* ਉਲੰਘਿਆ—ਟੱਪ ਗਿਆ, ਲੰਘ ਗਿਆ। ਉਛਲਿਆ—ਉੱਚਾ ਹੋ ਕੇ ਟੱਪਿਆ, ਉੱਚਾ ਹੋਇਆ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਛੇਆਂ ਦੀ ਗਿਣਤੀ ਤੋਂ ਬਾਅਦ ਪੁਰਾਤਨ ਪੁਸਤਕਾਂ ਵਿਚ ਸੱਤਾਂ ਦੀ ਗਿਣਤੀ ਭੀ ਕਈ ਥਾਵਾਂ 'ਤੇ ਆਉਂਦੀ ਹੈ ਜਿਵੇਂ ਕਿ ਸੱਤ ਸਮੁੰਦਰ, ਸੱਤ ਦੀਪ ਤੇ ਸੱਤ ਪੁਰੀਆਂ ਆਦਿ ਪੜ੍ਹਨ ਵਿਚ ਆਉਂਦੇ ਹਨ, ਇਨ੍ਹਾਂ ਦੇ ਸੰਬੰਧ ਵਿਚ ਆਪ ਜੀ ਗੁਰਮੁਖਾਂ ਦੀ ਮਾਨਸਿਕ ਕ੍ਰਿਆ ਬਾਰੇ ਕੀ ਭਾਵਨਾਵਾਂ ਰੱਖਦੇ ਹੋ ?

ਉ: ਹੇ ਭਾਈਓ ! ਜਿਵੇਂ ਕਿਸੇ ਮਕਾਨ ਦੀਆਂ ਕਈ ਛੱਤਾਂ ਹੋਇਆ ਕਰਦੀਆਂ ਹਨ ਉਸਦੇ ਸਿਖਰ 'ਤੇ ਸਹਿਜੇ ਸਹਿਜੇ ਚੜ੍ਹਿਆ ਜਾਂਦਾ ਹੈ, ਇਸੇ ਤਰ੍ਹਾਂ ਗੁਰਮੁਖਾਂ ਲਈ ਰੱਬੀ ਮਾਰਗ ਹੈ ਜਿਸ ਤੇ ਸਹਿਜੇ ਸਹਿਜੇ ਸਫਰ ਕਰਨਾ ਪੈਂਦਾ ਹੈ, ਕਿਉਂਕਿ ਇਹ ਰਸਤਾ ਬੜਾ ਬਿਖਮ ਹੈ, ਇਹ ਮਾਰਗ ਪ੍ਰਹਾੜੀ 'ਤੇ ਖ਼ੁਸ਼ਕੀ ਦਾ ਰਸਤਾ ਹੈ, ਇਹ ਮੈਦਾਨੀ, ਪੱਧਰੀ ਜ਼ਮੀਨ ਦਾ ਸਰਲ ਮਾਰਗ ਨਹੀਂ ਹੈ, ਜਿਵੇਂ ਕਿ ਪਹਾੜ 'ਤੇ ਚੜ੍ਹਨਾ ਬੜਾ ਔਖਾ ਹੈ, ਕਿਉਂਕਿ ਪਹਾੜ 'ਤੇ ਸਫ਼ਰ ਕਰਨ ਵਾਲੇ ਨੂੰ ਸਾਹ ਚੜ੍ਹਦਾ ਹੈ, ਉਸਨੂੰ ਥਕਾਵਟ ਹੁੰਦੀ ਹੈ, ਬਾਰ ਬਾਰ ਬੈਠ ਕੇ ਆਰਾਮ ਕਰਦਾ, ਬਹੁਤੇ ਕਮਜ਼ੋਰ ਲੋਕ ਤਾਂ ਵਾਪਸ ਹੀ ਮੁੜ ਆਉਂਦੇ ਹਨ, ਕਈ ਰਸਤੇ ਵਿਚ ਹੀ ਮਰ ਖੱਪ ਜਾਂਦੇ ਹਨ, ਉਹ ਨਾ ਪਿਛੇ ਮੁੜ ਸਕਦੇ ਹਨ, ਨਾਹੀ ਸਿਖਰਾਂ 'ਤੇ ਪੁੱਜ ਸਕਦੇ ਹਨ।

ਹੋ ਸਕਦਾ ਹੈ ਕਿ ਆਮ ਲੋਕਾਂ ਨੂੰ ਇਸ ਬਿਖਮ ਰੱਬੀ ਮਾਰਗ ਦੀ ਵਧੇਰੇ ਸੂਝ ਬੂਝ ਨਾ ਹੋਵੇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਇਹ ਜਾਣਕਾਰੀ ਸਭ ਨੂੰ ਹੀ ਕਰਾ ਦਿੱਤੀ ਹੈ ਕਿ ਹੇ ਦੁਨੀਆਂ ਦੇ ਲੋਕੋ ! ਸੁਣੋ, ਇਸ ਰੱਬੀ ਮਾਰਗ 'ਤੇ ਚਲਣਾ ਬੜਾ ਕਠਨ ਹੈ, ਜਿਵੇਂ ਕਿ ਫ਼ੁਰਮਾਨ ਹੈ :

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ॥ *(ਪੰਨਾ ੯੧੮)*

ਇਹ ਠੀਕ ਹੈ ਕਿ ਸੰਸਾਰੀ ਲੋਕਾਂ ਨੂੰ ਇਸ ਮਾਰਗ ਪਰ ਚਲਣ ਸਮੇਂ ਜੋ ਜੋ ਔਖਿਆਈਆਂ ਔਂਦੀਆਂ ਹਨ ਉਨ੍ਹਾਂ ਬਾਰੇ ਬੋਧ ਨਾ ਹੋਵੇ, ਪਰ ਰਵਿਦਾਸ ਜੈਸੇ ਭਗਤ ਜਿਨ੍ਹਾਂ ਨੇ ਇਸ ਬਿਖਮ ਮਾਰਗ 'ਤੇ ਸਫ਼ਰ ਕੀਤਾ ਹੈ ਉਨ੍ਹਾਂ ਨੂੰ ਆਖ਼ਰ ਇਹੋ ਸੱਚ ਕਬੂਲ ਕਰਨਾ ਪਿਆ ਹੈ ਕਿ ਹੇ ਸੰਸਾਰੀ ਲੋਕੋ ! ਸੁਣੋ :

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ॥ *(ਪੰਨਾ ੩੪੫)*

ਭਾਵ, ਇਸ ਰੱਬੀ ਬਿਖਮ ਮਾਰਗ 'ਤੇ ਸਫ਼ਰ ਕਰਦਾ ਹੋਇਆ ਮੇਰਾ ਮਨ ਰੂਪੀ ਬੈਲ ਕਮਜ਼ੋਰ ਪੈ ਗਿਆ, ਥੱਕ ਗਿਆ ਹੈ।

ਘਾਟੀ ਚਢਤ ਬੈਲੁ ਇਕੁ ਥਾਕਾ
ਚਲੋ ਗੋਨਿ ਛਿਟਕਾਈ॥੩॥ *(ਪੰਨਾ ੩੩੩)*

ਭਾਵ, ਮੰਜ਼ਿਲ ਪਤਾ ਨਹੀਂ ਅਜੇ ਕਿਤਨੀ ਕੁ ਦੂਰ ਹੈ, ਪਰ ਮੇਰਾ ਮਨ ਨਿਸਲ ਹੋ ਗਿਆ। ਪਰ ਇਹ ਗੱਲ ਭੀ ਮੰਨਣੀ ਪਵੇਗੀ ਕਿ ਭਗਤ ਜਨਾਂ ਨੂੰ ਭਾਵੇਂ ਕਿਤਨੀਆਂ ਹੀ ਔਕੜਾਂ ਆਈਆਂ ਹਨ, ਪਰ ਉਹ ਪਿਛੇ ਨਹੀਂ ਮੁੜੇ ਅੱਗੇ ਹੀ ਵਧਦੇ ਗਏ, ਕਿਉਂਕਿ ਉਨ੍ਹਾਂ

ਦਾ ਇਸ ਬਾਣੀ ਦੇ ਹੁਕਮ ਪਰ ਨਿਸਚਾ ਸੀ ਕਿ :

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥
ਨਾਨਕ ਸਿਝਿ ਇਵੇਹਾ ਵਾਰ
ਬਹੁੜਿ ਨ ਹੋਵੀ ਜਨਮੜਾ॥੧॥ *(ਪੰਨਾ ੧੦੯੬)*

ਪ੍ਰ: ਕਿਉਂ ਜੀ ! ਜਿਤਨੇ ਭੀ ਇਸ ਮਾਰਗ ਵੱਲ ਟੁਰੇ ਸਨ ਕੀ ਉਹ ਸਾਰੇ ਹੀ ਆਪਣੀ ਆਖ਼ਰੀ ਮੰਜ਼ਿਲ 'ਤੇ ਪੁੱਜ ਗਏ ਸਨ ?

ਉ: ਹੇ ਭਾਈਓ ! ਇਸ ਤੁਹਾਡੇ ਪ੍ਰਸ਼ਨ ਦੇ ਉੱਤਰ ਸੰਬੰਧੀ ਜਦੋਂ ਅਸੀਂ ਕਬੀਰ ਜੀ ਦੇ ਵੀਚਾਰ ਪੜ੍ਹਦੇ ਹਾਂ ਤਾਂ ਉਹ ਆਪਣੇ ਤਜਰਬੇ ਦੇ ਤੌਰ ਪਰ ਸਾਨੂੰ ਇਹੋ ਖ਼ਿਆਲ ਦਰਸਾਉਂਦੇ ਹਨ ਕਿ ਬਹੁਤ ਲੋਕ ਹਰੀ ਦੇ ਮਿਲਾਪ ਲਈ ਟੁਰੇ ਸਨ, ਪਰ ਉਹ ਬਹੁਤੇ ਲੋਕ ਰਸਤੇ ਵਿਚ ਚੇਲੇ ਚੇਲੀਆਂ ਬਨਾਉਣ ਵਿਚ ਹੀ ਅਟਕ ਗਏ, ਉਹ ਪਰਮੇਸ਼ਰ ਨਾਲ ਮਿੱਤ੍ਰਤਾ ਨਹੀਂ ਪਾ ਸਕੇ :

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥੯੬॥
*(ਪੰਨਾ ੧੩੬੯)*

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਤਾਂ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਦੇਰ ਕਾਲ ਗੁਰਬਾਣੀ ਦੀ ਵੀਚਾਰ ਕਰਦੇ ਰਹੇ ਹੋ, ਪਰ ਤੁਸਾਂ ਨੇ ਗੁਰਬਾਣੀ ਰਾਹੀਂ ਗੁਰਮੁਖਾਂ ਦੀ ਮਾਨਸਿਕ ਅਵੱਸਥਾ ਬਾਰੇ ਕੀ ਸੋਝੀ ਹਾਸਲ ਕੀਤੀ ਹੈ ?

ਉ: ਹੇ ਭਾਈਓ ! ਗੁਰਮੁਖਾਂ ਦੀ ਮਾਨਸਿਕ ਅਵੱਸਥਾ ਜੋ ਤੱਕਣ ਵਿਚ ਮੈਨੂੰ ਦਿੱਸ ਆਈ ਹੈ, ਉਸਨੂੰ ਪੂਰਨ ਰੂਪ ਵਿਚ ਕਥਨ ਕਰਨਾ ਤਾਂ ਅਸੰਭਵ ਹੈ, ਪਰ ਹਾਂ, ਜਿਤਨੀਕੁ ਮੇਰੀ ਚਿਤਵਨੀ ਵਿਚ ਯਾਦਾਸ਼ਤ ਹੈ, ਉਹ ਮੈਂ ਚੰਦ ਸਤਰਾਂ ਵਿਚ ਕਹਿਣ ਦਾ ਉਪਰਾਲਾ ਕਰ ਸਕਿਆ ਹਾਂ, ਜਿਵੇਂ ਕਿ :

(੧) (ਹੇ ਭਾਈਓ ! ਮੈਂ ਤਾਂ ਗੁਰਮੁਖਾਂ ਦੇ ਸੰਬੰਧ ਵਿਚ ਕੇਵਲ ਇਤਨਾ ਕੁ ਹੀ ਅਨੁਭਵ ਕਰ ਸਕਿਆ ਹਾਂ ਕਿ ਉਹ ਗੁਰਮੁਖ) ਸੱਤੇ ਸਮੁੰਦਰਾਂ (ਖਾਰੀ, ਖੀਰ, ਦਧਿ, ਮਧੂ, ਇਖ, ਜਲ, ਰਸ, ਘ੍ਰਿਤ) ਨੂੰ ਟੱਪ ਗਏ ਹਨ ਤੇ ਸੱਤਾਂ ਹੀ ਦੀਪਾਂ ਵਿਚ (ਉਨ੍ਹਾਂ ਦੀ ਗਿਆਨ ਕਰਨੀ ਦਾ) ਦੀਵਾ ਜਗ ਪਿਆ ਹੈ।

(੨) (ਉਹ ਘਰ ਦੇ) ਸੱਤੇ ਪ੍ਰਕਾਰ ਦੇ ਸੂਤਾਂ ਨੂੰ ਇਕ ਸੂਤ੍ਰ ਬਣਾ ਕੇ (ਇਕ ਸਤਿਗੁਰੂ ਤੇ ਪ੍ਰਭੂ ਜੀ ਦਾ ਭਰੋਸਾ ਮੰਨ ਕੇ) ਧ੍ਰੂ , ਸ਼ਿਵ ਤੇ ਇੰਦ੍ਰਪੁਰੀ ਆਦਿ ਸੱਤੇ ਪੁਰੀਆਂ ਤੋਂ ਉੱਚਾ ਉੱਛਲ ਕੇ (ਨਿਰਇੱਛਤ ਹੋ) ਪਾਰ ਲੰਘ ਜਾਂਦਾ ਹੈ (ਭਾਵ ਇਨ੍ਹਾਂ ਪੁਰੀਆਂ ਦੀ ਚਾਹ ਨਹੀਂ ਕਰਦਾ)।

(੩) ਸੱਤ ਸਤੀ (ਹਰੀ ਚੰਦ, ਦਸਰਥ, ਰਾਜਾ ਰਾਮ, ਯੁਧਿਸ਼ਟਰ, ਪਰਸਰਾਮ, ਬਲਰਾਮ ਅਤੇ ਸੈਵੀ ਨੂੰ) ਜਿੱਤ ਕੇ, ਸੱਤੇ ਸੁਰਾਂ ਅਤੇ ਸੱਤੇ ਰਿਖੀਆਂ ਨੂੰ ਸਾਧ ਕੇ ਅਟੱਲ ਹੋ ਜਾਂਦਾ ਹੈ (ਭਾਵ ਸੱਤ ਸੁਰਾਂ (੧. ਸਾ, ੨. ਰੇ, ੩. ਗਾ, ੪. ਮਾ, ੫. ਪਾ, ੬. ਧਾ, ੭. ਨੀ) ਅਤੇ ਸਪਤ ਰਿਖੀ (ਅਤ੍ਰੀ, ਪਲਹ, ਪੁਲਸਤ ਆਦਿ ਜਿੱਤ ਕੇ ਅਟੱਲ ਹੋ ਗਿਆ (ਭਾਵ ਸਤੀਆਂ ਦੀ ਗਤੀ, ਸੱਤ ਰਿਖੀਆਂ ਦੀ ਗਤੀ ਸਭ ਤੋਂ ਅਚਾਹ ਹੈ, ਇਕ ਅਕਾਲ ਦੇ ਗਿਆਨ ਦਾ ਪ੍ਰੇਮੀ ਹੈ)।

(੪) (ਉਹ ਇਕ ਪ੍ਰਭੂ ਦਾ ਐਸਾ ਦ੍ਰਿੜ੍ਹ ਵਿਸ਼ਵਾਸ਼ੀ ਹੋ ਜਾਂਦਾ ਹੈ ਕਿ) ਸੱਤੇ ਭੂਮਿਕਾ (ਸ਼ੁਭ ਇਛਾ ਤੇ ਸੁਵਿਚਰਿਨਾ ਆਦਿ) ਹੱਦਾਂ ਨੂੰ ਸਾਧ ਕੇ ਸੱਤਾਂ ਹੱਦਾਂ ਵਿਚ (ਗਿਆਨ ਵੈਰਾਗ) ਫਲਾਂ ਕਰਕੇ ਫਲੀ ਭੂਤ ਹੁੰਦਾ ਹੈ।

(੫) ਸੱਤ ਅਕਾਸ਼ (੧. ਭੂਰ, ੨. ਭਵਰ, ੩. ਸੁਰ, ੪. ਅੰਤਰਿਖ, ੫. ਜਨ, ੬. ਤਪ, ੭. ਸੱਤ) ਨੂੰ ਅਤੇ ਸੱਤ ਪਤਾਲ (ਅਤਲ, ਵਿਤਲ, ਸੁਤਲ, ਰਸਾਤਲ ਆਦਿਕ) ਵਸੀਕਾਰ ਕਰਕੇ ਹੋਰ ਭੀ ਉਤਕ੍ਰਿਸ਼ਟ (ਪਦਵੀ) ਪ੍ਰਾਪਤ ਕਰਦਾ ਹੈ। ਇਨ੍ਹਾਂ ਦੀ ਕਾਮਨਾ ਤੋਂ ਨਿਰਵਾਸ ਹੋ ਕੇ ਇਕ ਦੀ ਲਿਵ ਵਿਚ ਰਹਿੰਦਾ ਹੈ।

(੬) ਸੱਤੇ ਪਰਬਤਾਂ ਦੀਆਂ ਧਾਰਾਂ ਨੂੰ ਲੰਘ ਕੇ ਭੈਰਵ ਆਦਿ ਭੂਤ ਪ੍ਰੇਤਾਂ ਨੂੰ ਪਛਾੜ ਦੇਂਦਾ ਹੈ (ਭਾਵ ਬ੍ਰਹਮ ਗਿਆਨੀ ਕਿਸੇ ਭਰਮ ਦੇ ਅਧੀਨ ਨਹੀਂ ਹੁੰਦਾ)।

(੭) ਸੱਤ ਰੋਹਣੀਆਂ ਤੇ ਸੱਤ ਵਾਰ (ਸੱਤ ਗ੍ਰਹਿਆਂ—ਸੂਰਜ, ਚੰਦ, ਮੰਗਲ, ਬੁੱਧ, ਛਨੀ, ਰਾਹੂ, ਕੇਤੂ ਆਦਿ) ਸੱਤ ਸੁਹਾਗਣਾਂ (ਚੰਦ੍ਰਮਾ ਤੇ ਰਿਖੀਆਂ ਦੀਆਂ ਇਸਤ੍ਰੀਆਂ) ਗੁਰਮੁਖ ਕਿਸੇ ਦੇ ਭੈ ਤੇ ਭਰਮ ਵਿਚ ਗੁਰਮੁਖਤਾਈ ਤੋਂ ਨਹੀਂ ਹਾਰਦਾ।

(੮) ਗੁਰਮੁਖ ਸਾਧ ਸੰਗਤ ਦੇ ਆਸਰੇ ਖਲੋ ਕੇ ਸਭ ਤੇ ਜਿੱਤ ਪਾਉਂਦਾ ਹੈ।੭।

***ਭਾਵਾਰਥ :*** ਇਸ ਪਉੜੀ ਵਿਚ ਸੱਤਾਂ ਦੀ ਪਰਸਿੱਧ ਗਿਣਤੀ ਵਾਲੇ ਨਾਮਾਂ ਦਾ ਜਿਕਰ ਕਰਕੇ ਇਹ ਦਰਸਾਇਆ ਹੈ ਕਿ ਗੁਰਮੁਖ ਇਨ੍ਹਾਂ ਵਿਚ ਫਸਦਾ, ਡਰਦਾ ਨਹੀਂ ਅਤੇ ਨਾਹੀ ਇਨ੍ਹਾਂ ਦੀ ਚਾਹਤ ਕਰਦਾ ਹੈ, ਉਹ ਸਤਿ ਸੰਗਤ ਵਿਚ ਅਡੋਲ ਖੜਾ ਅਚਾਹ ਹੋਇਆ ਇਕ ਪਰਮੇਸ਼ਰ ਦੇ ਪ੍ਰੇਮ ਵਿਚ ਟੁਰਿਆ ਰਹਿੰਦਾ ਹੈ।

## ੮. ਅੱਠਾਂ ਦੀ ਗਿਣਤੀ ਤੇ ਗੁਰਮੁਖ

੧. ਅੱਠੈ ਸਿੱਧੀ ਸਾਧਿ ਕੈ
ਸਾਧਿਕ ਸਿੱਧ ਸਮਾਧਿ ਫਲਾਈ।
੨. ਅਸ਼ਟ ਕੁਲੀ ਬਿਖ ਸਾਧਨਾ
ਸਿਮਰਣ ਸ਼ੇਖ ਨ ਕੀਮਤਿ ਪਾਈ।
੩. ਮਣ ਹੋਏ ਅੱਠ ਪੈਂਸੇਰੀਆਂ
ਪੰਜੂ ਅੱਠੇ ਚਾਲੀ ਭਾਈ।
੪. ਜਿਉਂ ਚਰਖਾ ਅਠ ਖੰਭੀਆ
ਇੱਕਤ ਸੂਤ ਰਹੈ ਲਿਵ ਲਾਈ।
੫. ਅੱਠ ਪਹਿਰ ਅਸ਼ਟਾਂਗੁ ਜੋਗ
ਚਾਵਲ ਰੱਤੀ ਮਾਸਾ ਰਾਈ।
੬. ਅੱਠ ਕਾਠਾ ਮਨ ਵੱਸ ਕਰ
ਅਸ਼ਟਧਾਂਤ ਇਕ ਧਾਂਤ ਕਰਾਈ।
੭. ਸਾਧ ਸੰਗਤਿ ਵੱਡੀ ਵਡਿਆਈ॥੮॥

***ਪਦ ਅਰਥ :*** ਸਾਧਿਕ—ਸਾਧਨਾ ਕਰਨਹਾਰੇ, ਘਾਲਣਾ ਘਾਲਣ ਵਾਲੇ, ਜਗਯਾਸੂ। ਬਿਖ—ਜ਼ਹਿਰੀਲਾ। ਸ਼ੇਖ—ਸੇਸਨਾਗ। ਅੱਠ ਕਾਠਾ—ਕਠੋਰ, ਦਰਖ਼ਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪਿਛੇ ਆਪ ਜੀ ਨੇ ਗੁਰਮੁਖਾਂ ਦੀ ਮਾਨਸਿਕ ਦ੍ਰਿਸ਼ਟੀ ਨੂੰ ਸੱਤਾਂ ਦੀ ਸੰਖਿਆ ਤੋਂ ਅੱਗੇ ਚਲੀ ਗਈ ਦਾ ਜ਼ਿਕਰ ਕੀਤਾ ਹੈ, ਪਰ ਸੱਤਾਂ ਤੋਂ ਬਾਅਦ ਤਾਂ ਅੱਠਾਂ ਦੀ ਗਿਣਤੀ ਭੀ ਅਰੰਭ ਹੋ ਜਾਂਦੀ ਹੈ, ਜਿਵੇਂ ਕਿ ਅੱਠ ਸਿੱਧੀਆਂ, ਅੱਠ ਪਹਿਰ, ਅਸ਼ਟਾਂਗ ਜੋਗ ਤੇ ਅਸ਼ਟਧਾਤਾਂ ਆਦਿ ਦਾ ਜ਼ਿਕਰ ਪੁਸਤਕਾਂ ਵਿਚ ਪੜ੍ਹਿਆ, ਸੁਣਿਆ ਜਾਂਦਾ ਹੈ, ਇਨ੍ਹਾਂ ਬਾਰੇ ਗੁਰਮੁਖਾਂ ਦੀ ਮਾਨਸਿਕ ਅਵੱਸਥਾ ਬਾਰੇ ਆਪ ਜੀ ਦੇ ਕੀ ਵੀਚਾਰ ਹਨ, ਜਾਣਕਾਰੀ ਦਿਓ?

ਉ: ਹੇ ਭਾਈਓ! ਸੱਚ ਤਾਂ ਇਉਂ ਹੀ ਕਹਿਣਾ ਪਵੇਗਾ ਕਿ ਮੈਨੂੰ ਜਿਉਂ-ਜਿਉਂ ਗੁਰਮੁਖਾਂ ਦੀ ਨੇੜਤਾ ਵਧਦੀ ਗਈ ਤਿਉਂ ਤਿਉਂ ਉਨ੍ਹਾਂ ਦੀ ਮਾਨਸਿਕ ਅਵੱਸਥਾ ਭੀ ਅੱਗੇ ਤੋਂ ਅੱਗੇ ਚੜ੍ਹਦੀ ਕਲਾ ਵਿਚ ਨਜ਼ਰ ਆਈ, ਜਿਸਨੂੰ ਸਹੀ ਰੂਪ ਵਿਚ ਕਹਿਣਾ ਭੀ ਅਸੰਭਵ ਹੈ, ਪਰ ਹਾਂ, ਜਿਤਨੀ ਕੁ ਮੈਂ ਆਪਣੀ ਤੁੱਛ-ਬੁੱਧੀ ਅਨੁਸਾਰ ਸਮਝ ਸੱਕਿਆ ਹਾਂ, ਉਸਨੂੰ ਮੈਂ ਚੰਦ ਸਤਰਾਂ ਵਿਚ ਅੱਗੇ ਅੰਕਤ ਕਰਨ ਦਾ ਯਤਨ ਕੀਤਾ ਹੈ, ਜਿਵੇਂ ਕਿ:

(੧) (ਹੇ ਪਿਆਰੇ! ਜਦੋਂ ਗੁਰਮੁਖਾਂ ਨੇ ਸਿੱਧਾਂ ਵੱਲ ਨਜ਼ਰ ਮਾਰੀ ਤਾਂ ਕੀ ਤੱਕਿਆ ਕਿ) ਅੱਠ ਸਿੱਧੀਆਂ ਨੂੰ ਪ੍ਰਾਪਤ ਕਰਕੇ, ਕਮਾਈਆਂ ਕਰਨ ਵਾਲੇ ਸਿੱਧਾਂ ਨੇ ਸਮਾਧੀਆ ਫੈਲਾਈਆਂ (ਭਾਵ ਸਾਰਾ ਜ਼ੋਰ ਲਾਇਆ, ਪਰ ਅੰਤ ਨਾ ਪਾ ਸੱਕੇ)। ਅਰਥਾਤ ਸਿੱਧਾਂ ਨੇ ਕਮਾਈਆਂ ਕਰਕੇ ਅੱਠ ਸਿੱਧੀਆਂ (੧. ਅਣਿਮਾ, ੨. ਮਹਿਮਾ, ੩. ਗਰਿਮਤਾ, ੪. ਲਘਿਮਾ, ੫. ਪ੍ਰਾਪਤਿ, ੬. ਪਰਾਕਾਮ, ੭. ਵਸ਼ਿਤਾ, ੮. ਈਸਤਾ) ਨੂੰ ਤਾਂ ਹਾਸਲ ਕਰ ਲਿਆ, ਪਰ ਪਰਮੇਸ਼ਰ ਦਾ ਭੇਦ ਨਾ ਪਾ ਸੱਕੇ।

(੨) ਸ਼ੇਸ਼ ਨਾਗ ਨੇ ਸੱਪਾਂ ਦੀਆਂ ਅੱਠਾਂ ਕੁਲਾਂ ਨੂੰ ਹੀ ਜਿੱਤ ਲਿਆ, ਪਰ ਸਿਮਰਨ ਦੀ ਕੀਮਤ (ਉਸ ਨੇ) ਭੀ ਨਾ ਪਾਈ (ਸ਼ੇਖ ਨਾਗ ਭੀ ਤੇਰਾ ਅੰਤ ਨਾ ਪਾ ਸਕਿਆ)।

(੩) (ਜਿਵੇਂ) ਅੱਠਾਂ ਪੰਸੇਰੀਆਂ ਦਾ ਮਣ, ਤੇ ਪੰਜੂ ਆਠੇ ਚਾਲੀ ਹੁੰਦੇ ਹਨ, ਹੇ ਭਾਈ। (ਮਣ ਤੋਂ ਭਾਵ ਮਨ ਹੈ) ਅੱਠਾਂ ਧਾਤਾਂ ਦਾ ਬਣਿਆ ਮਨ ਆਖਿਆ ਜਾਂਦਾ ਹੈ।

(੪) ਜਿਵੇਂ ਚਰਖਾ ਅੱਠ ਖੰਭੀਆਂ ਵਾਲਾ ਹੁੰਦਾ ਹੈ, ਪਰ ਸੂਤ ਇਕੋ ਨਾਲ ਹੀ ਉਹ ਲਿਵ ਲਾਉਂਦਾ ਹੈ। (ਇਕੋ ਮਾਲ੍ਹ ਦੇ ਧਾਗੇ ਨਾਲ ਭੌਂਦਾ ਹੈ। ਇਸੇ ਤਰ੍ਹਾਂ ਮਨ ਭੀ ਪ੍ਰਭੂ ਦੀ ਸੱਤਾ ਨਾਲ ਹੀ ਕੰਮ ਕਰਦਾ ਹੈ)।

(੫) ਅੱਠਾਂ ਪਹਿਰਾਂ ਦਾ ਦਿਨ ਤੇ ਰਾਤ ਹੈ, ਅੱਠ ਹੀ ਜੋਗ ਦੇ ਅੰਗ ਹਨ, ਇਵੇਂ ਹੀ ਅੱਠ ਰਾਈ ਦਾ ਇਕ ਚੌਲ, ੮ ਚੌਲਾਂ ਦੀ ਇਕ ਰੱਤੀ, ਅੱਠ ਰੱਤੀਆਂ ਦਾ ਇਕ ਮਾਸ਼ਾ (ਇਵੇਂ ਹੀ ਸਰੀਰ ਵੀ ਅੱਠਾਂ ਧਾਤਾਂ ਦਾ ਹੈ)।

(੬) ਗੁਰਮੁਖਾਂ ਨੇ ਕਠੋਰ ਮਨ ਨੂੰ ਵੱਸ ਵਿਚ ਕਰਕੇ ੮ ਧਾਤਾਂ ਦੀ ਇਕ ਧਾਤ ਕਰ ਦਿੱਤੀ ਹੈ। (ਭਾਵ ਲਿਵ ਜੋੜ ਕੇ, ਮਨ ਨੂੰ ਇਕ ਧਾਤ ਜਿਹਾ ਕਰ ਦਿੱਤਾ ਹੈ)।

(੭) ਇਸ ਲਈ (ਇਸ ਸਭ ਕੁੱਝ ਕਰਨ ਵਾਲੀ) ਸਾਧ ਸੰਗਤਿ ਦੀ ਵਡਿਆਈ ਕਥਨ ਤੋਂ ਬਾਹਰ ਹੈ।੮।

***ਭਾਵਾਰਥ :*** ਇਹ ਠੀਕ ਹੈ ਕਿ ਜੋਗੀਆ ਨੇ ਜੋਗ ਦੇ ਅੱਠ ਅੰਗਾਂ (ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਯਹਾਰ, ਧਾਰਨਾ, ਧਿਆਨ, ਸਮਾਧੀ) ਦੇ ਬਲ ਕਰਕੇ ਰਿੱਧੀਆਂ ਸਿੱਧੀਆਂ ਪ੍ਰਾਪਤ ਕਰ ਲਈਆਂ ਤੇ ਉਹ ਇਨ੍ਹਾਂ ਵਿਚ ਹੀ ਉਲਝ ਗਏ, ਮੰਜ਼ਿਲ 'ਤੇ ਨਾ ਪੁੱਜ ਸੱਕੇ ਇਸੇ ਲਈ ਗੁਰਮਤਿ ਨੇ ਇਨ੍ਹਾਂ ਨੂੰ ਕਬੂਲ ਨਹੀਂ ਕੀਤਾ, ਇਸ ਸੰਬੰਧੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਨ ਕੀਤਾ ਹੈ:

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥
(ਸ੍ਰੀ ਰਾਗੁ ਮ: ੧ ਪੰਨਾ ੧੪)

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥
ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧੵਤੇ ॥੨॥
(ਮ: ੫, ਗਾਥਾ, ਪੰਨਾ ੧੩੬੦)

ਭਾਵ ਕੋਈ ਮਨੁੱਖ ਜੋਗੀ ਬਣ ਕੇ ਜੋਗਾ ਅਭਿਆਸ ਦੇ ਬਲ ਨਾਲ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਕੇ ਗੁਪਤ ਪ੍ਰਗਟ ਹੋ ਜਾਣ ਦੀ ਸ਼ਕਤੀ ਪ੍ਰਾਪਤ ਕਰ ਲਵੇ, ਉਹ ਇਕ ਅੱਖ ਝਮਕਣ ਦੇ ਸਮੇਂ ਵਿਚ ਸਾਰੇ ਦੀਪਾਂ, ਲੋਕਾਂ ਆਕਾਸ਼ਾਂ ਆਦਿਕਾਂ ਵਿਚ ਭਰਮਣ ਕਰ ਆਉਣ ਦੀ ਸ਼ਕਤੀ ਰਖਦਾ ਹੋਵੇ, ਪਰ ਉਹ ਸਾਧ ਸੰਗਤ ਦੁਆਰੇ ਬੰਦਗੀ ਕਰਨ ਤੋਂ ਬਿਨਾਂ ਜੰਮਣ ਮਰਣ ਦੇ ਚੱਕ੍ਰ ਤੋਂ ਰਹਿਤ ਨਹੀਂ ਹੋ ਸਕਦਾ।

## ੯. ਨੌਆਂ ਦੀ ਗਿਣਤੀ ਵਿਚ ਭੀ ਗੁਰਮੁਖਾਂ ਦੀ ਵਿਸ਼ੇਸ਼ਤਾ ਹੈ

੧. ਨੱਥ ਚਲਾਏ ਨਵੈਂ ਨਾਥ
ਨਾਥਾਂ ਨਾਥ ਅਨਾਥ ਸਹਾਈ।
੨. ਨੌ ਨਿਧਾਨ ਫੁਰਮਾਨ ਵਿਚ
ਪਰਮ ਨਿਧਾਨ ਗਜਾਨ ਗੁਰਭਾਈ।
੩. ਨੌ ਭਗਤੀ ਨੌ ਭਗਤਿ ਕਰਿ
ਗੁਰਮੁਖ ਪ੍ਰੇਮ ਭਗਤਿ ਲਿਵਲਾਈ।
੪. ਨੌ ਗ੍ਰਹਿ ਸਾਧ ਗ੍ਰਿਹਸਤ ਵਿਚ
ਪੂਰੇ ਸਤਿਗੁਰ ਦੀ ਵਡਿਆਈ।
੫. ਨਉਂ ਖੰਡ ਸਾਧ ਅਖੰਡ ਹੋ
ਨਉਂ ਦੁਆਰ ਲੰਘ ਨਿਜ ਘਰ ਜਾਈ।
੬. ਨੌ ਅੰਗ ਨੀਲ ਅਨੀਲ ਹੋਇ
ਨਉਂ ਕੁਲ ਨਿੱਗ੍ਰਹ ਸਹਜਿ ਸਮਾਈ।
੭. ਗੁਰਮੁਖ ਸੁਖ ਫਲ ਅਲਖ ਲਖਾਈ ॥੯॥

***ਪਦ ਅਰਥ :*** ਅਨਾਥ–ਮਾਲਕ ਤੋਂ ਰਹਿਤ; ਜਿਸਦੇ ਸਿਰ 'ਤੇ ਕੋਈ ਮਾਲਕ ਨਹੀਂ। ਗੁਰਭਾਈ–ਸੰਗੀ ਸਾਥੀ ਨੀਲ ਅਨੀਲ–ਗਿਣਤੀ ਤੋਂ ਰਹਿਤ, ਅਨਗਿਣਤ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ! ਪੁਰਾਤਨ ਪੁਸਤਕਾਂ ਵਿਚ ਅੱਠਾਂ ਤੋਂ ਉਪ੍ਰੰਤ ਨੌਆਂ ਦੀ ਗਿਣਤੀ ਭੀ ਅਰੰਭ ਹੋ ਜਾਂਦੀ ਹੈ, ਜਿਵੇਂ ਕਿ ਨੌਂ ਨਾਥ, ਨੌਂ ਖ਼ਜ਼ਾਨੇ, ਨੌਂ ਤਰ੍ਹਾਂ ਦੀ ਭਗਤੀ, ਨੌਂ ਗ੍ਰਹਿ, ਨੌਂ ਖੰਡ ਆਦਿਕਾਂ ਦੀ ਵੀਚਾਰ ਪੜ੍ਹਨ ਵਿਚ ਆਉਂਦੀ ਹੈ, ਇਨ੍ਹਾਂ ਦੇ ਬਾਰੇ ਆਪ ਜੀ ਗੁਰਮੁਖਾਂ ਦੀ ਮਾਨਸਿਕ ਵੀਚਾਰ ਧਾਰਾ ਦੇ ਸੰਬੰਧ ਵਿਚ ਕਿਵੇਂ ਅਨੁਭਵ ਕਰਦੇ ਹੋ, ਇਸ ਬਾਰੇ ਭੀ ਕੁੱਝ ਆਪਣੇ ਵੀਚਾਰ ਪ੍ਰਗਟ ਕਰੋ?

**ਉ:** ਹੇ ਸਜਨੋਂ! ਅਸਲ ਵਿਚ ਸਚਾਈ ਤਾਂ ਇਉਂ ਹੀ ਕਹਿਣੀ ਪਵੇਗੀ ਕਿ ਬਹਿਰੂਨੀ ਗਿਣਤੀ ਨਾਲ ਗੁਰਮੁਖਾਂ ਦੀ ਮਾਨਸਿਕ ਦ੍ਰਿਸ਼ਟੀ ਨੂੰ ਮਾਪਿਆ ਨਹੀਂ ਜਾ ਸਕਦਾ, ਕਿਉਂਕਿ ਉਨ੍ਹਾਂ ਦੀ ਦਿੱਬ ਦ੍ਰਿਸ਼ਟੀ ਜਿਥੇ ਜਾ ਕੇ ਪੁੱਜਦੀ ਹੈ ਉਸ ਨੂੰ ਕੋਈ ਭੀ ਸੰਸਾਰੀ ਸ਼ੈ ਦਾ ਉਦਾਹਰਣ ਦੇ ਕੇ ਦਰਸਾਇਆ ਨਹੀਂ ਜਾ ਸਕਦਾ, ਜਿਵੇਂ ਕੋਈ ਦਰਯਾ ਦੇ ਕਿਨਾਰੇ 'ਤੇ ਖਲੋਤਾ ਕੇਵਲ ਉਸ ਦੀਆਂ ਲਹਿਰਾਂ ਬਾਰੇ ਹੀ ਕੁੱਝ ਕਹਿ ਸਕਦਾ ਹੈ, ਉਹ ਭੀ ਉਤਨਾਂ ਹੀ ਕਹਿ ਸਕਦਾ ਹੈ ਜਿਥੇ ਤੱਕ ਉਸ ਦੀ ਨਜ਼ਰ ਜਾਂਦੀ ਹੈ, ਜਦ ਕਿ ਉਹ ਸਾਰੀਆਂ ਲਹਿਰਾਂ ਬਾਰੇ ਹੀ ਸੋਝੀ ਨਹੀਂ ਰੱਖਦਾ ਤਾਂ ਉਹ ਉਸ ਦਰਯਾ ਦੀ ਸੰਪੂਰਨ ਗਹਿਰਾਈ ਦੀ ਜਾਣਕਾਰੀ ਕਿਵੇਂ ਦਰਸਾ ਸਕਦਾ ਹੈ। ਪਰ ਹਾਂ, ਇਹ ਕਹਿ ਸਕਦੇ ਹਾਂ ਕਿ ਜਿਤਨੀ ਕੁ ਨੇੜਤਾ ਕਿਸੇ ਨੂੰ ਹਾਸਲ ਹੁੰਦੀ ਹੈ ਉਹ ਉਤਨੇ ਮਾਤ੍ਰ ਕੁੱਝ ਕਹਿ ਸਕਦਾ ਹੈ ਸੰਪੂਰਨ ਰੂਪ ਵਿਚ ਉਸ ਪਾਸੋਂ ਭੀ ਕੁੱਝ ਕਹਿਣਾ ਅਸੰਭਵ ਹੈ। ਸੋ ਮੈਨੂੰ ਭੀ ਉਨ੍ਹਾਂ ਗੁਰਮੁਖਾਂ ਦੀ ਜਿਤਨੀ ਕੁ ਸੰਗਤ ਹੋਈ ਹੈ, ਉਸਦੇ ਆਧਾਰਿਤ ਹੋ ਕੁੱਝ ਸਤਰਾਂ ਵਿਚ ਉਸ ਨੂੰ ਅੰਕਤ ਕਰ ਸੱਕਿਆ ਹਾਂ, ਜਿਵੇਂ ਕਿ:

(੧) (ਹੇ ਭਾਈਓ! ਮੈਨੂੰ ਤਾਂ ਉਨ੍ਹਾਂ ਗੁਰਮੁਖਾਂ ਨਾਲ ਵੀਚਾਰ ਵਿਟਾਂਦਰਾ ਕਰਦਿਆਂ ਇਉਂ ਹੀ ਪ੍ਰਤੀਤ ਹੋਇਆ ਹੈ ਕਿ ਗੁਰਮੁਖਾਂ ਨੇ) ਨੌਂ ਨਾਥ (ਗੋਰਖ, ਭੋਗਰ, ਝੰਗਰ ਆਦਿਕ) ਨੱਥ ਕੇ (ਹੁਕਮ ਵਿਚ) ਤੋਰੇ ਹਨ (ਕਿਉਂਕਿ ਗੁਰਮੁਖ ਆਪ ਨੂੰ ਅਨਾਥ ਨਿਮਾਣੇ ਜਾਣਦੇ ਹਨ) ਤੇ ਅਨਾਥਾਂ ਦਾ ਸਹਾਈ ਨਾਥਾਂ ਦਾ ਨਾਥ (ਆਪ ਵਾਹਿਗੁਰੂ) ਹੁੰਦਾ ਹੈ।

(੨) (ਅਤੇ ਨੌਂ ਨਿੱਧੀਆਂ (ਖ਼ਜ਼ਾਨੇ) ਉਨ੍ਹਾਂ ਦੇ ਤਾਬੇ ਹਨ (ਕਿਉਂਕਿ ਉਨ੍ਹਾਂ ਨੇ) ਵੱਡੇ ਖ਼ਜ਼ਾਨੇ (ਗੁਰੂ ਦੇ ਗਿਆਨ

ਨੂੰ) ਅੰਗ ਸੰਗ ਕਰ ਲੀਤਾ ਹੈ।

(੩) ਨੌਧਾ ਭਗਤੀ (ਸ੍ਵਣ, ਕੀਰਤਨ ਆਦਿਕ) ਤਾਂ ਨੌ ਭਗਤ ਵਖੋ ਵੱਖ ਕਰਦੇ ਹਨ, (ਪ੍ਰੰਤੂ) ਗੁਰਮੁਖ ਲੋਕਾਂ ਨੇ (ਦਸਵੀਂ) ਪ੍ਰੇਮਾ-ਭਗਤੀ ਵਿਖੇ ਸਮਾਧੀ ਲਾ ਛੱਡੀ ਹੈ।

(੪) ਨੌਂ ਗ੍ਰਹਿ (ਅਥਵਾ) ੯ ਗੋਲਕਾਂ ਅੱਖਾਂ, ਕੰਨ, ਨੱਕ, ਮੂੰਹ ਆਦਿ) ਗ੍ਰਿਹਸਤ ਵਿਚ ਹੀ ਵੱਸ ਕਰ ਲੀਤੀਆਂ ਹਨ। ਇਹ ਪੂਰੇ ਸਤਿਗੁਰੂ (ਗੁਰੂ ਅਰਜਨ ਦੇਵ ਜੀ ਦੀ) ਮਹਿਮਾ ਦਾ ਪ੍ਰਤਾਪ ਹੈ।

(੫) ਨੌਂ ਖੰਡ (ਧਰਤੀ) ਨੂੰ ਜਿੱਤ ਕੇ ਆਪ ਅਖੰਡ ਰਹਿੰਦੇ ਹਨ, ਨੌਂ ਗੋਲਕਾਂ ਨੂੰ ਲੰਘ ਕੇ ਦਸਮ ਦਵਾਰ ਵਿਚ ਸ੍ਵੈ-ਸਰੂਪ ਦਾ ਧਿਆਨ ਕਰਦੇ ਹਨ।

(੬) (ਜਿਵੇਂ) ਨੌਂ ਅੰਗਾਂ ਦੀ ਗਿਣਤੀ ਨੀਲ ਅਨੀਲ ਬੇ-ਗਿਣਤੀ ਤੱਕ ਜਾ ਵੱਧਦੀ ਹੈ, ਇਸੇ ਤਰ੍ਹਾਂ ਗੁਰਮੁਖ, ਨੌਂ ਗੋਲਕਾਂ ਨੂੰ ਸਾਧ ਕੇ ਸਹਿਜ ਪਦ ਵਿਖੇ ਲੀਨ ਹੋ ਜਾਂਦੇ ਹਨ।

(੭) ਗੁਰਮੁਖਾਂ ਨੂੰ ਨਾ ਲਖੇ ਜਾਣ ਵਾਲੇ ਸੁਖਾਂ ਦਾ ਫਲ ਨਜ਼ਰ ਆ ਜਾਂਦਾ ਹੈ।੯।

*ਭਾਵਾਰਥ :* ਜਦੋਂ ਗੁਰਬਾਣੀ ਅਨੁਸਾਰ ਵੀਚਾਰ ਕਰੀਏ ਤਾਂ ਗੁਰਮੁਖ ਨਵਾਂ ਦੀ ਗਿਣਤੀ ਤੋਂ ਉੱਚੇ ਭਾਵਾਂ ਵਾਲਾ ਹੈ। ਨੌਂ ਅੰਗਾਂ ਦੀ ਜੋ ਗਿਣਤੀ ਤੁਕ ਛੇਵੀਂ ਵਿਚ ਕਹੀ ਹੈ, ਉਥੇ ਭਾਵ ਇਹ ਹੈ ਕਿ ਸਾਰੀ ਗਿਣਤੀ ਨਵਾਂ ਅੰਗਾਂ ਦੇ ਅੱਡ-ਅੱਡ ਮੇਲ ਤੋਂ ਬਣਦੀ ਹੈ। ਦੂਜਾ ਭਾਵ ਇਹ ਹੈ ਕਿ ਨੌਂ ਅੰਗ ਨੂੰ ਜਦ ਗਿਣੋ ਤਦ ਘਟਦਾ ਹੈ ਜਿਸ ਤਰ੍ਹਾਂ ਨੌਂ ਦੂਣੀ ਅਠਾਰਾ, ਆਠਾ ਅਖ਼ੀਰ ਵਿਚ ਆਇਆ, ਨੌਂ ਤੀਆਂ ਸਤਾਈ, ਸਾਤਾ ਆਇਆ ਅਖ਼ੀਰ, ਨੌਂ ਦਾਹੇ ਨੱਬੇ ਅਖ਼ੀਰ ਸੁੰਨ ਆਇਆ, ਇਸੀ ਤਰ੍ਹਾਂ ਸੰਸਾਰ ਦੀ ਚਾਲ ਨਾਏਂ ਅੰਗ ਵਾਂਗੂ ਹੈ, ਜਿਸ ਵਿਚ ਵਾਧਾ ਦਿਸਦਾ ਹੈ, ਪਰ ਮੁੜ ਕੇ ਆਪਣਾ ਸਰੂਪ ਨਾਯਾਂ ਅਖ਼ੀਰ ਪਰ ਨਹੀਂ ਆਉਂਦਾ ਤੇ ਅੰਤ ਸੁੰਨ ਹੋ ਜਾਂਦਾ ਹੈ, ਤਿਵੇਂ ਮਾਇਆ ਵਿਚ ਉੱਨਤੀ ਕਰਨ ਵਾਲਾ ਅਖ਼ੀਰ ਫ਼ੋਕਾ ਹੋ ਜਾਂਦਾ ਹੈ ਅਰ ਆਪਣਾ ਸਰੂਪ ਉਸ ਵਾਧੇ ਵਿਚ ਮੁੜ ਕੇ ਨਹੀਂ ਆਉਂਦਾ। ਗੁਰਮੁਖ ਇਸ ਕਰਕੇ ਮਾਇਆ ਦੇ ਗੇੜ ਵਿਚ ਕਰਤਾਰ ਨੂੰ ਭੁੱਲ ਕੇ ਨਹੀਂ ਪੈਂਦੇ।

## ੧੦. ਦਸਾਂ ਦੀ ਗਿਣਤੀ ਵਿੱਚ ਗੁਰਮੁਖਾਂ ਦੀ ਨਿਰਲੇਪਤਾ

੧. ਸੰਨਿਆਸੀ ਦਸ ਨਾਵ ਧਰ
ਸੱਚ ਨਾਂਵ ਵਿਣ ਨਾਂਵ ਗਣਾਯਾ।
੨. ਦਸ ਅਵਤਾਰ ਅਕਾਰ ਕਰ
ਏਕੰਕਾਰ ਨ ਅਲੱਖ ਲਖਾਯਾ।
੩. ਤੀਰਥ ਪੁਰਬ ਸੰਜੋਗ ਵਿੱਚ
ਦਸ ਪੁਰਬੀਂ ਗੁਰਪੁਰਬ ਨ ਪਾਯਾ।
੪. ਇਕ ਮਨ ਇਕ ਨ ਚੇਤਿਓ
ਸਾਧ ਸੰਗਤ ਵਿਣ ਦਹਦਿਸ ਧਾਯਾ।
੫. ਦਸ ਦਹੀਆ ਦਸ ਅਸੁਮੇਧ
ਖਾਇ ਅਮੇਧ ਨਿਖੇਧ ਕਰਾਯਾ।
੬. ਇੰਦਰੀਆਂ ਦਸ ਵੱਸ ਕਰ
ਬਾਹਰ ਜਾਂਦਾ ਵਰਜ ਰਹਾਯਾ।
੭. ਪੈਰੀਂ ਪੈ ਜਗ ਪੈਰੀ ਪਾਇਆ ॥੧੦॥

*ਪਦ ਅਰਥ :* ਪੁਰਬ—ਮਹਾਤਮ। ਅਸੁਮੇਧ—ਯੱਗ ਦਾ ਨਾਮ ਹੈ, ਭਾਵ ਹੈ ਘੋੜੇ ਦਾ ਜੱਗ। ਅਮੇਧ—ਅਪਵਿੱਤ੍ਰ, ਭਾਵ ਗੋ ਮਾਸ, ਅਪਵਿੱਤ੍ਰ ਮੁਰਦਾ, ਮਾਸ। ਨਿਖੇਧ—ਬੁਰਾ ਜਾਣਨਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਨੌਆਂ ਤੋਂ ਉਪ੍ਰੰਤ ਪੁਰਾਤਨ ਪੁਸਤਕਾਂ ਵਿਚ ਦਸਾਂ ਦੀ ਸੰਖਯਾ ਭੀ ਪੜ੍ਹਨ ਵਿਚ ਆਉਂਦੀ ਹੈ, ਜਿਵੇਂ ਕਿ ਦਸ ਨਾਮ ਸੰਨਿਆਸੀਆਂ ਦੇ, ਦਸ ਅਵਤਾਰ, ਦਸ ਤੀਰਥਾਂ ਦੇ ਪੁਰਬ, ਦਸ ਅਸੁਮੇਧ ਜੱਗ, ਦਸ ਇੰਦ੍ਰੀਆ ਆਦਿ ਸੁਣੇ ਜਾਂਦੇ ਹਨ, ਕਿਉ ਜੀ, ਤੁਸੀ ਇਨ੍ਹਾਂ ਵਿਚੋ ਕਿਸ ਨੂੰ ਗੁਰਮੁਖਾਂ ਦੇ ਮਾਨਸਿਕ ਮੰਡਲ ਦੀ ਤੁਲਨਾ ਦੇਂਦੇ ਹੋ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਮੈਨੂੰ ਤਾਂ ਗੁਰਬਾਣੀ ਦੀ ਪੜਚੋਲ ਕਰਨ ਉਪ੍ਰੰਤ ਇਨ੍ਹਾ ਦਸਾ ਦੀ ਗਿਣਤੀ ਗੁਰਮੁਖਾਂ ਦੀ ਮਾਨਸਿਕ ਅਵੱਸਥਾ ਤੋਂ ਬਹੁਤ ਪਿੱਛੇ ਦਿੱਸਣ ਵਿਚ ਆਈ ਹੈ, ਕਿਉਂਕਿ ਗੁਰਮੁਖਾਂ ਦੀ ਅਵੱਸਥਾ ਉਨ੍ਹਾਂ

ਸਿੱਖਰਾਂ 'ਤੇ ਪੁੱਜ ਗਈ ਹੈ ਜਿਥੇ ਕੋਈ ਭੀ ਗਿਣਤੀ ਪੁੱਜ ਨਹੀਂ ਸਕਦੀ, ਸਭ ਸੰਸਾਰਿਕ ਗਿਣਤੀਆਂ ਉਰਾਰ ਹੀ ਰਹਿ ਜਾਂਦੀਆਂ ਹਨ।

ਪ੍ਰ: ਭਾਈ ਸਾਹਿਬ ਜੀਉ! ਸੰਨਿਆਸੀਆਂ ਦੇ ਦਸਾਂ ਹੀ ਨਾਮਾਂ ਦੀ ਸੰਸਾਰੀ ਲੋਕ ਤਾਂ ਬਹੁਤ ਮਾਨਤਾ ਅਤੇ ਪੂਜਨਾ ਕਰਦੇ ਹਨ, ਪਰ ਤੁਸਾਂ ਉਨ੍ਹਾਂ ਸੰਨਿਆਸੀਆਂ ਵਿਚ ਕਿਹੜੀ ਨਿਊਨਤਾ ਤੱਕੀ ਹੈ ਜਿਸ ਕਰਕੇ ਤੁਸੀ ਗੁਰਮੁਖਾਂ ਦੀ ਪਦਵੀ ਤੋਂ ਉਨ੍ਹਾਂ ਨੂੰ ਉਰਾਰ ਹੀ ਅਨੁਭਵ ਕਰਦੇ ਹੋ, ਕੀ ਇਸ ਬਾਰੇ ਕੁੱਝ ਜਾਣਕਾਰੀ ਦਿਓਗੇ?

ਉ: ਹੇ ਸਜਨੋ! ਸਾਰੇ ਹੀ ਸੰਨਿਆਸੀਆਂ ਬਾਰੇ ਤਾਂ ਨਹੀ ਕਿਹਾ ਜਾ ਸਕਦਾ, ਹੋ ਸਕਦਾ ਹੈ ਕਿ ਕੋਈ ਵਿਰਲਾ ਨਿਰਹੰਕਾਰ ਭੀ ਹੋਵੇ, ਪਰ ਜਿਤਨੇ ਸੰਨਿਆਸੀ ਲੋਕਾਂ ਨਾਲ ਮੈਨੂੰ ਪਰਸਪਰ ਵੀਚਾਰ ਕਰਨ ਦਾ ਅਵਸਰ ਮਿਲਿਆ ਹੈ, ਉਹ ਵਧੇਰੇ ਖ਼ੁਦੀ, ਤਕੱਬਰੀ, ਹੰਕਾਰ ਅਤੇ ਮਾਣ, ਮਗ਼ਰੂਰੀ ਦੇ ਨਾਲ ਲਬਾ ਲਬ ਭਰਪੂਰ ਹੀ ਤੱਕੇ ਹਨ, ਗੁਰਬਾਣੀ ਵਿਚ ਕੇਵਲ ਸੰਨਿਆਸੀਆਂ ਬਾਰੇ ਹੀ ਨਹੀਂ ਸਗੋਂ ਹੋਰ ਕਈ ਪੰਡਤਾਂ, ਜੋਗੀਆਂ, ਗਿਆਨੀਆਂ, ਦਾਤੇ, ਸੂਰਮੇ, ਲੋਕਾਂ ਬਾਰੇ ਭੀ ਜ਼ਿਕਰ ਆਇਆ ਹੈ, ਜਿਵੇਂ ਕਿ:

ਹਮ ਬਡ ਕਬਿ ਕੁਲੀਨ
ਹਮ ਪੰਡਿਤ, ਹਮ ਜੋਗੀ ਸੰਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ॥੨॥ *(ਪੰਨਾ ੯੭੪)*

ਭਾਵ ਹੈ, ਜਦੋਂ ਅਸੀਂ ਗੁਰਬਾਣੀ ਰਾਹੀਂ ਵੀਚਾਰ ਕਰਦੇ ਹਾਂ ਤਾਂ ਸਾਨੂੰ ਇਹੋ ਸੋਝੀ ਮਿਲਦੀ ਹੈ ਕਿ ਸਾਡੇ ਸਾਰੇ ਮਾਨਸਿਕ ਵਲਵਲਿਆਂ ਵਿਚੋਂ ਸਭ ਤੋਂ ਔਖਾ ਜਿੱਤਿਆ ਜਾ ਸੱਕਣ ਵਾਲਾ ਜਜ਼ਬਾ ਇਕ ਹੰਕਾਰ ਹੈ, ਇਸ ਨੂੰ ਜਿਤਨਾ ਛੁਪਾਓ, ਇਸ ਨਾਲ ਮੁੱਠ-ਭੇੜ ਕਰੋ, ਇਸਨੂੰ ਦਬੋ ਤੇ ਹਰ ਤਰ੍ਹਾਂ ਜ਼ੋਰ ਕਰਨ ਦੀ ਕੋਸ਼ਿਸ਼ ਕਰੋ, ਇਹ ਫਿਰ ਭੀ ਜੀਉਂਦਾ ਰਹਿੰਦਾ ਹੈ ਤੇ ਕਿਸੇ ਨਾ ਕਿਸੇ ਵੇਲੇ ਜ਼ਰੂਰ ਆਣ ਮੂੰਹ ਵਿਖਾਉਂਦਾ ਹੈ।

ਫ਼ਰਜ਼ ਕਰੋ, ਜੇ ਕਿਸੇ ਨੂੰ ਇਹ ਪੱਕਾ ਵਿਸ਼ਵਾਸ ਭੀ ਹੋ ਜਾਵੇ ਕਿ ਮੈਂ ਇਸਨੂੰ ਜਿੱਤ ਲਿਆ ਹੈ, ਤਦ ਵੀ ਉਸਦੇ ਅੰਦਰ ਸ਼ਾਇਦ ਇਸ ਨਿੰਮ੍ਰਤਾ ਦਾ ਹੀ ਅਭਿਮਾਨ ਅਨੁਭਵ ਹੋਣ ਲੱਗ ਪਵੇਗਾ। ਇਹ ਅਭਿਮਾਨ ਪਹਿਲੇ ਨਾਲੋਂ ਭੀ ਵਧੇਰੇ ਖ਼ਤਰਨਾਕ ਸਾਬਤ ਹੋ ਸਕਦਾ ਹੈ। ਇਸ ਲਈ ਜੋ ਮੈਨੂੰ ਸੰਨਿਆਸੀਆਂ ਬਾਰੇ ਅਨੁਭਵ ਹੋ ਸੱਕਿਆ ਹੈ, ਉਸਨੂੰ ਚੰਦ ਲਾਇਨਾਂ ਵਿਚ ਇਉਂ ਉੱਕਰਨ ਦਾ ਇਕ ਨਿਮਾਣਾ ਜਿਹਾ ਜਤਨ ਕਰ ਸੱਕਿਆ ਹਾਂ, ਜਿਵੇਂ ਕਿ:

(੧) (ਹੇ ਭਾਈਓ! ਮੈਂ ਤਾਂ ਤੱਕਿਆ ਹੈ ਕਿ) ਸੰਨਿਆਸੀਆਂ ਨੇ (ਗਿਰੀ, ਪੁਰੀ, ਭਾਰਤੀ, ਸੁਰਸਵਤੀ ਆਦਿ) ਦਸ ਨਾਉਂ ਰੱਖ ਕੇ ਸੱਚੇ ਨਾਮ ਤੋਂ ਬਗ਼ੈਰ (ਬਿਰਥਾ ਹੀ ਆਪਣਾ) ਨਾਮ ਗਿਣਾਇਆ, ਭਾਵ ਹੰਕਾਰ ਵਧਾਇਆ ਹੈ।

ਪ੍ਰ: ਕਿਉਂ ਜੀ! ਦਸ ਅਵਤਾਰਾਂ ਬਾਰੇ ਆਪ ਕੀ ਕਹਿਣਾ ਚਾਹੋਗੇ?

(੨) ਉ: (ਹੇ ਭਾਈ!) ਦਸ ਅਵਤਾਰਾਂ ਦੇ ਸਰੂਪ (ਮੱਛ, ਕੱਛ, ਵੈਰਾਹ ਆਦਿ ਦੇ) ਸਰੂਪ (ਭੀ ਬਣੇ ਪਰ) ਏਕੰਕਾਰ (ਵਾਹਿਗੁਰੂ) ਅਲੱਖ ਨੇ (ਆਪਣਾ ਆਪ ਉਨ੍ਹਾਂ ਨੂੰ ਭੀ) ਨਹੀਂ ਲਖਾਇਆ।

ਪ੍ਰ: ਕਿਉਂ ਜੀ! ਤੀਰਥਾਂ ਦੇ ਪੁਰਬਾ ਦੀ ਮਹਾਨਤਾ ਸੰਸਾਰ ਵਿਚ ਤਾਂ ਬਹੁਤ ਮੰਨੀ ਜਾਂਦੀ ਹੈ, ਉਨ੍ਹਾਂ ਬਾਰੇ ਆਪ ਜੀ ਕੀ ਵੀਚਾਰ ਰੱਖਦੇ ਹੋ?

(੩) ਉ: (ਹੇ ਸਜਨੋ! ਤੀਰਥਾਂ ਦੇ ਪੁਰਬ, ਮਹਾਤਮ) ਦੇ ਸੰਜੋਗ ਵਿਚ ਦਸ ਪੁਰਬਾਂ (੧. ਵਿਸਾਖੀ, ੨. ਮਾਘੀ, ੩. ਦੀਵਾਲੀ, ੪. ਦੁਸਹਿਰਾ, ੫. ਟੁਕੜੀ, ੬. ਨਿਮਾਣੀ, ੭. ਦੁਆਦਸੀ, ੮. ਵਿਤੀਪਾਤ, ੯. ਵੈਧ੍ਰਿਤ, ੧੦. ਜਨਮ ਅਸ਼ਟਮੀ) ਨੇ ਗੁਰਪੁਰਬ ਦੀ ਬਰਾਬਰੀ ਨਹੀਂ ਕੀਤੀ, (ਭਾਵ ਕਿਉਂਕਿ ਇਹ ਜੋ ਸੰਸਾਰਕ ਖ਼ੁਸ਼ੀ ਦੇਂਦੇ ਹਨ, ਗੁਰਪੁਰਬ ਮਨ ਨੂੰ ਵਾਹਿਗੁਰੂ ਵੱਲ ਲੈ ਜਾਂਦਾ ਹੈ)।

(੪) (ਜਿਨ੍ਹਾਂ ਨੇ) ਇਕ ਮਨ ਹੋ ਕੇ ਇਕ (ਪਰਮੇਸ਼ਰ ਨੂੰ) ਨਹੀਂ ਯਾਦ ਕੀਤਾ, (ਭਾਵ) ਸਾਧ ਸੰਗਤ (ਜੋ ਪਰਮੇਸਰ ਦੇ ਸਿਮਰਨ ਵਾਲਿਆਂ ਦੀ ਸਭਾ ਹੈ) ਤੋਂ ਬਿਨਾਂ ਹੋਰ ਜੋ ਕੁੱਝ ਵੀ ਹੈ, ਉਹ ਦਸ ਦਿਸ਼ਾ ਵਿਚ ਭਟਕਣ ਦੇ ਸਮਾਨ ਹੈ।

(੫) (ਮੁਸਲਮਾਨਾਂ ਦੇ) ਦਸ ਦਹੇ ਤੇ ਹਿੰਦੂਆਂ ਦੇ ਦਸ ਯੱਗ (ਅਸ੍ਵਮੇਧ, ਗਜਮੇਧ, ਗੋਮੇਧ, ਅਜ, ਨਰ, ਰਾਜਸ, ਬ੍ਰਹਮ ਯਗ, ਅੰਨ ਜਗ, ਹੋਤ੍ਰ ਤੇ ਜਾਤ੍ਰ) ਇਹ ਵੀ ਅਮੇਧ (ਅਪਵਿੱਤ੍ਰ) ਹਨ, ਹਿੰਦੂਆਂ ਵਿਚ ਅਹਿੰਸਾ ਵੱਡਾ ਧਰਮ ਗਿਣਿਆ ਜਾਂਦਾ ਹੈ, (ਪਰ ਯਗਾਂ ਵਿਚ ਮਾਸ ਟੁਕੜੇ ਕਰ ਕਰ ਹੋਮ ਕੀਤਾ ਜਾਂਦਾ ਹੈ) ਇਸ ਕਰਕੇ ਇਹ ਨਿਖੇਧ ਹੋ ਗਏ, ਅਹਿੰਸਾ ਦੇ ਕਾਰਨ ਅਪਵਿੱਤ੍ਰ ਹੋ ਗਏ।

(੬) (ਪਰ ਸਤਿਗੁਰੂ ਜੀ ਤੋਂ ਵਰੋਸਾਏ ਗੁਰਮੁਖਾਂ ਨੇ) ਦਸ ਇੰਦ੍ਰੀਆਂ (ਪੰਜ ਗਿਆਨ ਤੇ ਪੰਜ ਕਰਮ ਇੰਦ੍ਰੀਆਂ

ਆਪਣੇ ਅਧੀਨ ਕਰਕੇ (ਯਾਰਵੇਂ ਮਨ) ਨੂੰ ਵੀ ਬਾਹਰ (ਦਿੱਸਦੀਆਂ ਵਸਤਾਂ ਦੇ ਪਿਆਰ) ਵਲੋਂ ਹਟਾ ਕੇ ਅੰਤਰਮੁਖੀ ਕਰ ਲਿਆ ਹੈ।

(੭) (ਐਸੇ ਗੁਰਮੁਖ) ਪੈਰੀਂ ਪੈ ਕੇ (ਭਾਵ ਨਿੰਮ੍ਰਤਾ ਤੇ ਮਿਠਾਸ ਨਾਲ) ਜਗਤ ਨੂੰ ਚਰਨੀ ਲਾ ਲੈਂਦੇ ਹਨ ਭਾਵ ਨਿਵਾ ਲੈਂਦੇ ਹਨ।੧੦।

*ਭਾਵਾਰਥ :* ਗੁਰਮੁਖ ਸੰਸਾਰ ਵਿਚ ਚਲੀਆਂ ਆ ਰਹੀਆਂ ਸੀਨੇ-ਬ-ਸੀਨੇ ਰਸਮਾਂ ਤੋਂ ਆਪਣੇ ਆਪ ਨੂੰ ਵੱਖਰਾ ਰੱਖਦੇ ਹਨ, ਉਹ ਉਸੇ ਰਸਮ ਵਿਚ ਆਪਣੇ ਆਪ ਨੂੰ ਢਾਲਦੇ ਹਨ ਜਿਸਦਾ ਗੂੜ੍ਹਾ ਸੰਬੰਧ ਸਚਾਈ ਨਾਲ ਹੋਵੇ, ਉਹ ਲੋਕ-ਲਾਜ ਦੀ ਕੋਈ ਪ੍ਰਵਾਹ ਨਹੀਂ ਕਰਦੇ, ਉਹ ਤਾਂ ਉਸੇ ਸੱਚੇ ਰੱਬੀ ਮਾਰਗ 'ਤੇ ਚਲਦੇ ਹਨ ਜਿਸ ਦੁਆਰਾ ਉਹ ਸੱਚੀ ਦਰਗਾਹ ਵਿਚ ਆਪਣਾ ਮੁਖ ਉੱਜਲਾ ਲੈ ਜਾ ਸਕਣ।

## ੧੧. *ਗਿਆਰਾਂ ਦੀ ਗਿਣਤੀ ਵਿਚ ਗੁਰਮੁਖ ਨਿਰਲੇਪ*

**੧. ਇਕ ਮਨ ਹੋਇ ਇਕਾਦਸੀ**
**ਗੁਰਮੁਖ ਵਰਤ ਪਤਿਬ੍ਰਤ ਭਾਯਾ।**
**੨. ਗਿਆਰਹ ਰੁਦ੍ਰ ਸਮੁੰਦ੍ਰ ਵਿਚ**
**ਪਲ ਦਾ ਪਾਰਾਵਾਰ ਨ ਪਾਯਾ।**
**੩. ਗਿਆਰਹ ਕਸ ਗਿਆਰਹ ਕਸੇ**
**ਕਸ ਕਸਵੱਟੀ ਕੱਸ ਕਸਾਯਾ।**
**੪. ਗਿਆਰਹ ਗੁਣ ਫੈਲਾਉ ਕਰ**
**ਕੱਚ ਪਕਾਈ ਅਘੜ ਘੜਾਯਾ।**
**੫. ਗਿਆਰਹ ਦਾਉ ਚੜ੍ਹਾਉ ਕਰ**
**ਦੂਜਾ ਭਾਉ ਕੁਦਾਉ ਹਰਾਯਾ।**
**੬. ਗਿਆਰਹ ਗੇੜਾ ਸਿੱਖ ਸੁਣ**
**ਗੁਰ ਸਿਖ ਲੈ ਗੁਰਸਿੱਖ ਸਦਾਯਾ।**
**੭. ਸਾਧ ਸੰਗਤਿ ਗੁਰੁ ਸਬਦ ਵਸਾਯਾ ॥੧੧॥**

*ਪਦ ਅਰਥ :* ਪਤਿਬ੍ਰਤ ਧਰਮ—ਪਤੀ ਵਿਚ ਅਨਿੰਨ ਭਗਤੀ ਭਾਵਨਾ, ਅਡੋਲ ਨਿਸਚਯ। ਰੁਦ੍ਰ—ਸ਼ਿਵ ਜੀ। ਸਮੁੰਦ੍ਰ—ਸੰਸਾਰ ਵਿਚ। ਕੱਸ—ਕਾਬੂ ਕੀਤੇ। ਕਸਾਯਾ—ਸ਼ੁੱਧ ਕੀਤਾ। ਗੇੜਾ—ਗੇੜ ਕੇ, ਭਾਵ ਰੱਬ ਵੱਲ ਪ੍ਰੇਰ ਕੇ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਦਸਾਂ ਦੀ ਗਿਣਤੀ ਤੋਂ ਬਾਅਦ ਵਿਚ ਗਿਆਰਾਂ ਦੀ ਗਿਣਤੀ ਅਰੰਭ ਹੁੰਦੀ ਹੈ, ਜਿਵੇਂ ਕਿ ਸੰਸਾਰ ਵਿਚ ੧੧ ਸਿਵ ਜੀ ਆਦਿ ਮੰਨੇ ਜਾਂਦੇ ਹਨ, ਪਰ ਇਨ੍ਹਾਂ ਤੋਂ ਪਹਿਲੇ ਬਹੁਤ ਲੋਕ ਇਕਾਦਸੀ ਦੇ ਵਰਤ ਰੱਖਣ ਦੀ ਬਹੁਤ ਮਹਾਨਤਾ ਮੰਨਦੇ ਹਨ, ਇਸ ਬਾਰੇ ਗੁਰਮੁਖਾਂ ਦਾ ਕੀ ਨਿਸਚਾ ਹੈ ?

ਉ: ਹੇ ਭਾਈਓ ! ਇਸ ਸੰਬੰਧ ਵਿਚ ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਇਸ ਨੂੰ ਨਹੀਂ ਕਬੂਲ ਕਰਦੇ ਕਿਉਂਕਿ ਇਸ ਸੰਬੰਧ ਵਿਚ ਗੁਰਬਾਣੀ ਵਿਚ ਕਈ ਥਾਵਾਂ 'ਤੇ ਹੁਕਮ ਆਇਆ ਹੈ, ਜਿਵੇਂ ਕਿ :

ਅੰਨੈ ਬਾਹਰਿ ਜੋ ਨਰ ਹੋਵਹਿ ॥
ਤੀਨਿ ਭਵਨ ਮਹਿ ਅਪਨੀ ਖੋਵਹਿ ॥੨॥
ਛੋਡਹਿ ਅੰਨੁ ਕਰਹਿ ਪਾਖੰਡ ॥
ਨਾ ਸੋਹਾਗਨਿ ਨਾ ਓਹਿ ਰੰਡ ॥
ਜਗ ਮਹਿ ਬਕਤੇ ਦੂਧਾਧਾਰੀ ॥
ਗੁਪਤੀ ਖਾਵਹਿ ਵਟਿ ਕਾਸਾਰੀ ॥੩॥
ਅੰਨੈ ਬਿਨਾ ਨ ਹੋਇ ਸੁਕਾਲੁ ॥
ਤਜਿਐ ਅੰਨਿ ਨ ਮਿਲੈ ਗੁਪਾਲੁ ॥
ਕਹੁ ਕਬੀਰ ਹਮ ਐਸੇ ਜਾਨਿਆ ॥
ਧੰਨ ਅਨਾਦਿ ਠਾਕੁਰ ਮਨੁ ਮਾਨਿਆ ॥੪॥

*(ਰਾਗੁ ਗੋਂਡ ਕਬੀਰ ਜੀਉ, ਪੰਨਾ ੮੭੩)*

ਭਾਵ ਹੈ ਅੰਨ ਖਾਣਾ ਛੱਡਣ ਵਾਲਾ ਕੇਵਲ ਪਾਖੰਡ ਹੀ ਕਰਦਾ ਹੈ, ਉਸਨੂੰ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਨ੍ਹਾਂ ਬਾਣੀ ਦੀਆਂ ਪੰਗਤੀਆਂ ਨੇ ਮੁਖ ਰੱਖ ਕੇ ਉਹ ਵਰਤ ਆਦਿ ਦੀ ਪ੍ਰਥਾ ਨੂੰ ਨਹੀਂ ਅੰਗੀਕਾਰ ਕਰਦੇ।

ਪ੍ਰ: ਕਿਉਂ ਜੀ ! ਕੀ ਗੁਰਮੁਖਾਂ ਦਾ ਕੋਈ ਅਜਿਹਾ ਵਰਤ ਵੱਖਰਾ ਹੈ ਜਿਸਨੂੰ ਕਿ ਉਹ ਕਬੂਲਦੇ ਹਨ ?

ਉ: ਹੇ ਭਾਈਓ ! ਮੈਨੂੰ ਤਾਂ ਉਨ੍ਹਾਂ ਗੁਰਮੁਖਾਂ ਦੇ ਨੇੜੇ ਹੋ ਕੇ ਜੋ ਨਜ਼ਰੀਂ ਆਇਆ ਹੈ ਕਿ ਉਨ੍ਹਾਂ ਦਾ ਇਕਾਦਸੀ ਵਰਤ ਕਿਹੜਾ ਹੈ, ਉਸਨੂੰ ਮੈਂ ਇਸ ਪਉੜੀ ਦੇ ਆਰੰਭ ਵਿਚ ਅੰਕਤ ਕੀਤਾ ਹੈ, ਜਿਵੇਂ ਕਿ :

(੧) ਹੇ ਭਾਈ ! ਗੁਰਮੁਖਾਂ ਦਾ ਇਕਾਦਸੀ ਵਰਤ ਤਾਂ ਇਹੋ ਹੈ ਕਿ ਉਹ ਇਕ ਮਨ (ਇਕਾਗਰ) ਹੋ ਕੇ ਪਤੀਬ੍ਰਤ (ਇਸਤਰੀ ਵਾਂਗ, ਇਕ ਪ੍ਰਭੂ ਦੀ) ਭਗਤੀ ਨੂੰ ਹੀ

ਕਰਦੇ ਹਨ। ਹੋਰ ਵਰਤ (ਵਿਖਾਵੇ ਦੇ ਰੋਟੀ ਨਾ ਖਾਣ ਵਾਲੇ ਉਨ੍ਹਾਂ ਨੂੰ) ਨਹੀਂ ਭਾਉਂਦੇ।

ਪ੍ਰ: ਕਿਉਂ ਜੀ! ਜੋ ਗਿਆਰਾਂ ਸ਼ਿਵ ਜੀ ਮੰਨੇ ਜਾਂਦੇ ਹਨ, ਉਨ੍ਹਾਂ ਬਾਰੇ ਗੁਰਮੁਖਾਂ ਦੀ ਵੀਚਾਰਧਾਰਾ ਦੀ ਰੂਪ ਰੇਖਾ ਕੀ ਹੈ, ਇਹ ਭੀ ਦਸ ਦਿਓ?

(੨) ਉ: (ਹੇ ਪਿਆਰੇ! ਗੁਰਮੁਖ ਤਾਂ ਇਹੋ ਨਿਸਚਾ ਕਰਦੇ ਹਨ ਕਿ) ਸੰਸਾਰ ਵਿਚ ੧੧ ਸ਼ਿਵਜੀ ਹੋਏ ਹਨ, ਜਿਨ੍ਹਾਂ ਨੇ (ਪ੍ਰਭੂ ਦੀ) ਇਕ ਪਲ ਦੀ ਵੀ ਖਬਰ ਨਹੀਂ ਪਾਈ।

ਪ੍ਰ: ਕਿਉਂ ਜੀ! ਇਸ ਜਨਮ ਜਨਮਾਤ੍ਰਾਂ ਦੇ ਮਲੀਨ ਮਨ ਨੂੰ ਗੁਰਮੁਖਾਂ ਨੇ ਕਿਵੇਂ ਸ਼ੁੱਧ ਕੀਤਾ ਹੈ?

(੩) ਉ: (ਹੇ ਸਜਨੋ! ਉਨ੍ਹਾਂ ਗੁਰਮੁਖਾਂ ਨੇ) ੧੧ (ਪੰਜ ਕਰਮ ਇੰਦ੍ਰੇ ਤੇ ਪੰਜ ਗਿਆਨ ਇੰਦ੍ਰਿਆਂ ਵਾਲਾ, ਯਾਰਵਾਂ ਮਨ ਆਪ) ਕਾਬੂ ਕੀਤੇ ਤੇ ੧੧ ਹੀ (ਅਗੋਂ ਇਨ੍ਹਾਂ ਇੰਦ੍ਰੀਆਂ ਦੀਆਂ ਖ਼ਾਹਸ਼ਾਂ) ਕੱਸੇ (ਤੇ ਫੇਰ ਇਕ ਪ੍ਰਭੂ ਭਗਤੀ) ਕਸਵਟੀ ਨਾਲ ਕਸ ਲਾ ਕੇ (ਮਨ ਨੂੰ) ਸ਼ੁੱਧ ਕੀਤਾ ਹੈ।

(੪) ੧੧ ਗੁਣਾਂ ਵਾਲੇ ਨੂੰ ੧੧ ਹੀ ਪਾਸਿਆਂ ਦੇ ਫੈਲਾਉ ਵਾਂਗ, ਵੱਡਾ ਫੈਲਾਉ ਕਰਕੇ ਅਘੜ (ਕੱਚੇ) ਨੂੰ ਘੜ ਕੇ ਪੱਕਾ ਕੀਤਾ (ਭਾਵ ਯਾਰਾਂ ਦੇ ਫੈਲਾਉ ਨੂੰ ਵੱਧਣੇ ਰੋਕ ਲਿਆ)।

(੫) ੧੧ (ਸਤਿ, ਸੰਤੋਖ, ਦਇਆ, ਧਰਮ, ਧੀਰਜ, ਸਮ, ਦਮ, ਉਪਰਤਿ, ਤਤਿੱਖਿਆ, ਸਰਧ, ਸਮਾਧਾਨਤਾ ਨਾਲ ਮਨ ਨੂੰ ਸੋਧਿਆ (ਭਾਵ ਪੱਕਾ ਕਰਕੇ) ਦੂਜਾ ਭਾਵ (ਦੁਬਿਧਾ) ਮਨ ਦਾ ਖੋਟਾ ਸੁਭਾਵ ਖ਼ਤਮ ਕਰ ਦਿੱਤਾ ਹੈ (ਹਰਾ ਦਿੱਤਾ ਹੈ)।

(੬) ਯਾਰਾਂ ਇੰਦ੍ਰਿਆਂ ਵਾਲੇ ਮਨ ਨੂੰ (ਸੰਸਾਰ ਵਲੋਂ) ਮੋੜ ਕੇ (ਪੁੱਠਾ ਕਰਕੇ) ੧੧ ਵੇਰ ਗੁਰਮੰਤ੍ਰ ਤੇ ਗੁਰੂ ਸਿਖਿਆ ਦ੍ਰਿੜ੍ਹ ਕਰਾਈ (ਤਾਂ ਜਾ ਕੇ) ਸਿੱਖ ਸਦਵਾਇਆ।

(੭) ਸਾਧ ਸੰਗਤ ਵਿਚ ਗੁਰੂ-ਸ਼ਬਦ ਹੈ (ਜਿਥੋਂ ਲੈ ਕੇ, ਸਿਖ ਨੇ ਮਨ ਵਿਚ ਵਸਾ ਲਿਆ ਹੈ)।੧੧।

***ਭਾਵਾਰਥ :*** ਗੁਰਮੁਖ ਸੰਸਾਰ ਦੇ ਕਰਮ-ਕਾਂਡਾਂ ਦਾ ਤਿਆਗ ਕਰਕੇ ਗੁਰੂ ਦੇ ਸ਼ਬਦ ਨੂੰ ਹੀ ਹਿਰਦੇ ਅੰਦਰ ਧਾਰਨ ਕਰਦਾ ਤੇ ਰੱਬੀ ਦਰਬਾਰ ਵਿਚ ਸੋਭਾ ਪਾਉਂਦਾ ਹੈ।

## ੧੨. ਬਾਰਾਂ ਦੀ ਗਿਣਤੀ ਵਿਚ ਗੁਰਮੁਖ ਦੀ ਨਿਰਲੇਪਤਾ

**੧. ਬਾਰਹ ਪੰਥ ਸੁਧਾਇ ਕੈ**
**ਗੁਰਮੁਖ ਗਾਡੀ ਰਾਹ ਚਲਾਯਾ।**
**੨. ਸੂਰਜ ਬਾਰਹ ਮਾਹ ਵਿਚ**
**ਸਸੀਅਰ ਇੱਕਤੁ ਮਾਹਿ ਫਿਰਾਯਾ।**
**੩. ਬਾਰਹ ਸੋਲਹ ਮੇਲ ਕਰ**
**ਸਸੀਅਰ ਅੰਦਰ ਸੂਰ ਸਮਾਯਾ।**
**੪. ਬਾਰਹ ਤਿਲਕ ਮਿਟਾਇ ਕੈ**
**ਗੁਰਮੁਖ ਤਿਲਕ ਨੀਸਾਣ ਚੜ੍ਹਾਯਾ।**
**੫. ਬਾਰਹ ਰਾਸੀਂ ਸਾਧ ਕੈ**
**ਸੱਚ ਰਾਸ ਰਹਰਾਸਿ ਲੁਭਾਯਾ।**
**੬. ਬਾਰਹ ਵੰਨੀ ਹੋਇ ਕੈ**
**ਬਾਰਹ ਮਾਸੇ ਤੋਲ ਤੁਲਾਯਾ।**
**੭. ਪਾਰਸ ਪਾਰਸਿ ਪਰਸਿ ਕਰਾਯਾ ॥੧੨॥**

***ਪਦ ਅਰਥ :*** ਸੁਧਾਇ ਕੈ—ਸੋਧ ਕੇ, ਜਿੱਤ ਕੇ। ਗਾਡੀ ਰਾਹ—ਸੌਖਾ ਰਾਹ। ਸਸੀਅਰ—ਚੰਦ੍ਰਮਾ। ਬਾਰਹ—੧੦ ਇੰਦ੍ਰੇ ਮਨ ਤੇ ਬੁੱਧਿ। ਸੋਲਹ—੧੦ ਪ੍ਰਾਣ, ਪੰਜ ਤੱਤ, ੧ ਮਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪੁਰਾਤਨ ਪੁਸਤਕਾਂ ਵਿਚ ਬਾਰਾਂ ਦੀ ਗਿਣਤੀ ਭੀ ਆਉਂਦੀ ਹੈ, ਜਿਵੇਂ ਕਿ ਜੋਗੀਆਂ ਦੇ ਬਾਰਾਂ ਪੰਥ, ਬਾਰਾਂ ਤਿਲਕ ਤੇ ਬਾਰਾਂ ਹੀ ਰਾਸਾਂ ਆਦਿ ਪੜ੍ਹਦੇ ਹਾਂ, ਪਰ ਗੁਰਮੁਖ ਲੋਕਾਂ ਦਾ ਇਸ ਬਾਰਾਂ ਦੀ ਗਿਣਤੀ ਬਾਰੇ ਕੀ ਨਿਸਚਾ ਹੈ?

ਉ: ਹੇ ਭਾਈ! ਅਸਲ ਵਿਚ ਉਨ੍ਹਾਂ ਗੁਰਮੁਖਾਂ ਨੂੰ ਜੋ ਗੁਰਬਾਣੀ ਨੇ ਸੋਧ ਦਰਸਾਈ ਹੈ ਉਹ ਆਪਣਾ ਜੀਵਨ ਉਸੇ ਦੇ ਅਨੁਸਾਰ ਗੁਜ਼ਾਰਦੇ ਹਨ, ਉਹ ਕਿਸੇ ਜੋਗੀਆਂ ਦੇ ਬਾਹਰਲੇ ਅੰਗਾਂ ਨੂੰ ਮਹਾਨਤਾ ਨਹੀਂ ਦੇਂਦੇ, ਕਿਉਂਕਿ ਉਨ੍ਹਾਂ ਨੇ ਗੁਰਬਾਣੀ ਦੀ ਖੋਜ ਕਰਕੇ ਸੰਸਾਰ ਦੇ ਕਰਮ-ਕਾਂਡ ਤੇ ਕਪਟ ਦੀਆਂ ਰੀਤਾਂ ਨੂੰ ਚੰਗੀ ਤਰ੍ਹਾਂ ਪੜਚੋਲ ਕਰ ਲਿਆ ਹੈ, ਇਸ ਲਈ ਉਨ੍ਹਾਂ ਨੇ ਗੁਰਬਾਣੀ ਅਨੁਸਾਰ ਕੇਵਲ ਸਚਾਈ ਦੇ ਹੀ ਰੱਬੀ ਮਾਰਗ ਨੂੰ

ਅਪਣਾਇਆ ਹੈ।

ਪ੍ਰ: ਕਿਉਂ ਜੀ। ਜੋਗ ਮੱਤ ਦੇ ਬਾਰਾ ਪੰਥਾਂ ਵਿਚ ਉਨ੍ਹਾਂ ਗੁਰਮੁਖਾ ਨੂੰ ਕਿਹੜੀ (ਨਯੂਨਤਾ) ਘਾਟ ਨਜ਼ਰ ਆਈ ਹੈ, ਜਿਸ ਕਰਕੇ ਉਨ੍ਹਾਂ ਨੂੰ ਉਹ ਕਬੂਲ ਕਰਨੋਂ ਇਨਕਾਰੀ ਹਨ, ਕੀ ਗੁਰਬਾਣੀ ਵਿਚੋਂ ਕੋਈ ਉਦਾਹਰਣ ਦਿਓਗੇ?

ਉ: ਹੇ ਭਾਈ! ਇਸ ਸੰਬੰਧ ਵਿਚ ਗੁਰਬਾਣੀ ਦੇ ਉਦਾਹਰਣ ਤਾਂ ਬਹੁਤ ਹਨ, ਪਰ ਉਹ ਸਾਰੇ ਤਾਂ ਨਹੀਂ, ਚੰਦ ਦ੍ਰਿਸ਼ਟਾਂਤ ਹਾਜ਼ਰ ਕਰਦਾ ਹਾਂ, ਜਿਵੇਂ ਕਿ:

ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ॥੬॥

*(ਸੋਰਠਿ ਮ: ੫, ਪੰਨਾ ੬੪੨)*

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ॥

*(ਸਲੋਕੁ ਮ: ੧, ਪੰਨਾ ੧੦੮੯)*

ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ
ਜਿਸ ਨੋ ਨਦਰਿ ਕਰੇ ਸੋ ਪਾਏ॥
ਅੰਤਰਿ ਬਾਹਰਿ ਏਕੋ ਵੇਖੈ
ਵਿਚਹੁ ਭਰਮੁ ਚੁਕਾਏ॥੧੧॥

*(ਰਾਮਕਲੀ ਮ: ੩, ਪੰਨਾ ੯੦੯)*

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥

*(ਬਿਹਾਗੜਾ ਮ: ੫, ਪੰਨਾ ੫੩੭)*

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ
ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੧॥

*(ਸੂਹੀ ਮ: ੧, ਪੰਨਾ ੭੩੦)*

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ
ਸਤਿਗੁਰ ਕੈ ਉਪਦੇਸਿ॥੬੪॥

*(ਸਲੋਕੁ ਮ: ੩, ਪੰਨਾ ੧੪੨੧)*

ਜਿਥੇ ਗੁਰਮੁਖਾ ਨੂੰ ਗੁਰਬਾਣੀ ਵਿਚੋਂ ਜੋਗ ਬਾਰੇ ਜਾਣਕਾਰੀ ਮਿਲੀ ਹੈ, ਉਥੇ ਤਿਲਕ ਸੰਬੰਧੀ ਭੀ ਉਨ੍ਹਾਂ ਦੇ ਪੜ੍ਹਨ ਵਿਚ ਇਸੇ ਤਰ੍ਹਾਂ ਆਇਆ ਹੈ, ਜਿਵੇਂ ਕਿ:

ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ॥
ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ॥

*(ਡਖਣੇ ਮ: ੫, ਪੰਨਾ ੧੦੯੯)*

ਤਿਲਕੁ ਚੜਾਵੈ ਪਾਈ ਪਾਇ॥
ਲੋਕ ਪਚਾਰਾ ਅੰਧੁ ਕਮਾਇ॥੨॥

*(ਰਾਮਕਲੀ ਮ: ੫, ਪੰਨਾ ੮੮੮)*

ਇਸੇ ਤਰ੍ਹਾਂ ਹਰ ਤਰ੍ਹਾਂ ਦੀ ਪ੍ਰੇਰਨਾ ਉਨ੍ਹਾਂ ਨੂੰ ਗੁਰਬਾਣੀ ਵਿਚੋਂ ਹੀ ਮਿਲਦੀ ਹੈ, ਜਿਸਦੇ ਆਧਾਰਿਤ ਹੋ ਉਹ ਆਪਣਾ ਜੀਵਨ ਸੰਸਾਰ ਦੇ ਕਰਮ-ਕਾਂਡ ਜਾਂ ਲੋਕ-ਦਿਖਾਵੇ ਲਈ ਵਿਅਰਥ ਨਹੀਂ ਗਵਾਉਂਦੇ।

ਪ੍ਰ: ਭਾਈ ਸਾਹਿਬ ਜੀਉ! ਗੁਰਮੁਖਾਂ ਦੇ ਨਿਸਚੇ ਬਾਰੇ ਤੁਹਾਡਾ ਆਪਣਾ ਕੀ ਨਿਸਚਾ ਹੈ?

(੧) ਉ: (ਹੇ ਭਾਈਓ! ਮੈਂ ਤਾਂ ਇਉਂ ਹੀ ਤੱਕਿਆ ਹੈ ਕਿ ਉਹ ਗੁਰਮੁਖ) ਜੋਗੀਆਂ ਦੇ ੧੨ ਪੰਥਾਂ ਨੂੰ ਸੋਧ ਕੇ (ਗੁਰੂ ਦੇ ਸਮਝਾਏ) ਗਾਡੀ ਰਾਹ 'ਤੇ ਹੀ ਚਲਦੇ ਹਨ।

(੨) ਸੂਰਜ ੧੨ ਮਹੀਨਿਆਂ ਵਿਚ (ਸ੍ਰਿਸ਼ਟੀ ਆਲੇ ਦੁਆਲੇ ਭੌਂਦਾ ਹੈ, ਪਰ) ਚੰਦ੍ਰਮਾ ਇਕ ਮਹੀਨੇ ਵਿਚ ਹੀ ਪ੍ਰਦਖਣਾ ਕਰ ਲੈਂਦਾ ਹੈ (ਭਾਵ ਜੋ ਕੰਮ ਤਾਮਸੀ ਨਾਲ ਕਰੇ, ਉਹ ਸਤੋ ਗੁਣ, ਸ਼ਾਂਤੀ ਤੇ ਮਿੱਠੇ ਸੁਭਾਅ ਨਾਲੋਂ ੧੨ ਗੁਣਾਂ ਵੱਧ ਸਮੇਂ ਵਿਚ ਮੁਸ਼ਕਿਲ ਨਾਲ ਹੁੰਦਾ ਹੈ)।

(੩) ਬਾਰਾਂ—ਮਨ, ਬੁੱਧ ਤੇ ਇੰਦ੍ਰੇ, ਸੋਲਾਂ—ਮਨ ਤੱਤ ਤੇ ਪ੍ਰਾਣਾਂ ਨੂੰ ਇਕੱਠੇ ਕਰ ਕੇ ਇਕ ਸਤੋ ਗੁਣੀ ਘਰ ਵਿਚ ਜਾ ਸਮਾਇਆ (ਭਾਵ ਤਾਮਸੀ ਤੇ ਹੋਰ ਔਗੁਣਾਂ ਨੂੰ ਮੇਟ ਦਿੱਤਾ ਹੈ)।

(੪) ਜੋਗੀ ਪੰਥਾਂ ਦੇ ੧੨ ਤਿਲਕ (ਨਿਸ਼ਾਨਾਂ) ਨੂੰ ਮੇਟ ਕੇ, ਗੁਰਮੁਖ ਦੇ ਮੱਥੇ 'ਤੇ ਇਕੋ ਨੀਸਾਣ (ਗੁਰਮੁਖਤਾਈ) ਵੱਧ ਚੜ੍ਹ ਕੇ ਪ੍ਰਗਟ ਹੋ ਜਾਂਦਾ ਹੈ।

(੫) ੧੨ ਰਾਸਾਂ (ਕੁੰਭ, ਮੇਖ, ਬਿਰਖ ਆਦਿ ਦੀਆਂ ਵੀਚਾਰਾਂ) ਨੂੰ ਸਾਧ ਜਿੱਤ ਕੇ (ਛੱਡ ਕੇ) ਇਕੋ ਸੱਚੀ ਰਾਸ (ਹਰਿ ਧਨ ਦੀ) ਰਹਰਾਸਿ (ਰਹੁ-ਰੀਤੀ) ਕੀਤੀ ਹੈ।

(੬) ਇਸ ਗੁਰਮਤਿ (ਰਹੁ-ਰੀਤੀ 'ਤੇ ਚਲ ਕੇ) ਬਾਰਾਂ ਵੰਨੀਆਂ ਦਾ ਹੋਕੇ (ਮੁਕੰਮਲ ਸ਼ੁੱਧ ਹੋ ਕੇ) ਫਿਰ ਬਾਰਾਂ ਮਾਸੇ ਦਾ ਤੋਲਾ ਹੋ ਕੇ ਤੋਲ ਤੇ ਤੁਲਾਇਆ ਜਾਂਦਾ ਹੈ।

(੭) ਪਾਰਸ (ਸੱਚੀ ਗੁਰਮਤਿ ਰਹੁ-ਰੀਤੀ ਤੇ ਗੁਰ ਉਪਦੇਸ਼) ਨਾਲ ਲੱਗ ਕੇ (ਗੁਰਮੁਖ ਆਪ) ਪਾਰਸ ਦਾ ਰੂਪ ਬਣ ਜਾਂਦੇ ਹਨ।੧੨।

## ੧੩. ਤੇਰਾਂ ਦੀ ਗਿਣਤੀ ਵਿਚ ਗੁਰਮੁਖ ਦੀ ਰਹਿਣੀ

੧. ਤੇਰਹ ਤਾਲ ਅਊਰਿਆ
ਗੁਰਮੁਖ ਸੁਖ ਤਪ ਤਾਲ ਪੁਰਾਯਾ।
੨. ਤੇਰਹ ਰਤਨ ਅਕਾਰਥੇ
ਗੁਰ ਉਪਦੇਸ਼ ਰਤਨ ਧਨ ਪਾਯਾ।
੩. ਤੇਰਹ ਪਦ ਕਰ ਜੱਗ ਵਿੱਚ
ਪਿਤਰ ਕਰਮ ਕਰ ਭਰਮ ਭੁਲਾਯਾ।
੪. ਲਖ ਲਖ ਜੱਗ ਨ ਪੁਜਨੀ
ਗੁਰਸਿਖ ਚਰਣੋਦਕ ਪੀਆਯਾ।
੫. ਜੱਗ ਭੋਗ ਨਈਵੇਦ ਲੱਖ
ਗੁਰਮੁਖ ਮੁਖ ਇਕ ਦਾਣਾ ਪਾਯਾ।
੬. ਗੁਰਭਾਈ ਸੰਤੁਸ਼ਟ ਕਰ
ਗੁਰਮੁਖ ਸੁਖ ਫਲ ਪਿਰਮ ਚਖਾਯਾ।
੭. ਭਗਤ ਵਛਲ ਹੋਇ ਅਛਲ ਛਲਾਯਾ ॥੧੩॥

*ਪਦ ਅਰਥ :* ਅਊਰਿਆ—ਊਰੇ ਹਨ, ਘਟ ਹਨ। ਅਕਾਰਥੇ—ਨਿਸਫਲ। ਸੰਤੁਸ਼ਟ—ਤ੍ਰਿਪਤ। ਅਛਲ ਛਲਾਯਾ—ਨਾ ਛਲੇ ਜਾਣਾ ਵਾਲਾ ਹੈ, ਪਰ ਭਗਤਾਂ ਕੋਲੋਂ ਛਲਵਾ ਲੈਂਦਾ ਹੈ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਪੁਰਾਤਨ ਪੁਸਤਕਾਂ ਵਿਚੋਂ ਜੋ ਤੇਰਾਂ ਦੀ ਗਿਣਤੀ ਆਉਂਦੀ ਹੈ, ਇਨ੍ਹਾਂ ਵਿਚ ਗ੍ਰੰਥ ਕਾਰਾਂ ਨੇ ਪੂਰਨਤਾ ਮੰਨੀ ਹੈ, ਜਿਵੇਂ ਕਿ ਤੇਰਾਂ ਤਾਲ, ਤੇਰਾਂ ਤਰਨ, ਜਗ ਕਰਨ ਦੇ ਤੇਰਾਂ ਕਰਮ-ਕਾਂਡ ਆਦਿ ਦੀ ਗਿਣਤੀ ਆਉਂਦੀ ਹੈ, ਪਰ ਇਨ੍ਹਾਂ ਦੇ ਸੰਬੰਧ ਵਿਚ ਗੁਰਮੁਖਾਂ ਦੇ ਕੀ ਵੀਚਾਰ ਹਨ ? ਕੀ ਗੁਰਮੁਖ ਭੀ ਇਨ੍ਹਾਂ ਪੁਰਾਤਨ ਗ੍ਰੰਥਕਾਰਾਂ ਦੇ ਖ਼ਿਆਲਾਂ ਨਾਲ ਹੀ ਸਹਿਮਤ ਹਨ, ਜਾਣਕਾਰੀ ਦਿਓ ?

ਉ: ਹੇ ਭਾਈਓ ! ਪੁਰਾਤਨ ਸੰਗੀਤ ਅਚਾਰੀਆਂ ਨੇ ਰਾਗ ਦੇ ਤੇਰਾਂ ਤ਼ਾਲਾਂ ਵਿਚ ਪੂਰਨਤਾ ਮੰਨੀ ਹੈ, ਪਰ ਗੁਰਮੁਖ ਇਨ੍ਹਾਂ ਦੇ ਖ਼ਿਆਲਾਂ ਨਾਲ ਸਹਿਮਤ ਨਹੀਂ, ਗੁਰਮੁਖਾਂ ਨੇ ਇਨ੍ਹਾਂ ਤੇਰਾਂ ਤਾਲਾਂ ਨੂੰ ਨਾ-ਮੁਕੰਮਲ ਦਰਸਾਇਆ ਹੈ। ਉਨ੍ਹਾਂ ਭਗਤ ਜਨਾਂ ਨੇ ਤਾਂ ਪੂਰਨਤਾ ਕੇਵਲ ਭਗਤੀ ਵਿਚ ਹੀ ਮੰਨੀ ਹੈ, ਉਨ੍ਹਾਂ ਗੁਰਮੁਖਾਂ ਨਾਲ ਹੋਏ ਵੀਚਾਰ ਵਿਟਾਂਦਰਿਆਂ ਰਾਹੀਂ ਜੋ ਮੇਰੇ ਅੰਤਰ ਆਤਮੇ ਭਾਵਨਾਂ ਉਪਜੀਆਂ ਹਨ ਮੈਂ ਉਨ੍ਹਾਂ ਨੂੰ ਚੰਦ ਸਤਰਾਂ ਵਿਚ ਅੰਕਤ ਕਰਨ ਦਾ ਜਤਨ ਕੀਤਾ ਹੈ, ਜਿਵੇਂ ਕਿ :

(੧) (ਹੇ ਸਜਨੋਂ ! ਆਮ ਲੋਕਾਂ ਦੀ ਪੜਚੋਲ ਅਨੁਸਾਰ) ਇਹ ਰਾਗ ਦੇ ਤੇਰਾਂ ਤਾਲਾਂ ਨੂੰ ਭਾਵੇਂ ਮੁਕੰਮਲ ਤਾਲ ਕਿਹਾ ਜਾਂਦਾ ਹੈ, ਪਰ ਇਹ ਗੁਰਮੁਖਾਂ ਦੀ ਦ੍ਰਿਸ਼ਟੀ ਵਿਚ ਨਾ-ਮੁਕੰਮਲ ਹਨ, ਕੇਵਲ ਗੁਰਮੁਖ ਹੀ ਹਨ ਜਿਨ੍ਹਾਂ ਨੇ ਸੁਖਾਂ ਦਾ ਤਾਲ ਪ੍ਰਭੂ ਭਗਤੀ ਨਾਲ ਪੂਰਾ ਕੀਤਾ ਹੈ (ਭਾਵ ਮੁਕੰਮਲਤਾਈ ਭਗਤੀ ਵਿਚ ਹੀ ਹੈ)।

ਪ੍ਰ: ਭਾਈ ਸਾਹਿਬ ਜੀਉ ! ਸਾਰੇ ਸੰਸਾਰ ਵਿਚ ਤੇਰਾਂ ਰਤਨਾਂ ਨੂੰ ਮਹਾਨਤਾ ਦਿੱਤੀ ਜਾਂਦੀ ਹੈ, ਇਨ੍ਹਾਂ ਬਾਰੇ ਗੁਰਮੁਖਾਂ ਦੀ ਦ੍ਰਿਸ਼ਟੀ ਕਿਵੇਂ ਹੈ ?

(੨) ਉ: ਹੇ ਭਾਈ ! ਇਹ ਤੇਰਾਂ ਰਤਨ (ਲੋਕਾਂ ਨੇ ਭਾਵੇਂ ਵੱਡੀਆਂ ਕੀਮਤਾਂ ਵਾਲੇ ਮੰਨੇ ਹਨ, ਪਰ ਗੁਰਮੁਖਾਂ ਦੀ ਦ੍ਰਿਸ਼ਟੀ ਵਿਚ ਇਹ ਸਭ) ਵਿਅਰਥ ਹਨ (ਇਨ੍ਹਾਂ ਦੇ ਮੁਕਾਬਲੇ ਵਿਚ) ਗੁਰੂ ਦਾ ਉਪਦੇਸ਼ ਰੂਪ ਰਤਨ ਵੱਡਾ ਧਨ ਹੈ, (ਜੋ ਗੁਰਮੁਖਾਂ ਨੇ) ਪ੍ਰਾਪਤ ਕੀਤਾ ਹੈ।

ਪ੍ਰ: ਕਿਉਂ ਜੀ ! ਸੰਸਾਰ ਵਿਚ ਜੱਗ ਕਰਨ ਦੇ ਤੇਰਾਂ ਤਰ੍ਹਾਂ ਦੇ ਕਰਮ-ਕਾਂਡ ਨੂੰ ਮਹਾਨਤਾ ਦਿੱਤੀ ਗਈ ਹੈ, ਇਨ੍ਹਾਂ ਬਾਰੇ ਗੁਰਮੁਖਾਂ ਦੀ ਵੀਚਾਰਧਾਰਾ ਕੀ ਹੈ ?

(੩) ਉ: (ਹੇ ਪਿਆਰੇ ! ਇਹ ਤਾਂ ਆਮ ਵੇਖਣ ਵਿਚ ਆਉਂਦਾ ਹੈ ਕਿ ਸੰਸਾਰ ਵਿਚ ਜੱਗ ਕਰਨ ਦੇ) ਤੇਰਾਂ ਤਰ੍ਹਾਂ ਦੇ ਕਰਮ-ਕਾਂਡ ਪਿਤਰ ਕਰਮ ਆਦਿ ਬਣਾ ਕੇ (ਕਰਮ-ਕਾਂਡੀਆਂ ਨੇ ਸਭ ਨੂੰ) ਭਰਮਾਂ ਵਿਚ ਪਾ ਕੇ ਕੁਰਾਹੇ ਪਾ ਦਿੱਤਾ ਹੈ।

(੪) ਪਰ, ਗੁਰੂ ਸਾਹਿਬ ਦੇ ਸਿੱਖਾਂ ਦੇ ਚਰਨਾਂ ਦਾ ਜਲ ਪਾਨ ਕਰਨ ਨਾਲ ਲੱਖਾਂ ਜੱਗ ਵੀ ਨਹੀਂ ਪੁੱਜ ਸਕਦੇ ਜਿਸਨੂੰ ਗੁਰਸਿੱਖ ਪੀ ਕੇ (ਅਗਮ) ਨਿਗਮ ਦੀ ਸੋਝੀ ਵਾਲੇ ਹੋ ਜਾਂਦੇ ਹਨ (ਭਾਵ ਗੁਰਸਿੱਖਾਂ ਦੇ ਚਰਣੋਦਕ ਦੀ ਮਹਾਨਤਾ ਤੀਕ ਲੱਖਾਂ ਜਗ ਵੀ ਨਹੀਂ ਪੁੱਜ ਸਕਦੇ।

ਪ੍ਰ: ਭਾਈ ਸਾਹਿਬ ਜੀਉ ! ਜੱਗ ਤੇ ਭੋਜਨ ਦੇ ਭੰਡਾਰਿਆਂ ਦਾ ਫਲ ਵਧੇਰੇ ਪ੍ਰਾਪਤ ਹੁੰਦਾ ਸੁਣੀਦਾ ਹੈ, ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ ?

(੫) ਉ: (ਹੇ ਭਾਈਓ ! ਜਿਥੇ ਤੱਕ ਮੈਂ ਗੁਰਮਤ ਨੂੰ ਪੜਚੋਲਿਆ ਹੈ ਮੈਨੂੰ ਤਾਂ ਇਉਂ ਹੀ ਪ੍ਰਤੀਤ ਹੋਇਆ ਹੈ ਕਿ) ਲੱਖਾਂ ਜੱਗਾਂ ਤੇ ਭੋਜਨ ਦੇ ਭੰਡਾਰਿਆਂ ਦਾ ਫਲ (ਤਾਂ) ਗੁਰਸਿੱਖ ਦੇ ਮੂੰਹ ਵਿਚ ਇਕ ਦਾਣਾ (ਭਾਵ ਰੁੱਖਾ

ਮਿੱਸਾ) ਪਾਉਣ ਨਾਲ ਮਿਲ ਜਾਂਦਾ ਹੈ।

(੬) ਹੇ ਭਾਈ! ਗੁਰਮੁਖ, ਗੁਰਸਿੱਖ ਭਾਈਆਂ ਨੂੰ ਪ੍ਰਸੰਨ ਕਰਕੇ, ਸੁਖਾਂ ਦੇ ਫਲ ਤੇ ਵੱਡੇ ਪ੍ਰੇਮ ਰਸ ਨੂੰ ਚੱਖਦੇ ਹਨ।

ਪ੍ਰ: ਕਿਉਂ ਜੀ! ਅਜਿਹੇ ਪੂਰਨ ਭਗਤਾਂ ਸੰਬੰਧੀ, ਉਸ ਭਗਤ ਵਛਲ ਭਗਵਾਨ ਦੇ ਅੰਦਰ ਕਿਤਨਾ ਕੁ ਪਿਆਰ ਹੈ?

(੭) ਉ: ਹੇ ਪਿਆਰੇ! (ਉਸ) ਭਗਤਾਂ ਦੇ ਸਹਾਈ ਹੋਣ ਕਰਕੇ ਭਗਵਾਨ ਜੀ ਪ੍ਰੇਮ ਦੇ ਅਧੀਨ ਹੋ ਕੇ, ਆਪੇ ਹੀ ਆਪਣੇ ਆਪ ਨੂੰ ਭਗਤਾਂ ਕੋਲੋਂ ਛਲਾ ਲੈਂਦੇ ਹਨ।੧੩।

***ਨੋਟ:*** ਤੇਰਾਂ ਰਤਨ—੧. ਲਛਮੀ, ੨. ਰੰਭਾ, ੩. ਵੇਦ, ੪. ਵਿਖ, ੫. ਸੁਰਾ, ੬. ਸੁਧਾ, ੭. ਦ੍ਰੁਮ, ੮. ਬਾਜ, ੯. ਸੰਖ, ੧੦. ਧਨੁਖ, ੧੧. ਗੌ, ੧੨. ਗਜ, ੧੩. ਮਣਿ, ੧੪. ਦ੍ਵਿਜਰਾਜ।

ਇਨ੍ਹਾਂ ੧੪ ਰਤਨਾਂ ਵਿਚੋਂ 'ਵਿਖ' ਰਤਨ ਨਹੀਂ ਹੈ, ਇਸ ਲਈ ੧੩ ਰਤਨ ਕਹੇ ਹਨ।

## ੧੪. ੧੪, ੧੫ ਤੇ ੧੬ ਦੀ ਗਿਣਤੀ ਦਾ ਗੁਰਮੁਖ

**੧. ਚਉਦਹ ਵਿੱਦਿਆ ਸਾਧ ਕੈ**
**ਗੁਰਮਤ ਅਬਗਤਿ ਅਕਥ ਕਹਾਣੀ।**
**੨. ਚਉਦਹ ਭਵਣ ਉਲੰਘ ਕੈ**
**ਨਿਜ ਘਰ ਵਾਸ ਨੇਹੁ ਨਿਰਬਾਣੀ।**
**੩. ਪੰਦ੍ਰਹ ਥਿੱਤੀ ਪੱਖ ਇਕ**
**ਕ੍ਰਿਸ਼ਨ ਸ਼ੁਕਲ ਦੁਇ ਪੱਖ ਨੀਸ਼ਾਣੀ।**
**੪. ਸੋਲਹ ਸਾਰ ਸੰਘਾਰ ਕਰ**
**ਜੋੜਾ ਜੁੜਿਆ ਨਿਰਭਉ ਜਾਣੀ।**
**੫. ਸੋਲਹ ਕਲਾ ਸੰਪੂਰਣੋ**
**ਸਸਿ ਘਰ ਸੂਰਜ ਵਿਰਤੀ ਹਾਣੀ।**
**੬. ਨਾਰਿ ਸੋਲਹ ਸੀਂਗਾਰ ਕਰ**
**ਸੇਜ ਭਤਾਰ ਪਿਰਮ ਰਸ ਮਾਣੀ।**
**੭. ਸਿਵ ਤੇ ਸ਼ਕਤਿ ਸਤਿਰਹ ਵਾਣੀ ॥੧੪॥**

***ਪਦ ਅਰਥ:*** ਅਬਗਤਿ—ਹਾਲਤ, ਗਤੀ ਤਾਂ ਪਰ੍ਹੇ ਨਿਰਬਾਣੀ—ਅਟੁੱਟ ਸਹਿਜ ਪਦ, ਨਿਰਬੰਧਨ ਹੋਏ। ਕ੍ਰਿਸਨ ਸੁਕਲ—ਕਾਲਾ ਤੇ ਚਿੱਟਾ। ਸਾਰ—ਨਰਦਾਂ। ਹਾਣੀ—ਹਾਣਤਾ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਅੱਗੇ ਚੌਦਾਂ ਦੀ ਗਿਣਤੀ ਅਰੰਭ ਹੋ ਜਾਂਦੀ ਹੈ, ਜਿਵੇਂ ਕਿ ਚੌਦਾਂ ਤਰ੍ਹਾਂ ਦੀ ਵਿਦਿਆ, ਚੌਦਾਂ ਭਵਨ, ਇਨ੍ਹਾਂ ਬਾਰੇ ਗੁਰਮੁਖਾਂ ਦੀ ਵੀਚਾਰਧਾਰਾ ਦੀ ਰੂਪ ਰੇਖਾ ਕਿਸ ਪ੍ਰਕਾਰ ਹੈ?

ਉ: ਹੇ ਭਾਈ! ਮੈਨੂੰ ਤਾਂ ਗੁਰਮੁਖਾਂ ਨਾਲ ਵੀਚਾਰ ਵਿਟਾਂਦਰਾ ਕਰਨ ਤੋਂ ਉਨ੍ਹਾਂ ਦੀ ਮਾਨਸਿਕ ਅਵੱਸਥਾ ਜੋ ਮੈਨੂੰ ਪ੍ਰਤੀਤ ਹੋਈ ਹੈ, ਉਸਨੂੰ ਮੈਂ ਚੰਦ ਪੰਗਤੀਆਂ ਵਿਚ ਅੰਕਤ ਕਰਨ ਦਾ ਨਾਮ ਮਾਤ੍ਰ ਯਤਨ ਕੀਤਾ ਹੈ, ਉਸਦੀ ਸਹੀ ਰੂਪ ਰੇਖਾ ਨੂੰ ਕਥਨ ਕਰਨਾ ਤਾਂ ਕਠਨ ਹੈ, ਜਿਵੇਂ ਕਿ:

(੧) (ਹੇ ਭਾਈਓ! ਮੈਂ ਤਾਂ ਤੱਕਿਆ ਹੈ ਕਿ ਗੁਰਮੁਖ ਲੋਕ) ਚੌਦਾਂ ਤਰ੍ਹਾਂ ਦੀ ਵਿਦਿਆ ਨੂੰ ਜਿੱਤ ਕੇ ਗੁਰਮਤ ਦੀ ਨ ਚਲਾਇਮਾਨ ਹੋਣ ਵਾਲੀ ਅਕੱਥ ਕਥਾ ਦੀ ਕਹਾਣੀ ਵਿਚ ਪੁੱਜ ਗਏ ਹਨ।

(੨) ਇਸੇ ਤਰ੍ਹਾਂ ਚੌਦਾਂ ਭਵਨਾਂ ਨੂੰ ਲੰਘ ਕੇ ਆਪਣੇ ਸ੍ਵੈ-ਸਰੂਪ ਵਿਚ, ਪ੍ਰੇਮ ਰਸ ਵਾਲੇ, ਨਿਰਬਾਣ (ਸਹਿਜ) ਪਦ ਨੂੰ ਧਾਰਨ ਕਰਕੇ ਜਾ ਵੱਸਦੇ ਹਨ।

ਪ੍ਰ: ਭਾਈ ਸਾਹਿਬ ਜੀਉ! ਅੱਗੇ ਪੰਦ੍ਹਾਂ ਦੀ ਗਿਣਤੀ ਅਰੰਭ ਹੋ ਜਾਂਦੀ ਹੈ, ਇਨ੍ਹਾਂ ਦੇ ਸੰਬੰਧ ਵਿਚ ਗੁਰਮੁਖਾਂ ਦੇ ਕੀ ਵੀਚਾਰ ਹਨ?

(੩) ਉ: ਹੇ ਭਾਈ! ਵੇਖੋ, ਇਕ ਪੱਖ ਵਿਚ ਪੰਦਰਾਂ ਥਿੱਤਾਂ ਹਨ (ਤੇ ਮਹੀਨੇ ਵਿਚ) ਦੋ ਪੱਖ ਹਨ (ਇਕ) ਸ਼ੁਕਲ, (ਦੂਜਾ) ਕ੍ਰਿਸ਼ਨ।

(੪) ਸੋਲਾਂ ਨਰਦਾਂ ਨੂੰ ਮਾਰ ਕੇ ਜਦ ਜੋੜਾ ਹੋਇਆ ਤਦ ਜਨਮ ਮਰਣ ਦੇ, ਭਉ ਥੋਂ ਰਹੇ (ਭਾਵ ਈਸ਼ਰ ਦੇ ਨਾਲ ਮਿਲੇ ਤਦ ਚੌਰਾਸੀ ਦੇ ਫੇਰੇ ਤੋਂ ਨਿਰਭਉ ਹੋ ਗਏ)।

(੫) ਸੋਲਾਂ ਕਲਾਂ ਸੰਪੂਰਨ ਹੋਣ ਮਗਰੋਂ (ਜਦੋਂ) ਚੰਦ੍ਰਮਾ ਸੂਰਜ ਘਰ ਵਿਚ ਦਾਖ਼ਲ ਹੋਇਆ, ਪੂਰਨਮਾਸ਼ੀ ਮਗਰੋ ਚੰਦ੍ਰਮਾ ਦਾ ਹਨੇਰਾ ਪੱਖ ਲਗਦਾ ਹੈ ਭਾਵ ਹੈ ਕਿ ਚੰਦ੍ਰਮਾ ਦਿਨੇ ਸੂਰਜ ਦੇ ਘਰ ਜਾਣਾ ਸ਼ੁਰੂ ਹੋ ਜਾਂਦਾ ਹੈ, ਤੇ ਸੂਰਜ ਦੇ ਤੇਜ ਵਿਚ ਦਿਸਦਾ ਨਹੀਂ, ਭਾਵ ਉਸਨੂੰ (ਦੂਜੇ ਘਰ ਵਿਚ ਜਾਣ ਕਰਕੇ ਘਾਟਾ ਵਰਤ ਜਾਂਦਾ ਹੈ)।

(੬) (ਇਸੇ ਤਰ੍ਹਾ) ਇਸਤ੍ਰੀ (ਜਗਿਆਸੂ ਦੇ ਰੂਪ ਵਿਚ) ਸੋਲਾਂ

(ਭਗਤੀ ਦੇ ਗੁਣਾਂ ਨੂੰ) ਸਿੰਗਾਰ ਕਰਕੇ (ਹਿਰਦੇ ਮੰਦਰ) ਦੀ ਸੇਜਾ ਤੇ ਪਿਆਰੇ (ਪ੍ਰਭੂ ਦਾ ਪ੍ਰੇਮ) ਅਨੰਦ ਮਾਣਦੀ (ਸ੍ਰੈ-ਪਦ ਵਿਚ ਪੁਜਦੀ) ਹੈ।

(੭) ਸ਼ਿਵ ਤੇ ਸ਼ਕਤੀ ਦੀਆਂ ੧੭ ਬਾਣੀਆਂ ਹਨ। (ਸਕਤ—ਮਾਇਆ ਦੀਆਂ ਸੋਲਾਂ ਕਲਾ ਹਨ—ਪ੍ਰਾਣਾਂ ਦੀਆਂ ੧੦, ੫ ਤੱਤ ਤੇ ਇਕ ਮਨ) ਸ਼ਿਵ (ਪ੍ਰਭੂ) ਦੀ ਇਕੋ ਕਲਾ (ਏਕਤਾ) ਹੈ। ਉਹ ਉਸਨੂੰ ਸਮੇਟ ਕੇ ਫਿਰ ਇਕ ਦਾ ਇਕ ਹੋ ਜਾਂਦਾ ਹੈ। ਇਸ ਤਰ੍ਹਾਂ ੧੭ ਸ਼ਕਤੀਆਂ ਹਨ।

*ਭਾਵਾਰਥ:* ਗੁਰਮੁਖਾਂ ਦੀ ਗਿਣਤੀ ਵਿਚ ਇਹ ਜੋ ਚੌਦਾਂ, ਪੰਦ੍ਹਾਂ ਤੇ ਸੋਲਾਂ ਦੀ ਗਿਣਤੀ ਹੈ, ਇਹਨਾਂ ਸਭਨਾਂ ਵਿਚ ਇਕੋ ਉਸ ਪਰਮੇਸ਼ਰ ਦੀ ਕਲਾ ਵਰਤਦੀ ਹੈ, ਉਨ੍ਹਾਂ ਗੁਰਮੁਖਾਂ ਦੀ ਮਾਨਸਿਕ ਅਵਸਥਾ ਉਸੇ ਵਿਚ ਮਗਨ ਰਹਿੰਦੀ ਹੈ।

## ੧੫. ੧੮ ਤੋਂ ੩੪ ਤੀਕ ਦੀ ਗਿਣਤੀ ਵਿਚ ਗੁਰਮੁਖ ਨਿਰਲੇਪ

**੧. ਗੋਤ ਅਠਾਰਹ ਸੋਧ ਕੈ**
**ਪੜ੍ਹੇ ਪੁਰਾਣ ਅਠਾਰਹ ਭਾਈ।**
**੨. ਉੱਨੀ ਵੀਹ ਇਕੀਹ ਲੰਘ**
**ਬਾਈ ਉਮਰੇ ਸਾਧ ਨਿਵਾਈ।**
**੩. ਸੰਖ ਅਸੰਖ ਲੁਟਾਇ ਕੈ**
**ਤੇਈ ਚੌਵੀ ਪੰਝੀ ਪਾਈ।**
**੪. ਛੱਬੀ ਜੋੜ ਸਤਾਈਆਂ**
**ਆਣ ਅਠਾਈ ਮੇਲ ਮਿਲਾਈ।**
**੫. ਉਲੰਘ ਉਣੱਤੀਹ ਤੀਹ ਸਾਧ**
**ਲੰਘੇ ਇਕਤੀਹ ਵਜੀ ਵਧਾਈ।**
**੬. ਸਾਧ ਸੁਲੱਖਣ ਬੱਤੀਏ**
**ਤੇਤੀਹ ਧ੍ਰੂ ਚਉਫੇਰ ਫਿਰਾਈ।**
**੭. ਚਉਤੀਹ ਲੇਖ ਅਲੇਖ ਲਖਾਈ ॥੧੫॥**

*ਪਦ ਅਰਥ:* ਗੋਤ—ਵਰਣ। ਉੱਨੀ—੧੮ ਵਰਣ ਉਨੀਵਾਂ ਮਨਮੁਖ। ਵੀਹ—ਤਿੰਨ ਬਿਸੀਆ, ਅਥਵਾ ਵੀਹ ਵਿਸਵੇ ਪੂਰਾ। ਉਮਰੇ—ਸੂਬੇ, ਉਮਰਾਉ।

### ਅਰਥ:

ਪ੍ਰ: ਭਾਈ ਸਾਹਿਬ ਜੀਉ! ਗਿਣਤੀ ਤਾਂ ਅੱਗੇ ਵੀ ਚਲਦੀ ਹੈ ਜਿਵੇਂ ਕਿ ਅਠਾਰਾਂ ਵਰਣ (ਬ੍ਰਾਹਮਣ, ਖੱਤ੍ਰੀ, ਸੂਦ੍ਰ, ਵੈਸ਼ ਤੇ ੬ ਅਨਲੋਮ ਅਰਥਾਤ ੧. ਬ੍ਰਾਹਮਣ ਖੱਤ੍ਰੀਯ, ੨. ਬ੍ਰਾਹਮਣ ਵੈਸ਼ੀਯ, ੩. ਬ੍ਰਾਹਮਣ ਸ਼ੂਦ੍ਰੀਯ, ੪. ਖੱਤ੍ਰੀ ਵੈਸੀਯ, ੫. ਖੱਤ੍ਰੀ ਸ਼ੂਦ੍ਰੀਯ, ੬. ਵੈਸ਼ ਸੂਦ੍ਰੀਯ ਤੇ ਪ੍ਰਤਿਲੋਮ ਅਰਥਾਤ ਉਲਟਾ ਵਰਣ ਜਿਹਾ ਕਿ ੧. ਸੂਦ੍ਰ ਬ੍ਰਾਹਮਣੀਯ, ੨. ਸ਼ੂਦ੍ਰ ਖੱਤ੍ਰੀਯ, ੩. ਸ਼ੂਦ੍ਰ ਵੈਸ਼ੀਯ, ੪. ਵੈਸ਼ ਬ੍ਰਾਹਮਣੀਯ, ੫. ਵੈਸ਼ ਖੱਤ੍ਰੀਯ, ੬. ਖੱਤ੍ਰੀਯ ਬ੍ਰਾਹਮਣੀਯ, "ਗੋਲ" ਕੁਆਰੀ ਦਾ ਪੁੱਤ੍ਰ "ਗੁੰਡ" ਵਿਧਵਾ ਦਾ ਪੁੱਤ੍ਰ)। ਅਤੇ ਅਠਾਰਾਂ ਪੁਰਾਨ, ਇੱਕੀ ਪੁਰੀਆਂ ਆਦਿ ਦੀ ਸੰਖਯਾ ਚਲਦੀ ਹੈ, ਪਰ ਇਨ੍ਹਾਂ ਦੇ ਸੰਬੰਧ ਵਿਚ ਗੁਰਮੁਖਾਂ ਦੇ ਕੀ ਵੀਚਾਰ ਹਨ, ਇਨ੍ਹਾਂ ਬਾਰੇ ਤੁਸੀਂ ਆਪਣੇ ਵੀਚਾਰ ਦਰਸਾਓ?

ਉ: ਹੇ ਭਾਈਓ! ਉਂਞ ਭਾਵੇਂ ਸੰਸਾਰਕ ਗਿਣਤੀ ਭੀ ਅੱਗੇ ਤੋਂ ਅੱਗੇ ਚਲਦੀ ਹੈ, ਪਰ ਆਖ਼ਰ ਵਿਚ ਦਿਸਦੀ ਗਿਣਤੀ ਦਾ ਕਿਸੇ ਥਾਂ ਪਰ ਜਾ ਕੇ ਅੰਤ ਹੋ ਹੀ ਜਾਂਦਾ ਹੈ, ਪਰ ਗੁਰਮੁਖਾਂ ਦੀ ਜਿਤਨੀ ਕੁ ਮੈਨੂੰ ਨੇੜਤਾ ਹੋਈ ਹੈ ਉਨ੍ਹਾਂ ਦੀ ਮਾਨਸਿਕ ਅਵੱਸਥਾ ਦੀ ਚੜ੍ਹਾਈ ਅੱਗੇ ਤੋਂ ਅੱਗੇ ਚੜ੍ਹਦੀ ਕਲਾ ਵਿਚ ਹੀ ਨਜ਼ਰ ਆਈ ਹੈ। ਜਿਸ ਵਿਚੋਂ ਮੈਂ ਰੰਚਕ-ਮਾਤ੍ਰ ਚੰਦ ਸਤਰਾਂ ਵਿਚ ਅੰਕਿਤ ਕਰਨ ਦਾ ਜਤਨ ਕੀਤਾ ਹੈ:

(੧) (ਹੇ ਭਾਈਓ! ਗੁਰਮੁਖਾਂ ਨੇ) ਅਠਾਰਾਂ ਜਾਤਾਂ-ਗੋਤਾਂ ਨੂੰ ਸੋਧ ਸਾਧ ਕੇ, ਅਠਾਰਾਂ ਪੁਰਾਣਾਂ ਨੂੰ ਵੀ ਪੜ੍ਹ ਲੀਤਾ ਹੈ।

(੨) (ਇਥੇ ਹੀ ਬੱਸ ਨਹੀਂ ਉਹ) ਸਾਧ ਲੋਕ 'ਉੱਨੀ' (ਦਸ ਦਿਸ਼ਾ ਤੇ ਨੌਂ ਖੰਡ, ਅਥਵਾ ੧੮ ਵਰਣ ਤੇ ਉੱਨੀਵਾਂ ਮਨਮੁਖ, ਅਥਵਾ ਏਕਮ ਦਸਮ ਆਦਿ ੧੯ ਸੰਖਯਾ ਤੋਂ ਲੰਘ ਗਏ ਹਨ)। ਵੀਹ (ਤਿੰਨ ਬੀਸੀਆਂ) 'ਇਕੀਹ' ਇੱਕੀ ਪੁਰੀਆਂ ਲੰਘ ਕੇ ਬਾਈ (ਧਾਰ ਪਹਾੜ ਦੇ) ਉਮਰਾਵਾਂ ਨੂੰ ਸਾਧ ਕੇ ਨਿਵਾ ਲੈਂਦੇ ਹਨ (ਭਾਵ ਸਭ ਸੰਤਾਂ ਦੇ ਅਧੀਨ ਹੋ ਜਾਂਦੇ ਹਨ)।

(੩) (ਇਸ ਤੋਂ ਅੱਗੇ) ਅਨਗਿਣਤ ਸੰਖਾਂ ਅਸੰਖਾਂ ਨੂੰ ਲੁਟਾ ਕੇ (ਭਾਵ ਲੁਟ ਕੇ ਫ਼ਤਹਿ ਕਰਕੇ) ਤੇਈ (੧੮ ਸਿੱਧੀਆਂ ਤੇ ਪੰਜ ਸੰਤੋਖ ਆਦਿ ਗੁਣ) ਚੌਵੀ (ਅਵਤਾਰਾਂ) ਤੇ ਪੰਝੀ (ਪ੍ਰਕ੍ਰਿਤੀਆਂ ਦੀ ਜਾਣਕਾਰੀ) ਪਾ ਲਈ ਹੈ (ਭਾਵ ਤ੍ਰਿਲੋਕੀ ਤੇ ਤਿੰਨੇ ਕਾਲਾਂ (ਸਮਿਆਂ) ਦੀ ਗਿਆਤ ਹੋ ਗਈ ਹੈ)।

(੪) ਛਬੀ (੧੮ ਪਰਬ ਮਹਾਂਭਾਰਤ ਦੇ ਤੇ ਅੱਠ ਵਿਆਕਰਣ) ਸਤਾਈਵਾਂ (ਨੱਛਤ੍ਰਾਂ ਦਾ ਮੇਲ) ਜੋੜ ਕੇ

੨੮ਵਾ (ਰੇਵਤੀ ਨੱਛਤਰ ਨਾਲ ਲਿਆ) ਮੇਲਿਆ ਹੈ (ਭਾਵ ਜੋਤਸ਼ ਦੇ ਭਰਮ ਤੋਂ ਪਾਰ ਹੋ ਜਾਂਦੇ ਹਨ)।

(੫) ੨੮ ਦਿਨ (ਲੌਂਦ ਦੇ) ਉਲੰਘ ਕੇ, ਤੀਹ ਰੋਜ਼ਿਆਂ ਨੂੰ ਸਾਧ ਕੇ, ੩੧ਵਾਂ (ਸਿਮ੍ਰਤੀਆਂ ਦੀ) ਲੰਘਣ ਮਗਰੋਂ ਖ਼ੁਸ਼ੀ ਮਨਾਉਂਦੇ ਹਨ।

(੬) (ਐਸੇ ਗੁਰਮੁਖ) ੩੨ ਸੁਲੱਖਣੇ (ਚੰਗੇ ਭਾਗਾਂ ਵਾਲੇ ਹਨ) ਤੇਤੀ ਕਰੋੜ ਦੇਵਤੇ, (ਜੋ ਧ੍ਰੂ ਦੇ ਦਵਾਲੇ ਫਿਰਦੇ ਹਨ) ਸਭ ਸਾਧੇ, ਜਾਣ ਲਏ ਹਨ।

(੭) ਚਉਤੀ ਅੱਖਰਾਂ ਦੇ ਲੇਖੇ ਤੋਂ ਸੰਤ ਅਲੇਖ ਹੋ ਗਏ ਹਨ (ਭਾਵ ਅਲੇਖ, ਨ ਜਾਣੇ ਜਾਣ ਵਾਲੇ ਪ੍ਰਭੂ ਨੂੰ ਜਾਣ ਗਏ ਹਨ)।੧੫।

***ਭਾਵਾਰਥ :*** ਇਨ੍ਹਾਂ ਸਾਰੇ ਅੱਖਰਾਂ ਦੀ ਗਿਣਤੀ ਦਾ ਭਾਵ ਇਹੋ ਹੈ ਕਿ ਹੋਰ ਜਗਤ ਦੇ ਸੰਸਾਰਿਕ ਅਰ ਪਰਮਾਰਥਿਕ ਲੋਕ ਜਿਤਨੇ ਵੀ ਵੱਡੇ ਜਾਂ ਪ੍ਰਸਿੱਧ ਹਨ, ਉਹ ਸਭ ਗਿਣਤੀ ਦੇ ਦਾਇਰੇ ਵਿਚ ਹਨ, ਪਰ ਗੁਰਮੁਖ ਇਨ੍ਹਾਂ ਸਭ ਵੱਡੀਆਂ ਤੇ ਪ੍ਰਸਿੱਧ ਗਿਣਤੀਆਂ ਨੂੰ ਲੰਘ ਕੇ, ਇਕ ਨਿਰਗੁਣ ਪ੍ਰਭੂ ਦੇ ਸਰੂਪ ਵਿਚ ਅਭੇਦ ਹੋ, ਅਲੇਪ ਹੋ ਵਰਤਦੇ ਹਨ।

## ੧੬. ਉਸ ਅਲੇਖ ਪ੍ਰਭੂ ਦੀ ਸਿਫ਼ਤੋ-ਸਾਲਾਹ

**੧. ਵੇਦ ਕਤੇਬਹੁੰ ਬਾਹਰਾ**
**ਲੇਖ ਅਲੇਖ ਨ ਲਖਿਆ ਜਾਈ।**
**੨. ਰੂਪ ਅਨੂਪ ਅਚਰਜ ਹੈ**
**ਦਰਸ਼ਨ ਦ੍ਰਿਸ਼ਟਿ ਅਗੋਚਰ ਭਾਈ।**
**੩. ਇੱਕ ਕਵਾਉ ਪਸਾਉ ਕਰ**
**ਤੋਲ ਨ ਤੁਲਾ ਧਰਨ ਸਮਾਈ।**
**੪. ਕਥਨੀ ਬਦਨੀ ਬਾਹਰਾ**
**ਥੱਕੇ ਸਬਦ ਸੁਰਤਿ ਲਿਵ ਲਾਈ।**
**੫. ਮਨ ਬਚ ਕਰਮ ਅਗੋਚਰਾ**
**ਮਤਿ ਬੁਧਿ ਸਾਧਿ ਸੋਝੀ ਥਕ ਪਾਈ।**
**੬. ਅਛਲ ਅਛੇਦ ਅਭੇਦ ਹੈ**
**ਭਗਤ ਵਛਲ ਸਾਧ ਸੰਗਤਿ ਛਾਈ।**
**੭. ਵਡਾ ਆਪ ਵਡੀ ਵਡਿਆਈ ॥੧੬॥**

***ਪਦ ਅਰਥ :*** ਕਵਾਉ—ਵਾਕ, ਬਚਨ। ਤੁਲਾ—ਤਰਾਜੂ, ਤੱਕੜੀ। ਕਥਨੀ—ਕਥਾ। ਬਦਨੀ—ਕਵੀਸਰੀ। ਛਾਈ—ਸਥਿਤੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਹਿੰਦੂ ਮੱਤ ਦੇ ਪੁਰਾਤਨ ਪੁਸਤਕਾਂ ਬਾਰੇ ਸਾਨੂੰ ਤਾਂ ਵਧੇਰੇ ਬੋਧ ਨਹੀਂ, ਪਰ ਕੇਵਲ ਸੁਣਨ ਮਾਤ੍ਰ ਹੀ ਸੰਸਕਾਰ ਹਨ ਕਿ ਸਨਾਤਨ ਮੱਤ ਦੇ ਆਮ ਪੁਸਤਕ ਚਾਰ ਵੇਦ, ਛੇ ਸ਼ਾਸਤ੍ਰ, ਅਠਾਰਾਂ ਪੁਰਾਣ ਅਤੇ ਸਤਾਈ ਸਿੰਮ੍ਰਿਤੀਆਂ ਮੰਨੇ ਪ੍ਰਮੰਨੇ ਗ੍ਰੰਥ ਹਨ, ਆਪ ਜੀ ਨੇ ਤਾਂ ਇਨ੍ਹਾਂ ਬਾਰੇ ਵਧੇਰੇ ਖੋਜ ਪੜਤਾਲ ਕੀਤੀ ਹੋਵੇਗੀ, ਕੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਇਹ ਸਾਰੇ ਗ੍ਰੰਥ ਉਸ ਪਰਮੇਸ਼ਰ ਦੀ ਹੋਂਦ ਬਾਰੇ ਕੀ ਜਾਣਕਾਰੀ ਦੇਂਦੇ ਹਨ, ਭਾਵ ਉਸ ਰੱਬ ਦੀ ਰੂਪ ਰੇਖਾ ਦਾ ਕੀ ਗਿਆਨ ਦਰਸਾਉਂਦੇ ਹਨ?

ਉ: ਹੇ ਭਾਈਓ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਜਦੋ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗੀਏ ਤਾਂ ਉਹ ਸਾਨੂੰ ਇਨ੍ਹਾਂ ਹਿੰਦੂ ਮਤ ਦੀਆਂ ਪੁਰਾਤਨ ਪੁਸਤਕਾਂ ਬਾਰੇ ਇਹੋ ਉੱਤਰ ਦੇਂਦੇ ਹਨ:

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ
ਤਤੈ ਸਾਰ ਨ ਜਾਣੀ ॥ *(ਅਨੰਦੁ ਸਾਹਿਬ, ਪੰਨਾ ੯੨੦)*

ਭਾਵ ਹੈ ਕਿ ਇਹ ਵੇਦ, ਸ਼ਾਸਤ੍ਰ ਆਦਿ ਸਾਰੇ ਗ੍ਰੰਥ ਪਾਪ ਪੁੰਨ ਦੀ ਹੀ ਜਾਣਕਾਰੀ ਦੇਂਦੇ ਹਨ, ਪਰ ਜੋ ਉਸ ਪਰਮੇਸ਼ਰ ਦਾ ਤੱਤ (ਵਾਸਤਵ) ਸਰੂਪ ਹੈ ਉਸਦੀ ਤਾਂ ਇਹ ਸਾਰ ਹੀ ਨਹੀਂ ਜਾਣ ਸਕਦੇ। ਅਰਥਾਤ ਜੋ ਤ੍ਰਿਗੁਣੀ ਪਦਾਰਥ ਹੈ ਵੇਦ ਉਸੇ ਵਸਤੂ ਦਾ ਗਿਆਨ ਦੇਂਦਾ ਹੈ, ਉਸ ਪਰਮੇਸ਼ਰ ਦੀ ਲੱਖਜਤਾ ਕਰਨ ਵਲੋਂ ਅਸਮਰੱਥ ਹੈ।

ਹੇ ਭਾਈ! ਖੋਜ ਕਰਨ ਤੋਂ ਇਹ ਭੀ ਜਾਣਕਾਰੀ ਮਿਲਦੀ ਹੈ ਕਿ ਚਾਰ ਵੇਦਾਂ ਦਾ ਇਕ ਲੱਖ ਸਲੋਕ ਹੈ, ਜਿਸ ਵਿਚ ਅੱਸੀ ਹਜ਼ਾਰ ਸਲੋਕ ਕੇਵਲ ਕਰਮ-ਕਾਂਡ ਕਰਨ ਦੀ ਜਾਣਕਾਰੀ ਦੇਂਦਾ ਹੈ ਕਿ ਕਿਹੜਾ ਕਰਮ ਕਿਸ ਤਰੀਕੇ ਨਾਲ ਕਰਨਾ ਹੈ।

ਸੋਲਾਂ ਹਜ਼ਾਰ ਸਲੋਕਾਂ ਵਿਚ ਕੇਵਲ ਉਪਾਸ਼ਨਾ ਕਰਨ ਦੀ ਜਾਣਕਾਰੀ ਦਿੱਤੀ ਹੈ ਕਿ ਉਪਾਸ਼ਕ ਨੂੰ ਉਪਾਸ਼ਨਾ ਕਰਨ ਸਮੇਂ ਕਿਸ ਤਰ੍ਹਾਂ ਦੀ ਧਾਰਨਾ ਵਿਚ ਰਹਿਣਾ ਹੈ।

ਬਾਕੀ ਚਾਰ ਹਜ਼ਾਰ ਸਲੋਕ ਰਹਿ ਜਾਂਦਾ ਹੈ, ਜਿਸ

ਵਿਚ ਗਿਆਨ ਕਾਂਡ ਦਾ ਬੋਧ ਦਿੱਤਾ ਗਿਆ ਹੈ ਕਿ ਗਿਆਨ ਦੀ ਪ੍ਰਾਪਤੀ ਕਿਸ ਢੰਗ ਨਾਲ ਪ੍ਰਾਪਤ ਹੋ ਸਕਦੀ ਹੈ। ਸੋ, ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਨਾਲ ਪੜਚੋਲ ਕਰਾਂਗੇ ਤਾਂ ਸਾਨੂੰ ਇਹੋ ਮੰਨਣਾ ਪਵੇਗਾ ਕਿ ਜਿਸ ਪੁਸਤਕ ਵਿਚ ਲੇਖਕ ਵਲੋਂ ਵਧੇਰੇ ਕਿਸੇ ਸਾਧਨ ਕਰਨ ਦੀ ਪ੍ਰੋੜ੍ਹਤਾ ਕੀਤੀ ਗਈ ਹੋਵੇ ਪਾਠਕ ਦੇ ਅੰਤਰ ਆਤਮੇ ਬਹੁਤਾ ਪ੍ਰਭਾਵ ਉਸੇ ਦਾ ਹੀ ਪਿਆ ਕਰਦਾ ਹੈ, ਭਾਵ ਹੈ ਬੇਦ ਪਾਠੀ ਦੇ ਮਨ ਉੱਤੇ ਵਧੇਰੇ ਅਸਰ ਕਰਮ-ਕਾਂਡ ਅਤੇ ਉਪਾਸ਼ਨਾ ਕਰਦੇ ਰਹਿਣ ਦਾ ਹੀ ਪੈਂਦਾ ਹੈ, ਜਿਸਦਾ ਗਿਆਨ ਕਾਂਡ ਤੱਕ ਪੁੱਜਣਾ ਕਠਨ ਜੋ ਜਾਂਦਾ ਹੈ।

ਹੇ ਭਾਈ! ਇਸ ਤੋਂ ਅੱਗੇ ਪੜਚੋਲ ਕਰਨ ਤੋਂ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਇਹ ਜੋ ਚਾਰ ਵੇਦ ਬ੍ਰਹਮਾ ਨੇ ਉਚਾਰਨ ਕੀਤੇ ਹਨ ਇਹ ਉਸੇ ਵੇਲੇ ਨਹੀਂ ਲਿਖੇ ਗਏ ਕਿਉਂਕਿ ਉਸ ਵੇਲੇ ਕਾਗ਼ਜ਼ ਤੇ ਸਿਆਹੀ ਆਦਿ ਦੀ ਕੋਈ ਪ੍ਰਵਿਰਤੀ ਨਹੀਂ ਸੀ, ਇਸ ਲਈ ਵੇਦ ਨੂੰ ਸੁਰਤੀ ਗਿਆਨ ਕਿਹਾ ਜਾਂਦਾ ਹੈ, ਜਦੋਂ ਬ੍ਰਹਮੇ ਨੇ ਇਹ ਵੇਦ ਉਚਾਰਨ ਕੀਤੇ ਸਨ ਤਾਂ ਰਿਖੀਆਂ ਨੇ ਇਨ੍ਹਾਂ ਨੂੰ ਜ਼ਬਾਨੀ ਚੇਤੇ ਕਰ ਲਿਆ, ਜਿਸ ਤੋਂ ਇਹ ਸਲੋਕ ਅੱਗੇ ਸੀਨੇ-ਬ-ਸੀਨੇ ਰਿਖੀ ਲੋਕ ਚੇਤੇ ਕਰਦੇ ਰਹੇ।

ਕਹਿੰਦੇ ਹਨ ਕਿ ਇਨ੍ਹਾਂ ਸਲੋਕਾਂ ਨੂੰ ਬਿਆਸ ਜੀ ਨੇ (੧੫) ਪੰਦਰਾਂ ਸੌ ਸਾਲ ਬਾਅਦ ਲਿਖਤ ਰੂਪ ਵਿਚ ਲਿਆਂਦਾ ਹੈ। ਬਿਆਸ ਜੀ ਨੇ ਬਿਆਸਾ ਦਰਯਾ ਦੇ ਕਿਨਾਰੇ ਝੁੱਗੀ ਪਾ ਕੇ ਜਿਥੇ ਮਹਾਂਭਾਰਤ ਆਦਿ ਹੋਰ ਕਈ ਗ੍ਰੰਥ ਲਿਖੇ ਹਨ ਉਥੇ ਇਨ੍ਹਾਂ ਵੇਦਾਂ ਦੇ ਸਲੋਕਾਂ ਨੂੰ ਭੀ ਲਿਖਣ ਦਾ ਉਪਰਾਲਾ ਕੀਤਾ ਸੀ।

ਇਸੇ ਤਰ੍ਹਾਂ ਜੋ ਬਾਕੀ ਧਾਰਮਿਕ ਪੁਸਤਕਾਂ ਹਨ, ਜਿਵੇਂ ਕਿ ਇਸਾਈਅਤ ਦੀ ਧਾਰਮਿਕ ਪੁਸਤਕ ਬਾਈਬਲ ਹੈ ਇਸਨੂੰ ਵੀ ਜਦੋਂ ਈਸਾ ਜੀ ਨੇ ਉਚਾਰਨ ਕੀਤਾ ਹੈ ਉਹ ਉਸੇ ਵੇਲੇ ਹੀ ਲਿਖਤ ਰੂਪ ਵਿਚ ਨਹੀਂ ਆਈ ਇਹ ਪੰਜ ਸੌ ਸਾਲ ਬਾਅਦ ਲਿਖੀ ਗਈ ਹੈ, ਕਿਉਂਕਿ ਉਸ ਵੇਲੇ ਭੀ ਕਾਗ਼ਜ਼ ਤੇ ਸਿਆਹੀ ਹੋਂਦ ਵਿਚ ਨਹੀਂ ਸੀ ਆਈ।

ਕੁਰਾਨ ਸ਼ਰੀਫ਼ ਸੰਬੰਧੀ ਭੀ ਇਹੋ ਜਾਣਕਾਰੀ ਮਿਲਦੀ ਹੈ ਕਿ ਮੁਹੰਮਦ ਸਾਹਿਬ ਜੀ ਨੂੰ ਜਦੋਂ ਕੁਰਾਨ ਸਰੀਫ਼ ਦੀਆਂ ਆਇਤਾ ਨਾਜ਼ਲ ਹੋਈਆਂ ਸਨ ਉਹ ਭੀ ਉਸੇ ਵੇਲੇ ਨਹੀਂ ਲਿਖੀਆਂ ਗਈਆਂ ਕਿਉਂਕਿ ਉਸ ਵੇਲੇ ਕਾਗ਼ਜ਼ ਤੇ ਸਿਆਹੀ ਦਾ ਕੋਈ ਵੀ ਪ੍ਰਗਟਾਵਾ ਨਹੀਂ ਸੀ ਹੋਇਆ, ਉਨ੍ਹਾਂ ਆਇਤਾਂ ਨੂੰ ਦੋ ਸੌ ਸਾਲ ਬਾਅਦ ਵਿਚ ਲਿਖਤ ਰੂਪ ਵਿਚ ਅੰਕਤ ਕੀਤਾ ਗਿਆ।

ਇਸੇ ਤਰ੍ਹਾਂ ਕ੍ਰਿਸ਼ਨ ਭਗਵਾਨ ਦੇ ਕੰਠੋਂ ਉਚਾਰਨ ਹੋਈ ਗੀਤਾ ਭੀ ਉਸੀ ਸਮੇਂ ਨਹੀਂ ਲਿਖੀ ਗਈ ਇਸਨੂੰ ਭੀ ਬਿਆਸ ਜੀ ਵਲੋਂ ਇਕ ਸੌ ਸਾਲ ਬਾਅਦ ਲਿਖਤ ਵਿਚ ਲਿਆਂਦਾ ਗਿਆ ਹੈ।

ਹੁਣ ਦੂਰ-ਦਰਸ਼ੀ ਸਚਾਈ ਪਸੰਦ ਬੁਧੀਜੀਵੀ ਲੋਕ ਜਦੋਂ ਭੀ ਉਹ ਨਿਰਪੱਖ ਹੋ ਵੀਚਾਰ ਕਰਨਗੇ ਤਾਂ ਉਨ੍ਹਾਂ ਨੂੰ ਇਹੋ ਮੰਨਣਾ ਪਵੇਗਾ ਕਿ ਜੋ ਗੱਲ ਡੇਢ ਹਜ਼ਾਰ ਸਾਲ ਬਾਅਦ ਵਿਚ ਲਿਖੀ ਗਈ ਹੈ, ਪੰਜ ਸੌ ਸਾਲ ਪਿਛੋਂ ਲਿਖੀ ਗਈ ਹੈ, ਜਾਂ ਦੋ ਸੌ ਸਾਲ ਯਾ ਇਕ ਸੌ ਸਾਲ ਬਾਅਦ ਲਿਖਤ ਰੂਪ ਵਿਚ ਆਈ ਹੈ, ਉਸ ਦੀ ਅਸਲੀਅਤ ਵਿਚ ਬਹੁਤ ਅੰਤਰਾ ਆ ਸਕਦਾ ਹੈ, ਜਿਵੇਂ ਅਸੀ ਕਿਸੇ ਤੋਂ ਅੱਜ ਗੱਲ ਸੁਣ ਕੇ ਕੱਲ੍ਹ ਨੂੰ ਕਿਸੇ ਨੂੰ ਦਸਾਂਗੇ, ਉਸ ਵਿਚ ਜ਼ਰੂਰ ਫ਼ਰਕ ਆ ਜਾਵੇਗਾ, ਦੂਜਾ ਤੀਜੇ ਨੂੰ ਤੀਜਾ ਚੌਥੇ ਨੂੰ ਕਹੇਗਾ, ਤਾਂ ਇਸ ਤਰ੍ਹਾਂ ਉਸ ਪਹਿਲੀ ਕਹੀ ਹੋਈ ਗੱਲ ਦੀ ਰੂਪ ਰੇਖਾ ਹੀ ਬਦਲ ਜਾਵੇਗੀ, ਭਾਵ ਅਸਲੀਅਤ ਅਲੋਪ ਹੀ ਹੋ ਜਾਵੇਗੀ। ਇਸੇ ਲਈ ਜਦੋਂ ਅਸੀਂ ਪੁਰਾਤਨ ਧਾਰਮਿਕ ਪੁਸਤਕਾਂ ਦੀ ਅੱਜ ਵੀਚਾਰ ਕਰਦੇ ਹਾਂ ਤਾਂ ਕਈ ਖ਼ਿਆਲ ਸਾਡੇ ਸਾਹਮਣੇ ਇਹੋ ਜਿਹੇ ਆਉਂਦੇ ਹਨ ਜੋ ਸਚਾਈ 'ਤੇ ਪੂਰੇ ਨਹੀਂ ਉਤਰਦੇ, ਜਿਵੇਂ ਕਿ ਬਾਈਬਲ ਵਿਚ ਲਿਖਿਆ ਮਿਲਦਾ ਹੈ ਕਿ ਇਹ ਧਰਤੀ ਚਪਟੀ ਹੈ ਅਤੇ ਇਸਦੇ ਗਿਰਦ ਸੂਰਜ ਘੁੰਮਦਾ ਹੈ, ਪਰ ਅਜੋਕੇ ਸਿਆਣੇ ਬੁੱਧੀਜੀਵੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਧਰਤੀ ਗੋਲ ਹੈ ਅਤੇ ਸੂਰਜ ਦੇ ਦੁਆਲੇ ਘੁੰਮਦੀ ਹੈ ਜਿਸਨੇ ਇਹ ਗੱਲ ਪਹਿਲੇ ਕਹੀ ਉਸਨੂੰ ਪਕੜ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਕਿ ਤੂੰ ਬਾਈਬਲ ਤੋਂ ਉਲਟ ਗੱਲ ਕਰਦਾ ਹੈਂ ਕੀ ਤੂੰ ਈਸਾ ਤੋਂ ਭੀ ਆਪਣੇ ਆਪ ਨੂੰ ਵੱਡਾ ਮੰਨਦਾ ਹੈ, ਜੇ ਤੂੰ ਦਿਨ ਚੜ੍ਹਦੇ ਤੋਂ ਪਹਿਲੇ ਪਹਿਲੇ ਮਾਫ਼ੀ ਨਹੀਂ ਮੰਗੇਂਗਾ ਤਾਂ ਤੈਨੂੰ ਸਜ਼ਾਏ ਮੌਤ ਦਿੱਤੀ ਜਾਵੇਗੀ, ਇਹ ਅੱਸੀ ਸਾਲਾ ਵਿਗਯਾਨਕ ਬੁੱਢਾ ਗੁਲੇਲਾ ਸੋਚੀਂ ਪੈ ਗਿਆ ਕਿ ਜੇ ਮੈਂ ਮਾਫ਼ੀ ਨਾ ਮੰਗੀ ਤਾਂ ਇਨ੍ਹਾਂ ਮੂਰਖਾਂ ਨੇ ਮੈਨੂੰ ਭੰਗ ਦੇ ਭਾੜੇ ਅਜਾਈ ਹੀ ਮਾਰ ਦੇਣਾ ਹੈ। ਮੇਰੇ ਅੰਦਰ ਅਜੇ ਹੋਰ ਕਈ ਭੇਦ ਭਰੇ ਰਾਜ਼ ਛੁਪੇ ਹੋਏ ਹਨ ਜਿਨ੍ਹਾਂ ਤੋਂ ਮੈਂ ਲੋਕਾਂ ਨੂੰ ਜਾਣੂ ਕਰਾਉਣਾ ਚਾਹੁੰਦਾ ਹਾਂ, ਇਸ ਖ਼ਿਆਲ ਨੂੰ ਵੀਚਾਰ

ਕੇ ਇਸ ਨੇ ਮਾਫ਼ੀ ਤਾਂ ਮੰਗ ਲਈ ਅਤੇ ਇਸਨੂੰ ਆਜ਼ਾਦ ਭੀ ਕਰ ਦਿੱਤਾ, ਆਖ਼ਰ ਇਸਨੇ ਫਿਰ ਭੀ ਇਹੋ ਗੱਲ ਕਹੀ ਕਿ ਤੁਹਾਡੇ ਕਹਿਣ ਤੋਂ ਮੈਂ ਮਾਫ਼ੀ ਮੰਗ ਲਈ ਹੈ, ਪਰ ਅਸਲੀਅਤ ਇਹੋ ਹੈ ਕਿ ਜੋ ਮੈਂ ਕਹੀ ਹੈ, ਕਿਉਂਕਿ ਮੇਰੇ ਮਾਫ਼ੀ ਮੰਗਣ ਨਾਲ ਅਸਲੀਅਤ ਰੱਦ ਨਹੀਂ ਹੋਵੇਗੀ, ਕੋਈ ਸਮਾਂ ਆਵੇਗਾ ਇਹ ਮੇਰੀ ਕਹੀ ਹੋਈ ਗੱਲ ਨੂੰ ਸਾਰੇ ਮੰਨਣਗੇ, ਉਸ ਦੀ ਕਹੀ ਹੋਈ ਪੇਸ਼ੀਨਗੋਈ ਨੂੰ ਅੱਜ ਬੱਚਾ ਬੱਚਾ ਮੰਨਦਾ ਹੈ ਕਿ ਉਹ ਸੱਚ ਕਹਿੰਦਾ ਸੀ।

ਜਦੋਂ ਅਸੀਂ ਨਿਰਪੱਖ ਹੋ ਕੇ ਵੀਚਾਰ ਕਰਦੇ ਹਾਂ ਤਾਂ ਸਾਨੂੰ ਬਾਕੀ ਦੋ ਧਾਰਮਿਕ ਪੁਸਤਕਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਤੱਖ ਵੇਖਣ ਵਿਚ ਆਉਂਦਾ ਹੈ ਕਿ ਇਸ ਰੱਬੀ ਬਾਣੀ ਨੂੰ ਪੰਜ ਸੋ ਸਾਲ ਜਾਂ ਦੋ ਸੋ ਸਾਲ ਬਾਅਦ ਵਿਚ ਲਿਖਤ ਰੂਪ ਨਹੀਂ ਦਿੱਤੀ ਗਈ ਸਗੋਂ ਗੁਰੂ ਅਰਜਨ ਦੇਵ ਜੀ ਏਧਰ ਉਚਾਰਨ ਕਰੀ ਜਾਂਦੇ ਹਨ ਤੇ ਦੂਜੇ ਪਾਸੇ ਭਾਈ ਗੁਰਦਾਸ ਜੀ ਲਿਖੀ ਜਾਂਦੇ ਹਨ, ਇਸ ਵਿਚ ਸਮੇਂ ਦਾ ਕੋਈ ਭੀ ਅੰਤਰਾ ਨਹੀਂ ਹੈ।

ਹੇ ਭਾਈਓ ! ਇਹ ਜੋ ਤੁਹਾਡਾ ਪ੍ਰਸ਼ਨ ਹੈ ਕਿ ਵੇਦ ਸ਼ਾਸਤ੍ਰ ਉਸ ਪਰਮੇਸ਼ਰ ਸੰਬੰਧੀ ਕੀ ਜਾਣਕਾਰੀ ਦੇਂਦੇ ਹਨ, ਇਸ ਬਾਰੇ ਮੈਨੂੰ ਜੋ ਗੁਰੂ ਅਰਜਨ ਦੇਵ ਜੀ ਦੀ ਚਰਨ ਸ਼ਰਨ ਵਿਚ ਰਹਿ ਕੇ ਗੁਰਬਾਣੀ ਲਿਖਣ ਤੇ ਵੀਚਾਰਨ ਦਾ ਸੁਭਾਗ ਮਿਲਿਆ ਹੈ, ਉਸ ਇਲਾਹੀ ਫ਼ੁਰਮਾਨ ਵਿਚ ਬਾਰ ਬਾਰ ਇਸੇ ਸਿਧਾਂਤ ਨੂੰ ਪ੍ਰਗਟਾਇਆ ਹੈ ਕਿ ਇਹ ਸਾਰੇ ਹੀ ਵੇਦ ਸ਼ਾਸਤ੍ਰ ਉਸ ਪਰੀ-ਪੂਰਨ ਪਰਮੇਸ਼ਰ ਦੇ ਅਲੱਖ ਤੇ ਅਗੰਮ ਸਰੂਪ ਦੀ ਮਹਿਮਾ ਨੂੰ ਕਥਨ ਕਰਨ ਦੀ ਸਮਰੱਥਾ ਨਹੀਂ ਰੱਖਦੇ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ :

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥
ਪਰਮੇਸਰੁ ਪਾਰਬ੍ਰਹਮ ਬੇਅੰਤੁ॥੧॥

*(ਰਾਮਕਲੀ ਮ: ੫, ਪੰਨਾ ੮੯੪)*

ਬੇਦ ਕਤੇਬ ਇਫਤਰਾ ਭਾਈ
ਦਿਲ ਕਾ ਫਿਕਰੁ ਨ ਜਾਇ॥
ਟੁਕੁ ਦਮੁ ਕਰਾਰੀ ਜਉ ਕਰਹੁ
ਹਾਜਿਰ ਹਜੂਰਿ ਖੁਦਾਇ॥੧॥

*(ਤਿਲੰਗ ਬਾਣੀ ਕਬੀਰ ਜੀ, ਪੰਨਾ ੭੨੭)*

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥੪॥

*(ਆਸਾ ਮ: ੫, ਪੰਨਾ ੩੯੭)*

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ ਪੜਿਆ ਮੁਕਤਿ ਨ ਹੋਈ॥

*(ਸੂਹੀ ਮ: ੫, ਪੰਨਾ ੭੪੭)*

ਬੇਦ ਕਤੇਬ ਤੇ ਰਹਹਿ ਨਿਰਾਰਾ॥੩॥

*(ਗਉੜੀ ਕਬੀਰ ਜੀ, ਪੰਨਾ ੩੨੯)*

ਬੇਦ ਕਤੇਬੀ ਭੇਦੁ ਨ ਜਾਤਾ॥

*(ਮਾਰੂ ਮ: ੧, ਪੰਨਾ ੧੦੨੧)*

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ॥

*(ਮ: ੧, ਪੰਨਾ ੧੨੪੩)*

ਬੇਦ ਪੜੇ ਪੜਿ ਬ੍ਰਹਮੇ ਹਾਰੇ
ਇਕੁ ਤਿਲੁ ਨਹੀ ਕੀਮਤਿ ਪਾਈ॥

*(ਸੂਹੀ ਮ: ੫, ਪੰਨਾ ੭੪੭)*

ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ॥੧॥

*(ਆਸਾ ਕਬੀਰ ਜੀ, ਪੰਨਾ ੪੭੮)*

ਹੇ ਭਾਈਓ ! ਇਸ ਤਰ੍ਹਾਂ ਦੇ ਬਚਨ ਗੁਰਬਾਣੀ ਵਿਚ ਅਨੇਕਾਂ ਹੀ ਆਉਂਦੇ ਹਨ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਮੈਂ ਆਪਣੀ ਤੁੱਛ ਬੁੱਧੀ ਅਨੁਸਾਰ ਇਹ ਚੰਦ ਸਤਰਾਂ ਉਚਾਰਨ ਕਰਨ ਦਾ ਇਕ ਨਿਮਾਣਾ ਜਿਹਾ ਉੱਦਮ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ ! ਉਹ ਪਰਮੇਸ਼ਰ) ਵੇਦ ਕਤੇਬਾਂ ਤੋਂ ਬਾਹਰਾ ਹੈ (ਇਨ੍ਹਾਂ ਗ੍ਰੰਥਾਂ ਦੀ ਪੜ੍ਹਾਈ ਨਾਲ ਨਹੀਂ ਜਾਣਿਆ ਜਾ ਸਕਦਾ) ਉਹ ਅਲੇਖ ਲੇਖਿਆਂ ਨਾਲ ਵੀ ਨਹੀਂ ਸੁਝ ਸਕਦਾ।

(੨) ਹੇ ਭਾਈ ! ਉਹ ਅਨੂਪਮ ਤੇ ਅਸਚਰਜ ਰੂਪ ਵਾਲਾ ਹੈ, ਜਿਸਦਾ ਦਰਸ਼ਨ ਇਹਨਾਂ ਸੰਸਾਰੀ ਨੇਤ੍ਰਾਂ ਨਾਲ ਨਹੀਂ ਹੋ ਸਕਦਾ।

(੩) (ਹੇ ਪਿਆਰੇ ! ਉਹ ਇਤਨੀ ਸ਼ਕਤੀ ਦਾ ਮਾਲਕ ਹੈ ਉਸ ਪ੍ਰਭੂ ਨੇ) ਇਕੋ ਬਚਨ ਨਾਲ ਹੀ ਇਹ ਸਾਰਾ ਪਸਾਰਾ ਕਰ ਦਿੱਤਾ ਹੈ। ਜਿਸਨੂੰ ਤੋਲਿਆ ਨਹੀਂ ਜਾ ਸਕਦਾ, ਉਹ ਇਸ ਸ੍ਰਿਸ਼ਟੀ ਵਿਚ ਹੀ ਸਮਾਇਆ ਹੋਇਆ ਹੈ।

(੪) ਉਹ ਕਥਨ ਕਥਨੀ ਤੋਂ ਬਾਹਰ ਹੈ (ਲੋਕ) ਕਥਾਵਾਂ ਤੇ ਕਵੀਸ਼ਰੀਆਂ ਜੋੜ ਜੋੜ ਥੱਕ ਗਏ ਹਨ। (ਪਰ ਗੁਰਮੁਖਾਂ ਨੇ) ਸ਼ਬਦ ਤੇ ਸੁਰਤ ਦੀ ਲਿਵ ਲਾਈ ਹੋਈ ਹੈ।

(੫) (ਹੇ ਭਾਈ! ਉਹ) ਮਨ ਬਾਣੀ ਤੇ ਕਰਮ ਦੇ ਗੋਚਰੇ ਨਹੀਂ (ਭਾਵ ਅਗੋਚਰ ਹੈ; ਮਨ ਬੁੱਧੀ ਤੇ ਸਾਧਨਾ ਉਸਨੂੰ ਲੱਭਦੀ ਲੱਭਦੀ ਥੱਕ ਗਈ ਹੈ)।

(੬) (ਉਹ) ਅਛੱਲ, ਅਛੇਦ ਤੇ ਅਭੇਦ ਹੈ, ਪਰ ਭਗਤ ਵਛਲ ਹੋਣ ਕਰਕੇ ਸਾਧ ਸੰਗਤ ਵਿਚ ਸਮਾ ਰਿਹਾ ਹੈ।

(੭) (ਹੇ ਭਾਈ! ਉਹ ਵੱਡੇ ਤੋਂ) ਵੱਡਾ ਹੈ ਤੇ ਉਸਦੀ ਵਡਿਆਈ (ਮਹਿਮਾ) ਭੀ ਬਹੁਤ ਵੱਡੀ ਹੈ ਭਾਵ ਕਿਸੇ ਲਿਖਤ ਵਿਚ ਆਉਣ ਵਾਲਾ ਨਹੀਂ ਹੈ।੧੬।

*ਭਾਵਾਰਥ :* ਗੁਰੂ ਨਾਨਕ ਦੇਵ ਜੀ ਨੇ ਭੀ ਇਹ ਸਿਧਾਂਤ ਅੰਕਤ ਕੀਤਾ ਹੈ ਕਿ ਹੇ ਭਾਈ:

ਕਿਆ ਹਉ ਕਥੀ ਕਥੇ ਕਥਿ ਦੇਖਾ
ਮੈ ਅਕਥੁ ਨ ਕਥਨਾ ਜਾਈ॥ *(ਪੰਨਾ ੭੯੫)*

(ਕਿਉਂ ਜੀ! ਜੇ ਤੁਸੀਂ ਉਸਨੂੰ ਜਾਣ ਲਿਆ ਹੈ ਤਾਂ ਕਹਿ ਦਿਓ?) ਹੇ ਭਾਈਓ! ਸੁਣੋ:

ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ॥ *(ਜਪੁਜੀ, ਪੰਨਾ ੨)*

ਹੇ ਭਾਈ! ਜੇ ਮੈਂ ਉਸਨੂੰ ਜਾਣ ਭੀ ਲਿਆ ਤਾਂ ਭੀ ਮੈਂ ਆਖਣਾ ਨਹੀਂ, ਕਿਉਂਕਿ ਉਹ ਮੇਰੇ ਕਹਿਣ ਤੇ ਕਥਨ ਵਿਚ ਆ ਹੀ ਨਹੀਂ ਸਕਦਾ।

## ੧੭. ਨਿਰੰਕਾਰ ਸਾਧ ਸੰਗਤ ਵਿਚ ਵੱਸਦਾ ਹੈ

**੧. ਵਣ ਵਣ ਵਿੱਚ ਵਣਾਸਪਤਿ
ਰਹੈ ਉਜਾੜ ਅੰਦਰ ਅਵਸਾਰੀ।**

**੨. ਚੁਣ ਚੁਣ ਆਂਜਣ ਬੂਟੀਆਂ
ਪਾਤਿਸ਼ਾਹੀ ਬਾਗ ਲਾਇ ਸਵਾਰੀ।**

**੩. ਸਿੰਜ ਸਿੰਜ ਬਿਰਖ ਵਡੀਰੀਅਨਿ
ਸਾਰ ਸਮ੍ਹਾਲ ਕਰਨ ਵੀਚਾਰੀ।**

**੪. ਹੋਣਿ ਸਫਲ ਰੁਤਿ ਆਇਐ
ਅੰਮ੍ਰਿਤ ਫਲ ਅੰਮ੍ਰਿਤ ਰਸ ਭਾਰੀ।**

**੫. ਬਿਰਖਹੁੰ ਸਾਉ ਨ ਆਵਈ
ਫਲ ਵਿਚ ਸਾਉ ਸੁਗੰਧ ਸੰਜਾਰੀ।**

**੬. ਪੂਰਨ ਬ੍ਰਹਮ ਜਗੱਤ੍ਰ ਵਿਚ
ਗੁਰਮੁਖ ਸਾਧ ਸੰਗਤਿ ਨਿਰੰਕਾਰੀ।**

**੭. ਗੁਰਮੁਖ ਸੁਖ ਫਲ ਅਪਰ ਅਪਾਰੀ ॥੧੭॥**

*ਪਦ ਅਰਥ :* ਅਵਸਾਰੀ—ਬੇ-ਮਲੂਮ; ਅਗਯਾਤ। ਆਂਜਣ—ਲਿਆਉਂਦੇ। ਸਾਉ—ਸੁਾਦ। ਸੰਜਾਰੀ—ਸਿੰਜੀ ਹੋਈ, ਮਿਲੀ ਹੋਈ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਗੁਰਮਤ ਦੁਆਰੇ ਭਿੰਨ ਭਿੰਨ ਵਿਸ਼ਿਆਂ ਤੋਂ ਜਾਣੂ ਕਰਾਉਣ ਸਮੇਂ ਇਹ ਭੀ ਸਿਧਾਂਤ ਪ੍ਰਗਟਾਇਆ ਕਰਦੇ ਹੋ ਕਿ ਉਹ ਪਰੀਪੂਰਨ ਪ੍ਰਮੇਸ਼ਰ ਹਰ ਘਟ ਘਟ ਵਿਚ ਨਿਵਾਸ ਕਰਦਾ ਹੈ। ਕਿਉਂ ਜੀ, ਜੇ ਇਤਨਾ ਨੇੜੇ ਹੈ ਉਸਨੂੰ ਵੇਖਣ ਵਲੋਂ ਹਰ ਬੰਦਾ ਹੀ ਕਿਉਂ ਅਸਮਰੱਥ ਹੈ, ਕੋਈ ਉਦਾਹਰਣ ਦੇਣ ਦੀ ਕ੍ਰਿਪਾ ਕਰੋਗੇ?

ਉ: ਹੇ ਭਾਈਓ! ਇਸ ਸਿਧਾਂਤ ਨੂੰ ਪ੍ਰਗਟ ਕਰਨ ਲਈ ਤਾਂ ਸਤਿਗੁਰੂ ਜੀ ਨੇ ਬਾਣੀ ਵਿਚ ਕਈ ਥਾਵਾਂ ਤੇ ਰੋਸ਼ਨੀ ਪਾਈ ਹੈ, ਜਿਵੇਂ ਕਿ:

ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥ *(ਪੰਨਾ ੭੬੪)*

ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ॥ *(ਪੰਨਾ ੪੮੯)*

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ॥ *(ਪੰਨਾ ੬੧੭)*

ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ॥੧॥ *(ਪੰਨਾ ੬੧੭)*

ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ॥੧॥ਰਹਾਉ॥ *(ਪੰਨਾ ੬੮੪)*

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥ *(ਪੰਨਾ ੬੮੪)*

ਹੇ ਪਿਆਰੇ! ਸਮੁੱਚਾ ਭਾਵ ਇਹੋ ਹੈ ਕਿ ਜਿਵੇਂ ਸਾਰੀ ਬਨਾਸਪਤੀ ਵਿਚ ਸਮਾਨ ਅਗਨੀ ਵਿਆਪਕ ਹੈ, ਤੇ ਜਿਵੇਂ ਸਭ ਤਰ੍ਹਾ ਦੇ ਦੁੱਧ ਵਿਚ ਮੱਖਣ ਵਿਆਪਕ ਹੈ।

ਜੇ ਕਹੋ ਕਿ ਉਹ ਸਮਾਨ ਅੱਗ ਤੇ ਦੁੱਧ ਵਿਚ ਮੱਖਣ ਦਿਸਦਾ ਕਿਉਂ ਨਹੀਂ? ਤਾਂ ਉਸਨੂੰ ਦੇਖਣ ਲਈ ਮਸ਼ੱਕਤ ਕਰਨੀ ਪੈਂਦੀ ਹੈ, ਅਰਥਾਤ, ਬਾਂਸ ਦੇ ਦੋ ਡੰਡੇ ਲੈ ਕੇ ਉਨ੍ਹਾਂ ਨੂੰ ਪ੍ਰਸਪਰ ਰਗੜੀਏ ਤਾਂ ਅੱਗ ਨੂੰ ਵੇਖ ਲਈਦਾ ਹੈ, ਦੁੱਧ ਨੂੰ ਕਾੜ੍ਹ ਕੇ ਜਮਾਇਆ ਜਾਵੇ ਤੇ ਫਿਰ ਰਿੜਕਨ ਦੀ ਮਸ਼ੱਕਤ ਕੀਤੀ ਜਾਵੇ ਉਸ ਵਿਚੋਂ ਮੱਖਣ ਨੂੰ ਵੇਖ ਲਈਦਾ ਹੈ। ਇਸੇ ਹੀ ਤਰ੍ਹਾਂ ਉਸ ਘਟ ਘਟ ਵਿਚ ਵੱਸਣ ਵਾਲੇ ਪਰੀਪੂਰਨ ਪ੍ਰਮੇਸ਼ਰ ਦੇ ਸੰਬੰਧ ਵਿਚ ਗੁਰਬਾਣੀ ਦਾ ਰੱਬੀ ਫੁਰਮਾਨ ਹੈ ਕਿ ਹੇ ਭਾਈਓ!

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

*(ਪੰਨਾ ੬੯੫)*

ਭਾਵ ਹੈ ਕਿ ਜੋ ਪ੍ਰਮੇਸ਼ਰ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ ਉਹੀ ਇਸ (ਪਿੰਡ) ਸਰੀਰ ਵਿਚ ਰਮਿਆ ਹੋਇਆ ਹੈ, ਪਰ ਉਸਨੂੰ ਪ੍ਰਤੱਖ ਰੂਪ ਵਿਚ ਓਹੀ ਵੇਖ ਸਕਦਾ ਹੈ ਜੋ ਉਸਦੀ ਖੋਜ ਕਰਦਾ ਹੈ। ਕਬੀਰ ਸਾਹਿਬ ਜੀ ਭੀ ਇਹੋ ਗੁਰਮੱਤ ਦੇ ਸਿਧਾਂਤ ਨੂੰ ਪ੍ਰਗਟਾਉਂਦੇ ਹਨ ਕਿ ਹੇ ਭਾਈਓ! ਸੁਣੋ:

ਕਹੁ ਕਬੀਰ ਜਾਨੈਗਾ ਸੋਇ॥
ਹਿਰਦੈ ਰਾਮੁ ਮੁਖਿ ਰਾਮੈ ਹੋਇ॥੩॥ *(ਪੰਨਾ ੩੨੯)*

ਹੇ ਭਾਈਓ! ਮੈਂ ਭੀ ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸੇ ਸਿਧਾਂਤ ਨੂੰ ਪ੍ਰਗਟ ਕਰਨ ਲਈ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਸਜਨੋਂ! ਜਿਵੇਂ ਕਿ ਅਸੀਂ ਆਮ ਹੀ ਵੇਖਦੇ ਹਾਂ ਕਿ) ਉਜਾੜ ਦੇ ਵਣਾਂ ਵਣਾਂ ਵਿਚ ਬਨਾਸਪਤੀ ਪਤੇ ਤੋਂ ਬਿਨਾਂ ਹੀ (ਗੁਪਤ ਰੂਪ ਵਿਚ) ਰਹਿੰਦੀ ਹੈ।

(੨) (ਪਰ ਮਾਲੀ ਲੋਕ ਉਨ੍ਹਾਂ ਨੂੰ ਲੱਭ ਕੇ) ਪੌਦੇ ਚੁਣ ਚੁਣ ਕੇ ਬੂਟੀਆਂ ਲੈ ਆਉਂਦੇ ਤੇ ਸ਼ਾਹੀ ਬਾਗਾਂ ਵਿਚ ਬਣਾ ਸਵਾਰ ਕੇ ਲਾਉਂਦੇ ਹਨ।

(੩) ਉਹ ਬੂਟੇ ਪਾਣੀ ਦੇ ਦੇ ਕੇ ਵੱਡੇ ਕੀਤੇ ਜਾਂਦੇ ਹਨ ਤੇ ਸਿਆਣੇ ਮਾਲੀ ਉਨ੍ਹਾਂ ਦੀ ਸਾਰ ਸੰਭਾਲ ਕਰਦੇ ਹਨ।

(੪) ਰੁੱਤ (ਭਾਵ ਸਮਾਂ) ਆਉਣ ਤੋਂ ਉਹ ਫਲਾਂ ਵਾਲੇ ਹੁੰਦੇ ਹਨ, ਜਿਨ੍ਹਾਂ ਫਲਾਂ ਵਿਚ ਅੰਮ੍ਰਿਤ ਰਸ ਬੜਾ ਹੁੰਦਾ ਹੈ।

(੫) ਫਲ ਵਿਚ ਤਾਂ ਰਸ ਹੈ, ਪਰ ਬ੍ਰਿਛ ਨੂੰ ਉਸ ਰਸ ਦਾ ਸਵਾਦ ਨਹੀਂ, ਫਲਾਂ ਵਿਚ ਭਾਵੇਂ ਰਸ ਤੇ ਸੁਗੰਧੀ ਦੋਵੇਂ ਚੀਜ਼ਾਂ ਹਨ।

(੬) (ਇਸ ਤਰ੍ਹਾਂ ਹੇ ਭਾਈਓ!) ਸਾਰੇ ਜਗਤ ਵਿਚ ਬ੍ਰਹਮ (ਪ੍ਰਮੇਸ਼ਰ) ਤਾਂ ਪਰੀ ਪੂਰਨ ਹੈ, ਪਰ ਗੁਰਮੁਖਾਂ ਦੀ ਸਾਧ ਸੰਗਤ ਵਿਚ ਨਿਰੰਕਾਰ ਦਾ ਰੂਪ ਵੱਸਦਾ ਹੈ।

ਪ੍ਰ: ਕਿਉਂ ਜੀ! ਇਹ ਸਾਰਾ ਜਗਤ ਹੀ ਦੁਖੀਆ ਦਿਸਦਾ ਹੈ, ਪਰ ਤੁਹਾਡੀ ਦ੍ਰਿਸ਼ਟੀ ਵਿਚ ਕੋਈ ਸੁਖੀਆ ਭੀ ਹੈ?

(੭) ਉ: (ਹੇ ਪਿਆਰੇ! ਮੈਂ ਤਾਂ ਵੇਖਦਾ ਹਾਂ ਕਿ ਬਸ ਇਕ) ਗੁਰਮੁਖ ਹੀ ਸੁਖਾਂ ਦੇ ਫਲ ਰੂਪ ਹਨ, ਜੋ ਕਿ ਅਪਰ ਅਪਾਰ ਹਨ।੧੭।

***ਭਾਵਾਰਥ :*** ਜਦੋਂ ਪੜਚੋਲ ਕਰਕੇ ਵੇਖੀਏ ਤਾਂ ਇਹੋ ਹੀ ਨਜ਼ਰ ਆਵੇਗਾ ਕਿ ਇਕ ਨਿਰਗੁਣ ਵਾਹਿਗੁਰੂ ਦੇ ਸੁਖ ਫਲ ਰੂਪ ਗੁਰਮੁਖ ਹੀ ਹਨ, ਜਿਨ੍ਹਾਂ ਤੋਂ ਜੀਵਾਂ ਨੂੰ ਉਸਦਾ ਗਿਆਨ ਪ੍ਰਾਪਤ ਹੁੰਦਾ ਹੈ। ਪਰ ਬ੍ਰਿਛ ਵਾਂਗਰ ਆਮ ਜਗਤ ਨੂੰ ਉਸ ਦਾ ਰਸ ਪ੍ਰਾਪਤ ਨਹੀਂ ਹੁੰਦਾ।

## ੧੮. ਪ੍ਰਮੇਸ਼ਰ ਦੀ ਬੇਅੰਤਤਾਈ

**੧. ਅੰਬਰ ਨਦਰੀ ਆਂਵਦਾ**
**ਕੇਵਡੁ ਵੱਡਾ ਕੋਇ ਨ ਜਾਣੈ।**
**੨. ਉੱਚਾ ਕੇਵਡੁ ਆਖੀਐ**
**ਸੁੰਨ ਸਰੂਪ ਨ ਆਖ ਵਖਾਣੈ।**
**੩. ਲੈਣ ਉਡਾਰੀ ਪੰਖਣੂ**
**ਅਨਲ ਮਨਲ ਉੱਡ ਖਬਰ ਨ ਆਣੈ।**
**੪. ਓੜਕ ਮੂਲ ਨ ਲੱਭਈ**
**ਸੱਭੇ ਹੋਇ ਫਿਰਨ ਹੈਰਾਣੈ।**
**੫. ਲੱਖ ਅਗਾਸ ਨ ਅੱਪੜਨ**
**ਕੁਦਰਤਿ ਕਾਦਰ ਨੋਂ ਕੁਰਬਾਣੈ।**
**੬. ਪਾਰਬ੍ਰਹਮ ਸਤਿਗੁਰੁ ਪੁਰਖ**
**ਸਾਧਸੰਗਤਿ ਵਾਸਾ ਨਿਰਬਾਣੈ।**
**੭. ਮੁਰਦਾ ਹੋਇ ਮੁਰੀਦ ਸਿਵਾਣੈ॥੧੮॥**

***ਪਦ ਅਰਥ :*** ਅੰਬਰ—ਅਕਾਸ। ਅਨਲ ਮਨਲ—ਬਹੁਤ ਉੱਚੇ ਉਡਣ ਵਾਲੇ ਪੰਛੀ। ਕੁਦਰਤਿ ਕਾਦਰ—ਕਰਤਾਰ ਦੀ ਰਚਨਾ। ਨਿਰਬਾਣੈ—ਇਕ ਰਸ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਤੁਸਾਂ ਤਾਂ ਪੁਰਾਤਨ ਹੋ ਗੁਜ਼ਰੇ ਵਧੇਰੇ ਰਿਖੀਆਂ ਮੁਨੀਆਂ ਦੀਆਂ ਲਿਖਤਾਂ ਨੂੰ ਚੰਗੀ ਤਰ੍ਹਾਂ ਪੜਚੋਲਿਆ ਹੈ, ਪਰ ਕੀ ਦਸੋਂਗੇ ਕਿ ਉਨ੍ਹਾਂ ਦੀਆਂ ਲਿਖਤਾਂ ਤੋਂ ਉਸ ਪਰੀਪੂਰਨ ਪ੍ਰਮੇਸ਼ਰ ਦੇ ਸੰਬੰਧ ਵਿਚ ਕੀ ਜਾਣਕਾਰੀ ਮਿਲਦੀ ਹੈ ?

ਉ: ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਗੁਰਬਾਣੀ ਦੁਆਰੇ ਹੀ ਦਿਤਾ ਜਾਏ ਉਹ ਪ੍ਰਮਾਣੀਕ ਸਮਝਿਆ ਜਾਵੇਗਾ, ਕਿਉਂਕਿ ਕੋਈ ਭੀ ਮਨੁੱਖ ਦੇ ਆਪਣੇ ਮਨ ਉੱਕਤ ਕਹੇ ਹੋਏ ਵੀਚਾਰ ਕਮਜ਼ੋਰ ਹੋ ਸਕਦੇ ਹਨ, ਕਿਉਂਕਿ ਆਪੋ ਆਪਣੀ ਵੀਚਾਰ ਭਿੰਨ ਭਿੰਨ ਹੈ, ਉਸ ਵਿਚ ਮੱਤ ਭੇਦ ਹੋ ਜਾਣਾ ਭੀ ਕੋਈ ਅਸੰਭਵ ਨਹੀਂ ਹੈ, ਇਸ ਲਈ ਜੋ ਧੁਰ ਦਰਗਾਹੋਂ ਆਈ ਇਲਾਹੀ ਬਾਣੀ ਵਿਚ ਫ਼ੁਰਮਾਨ ਆਇਆ ਹੈ ਮੈਂ ਉਹੀ ਤੁਹਾਡੇ ਸਾਹਮਣੇ ਰਖਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਇਨ੍ਹਾਂ ਪੁਰਾਤਨ ਵੇਦ ਸ਼ਾਸਤ੍ਰਾਂ ਦੇ ਲਿਖਾਰੀਆਂ ਰਿਖੀਆਂ ਮੁਨੀਆਂ ਦੇ ਸੰਬੰਧ ਵਿਚ ਕੀ ਵੀਚਾਰ ਪ੍ਰਗਟ ਕਰਦੇ ਹਨ। ਇਨ੍ਹਾਂ ਰਿਖੀਆਂ ਨੇ ਜੋ ਆਪਣੀਆਂ ਲਿਖਤਾਂ ਵਿਚ ਉਸ ਪ੍ਰਮੇਸ਼ਰ ਦੀ ਵੱਡੀ ਵਡਿਆਈ ਅੰਕਤ ਕੀਤੀ ਹੈ ਉਸ ਨੂੰ ਸੰਪੂਰਨ ਵਡਿਆਈ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਉਨ੍ਹਾਂ ਨੇ ਇਕ ਦੂਜੇ ਤੋਂ ਸੁਣ ਸੁਣ ਕੇ ਹੀ ਪ੍ਰਮੇਸ਼ਰ ਨੂੰ ਵੱਡਾ ਆਖਿਆ ਹੈ, ਹਜ਼ੂਰ ਦਾ ਫ਼ੁਰਮਾਨ ਹੈ :

ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥ *(ਪੰਨਾ ੯)*

ਭਾਵ ਹੈ ਕਿ ਪੁਰਾਤਨ ਲਿਖਾਰੀਆਂ ਨੇ ਜਿਤਨਾ ਭੀ ਸੁਣਿਆ ਉਤਨਾ ਲਿਖ ਦਿਤਾ, ਪਰ ਉਹ ਕਿਤਨਾ ਕੁ ਵੱਡਾ ਹੈ ਇਹ ਸਹੀ ਰੂਪ ਵਿਚ ਨਹੀਂ ਲਿਖ ਸਕੇ, ਕਿਉਂਕਿ ਉਸ ਪ੍ਰਮੇਸ਼ਰ ਨੂੰ ਸਹੀ ਰੂਪ ਵਿਚ ਤਾਂ ਤਦ ਹੀ ਲਿਖ ਸਕਦੇ ਸਨ, ਜੇ ਕਿਸੇ ਨੇ ਉਸਨੂੰ ਪ੍ਰਤੱਖ ਰੂਪ ਵਿਚ ਵੇਖਿਆ ਹੋਵੇ। ਜਦ ਕਿ ਵੇਖਿਆ ਹੀ ਨਹੀਂ ਤਾਂ ਉਸਦੀ ਕੋਈ ਕੀਮਤ ਭੀ ਕੀ ਪਾ ਸਕਦਾ ਹੈ।

ਪ੍ਰ: ਭਾਈ ਸਾਹਿਬ ਜੀਉ ! ਤੁਹਾਡੇ ਪਾਸੋਂ ਇਹ ਉਪ੍ਰੋਕਤ ਵੀਚਾਰ ਸੁਣ ਕੇ ਤਾਂ ਇਕ ਨਵਾਂ ਸੁਆਲ ਹੋਰ ਉਪਜ ਆਉਂਦਾ ਹੈ, ਜਦ ਕਿ ਕਿਸੇ ਰਿਖੀ ਮੁਨੀ ਨੇ ਪਿਛਲੇ ਸਮੇਂ ਵਿਚ ਉਸ ਪ੍ਰਮੇਸ਼ਰ ਨੂੰ ਵੇਖਿਆ ਹੀ ਨਹੀਂ, ਅਤੇ ਨਾ ਹੀ ਹੁਣ ਉਹ ਪ੍ਰਤੱਖ ਰੂਪ ਵਿਚ ਨਜ਼ਰ ਆਉਂਦਾ ਹੈ ਫਿਰ ਉਸ ਨੂੰ ਪ੍ਰਾਪਤ ਕਰਨ ਦੀ ਇੱਛਾ ਹੀ ਕਿਵੇਂ ਪ੍ਰਗਟ ਹੋ ਸਕਦੀ ਹੈ ? ਕਿਉਂਕਿ ਜਦ ਕੋਈ ਮਨੁੱਖ ਕਿਸੇ ਵੀ ਪਦਾਰਥ ਨੂੰ ਵੇਖਦਾ ਹੈ ਤਦ ਉਸਨੂੰ ਉਸਦੇ ਪ੍ਰਾਪਤ ਕਰਨ ਲਈ ਲਾਲਸਾ ਜਾਂ ਚਾਹਤ ਉਪਜਦੀ ਹੈ ਕਿ ਇਹ ਸ਼ੈ, ਇਹ ਵਸਤੂ ਮੇਰੇ ਪਾਸ ਭੀ ਹੋਣੀ ਚਾਹੀਦੀ ਹੈ, ਪਰ ਤੁਸੀਂ ਕਹਿੰਦੇ ਹੋ ਕਿ ਉਹ ਦਿੱਸਣ ਵਿਚ ਆਉਂਦਾ ਹੀ ਨਹੀਂ ਤਾਂ ਉਸਨੂੰ ਵੇਖਣ ਦੀ ਇੱਛਾ ਹੀ ਕਿਵੇਂ ਹੋ ਸਕਦੀ ਹੈ ?

ਉ: ਹੇ ਸਜਨੋਂ ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਭੀ ਸਾਨੂੰ ਗੁਰਬਾਣੀ ਵਿਚੋਂ ਹੀ ਮਿਲ ਸਕਦਾ ਹੈ, ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਦੁਆਰੇ ਖੋਜ ਕਰਾਂਗੇ ਤਾਂ ਸਾਨੂੰ ਇਹ ਜਾਣਕਾਰੀ ਹਾਸਲ ਹੋਵੇਗੀ ਕਿ ਪਦਾਰਥ ਦੋ ਤਰ੍ਹਾਂ ਦੇ ਹਨ, ਇਕ ਹੈ ਅਸਥੂਲ, ਅਤੇ ਦੂਸਰਾ ਸੂਖਮ ਹੈ, ਇਨ੍ਹਾਂ ਦੋਹਾਂ ਪਦਾਰਥਾਂ ਨੂੰ ਵੇਖਣ ਵਾਲੇ ਕੇਂਦਰ ਭੀ ਵੱਖ-ਵੱਖ ਹੀ ਮੰਨੇ ਗਏ ਹਨ। ਜਿਵੇਂ ਕਿ ਇਹ ਜੋ ਸੰਸਾਰ ਹੈ ਇਸ ਵਿਚ ਜੋ ਵੀ ਤ੍ਰਿਗੁਣੀ ਅਸਥੂਲ ਪਦਾਰਥ ਨਜ਼ਰ ਆਉਂਦੇ ਹਨ ਇਨ੍ਹਾਂ ਨੂੰ ਵੇਖਣ ਦਾ ਕੇਂਦਰ ਇਹ ਬਾਹਰਲੇ ਅਸਥੂਲ ਨੇਤ੍ਰ ਹਨ, ਪਰ ਉਹ ਜੋ ਜੋਤੀ ਸਰੂਪ ਪ੍ਰਮੇਸ਼ਰ ਅਤੀ ਸੂਖਮ ਰੂਪ ਹੈ, ਉਸਨੂੰ ਵੇਖਣ ਵਲੋਂ ਇਹ ਤ੍ਰਿਗੁਣੀ ਨੇਤ੍ਰ ਅਸਮਰੱਥ ਹਨ, ਕਿਉਂਕਿ ਉਸ ਪਰੀ ਪੂਰਨ ਪ੍ਰਮੇਸ਼ਰ ਦੇ ਸੰਬੰਧ ਵਿਚ ਗੁਰਬਾਣੀ ਦਾ ਫ਼ੁਰਮਾਨ ਹੈ ਕਿ :

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥
*(ਪੰਨਾ ੨੮੩)*

ਭਾਵ ਹੈ ਕਿ ਉਸ ਪ੍ਰਭੂ ਦਾ ਕੋਈ ਭੀ ਚੱਕ੍ਰ ਚਿਹਨ ਰੰਗ ਰੂਪ ਨਹੀਂ ਉਹ ਪ੍ਰਭੂ ਤਾਂ ਤ੍ਰੈਗੁਣਾਂ ਤੋਂ ਭਿੰਨ ਸਰੂਪ ਹੈ. ਉਹ ਤਾਂ ਆਪ ਹੀ ਉਸੇ ਨੂੰ ਆਪਣਾ ਆਪ ਸਮਝਾਉਂਦਾ ਹੈ ਜਿਸ ਉੱਤੇ ਉਹ ਖ਼ੁਦ ਹੀ ਪ੍ਰਸੰਨ ਹੋਵੇ . ਉਸਦੀ ਪ੍ਰਸੰਨਤਾ ਦਾ ਸਦਕਾ ਹੀ ਉਹ ਦਿੱਬ ਦ੍ਰਿਸ਼ਟੀ ਭਰੇ ਨੇਤ੍ਰ ਹਾਸਲ ਹੁੰਦੇ ਹਨ ਜਿਨ੍ਹਾਂ ਦੁਆਰੇ ਉਸ ਪ੍ਰਭੂ ਦੇ ਅਤਿ ਸੂਖਮ ਸਰੂਪ ਦੇ ਦੀਦਾਰ ਕੀਤੇ ਜਾ ਸਕਦੇ ਹਨ, ਉਨ੍ਹਾਂ ਹੀ ਨੇਤ੍ਰਾਂ ਦਾ ਇਸ਼ਾਰਾ ਗੁਰਬਾਣੀ ਵਿਚ ਅੰਕਤ ਕੀਤਾ ਮਿਲਦਾ ਹੈ, ਜਿਵੇਂ ਕਿ :

ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੧॥ *(ਪੰਨਾ ੫੭੭)*

ਭਾਵ, ਉਹ ਨੇਤ੍ਰ ਇਨ੍ਹਾਂ ਤੋਂ ਵੱਖਰੇ ਨੇਤ੍ਰ ਵੀਚਾਰ ਦੇ ਹਨ, ਜਿਨ੍ਹਾਂ ਦੁਆਰੇ ਸ਼ਬਦ ਦੀ ਕਮਾਈ ਕਰਕੇ ਉਸ

ਸੂਖਮ ਸਰੂਪ ਪ੍ਰਭੂ ਨੂੰ ਲਖਿਆ ਜਾਂਦਾ ਹੈ। ਇਸ ਲਈ ਸੂਖਮ ਨੇਤ੍ਰ ਹੀ ਉਸ ਸਤਿ ਸਰੂਪ ਨੂੰ ਅਨੁਭਵ ਕਰ ਸਕਦੇ ਹਨ, ਇਹ ਬਾਹਰਲੇ ਅਸਥੂਲ ਨੇਤ੍ਰ ਤਾਂ ਅਸਥੂਲ ਵਸਤੂਆਂ ਨੂੰ ਹੀ ਵੇਖਣ ਦੀ ਸਮਰੱਥਾ ਰਖਦੇ ਹਨ, ਜਿਵੇਂ ਸਾਡੇ ਨੇਤ੍ਰਾਂ ਦੇ ਸਾਹਮਣੇ ਅਸਥੂਲ ਰੂਪ ਵਿਚ ਫੁੱਲ ਪਿਆ ਹੈ ਉਹ ਫੁੱਲ ਨੂੰ ਤਾਂ ਵੇਖਦੇ ਹਨ ਪਰ ਉਸ ਫੁੱਲ ਵਿਚ ਜੋ ਸੂਖਮ ਸੁਗੰਧੀ (ਮਹਿਕ) ਹੈ ਉਸਦਾ ਨੇਤ੍ਰਾਂ ਨੂੰ ਕੋਈ ਗਿਆਨ ਨਹੀਂ, ਜਾਂ ਇਉਂ ਕਹੋ ਕਿ ਕੋਈ ਮਨੁੱਖ ਸਾਨੂੰ ਕਹਿੰਦਾ ਹੈ ਕਿ ਮੇਰੇ ਸਿਰ ਵਿਚ ਯਾ ਪੇਟ ਵਿਚ ਦਰਦ ਹੈ ਅਸੀਂ ਕਹੀਏ ਕਿ ਸਾਨੂੰ ਵਿਖਾ, ਪਰ ਉਸਨੂੰ ਸਾਡੇ ਨੇਤ੍ਰ ਵੇਖ ਨਹੀਂ ਸਕਦੇ ਕਿਉਂਕਿ ਉਹ ਦਰਦ ਨੇਤ੍ਰਾਂ ਦਾ ਵਿਸ਼ਾ ਹੀ ਨਹੀਂ। ਇਸ ਲਈ ਉਸ ਪਰੀ ਪੂਰਨ ਪ੍ਰਮੇਸ਼ਰ ਨੂੰ ਅਨੁਭਵ ਕਰਨ ਲਈ ਇਹ ਬਾਹਰਲੇ ਨੇਤ੍ਰ ਕੰਮ ਨਹੀਂ ਕਰਦੇ ਉਸਨੂੰ ਵੇਖਣ ਲਈ ਤਾ ਸਾਨੂੰ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਵੀਚਾਰ ਰੂਪੀ ਨੇਤ੍ਰ ਹਾਸਲ ਕਰਨੇ ਪੈਣਗੇ।

ਸੋ, ਜਦ ਕਿਸੇ ਦੇ ਮਨ ਬੁਧੀ ਰੂਪ ਨੇਤ੍ਰਾਂ ਵਿਚ ਵੀਚਾਰ ਦੀ ਨਜ਼ਰ ਪ੍ਰਕਾਸ਼ ਹੋ ਆਉਂਦੀ ਹੈ ਤਦ ਉਸਦੇ ਅੰਤਰ-ਆਤਮੇ ਦਿੱਬ ਦ੍ਰਿਸ਼ਟੀ ਦਾ ਪ੍ਰਕਾਸ਼ ਹੋ ਆਉਂਦਾ ਹੈ ਜਿਸਦਾ ਸਦਕਾ ਫਿਰ ਉਹ ਜਿਧਰ ਵੀ ਤੱਕਦਾ ਹੈ ਉਸਨੂੰ ਅਕਾਸ਼ ਦੀ ਨਿਆਈਂ ਉਹ ਨਿਰੰਕਾਰ ਹੀ ਵਿਆਪਕ ਅਨੁਭਵ ਹੁੰਦਾ ਹੈ, ਜਿਵੇਂ ਕਿ:

ਜਲਿ ਥਲਿ ਮਹੀਅਲਿ ਪੂਰਿਆ
ਸੁਆਮੀ ਸਿਰਜਨਹਾਰੁ॥
ਅਨਿਕ ਭਾਂਤਿ ਹੋਇ ਪਸਰਿਆ
ਨਾਨਕ ਏਕੰਕਾਰੁ॥੧॥ *(ਪੰਨਾ ੨੯੬)*

ਈਭੈ ਬੀਠਲੁ ਊਭੈ ਬੀਠਲੁ
ਬੀਠਲ ਬਿਨੁ ਸੰਸਾਰੁ ਨਹੀ॥
ਥਾਨ ਥਨੰਤਰਿ ਨਾਮਾ ਪ੍ਰਣਵੈ
ਪੂਰਿ ਰਹਿਓ ਤੂੰ ਸਰਬ ਮਹੀ॥੪॥ *(ਪੰਨਾ ੪੮੫)*

ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ॥
ਪਾਤਾਲਾ ਆਕਾਸ ਪੂਰਨੁ ਹਭ ਘਟਾ॥ *(ਪੰਨਾ ੧੧੦੧)*

ਇਤਿਆਦਿ ਹੋਰ ਭੀ ਅਨੇਕਾਂ ਬਾਣੀ ਵਿਚ ਉਦਾਹਰਣ ਮੇਰੇ ਪੜ੍ਹਨ ਵਿਚ ਆਏ ਹਨ, ਜਿਨ੍ਹਾਂ ਤੋਂ ਪ੍ਰਭਾਵਤ ਹੋ ਮੈਂ ਉਪਰੋਕਤ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਸਜਨੋਂ ਵੇਖੋ ਅਹੁ ਅਕਾਸ ਨਜ਼ਰ ਤਾ ਆ ਰਿਹਾ ਹੈ, ਪਰ ਉਹ ਕਿਤਨਾ ਕੁ ਹੈ ਇਸਦਾ ਪਤਾ ਨਹੀਂ ਲੱਗ ਸਕਦਾ।

(੨) (ਇਸ ਲਈ ਉਸਨੂੰ) ਉੱਚਾ ਕਿੰਨਾ ਕੁ ਕਹੀਏ (ਕਿਉਂਕਿ ਉਹ) ਤਾਂ ਸੁੰਨ ਸਰੂਪ ਹੈ, (ਕੋਈ ਕੀ) ਆਖੇ ਜਾਂ ਦੱਸੇ।

(੩) ਅਨਲ ਮਨਲ (ਪੰਛੀ ਜਿਹੜਾ ਸਦਾ ਅਕਾਸ਼ ਵਿਚ ਹੀ ਰਹਿੰਦਾ ਮੰਨਿਆ ਹੈ) ਉਹ ਭੀ ਉੱਡ ਕੇ ਉੱਚੀਆਂ ਉਡਾਰੀਆਂ ਲਾਉਂਦਾ ਹੈ, ਪਰ ਉਹ ਵੀ ਕੋਈ (ਉਚਾਈ ਦੀ) ਖ਼ਬਰ ਨਹੀਂ ਦੇਂਦਾ।

(੪) ਅੰਤ ਤਾਂ ਇਸਦਾ ਲੱਭਦਾ ਹੀ ਨਹੀਂ, ਸੱਭੇ ਖੋਜੀ ਹੈਰਾਨ ਹੋਏ ਫਿਰਦੇ ਹਨ।

(੫) (ਹੇ ਭਾਈ!) ਲੱਖਾਂ ਆਕਾਸ਼ਾਂ ਤੇ ਕੋਈ ਪਹੁੰਚ ਹੀ ਨਹੀਂ ਸਕਦਾ (ਐਸੀ) ਕੁਦਰਤ ਦੇ ਮਾਲਕ ਤੋਂ ਕੁਰਬਾਨ ਜਾਈਏ।

(੬) (ਉਸ ਐਸੇ ਅਪਹੁੰਚ ਤੇ ਅਦ੍ਰਿਸ਼ਟ) ਪਾਰਬ੍ਰਹਮ ਪ੍ਰਮੇਸ਼ਰ ਸਤਿਗੁਰੂ ਪੁਰਖ ਦਾ ਨਿਵਾਸ ਸਾਧ ਸੰਗਤ ਵਿਚ ਹੈ।

ਪ੍ਰ: ਕਿਉਂ ਜੀ! ਉਸ ਐਸੇ ਸੱਤ ਸਰੂਪ ਦੀ ਲੱਖਤਾ ਕਿਵੇਂ ਹੋ ਸਕਦੀ ਹੈ?

(੭) ਉ: ਹੇ ਭਾਈ! ਜੋ ਮੁਰੀਦ ਨਿਰਹੰਕਾਰ ਹੋਵੇ, ਉਹੀ ਉਸਨੂੰ ਪਛਾਣ ਸਕਦਾ ਹੈ, (ਹੋਰ ਤਾਂ ਕਿਸੇ ਵਿਚ ਉਸਨੂੰ ਲੱਖਣ ਦੀ ਗੰਮਤਾ ਹੀ ਨਹੀਂ)।੧੯।

***ਭਾਵਾਰਥ*** : ਇਸੇ ਭਾਵ ਨੂੰ ਅਕਾਸ਼ ਦਾ ਉਦਾਹਰਣ ਦੇ ਕੇ ਖੁਲਾਸੇ ਰੂਪ ਵਿਚ ਸਮਝਾਉਂਦੇ ਹਨ ਕਿ ਹੇ ਭਾਈ! ਇਹ ਅਕਾਸ਼ ਜੋ ਸਾਰੇ ਵਿਆਪਕ ਹੈ, ਪੁਲਾੜ ਦੀ ਸ਼ਕਲ ਵਿਚ ਦਿਸਦਾ ਭੀ ਹੈ ਕਿਤਨਾ ਕੁ ਹੈ, ਕਿਥੇ ਜਾ ਕੇ ਅਕਾਸ਼ ਦਾ ਅਭਾਵ ਹੁੰਦਾ ਹੈ, ਇਹ ਕੋਈ ਨਹੀਂ ਜਾਣਦਾ। ਸੋ, ਜਦ ਕਿ ਅਕਾਸ਼ ਦਾ ਇਹ ਹਾਲ ਹੈ ਤਦ ਉਸ ਵਾਹਿਗੁਰੂ ਦੀ ਲੱਖਤਾ ਨੂੰ, ਜੋ ਦਿਸਦਾ ਭੀ ਨਹੀ ਹੈ. ਅਕਾਸ਼ ਤੋਂ ਵਧੀਕ ਵਿਆਪਕ ਤੇ ਸੂਖਮ ਹੈ, ਲੱਖਾਂ ਅਕਾਸ਼ ਜਿਸ ਅੱਗੇ ਤੁੱਛ ਹਨ ਉਸਨੂੰ ਕਿਵੇਂ ਜਾਣਿਆ ਜਾਵੇ? ਉਸਨੂੰ ਜਾਣਨਾ ਤਾਂ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੀ ਕਹਿਣਾ ਚਾਹੀਦਾ ਹੈ।

***ਨੋਟ***: ਉਪਰ ਪੁਲਾੜ ਵਲ ਨਜ਼ਰ ਮਾਰਿਆਂ ਜੋ ਕਾਲੱਤਣ ਨਜ਼ਰ ਆਉਂਦੀ ਹੈ ਇਹ ਕੋਈ ਸ਼ੈ ਨਹੀਂ ਇਸ ਕਰਕੇ ਸੁੰਨ ਕਿਹਾ ਹੈ। ਅਕਾਸ਼ ਨੂੰ ਪੁਰਾਣਾਂ ਨੇ ਇਕ ਤੱਤ ਮੰਨਿਆ ਹੈ, ਅੱਜ ਕੱਲ ਦੀ ਵਿਗਯਾਨ (ਸਾਇੰਸ) ਨੇ ਭੀ ਅਕਾਸ਼ ਸਾਰੇ ਵਿਆਪਕ ਪਰਮ ਸੂਖਮ ਵਸਤੂ ਮੰਨਿਆ ਹੈ।

## ੧੯. ਪੂਰਨ ਗੁਰੂ ਜੀ ਦੀ ਮਹਿਮਾਂ

੧. ਗੁਰ ਮੂਰਤਿ ਪੂਰਨ ਬ੍ਰਹਮ
ਘਟ ਘਟ ਅੰਦਰ ਸੂਰਜ ਸੁੱਝੈ।
੨. ਸੂਰਜ ਕਵਲ ਪਰੀਤਿ ਹੈ
ਗੁਰਮੁਖ ਪ੍ਰੇਮ ਭਗਤਿ ਕਰ ਬੁੱਝੈ।
੩. ਪਾਰਬ੍ਰਹਮ ਗੁਰ ਸ਼ਬਦ ਹੈ
ਨਿੱਝਰ ਧਾਰ ਵਰ੍ਹੈ ਗੁਣ ਗੁੱਝੈ।
੪. ਕਿਰਖ ਬਿਰਖ ਹੁਇ ਸਫਲ ਫਲ
ਚੰਦਨ ਵਾਸ ਨਿਵਾਸ ਨ ਖੁੱਝੈ।
੫. ਅਫਲ ਸਫਲ ਸਮਦਰਸ ਹੋਇ
ਮੋਹੁ ਨ ਧੋਹੁ ਨ ਦੁਬਿਧਾ ਲੁੱਝੈ।
੬. ਗੁਰਮੁਖ ਸੁਖ ਫਲ ਪਿਰਮ ਰਸ
ਜੀਵਨ ਮੁਕਤ ਭਗਤਿ ਕਰ ਦੁੱਝੈ।
੭. ਸਾਧਸੰਗਤਿ ਮਿਲ ਸਹਜ ਸਮੁੱਝੈ ॥੧੯॥

*ਪਦ ਅਰਥ:* ਸੁੱਝੈ—ਦਿਸਦਾ ਹੈ, ਪ੍ਰਕਾਸ਼ਦਾ ਹੈ। ਬੁੱਝੈ—ਸਮਝਦੇ ਹਨ ਜਾਂ ਜਾਣ ਲੈਂਦੇ ਹਨ। ਗੁੱਝੈ—ਗੂੜ੍ਹੇ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਕਈ ਦੇਹਧਾਰੀ, ਪਖੰਡੀ ਨਾਮਧਰੀਕ ਡੰਭੀ ਗੁਰੂਆਂ ਦੇ ਪੁਜਾਰੀਆਂ ਨਾਲ ਪਰਸਪਰ ਵੀਚਾਰ ਵਿਟਾਂਦਰਾ ਕਰਨ ਦਾ ਜਦ ਵੀ ਕਦੀ ਸਮਾਂ ਮਿਲਦਾ ਹੈ ਤਾਂ ਉਹ ਸਾਡੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਪੰਗਤੀ (ਗੁਰ ਕੀ ਮੂਰਤਿ ਮਨ ਮਹਿ ਧਿਆਨੁ) ਪੜ੍ਹ ਕੇ ਇਹ ਸਿੱਧ ਕਰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਭੀ ਦੇਹਧਾਰੀ ਗੁਰੂ ਦੀ ਮੂਰਤੀ ਦਾ ਧਿਆਨ ਧਰਨ ਦੀ ਆਗਿਆ ਦਿੱਤੀ ਹੈ, ਫਿਰ ਇਸ ਗੁਰੂ ਦੀ ਆਗਿਆ ਨੂੰ ਉਲੰਘਣ ਕਰਨ ਦਾ ਕਿਸੇ ਨੂੰ ਕੀ ਹੱਕ ਹੈ, ਕਿਉਂ ਜੀ! ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

ਉ: ਹੇ ਸਜਣੋ! ਅਜਿਹੇ ਪਖੰਡੀ ਲੋਕ ਸੰਸਾਰ ਵਿਚ ਤੁਹਾਨੂੰ ਬਹੁਤ ਮਿਲਣਗੇ ਜੋ ਆਪਣੀ ਕੂੜ ਕ੍ਰਿਆ ਨੂੰ ਸਿੱਧ ਕਰਨ ਲਈ ਗੁਰਬਾਣੀ ਦੀ ਕੇਵਲ ਇਕੋ ਹੀ ਪੰਗਤੀ ਦਾ ਆਸਰਾ ਲੈ ਕੇ ਭੋਲੇ ਭਾਲੇ, ਨਿਸ਼ਕਪਟ, ਸਰਲ ਚਿੱਤ ਲੋਕਾਂ ਨੂੰ ਆਪਣੇ ਭਰਮ ਭੁਲੇਖੇ ਦੇ ਜਾਲ ਵਿਚ ਫਸਾ ਕੇ ਧੋਖਾ ਕਰਦੇ ਹਨ। ਕਿਉਂਕਿ ਬਾਣੀ ਵਿਚ ਕਈ ਅਜਿਹੀਆਂ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਦੇ ਪਹਿਲੀ ਪੰਗਤੀ ਵਿਚ ਪ੍ਰਸ਼ਨ ਅੰਕਤ ਕੀਤਾ ਗਿਆ ਹੈ ਤੇ ਉਸਦੀ ਅਗਲੀ ਸਤਰ ਵਿਚ ਉਸਦਾ ਜਵਾਬ ਹੈ, ਜਿਵੇਂ ਕਿ:

ਸਤਿਗੁਰੁ ਸਿਖ ਕੇ ਬੰਧਨ ਕਾਟੈ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ॥ *(ਪੰਨਾ ੨੮੬)*

ਹੁਣ ਜੇ ਅਸੀਂ ਇਸ ਪਹਿਲੀ ਪੰਗਤੀ ਨੂੰ ਹੀ ਪੜ੍ਹ ਕੇ ਰੁਕ ਜਾਈਏ ਤਾਂ ਇਸ ਦਾ ਭਾਵ ਇਹੋ ਹੀ ਮੰਨਣਾ ਪਵੇਗਾ ਕਿ ਸਤਿਗੁਰੂ ਸਿਖ ਦੇ ਬੰਧਨ ਕੱਟ ਦੇਂਦਾ ਹੈ, ਜਿਸ ਦਾ ਭਾਵ ਇਹੋ ਸਮਝਣਾ ਪਵੇਗਾ ਕਿ ਸਾਰੇ ਸੰਸਾਰ ਦੇ ਸਿਖ ਜਿਤਨੇ ਭੀ ਨਾਮਧਰੀਕ ਨਜ਼ਰ ਆਉਂਦੇ ਹਨ ਉਨ੍ਹਾਂ ਦੇ ਬੰਧਨ ਗੁਰੂ ਕੱਟ ਹੀ ਦੇਵੇਗਾ, ਪਰ ਐਸਾ ਤਾਂ ਮੰਨਿਆ ਨਹੀਂ ਜਾ ਸਕਦਾ, ਕਿਉਂਕਿ ਬਾਹਰੋਂ ਸਰੀਰ ਕਰਕੇ ਸਿਖ ਦਿਸ ਪੈਣਾ ਹੀ ਕੋਈ ਸਿਖ ਦਾ ਸਹੀ ਸਰੂਪ ਨਹੀਂ, ਜਿਤਨਾ ਚਿਰ ਉਹ ਅੰਤਰ ਆਤਮੇ ਸਿੱਖੀ ਦੇ ਸਹੀ ਅਸੂਲਾਂ ਨੂੰ ਨਹੀਂ ਧਾਰਨ ਕਰ ਲੈਂਦਾ। ਇਸ ਲਈ ਹੇ ਭਾਈਓ! ਇਹੋ ਮੰਨਣਾ ਪਵੇਗਾ ਕਿ ਗੁਰੂ ਉਸੇ ਸਿਖ ਦੇ ਬੰਧਨ ਕਟਦਾ ਹੈ ਜੋ ਸਿਖ ਵਿਕਾਰਾਂ ਵਲੋਂ ਹੱਟ ਕੇ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਜੀਵਨ ਗੁਜ਼ਾਰਦਾ ਹੈ। ਇਹ ਇਕ ਉਦਾਹਰਣ ਹੈ, ਇਸ ਤਰ੍ਹਾਂ ਗੁਰਬਾਣੀ ਵਿਚ ਸਾਨੂੰ ਕਈ ਦ੍ਰਿਸ਼ਟਾਂਤ ਮਿਲਦੇ ਹਨ।

ਇਸੇ ਤਰ੍ਹਾਂ ਇਹ ਜੋ ਸ਼ਬਦ ਹੈ ਕਿ:
ਗੁਰ ਕੀ ਮੂਰਤਿ ਮਨ ਮਹਿ ਧਿਆਨੁ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥
ਗੁਰ ਕੇ ਚਰਨ ਰਿਦੈ ਲੈ ਧਾਰਉ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥੧॥
*(ਗੋਂਡ ਮ: ੫, ਪੰਨਾ ੮੬੪)*

ਭਾਵ ਇਥੇ ਵੀ ਪਹਿਲੀ ਪੰਗਤੀ ਪ੍ਰਸ਼ਨ ਰੂਪ ਵਿਚ ਵਰਤੀ ਗਈ ਹੈ ਕਿ ਗੁਰੂ ਦੀ ਮੂਰਤਿ ਦਾ ਮਨ ਵਿਚ ਧਿਆਨ ਧਾਰਨ ਕਰੋ। ਅਗਲੀ ਪੰਗਤੀ ਵਿਚ ਉੱਤਰ ਹੈ ਕਿ ਗੁਰੂ ਦਾ ਜੋ ਸ਼ਬਦ ਮੰਤ੍ਰ ਰੂਪ ਹੈ ਇਸੇ ਨੂੰ ਮਨ ਵਿਚ ਮੰਨਣ ਕਰੋ ਕਿਉਂਕਿ (ਗੁਰ ਮੂਰਤਿ ਗੁਰ ਸਬਦ ਹੈ) ਭਾਵ ਹੈ ਕਿ ਗੁਰੂ ਦੀ ਮੂਰਤੀ ਇਹ ਗੁਰੂ ਦਾ ਸ਼ਬਦ ਹੀ ਹੈ, ਜਿਸ ਨੂੰ ਖੁਲਾਸੇ ਰੂਪ ਵਿਚ ਅੰਕਤ ਕੀਤਾ ਹੈ ਕਿ:

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥੫॥ (ਪੰਨਾ ੯੮੨)

ਸਤਿਗੁਰ ਬਚਨ ਬਚਨ ਹੈ ਸਤਿਗੁਰ
ਪਾਧਰੁ ਮੁਕਤਿ ਜਨਾਵੈਗੋ ॥
(ਕਾਨੜਾ ਮ: ੪, ਪੰਨਾ ੧੩੦੯)

ਸਤਿਗੁਰ ਬਚਨੁ ਬਚਨੁ ਹੈ ਨੀਕੋ
ਗੁਰ ਬਚਨੀ ਅੰਮ੍ਰਿਤ ਪਾਵੈਗੋ ॥
(ਕਾਨੜਾ ਮ: ੪, ਪੰਨਾ ੧੩੧੧)

ਭਾਵ ਹੈ ਕਿ ਇਹ ਗੁਰੂ ਦੀ ਪਵਿੱਤ੍ਰ ਬਾਣੀ ਹੀ ਸਤਿਗੁਰੂ ਦੀ ਪ੍ਰਤੱਖ ਮੂਰਤਿ ਹੈ, ਇਹੋ ਹੀ ਹਰ ਮਨੁੱਖ ਮਾਤ੍ਰ ਨੂੰ ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਦਿਵਾਉਣ ਦਾ ਸਰਲ ਤੇ ਪਧਰਾ ਮਾਰਗ ਹੈ।

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਉਨ੍ਹਾਂ ਪ੍ਰਤੱਖ ਮੂਰਤਾਂ ਦੇ ਪੂਜਾਰੀਆਂ ਨਾਲ ਵੀਚਾਰ ਵਿਟਾਂਦਰਾ ਕਰਦਿਆਂ ਇਹ ਸੁਆਲ ਕਰਦੇ ਹਾਂ ਕਿ ਜਿਨ੍ਹਾਂ ਪੱਥਰਾਂ ਦੀਆਂ ਮੂਰਤਾਂ ਨੂੰ ਤੁਸੀਂ ਦੇਵਤਾ ਸਮਝ ਕੇ ਪੂਜਦੇ ਹੋ, ਨਮਸਕਾਰਾਂ ਕਰਦੇ ਹੋ ਇਹ ਤਾਂ ਕੁੱਝ ਵੀ ਦੇਣ ਦੀ ਸਮਰੱਥਾ ਨਹੀਂ ਰੱਖਦੇ ਤੇ ਨਾਹੀਂ ਕੁੱਝ ਬੋਲ ਕੇ ਉਪਦੇਸ਼ ਦੇਣ ਦੀ ਸ਼ਕਤੀ ਰਖਦੇ ਹਨ ਇਸੇ ਲਈ ਇਨ੍ਹਾਂ ਮੂਰਤਾਂ ਦੀ ਪੂਜਾ ਕਰਨ ਵਲੋਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਸਖਤ ਤਾੜਨਾ ਕਰਕੇ ਵਰਜਿਆ ਹੈ, ਜਿਵੇਂ ਕਿ :

ਜੋ ਪਾਥਰ ਕਉ ਕਹਤੇ ਦੇਵ ॥
ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥
ਤਿਸ ਕੀ ਘਾਲ ਅਜਾਂਈ ਜਾਇ ॥੧॥
(ਮ: ੫, ਪੰਨਾ ੧੧੬੦)

ਤਾਂ ਉਹ ਅਗੋਂ ਇਹ ਸੁਆਲ ਖੜਾ ਕਰਦੇ ਹਨ ਕਿ ਜੇ ਅਸੀਂ ਪੱਥਰ ਦੀਆਂ ਮੂਰਤਾਂ ਦੀ ਪੂਜਾ ਕਰਦੇ ਹਾਂ ਤਾਂ ਤੁਸੀਂ ਭੀ ਤਾਂ ਕਾਗ਼ਜ਼ਾਂ ਦੀ ਪੂਜਾ ਕਰਦੇ ਤੇ ਮੱਥੇ ਟੇਕਦੇ ਹੋ ਇਸ ਵਿਚ ਤਾਂ ਕੋਈ ਭੀ ਅੰਤਰਾ ਨਹੀਂ, ਕਿਸੇ ਨੇ ਪੱਥਰ ਪੂਜ ਲਿਆ, ਕਿਸੇ ਨੇ ਕਾਗ਼ਜ਼ਾਂ ਨੂੰ ਮੱਥਾ ਟੇਕ ਲਿਆ। ਕਿਉਂ ਜੀ ! ਇਸ ਸੁਆਲ ਦੇ ਜੁਆਬ ਵਿਚ ਗੁਰਮੱਤ ਅਨੁਸਾਰ ਉਨ੍ਹਾਂ ਦੀ ਤਸੱਲੀ ਕਿਵੇਂ ਕਰਾਈ ਜਾ ਸਕਦੀ ਹੈ ?

ਉ: ਹੇ ਭਾਈਓ ! ਅਸਲ ਵਿਚ ਉਨ੍ਹਾਂ ਲੋਕਾਂ ਨੂੰ ਇਹ ਬਹੁਤ ਵੱਡਾ ਭਰਮ ਭੁਲੇਖਾ ਹੈ ਕਿ ਸਿਖ ਕਾਗ਼ਜ਼ਾਂ ਨੂੰ ਮੱਥਾ ਟੇਕਦਾ ਹੈ, ਕਾਗ਼ਜ਼ਾਂ ਦੀ ਪੂਜਾ ਕਰਦਾ ਹੈ, ਨਹੀਂ, ਸਿਖ ਤਾਂ ਉਨ੍ਹਾਂ ਹੀ ਕਾਗ਼ਜ਼ਾਂ ਨੂੰ ਨਮਸਕਾਰ ਕਰਦਾ ਹੈ ਜਿਨ੍ਹਾਂ ਦੇ ਉੱਪਰ ਉਹ ਧੁਰ ਦਰਗਾਹੋਂ ਸਫੁਰਨ ਹੋਇਆ ਗੁਰੂ ਨਾਨਕ ਦੁਆਰੇ ਗਿਆਨ ਅੰਕਤ ਹੈ, ਜਿਸ ਬਾਰੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪ ਹੀ ਫ਼ੁਰਮਾਨ ਕੀਤਾ ਹੈ ਕਿ :

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਪੰਨਾ ੭੨੨)

ਸੋ, ਜਿਸ ਬਾਣੀ ਵਿਚ ਉਹ ਰੱਬੀ ਗਿਆਨ, ਅਗੰਮੀ ਰਸ ਤੇ ਸਿਧਾਂਤ ਲਬਾ ਲਬ ਪੂਰਨ ਉੱਕਰਿਆ ਹੋਇਆ ਹੈ ਸਿਖ ਉਸੇ ਦੀ ਪੂਜਾ ਕਰਦਾ ਹੈ ਕਿਸੇ ਕਾਗ਼ਜ਼ ਦਾ ਪੁਜਾਰੀ ਨਹੀਂ। ਫ਼ਰਜ਼ ਕਰੋ, ਜੇਕਰ ਚੋਦਾਂ ਸੋ ਤੀਹ (੧੪੩੦) ਸਫ਼ਿਆਂ ਦੀ ਜਿਲਦ ਬੰਨ੍ਹੀ ਹੋਵੇ ਉਸ ਵਿਚ ਬਾਣੀ ਦੀ ਇਕ ਪੰਗਤੀ ਭੀ ਨ ਲਿਖੀ ਹੋਵੇ ਉਹ ਭਾਵੇਂ ਸੋਨੇ ਦੀ ਪਾਲਕੀ ਵਿਚ ਵੀ ਕਿਉਂ ਨਾ ਪ੍ਰਕਾਸ਼ ਹੋਵੇ ਸਿਖ ਉਸਨੂੰ ਕਦੀ ਭੀ ਨਮਸਕਾਰ ਨਹੀਂ ਕਰਦਾ, ਕਿਉਂਕਿ ਸਿਖ ਤਾਂ ਬਾਣੀ ਦਾ ਪੂਜਕ ਹੈ ਕਾਗ਼ਜ਼ਾਂ ਦਾ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਦੇ ਕਾਗ਼ਜ਼ਾਂ ਨੂੰ ਭੀ ਰੁਮਾਲਿਆਂ ਵਿਚ ਲਪੇਟ ਕੇ ਇਸ ਲਈ ਸਤਿਕਾਰਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਉੱਤੇ ਧੁਰ ਦਰਗਾਹੋਂ ਆਇਆ ਅਗੰਮੀ ਗਿਆਨ ਉੱਕਰਿਆ ਹੋਇਆ ਹੈ।

ਜੇ ਕਦੀ ਅਸੀਂ ਬਾਣੀ ਦੁਆਰੇ ਕੇਵਲ ਕਾਗ਼ਜ਼ ਸੰਬੰਧੀ ਹੀ ਵੀਚਾਰ ਕਰੀਏ ਤਾਂ ਸਾਨੂੰ ਜਾਣਕਾਰੀ ਮਿਲਦੀ ਹੈ ਕਿ ਜੇ ਕਿਸੇ ਕਾਗ਼ਜ਼ ਪਰ ਰੱਬੀ ਗਿਆਨ ਨਹੀਂ ਉੱਕਰਿਆ ਹੋਇਆ ਉਸਦੀ ਤਾਂ ਕੀਮਤ ਹੀ ਕੁੱਝ ਨਹੀਂ ਉਸਨੂੰ ਤਾਂ ਸਗੋਂ ਅਪਵਿੱਤ੍ਰ ਮੰਨ ਕੇ ਉਸ ਤੋਂ ਦੂਰ ਹੀ ਰਹਿਣ ਦੀ ਪ੍ਰੇਰਨਾ ਕੀਤੀ ਗਈ ਹੈ, ਜਿਵੇਂ ਕਿ :

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ ॥੨॥
(ਮਲਾਰ, ਰਵਿਦਾਸ ਜੀ, ਪੰਨਾ ੧੨੯੩)

ਭਗਤ ਰਵਿਦਾਸ ਜੀ ਕਾਗ਼ਜ਼ ਸੰਬੰਧੀ ਜਿਕਰ ਕਰਦੇ ਹਨ ਕਿ ਜਦੋਂ ਕਾਗ਼ਜ਼ ਬਣਨ ਦਾ ਅਜੇ ਹੋਰ ਕੋਈ ਸਾਧਨ ਉਪਲਬਧ ਨਹੀਂ ਸੀ ਹੋਇਆ ਤਾਂ ਪਹਿਲੋਂ ਪਹਿਲ ਤਾੜੀ ਦੇ ਦਰੱਖ਼ਤ ਤੋਂ ਕਾਗ਼ਜ਼ ਬਣਨਾ ਅਰੰਭ ਹੋਇਆ, ਜਿਸ ਦੇ ਬਾਰੇ ਜ਼ਿਕਰ ਆਉਂਦਾ ਹੈ ਕਿ

ਇਸਦਾ ਕਾਗਜ਼ ਸੁਖੈਨਤਾ ਨਾਲ ਬਣ ਸਕਦਾ ਸੀ, ਇਸ ਦੇ ਛਿਲਕੇ ਨੂੰ ਸੁਕਾ ਕੇ ਚੰਗੀ ਤਰ੍ਹਾਂ ਕੁੱਟ ਕੇ ਇਸ ਦਾ ਕਾਗਜ਼ ਬਣਾਇਆ ਜਾਂਦਾ ਸੀ। ਪਰ ਇਸ ਦੇ ਬਾਰੇ ਪੁਸਤਕਾਂ ਵਿਚ ਇਹ ਜ਼ਿਕਰ ਭੀ ਆਉਂਦਾ ਹੈ ਕਿ ਇਸ ਤਾੜੀ ਦੇ ਦਰਖ਼ਤ ਦੇ ਰਸ ਵਿਚ ਸ਼ਰਾਬ ਵਾਂਗ ਨਸ਼ਾ ਹੈ, ਇਸ ਦੇ ਹੇਠ ਬੈਠਣਾ ਨਹੀਂ ਚਾਹੀਦਾ, ਇਸਦੇ ਕੋਲੋਂ ਲੰਘਣੋਂ ਭੀ ਵਰਜਿਆ ਗਿਆ ਹੈ, ਪਰ ਜਿਸ ਤੋਂ ਗੁਰਸਿਕਾਰਾ ਨੇ ਇਤਨੀ ਘਿਰਣਾ ਕੀਤੀ ਹੈ, ਉਸੇ ਦਰਖ਼ਤ ਦੇ ਛਿਲਕੇ ਤੋਂ ਬਣੇ ਕਾਗਜ ਉਤੇ ਜਦੋਂ ਉਸ ਭਗਵੰਤ ਦੀ ਭਗਤੀ ਕਰਨ ਦੇ ਸਾਧਨ ਲਿਖੇ ਜਾਣ, ਸਿਫਤੋ-ਸਾਲਾਹ ਲਿਖੀ ਜਾਵੇ ਤਾਂ ਉਹੀ ਪੂਜਨ ਤੇ ਨਮਸਕਾਰ ਕਰਨ ਦੇ ਯੋਗ ਬਣ ਜਾਂਦੇ ਹਨ। ਇਸ ਦਾ ਭਾਵ ਹੋਇਆ ਕਿ ਜਿਸ ਭੀ ਕਾਗਜ਼ ਉਤੇ ਪ੍ਰਮੇਸ਼ਰ ਦੀ ਮਹਿਮਾ ਲਿਖੀ ਜਾਵੇ ਉਹੀ ਕਾਗਜ਼ ਪੂਜਨ ਯੋਗ ਹੈ।

ਇਸ ਲਈ ਜਦੋਂ ਅਸੀਂ ਗੁਰਬਾਣੀ ਦੇ ਭੰਡਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਾਂ ਤਾਂ ਸਾਨੂੰ ਬਾਰ ਬਾਰ ਇਹੋ ਫ਼ੁਰਮਾਨ ਮਿਲਦਾ ਹੈ ਕਿ:

ਗੁਰਬਾਣੀ ਗਾਵਹ ਭਾਈ॥
ਓਹ ਸਫਲ ਸਦਾ ਸੁਖਦਾਈ॥ *(ਪੰਨਾ ੬੨੮)*

ਗੁਰ ਕੀ ਬਾਣੀ ਸਿਉ ਲਾਇ ਪਿਆਰੁ॥
ਐਥੈ ਓਥੈ ਏਹੁ ਅਧਾਰੁ॥ *(ਪੰਨਾ ੧੩੩੫)*

ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥ *(ਪੰਨਾ ੬੨੮)*

ਸੋ, ਇਹ ਬਾਣੀ ਧੁਰ ਦਰਗਾਹੋਂ ਆਈ ਹੈ, ਪਰ ਪ੍ਰਗਟ ਹੋਈ ਹੈ ਗੁਰੂ ਦੁਆਰੇ ਕਿਉਂਕਿ ਜਦੋਂ ਭੀ ਬਾਣੀ ਉਚਾਰਨ ਕਰਦੇ ਤਦੋਂ ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਇਹੋ ਹੀ ਕਹਿਆ ਕਰਦੇ ਸਨ ਕਿ ਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ, ਕਦੇ ਭੀ ਇਹ ਨਹੀਂ ਸਨ ਕਹਿੰਦੇ ਕਿ ਮੈਂ ਬਾਣੀ ਰਚਨ ਲਗਾ ਹਾਂ। ਆਪਣੇ ਬਾਰੇ ਤਾਂ ਆਪ ਜੀ ਨੇ ਸਾਫ਼ ਅੱਖਰਾਂ ਵਿਚ ਕਹਿ ਦਿੱਤਾ ਕਿ ਮੈਂ ਤਾਂ ਬਾਣੀ ਬੋਲਣਾ ਹੀ ਨਹੀਂ ਜਾਣਦਾ:

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ॥ *(ਪੰਨਾ ੭੬੩)*

ਭਾਵ ਹੈ ਕਿ, ਜੋ ਬਾਣੀ ਮੈਨੂੰ ਧੁਰ ਦਰਗਾਹੋਂ ਸਫੁਰਨ ਹੁੰਦੀ ਹੈ ਮੈਂ ਉਹੋ ਹੀ ਸੰਸਾਰ ਦੇ ਲੋਕਾਂ ਨੂੰ ਕਹਿਕੇ ਸੁਣਾ ਰਿਹਾ ਹਾਂ। ਸੋ, ਗੁਰੂ ਦਾ ਸਿਖ ਸਿਰਫ਼ ਉਸੇ ਬਾਣੀ ਦਾ ਪੂਜਕ ਹੈ ਹੋਰ ਕਿਸੇ ਭੀ ਪ੍ਰਕਾਰ ਦੇ ਕਾਗਜ਼ ਦਾ ਪੁਜਾਰੀ ਨਹੀਂ, ਨਾ ਹੀ ਸਿਖ ਦਾ ਸਿਰ ਕਿਸੇ ਕਾਗਜ਼ ਅੱਗੇ ਝੁਕਦਾ ਹੈ। ਸੋ, ਹੇ ਭਾਈਓ! ਮੈਂ ਭੀ ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਉਪ੍ਰੋਕਤ ਪਉੜੀ ਦੀਆ ਚੰਦ ਸਤਰਾ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਇਹ) ਗੁਰੂ ਮੂਰਤਿ ਪੂਰਨ ਬ੍ਰਹਮ ਪ੍ਰਮੇਸ਼ਰ ਸਰੂਪ ਹਨ, (ਅਤੇ) ਘਟਾ ਘਟਾ ਵਿਚ ਰਮੇ ਹੋਏ ਹਨ, (ਜਿਵੇਂ ਕਿ) ਸੂਰਜ ਦਾ ਪ੍ਰਤਿਬਿੰਬ ਹਰ ਘੜੇ ਵਿਚ ਨਜ਼ਰੀਂ ਪੈਂਦਾ ਹੈ।

(੨) (ਹੇ ਭਾਈ) ਜਿਵੇਂ, ਕੰਵਲ ਦੀ ਸੂਰਜ ਨਾਲ ਪ੍ਰੀਤ ਹੈ, (ਇਸੇ ਹੀ ਤਰ੍ਹਾਂ) ਗੁਰਮੁਖਾਂ ਦੀ ਸਤਿਗੁਰੂ ਨਾਲ ਪ੍ਰੇਮਾ ਭਗਤੀ ਵਾਲੀ ਪ੍ਰੀਤੀ ਜਾਣੀ ਜਾਂਦੀ ਹੈ।

ਪ੍ਰ: ਕਿਉਂ ਜੀ! ਤੁਸੀਂ ਉਸ ਪਾਰਬ੍ਰਹਮ ਤੇ ਗੁਰੂ ਦੇ ਸ਼ਬਦ ਦਾ ਪ੍ਰਸਪਰ ਕੀ ਸੰਬੰਧ ਅਨੁਭਵ ਕਰਦੇ ਹੋ ਇਹ ਭੀ ਦੱਸਣ ਦੀ ਕ੍ਰਿਪਾ ਕਰੋ?

(੩) ਉ: (ਹੇ ਭਾਈਓ! ਮੈਂ ਤਾਂ ਇਹੋ ਹੀ ਭਾਵਨਾ ਰਖਦਾ ਹਾਂ ਕਿ) ਪਾਰਬ੍ਰਹਮ ਦਾ ਸਰੂਪ (ਹੀ) ਗੁਰਸ਼ਬਦ ਹੈ, ਜਿਸ ਵਿਚੋਂ ਪ੍ਰਭੂ ਮਹਿਮਾ ਤੇ ਗੁਣਾਂ ਦੀ ਨਿਝਰ ਧਾਰਾ ਵੱਗਦੀ ਹੈ।

ਪ੍ਰ: ਕਿਉਂ ਜੀ! ਜਿਸ ਦਾ ਸ਼ਬਦ ਨਾਲ ਤਾਲਮੇਲ ਹੋ ਜਾਂਦਾ ਹੈ ਉਸਨੂੰ ਫਲ ਕੀ ਮਿਲਦਾ ਹੈ?

(੪) ਉ: ਹੇ ਪਿਆਰੇ! ਜਿਵੇਂ (ਕਿਰਖੀ) ਖੇਤੀਆਂ ਸਫਲ ਤੇ ਬਿਰਖ ਭੀ ਫਲਦੇ ਹਨ, ਚੰਦਨ ਵਤ ਵਾਸ਼ਨਾ ਨਿਵਾਸ ਕਰਦੀ ਹੈ (ਭਾਵ) ਕੋਈ ਭੀ ਇਸ ਸੁਗੰਧੀ ਤੋਂ ਖ਼ਾਲੀ ਨਹੀਂ ਰਿਹਾ, (ਇਸੇ ਤਰ੍ਹਾਂ ਸਿਖ ਦੇ ਅੰਦਰੋਂ ਦ੍ਵੈਤ ਦਾ) ਖੋਜ ਉਡ ਜਾਂਦਾ ਹੈ।

(੫) (ਉਨ੍ਹਾਂ ਗੁਰਮੁਖਾਂ ਲਈ) ਅਫਲਤਾ ਜਾਂ ਸਫਲਤਾ ਇਕ ਸਮਾਨ ਹੋ ਜਾਂਦੀਆ ਹਨ, ਮੋਹ ਤੇ ਧ੍ਰੋਹ (ਪਿਆਰ ਜਾਂ ਧੋਖਾ) ਵੀ ਇਕ ਸਮਾਨ ਤੇ ਦੁਬਿਧਾ (ਦ੍ਵੈਤ) ਦੀ ਅੱਗ ਵੀ ਉਨ੍ਹਾਂ ਦੇ ਨੇੜੇ ਨਹੀਂ ਜਾਂਦੀ।

(੬) (ਉਨ੍ਹਾਂ) ਗੁਰਮੁਖਾ ਲਈ ਸੁਖਾ ਦਾ ਫਲ ਪ੍ਰੇਮ ਰਸ ਵਾਲੀ ਭਗਤੀ ਹੀ ਹੈ, ਉਹ ਜੀਵਨ ਮੁਕਤ ਹੋ ਕੇ ਭਗਤੀ ਰਾਹੀਂ ਰਸ ਚੋ ਲੈਂਦਾ ਹੈ।

(੭) ਉਸ (ਗੁਰਮੁਖ) ਨੇ ਸਾਧ ਸੰਗਤ ਵਿਚ ਮਿਲ ਕੇ ਸਹਿਜ ਪਦ ਨੂੰ ਸਮਝ ਤੇ ਜਾਣ ਲਿਆ ਹੈ।੧੯।

***ਭਾਵਾਰਥ*** **:** ਕਿਸੇ ਵੀ ਗੁਰਮੁਖ ਦਾ ਜੀਵਨ ਅਧਾਰ ਜਦੋਂ ਗੁਰਬਾਣੀ ਬਣ ਜਾਂਦਾ ਹੈ ਉਹ ਫਿਰ ਕਿਸੇ ਵਿਅਕਤੀ ਦਾ ਪੁਜਾਰੀ ਨਹੀਂ ਰਹਿੰਦਾ ਉਹ ਸ਼ਕਤੀ ਦਾ ਹੀ ਉਪਾਸਕ ਬਣਿਆ ਰਹਿੰਦਾ ਹੈ ਕਿਉਂਕਿ ਉਸਨੂੰ ਇਹ ਸੋਝੀ ਹੋ ਆਉਂਦੀ

ਹੈ ਕਿ ਵਿਅਕਤੀ ਦਾ ਪੁਜਾਰੀ ਸਦਾ ਵਿਅਕਤੀਆਂ ਵਿਚ ਹੀ ਆਉਂਦਾ ਜਾਂਦਾ ਰਹਿੰਦਾ ਹੈ, ਇਸ ਲਈ ਗੁਰਮੱਤ ਨੇ ਇਸ ਸੰਸਾਰ ਦੇ ਆਵਾਗਵਨ ਤੋਂ ਛੁਟਕਾਰਾ ਪਾਉਣ ਲਈ ਹਰ ਪ੍ਰਾਣੀ ਮਾਤ੍ਰ ਨੂੰ ਗੁਰਬਾਣੀ ਦੇ ਆਧਾਰਤ ਹੋ ਜੀਵਨ ਗੁਜ਼ਾਰਦੇ ਰਹਿਣ ਦੀ ਪ੍ਰੇਰਨਾ ਕੀਤੀ ਹੈ। ਜਿਸਦਾ ਸਦਕਾ ਇਸ ਜੀਵ ਨੂੰ ਜੀਵਨ ਦੀ ਸਫਲਤਾ ਹਾਸਲ ਹੁੰਦੀ ਹੈ।

## ੨੦. ਗੁਰੂ ਸ਼ਬਦ ਦੀ ਮਹਾਨਤਾ

੧. ਸ਼ਬਦ ਗੁਰੂ ਗੁਰ ਜਾਣੀਐ
ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।
੨. ਸਾਧ ਸੰਗਤਿ ਸਚ ਖੰਡ ਵਿਚ
ਪ੍ਰੇਮ ਭਗਤਿ ਪਰਚੈ ਹੋਇ ਮੇਲਾ।
੩. ਗਯਾਨ ਧਯਾਨ ਸਿਮਰਣ ਜੁਗਤਿ
ਕੂੰਜ ਕੂਰਮ ਹੰਸ ਵੰਸ ਨਵੇਲਾ।
੪. ਬਿਰਖਹੁੰ ਫਲ ਫਲ ਤੇ ਬਿਰਖ
ਗੁਰੁਸਿੱਖ ਸਿੱਖ ਗੁਰਮੰਤ੍ਰ ਸੁਹੇਲਾ।
੫. ਵੀਹਾਂ ਅੰਦਰ ਵਰਤਮਾਨ
ਹੋਇ ਇਕੀਹ ਅਗੋਚਰ ਖੇਲਾ।
੬. ਆਦਿ ਪੁਰਖ ਆਦੇਸ ਕਰ
ਆਦਿ ਪੁਰਖ ਆਦੇਸ਼ ਵਹੇਲਾ।
੭. ਸਿਫਤ ਸਲਾਹਣ ਅੰਮ੍ਰਿਤ ਵੇਲਾ ॥੨੦॥੭॥

*ਪਦ ਅਰਥ :* ਧੁਨਿ—ਲਿਵ, ਤਾਰ। ਕੂਰਮ—ਕੱਛੂ। ਨਵੇਲਾ—ਨਵੀਨ। ਸੁਹੇਲਾ—ਸੌਖਾ। ਇਕੀਹ—ਈਸ੍ਵਰ। ਵੀਹ—ਜਗਤ। ਆਦੇਸ—ਨਮਸਕਾਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਤੁਹਾਡਾ ਆਪਣਾ ਗੁਰਮੱਤ ਅਨੁਸਾਰ ਕੀ ਵਿਸ਼ਵਾਸ ਹੈ, ਕਿ ਹਰ ਗੁਰ ਸਿਖ ਲਈ ਗੁਰੂ ਦੇ ਸੰਬੰਧ ਵਿਚ ਕੀ ਵਿਸ਼ਵਾਸ ਹੋਣਾ ਚਾਹੀਦਾ ਹੈ?

ਉ: ਹੇ ਭਾਈਓ! ਮੈਂ ਤਾਂ ਇਹੋ ਕਹਿਣਾ ਚਾਹਵਾਂਗਾ ਕਿ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਮੈਨੂੰ ਜੋ ਗੁਰਬਾਣੀ ਲਿਖਣ ਤੇ ਵੀਚਾਰ ਕਰਨ ਦਾ ਜਿਤਨਾ ਭੀ ਸੁਭਾਗ ਹਾਸਲ ਹੋਇਆ ਹੈ ਉਸਦੇ ਆਧਾਰਤ ਹੋ ਮੈਨੂੰ ਇਹੋ ਨਿਸਚਾ ਬਣਿਆ ਹੈ ਕਿ ਇਹ ਜੋ ਸੰਪੂਰਨ ਗੁਰੂ ਦੀ ਗੁਰਬਾਣੀ ਹੈ ਇਸੇ ਨੂੰ ਹੀ ਸੱਚਾ ਗੁਰੂ ਹੋਣ ਦਾ ਹਰ ਸਿਖ ਨੂੰ ਵਿਸ਼ਵਾਸੀ ਹੋਣਾ ਚਾਹੀਦਾ ਹੈ, ਕਿਉਂਕਿ ਗੁਰੂ ਸਾਹਿਬ ਜੀ ਨੇ ਇਸ ਸੰਬੰਧ ਵਿਚ ਆਪ ਹੀ ਅੰਕਤ ਕਰ ਦਿੱਤਾ ਹੈ ਕਿ :

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥੫॥ *(ਪੰਨਾ ੯੮੨)*

ਇਸੇ ਭਾਵ ਨੂੰ ਪ੍ਰਗਟਾਉਣ ਵਾਲੀਆਂ ਹੋਰ ਭੀ ਬਹੁਤ ਪੰਗਤੀਆਂ ਗੁਰੂ ਗ੍ਰੰਥ ਸਾਹਿਬ ਵਿਚ ਮੇਰੇ ਲਿਖਣ ਤੇ ਵੀਚਾਰਨ ਵਿਚ ਆਈਆਂ ਹਨ ਜਿਨ੍ਹਾਂ ਤੋਂ ਪ੍ਰਭਾਵਤ ਹੋ ਇਸੇ ਭਾਵ ਨੂੰ ਦਰਸਾਉਣ ਲਈ ਮੈਂ ਚੰਦ ਪੰਗਤੀਆਂ ਉਪ੍ਰੋਕਤ ਪਉੜੀ ਵਿਚ ਉੱਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ! ਹਰ ਸਿਖ ਨੂੰ ਇਹੋ ਜਾਣਨਾ ਜੋਗ ਹੈ ਕਿ) ਗੁਰੂ ਦਾ ਸ਼ਬਦ (ਗੁਰਬਾਣੀ) ਗੁਰੂ ਰੂਪ ਹੈ (ਜਿਹੜਾ) ਗੁਰਸਿੱਖ ਹੋ ਕੇ (ਉਸਦੀ) ਸੁਰਤ (ਵਿਖੇ) ਧੁਨਿ (ਲਾਉਂਦਾ ਹੈ ਉਹ) ਚੇਲਾ ਹੈ।

ਪ੍ਰ: ਕਿਉਂ ਜੀ! ਗੁਰੂ ਤੇ ਚੇਲੇ ਦੇ ਮਿਲਾਪ ਦੀ ਰੂਪ ਰੇਖਾ ਕਿਸ ਤਰ੍ਹਾਂ ਦੀ ਹੈ?

(੨) ਉ: (ਹੇ ਭਾਈ! ਜਦੋਂ ਕੋਈ ਸਿਖ) ਸਾਧ ਸੰਗਤ ਰੂਪੀ ਸਚ ਖੰਡ ਵਿਚ ਬੈਠ ਕੇ, ਚਿੱਤ ਲਾ ਕੇ, ਇਕ ਮਨ ਹੋ, ਪ੍ਰੇਮਾ ਭਗਤੀ ਵਿਚ ਪ੍ਰੀਤ ਲਾ ਕੇ ਪਰਚਣਾ (ਭਾਵ ਲੱਗ ਜਾਣਾ ਹੈ) ਇਹੀ ਗੁਰ ਚੇਲੇ ਦਾ ਮੇਲਾ (ਮਿਲਾਪ) ਜਾਣੋ।

ਪ੍ਰ: ਕਿਉਂ ਜੀ! ਉਸ ਗੁਰਸਿਖ ਦੀ ਬਾਹਰੋਂ ਰੂਪ ਰੇਖਾ ਕੀ ਹੈ ਜਿਸ ਦੁਆਰੇ ਉਸ ਦੀ ਪਛਾਣ ਹੋ ਸੱਕੇ?

(੩) ਉ: (ਹੇ ਭਾਈਓ! ਉਹ ਗੁਰੂ ਦਾ ਸਿਖ) ਗਿਆਨ, ਧਿਆਨ ਅਤੇ ਸਿਮਰਨ ਦੀ ਜੁਗਤੀ ਵਿਚ (ਇਉਂ ਹੀ ਨਵੀਨ ਹੈ) ਜਿਵੇਂ ਕੂੰਜ, ਕੱਛੂ ਤੇ ਹੰਸ ਦੀ ਵੰਸ ਨਿਤ ਹੀ ਨਵੀਨ ਹੈ (ਭਾਵ ਇਨ੍ਹਾਂ ਦੀ ਪ੍ਰੀਤ ਵਿਚ, ਮੁਢੋਂ ਜਦੋਂ ਤੋਂ ਇਨ੍ਹਾਂ ਦੀ ਵੰਸ ਹੋਂਦ ਵਿਚ ਆਈ ਹੈ, ਤਦੋਂ ਤੋਂ ਘਾਟ ਨਹੀਂ ਆਈ। ਕੂੰਜ ਦੀ ਸਿਮਰਨ ਸੱਤਾ ਬਹੁਤ ਪ੍ਰਬੀਨ ਹੈ ਤੇ ਇਸੇ ਨਾਲ ਉਨ੍ਹਾਂ ਦੇ ਬੱਚੇ ਪਲਦੇ ਹਨ, ਧਿਆਨ ਦੀ ਜੁਗਤ ਵਿਚ ਕੱਛੂ ਪ੍ਰਬੀਨ ਹੈ ਤੇ ਹੰਸ ਵਿਚ ਦੁੱਧ ਪਾਣੀ (ਸੱਚ ਝੂਠ) ਵੱਖ ਵੱਖ ਕਰ ਦੇਣ ਦੀ ਕਮਾਲ ਜੁਗਤੀ ਹੈ, ਪਰ ਗੁਰਸਿੱਖ ਗੁਰੂ ਦੀ ਸਰਨੀ

ਲੱਗ ਇਨ੍ਹਾਂ ਭਿੰਨਾਂ ਗੁਣਾਂ ਵਿਚ ਹੀ ਪ੍ਰਬੀਨ ਹੋ ਜਾਂਦਾ ਹੈ।

(੪) ਜਿਵੇਂ ਰੁੱਖ ਤੋਂ ਫਲ ਤੇ ਫਲ ਤੋਂ ਰੁੱਖ ਪੈਦਾ ਹੁੰਦੇ ਹਨ, ਇਸੇ ਤਰ੍ਹਾਂ ਗੁਰੂ ਤੋਂ ਸਿਖ (ਤੇ ਫਿਰ) ਸਿਖ ਤੋਂ ਗੁਰੂ ਹੁੰਦਾ ਹੈ (ਇਹੋ ਇਸ) ਸ਼ਬਦ ਗੁਰ ਮੰਤ੍ਰ ਦਾ ਸੁਹਾਵਣਾਪਣ, ਸੁਖਾਲਤਾ ਤੇ ਸ਼ੋਭਨੀਕਤਾ ਹੈ।

ਪ੍ਰ: ਕਿਉਂ ਜੀ! ਉਸ ਗੁਰਸਿਖ ਦੀ ਹੋਰ ਕੀ ਪਛਾਣ ਹੈ?

(੫) ਉ: (ਹੇ ਸਜਨੋਂ! ਉਹ ਗੁਰਮੁਖ ਇਸ) ਸੰਸਾਰ (ਵੀਹ) ਵਿਚ ਸੰਸਾਰਕ ਕੰਮ ਕਾਜ ਕਰਦਾ (ਵਰਤਮਾਨ) ਭੀ ਇਕੀਹ (ਈਸ੍ਵਰ ਦੇ ਪ੍ਰਮਾਰਥਕ) ਸਹਿਜ ਪਦ ਵਿਚ ਮਨ ਬਾਣੀ ਤੋਂ ਪਰ੍ਹੇ ਹੋ ਖੇਡਦਾ (ਵਿਚਰਦਾ) ਹੈ।

(੬) (ਉਹ ਗੁਰਮੁਖ ਉਸ) ਆਦਿ ਪੁਰਖ (ਪ੍ਰਮੇਸ਼ਰ) ਨੂੰ ਨਮਸਕਾਰ ਆਦੇਸ ਕਰਦੇ ਹਨ ਜੋ ਦੇਸ ਕਾਲ ਤੋਂ ਰਹਿਤ ਹੈ (ਪਰ ਉਹ) ਗੁਰਮੁਖ ਸੁਰਤੀ ਵਿਚ ਸ਼ਬਦ (ਗੁਰੂ ਦੇ ਗਿਆਨ ਰਾਹੀਂ) ਉਸੇ ਨਾਲ ਮਿਲੇ ਰਹਿੰਦੇ ਹਨ।

(੭) (ਇਕ) ਅੰਮ੍ਰਿਤ ਵੇਲਾ ਹੀ ਹੈ, ਜੋ ਪ੍ਰਭੂ ਦੀ ਸਿਫ਼ਤ ਸਾਲਾਹ (ਸਿਮਰਨ) ਕਰਨ ਦਾ ਠੀਕ ਸਮਾਂ ਹੈ।੨੦।੭।

***ਭਾਵਾਰਥ :*** ਗੁਰੂ ਦਾ ਸਿਖ ਕਦੇ ਭੀ ਗੁਰਬਾਣੀ ਦੇ ਫ਼ੁਰਮਾਨ ਦੀ ਉਲੰਘਣਾ ਕਰਕੇ ਕਿਸੇ ਵਿਅਕਤੀ ਦਾ ਪੁਜਾਰੀ ਨਹੀਂ ਹੁੰਦਾ ਉਹ ਸਦਾ ਸ਼ਕਤੀ ਦਾ ਹੀ ਪੂਜਕ ਬਣਿਆ ਰਹਿੰਦਾ ਹੈ, ਕਿਉਂਕਿ ਉਸਨੇ ਗੁਰਬਾਣੀ ਦੀ ਰੋਸ਼ਨੀ ਵਿਚੋਂ ਇਹ ਸੋਝੀ ਹਾਸਲ ਕਰ ਲਈ ਹੈ ਕਿ ਕਿਸੇ ਵਿਅਕਤੀ ਦੀ ਪੂਜਨਾ ਕਰਨ ਵਾਲਾ ਸਦਾ ਭਿੰਨ ਭਿੰਨ ਵਿਅਕਤੀਆਂ ਦੇ ਰੂਪ ਵਿਚ ਆਉਂਦਾ ਜਾਂਦਾ ਰਵੇਗਾ, ਉਹ ਕਦੇ ਇਸ ਸੰਸਾਰ ਦੇ ਆਉਣ ਜਾਣ ਵਾਲੇ ਚੱਕ੍ਰ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਇਹ ਵੀ ਠੀਕ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਹਰ ਪ੍ਰਾਣੀ ਮਾਤ੍ਰ ਲਈ ਇਹ ਹੁਕਮ ਕੀਤਾ ਹੈ ਕਿ (ਅੰਮ੍ਰਿਤ ਵੇਲਾ ਸਚੁ ਨਾਉ) ਭਾਵ ਅੰਮ੍ਰਿਤ ਵੇਲੇ ਉਠ ਕੇ ਨਾਮ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ। ਜਿਨ੍ਹਾਂ ਵਡਭਾਗੀਆਂ ਨੂੰ ਅੰਮ੍ਰਿਤ ਵੇਲੇ ਦੀ ਦਾਤ ਪ੍ਰਾਪਤ ਹੈ, ਉਨ੍ਹਾ ਨੂੰ ਇਹ ਅੰਮ੍ਰਿਤ ਵੇਲੇ ਦਾ ਸਮਾਂ ਕਦੇ ਵੀ ਅਜਾਈਂ ਨਹੀਂ ਗਵਾਉਣਾ ਚਾਹੀਦਾ, ਪਰ ਜੇ ਕਦੀ ਕਿਸੇ ਨੂੰ ਇਹ ਅੰਮ੍ਰਿਤ ਵੇਲਾ ਨਾ ਹਾਸਲ ਹੋ ਸੱਕੇ ਤਾਂ ਉਸਨੂੰ ਜਦੋਂ ਭੀ ਸਮਾਂ ਮਿਲੇ ਉਸਨੂੰ ਉਸੇ ਸਮੇਂ ਸਿਮਰਨ ਕਰਨ ਦਾ ਉੱਦਮ ਕਰ ਲੈਣਾ ਚਾਹੀਦਾ ਹੈ ਕਿਉਂਕਿ ਜੋ ਲੋਕ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਕੰਟਰੀਆਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਰਾਤ ਦੇ ਇਕ ਵਜੇ ਕੰਮ ਅਰੰਭ ਕਰਕੇ ਦਿਨ ਦੇ ਸੱਤ, ਅੱਠ ਵਜੇ ਤਕ ਕੰਮ ਕਰਨਾ ਪੈਂਦਾ ਹੈ, ਜਿਨ੍ਹਾਂ ਵਿਚੋਂ ਇਕ ਮੈਂ ਭੀ ਹਾਂ ਜਿਸ ਨੂੰ ਕੈਨੇਡਾ ਦੀ ਇਕ ਫੈਕਟਰੀ ਵਿਚ ਇਸੇ ਤਰ੍ਹਾਂ ਕੰਮ ਕਰਦੇ ਰਹਿਣ ਦਾ ਸਮਾਂ ਮਿਲਿਆ ਸੀ।

(ਸਤਵੀ ਵਾਰ ਸਮਾਪਤ)

# ਵਾਰ ੮

ੴ ਸਤਿਗੁਰ ਪ੍ਰਸਾਦਿ॥

## ੧. ਪ੍ਰਭੂ ਸ਼ਕਤੀਆਂ ਦਾ ਵਸਤੂ ਨਿਰਦੇਸ਼ ਮੰਗਲਾਚਰਨ

**੧. ਇਕ ਕਵਾਉ ਪਸਾਉ ਕਰ**
**ਕੁਦਰਤ ਅੰਦਰ ਕੀਆ ਪਸਾਰਾ।**
**੨. ਪੰਜ ਤੱਤ ਪਰਵਾਣ ਕਰ**
**ਚਹੁੰ ਖਾਣੀ ਵਿਚ ਸਭ ਵਰਤਾਰਾ।**
**੩. ਕੇਵਡ ਧਰਤੀ ਆਖੀਐ**
**ਕੇਵਡ ਤੋਲ ਅਗਾਸ ਅਕਾਰਾ।**
**੪. ਕੇਵਡ ਪਵਣ ਵਖਾਣੀਐ**
**ਕੇਵਡ ਪਾਣੀ ਤੋਲ ਵਿਥਾਰਾ।**
**੫. ਕੇਵਡ ਅਗਨੀ ਭਾਰ ਹੈ**
**ਤੁੱਲ ਨ ਤੁਲੈ ਅਤੋਲ ਭੰਡਾਰਾ।**
**੬. ਕੇਵਡ ਆਖਾ ਸਿਰਜਣਹਾਰਾ॥੧॥**

*ਪਦ ਅਰਥ :* ਕਵਾਉ—ਵਾਕਜ, ਬੋਲ। ਪਰਵਾਣ—ਪ੍ਰਮਾਣੀਕ। ਵਰਤਾਰਾ—ਪਸਾਰੇ ਦਾ ਲੇਖਾ ਜੋਖਾ। ਵਿਥਾਰਾ—ਅੰਦਾਜ਼ਾ। ਭੰਡਾਰਾ—ਸਟੋਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਸਾਨੂੰ ਹੋਰ ਕਈ ਪੱਖਾਂ ਤੋਂ ਜਾਣੂੰ ਕਰਵਾ ਰਹੇ ਹੋ, ਕੀ ਉਥੇ ਇਸ ਸ੍ਰਿਸ਼ਟੀ ਦੀ ਰਚਨਾ ਬਾਰੇ ਪੁਰਾਤਨ ਹਿੰਦੂ ਰਿਸ਼ੀਆਂ ਦੇ ਵੀਚਾਰ ਵੀ ਦਰਸਾਓਗੇ ਕਿ ਉਹ ਇਸ ਰਚਨਾ ਨੂੰ ਕਿਵੇਂ ਤੇ ਕਦੋਂ ਰਚਿਆ ਗਿਆ ਮੰਨਦੇ ਹਨ?

ਉ: ਹੇ ਭਾਈਓ! ਜਦੋਂ ਅਸੀਂ ਪੁਰਾਤਨ ਹੋ ਗੁਜਰੇ ਹਿੰਦੂ ਰਿਸ਼ੀਆਂ ਵਲੋਂ ਲਿਖੇ ਗਏ ਪੁਸਤਕ ਪੜ੍ਹਦੇ ਹਾਂ ਤਾਂ ਉਨ੍ਹਾਂ ਦੇ ਵੀਚਾਰ ਹਨ ਕਿ ਪਹਿਲੋਂ 'ਹਿਰਨ ਗਰਭ' ਹੋਇਆ ਇਸ ਤੋਂ ਅੱਗੇ ਜਗਤ ਉਤਪਤੀ ਹੋਈ, ਉਹ ਕਹਿੰਦੇ ਹਨ ਕਿ ਸਭ ਤੋਂ ਪਹਿਲੇ ਪਾਣੀ ਬਣਿਆ, ਉਸ ਪਾਣੀ ਵਿਚੋਂ ਇਕ ਅੰਡਾ ਪੈਦਾ ਹੋਇਆ, ਉਸ ਅੰਡੇ ਦੇ ਦੋ ਹਿੱਸੇ ਹੋਏ ਉਸ ਵਿਚ ਇਕ ਇਸਤ੍ਰੀ ਸੀ ਅਤੇ ਦੂਜਾ ਮਰਦ ਸੀ। ਸੋ, ਇਨ੍ਹਾਂ ਦੀ ਵੀਚਾਰਧਾਰਾ ਦਸਦੀ ਹੈ ਕਿ ਇਸ ਦ੍ਰਿਸ਼ਟਮਾਨ ਜਗਤ ਦੀ ਰਚਨਾ ਬ੍ਰਹਮਾ ਨੇ ਕੀਤੀ ਹੈ।

### *ਦਾਰਸ਼ਨਿਕ ਮੱਤ*

ਇਨ੍ਹਾ ਮੱਤਾ ਵਿਚ ਇਕ ਮੱਤ ਦੀ ਰਾਇ ਹੈ ਕਿ ਇਹ ਜਗਤ ਰਚਨਾ ਅਨਾਦੀ ਹੈ ਤੇ ਇਹ ਇਕ ਪ੍ਰਵਾਹ ਦੀ ਤਰ੍ਹਾਂ ਵਗਣ ਵਾਲੀ ਸ਼ੈ ਹੈ, ਇਹ ਹਮੇਸ਼ਾ ਤੋਂ ਹੀ ਤੁਰੀ ਆਈ ਹੈ ਅਤੇ ਇਸੇ ਹੀ ਤਰ੍ਹਾਂ ਸਦਾ ਤੁਰੀ ਚਲਦੀ ਜਾਵੇਗੀ, ਇਸਦਾ ਨ ਆਦਿ ਹੈ ਅਤੇ ਨਾਹੀਂ ਅੰਤ ਹੋਵੇਗਾ।

### *ਵੈਦਾਂਤੀ*

ਵੈਦਾਂਤੀ ਇਹ ਸੰਮਤੀ ਰਖਦੇ ਹਨ ਕਿ ਆਤਮਾ ਤੋਂ ਪੰਜ ਮਹਾਂਭੂਤ (ਤੱਤ) ਪੈਦਾ ਹੋਏ ਹਨ, ਜਿਨ੍ਹਾਂ ਤੋਂ ਅੱਗੇ ਜਗਤ ਰਚਨਾ ਬਣੀ ਹੈ। ਪਰ ਇਨ੍ਹਾਂ ਦੇ ਵੀਚਾਰ ਵਿਚ ਇਹ ਜਗਤ ਕੇਵਲ ਕਲਪਣਾ ਮਾਤ੍ਰ ਹੀ ਹੈ।

### *ਈਸਾਈ ਮੱਤ*

ਈਸਾਈ ਮੱਤ ਦੇ ਵੀਚਾਰ ਹਨ ਕਿ ਈਸ਼੍ਵਰ ਜਗਤ ਰਚਨਾ ਨੂੰ ਸੱਤ ਦਿਨ ਲਗਾਤਾਰ ਰਚਦਾ ਰਿਹਾ ਅਤੇ ਸੱਤਵੇਂ ਦਿਨ ਇਤਵਾਰ ਨੂੰ ਅਰਾਮ ਕੀਤਾ।

### *ਇਸਲਾਮ ਮੱਤ*

ਮੁਸਲਮਾਨ ਨਿਹਚਾ ਰਖਦੇ ਹਨ ਕਿ ਰੱਬ ਨੇ (ਕੁੰਨ) ਸ਼ਬਦ ਕਿਹਾ ਤਾਂ ਸ੍ਰਿਸ਼ਟੀ ਦੀ ਰਚਨਾ ਰਚੀ ਗਈ, ਪਰ ਜਦੋਂ ਉਹ ਇਸ ਰਚਨਾ ਨੂੰ ਨਾਸ ਕਰਨਾ ਚਾਹੇਗਾ

ਤਾਂ ਇਹ ਨਾਸ ਹੋ ਜਾਵੇਗੀ।

### *ਸਾਇੰਸਦਾਨੀ ਮੱਤ*

ਪਰ ਜਦੋਂ ਅਸੀਂ ਸਾਇੰਸਦਾਨਾਂ ਦੇ ਮੱਤ ਪੜਚੋਲਦੇ ਹਾਂ, ਤਾਂ ਉਨ੍ਹਾਂ ਵਿਚੋਂ ਕਈ ਕਹਿੰਦੇ ਹਨ ਕਿ ਇਹ ਜਗਤ ਪਹਿਲੋਂ ਗਰਮ ਲੋਹੇ ਵਾਂਗੂ ਪੰਘਰਿਆ ਹੋਇਆ ਦ੍ਰਵਯ ਸੀ। ਜਦੋਂ ਉਸ ਵਿਚੋਂ ਸਹਿਜੇ ਸਹਿਜੇ ਗਰਮੀ ਘੱਟ ਗਈ ਫਿਰ ਉਹ ਚਿਕੜ ਦੀ ਸ਼ਕਲ ਬਣ ਗਈ, ਉਸ ਵਿਚ ਜੀਵ ਜੰਤ ਤੇ ਕੀੜੇ ਮਕੌੜੇ ਪੈਦਾ ਹੋ ਗਏ, ਬਨਸਪਤੀ ਪੈਦਾ ਹੋ ਗਈ। ਸੂਰਜ, ਚੰਦ, ਤਾਰੇ, ਪਹਾੜ ਆਦਿਕ ਬਣ ਗਏ ਅਤੇ ਬਾਂਦਰਾਂ ਤੋਂ ਮਨੁੱਖ ਬਣ ਗਏ।

### *ਸਮਾਂ*

ਪ੍ਰ: ਕਿਉਂ ਜੀ! ਕਿਸੇ ਨੇ ਇਸ ਜਗਤ ਦਾ ਸਮਾਂ ਭੀ ਦਸਿਆ ਹੈ ਕਿ ਇਹ ਰਚਨਾ ਰਚੀ ਨੂੰ ਕਿਤਨਾ ਸਮਾਂ ਬੀਤ ਗਿਆ ਹੈ? ਇਹ ਭੀ ਜਾਣਕਾਰੀ ਦਿਓ?

ਉ: ਹੇ ਭਾਈਓ! ਇਸ ਬਾਰੇ ਭੀ ਭਿੰਨ ਭਿੰਨ ਰਾਵਾਂ ਹਨ, ਜਿਵੇਂ ਕਿ ਹਿੰਦੂ ਮੱਤ ਕਹਿੰਦਾ ਹੈ ਕਿ ਇਸ ਜਗਤ ਦੀ ਰਚਨਾ ਰਚੀ ਨੂੰ:

(੧) ਇਕ ਅਰਬ ਛਿਆਨਵੇਂ ਕ੍ਰੋੜ ਅੱਠ ਲੱਖ ਤ੍ਰਵੰਜਾ ਹਜ਼ਾਰ ਵਰ੍ਹੇ ਹੋ ਗਏ ਹਨ।

(੨) ਈਸਾਈ ਮੱਤ ਕਹਿੰਦਾ ਹੈ ਕਿ ਕੇਵਲ ਛੇ ਹਜ਼ਾਰ ਵਰ੍ਹੇ ਹੋਏ ਹਨ।

(੩) ਮੁਸਲਮਾਨਾਂ ਦੇ ਮੱਤ ਅਨੁਸਾਰ ਜਗਤ ਦੀ ਰਚਨਾ ਰਚੀ ਨੂੰ ਚੌਦਾਂ ਹਜ਼ਾਰ ਵਰ੍ਹੇ ਗੁਜ਼ਰ ਗਏ ਹਨ।

(੪) ਪਰ ਜਦੋਂ ਅਸੀਂ ਪੱਛਮੀ ਲੇਖਕਾਂ ਦੀ ਰਾਇ ਪੜ੍ਹਦੇ ਹਾਂ ਤਾਂ ਉਨ੍ਹਾਂ ਵਿਚੋਂ ਕਈਆਂ ਦਾ ਖ਼ਿਆਲ ਹੈ ਕਿ ਜਦੋਂ ਇਹ ਧਰਤੀ ਬਨਾਸਪਤੀ ਪੈਦਾ ਕਰਨ ਦੇ ਯੋਗ ਹੋਈ ਉਸ ਅਰੰਭਤਾ ਦੇ ਸਮੇਂ ਨੂੰ ਡੇਢ ਕ੍ਰੋੜ ਸਾਲ ਗੁਜ਼ਰ ਗਏ ਹਨ।

### 'ਕੇਰਲਾ'

(੫) ਪਰ ਜਦੋਂ ਅਸੀਂ ਪ੍ਰੋਫ਼ੈਸਰ ਕੇਰਲਾ ਦਾ ਖ਼ਿਆਲ ਪੜ੍ਹੀਏ ਤਾਂ ਉਹ ਕਹਿੰਦਾ ਹੈ ਕਿ ਜਗਤ ਰਚਨਾ ਰਚੀ ਗਈ ਨੂੰ ਸੱਤ ਕ੍ਰੋੜ ਸਾਲ ਬੀਤ ਗਏ ਹਨ।

### 'ਵਿਲੀਅਮ ਟਾਂਮਸ'

(੬) ਇਸ ਦੇ ਮੱਤ ਅਨੁਸਾਰ ਜਗਤ ਰਚਨਾ ਰਚੀ ਗਈ ਨੂੰ ਦਸ ਕ੍ਰੋੜ ਸਾਲ ਗੁਜ਼ਰ ਗਏ ਹਨ।

### 'ਪ੍ਰੋਫ਼ੈਸਰ ਹਿਲਨਰ'

(੭) ਪਰ ਜਦੋਂ ਅਸੀਂ ਇਸ 'ਹਿਲਨਰ' ਦੇ ਵੀਚਾਰ ਪੜ੍ਹੀਏ ਤਾਂ ਉਹ ਇਸ ਜਗਤ ਰਚਨਾ ਬਣੀ ਨੂੰ ਕੇਵਲ ਦੋ ਕ੍ਰੋੜ ਸਾਲ ਹੀ ਬੀਤੇ ਦਸਦਾ ਹੈ।

ਇਸੇ ਤਰ੍ਹਾਂ ਹੇ ਭਾਈਓ! ਜਗਤ ਰਚਨਾ ਬਾਰੇ ਹੋਰ ਭੀ ਕਈ ਮੱਤ ਦਰਸਾਏ ਜਾ ਸਕਦੇ ਹਨ, ਪਰ ਉਨ੍ਹਾਂ ਸਾਰਿਆਂ ਦੇ ਮੱਤ ਇਕ ਦੂਸਰੇ ਨਾਲ ਉਕਾ ਹੀ ਤਾਲ-ਮੇਲ ਨਹੀਂ ਰੱਖਦੇ।

ਪ੍ਰ: ਕਿਉਂ ਜੀ! ਇਸ ਜਗਤ ਰਚਨਾ ਬਾਰੇ ਗੁਰਮੱਤ ਰਾਹੀਂ ਕੀ ਜਾਣਕਾਰੀ ਮਿਲਦੀ ਹੈ, ਇਹ ਭੀ ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਜਦੋਂ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਪਰ ਸਿੱਧਾਂ ਨੂੰ ਸਿੱਧੇ ਰਾਹ ਪਾਉਣ ਗਏ ਸਨ, ਤਾਂ ਉਨ੍ਹਾਂ ਸਿੱਧਾਂ ਨੇ ਭੀ ਇਸ ਜਗਤ ਦੀ ਰਚਨਾ ਬਾਰੇ ਇਹੋ ਪ੍ਰਸ਼ਨ ਕੀਤਾ ਸੀ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਅੰਕਤ ਕੀਤਾ ਹੈ, ਸਿੱਧਾਂ ਦਾ ਪ੍ਰਸ਼ਨ ਸੀ ਕਿ:

ਪ੍ਰ: ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
*(ਜਪੁਜੀ, ਪੰਨਾ ੪)*

ਭਾਵ ਅਰੰਭ ਵਿਚ ਇਸ ਜਗਤ ਦੇ ਰਚੇ ਜਾਣ ਦਾ ਵੇਲਾ (ਵਕਤ) ਕਿਹੜਾ ਸੀ, ਥਿੱਤ ਕਿਹੜੀ ਸੀ, ਦਿਨ ਕਿਹੜਾ ਸੀ, ਰੁੱਤ ਕੌਣ ਸੀ, ਮਹੀਨਾ ਕਿਹੜਾ ਸੀ, ਜਦੋਂ ਕਿ ਇਸ ਸਾਰੇ ਜਗਤ ਦਾ ਅਕਾਰ ਬਣਿਆ? ਤਾਂ ਆਪ ਜੀ ਨੇ ਉੱਤਰ ਦਿੱਤਾ ਸੀ ਕਿ ਹੇ ਸਿੱਧੋ! ਸੁਣੋ, ਇਸ ਤੁਹਾਡੇ ਪ੍ਰਸ਼ਨ ਦੇ ਉੱਤਰ ਵਿਚ ਕੇਵਲ ਇਹੋ ਹੀ ਕਹਿਣਾ ਬਣਦਾ ਹੈ ਕਿ:

ਉ: ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥
*(ਜਪੁਜੀ, ਪੰਨਾ ੪)*

ਭਾਵ ਹੈ ਕਿ ਸਿੱਧੋ! ਇਸ ਰਚਨਾ ਦੇ ਸੰਬੰਧ ਵਿਚ ਕੋਈ ਕੁਝ ਭੀ ਨਹੀਂ ਜਾਣਦਾ ਕਿ ਕਿਹੜੀ ਥਿਤ ਸੀ, ਕਿਹੜਾ ਦਿਨ ਸੀ, ਕਿਹੜਾ ਮਹੀਨਾ ਸੀ, ਬਸ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਜਿਸ ਕਰਤੇ ਨੇ ਇਸ ਜਗਤ ਰਚਨਾ ਨੂੰ ਰਚਿਆ ਹੈ ਉਹ ਆਪੇ ਹੀ ਜਾਣਦਾ ਹੈ। ਇਸੇ ਭਾਵ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ

ਹੇਠ ਲਿਖੀਆਂ ਪੰਗਤੀਆਂ ਹੋਰ ਭੀ ਸਪੱਸ਼ਟ ਕਰਦੀਆਂ ਹਨ, ਜਿਵੇਂ ਕਿ:

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ॥ *(ਮ: ੪, ਪੰਨਾ ੫੫੧)*

ਬੀਓ ਪੂਛਿ ਨ ਮਸਲਤਿ ਧਰੈ॥
ਜੋ ਕਿਛੁ ਕਰੈ ਸੁ ਆਪਹਿ ਕਰੈ॥
*(ਗੌਂਡ ਮ: ੫, ਪੰਨਾ ੮੬੩)*

ਭਾਵ ਸਪਸ਼ਟ ਹੈ ਕਿ ਜਦੋਂ ਇਸ ਜਗਤ ਦੇ ਕਰਤੇ ਨਿਰੰਕਾਰ ਨੇ ਇਸ ਸੰਸਾਰ ਦਾ ਠਾਠ-ਬਾਠ ਬਣਾਇਆ ਹੈ, ਤਦੋਂ ਉਸਨੇ ਕਿਸੇ ਦੂਸਰੇ ਪਾਸੋਂ ਸਲਾਹ ਮਸ਼ਵਰਾ ਪੁੱਛ ਕੇ ਇਸ ਜਗਤ ਦੀ ਰਚਨਾ ਨੂੰ ਨਹੀਂ ਰਚਿਆ, ਕਿਉਂਕਿ ਉਸ ਮਾਲਕ ਤੋਂ ਬਿਨਾਂ ਹੋਰ ਕੋਈ ਦੂਸਰਾ ਹੈ ਹੀ ਨਹੀਂ ਸੀ। ਸੋ, ਦਸੋ ਜਦ ਕੋਈ ਉਸ ਤੋਂ ਬਿਨਾਂ ਦੂਜਾ ਹੈ ਹੀ ਨਹੀਂ ਸੀ ਤਾਂ ਉਸ ਬਾਰੇ ਕੋਈ ਦਸ ਹੀ ਕੀ ਸਕਦਾ ਹੈ।

ਦੂਜਾ ਖ਼ਿਆਲ ਇਹ ਭੀ ਹੈ ਕਿ ਉਹ ਮਨੁੱਖ ਹੀ ਕਿਸੇ ਦੂਸਰੇ ਪਾਸੋਂ ਸਲਾਹ ਮਸ਼ਵਰਾ ਲੈਂਦਾ ਹੈ ਜਿਸਨੂੰ ਇਹ ਸ਼ੱਕ ਹੋਵੇ ਕਿ ਮੈਥੋਂ ਕੋਈ ਭੁੱਲ ਨ ਹੋ ਜਾਵੇ, ਇਸ ਸੰਬੰਧੀ ਭੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ:

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥
*(ਪੰਨਾ ੬੧)*

ਜਾਂ—ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥
*(ਪੰਨਾ ੧੩੪੪)*

ਸੋ, ਜੇ ਕੋਈ ਉਸ ਅਭੁੱਲ ਕਰਤਾਰ ਬਾਰੇ ਕੁਝ ਕਹਿਣ ਦਾ ਜਤਨ ਭੀ ਕਰਦਾ ਹੈ ਤਾਂ ਉਹ ਆਪਣੇ ਕਮਜ਼ੋਰ ਮਨ ਦੀ ਸਾਧਾਰਨ ਰੂਪ ਵਿਚ ਕਲਪਣਾ ਹੀ ਕਰ ਸਕਦਾ ਹੈ ਸੋ ਕਲਪਣਾ ਨੂੰ ਸਹੀ ਰੂਪ ਵਿਚ ਸੱਚ ਨਹੀ ਮੰਨਿਆ ਜਾ ਸਕਦਾ, ਕਿਉਂਕਿ ਮਨੁੱਖ ਦੇ ਮਨ ਦੀਆਂ ਕਲਪੀਆਂ ਹੋਈਆਂ ਕਲਪਣਾਂ ਤਸਵੀਰ ਦਾ ਸਹੀ ਰੂਪ ਨਹੀਂ ਦਰਸਾ ਸਕਦੀਆਂ।

ਇਸੇ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਇਕ ਥਾਂ ਨਹੀਂ ਸਗੋਂ ਕਈ ਥਾਵਾਂ ਤੇ ਪ੍ਰਗਟ ਕੀਤਾ ਹੈ, ਜਿਵੇਂ ਕਿ:

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ॥
*(ਵਾਰ ਗੂਜਰੀ ਮ: ੩, ਪੰਨਾ ੫੦੯)*

ਸੋ, ਇਸ ਲਈ ਹੇ ਭਾਈਓ! ਤੁਸੀ ਹਰ ਰੋਜ਼ ਜਪੁਜੀ ਸਾਹਿਬ ਵਿਚ ਪੜ੍ਹਦੇ ਰਹਿੰਦੇ ਹੋ ਕਿ:

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥
*(ਜਪੁਜੀ ਸਾਹਿਬ, ਪੰਨਾ ੩)*

ਸੋ, ਮੈਂ ਇਸ ਤੋਂ ਆਦਿ ਹੋਰ ਭੀ ਧੁਰ ਕੀ ਆਈ ਰੱਬੀ ਬਾਣੀ ਵਿਚੋਂ ਅਨੇਕਾਂ ਪੰਗਤੀਆਂ ਪੜ੍ਹੀਆਂ ਹਨ, ਜਿਨ੍ਹਾਂ ਤੋਂ ਪ੍ਰੇਰਤ ਹੋ ਇਸ ਵਾਰ ਦੀ ਪਉੜੀ ਦੀਆਂ ਚੰਦ ਲਾਈਨਾਂ ਗੁਰੂ ਜੀ ਨੇ ਉੱਕਰਨ ਦੀ ਮੈਨੂੰ ਪ੍ਰੇਰਨਾ ਕੀਤੀ ਹੈ:

(੧) (ਹੇ ਭਾਈਓ! ਮੈਂ ਤਾਂ ਜਦੋਂ ਇਸ ਸੰਸਾਰ ਸਾਗਰ ਦੀ ਅਸਗਾਹ ਰਚਨਾ ਵਲ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਉਸ ਪ੍ਰਮੇਸ਼ਰ ਜੀ ਨੇ) ਇਕ ਹੀ ਬੋਲ ਨਾਲ ਸਾਰਾ ਪਸਾਰਾ ਕਰ ਦਿੱਤਾ ਅਤੇ ਕੁਦਰਤ ਰਾਹੀਂ ਸਭ ਵਸਤੂਆਂ ਦਾ ਪਸਾਰਾ ਕੀਤਾ ਹੈ (ਭਾਵ ਪਹਿਲੇ ਵਾਕ ਨਾਲ ਸੂਖਮ ਅਕਾਰਤਾ ਰਚੀ ਗਈ, ਜਿਸ ਵਿਚੋਂ ਇਹ ਸਾਰਾ ਅਸਥੂਲ ਪਸਾਰਾ ਪਸਰਿਆ)।

(੨) ਪੰਜ ਤੱਤਾਂ (ਹਵਾ, ਪਾਣੀ ਅੱਗ, ਧਰਤੀ ਤੇ ਅਕਾਸ਼) ਨੂੰ ਪ੍ਰਵਾਣ (ਪ੍ਰਮਾਣੀਕ ਵਸਤੂਆਂ ਥਾਪ ਕੇ ਫਿਰ) ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਬਣਾ ਕੇ (ਇਨ੍ਹਾਂ ਰਾਹੀਂ) ਸਾਰਾ ਵਰਤਾਰਾ ਵਰਤਾ ਦਿੱਤਾ।

(੩) (ਇਸ ਧਰਤੀ ਦਾ ਵਿਸਥਾਰ) ਕਿੱਡਾ ਕੁ ਆਖੀਏ ਤੇ ਅਕਾਸ਼ ਦੇ ਆਕਾਰ (ਦਾ ਅੰਦਾਜ਼ਾ) ਕਿੱਡਾ ਕੁ ਦਸੀਏ (ਭਾਵ ਬੇਅੰਤ ਹੈ)।

(੪) ਹਵਾ (ਪਉਣ) ਬਾਰੇ ਕੀ ਕਹੀਏ ਕਿ ਕਿੱਡੀ ਕੁ ਹੈ ਤੇ ਪਾਣੀ ਦਾ ਕੀ ਹਿਸਾਬ ਲਾਈਏ ਕਿ ਕਿਤਨਾ ਕੁ ਤੋਲ ਹੈ।

(੫) ਅਗਨੀ ਦੇ ਭਾਰ ਨੂੰ ਕਿੰਨਾ ਕੁ ਜਾਚੀਏ, ਜਿਸਦਾ ਤੋਲ ਕਿਸੇ ਨਾਲ ਭੀ ਨਹੀਂ ਹੋ ਸਕਦਾ, ਅਤੁਲ ਹੈ, ਤੋਲ ਤੋਂ ਪਰੇ ਹੈ, ਏਨੇ ਵੱਡੇ ਭੰਡਾਰ ਅਗਨੀ ਦੇ ਹਨ।

(੬) ਜਿਸ ਸਿਰਜਨਹਾਰ (ਪ੍ਰਭੂ ਨੇ ਇਹ ਸਭ ਬੇਅੰਤ ਤੇ ਅਤੋਲ ਵਸਤੂਆ ਬਣਾਈਆਂ ਹਨ, ਕੌਣ ਹੈ ਜੋ ਇਹ ਅੰਦਾਜ਼ਾ ਲਾ ਸੱਕੇ ਕਿ ਉਹ) ਕਿੱਡਾ ਕੁ ਵੱਡਾ ਹੈ? ਭਾਵ ਉਸ ਸਿਰਜਨਹਾਰ ਨੂੰ ਵੀ ਬੇਅੰਤ ਤੇ ਪਾਰਾਵਾਰ ਤੋਂ ਰਹਿਤ ਹੀ ਆਖਣਾ ਪਵੇਗਾ।੧।

**ਭਾਵਾਰਥ:** ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਜੋ ਸ਼ਾਸਤ੍ਰਕਾਰਾਂ ਨੇ ਆਪੋ ਆਪਣੇ ਸ਼ਾਸਤ੍ਰਾਂ ਵਿਚ ਇਸ ਸੰਸਾਰ

ਦੀ ਰਚਨਾ ਬਾਰੇ ਜੋ ਭੀ ਅਪਣੇ ਅਪਣੇ ਮਨ ਉਕਤ ਭਾਵਾਂ ਨੂੰ ਉੱਕਰਿਆ ਹੈ ਉਹ ਉਨ੍ਹਾਂ ਲਈ ਮੁਬਾਰਕਬਾਦ ਲੈਣ ਦੇ ਹੱਕਦਾਰ ਮੰਨੇ ਜਾ ਸਕਦੇ ਹਨ ਪਰ ਇਸ ਸੰਸਾਰ ਦੀ ਰਚਨਾ ਦੇ ਸੰਬੰਧ ਵਿਚ ਉਨ੍ਹਾਂ ਨੂੰ ਅਖ਼ੀਰੀ ਵਿਚਾਰਾਂ ਵਿਚ ਨਹੀਂ ਗਿਣਿਆ ਜਾ ਸਕਦਾ, ਕਿਉਂਕਿ:

> ਆਪੁ ਆਪਨੀ ਬੁਧਿ ਹੈ ਜੇਤੀ॥
> ਬਰਨਤ ਭਿੰਨ ਭਿੰਨ ਤੁਹਿ ਤੇਤੀ॥ *(ਚੌਪਈ)*

ਭਾਵ ਹਰ ਬੰਦਾ ਅਪਣੀ ਅਪਣੀ ਬੁਧੀ ਦੇ ਉਜਾਲੇ ਵਿਚ ਉਤਨਾ ਕੁੱਝ ਹੀ ਕਹਿ ਸਕਦਾ ਹੈ ਜਿਤਨਾ ਉਸਦੀ ਦ੍ਰਿਸ਼ਟੀ-ਗੋਚਰੇ ਉਸਨੂੰ ਨਜ਼ਰ ਆਉਂਦਾ ਹੈ।

ਅਕਾਸ਼ ਵਿਚ ਪੰਛੀ ਉਡਦੇ ਹਨ ਜਿਤਨੀ ਭੀ ਕਿਸੇ ਦੇ ਖੰਭਾਂ ਵਿਚ ਸ਼ਕਤੀ ਹੈ ਉਹ ਉਤਨਾ ਉੱਚਾ ਉੱਡਕੇ ਜਾ ਸਕਦਾ ਹੈ, ਪਰ ਅਕਾਸ਼ ਉਸਦੀ ਉਡਾਰੀ ਦੀ ਹੱਦ ਤੋਂ ਪਰ੍ਹੇ ਭੀ ਹੈ। ਇਸੇ ਤਰ੍ਹਾਂ ਅਕਾਸ਼ ਦੀ ਨਿਆਈਂ ਜੋ ਪਰੀਪੂਰਨ ਪ੍ਰਮੇਸ਼ਰ ਹੈ ਉਸਨੂੰ ਪੂਰਨ ਰੂਪ ਵਿਚ ਕਥਨ ਕਰਨ ਦੀ ਕਿਸੇ ਤ੍ਰਿਗੁਣੀ ਜੀਵ ਵਿਚ ਸਮਰੱਥਾ ਨਹੀਂ ਹੈ।

## ੨. ਕਾਦਰ ਦੀ ਬੇਅੰਤ ਕੁਦਰਤਿ ਦਾ ਵਰਣਨ

੧. ਚਉਰਾਸੀ ਲਖ ਜੋਨਿ ਵਿੱਚ
ਜਲ ਥਲ ਮਹੀਅਲ ਤ੍ਰਿਭਵਣ ਸਾਰਾ।
੨. ਇੱਕਸ ਇੱਕਸ ਜੋਨਿ ਵਿੱਚ
ਜੀਅ ਜੰਤ ਅਨਗਣਤ ਅਪਾਰਾ।
੩. ਸਾਸ ਗਿਰਾਸ ਸਮ੍ਹਾਲਦਾ
ਕਰ ਬ੍ਰਹਮੰਡ ਕਰੋੜ ਸ਼ੁਮਾਰਾ।
੪. ਰੋਮ ਰੋਮ ਵਿੱਚ ਰਖਿਓਨ
ਓਅੰਕਾਰ ਅਕਾਰ ਵਿਥਾਰਾ।
੫. ਸਿਰਿ ਸਿਰਿ ਲੇਖ ਅਲੇਖ ਦਾ
ਲੇਖ ਅਲੇਖ ਉਪਾਵਣਹਾਰਾ।
੬. ਕੁਦਰਤਿ ਕਵਣ ਕਰੈ ਵੀਚਾਰਾ॥੨॥

***ਪਦ ਅਰਥ:*** ਮਹੀਅਲ—ਅਕਾਸ਼। ਤ੍ਰਿਭਵਣ—ਤਿੰਨੇ ਭਵਨ, ਅਕਾਸ਼, ਪਾਤਾਲ ਤੇ ਮਾਤ ਲੋਕ। ਲੇਖ—ਹੁਕਮ। ਕੁਦਰਤਿ—ਰਚਨਾ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਅਸੀਂ ਆਪ ਜੀ ਦੇ ਅਤੀ ਸ਼ੁਕਰ ਗੁਜ਼ਾਰ ਹਾਂ ਜੋ ਤੁਸੀਂ ਹਮੇਸ਼ਾਂ ਹੀ ਸਾਨੂੰ ਗੁਰਮੱਤ ਦੀਆਂ ਅਮੋਲਕ ਵੀਚਾਰਾਂ ਸੁਣਾ ਕੇ ਧੰਨਭਾਗੀ ਬਣਾਉਂਦੇ ਹੋ, ਪਰ ਕਦੀ ਕਦਾਈਂ ਸੰਗਤ ਵਿਚ ਆਪ ਉਨ੍ਹਾਂ ਵੀਚਾਰਾਂ ਨੂੰ ਭੀ ਪ੍ਰਗਟਾਇਆ ਕਰਦੇ ਹੋ ਜਿਨ੍ਹਾਂ ਦੀ ਉਡਾਣ ਇਤਨੀ ਉਚੇਰੀ ਹੋਇਆ ਕਰਦੀ ਹੈ ਜਿਨ੍ਹਾਂ ਨੂੰ ਸਮਝਣ ਵਲੋਂ ਸਾਡੇ ਕਮਜ਼ੋਰ ਮਨਾਂ ਦੀ ਗੰਮਤਾ ਨਹੀਂ ਹੁੰਦੀ। ਸੋ, ਕਈ ਵਾਰ ਸਾਡੇ ਮਨਾਂ ਦੀ ਕਮਜ਼ੋਰੀ ਦਾ ਸਦਕਾ ਸਾਡੇ ਅੰਦਰ ਭਰਮ ਭੁਲੇਖੇ ਧਾਰਨ ਕਰ ਲੈਣ ਦਾ ਕਾਰਨ ਭੀ ਬਣ ਜਾਇਆ ਕਰਦਾ ਹੈ, ਜਿਸ ਦੀ ਨਵਿਰਤੀ ਕਰਾਉਣ ਲਈ ਅਸੀਂ ਆਪ ਜੀ ਨੂੰ ਖੇਚਲ ਭੀ ਦਿਆ ਕਰਦੇ ਹਾਂ, ਅਤੇ ਆਪ ਜੀ ਆਪਣੇ ਉਪਕਾਰੀ, ਦਿਆਲੂ ਸੁਭਾਉ ਦਾ ਸਦਕਾ ਸਾਨੂੰ ਗੁਰਮੱਤ ਦੇ ਵੀਚਾਰ ਸੁਣਾ ਕੇ ਨਿਰਸੰਦੇਹ ਕਰਨ ਦੀ ਖੇਚਲਾ ਭੀ ਸਦਾ ਹੀ ਕਰਦੇ ਆ ਰਹੇ ਹੋ।

ਸ੍ਰੀ ਮਾਨ ਜੀਉ! ਆਪ ਜੀ ਦੀ ਲੇਖਣੀ ਤੇ ਸਾਨੂੰ ਤਰਕ ਤਾਂ ਕੋਈ ਨਹੀਂ ਪਰ ਸਾਡੇ ਮਨਾਂ ਅੰਦਰ ਜੋ ਭੁਲੇਖੇ ਦੀ ਉਪਜ ਹੋਈ ਹੈ ਉਸਨੂੰ ਆਪ ਜੀ ਤੋਂ ਨਵਿਰਤ ਕਰਾਉਣਾ ਵੀ ਸਾਡਾ ਫ਼ਰਜ਼ ਬਣ ਆਉਂਦਾ ਹੈ। ਸ੍ਰੀ ਮਾਨ ਜੀ! ਆਪ ਜੀ ਕਈ ਥਾਵਾਂ ਤੇ ਪਿੱਛੇ ਜ਼ਿਕਰ ਕਰ ਆਏ ਹੋ ਕਿ ਉਸ ਪਰੀਪੂਰਨ ਪ੍ਰਮੇਸ਼ਰ ਸਿਰਜਨਹਾਰ ਨੇ ਜਦੋਂ ਇਸ ਸੰਸਾਰ ਦੀ ਸਿਰਜਨਾ ਕੀਤੀ ਹੈ ਉਸ ਵੇਲੇ ਕੋਈ ਭੀ ਦੂਜਾ ਕੋਲ ਨਹੀਂ ਸੀ ਇਹ ਆਪ ਜੀ ਪਿਛੇ ਗੁਰਬਾਣੀ ਰਾਹੀਂ ਸਿੱਧ ਵੀ ਕਰ ਆਏ ਹੋ, ਜਿਵੇਂ ਕਿ:

> ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
> ਤਦਹੁ ਪੁਛਿ ਨ ਸੇਵਕੁ ਬੀਆ॥
> *(ਮ: ੪, ਪੰਨਾ ੫੫੧)*

ਕਿਉਂ ਜੀ! ਫਿਰ ਉਸ ਕਰਤਾਰ ਨੇ ਇਹ ਭੇਦ ਕਿਸਨੂੰ ਦੱਸਿਆ ਕਿ ਮੈਂ ਚੌਰਾਸੀ ਲੱਖ ਜੂਨ ਰਚੀ ਹੈ, ਕਿਉਂਕਿ ਗੁਰਬਾਣੀ ਅਨੁਸਾਰ ਦੂਸਰਾ ਤਾਂ ਕੋਈ ਹੈ ਹੀ ਨਹੀਂ ਸੀ। ਭਾਈ ਸਾਹਿਬ ਜੀਉ! ਸਾਡੀ ਗੁਰਬਾਣੀ ਤੇ ਆਪ ਜੀ ਦੇ ਕਥਨ ਪਰ ਕੋਈ ਤਰਕ ਤਾਂ ਨਹੀਂ, ਪਰ ਸਾਡੇ ਅੰਤਰ ਆਤਮੇ ਜੋ ਸੰਸੇ ਨੇ ਜਨਮ ਲਿਆ ਹੈ ਕੇਵਲ

ਉਸੇ ਦੀ ਨਵਿਰਤੀ ਕਰਾਉਣਾ ਚਾਹੁੰਦੇ ਹਾਂ, ਆਸ ਹੈ ਕਿ ਆਪ ਜੀ ਸਾਨੂੰ ਨਿਰਸੰਦੇਹ ਕਰਨ ਦੀ ਖੇਚਲ ਕਰੋਗੇ ?

ਉ: ਹੇ ਭਾਈਓ! ਸਚਾਈ ਤਾਂ ਇਹੋ ਹੀ ਹੈ ਕਿ ਮੇਰੀ ਮਾਨਸਕ ਅਵਸਥਾ ਅਜੇ ਉਨ੍ਹਾਂ ਉਚਾਣਾਂ ਦੀਆਂ ਸਿਖਰਾਂ ਤਕ ਨਹੀਂ ਪੁੱਜ ਸੱਕੀ ਜੋ ਉਸ ਕਾਦਰ ਦੀ ਕੁਦਰਤ ਦੇ ਅਗੰਮ ਤੇ ਅਛੋਹ ਮੰਡਲ ਹਨ। ਇਸ ਲਈ ਜਦ ਤਕ ਕਿਸੇ ਵਸਤੂ ਨੂੰ ਪ੍ਰਤੱਖਸ਼ ਰੂਪ ਵਿਚ ਅਸੀ ਨਹੀਂ ਵੇਖ ਸਕਦੇ ਉਤਨਾਂ ਚਿਰ ਅਸੀਂ ਉਸ ਸ਼ੈ ਦੀ ਰੂਪ ਰੇਖਾ ਨੂੰ ਸਹੀ ਰੂਪ ਵਿਚ ਕਥਨ ਕਰਨ ਵਲੋਂ ਵੀ ਅਸਮਰੱਥ ਰਹਿੰਦੇ ਹਾਂ। ਸੋ, ਮੈਨੂੰ ਆਪ ਜੀ ਦੇ ਉਪ੍ਰੋਕਤ ਪ੍ਰਸ਼ਨ ਦੇ ਉੱਤਰ ਸੰਬੰਧੀ ਵਧੇਰੇ ਤਾਂ ਸੂਝ ਬੂਝ ਨਹੀਂ। ਪਰ ਹਾਂ! ਗੁਰੂ ਜੀ ਦੀ ਚਰਨ ਸ਼ਰਨ ਵਿਚ ਰਹਿ ਕੇ ਜੋ ਬਾਣੀ ਲਿਖਦਿਆਂ ਕੁੱਝ ਨਾਮ-ਮਾਤ੍ਰ ਜਾਣਕਾਰੀ ਮਿਲ ਸੱਕੀ ਹੈ ਮੈਂ ਉਸੇ ਹੀ ਭਾਵਾਂ ਨੂੰ ਅੰਕਤ ਕਰਦਾ ਆ ਰਿਹਾ ਹਾਂ। ਚੌਰਾਸੀ ਲੱਖ ਜੂਨਾਂ ਬਾਰੇ ਭੀ ਬਾਣੀ ਵਿਚ ਕਈ ਥਾਵਾਂ ਤੇ ਜਿਕਰ ਆਉਂਦਾ ਹੈ, ਜਿਵੇਂ ਕਿ :

ਚਵਰਾਸੀਹ ਲਖ ਜੋਨਿ ਉਪਾਈ
ਰਿਜਕੁ ਦੀਆ ਸਭ ਹੂ ਕਉ ਤਦ ਕਾ॥

*(ਸਵਈਏ ਮ: ੪ ਕੇ, ਪੰਨਾ ੧੪੦੩)*

ਚਉਰਾਸੀ ਲਖ ਫਿਰੈ ਦਿਵਾਨਾਂ॥

*(ਭੈਰਉ ਬਾਣੀ ਕਬੀਰ ਜੀ, ਪੰਨਾ ੧੧੬੧)*

ਲਖ ਚਉਰਾਸੀ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ॥੨॥ *(ਪੰਨਾ ੧੦੭੫)*

ਇਸ ਤੋਂ ਆਦਿ ਹੋਰ ਥਾਵੇਂ ਭੀ ਕਈ ਪੰਗਤੀਆਂ ਮੇਰੇ ਪੜ੍ਹਨ ਤੇ ਲਿਖਣ ਵਿਚ ਆਈਆਂ ਹਨ, ਜਿਨ੍ਹਾਂ ਤੋਂ ਪ੍ਰਭਾਵਤ ਹੋ ਮੈਂ ਉਪ੍ਰੋਕਤ ਪਉੜੀ ਵਿਚ ਜ਼ਿਕਰ ਕੀਤਾ ਹੈ ਕਿ ਚਉਰਾਸੀ ਲਖ ਜੂਨਾਂ ਹਨ, ਅਤੇ ਇਕ ਇਕ ਜੂਨ ਵਿਚ ਅਨਗਿਣਤ ਹੀ ਜੀਵ ਜੰਤੂ ਹਨ।

ਇਸ ਲਈ ਹੇ ਸਜਨੋਂ! ਸਾਨੂੰ ਗੁਰਬਾਣੀ ਅੰਦਰ ਜੋ ਕੁੱਝ ਵੀ ਅੰਕਤ ਹੋਇਆ ਮਿਲਦਾ ਹੈ ਇਸਨੂੰ ਬਿਨਾਂ ਕਿਸੇ ਭਰਮ ਭੁਲੇਖੇ ਤੋਂ ਸੱਤ ਰੂਪ ਹੀ ਅਨੁਭਵ ਕਰਨਾ ਚਾਹੀਦਾ ਹੈ। ਕਿਉਂਕਿ ਇਸ ਵਿਚ ਸ਼ੱਕ ਸ਼ੁਬ੍ਹਾ ਕਰਨ ਦੀ ਇਸ ਲਈ ਭੀ ਗੁੰਜਾਇਸ਼ ਨਹੀਂ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਾਰਨ ਸਮੇਂ ਭੀ ਆਪਣੀ ਹੋਂਦ ਨਹੀਂ ਜਣਾਈ ਕਿ ਇਹ ਬਾਣੀ ਮੈਂ ਖ਼ੁਦ ਉਚਾਰਨ ਕਰਦਾ ਹਾਂ, ਸਗੋਂ ਆਪ ਜੀ ਨੇ ਇਕੋ ਠੀਕ ਸਚਾਈ ਅੰਕਤ ਕਰ ਦਿੱਤੀ ਹੈ ਕਿ :

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ॥

*(ਸੂਹੀ ਮ: ੧, ਪੰਨਾ ੭੬੩)*

ਭਾਵ ਹੈ ਕਿ ਹੇ ਭਾਈਓ! ਮੈਂ ਤਾਂ ਆਪਣੇ ਆਪ ਬੋਲਣਾ ਹੀ ਨਹੀਂ ਜਾਣਦਾ ਜੋ ਕੁਝ ਭੀ ਮੈਂ ਕਿਹਾ ਹੈ ਇਹ ਸਭ ਉਸੇ ਕਰਤਾਰ ਦੇ ਹੁਕਮ ਦੀ ਪਾਲਨਾ ਕੀਤੀ ਹੈ। ਇਤਿਹਾਸ ਭੀ ਇਸੇ ਗੱਲ ਦੀ ਸਾਹਦੀ ਭਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਬਾਣੀ ਉਚਾਰਨ ਕਰਨ ਸਮੇਂ ਇਹੋ ਕਿਹਾ ਕਰਦੇ ਸਨ ਕਿ ਮਰਦਾਨਿਆਂ! ਰਬਾਬ ਛੇੜ ਬਾਣੀ ਆਈ ਹੈ, ਇਹ ਕਦੇ ਭੀ ਨਹੀਂ ਸਨ ਕਹਿੰਦੇ ਕਿ ਮੈਂ ਬਾਣੀ ਉਚਾਰਨ ਕਰਨ ਲੱਗਾ ਹਾਂ, ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ (ਜੈਸੀ ਮੈ ਆਵੈ ਖਸਮ ਕੀ ਬਾਣੀ) ਨੂੰ ਹੀ ਆਪ ਜੀ ਨੇ ਉਚਾਰਨ ਕੀਤਾ ਹੈ। ਆਪਣੇ ਵਲੋਂ ਕੁਝ ਭੀ ਨਹੀਂ ਕਿਹਾ।

ਜਦੋਂ ਭੀ ਅਸੀਂ ਗੁਰਬਾਣੀ ਦੇ ਭਾਵਾਂ ਨੂੰ ਮੁਖ ਰੱਖ ਕੇ ਦੂਰਦਰਸ਼ੀ ਨਜ਼ਰਾਂ ਨਾਲ ਤੱਕਦੇ ਹਾਂ ਤਾਂ ਸਾਨੂੰ ਇਹੋ ਹੀ ਜਾਣਕਾਰੀ ਮਿਲਦੀ ਹੈ ਕਿ ਜਦੋਂ ਭੀ ਕਿਸੇ ਮਹਾਂਪੁਰਸ਼ ਦੀ ਆਤਮਾ ਪ੍ਰਮਾਤਮਾ ਨਾਲ ਇਕ ਸੁਰ ਹੁੰਦੀ ਹੈ ਉਸਨੂੰ ਭੂਤ, ਭਵਿੱਖ ਤੇ ਵਰਤਮਾਨ ਸਮੇਂ ਵਿਚ ਜੋ ਕੁੱਝ ਭੀ ਵਰਤ ਰਿਹਾ ਹੈ ਉਹ ਸਭ ਕੁੱਝ ਦ੍ਰਿਸ਼ਟੀ ਗੋਚਰ ਹੋ ਆਉਂਦਾ ਹੈ।

ਇਥੇ ਇਕ ਹੋਰ ਵੀਚਾਰ ਅੰਕਤ ਕਰ ਦੇਣੀ ਭੀ ਜੋਗ ਹੋਵੇਗੀ ਕਿ ਜਿਥੇ ਬਾਕੀ ਦੇ ਧਰਮ ਸ਼ਾਸਤ੍ਰ ਜਦੋਂ ਜਦੋਂ ਭੀ ਉਚਾਰਨ ਕੀਤੇ ਗਏ ਹਨ ਉਹ ਉਸੇ ਸਮੇਂ ਨਹੀਂ ਲਿਖੇ ਗਏ ਉਨ੍ਹਾਂ ਦੇ ਉਚਾਰਨ ਕਰਨ ਤੇ ਲਿਖਣ ਕਾਲ ਵਿਚ ਵਕਤ ਦਾ ਬੜਾ ਅੰਤਰਾ ਹੈ ਜਿਵੇਂ ਕਿ :

### ਬੇਦ

ਪੁਰਾਤਨ ਪੁਸਤਕਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਬ੍ਰਹਮਾਂ ਨੇ ਜਦੋਂ ਚਾਰ ਬੇਦ ਉਚਾਰਨ ਕੀਤੇ ਸਨ ਉਹ ਉਸੇ ਵੇਲੇ ਨਹੀਂ ਲਿਖੇ ਗਏ ਇਹ ਬਿਆਸ ਜੀ ਨੇ ਬਿਆਸਾ ਦੇ ਕਿਨਾਰੇ ਬੈਠ ਕੇ ਪੰਦਰਾਂ ਸੌ (੧੫੦੦) ਸਾਲ ਬਾਅਦ ਵਿਚ ਲਿਖਤ ਰੂਪ ਵਿਚ ਲਿਆਂਦੇ ਹਨ। ਇਸੇ ਤਰ੍ਹਾਂ :

### ਬਾਈਬਲ

-ਈਸਾ ਜੀ ਵਲੋਂ ਉਚਾਰਨ ਕੀਤੀ ਬਾਈਬਲ ਪੰਜ ਸੌ

ਸਾਲ ਬਾਅਦ ਲਿਖੀ ਗਈ ਹੈ।

*ਕੁਰਾਨ*

ਮੁਹੰਮਦ ਸਾਹਿਬ ਵਲੋਂ ਉਚਾਰਨ ਕੀਤੀ ਕੁਰਾਨ ਦੋ ਸੌ ਸਾਲ ਪਿਛੋਂ ਲਿਖਤ ਰੂਪ ਵਿਚ ਆਈ ਹੈ।

*ਗੀਤਾ*

ਇਸੇ ਹੀ ਤਰ੍ਹਾਂ ਕ੍ਰਿਸ਼ਨ ਜੀ ਵਲੋਂ ਉਚਾਰਨ ਕੀਤੀ ਹੋਈ ਗੀਤਾ ਨੂੰ ਇਕ ਸੌ ਸਾਲ ਬਾਅਦ ਵਿਚ ਬਿਆਸ ਜੀ ਨੇ ਲਿਖਿਆ ਹੈ। ਕਿਉਂਕਿ ਉਨ੍ਹਾਂ ਸਮਿਆਂ ਵਿਚ ਕਾਗਜ਼ ਤੇ ਸਿਆਹੀ ਆਦਿ ਕਿਸੇ ਸ਼ੈ ਦੀ ਭੀ ਉਪਲਬਧੀ ਨਹੀਂ ਸੀ। ਇਸੇ ਲਈ ਇਨ੍ਹਾਂ ਉਪ੍ਰੋਕਤ ਧਾਰਮਕ ਗ੍ਰੰਥਾਂ ਦੇ ਪੜ੍ਹਚੋਲੀਆਂ ਨੇ ਇਨ੍ਹਾਂ ਪੁਸਤਕਾਂ ਦੇ ਉਚਾਰਨ ਕਰਨ ਦੇ ਸਮੇਂ ਤੋਂ ਲੈ ਕੇ ਲਿਖਤ ਰੂਪ ਵਿਚ ਆਉਣ ਸਮੇਂ ਤਕ ਵੀਚਾਰ ਕੀਤੀ ਹੈ ਕਿ ਇਨ੍ਹਾਂ ਵਿਚ ਸਮੇਂ ਸਮੇਂ ਬਹੁਤ ਹੀ ਅੰਤਰਾ ਆਉਂਦਾ ਰਿਹਾ ਹੈ।

ਪਰ, ਇਕੋ ਇਕ ਗੁਰਬਾਣੀ ਹੈ ਜਿਸ ਦੇ ਉਚਾਰਨ ਤੇ ਲਿਖਣ ਦੇ ਸਮੇਂ ਵਿਚ ਕੋਈ ਭੀ ਅੰਤਰਾ ਨਹੀਂ ਕਿਉਂਕਿ ਇਕ ਪਾਸੇ ਗੁਰੂ ਅਰਜਨ ਦੇਵ ਜੀ ਉਚਾਰਨ ਕਰੀ ਜਾਂਦੇ ਹਨ ਅਤੇ ਦੂਸਰੇ ਪਾਸੇ ਹੂ-ਬ-ਹੂ ਲਿਖਿਆ ਜਾ ਰਿਹਾ ਹੈ, ਇਥੇ ਹੀ ਬੱਸ ਨਹੀ ਆਪ ਜੀ ਲਿਖਵਾ ਕੇ ਫਿਰ ਸੁਣਿਆ ਕਰਦੇ। ਸੁਣ ਕੇ ਫਿਰ ਲਿਖਦੇ (ਸੁਧੁ) ਭਾਵ ਇਹ ਬਾਣੀ ਸ਼ੁੱਧ ਹੈ ਇਸ ਵਿਚ ਕੋਈ ਸ਼ੰਕਾ ਨ ਕਰੇ। ਸੋ, ਹੇ ਭਾਈਓ! ਮੈਂ ਜੋ ਕੁੱਝ ਭੀ ਲਿਖਦਾ ਆ ਰਿਹਾ ਹਾਂ ਉਹ ਬਾਣੀ ਦੇ ਭਾਵਾਂ ਨੂੰ ਮੁਖ ਰੱਖ ਕੇ ਹੀ ਲਿਖਣ ਦਾ ਹੀਆ ਕਰਦਾ ਹਾਂ ਆਪਣੇ ਵਲੋਂ ਕੁਝ ਭੀ ਲਿਖਣ ਦੀ ਸਮਰੱਥਾ ਨਹੀਂ।

(੧) (ਹੇ ਭਾਈਓ! ਉਸ ਪ੍ਰਭੂ ਨੇ) ਜਲਾਂ ਅੰਦਰ, ਥਲਾਂ ਤੇ ਅਕਾਸਾਂ ਅਤੇ ਤਿੰਨੇ ਭਵਨਾਂ ਵਿਚ ੮੪ ਲੱਖਾਂ ਜੂਨਾਂ ਨੂੰ ਬਣਾਇਆ ਹੈ।

(੨) ਇਕ ਇਕ ਜੂਨੀ ਵਿਚ ਏਨੇ ਜੀਵ ਜੰਤੂ ਪੈਦਾ ਕੀਤੇ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ।

(੩) (ਇਤਨੇ ਵਿਸਥਾਰ ਨਾਲ ਰਚਨਾ ਕਰਕੇ, ਸਭ ਜੀਵਾਂ ਨੂੰ) ਸ੍ਵਾਸ ਸ੍ਵਾਸ (ਦੇ ਸਮੇਂ) ਵਿਚ ਸੰਭਾਲਦਾ ਹੈ, ਭਾਵੇਂ ਉਹ ਕ੍ਰੋੜਾਂ ਬ੍ਰਹਿਮੰਡਾਂ ਤੇ ਕ੍ਰੋੜਾਂ ਮੀਲਾਂ ਦੇ ਪਸਾਰੇ ਵਿਚ ਹੈ।

(੪) (ਏਨਾਂ ਪਸਾਰਾ ਕਰਨ ਵਾਲਾ ਤੇ ਵਿਸ਼ਾਲ ਪ੍ਰਭੂ ਫਿਰ) ਰੋਮ ਰੋਮ ਵਿਚ ਮੌਜੂਦ ਹੈ (ਉਸ ਨੇ ਆਪਣੇ ਆਪ ਨੂੰ ਰੋਮ ਰੋਮ ਵਿਚ ਰੱਖਿਆ ਹੋਇਆ ਹੈ) ਏਨਾ ਪਸਾਰਾ ਕਰਨ ਵਾਲਾ ਵਾਹਿਗੁਰੂ (ਏਨੀ ਨਿੱਕੀ ਥਾਂ ਵਿਚ ਵੀ, ਭਾਵ ਹਰ ਥਾਂ) ਮੌਜੂਦ ਹੈ।

(੫) ਸਿਰ ਸਿਰ (ਭਾਵ ਹਰ ਇਕ ਦੇ ਉਪਰ ਉਸ) ਅਲੇਖ (ਪ੍ਰਭੂ) ਦਾ ਲੇਖ (ਹੁਕਮ) ਮੌਜੂਦ ਹੈ, ਪਰ ਆਪ ਪ੍ਰਭੂ ਅਲੇਖ (ਲੇਖੇ ਰਹਿਤ) ਹੈ।

(੬) (ਹੁਣ ਦਸੋ ਤੇ ਸੋਚੋ ਕਿ ਏਨੀ ਵਿਸ਼ਾਲ) ਕੁਦਰਤ (ਦੇ ਮਾਲਕ) ਦਾ ਕੌਣ ਕੋਈ ਵਿਚਾਰ ਕਰੇ ਕਿ ਉਹ ਕਿੱਡਾ ਕੁ ਹੈ, ਕਿਥੇ ਕੁ ਉਸਦਾ ਨਿਵਾਸ ਹੈ।੨।

*ਭਾਵਾਰਥ :*

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
*(ਜਪੁਜੀ)*

ਭਾਵ ਵੇਦ ਭੀ ਬੇਅੰਤ ਬੇਅੰਤ ਕਥਨ ਕਰਦੇ ਹਨ।

## ੩. ਦੈਵੀ ਅਤੇ ਆਸੁਰੀ ਸੰਪਤਾ ਦਾ ਨਿਰਣਾ

੧. ਕੇਵਡ ਸਤ ਸੰਤੋਖ ਹੈ
ਦਯਾ ਧਰਮ ਤੇ ਅਰਥ ਵੀਚਾਰਾ।
੨. ਕੇਵਡ ਕਾਮ ਕਰੋਧ ਹੈ
ਕੇਵਡ ਲੋਭ ਮੋਹ ਅਹੰਕਾਰਾ।
੩. ਕੇਵਡ ਦ੍ਰਿਸ਼ਟ ਵਖਾਣੀਐ
ਕੇਵਡ ਰੂਪ ਰੰਗ ਪਰਕਾਰਾ।
੪. ਕੇਵਡ ਸੁਰਤਿ ਸਲਾਹੀਐ
ਕੇਵਡ ਸ਼ਬਦ ਵਿਥਾਰ ਪਸਾਰਾ।
੫. ਕੇਵਡ ਵਾਸ ਨਿਵਾਸ ਹੈ
ਕੇਵਡ ਗੰਧ ਸੁਗੰਧ ਅਚਾਰਾ।
੬. ਕੇਵਡ ਰਸ ਕਸ ਆਖੀਅਨਿ
ਕੇਵਡ ਸਾਦ ਨਾਦ ਓਅੰਕਾਰਾ।
੭. ਅੰਤ ਬੇਅੰਤ ਨ ਪਾਰਾਵਾਰਾ॥੩॥

*ਪਦ ਅਰਥ :* ਦ੍ਰਿਸ਼ਟ—ਦ੍ਰਿਸ਼ਟੀ, ਨਜ਼ਰ। ਸੁਰਤਿ—ਗਿਆਨ ਜਾਂ ਜਾਣਕਾਰੀ। ਸ਼ਬਦ ਵਿਥਾਰ—ਸ਼ਬਦ ਦਾ ਵਿਸਥਾਰ, ਨਿਰਨਾ। ਗੰਧ ਸੁਗੰਧ—ਗੰਧਾਂ ਵਿਚ ਸੁਗੰਧੀ, ਬੋ ਤੇ ਖੁਸ਼ਬੋ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਪਿਛੇ ਆਪ ਜੀ ਗੁਰਬਾਣੀ ਦੀ ਰੋਸ਼ਨੀ ਵਿਚ ਇਹ ਸਿੱਧ ਕਰ ਆਏ ਹੋ ਕਿ ਇਸ ਸੰਸਾਰ ਦੀ ਰਚਨਾ ਰਚੀ ਜਾਣ ਦਾ ਕੋਈ ਵੀ ਸਮਾਂ ਨਿਰਧਾਰਤ ਨਹੀਂ ਕਿ ਕਦੋਂ ਇਸ ਦੀ ਅਰੰਭਤਾ ਹੋਈ ਹੈ, ਇਹ ਤਾਂ ਠੀਕ ਹੈ ਕਿ ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਬੁਧੀ-ਜੀਵੀ ਲੋਕਾਂ ਨੇ ਇਸ ਸੰਬੰਧ ਵਿਚ ਆਪੋ ਆਪਣੇ ਵੀਚਾਰ ਜ਼ਰੂਰ ਪ੍ਰਗਟਾਏ ਹਨ, ਪਰ ਗੁਰਬਾਣੀ ਦੇ ਪ੍ਰਕਾਸ਼ ਵਿਚ ਉਨ੍ਹਾਂ ਦੀ ਕਲਪਨਾ ਨੂੰ ਕੋਈ ਵਧੇਰੇ ਮਹਾਨਤਾ ਨਹੀਂ ਦਿੱਤੀ ਜਾ ਸਕਦੀ, ਉਨ੍ਹਾਂ ਦੇ ਖ਼ਿਆਲਾਂ ਦਾ ਭੀ ਇਕ ਦੂਸਰੇ ਨਾਲ ਕੋਈ ਤਾਲ-ਮੇਲ ਨਹੀਂ ਬੈਠਦਾ। ਇਸ ਲਈ ਉਨ੍ਹਾਂ ਦੇ ਅਨੁਮਾਨਾਂ ਨੂੰ ਭੀ ਸਹੀ ਰੂਪਤਾ ਨਹੀਂ ਦਿੱਤੀ ਜਾ ਸਕਦੀ, ਪਰ ਕਿਉਂ ਜੀ ! ਇਤਨੀ ਕੁ ਕਣਸੋ ਤਾਂ ਸੀਨੇ-ਬ-ਸੀਨੇ ਸੁਣਦੇ ਚਲੇ ਆ ਰਹੇ ਹਾਂ ਕਿ ਇਸ ਰਚਨਾ ਦੇ ਅਰੰਭ ਸਮੇਂ ਤੋਂ ਹੀ ਲੈ ਕੇ ਦੇਵਤੇ ਤੇ ਦੈਂਤ ਰਚੇ ਗਏ ਹਨ ਭਾਵ ਗੁਰਮੁਖਾਂ ਅਤੇ ਮਨਮੁਖਾਂ ਦੀ ਹੋਂਦ ਚਲੀ ਆ ਰਹੀ ਹੈ, ਇਨ੍ਹਾਂ ਦੋਹਾਂ ਵਿਚ ਭਾਵ ਗੁਰਮੁਖਾਂ ਵਿਚ ਦੈਵੀ ਗੁਣਾਂ ਦੀ ਪ੍ਰਧਾਨਤਾ ਤੇ ਮਨਮੁਖਾਂ ਵਿਚ ਆਸੁਰੀ ਸੰਪਤਾ ਦੀ ਪ੍ਰਧਾਨਤਾ ਹੈ। ਕਿਉਂ ਜੀ ! ਇਹ ਦੱਸਣ ਦੀ ਖੇਚਲ ਕਰੋਗੇ ਕਿ ਗੁਰਮੁਖਾਂ ਦੇ ਦੈਵੀ ਗੁਣਾਂ ਦੀ ਪ੍ਰਧਾਨਤਾ ਕਿਤਨੀ ਕੁ ਹੈ ਅਤੇ ਮਨਮੁਖਾਂ ਦੀ ਆਸੁਰੀ ਸੰਪਤਾ ਦਾ ਕਿਤਨਾ ਕੁ ਵੱਡਾ ਵਿਸਥਾਰ ਹੈ ?

ਉ: ਹੇ ਭਾਈਓ ! ਗੁਰਬਾਣੀ ਦੀ ਪੜਚੋਲ ਕਰਦਿਆਂ ਜੋ ਕੁਝ ਮੈਂ ਅਨੁਭਵ ਕਰ ਸਕਿਆ ਹਾਂ ਉਹ ਸਾਰਾ ਤਾ ਮੇਰੀ ਚਿਤਵਨੀ ਵਿਚ ਨਹੀਂ, ਪਰ ਜਿਤਨਾ ਕੁ ਮੈਨੂੰ ਯਾਦ ਹੈ ਉਸ ਨੂੰ ਮੁਖ ਰਖ ਕੇ ਮੈਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਨ੍ਹਾ ਵਿਚ ਦੈਵੀ ਗੁਣਾਂ ਤੇ ਆਸੁਰੀ ਸੰਪਤਾ ਦੀ ਬੇਅੰਤਤਾ ਦਰਸਾਈ ਹੈ :

(੧) (ਹੇ ਭਾਈਓ ! ਉਸ ਪ੍ਰਭੂ ਦੇ ਜੋ) ਸਤ, ਸੰਤੋਖ, ਦਇਆ, ਧਰਮ ਤੇ ਅਰਥ ਇਹ ਦੈਵੀ ਗੁਣ ਹਨ, ਇਨ੍ਹਾਂ ਦੀ ਮਹੱਤਤਾ ਤੇ ਸਚਾਈ ਦਾ ਵਿਸਥਾਰ ਜਾਂ ਨਿਰਣਾ ਕਿੱਡਾ ਕੁ ਵੱਡਾ ਕਰੀਏ, ਭਾਵ ਨਹੀਂ ਹੋ ਸਕਦਾ ਅਥਾਹ ਗੁਣਾਂ ਵਾਲੇ ਇਹ ਗੁਣ ਹਨ।

(੨) (ਇਸੇ ਤਰ੍ਹਾਂ) ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ (ਪ੍ਰਭੂ ਨੇ ਸੰਸਾਰ ਦੀ ਖੇਡ ਨੂੰ ਚਲਾਉਣ ਲਈ ਪੈਦਾ ਕੀਤੇ) ਆਸੁਰੀ ਗੁਣ ਕਿੱਡੇ ਕੁ ਹਨ, ਇਸਦਾ ਵੀਚਾਰ ਕਰਨਾ ਵੀ ਮੁਸ਼ਕਲ ਜਿਹੀ ਕਹਾਣੀ ਹੈ।

(੩) (ਹੇ ਭਾਈ ! ਇਨ੍ਹਾ ਦੈਵੀ ਤੇ ਆਸੁਰੀ ਗੁਣਾ ਦੀ) ਨਜ਼ਰ ਜਾਂ ਦ੍ਰਿਸ਼ਟੀ ਕਿੱਡੀ ਕੁ ਵਿਸ਼ਾਲ ਹੈ ਤੇ ਕਿਤਨੇ ਰੂਪਾਂ, ਰੰਗਾਂ ਤੇ ਕਿਸਮਾਂ ਦੀ ਹੈ (ਕੋਈ ਨਹੀਂ ਦੱਸ ਸਕਦਾ, ਬੇਅੰਤ ਹੀ ਕਹਿਣਾ ਪਵੇਗਾ)।

(੪) (ਇਸੇ ਤਰ੍ਹਾਂ) ਸੁਰਤ (ਧਿਆਨ) ਦੀ ਸਲਾਹੁਤਾ ਕਿੰਨੀ ਕੁ ਕਰੀਏ (ਤੇ ਗੁਰੂ ਦੇ ਮਹਾਨ) ਸ਼ਬਦ (ਉਪਦੇਸ਼) ਦਾ ਵਿਸਥਾਰ ਜਾਂ ਨਿਰਣਾ ਕਿਵੇਂ ਕਰੀਏ, ਉਸਦੇ ਪਸਾਰੇ ਦਾ ਕੀ ਅੰਦਾਜ਼ਾ ਲਾਈਏ (ਭਾਵ ਨਹੀਂ ਲੱਗ ਸਕਦਾ)।

(੫) ਹੁਣ ਵਾਸ਼ਨਾ ਦਾ ਨਿਵਾਸ (ਟਿਕਾਣਾ) ਕਿਥੇ ਤੇ ਕਿੱਡਾ ਕੁ ਹੈ, ਨ ਖ਼ੁਸ਼ਬੋਆਂ ਦੇ ਹੀ ਟਿਕਾਣਿਆਂ ਦਾ ਅੰਦਾਜ਼ਾ ਹੈ, ਕਿ ਕਿੰਨੀਆਂ ਜੜੀਆਂ ਬੂਟੀਆਂ ਵਿਚ ਇਸਦਾ ਨਿਵਾਸ ਹੈ, ਕਿਸ ਕਿਸ ਕੰਮ ਆਉਂਦੀਆਂ ਹਨ (ਗੰਧ ਸੁਗੰਧ ਤੇ ਇਸ ਗੁਣ ਦੇ ਪਸਾਰ ਤੇ) ਸੁਭਾਉ, ਕਿੱਡਾ ਕੁ ਹੈ (ਨਹੀਂ ਪਤਾ ਲਗਦਾ)।

(੬) ਰਸ ਕਸ ਕਿੰਨੇ ਕੁ ਕਹੀਏ (ਮਿੱਠੇ ਤੇ ਕੌੜੇ) ਓਅੰਕਾਰ (ਪ੍ਰਭੂ) ਦੇ (ਨਾਦ) ਸ਼ਬਦ ਦਾ ਸੁਆਦ (ਰਸ) ਕਿੱਡਾ ਕੁ ਕਹੀਏ (ਉਸਦਾ ਭੀ ਪਤਾ ਨਹੀਂ ਲਗ ਸਕਦਾ)।

(੭) (ਇਹ ਸਭ ਗੁਣ, ਵਾਸ਼ਨਾ ਆਦਿ ਦੇ ਸੁਆਦ) ਅੰਤ ਵਾਲੇ ਨਹੀਂ, ਬੇਅੰਤ ਹਨ, ਇਨ੍ਹਾਂ ਦਾ ਪਾਰਾਵਾਰ ਨਹੀਂ।੩।

***ਭਾਵਾਰਥ :*** ਬੱਸ, ਇਹੋ ਹੀ ਕਿਹਾ ਜਾ ਸਕਦਾ ਹੈ ਕਿ :

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥
ਜਿਵ ਫੁਰਮਾਏ ਤਿਵ ਤਿਵ ਪਾਹਿ॥
*(ਜਪੁਜੀ, ਪੰਨਾ ੪)*

ਭਾਵ ਉਸ ਅਕਾਲ ਪੁਰਖ ਦੀ ਕੁਦਰਤ ਦਾ ਕੋਈ ਭੀ ਵੀਚਾਰ ਨਹੀਂ ਕਰ ਸਕਦਾ।

ਆਖ਼ਰ ਇਉਂ ਹੀ ਕਹਿਣਾ ਪਵੇਗਾ ਕਿ :
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ *(ਜਪੁਜੀ, ਪੰਨਾ ੪)*

ਇਤਨੀ ਬੇਅੰਤ ਰਚਨਾ ਦੇ ਇਕ ਇਕ ਜੀਅ ਦੇ ਰੋਮ ਰੋਮ ਵਿਚ ਓਅੰਕਾਰ ਦਾ ਆਕਾਰ ਰੱਖਿਆ, ਭਾਵ ਉਸਨੇ ਆਪਣੇ ਆਪ ਨੂੰ ਵਿਆਪਕ ਰੱਖਿਆ ਹੈ। ਫਿਰ ਵੀ ਰਚਨਾ ਉਸ ਤੋਂ ਬਾਹਰੀ ਨਹੀਂ ਹੋ ਗਈ, ਉਸਦੇ ਹੁਕਮ ਵਿਚ ਹੈ।

## ੪. ਪ੍ਰਭੂ ਦੀ ਬੇਅੰਤਤਾਈ ਦਾ ਵਰਣਨ

੧. ਕੇਵਡ ਦੂਖ ਸੁਖ ਆਖੀਐ
ਕੇਵਡ ਹਰਖ ਸੋਗ ਵਿਸਥਾਰਾ।
੨. ਕੇਵਡ ਸੱਚੁ ਵਖਾਣੀਐ
ਕੇਵਡ ਕੂੜ ਕਮਾਵਣਹਾਰਾ।
੩. ਕੇਵਡ ਰੁੱਤੀ ਮਾਹ ਕਰ
ਦੇਹ ਰਾਤੀਂ ਵਿਸਮਾਦ ਵੀਚਾਰਾ।
੪. ਆਸਾ ਮਨਸਾ ਕੇਵਡੀ
ਕੇਵਡ ਨੀਂਦ ਭੁੱਖ ਅਹਾਰਾ।
੫. ਕੇਵਡ ਆਖਾਂ ਭਾਉ ਭਉ
ਸ਼ਾਂਤਿ ਸਹਜਿ ਉਪਕਾਰ ਵਿਕਾਰਾ।
੬. ਤੋਲ ਅਤੋਲ ਨ ਤੋਲਣਹਾਰਾ ॥੪॥

*ਪਦ ਅਰਥ :* ਵਖਾਣੀਐ—ਕਹੀਏ। ਵਿਸਮਾਦ—ਅਸਚਰਜ, ਤਅਜੁਬ, ਹੈਰਾਨ ਹੋਣ ਦਾ ਭਾਵ, ਹੈਰਾਨੀ ਉਤਪੰਨ ਕਰਨ ਵਾਲਾ। ਭਾਉ ਭਉ—ਪ੍ਰੇਮ, ਸਤਿਕਾਰ ਅਤੇ ਡਰ ਭਉ (ਤੌਖਲਾ)।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਤਾਂ ਉਸ ਕਾਦਰ ਦੀ ਕੁਦਰਤ ਨੂੰ ਆਪਣੀ ਦਿੱਬ ਦ੍ਰਿਸ਼ਟੀ ਰਾਹੀਂ ਬਹੁਤ ਨੇੜੇ ਤੋਂ ਤੱਕ ਰਹੇ ਹੋ ਕੀ ਉਸਦੀ ਜਾਣਕਾਰੀ ਕੁੱਝ ਸਾਨੂੰ ਭੀ ਕਰਾਉਣ ਦੀ ਕ੍ਰਿਪਾ ਕਰੋਗੇ?

ਉ: ਹੇ ਸਜਨੋਂ! ਸੱਚ ਤਾਂ ਇਉਂ ਹੀ ਕਬੂਲਣਾ ਪਵੇਗਾ ਕਿ ਉਸ ਪ੍ਰਭੂ ਦੀ ਬੇਅੰਤ ਲੀਲ੍ਹਾ ਨੂੰ ਜੇ ਮੈਂ ਜਾਂ ਹੋਰ ਭੀ ਕੋਈ ਕਥਨ ਕਰਨਾ ਚਾਹੇ ਤਾਂ ਉਸਨੂੰ ਕਿਸੇ ਭੀ ਰੂਪ ਵਿਚ ਬਿਆਨਿਆ ਨਹੀਂ ਜਾ ਸਕਦਾ, ਕਿਉਂਕਿ ਉਸਨੂੰ ਜਿਤਨਾ ਭੀ ਕੋਈ ਬਹੁਤਾ ਕਹਿਣ ਦਾ ਜਤਨ ਕਰਦਾ ਹੈ, ਉਹ ਅਗੋਂ ਹੋਰ ਬਹੁਤਾ ਨਜ਼ਰ ਆਉਂਦਾ ਹੈ ਇਸੇ ਲਈ ਗੁਰਬਾਣੀ ਵਿਚ ਇਉਂ ਫ਼ੁਰਮਾਨ ਆਇਆ ਹੈ ਕਿ :

ਬਹੁਤਾ ਕਹੀਐ ਬਹੁਤਾ ਹੋਇ ॥ *(ਜਪੁਜੀ, ਪੰਨਾ ੫)*

ਇਸ ਲਈ ਉਸ ਕਾਦਰ ਦੇ ਸੰਬੰਧ ਵਿਚ ਕੁੱਝ ਭੀ ਕਹਿਣਾ ਨਹੀਂ ਬਣਦਾ ਉਹ ਤਾ ਬਹੁਤ ਹੀ ਬੇਅੰਤ ਹੈ। ਹਾਂ, ਇਉਂ ਤਾਂ ਕਹਿਣਾ ਬਣਦਾ ਹੈ ਕਿ ਜਿਸ ਵਿਚ ਜਿਤਨੀ ਤਾਕਤ ਹੈ ਉਹ ਉਤਨਾ ਕਹਿ ਸਕਦਾ ਹੈ, ਪਰ ਉਸਦੇ ਕਥਨ ਨੂੰ ਪੂਰਨਤਾਈ ਨਹੀਂ ਮੰਨਿਆ ਜਾ ਸਕਦਾ। ਜਿਵੇਂ ਕੋਈ ਪੰਛੀ ਅਕਾਸ਼ ਵਿਚ ਉਡਦਾ ਹੈ ਉਹ ਉਤਨਾ ਹੀ ਉਡ ਸਕਦਾ ਹੈ ਜਿਤਨੀ ਕੁ ਉਸਦੇ ਖੰਭਾਂ ਵਿਚ ਸ਼ਕਤੀ ਹੈ ਪਰ ਉਹ ਸੰਪੂਰਨ ਅਕਾਸ਼ ਦੀ ਗੰਮਤਾ ਨਹੀਂ ਲੈ ਸਕਦਾ। ਇਸੇ ਤਰ੍ਹਾਂ ਜਿਸ ਕਾਦਰ ਦੀ ਕੁਦਰਤ ਰਾਹੀਂ ਰਚੇ ਇਕ ਬ੍ਰਹਿਮੰਡ ਦੀ ਹੀ ਬੇਅੰਤ ਕਥਾ ਹੈ ਜਿਸ ਵਿਚ ਲੱਖਾਂ ਸੂਰਜ, ਚੰਦ੍ਰਮਾ, ਤਾਰੇ, ਗ੍ਰਹਿ, ਮੰਡਲ ਮੰਨੇ ਜਾਂਦੇ ਹਨ, ਪਰ ਜੋ :

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ॥ *(ਪੰਨਾ ੬੧੨)*

ਮੰਨਿਆ ਜਾਂਦਾ ਹੈ ਉਸਦਾ ਕੋਈ ਕਿਵੇਂ ਕਥਨ ਕਰ ਸਕਦਾ ਹੈ ਉਸਨੂੰ ਤਾਂ ਅਸੰਖ ਵੀ ਕਹਿਣਾ ਸਿਰ ਤੇ ਭਾਰ ਲੈਣਾ ਮੰਨਿਆ ਗਿਆ ਹੈ :

ਅਸੰਖ ਕਹਹਿ ਸਿਰਿ ਭਾਰੁ ਹੋਇ ॥ *(ਜਪੁਜੀ, ਪੰਨਾ ੪)*

ਜੋ, ਉਸ ਨਿਰੰਕਾਰ ਦੇ ਸੰਬੰਧ ਵਿਚ ਕੋਈ ਕੀ ਕਹਿ ਸਕਦਾ ਹੈ ਜਿਸ ਦੇ ਇਕ ਇਕ ਰੋਮ ਵਿਚ ਕਰੋੜਾਂ ਬ੍ਰਹਿਮੰਡ ਹਨ, ਅੱਗੇ ਇਕ ਇਕ ਬ੍ਰਹਿਮੰਡ ਵਿਚ ਕੋਟਾਨ ਕੋਟ ਚੰਦ, ਸੂਰਜ, ਬਿਜਲੀ, ਤਾਰੇ, ਗ੍ਰਹਿ, ਮੰਡਲ, ਸਿਆਰੇ ਮੰਨੇ ਜਾਂਦੇ ਹਨ, ਇਸ ਲਈ ਉਸ ਸੰਬੰਧ ਵਿਚ ਤਾਂ ਕੁੱਝ ਭੀ ਕਹਿਣਾ ਅਸੰਭਵ ਹੈ, ਬੱਸ, ਉਸਨੂੰ ਤਾਂ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਉ! ਤੁਸੀਂ ਤਾਂ ਗੁਰੂ ਅਰਜਨ ਦੇਵ ਮਹਾਰਾਜ ਦੀ ਹਜ਼ੂਰੀ ਵਿਚ ਰਹਿਕੇ ਢੇਰ ਕਾਲ ਸਮਾਂ ਗੁਜ਼ਾਰਿਆ ਹੈ, ਆਖਰ ਆਪ ਜੀ ਨੇ ਉਸ ਨਿਰੰਕਾਰ ਦੇ ਬਾਰੇ ਵਿਚ ਕੀ ਅਨੁਭਵ ਕੀਤਾ ਹੈ ਇਸ ਸੰਬੰਧੀ ਕੁਝ ਜਾਣਕਾਰੀ ਦਿਓ?

ਉ: ਹੇ ਸਜਨੋ! ਮੈਂ ਤਾਂ ਜੋ ਉਸ ਪਰੀ ਪੂਰਨ ਪਰਮੇਸਰ ਦੇ ਸੰਬੰਧ ਵਿਚ ਅਨੁਭਵ ਕਰ ਸੱਕਿਆ ਹਾਂ, ਉਸਨੂੰ ਟੂਕ-ਮਾਤ੍ਰ ਹੇਠ ਲਿਖੀਆਂ ਚੰਦ ਪੰਗਤੀਆਂ ਵਿਚ ਉੱਕਰਨ ਦਾ ਇਕ ਨਿਮਾਣਾ ਜਿਹਾ ਉਪਰਾਲਾ ਹੀ ਕਰ ਸੱਕਿਆ ਹਾਂ, ਜਿਵੇਂ ਕਿ :

(੧) (ਹੇ ਭਾਈਓ! ਮੈਂ ਤਾਂ ਉਸ ਪ੍ਰਭੂ ਦੇ ਸੰਬੰਧ ਵਿਚ ਇਉਂ ਹੀ ਕਹਿ ਸੱਕਿਆ ਹਾਂ ਕਿ ਹੇ ਪ੍ਰਭੂ ਜੀਉ! ਇਹ ਜੋ ਸਾਰੇ ਸੰਸਾਰ ਦੀ ਹੋਂਦ ਨਜ਼ਰ ਆ ਰਹੀ ਹੈ ਇਸ ਵਿਚ) ਦੁਖ ਸੁਖ ਨੂੰ ਕਿੱਡਾ ਕੁ ਆਖੀਏ, ਹਰਖ ਸੋਗ (ਖ਼ੁਸ਼ੀ

ਗ਼ਮੀਂ) ਦਾ ਵਿਸਥਾਰ ਕਿੱਡਾ ਕੁ ਵੱਡਾ ਕਹੀਏ।

(੨) (ਅਤੇ) ਸੱਚ ਬਾਰੇ ਕੀ ਆਖੀਏ ਕਿ ਉਹ ਕਿੱਡਾ ਕੁ ਹੈ, ਤੇ ਕੂੜ (ਝੂਠ) ਦੇ (ਵਾਪਾਰੀ) ਕਿੱਡੇ ਕੁ ਹਨ।

(੩) ਰੁੱਤਾਂ, ਮਹੀਨਿਆਂ ਤੇ ਦਿਨ ਰਾਤ (ਕਾਇਮ ਕਰ ਦੇਣ) ਦੇ ਹੈਰਾਨ ਕਰ ਦੇਣ ਵਾਲੇ ਵਿਚਾਰਾਂ ਦਾ ਕੀ ਬਿਆਨ ਕਰੀਏ ?

(੪) ਆਸਾ ਮਨਸਾ (ਤ੍ਰਿਸ਼ਨਾ) ਕਿੱਡੀਆਂ ਕੁ ਹਨ, ਤੇ ਨੀਂਦਰ, ਭੁੱਖ ਅਤੇ ਅਹਾਰ ਦਾ (ਉਸ ਪ੍ਰਭੂ ਦਾ) ਕਿੱਡਾ (ਵੱਡਾ ਪ੍ਰਬੰਧ ਹੈ)।

(੫) (ਅਤੇ) ਕਿੱਡਾ ਕੁ ਆਖਾਂ ਭਾਉ (ਪਿਆਰ ਦਾ ਰੰਗ), ਡਰਨ ਦਾ (ਕਿੰਨਾ ਕੁ) ਸ਼ਾਂਤੀ, ਸਹਿਜ, ਉਪਕਾਰ (ਨੇਕੀ) ਅਤੇ ਵਿਕਾਰਾਂ (ਕੁਕਰਮਾਂ ਦਾ ਵੇਰਵਾ) ਦੱਸੀਏ।

(੬) (ਬੱਸ ਇਹ ਸਭ ਵਸਤੂਆਂ ਦਾ) ਤੋਲ, ਅਤੋਲ ਹੈ ਤੇ ਨਾਹੀ (ਪ੍ਰਭੂ ਤੋਂ ਬਿਨਾਂ ਇਨ੍ਹਾਂ ਨੂੰ ਕੋਈ ਹੋਰ) ਤੋਲਣਹਾਰਾ ਹੈ।੪।

***ਭਾਵਾਰਥ :*** ਇਸ ਪਉੜੀ ਵਿਚ ਭੀ ਉਸ ਬੇਅੰਤ ਪ੍ਰਭੂ ਦੀ ਬੇਅੰਤ ਰਚਨਾ ਦਰਸਾਈ ਹੈ ਜਿਸਦੇ ਉਰਵਾਰ ਪਾਰ ਦਾ ਕੋਈ ਭੀ ਅੰਦਾਜ਼ਾ ਨਹੀਂ ਲਾ ਸਕਦਾ, ਇਸੇ ਲਈ ਬਾਣੀ ਵਿਚ ਸੰਕੇਤ ਕਰ ਦਿੱਤਾ ਗਿਆ ਹੈ ਕਿ :

ਬੇਅੰਤੁ ਅੰਤੁ ਨ ਜਾਇ ਪਾਇਆ
ਗਹੀ ਨਾਨਕ ਚਰਣ ਸਰਨ ॥੪॥ *(ਪੰਨਾ ੮੪੮)*

ਭਾਵ ਜਦੋਂ ਉਹ ਪ੍ਰਮੇਸ਼ਰ ਖ਼ੁਦ ਬੇਅੰਤਤਾ ਦਾ ਮਾਲਕ ਹੈ, ਉਸ ਦੀ ਇਹ ਸੰਸਾਰ ਕ੍ਰਿਆ ਭੀ ਅਥਾਹ, ਅਪਾਰ ਕਹਿਣੀ ਬਣਦੀ ਹੈ। ਬਸ ਇਉਂ ਹੀ ਕਹਿਣਾ ਬਣਦਾ ਹੈ :

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ *(ਜਪੁਜੀ, ਪੰਨਾ ੪)*

## ੫. ਪ੍ਰਭੂ ਦੀ ਬੇਅੰਤਤਾਈ ਦਾ ਹੀ ਕੁਝ ਹੋਰ ਵਰਣਨ

**੧. ਕੇਵਡ ਤੋਲ ਸੰਜੋਗ ਦਾ**
**ਕੇਵਡ ਤੋਲ ਵਿਜੋਗ ਵੀਚਾਰਾ।**
**੨. ਕੇਵਡ ਹੱਸਣ ਆਖੀਐ**
**ਕੇਵਡ ਰੋਵਣ ਦਾ ਬਿਸਥਾਰਾ।**
**੩. ਕੇਵਡ ਹੈ ਨਿਰਵਿਰਤਿ ਪੱਖ**
**ਕੇਵਡ ਹੈ ਪਰਵਿਰਤਿ ਪਸਾਰਾ।**
**੪. ਕੇਵਡ ਆਖਾਂ ਪੁੰਨ ਪਾਪ**
**ਕੇਵਡ ਆਖਾਂ ਮੋਖ ਦੁਆਰਾ।**
**੫. ਕੇਵਡ ਕੁਦਰਤਿ ਆਖੀਐ**
**ਇਕ ਦੂੰ ਕੁਦਰਤਿ ਲੱਖ ਹਜ਼ਾਰਾ।**
**੬. ਦਾਨੈ ਕੀਮਤਿ ਨਾ ਪਵੈ**
**ਕੇਵਡ ਦਾਤਾ ਦੇਵਨਹਾਰਾ।**
**੭. ਅਕਥ ਕਥਾ ਅਬਿਗਤਿ ਨਿਰਧਾਰਾ ॥੫॥**

***ਪਦ ਅਰਥ :*** ਸੰਜੋਗ—ਮਿਲਾਪ। ਵਿਜੋਗ—ਵਿਛੋੜਾ। ਨਿਰਵਿਰਤਿ—ਵੈਰਾਗ ਵਾਲੀ ਦਸ਼ਾ। ਪਰਵਿਰਤਿ—ਗ੍ਰਿਹਸਤ। ਦਾਨੈ—ਦਾਨਾਂ ਦਾ ਖ਼ਜਾਨਾ। ਅਬਿਗਤਿ—ਜਿਸ ਦੀ ਹਾਲਤ ਜਾਣੀ ਨ ਜਾਏ। ਨਿਰਧਾਰਾ—ਜਿਸਦਾ ਆਸਰਾ ਕੋਈ ਨ ਹੋਵੇ, ਜੋ ਆਪਣੇ ਆਸਰੇ ਆਪ ਹੋਵੇ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਭੀ ਤੱਕ ਹੀ ਰਹੇ ਹੋ ਕਿ ਜਿਨ੍ਹਾਂ ਜੀਵਾਂ ਦਾ ਅਸੀਂ ਅੱਜ ਸੰਜੋਗ ਹੁੰਦਾ ਤੱਕ ਰਹੇ ਹਾਂ, ਉਨ੍ਹਾਂ ਦਾ ਕੁਝ ਸਮੇਂ ਤੋਂ ਬਾਅਦ ਵਿਜੋਗ ਹੋਇਆ ਭੀ ਵੇਖਣ ਵਿਚ ਆਉਂਦਾ ਹੈ, ਉਹੀ ਵਿਜੋਗ ਦੁਬਾਰੇ ਫਿਰ ਸੰਜੋਗ ਵਿਚ ਬਦਲ ਜਾਂਦਾ ਹੈ, ਕਿਉਂ ਜੀ ! ਆਪ ਜੀ ਇਸਦਾ ਸਹੀ ਕਾਰਨ ਕੀ ਅਨੁਭਵ ਕਰਦੇ ਹੋ, ਕੀ ਕੁਝ ਜਾਣਕਾਰੀ ਦਿਓਗੇ ?

ਉ: ਹੇ ਭਾਈਓ ! ਜਿਸ ਕਰਤਾਰ ਨੇ ਇਸ ਸੰਸਾਰ ਦੀ ਰਚਨਾ ਨੂੰ ਸੁਤੰਤਰ ਰੂਪ ਵਿਚ ਰਚਿਆ ਹੈ, ਇਸ ਨੂੰ ਅਸੀਂ ਵੇਖ ਹੀ ਸਕਦੇ ਹਾਂ, ਪਰ ਇਹ ਨਹੀਂ ਅਨੁਭਵ ਕਰ ਸਕਦੇ ਕਿ ਇਸ ਨੂੰ ਉਸ ਕਰਤਾਰ ਨੇ ਕਿਵੇਂ ਤੇ ਕਿਉਂ ਰਚਿਆ ਹੈ ? ਇਹ ਅਸਚਰਜਤਾ ਸਾਨੂੰ ਨਿੱਕੀ ਤੋਂ ਨਿੱਕੀ ਸੈ ਤੋਂ ਲੈ ਕੇ ਵੱਡੀਆਂ ਤੋਂ ਵੱਡੀਆਂ ਸ਼ੈਆਂ ਤੱਕ ਵੇਖਣ ਵਿਚ ਆਵੇਗੀ, ਆਖ਼ਰ ਨੂੰ ਬੇਅੰਤ ਹੈ, ਬੇਅੰਤ ਹੈ, ਇਹੋ ਹੀ ਕਹਿਣਾ ਪਵੇਗਾ। ਹੇ ਭਾਈਓ ! ਮੈਨੂੰ ਤਾਂ ਸਤਿਗੁਰਾਂ ਦੀ ਬਾਣੀ ਦੁਆਰੇ ਇਹੋ ਹੀ ਸੋਝੀ ਮਿਲ ਸਕੀ ਹੈ ਕਿ ਉਸ ਰਚਨਹਾਰ ਨਿਰੰਕਾਰ ਨੇ ਇਸ ਸੰਸਾਰ ਦੀ ਕਾਰ ਨੂੰ ਚਲਦਾ ਰੱਖਣ ਲਈ ਇਕ ਸਾਧਨ

ਕਾਇਮ ਕਰ ਰੱਖਿਆ ਹੈ, ਜਿਸਦਾ ਨਾਮ ਬਾਣੀ ਅੰਦਰ ਸੰਜੋਗ ਅਤੇ ਵਿਜੋਗ ਅੰਕਤ ਕੀਤਾ ਗਿਆ ਹੈ, ਜਿਵੇਂ ਕਿ :

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ॥ *(ਜਪੁਜੀ, ਪੰਨਾ ੬)*

ਇਸੇ ਭਾਵ ਨੂੰ ਹੋਰ ਖੁਲਾਸੇ ਰੂਪ ਵਿਚ ਅੰਕਤ ਕਰਦੇ ਹਨ, ਜਿਵੇਂ ਕਿ :

ਮਾਤ ਪਿਤਾ ਬਨਿਤਾ ਸੁਤ ਬੰਧਪ
ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ
ਅੰਤਹਿ ਕੋ ਨ ਸਹਾਈ॥੧॥
*(ਪੰਨਾ ੭੦੦)*

ਭਾਵ ਇਹ ਸਾਰਾ ਸੰਬੰਧ ਕੇਵਲ ਪਿਛਲੇ ਜਨਮਾਂ ਦਾ ਹੀ ਸੰਜੋਗ ਮੰਨਣਾ ਪਵੇਗਾ। ਹੋਰ ਸੁਣੋ :

ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥
ਜੀਵਿ ਜੀਵਿ ਮੁਏ ਮੁਏ ਜੀਵੇ॥
ਕੇਤਿਆ ਕੇ ਬਾਪ ਕੇਤਿਆ ਕੇ ਬੇਟੇ
ਕੇਤੇ ਗੁਰ ਚੇਲੇ ਹੂਏ॥
ਆਗੈ ਪਾਛੈ ਗਣਤ ਨ ਆਵੈ
ਕਿਆ ਜਾਤੀ ਕਿਆ ਹੁਣਿ ਹੂਏ॥
ਸਭੁ ਕਰਣਾ ਕਿਰਤੁ ਕਰਿ ਲਿਖੀਐ
ਕਰਿ ਕਰਿ ਕਰਤਾ ਕਰੇ ਕਰੇ॥ *(ਮ: ੧, ਪੰਨਾ ੧੨੩੮)*

ਇਸੇ ਭਾਵ ਨੂੰ ਭਗਤ ਕਬੀਰ ਸਾਹਿਬ ਜੀ ਦੀ ਜੀਵਨੀ ਵਿਚ ਵਾਪਰੀ ਘਟਨਾ ਹੋਰ ਭੀ ਵਧੇਰੇ ਖੁਲਾਸੇ ਰੂਪ ਵਿਚ ਪ੍ਰਗਟ ਕਰਦੀ ਹੈ। ਕਬੀਰ ਜੀ ਦੀ ਮਾਤਾ ਨੇ ਇਕ ਦਿਨ ਕਬੀਰ ਜੀ ਨੂੰ ਕਿਹਾ ਕਿ ਹੇ ਪੁੱਤ੍ਰ! ਵੇਖ ਅਸੀਂ ਸਾਰੇ ਹੀ ਪ੍ਰਵਾਰ ਦੇ ਤੇਰੇ ਸੰਬੰਧੀ ਤੇਰੇ ਨਾਲ ਕਿਤਨਾ ਮੋਹ ਪਿਆਰ ਕਰਦੇ ਹਾਂ ਪਰ ਤੂੰ ਸਾਡੇ ਕਿਸੇ ਘਰ ਦੇ ਸੰਬੰਧੀ ਨਾਲ ਭੀ ਕੋਈ ਸਨੇਹ ਨਹੀਂ ਕਰਦਾ, ਅਸੀਂ ਤੱਕਦੇ ਹਾਂ ਕਿ ਤੂੰ ਸਾਡੇ ਸਾਰਿਆਂ ਵਲੋਂ ਹੀ ਨਿਰਮੋਹਾ ਅਤੇ ਟੁੱਟਿਆ ਟੁੱਟਿਆ ਰਹਿੰਦਾ ਹੈਂ, ਕੀ ਦਸੇਂਗਾ ਕਿ ਇਸਦਾ ਅਸਲ ਕਾਰਨ ਕੀ ਹੈ? ਤਾਂ ਮਾਤਾ ਜੀ ਨੂੰ ਸੰਬੋਧਨ ਕਰਦਿਆਂ ਕਬੀਰ ਜੀ ਨੇ ਸ਼ਬਦ ਉਚਾਰਨ ਕੀਤਾ ਕਿ ਹੇ ਮਾਤਾ ਜੀਉ! ਸੁਣੋ ਇਹੋ ਜਿਹੇ ਘਰ ਪਹਿਲੋਂ ਮੈਂ ਕਈ ਜਨਮਾਂ ਵਿਚ ਬਹੁਤ ਵਸਾ ਚੁੱਕਾ ਹਾਂ ਹੁਣ ਮੈਂ ਥੱਕ ਗਿਆ ਹਾਂ ਹੋਰ ਘਰ ਵਸਾਉਣਾ ਹੀ ਨਹੀਂ ਚਾਹੁੰਦਾ, ਵੇਖੋ :

ਅਸਥਾਵਰ ਜੰਗਮ ਕੀਟ ਪਤੰਗਾ॥
ਅਨਿਕ ਜਨਮ ਕੀਏ ਬਹੁ ਰੰਗਾ॥੧॥
ਐਸੇ ਘਰ ਹਮ ਬਹੁਤੁ ਬਸਾਏ॥
ਜਬ ਹਮ ਰਾਮ ਗਰਭ ਹੋਇ ਆਏ॥੧॥ਰਹਾਉ॥
*(ਗਉੜੀ ਕਬੀਰ ਜੀ, ਪੰਨਾ ੩੨੫)*

ਇਸ ਲਈ ਹੇ ਭਾਈਓ! ਉਸ ਕਰਤੇ ਦੀ ਇਸ ਅਗੰਮੀ ਖੇਡ ਦੇ ਸੰਬੰਧ ਵਿਚ ਕੋਈ ਭੀ ਕੁਝ ਕਹਿਣ ਦੀ ਸਮਰੱਥਾ ਨਹੀਂ ਰੱਖਦਾ ਜੇ ਕੋਈ ਕੁਝ ਕਵੇ ਭੀ ਤਾਂ ਪੂਰਨ ਰੂਪ ਵਿਚ ਨਹੀਂ ਉਹ ਅਧੂਰਾ ਹੀ ਹੋਵੇਗਾ।

ਪ੍ਰ: ਭਾਈ ਸਾਹਿਬ ਜੀਉ! ਆਖ਼ਰ ਤੁਸੀਂ ਆਪਣੇ ਅੰਤਰ-ਆਤਮੇ ਉਪਜ ਰਹੇ, ਸੰਜੋਗ ਤੇ ਵਿਜੋਗ ਬਾਰੇ ਕੁਝ ਤਾਂ ਵੀਚਾਰ ਦਿਓ? ਤਾਂ ਕਿ ਸਾਨੂੰ ਭੀ ਕੁਝ ਬੋਧ ਮਿਲ ਸਕੇ?

ਉ: ਹੇ ਭਾਈਓ! ਜੇ ਤੁਸੀਂ ਮੇਰੇ ਅੰਤਰ-ਆਤਮੇਂ ਦੀ ਅਵਾਜ਼ ਸੁਣਨਾ ਹੀ ਚਾਹੁੰਦੇ ਹੋ ਤਾਂ ਮੇਰੀਆਂ ਅੰਦਰੂਨੀ ਭਾਵਨਾਵਾਂ ਤਾਂ ਇਹੋ ਹਨ ਕਿ ਹੇ ਧਨੀ ਪੂਰਨ ਪ੍ਰਮੇਸ਼ਰ! ਤੇਰੀ ਇਸ ਰਚਨਾ ਦੇ ਬਾਰੇ ਜਿਸ ਦੀ ਕੋਈ ਗੰਮਤਾ ਹੀ ਨਹੀਂ ਲਖੀ ਜਾ ਸਕਦੀ।

(੧) ਇਸਦੇ ਸੰਜੋਗ ਅਤੇ ਵਿਜੋਗ ਦੇ (ਭਾਵ ਮਿਲਾਪ ਦੀ ਖ਼ੁਸ਼ੀ ਤੇ ਵਿਛੋੜੇ ਦਾ ਦੁਖ) ਇਸ ਦੀ ਕੀ ਵੀਚਾਰ ਕਰੀਏ (ਭਾਵ ਕੋਈ ਭੀ ਵੀਚਾਰ ਨਹੀਂ ਹੋ ਸਕਦੀ) ਕਿਉਂਕਿ ਖਿਨ ਖਿਨ ਵਿਚ ਜੀਵ ਮਿਲਦੇ ਤੇ ਵਿਛੜ ਜਾਂਦੇ ਹਨ।

(੨) ਹੱਸਣ (ਖ਼ੁਸ਼ੀ ਦੇ ਵਿਸਤਾਰ) ਨੂੰ ਕਿਤਨਾ ਵੱਡਾ ਆਖੀਏ ਤੇ ਰੋਣ (ਦੁਖ ਭਰੀਆਂ ਹਾਲਤਾਂ) ਦਾ ਕੀ ਵਿਸਥਾਰ ਕਰੀਏ।

(੩) (ਅਤੇ) ਕਿੱਡਾ ਕੁ ਨਿਰਵਿਰਤੀ ਪੱਖ (ਤਿਆਗ ਤੇ ਵੈਰਾਗ) ਨੂੰ ਕਹੀਏ ਤੇ ਕਿਤਨਾ ਕੁ (ਸੁਖਾਂ ਨੂੰ ਭੋਗਣਾ, ਸੰਸਾਰ ਦੇ ਪਦਾਰਥਾਂ ਵਿਚ ਹੀ ਲੱਗ ਜਾਣਾ) ਪਰਵਿਰਤੀ ਪੱਖ ਦੇ ਪਸਾਰੇ ਨੂੰ ਸਮਝੀਏ।

(੪) ਪਾਪ ਪੁੰਨ ਕਿੱਡਾ ਕੁ ਆਖਾਂ, ਮੁਕਤੀ ਦਾ ਦੁਆਰਾ ਕਿਤਨਾ ਕੁ ਵਡੇਰਾ ਆਖਾਂ।

(੫) ਕੁਦਰਤ ਕਿੱਡੀ ਕੁ ਆਖੀਏ, ਇਕ ਤੋਂ ਲੱਖਾਂ ਹਜ਼ਾਰਾਂ ਦੇ (ਅੱਗੇ ਅੱਗੇ ਪਸਾਰਾ ਚਲਦਾ) ਹੈ ਕੁਦਰਤ ਦਾ।

(੬) (ਹੇ ਭਾਈਓ! ਪਾਲਣ ਪੋਸਣ ਦਾ ਜੋ) ਖ਼ਜ਼ਾਨਾ (ਖੋਲ੍ਹ ਦਿੱਤਾ ਹੈ) ਉਸਦਾ ਅੰਤ ਨਹੀਂ ਹੈ, (ਵਾਹਿਗੁਰੂ ਜੋ) ਦਾਤ ਦੇ ਰਿਹਾ ਹੈ, (ਕੌਣ ਕਹਿ ਸਕੇ ਕਿ) ਕਿੱਡਾ ਕੁ ਵੱਡਾ ਹੈ?

(੭) (ਉਸ ਦੀ) ਕਥਾ ਅਕੱਥ ਹੈ, (ਤੇ ਉਹ) ਅਬਿਗਤ ਤੇ

ਨਿਰਾਧਾਰ ਹੈ।੫।

*ਭਾਵਾਰਥ:* ਉਪ੍ਰੋਕਤ ਪਉੜੀ ਦੇ ਭਾਵ ਨੂੰ ਭਾਈ ਸਾਹਿਬ ਜੀ ਨੇ ਗੁਰਬਾਣੀ ਦੀਆਂ ਪੰਕਤੀਆਂ ਨੂੰ ਮੁਖ ਰੱਖ ਕੇ ਇਹ ਸਿਧਾਂਤ ਅੰਕਤ ਕੀਤਾ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਥਾਵਾਂ ਤੇ ਨਿਰੂਪਨ ਕੀਤੀਆਂ ਗਈਆਂ ਹਨ, ਜਿਵੇਂ ਕਿ:

ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥ *(ਜਪੁਜੀ, ਪੰਨਾ ੨)*

ਤੇਰੇ ਦਾਨੈ ਕੀਮਤਿ ਨਾ ਪਵੈ
ਤਿਸੁ ਦਾਤੇ ਕਵਣੁ ਸੁਮਾਰੁ॥੨॥
*(ਗਉੜੀ ਮ: ੧, ਪੰਨਾ ੧੨)*

## *੬. ਸਾਧ ਸੰਗਤ ਦੀ ਵਡਿਆਈ*

**੧. ਲੱਖ ਚਉਰਾਸੀਹ ਜੋਨਿ ਵਿਚ**
**ਮਾਣਸ ਜਨਮ ਦੁਲੰਭ ਉਪਾਯਾ।**
**੨. ਚਾਰ ਵਰਨ ਚਾਰ ਮਜ਼ਹਬਾ**
**ਹਿੰਦੂ ਮੁਸਲਮਾਨ ਸਦਾਯਾ।**
**੩. ਕਿਤੜੇ ਪੁਰਖ ਵਖਾਣੀਅਨਿ**
**ਨਾਰਿ ਸ਼ੁਮਾਰ ਅਗਣਤ ਗਣਾਯਾ।**
**੪. ਤ੍ਰੈ ਗੁਣ ਮਾਯਾ ਚਲਤੁ ਹੈ**
**ਬ੍ਰਹਮਾ ਬਿਸ਼ਨ ਮਹੇਸ਼ ਰਚਾਯਾ।**
**੫. ਬੇਦ ਕਤੇਬਾਂ ਵਾਚਦੇ**
**ਇਕ ਸਾਹਿਬ ਦੁਇ ਰਾਹ ਚਲਾਯਾ।**
**੬. ਸ਼ਿਵ ਸ਼ਕਤੀ ਵਿਚ ਖੇਲ ਕਰ**
**ਜੋਗ ਭੋਗ ਬਹੁ ਚਲਿਤ ਬਣਾਯਾ।**
**੭. ਸਾਧ ਅਸਾਧ ਸੰਗਤ ਫਲ ਪਾਯਾ॥੬॥**

*ਪਦ ਅਰਥ:* ਦੁਲੰਭ—ਦੁਰਲਭ ਵਸਤੂ। ਸ਼ਿਵ ਸ਼ਕਤੀ—ਪ੍ਰਭੂ ਤੇ ਉਸਦੀ ਮਾਇਆ, ਸਤੋ ਤਮੋ ਗੁਣ। ਸਾਧ ਅਸਾਧ—ਭਲਾ ਤੇ ਬੁਰਾ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਕੀ ਇਹ ਭੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਇਹ ਜੋ ਭਿੰਨ ਭਿੰਨ ਪਸ਼ੂ ਪੰਛੀਆਂ ਦੀਆਂ ਸ਼੍ਰੇਣੀਆਂ ਦਿੱਸਣ ਵਿਚ ਆਉਂਦੀਆਂ ਹਨ ਇਹ ਕਿਤਨੀਆਂ ਹਨ, ਅਤੇ ਇਨ੍ਹਾਂ ਵਿਚ ਸ਼੍ਰੋਮਣੀ ਸ਼੍ਰੇਣੀ ਕਿਸ ਨੂੰ ਮੰਨਿਆ ਗਿਆ ਹੈ?

ਉ: ਹੇ ਭਾਈਓ! ਅਸਲ ਵਿਚ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਮੇਰੀ ਸਮਝ ਤੋਂ ਤਾਂ ਅਗੋਚਰ ਹੈ, ਕਿਉਂਕਿ ਮੇਰੀ ਮਾਨਸਕ ਅਵੱਸਥਾ ਦੀ ਉਡਾਣ ਇਥੇ ਤਕ ਅਜੇ ਨਹੀਂ ਪੁੱਜ ਸਕੀ, ਪਰ ਹਾਂ, ਇਸ ਦੇ ਸੰਬੰਧ ਵਿਚ ਆਮ ਪੁਰਾਤਨ ਪੁਸਤਕਾਂ ਤੇ ਗੁਰਬਾਣੀ ਦੀ ਪੜਚੋਲ ਕਰਨ ਤੋਂ ਜੋ ਬੋਧ ਮੈਨੂੰ ਮਿਲ ਸਕਿਆ ਹੈ ਉਹ ਸਾਰਾ ਹੀ ਕਥਨ ਕਰਨ ਵਲੋਂ ਤਾਂ ਭਾਵੇਂ ਮੈਂ ਅਸਮਰੱਥ ਹਾਂ. ਪਰ ਫਿਰ ਭੀ ਨਾਮ-ਮਾਤ੍ਰ ਕੁੱਝ ਕੁ ਕਹਿਣ ਦਾ ਪ੍ਰਯਤਨ ਕਰਦਾ ਹਾਂ।

ਸਜਨ ਜੀਉ! ਆਮ ਬੁਧੀ ਜੀਵੀਆਂ ਦੀ ਪੜਚੋਲ ਰਾਹੀਂ ਇਹੋ ਬੋਧ ਮਿਲਦਾ ਹੈ ਕਿ ਜੋ ਵੀ ਅੱਜ ਤਕ ਪੁਰਾਤਨ ਪੁਸਤਕਾਂ ਵਿਚ ਕਿਹਾ ਗਿਆ ਹੈ ਜਾਂ ਵਰਤਮਾਨ ਸਮੇਂ ਵਿਚ ਕੁਝ ਭੀ ਕਿਹਾ ਜਾ ਰਿਹਾ ਹੈ ਇਸਦੇ ਤਿੰਨ ਰੂਪ ਮੰਨੇ ਜਾ ਸਕਦੇ ਹਨ, ਇਕ ਤਾਂ ਰੂਪ ਇਹ ਹੈ ਜੋ ਕਿ ਕੇਵਲ ਜ਼ੁਬਾਨ ਤੋਂ ਹੀ ਕਿਹਾ ਜਾ ਰਿਹਾ ਹੈ, ਇਸ ਦੀ ਪਹੁੰਚ ਕੇਵਲ ਸਰੋਤੇ ਦੇ ਕੰਨਾਂ ਤਕ ਹੀ ਹੋਇਆ ਕਰਦੀ ਹੈ। ਬੱਸ, ਇਸ ਤੋਂ ਅੱਗੇ ਨਹੀਂ ਮੰਨੀ ਜਾ ਸਕਦੀ।

ਦੂਸਰੀ ਵੀਚਾਰ ਉਹ ਹੈ ਜੋ ਕਿਸੇ ਦੇ ਦਿਮਾਗ਼ ਦੀ ਹੀ ਕਾਢ ਹੈ, ਉਹ ਵੀਚਾਰ ਸੁਣਨ ਵਾਲੇ ਕਿਸੇ ਸਰੋਤੇ ਦੇ ਕੇਵਲ ਦਿਮਾਗ਼ ਤੱਕ ਹੀ ਪੁਜਦੀ ਹੈ, ਇਸ ਤੋਂ ਅੱਗੇ ਨਹੀਂ ਜਾਂਦੀ।

ਤੀਸਰੀ ਵੀਚਾਰ ਹੈ ਜੋ ਕਿਸੇ ਮਹਾਂਪੁਰਖ ਦੇ ਹਿਰਦੇ ਤਲ ਤੋਂ ਜਨਮ ਲੈਂਦੀ ਹੈ, ਉਸੇ ਨੂੰ ਹੀ ਸੱਚੀ ਮੰਨਿਆ ਜਾ ਸਕਦਾ ਹੈ ਕਿਉਂਕਿ ਉਹ ਸਚੇ ਪ੍ਰਮੇਸ਼ਰ ਦੀ ਪ੍ਰੇਰਨਾ ਦੁਆਰੇ ਹੀ ਹਿਰਦੇ ਤਲ ਤੋਂ ਪ੍ਰਗਟ ਹੋਈ ਹੈ ਉਹ ਕਦੇ ਭੀ ਪੁਰਾਣੀ ਨਹੀਂ ਹੁੰਦੀ ਸਦਾ ਹੀ ਨਵੀਨ ਰੂਪ ਵਿਚ ਪ੍ਰਗਟ ਹੋ, ਸਦੀਵੀ ਸੁੱਤਿਆਂ ਨੂੰ ਚਾਨਣ ਮੁਨਾਰਾ ਹੋ ਪ੍ਰਕਾਸ਼ ਕਰਦੀ ਰਹਿੰਦੀ ਹੈ।

ਸੋ, ਗੁਜ਼ਰ ਚੁੱਕੇ ਸਮੇਂ ਦੇ ਗੁਜ਼ਰੇ ਗ੍ਰੰਥਕਾਰਾਂ ਵਲੋਂ ਜੋ ਕੁਝ ਭੀ ਸ੍ਰਿਸ਼ਟੀ ਦੀ ਉਪਜ ਬਾਰੇ ਲਿਖਿਆ ਗਿਆ ਹੈ, ਉਹ ਸੁਣ ਕੇ ਲਿਖਿਆ ਹੈ ਜਾਂ ਪੜ੍ਹ ਕੇ ਜਾਂ ਨਿਜੀ ਖਿਆਲ ਅੰਕਤ ਕੀਤੇ ਗਏ ਹਨ, ਪਰ ਗੁਰਬਾਣੀ ਦੇ ਅੰਦਰ ਉੱਕਰੇ ਗਏ ਵੀਚਾਰ ਇਹ ਨਾਹੀਂ ਕਿਸੇ ਤੋਂ ਸੁਣ ਕੇ, ਅਤੇ ਨਾਹੀ ਕਿਤੋਂ ਪੜ੍ਹ ਕੇ ਹੀ ਉਚਾਰਨ ਕੀਤੇ

ਗਏ ਹਨ, ਇਨ੍ਹਾਂ ਬਾਰੇ ਤਾ ਸਤਿਗੁਰੂ ਜੀ ਬਾਣੀ ਵਿਚ ਆਪ ਹੀ ਉਚਾਰਨ ਕਰਦੇ ਹਨ ਕਿ:

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥ *(ਪੰਨਾ ੭੨੨)*

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ ॥ *(ਪੰਨਾ ੭੬੩)*

ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥
*(ਗਉੜੀ ਸੁਖਮਨੀ, ਪੰਨਾ ੨੯੨)*

ਜਿਉ ਬੋਲਾਵਹਿ ਤਿਉ ਬੋਲਹ ਸੁਆਮੀ
ਕੁਦਰਤਿ ਕਵਨ ਹਮਾਰੀ ॥ *(ਗੂਜਰੀ ਮ: ੫, ਪੰਨਾ ੫੦੮)*

ਇਸ ਤੋਂ ਸਿੱਧ ਹੁੰਦਾ ਹੈ ਕਿ ਜੋ ਭੀ ਵੀਚਾਰ ਬਾਣੀ ਅੰਦਰ ਪ੍ਰਗਟਾਏ ਗਏ ਹਨ ਉਹ ਉਸੇ ਅਕਾਲ ਪੁਰਖ ਦੀ ਪ੍ਰੇਰਨਾ ਅਨੁਸਾਰ ਉਚਾਰੇ ਗਏ ਹਨ। ਕਿਉਂਕਿ ਪੁਰਾਤਨ ਜਨਮ ਸਾਖੀ ਰਾਹੀਂ ਭੀ ਇਹੋ ਸਾਬਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਜਦੋਂ ਭੀ ਬਾਣੀ ਉਚਾਰਨ ਕਰਦੇ ਤਾਂ ਆਪ ਜੀ ਵਲੋਂ ਕਿਤੇ ਭੀ ਇਹ ਜਿਕਰ ਨਹੀਂ ਆਉਂਦਾ ਕਿ ਹੇ ਭਾਈ ਮਰਦਾਨਾ! ਮੈਂ ਬਾਣੀ ਉਚਾਰਨ ਕਰਨ ਲੱਗਾ ਹਾਂ ਤੂੰ ਰਬਾਬ ਵਜਾ, ਨਹੀਂ ਸਗੋਂ ਇਹ ਕਿਹਾ ਕਰਦੇ ਕਿ ਹੇ ਭਾਈ ਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ, ਜਿਸਦਾ ਭਾਵ ਹੈ ਕਿ ਮੈਨੂੰ ਅਕਾਲ ਪੁਰਖ ਵਲੋਂ ਬਾਣੀ ਸਫੁਰਨ ਹੋਈ ਹੈ। ਸੋ, ਇਹ ਬਾਣੀ ਅੰਦਰ ਆਏ ਅਗੰਮੀ ਵੀਚਾਰਾਂ ਨੂੰ ਜਦੋਂ ਗਹੁ ਨਾਲ ਵਾਚੀਏ ਤਾ ਇਹੋ ਸਾਬਤ ਹੁੰਦਾ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਨੂੰ ਚੌਰਾਸੀ ਲੱਖ ਜੂਨਾਂ ਦੇ ਰੂਪ ਵਿਚ ਭਿੰਨ ਭਿੰਨ ਉਪਜਾਇਆ ਹੈ। ਬਾਣੀ ਵਿਚ ਕਈ ਥਾਵਾਂ ਤੇ ਇਸ ਭਾਵ ਨੂੰ ਪ੍ਰਗਟਾਇਆ ਗਿਆ ਹੈ, ਜਿਵੇ ਕਿ:

ਚਵਰਾਸੀਹ ਲਖ ਜੋਨਿ ਉਪਾਈ
ਰਿਜਕੁ ਦੀਆ ਸਭ ਹੂ ਕਉ ਤਦ ਕਾ ॥
*(ਸਵਈਏ ਮ: ੪ ਕੇ, ਪੰਨਾ ੧੪੦੩)*

ਲਖ ਚਉਰਾਸੀਹ ਆਪਿ ਉਪਾਏ ॥
ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥
*(ਮਾਰੂ ਮ: ੩, ਪੰਨਾ ੧੦੬੧)*

ਲਖ ਚਉਰਾਸੀਹ ਜੀਅ ਉਪਾਏ
ਭਾਣੈ ਸਾਹ ਲਵਾਇਦਾ ॥੪॥
*(ਮਾਰੂ ਮ: ੧, ਪੰਨਾ ੧੦੩੪)*

ਲਖ ਚਉਰਾਸੀਹ ਜੀਅ ਉਪਾਏ ॥
ਗਿਆਨੀ ਧਿਆਨੀ ਆਖਿ ਸੁਣਾਏ ॥
*(ਮਾਰੂ ਮ: ੩, ਪੰਨਾ ੧੦੪੪)*

ਲਖ ਚਉਰਾਸੀਹ ਜੀਅ ਉਪਾਏ ॥
ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ ॥
*(ਮਾਝ ਮ: ੩, ਪੰਨਾ ੧੧੧)*

ਲਖ ਚਉਰਾਸੀਹ ਜੰਤ ਉਪਾਏ ॥
ਮੇਰੇ ਠਾਕੁਰ ਭਾਣੇ ਰਿਜਕਿ ਸਮਾਏ ॥੩॥
*(ਬਸੰਤੁ ਮ: ੧, ਪੰਨਾ ੧੧੯੦)*

ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥
*(ਗੂਜਰੀ ਸ੍ਰੀ ਤ੍ਰਿਲੋਚਨ ਜੀਉ, ਪੰਨਾ ੫੨੬)*

ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ ॥੨॥
*(ਮਾਰੂ ਸੋਲਹੇ ਮ: ੫, ਪੰਨਾ ੧੦੭੫)*

ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥
*(ਸ੍ਰੀ ਰਾਗੁ ਮ: ੧, ਪੰਨਾ ੨੭)*

ਲਖ ਚਉਰਾਸੀਹ ਜੋਨਿ ਫਿਰਹਿ ॥
ਗੋਬਿੰਦ ਲੋਕ ਨਹੀ ਜਨਮਿ ਮਰਹਿ ॥੩॥
*(ਗਉੜੀ ਮ: ੫, ਪੰਨਾ ੨੧੧)*

ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥
ਅਬ ਕੇ ਛੁਟਕੇ ਠਉਰ ਨ ਠਾਇਓ ॥੩॥
*(ਗਉੜੀ, ਪੰਨਾ ੩੩੭)*

ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥
*(ਗਉੜੀ ਮ: ੫, ਪੰਨਾ ੧੭੬)*

ਇਸ ਤੋਂ ਆਦਿ ਹੋਰ ਭੀ ਚੌਰਾਸੀ ਲੱਖ ਜੂਨ ਦੇ ਬਾਰੇ ਬਾਣੀ ਵਿਚ ਜ਼ਿਕਰ ਆਉਂਦਾ ਹੈ, ਇਹ ਫ਼ੁਰਮਾਨ ਕਿਸੇ ਤੋਂ ਸੁਣਕੇ ਜਾਂ ਪੜ੍ਹਕੇ ਨਹੀਂ ਉਚਾਰਿਆ ਗਿਆ ਇਹ ਤਾਂ ਜੋ ਸਤਿਗੁਰੂ ਜੀ ਨੂੰ ਰੱਬੀ ਪੈਗਾਮ ਮਿਲਿਆ ਹੈ ਉਸੇ ਨੂੰ ਬਾਣੀ ਰਾਹੀਂ ਅੱਗੇ ਪ੍ਰਗਟ ਕਰ ਦਿੱਤਾ ਹੈ ਕਿਉਂਕਿ ਸੰਤ ਜਨ ਓਹੀ ਕੁਝ ਕਹਿੰਦੇ ਹਨ ਜੋ ਉਹ ਪ੍ਰਤੱਖ ਰੂਪ ਵਿਚ ਤਕਦੇ ਹਨ, ਕਿਉਂਕਿ ਇਸ ਬਾਰੇ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ:

ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥
*(ਰਾਮਕਲੀ ਮ: ੫, ਪੰਨਾ ੮੯੪)*

ਇਸ ਚੌਰਾਸੀ ਲੱਖ ਜੂਨ ਦਾ ਖੁਲਾਸਾ ਬਾਣੀ ਵਿਚ ਹੋਰ ਭੀ ਆਉਂਦਾ ਹੈ, ਭਾਵ ਇਸ ਚੌਰਾਸੀ ਲੱਖ ਜੂਨ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ, ਜਿਵੇਂ ਕਿ :

ਬਇਆਲੀਸ ਲਖ ਜੀ ਜਲ ਮਹਿ ਹੋਤੇ
ਬੀਠਲੁ ਭੈਲਾ ਕਾਇ ਕਰਉ ॥੧॥ (ਪੰਨਾ ੬੮੫)

ਭਾਵ ਹੈ ਕਿ ਇਹ ਚੌਰਾਸੀ ਲੱਖ ਜੂਨ ਦਾ ਅੱਧਾ ਹਿੱਸਾ ਬਿਆਲੀ ਲੱਖ ਪ੍ਰਕਾਰ ਦਾ ਪਾਣੀ ਵਿਚ ਵੱਸਦਾ ਹੈ ਅਤੇ ਬਾਕੀ ਅੱਧਾ ਖ਼ੁਸ਼ਕੀ (ਧਰਤੀ) ਵਿਚ ਵਿਚਰਣ ਵਾਲਾ ਹੈ, ਪਰ ਇਸ ਸਾਰੀ ਚੌਰਾਸੀ ਲੱਖ ਜੂਨ ਵਿਚ ਉਸ ਪ੍ਰਭੂ ਦੇ ਮਿਲਾਪ ਕਰਨ ਦਾ ਕੇਵਲ ਇਕ ਮਨੁੱਖਾ ਜਨਮ ਹੀ ਅਮੋਲਕ ਸਮਾਂ ਹੈ, ਬਾਕੀ ਜੂਨਾਂ ਤਾਂ ਇਸ ਜਨਮ ਵਿਚ ਕੀਤੇ ਕਰਮਾ ਦਾ ਫਲ ਭੁਗਤਣਾ ਹੀ ਮੰਨਿਆ ਗਿਆ ਹੈ। ਸੋ, ਮੈਂ ਇਸ ਬਾਣੀ ਦੇ ਭਾਵ ਨੂੰ ਮੁਖ ਰੱਖ ਕੇ ਹੇਠ ਲਿਖੀਆਂ ਪੰਗਤੀਆਂ ਅੰਕਤ ਕੀਤੀਆਂ ਹਨ :

(੧) ਹੇ ਭਾਈਓ ! ਇਸ ੮੪ ਲੱਖ ਜੂਨਾਂ ਵਿਚ (ਉਸ ਪ੍ਰਭੂ ਨੇ) ਇਹ ਮਨੁੱਖਾ ਜਨਮ ਹੀ ਦੁਰਲੱਭ (ਵੱਡੇ ਭਾਗਾਂ ਨਾਲ ਮਿਲਣ ਵਾਲਾ) ਪੈਦਾ ਕੀਤਾ ਹੈ, (ਭਾਵ ਇਹੋ ਸ਼੍ਰੋਮਣੀ ਸ਼੍ਰੇਣੀ ਹੈ)।

(੨) ਹਿੰਦੂਆਂ ਵਿਚ (ਖੱਤ੍ਰੀ, ਬ੍ਰਾਹਮਣ, ਵੈਸ, ਸੂਦ) ਚਾਰ ਵਰਨ ਕਰਕੇ (ਅਰ ਮੁਸਲਮਾਨਾਂ ਵਿਚ) ਚਾਰ ਮਜਹਬ ਕਰਕੇ ਹਿੰਦੂ ਮੁਸਲਮਾਨ ਸਦਾਏ ਹਨ।

(੩) (ਇਨ੍ਹਾਂ ਵਿਚ) ਅਨੇਕਾਂ ਪੁਰਖ ਤੇ ਅਨੇਕਾਂ ਹੀ ਇਸਤ੍ਰੀਆਂ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ।

(੪) (ਪ੍ਰਭੂ ਦੀ ਪੈਦਾ ਕੀਤੀ ਮਾਇਆ ਨੇ) ਤਿੰਨ ਗੁਣ (ਰਜੋ, ਸਤੋ ਤੇ ਤਮੋ ਭਾਵ) ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਰਚ ਕੇ (ਵੱਡਾ) ਚੋਜ (ਖੇਡ) ਕੀਤਾ ਹੈ।

(੫) (ਹਿੰਦੂ) ਵੇਦਾਂ ਨੂੰ (ਤੇ ਮੁਸਲਮਾਨ) ਕਿਤਾਬਾਂ ਵਾਚਦੇ ਹਨ, ਸਾਹਿਬ ਇਕੋ ਹੀ ਸਭ ਦਾ ਮਾਲਕ ਹੈ ਪਰ ਰਾਹ (ਧਰਮ) ਦੋ ਚਲਾ ਦਿੱਤੇ ਹਨ।

(੬) ਸ਼ਿਵ ਸ਼ਕਤੀ (ਈਸਵਰ ਤੇ ਮਾਇਆ) ਸਤੋ ਤੇ ਤਮੋ ਦਾ ਖੇਲ ਕਰਕੇ, ਜੋਗ ਭੋਗ ਦਾ ਵੱਡਾ ਕੌਤਕ ਬਣਾ ਦਿੱਤਾ ਹੈ (ਭਾਵ ਸਤੋਗੁਣੀ ਪੁਰਖ ਤਾਂ ਪ੍ਰਮੇਸ਼ਰ ਦੀ ਭਗਤੀ ਸਿਮਰਨ ਵਿਚ ਤੇ ਮਾਇਕ ਲੋਕੀ ਪਦਾਰਥਾਂ ਦੇ ਭੋਗਾਂ ਵਿਚ ਖਚਤ ਹੋ ਰਹੇ ਹਨ)।

(੭) ਇਹ ਸਾਧਾਂ ਤੇ ਅਸਾਧਾ (ਗੁਰਮੁਖਾਂ ਤੇ ਮਨਮਖਾਂ) ਦੀ ਸੰਗਤ ਦਾ ਫਲ ਹੈ, ਜੋ ਕਿ ਮਨੁੱਖ ਜਾਤੀ ਪਾ ਰਹੀ ਹੈ ੬।

***ਭਾਵਾਰਥ :*** ਬਾਣੀ ਵਿਚ ਭੀ ਇਸੇ ਭਾਵ ਨੂੰ ਪ੍ਰਗਟਾਇਆ ਹੈ, ਜਿਵੇਂ ਕਿ :

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ
ਪੜਿ ਸੂਆ ਗਨਕ ਉਧਾਰੇ ॥
ਪਰਸਨ ਪਰਸ ਭਏ ਕੁਬਿਜਾ ਕਉ
ਲੈ ਬੈਕੁੰਠਿ ਸਿਧਾਰੇ ॥੧॥ (ਨਟ ਮ: ੪, ਪੰਨਾ ੯੮੧)

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥
(ਸਲੋਕ ਕਬੀਰ ਜੀ, ਪੰਨਾ ੧੩੬੯)

ਭਾਵ ਹੈ ਮਨੁੱਖ ਦਾ ਮਨ ਇਕ ਚਿਟੇ ਬਸਤ੍ਰ ਦੀ ਤਰ੍ਹਾ ਹੈ ਇਸਨੂੰ ਜਿਸ ਰੰਗ ਵਿਚ ਪਾ ਦਿਓਗੇ, ਉਸਨੂੰ ਉਸੇ ਤਰ੍ਹਾਂ ਦਾ ਰੰਗ ਚੜ੍ਹ ਜਾਏਗਾ। ਜਾਂ ਇਉਂ ਸਮਝੋ ਕਿ ਮਨੁੱਖ ਦਾ ਮਨ ਇਕ ਕੋਰੇ ਕਾਗ਼ਜ਼ ਦੀ ਨਿਆਈਂ ਹੈ ਇਸ ਉਤੇ ਜਿਸ ਭੀ ਰੰਗ ਦੇ ਅੱਖਰ ਉਕਰੋਗੇ ਉਸੇ ਹੀ ਤਰ੍ਹਾਂ ਦੇ ਅੱਖਰ ਉਕਰੇ ਜਾਣਗੇ, ਇਸੀ ਕਰਕੇ ਬਾਣੀ ਵਿਚ ਮਨੁੱਖ ਨੂੰ ਹਮੇਸ਼ਾ ਭਲੇ ਪੁਰਸ਼ ਸੰਤ ਜਨਾਂ ਦੀ ਸੰਗਤ ਵਿਚ ਜੀਵਨ ਗੁਜ਼ਾਰਦੇ ਰਹਿਣ ਦੀ ਪ੍ਰੇਰਨਾ ਕੀਤੀ ਗਈ ਹੈ।

ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥
ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥੧੦੦॥
(ਸਲੋਕ ਕਬੀਰ ਜੀ, ਪੰਨਾ ੧੩੬੯)

## ੭. ਹਿੰਦੂ ਮੱਤ ਦਾ ਵਰਣਨ

**੧. ਚਾਰ ਵਰਨ ਛਿਅ ਦਰਸ਼ਨਾਂ**
**ਸ਼ਾਸਤਰ ਵੇਦ ਪੁਰਾਨ ਸੁਣਾਯਾ।**
**੨. ਦੇਵੀ ਦੇਵ ਸਰੇਵਣੇ**
**ਦੇਵ ਸਥਲ ਤੀਰਥ ਭਰਮਾਯਾ।**
**੩. ਗਣ ਗੰਧਰਬ ਅਪੱਛਰਾਂ**
**ਸੁਰਪਤਿ ਇੰਦ੍ਰ ਇੰਦ੍ਰਾਸਣ ਛਾਯਾ।**
**੪. ਜਤੀ ਸਤੀ ਸੰਤੋਖੀਆਂ**
**ਸਿੱਧ ਨਾਥ ਅਵਤਾਰ ਗਣਾਯਾ।**
**੫. ਜਪ ਤਪ ਸੰਜਮ ਹੋਮ ਜੱਗ**
**ਵਰਤ ਨੇਮ ਨਈਵੇਦ ਪੁਜਾਯਾ।**

੬. ਸਿਖਾ ਸੂਤ੍ਰ ਮਾਲਾ ਤਿਲਕ
ਪਿਤਰ ਕਰਮ ਦੇਵ ਕਰਮ ਕਮਾਯਾ।
੭. ਪੁੰਨ ਦਾਨ ਉਪਦੇਸ਼ ਦ੍ਰਿੜ੍ਹਾਯਾ॥੭॥

*ਪਦ ਅਰਥ :* ਸਰੇਵਣੇ—ਸੇਵਣ ਵਾਲੇ ਦੇਵ ਸਥਲ—ਦੇਵਤਿਆਂ ਦੇ ਮੰਦਰ, ਠਾਕਰ ਦੁਆਰੇ। ਨਈਵੇਦ—ਠਾਕਰਾਂ ਦੀ ਭੋਗ ਸਮਗਰੀ। ਸਿਖਾ—ਬੋਦੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਪਿੱਛੇ ਆਪ ਜੀ ਪਾਠਕਾਂ ਨੂੰ ਗੁਰਬਾਣੀ ਅਤੇ ਗੁਰਮੱਤ ਦੀ ਰੌਸ਼ਨੀ ਵਿਚ ਕਈ ਪੱਖਾਂ ਤੋਂ ਜਾਣਕਾਰੀ ਕਰਵਾਂਦੇ ਆ ਰਹੇ ਹੋ ਕਿਤਨਾ ਚੰਗਾ ਹੋਵੇ ਜੇ ਆਪ ਜੀ ਹਿੰਦੂ ਮੱਤ ਦੀ ਭੀ ਸੋਝੀ ਦੇਣ ਦੀ ਕੁਝ ਖੇਚਲ ਕਰੋ, ਤਾਕਿ ਵਿਦਿਆ ਦੇ ਪੱਖੋਂ ਕਮਜ਼ੋਰ ਲੋਕਾਂ ਨੂੰ ਭੀ ਹਿੰਦੂ ਮੱਤ ਬਾਰੇ ਕੁਝ ਜਾਣਕਾਰੀ ਮਿਲ ਸੱਕੇ?

(੧) ਉ: (ਹੁਣ ਭਾਈ ਸਾਹਿਬ ਜੀ ਇਸ ਪਉੜੀ ਵਿਚ ਹਿੰਦੂ ਧਰਮ ਦੀ ਤਸਵੀਰ ਅੰਕਤ ਕਰਦੇ ਹਨ ਕਿ ਹੇ ਭਾਈਓ! ਸੁਣੋ, ਹਿੰਦੂਆਂ ਦੇ) ਚਾਰ ਵਰਣ (ਖਤ੍ਰੀ, ਬ੍ਰਾਹਮਣ, ਸੂਦ, ਵੈਸ਼) ਛੇ ਸ਼ਾਸਤ੍ਰ ਤੇ ਉਨ੍ਹਾਂ ਦੇ ਧਰਮ ਵਿਚ ਵੇਦਾਂ ਪੁਰਾਣਾਂ ਨੂੰ (ਹੀ) ਪੜ੍ਹ ਕੇ ਸੁਣਾਇਆ (ਜਾਣ ਲਗਾ)।

(੨) ਅਤੇ ਦੇਵੀ ਦੇਵਤਿਆਂ ਦੀ ਪੂਜਾ ਦੇਵਤਿਆਂ ਦੇ ਅਸਥਾਨਾਂ (ਭਾਵ ਮੰਦਰਾਂ) ਤੀਰਥਾਂ ਦਾ ਭਰਮਣ (ਯਾਤਰਾ) ਕਰਨ ਲੱਗੇ।

(੩) (ਕਈ ਬੇਦਾਂ ਪੁਰਾਣਾਂ ਦੀ ਸਿਖਿਆ ਅਨੁਸਾਰ) ਗਣ, ਗੰਧਰਬਾਂ, ਅਪੱਛਰਾਂ, ਦੇਵਤਿਆਂ ਦੇ ਰਾਜੇ ਇੰਦ੍ਰ ਤੇ ਇੰਦ੍ਰਾਸਣ (ਸਵਰਗਪੁਰੀ) ਦੀ ਪੂਜਾ ਕਰਨ ਲੱਗ ਗਏ।

(੪) ਕਈ ਜਤੀ ਸਤੀ ਸੰਤੋਖੀਆਂ ਦੇ (ਮਗਰ ਲੱਗ ਗਏ) ਕਈ ਸਿੱਧਾਂ, ਨੌਂ ਨਾਥਾਂ ਤੇ ੨੪ ਅਵਤਾਰਾਂ ਨੂੰ ਗਿਣਨ ਲੱਗ ਗਏ।

(੫) ਕਈ ਜਪ, ਤਪ, ਸੰਜਮ ਤੇ ਹੋਮਾਂ ਯੱਗਾਂ (ਦੇ ਕਰਮਾਂ ਵਿਚ ਲਗ ਗਏ)। ਕਈ ਵਰਤਾਂ ਦੇ ਨੇਮ ਕਈ ਨਈਵੇਦ (ਠਾਕਰਾਂ ਦੇ ਭੋਗਾਂ) ਆਦਿ ਦੀ ਪੂਜਾ ਵਿਚ ਲਗ ਗਏ।

(੬) ਕੋਈ ਬੋਦੀ, ਜਨੇਊ, ਮਾਲਾ ਤਿਲਕ ਲਾ ਕੇ ਪਿਤਰੀ ਤੇ ਦੇਵ ਕਰਮਾਂ ਵਿਚ ਜੁਟ ਗਏ।

(੭) (ਇਨ੍ਹਾਂ ਕਰਮਾਂ ਦੇ ਨਾਲ ਹੀ) ਪੁੰਨ ਦਾਨ ਕਰਨ ਦਾ ਉਪਦੇਸ ਵੀ ਦ੍ਰਿੜ੍ਹਾਇਆ ਜਾਣ ਲੱਗਾ।੭।

*ਭਾਵਾਰਥ :* ਅਰੰਭਤਾ ਵਿਚ ਪ੍ਰਮੇਸ਼ਰ ਤਾਂ ਇਕੋ ਸੀ, ਪਰ ਆਚਾਰਯਾ ਨੇ ਲੋਕਾਂ ਨੂੰ ਅਨੇਕਾਂ ਤਰ੍ਹਾਂ ਦੇ ਮੱਤ ਮਤਾਂਤ੍ਰਾਂ ਤੇ ਕਰਮ-ਕਾਂਡਾਂ ਦੇ ਭਿੰਨ ਭਿੰਨ ਮਾਰਗਾਂ ਦੇ ਰਾਹੇ ਤੁਰੇ ਰਹਿਣ ਦਾ ਆਦੀ ਬਣਾ ਦਿੱਤਾ, ਅੱਗੇ ਉਨ੍ਹਾਂ ਵਿਚੋਂ ਹੋਰ ਅਨੇਕਾਂ ਹੀ ਫਿਰਕੇ ਬਣ ਗਏ ਜਿਸ ਕਰਕੇ ਰੱਬ ਦੇ ਸਹੀ ਮਾਰਗ ਵਲੋਂ ਲੋਕੀਂ ਭੁੱਲੇ ਹੀ ਰਹੇ।

## ੮. ਮੁਹੰਮਦੀ ਮੱਤ ਦਾ ਵਰਣਨ

੧. ਪੀਰ ਪੈਕੰਬਰ ਅਉਲੀਏ
ਗਉਸ ਕੁਤਬ ਵਲੀਉੱਲਹ ਜਾਣੇ।
੨. ਸ਼ੇਖ ਮਸਾਇਕ ਆਖੀਅਨ
ਲਖ ਲਖ ਦਰ ਦਰਵੇਸ਼ ਵਖਾਣੇ।
੩. ਸੁਹਦੇ ਲੱਖ ਸ਼ਹੀਦ ਹੋਇ
ਲੱਖ ਅਬਦਾਲ ਮਲੰਗ ਮਿਲਾਣੇ।
੪. ਸਿੰਧੀ ਰੁਕਨ ਕਲੰਦਰਾ
ਲੱਖ ਉਲਮਾਉ ਮੁੱਲਾਂ ਮਉਲਾਣੇ।
੫. ਸ਼ਰੈ ਸ਼ਰੀਅਤਿ ਆਖੀਐ
ਤਰਕ ਤਰੀਕਤ ਰਾਹ ਸਿਦਾਣੇ।
੬. ਮਾਰਫਤੀ ਮਾਰੂਫ਼ ਲੱਖ
ਹੱਕ ਹਕੀਕਤ ਹੁਕਮ ਸਮਾਣੇ।
੭. ਬਜੁਰਗਵਾਰ ਹਜ਼ਾਰ ਮੁਹਾਣੇ॥੮॥

*ਪਦ ਅਰਥ :* ਪੈਕੰਬਰ—ਨਬੀ, ਸੁਨੇਹਾ ਲੈ ਜਾਣ ਵਾਲਾ, ਭਗਤ। ਵਲੀਉੱਲਹ—ਖ਼ੁਦਾ ਦਾ ਦੋਸਤ। ਮਸਾਇਕ—ਸ਼ੇਖ ਦਾ (ਬਹੁ-ਵਚਨ)। ਸੁਹਦੇ—ਗ਼ੀਬ। ਸ਼ਹੀਦ—ਸੂਰਮੇ। ਰੁਕਨ—ਮੁਖੀ, ਸ਼੍ਰੋਮਣੀ। ਉਲਮਾਉ—(ਪੰਡਤ) ਕੁਰਾਨ ਦੇ ਪਾਠੀ, ਵਿਦਵਾਨ। ਮਾਰੂਫ਼—ਪ੍ਰਸਿੱਧ ਵਿਦਵਾਨ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਤਾਂ ਹਿੰਦੂ ਮੱਤ ਦੀ ਤਰ੍ਹਾਂ ਮੁਹੰਮਦੀ ਮੱਤ ਦੀ ਭੀ ਕਾਫ਼ੀ ਪੜਚੋਲ ਕੀਤੀ ਹੋਵੇਗੀ ਉਸ ਬਾਰੇ ਭੀ ਸਾਨੂੰ ਕੁਝ ਜਾਣਕਾਰੀ ਕਰਵਾਓ, ਧੰਨਵਾਦੀ ਹੋਵਾਂਗੇ?

## ੯. ਬ੍ਰਾਹਮਣ ਜਾਤਾਂ

੧. ਕਿਤੜੇ ਬ੍ਰਾਹਮਣ ਸਾਰਸੁਤ
ਵਰਤੀਸਰ ਲਗਾਇਤਿ ਲੋਏ।
੨. ਕਿਤੜੇ ਗਉੜ ਕਨਉਜੀਏ
ਤੀਰਥ ਵਾਸੀ ਕਰਦੇ ਢੋਏ।
੩. ਕਿਤੜੇ ਲਖ ਸਨਉਢੀਏ
ਪਾਂਧੇ ਪੰਡਤ ਵੈਦ ਖਲੋਏ।
੪. ਕੇਤੜਿਆਂ ਲੱਖ ਜੋਤਕੀ
ਵੈਦ ਵੇਦਏ ਲੱਖ ਪਲੋਏ।
੫. ਕਿਤੜੇ ਲੱਖ ਕਵੀਸ਼ਰਾਂ
ਬ੍ਰਹਮ ਭਾਟ ਬ੍ਰਮਾਉ ਬਖੋਏ।
੬. ਕੇਤੜਿਆਂ ਅਭਿਆਗਤਾਂ
ਘਰ ਘਰ ਮੰਗਦੇ ਲੈ ਕਨਸੋਏ।
੭. ਕਿਤੜੇ ਸਉਣ ਸਵਾਣੀ ਹੋਏ ॥੯॥

***ਪਦ ਅਰਥ:*** ਵਰਤੀਸਰ—ਪ੍ਰੋਹਤ। ਲਗਾਇਤਿ—ਲਾਗੀ, ਜੋ ਵਿਆਹ ਤੇ ਮਰਨੇ ਪਰਨੇ ਦੇ ਕੰਮ ਕਰਦੇ ਹਨ। ਕਨਉਜੀਏ—ਕਨੌਜ ਦੇ ਵਸਨੀਕ ਜਾਂ ਜਾਤੀ। ਢੋਏ—ਸੁਗਾਤ। ਸਨਉਢੀਏ—ਸਨੌਢ ਦੇ ਵਾਸੀ। ਵੇਦਏ—ਵੇਦੀਏ—ਜੋ ਵੇਦ ਪੜ੍ਹਨ ਭਾਵ ਬ੍ਰਾਹਮਣ। ਪਲੋਏ—ਨੱਸੇ ਜਾਂ ਖ਼ਤਮ ਹੋਏ। ਬਖੋਏ—ਅਖੋਂਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਇਹ ਤਾਂ ਸੁਣਦੇ ਆ ਰਹੇ ਹਾਂ ਕਿ "ਬ੍ਰਾਹਮਣ" ਚਾਰ ਵਰਨਾਂ ਵਿਚੋਂ ਇਕ ਵਰਣ ਹੈ, ਪਰ ਇਸ ਇਕ ਵਰਣ ਵਿਚ ਹੋਰ ਭੀ ਕਈ ਜਾਤਾਂ ਸੁਣਨ ਵਿਚ ਆਉਂਦੀਆਂ ਹਨ ਕੀ ਆਪ ਜੀ ਨੂੰ ਭੀ ਇਨ੍ਹਾਂ ਬਾਰੇ ਪੁਰਾਤਨ ਪੁਸਤਕਾਂ ਵਿਚੋਂ ਕੁਝ ਜਾਣਕਾਰੀ ਮਿਲੀ ਹੈ ਜੇ ਆਪ ਦੇ ਪੜ੍ਹਨ ਵਿਚ ਇਨ੍ਹਾਂ ਦੇ ਸੰਬੰਧੀ ਕੁਝ ਸ੍ਰੋਤ ਮਿਲੀ ਹੋਵੇ ਤਾਂ ਦੱਸਣ ਦੀ ਕ੍ਰਿਪਾ ਕਰੋ ਤਾਂ ਕਿ ਸਾਡੀ ਜਾਣਕਾਰੀ ਵਿਚ ਭੀ ਕੁੱਝ ਹੋਰ ਵਾਧਾ ਹੋ ਸਕੇ, ਧੰਨਵਾਦੀ ਹੋਵਾਂਗੇ?

ਉ: ਹੇ ਭਾਈਓ! ਜਦੋਂ ਅਸੀਂ ਗੁਰਮੱਤ ਦੀ ਰੋਸ਼ਨੀ ਵਿਚ ਦੂਰ-ਦਰਸ਼ੀ ਨਜ਼ਰਾਂ ਦੁਆਰੇ ਤੱਕਦੇ ਹਾਂ ਤਾਂ ਸਾਨੂੰ ਇਹ ਸੋਝੀ ਮਿਲਦੀ ਹੈ ਕਿ ਆਦਿ ਵਿਚ ਉਸ ਪ੍ਰਮੇਸ਼ਰ ਵਲੋਂ

(੧) ਉ: ਹੇ ਭਾਈਓ! ਮੁਸਲਮਾਨੀ ਮੱਤ ਦੀਆਂ ਕਿਤਾਬਾਂ ਪੜ੍ਹਨ ਤੋਂ ਇਹੋ ਸੂਝ ਬੂਝ ਮਿਲਦੀ ਹੈ ਕਿ ਇਨ੍ਹਾਂ ਦੇ ਇਸਲਾਮੀ ਮੱਤ ਵਿਚ ਇਹ ਸਾਰੇ ਪੀਰ, ਪੈਗੰਬਰ, ਅਉਲੀਆ, ਗਉਸ, ਕੁਤਬ, ਵਲੀਉੱਲਾ (ਆਦਿ ਮੁਸਲਮਾਨਾਂ ਵਿਚ ਸਾਂਈ ਲੋਕਾਂ ਦੇ ਦਰਜੇ) ਜਾਣੇ ਜਾਂਦੇ ਹਨ, ਭਾਵ ਇਹ ਸਾਰੇ ਸੋਝੀਵਾਨਾਂ ਦੇ ਨਾਮ ਹਨ।

(੨) ਲੱਖਾਂ ਸ਼ੇਖ, ਲੱਖਾਂ ਮਸਾਇਕ ਆਖੀ ਦੇ ਹਨ, ਲੱਖਾਂ (ਖ਼ੁਦਾ ਦੇ) ਦਰਵਾਜ਼ੇ ਦੇ ਦਰਵੇਸ਼ ਕਹੀਦੇ ਹਨ।

(੩) ਲੱਖਾਂ ਸੋਹਦੇ, ਲੱਖਾਂ ਸ਼ਹੀਦ, ਲੱਖਾਂ ਅਬਦਾਲ (ਫ਼ਕੀਰੀ ਦਾ ਦਰਜਾ) ਲੱਖਾਂ ਮਲੰਗ (ਫ਼ਕੀਰੀ ਦੇ ਦਰਜੇ) ਮਿਲਦੇ ਹਨ।

(੪) (ਲੱਖਾਂ) ਸਿੰਧੀ (ਜਾਤ ਵਾਲੇ) ਫ਼ਕੀਰ ਹਨ (ਲੱਖਾਂ) ਕਲੰਦਰਾਂ ਦੇ ਸ੍ਰੋਮਣੀ ਮਹੰਤ ਹਨ, ਲੱਖਾਂ ਪੜ੍ਹੇ ਹੋਏ ਮੁਲਾਂ ਤੇ ਮੌਲਵੀ ਹਨ।

(੫) ਕਈ ਤਰ੍ਹਾਂ ਦੀ ਸ਼ਰ੍ਹਾ (ਦਾ ਕਾਨੂੰਨ) ਸ਼ਰੀਅਤ ਆਖੇ ਜਾਂਦੇ ਹਨ, ਕਈ ਤਰਕ (ਵੈਰਾਗ) ਤੇ ਤਰੀਕਤ (ਵੈਰਾਗ ਦਾ ਰਾਹ) ਪਛਾਣਨ ਵਾਲੇ ਕਹੇ ਜਾਂਦੇ ਹਨ।

(੬) (ਖ਼ੁਦਾ ਦੇ ਰਸਤੇ) ਮਾਰਫਤ ਦੇ ਜਾਣੂ ਲੱਖਾਂ ਕਹਾਉਂਦੇ ਹਨ, ਲੱਖਾਂ ਹਕੀਕਤ (ਸੱਚੇ) ਰਾਹ ਦੇ ਹੁਕਮ ਵਿਚ ਅਭੇਦ ਹੋਣ ਦਾ ਯਤਨ ਕਰਨ ਵਾਲੇ ਹਨ।

(੭) ਇਸ ਤਰ੍ਹਾਂ ਹੀ ਬਜ਼ੁਰਗੀਵਾਰ ਹਜ਼ਾਰਾਂ ਆਗੂ ਬਣੇ ਹਨ।੮।

***ਭਾਵਾਰਥ :*** ਭਾਵੇਂ ਸਰ੍ਹਾ ਆਦਿ ਦੇ ਬੱਜ੍ਰ ਵਾਂਗੂ ਕਰੜੇ ਤਖ਼ਤੇ ਅਰਥਾਤ ਸਖ਼ਤ ਕਾਇਦੇ ਹਨ, ਪ੍ਰੰਤੂ ਜਦੋਂ ਵੀਚਾਰ ਦ੍ਰਿਸ਼ਟੀ ਦੁਆਰੇ ਤਕੀਏ ਤਾਂ ਇਹੋ ਸੋਝੀ ਹੋ ਆਉਂਦੀ ਹੈ ਕਿ 'ਸੁਤ, ਵਿਤ ਲੋਕ ਏਖਣਾ ਤੀਨੇ' ਭਾਵ ਇਨ੍ਹਾਂ ਤਿੰਨ ਤਰ੍ਹਾਂ ਦੀ ਇੱਛਾ ਨੇ ਕਿਸਦੀ ਬੁੱਧੀ ਨੂੰ ਮੈਲੀ ਨਹੀ ਕੀਤਾ? ਭਾਵ ਸਭ ਨੂੰ ਹੀ ਮਲੀਨਤਾ ਵਿਚ ਲਪੇਟ ਲਿਆ ਹੈ। 'ਬਜਰ ਕਿਵਾਰ ਹਜਾਰ ਮੁਹਾਣੇ' ਪਾਠ ਕਰਕੇ ਇਹ ਭਾਵ ਭੀ ਲਿਆ ਜਾਂਦਾ ਹੈ। ਪੁਨਾ : (ਬਜਰ=) ਬਜਰਾ, ਛੋਟੀ ਬੇੜੀ ਨੂੰ ਕਹਿੰਦੇ ਹਨ (ਬਜਰੇ ਕੀ ਵਾਰ=) ਛੋਟੀ ਬੇੜੀ ਤਰ੍ਹਾਂ ਆਪੋ ਆਪਣੇ ਰਸਤੇ ਹਨ ਤੇ ਹਜ਼ਾਰਾਂ ਮਲਾਹ ਹਨ। ਭਾਵ ਇਹ ਕਿ ਇਕ ਸਾਹਿਬ ਦੇ ਜੋ ਦੋ ਰਸਤੇ ਹਨ ਅਗੋਂ ਹਜ਼ਾਰਾਂ ਵਿਚ ਵੰਡੇ ਗਏ, ਇਕ ਭੀ ਸਾਬਤ ਨ ਰਿਹਾ।

ਕੋਈ ਵਰਨ ਵੰਡ ਨਹੀਂ ਕੀਤੀ ਗਈ ਇਹ ਤਾਂ ਮਨੂੰ ਜੀ ਨੇ ਆਰੰਭ ਵਿਚ ਮਨੂੰ ਸਿਮ੍ਰਤੀ ਵਿਚ ਰੱਬ ਦੀ ਇਕੋ ਮਨੁੱਖ ਸ਼੍ਰੇਣੀ ਨੂੰ ਚਾਰ ਵਰਣਾਂ ਵਿਚ ਵੰਡ ਕੇ ਇਕ ਦੂਜੇ ਵਿਚ ਨਫ਼ਰਤ ਦਾ ਬੀਜ ਬੀਜ ਦਿੱਤਾ ਜਿਸਦਾ ਅਸਰ ਇਹ ਹੋਇਆ ਕਿ ਇਕੋ ਰੱਬ ਦੇ ਬੰਦਿਆਂ ਨੂੰ ਪ੍ਰਸਪਰ ਮਿਲ ਕੇ ਬੈਠਣਾ ਤਾਂ ਬਹੁਤ ਦੂਰ ਦੀ ਗੱਲ ਸੀ, ਇਕ ਦੂਜੇ ਨਾਲ ਛੂਹ ਜਾਣਾ ਭੀ ਦੋਸ਼ ਮੰਨਿਆ ਜਾਣ ਲੱਗ ਪਿਆ। ਪਰ ਜੇ ਪੁਰਾਤਨ ਹਿਸਟ੍ਰੀ ਦੀ ਪੜਚੋਲ ਕਰੀਏ ਤਾਂ ਇਹੋ ਸਾਬਤ ਹੁੰਦਾ ਹੈ ਕਿ ਇਹ ਚਾਰ ਤਰ੍ਹਾਂ ਦੀ ਭਿੰਨ ਭਿੰਨ ਕਿਰਤ ਕਰਨ ਵਾਲੇ ਚਾਰੇ ਬੰਦੇ ਬਰਾਬਰ ਸਨ ਕੋਈ ਭੀ ਇਕ ਦੂਸਰੇ ਤੋਂ ਆਪਣੇ ਆਪ ਨੂੰ ਵੱਖਰਾ ਜਾਂ ਉੱਚਾ ਨਹੀਂ ਸੀ ਮੰਨਦਾ। ਪਰ, ਸਹਿਜੇ ਸਹਿਜੇ ਅੱਗੇ ਚੱਲ ਕੇ ਖ਼ੁਦਗਰਜ਼ ਬੰਦਿਆਂ ਨੇ ਇਕੋ ਰੱਬ ਦੀ ਕ੍ਰਿਤ ਮਨੁੱਖ ਜਾਤੀ ਨੂੰ ਚਾਰ ਵਰਣਾਂ ਵਿਚ ਵੰਡ ਕੇ ਇਕ ਦੂਸਰੇ ਤੋਂ ਨਫ਼ਰਤ ਪੈਦਾ ਕਰ ਦਿੱਤੀ, ਜਿਸ ਕਰਕੇ ਇਕ ਮਨੁੱਖ ਦਾ ਦੂਜੇ ਮਨੁੱਖ ਨਾਲ ਮਿਲਣਾ ਭੀ ਮੁਸ਼ਕਲ ਹੋ ਗਿਆ।

ਇਨ੍ਹਾਂ ਦੀਆਂ ਸਨਾਤਨ ਪੁਸਤਕਾਂ ਪੜ੍ਹਨ ਤੋਂ ਭਲੀ ਪ੍ਰਕਾਰ ਸੋਝੀ ਮਿਲਦੀ ਹੈ ਕਿ ਇਸ ਇਕ ਬ੍ਰਾਹਮਣ ਵਰਣ ਵਿਚ ਹੀ ਅੱਗੇ ਅਨੇਕਾਂ ਸ਼ਾਖ਼ਾਂ ਤੇ ਭਿੰਨ ਭਿੰਨ ਗੋਤ ਹਨ, ਜਿਨ੍ਹਾਂ ਦੀ ਉਪਾਸ਼ਨਾ ਤੇ ਪੂਜਾ ਕਰਨ ਦੇ ਭੀ ਵਖੋ ਵੱਖ ਢੰਗ ਹਨ, ਇਥੇ ਮੈਂ ਵਧੇਰੇ ਤਾਂ ਨਹੀ ਪਰ ਨਾਮ-ਮਾਤ੍ਰ ਇਨ੍ਹਾਂ ਦਾ ਜ਼ਿਕਰ ਕਰਦਾ ਹਾਂ, ਜਿਵੇਂ ਕਿ :

(੧) (ਪੜਚੋਲ ਕਰਨ ਤੋਂ ਜਾਣਕਾਰੀ ਮਿਲਦੀ ਹੈ ਕਿ ਇਨ੍ਹਾਂ ਵਿਚ) ਕਿਤਨੇ ਹੀ ਸਾਰਸੁਤ (ਸ਼੍ਰੇਣੀ ਦੇ) ਬ੍ਰਾਹਮਣ ਅਤੇ ਅਨੇਕਾਂ ਪ੍ਰੋਹਤ ਤੇ ਕਈ ਲੋਕਾਂ ਦੇ ਲਾਗੀ ਹੋਏ ਹਨ।

(੨) ਕਿਤਨੇ ਹੀ ਗਉੜ ਤੇ ਕਨੌਜ (ਜਾਤੀ) ਦੇ ਹਨ। ਕਈ ਤੀਰਥਾਂ 'ਤੇ ਵੱਸਦੇ ਤੇ (ਆਉਂਦੇ ਜਾਂਦੇ ਯਾਤਰੀ) ਨਾਲ ਮੇਲ ਕਰਦੇ ਹਨ।

(੩) ਕਿਤਨੇ ਲੱਖਾਂ ਹੀ ਸਨੌਢੀਏ (ਬ੍ਰਾਹਮਣ ਕਹਾਉਂਦੇ ਹਨ) ਅਨੇਕਾਂ ਪਾਂਧੇ (ਉਸਤਾਦ) ਪੰਡਤ (ਵਿਦਵਾਨ) ਕਈ ਵੈਦ ਹੋ ਚੁੱਕੇ ਹਨ।

(੪) ਕਿਤਨੇ ਲੱਖਾਂ ਜੋਤਸ਼ੀ (ਹੱਥ ਰੇਖਾ ਵੇਖਣ ਵਾਲੇ) ਵੇਦਾਂ ਦੇ ਵੇਦੀਏ (ਵੇਦ ਗੀਤ ਵਾਲੇ) ਲੱਖਾਂ ਹੋ ਚੁੱਕੇ ਹਨ।

(੫) ਕਈ ਕਵੀਸ਼ਰ, ਬ੍ਰਾਹਮਣ ਭੱਟ (ਲੋਕਾਂ ਦੀਆਂ ਸਿਫਤਾਂ ਕਰ ਕਰਕੇ ਦਾਨ ਲੈਣ ਵਾਲੇ) ਤੇ ਕਈ ਬ੍ਰਹਮਾ ਦੀ ਔਲਾਦ ਅਖਵਾਉਂਦੇ ਹਨ।

(੬) ਕਿਤਨੇ ਹੀ ਅਭਿਆਗਤ, ਜੋ ਘਰਾਂ ਘਰਾਂ ਵਿਚ ਮੰਗਦੇ ਤੇ ਕਨਸੋਆਂ ਲੈਂਦੇ ਫਿਰਦੇ ਹਨ ਕਿ ਦਾਨ ਮਿਲੇਗਾ ਕਿ ਨਹੀਂ।

(੭) ਕਿਤਨੇ ਹੀ ਸਉਣ ਸਵਾਣੀ (ਸਗਨ ਮਨੌਣ ਵਾਲੇ) ਹੋ ਚੁੱਕੇ ਹਨ (ਭਾਵ ਸਗਨ ਮਨਾ ਕੇ ਹੀ ਰੋਜ਼ੀ ਕਮਾਉਂਦੇ ਹਨ)।੯।

***ਭਾਵਾਰਥ***: ਜੇ ਇਸ ਤਰ੍ਹਾਂ ਸਾਰਿਆਂ ਦੀ ਗਿਣਤੀ ਅੰਕਤ ਕਰੀਏ ਤਾਂ ਸੈਂਕੜੇ ਹੀ ਭਿੰਨ ਭਿੰਨ ਲੋਕ ਨਜ਼ਰ ਆਉਂਦੇ ਹਨ, ਜਿਨ੍ਹਾਂ ਦੀਆਂ ਵਖੋ ਵੱਖ ਕਿਰਤਾਂ, ਪੂਜਾ ਕਰਨ ਦੇ ਢੰਗਾਂ ਦਾ ਭੀ ਇਕ ਦੂਸਰੇ ਨਾਲ ਤਾਲ-ਮੇਲ ਨਹੀਂ ਵੇਖਣ ਵਿਚ ਆਉਂਦਾ। ਇਸੇ ਲਈ ਗੁਰਮਤ ਨੇ ਇਨ੍ਹਾਂ ਸਾਰਿਆਂ ਹੀ ਕੀਟੀ ਮਾਰਗਾਂ ਤੋਂ ਵੱਖਰੇ ਬਿਹੰਗਮ ਮਾਰਗ ਨੂੰ ਅਪਨਾਉਣ ਦੀ ਪ੍ਰੇਰਨਾ ਕੀਤੀ ਹੈ, ਜਿਸ ਮਾਰਗ ਤੇ ਹਰ ਮਨੁੱਖ ਮਾਤ੍ਰ ਹੀ ਸੁਖੈਨ ਸਫਰ ਕਰਦਾ ਹੋਇਆ ਆਪਣੀ ਸਹੀ ਮੰਜ਼ਿਲ 'ਤੇ ਪੁੱਜ ਸਕਦਾ ਹੈ।

## ੧੦. ਖੱਤਰੀ ਜਾਤਾਂ ਦੀ ਗਿਣਤੀ

੧. ਕਿਤੜੇ ਖੱਤ੍ਰੀ ਬਾਰਹੀ
ਕੇਤੜਿਆਂ ਹੀ ਬਾਵੰਜਾਹੀ।
੨. ਪਾਵਾਧੇ ਪਾਚਾਧਿਆਂ
ਫਲੀਆਂ ਖੋਖਰਾਇਣ ਅਵਗਾਹੀ।
੩. ਕੇਤੜਿਆਂ ਚਉਝੋਤਰੀ
ਕੇਤੜਿਆਂ ਸੇਰੀਣ ਵਿਲਾਹੀ।
੪. ਕੇਤੜਿਆਂ ਅਵਤਾਰ ਹੋਇ
ਚੱਕ੍ਰਵਰਤਿ ਰਾਜੇ ਦਰਗਾਹੀ।
੫. ਸੂਰਜਵੰਸੀ ਆਖੀਅਨਿ
ਸੋਮਵੰਸ ਸੂਰਵੀਰ ਸਿਪਾਹੀ।
੬. ਧਰਮਰਾਇ ਧਰਮਾਤਮਾ
ਧਰਮ ਵੀਚਾਰਨ ਬੇਪਰਵਾਹੀ।
੭. ਦਾਨ ਖੜਗ ਮੰਤ ਭਗਤਿ ਸਲਾਹੀ ॥੧੦॥

***ਪਦ ਅਰਥ :*** ਬਾਰਹੀ—ਬਾਰਾਂ ਘਰਾਂ ਵਿਚ ਸਾਕ ਕਰਨ ਵਾਲੇ। ਬਾਵੰਜਾਹੀ—ਜੋ ਖੱਤ੍ਰੀ ਬਵੰਜਾ ਘਰਾ ਵਿਚ ਵਰਤਣ। ਪਾਵਾਧੇ—ਖੱਤ੍ਰੀ ਜਾਤ ਦੇ ਗੋਤ। ਦਰਗਾਹੀ—ਦਰਬਾਰਾਂ ਵਾਲੇ।

### ਅਰਥ :

ਪ੍ਰ: ਭਾਈ ਸਾਹਿਬ ਜੀਉ ! ਕੀ ਜਿਵੇਂ 'ਬ੍ਰਾਹਮਣ ਵਰਣ' ਵਿਚ ਹੋਰ ਭੀ ਕਈ ਤੁਹਾਡੇ ਕਥਨ ਅਨੁਸਾਰ ਭਿੰਨ ਭਿੰਨ ਜਾਤਾਂ ਮੰਨੀਆਂ ਗਈਆਂ ਹਨ ਕੀ ਇਸੇ ਤਰ੍ਹਾਂ ਖੱਤ੍ਰੀਆਂ ਵਿਚ ਭੀ ਵੱਖੋ ਵੱਖ ਜਾਤਾ ਦੀ ਗਿਣਤੀ ਮੰਨੀ ਗਈ ਹੈ ?

ਉ: ਹੇ ਭਾਈਓ ! ਜਿਥੇ ਤੱਕ ਖੱਤ੍ਰੀ ਵਰਣ ਦੀਆਂ ਪੁਰਾਤਨ ਪੁਸਤਕਾਂ ਮੇਰੇ ਪੜ੍ਹਨ ਸੁਣਨ ਵਿਚ ਆਈਆਂ ਹਨ, ਉਨ੍ਹਾਂ ਵਿਚੋਂ ਜੋ ਮੈਨੂੰ ਜਾਣਕਾਰੀ ਮਿਲ ਸਕੀ ਹੈ ਉਹ ਸਾਰੀ ਤਾਂ ਨਹੀਂ, ਪਰ ਨਮੂਨੇ-ਮਾਤ੍ਰ ਅੰਕਤ ਕਰਨ ਦਾ ਯਤਨ ਕਰਦਾ ਹਾਂ।

(੧) (ਹੇ ਭਾਈ ! ਪੜਚੋਲ ਕਰਨ ਤੋਂ ਇਹੋ ਸੋਝੀ ਮਿਲੀ ਹੈ ਕਿ) ਖੱਤ੍ਰੀਆਂ (ਦੀਆਂ ਜਾਤਾਂ ਵਿਚ) ਕਿਤਨੇ ਹੀ 'ਬਾਰਹੀ' ਹਨ ਭਾਵ ਜੋ (੧੨) ਬਾਰਾਂ ਘਰਾਂ ਵਿਚ ਹੀ ਸਾਕ ਕਰਨ ਵਾਲੇ ਹਨ, ਅਤੇ ਕਈ ਬਵੰਜਾਹੀ (੫੨) ਹਨ ਜੋ ਖੱਤ੍ਰੀ ਬਵੰਜਾਂ ਘਰਾਂ ਵਿਚ ਹੀ ਵਰਤਣਾ ਕਰਦੇ ਹੋਣ।

(੨) ਕਈ ਧਾਵਾਧੇ, (ਕਈ) ਪਚਾਧੇ, (ਕਈ) ਫਲੀਆਂ, ਖੋਖਰਾਇਣ (ਗੱਲ ਕੀ) ਬੇਅੰਤ ਹੀ ਐਸੇ (ਵੇਖਣ ਵਿਚ ਆਉਂਦੇ ਹਨ)।

(੩) ਕਿਤਨੇ ਹੀ ਚੌੜੋਤਰੀ, ਕਿਤਨੇ ਸਰੀਣ, ਕਿਤਨੇ ਹੀ ਵਿਲਾਹੀ।

(੪) (ਕਈ ਇਨ੍ਹਾਂ ਵਿਚੋਂ ਰਾਮ ਕ੍ਰਿਸ਼ਨ ਆਦਿ) ਅਵਤਾਰ ਹੋਏ ਹਨ, (ਕਈ ਮਾਨਧਾਤਾ ਆਦਿ) ਚੱਕ੍ਰਵਰਤੀ ਰਾਜੇ ਦਰਗਾਹੀ (ਦਰਬਾਰਾਂ ਵਾਲੇ) ਹੋਏ ਕਹੀਦੇ ਹਨ।

(੫) ਸੂਰਜਵੰਸੀ, ਚੰਦ੍ਰਵੰਸੀ, ਕਈ ਸੂਰਬੀਰ (ਜੋਧੇ) ਸਿਪਾਹੀ ਹੋਏ ਹਨ।

(੬) ਪਰ ਧਰਮਰਾਜਾ ਧਰਮੀ ਹੈ ਜੋ ਧਰਮ ਹੀ ਵੀਚਾਰਦਾ ਹੈ, (ਵੱਡੇ ਛੋਟੇ ਦੀ ਕਾਣ ਨਹੀਂ) ਵੇਪਰਵਾਹ ਹੈ, ਧਰਮ ਦਾ ਨਿਆਉਂ ਕਰਦਾ ਹੈ।

(੭) (ਇਨ੍ਹਾਂ ਖੱਤ੍ਰੀਆਂ ਵਿਚ ਕੇਵਲ) ਦਾਨੀ, ਖੜਗਧਾਰੀ, ਮੰਤ੍ਰ (ਸਿਮਰਨ ਕਰਨ ਵਾਲੇ) ਭਗਤਾਂ ਦੀ ਹੀ ਸਲਾਹੁਤਾ ਹੈ (ਹੋਰ ਕਿਸੇ ਗੱਲ ਦੀ ਨਹੀਂ)।੧੦।

*ਭਾਵਾਰਥ :* ਇਸ ਪਉੜੀ ਵਿਚ ਧਰਮ ਰਾਜੇ ਦੀ ਮਹਾਨਤਾ ਦਰਸਾਈ ਹੈ ਕਿ ਉਹ ਆਪਣੀ ਅਦਾਲਤ ਵਿਚ ਧਰਮ ਦਾ ਨਿਆਉਂ ਕਰਦਾ ਹੈ, ਉਹ ਬੇਪਰਵਾਹੀ ਨਹੀਂ ਕਰਦਾ। ਉਹ ਕਿਸੇ ਅਵਤਾਰ ਜਾਂ ਚੱਕ੍ਰਵਰਤੀ ਰਾਜੇ ਦਾ ਮੁਲਾਹਜਾ ਨਹੀਂ ਕਰਦਾ, ਇਸ ਸੰਬੰਧ ਵਿਚ ਬਾਣੀ ਦਾ ਭੀ ਫੁਰਮਾਨ ਹੈ ਕਿ :

ਰਾਜਾ ਪਰਜਾ ਸਮ ਕਰਿ ਮਾਰੈ
ਐਸੋ ਕਾਲੁ ਬਡਾਨੀ ਰੇ ॥੨॥ ਪੰਨਾ ੮੫੫

(ਕਈ ਧਰਮਰਾਜ ਨੂੰ ਖੱਤ੍ਰੀ ਕਹਿੰਦੇ ਹਨ)

ਅਤੇ ਇਥੇ ਇਹ ਭੀ ਨਿਰਣਾ ਕਰਦੇ ਹਨ ਕਿ ਪ੍ਰਵਾਣ ਖੱਤ੍ਰੀ ਕੌਣ ਹੈ ਜੋ ਦਾਨ (ਦੇਣਾ) ਸ਼ਸਤ੍ਰ ਪਹਿਨ ਕੇ ਧਰਮ ਜੁੱਧ ਕਰਨਾ, ਮੰਤ੍ਰ ਜਪਣਾ, ਪ੍ਰਭੂ ਦੀ ਭਗਤੀ ਕਰਨੀ ਇਹ ਸ਼ਲਾਘਾ ਯੋਗ ਖੱਤਰੀ ਪੁਣਾ ਹੈ, ਜੋ ਉਸ ਵੇਲੇ ਛਟਮ ਗੁਰੂ ਹਰਿਗੋਬਿੰਦ ਸਾਹਿਬ ਜੀ ਹਰ ਸਿਖ ਮਾਤ੍ਰ ਨੂੰ ਦੱਸ ਰਹੇ ਸਨ ਕਿ ਦਾਨ ਕਰੋ, ਸ਼ਸਤ੍ਰ ਧਾਰੋ ਤੇ ਨਾਮ ਜਪੋ।

## ੧੧. ਵੈਸ਼ਾਂ ਦੀਆ ਜਾਤਾਂ ਦਾ ਵਰਣਨ

੧. ਕਿਤੜੇ ਵੈਸ਼ ਵਖਾਣੀਅਨਿ
ਰਾਜਪੂਤ ਰੇਵਤ ਵੀਚਾਰੀ।
੨. ਤੂਅਰ ਗਉੜ ਪਵਾਰ ਲੱਖ
ਮੱਲਣ ਹਾਸ ਚਉਹਾਣ ਚਿਤਾਰੀ।
੩. ਕਛਵਾੜੇ ਰਾਠਉੜ ਲੱਖ
ਰਾਣੇ ਰਾਇ ਭੂਮੀਏ ਭਾਰੀ।
੪. ਬਾਘ ਬਘੇਲੇ ਕੇਤੜੇ
ਬਲਵੰਡ ਲੱਖ ਬੁੰਦੇਲੇ ਕਾਰੀ।
੫. ਕੇਤੜਿਆਂ ਹੀ ਭੁਰਟੀਏ
ਦਰਬਾਰਾਂ ਅੰਦਰ ਦਰਬਾਰੀ।
੬. ਕਿਤੜੇ ਗੁਣੀ ਭਦਉੜੀਏ
ਦੇਸ ਦੇਸ ਵੱਡੇ ਇਤਬਾਰੀ।
੭. ਹਉਮੈਂ ਮੁਏ ਨ ਹਉਮੈਂ ਮਾਰੀ ॥੧੧॥

*ਪਦ ਅਰਥ :* ਬੁੰਦੇਲੇ—ਸੂਰਮੇ।

### ਅਰਥ :

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਆਪ ਜੀ ਨੇ ਬ੍ਰਾਹਮਣਾਂ ਤੇ ਖੱਤ੍ਰੀਆਂ ਦੇ ਵਰਣਾਂ ਵਿਚ ਭਿੰਨ ਭਿੰਨ ਭੇਦ ਦਰਸਾਇਆ ਹੈ, ਕੀ ਇਸ ਤਰ੍ਹਾਂ ਵੈਸ਼ਾਂ ਦੇ ਵਰਣ ਵਿਚ

ਭੀ ਵੱਖਰਾ-ਪਨ ਪਾਇਆ ਜਾਂਦਾ ਹੈ, ਜੇ ਆਪ ਜੀ ਦੇ ਪੜ੍ਹਨ ਸੁਣਨ ਵਿਚ ਆਇਆ ਹੋਵੇ ਤਾਂ ਉਸ ਦੀ ਭੀ ਜਾਣਕਾਰੀ ਕਰਵਾ ਦਿਓ ?

ਉ: ਹੇ ਭਾਈਓ ! ਇਸ ਵੈਸ਼ ਵਰਣ ਦੇ ਸੰਬੰਧ ਵਿਚ ਜੋ ਮੇਰੇ ਪੜ੍ਹਨ ਸੁਣਨ ਵਿਚ ਆਇਆ ਹੈ ਉਹ ਸਾਰਾ ਤਾਂ ਨਹੀਂ ਪਰ ਉਸ ਵਿਚੋਂ ਨਾਮ-ਮਾਤ੍ਰ ਕਹਿਣ ਦਾ ਯਤਨ ਕਰਦਾ ਹਾਂ, ਜੋ ਕਿ ਇਸ ਗਿਆਰਵੀਂ ਪਉੜੀ ਵਿਚ ਅੰਕਤ ਹੈ।

(੧) (ਹੇ ਭਾਈਓ ! ਜਦੋਂ ਅਸੀਂ ਵੈਸ਼ ਦੀਆਂ ਜਾਤਾਂ ਦੀ ਪੜਚੋਲ ਕਰਦੇ ਹਾਂ ਤਾਂ ਇਨ੍ਹਾਂ ਵਿਚ) ਕਿਤਨੇ ਹੀ ਵੈਸ਼ ਜਾਤੀ ਦੇ ਕਹੇ ਜਾਂਦੇ ਹਨ, ਕਈ ਰਾਜਪੂਤ ਰਾਵਤ (ਰਾਜੇ ਆਦਿਕ) ਉਨ੍ਹਾਂ ਦੇ ਵੀਚਾਰ ਕਹੀਦੇ ਹਨ (ਭਾਵ ਕੌਮ ਦੇ ਰਾਜੇ ਹੋ ਜਾਂਦੇ ਹਨ)।

(੨) (ਕਈ) ਤੂਅਰ, ਗੌਤ ਤੇ ਪਵਾਰ (ਜਾਤੀ ਦੇ) ਲੱਖਾਂ ਹਨ, ਮੱਲਣ, ਹਾਸ ਚਉਹਾਣ (ਜਾਤਾਂ ਦੇ ਬਥੇਰੇ ਕਹੀਦੇ) ਹਨ।

(੩) ਲੱਖਾਂ ਹੀ ਕਛਵਾਤੇ, (ਤੇ) ਲੱਖਾਂ ਰਾਠੌੜ, ਲੱਖਾਂ ਰਾਣੇ, ਲੱਖਾਂ (ਭੂਮੀਏ) ਜ਼ਿਮੀਦਾਰਾਂ ਵਿਚੋਂ (ਰਾਇ ਸ਼ਿਰੋਮਣੀ) ਹੋ ਗੁਜਰੇ ਹਨ।

(੪) ਲੱਖਾਂ ਬਾਘ, ਲੱਖਾਂ ਬਘੇਲੇ, ਲੱਖਾਂ ਬੁੰਦੇਲ (ਖੰਡ ਦੇ) ਕਾਰੀ (ਸੂਰਮੇ) ਹਨ।

(੫) ਕਿਤੜੇ ਹੀ ਭੂਟੀਏ ਕੌਮ ਦੇ ਦਰਬਾਰਾਂ ਵਿਚ "ਦਰਬਾਰੀ" ਹਨ।

(੬) ਕਿਤਨੇ ਹੀ ਭਦੌੜ ਦੇ ਗੁਣੀ ਹਨ, ਦੇਸਾਂ ਦੇਸਾਂ ਵਿਚ ਵੱਡੇ ਇਤਬਾਰੀ (ਭਰੋਸੇ ਵਾਲੇ ਹੋਏ) ਹਨ।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਤੁਸੀਂ ਇਨ੍ਹਾਂ ਸਾਰਿਆਂ ਦੇ ਸੰਬੰਧ ਵਿਚ ਕੀ ਵੀਚਾਰਦੇ ਹੋ ?

(੭) ਉ: (ਹੇ ਪਿਆਰੇ ! ਮੇਰੇ ਵੀਚਾਰਨ ਵਿਚ ਤਾਂ ਇਉਂ ਹੀ ਆਇਆ ਹੈ ਕਿ ਇਹ ਸਾਰੇ ਹੀ) ਮੈਂ ਮੈਂ ਕਰਦੇ ਹੀ ਮਰ ਗਏ, ਹਉਮੈਂ ਨੂੰ ਕਿਸੇ ਨੇ ਭੀ ਨਹੀਂ ਮਾਰਿਆ।੧੧।

*ਭਾਵਾਰਥ :* ਪੁਰਾਤਨ ਸਮੇਂ ਵਿਚ ਜਿਤਨੇ ਭੀ ਵੱਡੇ ਵੱਡੇ ਸੂਰਮੇ ਜੋਧੇ ਹੋ ਗੁਜ਼ਰੇ ਹਨ, ਉਹ ਸਰੀਰਕ ਬਲ ਕਰਕੇ ਤਾਂ ਭਾਵੇਂ ਵਡੇਰੇ ਬਲੀ ਸਨ, ਪਰ ਉਹ ਆਪਣੇ ਅੰਦਰ ਜੋ ਹਉਮੈਂ ਦਾ ਵੱਡਾ ਰੋਗ ਸੀ, ਉਸ 'ਤੇ ਕਾਬੂ ਨਹੀਂ ਪਾ ਸਕੇ ਉਹ ਇਸੇ ਹਉਮੈਂ ਦੇ ਰੋਗ ਵਿਚ ਗ੍ਰੱਸੇ ਹੋਏ ਮਰ ਗਏ। ਕਿਉਂਕਿ ਬਾਣੀ ਵਿਚ ਸਤਿਗੁਰੂ ਜੀ ਨੇ ਇਸ ਹਉਮੈਂ ਦੇ ਰੋਗ ਨੂੰ ਸਭ ਰੋਗਾਂ ਵਿਚੋਂ ਵੱਡਾ ਰੋਗ ਫੁਰਮਾਇਆ ਹੈ। ਜਿਵੇਂ ਕਿ :

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥

*(ਪੰਨਾ ੪੬੬)*

ਜਗਿ ਹਉਮੈ ਮੈਲੁ ਦੁਖੁ ਪਾਇਆ
ਮਲੁ ਲਾਗੀ ਦੂਜੈ ਭਾਇ ॥ *(ਸ੍ਰੀ ਰਾਗੁ ਮ: ੩, ਪੰਨਾ ੩੯)*

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥

*(ਵਡਹੰਸੁ ਮ: ੩, ਪੰਨਾ ੫੬੦)*

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥

*(ਗਉੜੀ ਮ: ੧, ਪੰਨਾ ੨੨੪)*

## ੧੨. ਗੋਤਾਂ ਤੇ ਕਿਰਤਾਂ ਦੀਆਂ ਜਾਤਾਂ ਦਾ ਵਰਣਨ

**੧. ਕਿਤੜੇ ਸੂਦ ਸਦਾਇੰਦੇ**
**ਕਿਤੜੇ ਕਾਇਥ ਲਿੱਖਣਹਾਰੇ।**
**੨. ਕੇਤੜਿਆਂ ਹੀ ਬਾਣੀਏ**
**ਕਿਤੜੇ ਭਾਬੜਿਆਂ ਸੁਨਿਆਰੇ।**
**੩. ਕੇਤੜਿਆਂ ਲੱਖ ਜੱਟ ਹੋਇ**
**ਕੇਤੜਿਆਂ ਛੀਬਿ ਸੈਸਾਰੇ।**
**੪. ਕੇਤੜਿਆਂ ਠਾਠੇਰਿਆਂ**
**ਕੇਤੜਿਆਂ ਲੋਹਾਰ ਵਿਚਾਰੇ।**
**੫. ਕਿਤੜੇ ਤੇਲੀ ਆਖੀਅਨਿ**
**ਕਿਤੜੇ ਹਲਵਾਈ ਬਾਜਾਰੇ।**
**੬. ਕੇਤੜਿਆਂ ਲੱਖ ਪੰਖੀਏ**
**ਕਿਤੜੇ ਨਾਈ ਤੇ ਵਣਜਾਰੇ।**
**੭. ਚਹੁੰ ਵਰਨਾਂ ਦੇ ਗੋਤ ਅਪਾਰੇ ॥੧੨॥**

*ਪਦ ਅਰਥ :* ਸੂਦ—ਬਾਣੀਏ। ਕਾਇਥ—ਮੁਨਸ਼ੀ, ਪਟਵਾਰੀ ਆਦਿ। ਭਾਬੜਿਆਂ—ਜੈਨੀ। ਪੰਖੀਏ—ਸਿਰਕੀ ਬੰਦ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਉ ! ਜੋ ਆਪ ਜੀ ਨੇ ਪਿਛੇ

ਵਰਣਾਂ ਦਾ ਜਿਕਰ ਕੀਤਾ ਹੈ, ਕੀ ਇਨ੍ਹਾਂ ਦੇ ਗੋਤਾਂ ਦੀ ਭੀ ਕੋਈ ਗਿਣਤੀ ਹੈ ?

ਉ: ਹੇ ਭਾਈ! ਖੋਜ ਕਰਨ ਤੋਂ ਇਹੋ ਹੀ ਜਾਣਕਾਰੀ ਮਿਲਦੀ ਹੈ ਕਿ :

(੧) ਕਿਤਨੇ ਹੀ ਸੂਦ ਸਦਾਉਂਦੇ ਹਨ ਤੇ ਕਿਤਨੇ ਹੀ ਮੁਨਸ਼ੀ ਲਿਖਣਹਾਰੇ ਹਨ।

(੨) ਕਿੰਨੇ ਹੀ ਬਾਣੀਏ (ਜੋ ਪੰਸਾਰੀ ਦਾ ਕੰਮ ਕਰਦੇ ਹਨ ਭਾਵ ਉਹ ਲੂਣ ਤੇਲ ਆਦਿ ਦੇ ਵੇਚਣ ਦਾ ਹੀ ਕੰਮ ਕਰਦੇ ਹਨ) ਕਈ ਭਾਬੜੇ (ਜੈਨੀ ਮੱਤ ਦੇ) ਅਤੇ ਕਈ (ਸੋਨਾ ਘੜਨ ਵਾਲੇ) ਸੁਨਿਆਰੇ ਹਨ।

(੩) ਲੱਖਾਂ ਹੀ ਜੱਟ ਹੋਏ ਤੇ ਕਿਤਨੇ ਹੀ ਛੀਂਬੇ ਸੰਸਾਰ ਵਿਚ ਹੋਏ ਹਨ।

(੪) ਕਿਤਨੇ ਹੀ ਠਠੇਰੇ (ਭਾਂਡੇ ਘੜਨ ਵਾਲੇ) ਹਨ, ਕਈ (ਲੋਹਾ ਕੁੱਟਣ ਵਾਲੇ) ਵਿਚਾਰੇ ਲੁਹਾਰ ਹਨ।

(੫) ਕਿਤਨੇ ਹੀ ਤੇਲੀ (ਤੇਲ ਕੱਢਣ ਵਾਲੇ) ਕਹੇ ਜਾਂਦੇ ਹਨ, ਕਿਤਨੇ ਹੀ ਬਜ਼ਾਰਾਂ ਵਿਚ ਹਲਵਾਈ ਹਨ।

(੬) ਕਿਤਨੇ ਹੀ ਪੰਖੀਏ (ਹਲਕਾਰੇ ਜਾਂ) ਸਿਰਕੀਬੰਦ ਹਨ, ਕਿਤਨੇ ਹੀ ਨਾਈ ਤੇ ਵਣਜਾਰੇ (ਵਪਾਰੀ) ਹਨ।

(੭) (ਇਸ ਤਰ੍ਹਾਂ) ਚਹੁੰ ਵਰਣਾਂ ਦੇ ਅਨੇਕਾਂ ਗੋਤ ਹਨ।੧੨।

*ਭਾਵਾਰਥ :* ਇਹ ਚਹੁੰ ਵਰਣਾਂ ਵਿਚ ਜੋ ਭਿੰਨ ਭਿੰਨ ਗੋਤਾਂ ਦੀ ਗਿਣਤੀ ਹੈ, ਇਹ ਕੋਈ ਉਸ ਪ੍ਰਮੇਸ਼ਰ ਵਲੋਂ ਬਣਤਰ ਨਹੀ ਬਣਾਈ ਗਈ ਇਹ ਤਾਂ ਮਨੁੱਖਾਂ ਦੇ ਦਿਮਾਗ਼ ਦੀ ਹੀ ਕਾਢ ਹੈ, ਜਿਸਨੇ ਇਕੋ ਹੀ ਰੱਬ ਦੀ ਮਨੁੱਖ ਜਾਤੀ ਨੂੰ (ਖ਼ੁਦ ਗ਼ਰਜ਼ ਬੰਦਿਆਂ ਨੇ) ਆਪਣੀ ਗ਼ਰਜ਼ ਨੂੰ ਸਫਲਾਉਣ ਲਈ ਵਖੋ ਵੱਖ ਜਾਤਾਂ ਵਿਚ ਵੰਡ ਕੇ ਇਕੋ ਹੀ ਰੱਬ ਦੀ ਮਨੁੱਖ ਜਾਤੀ ਵਿਚ ਵਿਤਕਰਾ ਕਾਇਮ ਕਰ ਦਿੱਤਾ।

## *੧੩. ਵਰਣਾਂ ਤੇ ਮਤ-ਮਤਾਂਤਰਾਂ ਦਾ ਵਰਣਨ*

**੧. ਕਿਤੜੇ ਗਿਰਹੀ ਆਖੀਅਨਿ**
**ਕੇਤੜਿਆਂ ਲੱਖ ਫਿਰਨ ਉਦਾਸੀ॥**
**੨. ਕੇਤੜਿਆਂ ਜੋਗੀਸ਼ਰਾਂ**
**ਕੇਤੜਿਆਂ ਹੋਏ ਸੰਨਜਾਸੀ।**
**੩. ਸੰਨਜਾਸੀ ਦਸ ਨਾਮ ਧਰ**
**ਜੋਗੀ ਬਾਰਹ ਪੰਥ ਨਿਵਾਸੀ।**
**੪. ਕੇਤੜਿਆਂ ਲੱਖ ਪਰਮਹੰਸ**
**ਕਿਤੜੇ ਬਾਨਪ੍ਰਸਤ ਬਨਵਾਸੀ।**
**੫. ਕੇਤੜਿਆਂ ਹੀ ਦੰਡ ਧਾਰ**
**ਕਿਤੜੇ ਜੈਨੀ ਜੀਅ ਦੈਆਸੀ।**
**੬. ਛਿਅਘਰ ਛਿਰਗੁਰ ਆਖੀਅਨਿ**
**ਛਿਅ ਉਪਦੇਸ ਭੇਸ ਅਭਜਾਸੀ।**
**੭. ਛਿਅ ਰੁਤਿ ਬਾਰਹ ਮਾਹ ਕਰ**
**ਸੂਰਜ ਇੱਕੋ ਬਾਰਹ ਰਾਸੀ।**
**੮. ਗੁਰਾਂ ਗੁਰੂ ਸਤਿਗੁਰ ਅਬਿਨਾਸੀ ॥੧੩॥**

*ਪਦ ਅਰਥ :* ਗਿਰਹੀ—ਗ੍ਰਿਹਸਥੀ ਬਾਨਪ੍ਰਸਤ—ਹਿੰਦੂ ਮਤ ਅਨੁਸਾਰ ਤੀਸਰਾ ਆਸਰਮ ਛਿਅ ਘਰ—ਛੇ ਸਾਸਤਰ।

*ਅਰਥ :*

ਪ੍ਰ: ਕਿਉ ਭਾਈ ਸਾਹਿਬ ਜੀਉ ! ਜਿਵੇਂ ਆਪ ਜੀ ਨੇ ਪਿਛੇ ਚਹੁੰ ਵਰਣਾਂ ਦੇ ਵੱਖੋ ਵੱਖ ਗੋਤਾ ਦਾ ਵਰਣਨ ਕੀਤਾ ਹੈ, ਕੀ ਇਸੇ ਤਰ੍ਹਾਂ ਕੁਝ ਹੋਰ ਲੋਕ ਭੀ ਆਪ ਜੀ ਦੇ ਦ੍ਰਿਸ਼ਟੀ-ਗੋਚਰ ਹੋਏ ਹਨ ?

ਉ: ਹੇ ਭਾਈਓ ! ਮੈਂ ਤਾਂ ਜਿਓਂ ਜਿਉਂ ਪੜਚੋਲ ਕਰਦਾ ਆਇਆ ਹਾਂ ਤਿਉਂ ਤਿਉਂ ਅੱਗੇ ਤੋਂ ਅੱਗੇ ਹੋਰ ਹੋਰ ਜਾਣਕਾਰੀ ਮਿਲਦੀ ਰਹੀ ਹੈ, ਜਿਵੇਂ ਕਿ :

(੧) ਕਿਤਨੇ ਹੀ ਗ੍ਰਿਹਸਤੀ ਆਖੇ ਜਾਂਦੇ ਹਨ ਤੇ ਕਈ ਲੱਖਾਂ ਉਦਾਸੀ ਹਨ, ਜੋ (ਕਿ ਸਦਾ ਹੀ ਫਿਰਦੇ ਰਹਿੰਦੇ ਹਨ)।

(੨) ਕਈ ਜੋਗੀਸ਼ਵਰ ਹਨ ਤੇ ਕਈ ਸੰਨਿਆਸੀ ਹਨ।

(੩) ਸੰਨਿਆਸੀਆਂ ਨੇ ਦਸ (ਭਾਰਥੀ, ਗਿਰੀ ਤੇ ਪੁਰੀ ਆਦਿ) ਨਾਮ ਰਖੇ ਹੋਏ ਹਨ, (ਇਸੇ ਤਰ੍ਹਾਂ) ਜੋਗੀ ਬਾਰ੍ਹਾਂ ਪੰਥਾਂ ਵਾਲੇ ਹਨ।

(੪) ਕਿਤਨੇ ਹੀ ਲੱਖਾਂ ਪਰਮ ਹੰਸ (ਸੱਚ ਤੇ ਝੂਠ ਦਾ ਨਿਖੇੜਾ ਕਰਨ ਵਾਲੇ) ਹਨ ਕਿਤਨੇ ਹੀ ਬਾਨਪ੍ਰਸਤ ਹੋ ਕੇ ਬਨਾਂ (ਜੰਗਲਾਂ) ਵਿਚ ਹੀ ਨਿਵਾਸ ਰੱਖਦੇ ਹਨ।

(੫) ਕਿਤਨੇ ਹੀ ਡੰਡੇ ਹੱਥ ਵਿਚ ਰਖਦੇ ਹਨ, ਕਿਤਨੇ ਹੀ ਜੈਨੀ ਜੀਆਂ ਤੇ ਦਇਆ ਕਰਨ ਵਾਲੇ ਹਨ (ਇਥੋਂ ਤੱਕ ਕਿ ਮੂੰਹ ਤੇ ਪੱਟੀ ਬੰਨ੍ਹ ਰੱਖਦੇ ਹਨ ਕਿ ਹਵਾੜ ਨਾਲ ਕੋਈ ਜੀਵ ਨਾ ਮਰ ਜਾਏ)।

(੬) ਛੇ ਸਾਸਤਰਾਂ ਦੇ ਛੀ ਅਚਾਰੀਆ (ਲਿਖਣਹਾਰਿਆਂ ਨੇ) ਛੇ ਉਪਦੇਸ ਤੇ ਛੇ ਭੇਸ ਵੱਖੋ ਵੱਖ ਕੀਤੇ ਹਨ।

(੭) ਸੂਰਜ ਇਕੋ ਹੈ, ਪਰ ਬਾਰਾਂ ਰਾਸਾਂ, ੧੨ ਮਹੀਨੇ ਤੇ ਛੇ ਰੁੱਤਾਂ ਹਨ।
(੮) (ਪਰ) ਗੁਰੂਆਂ ਦਾ ਗੁਰੂ ਪ੍ਰਮੇਸ਼ਰ ਸਦਾ ਅਬਿਨਾਸ਼ੀ ਹੈ। ਜਿਸਦੇ ਸਹਾਰੇ ਸਭੇ ਆਪਣੀ ਮੱਤ ਦਾ ਪ੍ਰਗਟਾਵਾ ਕਰਦੇ ਹਨ। ਪਰ ਵੇਖਣ ਵਿਚ ਆਉਂਦਾ ਹੈ ਕਿ ਮੱਤ ਦੇ ਪਰਗਟ ਕਰਨ ਵਾਲੇ ਇਕ ਪ੍ਰਭੂ ਨੂੰ ਜਾਨਣ ਦਾ ਯਤਨ ਨਹੀਂ ਕਰਦੇ।੧੩।

## ੧੪. ਸਾਧ ਜਨਾਂ ਦਾ ਵਰਣਨ

੧. ਕਿਤੜੇ ਸਾਧ ਵਖਾਣੀਅਨ
ਸਾਧ ਸੰਗਤ ਵਿੱਚ ਪਰਉਪਕਾਰੀ।
੨. ਕੇਤੜਿਆਂ ਲੱਖ ਸੰਤ ਜਨ
ਕੇਤੜਿਆਂ ਨਿਜ ਭਗਤਿ ਭੰਡਾਰੀ।
੩. ਕੇਤੜਿਆਂ ਜੀਵਨ ਮੁਕਤਿ
ਬ੍ਰਹਮ ਗਿਆਨੀ ਬ੍ਰਹਮ ਵੀਚਾਰੀ।
੪. ਕੇਤੜਿਆਂ ਸਮਦਰਸੀਆਂ
ਕੇਤੜਿਆਂ ਨਿਰਮਲ ਨਿਰੰਕਾਰੀ।
੫. ਕਿਤੜੇ ਲੱਖ ਬਿਬੇਕੀਆ
ਕਿਤੜੇ ਦੇਹ ਬਿਦੇਹ ਅਕਾਰੀ।
੬. ਭਾਇ ਭਗਤਿ ਭੈ ਵਰਤਣਾ
ਸਹਜਿ ਸਮਾਧਿ ਬੈਰਾਗ ਸਵਾਰੀ।
੭. ਗੁਰਮੁਖ ਸੁਖ ਫਲ ਗਰਬ ਨਿਵਾਰੀ ॥੧੪॥

*ਪਦ ਅਰਥ :* ਭਗਤਿ ਭੰਡਾਰੀ—ਭਗਤੀ ਦੇ ਖ਼ਜ਼ਾਨੇ। ਸਮਦਰਸੀਆਂ—ਸਮਾਨ ਦ੍ਰਿਸ਼ਟੀ ਵਾਲੇ। ਬਿਬੇਕੀਆ—ਵੀਚਾਰਵਾਨ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਿਥੇ ਆਪ ਜੀ ਗ੍ਰਿਹਸਤੀ ਤੇ ਉਦਾਸੀਆਂ ਦੇ ਸੰਬੰਧ ਵਿਚ ਪੜਚੋਲ ਕੀਤੀ ਹੈ, ਕੀ ਉਥੇ ਸਾਧ ਜਨਾਂ ਬਾਰੇ ਭੀ ਆਪ ਜੀ ਨੇ ਨਜ਼ਰਸਾਨੀ ਕਰੀ ਹੈ ਕਿ ਇਨ੍ਹਾਂ ਦੀ ਸੰਸਾਰ ਵਿਚ ਕਿਤਨੀਕੁ ਗਿਣਤੀ ਹੈ?

ਉ: ਹੇ ਭਾਈਓ! ਜਦੋਂ ਸੰਸਾਰ ਭਰ ਦੇ ਸਾਧ ਜਨਾਂ ਵੱਲ ਮੈਂ ਨਜ਼ਰ ਮਾਰਦਾ ਹਾਂ ਤਾ ਮੈਨੂੰ ਤਾਂ ਇਉ ਹੀ ਪ੍ਰਤੀਤ ਹੁੰਦਾ ਹੈ ਕਿ :

(੧) ਕਿ ਕਿੰਨੇ ਹੀ ਸਾਧ ਕਹੇ ਜਾਂਦੇ ਹਨ, ਜੋ ਸਾਧ ਸੰਗਤ ਵਿਚ ਪਰਉਪਕਾਰੀ ਮੰਨੇ ਜਾਂਦੇ ਹਨ।
(੨) ਕਿਤਨੇ ਹੀ ਲੱਖਾਂ ਸੰਤ ਜਨ ਹਨ ਤੇ ਕਿਤਨੇ ਹੀ ਭਗਤੀ ਦੇ ਭੰਡਾਰੇ (ਭਗਤੀ ਦੀ ਹੋਰਨਾਂ ਨੂੰ ਚੇਟਕ ਲਾਉਣ ਵਾਲੇ) ਹਨ।
(੩) ਅਨੇਕਾਂ ਹੀ ਜੀਵਨ ਮੁਕਤ ਬ੍ਰਹਮ ਗਿਆਨੀ ਹਨ, ਜੋ ਪ੍ਰਭੂ ਦਾ ਵੀਚਾਰ ਕਰਦੇ ਕਰਾਉਂਦੇ ਹਨ।
(੪) ਕਿਤਨੇ ਹੀ ਸਮਦਰਸੀ (ਸਭ ਅਮੀਰ-ਗ਼ਰੀਬ, ਉਚ-ਨੀਚ ਨੂੰ ਇਕੋ ਜੇਹੇ ਜਾਨਣ ਵਾਲੇ) ਹਨ। ਕਿਤਨੇ ਹੀ ਨਿਰਮਲ ਪ੍ਰਭੂ ਦੇ ਨਿਰਮਲ (ਸੰਤ ਜਨ) ਹਨ।
(੫) ਕਿਤਨੇ ਲੱਖਾਂ ਹੀ ਬਿਬੇਕੀ (ਬ੍ਰਹਮ ਗਿਆਨੀ ਤੇ ਨਿਰਮਲ ਵੀਚਾਰਵਾਨ ਹਨ) ਜੋ (ਪ੍ਰਭੂ ਰੰਗ ਦੀ ਮਸਤੀ ਵਿਚ) ਦੇਹ ਤੋਂ ਬਿਦੇਹ ਦੇ ਸਰੂਪ ਵਾਲੇ ਹਨ।
(੬) (ਉਪ੍ਰੋਕਤ ਸੰਤ ਤੇ ਸਾਧ ਜਨ) ਪ੍ਰੇਮਾ ਭਗਤੀ (ਦੇ ਰੰਗ ਵਿਚ) ਤੇ ਪ੍ਰਭੂ ਦੇ (ਹੁਕਮ ਦੇ ਭੈ) ਡਰ ਵਿਚ ਵਰਤਦੇ ਹਨ, ਭਾਵ ਹਰ ਸਮੇਂ ਹੀ ਰਹਿੰਦੇ ਹਨ। ਉਨ੍ਹਾਂ ਨੇ ਆਪਣੀ ਸਹਿਜ ਸਮਾਧੀ (ਲਿਵ ਲਾਉਣ ਦੇ ਅਭਿਆਸ) ਨੂੰ ਪੱਕਿਆਂ ਕਰਕੇ ਸਵਾਰ ਲਿਆ ਹੁੰਦਾ ਹੈ।
(੭) (ਇਸ ਤਰ੍ਹਾਂ) ਗੁਰਮੁਖਾਂ ਨੇ ਆਪਣੇ ਹੰਕਾਰ ਨੂੰ ਨਿਵਾਰ ਕੇ ਸੁਖ ਫਲ (ਭਗਤੀ ਦੇ ਰਸ) ਨੂੰ ਪ੍ਰਾਪਤ ਕਰ ਲਿਆ ਹੈ।੧੪।

*ਭਾਵਾਰਥ :* ਸਾਧੂਆਂ ਦੇ ਲਿਬਾਸ ਵਿਚ ਤਾਂ ਭਾਵੇਂ ਅਨੇਕਾਂ ਹੀ ਵੇਖਣ ਵਿਚ ਵੇਖੀਦੇ ਹਨ ਪਰ ਉਹ ਗੁਰਮੁਖ ਵਿਰਲੇ ਹੀ ਤੱਕਣ ਵਿਚ ਆਉਂਦੇ ਹਨ, ਜੋ ਹਉਮੈਂ ਤੋਂ ਰਹਿਤ ਹੋ ਜੀਵਨ ਗੁਜ਼ਾਰਦੇ ਹਨ।

## ੧੫. ਮਨਮੁਖਾਂ ਦੀ ਹਾਲਤ ਦਾ ਵਰਣਨ

੧. ਕਿਤੜੇ ਲੱਖ ਅਸਾਧ ਜੱਗ
ਕਿਤੜੇ ਚੋਰ ਜਾਰ ਜੁਆਰੀ।
੨. ਵਟਵਾੜੇ ਠੱਗ ਕੇਤੜੇ
ਕੇਤੜਿਆਂ ਨਿੰਦਕ ਅਵਿਚਾਰੀ।
੩. ਕੇਤੜਿਆਂ ਅਕ੍ਰਿਤਘਣ
ਕਿਤੜੇ ਬੇਮੁਖ ਤੇ ਅਨਚਾਰੀ।

੪. ਸੁਾਮਿ ਧ੍ਰੋਹੀ ਵਿਸਵਾਸਘਾਤ
ਲੂਣ ਹਰਾਮੀ ਮੂਰਖ ਭਾਰੀ।
੫. ਬਿਖਲੀਪਤਿ ਵੇਸੁਵਾ ਰਵਤ
ਮਦ ਮੱਤਵਾਲੇ ਵੱਡੇ ਵਿਕਾਰੀ।
੬. ਵਿਸ਼ਟ ਵਿਰੋਧੀ ਕੋਤੜੇ
ਕੋਤੜਿਆਂ ਕੂੜੇ ਕੁੜਿਆਰੀ।
੭. ਗੁਰ ਪੂਰੇ ਬਿਨ ਅੰਤ ਖੁਆਰੀ ॥੧੫॥

*ਪਦ ਅਰਥ :* ਅਸਾਧ—ਸ੍ਵੈ ਉਦਰ ਪੋਖੀ। ਵਟਵਾੜੇ—ਰਾਹ ਮਾਰ। ਅਵਿਚਾਰੀ—ਮੂਰਖ। ਅਨਚਾਰੀ—ਖੋਟੇ ਅਚਾਰੀ, ਕੁਕਰਮੀ। ਸੁਾਮਿ ਧ੍ਰੋਹੀ—ਮਾਲਕ ਨਾਲ ਧੋਖਾ ਕਰਨ ਵਾਲੇ। ਬਿਖਲੀਪਤਿ—ਵਿਖਜਾ ਕਰ ਲਿਪੇ ਹੋਏ, ਬੁਰੇ ਤੇ ਅੱਯਾਸ਼।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਇਹ ਭੀ ਠੀਕ ਹੈ ਕਿ ਦੈਵੀ ਗੁਣਾਂ ਦੇ ਭੰਡਾਰ ਭਰੇ ਸਾਧੂ ਸੰਤ ਜਨ ਅਨੇਕਾਂ ਹੀ ਵੇਖਣ ਵਿਚ ਆਉਂਦੇ ਹਨ, ਪਰ ਇਨ੍ਹਾਂ ਤੋਂ ਇਕ ਨੀਵੀਂ ਸ਼੍ਰੇਣੀ ਅਸਾਧੂਆਂ ਦੀ ਭੀ ਹੈ ਜੋ ਕਿ ਗਿਣੇ ਹੀ ਨਹੀਂ ਜਾਂਦੇ, ਉਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ, ਜਾਣਕਾਰੀ ਦਿਓ?

ਉ: ਹੇ ਭਾਈਓ! ਉਨ੍ਹਾਂ ਅਸਾਧੂਆਂ ਬਾਰੇ ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ:

(੧) ਲੱਖਾਂ ਹੀ ਜਗਤ ਵਿਚ ਅਸਾਧ (ਭਾਵ ਪ੍ਰਭੂ ਦੇ ਭਾਣੇ ਨੂੰ ਨਾ ਮੰਨਣ ਵਾਲੇ ਅਨਮਤੀਏ) ਹਨ, ਤੇ ਕਿਤਨੇ ਹੀ ਚੋਰ, ਯਾਰ ਤੇ ਜੁਆਰੀਏ (ਜੂਆ ਖੇਡਣ ਵਾਲੇ) ਹਨ।

(੨) (ਇਹ ਭੀ ਵੇਖਣ ਵਿਚ ਆਉਂਦਾ ਹੈ ਕਿ) ਕਿੰਨੇ ਹੀ ਰਾਹ ਮਾਰੂ ਠੱਗ ਹਨ, ਕਿਤਨੇ ਹੀ (ਪਰਾਈ) ਨਿੰਦਾ ਕਰਨ ਵਾਲੇ ਨਿੰਦਕ ਤੇ ਵੀਚਾਰ-ਹੀਨ ਮਨੁੱਖ ਹਨ।

(੩) ਅਨੇਕਾਂ ਹੀ ਅਕ੍ਰਿਤਘਣ ਹਨ, ਕਿੰਨੇ ਹੀ ਬੇਮੁਖ ਅਤੇ ਖੋਟੇ ਕਰਮ ਕਰਨ ਵਾਲੇ (ਅਨਚਾਰੀ) ਹਨ।

(੪) (ਇਸੇ ਤਰ੍ਹਾਂ ਅਨੇਕਾਂ ਹੀ) ਵਿਸ਼ਵਾਸਘਾਤੀ ਮਾਲਕ ਨਾਲ ਧ੍ਰੋਹ (ਧੋਖਾ) ਕਰਨ ਵਾਲੇ ਲੂਣ ਹਰਾਮੀ ਤੇ ਵੱਡੇ ਮੂਰਖ ਹਨ।

(੫) ਕਈ ਵੇਸਵਾ ਵਾਂਗ ਵਿਸ਼ਿਆਂ ਨਾਲ ਪ੍ਰੀਤੀ ਕਰਨ ਵਾਲੇ ਤੇ ਕਈ ਸ਼ਰਾਬ ਨਾਲ ਮਤਵਾਲੇ ਹੋ ਕੇ ਵੱਡੇ ਵੱਡੇ ਵਿਕਾਰਾਂ ਨੂੰ ਕਰਨ ਵਾਲੇ ਹਨ।

(੬) ਕਿੰਨੇ ਹੀ ਇਕ ਦੂਜੇ ਨੂੰ ਨਿੰਦਾ ਤੇ ਚੁਗਲੀਆਂ ਕਰ ਕਰ ਆਪਸ ਵਿਚ ਲੜਾਉਣ ਵਾਲੇ ਤੇ ਕਿੰਨੇ ਹੀ ਕੂੜੇ ਵਪਾਰਾਂ ਦੇ ਅਜਿਹੇ ਕੂੜੇ ਵਪਾਰੀ ਹਨ।

(੭) ਪਰ, ਜਦੋਂ ਦੂਰਦਰਸ਼ੀ ਨਜ਼ਰਾਂ ਨਾਲ ਤੱਕਦੇ ਹਾਂ ਤਾਂ ਇਨ੍ਹਾਂ ਸਾਰਿਆਂ ਵਿਚ ਇਸ ਗੱਲ ਨੂੰ ਜਾਨਣ ਦਾ ਕੋਈ ਵਿਰਲਾ ਹੀ ਯਤਨ ਕਰਦਾ ਹੈ ਕਿ ਪੂਰੇ ਗੁਰੂ ਨੂੰ ਪ੍ਰਾਪਤ ਕੀਤੇ ਬਿਨਾ (ਤੇ ਉਸਦੀ ਸਿਖਿਆ ਤੇ ਚਲੇ ਬਿਨਾਂ) ਅੰਤ ਨੂੰ ਅਜਿਹੇ ਲੋਕ ਸਾਰੇ ਹੀ ਖੁਆਰ ਹੁੰਦੇ ਹਨ।੧੫।

*ਭਾਵਾਰਥ :* ਇਹ ਤਾਂ ਵੇਖਣ ਵਿਚ ਜ਼ਰੂਰ ਆਉਂਦਾ ਹੈ ਕਿ ਸਾਰੇ ਸੰਸਾਰ ਅੰਦਰ ਸਾਧੂ, ਸੰਤ ਅਨੇਕਾਂ ਹੀ ਵੇਖਣ ਮਾਤਰ ਲੱਖਾਂ ਦੀ ਗਿਣਤੀ ਵਿਚ ਆਉਂਦੇ ਹਨ, ਪਰ ਉਨ੍ਹਾਂ ਦੇ ਨੇੜੇ ਹੋ ਉਨ੍ਹਾਂ ਦੀ ਕਰਣੀ, ਕਰਤੂਤ, ਰਹਿਤ, ਬਹਿਤ ਦੀ ਪੜਚੋਲ ਕਰਨ ਤੋਂ ਸੋਝੀ ਮਿਲਦੀ ਹੈ ਕਿ ਉਨ੍ਹਾਂ ਦਾ ਬਿਰੂੰਨੀ ਪਹਿਰਾਵਾ ਤਾਂ ਭਾਵੇਂ ਸਾਧੂ ਸੰਤਾਂ ਵਾਲਾ ਹੈ ਪਰ ਅਸਲ ਵਿਚ ਉਹ ਅਸਾਧੂ, ਅਸੰਤ ਹੀ ਹਨ, ਜਿਨ੍ਹਾਂ ਬਾਰੇ ਕਬੀਰ ਜੀ ਨੇ ਆਪਣੇ ਵੀਚਾਰ ਅੰਕਤ ਕੀਤੇ ਹਨ ਕਿ:

ਐਸੇ ਸੰਤ ਨ ਮੋਕਉ ਭਾਵਹਿ ॥
ਡਾਲਾ ਸਿਉ ਪੇਡਾ ਗਟਕਾਵਹਿ ॥ *(ਪੰਨਾ ੪੭੬)*

ਭਾਵ ਹੈ ਕਿ ਜੋ ਅਸਾਧੂ, ਅਸੰਤ, ਅਨਾੜੀ ਲੋਕ ਆਪਣੀ ਮਾਇਕੀ ਵਾਸ਼ਨਾ ਨੂੰ ਪੂਰੀ ਕਰਨ ਲਈ ਕਿਸੇ ਦਰੱਖ਼ਤ ਨੂੰ ਡਾਲੀਆਂ ਦੇ ਸਮੇਤ ਹੀ ਡਕਾਰ ਜਾਣ ਭਾਵ ਮਾਇਆ ਪ੍ਰਾਪਤੀ ਵਾਸਤੇ ਕਿਸੇ ਮਨੁੱਖ ਨੂੰ ਹੀ ਮੁਕਾ ਦੇਣ ਉਨ੍ਹਾਂ ਤੋਂ ਦੂਰ ਹੀ ਰਹਿਣਾ ਯੋਗ ਹੈ। ਗੁਰੂ ਗ੍ਰੰਥ ਸਾਹਿਬ ਜੀ ਨੇ ਸੰਤਾਂ ਅਤੇ ਸਾਧਾਂ ਦੇ ਸਹੀ ਲੱਛਣ ਅੰਕਤ ਕੀਤੇ ਹਨ, ਜਿਵੇਂ ਕਿ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥
*(ਪੰਨਾ ੩੧੯)*

ਭਾਵ ਜਿਸ ਦੀ ਮਾਨਸਕ ਉਪ੍ਰੋਕਤ ਰਹਿਤ ਹੈ, ਉਹ ਪੂਰਨ ਰੂਪ ਵਿਚ ਸੰਤ ਕਿਹਾ ਜਾ ਸਕਦਾ ਹੈ।

ਇਸੇ ਹੀ ਤਰ੍ਹਾਂ ਸਾਧ ਦੇ ਸੰਬੰਧ ਵਿਚ ਫ਼ੁਰਮਾਨ ਆਇਆ ਹੈ ਕਿ:

ਸਾਧ ਨਾਮ ਨਿਰਮਲ ਤਾ ਕੇ ਕਰਮ ॥ *(ਪੰਨਾ ੨੯੬)*

ਭਾਵ ਹੈ ਜਿਨ੍ਹਾਂ ਦੇ ਮਾਨਸਕ ਕਰਮ ਪਵਿੱਤ੍ਰ ਹਨ, ਉਨ੍ਹਾਂ ਨੂੰ ਸਾਧੂ ਨਾਮ ਨਾਲ ਪੁਕਾਰਿਆ ਜਾ ਸਕਦਾ ਹੈ। ਸਰੀਰਕ ਲਿਬਾਸ ਭਾਵੇਂ ਉਨ੍ਹਾਂ ਦਾ ਕਿਸੇ ਰੂਪ ਵਿਚ ਭੀ ਹੋਵੇ ਉਹ ਰੱਬੀ ਦਰਬਾਰ ਵਿਚ ਪ੍ਰਵਾਨ ਹਨ।

## ੧੬. ਯਵਨ ਫ਼ਿਰਕਿਆਂ ਦੇ ਭੇਦ

੧. ਕਿਤੜੇ ਸੁੰਨੀ ਆਖੀਅਨਿ
ਕਿਤੜੇ ਈਸਾਈ ਮੂਸਾਈ।
੨. ਕੇਤੜਿਆਂ ਹੀ ਰਾਫਜ਼ੀ
ਕਿਤੜੇ ਮੁਲਹਦ ਗਣਤ ਨ ਆਈ।
੩. ਲੱਖ ਫਿਰੰਗੀ ਇਰਮਨੀ
ਰੂਮੀ ਜੰਗੀ ਦੁਸਮਨ ਦਾਈ।
੪. ਕਿਤੜੇ ਸੱਯਦ ਆਖੀਅਨਿ
ਕਿਤੜੇ ਤੁਰਕਮਾਨ ਦੁਨਿਆਈ।
੫. ਕਿਤੜੇ ਮੁਗਲ ਪਠਾਣ ਹਨ
ਹਬਸ਼ੀ ਤੇ ਕਿਲਮਾਕ ਅਵਾਈ।
੬. ਕੇਤੜਿਆਂ ਈਮਾਨ ਵਿਚ
ਕਿਤੜੇ ਬੇਈਮਾਨ ਬਲਾਈ।
੭. ਨੇਕੀ ਬਦੀ ਨ ਲੁਕੈ ਲੁਕਾਈ॥੧੬॥

*ਪਦ ਅਰਥ :* ਸੁੰਨੀ—ਸੁੰਨਤ ਕਰਾਵਣ ਵਾਲੇ। ਈਸਾਈ ਮੂਸਾਈ—ਈਸਾ ਤੇ ਮੂਸਾ ਜੀ ਦੇ ਪੈਰੋਕਾਰ। ਰਾਫਜ਼ੀ—ਇਕ ਫ਼ਿਰਕੇ ਦਾ ਨਾਮ। ਮੁਲਹਦ—ਕਿਆਮਤ ਨੂੰ ਨਾ ਮੰਨਣ ਵਾਲੇ। ਕਿਲਮਾਕ—ਮੰਗੋਲ ਜਾਤੀ ਦੀ ਇਕ ਸ਼ਾਖ। ਜੰਗੀ—ਹਬਸ਼ੀ ਲੋਕ, ਜੰਜਬਾਰ ਦੇ ਵਾਸੀ। ਰੂਮੀ—ਰੂਮ ਵਾਸੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਵੱਖੋ ਵੱਖ ਵਰਣਾਂ ਦੀ ਜਾਣਕਾਰੀ ਦੇਂਦੇ ਆ ਰਹੇ ਹੋ, ਉਥੇ ਆਪ ਜੀ ਨੇ ਯਮਨ ਫਿਰਕੇ ਦੇ ਮੱਤਾਂ ਦੀ ਪੜਚੋਲ ਭੀ ਕੀਤੀ ਹੋਵੇਗੀ, ਉਨ੍ਹਾਂ ਸੰਬੰਧੀ ਭੀ ਗਿਆਤ ਕਰਵਾਉਣ ਦੀ ਖੇਚਲਾ ਕਰੋ?

ਉ: ਹੇ ਭਾਈਓ! ਯਮਨ ਮੱਤਾਂ ਦੀ ਜਿਤਨੀ ਕੁ ਮੈਂ ਪੜਤਾਲ ਕਰ ਸਕਿਆ ਹਾਂ ਉਹ ਮੈਂ ਹੇਠ ਲਿਖੇ ਅਨੁਸਾਰ ਸਾਰੀ ਤਾਂ ਨਹੀਂ ਪਰ ਨਾਮ-ਮਾਤ੍ਰ ਦਸਣ ਦਾ ਯਤਨ ਕਰਦਾ ਹਾਂ:

(੧) (ਮੇਰੇ ਪੜ੍ਹਨ ਵਿਚ ਆਇਆ ਹੈ ਕਿ ਮੁਸਲਮਾਨਾਂ ਵਿਚ) ਕਿਤਨੇ ਹੀ (ਸੁੰਨੀ) ਇੰਦ੍ਰੀ ਦਾ ਮਾਸ ਕਟਾਉਣ ਵਾਲੇ ਆਖੇ ਜਾਂਦੇ ਹਨ, ਕਿੰਨੇ ਹੀ ਈਸਾਈ ਤੇ ਮੂਸਾਈ (ਈਸਾ ਜੀ ਤੇ ਮੂਸਾ ਜੀ ਦੇ) ਉਪਾਸ਼ਕ ਹਨ।

(੨) ਕਿਤਨੇ ਹੀ ਸ਼ੀਆ (ਜੋ ਸੁੰਨਤ ਨਹੀਂ ਕਰਦੇ) ਕਿਤਨੇ ਹੀ ਕਾਫ਼ਰ ਹਨ, ਜਿਨ੍ਹਾਂ ਦੀ ਗਿਣਤੀ ਦਾ ਪਾਰਾਵਾਰ ਨਹੀਂ ਹੈ।

(੩) ਲੱਖਾਂ ਫ਼ਰੰਗੀ, (ਯੂਰਪ ਵਾਸੀ) ਹਨ, ਅਰਮਨੀ, ਰੂਮੀ ਜੰਗੀ (ਲੜਾਕੇ) ਦੁਸ਼ਮਣ ਨੂੰ ਦਾਅ ਥੱਲੇ ਲਿਆਉਣ ਵਾਲੇ (ਭਾਵ ਨਿਡਰ ਸੂਰਮੇ) ਹਨ।

(੪) ਕਿਤਨੇ ਸੱਯਦ (ਮੁਹੰਮਦ ਦੀ ਵੰਸ) ਅਖਵਾਉਂਦੇ ਹਨ ਤੇ ਕਿਤਨੇ ਹੀ ਤੁਰਕਮਾਨ (ਤੁਰਕੀ ਦੇ ਵਸਨੀਕ) ਸੰਸਾਰ ਵਿਚ ਹਨ।

(੫) ਕਿਤਨੇ ਹੀ ਮੁਗ਼ਲ, ਕਿੰਨੇ ਹੀ ਪਠਾਣ, ਹਬਸ਼ੀ (ਹਬਸ਼ ਦੇਸ਼ ਦੇ ਵਾਸੀ) ਤੇ ਕਈ ਕਿਲਮਾਖੀ ਅਖਵਾਉਂਦੇ ਹਨ।

(੬) ਕਿਤਨੇ ਹੀ ਈਮਾਨਦਾਰ ਤੇ ਕਿਤਨੇ ਬੇਈਮਾਨ ਬਲਾਵਾਂ ਦੇ (ਰੂਪ ਵਿਚ ਦੁਖਦਾਈ) ਹਨ ਤੇ ਕਿੰਨੇ ਹੀ ਈਮਾਨ (ਵਿਚ ਪੱਕੇ ਰਹਿਣ ਵਾਲੇ) ਹਨ।

(੭) ਨੇਕੀ ਤੇ ਬਦੀ (ਐਸੀਆਂ ਵਸਤੂਆਂ ਹਨ) ਜੋ ਲੁਕਾਇਆਂ ਲੁਕ ਨਹੀਂ ਸਕਦੀਆਂ, ਅਖ਼ੀਰ ਤੇ ਜ਼ਰੂਰ ਹੀ ਪਰਗਟ ਹੋ ਜਾਂਦੀਆਂ ਹਨ।੧੬।

*ਭਾਵਾਰਥ :* ਉਪ੍ਰੋਕਤ ਪਉੜੀ ਦਾ ਸਿਧਾਂਤ ਇਹੋ ਹੈ ਕਿ ਮਨੁੱਖ ਦੀਆਂ ਬਣਾਈਆਂ ਭਿੰਨ ਭਿੰਨ ਜਾਤਾਂ ਤੇ ਵਰਣਾਂ ਦੇ ਮੱਤ ਭੇਦ ਕਰਕੇ ਫ਼ਰਕ ਤਾਂ ਨਜ਼ਰ ਆਉਂਦੇ, ਇਹ ਮਨੁੱਖਾਂ ਨੂੰ ਤਾਂ ਇਕ ਦੂਸਰੇ ਤੋਂ ਦੂਰ ਕਰ ਸਕਦੇ ਹਨ ਪਰ ਕੋਈ ਭੀ ਮਨੁੱਖ ਆਪਣੇ ਅੰਦਰ ਹੀ ਛੁਪੀ ਨੇਕੀ ਅਤੇ ਗੁਨਾਹਾਂ ਨੂੰ ਨਹੀਂ ਲੁਕਾ ਸਕਦਾ, ਉਹ ਆਪਣੀ ਸ਼ੁਭ ਅਸ਼ੁਭ ਕਿਰਤ ਪਰ ਆਪਣੀ ਚਾਤ੍ਰਤਾ ਦਾ ਸਦਕਾ ਕੁਝ ਸਮੇਂ ਲਈ ਪੜਦਾ ਪਾ ਸਕਦਾ ਹੈ ਪਰ ਆਖ਼ਰ ਕੁਝ ਸਮੇਂ ਤੋਂ ਬਾਅਦ ਉਸਦਾ ਪ੍ਰਗਟਾਵਾ ਅਵੱਸ਼ ਹੀ ਹੋ ਜਾਇਆ ਕਰਦਾ ਹੈ, ਕਿਉਂਕਿ ਬਾਣੀ ਦਾ ਇਹ ਅਵੱਸ਼ ਫ਼ੁਰਮਾਨ ਹੈ, ਜਿਵੇਂ ਕਿ:

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥
(ਪੰਨਾ ੪੭੪)

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥
(ਪੰਨਾ ੪੮੮)

ਭਾਵ ਜਿਨ੍ਹਾਂ ਦੇ ਅੰਦਰ ਝੂਠ, ਛਲ, ਵਿਕਾਰ, ਧੋਖਾ, ਠੱਗੀ ਹੈ ਉਹ ਆਪਣੀ ਬਾਹਰਲੀ ਪੋਚਾ ਪਾਚੀ ਨਾਲ ਪੜਦਾ ਨਹੀਂ ਪਾ ਸਕਦੇ। ਇਸੇ ਲਈ ਬਾਣੀ ਦਾ ਹੁਕਮ ਹੈ:

ਸਚੁ ਸੁਣਾਇਸੀ ਸਚ ਕੀ ਬੇਲਾ॥੨॥ (ਪੰਨਾ ੭੨੩)

ਭਾਵ ਜਦੋਂ ਸਚ ਸੁਣਾਉਣ ਦਾ ਵੇਲਾ ਹੋਵੇ ਉਸ ਵੇਲੇ ਨਿਡੱਕ ਹੋ ਕੇ ਸੱਚ ਹੀ ਸੁਣਾ ਦੇਣਾ ਚਾਹੀਦਾ ਹੈ

## ੧੭. ਅੱਡ ਅੱਡ ਹਾਲਾਤ

੧. ਕਿਤੜੇ ਦਾਤੇ ਮੰਗਤੇ
ਕਿਤੜੇ ਵੈਦ ਕੇਤੜੇ ਰੋਗੀ।
੨. ਕਿਤੜੇ ਸਹਜ ਸੰਜੋਗ ਵਿੱਚ
ਕਿਤੜੇ ਵਿੱਛੜ ਹੋਇ ਵਿਜੋਗੀ।
੩. ਕੇਤੜਿਆਂ ਭੁੱਖੇ ਮਰਨ
ਕੇਤੜਿਆਂ ਰਾਜੇ ਰਸ ਭੋਗੀ।
੪. ਕੇਤੜਿਆਂ ਦੇ ਸੋਹਿਲੇ
ਕੇਤੜਿਆਂ ਦੁਖ ਰੋਵਨਿ ਸੋਗੀ।
੫. ਦੁਨੀਆਂ ਆਵਣ ਜਾਵਣੀ
ਕਿਤੜੀ ਹੋਈ ਕਿਤੜੀ ਹੋਗੀ।
੬. ਕੇਤੜਿਆਂ ਹੀ ਸਚਿਆਰ
ਕੇਤੜਿਆਂ ਦਗਾਬਾਜ਼ ਦਰੋਗੀ।
੭. ਗੁਰਮੁਖ ਕੋ ਜੋਗੀਸ਼ਰ ਜੋਗੀ ॥੧੭॥

***ਪਦ ਅਰਥ :*** ਸੋਹਿਲੇ—ਅਨੰਦ-ਮੰਗਲ। ਦਗਾਬਾਜ—ਕਪਟੀ, ਧੋਖਾ ਕਰਨ ਵਾਲੇ। ਦਰੋਗੀ—ਝੂਠ ਮਾਰਨ ਵਾਲੇ। ਜੋਗੀਸਰ—ਜੋਗੀਆਂ ਦਾ ਰਾਜਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਉਸ ਸਿਰਜਨਹਾਰ ਨੇ ਇਸ ਸੰਸਾਰ ਦੀ ਰਚਨਾ ਤਾਂ ਇਕੋ ਪੰਜਾਂ ਤੱਤਾਂ ਤੋਂ ਰਚੀ ਸਿੱਧ ਹੁੰਦੀ ਹੈ, ਪਰ ਜਦੋਂ ਸਾਰੀ ਕਾਇਨਾਤ ਦੇ ਜੀਵਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਇਨ੍ਹਾਂ ਦੀ ਹਾਲਤ ਵੱਖੋ ਵੱਖ ਦਿੱਸਣ ਵਿਚ ਆਉਂਦੀ ਹੈ, ਕਿਉਂ ਜੀ! ਇਸਦਾ ਸਹੀ ਕਾਰਨ ਕੀ ਸਮਝਿਆ ਜਾਏ, ਦਸੋ ਤੁਸੀਂ ਇਸ ਬਾਰੇ ਕੀ ਅਨੁਭਵ ਕਰਦੇ ਹੋ?

**ਉ:** ਹੇ ਭਾਈਓ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਉਸ ਪਰੀਪੂਰਨ ਪ੍ਰਮੇਸ਼ਰ ਨੇ ਇਸ ਆਪਣੀ ਰਚਨਾ ਵਿਚ ਵੱਖਰਾਪਨ ਕਾਇਮ ਕਰਕੇ ਭੀ ਆਪਣੀ ਬੇਅੰਤਤਾ ਦਾ ਹੀ ਪ੍ਰਗਟਾਵਾ ਦਰਸਾਇਆ ਹੈ, ਕਿਉਂਕਿ ਜਦੋਂ ਭੀ ਕਿਸੇ ਮਨੁੱਖ ਵੱਲ ਤੱਕੋ ਤਾਂ ਉਸ ਵਿਚ ਇਕ ਦੂਸਰੇ ਨਾਲੋਂ ਅੰਤਰਾ ਪ੍ਰਤੀਤ ਹੁੰਦਾ ਹੈ, ਜਿਵੇਂ ਕਿ:

(੧) (ਮੈਂ ਤਾਂ ਜਦੋਂ ਭੀ ਸਾਰੇ ਸੰਸਾਰ ਦੇ ਜੀਵਾਂ ਵੱਲ ਤੱਕਦਾ ਹਾਂ ਤਾਂ ਇਉਂ ਹੀ ਵੇਖਣ ਵਿਚ ਆਉਂਦਾ ਹੈ ਕਿ) ਕਿਤਨੇ ਦਾਤੇ ਤੇ ਮੰਗਤੇ ਹਨ, ਕਿੰਨੇ ਹੀ ਵੈਦ ਤੇ ਕਿੰਨੇ ਹੀ ਰੋਗੀ ਹਨ।

(੨) ਕਿੰਨੇ ਹੀ ਸੁਖਾਂ ਤੇ ਸ਼ਾਂਤੀ ਦੇ ਵਾਤਾਵਰਣ ਵਿਚ ਹਨ ਤੇ ਕਿੰਨੇ ਹੀ ਵਿਛੋੜੇ ਦੇ ਵਿਯੋਗ ਵਿਚ ਦੁਖੀ ਰਹਿੰਦੇ ਹਨ।

(੩) ਕਿੰਨਿਆਂ ਨੂੰ ਰੋਟੀ ਨਹੀਂ ਮਿਲਦੀ ਉਹ ਭੁੱਖੇ ਮਰ ਰਹੇ ਹਨ ਤੇ ਅਨੇਕਾਂ ਹਨ ਜੋ ਰਾਜਿਆਂ ਵਾਲੇ ਰਸਾਂ ਦੇ ਭੋਗੀ (ਅਮੀਰ) ਹਨ।

(੪) ਕਿੰਨੇ ਹੀ (ਘਰਾਂ ਵਿਚ) ਸੁਖਾਂ ਦੇ ਸੋਹਿਲੇ (ਗੀਤ) ਗਾਵੀਦੇ ਹਨ ਅਨੇਕਾਂ ਹਨ ਜੋ ਦੁਖਾਂ ਤੇ ਸੋਗਾਂ ਦੇ ਮਾਰੇ ਰੋ ਰਹੇ ਹਨ।

(੫) ਇਹ ਦੁਨੀਆਂ ਹੀ ਸਾਰੀ ਆਉਣੀ ਜਾਣੀ ਹੈ (ਕੋਈ ਜੰਮਦਾ ਤੇ ਕੋਈ ਮਰਦਾ ਹੈ) ਇਹ ਦੁਨੀਆ ਕਿੰਨੀ ਹੋ ਚੁੱਕੀ ਹੈ ਤੇ ਕਿੰਨੀ ਅਗੋਂ ਹੋਣੀ ਹੈ।

(੬) ਅਨੇਕਾਂ ਸੱਚੇ ਤੇ ਸਚਿਆਰ (ਸੱਚ ਨੂੰ ਪਿਆਰ ਕਰਨ ਵਾਲੇ) ਹਨ ਤੇ ਕਿੰਨੇ ਹੀ ਧੋਖਾ ਕਰਨ ਵਾਲੇ ਧੋਖੇਬਾਜ਼ ਤੇ ਠੱਗ ਲੋਕ ਹਨ।

(੭) (ਪਰ ਇਸ ਸੰਸਾਰ ਵਿਚ) ਗੁਰਮੁਖ ਕੋਈ (ਵਿਰਲਾ) ਜੋਗੀਸ਼ਰ ਹੋਵੇਗਾ ਜੋ ਕਿ ਜੋਗੀਆਂ ਦਾ ਰਾਜਾ ਹੁੰਦਾ ਹੈ।੧੭।

***ਭਾਵਾਰਥ :*** ਇਸ ਸੰਸਾਰ ਦੀ ਰਚਨਾ ਦੇ ਸੰਬੰਧ ਵਿਚ ਗੁਰੂ ਨਾਨਕ ਦੇ ਨੌਵੇਂ ਸਰੂਪ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਲਾਹੀ ਫ਼ੁਰਮਾਨ ਦੁਆਰਾ ਅੰਕਤ ਕਰ ਦਿੱਤਾ ਹੈ ਕਿ ਹੇ ਸਾਧੋ:

ਸਾਧੋ ਰਚਨਾ ਰਾਮ ਬਨਾਈ॥
ਇਕਿ ਬਿਨਸੈ ਇਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ॥ *(ਪੰਨਾ ੨੧੯)*

ਭਾਵ ਇਸ ਰਚਨਾ ਨੂੰ ਕੋਈ ਸਦਾ ਥਿਰ ਰਹਿਣ ਵਾਲੀ ਮੰਨੀ ਬੈਠਾ ਹੈ, ਇਕ ਨਾਸਵੰਤ ਅਨੁਭਵ ਕਰਦਾ ਹੈ ਇਹ ਉਸ ਸਿਰਜਨਹਾਰ ਦੀ ਅਚਰਜ ਲੀਲਾ ਹੈ, ਜਿਸਨੂੰ ਸਮਝਿਆ ਨਹੀਂ ਜਾ ਸਕਦਾ। ਪਰ ਇਸ ਰਚਨਾ ਨੂੰ ਰਚਕੇ ਉਸ ਨੇ ਸੁਤੰਤ੍ਰ ਨਹੀਂ ਕੀਤਾ ਆਪਣੇ ਪਰੰਤਰ ਅਧੀਨ ਰੱਖਿਆ ਜਿਸ ਬਾਰੇ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ:

ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ॥
ਨਾਨਕ ਇਨ ਕੈ ਕਛੂ ਨ ਹਾਥ॥
*(ਸੁਖਮਨੀ ਸਾਹਿਬ, ਪੰਨਾ ੨੭੧)*

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ
ਨਾਨਕ ਜੰਤ ਅਨਾਥ॥ *(ਪੰਨਾ ੨੫੭)*

ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ॥
ਅਪਨਾ ਭਲਾ ਸਭ ਕਾਹੂ ਮੰਗਨਾ॥ *(ਪੰਨਾ ੧੭੮)*

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ॥
ਨਾਨਕ ਠਾਕੁਰ ਸਦਾ ਅਲਿਪਨਾ॥ *(ਪੰਨਾ ੨੫੨)*

ਇਸੇ ਭਾਵ ਦੀਆ ਬਾਣੀ ਵਿਚ ਬਹੁਤ ਪੰਗਤੀਆਂ ਆਉਂਦੀਆਂ ਹਨ ਜਿਨ੍ਹਾਂ ਵਿਚ ਇਸ ਜੀਵ ਨੂੰ ਸੁਤੰਤ੍ਰ ਨਹੀਂ ਸਗੋਂ ਪਤੰਤਰ ਦਰਸਾਇਆ ਹੈ, ਪਰ ਇਸ ਸੰਪੂਰਨ ਰਚਨਾ ਵਿਚ ਹਜ਼ੂਰ ਫ਼ੁਰਮਾਉਂਦੇ ਹਨ ਕਿ:

ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ॥੧॥ *(ਪੰਨਾ ੪੯੫)*

ਜਾਂ ਹੋਰ ਭੀ ਹੁਕਮ ਆਇਆ ਹੈ ਕਿ:

ਤੇਰਾ ਜਨੁ ਏਕੁ ਆਧੁ ਕੋਈ॥ *(ਪੰਨਾ ੧੧੨੩)*

ਭਾਵ ਸਾਰੇ ਲੋਕ ਵਿਵਹਾਰਾਂ ਵਿਚ ਮੱਤੇ ਹੋਏ ਹਨ, ਪਰ ਉਸ ਵਾਹਿਗੁਰੂ ਦੇ ਪ੍ਰੇਮ ਰੰਗ ਵਿਚ ਮਸਤ ਕੋਈ ਵਿਰਲਾ ਹੀ ਤੱਕਣ ਵਿਚ ਆਉਂਦਾ ਹੈ ਇਹ ਬਾਣੀ ਦਾ ਸਮੁੱਚਾ ਫ਼ੈਸਲਾ ਹੈ ਕਿ:

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥੧੨॥
*(ਪੰਨਾ ੧੪੧੧)*

## ੧੮. ਸਰੀਰ ਦੀਆਂ ਵੱਖੋ ਵੱਖ ਹਾਲਤਾਂ

**੧. ਕਿਤੜੇ ਅੰਨ੍ਹੇ ਆਖੀਅਨਿ**
**ਕੇਤੜਿਆਂ ਹੀ ਦਿੱਸਣ ਕਾਣੇ।**
**੨. ਕੇਤੜਿਆਂ ਚੁੱਗੇ ਫਿਰਨ**
**ਕਿਤੜੇ ਰਤੀਆਨੇ ਉਕਤਾਣੇ।**
**੩. ਕਿਤੜੇ ਨਕਟੇ ਗੁਣਗੁਣੇ**
**ਕਿਤੜੇ ਬੋਲੇ ਬੁੱਚੇ ਲਾਣੇ।**
**੪. ਕੇਤੜਿਆਂ ਗਿੱਲ੍ਹੜ ਗਲੀਂ**
**ਅੰਗ ਰਸਉਲੀ ਵੇਣ ਵਿਹਾਣੇ।**
**੫. ਟੁੰਡੇ ਬਾਂਡੇ ਕੇਤੜੇ**
**ਗੰਜੇ ਲੁੰਜੇ ਕੋੜ੍ਹੀ ਜਾਣੇ।**
**੬. ਕਿਤੜੇ ਲੂਲ੍ਹੇ ਪਿੰਗਲੇ**
**ਕਿਤੜੇ ਕੁੱਬੇ ਹੋਇ ਕੁੜਾਣੇ।**
**੭. ਕਿਤੜੇ ਖੁਸਰੇ ਹੀਜੜੇ**
**ਕੇਤੜਿਆਂ ਗੁੰਗੇ ਤੁਤਲਾਣੇ।**
**੮. ਗੁਰ ਪੂਰੇ ਵਿਣ ਆਵਣ ਜਾਣੇ॥੧੮॥**

***ਪਦ ਅਰਥ :*** ਚੁੱਗੇ—ਟੀਰੀ ਅੱਖ ਵਾਲੇ। ਰਤੀਆਨੇ—ਅੰਧਰਾਤੇ ਵਾਲੇ। ਉਕਤਾਣੇ—ਅੱਖਾਂ ਦੇ ਨਾਲ ਲਾ ਕੇ ਜੋ ਵੇਖ ਸੱਕਣ, ਦੂਰੋਂ ਨਾ ਵੇਖ ਸੱਕਣ। ਗੁਣਗੁਣੇ—ਨੱਕ ਦੇ ਅੰਦਰ ਦੇ ਪਰਦੇ ਵਿਚ ਨੁਕਸ ਵਾਲੇ ਜੋ ਭੁਣ ਭੁਣ ਕਰਕੇ ਬੋਲਦੇ ਹਨ। ਬੁੱਚੇ—ਕੰਨ ਕੱਟੇ। ਲਾਣੇ—ਬੁੱਲ੍ਹ ਕੱਟੇ, ਬੂੜੇ। ਰਸਉਲੀ—ਕਿਸੇ ਥਾਂ ਗਿਲਟੀ ਪੈਦਾ ਹੋ ਕੇ ਨਿੱਗਰ ਵਧਾ ਵਧ ਜਾਣਾ। ਵੇਣ ਵਿਹਾਣੇ—ਸਰੀਰ ਵਿਚ ਕਿਤੇ ਕੁਦਰਤੀ ਟੋਆ ਪੈ ਜਾਣਾ, ਕਿਸੇ ਹਿੱਸੇ ਦਾ ਬੈਠ ਜਾਣਾ। ਟੁੰਡੇ—ਹੱਥ ਹੀਨ। ਬਾਂਡੇ—ਜਿਸ ਦੇ ਜੋੜ ਅਰਕ ਜਾਂ ਮੋਢੇ ਤਣ ਜਾਣ। ਗੰਜੇ—ਸਿਰੋਂ ਵਾਲ-ਹੀਣ। ਲੁੰਜੇ—ਜਿਸ ਦੀ ਬਾਂਹ ਸੁੱਕ ਜਾਏ। ਲੂਲ੍ਹੇ—ਜਿਸ ਦੀਆਂ ਲੱਤਾਂ ਪੈਰ ਕੰਮ ਨਾ ਕਰ ਸਕਣ। ਪਿੰਗੁਲੇ—ਜਿਸਦੇ ਹੱਥ ਪੈਰ ਦੋਵੇ ਮਾਰੇ ਹੋਣ। ਕੁੱਬਾ—ਜਿਸਦੀ ਪਿੱਠ ਰੋਗ ਨਾਲ ਬਾਹਰ ਨਿਕਲ ਆਏ। ਕੁੜਾਣੇ—ਜੋ ਉਮਰ ਵਡੇਰੀ ਹੋਣ ਕਰਕੇ ਲੱਕੋਂ ਦੂਹਰੇ ਹੋ ਜਾਣ। ਖੁਸਰੇ—ਜੋ ਜਮਾਂਦਰੂ ਨਮਰਦ ਹੋਣ। ਹੀਜੜਾ—ਖ੍ਵਾਜਾ ਸਰਾ, ਜੋ ਜਾਣ ਕੇ ਖੁਸਰਾ ਬਣਾਇਆ ਜਾਵੇ। ਗੁੰਗਾ—ਜੋ ਬੋਲ ਨਾ ਸਕੇ। ਤੁਤਲਾਣੇ—ਜੋ ਥਥਲਾ ਕੇ ਬੋਲਣ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਦੱਸਣ ਦੀ ਕ੍ਰਿਪਾ ਕਰੋ, ਜਦ ਕਿ ਉਸ ਕਾਦਰ ਨੇ ਆਪਣੀ ਕੁਦਰਤ ਦੁਆਰੇ ਇਸ ਸ੍ਰਿਸ਼ਟੀ ਦੀ ਘਾੜਤ ਪੰਜਾਂ ਹੀ ਤੱਤਾਂ ਤੋਂ ਘੜੀ ਹੈ ਤਾਂ ਫਿਰ ਇਸ ਦਾ ਪ੍ਰਸਪਰ ਤਾਲਮੇਲ ਕਿਉਂ ਨਹੀਂ ਬੈਠਦਾ, ਦੂਰ ਨਾ ਜਾਈਏ ਜੇ ਕੇਵਲ ਇਕ ਮਨੁੱਖ ਜਾਤੀ ਵੱਲ ਹੀ ਨਜ਼ਰ ਮਾਰੀਏ ਤਾਂ ਵੇਖਣ ਵਿਚ ਏਹੋ ਆਉਂਦਾ ਹੈ ਕਿ ਇਕ ਸਰੀਰ ਦੀ ਬਨਾਵਟ ਦੂਸਰੇ ਸਰੀਰ ਨਾਲ ਉੱਕਾ ਹੀ ਕਿਸੇ ਪਖੋਂ ਸਮਾਨਤਾ ਨਹੀਂ

ਰੱਖਦੀ, ਕਿਉਂਕਿ ਹਰ ਸਰੀਰ ਦੇ ਅੰਗ ਪਤੰਗ, ਰੂਪ ਰੰਗ ਵਿਚ ਭਿੰਨਤਾ ਪਾਈ ਜਾਂਦੀ ਹੈ, ਕਿਉਂ ਜੀ! ਇਹ ਐਸਾ ਕਿਉਂ ਹੈ?

ਉ: ਹੇ ਭਾਈਓ! ਅਸਲ ਵਿਚ ਇਸ 'ਕਿਉਂ' ਦਾ ਜਵਾਬ ਨ ਮੇਰੇ ਕੋਲ ਹੈ ਅਤੇ ਨਾ ਹੀ ਕਿਸੇ ਹੋਰ ਪਾਸ ਹੈ, ਇਸ ਲਈ ਤੁਹਾਡੇ ਕਿਉਂ ਦਾ ਉੱਤਰ ਤਾਂ ਗੁਰੂ ਦੀ ਬਾਣੀ ਹੀ ਸਹੀ ਰੂਪ ਵਿਚ ਦੇਣ ਦੀ ਸਮਰੱਥਾ ਰੱਖਦੀ ਹੈ, ਕਿਉਂਕਿ ਹਰ ਪ੍ਰਸ਼ਨ ਕਰਨ ਵਾਲੇ ਕਿਸੇ ਵੀ ਸ਼ੰਕਾਵਾਦੀ ਨੂੰ ਹਜ਼ੂਰ ਨੇ ਕੇਵਲ ਇਕੋ ਪੰਗਤੀ ਵਿਚ ਤਸੱਲੀ-ਬਖ਼ਸ਼ ਉੱਤਰ ਅੰਕਤ ਕਰ ਦਿੱਤਾ ਹੈ ਕਿ ਹੇ ਪਿਆਰੇ! ਧਿਆਨ ਨਾਲ ਪੜ੍ਹੋ ਕਿ:

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

*(ਪੰਨਾ ੪)*

ਬੀਓ ਪੂਛਿ ਨ ਮਸਲਤਿ ਧਰੈ॥
ਜੋ ਕਿਛੁ ਕਰੈ ਸੁ ਆਪਹਿ ਕਰੈ॥੨॥ *(ਪੰਨਾ ੮੬੩)*

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੂਛਿ ਨ ਸੇਵਕੁ ਬੀਆ॥ *(ਪੰਨਾ ੫੫੧)*

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥

*(ਸ੍ਰੀ ਰਾਗੁ ਮ: ੧, ਪੰਨਾ ੫੩)*

ਸਮੁੱਚਾ ਭਾਵ ਇਹੋ ਹੈ ਕਿ ਉਸ ਕਾਦਰ ਨੇ ਜਦੋਂ ਇਸ ਸੰਸਾਰ ਦੀ ਘਾੜਤ ਘੜੀ ਹੈ ਤਾਂ ਉਸਨੇ ਕਿਸੇ ਦੂਸਰੇ ਤੋਂ ਸਲਾਹ ਮਸ਼ਵਰਾ ਨਹੀਂ ਲਿਆ, ਕਿਉਂਕਿ ਦੂਸਰੇ ਤੋਂ ਮਸਵਰਾ ਓਹੀ ਲਿਆ ਕਰਦਾ ਹੈ ਜਿਸਨੂੰ ਇਹ ਸ਼ੱਕ ਹੋਵੇ ਕਿ ਮੈਥੋਂ ਕੋਈ ਗ਼ਲਤੀ ਨਾ ਹੋ ਜਾਵੇ। ਇਸ ਲਈ ਉਹ (ਅਭੁਲ ਗੁਰੂ ਕਰਤਾਰ) ਹੈ ਜਿਸ ਤੋਂ ਕਦੀ ਭੁੱਲ ਹੋ ਹੀ ਨਹੀਂ ਸਕਦੀ। ਇਸ ਲਈ ਉਸ ਕਰਤਾਰ ਨੇ ਜੋ ਇਸ ਸੰਸਾਰ ਦੀ ਘਾੜਤ ਵਿਚ ਭੇਦ ਭਾਵ ਰੱਖਿਆ ਹੈ ਉਸਦੀ ਜਾਣਕਾਰੀ ਉਸ ਤੋਂ ਭਿੰਨ ਹੋਰ ਕਿਸੇ ਨੂੰ ਭੀ ਨਹੀਂ ਹੋ ਸਕਦੀ। ਹੇ ਭਾਈ! ਮੈਨੂੰ ਤਾਂ ਉਸ ਬੇਅੰਤ ਪ੍ਰਮੇਸ਼ਰ ਦੀ ਇਸ ਬੇਅੰਤ ਰਚਨਾ ਵਿਚੋਂ ਉਸੇ ਕਾਦਰ ਕਰੀਮ ਦੀ ਹੀ ਬੇਅੰਤਤਾ ਦਿਸਦੀ ਹੈ ਕਿਉਂਕਿ ਜਦੋਂ ਮੈਂ ਦੂਰ-ਦਰਸ਼ੀ ਨਜ਼ਰਾਂ ਨਾਲ ਤੱਕਦਾ ਹਾਂ ਤਾਂ ਮੈਨੂੰ ਇਹੋ ਹੀ ਦ੍ਰਿਸ਼ਟੀ-ਗੋਚਰ ਹੁੰਦਾ ਹੈ ਕਿ:

(੧) ਕਿੰਨੇ ਅੰਨ੍ਹੇ ਕਹੀਦੇ ਤੇ ਕਿੰਨੇ ਕਾਣੇ ਦਿਸਦੇ ਹਨ।
(੨) ਕਿਤਨੇ ਟੀਰੇ ਫਿਰਦੇ ਤੇ ਕਿਤਨੇ ਅੰਧਰਾਤੇ ਵਾਲੇ ਅਰ ਘੱਟ ਵੇਖਣ ਵਾਲੇ ਹਨ।
(੩) ਕਿੰਨੇ ਨੱਕ ਕੱਟੇ, ਗੁਣਗਣੇ, ਬੋਲੇ (ਡੋਰੇ), ਕੰਨ ਕੱਟੇ ਤੇ ਬੁੱਲ੍ਹ ਕੱਟੇ ਹਨ।
(੪) ਕਈ ਗਲਾਂ ਵਿਚ ਗਿੱਲ੍ਹੜਾਂ ਵਾਲੇ, ਅੰਗਾਂ ਵਿਚ ਰਸਉਲੀਆਂ ਵਾਲੇ ਤੇ ਦਬੇ ਅੰਗਾਂ ਵਾਲੇ ਹਨ।
(੫) ਕਿੰਨੇ ਟੁੰਡੇ, ਬਾਡੇ, ਗੰਜੇ, ਕੋੜ੍ਹੀ ਜਾਣੀਦੇ ਹਨ।
(੬) ਕਿਤਨੇ ਲੂਲ੍ਹੇ, ਪਿੰਗਲੇ, ਕੁੱਬੇ ਤੇ ਲੱਕ ਦੂਹਰੇ ਵਾਲੇ ਹਨ।
(੭) ਕਿੰਨੇ ਖੁਸਰੇ, ਹੀਜੜੇ, ਗੁੰਗੇ ਤੇ ਥੱਥਲੇ ਹਨ।
(੮) ਪੂਰੇ ਗੁਰੂ ਤੋਂ ਬਿਨਾ (ਐਸੇ) ਆਵਣ ਜਾਣੇ (ਬਣੇ ਹੀ ਰਹਿੰਦੇ ਹਨ)।੧੮।

***ਭਾਵਾਰਥ:*** ਇਹ ਜੋ ਸਾਨੂੰ ਸਰੀਰਕ ਅੰਗ ਭੰਗ ਨਜ਼ਰ ਆਉਂਦੇ ਹਨ, ਇਹ ਅਸਲ ਵਿਚ ਮਨੁੱਖਾਂ ਦੇ ਕੀਤੇ ਕਰਮਾਂ ਦਾ ਹੀ ਫਲ ਹੈ, ਪਰ ਉਹ ਭੂਤਕਾਲ ਵਿਚ ਕੀਤੇ ਕਰਮਾਂ ਦਾ ਸਾਨੂੰ ਗਿਆਨ ਨਹੀਂ ਕਿਉਂਕਿ ਸਾਡੀ ਦ੍ਰਿਸ਼ਟੀ ਉਨ੍ਹਾਂ ਨੂੰ ਤੱਕਣ ਵਲੋਂ ਅਸਮਰੱਥ ਹੈ, ਜਿਵੇਂ ਕਿਸੇ ਅਨਪੜ੍ਹ ਦੇ ਸਾਹਮਣੇ ਇਕ ਸਾਰੀ ਦੁਨੀਆ ਦਾ ਨਕਸ਼ਾ ਲੱਗਾ ਹੋਇਆ ਹੈ ਉਹ ਅਨਪੜ੍ਹ ਉਸ ਵਲੋਂ ਉੱਕਾ ਹੀ ਅਗਿਆਤ ਹੈ, ਪਰ ਪੜ੍ਹਿਆ ਹੋਇਆ ਗਿਆਨਵਾਨ ਉਸਨੂੰ ਚੰਗੀ ਤਰ੍ਹਾਂ ਸਮਝਦਾ ਹੈ। ਇਸੇ ਤਰ੍ਹਾਂ ਅਗਿਆਨਤਾ ਦੀ ਪ੍ਰਬਲਤਾ ਕਰਕੇ ਹਰ ਮਨੁੱਖ ਆਪਣੇ ਪੂਰਬਲੇ ਕੀਤੇ ਕਰਮਾਂ ਦੀ ਸੂਝ ਬੂਝ ਨ ਹੋਣ ਕਰਕੇ ਆਪਣੇ ਕੀਤੇ ਕਰਮਾਂ ਦਾ ਫਲ ਭੋਗਣ ਵੇਲੇ ਦੁਖੀ ਹੁੰਦਾ ਤੇ ਪਛਤਾਵਾ ਕਰਦਾ ਹੈ। ਪਰ ਗੁਰਮੁਖ ਸੁਖ, ਦੁਖ, ਹਰਖ, ਸੋਗ ਦੋਹਾਂ ਹੀ ਸਮਿਆਂ ਵਿਚ ਸਮਾਨ ਹੀ ਰਹਿੰਦਾ ਹੈ, ਉਸਨੂੰ ਇਹ ਗਿਆਨ ਹੈ ਕਿ ਹੇ ਕਰਤਾਰ! ਇਹ:

ਸੁਖੁ ਦੁਖੁ ਤੇਰੀ ਆਗਿਆ ਪਿਆਰੇ
ਦੂਜੀ ਨਾਹੀ ਜਾਇ॥੩॥ *(ਪੰਨਾ ੪੩੨)*

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥

*(ਪੰਨਾ ੧੪੯)*

ਉਸਨੂੰ ਇਹ ਸੋਝੀ ਹੈ ਕਿ ਸੁਖ ਤੇ ਦੁਖ ਇਹ ਦੋਵੇਂ ਕਪੜੇ ਹਨ, ਜੋ ਮਨੁੱਖ ਨੂੰ ਹਰ ਰੋਜ਼ ਪੁਸ਼ਾਕ ਵਾਂਗ ਬਦਲਣੇ ਪੈਂਦੇ ਹਨ, ਜਿਵੇਂ ਮਨੁੱਖ ਹਰ ਰੋਜ਼ ਇਕੋ ਹੀ ਪੁਸ਼ਾਕ ਨਹੀਂ ਰਖਦਾ ਇਸ ਤਰ੍ਹਾਂ ਹਰ ਮਨੁੱਖ ਪਾਸ ਸੁਖ ਜਾਂ ਦੁਖ ਨਹੀਂ ਰਹਿੰਦੇ ਬਦਲ ਕੇ ਆਉਂਦੇ ਜਾਂਦੇ ਹਨ। ਜਿਹੜੇ ਲੋਕ ਦੁਖ ਨੂੰ ਛੱਡ ਕੇ ਕੇਵਲ ਸੁਖ ਹੀ ਮੰਗਦੇ ਹਨ, ਉਨ੍ਹਾਂ ਪ੍ਰਤੀ ਤਾਂ ਹਜ਼ੂਰ ਨੇ ਬੜੇ ਸਖ਼ਤ ਸ਼ਬਦਾਂ ਰਾਹੀਂ ਤਾੜਨਾ ਕੀਤੀ ਹੈ:

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥

*(ਪੰਨਾ ੧੪੯)*

ਗੁਰੂ ਨਾਨਕ ਦੇਵ ਜੀ ਤਾਂ ਫ਼ੁਰਮਾਨ ਕਰਦੇ ਹਨ ਕਿ ਉਹ ਮਨੁੱਖ ਤਾਂ ਝਖਾਂ ਹੀ ਮਾਰਦਾ ਹੈ ਜੋ ਰੱਬੀ ਦਰ ਤੋਂ ਦੁੱਖਾਂ ਨੂੰ ਛੱਡ ਕੇ ਕੇਵਲ ਸੁਖ ਹੀ ਮੰਗਦਾ ਹੈ ਉਸ ਨੂੰ ਸੂਝ ਹੀ ਨਹੀਂ ਕਿ ਸੁਖ 'ਕੱਲਾ ਨਹੀਂ ਆਉਂਦਾ ਉਸਦਾ ਸਾਥੀ ਦੁਖ ਭੀ ਸਾਥ ਹੀ ਆਉਂਦਾ ਹੈ। ਇਸ ਲਈ ਹਰ ਮਨੁੱਖ ਨੂੰ ਗੁਰਮੰਤ੍ਰ ਦੇ ਦਰਸਾਏ ਰੱਬੀ ਮਾਰਗ 'ਤੇ ਹੀ ਟੁਰਦੇ ਰਹਿਣਾ ਸੁਖਦਾਈ ਮਾਰਗ ਹੈ।

## ੧੯. ਫਿਰ ਉਪ੍ਰੋਕਤ ਸੰਸਾਰਕ ਗਿਣਤੀ ਹੀ

੧. ਕੇਤੜਿਆਂ ਪਾਤਿਸ਼ਾਹ ਜਗ
ਕਿਤੜੇ ਮਸਲਤ ਕਰਨ ਵਜ਼ੀਰਾਂ।
੨. ਕੇਤੜਿਆਂ ਉਮਰਾਉ ਲੱਖ
ਮਨਸਬਦਾਰ ਹਜ਼ਾਰ ਵਡੀਰਾਂ।
੩. ਹਿਕਮਤ ਵਿਚ ਹਕੀਮ ਲੱਖ
ਕਿਤੜੇ ਤਰਕਸ਼ਬੰਦ ਅਮੀਰਾਂ।
੪. ਕਿਤੜੇ ਚਾਕਰ ਚਾਕਰੀ
ਭੋਈ ਮੇਠ ਮਹਾਵਤ ਮੀਰਾਂ।
੫. ਲੱਖ ਫਰਾਸ਼ ਲੱਖ ਸਾਰਵਾਨ
ਮੀਰਾਂਖੋਰ ਸਈਸ ਵਹੀਰਾਂ।
੬. ਕਿਤੜੇ ਲੱਖ ਜਲੇਬਦਾਰ
ਗਾਡੀਵਾਣ ਚਲਾਇ ਗਡੀਰਾਂ।
੭. ਛੜੀਦਾਰ ਦਰਵਾਨ ਖਲੀਰਾਂ ॥੧੯॥

*ਪਦ ਅਰਥ :* ਮਸਲਤ—ਸਲਾਹੀ, ਮਸ਼ਵਰੇ ਦੇਣ ਵਾਲੇ। ਉਮਰਾਉ—ਅਮੀਰ। ਮਨਸਬਦਾਰ—ਅਹੁਦੇਦਾਰ। ਤਰਕਸ਼-ਬੰਦ—ਧਨੁਸ਼ਧਾਰੀ। ਭੋਈ—ਘਾਹੀ। ਮੇਠ—ਤਬੇਲੇ ਦਾ ਨੌਕਰ। ਮਹਾਵਤ—ਹਾਥੀ ਨੂੰ ਤੋਰਨ ਵਾਲੇ। ਫਰਾਸ਼—ਫ਼ਰਸ਼ ਸਾਫ਼ ਕਰਕੇ ਵਿਛੌਣ ਵਾਲੇ। ਮੀਰਾਂ—ਸਰਦਾਰ, ਅਫ਼ਸਰ ਜਿਵੇਂ ਸ਼ਿਕਾਰ ਦਾ ਅਫਸਰ 'ਮੀਰ ਸ਼ਿਕਾਰ' ਕਹੀਦਾ ਹੈ, ਇਮਾਰਤਾਂ ਦਾ ਅਫ਼ਸਰ 'ਮੀਰ ਇਮਾਰਤ' (ਮੀਰ ਸੱਯਦ ਨੂੰ ਭੀ ਕਹਿੰਦੇ ਹਨ)। ਸਾਰਵਾਨ—ਊਠ ਚਲਾਉਣ ਵਾਲੇ। ਮੀਰਾਂ ਖੋਰ—ਘੋੜਿਆਂ ਦਾ ਅਫਸਰ। ਵਹੀਰ—ਬਹੁਤੇ। ਜਲੇਬਦਾਰ—ਪਾਤਸ਼ਾਹੀ ਸਵਾਰੀ ਦਾ ਅਫਸਰ। ਖਲੀਰਾਂ—ਹਸਾਉਣ ਖਿਡਾਉਣ ਵਾਲੇ। (ਖਲੀਰ—ਮਾਸੀ ਸਾਕ ਸੰਬੰਧੀ)।

*ਅਰਥ :*

(੧) ਕਿਤਨੇ ਹੀ ਸੰਸਾਰ ਵਿਚ ਪਾਤਸ਼ਾਹ, ਕਿਤਨੇ ਹੀ ਵਜ਼ੀਰ ਸਲਾਹ ਮਸ਼ਵਰੇ ਦੇਣ ਵਾਲੇ ਹਨ।
(੨) ਲੱਖਾਂ ਹੀ ਅਮੀਰ, ਔਹਦੇਦਾਰ ਤੇ ਹਜ਼ਾਰਾਂ ਹੀ ਹੋਰ ਵੱਡੇ ਵੱਡੇ (ਰੁਤਬਿਆਂ ਵਾਲੇ) ਹਨ।
(੩) ਲੱਖਾਂ ਹਕੀਮ ਹਿਕਮਤ ਕਰਨ ਵਾਲੇ, ਕਿੰਨੇ ਹੀ ਧਨੁਸ਼ਧਾਰੀ ਅਮੀਰ ਹਨ।
(੪) ਕਿੰਨੇ ਹੀ ਨੌਕਰ ਚਾਕਰ, ਘਾਹੀ, ਦਰੋਗੇ, ਹਾਥੀਵਾਨਾਂ ਦੇ ਅਫਸਰ ਹਨ।
(੫) ਲੱਖਾਂ ਫ਼ਰਸ਼ ਸਾਫ਼ ਕਰਨ ਵਾਲੇ ਗਲੀਚੇ ਵਿਛਾਉਣ ਵਾਲੇ, ਲੱਖਾਂ ਊਠਾਂ ਦੇ ਚਾਲਕ, ਘੋੜਿਆਂ ਦੇ ਅਫ਼ਸਰ ਹਨ।
(੬) ਲੱਖਾਂ ਹੀ ਪਾਤਸ਼ਾਹੀ ਸਵਾਰੀ ਦੇ ਪ੍ਰਬੰਧ ਕਰਨ ਵਾਲੇ ਅਹਿਲਕਾਰ ਹਨ। ਗੱਡੀਆਂ ਚਲਾਉਣ ਵਾਲੇ ਗਾਡੀਵਾਨ ਤੇ ਅਨੇਕਾਂ ਹੀ ਦਰਬਾਨ ਹਨ।
(੭) ਜੋ ਛੜੀਆਂ (ਡਾਂਗਾਂ ਆਦਿ) ਲੈ ਕੇ ਪਹਿਰੇ ਤੇ ਖਲੋਂਦੇ ਹਨ।੧੯।

*ਭਾਵਾਰਥ :* ਇਸ ਉਪ੍ਰੋਕਤ ਪਉੜੀ ਅੰਦਰ ਭੀ ਭਾਈ ਸਾਹਿਬ ਜੀ ਉਸ ਬੇਅੰਤ ਪ੍ਰਭੂ ਦੀ ਬੇਅੰਤ ਰਚਨਾ ਦਾ ਜ਼ਿਕਰ ਕਰਦੇ ਹਨ ਕਿ ਇਸ ਰਚਨਾ ਨੂੰ ਕਿਸੇ ਪਖੋਂ ਭੀ ਨਜ਼ਰ ਮਾਰੋ ਆਖ਼ਰ ਬੇਅੰਤ, ਬੇਅੰਤ ਹੀ ਕਹਿਣਾ ਬਣਦਾ ਹੈ।

## ੨੦. ਅੱਗੇ ਭੀ ਉਹੀ ਵਰਣਨ ਕਰਦੇ ਹਨ

੧. ਕਿਤੜੇ ਲੱਖ ਨਗਾਰਚੀ
ਕੇਤੜਿਆਂ ਢੋਲੀ ਸਹਨਾਈ।
੨. ਕੇਤੜਿਆਂ ਹੀ ਤਾਇਫੇ
ਢਾਢੀ ਬੱਚੇ ਕਲਾਵਤ ਗਾਈ।
੩. ਕੇਤੜਿਆਂ ਬਹੁਰੂਪੀਏ
ਬਾਜ਼ੀਗਰ ਲੱਖ ਭੰਡ ਅਤਾਈ।
੪. ਕਿਤੜੇ ਲੱਖ ਮਸਾਲਚੀ
ਸ਼ਮਾਂ ਚਰਾਗ ਕਰਨ ਰੁਸ਼ਨਾਈ।

**੫. ਕੇਤੜਿਆਂ ਹੀ ਕੋਰਚੀ**
**ਆਲਮਤੋਗ ਸਿਲਹ ਸੁਖਦਾਈ।**
**੬. ਕੇਤੜਿਆਂ ਹੀ ਆਬਦਾਰ**
**ਕੇਤੜੇ ਬਾਵਰਚੀ ਨਾਨਵਾਈ।**
**੭. ਤੰਬੋਲੀ ਤੋਸਕਚੀ ਸੁਹਾਈ ॥੨੦॥**

*ਪਦ ਅਰਥ*: ਤਾਇਫੇ—ਗਾਉਣ ਨੱਚਣ ਵਾਲੀਆਂ ਦੇ ਟੋਲੇ। ਕਲਾਵਤ—ਗਾਉਣ ਨੱਚਣ ਤੇ ਬਤਾਵਾਂ ਕਰਨ ਵਾਲੇ ਮਨੁੱਖ। ਅਤਾਈ—ਸ਼ੌਕੀਆ ਗਵਈਏ। ਕੋਰਚੀ—ਫ਼ੌਜੀ ਸਮਾਨ ਸਾਂਭਣ ਵਾਲੇ। ਆਲਮ—ਹਾਕਮ, ਤਸੀਲਦਾਰ। ਸਿਲਹ—ਸੰਜੋਆ ਪਹਿਨਣ ਵਾਲਾ। ਆਬਦਾਰ—ਮਾਸ਼ਕੀ। ਤੋਸਕਚੀ—ਖ਼ਜ਼ਾਨਚੀ।

*ਅਰਥ :*

ਪ੍ਰ: ਕਿਉਂ, ਭਾਈ ਸਾਹਿਬ ਜੀਓ! ਜਿਸ ਇਕੋ ਕਰਤਾਰ ਨੇ ਇਸ ਸੰਸਾਰ ਵਿਚ ਅਨੇਕਾਂ ਭਿੰਨ ਭਿੰਨ ਰੂਪ ਧਾਰਨ ਕੀਤੇ ਹੋਏ ਹਨ ਕੀ ਉਹ ਇਨ੍ਹਾਂ ਦੇ ਹਰਖ ਸੋਗ ਵਿਚ ਭੀ ਭਾਈਵਾਲ ਹੁੰਦਾ ਹੋਵੇਗਾ ?

ਉ: ਹੇ ਭਾਈਓ! ਇਸ ਸੰਬੰਧ ਵਿਚ ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਇਹੋ ਹੀ ਜਾਣਕਾਰੀ ਮਿਲਦੀ ਹੈ ਕਿ ਉਹ ਪਰੀਪੂਰਨ ਪ੍ਰਮਾਤਮਾ ਹੈ ਤਾਂ ਸਾਰਿਆਂ ਵਿਚ ਵਿਆਪਕ, ਪਰ ਉਹ :

ਨਾਨਾ ਰੂਪੁ ਧਰੇ ਬਹੁ ਰੰਗੀ
ਸਭ ਤੇ ਰਹੈ ਨਿਆਰਾ ॥੨॥ *(ਪੰਨਾ ੫੩੭)*

ਭਾਵ, ਸਾਰਿਆਂ ਦੇ ਵਿਚ ਪੂਰਨ ਹੁੰਦਾ ਹੋਇਆ ਭੀ ਸਭ ਦੇ ਦੁੱਖ ਸੁਖ ਤੋਂ ਨਿਰਲੇਪ ਹੈ, ਇਸ ਲਈ ਮੈਂ ਤਾਂ ਜਦੋਂ ਦੂਰ-ਦਰਸ਼ੀ ਨਜ਼ਰਾਂ ਦੁਆਰੇ ਤੱਕਦਾ ਹਾਂ ਤਾਂ ਇਉਂ ਹੀ ਨਜ਼ਰ ਆਉਂਦਾ ਹੈ ਕਿ:

(੧) ਲੱਖਾਂ ਹੀ ਨਗਾਰੇ ਵਾਲੇ ਤੇ ਕਿਤਨੇ ਹੀ ਢੋਲ ਤੂਤੀਆਂ ਵਾਲੇ ਹਨ।
(੨) ਕਈ ਤੈਫੇ, ਢਾਡੀ ਬੱਚੇ ਗਾਉਣ ਵਾਲੇ ਕਲੌਤ ਹਨ।
(੩) ਕਿਤਨੇ ਸ੍ਵਾਂਗ ਉਤਾਰਨ ਵਾਲੇ ਮਦਾਰੀ ਭੰਡ ਤੇ ਅਤਾਈ ਹਨ।
(੪) ਕਿਤਨੇ ਲੱਖ ਮਸਾਲਚੀ ਹਨ ਜੋ (ਸ਼ਮ੍ਹਾਂ) ਮੋਮਬਤੀਆਂ ਤੇ (ਚਰਾਗ) ਦੀਵੇ ਬਾਲ ਕੇ ਚਾਨਣ ਕਰਦੇ ਹਨ।
(੫) ਕਿਤਨੇ ਹੀ ਐਸੇ ਨੌਕਰ ਹਨ ਜੋ ਫ਼ੌਜਾਂ ਦੇ ਨਾਲ ਸਮਾਨ ਸਾਂਭਣ ਦੇ ਕੰਮ ਕਰਦੇ ਹਨ, ਕਈ ਇਸ ਕੰਮ ਦੇ ਕਰਾਉਣ ਵਾਲੇ ਅਫ਼ਸਰ, ਕਿਤਨੇ ਹੀ ਸੰਜੋਆਂ ਪਹਿਨ ਕੇ ਸੁਖੀ ਹੁੰਦੇ ਹਨ।
(੬) ਕਿਤਨੇ ਹੀ (ਰਾਜਿਆਂ ਦੇ) ਲੱਸੀ ਵਾਲੇ, ਰਸੋਈਏ ਤੇ ਰੋਟੀ ਪਕਾਉਣ ਵਾਲੇ ਹੁੰਦੇ ਹਨ।
(੭) ਕਿੰਨੇ ਹੀ ਪਾਨਾਂ ਵਾਲੇ ਤੇ ਤੋਸਕਚੀ ਸੋਭਦੇ ਹਨ।੨੦।

*ਭਾਵਾਰਥ :* ਜਿਤਨਾਂ ਭੀ ਇਸ ਸਾਰੀ ਕਾਇਨਾਤ ਵਿਚ ਨਨੱਤਪੁਣਾ ਦਿੱਸਣ ਵਿਚ ਆਉਂਦਾ ਹੈ ਇਸ ਵਿਚ ਸਾਰੀ ਕ੍ਰਿਆ ਕਰਵਾਉਣ ਵਾਲਾ ਕੇਵਲ ਉਹ ਪ੍ਰਮੇਸ਼ਰ ਹੀ ਹੈ ਜੋ ਅਤੀ ਸੂਖਮ ਰੂਪ ਹੈ।

## ੨੧. ਉਪ੍ਰੋਕਤ ਹੀ ਗਿਣਤੀ

**੧. ਕੇਤੜਿਆਂ ਖੁਸ਼ਬੋਇਦਾਰ**
**ਕੇਤੜਿਆਂ ਰੰਗਰੇਜ਼ ਰੰਗੋਲੀ।**
**੨. ਕਿਤੜੇ ਮੇਵੇਦਾਰ ਹਨ**
**ਹੁਡਕ ਹੁਡਕੀਏ ਲੋਲਣ ਲੋਲੀ।**
**੩. ਖ਼ਿਜ਼ਮਤਗਾਰ ਖਵਾਸ ਲਖ**
**ਗੋਲੰਦਾਜ਼ ਤੋਪਚੀ ਤੋਲੀ।**
**੪. ਕੇਤੜਿਆਂ ਤਹਵੀਲਦਾਰ**
**ਮੁਸ਼ਰਫਦਾਰ ਦਾਰੋਗੇ ਓਲੀ।**
**੫. ਕੇਤੜਿਆਂ ਕਿਰਸਾਣ ਹੋਇ**
**ਕਰ ਕਿਰਸਾਣੀ ਅਤੁਲ ਅਤੋਲੀ।**
**੬. ਮੁਸਤੌਫੀ ਬ੍ਰਤਾਤ ਲੱਖ**
**ਮੀਰਸ਼ਾਮੇ ਬਖਸ਼ੀ ਕੌਲ ਕੌਲੀ।**
**੭. ਕੇਤੜਿਆਂ ਦੀਵਾਨ ਹੋਇ**
**ਕਰਨ ਕਰੋੜੀ ਮੁਲਕ ਢੰਢੋਲੀ।**
**੮. ਰਤਨ ਪਦਾਰਥ ਮੋਲ ਅਮੋਲੀ ॥੨੧॥**

*ਪਦ ਅਰਥ :* ਰੰਗਰੇਜ਼—ਲਿਲਾਰੀ, ਕੱਪੜੇ ਰੰਗਣ ਵਾਲਾ। ਹੁਡਕ ਹੁਡਕੀਏ—ਸ਼ਰਤਾਂ ਲਾਉਣ ਵਾਲੇ। ਲੋਲਣ—ਚੰਚਲ, ਸੁੰਦਰ। ਲੋਲੀ—ਪਾਤਸ਼ਾਹੀ ਦਰਬਾਰੀ ਵੇਸਵਾ। ਖਵਾਸ—ਦਰਬਾਰੀ ਅਮੀਰ, ਕਿਸੇ ਵੱਡੇ ਆਦਮੀ ਦੀ ਟਹਿਲਣ, ਰਾਖਵੀਂ ਗੋਲੀ। ਗੋਲੰਦਾਜ਼ ਤੋਪਚੀ—ਤੋਪਾਂ ਦੇ ਗੋਲੇ ਮਾਰਨ ਵਾਲੇ। ਤੋਲੀ—ਤੋਲਣ ਵਾਲੇ, ਮੋਦੀ।

ਤਹਵੀਲਦਾਰ—ਰੋਕੜ ਰਖਣ ਵਾਲਾ, ਖ਼ਜਾਨਚੀ। ਮੁਸ਼ਰਫਦਾਰ—ਇਨਸਪੈਕਟਰ, ਕਿਸੇ ਕੰਮ ਦੀ ਨਿਗਰਾਨੀ ਦਾ ਅਫ਼ਸਰ। ਓਲੀ—ਅਲੂਫਾ ਅਰਥਾਤ ਰਸਦ ਦੇਣ ਵਾਲਾ। ਮੁਸਤੌਫੀ—ਵੱਡਾ ਕਾਗਤੀ, ਲੇਖੇ ਦੀ ਪੜਤਾਲ ਕਰਨ ਵਾਲਾ। ਬੂਤਾਤ—ਘਰੋਗੀ ਖ਼ਰਚਾਂ ਦਾ ਲੇਖੇਦਾਰ। ਮੀਰਸ਼ਾਮੇ-ਖ਼ੁਸ਼ਬੂਦਾਰ ਚੀਜ਼ਾਂ (ਅਤਰ ਆਦਿਕਾਂ) ਦਾ ਪਾਤਸ਼ਾਹੀ ਅਫਸਰ। ਬਖ਼ਸ਼ੀ—ਸੈਨਾਪਤੀ। ਕੋਲ—ਪਹਾੜੀ ਕੌਮ। ਕੋਲੀ—ਜੁਲਾਹੇ। ਕੋਲ ਕੋਲੀ—ਇਕ ਮੁਗਲ ਜਾਤੀ। ਦੀਵਾਨ—ਪਾਤਸ਼ਾਹੀ ਆਮਦਨ ਦਾ ਪ੍ਰਬੰਧਕ ਵਜ਼ੀਰ।

*ਅਰਥ :*

ਇਸ ਪਉੜੀ ਅੰਦਰ ਭੀ ਉਸੇ ਸਿਰਜਨਹਾਰ ਦੀ ਬੇਅੰਤ ਸਿਰਜਨਾ ਦਾ ਜ਼ਿਕਰ ਅੰਕਤ ਕਰਦੇ ਹਨ ਕਿ ਹੇ ਭਾਈਓ! ਜਿਧਰ ਵੀ ਤੱਕਦੇ ਹਾਂ ਉਧਰ ਹੀ :

(੧) ਕਿੰਨੇ ਹੀ ਅੱਤਾਰ (ਗਾਂਧੀ) ਰੇਸ਼ਮ ਰੰਗਣ ਵਾਲੇ, ਅਤੇ ਲਿਲਾਰੀ ਰੰਗਰੇਜ਼ ਕੱਪੜੇ ਰੰਗਣ ਵਾਲੇ ਹਨ।

(੨) ਕਿੰਨੇ ਮੇਵਾ ਵੇਚਣ ਵਾਲੇ, ਜ਼ਿੱਦੀ (ਸ਼ਰਤਾਂ ਬੰਨ੍ਹ ਕੇ ਸੌਦੇ ਕਰਨ ਵਾਲੇ) ਤੇ ਚੰਚਲ ਵੇਸਵਾ ਹਨ।

(੩) ਕਿੰਨੇ ਹੀ ਘਰੇਲੂ ਖਿਦਮਤਗਾਰ (ਦਾਸ ਤੇ ਦਾਸੀਆਂ) ਹਨ, ਲੱਖਾਂ ਤੋਪਾਂ ਚਲਾਉਣ ਵਾਲੇ ਤੋਪਚੀ ਹਨ।

(੪) ਕਿੰਨੇ ਹੀ ਤਹਵੀਲਦਾਰ (ਤੋਲ ਤੋਲਣ ਵਾਲੇ) ਤੇ ਅਨੇਕਾਂ ਹੀ ਨਿਗਰਾਨ ਦਰੋਗੇ ਤੇ ਚਪੜਾਸੀ ਆਦਿਕ ਹਨ।

(੫) ਕਿੰਨੇ ਹੀ ਜ਼ਿਮੀਂਦਾਰ (ਕਿਰਸਾਣ ਹਲ ਵਾਹਕ) ਹਨ, ਜੋ ਕਿਸੇ ਤੋਲ ਵਿਚ ਨਾ ਆ ਸੱਕਣ ਵਾਲੀ ਧਰਤੀ ਨੂੰ ਵਾਹੁੰਦੇ ਤੇ ਗੋਡਦੇ ਹਨ।

(੬) ਕਿਤਨੇ ਹੀ ਮੁਸਤੌਫੀ (ਹਿਸਾਬ ਤੇ ਪੜਤਾਲ ਕਰਨ ਵਾਲੇ) ਤੇ ਲੱਖਾਂ ਹੀ ਘਰਾਂ ਦਾ ਹਿਸਾਬ ਕਿਤਾਬ ਰਖਣ ਵਾਲੇ (ਬੂਤਾਤ) ਹਨ, ਲੱਖਾਂ ਹੀ ਖ਼ੁਸ਼ਬੂਆਂ ਖਿਲਾਰਨ ਵਾਲੇ (ਰਾਜ ਮਹੱਲਾਂ ਵਿਚ ਹਨ), ਲੱਖਾਂ ਹੀ ਸੈਨਾਪਤੀ (ਜਰਨੈਲ) ਤੇ ਲੱਖਾਂ ਹੀ ਜਾਨਵਰਾਂ ਦੇ ਪਾਲੀ ਤੇ ਵਾਗੀ ਕੋਲ ਕੋਲੀ ਹਨ।

(੭) ਅਨੇਕਾਂ ਹੀ (ਦੀਵਾਨ) ਖ਼ਜਾਨਚੀ ਬਣ ਕੇ ਕਰੋੜਾਂ ਮੁਲਕਾਂ ਦੇ ਮਾਮਲਿਆਂ ਨੂੰ ਦੇਖਦੇ ਪੜਤਾਲਦੇ ਹਨ।

(੮) ਅਨੇਕਾਂ ਹੀ ਰਤਨਾਂ ਵਰਗੇ ਪਦਾਰਥ, ਜਿਨ੍ਹਾਂ ਦਾ ਮੁੱਲ ਨਹੀਂ ਪੈ ਸਕਦਾ (ਬਾਦਸ਼ਾਹੀ ਖ਼ਜਾਨਿਆਂ ਵਿਚ ਜਮ੍ਹਾ) ਹਨ।੨੧।

***ਭਾਵਾਰਥ :*** ਉਸ ਪ੍ਰਭੂ ਦੀ ਰਚਨਾ ਨੂੰ ਕਿਸੇ ਭੀ ਸਿਆਣੇ ਵਿਚ ਸਮਰੱਥਾ ਨਹੀਂ ਕਿ ਉਸਦੀ ਸਹੀ ਰੂਪ ਵਿਚ ਗਿਣਤੀ ਕਰ ਸੱਕੇ ਆਖ਼ਰ ਇਉਂ ਹੀ ਕਹਿਣਾ ਬਣਦਾ ਹੈ ਕਿ ਹੇ ਪ੍ਰਭੂ! ਤੂੰ ਬੇਅੰਤ ਹੈਂ, ਬੇਅੰਤ ਹੈਂ, ਬੇਅੰਤ ਹੈਂ। ਬਾਣੀ ਵਿਚੋਂ ਭੀ ਸਾਨੂੰ ਇਹੋ ਫ਼ੁਰਮਾਨ ਪੜ੍ਹਨ ਵਿਚ ਆਉਂਦਾ ਹੈ ਕਿ :

ਬੇਅੰਤ ਅੰਤੁ ਨ ਜਾਇ ਪਾਇਆ
ਗਹੀ ਨਾਨਕ ਚਰਣ ਸਰਨ ॥੪॥ *(ਪੰਨਾ ੪੫੮)*

## ੨੨. ਪਿਛਲਾ ਹੀ ਪ੍ਰਕਰਣ

**੧. ਕੇਤੜਿਆਂ ਹੀ ਜਉਹਰੀ**
**ਲੱਖ ਸਰਾਫ ਬਜਾਜ਼ ਵਪਾਰੀ।**
**੨. ਸਉਦਾਗਰ ਸਉਦਾਗਰੀ**
**ਗਾਂਧੀ ਕਾਸੇਰੇ ਪਾਸਾਰੀ।**
**੩. ਕੇਤੜਿਆਂ ਪਰਚੂਨੀਏ**
**ਕੇਤੜਿਆਂ ਦਲਾਲ ਬਜ਼ਾਰੀ।**
**੪. ਕੇਤੜਿਆਂ ਸਿਕਲੀਗਰਾਂ**
**ਕਿਤੜੇ ਲੱਖ ਕਮੱਗਰ ਕਾਰੀ।**
**੫. ਕੇਤੜਿਆਂ ਕੁਮ੍ਹਿਆਰ ਲੱਖ**
**ਕਾਗਦ ਕੁੱਟ ਘਣੇ ਲੂਣਾਰੀ।**
**੬. ਕਿਤੜੇ ਦਰਜ਼ੀ ਧੋਬੀਆਂ**
**ਕਿਤੜੇ ਜ਼ਰ ਲੋਹੇ ਸਿਰ ਹਾਰੀ।**
**੭. ਕਿਤੜੇ ਭੜਭੂੰਜੇ ਭਠਿਆਰੀ ॥੨੨॥**

***ਪਦ ਅਰਥ :*** ਪਰਚੂਨੀਏ—ਥੋਕ ਵਾਲਿਆਂ ਤੋਂ ਮਾਲ ਕੱਠਾ ਲੈ ਕੇ ਥੋੜ੍ਹਾ ਥੋੜ੍ਹਾ ਵੇਚਣ ਵਾਲੇ। ਸਿਕਲੀਗਰਾਂ—ਹਥਿਆਰ ਘੜਨ ਵਾਲੇ, ਮੁਰੰਮਤ ਤੇ ਸਾਫ਼ ਕਰਨ ਵਾਲੇ, ਲੋਹੇ ਪਰ ਜਿਲਾ ਕਰਨ ਵਾਲੇ। ਕਮੱਗਰ—ਕਮਾਣਾਂ ਘੜਨ ਵਾਲੇ। ਲੂਣਾਰੀ—ਲੂਣ ਮਸਾਲਾ ਵੇਚਣ ਵਾਲੇ। ਜ਼ਰ ਲੋਹੇ ਸਿਰ ਹਾਰੀ—ਮੁਲੱਮਾਂ ਕਰਨ ਵਾਲੇ, ਸੋਨਾ ਲੋਹੇ ਤੇ ਚੜ੍ਹਾਉਣ ਵਾਲੇ। ਸਿਰ ਹਾਰੀ—ਨਕਲੀ ਸੋਨਾ ਬਨਾਉਣ ਵਾਲੇ।

*ਅਰਥ :*

(੧) ਕਿੰਨੇ ਜਵਾਹਰੀ, ਲੱਖਾਂ ਸਰਾਫ਼ ਤੇ ਬਜਾਜ਼ ਵਪਾਰੀ ਹਨ।

(੨) ਸੁਦਾਗਰ ਸੁਦਾਗਰੀ ਕਰਦੇ ਹਨ, ਅਤਾਰ, ਭਾਂਡੇ ਵੇਚਣ ਵਾਲੇ ਤੇ ਪੰਸਾਰੀ ਹਨ।

(੩) ਕਿੰਨੇ ਪਰਚੂਨੀਏ ਕਿੰਨੇ ਬਜ਼ਾਰਾਂ ਦੇ ਦਲਾਲ ਹਨ।
(੪) ਕਿਤਨੇ ਹਥਿਆਰਾਂ ਦੇ ਘੜਨ ਵਾਲੇ ਕਿਤਨੇ ਕਮਾਨਗਰ ਕਾਰੀ (ਸਿਆਣੇ) ਹਨ।
(੫) ਕਿਤਨੇ ਕੁਮ੍ਹਿਆਰ ਹਨ, ਲੱਖਾਂ ਕਾਗਦ ਕੁੱਟ, ਬਥੇਰੇ ਲੁਣਾਰੇ ਹਨ।
(੬) ਕਿਤਨੇ ਹੀ ਦਰਜ਼ੀ ਤੇ ਕਿਤਨੇ ਹੀ ਧੋਬੀ ਹਨ, ਕਈ ਲੋਹੇ ਤੇ ਸੋਨੇ ਦਾ ਕੰਮ ਕਰਨ ਵਾਲੇ ਹਨ।
(੭) ਕਿਤਨੇ ਹੀ ਭੜਭੂੰਜੇ (ਦਾਣੇ ਭੁੰਨਣ ਵਾਲੇ) ਤੇ ਕਈ ਭਠਿਹਾਰੀਆਂ (ਦਾਣੇ ਭੁੰਨਣ ਵਾਲੀਆਂ) ਹਨ।੨੨।

***ਭਾਵਾਰਥ :*** ਉਸ ਪ੍ਰਭੂ ਦੀ ਸੂਖਮ ਤੇ ਅਸਥੂਲ ਸੰਪੂਰਨ ਰਚਨਾ ਤਾਂ ਬਿਆਨੀ ਨਹੀਂ ਜਾ ਸਕਦੀ, ਪਰ ਭਾਈ ਸਾਹਿਬ ਇਨ੍ਹਾਂ ਚੰਦ ਪਉੜੀਆਂ ਅੰਦਰ ਨਾਮ-ਮਾਤ੍ਰ ਜ਼ਿਕਰ ਕਰਦੇ ਹਨ, ਜੋ ਕਿ ਸਾਡੇ ਦ੍ਰਿਸ਼ਟੀ ਗੋਚਰ ਹਨ; ਪਰ ਸੰਪੂਰਨ ਰਚਨਾ ਨੂੰ ਤਾਂ ਅੰਕਤ ਕੀਤਾ ਹੀ ਨਹੀਂ ਜਾ ਸਕਦਾ।

## ੨੩. ਉਪ੍ਰੋਕਤ ਹੀ ਪ੍ਰਕਰਣ

**੧. ਕੇਤੜਿਆਂ ਕਾਰੂੰਜੜੇ**
**ਕੇਤੜਿਆਂ ਦਬਗਰ ਕਸਾਈ।**
**੨. ਕੇਤੜਿਆਂ ਮੁਨਿਆਰ ਲੱਖ**
**ਕੇਤੜਿਆਂ ਚਮਿਆਰ ਅਰਾਂਈ।**
**੩. ਭੰਗਹੇਰੇ ਹੋਏ ਕੇਤੜੇ**
**ਬਗਨੀਗਰਾਂ ਕਲਾਲ ਹਵਾਈ।**
**੪. ਕਿਤੜੇ ਭੰਗੀ ਪੋਸਤੀ**
**ਅਮਲੀ ਸੋਫੀ ਘਣੀ ਲੁਕਾਈ।**
**੫. ਕੇਤੜਿਆਂ ਕਹਾਰ ਲੱਖ**
**ਗੁੱਜਰ ਲੱਖ ਅਹੀਰ ਗਣਾਈ।**
**੬. ਕਿਤੜੇ ਹੀ ਲੱਖ ਚੂਹੜੇ**
**ਜਾਤਿ ਅਜਾਤਿ ਸਨਾਤ ਅਲਾਈ।**
**੭. ਨਾਂਵ ਥਾਂਵ ਲੱਖ ਕੀਮ ਨ ਪਾਈ॥੨੩॥**

***ਪਦ ਅਰਥ :*** ਕਾਰੂੰਜੜੇ—ਸਬਜ਼ੀ ਵੇਚਣ ਵਾਲੇ। ਦਬਗਾਰ—ਕੁੱਪੇ ਬਣਾਉਣ ਵਾਲੇ। ਬਗਨੀਗਰਾਂ—ਵੰਗਾਂ ਬਣਾਉਣ ਵਾਲੇ। ਗੁੱਜਰ ਤੇ ਅਹੀਰ—ਦੋਵੇਂ ਦੁੱਧ ਵੇਚਣ ਵਾਲੇ ਹਨ, ਪਹਿਲੇ ਅਕਸਰ ਮੁਸਲਮਾਨ, ਦੂਸਰੇ ਹਿੰਦੂ ਹੁੰਦੇ ਹਨ।

***ਅਰਥ :***

(੧) ਕਿਤਨੇ ਕਰੂੰਜੜੇ, ਕਿਤਨੇ ਦਬਗਾਰ ਤੇ ਕਸਾਈ ਹਨ।
(੨) ਕਿੰਨੇ ਮੁਨਿਆਰ ਕਿੰਨੇ ਲੱਖ ਚਮਿਆਰ ਤੇ ਅਰਾਈ ਹਨ।
(੩) ਕਿਤਨੇ ਭੰਗ ਵੇਚਣ ਵਾਲੇ, ਕਿੰਨੇ ਵੰਗਾਂ ਬਣਾਉਣ ਵਾਲੇ, ਸ਼ਰਾਬ ਵੇਚਣ ਵਾਲੇ ਅਤੇ ਹਲਵਾਈ।
(੪) ਕਿਤਨੇ ਭੰਗੀ, ਪੋਸਤੀ, ਨਸ਼ਈ ਤੇ ਨਾ ਪੀਣ ਵਾਲੀ ਭੀ ਬਹੁਤ ਲੁਕਾਈ ਹੈ।
(੫) ਕਿੰਨੇ ਹੀ ਕਹਾਰ (ਮਹਿਰੇ) ਲੱਖਾਂ ਗੁੱਜਰ ਤੇ ਅਹੀਰ ਗਿਣੀਦੇ ਹਨ।
(੬) ਕਿੰਨੇ ਲੱਖ ਚੂਹੜੇ, ਜਾਤੀ ਤੇ ਅਜਾਤੀ (ਅਛੂਤ) ਆਦਿ ਮਹਾਂ ਨੀਚ ਜਾਤੀ ਦੇ ਕਹੇ ਜਾਂਦੇ ਹਨ। (ਚਾਰ ਵਰਣਾਂ ਦੇ) ਕਿਤਨੇ ਚਾਰ ਵਰਣਾਂ ਤੋਂ (ਬਾਹਰ) ਕਿਤਨੇ ਚੰਡਾਲ ਕਹੀਦੇ ਹਨ।
(੭) ਨਾਉਂ ਤੇ ਥਾਉਂ ਲੱਖਾਂ ਹਨ, (ਜੋ) ਗਿਣੇ ਨਹੀਂ ਜਾਂਦੇ।੨੩।

***ਭਾਵਾਰਥ :*** ਉਪ੍ਰੋਕਤ ਪਉੜੀਆਂ ਵਿਚ ਉਸ ਕਾਦਰ ਦੀ ਕੁਦਰਤ ਰਾਹੀਂ ਰਚੀ ਗਈ ਇਹ ਸੰਸਾਰਕ ਰਚਨਾ ਵਿਚੋਂ ਭਾਈ ਸਾਹਿਬ ਜੀ ਨੇ ਬਹੁਤ ਸਾਰੀ ਜਾਣਕਾਰੀ ਕਰਵਾਈ ਹੈ, ਇਸ ਵਿਚ ਜੋ ਭਿੰਨ ਭਿੰਨ ਜਾਤ ਅਜਾਤ ਤੇ ਵਰਣ ਅਵਰਣਾਂ ਦਾ ਜ਼ਿਕਰ ਕੀਤਾ ਹੈ ਇਹ ਸਾਨੂੰ ਇਉਂ ਨਹੀਂ ਅਨੁਭਵ ਕਰਨਾ ਚਾਹੀਦਾ ਕਿ ਇਹ ਵਰਣ ਵੰਡ ਸ਼ਾਇਦ ਭਾਈ ਸਾਹਿਬ ਜੀ ਨੇ ਆਪਣੇ ਵਲੋਂ ਕੀਤੀ ਹੈ ਕਿਉਂਕਿ ਆਪ ਜੀ ਤਾਂ ਪੂਰਨ ਤੌਰ ਪਰ ਗੁਰਮੱਤ ਦੇ ਹੀ ਹਾਮੀ ਸਨ ਅਤੇ ਉਸੇ ਸਹੀ ਗੁਰਮੱਤ ਦਾ ਬਨਾਰਸ ਆਦਿ ਦੇ ਪੰਡਿਤਾਂ ਦੇ ਗੜ੍ਹ ਵਿਚ ਪੁੱਜ ਕੇ ਗੱਜ ਵੱਜ ਕੇ ਪ੍ਰਗਟਾਵਾ ਕਰਦੇ ਰਹੇ। ਕਿਉਂਕਿ ਉਨ੍ਹਾਂ ਦਾ ਪੂਰਨ ਨਿਸਚਾ ਸੀ ਕਿ ਉਸ ਰੱਬ ਵਲੋਂ ਕੇਵਲ ਇਕੋ ਹੀ ਮਨੁੱਖ ਜਾਤੀ ਨੂੰ ਰਚਿਆ ਗਿਆ ਹੈ, ਬਾਕੀ ਜੋ ਭੀ ਇਕ ਜਾਤੀ ਵਿਚ ਵਰਣ ਵੰਡ ਕੀਤੀ ਗਈ ਹੈ ਇਹ ਸਾਰੀ ਬ੍ਰਾਹਮਣ-ਵਾਦ ਹੈ, ਜਿਸਦੇ ਨਾਲ ਗੁਰਮੱਤ ਸਹਿਮਤ ਨਹੀਂ ਕਿਉਂਕਿ ਵਖੋ ਵੱਖ ਕਿਰਤ ਕਰਨ ਵਾਲਿਆਂ ਦੀ ਉਸ ਵੇਲੇ ਜੋ ਸੰਗਿਆ ਸੀ, ਜਿਸ ਨੂੰ ਬ੍ਰਾਹਮਣ ਨੇ ਜਾਤ ਅਜਾਤ ਵਿਚ ਤਕਸੀਮ ਕਰ ਦਿੱਤਾ ਉਸ ਵੇਲੇ ਦੀ ਪ੍ਰਚੱਲਤ ਭਾਸ਼ਾ ਨੂੰ ਮੁਖ ਰਖਦਿਆਂ ਭਾਈ ਸਾਹਿਬ ਜੀ ਨੇ ਉਪ੍ਰੋਕਤ ਪਉੜੀਆਂ ਵਿਚ ਇਸ਼ਾਰਾ ਕੀਤਾ ਹੈ। ਭਾਈ ਸਾਹਿਬ ਆਪ ਵਰਣ ਵੰਡ ਦੇ ਹਾਮੀ ਨਹੀਂ ਸਨ।

## ੨੪. ਗੁਰਮੁਖਾਂ ਦੀ ਵਡਿਆਈ

੧. ਉੱਤਮ ਮੱਧਮ ਨੀਚ ਲੱਖ
ਗੁਰਮੁਖਿ ਨੀਚਹੁ ਨੀਚ ਸਦਾਏ।
੨. ਪੈਰੀਂ ਪੈ ਪਾ ਖਾਕ ਹੋਇ
ਗੁਰਮੁਖ ਗੁਰਸਿਖ ਆਪ ਗਵਾਏ।
੩. ਸਾਧਸੰਗਤਿ ਭਉ ਭਾਉ ਕਰਿ
ਸੇਵਕ ਸੇਵਾ ਕਾਰ ਕਮਾਏ।
੪. ਮਿੱਠਾ ਬੋਲਣ ਨਿਵ ਚੱਲਣੁ
ਹੱਥਹੁੰ ਦੇ ਕੇ ਭਲਾ ਮਨਾਏ।
੫. ਸ਼ਬਦ ਸੁਰਤਿ ਲਿਵਲੀਣ ਹੋਇ।
ਦਰਗਹ ਮਾਣ ਨਿਮਾਣਾ ਪਾਏ।
੬. ਚੱਲਣ ਜਾਣ ਅਜਾਣ ਹੋਇ
ਆਸਾ ਵਿੱਚ ਨਿਰਾਸ ਵਲਾਏ।
੭. ਗੁਰਮੁਖ ਸੁਖ ਫਲ ਅਲਖ ਲਖਾਏ ॥੨੪॥੮॥

***ਪਦ ਅਰਥ :*** ਭਉ—ਅਦਬ ਵਾਲਾ ਡਰ। ਭਾਉ—ਪ੍ਰੇਮ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਵਿਚ ਲੱਖਾਂ ਦੀ ਗਿਣਤੀ ਦੇ ਲੋਕ ਵਸਦੇ ਹਨ, ਪਰ ਬਾਣੀ ਵਿਚ ਵਧੇਰੇ ਉੱਤਮਤਾ ਗੁਰਮੁਖਾਂ ਨੂੰ ਦਿੱਤੀ ਗਈ ਹੈ, ਕਿਉਂ ਜੀ! ਇਨ੍ਹਾਂ ਵਿਚ ਖ਼ਾਸ ਵਿਸ਼ੇਸ਼ਤਾ ਕੀ ਹੈ?

(੧) ਉ: ਹੇ ਭਾਈਓ! (ਸੰਸਾਰ ਵਿਚ ਭਾਵੇਂ) ਲੱਖਾਂ ਹੀ ਉੱਤਮ, ਮੱਧਮ ਤੇ ਨੀਚ ਲੋਕ ਹਨ (ਪਰ) ਗੁਰਮੁਖ ਆਪਣੇ ਆਪ ਨੂੰ ਨੀਚ ਤੋਂ ਨੀਚ ਸਦਾਉਂਦਾ ਹੈ (ਭਾਵ ਨਿਰਮਾਣਤਾ ਦਾ ਪੁੰਜ ਹੁੰਦਾ ਹੈ)।

(੨) ਉਹ ਸਤਿਗੁਰੂ ਤੇ ਗੁਰਸਿੱਖਾਂ ਦੇ ਪੈਰੀਂ ਪੈਂਦਾ ਤੇ ਪੈਰਾਂ ਦੀ ਧੂੜੀ ਵਾਂਗ ਬਣ ਕੇ ਗੁਰਮੁਖ ਆਪੇ ਨੂੰ (ਹਉਮੈਂ) ਤਿਆਗ ਦੇਂਦਾ ਹੈ ਤੇ ਗੁਰਮੁਖ ਬਣ ਜਾਂਦਾ ਹੈ।

(੩) ਸਾਧ ਸੰਗਤ ਦਾ (ਸਤਿਕਾਰ ਭਰੇ ਡਰ) ਪ੍ਰੇਮ ਨਾਲ ਸੇਵਕ ਬਣ ਸੇਵਾ ਕਰਦਾ ਹੈ।

(੪) ਮਿੱਠਾ ਬੋਲਦਾ ਹੈ ਨਿਵ ਕੇ (ਹੰਕਾਰ ਤੇ ਹਉਮੈਂ ਛੱਡ ਕੇ) ਚਲਦਾ ਹੈ (ਕਿਸੇ ਤੋਂ ਕੁੱਝ ਲੈਂਦਾ ਨਹੀਂ; ਸਗੋਂ) ਹਥੋਂ ਦੇ ਕੇ ਭਲਾ ਮਨਾਉਂਦਾ ਹੈ।

(੫) ਸ਼ਬਦ ਵਿਚ ਸੁਰਤ ਜੋੜ ਕੇ, ਲਿਵ ਲਾ ਕੇ ਲੀਨ ਹੋ ਜਾਂਦਾ (ਤੇ ਸਭ ਮਾਣਾਂ ਤੋਂ) ਨਿਮਾਣਾ ਹੋ ਕੇ ਦਰਗਾਹ ਵਿਚ ਮਾਣ ਪਾਉਂਦਾ ਹੈ।

(੬) (ਸੰਸਾਰ ਤੋਂ) ਚਲਣਾ ਸੱਚ ਜਾਣ ਕੇ (ਸੰਸਾਰੀ ਸਿਆਣਪਾਂ ਨੂੰ ਛੱਡ ਕੇ) ਅਨਜਾਣ ਬਣ ਕੇ ਜ਼ਿੰਦਗੀ ਦੇ ਦਿਨ ਗੁਜ਼ਾਰਦਾ ਹੈ, ਭਾਵ ਆਸਾ ਵਿਚ ਹੀ ਨਿਰਾਸ ਹੋ ਕੇ ਰਹਿੰਦਾ ਹੈ।

(੭) (ਇਸ ਤਰ੍ਹਾਂ) ਗੁਰਮੁਖ ਨੇ ਸੁਖ ਫਲ ਜੋ ਅਲੱਖ (ਜਾਣੇ ਜਾਣ ਵਾਲਾ ਨਹੀਂ) ਨੂੰ ਲਖ (ਜਾਣ) ਲਿਆ ਹੈ।੨੪।੮।

***ਭਾਵਾਰਥ :*** ਪਿਛੇ ਕਹੇ ਜਾਤ, ਵਰਣ, ਇਹ ਤਮਾਮ ਰੋਗ ਮਾਨਸਕ, ਮਜ਼ਹਬ ਆਦਿ ਭੇਦਾਂ ਕਰਕੇ ਹਨ, ਉਂਝ ਮਨੁੱਖ-ਮਾਤ੍ਰ ਵਿਚ ਕੋਈ ਭਿੰਨ ਭੇਦ ਨਹੀਂ, ਕਿਉਂਕਿ ਗੁਰਮੱਤ ਨੇ ਕਿਸੇ ਦੀ ਜਾਤ ਨੂੰ ਉੱਚਾ ਨੀਵਾਂ ਨਹੀਂ ਮੰਨਿਆ, ਸਗੋਂ ਜੋ ਜਾਤੀ ਦਾ ਭੇਦ ਮੰਨਣ ਵਾਲੇ ਹਨ ਉਨ੍ਹਾਂ ਨੂੰ ਮੂਰਖਾਂ ਦੀ ਲਿਸਟ ਵਿਚ ਗਿਣਿਆ ਹੈ। ਹਜ਼ੂਰ ਨੇ ਤਾਂ ਉਨ੍ਹਾਂ ਨੂੰ ਬੜੇ ਸਖ਼ਤ ਸ਼ਬਦਾਂ ਦੁਆਰੇ ਤਾੜਨਾ ਕੀਤੀ ਹੈ ਕਿ ਹੇ ਜਾਤ ਅਭਿਮਾਨੀ :

> ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
> ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥
> ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
> ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥
> *(ਰਾਗੁ ਭੈਰਉ, ਮ: ੩, ਪੰਨਾ ੧੧੨੭)*

ਕਬੀਰ ਜੀ ਨੇ ਤਾਂ ਹੋਰ ਭੀ ਸਖ਼ਤ ਸ਼ਬਦਾਂ ਰਾਹੀਂ ਤਾੜਨਾ ਕਰੀ ਹੈ, ਜਿਵੇਂ ਕਿ :

> ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
> ਤਉ ਆਨ ਬਾਟ ਕਾਹੇ ਨਹੀ ਆਇਆ ॥੨॥
> *(ਪੰਨਾ ੩੨੪)*

(ਅੱਠਵੀਂ ਵਾਰ ਸਮਾਪਤ)

# ਵਾਰ ੬

ੴ ਸਤਿਗੁਰ ਪ੍ਰਸਾਦਿ॥

## ੧. ਗੁਰ ਸ਼ਬਦ ਤੇ ਸਤਿ ਸੰਗਤ ਦੀ ਮਹਾਨਤਾ

**੧. ਗੁਰ ਮੂਰਤਿ ਪੂਰਨ ਬ੍ਰਹਮ**
**ਅਬਿਗਤਿ ਅਬਿਨਾਸੀ।**
**੨. ਪਾਰਬ੍ਰਹਮ ਗੁਰ ਸ਼ਬਦ ਹੈ**
**ਸਤਿਸੰਗਿ ਨਿਵਾਸੀ।**
**੩. ਸਾਧ ਸੰਗਤ ਸਚਖੰਡ ਹੈ**
**ਭਾਉ ਭਗਤਿ ਅਭਯਾਸੀ।**
**੪. ਚਹੁੰ ਵਰਨਾਂ ਉਪਦੇਸ਼ ਕਰ**
**ਗੁਰਮਤਿ ਪਰਗਾਸੀ।**
**੫. ਪੈਰੀਂ ਪੈ ਪਾ-ਖਾਕ ਹੋਇ**
**ਗੁਰਮੁਖ ਰਹਰਾਸੀ।**
**੬. ਮਾਯਾ ਵਿਚ ਉਦਾਸ ਗਤਿ**
**ਹੋਇ ਆਸ ਨਿਰਾਸੀ॥੧॥**

*ਪਦ ਅਰਥ :* ਅਬਿਗਤਿ—ਗਤੀ ਤੋਂ ਰਹਿਤ। ਅਬਿਨਾਸੀ—ਨਾਸ ਰਹਿਤ। ਪੂਰਨ ਬ੍ਰਹਮ—ਸਰਗੁਨ ਸਰੂਪ। ਰਹਰਾਸੀ—ਸਿੱਧੇ ਰਸਤੇ ਦੇ ਤਰਾਉ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਗੁਰੂ ਦੇ ਸਰੂਪ ਬਾਰੇ ਕਿਵੇਂ ਅਨੁਭਵ ਕਰਦੇ ਹੋ, ਕੀ ਆਪਣਾ ਨਿਸਚਾ ਦਰਸਾਓਗੇ?

ਉ: ਹੇ ਭਾਈਓ! ਸਤਿਗੁਰੂ ਦੀ ਬਾਣੀ ਦੀ ਖੋਜ ਕਰਦਿਆਂ ਮੈਨੂੰ ਤਾਂ ਇਹੋ ਨਿਸਚਾ ਹੋਇਆ ਹੈ ਕਿ :

(੧) ਗੁਰੂ ਸਾਹਿਬ ਜੀ ਦਾ ਜ਼ਾਹਰਾ ਸਰੂਪ ਪੂਰਨ ਬ੍ਰਹਮ ਹੈ, ਜੋ ਗਤੀ (ਹਾਲਾਤ) ਤੋਂ ਰਹਿਤ ਤੇ ਨਾਸ ਰਹਿਤ (ਪ੍ਰਭੂ) ਹੈ।

(੨) (ਹੇ ਪਿਆਰੇ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਉਸ) ਪਾਰਬ੍ਰਹਮ (ਪ੍ਰਭੂ) ਦਾ ਨਿਰਗੁਣ ਸਰੂਪ ਗੁਰ ਸ਼ਬਦ ਹੈ ਜਿਸਦਾ ਨਿਵਾਸ ਸਾਧ ਸੰਗਤ ਵਿਚ ਹੈ।

ਪ੍ਰ: ਕਿਉਂ ਜੀ! ਆਪ ਜੀ ਸਹੀ ਰੂਪ ਵਿਚ ਸਾਧ ਸੰਗਤ ਕਿਸਨੂੰ ਮੰਨਦੇ ਹੋ?

(੩) ਉ: ਹੇ ਭਾਈਓ! ਪ੍ਰੇਮਾ-ਭਗਤੀ ਕਰਨ ਵਾਲੇ ਅਭਿਆਸੀਆਂ (ਗੁਰਮੁਖਾਂ) ਦੇ ਸਮੂਹ ਦਾ ਨਾਉਂ ਹੀ ਸਾਧ ਸੰਗਤ ਹੈ, ਜੋ ਸੱਚ-ਖੰਡ ਦਾ ਰੂਪ ਹੈ।

(੪) (ਜਿਥੇ) ਚਹੁੰ ਵਰਨਾਂ ਨੂੰ (ਜਾਤ ਭੇਦ ਛੱਡ ਕੇ) ਉਪਦੇਸ਼ ਨਾਲ ਗੁਰਮਤ ਦਾ ਪ੍ਰਗਾਸ ਹੁੰਦਾ ਹੈ।

(੫) (ਜਿਸ ਟਕਸਾਲ ਵਿਖੇ ਜਗਜਾਸੂ) ਪੈਰੀਂ ਪੈ ਕੇ, ਪੈਰਾਂ ਦੀ ਖ਼ਾਕ ਹੋ ਕੇ ਸਿੱਧੇ ਰਸਤੇ ਦਾ ਤਰਾਉ ਗੁਰਮੁਖ ਹੋ ਜਾਂਦੇ ਹਨ।

ਪ੍ਰ: ਕਿਉਂ ਜੀ! ਉਨ੍ਹਾਂ ਗੁਰਮੁਖਾਂ ਦੀ ਪਛਾਣ ਕੀ ਹੈ?

(੬) ਉ: ਹੇ ਭਾਈ! ਉਹ ਆਸਾ ਤੋਂ ਨਿਰਾਸ ਹੋ ਕੇ, ਮਾਯਾ ਦੇ ਵਿਚੇ ਹੀ ਉਦਾਸ ਗਤੀ ਵਾਲੇ (ਹੋ ਕੇ ਵਿਚਰਦੇ ਹਨ)।੧।

*ਭਾਵਾਰਥ :* ਇਸ ਉਪ੍ਰੋਕਤ ਪਉੜੀ ਵਿਚ ਵਾਹਿਗੁਰੂ ਦਾ ਵਰਣਨ ਸਤਿਸੰਗ ਦੇ ਮੰਡਲ ਵਿਚ ਕੀਤਾ ਹੈ, ਅਰ ਇਹ ਵਰਣਨ ਭੀ ਸਿਧਾਂਤ ਕਥਨ ਵਿਚ ਨਹੀਂ, ਪਰ ਹਾਂ ਸਾਧਨ ਪਖ ਵਿਚ ਹੈ। ਸਾਧ ਸੰਗਤ ਜੋ ਹੈ ਸੋ ਇਕ ਸੱਚਖੰਡ ਹੈ, ਸੱਚਖੰਡ ਵਿਚ ਪੂਰਨ ਬ੍ਰਹਮ ਨਿਵਾਸ ਰਖਦਾ ਹੈ। ਇਸ ਸਾਧਨ ਪੱਖ ਦੇ ਸੱਚਖੰਡ ਵਿਚ ਧਿਆਨ, ਪੂਰਨ ਬ੍ਰਹਮ ਤੇ ਸ਼ਬਦ ਪਾਰਬ੍ਰਹਮ ਹੈ, ਏਸ ਧਿਆਨ ਤੇ ਨਾਮ ਦਾ ਪ੍ਰੇਮਾ-ਭਗਤੀ ਨਾਲ ਇਥੇ ਅਭਯਾਸ ਹੁੰਦਾ ਹੈ। ਨਵੇਂ ਆਇਆਂ ਨੂੰ ਬਿਨਾਂ ਲਿਹਾਜ ਜਾਤ ਪਾਤ ਦੇ ਗੁਰਮਤ ਦਾ ਉਪਦੇਸ਼ ਹੁੰਦਾ ਹੈ, ਉਪਦੇਸ਼ ਦੀ ਧਾਰਨਾ, ਨਿੰਮ੍ਰਤਾ ਤੇ ਸਿੱਧੇ

ਰਸਤੇ ਤੁਰਨਾ ਅਮਲੀ ਤੌਰ 'ਤੇ ਹੁੰਦਾ ਹੈ, ਐਉ ਮਾਇਆ ਵਿਚ ਨਿਰਲੇਪ ਹੋ ਕੇ ਗੁਰਮੁਖ ਖੇਡਦੇ ਹਨ।

## ੨. ਗੁਰਸਿੱਖੀ ਦਾ ਮਾਰਗ ਕਠਨ ਹੈ

੧. ਗੁਰਸਿੱਖੀ ਬਾਰੀਕ ਹੈ
ਸਿਲ ਚੱਟਣ ਫਿੱਕੀ।
੨. ਤਿੱਖੀ ਖੰਡੇ ਧਾਰ ਹੈ
ਉਹ ਵਾਲਹੁ ਨਿੱਕੀ।
੩. ਭੂਤ ਭਵਿੱਖਤ ਵਰਤਮਾਨ
ਸਰਿ ਮਿੱਕ ਨਮਿੱਕੀ।
੪. ਦੁਤੀਆ ਨਾਸਤ ਏਤ ਘਰ
ਹੋਇ ਇੱਕਾ ਇੱਕੀ।
੫. ਦੂਆ ਤੀਆ ਵੀਸਰੈ
ਸਣ ਕੱਕਾ ਕਿੱਕੀ।
੬. ਸੱਭੇ ਸਿਕਾਂ ਪਰਹਰੈ
ਸੁਖ ਇੱਕਤੁ ਸਿੱਕੀ ॥੨॥

***ਪਦ ਅਰਥ :*** ਭੂਤ—ਬੀਤ ਗਿਆ ਸਮਾਂ। ਭਵਿੱਖ—ਆਉਣ ਵਾਲਾ ਸਮਾਂ। ਵਰਤਮਾਨ—ਹੁਣ ਦਾ ਸਮਾਂ। ਸਰਿ—ਬਰਾਬਰ। ਮਿੱਕ—ਮੇਚਣਾ। ਨਮਿੱਕੀ—ਨਹੀਂ ਮਿੱਚਿਦਾ। ਦੂਆ—ਦ੍ਵੰਦ। ਤੀਆ—ਤ੍ਰਿਕੁਟੀ। ਕੱਕਾ ਕਿੱਕੀ—ਕਦ, ਕਾਹਨੂੰ, ਕਿੱਥੇ, ਕੀਹ। ਇੱਕਾ ਇੱਕੀ—ਕੇਵਲ ਇਕ ਹੀ। ਸਿਕਾਂ—ਲੋਚਨਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਸਨਾਤਨੀ ਪੁਰਾਤਨ ਪੁਸਤਕਾਂ ਪੜ੍ਹਦੇ ਸੁਣਦੇ ਹਾਂ ਤਾਂ ਉਨ੍ਹਾਂ ਵਿਚੋਂ ਰੱਬੀ ਮਾਰਗ 'ਤੇ ਚਲਣ ਵਾਲੇ ਪਾਂਧੀਆਂ ਨੂੰ ਬੜੇ ਵੱਡੇ ਕਸ਼ਟਾਂ ਦਾ ਟਾਕਰਾ ਕਰਨਾ ਪੈਂਦਾ ਸੀ ਜਿਵੇਂ ਕਿ ਸੈਂਕੜੇ ਸਾਲ ਧੂਣੀਆਂ ਤਾਪਦੇ ਰਹਿਣਾ, ਪੁੱਠੇ ਲਮਕਣਾ, ਜਲ ਧਾਰੇ ਕਰਦੇ ਰਹਿਣਾ ਆਦਿ ਅਨੇਕਾਂ ਸਾਧਨਾਂ ਦੇ ਕਰਦੇ ਰਹਿਣ ਦਾ ਕਸ਼ਟ ਸਹਾਰਨਾ ਪੈਂਦਾ ਸੀ, ਪਰ ਗੁਰੂ ਨਾਨਕ ਪਾਤਸ਼ਾਹ ਜੀ ਨੇ ਜੋ ਸਿੱਖੀ ਦਾ ਮਾਰਗ ਸੁਖੇਨਤਾ ਰੂਪ ਵਿਚ ਆਰੰਭਿਆ ਹੈ ਇਸ ਗੁਰਸਿੱਖੀ ਦੇ ਸੁਖੈਨ ਮਾਰਗ ਪਰ ਵੀ ਵਧੇਰੇ ਲੋਕ ਚਲਦੇ ਨਜ਼ਰ ਨਹੀਂ ਆਉਂਦੇ। ਕਿਉਂ ਜੀ ! ਦਸੋਗੇ ਇਸਦਾ ਅਸਲ ਕਾਰਨ ਕੀ ਹੈ ?

ਉ: ਹੇ ਭਾਈਓ ! ਜਿਸ ਗੁਰਸਿੱਖੀ ਦੇ ਮਾਰਗ ਪਰ ਟੁਰਨਾ ਜਿਤਨਾ ਤੁਸੀਂ ਸੁਖਾਲਾ ਸਮਝਦੇ ਹੋ ਅਸਲ ਵਿਚ ਇਹ ਇਤਨਾ ਸੁਖਾਲਾ ਨਹੀਂ ? ਹਾਂ, ਇਹ ਕਹਿਣ ਸੁਣਨ ਵਿਚ ਤਾਂ ਭਾਵੇਂ ਸੁਖਾਲਾ ਹੀ ਦਿਸਦਾ ਹੈ ਪਰ ਜੋ ਪਾਂਧੀ ਇਸਦਾ ਸਫ਼ਰ ਕਰਦੇ ਹਨ ਇਸ ਦੀ ਬਰੀਕੀ ਦਾ ਅਨੁਭਵ ਉਹੀ ਕਰਦੇ ਹਨ। ਮੈਨੂੰ ਤਾਂ ਗੁਰਬਾਣੀ ਦੀ ਪੜਚੋਲ ਕਰਦਿਆਂ ਇਹੋ ਨਜ਼ਰ ਆਇਆ ਹੈ ਕਿ ਇਹ ਗੁਰਸਿੱਖੀ ਮਾਰਗ ਜਿਸਨੂੰ ਭਗਤੀ ਮਾਰਗ ਭੀ ਬਾਣੀ ਵਿਚ ਕਿਹਾ ਗਿਆ ਹੈ, ਇਸ ਪਰ ਸਫ਼ਰ ਕਰਨਾ ਬੜਾ ਔਖਾ ਹੈ ਇਸ ਦਾ ਜ਼ਿਕਰ ਬਾਣੀ ਵਿਚ ਕਈ ਥਾਵਾਂ ਤੇ ਪੜ੍ਹਨ ਵਿਚ ਆਉਂਦਾ ਹੈ ਜਿਵੇਂ ਕਿ ਇਸ ਗੁਰਸਿੱਖੀ ਦੇ ਮਾਰਗ ਪਰ ਚੱਲਣ ਵਾਲੇ ਪਾਂਧੀ ਨੂੰ ਸੰਬੋਧਨ ਕੀਤਾ ਗਿਆ ਹੈ ਕਿ ਹੇ ਗੁਰਸਿੱਖੀ ਦੇ ਮਾਰਗ 'ਤੇ ਚਲਣ ਵਾਲੇ ਪਾਂਧੀ ! ਤੇਰੇ ਲਈ ਪਹਿਲਾਂ ਨਿਯਮ ਇਹ ਹੈ ਕਿ ਤੂੰ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥

*(ਸਲੋਕ ਮ: ੫, ਪੰਨਾ ੧੧੦੨)*

ਇਸ ਗੁਰਸਿੱਖੀ ਦੇ ਮਾਰਗ ਪਰ ਚੱਲਣ ਵਾਲੇ ਪਾਂਧੀ ਲਈ ਕਬੀਰ ਜੀ ਆਪਣੇ ਵੀਚਾਰ ਅੰਕਤ ਕਰਦੇ ਹਨ ਜਿਵੇਂ ਕਿ ਕਬੀਰ ਜੀ ਦਾ ਫ਼ੁਰਮਾਨ ਬਾਣੀ ਵਿਚ ਇਉਂ ਆਇਆ ਹੈ ਕਿ :

ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥
ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥੧੪੬॥
ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ ॥
ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥੧੪੭॥
ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ ॥
ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥੧੪੮॥
ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ ॥
ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥੧੪੯॥

*(ਸਲੋਕ ਭਗਤ ਕਬੀਰ ਜੀ, ਪੰਨਾ ੧੩੭੨)*

ਇਸੇ ਸਿੱਖੀ ਦੇ ਮਾਰਗ ਬਾਰੇ ਗੁਰੂ ਅਮਰਦਾਸ ਜੀ ਆਪਣੇ ਵੀਚਾਰ ਅੰਕਤ ਕਰਦੇ ਹਨ :

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ
ਜੁਗਹੁ ਜੁਗੁ ਨਿਰਾਲੀ॥੧੪॥

*(ਰਾਮਕਲੀ ਮ: ੩, ਅਨੰਦੁ, ਪੰਨਾ ੯੧੮)*

ਇਸ ਤੋਂ ਆਦਿ ਹੋਰ ਭੀ ਇਲਾਹੀ ਬਾਣੀ ਵਿਚ ਅਨੇਕਾਂ ਫ਼ੁਰਮਾਨ ਆਏ ਹਨ ਜਿਨ੍ਹਾਂ ਤੋਂ ਪ੍ਰੇਰਤ ਹੋ ਮੈਂ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਉਚਾਰਨ ਕੀਤੀਆਂ ਹਨ। ਜਿਵੇਂ ਕਿ ਹੇ ਭਾਈ:

(੧) ਗੁਰਸਿੱਖੀ ਬਰੀਕ (ਖੰਡਿਓਂ ਤਿੱਖੀ) ਹੈ, ਤੇ ਫਿੱਕੀ ਸਿਲਾ ਨੂੰ ਚੱਟਣ ਦੇ ਬਰਾਬਰ ਹੈ (ਭਾਵ ਇਸ ਮਾਰਗ 'ਤੇ ਚੱਲਣ ਵਾਲੇ ਨੂੰ ਕਠਿਨ ਤਪੱਸਿਆ ਕਰਨੀ ਪੈਂਦੀ ਹੈ)।

(੨) (ਜੇ ਇਉਂ ਭੀ ਕਿਹਾ ਜਾਏ ਕਿ ਇਹ) ਖੰਡੇ ਦੀ ਧਾਰ ਤੋਂ ਵੀ ਤਿੱਖੀ ਹੈ ਤੇ ਵਾਲ ਦੀ ਬਰੀਕੀ ਤੋਂ ਮਹੀਨ ਹੈ।

(੩) ਭੂਤ, ਭਵਿੱਖ, ਵਰਤਮਾਨ (ਤਿੰਨਾਂ ਕਾਲਾਂ ਵਿਖੇ ਇਸ ਸਿੱਖੀ ਦੇ) ਬਰਾਬਰ (ਜੋ ਕੁੱਛ) ਮੇਚੀਏ ਤਾਂ ਮਿਚ ਨਹੀਂ ਸਕਦਾ।

(੪) ਇਸ ਘਰ (ਸਿੱਖੀ ਦੇ ਮਾਰਗ ਵਿਚ) ਦੂਜਾ ਭਾਵ (ਦ੍ਵੈਤ) ਖ਼ਤਮ ਹੋ ਜਾਂਦੀ ਹੈ (ਇਕ ਪ੍ਰਭੂ ਦੇ ਨਾਲ) ਇਕ ਹੋ ਜਾਈਦਾ ਹੈ।

(੫) ਦੂਆ ਤੀਆ ਵਿਸਰ ਜਾਂਦਾ ਹੈ, ਸਮੇਤ ਪੁੱਤਰ ਧੀਆਂ ਦੇ।

(੬) ਗੁਰਸਿੱਖ ਸਾਰੀਆਂ ਸਿਕਾਂ (ਖ਼ਾਹਸ਼ਾਂ) ਨੂੰ ਤਿਆਗ ਦੇਂਦਾ ਹੈ, ਤੇ ਇਕੋ ਸਿੱਕ (ਗੁਰਸਿੱਖੀ ਦੇ) ਸੁਖ ਫਲ ਦੀ ਹੀ ਰਖਦਾ ਹੈ।੨।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਸਿੱਖੀ ਦਾ ਗੁਰਬਾਣੀ ਦੇ ਭਾਵ ਨੂੰ ਮੁਖ ਰੱਖ ਕੇ ਵਰਣਨ ਕਰਦੇ ਹਨ ਕਿ ਇਹ ਮਾਰਗ ਹੈ ਤਾਂ ਕਠਿਨ ਪਰ ਸੁਖਦਾਈ ਤੇ ਪਰਮਪਦ ਦਾ ਦਾਤਾ ਹੈ, ਮਨੁੱਖ ਦੇ ਸੰਕਲਪਾਂ ਵਿਕਲਪਾਂ ਦੇ ਝੰਝਟ ਮਨੁੱਖ ਨੂੰ ਸਦਾ ਹੀ ਭਟਕਾਉਂਦੇ ਹਨ, ਜਿਸ ਕਰਕੇ ਦ੍ਵੰਦਾਂ ਵਿਚ ਫਸ ਕੇ ਮਨੁੱਖ ਯਥਾਰਥ ਪਰਮਾਰਥੀ ਮਾਰਗ ਵਲੋਂ ਸੱਖਣਾ ਰਹਿ ਜਾਂਦਾ ਹੈ, ਜਿਸ ਦੀ ਸਫਲਤਾ ਇਸ ਗੁਰਸਿੱਖੀ ਦੇ ਮਾਰਗ ਪਰ ਚੱਲਦਿਆਂ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ।

## ੩. ਗੁਰਸਿੱਖੀ ਮਾਰਗ ਦੀਆਂ ਵਿਸ਼ੇਸ਼ਤਾਈਆਂ

੧. ਗੁਰਮੁਖ ਮਾਰਗ ਆਖੀਐ
ਗੁਰਮਤਿ ਹਿਤਕਾਰੀ।
੨. ਹੁਕਮਿ ਰਜਾਈ ਚੱਲਣਾ
ਗੁਰ ਸਬਦ ਵੀਚਾਰੀ।
੩. ਭਾਣਾ ਭਾਵੈ ਖਸਮ ਕਾ
ਨਿਹਚਉ ਨਿਰੰਕਾਰੀ।
੪. ਇਸ਼ਕ ਮੁਸ਼ਕ ਮਹਕਾਰ ਹੈ
ਹੋਇ ਪਰਉਪਕਾਰੀ।
੫. ਸਿਦਕ ਸਬੂਰੀ ਸਾਬਤੇ
ਮਸਤੀ ਹੁਸ਼ਿਆਰੀ।
੬. ਗੁਰਮੁਖ ਆਪੁ ਗਵਾਇਆ
ਜਿਣਿ ਹਉਮੈਂ ਮਾਰੀ॥੩॥

***ਪਦ ਅਰਥ :*** ਹਿਤਕਾਰੀ—ਹਿਤ ਕਰਨ ਵਾਲਾ। ਜਿਣਿ—ਜਿੱਤ ਕਰ ਕੇ। ਮੁਸ਼ਕ—ਕਸਤੂਰੀ। ਸਾਬਤੇ—ਸਾਵਧਾਨਤਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਮੁਖਾਂ ਦੇ ਸੰਬੰਧ ਵਿਚ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਉਹ ਰਹਿੰਦੇ ਤਾਂ ਇਸ ਜਗਤ ਵਿਚ ਹੀ ਹਨ, ਪਰ ਕੀ ਉਨ੍ਹਾਂ ਦਾ ਮਾਰਗ ਸੰਸਾਰੀ ਲੋਕਾਂ ਨਾਲੋਂ ਕੁੱਝ ਵੱਖਰਾ ਹੈ ਜੇ ਉਨ੍ਹਾਂ ਦੇ ਮਾਰਗ ਵਿਚ ਆਪ ਜੀ ਨੂੰ ਕੁੱਝ ਅੰਤਰਾ ਪ੍ਰਤੀਤ ਹੁੰਦਾ ਹੈ ਤਾਂ ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਮੈਨੂੰ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਬਾਣੀ ਲਿਖਦਿਆਂ ਤੇ ਵੀਚਾਰਦਿਆਂ ਦੋ ਮਾਰਗਾਂ ਦੀ ਜਾਣਕਾਰੀ ਹੋਈ ਹੈ, ਜਿਨ੍ਹਾਂ ਦੇ ਸੰਬੰਧ ਵਿਚ ਬਾਣੀ ਦਾ ਇਹ ਫ਼ੁਰਮਾਨ ਪੜ੍ਹਨ ਵਿਚ ਆਇਆ ਹੈ ਕਿ:

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥
ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ॥
ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ॥

*(ਸਲੋਕ ਮ: ੩, ਪੰਨਾ ੮੭)*

ਭਾਵ, ਇਕ ਮਾਰਗ ਹੈ ਪ੍ਰਮੇਸ਼ਰ ਨਾਲ ਲਿਵ ਲਾਉਣ ਵਾਲੇ ਗੁਰਮੁਖਾਂ ਦਾ ਜਿਸਨੂੰ ਨਿਵਿਰਤੀ ਮਾਰਗ ਕਿਹਾ ਜਾਂਦਾ ਹੈ। ਦੂਜਾ ਮਾਰਗ ਹੈ ਧਾ ਜਾਣ ਵਾਲੀ ਮਾਇਆ ਦਾ ਜਿਸਨੂੰ ਪ੍ਰਵਿਰਤੀ ਮਾਰਗ ਕਿਹਾ ਜਾਂਦਾ ਹੈ ਇਹ ਮਾਰਗ ਸੰਸਾਰੀ ਆਮ ਲੋਕਾਂ ਦਾ ਹੈ, ਪਰ ਗੁਰਮੁਖਾਂ ਨੇ ਗੁਰੂ ਦੇ ਹੁਕਮ ਵਿਚ ਜੀਵਨ ਗੁਜ਼ਾਰਦਿਆਂ ਗੁਰੂ ਦੇ ਸ਼ਬਦ ਦੀ ਕਸਵਟੀ ਲਾ ਕੇ ਆਪਣੇ ਮਨ ਨੂੰ ਬਾਰਾਂ ਵੰਨੀ ਦੇ ਸੋਨੇ ਵਾਂਗ ਸ਼ੁੱਧ ਕਰ ਲਿਆ ਹੈ, ਇਸੇ ਲਈ ਉਨ੍ਹਾਂ ਦੇ ਸ਼ੁੱਧ ਮਨ ਦਾ ਸੰਸਾਰੀ ਲੋਕਾਂ ਦੇ ਅਸ਼ੁਧ ਮਨ ਨਾਲ ਤਾਲ-ਮੇਲ ਨਹੀਂ ਹੋਇਆ ਕਰਦਾ, ਕਿਉਂਕਿ ਸੰਸਾਰੀ ਲੋਕਾਂ ਦਾ ਪਰਸਪਰ ਝਗੜਾ ਬਣਿਆ ਰਹਿੰਦਾ ਹੈ, ਪਰ ਗੁਰਮੁਖਾਂ ਦਾ ਆਪਣੇ ਮਨ ਨੂੰ ਹੀ ਕਾਬੂ ਕਰਨ ਦੇ ਲਈ ਦਿਨੇ ਰਾਤ ਝਗੜਾ ਰਹਿੰਦਾ ਹੈ, ਬਸ ਇਹੋ ਹੀ ਇਕ ਪਛਾਣ ਹੈ ਸੰਸਾਰੀ ਤੇ ਨਿਰੰਕਾਰੀ ਲੋਕਾਂ ਦੀ, ਬਸ ਗੁਰਬਾਣੀ ਦੀਆਂ ਅਜਿਹੀਆਂ ਪੰਗਤੀਆਂ ਤੋਂ ਹੀ ਪ੍ਰੇਰਨਾ ਲੈ ਕੇ ਮੈਂ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਗੁਰਮਤ ਦੇ ਮਾਰਗ ਪਰ ਜੀਵਨ ਗੁਜ਼ਾਰਨ ਵਾਲਿਆਂ ਦੀ ਮਾਨਸਕ ਅਵੱਸਥਾ ਦਾ ਜਿਕਰ ਕੀਤਾ ਹੈ :

(੧) ਹੇ ਭਾਈਓ! ਗੁਰਸਿੱਖੀ ਦਾ ਮਾਰਗ (ਰਸਤਾ) ਇਹੋ ਹੀ ਕਿਹਾ ਜਾਂਦਾ ਹੈ, ਜੋ ਗੁਰਮਤ (ਗੁਰੂ ਦੀ ਸਿਖਿਆ) ਨਾਲ ਪਿਆਰ ਕਰਨਾ ਹੈ।

(੨) (ਪ੍ਰਭੂ ਤੇ ਗੁਰੂ ਜੀ ਦੇ) ਹੁਕਮ ਦੀ ਰਜ਼ਾ (ਭਾਣੇ) ਵਿਚ ਚਲਣਾ ਤੇ ਗੁਰੂ-ਸ਼ਬਦ ਦੀ ਵੀਚਾਰ ਕਰਨੀ (ਇਹੋ ਸ਼ੁਧਤਾਈ) ਹੈ।

(੩) (ਅਤੇ) ਮਾਲਕ (ਪ੍ਰਭੂ) ਦਾ ਭਾਣਾ ਚੰਗਾ ਲੱਗੇ ਤੇ ਨਿਰੰਕਾਰ ਵਿਚ ਦ੍ਰਿੜ੍ਹ ਨਿਹਚਾ ਹੋਵੇ।

(੪) ਇਸ਼ਕ ਤੇ ਖ਼ੁਸ਼ਬੋ ਦੀ ਮਹਿਕ (ਲੁਕਾਇਆਂ ਵੀ) ਲੁਕਦੀ ਨਹੀਂ (ਕਿਉਂਕਿ ਪ੍ਰੇਮੀ) ਪਰਉਪਕਾਰੀ ਹੁੰਦਾ ਹੈ (ਸੇਵਾ ਤੋਂ ਪਿਛੇ ਨਹੀਂ ਹਟਦਾ)।

(੫) (ਉਹ) ਸਿਦਕ ਤੇ ਸਬਰ ਵਿਚ ਸਾਬਤ (ਮੁਕੰਮਲ) ਰਹਿੰਦਾ ਹੈ ਤੇ (ਸਿਦਕ ਸਬਰ ਦੀ) ਮਸਤੀ ਵਿਚ ਉਹ (ਬੇ-ਖ਼ਬਰ ਜਾਂ ਬੇ-ਖ਼ਤਰ) ਨਹੀਂ ਹੁੰਦਾ, ਹੁਸ਼ਿਆਰ (ਚੌਕੰਨਾ) ਰਹਿੰਦਾ ਹੈ।

(੬) ਗੁਰਮੁਖ ਨੇ ਆਪਾ (ਦ੍ਵੈਤ) ਗੁਆ ਕੇ, ਹਉਮੈਂ (ਮੈਂ-ਮੇਰੀ) ਨੂੰ ਜਿੱਤ ਕੇ ਮਾਰ ਲਿਆ ਹੈ।੩।

***ਭਾਵਾਰਥ :*** ਭਾਈ ਸਾਹਿਬ ਜੀ ਨੇ ਗੁਰਬਾਣੀ ਵਿਚ ਆਏ ਗੁਰਮੁਖਾਂ ਦੇ ਲੱਛਣ ਤਾਂ ਬਹੁਤ ਪੜ੍ਹੇ ਤੇ ਵੀਚਾਰੇ ਹਨ, ਪਰ ਉਹ ਸਾਰੇ ਤਾਂ ਨਹੀਂ ਅੰਕਤ ਕੀਤੇ, ਉਨ੍ਹਾਂ ਵਿਚੋਂ ਟੂਕ-ਮਾਤ੍ਰ ਗੁਣਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੂੰ ਪੜ੍ਹਨ ਤੇ ਵੀਚਾਰਨ ਰਾਹੀਂ ਪਾਠਕਾਂ ਨੂੰ ਗੁਰਮਤ ਦੇ ਮਾਰਗ ਪਰ ਚਲਦਿਆਂ ਜੀਵਨ ਨੂੰ ਸਫਲਾਉਣ ਦੀ ਪ੍ਰੇਰਨਾ ਮਿਲਦੀ ਰਵੇ। ਕਿਉਂਕਿ ਅਜੋਕੇ ਕਲਜੁਗ ਦੇ ਸਮੇਂ ਵਿਚ ਕੇਵਲ ਇਹ ਇਕੋ ਹੀ ਗੁਰਮਤ ਦਾ ਬਿਹੰਗਮ ਮਾਰਗ ਹੈ, ਬਾਕੀ ਦੇ ਸਨਾਤਨ ਮਾਰਗ ਚੀਂਟੀ ਮਾਰਗ ਹਨ, ਭਾਵ ਜਿਸ ਸਫ਼ਰ ਨੂੰ ਕੀੜੀ ਕਈ ਸਾਲਾਂ ਵਿਚ ਤਹਿ ਕਰਦੀ ਹੈ ਉਸ ਬਿਖਮ ਮਾਰਗ ਨੂੰ ਪੰਛੀ ਕੇਵਲ ਇਕੋ ਹੀ ਉਡਾਣ ਵਿਚ ਮੁਕਾ ਲੈਂਦਾ ਹੈ। ਪਰ, ਇਸ ਗੁਰਮਤ ਦੇ ਮਾਰਗ ਪਰ ਸਫ਼ਰ ਕਰਨ ਵਾਲੇ ਪਾਂਧੀ ਨੂੰ ਜਿਥੇ ਦੈਵੀ ਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਹੈ, ਉਥੇ ਹਉਮੈਂ ਦੇ ਦੀਰਘ ਰੋਗ ਨੂੰ ਅੰਦਰੋਂ ਮਿਟਾਉਣਾ ਭੀ ਅਤਿ ਜ਼ਰੂਰੀ ਹੈ, ਕਿਉਂਕਿ ਇਸ ਰੋਗ ਨੂੰ ਹੀ ਬਾਣੀ ਵਿਚ ਸਾਰੇ ਰੋਗਾਂ ਵਿਚੋਂ ਵੱਡਾ ਰੋਗ ਦਰਸਾਇਆ ਹੈ।

## ੪. ਗੁਰਸਿੱਖ ਦੀ ਨਿੱਤ ਕਿਰਿਆ

**੧. ਭਾਇ ਭਗਤਿ ਭੈ ਚੱਲਣਾ**
**ਹੋਇ ਪਾਹੁਣਚਾਰੀ।**
**੨. ਚੱਲਣ ਜਾਣ ਅਜਾਣ ਹੋਇ**
**ਗਹੁ ਗਰਬ ਨਿਵਾਰੀ।**
**੩. ਗੁਰ ਸਿਖ ਨਿੱਤ ਪਰਾਹੁਣੇ**
**ਏਹ ਕਰਣੀ ਸਾਰੀ।**
**੪. ਗੁਰਮੁਖ ਟਹਿਲ ਕਮਾਵਣੀ**
**ਸਤਿਗੁਰੂ ਪਿਆਰੀ।**
**੫. ਸ਼ਬਦ ਸੁਰਤਿ ਲਿਵਲੀਣ ਹੋਇ**
**ਪਰਵਾਰ ਸੁਧਾਰੀ।**
**੬. ਸਾਧ ਸੰਗਤਿ ਜਾਇ ਸਹਜਿ ਘਰ**
**ਨਿਰਮਲ ਨਿਰੰਕਾਰੀ ॥੪॥**

***ਪਦ ਅਰਥ :*** ਪਾਹੁਣਚਾਰੀ—ਪਰਾਹੁਣੇ ਵਾਂਗ। ਅਜਾਣ—ਅੰਜਾਣੇ ਬੱਚੇ ਵਾਂਗ। ਗਹੁ—ਗੌਰ, ਪਕੜ। ਕਰਣੀ ਸਾਰੀ—ਭਗਤੀ ਕੀਤੀ। ਸਾਰੀ—ਚੰਗੀ। ਸਹਜਿ ਘਰ—ਸਹਿਜ ਅਵੱਸਥਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਕਹਿੰਦੇ ਹੋ ਕਿ ਉਹ ਗੁਰਮੁਖ ਸੰਸਾਰੀ ਲੋਕਾਂ ਦੇ ਵਿਚ ਹੀ ਰਹਿੰਦਾ ਹੈ, ਪਰ ਉਨ੍ਹਾਂ ਗੁਰਮੁਖਾਂ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ, ਕੀ ਉਨ੍ਹਾਂ ਦੀ ਨਿੱਤ ਦੀ ਕ੍ਰਿਆ ਵਿਚ ਕੋਈ ਅੰਤਰਾ ਹੈ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਦੀ ਖੋਜ ਕਰਦਿਆਂ ਇਹੋ ਹੀ ਜਾਣਕਾਰੀ ਮਿਲੀ ਹੈ ਕਿ ਗੁਰਮੁਖ ਬਾਹਰੋਂ ਸਰੀਰ ਕਰਕੇ ਤਾਂ ਬਾਕੀ ਦੇ ਸੰਸਾਰੀ ਲੋਕਾਂ ਵਾਂਗ ਹੀ ਕਿਰਿਆ ਕਰਦੇ ਦਿਸਦੇ ਹਨ, ਪਰ ਉਨ੍ਹਾਂ ਦੀ ਮਾਨਸਕ ਕ੍ਰਿਆ ਵਿਚ ਬਾਕੀ ਦੇ ਲੋਕਾਂ ਨਾਲੋਂ ਬਹੁਤ ਹੀ ਅੰਤਰਾ ਹੈ, ਭਾਵ ਜਿਥੇ ਸੰਸਾਰੀ ਲੋਕ ਸੰਸਾਰਕ ਕ੍ਰਿਆ ਵਿਚ ਮਨ ਕਰਕੇ ਖੱਚਤ ਹਨ, ਉਥੇ ਗੁਰਮੁਖ ਕ੍ਰਿਆ ਕਰਦੇ ਹੋਏ ਭੀ ਹਰ ਪਖੋਂ ਨਿਰਲੇਪ ਇਸੇ ਤਰ੍ਹਾਂ ਹਨ, ਜਿਵੇਂ ਕਿ ਇਕ ਕਵਲ ਪਾਣੀ ਵਿਚ ਰਹਿੰਦਾ ਹੋਇਆ ਸਦਾ ਹੀ ਨਿਰਲੇਪ ਹੈ ਇਸੇ ਭਾਵ ਨੂੰ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਪ੍ਰਗਟਾਇਆ ਹੈ, ਜਿਵੇਂ ਕਿ :

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥

*(ਸੁਖਮਨੀ, ਪੰਨਾ ੨੭੨)*

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥

*(ਸਿਧ ਗੋਸਟਿ, ਪੰਨਾ ੯੩੮)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚ ਗੁਰਮੁਖ ਬ੍ਰਹਮ ਗਿਆਨੀਆਂ ਦੀ ਮਾਨਸਕ ਨਿਰਲੇਪਤਾ ਦੇ ਸੰਬੰਧ ਵਿਚ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੇ ਆਧਾਰਤ ਹੋ ਮੈਂ ਕੁਝ ਕੁ ਪੰਗਤੀਆਂ ਇਸ ਪਉੜੀ ਵਿਚ ਅੰਕਤ ਕੀਤੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ ! ਉਹ ਗੁਰਮੁਖ ਸਦਾ ਹੀ) ਪ੍ਰੇਮਾ-ਭਗਤੀ ਤੇ (ਪ੍ਰਭੂ ਦੇ ਭੈ) ਡਰ ਵਿਚ ਚੱਲਦਾ ਹੈ (ਅਤੇ ਸੰਸਾਰ ਵਿਚ) ਪ੍ਰਾਹੁਣਚਾਰੀਆਂ ਵਾਂਗ ਵਿਚਰਦਾ ਹੈ।

(੨) (ਉਹ ਸੰਸਾਰ ਵਿਚੋਂ ਮਰ ਕੇ) ਚਲੇ ਜਾਣ ਦੀ ਤੱਤ ਵਸਤੂ ਨੂੰ ਜਾਣਦਾ ਹੈ, (ਪਰ) ਅੰਜਾਣ ਬੱਚੇ ਵਾਂਗ ਹੋ ਰਹਿੰਦਾ ਤੇ ਹੰਕਾਰ ਨੂੰ (ਚੰਗੀ ਤਰ੍ਹਾਂ) ਫੜ ਕੇ ਖ਼ਤਮ ਕਰ ਦੇਂਦਾ ਹੈ।

(੩) (ਉਸ) ਗੁਰਸਿੱਖ ਨੇ ਨਿੱਤ ਪ੍ਰਾਹੁਣੇ (ਮੁਸਾਫ਼ਰਾਂ ਵਾਂਗ ਰਹਿਣਾ) ਇਸ ਰੀਤੀ ਨੂੰ ਧਾਰਨ ਕਰਕੇ ਇਹ ਕਰਣੀ (ਇਸੇ ਗੱਲ ਨੂੰ ਭਗਤੀ ਦਾ ਮੁਖ ਅੰਗ ਬਣਾ ਲਿਆ) ਹੈ।

(੪) ਉਹ ਇਹ ਜਾਣਕੇ ਕਿ, ਗੁਰਸਿੱਖਾਂ ਦੀ ਸੇਵਾ ਕਰਨੀ (ਇਹ ਕਾਰ) ਗੁਰੂ ਨੂੰ ਪਿਆਰੀ ਹੈ, (ਭਾਵ ਸਤਿਗੁਰੂ ਦੇ ਮਨ ਭਾਉਂਦੀ ਵਸਤੂ ਗੁਰਸਿੱਖਾਂ ਦੀ ਸੇਵਾ ਕਰਨੀ ਹੈ) ਉਹ ਏਹੋ ਹੀ ਟਹਿਲ ਕਰਦਾ ਹੈ।

(੫) ਗੁਰਮੁਖ ਸ਼ਬਦ ਸੁਰਤ ਵਿਚ ਲਿਵਲੀਨ ਹੋ ਕੇ (ਸਰੀਰਕ ਇੰਦ੍ਰੀਆਂ ਤੇ ਘਰ ਦੇ) ਪਰਵਾਰ ਨੂੰ ਭੀ ਸੁਧਾਰ ਕੇ ਆਪਣੇ ਅਨੁਕੂਲ ਬਣਾ ਲੈਂਦੇ ਹਨ।

(੬) (ਗੁਰਮੁਖ) ਸਾਧ ਸੰਗਤ ਦੀ ਸੰਗਤ ਕਰਕੇ ਸਹਿਜ ਘਰ (ਆਤਮਕ ਪ੍ਰਾਪਤੀ ਵਾਲਾ ਬਣ ਕੇ) ਨਿਰਮਲ ਨਿਰੰਕਾਰੀ ਬਣ ਜਾਂਦਾ ਹੈ।੪।

***ਭਾਵਾਰਥ :*** ਭਾਈ ਸਾਹਿਬ ਜੀ ਨੇ ਇਸ ਉਪ੍ਰੋਕਤ ਪਉੜੀ ਵਿਚ ਦੋ ਵਿਅਕਤੀਆਂ ਦੇ ਸੰਬੰਧ ਵਿਚ ਗੁਰਬਾਣੀ ਦੇ ਭਾਵ ਨੂੰ ਮੁਖ ਰੱਖ ਕੇ ਆਪਣੇ ਵੀਚਾਰ ਅੰਕਤ ਕੀਤੇ ਹਨ। ਉਹ ਦੋ ਵਿਅਕਤੀ ਹਨ—੧. ਸੰਸਾਰੀ ਤੇ ੨. ਨਿਰੰਕਾਰੀ। ਇਨ੍ਹਾਂ ਦੋਹਾਂ ਦੀ ਬਾਹਰਲੀ ਕ੍ਰਿਆ ਤਾਂ ਭਾਵੇਂ ਵੇਖਣ ਵਿਚ ਸਮਾਨ ਹੀ ਨਜ਼ਰ ਆਉਂਦੀ ਹੈ, ਪਰ ਇਨ੍ਹਾਂ ਦੀ ਮਾਨਸਕ ਕ੍ਰਿਆ ਵਿਚ ਬਹੁਤ ਅੰਤਰਾ ਹੈ ਕਿਉਂਕਿ ਜਿਥੇ ਸੰਸਾਰੀ ਲੋਕ ਸੰਸਾਰ ਦੇ ਮਾਇਕੀ ਪਦਾਰਥਾਂ ਵਿਚ ਮਨ ਕਰਕੇ ਖੱਚਤ ਹੈ ਉਥੇ ਨਿਰੰਕਾਰੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਹੀ ਸੰਸਾਰ ਦੇ ਮਾਇਕੀ ਪਦਾਰਥਾਂ ਤੋਂ ਮਨ ਕਰਕੇ ਨਿਰਲੇਪ ਰਹਿੰਦਾ ਹੈ, ਕਿਉਂਕਿ ਉਹ ਸੰਗਤ ਦੁਆਰੇ ਸੋਝੀ ਹਾਸਲ ਕਰਕੇ ਭਗਤੀ ਦੇ ਮਾਰਗ ਪਰ ਚਲਦਾ ਹੋਇਆ ਇਸ ਸੰਸਾਰ ਵਿਚ ਆਪਣੇ ਆਪ ਨੂੰ ਇਉਂ ਹੀ ਅਨੁਭਵ ਕਰਦਾ ਹੈ ਕਿ ਮੇਰਾ ਇਸ ਸੰਸਾਰ ਵਿਚ ਚੰਦ ਰੋਜ਼ ਲਈ ਇਸੇ ਤਰ੍ਹਾਂ ਹੀ ਰਹਿਣਾ ਹੈ ਜਿਵੇਂ ਕਿ ਕਿਸੇ ਘਰ ਵਿਚ ਇਕ ਮਹਿਮਾਨ ਰੈਣ-ਬਸੇਰਾ ਕਰਨ ਲਈ ਆਇਆ ਹੈ ਉਹ ਉਸ ਘਰ ਦੇ ਬਾਰੇ ਕਿਸੇ ਤਰ੍ਹਾਂ ਭੀ ਹਰਖ ਸੋਗ ਵਿਚ ਚਿੰਤਾਤੁਰ ਨਹੀਂ ਹੁੰਦਾ ਉਸਨੂੰ ਪਤਾ ਹੈ ਕਿ ਮੈਂ ਕੇਵਲ ਇਥੇ ਸਦਾ ਲਈ ਨਹੀਂ ਰਹਿਣਾ ਇਸ ਲਈ ਉਹ ਨਿਰਖੋਭ ਰਹਿੰਦਾ ਹੈ। ਇਸ ਭਾਵ ਨੂੰ ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਅੰਕਤ ਕੀਤਾ ਹੈ, ਜਿਵੇਂ ਕਿ :

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ॥
ਕਿਆ ਤੂੰ ਰਤਾ ਗਿਰਸਤ ਸਿਉ
ਸਭ ਫੁਲਾ ਕੀ ਬਾਗਾਤਿ॥

*(ਸ੍ਰੀ ਰਾਗੁ ਮ: ੫, ਪੰਨਾ ੫੦)*

ਭਾਵ ਗੁਰਮੁਖ ਇਸ ਸੰਸਾਰ ਦੇ ਮਾਇਕੀ ਪਦਾਰਥਾਂ ਨੂੰ ਫੁੱਲਾਂ ਦੇ ਬਗੀਚੇ ਦੀ ਖਿੜਾਵਟ ਵਾਂਗ ਚੰਦ ਰੋਜ਼ ਦਾ ਚਮਤਕਾਰ ਅਨੁਭਵ ਕਰਦਾ ਹੋਇਆ ਇਸ ਸੰਸਾਰ ਦੇ ਪਦਾਰਥਾਂ ਵਿਚ ਮਨ ਕਰਕੇ ਖੱਚਤ ਨਹੀਂ ਹੁੰਦਾ, ਨਿਰਲੇਪ ਰਹਿੰਦਾ ਹੋਇਆ ਜੀਵਨ ਗੁਜ਼ਾਰਦਾ ਹੈ।

## ੫. ਗੁਰਸਿੱਖ ਦੀ ਆਤਮਕ ਮਹਾਨ ਖੇਡ

**੧. ਪਰਮ ਜੋਤਿ ਪਰਗਾਸ ਕਰਿ
ਉਨਮਨ ਲਿਵ ਲਾਈ।
੨. ਪਰਮ ਤੱਤ ਪਰਵਾਣ ਕਰਿ
ਅਨਹਦ ਧੁਨਿ ਵਾਈ।
੩. ਪਰਮਾਰਥ ਪਰਬੋਧ ਕਰਿ
ਪਰਮਾਤਮ ਹਾਈ।
੪. ਗੁਰ ਉਪਦੇਸ਼ ਅਵੇਸ ਕਰਿ
ਅਨਭਉ ਪਦ ਪਾਈ।
੫. ਸਾਧ ਸੰਗਤਿ ਕਰਿ ਸਾਧਨਾ
ਇਕ ਮਨ ਇਕ ਧਿਆਈ।
੬. ਵੀਹ ਇਕੀਹ ਚੜ੍ਹਾਉ ਚੜ੍ਹ
ਇਉਂ ਨਿਜ ਘਰ ਜਾਈ॥੫॥**

***ਪਦ ਅਰਥ :*** ਉਨਮਨ—ਤੁਰੀਆ ਪਦ। ਵਾਈ—ਵੱਜ ਪਈ ਹੈ। ਹਾਈ—ਹੋ ਗਈ ਹੈ। ਵੀਹ ਇਕੀਹ—ਸੰਸਾਰ ਤੇ ਪ੍ਰਭੂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਗੁਰਸਿੱਖ ਸੰਸਾਰ ਵਿਚ ਰਹਿੰਦਿਆਂ ਹੋਇਆਂ ਤਾਂ ਆਪ ਜੀ ਦੇ ਕਥਨ ਮੁਤਾਬਕ ਸੰਸਾਰੀ ਲੋਕਾਂ ਵਾਂਗ ਹੀ ਵਿਵਹਾਰ ਕਰਦਾ ਹੋਇਆ ਨਜ਼ਰ ਆਉਂਦਾ ਹੈ, ਪਰ ਤੁਸੀਂ ਉਨ੍ਹਾਂ ਗੁਰਸਿੱਖਾਂ ਦੀ ਮਾਨਸਕ ਅਵੱਸਥਾ ਬਾਰੇ ਕਿਵੇਂ ਅਨੁਭਵ ਕਰਦੇ ਹੋ, ਕੀ ਕੁੱਝ ਜਾਣਕਾਰੀ ਦਿਓਗੇ?

ਉ: ਹੇ ਭਾਈਓ! ਗੁਰਸਿੱਖ ਦੀ ਜੋ ਮਾਨਸਕ ਉਡਾਣ ਹੈ, ਉਸ ਮਹਾਨ ਖੇਡ ਨੂੰ ਤਾਂ ਸਹੀ ਰੂਪ ਵਿਚ ਬਿਆਨਿਆਂ ਨਹੀਂ ਜਾ ਸਕਦਾ ਕਿਉਂਕਿ ਉਨ੍ਹਾਂ ਦੀ ਮਾਨਸਕ ਅਵਸਥਾ ਅਕਹਿ ਹੈ, ਪਰ ਬਾਣੀ ਦੀ ਵੀਚਾਰ ਕਰਦਿਆਂ ਜੋ ਮੈਨੂੰ ਅਨੁਭਵ ਹੋਇਆ ਹੈ ਉਸ ਨੂੰ ਉਪ੍ਰੋਕਤ ਪਉੜੀ ਦੀਆਂ ਚੰਦ ਲਾਇਨਾਂ ਵਿਚ ਅੰਕਤ ਕਰਨ ਦਾ ਯਤਨ ਕੀਤਾ ਹੈ:

(੧) (ਹੇ ਭਾਈਓ! ਉਹ ਗੁਰਸਿੱਖ, ਸਿੱਖੀ ਮਰਯਾਦਾ ਦੇ ਅਭਿਆਸ ਨਾਲ) ਪਰਮ ਜੋਤੀ ਦੇ (ਆਤਮ) ਪਰਗਾਸ ਵਿਚ ਪਹੁੰਚ ਕੇ ਤੁਰੀਆ (ਚੌਥੇ) ਪਦ ਦੀ ਲਿਵ ਵਿਚ ਲੀਨ ਰਹਿੰਦਾ ਹੈ।

(੨) (ਉਸ ਦੇ ਅੰਦਰ ਆਤਮੇ ਪ੍ਰਭੂ ਦੇ) ਪਰਮ ਤੱਤਾਂ ਨੂੰ ਪਰਵਾਣ ਕਰਕੇ ਅਨਹਦ ਧੁਨੀ ਵੱਜ ਪੈਂਦੀ ਹੈ।

(੩) ਪਰਮਾਰਥ (ਪ੍ਰਭੂ ਦੇ ਵਿਚਾਰਾਂ) ਨਾਲ ਪੜ੍ਹ ਪ੍ਰਖਤਾ ਹੋ ਕੇ, ਪਰਮ ਆਤਮਾ (ਪ੍ਰਭੂ) ਦੇ ਅਨੰਦ ਨੂੰ ਪ੍ਰਾਪਤ ਕਰਦਾ ਹੈ।

(੪) ਗੁਰੂ ਦੇ ਉਪਦੇਸ਼ ਵਿਚ ਅਵੇਸ (ਲੀਨ) ਹੋ ਕੇ, ਅਨੁਭਵ ਪਦ ਪਾਉਂਦਾ ਹੈ।

(੫) (ਫਿਰ ਭੀ ਉਹ) ਸਾਧ ਸੰਗਤ (ਵਿਚ ਮਿਲ ਕੇ) ਸਾਧਨਾ (ਅਭਿਆਸ) ਕਰਦਾ ਹੈ, ਇਕ ਮਨ ਹੋ ਕੇ (ਇਕ ਪ੍ਰਭੂ) ਨੂੰ ਸਿਮਰਦਾ ਹੈ।

(੬) (ਇਸ ਤਰ੍ਹਾਂ ਉਹ ਗੁਰਸਿੱਖ) ਵੀਹ (ਸੰਸਾਰ) ਨੂੰ ਲੰਘ ਕੇ, ਇਕੀਹ (ਪ੍ਰਭੂ ਵਿਚ ਅਭੇਦ ਹੋਣ ਦੀ) ਚੜ੍ਹਾਈ ਚੜ੍ਹ ਕੇ ਨਿਜ ਘਰ (ਆਪਣੇ ਨਿਜ ਸਰੂਪ ਵਿਚ) ਪਹੁੰਚ ਜਾਂਦਾ ਹੈ ਭਾਵ ਪ੍ਰਭੂ ਵਿਚ ਲਿਵਲੀਨ ਹੋ ਜਾਂਦਾ ਹੈ।੫।

***ਭਾਵਾਰਥ :*** ਐਸੇ ਗੁਰਸਿੱਖ ਜੋ ਤ੍ਰੈਗੁਣ ਅਤੀਤ ਹੋ ਚੌਥੇ ਤੁਰੀਆ ਪਦ ਵਿਚ ਪੁੱਜ ਕੇ ਅਕਹਿ ਰਸ ਮਾਣਦੇ ਹਨ ਉਸ ਰਸ ਨੂੰ ਉਹ ਆਪ ਹੀ ਅਨੁਭਵ ਕਰਦੇ ਹਨ। ਜੇ ਕੋਈ ਉਸ ਰਸ ਬਾਰੇ ਇਨ੍ਹਾਂ ਤੋਂ ਪੁੱਛ ਭੀ ਕਰਦਾ ਹੈ ਤਾਂ ਉਹ ਆਪ ਭੀ ਦੱਸਣ ਵੱਲੋਂ ਅਸਮਰੱਥ ਹੁੰਦੇ ਹਨ, ਇਸੇ ਲਈ ਬਹੁਤੇ ਲੋਕਾਂ ਨੂੰ ਭਰਮ ਭੁਲੇਖਾ ਭੀ ਪੈ ਜਾਂਦਾ ਹੈ ਕਿ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਕੁੱਝ ਭੀ ਪ੍ਰਾਪਤ ਨਾ ਹੋਇਆ ਹੋਵੇ। ਹੁਣ ਉਨ੍ਹਾਂ ਭੋਲੇ ਲੋਕਾਂ ਨੂੰ ਕੌਣ ਦੱਸੇ ਕਿ ਉਨ੍ਹਾਂ ਨੂੰ ਨਾਮ ਸਿਮਰਨ ਦੇ ਅਭਿਆਸ ਦਾ ਸਦਕਾ ਜੋ ਖੇਡਾ ਜਾਂ ਰਸ, ਮਸਤੀ ਪ੍ਰਾਪਤ ਹੋਈ ਹੈ, ਉਥੇ ਪੁੱਜ ਕੇ ਕਥਨ ਦਾ ਅਭਾਵ ਹੀ ਹੋ ਜਾਂਦਾ ਹੈ, ਉਸ ਰਸ ਬਾਰੇ ਕਬੀਰ ਜੀ ਨੇ ਆਪਣੇ ਵੀਚਾਰ ਦਿੱਤੇ ਹਨ:

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ॥ (ਪੰਨਾ ੩੩੪)

ਭਾਵ ਹੈ ਕਿ ਜਦੋਂ ਅਸੀਂ ਕਿਸੇ ਗੂੰਗੇ ਨੂੰ ਗੁੜ ਖੁਆ ਕੇ ਪੁੱਛੀਏ ਕਿ ਦੱਸ ਤੈਨੂੰ ਕੀ ਰਸ ਆਇਆ ਹੈ ਤਾਂ ਉਹ ਅੱਗੋਂ ਚੁੱਪ ਹੀ ਰਹਿੰਦਾ ਹੈ, ਇਸ ਦਾ ਇਹ ਭਾਵ ਨਹੀਂ ਕਿ ਉਸਨੂੰ ਕੋਈ ਸਵਾਦ ਨਹੀਂ ਆਇਆ। ਸੁਆਦ ਤਾਂ ਬਹੁਤ ਆਇਆ ਹੈ, ਪਰ ਉਸ ਨੂੰ ਦੱਸਣ ਲਈ ਉਸ ਪਾਸ ਜ਼ੁਬਾਨ ਹੀ ਨਹੀਂ। ਇਸ ਲਈ ਨਾਮ ਅਭਿਆਸੀ ਜੋ ਨਾਮ ਦਾ ਰਸ ਮਾਣਦੇ ਹਨ ਉਹ ਉਸ ਰਸ ਨੂੰ ਆਪ ਹੀ ਅਨੁਭਵ ਕਰਦੇ ਹਨ, ਉਹ ਰਸ ਕਥਨ ਵਿਚ ਨਹੀਂ ਆਉਂਦਾ। ਇਸ ਲਈ :

ਕਥਨੁ ਨ ਜਾਇ ਅਕਥੁ ਸੁਆਮੀ
ਸਦਕੈ ਜਾਇ ਨਾਨਕੁ ਵਾਰਿਆ॥ (ਝਖਣਾ, ਪੰਨਾ ੬੧)

## ੬. ਪ੍ਰਮੇਸ਼ਰ ਦੇ ਨਿਜ-ਸਰੂਪ ਦੀ ਵਿਆਪਕਤਾ

**੧. ਦਰਪਣ ਵਾਂਗ ਧਿਆਨ ਧਰਿ**
**ਆਪੁ ਆਪ ਨਿਹਾਲੈ।**
**੨. ਘਟਿ ਘਟਿ ਪੂਰਨ ਬ੍ਰਹਮ ਹੈ**
**ਚੰਦ ਜਲ ਵਿਚ ਭਾਲੈ।**
**੩. ਗੋਰਸ ਗਾਈਂ ਵੇਖਦਾ**
**ਘਿਉ ਦੁੱਧ ਵਿਚਾਲੈ।**
**੪. ਫੁੱਲਾਂ ਅੰਦਰ ਵਾਸ ਲੈ**
**ਫਲ ਸਾਉ ਸਮ੍ਹਾਲੈ।**
**੫. ਕਾਸ਼ਟ ਅਗਨਿ ਚਲਿੱਤ ਵੇਖ**
**ਜਲ ਧਰਤਿ ਹਿਆਲੈ।**
**੬. ਘਟਿ ਘਟਿ ਪੂਰਣ ਬ੍ਰਹਮ ਹੈ**
**ਗੁਰਮੁਖ ਵੇਖਾਲੈ ॥੬॥**

***ਪਦ ਅਰਥ :*** ਦਰਪਣ—ਸ਼ੀਸ਼ਾ। ਨਿਹਾਲੈ—ਵੇਖਦਾ ਹੈ। ਗੋਰਸ—ਦੁੱਧ ਘਿਉ। ਸਾਉ—ਰਸ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਸ ਪਰੀ ਪੂਰਨ ਪ੍ਰਮੇਸਰ ਦੇ ਸੰਬੰਧ ਵਿਚ ਧਾਰਮਕ ਪੁਸਤਕਾਂ ਤੇ ਮਹਾ-ਪੁਰਸ਼ਾਂ ਦੁਆਰੇ ਉਸ ਦੀ ਸਰੋਤ ਪੜ੍ਹਦੇ ਸੁਣਦੇ ਆ ਰਹੇ ਹਾਂ ਪਰ ਉਸ ਨੂੰ ਪ੍ਰਤੱਖ ਰੂਪ ਵਿਚ ਕਿਵੇਂ ਵੇਖਿਆ ਜਾਵੇ, ਆਪ ਜੀ ਗੁਰਬਾਣੀ ਦੁਆਰੇ ਇਸ ਭਾਵ ਨੂੰ ਪ੍ਰਗਟਾਉਣ ਦੀ ਕ੍ਰਿਪਾ ਕਰੋ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ! ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਮੈਨੂੰ ਤਾਂ ਗੁਰਬਾਣੀ ਦੀ ਪੜਚੋਲ ਕਰਦਿਆਂ ਇਹੋ ਸੂਝ ਬੂਝ ਮਿਲੀ ਹੈ ਕਿ ਉਹ ਕਾਦਰ ਕਰੀਮ ਸਾਰੇ ਥਾਵਾਂ ਵਿਚ ਗੁਪਤ ਰੂਪ ਹੋ ਇਉਂ ਹੀ ਬਿਆਪਕ ਹੈ, ਜਿਵੇਂ ਕਿ :

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ॥੧॥ (ਪੰਨਾ ੬੧੭)

ਭਾਵ ਜਿਵੇਂ ਸਾਰੀ ਬਨਾਸਪਤੀ ਵਿਚ ਸਮਾਨ ਅਗਨੀ ਗੁਪਤ ਰੂਪ ਵਿਚ ਵਿਆਪਕ ਹੈ, ਅਤੇ ਸਾਰੇ ਹੀ ਦੁੱਧਾਂ ਵਿਚ ਘਿਉ ਵਿਆਪਕ ਹੈ, ਇਸੇ ਤਰ੍ਹਾਂ ਹੀ ਉਹ ਜੋਤੀ ਸਰੂਪ ਦੀ ਜੋਤ ਹਰ ਘਟ ਘਟ ਵਿਚ ਸਮਾਈ ਹੋਈ ਹੈ। ਇਹ ਠੀਕ ਹੈ ਕਿ ਉਹ ਅਗਨੀ ਅਤੇ ਘਿਉ ਪ੍ਰਤੱਖ ਰੂਪ ਵਿਚ ਦਿੱਸਦਾ ਨਹੀਂ, ਪਰ ਉਸ ਨੂੰ ਪ੍ਰਗਟ ਤੌਰ ਪਰ ਵੇਖਣ ਲਈ ਮਸ਼ੱਕਤ ਕਰਨੀ ਪੈਂਦੀ ਹੈ, ਜਿਵੇਂ ਦੋ ਬਾਂਸ ਦੀਆਂ ਲਕੜਾਂ ਨੂੰ ਘਸਾਉਣ ਦੀ ਮਿਹਨਤ ਕਰਨ ਵਾਲਾ ਅਤੇ ਦੁੱਧ ਨੂੰ ਕਾੜ੍ਹ ਕੇ ਜਾਗ ਲਾ ਰਿੜਕਨ ਦੀ ਖੇਚਲਾ ਕਰਨ ਵਾਲਾ, ਅਗਨੀ ਅਤੇ ਘਿਉ ਨੂੰ ਪ੍ਰਤੱਖ ਰੂਪ ਵਿਚ ਵੇਖ ਲੈਂਦਾ ਹੈ, ਇਸੇ ਹੀ ਤਰ੍ਹਾਂ ਰੱਬੀ ਮਾਰਗ ਤੇ ਚੱਲਣ ਵਾਲਾ ਜੋ ਪਾਂਧੀ ਹੈ ਉਹ ਸਾਧਨਾ ਕਰਦਾ ਹੋਇਆ ਸਹਿਜੇ ਸਹਿਜੇ ਉਸ ਜੋਤੀ ਸਰੂਪ ਦੀ ਵਿਆਪਕ ਜੋਤ ਨੂੰ ਪ੍ਰਤੱਖ ਰੂਪ ਵਿਚ ਵੇਖ ਲੈਂਦਾ ਹੈ, ਇਨ੍ਹਾਂ ਬਾਣੀ ਦੀਆਂ ਪੰਗਤੀਆਂ ਤੋਂ ਪ੍ਰਭਾਵਤ ਹੋ ਮੈਂ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ ਕਿ :

(੧) ਹੇ ਭਾਈਓ! ਜਿਵੇਂ ਸ਼ੀਸ਼ੇ ਵਿਚੋਂ ਧਿਆਨ (ਨਾਲ) ਵੇਖੀਏ (ਤਾਂ ਉਸ ਵਿਚੋਂ ਉਸੇ ਤਰ੍ਹਾਂ) ਆਪਣੇ ਆਪ ਨੂੰ ਹੀ ਵੇਖੀਦਾ ਹੈ। ਇਸੇ ਹੀ ਤਰ੍ਹਾਂ ਆਪਣੇ ਆਪੇ ਨੂੰ ਆਪੇ ਵਿਚੋਂ ਵੇਖੋ।

(੨) (ਉਹ) ਘਟ ਘਟ ਵਿਚ ਪੂਰਨ ਬ੍ਰਹਮ (ਪ੍ਰਭੂ ਰਮ ਰਿਹਾ ਹੈ) ਜਿਵੇਂ ਚੰਦ੍ਰਮਾਂ ਘੜਿਆਂ ਦੇ ਪਾਣੀ ਵਿਚ ਉਸੇ ਤਰ੍ਹਾਂ ਚਮਕਦਾ ਵੇਖੀਦਾ ਹੈ।

(੩) (ਚਾਹੇ ਵੇਖੋ) ਗਾਵਾਂ (ਭਾਵੇਂ ਕਿੰਨੇ ਰੰਗਾਂ ਦੀਆਂ ਹੋਣ)

ਪਰ ਉਨ੍ਹਾਂ ਦਾ ਦੁੱਧ ਇਕੋ ਜਿਹਾ ਚਿੱਟਾ ਹੈ, ਤੇ ਦੁੱਧ ਵਿਚ ਘਿਉ ਵੀ ਇੱਕ ਜੈਸਾ ਨਿਕਲਦਾ ਹੈ, ਗਾਂ ਭਾਵੇਂ ਕਿਸੇ ਭੀ ਰੰਗ ਦੀ ਹੋਵੇ।

(੪) ਫੁੱਲਾਂ ਅੰਦਰ ਵਾਸ਼ਨਾ (ਸੁਗੰਧੀ) ਉਹੋ ਜੇਹੀ ਹੀ ਹੈ, ਜਿਹੋ ਜਿਹੀ ਫੁੱਲਾਂ ਦੇ ਫਲਾਂ ਅੰਦਰ ਸੰਭਾਲੀ ਹੁੰਦੀ ਹੈ।

(੫) ਲੱਕੜੀ ਤੇ ਅੱਗ ਦਾ ਚਲਿਤ (ਕੌਤਕ) ਵੇਖੋ ਕਿ ਅੱਗ ਲੱਕੜੀ ਦੇ ਵਿਚ ਸਮਾਈ ਹੋਈ ਹੈ, ਜਿਵੇਂ ਪਾਣੀ ਧਰਤੀ ਦੀ ਹਿੱਕ ਵਿਚ ਸਮਾਇਆ ਹੋਇਆ ਹੈ।

(੬) (ਇਸੇ ਤਰ੍ਹਾਂ ਹੀ ਉਹ) ਪਰੀ ਪੂਰਨ ਪ੍ਰਮੇਸ਼ਰ ਘਟਾਂ ਘਟਾਂ ਵਿਚ ਵਿਆਪਕ ਹੈ, (ਪਰ ਕੋਈ) ਗੁਰਮੁਖ ਹੀ ਇਸਨੂੰ ਦੇਖਦਾ ਤੇ ਦਿਖਾਉਂਦਾ ਹੈ।੬।

***ਭਾਵਾਰਥ :*** ਉਹ ਪ੍ਰਮੇਸ਼ਰ ਤਾਂ—ਘਟ ਘਟ ਵਾਸੀ ਸਰਬ ਨਿਵਾਸੀ ਹੈ (ਪੰਨਾ ੭੮੪) ਉਸ ਨੂੰ ਵੇਖਣ ਦੀਆਂ ਜਿਸ ਪਾਸ ਅੱਖਾਂ ਨਹੀਂ ਉਹ ਉਸਨੂੰ ਵੇਖ ਨਹੀਂ ਸਕਦਾ ਉਸਨੂੰ ਵੇਖਣ ਲਈ ਅੱਖਾਂ ਹੋਰ ਹਨ, ਉਹ ਅੱਖਾਂ ਹਨ ਵੀਚਾਰ ਦੀਆਂ, ਜਿਨ੍ਹਾਂ ਬਾਰੇ ਬਾਣੀ ਵਿਚ ਫ਼ੁਰਮਾਨ ਆਇਆ ਹੈ, ਜਿਵੇਂ ਕਿ :

ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੧॥ *(ਪੰਨਾ ੫੭੭)*

## ੭. ਗੁਰਮੁਖ ਗੁਰਸਿੱਖ ਦੀ ਰਹਿਣੀ

**੧. ਦਿੱਬ ਦਿਸ਼ਟ ਗੁਰ ਧਿਆਨ ਧਰਿ**
**ਸਿੱਖ ਵਿਰਲਾ ਕੋਈ।**
**੨. ਰਤਨ ਪਾਰਖੂ ਹੋਇ ਕੈ**
**ਰਤਨਾ ਅਵਿਲੋਈ।**
**੩. ਮਨ ਮਾਣਕ ਨਿਰਮੋਲਕਾ**
**ਸਤਸੰਗ ਪਰੋਈ।**
**੪. ਰਤਨ ਮਾਲ ਗੁਰ ਸਿੱਖ ਜੱਗ**
**ਗੁਰਮਤਿ ਗੁਣ ਗੋਈ।**
**੫. ਜੀਵੰਦਿਆਂ ਮਰ ਅਮਰ ਹੋਇ**
**ਸੁਖ ਸਹਜ ਸਮੋਈ।**
**੬. ਓਤਿ ਪੋਤਿ ਜੋਤਿ ਜੋਤਿ**
**ਮਿਲਿ ਜਾਣੈ ਜਾਣੋਈ ॥੭॥**

***ਪਦ ਅਰਥ :*** ਦਿੱਬ ਦਿਸ਼ਟ—ਗੁਹਝ ਗਿਆਨ ਵਾਲੀ ਨਜ਼ਰ, ਪ੍ਰਕਾਸ਼ਮਾਨ ਨਜ਼ਰ, ਅਗੰਮ ਜਾਨਣ ਵਾਲੀ ਦ੍ਰਿਸ਼ਟੀ, ਗਿਆਨ ਦ੍ਰਿਸ਼ਟੀ। ਗੁਣ—ਰਸੀ। ਗੁਣ ਗੋਈ—ਗੁਣਾਂ ਨਾਲ ਪਰੁਚੀ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਜੋ ਗੁਰਮੁਖ ਗੁਰਸਿੱਖੀ ਦੀ ਰਹਿਣੀ ਵਿਚ ਰਹਿ ਕੇ ਸਹੀ ਜੀਵਨ ਗੁਜ਼ਾਰਨ ਵਾਲਾ ਹੋ ਅਜਿਹੇ ਗੁਰਸਿੱਖਾਂ ਦੀ ਤੁਹਾਡੀਆਂ ਨਜ਼ਰਾਂ ਵਿਚ ਕਿਤਨੀ ਕੁ ਗਿਣਤੀ ਹੋਵੇਗੀ ?

ਉ: ਹੇ ਭਾਈਓ! ਜਦੋਂ ਮੈਂ ਸੁਭਾਵਕ ਹੀ ਇਨ੍ਹਾਂ ਬਾਹਰਲੇ ਨੇਤ੍ਰਾਂ ਦੀ ਅਸਥੂਲ ਦ੍ਰਿਸ਼ਟੀ ਰਾਹੀਂ ਤੱਕਦਾ ਹਾਂ ਤਾਂ ਮੈਨੂੰ ਬਾਹਰੋਂ ਸਰੀਰਕ ਰਹਿਤ ਦੇ ਧਾਰਨੀ ਬਹੁਤ ਗੁਰਸਿੱਖੀ ਦੀ ਰਹਿਣੀ ਵਿਚ ਰਹਿੰਦਿਆਂ ਜੀਵਨ ਗੁਜ਼ਾਰਦੇ ਨਜ਼ਰੀ ਆਉਂਦੇ ਹਨ, ਪਰ ਜਦੋਂ ਮੈਂ ਗੁਰਬਾਣੀ ਦੇ ਆਧਾਰਤ ਹੋ ਵੀਚਾਰ ਕਰਦਾ ਹਾਂ ਤਾ ਉਨ੍ਹਾਂ ਵਿਚੋਂ ਵਧੇਰੇ ਨਹੀਂ, ਗੁਰਬਾਣੀ ਦੇ ਫ਼ੁਰਮਾਨ ਅਨੁਸਾਰ ਬਹੁਤ ਹੀ ਘੱਟ ਵੇਖਣ ਵਿਚ ਆਉਂਦੇ ਹਨ, ਜਿਵੇਂ ਕਿ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥ *(ਪੰਨਾ ੧੪੧੧)*

ਭਾਵ ਵਧੇਰੇ ਨਹੀਂ ਵਿਰਲੇ ਹੀ ਤੱਕਣ ਵਿਚ ਆਉਂਦੇ ਹਨ ਬਾਕੀ ਤਾਂ ਆਮ ਸੰਸਾਰੀ ਲੋਕ ਵਿਕਾਰਾਂ ਦੀ ਪਕੜ ਵਿਚ ਹੀ ਗ੍ਰਸੇ ਹੋਏ ਹਨ। ਜਾਂ ਇਉਂ ਭੀ ਹੁਕਮ ਆਇਆ ਹੈ ਕਿ ਜਿਸਦੇ ਚਿੱਤ ਦਾ ਤਾਲ-ਮੇਲ ਉਸ ਪ੍ਰਭੂ ਨਾਲ ਹੋ ਰਿਹਾ ਹੈ ਉਹ ਕ੍ਰੋੜਾਂ ਵਿਚੋਂ ਕੋਈ ਇਕ ਹੀ ਲੱਭਿਆ ਜਾ ਸਕਦਾ ਹੈ, ਜਿਵੇਂ ਕਿ :

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ *(ਪੰਨਾ ੧੪੨੭)*

ਭਾਵ ਹੈ ਜਿਥੇ ਗੁਰਸਿੱਖ ਨੇ ਬਾਹਰਲੀ ਸਰੀਰਕ ਰਹਿਤ ਧਾਰਨ ਕਰਨੀ ਹੈ, ਉਥੇ ਉਸ ਲਈ ਅੰਤਰ ਆਤਮੇ ਦੀ ਧਾਰਨਾ ਹੋਰ ਭੀ ਜ਼ਰੂਰੀ ਹੈ, ਜੇ ਇਉਂ ਭੀ ਮੰਨ ਲਿਆ ਜਾਵੇ ਕਿ ਬਾਹਰਲੀ ਸਰੀਰਕ ਰਹਿਤ ਅੰਤਰੀਵ ਧਾਰਨਾ ਦੀ ਇਕ ਤਰ੍ਹਾਂ ਦੀ ਪ੍ਰੇਰਕ ਹੀ ਹੈ ਤਾਂ ਭੀ ਠੀਕ ਹੀ ਮੰਨਿਆ ਜਾਵੇਗਾ, ਕਿਉਂਕਿ ਅੰਤ੍ਰੀਵ ਧਾਰਨਾ ਤੋਂ ਸੱਖਣੀ ਬਾਹਰਲੀ ਧਾਰਨਾ ਤਾਂ ਇਕ ਤਰ੍ਹਾਂ ਦਾ ਬਾਹਰਲਾ ਬੁਰਕਾ ਹੀ ਮੰਨਿਆ ਜਾਵੇਗਾ।

ਪ੍ਰ: ਕਿਉਂ ਭਾਈ ਸਾਹਿਬ ਜੀਉ! ਕੀ ਤੁਹਾਡੇ ਵੀਚਾਰ

ਕਰਨ ਵਿਚ ਗੁਰਬਾਣੀ ਅੰਦਰ ਗੁਰਸਿੱਖ ਲਈ ਕੋਈ ਖ਼ਾਸ ਅੱੜ੍ਹੀਵ ਧਾਰਨਾ ਦਾ ਜਿਕਰ ਆਇਆ ਹੈ ਜਿਸ ਨੂੰ ਕਿ ਗੁਰਸਿੱਖ ਲਈ ਧਾਰਨ ਕਰਨਾ ਅਤਿ ਜ਼ਰੂਰੀ ਹੈ, ਜੇ ਤੁਹਾਡੇ ਪੜਚੋਲਨ ਵਿਚ ਹੈ ਤਾਂ ਜਾਣਕਾਰੀ ਦੇਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬੀੜ ਲਿਖਵਾਉਣ ਸਮੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਗੁਰੂ ਰਾਮਦਾਸ ਜੀ ਵਲੋਂ ਉਚਾਰਨ ਕੀਤੀ ਗੁਰਸਿੱਖ ਦੀ ਧਾਰਨਾ ਹੇਠ ਲਿਖੇ ਅਨੁਸਾਰ ਇਉਂ ਲਿਖਵਾਈ ਸੀ ਕਿ ਗੁਰੂ ਦੇ ਸਿੱਖ ਨੂੰ ਹਮੇਸ਼ਾ ਹੀ ਇਸ ਧਾਰਨਾ ਦਾ ਧਾਰਨੀ ਹੋਣਾ ਚਾਹੀਦਾ ਹੈ, ਜਿਵੇਂ ਕਿ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

*(ਮ: ੪, ਪੰਨਾ ੩੦੫)*

ਜਾਂ ਰਹਤ ਰਹਤ ਰਹਿ ਜਾਹਿ ਬਿਕਾਰਾ ॥
ਗੁਰ ਪੂਰੇ ਕੈ ਸਬਦਿ ਅਪਾਰਾ ॥ *(ਪਉੜੀ, ਪੰਨਾ ੨੫੯)*

ਭਾਵ, ਅਜਿਹੀ ਰਹਿਤ ਵਿਚ ਰਹਿਣ ਵਾਲਾ ਸਿਖ ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ ਅਰਥਾਤ ਨਿਰਵਿਕਾਰ ਹੋ ਜਾਂਦਾ ਹੈ, ਅਜਿਹੇ ਗੁਰੂ ਦੇ ਸਿਖ ਦਾ ਗੁਰੂ ਦੇ ਅੰਦਰ ਇਤਨਾ ਸਨਮਾਨ ਹੈ ਕਿ ਗੁਰੂ ਖ਼ੁਦ ਭੀ ਉਸ ਦੀ ਚਰਨ ਧੂੜ ਦੇ ਚਾਹਵਾਨ ਹਨ। ਪਰ ਅਜਿਹੀ ਰਹਿਤ ਵਿਚ ਰਹਿਣ ਵਾਲੇ ਗੁਰੂ ਦੇ ਸਿਖ ਵੇਖਣ ਵਿਚ ਵਿਰਲੇ ਹੀ ਆਉਂਦੇ ਹਨ। ਜਿਨ੍ਹਾਂ ਦੇ ਜੀਵਨਾਂ ਤੋਂ ਪ੍ਰੇਰਤ ਹੋ, ਮੈਂ ਇਸ ਸੱਤਵੀਂ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ ! ਜਦੋਂ ਗੁਰਬਾਣੀ ਦੇ ਅਨੁਸਾਰ ਹੋ ਨਜ਼ਰ ਮਾਰਦੇ ਹਾਂ ਤਾਂ) ਗਿਆਨਵਾਨ, ਦ੍ਰਿਸ਼ਟੀ ਵਾਲਾ ਹੋ ਕੇ (ਪ੍ਰਮੇਸ਼ਰ ਗੁਰੂ ਦਾ) ਧਿਆਨ ਧਰਨ ਵਾਲਾ ਕੋਈ ਵਿਰਲਾ ਹੀ ਸਿਖ ਹੈ।

(੨) ਰਤਨ (ਗੁਣਾਂ) ਦਾ ਪਾਰਖੂ ਹੋ ਕੇ (ਜਿਹੜਾ) ਰਤਨ (ਗੁਣਾਂ ਵਲ ਹੀ) ਵੇਖਦਾ ਹੈ।

(੩) (ਉਨ੍ਹਾਂ ਦਾ) ਮਨ (ਅੰਤਾਕਰਣ) ਮਾਣਕ ਰੂਪ ਨਿਰਮੋਲਕ ਹੀਰਾ ਹੈ, ਜੋ (ਗੁਰਸਿਖਿਆ ਦੇ ਕੇਂਦਰ) ਸਤਿਸੰਗ ਵਿਚ ਪਹੁੰਚ ਜਾਂਦਾ ਹੈ।

(੪) ਰਤਨ ਮਾਲ (ਗੁਣਾਂ ਦਾ ਹਾਰ) ਗੁਰੂ ਸਿਖ ਹੀ ਜਗਤ ਵਿਚ ਹਨ, ਗੁਰੂ ਦੀ ਸਿਖਿਆ ਦੇ ਗੁਣਾਂ ਨੂੰ (ਮਾਲਾ ਵਿਚ) ਪਰੋਈ ਜਾਂਦੇ ਹਨ।

(੫) (ਉਹ) ਜੀਉਂਦਿਆਂ ਹੀ ਆਪਾ ਮਾਰ ਕੇ ਮੌਤ ਦੇ ਡਰ ਤੋਂ ਰਹਿਤ ਹੋ ਜਾਂਦੇ ਹਨ ਤੇ ਸੁਖਾਂ ਦੇ ਸਹਿਜ ਸੁਖ ਵਿਚ ਅਭੇਦ ਹੋ ਜਾਂਦੇ ਹਨ।

(੬) ਜੋਤ ਨਾਲ ਜੋਤ ਰੂਪ ਹੋ, ਓਤ ਪੋਤ (ਤਾਣੇ ਪੇਟੇ ਵਾਂਗ) ਪ੍ਰਭੂ ਨਾਲ ਮਿਲ ਜਾਂਦੇ ਹਨ, (ਤੇ ਐਸੇ ਵਿਰਲੇ ਦਿੱਬ ਦ੍ਰਿਸ਼ਟੀ ਵਾਲੇ ਗੁਰਮੁਖ ਹੀ) ਮਿਲਣਾ ਜਾਣਦੇ ਹਨ।੭।

## ੮. ਗੁਰਸਿੱਖ ਦੀ ਗੁਰੂ ਨਾਲ ਅਭੇਦਤਾ

੧. ਰਾਗ ਨਾਦ ਵਿਸਮਾਦ ਹੋਇ
ਗੁਣ ਗਹਿਰ ਗੰਭੀਰਾ।
੨. ਸ਼ਬਦ ਸੁਰਤਿ ਲਿਵ ਲੀਣ ਹੋਇ
ਅਨਹਦ ਧੁਨਿ ਧੀਰਾ।
੩. ਜੰਤ੍ਰੀ ਜੰਤ੍ਰ ਵਜਾਇੰਦਾ
ਮਨ ਉਨਮਨ ਚੀਰਾ।
੪. ਵੱਜ ਵਜਾਇ ਸਮਾਇ ਲੈ
ਗੁਰ ਸ਼ਬਦ ਵਜ਼ੀਰਾ।
੫. ਅੰਤਰਜਾਮੀ ਜਾਣੀਐ
ਅੰਤਰਿ ਗਤਿ ਪੀਰਾ।
੬. ਗੁਰ ਚੇਲਾ ਚੇਲਾ ਗੁਰੂ
ਬੇਧ ਹੀਰੇ ਹੀਰਾ ॥੮॥

***ਪਦ ਅਰਥ :*** ਗੰਭੀਰਾ—ਉਚੇ, ਡੂੰਘੇ। ਧੀਰਾ—ਟਿਕ ਜਾਣਾ। ਵਜੀਰਾ—ਵਜੰਤ੍ਰੀ, ਵੱਜਣਾ। ਪੀਰਾ—ਪੀੜ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਪਿਛੇ ਆਪ ਜੀ ਨੇ ਗੁਰਬਾਣੀ ਅਨੁਸਾਰ ਗੁਰਸਿੱਖ ਦੀ ਰਹੁ-ਰੀਤੀ ਦਰਸਾਈ ਹੈ ਕਿ ਉਹ ਸੁਆਸ ਸੁਆਸ ਪ੍ਰਭੂ ਦਾ ਸਿਮਰਨ ਕਰਦਾ ਹੋਇਆ ਹੀ ਜੀਵਨ ਗੁਜ਼ਾਰਦਾ ਹੈ, ਭਾਵੇਂ ਅਜਿਹਾ ਸਿੱਖ ਕੋਈ ਵਿਰਲਾ ਹੀ ਵੇਖਣ ਵਿਚ ਆਉਂਦਾ ਹੈ, ਪਰ ਤਾਂ ਭੀ ਅਜਿਹੇ ਗੁਰਸਿੱਖ ਦੀ ਗੁਰੂ ਨਾਲ ਅਭੇਦਤਾ ਕਿਤਨੀ ਕੁ ਮੰਨੀ ਜਾਂਦੀ ਹੈ, ਕੀ ਇਸ ਸੰਬੰਧ ਵਿਚ ਭੀ ਕੋਈ ਗੁਰਬਾਣੀ ਅੰਦਰ ਫ਼ੁਰਮਾਨ ਆਇਆ ਹੈ, ਜੇ ਆਪ ਜੀ ਦੀ ਪੜਚੋਲ ਵਿਚ ਕੁੱਝ ਇਸ਼ਾਰਾ ਹੋਵੇ ਤਾਂ ਸਾਡੀ ਦ੍ਰਿਸ਼ਟੀ-ਗੋਚਰ ਭੀ ਕਰਨ ਦੀ ਕ੍ਰਿਪਾ ਕਰੋ ?

ਉ: ਹੇ ਭਾਈ! ਬਾਣੀ ਦੀ ਵੀਚਾਰ ਕਰਦਿਆਂ ਕਈ ਮਹਾਂਵਾਕ ਇਸ ਸੰਬੰਧ ਵਿਚ ਆਏ ਹਨ, ਜਿਵੇਂ ਕਿ ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਆਇਆ ਹੈ ਕਿ :

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ
ਗੁਰ ਉਪਦੇਸੁ ਚਲਾਏ॥
ਰਾਮ ਨਾਮ ਮੰਤੁ ਹਿਰਦੈ ਦੇਵੈ
ਨਾਨਕ ਮਿਲਣੁ ਸੁਭਾਏ॥

*(ਆਸਾ ਮ: ੪, ਪੰਨਾ ੪੪੪)*

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ
ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥
ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ
ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥

*(ਮ: ੪, ਪੰਨਾ ੩੧੭)*

ਭਾਵ ਹੈ ਕਿ ਜੋ ਗੁਰਸਿਖ ਗੁਰੂ ਦੇ ਦ੍ਰਿੜ੍ਹ ਕਰਾਏ ਉਪਦੇਸ਼ ਦੇ ਅਨੁਸਾਰੀ ਹੋ ਆਪਣੀ ਜੀਵਨ ਯਾਤਰਾ ਦਾ ਸਫ਼ਰ ਕਰਦਾ ਹੈ ਉਹ ਸਰੀਰ ਕਰਕੇ ਤਾਂ ਭਾਵੇਂ ਵੱਖਰਾ ਪ੍ਰਤੀਤ ਹੁੰਦਾ ਹੈ, ਪਰ ਉਹ ਅੰਤਰ ਆਤਮੇ ਗੁਰੂ ਦੀ ਜੋਤ ਨਾਲ ਇਕ ਮਿੱਕ ਹੈ, ਇਸ ਭੇਦ ਨੂੰ ਬਾਣੀ ਅਤੇ ਗੁਰ ਇਤਿਹਾਸ ਵਿਚ ਅਨੇਕਾਂ ਥਾਵਾਂ ਤੇ ਪ੍ਰਗਟਾਇਆ ਗਿਆ ਹੈ ਜਿਸ ਤੋਂ ਪ੍ਰੇਰਤ ਹੋ ਮੈਂ ਇਸ ਅੱਠਵੀਂ ਪਉੜੀ ਦੀਆਂ ਚੰਦ ਸਤਰਾਂ ਉਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈ! ਗੁਰੂ ਦਾ ਸਿਖ) ਰਾਗ ਦੇ ਨਾਦ (ਸ਼ਬਦ) ਨਾਲ ਵਿਸਮਾਦ (ਹੈਰਾਨ) ਹੋ ਕੇ ਗੁਣਾਂ ਨਾਲ ਗਹਿਰ ਗੰਭੀਰ ਹੋ ਜਾਂਦਾ ਹੈ।

(੨) ਉਹ ਸ਼ਬਦ ਤੇ ਸੁਰਤ (ਦੇ ਰਸ ਵਿਚ) ਲਿਵਲੀਣ (ਮਗਨ) ਹੋ ਕੇ ਅਨਹਦ ਧੁਨੀ ਦੀ ਧੁਨ ਵਿਚ ਟਿਕ ਜਾਂਦਾ ਹੈ।

(੩) (ਜਿਵੇਂ) ਜੰਤ੍ਰੀ ਜੰਤ੍ਰ ਵਜਾਉਂਦਾ ਹੈ ਤਾਂ ਉਸ ਦੀ ਖਿੱਚ ਤੇ ਰਸ ਨਾਲ ਮਨ ਵਿਝ ਕੇ ਤੁਰੀਆ ਪਦ ਵਿਚ ਜਾ ਟਿਕਦਾ ਹੈ।

(੪) ਗੁਰ ਸ਼ਬਦ ਦਾ ਵਜੰਤ੍ਰੀ (ਗੁਰਮੁਖ) ਗੁਰਸਿੱਖ ਨੂੰ (ਸ਼ਬਦ ਧੁਨੀ ਵਿਚ) ਵੱਜ ਵਜਾ ਕੇ ਸਮਾ ਲੈਂਦਾ ਹੈ।

(੫) ਗੁਰੂ ਨੂੰ ਅੰਤਰਜਾਮੀ ਜਾਣਨਾ ਚਾਹੀਦਾ ਹੈ, ਜੋ ਗੁਰਸਿੱਖ ਦੇ ਅੰਦਰ ਦੀ ਹਾਲਤ ਤੇ ਪੀੜਾ ਨੂੰ ਜਾਣਦਾ ਹੈ।

(੬) ਗੁਰੂ ਚੇਲਾ ਹੈ ਤੇ ਚੇਲਾ ਗੁਰੂ ਹੈ (ਜਿਵੇਂ) ਹੀਰੇ ਨੂੰ ਬੇਧਣ ਲਈ ਹੀਰਾ ਹੀ ਕਾਰਗਰ ਹੁੰਦਾ ਹੈ।੮।

***ਭਾਵਾਰਥ :*** ਪਹਿਲੀ ਤੁਕ ਵਿਚ ਆਹਤ ਸ਼ਬਦ ਦਾ ਕਥਨ ਹੈ ਜੋ ਅਨੇਕਾਂ ਰਾਗਾਂ ਦੁਆਰਾ ਗਲਿਆਂ ਵਿਚੋਂ ਉਤਪੰਨ ਹੁੰਦਾ ਹੈ। ਇਹ ਰਾਗ ਦੀ ਤਾਸੀਰ ਪੂਰਨ ਸਿਖ ਤੇ ਕੀ ਹੁੰਦੀ ਹੈ ਕਿ ਉਹ ਗੁਣਾਂ ਦੀ ਮਹਿਕ ਵਿਚ ਗਹਿਰ ਗੰਭੀਰ ਅਡੋਲ ਇਸਥਿਤ ਹੋਇਆ ਰਹਿੰਦਾ ਹੈ। ਫੇਰ ਜੇ ਉਹ ਅਨਾਹਦ ਸ਼ਬਦ ਦੇ ਰੰਗ ਵਿਚ ਚੜ੍ਹੇ ਤਦ ਭੀ ਸ਼ਬਦ ਵਿਚ ਹੀ ਲੀਨ ਹੋ ਜਾਂਦਾ ਹੈ। ਤੀਸਰੀ ਤੁਕ ਵਿਚ ਵਾਜਿਆਂ ਦਾ ਕਥਨ ਹੈ ਕਿ ਜੇ ਵਾਜਿਆਂ ਦਾ ਅਨਾਹਦ ਸ਼ਬਦ ਸੁਣੇ ਤਦ ਭੀ ਪੂਰਨ ਸਿਖ ਤੁਰੀਆ ਪਦ ਵਿਚ ਹੀ ਇਸਥਿਤ ਹੁੰਦਾ ਹੈ। ਅਗਲੀ ਤੁਕ ਵਿਚ ਕਹਿੰਦੇ ਹਨ ਕਿ 'ਵੱਜ ਵਜਾਇ' ਚਾਹੇ ਤਾਂ ਸ਼ਬਦ ਆਪੇ ਵਜੇ ਤੇ ਚਾਹੇ ਵਜਾਇਆ ਜਾਏ, ਅਰਥਾਤ ਅਨਾਹਤ ਤੇ ਆਹਤ ਦੋਨੋਂ ਤਰ੍ਹਾਂ ਦੇ ਸ਼ਬਦ ਦੇ (ਵੱਜਣ ਦੀ ਕ੍ਰਿਆ) ਦਾ ਅਸਰ ਪੂਰਨ ਸਿਖ ਪਰ ਇਹ ਹੁੰਦਾ ਹੈ ਕਿ ਗੁਰੂ ਦੇ ਸ਼ਬਦ ਵਿਚ ਅਰੂੜ੍ਹ ਹੋ ਕੇ ਉਸ ਰੰਗ ਨੂੰ, ਜੋ ਨਾਮ ਤੋਂ ਪ੍ਰਾਪਤ ਹੁੰਦਾ ਹੈ ਸਮਾ ਲਵੇ, ਜਰ ਲਵੇ। ਅੰਦਰ ਸਮਾਈ ਕਰਨ ਦੀ ਪੀੜ ਹੈ, ਉਹ ਸਹਿਣੀ ਸਫਲ ਹੈ, ਕਿਉਂਕਿ ਗੁਰੂ ਅੰਦਰ ਦੀ ਪੀੜ ਦਾ ਜਾਨਣਹਾਰ ਹੈ, ਇਸ ਲਈ ਹਰ ਹਾਲਤ ਵਿਚ ਚਾਹੇ ਮਨ ਅੰਦਰ ਕੋਈ ਪੀੜ ਹੋਵੇ, ਚਾਹੇ ਨਾਮ ਰਸ ਦੀ ਪ੍ਰਾਪਤੀ ਹੋਵੇ, ਜਰਨਾ ਚਾਹੀਏ ਤੇ ਦੋਹਾਂ ਹਾਲਤਾਂ ਵਿਚ ਰਜ਼ਾ ਤੇ ਸ਼ੁਕਰ ਤੇ ਟਿਕਣਾ ਚਾਹੀਦਾ ਹੈ ਤੇ ਅੰਤ ਵਿਚ ਚੇਲਾ ਗੁਰੂ ਇਕ ਹੋ ਜਾਂਦੇ ਹਨ, ਜਿਕਰ ਵਿੰਨ੍ਹਣ ਵਾਲਾ ਤੇ ਵਿਝਣ ਵਾਲਾ ਹੀਰਾ ਦੋਵੇਂ ਹੀਰਾ ਹੀ ਹੁੰਦੇ ਹਨ। ਇਸ ਤਰ੍ਹਾਂ ਗੁਰੂ ਸਿੱਖ ਵਿਚ ਪੂਰਨ ਅਭੇਦਤਾ ਹੋਇਆ ਕਰਦੀ ਹੈ।

## ੯. ਮਿਲਾਪ ਦੀ ਹਾਲਤ ਦਾ ਹੋਰ ਵਰਣਨ

**੧. ਪਾਰਸ ਹੋਯਾ ਪਾਰਸਹੁ**
**ਗੁਰਮੁਖ ਵਡਿਆਈ।**
**੨. ਹੀਰੈ ਹੀਰਾ ਬੇਧਿਆ**
**ਜੋਤਿ ਜੋਤਿ ਮਿਲਾਈ।**
**੩. ਸ਼ਬਦ ਸੁਰਤਿ ਲਿਵਲੀਣ ਹੋਏ**
**ਜੰਤ੍ਰ ਜੰਤ੍ਰੀ ਵਾਈ।**
**੪. ਗੁਰ ਚੇਲਾ ਚੇਲਾ ਗੁਰੂ**
**ਪਰਚਾ ਪਰਚਾਈ।**
**੫. ਪੁਰਖਹੁ ਪੁਰਖ ਉਪਾਇਆ**
**ਪੁਰਖੋਤਮ ਹਾਈ।**
**੬. ਵੀਹ ਇਕੀਹ ਉਲੰਘ ਕੈ**
**ਹੋਇ ਸਹਜਿ ਸਮਾਈ॥੯॥**

*ਪਦ ਅਰਥ :* ਬੇਧਿਆ—ਵਿੰਨ੍ਹਿਆਂ। ਜੰਤ੍ਰ—ਵਾਜਾ। ਜੰਤ੍ਰੀ—ਵਾਜਾ ਵਜਾਉਣ ਵਾਲਾ। ਹਾਈ—ਹੋਏ। ਵੀਹ ਇਕੀਹ—ਜੀਵ ਤੇ ਪ੍ਰਮੇਸ਼ਰ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਮੁਖਾਂ ਦੀ ਸੰਗਤ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ ਕੀ ਉਨ੍ਹਾਂ ਦਾ ਮਿਲਾਪ ਪਾਰਸ ਵਾਂਗ ਮੰਨਿਆ ਜਾਵੇ? ਕਿਉਂਕਿ ਜਿਵੇਂ ਉਹ ਪਾਰਸ ਲੋਹੇ ਨੂੰ ਸੋਨਾ ਬਣਾ ਦੇਂਦਾ ਹੈ ਇਸੇ ਤਰ੍ਹਾਂ ਗੁਰਮੁਖਾਂ ਦੀ ਸੰਗਤ ਦਾ ਮਿਲਾਪ ਭੀ ਮਨੁੱਖ ਦੇ ਜੀਵਨ ਵਿਚ ਬਦਲ ਲੈ ਆਉਂਦਾ ਹੈ, ਕਿਉਂ ਜੀ! ਤੁਸੀਂ ਇਸ ਬਾਰੇ ਕੀ ਵੀਚਾਰ ਰੱਖਦੇ ਹੋ?

ਉ: ਹੇ ਭਾਈਓ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਪਾਰਸ ਅਤੇ ਗੁਰਮੁਖਾਂ ਦੀ ਸੰਗਤ ਦੇ ਮਿਲਾਪ ਵਿਚ ਬੜਾ ਹੀ ਅੰਤਰਾ ਹੈ, ਕਿਉਂਕਿ ਪਾਰਸ ਵਿਚ ਇਹ ਵਡਿਆਈ ਨਹੀਂ ਹੈ ਕਿ ਉਹ ਕਿਸੇ ਨੂੰ ਆਪਣੇ ਵਰਗਾ ਪਾਰਸ ਬਣਾ ਦੇਵੇ, ਪਰ ਪੂਰੇ ਸਤਿਗੁਰੂ ਜੀ ਦੀ ਇਹ ਮਹਾਨ ਵਡਿਆਈ ਹੈ ਕਿ ਉਹ ਸਤਿਗੁਰੂ ਸਿਖ ਨੂੰ ਆਪਣੇ ਸਮਾਨ (ਪਾਰਸ ਰੂਪ) ਬਣਾ ਲੈਂਦੇ ਹਨ। ਜਾਂ ਇਉਂ ਭੀ ਕਿਹਾ ਜਾ ਸਕਦਾ ਹੈ ਕਿ ਗੁਰਮੁਖਾਂ ਦੀ ਸੰਗਤ ਦਾ ਮਿਲਾਪ ਇਕ ਚੰਦਨ ਦੇ ਬੂਟੇ ਸਮਾਨ ਹੈ ਜੋ ਕਿ ਆਪਣੀ ਸੁਗੰਧੀ ਨਾਲ ਸਾਰੇ ਹੀ ਜੰਗਲ ਦੇ ਦਰੱਖ਼ਤਾਂ ਨੂੰ ਆਪਣੀ ਸੁਗੰਧੀ ਪ੍ਰਦਾਨ ਕਰਕੇ ਆਪਣਾ ਰੂਪ ਚੰਦਨ ਹੀ ਬਣਾ ਲੈਂਦਾ ਹੈ, ਇਸੇ ਭਾਵ ਨੂੰ ਕਬੀਰ ਜੀ ਆਪਣੀ ਰਚਨਾ ਵਿਚ ਪ੍ਰਗਟ ਕਰਦੇ ਹਨ:

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥
*(ਸਲੋਕ ਕਬੀਰ ਜੀ, ਪੰਨਾ ੧੩੬੫)*

ਇਸ ਤਰ੍ਹਾਂ ਬਾਣੀ ਵਿਚ ਹੋਰ ਭੀ ਅਨੇਕਾਂ ਉਦਾਹਰਣ ਪੜ੍ਹਨ ਵਿਚ ਆਉਂਦੇ ਹਨ ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਗੁਰਮੁਖਾਂ ਦੀ ਸੰਗਤ ਪਾਰਸ ਤੇ ਚੰਦਨ ਤੋਂ ਭੀ ਉਚੇਰੀ ਹੈ। ਸੋ, ਇਨ੍ਹਾਂ ਗੁਰਬਾਣੀ ਦੇ ਭਾਵਾਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਨੌਵੀਂ ਪਉੜੀ ਵਿਚ ਚੰਦ ਪੰਗਤੀਆਂ ਰਾਹੀਂ ਗੁਰਮੁਖਾਂ ਦੇ ਮਿਲਾਪ ਦੀ ਮਹਿਮਾ ਅੰਕਤ ਕੀਤੀ ਹੈ, ਜਿਵੇਂ ਕਿ:

(੧) ਹੇ ਭਾਈਓ! ਗੁਰਮੁਖਾਂ ਵਿਚ (ਇਹ) ਵਡਿਆਈ ਹੈ ਕਿ (ਮਾਨੋ) ਪਾਰਸ ਨਾਲ ਛੁਹਣ ਨਾਲ ਪਾਰਸ ਹੀ (ਹੋਈਦਾ ਹੈ, ਇਉਂ ਉਹ ਆਪਣੇ ਸਤਿਸੰਗੀ ਨੂੰ ਆਪਣੇ ਜਿਹਾ ਕਰ ਦੇਂਦੇ ਹਨ)।

(੨) (ਆਪਣੇ ਸਤਿਸੰਗੀ ਦਾ ਮਨ) ਹੀਰਾ (ਗੁਰ ਸ਼ਬਦ) ਹੀਰੇ ਨਾਲ ਵਿੰਨ੍ਹ ਕੇ ਜੋਤੀ (ਅਕਾਲ ਪੁਰਖ ਵਿਖੇ ਉਸਦੀ) ਜੋਤ ਮਿਲਾ ਦੇਂਦੇ ਹਨ।

(੩) (ਫਿਰ ਉਹ) ਸ਼ਬਦ ਦੀ ਸੁਰਤ ਦੀ (ਲਿਵ) ਤਾਰ (ਵਿਖੇ ਅਜਿਹਾ) ਲੀਨ ਹੁੰਦਾ ਹੈ (ਜਿਕੁਰ) ਜੰਤਰੀ ਜੰਤਰ ਵਜਾਉਂਦਾ ਹੈ (ਭਾਵ ਉਸ ਦੀ ਸੁਰ, ਤਾਨ ਇਕ ਸਰੂਪ ਹੋ ਜਾਂਦੀ ਹੈ)।

(੪) (ਇਸ ਤਰ੍ਹਾਂ) ਗੁਰੂ ਚੇਲਾ ਤੇ ਚੇਲਾ ਗੁਰੂ ਹੋ ਕੇ ਪ੍ਰੇਮ ਵਿਖੇ (ਪਰਚੈ) ਪਰਚ ਗਿਆ ਹੈ।

(੫) ਪੁਰਖ ਤੋਂ ਹੀ ਵੱਡਾ ਪਰਮ ਪੁਰਖ ਪੈਦਾ ਹੋਇਆ ਹੈ। ਭਾਵ (ਗੁਰੂ ਚੇਲਾ, ਨਾਨਕ ਤੋਂ ਅੰਗਦ ਜੀ ਭੀ) ਪੁਰਖ ਹੋ ਕੇ ਪੁਰਖੋਤਮ ਹੋਏ (ਸਰਬ ਪੁਰਖਾਂ ਵਿਖੇ ਸਰੇਸ਼ਟ ਹੋ ਗਏ)।

(੬) ਵੀਹ ਤੋਂ ਭਾਵ ਜੀਵ ਹੈ, ਤੇ ਇਕੀਹ ਤੋਂ ਈਸ਼ਵਰ। ਭਾਵ ਜੀਵ ਵੀਹ ਵਾਲੀ ਹਾਲਤ ਲੰਘ ਕੇ ਇਕੀਹ (ਈਸ਼ਵਰ) ਹੋ ਕੇ ਸਹਿਜ ਪਦ ਵਿਚ ਅਭੇਦ ਹੋ ਜਾਂਦਾ ਹੈ।੯।

*ਭਾਵਾਰਥ :*

ਪ੍ਰ: ਭਾਈ ਸਾਹਿਬ ਜੀਉ! ਪਿਛੇ ਆਪ ਜੀ ਨੇ ਚੰਦਨ ਦੇ ਬੂਟੇ ਦਾ ਉਦਾਹਰਣ ਦੇ ਕੇ ਇਹ ਦਰਸਾਇਆ ਹੈ ਕਿ ਚੰਦਨ ਦਾ ਬੂਟਾ ਸਾਰੇ ਜੰਗਲ ਦੇ ਬ੍ਰਿਛਾਂ ਨੂੰ ਆਪਣੀ ਸੁਗੰਧੀ ਨਾਲ ਚੰਦਨ ਹੀ ਬਣਾ ਦੇਂਦਾ ਹੈ, ਪਰ ਜਿਥੇ ਕਬੀਰ ਜੀ ਇਹ ਕਹਿ ਰਹੇ ਹਨ ਉਥੇ ਨਾਲ ਇਹ ਭੀ ਦਸ ਰਹੇ ਹਨ ਕਿ ਬਾਂਸ ਦਾ ਬੂਟਾ ਭੀ ਚੰਦਨ ਦੇ ਨੇੜੇ ਹੀ ਵੱਸਦਾ ਹੈ ਉਸ ਵਿਚ ਚੰਦਨ ਦੀ ਸੁਗੰਧੀ ਨਹੀਂ ਪ੍ਰਵੇਸ਼ ਕਰਦੀ ਇਸਦਾ ਕਾਰਨ ਕੀ ਸਮਝਿਆ ਜਾਵੇ, ਇਸੇ ਤਰ੍ਹਾਂ ਕਈ ਲੋਕ ਗੁਰਮੁਖਾਂ ਦੀ ਸੰਗਤ ਵਿਚ ਰਹਿੰਦੇ ਹੋਏ ਭੀ ਭਗਤੀ ਦੀ ਸੁਗੰਧੀ ਤੋਂ ਖ਼ਾਲੀ ਰਹਿ ਜਾਂਦੇ ਹਨ ਇਸ ਦਾ ਕਾਰਨ ਆਪ ਜੀ ਕੀ ਅਨੁਭਵ ਕਰਦੇ ਹੋ, ਇਸ ਦਾ ਕਾਰਨ ਭੀ ਕਬੀਰ ਜੀ ਆਪ ਹੀ ਦਰਸਾ ਰਹੇ ਹਨ ਕਿ :

ਉ : ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥੧੨॥
*(ਸਲੋਕ ਕਬੀਰ ਜੀ, ਪੰਨਾ ੧੩੬੫)*

ਹੇ ਭਾਈਓ! ਇਹ ਠੀਕ ਹੈ ਕਿ ਬਾਂਸ ਦੀਆਂ ਜੜ੍ਹਾਂ ਵਿਚ ਹੀ ਚੰਦਨ ਦਾ ਬੂਟਾ ਹੈ ਪਰ ਉਸ ਬਾਂਸ ਵਿਚ ਚੰਦਨ ਦੀ ਸੁਗੰਧੀ ਦਾ ਨਾ ਪ੍ਰਵੇਸ਼ ਹੋਣਾ ਇਸ ਵਿਚ ਚੰਦਨ ਦਾ ਕੋਈ ਦੋਸ਼ ਨਹੀਂ, ਦੋਸ਼ ਬਾਂਸ ਵਿਚ ਹੀ ਮੰਨਿਆ ਗਿਆ ਹੈ, ਜਿਸ ਕਰਕੇ ਉਹ ਸੁਗੰਧੀ ਤੋਂ ਸੱਖਣਾ ਹੀ ਰਹਿ ਜਾਂਦਾ ਹੈ। ਸਿਆਣੇ ਕਹਿੰਦੇ ਹਨ ਕਿ ਬਾਂਸ ਵਿਚ ਏਹ ਪੰਜ ਦੋਸ਼ ਹਨ, ਜਿਸ ਦੇ ਕਾਰਨ ਉਹ ਸਖਣਾ ਰਹਿੰਦਾ ਹੈ—੧. ਉੱਚਾ, ੨. ਪੋਲਾ, ੩. ਅਗਨੀ, ੪. ਸ਼ਿਲਤਾਂ, ੫. ਗੰਢਾਂ। ਭਾਵ ਹੈ ਕਿ (੧) ਉਹ ਆਪਣੇ ਆਪ ਨੂੰ ਉੱਚਾ ਮੰਨਦਾ ਹੈ, (੨) ਵਿਚੋਂ ਪੋਲਾ ਹੈ ਇਕ ਪਾਸਿਓਂ ਅਵਾਜ਼ ਵਿਓਂ ਦੂਸਰੇ ਪਾਸੇ ਨਿਕਲ ਜਾਂਦੀ ਹੈ, (੩) ਉਸ ਵਿਚ ਅਗਨ ਹੈ ਜੋ ਆਪਣੇ ਵਿਚੋਂ ਪ੍ਰਗਟ ਕਰ ਕੇ ਸਾਰੇ ਜੰਗਲ ਨੂੰ ਹੀ ਸਾੜ ਦੇਂਦਾ ਹੈ, (੪) ਉਸਦੇ ਸਾਰੇ ਬਦਨ ਪਰ ਗੰਢਾਂ ਹਨ, (੫) ਸ਼ਿਲਤਾਂ ਹਨ। ਇਸੇ ਹੀ ਤਰ੍ਹਾਂ ਗੁਰਮੁਖਾਂ ਦੀ ਸੰਗਤ ਤਾਂ ਸਾਰਿਆਂ ਲਈ ਭਗਤੀ ਦੀ ਸੁਗੰਧੀ ਦੇਣ ਲਈ ਸਮ-ਦ੍ਰਿਸ਼ਟੀ ਰੱਖਦੀ ਹੈ, ਪਰ ਜਿਨ੍ਹਾਂ ਲੋਕਾਂ ਵਿਚ ਬਾਂਸ ਵਾਂਗ ਪੰਜ ਦੋਸ਼ ਹਨ ਉਹ ਗੁਰਮੁਖਾਂ ਦੀ ਸੰਗਤ ਵਿਚ ਰਹਿੰਦੇ ਹੋਏ ਭੀ ਭਗਤੀ ਦੀ ਸੁਗੰਧੀ ਵਲੋਂ ਖ਼ਾਲੀ ਰਹਿ ਜਾਂਦੇ ਹਨ, ਜਿਵੇਂ ਕਿ :

(੧) ਜਿਸ ਵਿਚ ਆਪਣੇ ਆਪ ਨੂੰ ਸਾਰਿਆਂ ਤੋਂ ਵੱਡਾ ਉੱਚਾ ਮੰਨਣ ਦਾ ਦੋਸ਼ ਹੈ।

(੨) ਜੋ ਬਾਂਸ ਵਾਂਗ ਅੰਦਰੋਂ ਖ਼ਾਲੀ ਹੈ, ਧਾਰਨਾ ਤੋਂ ਸੱਖਣਾ ਹੈ।

(੩) ਜਿਸ ਵਿਚ ਈਰਖਾ ਦੀ ਅਗਨ ਹੈ, ਪਰਾਈ ਤਾਤ ਵਿਚ ਸੜਦਾ ਹੀ ਰਹਿੰਦਾ ਹੈ।

(੪) ਜਿਸ ਵਿਚ ਵਰਣਾਂ-ਆਸ਼੍ਰਮਾਂ ਦੀਆਂ ਗੰਢਾਂ ਹਨ, ਜੋ ਆਪ ਨੂੰ ਉੱਚੇ ਵਰਣ ਵਿਚ ਜਾਣਦਾ ਹੈ।

(੫) ਜੋ ਸ਼ਿਲਤਾਂ ਦੀ ਤਰ੍ਹਾਂ ਸਾਰਿਆਂ ਨੂੰ ਚੋਭਾਂ ਮਾਰਦਾ, ਸਾੜਦਾ ਹੀ ਰਹਿੰਦਾ ਹੈ।

ਭਾਵ ਜਿਸ ਮਨੁੱਖ ਵਿਚ ਬਾਂਸ ਦੀ ਤਰ੍ਹਾਂ ਇਹ ਪੰਜ ਦੋਸ਼ ਹਨ, ਉਹ ਭਾਵੇਂ ਸਾਰੀ ਜ਼ਿੰਦਗੀ ਭਰ ਹੀ ਗੁਰਮੁਖਾਂ ਦੀ ਸੰਗਤ ਵਿਚ ਰਵੇ ਉਹ ਬਾਂਸ ਵਾਂਗੂ ਭਗਤੀ ਦੀ ਸੁਗੰਧੀ ਵਲੋਂ ਸਦਾ ਹੀ ਸੱਖਣਾ ਰਵੇਗਾ। ਸਿਖ ਇਤਿਹਾਸ ਇਸ ਦੀ ਸ਼ਾਹਦੀ ਭਰਦਾ ਹੈ ਕਿ ਜੋ ਲੋਕ ਜ਼ਿੰਦਗੀ ਦਾ ਬਹੁਤ ਹਿੱਸਾ ਗੁਰੂ ਦੀ ਚਰਨ ਸ਼ਰਨ ਵਿਚ ਰਹੇ ਸਨ, ਉਹ ਧਾਰਨਾ ਤੋਂ ਸੱਖਣੇ ਜੀਵਨ ਭਰ ਹੀ ਖ਼ਾਲੀ ਰਹੇ।

## ੧੦. ਸਾਧ ਸੰਗਤ, ਸੱਚਖੰਡ ਦੀ ਮਹਾਨਤਾ

੧. ਸਤਿਗੁਰ ਦਰਸ਼ਨ ਦੇਖਦੋ
ਪਰਮਾਤਮ ਦੇਖੈ।
੨. ਸ਼ਬਦ ਸੁਰਤਿ ਲਿਵ ਲੀਣ ਹੋਇ
ਅੰਤਰਗਤ ਲੇਖੈ।
੩. ਚਰਨ ਕਵਲ ਦੀ ਵਾਸ਼ਨਾਂ
ਹੋਇ ਚੰਦਨੁ ਭੇਖੈ।
੪. ਚਰਣੋਦਕ ਮਕਰੰਦ ਰਸ
ਵਿਸਮਾਦ ਵਿਸੇਖੈ।
੫. ਗੁਰਮਤਿ ਨਿਹਚਲ ਚਿੱਤ ਕਰਿ
ਵਿਚ ਰੂਪ ਨ ਰੇਖੈ।
੬. ਸਾਧ ਸੰਗਤਿ ਸੱਚਖੰਡ ਜਾਇ
ਹੋਇ ਅਲਖ ਅਲੇਖੈ ॥੧੦॥

*ਪਦ ਅਰਥ :* ਦੇਖਦੋ—ਦੇਖਣਹਾਰਾ। ਚੰਦਨੁ ਭੇਖੈ—ਚੰਦਨ ਸਰੂਪ। ਚਰਣੋਦਕ—ਚਰਨਾਂ ਦਾ ਜਲ। ਮਕਰੰਦ—

ਸ੍ਵਾਦ, ਰਸ। ਅਲਖ ਅਲੇਖੈ—ਈਸ੍ਵਰ ਵਿਸ਼ੇਸ਼ਣ। ਰੇਖੈ—ਰੇਖਾ ਆਦਿ।

**ਅਰਥ :**

ਪ੍ਰ: ਭਾਈ ਸਾਹਿਬ ਜੀਓ! ਜਦੋਂ ਅਸੀਂ ਸਨਾਤਨ ਮੱਤ ਦੀਆਂ ਪੁਰਾਤਨ ਪੁਸਤਕਾਂ ਪੜ੍ਹਦੇ ਸੁਣਦੇ ਹਾਂ ਉਨ੍ਹਾਂ ਤੋਂ ਇਹੋ ਜਾਣਕਾਰੀ ਮਿਲਦੀ ਹੈ ਕਿ ਪਿਛਲੇ ਸਮਿਆਂ ਵਿਚ ਜੋ ਪ੍ਰਮੇਸ਼ਰ ਦੇ ਦਰਸ਼ਨ ਕਰਨ ਲਈ ਰਿਖੀ ਮੁਨੀ ਸੈਂਕੜੇ ਵਰ੍ਹੇ ਜਪ, ਤਪ, ਹੱਠ, ਜੋਗ ਆਦਿ ਅਨੇਕਾਂ ਸਾਧਨ ਕਰਦੇ ਹੋਏ ਭੀ ਸੱਖਣੇ ਰਹੇ ਉਨ੍ਹਾਂ ਨੂੰ ਪਰਮਾਤਮਾ ਦੇ ਦੀਦਾਰ ਨਹੀਂ ਹੋ ਸੱਕੇ, ਪਰ ਗੁਰੂ ਦੇ ਸਿੱਖਾਂ ਨੂੰ ਉਸ ਪਰੀ ਪੂਰਨ ਪ੍ਰਮੇਸ਼ਰ ਦੇ ਦਰਸ਼ਨ ਕਿਵੇਂ ਹੁੰਦੇ ਹਨ, ਇਸ ਬਾਰੇ ਆਪ ਜੀ ਦਾ ਨਿਸਚਾ ਕਿਵੇਂ ਹੈ, ਕੀ ਦੱਸਣ ਦੀ ਖੇਚਲਾ ਕਰੋਗੇ?

ਉ: ਹੇ ਭਾਈਓ! ਜਿਨ੍ਹਾਂ ਰਿਖੀਆਂ, ਮੁਨੀਆਂ, ਜੋਗੀਆਂ, ਸੰਨਿਆਸੀਆਂ ਦੇ ਬਾਰੇ ਤੁਸੀਂ ਜ਼ਿਕਰ ਕਰਦੇ ਹੋ ਕਿ ਉਨ੍ਹਾਂ ਨੂੰ ਪ੍ਰਮੇਸ਼ਰ ਦੇ ਪ੍ਰਤੱਖਸ਼ ਰੂਪ ਵਿਚ ਦਰਸ਼ਨ ਕਿਉਂ ਨਹੀਂ ਹੋ ਸਕੇ, ਹੋ ਸਕਦਾ ਹੈ ਕਿ ਤੁਹਾਨੂੰ ਉਨ੍ਹਾਂ ਦੇ ਸਾਰੇ ਜੀਵਨਾਂ ਬਾਰੇ ਵਧੇਰੇ ਜਾਣਕਾਰੀ ਨ ਹੋਵੇ, ਪਰ ਮੈਨੂੰ ਉਨ੍ਹਾਂ ਦੀਆਂ ਜੀਵਨੀਆਂ ਦੇ ਸੰਬੰਧ ਵਿਚ ਵਧੇਰੇ ਪੜਚੋਲ ਕਰਨ ਦਾ ਸਮਾਂ ਮਿਲਿਆ ਹੈ, ਜਿਨ੍ਹਾਂ ਤੋਂ ਸੋਝੀ ਮਿਲੀ ਹੈ ਕਿ ਉਨ੍ਹਾਂ ਨੂੰ ਜੋ ਘਰ ਬਾਰ ਤਿਆਗ ਕੇ ਜੋਗੀ ਸੰਨਿਆਸੀ ਬਣਨ ਦੀ ਇੱਛਾ ਹੋਈ ਹੈ ਉਹ ਉਨ੍ਹਾਂ ਦੇ ਅੰਦਰ ਪ੍ਰਮੇਸ਼ਰ ਦੇ ਦਰਸ਼ਨ ਕਰਨ ਦੀ ਸੱਧਰ ਨਹੀਂ ਸੀ ਉਹ ਤਾਂ ਉਨ੍ਹਾਂ ਦੇ ਅੰਦਰ ਕਾਰਨ ਵੈਰਾਗ ਸੀ, ਭਾਵ ਉਨ੍ਹਾਂ ਨੂੰ ਕਿਸੇ ਨ ਕਿਸੇ ਸੰਸਾਰ ਦੇ ਪਦਾਰਥਾਂ ਦੇ ਵਿਜੋਗ ਹੋਣ ਨੇ ਘਰ ਬਾਰ ਛੱਡਣ ਲਈ ਮਜਬੂਰ ਕਰ ਦਿੱਤਾ ਜਿਸ ਕਰਕੇ ਉਹ ਗ੍ਰਿਹਸਤ ਦਾ ਤਿਆਗ ਕਰਕੇ ਜੋਗੀ ਸੰਨਿਆਸੀ ਬਣ ਗਏ। ਇਸ ਬਾਰੇ ਬਾਣੀ ਵਿਚ ਭੀ ਅਨੇਕਾਂ ਥਾਵਾਂ ਤੇ ਪੜ੍ਹਨ ਵਿਚ ਆਉਂਦਾ ਹੈ ਜਿਵੇਂ ਕਿ :

ਪ੍ਰੰਅਰ ਤਾਪ ਗੇਰੀ ਕੇ ਬਸਤ੍ਰਾ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥
ਦੇਸੁ ਛੋਡਿ ਪਰਦੇਸਹਿ ਧਾਇਆ॥
ਪੰਚ ਚੰਡਾਲ ਨਾਲੇ ਲੈ ਆਇਆ॥੪॥
ਕਾਨ ਫਰਾਇ ਹਿਰਾਏ ਟੂਕਾ॥
ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ॥
ਵੇਸਿ ਨ ਪਾਈਐ ਮਹਾ ਦੁਖਿਆਰੀ॥੫॥
ਬੋਲੈ ਨਾਹੀ ਹੋਇ ਬੈਠਾ ਮੋਨੀ॥
ਅੰਤਰਿ ਕਲਪ ਭਵਾਈਐ ਜੋਨੀ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥
ਹੁਕਮੁ ਨ ਬੂਝੈ ਵਿਆਪਿਆ ਮਮਤਾ॥੬॥
ਬਿਨੁ ਸਤਿਗੁਰ ਕਿਨੈ ਨ ਪਾਈ ਪਰਮਗਤੇ॥
ਪੂਛਹੁ ਸਗਲ ਬੇਦ ਸਿੰਮ੍ਰਿਤੇ॥
ਮਨਮੁਖ ਕਰਮ ਕਰੈ ਅਜਾਈ॥
ਜਿਉ ਬਾਲੂ ਘਰ ਠਉਰ ਨ ਠਾਈ॥੭॥

*(ਪ੍ਰਭਾਤੀ ਮ: ੫, ਪੰਨਾ ੧੩੪੮)*

ਨਾਰ ਮਰੇ ਘਰ ਸੰਪਤ ਨਾਸੀ॥
ਮੂੰਡ ਮੁੰਡਾਏ ਭਇਆ ਸੰਨਿਆਸੀ॥

ਭਾਵ, ਜਦ ਧਨ, ਦੌਲਤ, ਇਸਤ੍ਰੀ ਆਦਿ ਪਦਾਰਥਾਂ ਦਾ ਵਿਜੋਗ ਹੋ ਗਿਆ ਤਾਂ ਇਸ ਵਿਛੋੜੇ ਦੇ ਦੁਖ ਵਿਚ ਦੁਖੀ ਹੋ ਘਰ ਬਾਰ ਛੱਡ ਕੇ ਸੰਨਿਆਸੀ ਬਣ ਗਿਆ, ਇਸਦੇ ਅੰਦਰ ਪ੍ਰਮੇਸ਼ਰ ਦੇ ਦੀਦਾਰ ਕਰਨ ਦੀ ਚਾਹਤ ਨਹੀਂ ਸੀ ਇਸਦੇ ਅੰਦਰ ਤਾਂ ਕੇਵਲ ਪਦਾਰਥਾਂ ਦੇ ਵਿਯੋਗ ਦਾ ਹੀ ਦੁਖ ਸੀ, ਪਰ ਜਦੋਂ ਭੀ ਇਸਨੂੰ ਮੁੜ ਉਨ੍ਹਾਂ ਪਦਾਰਥਾਂ ਦਾ ਸੰਜੋਗ ਹੋ ਗਿਆ ਤਾਂ ਮੁੜ ਕੇ ਫਿਰ ਉਹ ਉਸੇ ਗ੍ਰਿਹਸਤ ਦੀ ਘੁੰਮਣ ਘੇਰੀ ਵਿਚ ਘਿਰ ਜਾਂਦਾ ਹੈ, ਅਜਿਹੇ ਲੋਕਾਂ ਵੱਲ ਤੱਕ ਕੇ ਹੀ ਕਿਸੇ ਸਿਆਣੇ ਨੇ ਆਪਣੇ ਖ਼ਿਆਲ ਅੰਕਤ ਕਰੇ ਹਨ ਕਿ :

ਦੋਹਰਾ : ਆਇਆ ਬੁਲ੍ਹਾ ਪਉਣ ਦਾ ਚੜ੍ਹਿਆ ਕੱਖ ਅਕਾਸ॥
ਢਹਿੰਦਾ ਢਹਿੰਦਾ ਢਹਿ ਪਇਆ ਕੱਖ ਕੱਖਾਂ ਦੇ ਪਾਸ॥

(ਸੁਣੋ ਹੇ ਭਾਈਓ!) ਦੂਸਰੇ ਉਹ ਲੋਕ ਭੀ ਵੇਖਣ ਵਿਚ ਆਉਂਦੇ ਹਨ ਜਿਨ੍ਹਾਂ ਦੇ ਅੰਦਰ ਅਰੰਭ ਕਾਲ ਵਿਚ ਸੰਸਾਰ ਦੇ ਪਦਾਰਥਾਂ ਵਲੋਂ ਵੈਰਾਗ ਹੋਇਆ ਤੇ ਸੰਸਾਰ ਤੋਂ ਉਪ੍ਰਾਮ ਹੋ ਪ੍ਰਮੇਸ਼ਰ ਦੇ ਦੀਦਾਰ ਕਰਨ ਦੀ ਚਾਹਤ ਨੇ ਅੰਦਰ ਜਨਮ ਲਿਆ ਇਸ ਇੱਛਾ ਦੀ ਪੂਰਤੀ ਲਈ ਘਰ ਬਾਰ ਤੇ ਪ੍ਰਵਾਰ ਨੂੰ ਛੱਡ ਕੇ ਸਾਧੂ ਬਣ ਗਿਆ ਹੁਣ ਇਸ ਦੇ ਵੈਰਾਗ ਦੀ ਲਹਿਰ ਸਹਿਜੇ ਸਹਿਜੇ ਮੱਧਮ ਹੋ ਗਈ, ਉਹ ਪਹਿਲੇ ਸੰਸਕਾਰ ਜਿਨ੍ਹਾਂ ਦਾ ਅਜੇ ਅੰਦਰੋਂ ਪੂਰਨ ਰੂਪ ਵਿਚ ਅਭਾਵ ਨਹੀਂ ਸੀ ਹੋਇਆ ਉਹ ਸਹਿਜੇ ਸਹਿਜੇ ਐਸੇ ਪ੍ਰਬਲ ਹੋਏ ਜਿਨ੍ਹਾਂ ਨੇ ਉਸਨੂੰ ਮੁੜ ਆਪਣੇ ਮੋਹ ਦੇ ਪ੍ਰਬਲ ਵੇਗ ਵਿਚ ਬਹਾ ਦਿੱਤਾ। ਜਿਥੇ ਇਸਨੇ ਇਕ ਆਪਣੇ ਛੋਟੇ ਜਿਹੇ ਮਕਾਨ ਦਾ ਤਿਆਗ ਕੀਤਾ ਸੀ, ਉਥੇ ਹੁਣ ਇਹ ਇਕ ਬਹੁਤ ਵੱਡੇ ਆਸ੍ਰਮ, ਡੇਰੇ ਦਾ ਪਸਾਰਾ ਪਸਾਰ ਬੈਠਾ, ਜਿਥੇ ਇਸਨੇ ਆਪਣੇ ਬੱਚਿਆ ਦੇ ਛੋਟੇ ਜਿਹੇ ਪ੍ਰਵਾਰ ਨੂੰ ਛਡਿਆ

ਸੀ, ਹੁਣ ਇਹ ਚੇਲੇ ਚੇਲੀਆਂ ਦਾ ਬਹੁਤ ਵੱਡਾ ਪ੍ਰਵਾਰ ਵਧਾ ਬੈਠਾ, ਹੁਣ ਇਸ ਨੂੰ ਸਹਿਜੇ ਸਹਿਜੇ ਉਸ ਹਰੀ ਦੇ ਮਿਲਾਪ ਕਰਨ ਦਾ ਸੰਸਕਾਰ ਹੀ ਭੁੱਲ ਗਿਆ, ਅਤੇ ਚੇਲੇ ਚੇਲੀਆਂ ਦੇ ਮੋਹ ਪਿਆਰ ਵਿਚ ਅਜਿਹਾ ਖੱਚਤ ਹੋਇਆ ਬਸ ਇਨ੍ਹਾਂ ਦੀ ਸਿੱਖੀ ਸੇਵਕੀ ਵਿਚ ਹੀ ਚਿੱਤ ਅਟਕ ਗਿਆ। ਅਜਿਹੇ ਲੋਕਾਂ ਵੱਲ ਹੀ ਤੱਕ ਕੇ ਕਬੀਰ ਜੀ ਨੇ ਆਪਣੇ ਵੀਚਾਰ ਅੰਕਤ ਕਰੇ ਹਨ:

ਕਬੀਰ ਸਿਖ ਸਾਖਾ ਬਹੁਤੇ ਕੀਏ
ਕੇਸੋ ਕੀਓ ਨ ਮੀਤੁ॥
ਚਾਲੇ ਥੇ ਹਰਿ ਮਿਲਨ ਕਉ
ਬੀਚੈ ਅਟਕਿਓ ਚੀਤੁ॥੯੬॥

*(ਸਲੋਕ ਕਬੀਰ ਜੀ, ਪੰਨਾ ੧੩੬੯)*

ਭਾਵ ਰੱਬ ਦੇ ਦੀਦਾਰ ਕਰਨ ਲਈ ਤਾਂ ਬਹੁਤ ਲੋਕ ਘਰੋਂ ਤੁਰੇ ਸਨ, ਪਰ ਉਨ੍ਹਾਂ ਵਿਚੋਂ ਗੁਰੂ ਫੁਰਮਾਨ ਅਨੁਸਾਰ 'ਵਿਰਲੇ ਕੋਈ ਕੇ' ਹੀ ਪੁੱਜੇ, ਬਾਕੀ ਤਾਂ ਸਾਰੇ ਮਾਰਗ ਵਿਚ ਹੀ ਮਰ ਖੱਪ ਗਏ ਕਿਉਂਕਿ ਇਹ ਮਾਰਗ ਬਹੁਤਾ ਬਿਖੜਾ ਹੈ, ਜਿਸ 'ਤੇ ਹਰ ਬੰਦਾ ਸਫ਼ਰ ਨਹੀਂ ਕਰ ਸਕਦਾ।

ਪ੍ਰ: ਹੇ ਭਾਈਓ! ਦੂਸਰਾ ਤੁਹਾਡਾ ਪ੍ਰਸ਼ਨ ਹੈ ਕਿ ਗੁਰੂ ਦੇ ਸਿੱਖਾਂ ਲਈ ਉਸ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਮਾਰਗ ਕਿਹੜਾ ਹੈ?

ਉ: ਹੇ ਪਿਆਰੇ! ਇਸ ਸੰਬੰਧ ਵਿਚ ਗੁਰਬਾਣੀ ਦੀ ਵੀਚਾਰ ਕਰਦਿਆਂ ਜੋ ਮੈਨੂੰ ਸੰਸਕਾਰ ਉਪਜੇ ਹਨ ਉਨ੍ਹਾਂ ਤੋਂ ਪ੍ਰਭਾਵਤ ਹੋ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਕਰੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਸਿਖ ਨੂੰ) ਸਤਿਗੁਰੂ ਜੀ ਦੇ ਦਰਸ਼ਨ ਦੇਖਦੇ ਹੀ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ।

(੨) (ਉਹ ਇਸ ਲਈ ਕਿ ਸਿੱਖ ਦੀ) ਸ਼ਬਦ ਵਿਚ ਸੁਰਤ ਮਗਨ ਹੋ ਜਾਂਦੀ ਹੈ, (ਸਰੀਰ) ਅੰਤਰ ਦੀ ਹਾਲਤ ਲੇਖੈ, ਭਾਵ ਸਮਝ ਆ ਜਾਂਦੀ ਹੈ (ਕਿ ਕਾਮ ਕਿੰਨਾ ਕੁ ਹੈ, ਕ੍ਰੋਧ ਤੇ ਲੋਭ ਮੋਹ ਕਿਤਨਾ ਕੁ ਹੈ)।

(੩) (ਉਹ ਗੁਰੂ ਦੇ) ਚਰਨ ਕਵਲਾਂ ਦੀ ਵਾਸ਼ਨਾ ਨੂੰ ਲੈ ਕੇ ਚੰਦਨ ਸਰੂਪ ਹੋ ਜਾਂਦਾ ਹੈ (ਭਾਵ ਦੈਵੀ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ)।

(੪) (ਗੁਰੂ ਦੇ) ਚਰਨਾਂ ਕਵਲਾਂ ਦਾ ਰਸ (ਚਰਣੋਦਕ) ਅਸਚਰਜ ਤੇ ਵਿਸ਼ੇਸ਼ ਹੈ।

(੫) ਜਿਸਨੇ ਗੁਰਮਤਿ (ਗੁਰੂ ਦੀ ਸਿਖਿਆ) ਨਾਲ ਚਿੱਤ ਨੂੰ ਅਡੋਲ ਕਰ ਲਿਆ ਹੈ, ਉਹ ਰੂਪ ਰੇਖ ਹੱਦ ਬੰਨ੍ਹੇ ਟੱਪ ਕੇ ਫਿਰ—

(੬) ਸਾਧ ਸੰਗਤ ਰੂਪ ਸੱਚਖੰਡ ਵਿਚ ਜਾ ਕੇ ਨ ਲਖੇ ਜਾਣ ਵਾਲੇ ਪ੍ਰਭੂ ਵਿਚ ਅਭੇਦ ਹੋ ਕੇ ਪ੍ਰਭੂ ਦੇ ਸਮਾਨ ਹੀ ਹੋ ਜਾਂਦਾ ਹੈ।੧੦।

## ੧੧. ਦੋਹਾਂ ਹਾਲਤਾਂ ਵਿਚ ਪ੍ਰਤੱਖ ਸਾਖੀ ਸਤਿਗੁਰੂ

**੧. ਅੱਖੀਂ ਅੰਦਰ ਦੇਖਦਾ**
**ਦਰਸ਼ਨ ਵਿਚ ਦਿੱਸੈ।**
**੨. ਸ਼ਬਦੈ ਵਿਚ ਵਖਾਣੀਐ**
**ਸੁਰਤੀ ਵਿਚ ਰਿੱਸੈ।**
**੩. ਚਰਣ ਕਮਲ ਵਿਚ ਵਾਸ਼ਨਾ**
**ਮਨ ਭਵਰ ਸਲਿੱਸੈ।**
**੪. ਸਾਧ ਸੰਗਤ ਸੰਜੋਗ ਵਿੱਚ**
**ਵਿਜੋਗ ਨ ਕਿੱਸੈ।**
**੫. ਗੁਰਮਤਿ ਅੰਦਰ ਚਿੱਤ ਹੈ**
**ਚਿੱਤ ਗੁਰਮਤਿ ਜਿੱਸੈ।**
**੬. ਪਾਰਬ੍ਰਹਮ ਪੂਰਣ ਬ੍ਰਹਮ**
**ਸਤਿਗੁਰ ਹੈ ਤਿੱਸੈ॥੧੧॥**

*ਪਦ ਅਰਥ:* ਦਰਸਨ—ਦੀਦਾਰ। ਰਿੱਸੈ—ਨਿਕਲਦਾ ਹੈ, ਪ੍ਰਕਾਸ਼ ਹੈ। ਸਲਿੱਸੈ—ਲੈਂਦਾ ਹੈ, ਦ੍ਰਿਸ਼ਟਮਾਨ। ਤਿੱਸੈ—ਉਸਦੇ ਹਨ।

*ਅਰਥ:*

ਪ੍ਰ: ਭਾਈ ਸਾਹਿਬ ਜੀਓ! ਜਿਸ ਸਿਖ ਬਾਰੇ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਉਸ ਸਿਖ ਦੀ ਗੁਰੂ ਨੂੰ ਵੇਖਣ ਬਾਰੇ ਮਾਨਸਕ ਅਵੱਸਥਾ ਦਾ ਤਾਲਮੇਲ ਕਿਸ ਰੂਪ ਵਿਚ ਹੈ, ਦਰਸਾਉਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਗੁਰੂ ਦੀ ਚਰਨ ਸ਼ਰਨ ਵਿਚ ਰਹਿੰਦਿਆਂ ਗੁਰਬਾਣੀ ਦੀ ਖੋਜ ਕਰਨ ਸਮੇਂ ਜੋ ਮੈਨੂੰ ਬੋਧ ਮਿਲ ਸਕਿਆ ਹੈ, ਉਹ ਭਾਵੇਂ ਸੰਪੂਰਨ ਤਾਂ ਮੇਰੀ ਸਿਮ੍ਰਿਤੀ ਵਿਚ ਨਹੀਂ ਰਹਿ ਸਕਿਆ ਹੈ ਪਰ ਜਿਤਨਾ ਕੁ ਮੈਨੂੰ

ਯਾਦ ਹੈ ਉਹ ਜ਼ਰੂਰ ਆਪ ਜੀ ਦੀ ਭੇਟਾ ਕਰਨ ਦਾ ਜਤਨ ਕਰਾਂਗਾ।

ਹੇ ਭਾਈ! ਬਾਣੀ ਵਿਚ ਅਜਿਹੀਆਂ ਬਹੁਤ ਪੰਗਤੀਆਂ ਇਸ ਪੱਖ ਦਾ ਬੋਧ ਦੇਂਦੀਆਂ ਹਨ, ਜੋ ਗੁਰੂ ਤੇ ਪ੍ਰਮੇਸ਼ਰ ਦੀ ਏਕਤਾ ਦਰਸਾਉਂਦੀਆਂ ਹਨ, ਜਿਵੇਂ ਕਿ :

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥
*(ਸ੍ਰੀ ਰਾਗੁ ਮ: ੫, ਪੰਨਾ ੫੩)*

ਗੁਰੁ ਪਰਮੇਸਰੁ ਏਕੋ ਜਾਣੁ॥
ਜੋ ਤਿਸੁ ਭਾਵੈ ਸੋ ਪਰਵਾਣੁ॥੧॥
*(ਗੋਂਡ ਮ: ੫, ਪੰਨਾ ੮੬੪)*

ਗੁਰੁ ਦਾਤਾ ਸਮਰਥੁ ਗੁਰੁ
ਗੁਰੁ ਸਭ ਮਹਿ ਰਹਿਆ ਸਮਾਇ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ॥੨॥
*(ਸ੍ਰੀ ਰਾਗੁ ਮ: ੫, ਪੰਨਾ ੪੯)*

ਨਾਨਕ ਸੋਧੇ ਸਿੰਮ੍ਰਿਤਿ ਬੇਦ॥
ਪਾਰਬ੍ਰਹਮ ਗੁਰ ਨਾਹੀ ਭੇਦ॥
*(ਭੈਰਉ ਮ: ੫, ਪੰਨਾ ੧੧੪੨)*

ਇਸ ਭਾਵ ਨੂੰ ਸਿੱਧ ਕਰਨ ਵਾਲੀਆਂ ਹੋਰ ਭੀ ਬਹੁਤ ਪੰਗਤੀਆਂ ਆਉਂਦੀਆਂ ਹਨ ਜੋ ਕਿ ਗੁਰੂ ਤੇ ਪ੍ਰਮੇਸ਼ਰ ਦੀ ਅਭੇਦਤਾ ਨੂੰ ਸਿੱਧ ਕਰਦੀਆਂ ਹਨ, ਇਸੇ ਲਈ ਗੁਰੂ ਦਾ ਸਿਖ ਗੁਰੂ ਤੇ ਪ੍ਰਮੇਸ਼ਰ ਵਿਚ ਸਮ-ਦ੍ਰਿਸ਼ਟੀ ਰੱਖਦਾ ਹੈ। ਮੈਂ ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰਭਾਵਤ ਹੋ ਇਸ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਉਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈ! ਗੁਰੂ ਦੇ ਸਿਖ ਦਾ ਇਹੋ ਹੀ ਨਿਸਚਾ ਹੈ ਕਿ ਜੋ) ਅੱਖਾਂ ਅੰਦਰ ਬੈਠ ਕੇ ਵੇਖਦਾ ਹੈ (ਉਹ) ਦਿਸਦੇ ਪਦਾਰਥਾਂ ਦੇ ਦਰਸਨ ਵਿਚ ਭੀ ਆਪ ਹੀ ਹੈ।

(੨) (ਉਸਨੂੰ ਇਹ ਨਿਸਚਾ ਹੈ ਕਿ ਜੋ) ਸ਼ਬਦ ਵਿਚ ਕੁੱਝ ਭੀ ਕਿਹਾ ਗਿਆ ਹੈ ਓਹੀ ਸੁਰਤੀ ਵਿਚ ਪ੍ਰਕਾਸ਼ ਹੁੰਦਾ ਹੈ।

(੩) (ਉਹ ਅਨੁਭਵ ਕਰਦਾ ਹੈ ਕਿ ਜੋ) ਚਰਨ ਕੰਵਲਾਂ ਨਾਲ ਪਿਆਰ ਦੀ ਵਾਸਨਾ ਹੈ, ਉਸੇ ਦਾ ਮਨ ਭੌਰੇ ਸਮਾਨ (ਪ੍ਰੇਮੀ) ਪ੍ਰਗਟ ਹੋ ਰਿਹਾ ਹੈ।

(੪) ਜੋ ਭੀ ਸਾਧ ਸੰਗਤ ਦੇ (ਸੰਜੋਗ) ਮਿਲਾਪ ਵਿਚ ਪਹੁੰਚਦਾ ਹੈ, ਉਸਨੂੰ ਫਿਰ ਕਿਸੇ ਸਮੇਂ ਭੀ ਪ੍ਰਭੂ ਤੋਂ ਵਿਛੋੜੇ ਦਾ ਦੁਖ ਨਹੀਂ ਹੁੰਦਾ।

(੫) (ਹੇ ਭਾਈ!) ਜਿਸਦੇ ਚਿੱਤ ਅੰਦਰ ਗੁਰਮਤ ਦਾ ਪਿਆਰ ਹੈ ਉਸਦਾ ਹੀ ਮਨ ਗੁਰਮਤ ਨਾਲ ਲੱਗਾ ਹੈ।

ਪ੍ਰ: ਕਿਉਂ ਜੀ! ਆਖਰ ਉਸ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ?

(੬) ਉ: (ਹੇ ਪਿਆਰੇ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ) ਜੋ ਪ੍ਰਭੂ ਅਦ੍ਰਿਸ਼ਟ ਅਗੋਚਰ (ਨਿਰਗੁਣ ਸਰੂਪ) ਹੈ ਉਹੀ ਪ੍ਰਭੂ (ਉਸਨੂੰ) ਸਰਗੁਣ ਸਰੂਪ ਵਿਚ ਸਤਿਗੁਰੂ ਜੀ ਦੇ ਸਰੂਪ ਵਿਚ ਸਾਹਮਣੇ ਹੈ।੧੧।

***ਭਾਵਾਰਥ :*** ਇਸ ਉਪ੍ਰੋਕਤ ਪਉੜੀ ਅੰਦਰ ਜੋ ਭਾਈ ਸਾਹਿਬ ਜੀ ਗੁਰਸਿੱਖ ਦੀ ਗੁਰੂ ਅਤੇ ਪ੍ਰਮੇਸ਼ਰ ਦੇ ਸੰਬੰਧ ਵਿਚ ਸਮ-ਦ੍ਰਿਸ਼ਟੀ ਦਰਸਾਉਂਦੇ ਹਨ ਇਸ ਦੀ ਪ੍ਰਾਪਤੀ ਕਰਨ ਦਾ ਸਹਿਜ ਮਾਰਗ ਹੈ ਜਿਸ ਦੇ ਬਾਰੇ ਕਬੀਰ ਜੀ ਨੇ ਆਪਣੇ ਵੀਚਾਰ ਅੰਕਤ ਕਰੇ ਹਨ ਕਿ "ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ" (ਪੰਨਾ ੪੭੮), ਭਾਵ ਇਸ ਸਹਿਜ ਦੇ ਮਾਰਗ 'ਤੇ ਚਲਦਿਆਂ ਚਲਦਿਆਂ ਸਹਿਜੇ ਸਹਿਜੇ ਸਾਧਕ ਦੀ ਸੁਰਤੀ ਸਿਖਰਾਂ ਤੇ ਜਾ ਪੁੱਜਦੀ ਹੈ। ਇਸ ਸਹਿਜ ਮਾਰਗ ਪਰ ਕਿਤਨਾਕੁ ਸਫਰ ਕਰਨਾ ਪਵੇਗਾ ਇਸ ਬਾਰੇ ਕੋਈ ਸਮਾਂ ਨਿਰਧਾਰਤ ਨਹੀਂ ਕਿਉਂਕਿ ਇਕ ਦਿਨ ਵਿਚ ਭੀ ਸਫਲਤਾ ਹਾਸਲ ਹੋ ਸਕਦੀ ਹੈ, ਇਕ ਸਾਲ ਭੀ ਬੀਤ ਸਕਦਾ ਹੈ, ਇਕ ਜਨਮ ਜਾਂ ਕਈ ਜਨਮ ਭੀ ਧਾਰਨੇ ਪੈ ਸਕਦੇ ਹਨ. ਇਸ ਭਾਵ ਦੀ ਪੂਰਤੀ ਵਾਸਤੇ ਕਬੀਰ ਜੀ ਨੇ ਆਪਣੇ ਬਾਰੇ ਬਾਣੀ ਵਿਚ ਫੁਰਮਾਇਆ ਹੈ, ਕਿ ਹੇ ਪ੍ਰਭੂ! ਮੈਂ ਪਿਛਲੇ ਜਨਮ ਵਿਚ ਭੀ ਤੇਰੀ ਬੰਦਗੀ ਕਰਦਾ ਰਿਹਾ ਹਾਂ, ਪਰ ਮੈਨੂੰ ਸਫਲਤਾ ਹਾਸਲ ਨਹੀਂ ਹੋਈ, ਜਿਸ ਕਰਕੇ ਮੈਨੂੰ ਇਹ ਜਨਮ ਦੁਬਾਰੇ ਲੈਣਾ ਪਿਆ ਹੈ, ਆਪ ਜੀ ਨੇ ਇਹ ਖ਼ਿਆਲ ਅੰਕਤ ਬਾਣੀ ਵਿਚ ਕੀਤਾ ਹੈ ਕਿ "ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ॥" (ਪੰਨਾ ੯੭੦), ਭਾਵ ਇਹ ਮੰਜ਼ਲ ਬਹੁਤ ਉਚੇਰੀ ਹੈ ਇਸ 'ਤੇ ਸਹਿਜੇ ਸਹਿਜੇ ਹੀ ਸਫਰ ਕੀਤਾ ਜਾ ਸਕਦਾ ਹੈ. ਜਿਵੇਂ ਕਿਸੇ ਮਕਾਨ ਦੀ ਜਤਵੀ ਮੰਜਲ ਤੇ ਪੁੱਜਣ ਲਈ ਪਉੜੀਆ ਰਾਹੀਂ ਸਹਿਜੇ ਸਹਿਜੇ ਅੱਪੜ ਸਕੀਦਾ ਹੈ, ਇਸੇ ਤਰ੍ਹਾਂ ਸਮ-ਦ੍ਰਿਸ਼ਟੀ ਦੀ ਸਿਖਰਾਂ 'ਤੇ ਪੁੱਜਣ ਲਈ ਕਬੀਰ ਜੀ ਨੇ ਇਹੋ ਸਹਿਜ ਮਾਰਗ ਦਰਸਾਇਆ ਹੈ ਕਿ ਹੇ ਭਾਈਓ! ਉਸ ਰੱਬ ਦੀ ਪ੍ਰਾਪਤੀ ਲਈ ਕੇਵਲ ਇਕੋ ਇਹ ਸੁਖੈਨ ਮਾਰਗ ਹੈ ਇਸ ਨੂੰ ਹੀ ਅਪਨਾਈ ਰਖੋ, ਜਿਵੇਂ ਕਿ :

ਕਬੀਰ ਕੋਸੋ ਕੋਸੋ ਕੂਕੀਐ ਨ ਸੋਈਐ ਅਸਾਰ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥੨੨੩॥
*(ਪੰਨਾ ੧੩੭੬)*

## ੧੨. ਪ੍ਰਮੇਸ਼ਰ ਦੇ ਵਿਸ਼ੇਸ਼ ਗੁਣ

੧. ਅੱਖੀਂ ਅੰਦਰ ਦਿਸ਼ਟਿ ਹੋਇ
ਨੱਕ ਸਾਹ ਸੰਜੋਈ।
੨. ਕੰਨਾਂ ਅੰਦਰ ਸੁਰਤਿ ਹੋਇ
ਜੀਭ ਸਾਦ ਸਮੋਈ।
੩. ਹਥੀਂ ਕਿਰਤਿ ਕਮਾਵਣੀ
ਪੈਰ ਪੰਥ ਸਥੋਈ।
੪. ਗੁਰਮੁਖ ਸੁਖ ਫਲ ਪਾਇਆ
ਮਤਿ ਸ਼ਬਦ ਵਿਲੋਈ।
੫. ਪਰਕਿਰਤੀ ਹੂੰ ਬਾਹਰਾ
ਗੁਰਮੁਖ ਵਿਰਲੋਈ।
੬. ਸਾਧ ਸੰਗਤਿ ਚੰਨਣ ਬਿਰਖ
ਮਿਲ ਚੰਨਣ ਹੋਈ॥੧੨॥

*ਪਦ ਅਰਥ :* ਸੰਜੋਈ—ਮਿਲੀ ਹੋਈ। ਸਮੋਈ—ਸਮਾਈ ਹੋਈ। ਸਥੋਈ—ਸ਼ਕਤੀ। ਵਿਲੋਈ—ਵੀਚਾਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜੇ ਪਰੀ ਪੂਰਨ ਪ੍ਰਮੇਸ਼ਰ ਗੁਰਮੁਖਾਂ ਨੂੰ ਪ੍ਰਤੱਖ ਰੂਪ ਵਿਚ ਦ੍ਰਿਸ਼ਟੀ-ਗੋਚਰ ਹੋ ਰਿਹਾ ਹੈ, ਉਹ ਸਾਰਿਆਂ ਨੂੰ ਹੀ ਕਿਉਂ ਨਹੀਂ ਦਿਸਦਾ, ਕੀ ਇਸ ਦਾ ਕੋਈ ਖ਼ਾਸ ਕਾਰਨ ਹੈ?

ਉ: ਹੇ ਭਾਈਓ! ਉਸਨੂੰ ਵੇਖ ਤਾਂ ਸਾਰੇ ਹੀ ਸਕਦੇ ਹਨ, ਪਰ ਸਾਰੇ ਲੋਕਾਂ ਕੋਲ ਉਸਨੂੰ ਵੇਖਣ ਵਾਲੀਆਂ ਅੱਖਾਂ ਨਹੀਂ ਕਿਉਂਕਿ ਜੋ ਆਮ ਲੋਕਾਂ ਪਾਸ ਅਸਥੂਲ ਅੱਖਾਂ ਹਨ ਇਹ ਤਾਂ ਅਸਥੂਲ ਪਦਾਰਥਾਂ ਨੂੰ ਹੀ ਵੇਖ ਸਕਦੀਆਂ ਹਨ, ਉਹ ਪ੍ਰਮੇਸ਼ਰ ਤਾਂ ਸੂਖਮ ਤੋਂ ਭੀ ਅਤਿ ਸੂਖਮ ਹੈ, ਜਿਸਨੂੰ ਵੇਖਣ ਵਾਲੀਆਂ ਹੋਰ ਹੀ ਅੱਖਾਂ ਹਨ, ਜਿਨ੍ਹਾਂ ਦਾ ਜ਼ਿਕਰ ਬਾਣੀ ਵਿਚ ਇਉਂ ਆਇਆ ਹੈ ਕਿ :

ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ॥੧॥ (ਪੰਨਾ ੫੭੭)

ਭਾਵ ਉਹ ਹੈ ਵੀਚਾਰ ਦੇ ਨੇਤ੍ਰ ਜਿਨ੍ਹਾਂ ਦੁਆਰੇ ਉਸਨੂੰ ਅਨੁਭਵ ਹੀ ਕੀਤਾ ਜਾ ਸਕਦਾ ਹੈ, ਪਰ ਉਹ ਨੇਤ੍ਰ ਕੇਵਲ ਗੁਰਮਤ ਦੇ ਖੋਜੀ ਗੁਰਮੁਖਾਂ ਨੂੰ ਹੀ ਪ੍ਰਾਪਤ ਹੋਇਆ ਕਰਦੇ ਹਨ, ਜਿਨ੍ਹਾਂ ਦੁਆਰੇ ਉਹ ਉਸ ਪਾਰਬ੍ਰਹਮ ਪ੍ਰਮੇਸ਼ਰ ਨੂੰ ਹਰ ਥਾਂ ਹੀ ਵਿਆਪਕ ਸਰੂਪ ਤੱਕਦੇ ਹਨ ਉਨ੍ਹਾਂ ਦੀ ਅਜਿਹੀ ਦਿੱਬ ਦ੍ਰਿਸਟੀ ਜਾਗਦੀ ਹੈ, ਜਿਸਦੀ ਬਰਕਤ ਦਾ ਸਦਕਾ ਉਹ ਇਹੋ ਹੀ ਵੇਖਦੇ ਹਨ ਕਿ :

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ
ਗੋਬਿੰਦ ਬਿਨੁ ਨਹੀ ਕੋਈ॥ (ਪੰਨਾ ੪੮੫)

ਈਭੈ ਬੀਠਲੁ ਊਭੈ ਬੀਠਲੁ
ਬੀਠਲ ਬਿਨੁ ਸੰਸਾਰ ਨਹੀ॥
ਥਾਨ ਥਨੰਤਰਿ ਨਾਮਾ ਪ੍ਰਣਵੈ
ਪੂਰਿ ਰਹਿਓ ਤੂੰ ਸਰਬ ਮਹੀ॥੪॥ (ਪੰਨਾ ੪੮੫)

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥ (ਪੰਨਾ ੮੪੬)

ਇਸ ਤਰ੍ਹਾਂ ਹੋਰ ਭੀ ਬਾਣੀ ਅੰਦਰ ਉਦਾਹਰਣ ਮਿਲਦੇ ਹਨ ਜਿਨ੍ਹਾਂ ਦੁਆਰੇ ਗੁਰਮੁਖਾਂ ਦੀ ਸੁਰਤੀ ਇਤਨੀਆਂ ਸਿਖਰਾਂ ਤੇ ਜਾ ਪੁਜਦੀ ਹੈ ਜਿਸਨੂੰ ਹਰ ਥਾਂ ਉਸੇ ਪ੍ਰਮੇਸ਼ਰ ਦੀ ਜੋਤ ਹੀ ਕ੍ਰਿਆ ਕਰਦੀ ਨਜ਼ਰ ਆਉਂਦੀ ਹੈ, ਜਿਨ੍ਹਾਂ ਦੀ ਦਿੱਬ ਦ੍ਰਿਸ਼ਟੀ ਨੂੰ ਅਨੁਭਵ ਕਰਦਿਆਂ ਮੈਂ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਉਕਰੀਆਂ ਹਨ।

ਜਦੋਂ ਰੱਬੀ ਮਾਰਗ ਦਾ ਪਾਂਧੀ ਖੋਜ ਕਰਦਾ ਕਰਦਾ ਸਹਿਜੇ ਸਹਿਜੇ ਇਨ੍ਹਾਂ ਸਿਖਰਾਂ ਤੇ ਪੁੱਜ ਜਾਂਦਾ ਹੈ ਕਿ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਪੰਨਾ ੬੯੫)

ਭਾਵ ਜਦੋਂ ਸਮੂਹ ਬ੍ਰਹਿਮੰਡ ਦੀ ਅਨੇਕਤਾ ਵਿਚ ਇਕੋ ਹੀ ਅਖੰਡ ਸਰੂਪ ਦੀ ਜੋਤ ਨੂੰ ਪ੍ਰਕਾਸ਼ ਕਰਦੀ ਤਕਦਾ ਹੈ, ਉਹ ਫਿਰ ਇਸ ਸਰੀਰ ਦੇ ਇੰਦ੍ਰਿਆਂ ਵਿਚ ਭੀ ਉਸੇ ਜੋਤੀ ਸਰੂਪ ਦੀ ਜੋਤ ਨੂੰ ਕਿਰਿਆ ਕਰਦੀ ਅਨੁਭਵ ਕਰਦਾ ਹੈ, ਜਿਵੇਂ ਕਿ :

(੧) (ਉਹ ਜਦੋਂ ਇਉਂ ਤਕਦਾ ਹੈ ਕਿ ਜੋ) ਅੱਖਾਂ ਅੰਦਰ ਵੇਖਣ ਦੀ ਸ਼ਕਤੀ ਪਈ ਹੋਈ ਹੈ, ਉਹੀ ਨੱਕ ਦੇ ਸੁਆਸਾਂ ਵਿਚ ਸਮਾਈ ਹੋਈ ਹੈ।
(੨) (ਉਹੋ ਹੀ) ਕੰਨਾਂ ਵਿਚ ਸੁਰਤ (ਸਰੋਤ) ਬਣ ਕੇ ਤੇ ਜੀਭਾ ਵਿਚ ਸੁਆਦ ਰਸ ਬਣ ਕੇ ਰਚੀ ਹੋਈ ਹੈ।
(੩) (ਇਵੇਂ ਹੀ) ਪੈਰਾਂ ਵਿਚ ਤੁਰਨ ਤੇ ਹੱਥਾਂ ਵਿਚ ਕਿਰਤ

ਕਰਨ ਦੀ ਸ਼ਕਤੀ ਬਣੀ ਹੋਈ ਹੈ।

(੪) ਗੁਰੂ ਤੋਂ ਵਰੋਸਾਏ ਗੁਰਮੁਖ ਨੇ ਜੋ ਸੁਖ ਫਲ ਪ੍ਰਾਪਤ ਕੀਤਾ ਹੈ, ਉਹ ਬੁੱਧੀ ਵਿਚ ਸ਼ਬਦ ਦੀ ਵੀਚਾਰ ਨਾਲ ਹੀ ਮਿਲਿਆ ਹੈ।

(੫) ਪਰਵਿਰਤੀ (ਮਾਇਕ ਪਦਾਰਥਾਂ) ਦੇ ਅੰਦਰ ਰਹਿੰਦਿਆਂ (ਉਸ ਦੇ ਅਸਰ ਤੋਂ) ਬਾਹਰ ਰਹਿਣਾ, ਐਸਾ ਤਾਂ ਕੋਈ ਵਿਰਲਾ ਹੀ ਗੁਰਮੁਖ ਹੈ।

(੬) (ਹੇ ਭਾਈ! ਇਹ ਦਾਤ ਪ੍ਰਾਪਤ ਕਰਨ ਲਈ ਇਕੋ ਹੀ) ਸਾਧ ਸੰਗਤ ਚੰਦਨ ਦੇ ਬਿਰਛ ਵਾਂਗ ਹੈ, ਜਿਸ ਵਿਚ ਮਿਲ ਕੇ ਜਾਂ ਜੋ ਭੀ ਸੰਗਤ ਕਰਨ ਵਾਲਾ ਹੈ, ਉਹ ਚੰਦਨ ਦੀ ਸੁਗੰਧੀ ਵਾਲਾ ਹੋ ਜਾਂਦਾ ਹੈ (ਭਾਵ ਉਸ ਵਿਚ ਭਗਤੀ ਦੀ ਸੁਗੰਧੀ ਸਮਾ ਜਾਂਦੀ ਹੈ)।੧੨।

***ਭਾਵਾਰਥ :*** ਉਸ ਪਰੀ ਪੂਰਨ ਪ੍ਰਮੇਸ਼ਰ ਨੇ ਇਸ ਪੰਜ ਭੂਤਕ ਸਰੀਰ ਨੂੰ ਸਾਜ ਕੇ ਇਸ ਨਾਲ ਭਿੰਨ ਭਿੰਨ ਇੰਦ੍ਰਿਆਂ ਦਾ ਸੰਜੋਗ ਕਰ ਦਿੱਤਾ ਜੋ ਆਪੋ ਆਪਣੀ ਕ੍ਰਿਆ ਨਿਯਮ ਬੱਧ ਹੋ ਦਿਨੇ ਰਾਤ ਕਰਦੇ ਵੇਖਣ ਵਿਚ ਆਉਂਦੇ ਹਨ ਉਸ ਨਿਯਮ ਦੀ ਉਲੰਘਣਾ ਕਰਨ ਦੀ ਕਿਸੇ ਵਿਚ ਭੀ ਸ਼ਕਤੀ ਨਹੀਂ ਭਾਵ ਕੋਈ ਇੰਦ੍ਰਾ ਕਿਸੇ ਦੂਸਰੇ ਦੀ ਕ੍ਰਿਆ ਵਿਚ ਦਖ਼ਲ-ਅੰਦਾਜੀ ਨਹੀਂ ਕਰ ਸਕਦਾ, ਪਰ ਇਸ ਭੇਤ ਨੂੰ ਗੁਰਮੁਖਾਂ ਨੇ ਹੀ ਅਨੁਭਵ ਕੀਤਾ ਹੈ ਕਿਉਂਕਿ ਉਨ੍ਹਾਂ ਦੀ ਸੁਰਤਿ ਆਪਣੀ ਅੰਤਰ ਆਤਮਾ ਵਿਚ ਟਿਕੀ ਰਹਿੰਦੀ ਹੈ ਜਿਸ ਇਕਾਗ੍ਰਤਾ ਦਾ ਸਦਕਾ ਉਨ੍ਹਾਂ ਨੂੰ ਅੰਤਰ ਹੋ ਰਹੀ ਸਾਰੀ ਕ੍ਰਿਆ ਪ੍ਰਤੱਖ ਰੂਪ ਵਿਚ ਅਨੁਭਵ ਹੁੰਦੀ ਰਹਿੰਦੀ ਹੈ।

## ੧੩. ਵਾਹਿਗੁਰੂ ਮੰਤ੍ਰ ਦੀ ਅਕੱਥ ਕਥਾ

**੧. ਅਬਿਗਤਿ ਗਤਿ ਅਬਿਗਤ ਦੀ**
**ਕਿਉਂ ਅਲਖ ਲਖਾਏ।**
**੨. ਅਕਥ ਕਥਾ ਹੈ ਅਕੱਥ ਦੀ**
**ਕਿਉਂ ਆਖ ਸੁਣਾਏ।**
**੩. ਅਚਰਜ ਨੋਂ ਅਚਰਜ ਮਿਲੈ**
**ਹੈਰਾਣ ਕਰਾਏ।**
**੪. ਵਿਸਮਾਦੇ ਵਿਸਮਾਦ ਹੋਇ**
**ਵਿਸਮਾਦ ਸਮਾਏ।**
**੫. ਵੇਦ ਨ ਜਾਣੈ ਭੇਦ ਕਿਹੁ**
**ਸ਼ੇਖਨਾਗ ਨ ਪਾਏ।**
**੬. ਵਾਹਿਗੁਰੂ ਸਾਲਾਹਣਾ**
**ਗੁਰੁ ਸ਼ਬਦ ਅਲਾਏ ॥੧੩॥**

***ਪਦ ਅਰਥ :*** ਅਬਿਗਤਿ—ਜਿਸ ਦੀ ਗਤੀ ਨਾ ਲਖੀ ਜਾਏ, ਉਹ ਪ੍ਰਮੇਸ਼ਰ। ਅਕਥ—ਬਾਣੀ ਤੋਂ ਪਰ੍ਹੇ। ਵਿਸਮਾਦ—ਅਸਚਰਜ, ਮਸਤੀ ਦੀ ਹਾਲਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਸ ਪ੍ਰਮੇਸ਼ਰ ਦੀ ਹਸਤੀ ਦੇ ਸੰਬੰਧ ਵਿਚ ਸਾਰੇ ਹੀ ਧਾਰਮਕ ਸ਼ਾਸਤ੍ਰ ਉਚਾਰਨ ਕਰਦੇ ਚਲੇ ਆ ਰਹੇ ਹਨ ਉਸਦੀ ਹੋਂਦ ਬਾਰੇ ਤੁਸੀਂ ਕੁੱਝ ਆਪਣੇ ਵੀਚਾਰ ਦਿਓ ਕਿ ਤੁਸੀਂ ਉਸ ਪ੍ਰਭੂ ਜੀ ਦੇ ਬਾਰੇ ਕੀ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਪੁਰਾਤਨ ਹੋ ਗੁਜ਼ਰੇ ਵੇਦ ਸ਼ਾਸਤ੍ਰਾਂ ਦੇ ਕਰਤਿਆਂ ਨੇ ਉਸ ਪ੍ਰਮੇਸ਼ਰ ਦੀ ਹੋਂਦ ਬਾਰੇ ਜੋ ਭੀ ਕੁੱਝ ਲਿਖਿਆ ਹੈ, ਉਹ ਇਉਂ ਹੀ ਸਮਝੋ ਕਿ ਵੀਚਾਰ ਕਰਦਿਆਂ ਕਰਦਿਆਂ ਜਿਥੇ ਤੱਕ ਕਿਸੇ ਦੀ ਸੁਰਤਿ ਪੁੱਜੀ ਉਤਨੀਕੁ ਆਪਣੀ ਵੀਚਾਰ ਉਸਨੇ ਆਪਣੀ ਕ੍ਰਿਤ ਧਾਰਮਕ ਪੁਸਤਕ ਰਾਹੀਂ ਅੰਕਤ ਕਰ ਦਿੱਤੀ, ਪਰ ਇਸਦਾ ਇਹ ਭਾਵ ਨਹੀਂ ਲਿਆ ਜਾ ਸਕਦਾ ਕਿ ਉਸਨੇ ਉਸ ਅਕਥ ਪ੍ਰਭੂ ਦੀ ਹੋਂਦ ਨੂੰ ਸੰਪੂਰਨ ਰੂਪ ਵਿਚ ਕਥਨ ਕਰ ਦਿੱਤਾ ਹੈ ਕਿਉਂਕਿ ਉਸ ਪ੍ਰਭੂ ਦੀ ਹੋਂਦ ਤਾਂ ਅੱਗੇ ਹੋਰ ਭੀ ਅਗੰਮ ਤੇ ਅਥਾਹ ਹੈ। ਉਸ ਸ਼ਾਸਤ੍ਰ ਕਰਤੇ ਦਾ ਕਥਨ ਤਾਂ ਇਉਂ ਹੀ ਸਮਝਣਾ ਪਵੇਗਾ ਕਿ ਜਿਸ ਤਰ੍ਹਾਂ ਇਕ ਪੰਛੀ ਅਕਾਸ਼ ਵਿਚ ਉਡਾਰੀ ਲਾਉਂਦਾ ਹੈ, ਉਹ ਅਕਾਸ਼ ਵਿਚ ਉੱਡ ਕੇ ਉਤਨਾ ਕੁ ਹੀ ਉੱਚਾ ਜਾ ਸਕਦਾ ਹੈ, ਜਿਤਨੀਕੁ ਉਸਦੇ ਖੰਭਾਂ ਵਿਚ ਸ਼ਕਤੀ ਹੈ, ਕਿਉਂਕਿ ਅਕਾਸ਼ ਤਾਂ ਹੋਰ ਭੀ ਅੱਗੇ ਅਗੰਮ ਰੂਪ ਹੈ।

ਇਸ ਪੱਖ ਦੇ ਸੰਬੰਧੀ ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਸੋਝੀ ਮਿਲਦੀ ਹੈ ਕਿ ਹੁਣ ਤਕ ਜੋ ਉਸ ਅਲੱਖ ਸਰੂਪ ਦੇ ਸੰਬੰਧ ਵਿਚ ਰਿਖੀਆਂ ਮੁਨੀਆਂ ਨੇ ਲਿਖਿਆ ਹੈ ਉਹ ਤਾਂ ਉਸਦੀ ਮਹਿਮਾ ਨੂੰ ਸਹੀ ਰੂਪ ਵਿਚ ਲਿਖ ਹੀ ਨਹੀਂ ਸਕੇ ਇਸਦਾ ਖੁਲਾਸਾ ਬਾਣੀ ਵਿਚ ਇਉਂ ਉਚਾਰਨ ਕੀਤਾ ਗਿਆ ਹੈ ਜਿਵੇਂ ਕਿ:

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥
ਪਰਮੇਸਰੁ ਪਾਰਬ੍ਰਹਮ ਬੇਅੰਤੁ॥੧॥
ਅਪਨੀ ਗਤਿ ਆਪਿ ਜਾਨੈ॥
ਸੁਣਿ ਸੁਣਿ ਅਵਰ ਵਖਾਨੈ॥੧॥ਰਹਾਉ॥
ਸੰਕਰਾ ਨਹੀ ਜਾਨਹਿ ਭੇਵ॥
ਖੋਜਤ ਹਾਰੇ ਦੇਵ॥
ਦੇਵੀਆ ਨਹੀ ਜਾਨੈ ਮਰਮ॥
ਸਭ ਊਪਰਿ ਅਲਖ ਪਾਰਬ੍ਰਹਮ॥੨॥

*(ਰਾਮਕਲੀ ਮ: ੫, ਪੰਨਾ ੮੯੪)*

ਹੋਰ—ਸਨਕ ਸਨੰਦ ਮਹੇਸ ਸਮਾਨਾਂ॥
ਸੇਖਨਾਗਿ ਤੇਰੋ ਮਰਮੁ ਨ ਜਾਨਾਂ॥੧॥
ਸੰਤ ਸੰਗਤਿ ਰਾਮੁ ਰਿਦੈ ਬਸਾਈ॥੧॥ਰਹਾਉ॥
ਹਨੂਮਾਨ ਸਰਿ ਗਰੁੜ ਸਮਾਨਾਂ॥
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ॥੨॥
ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ॥
ਕਮਲਾਪਤਿ ਕਵਲਾ ਨਹੀ ਜਾਨਾਂ॥

*(ਧਨਾਸਰੀ ਕਬੀਰ ਜੀ, ਪੰਨਾ ੬੯੧)*

ਕਿਆ ਹਉ ਕਥੀ ਕਥੇ ਕਥਿ ਦੇਖਾ
ਮੈ ਅਕਥੁ ਨ ਕਥਨਾ ਜਾਈ॥

*(ਬਿਲਾਵਲੁ ਮ: ੫, ਪੰਨਾ ੭੯੫)*

ਹੇ ਭਾਈਓ! ਇਹ ਜੋ ਸਾਰੇ ਬੇਦ ਪੁਰਾਨ ਸ਼ਾਸਤ੍ਰ ਹਨ ਇਹ ਤਾਂ ਸਾਰੇ ਹੀ ਤ੍ਰਿਗੁਣੀ ਪਦਾਰਥਾਂ ਦਾ ਕਥਨ ਕਰਦੇ ਹਨ, ਪਰ ਉਹ ਪ੍ਰਮੇਸ਼ਰ ਤਾਂ ਤ੍ਰਿਗੁਣਾਂ ਤੋਂ ਅਤੀਤ ਹੈ ਉਸਨੂੰ ਤਾਂ ਕੋਈ ਸ਼ਾਸਤ੍ਰ ਜਾਂ ਸ਼ਾਸਤ੍ਰ ਦਾ ਕਰਤਾ ਲਖ ਹੀ ਨਹੀਂ ਸਕਦਾ ਭਾਵ ਵੇਖ ਹੀ ਨਹੀਂ ਸਕਦਾ। ਜਦੋਂ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਪਰ ਸਿੱਧਾਂ ਨਾਲ ਪ੍ਰਸਪਰ ਵੀਚਾਰ ਵਿਟਾਂਦਰਾ ਕਰ ਰਹੇ ਸਨ ਤਾਂ ਸਿੱਧਾਂ ਨੇ ਕਿਹਾ ਸੀ ਕਿ ਹੇ ਨਾਨਕ! ਜੇ ਤੂੰ ਉਸ ਅਲੱਖ ਸਰੂਪ ਨੂੰ ਜਾਣ ਲਿਆ ਹੈ ਤਾਂ ਤੂੰ ਉਸਦੇ ਬਾਰੇ ਵਿਚ ਕੁੱਝ ਸਾਨੂੰ ਭੀ ਆਖ ਕੇ ਜਾਣਕਾਰੀ ਦੇਹ ਤਾਂ ਆਪ ਜੀ ਨੇ ਕਿਹਾ ਸੀ ਕਿ ਹੇ ਸਿੱਧੋ! ਸੁਣੋ:
ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ॥

*(ਜਪੁਜੀ ਸਾਹਿਬ, ਪੰਨਾ ੨)*

ਜੇ ਮੈਂ ਉਸਨੂੰ ਜਾਣ ਭੀ ਲਿਆ ਹੈ ਤਾਂ ਭੀ ਮੈਂ ਆਖਣਾ ਨਹੀਂ, ਕਿਉਂਕਿ ਜੇ ਮੈਂ ਆਖਣਾ ਭੀ ਕਰਾਂ ਤਾਂ ਉਹ ਮੇਰੇ ਕਹਿਣ ਤੇ ਕਥਨ ਵਿਚ ਨਹੀਂ ਆਉਂਦਾ, ਇਸ ਲਈ ਜਦ ਮੈਂ ਉਸਦਾ ਸਹੀ ਰੂਪ ਆਖ ਹੀ ਨਹੀਂ ਸਕਦਾ ਤਾਂ ਫਿਰ ਮੈਨੂੰ ਚੁੱਪ ਰਹਿਣਾ ਹੀ ਠੀਕ ਹੈ।

ਹੇ ਭਾਈਓ! ਇਨ੍ਹਾਂ ਬਾਣੀ ਦੀਆਂ ਪੰਗਤੀਆਂ ਤੋਂ ਪ੍ਰਭਾਵਤ ਹੋ ਕੇ ਮੈਂ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ ਕਿ ਉਹ ਪ੍ਰਮੇਸ਼ਰ ਅਬਿਗਤ ਤੇ ਅਲੱਖ ਹੈ:

(੧) ਹੇ ਭਾਈ! ਉਸ ਪ੍ਰਮੇਸ਼ਰ ਦੀ ਗਤੀ ਅਬਿਗਤ ਹੈ (ਦਸੋ ਉਸਨੂੰ) ਕਿਵੇਂ ਲਖਿਆ ਜਾਵੇ ਜੋ ਅਲੱਖ ਸਰੂਪ ਹੈ।
(੨) (ਉਸ) ਅਕਥ (ਪ੍ਰਮੇਸ਼ਰ) ਦੀ ਕਥਾ ਵੀ ਅਕੱਥ ਹੈ (ਦਸੋ ਕੋਈ) ਕਿਸ ਤਰ੍ਹਾਂ ਆਖ (ਕੇ) ਸੁਣਾਵੇ।
(੩) (ਉਹ) ਅਸਚਰਜ ਤੋਂ ਅਸਚਰਜ ਵਿਸਮਾਦ ਰੂਪ ਹੈ (ਕਹਿਣ ਵਾਲੇ) ਹੈਰਾਨ ਹਨ (ਕਿ ਉਸਨੂੰ ਕਿੱਕੁਰ ਕਿਹਾ ਜਾਏ।)
(੪) ਹੇ ਭਾਈ! ਜੋ ਵਿਸਮਾਦ ਤੋਂ ਵਿਸਮਾਦ ਹੈ, (ਉਸ ਨੂੰ ਕਹਿਣ ਵਾਲੇ) ਵਿਸਮਾਦ (ਰੂਪ ਹੋ ਕੇ ਉਸ ਵਿਚ) ਸਮਾ ਗਏ (ਹੁਣ ਉਸਦਾ ਥਹੁ ਕੌਣ ਦੱਸੇ?)

ਪ੍ਰ: ਕਿਉਂ ਜੀ! ਉਸ ਪ੍ਰਭੂ ਦਾ ਬ੍ਰਹਮਾ, ਸ਼ੇਸ਼ਨਾਗ ਤਾਂ ਭੇਦ ਪਾ ਸਕੇ ਹੋਣਗੇ?

(੫) ਉ: ਹੇ ਭਾਈਓ! ਜਿਸ ਪ੍ਰਭੂ ਦਾ (ਬ੍ਰਹਮਾ ਦੇ ਉਚਾਰੇ) ਵੇਦ ਭੀ ਭੇਦ ਨਹੀਂ ਜਾਣ ਸਕੇ (ਨਾ ਹੀ ਹਜ਼ਾਰਾਂ ਰਸਨਾਂ ਨਾਲ ਨਿਤ ਨਵੇਂ ਤੋਂ ਨਵੇਂ ਨਾਵਾਂ ਨਾਲ ਸਿਮਰਨ ਕਰਨ ਵਾਲੇ) ਸ਼ੇਖਨਾਗ ਨੇ ਹੀ ਅੰਤ ਜਾਣਿਆ ਹੈ।

ਪ੍ਰ: ਕਿਉਂ ਜੀ! ਐਸੇ ਪ੍ਰਭੂ ਦੀ ਸਿਫ਼ਤੋਂ-ਸਾਲਾਹ ਕਿਸੇ ਨੇ ਕੀਤੀ ਭੀ ਹੈ?

(੬) ਉ: (ਹੇ ਭਾਈ! ਬਾਣੀ ਦੀ ਵੀਚਾਰ ਕਰਨ ਤੋਂ ਇਹੋ ਸੋਝੀ ਮਿਲੀ ਹੈ ਕਿ ਐਸੇ ਪ੍ਰਭੂ ਦੀ) ਸਿਫ਼ਤ ਸਾਲਾਹ ਸਤਿਗੁਰੂ ਜੀ ਨੇ ਗੁਰ ਸ਼ਬਦ ਵਿਚ ਕੀਤੀ ਹੈ ਤੇ ਗੁਰੂ ਦੇ ਸ਼ਬਦ ਆਖ ਕੇ ਸੁਣਾ ਰਹੇ ਹਨ ਕਿ ਵਾਹਿਗੁਰੂ ਸ਼ਬਦ ਰਾਹੀਂ ਅਗਮ ਅਗਾਧ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਦੇ ਰਹਿਣ ਵਿਚ ਜੁੱਟ ਜਾਵੋ ਇਸ ਤਰ੍ਹਾਂ ਅਨੰਦ ਪ੍ਰਾਪਤ ਕਰ ਸਕਦੇ ਹੋ, ਪਰ ਉਸਦਾ ਥਾਹ ਨਹੀਂ ਪਾ ਸਕਦੇ।੧੩।

**ਭਾਵਾਰਥ:** ਪ੍ਰ: ਕਿਉਂ ਭਾਈ ਸਾਹਿਬ ਜੀਉ! ਜੋ ਵਾਹਿਗੁਰੂ ਨਾਮ ਦਾ ਸਿਮਰਨ ਸਦਾ ਹੀ ਕਰਨ ਵਾਲੇ ਹਨ, ਉਨ੍ਹਾਂ ਨੂੰ ਜੋ ਨਾਮ ਸਿਮਰਨ ਦੁਆਰੇ ਨਾਮ ਦਾ ਰਸ ਪ੍ਰਾਪਤ ਹੁੰਦਾ ਹੈ, ਉਹ ਉਸਨੂੰ ਦੱਸਣ ਦੀ ਖੇਚਲ ਕਿਉਂ ਨਹੀਂ ਕਰਦੇ? ਇਹ ਤਾਂ ਠੀਕ ਹੈ ਕਿ ਏਹ ਨਾਮ ਦਾ ਰਸ ਸਾਰਿਆਂ ਨੂੰ ਨਾ ਪ੍ਰਾਪਤ ਹੁੰਦਾ ਹੋਵੇ, ਪਰ ਜਿਸ ਕਿਸੇ ਇਕ ਅੱਧ ਨਾਮ

ਰਸੀਏ ਨੂੰ ਇਸ ਰਸ ਦੀ ਪ੍ਰਾਪਤੀ ਹੁੰਦੀ ਹੈ ਉਹ ਭੀ ਕਿਸੇ ਚਾਹਤ ਵਾਲੇ ਨੂੰ ਦੱਸਣ ਦੀ ਖੇਚਲਾ ਨਹੀਂ ਕਰਦਾ, ਇਸ ਦਾ ਅਸਲ ਕਾਰਨ ਕੀ ਹੈ? ਕਿਉਂਕਿ ਉਸਦੇ ਨਾਮ ਰਸ ਨੂੰ ਨਾ ਦੱਸਣ ਨਾਲ ਤਾਂ ਹੋਰ ਕਿਸੇ ਨੂੰ ਭੀ ਉਸ ਰਸ ਨੂੰ ਪ੍ਰਾਪਤ ਕਰਨ ਦੀ ਇੱਛਾ ਹੀ ਨਹੀਂ ਉਪਜੇਗੀ, ਕੀ ਇਸ ਬਾਰੇ ਕੁਝ ਜਾਣਕਾਰੀ ਦਿਓਗੇ?

**ਉ:** ਹੇ ਭਾਈਓ! ਉਸ ਨਾਮ ਰਸੀਏ ਦੇ ਰਸ ਨੂੰ ਨਾ ਦੱਸਣ ਤੋਂ ਅਸੀਂ ਇਹ ਗਲਤ ਅੰਦਾਜ਼ਾ ਨਹੀਂ ਲਾ ਸਕਦੇ ਕਿ ਉਸਨੂੰ ਨਾਮ ਦਾ ਰਸ ਪ੍ਰਾਪਤ ਹੀ ਨਹੀਂ ਹੋਇਆ, ਰਸ ਤਾਂ ਬਹੁਤ ਪ੍ਰਾਪਤ ਹੋਇਆ ਹੈ, ਪਰ ਉਸ ਰਸ ਨੂੰ ਬਿਆਨ ਕਰਨ ਵਾਲੀ ਉਸ ਪਾਸ ਰਸਨਾ ਨਹੀਂ ਇਹ ਅਸਥੂਲ ਰਸਨਾ ਤਾਂ ਤ੍ਰਿਗੁਣੀ ਪਦਾਰਥਾਂ ਨੂੰ ਹੀ ਬਿਆਨ ਕਰ ਸਕਦੀ ਹੈ, ਉਹ ਨਾਮ ਦਾ ਰਸ ਤਾਂ ਅਜਿਹਾ ਅਨੂਠਾ ਰਸ ਹੈ ਜਿਸਨੂੰ ਕਹਿਣ ਵਲੋਂ ਇਹ ਬਾਹਰਲੀ ਰਸਨਾ ਅਸਮਰੱਥ ਹੈ। ਇਸ ਅਨੂਠੇ ਰਸ ਬਾਰੇ ਕਬੀਰ ਜੀ ਨੇ ਆਪਣੇ ਵੀਚਾਰ ਅੰਕਤ ਕੀਤੇ ਹਨ, ਜਿਵੇਂ ਕਿ:

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ॥

*(ਗਉੜੀ ਕਬੀਰ ਜੀ, ਪੰਨਾ ੩੩੪)*

ਭਾਵ ਹੈ ਜਦੋਂ ਕਿਸੇ ਗੂੰਗੇ ਨੂੰ ਗੁੜ ਖਵਾਇਆ ਜਾਵੇ ਤਾਂ ਉਸਨੂੰ ਪੁਛੀਏ ਕਿ ਤੈਨੂੰ ਦੱਸ ਕਿਸ ਤਰ੍ਹਾਂ ਦਾ ਰਸ ਆਇਆ ਹੈ, ਤਾਂ ਉਹ ਦਸ ਨਹੀਂ ਸੱਕੇਗਾ ਕਿਉਂਕਿ ਉਸ ਕੋਲ ਜ਼ਬਾਨ ਹੀ ਨਹੀਂ ਹੈ ਜਿਸ ਨਾਲ ਉਹ ਦਸ ਸੱਕੇ ਪਰ ਨਾ ਦੱਸਣ ਤੋਂ ਅਸੀਂ ਇਹ ਗ਼ਲਤ ਅੰਦਾਜ਼ਾ ਭੀ ਨਹੀਂ ਲਾ ਸਕਦੇ ਕਿ ਇਸਨੂੰ ਕੋਈ ਰਸ ਹੀ ਨਹੀਂ ਆਇਆ, ਪਰ ਹਾਂ, ਉਸਦੇ ਚੇਹਰੇ ਦੀ ਮੁਸਕਰਾਹਟ ਦੱਸਦੀ ਹੈ ਕਿ ਇਸਨੂੰ ਰਸ ਬਹੁਤ ਪ੍ਰਾਪਤ ਹੋਇਆ ਹੈ, ਪਰ ਇਹ ਭੀ ਮੰਨਣਾ ਪਵੇਗਾ ਕਿ ਉਸਦੇ ਮਸਤਕ ਦੀ ਖਿੜਾਵਟ ਨੂੰ ਪਛਾਨਣ ਵਾਲੀ ਕੋਈ ਕੋਈ ਅੱਖ ਹੈ, ਨਹੀਂ ਤਾਂ ਵਧੇਰੇ ਲੋਕ ਉਸਨੂੰ ਨੀਵੀਆਂ ਨਜ਼ਰਾਂ ਨਾਲ ਹੀ ਤੱਕਦੇ ਹਨ। ਉਹ ਨਾਮ ਰਸੀਏ ਭੀ ਆਪਣੀ ਸਲਾਮਤੀ ਆਪਣੇ ਆਪ ਨੂੰ ਗੁਪਤ ਰੱਖਣ ਵਿਚ ਹੀ ਮੰਨਦੇ ਹਨ। ਭੀਖਾ ਜੀ ਨੇ ਇਸ ਬਾਰੇ ਆਪਣਾ ਵੀਚਾਰ ਦਿਤਾ ਹੈ:

ਭੀਖਾ ਬਾਤ ਅਗੰਮ ਕੀ ਕਹਿਣ ਸੁਨਣ ਕੀ ਨਾਹਿ॥
ਜੋ ਜਾਨੇ ਸੋ ਕਹੇ ਨਾਹਿ ਕਹੇ ਸੋ ਜਾਨੇ ਨਾਹਿ॥

ਭਾਵ ਨਾਮ ਰਸ ਪ੍ਰਾਪਤੀ ਦੀ ਇਕ ਅਗੰਮੀ ਗੱਲ ਹੈ ਜੋ ਕਹਿਣ ਸੁਣਨ ਵਿਚ ਨਹੀਂ ਆਉਂਦੀ, ਕਿਉਂਕਿ ਜੋ ਜਾਣਦਾ ਹੈ ਉਹ ਕਹਿੰਦਾ ਨਹੀਂ, ਜੋ ਕਹਿੰਦਾ ਹੈ ਉਹ ਜਾਣਦਾ ਨਹੀਂ। ਬਾਣੀ ਦਾ ਫੁਰਮਾਨ ਹੈ ਕਿ:

ਸੋਈ ਅਜਾਣੁ ਕਹੈ ਮੈ ਜਾਨਾ
ਜਾਨਣਹਾਰੁ ਨ ਛਾਨਾ ਰੇ॥ *(ਆਸਾ ਮ: ੫, ਪੰਨਾ ੩੮੨)*

ਭਾਵ ਉਹ ਤਾਂ ਹਈ ਅਜਾਣ ਜਿਹੜਾ ਕਹਿੰਦਾ ਹੈ ਕਿ ਮੈਂ ਜਾਣ ਲਿਆ ਹੈ, ਕਿਉਂਕਿ ਉਹ ਤਾਂ ਆਪਣੇ ਕਹਿਣ ਵਿਚ ਹੀ ਦ੍ਵੈਤ ਭਾਵ ਨੂੰ ਸਿੱਧ ਕਰ ਰਿਹਾ ਹੈ, ਪਰ ਅਸਲੀਅਤ ਤਾਂ ਇਹੋ ਹੈ ਕਿ:

ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ॥

*(ਸੋਰਠਿ ਮ: ੪, ਪੰਨਾ ੬੦੮)*

ਅਨਿਕ ਜਤਨ ਕਰਿ ਹਿਰਦੈ ਰਾਖਿਆ
ਰਤਨੁ ਨ ਛਪੈ ਛਪਾਇਆ॥

*(ਸੋਰਠਿ ਭਗਤ ਭੀਖਨ, ਪੰਨਾ ੬੫੯)*

ਭਾਵ ਹੈ ਜੇ ਕਿਸੇ ਦੇ ਅੰਤਰ ਆਤਮੇ ਇਹ ਨਾਮ ਦਾ ਰਤਨ ਪ੍ਰਗਟ ਹੋ ਆਇਆ ਹੈ ਤਾਂ ਉਹ ਭਾਵੇਂ ਅਨੇਕਾਂ ਹੀ ਜਤਨ ਕਰਦਾ ਰਵੇ ਉਹ ਉਸ ਨਾਮ ਦੇ ਅਨੂਠੇ ਰਸ ਨੂੰ ਕਿਵੇਂ ਭੀ ਲੁਕਾ ਕੇ ਰੱਖ ਨਹੀਂ ਸਕਦਾ, ਆਖ਼ਰ ਪ੍ਰਗਟ ਹੋ ਹੀ ਜਾਂਦਾ ਹੈ।

**ਪ੍ਰ:** ਭਾਈ ਸਾਹਿਬ ਜੀਉ! ਆਖ਼ਰ ਇਹ ਦਸੋ ਕਿ ਐਸੇ ਗੁਪਤ ਨਾਮ ਰਸੀਆਂ ਨੂੰ ਉਹ ਕਿਹੜਾ ਅਨੋਖਾ ਅਮੋਲਕ ਫਲ ਹੈ ਜੋ ਅੰਤ ਵਿਚ ਪ੍ਰਾਪਤ ਹੁੰਦਾ ਹੈ?

**ਉ:** ਹੇ ਭਾਈਓ! ਗੁਰਬਾਣੀ ਦੀ ਖੋਜ ਕਰਨ ਨਾਲ ਤੇ ਬੁਧੀਜੀਵੀਆਂ ਦੀਆਂ ਪੁਸਤਕਾਂ ਪੜ੍ਹਨ ਤੋਂ ਇਹੋ ਸੋਝੀ ਹਾਸਲ ਹੋਈ ਹੈ ਕਿ ਐਸੇ ਨਾਮ ਰਸੀਆਂ ਦੀ ਪ੍ਰਤੱਖ ਜੋਤਿ ਉਸ ਜੋਤੀ ਸਰੂਪ ਦੀ ਜੋਤ ਵਿਚ ਹੀ ਲੀਨ ਹੋ ਜਾਂਦੀ ਹੈ, ਉਨ੍ਹਾਂ ਦਾ ਸਦਾ ਲਈ ਸੰਸਾਰ ਵਿਚੋਂ ਆਵਾਗਵਨ ਮਿਟ ਜਾਂਦਾ ਹੈ, ਬਾਣੀ ਦਾ ਫੁਰਮਾਨ ਹੈ:

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥

*(ਸੁਖਮਨੀ ਸਾਹਿਬ, ਪੰਨਾ ੨੭੮)*

ਇਸੇ ਤਰ੍ਹਾਂ ਉਨ੍ਹਾਂ ਨਾਮ ਰਸੀਆਂ ਦੇ ਬਾਰੇ ਵਿਚ 'ਵੀਚਾਰ ਮਾਲਾ' ਦੇ ਕਰਤਾ ਅਨਾਥਪੁਰੀ ਜੀ ਆਪਣੇ ਵੀਚਾਰ ਇਕ ਉਦਾਹਰਣ ਰੂਪ ਵਿਚ ਇਉਂ ਅੰਕਤ ਕਰਦੇ ਹਨ ਕਿ:

ਚਲੀ ਪੁਤਲੀ ਲੋਨ ਕੀ ਥਾਹ ਸਿੰਧ ਕੀ ਲੈਨ॥
ਅਨਾਥ ਆਪ ਆਪੈ ਭਈ ਪਲਟ ਕਹੇ ਕੋ ਬੈਨ॥

*(ਵੀਚਾਰ ਮਾਲਾ)*

ਭਾਵ ਕਿਸੇ ਨੇ ਸਮੁੰਦਰ ਦੀ ਡੂੰਘਾਈ ਦਾ ਅੰਦਾਜ਼ਾ ਲਾਉਣ ਲਈ ਕਿਸੇ ਡੋਰ ਨਾਲ ਇਕ ਲੂਣ ਦੀ ਡਲੀ ਬੰਨ੍ਹ ਕੇ ਸਮੁੰਦਰ ਵਿਚ ਸੁੱਟੀ, ਪਰ ਉਹ ਸਮੁੰਦਰ ਦੇ ਵਿਚੋਂ ਹੀ ਨਿਕਲੀ ਸੀ, ਆਖ਼ਰ ਉਹ ਸਹਿਜੇ ਸਹਿਜੇ ਸਮੁੰਦਰ ਵਿਚ ਹੀ ਲੀਨ ਹੋ ਗਈ, ਉਸਨੇ ਵਾਪਸ ਮੁੜ ਕੇ ਕਿਸੇ ਨੂੰ ਕੀ ਉੱਤਰ ਦੇਣਾ ਸੀ। ਇਸੇ ਤਰ੍ਹਾਂ ਨਾਮ ਦਾ ਸਿਮਰਨ ਕਰਨ ਵਾਲੇ ਸਾਧਕਾਂ ਦੀ ਉਪਜ ਭੀ ਉਸੇ ਸਮੁੰਦਰ ਰੂਪ ਪ੍ਰਮੇਸ਼ਰ ਤੋਂ ਹੋਈ ਹੈ, ਜੋ ਸਿਮਰਨ ਕਰਦੇ ਕਰਦੇ ਆਖ਼ਰ ਉਸੇ ਆਪਣੇ ਸ੍ਵੈ-ਸਰੂਪ ਸਮੁੰਦਰ ਵਿਚ ਲੀਨ ਹੋ ਜਾਂਦੇ ਹਨ, ਉਨ੍ਹਾਂ ਨੇ ਮੁੜ ਕੇ ਕਿਸੇ ਨੂੰ ਕੀ ਦੱਸਣਾ ਸੀ, ਕਿਉਂਕਿ ਉਨ੍ਹਾਂ ਦਾ ਤਾਂ ਇਸ ਸੰਸਾਰ ਵਿਚੋਂ ਆਉਣਾ ਜਾਣਾ ਹੀ ਮਿਟ ਗਿਆ ਹੈ।

## ੧੪. ਗੁਰਸਿੱਖੀ ਮਾਰਗ 'ਤੇ ਚੱਲਣ ਲਈ ਪ੍ਰੇਰਨਾ

੧. ਲੀਹਾਂ ਅੰਦਰ ਚੱਲੀਐ
ਜਿਉਂ ਗਾਡੀ ਰਾਹੁ।
੨. ਹੁਕਮਿ ਰਜਾਈ ਚਲਣਾ
ਸਾਧਸੰਗ ਨਿਬਾਹੁ।
੩. ਜਿਉਂ ਧਨ ਸੋਘਾ ਰੱਖਦਾ
ਘਰ ਅੰਦਰ ਸ਼ਾਹੁ।
੪. ਜਿਉਂ ਮਿਰਯਾਦ ਨ ਛੱਡਈ
ਸਾਇਰ ਅਸਗਾਹੁ।
੫. ਲੱਤਾਂ ਹੇਠ ਲਤਾੜੀਐ
ਅਜਰਾਵਰ ਘਾਹੁ।
੬. ਧਰਮਸਾਲ ਹੈ ਮਾਨਸਰ
ਹੰਸ ਗੁਰਸਿਖ ਵਾਹੁ।
੭. ਰਤਨ ਪਦਾਰਥ ਗੁਰ ਸ਼ਬਦ ਕਰਿ
ਕੀਰਤਨ ਖਾਹੁ ॥੧੪॥

*ਪਦ ਅਰਥ :* ਲੀਹਾਂ—ਗੱਡੀ ਦੀਆਂ ਲੀਕਾਂ। ਸੋਘਾ ਰੱਖਦਾ—ਸਾਂਭ ਰੱਖਦਾ। ਸਾਇਰ—ਸਮੁੰਦਰ। ਅਜਰਾਵਰ—ਅਜਰ ਤੇ ਅਮਰ, ਜਰਨ ਵਾਲਾ ਨਿਮਾਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਸੰਸਾਰ ਭਰ ਦੇ ਸਮੂਹ ਧਾਰਮਿਕ ਸ਼ਾਸਤ੍ਰਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਦੀ ਗਿਣਤੀ ਦੇ ਮਾਰਗ ਪੜ੍ਹਨ ਤੇ ਸੁਣਨ ਵਿਚ ਆਉਂਦੇ ਹਨ, ਅਤੇ ਹਰ ਮਾਰਗੀ ਹੀ ਦੂਸਰੇ ਮਾਰਗ ਤੋਂ ਆਪਣੇ ਮਾਰਗ ਨੂੰ ਉਚੇਰਾ ਤੇ ਰੱਬ ਤੱਕ ਪੁੱਜਣ ਦਾ ਦਾਅਵੇਦਾਰ ਮੰਨਣ ਦਾ ਹੱਕਦਾਰ ਮੰਨਦਾ ਹੈ। ਕਿਉਂ ਜੀ! ਤੁਸਾਂ ਨੇ ਭੀ ਤਾਂ ਬਹੁਤ ਪੁਰਾਤਨ ਤੇ ਅਜੋਕੇ ਸਮੇਂ ਦੇ ਗ੍ਰੰਥਾਂ ਨੂੰ ਵਾਚਿਆ ਹੈ ਪਰ ਆਪ ਜੀ, ਗੁਰਸਿੱਖ ਦੇ ਲਈ ਕਿਹੜਾ ਸੁਖੈਨ ਮਾਰਗ ਅਨੁਭਵ ਕਰਦੇ ਹੋ, ਜਿਸ 'ਤੇ ਹਰ ਗੁਰਸਿੱਖ ਨੂੰ ਸਦਾ ਹੀ ਟੁਰਦੇ ਰਹਿਣਾ ਜੋਗ ਹੈ?

ਉ: ਹੇ ਭਾਈਓ! ਅਰੰਭ ਕਾਲ ਵਿਚ ਮੈਨੂੰ ਭੀ ਸਨਾਤਨ ਹਿੰਦੂ ਮੱਤ ਦੀਆਂ ਪੁਸਤਕਾਂ ਵਾਚਣ ਦਾ ਸਮਾਂ ਮਿਲਿਆ ਹੈ ਜਿਨ੍ਹਾਂ ਤੋਂ ਇਹ ਜਾਣਕਾਰੀ ਮਿਲੀ ਹੈ ਕਿ ਪਹਿਲੋਂ—

(੧) ਲੋਕਾਂ ਨੇ ਤੱਤਾਂ ਦੀ ਪੂਜਾ ਕਰਨਾ ਹੀ ਰੱਬੀ ਮਾਰਗ ਚੁਣ ਲਿਆ। ਪਹਿਲੇ ਧਰਤੀ ਨੂੰ ਪੂਜਿਆ ਗਿਆ ਕਿ ਇਹ ਸਾਨੂੰ ਅੰਨ ਤੇ ਫਲ ਫੂਲ ਦਿੰਦੀ ਹੈ, ਇਸੇ ਨੂੰ ਮਾਤਾ ਸਮਝਣ ਲੱਗ ਪਏ।

(੨) ਫਿਰ ਲੋਕਾਂ ਨੇ ਤੱਕਿਆ ਕਿ ਪਾਣੀ ਸਾਨੂੰ ਜ਼ਿੰਦਗੀ, ਠੰਢਕ ਤੇ ਨਿਰਮਲਤਾ ਦੇਂਦਾ ਹੈ, ਇਸ ਦੀ ਪੂਜਾ ਕਰਨੀ ਅਰੰਭ ਦਿੱਤੀ।

(੩) ਇਸ ਤੋਂ ਉਪ੍ਰੰਤ ਲੋਕਾਂ ਨੇ ਅਗਨੀ ਦੀ ਪੂਜਾ ਕਰਨੀ ਇਸ ਲਈ ਅਰੰਭ ਕਰ ਦਿੱਤੀ ਕਿ ਇਹ ਸਾਨੂੰ ਪ੍ਰਕਾਸ਼ ਦੇਂਦੀ, ਖਾਣਾ ਪਕਾਂਦੀ ਅਤੇ ਸਰਦੀ ਤੋਂ ਬਚਾਉਂਦੀ ਹੈ।

(੪) ਫਿਰ ਲੋਕਾਂ ਨੇ ਹਨੇਰੇ ਦੇ ਭੈ ਤੋਂ ਬਚਾਉਣ ਵਾਲੇ ਸੂਰਜ ਤੇ ਚੰਦ੍ਰਮਾ ਦੀ ਪੂਜਾ ਕਰਨੀ ਅਰੰਭ ਦਿੱਤੀ ਜੋ ਕਿ ਅੱਜ ਤੱਕ ਭੀ ਚਲੀ ਆ ਰਹੀ ਹੈ।

(੫) ਇਸ ਤੋਂ ਅੱਗੇ ਧਰੂਅ, ਸ਼ੁਕਰ ਅਤੇ ਬੁੱਧ ਆਦਿਕ ਤਾਰਿਆਂ ਨੂੰ ਭੀ ਮੰਨਿਆ ਗਿਆ।

(੬) ਇਥੇ ਹੀ ਬਸ ਨਹੀਂ, ਇਨ੍ਹਾਂ ਤੋਂ ਅੱਗੇ ਜਾਨਵਰਾਂ ਵਿਚ ਸੱਪ, ਬਿੱਲੀ, ਬਾਜ, ਗਊ ਤੇ ਹਾਥੀ ਨੂੰ ਭੀ ਪੂਜਿਆ ਗਿਆ।

(੭) ਇਸ ਤੋਂ ਅੱਗੇ ਬਨਾਸਪਤੀ ਵਿਚੋਂ ਪਿੱਪਲ, ਬੋਹੜ, ਜੰਡ ਆਦਿਕਾਂ ਨੂੰ ਭੀ ਮਨੌਣਾ ਅਰੰਭ ਕੀਤਾ ਗਿਆ,

ਇਸ ਸਾਰੀ ਪੂਜਾ ਨੂੰ ਲੋਕਾਂ ਨੇ ਰੱਬੀ ਮਾਰਗ ਹੀ ਜਾਣ ਲਿਆ ਸੀ।

ਹੇ ਭਾਈ! ਇਸ ਸਾਰੀ ਪੂਜਾ ਕਰਾਉਣ ਵਾਲੇ ਲੋਕਾਂ ਦੇ ਸਮੇਂ ਤੋਂ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਸਮਾਂ ਆਇਆ ਤਾਂ ਇਨ੍ਹਾਂ ਭੋਲੇ ਭਾਲੇ ਲੋਕਾਂ ਨੂੰ ਭਰਮ ਭੁਲੇਖੇ ਵਿਚੋਂ ਕੱਢਣ ਲਈ ਗੁਰਮੱਤ ਦਾ ਪ੍ਰਕਾਸ਼ ਕੀਤਾ ਅਤੇ ਇਹ ਦਰਸਾਉਣ ਦਾ ਉਪਰਾਲਾ ਕੀਤਾ ਕਿ ਹੇ ਲੋਕੋ! ਜਿਨ੍ਹਾਂ ਦੀ ਤੁਸੀਂ ਰੱਬੀ ਮਾਰਗ ਸਮਝ ਕੇ ਪੂਜਾ ਕਰਦੇ ਚਲੇ ਆ ਰਹੇ ਹੋ, ਇਹ ਤਾਂ ਸਾਰੀਆਂ ਸ਼ੈਆਂ ਕਰਤਾਰ ਦੇ ਭੈ ਵਿਚ ਹਨ ਅਤੇ ਉਸਨੇ ਇਨ੍ਹਾਂ ਨੂੰ ਤੁਹਾਡੀ ਸੇਵਾ ਕਰਨ ਲਈ ਕਾਇਮ ਕੀਤਾ ਹੈ, ਇਸ ਸਾਰੀ ਪੂਜਾ ਦਾ ਬਾਣੀ ਦੁਆਰਾ ਗੁਰੂ ਨਾਨਕ ਦੇਵ ਜੀ ਨੇ ਖੰਡਨ ਕੀਤਾ ਹੈ, ਜਿਵੇਂ ਕਿ :

ਭੈ ਵਿਚਿ ਪਵਣੁ ਵਹੈ ਸਦਵਾਉ ॥<br>
ਭੈ ਵਿਚਿ ਚਲਹਿ ਲਖ ਦਰੀਆਉ ॥<br>
ਭੈ ਵਿਚਿ ਅਗਨਿ ਕਢੈ ਵੇਗਾਰਿ ॥<br>
ਭੈ ਵਿਚਿ ਧਰਤੀ ਦਬੀ ਭਾਰਿ ॥<br>
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥<br>
ਭੈ ਵਿਚਿ ਰਾਜਾ ਧਰਮ ਦੁਆਰੁ ॥<br>
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥<br>
ਕੋਹ ਕਰੋੜੀ ਚਲਤ ਨ ਅੰਤੁ ॥<br>
ਭੈ ਵਿਚਿ ਸਿਧ ਬੁਧ ਸੁਰ ਨਾਥ ॥<br>
ਭੈ ਵਿਚਿ ਆਡਾਣੇ ਆਕਾਸ ॥<br>
ਭੈ ਵਿਚਿ ਜੋਧ ਮਹਾਬਲ ਸੂਰ ॥<br>
ਭੈ ਵਿਚਿ ਆਵਹਿ ਜਾਵਹਿ ਪੂਰ ॥<br>
ਸਗਲਿਆ ਭਉ ਲਿਖਿਆ ਸਿਰਿ ਲੇਖੁ ॥<br>
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

*(ਸਲੋਕ ਮ: ੧, ਪੰਨਾ ੪੬੪)*

ਫਿਰ ਗੁਰਮਤ ਨੇ ਤੱਕਿਆ ਕਿ ਲੋਕੀਂ ਦੇਵਤਿਆਂ ਦੀ ਪੂਜਾ ਕਰਨ ਨੂੰ ਰੱਬ ਦੀ ਪ੍ਰਾਪਤੀ ਦਾ ਮਾਰਗ ਸਮਝੀ ਬੈਠੇ ਹਨ ਤਾਂ ਆਪ ਜੀ ਨੇ ਫੁਰਮਾਨ ਕੀਤਾ ਕਿ ਐ ਲੋਕੋ! ਜੋ ਤੁਸੀਂ ਦੇਵੀ ਦੇਵਤਿਆਂ ਦੀ ਪੂਜਾ ਕਰਕੇ ਇਨ੍ਹਾਂ ਤੋਂ ਕੁੱਝ ਮੰਗਣਾ ਚਾਹੁੰਦੇ ਹੋ ਇਹ ਤਾਂ ਤੁਹਾਨੂੰ ਕੁੱਝ ਭੀ ਨਹੀਂ ਦੇ ਸਕਦੇ, ਇਹ ਤਾਂ ਆਪ ਹੀ ਪਾਣੀ ਵਿਚ ਡੁੱਬ ਜਾਂਦੇ ਹਨ, ਦਸੋ ਤੁਹਾਨੂੰ ਸੰਸਾਰ ਸਾਗਰ ਤੋਂ ਕਿਵੇਂ ਪਾਰ ਕਰ ਸਕਦੇ ਹਨ, ਇਸ ਬਾਰੇ ਹੁਕਮ ਆਇਆ ਹੈ ਕਿ :

ਦੇਵੀ ਦੇਵਾ ਪੂਜੀਐ ਭਾਈ<br>
ਕਿਆ ਮਾਗਉ ਕਿਆ ਦੇਹਿ ॥<br>
ਪਾਹਣੁ ਨੀਰਿ ਪਖਾਲੀਐ ਭਾਈ<br>
ਜਲ ਮਹਿ ਬੂਡਹਿ ਤੇਹਿ ॥ *(ਸੋਰਠਿ ਮ: ੧, ਪੰਨਾ ੬੩੭)*

ਜੋ ਪਾਥਰ ਕਉ ਕਹਿਤੇ ਦੇਵ ॥<br>
ਤਾ ਕੀ ਬਿਰਥਾ ਹੋਵੈ ਸੇਵ ॥<br>
ਜੋ ਪਾਥਰ ਕੀ ਪਾਂਈ ਪਾਇ ॥<br>
ਤਿਸ ਕੀ ਘਾਲ ਅਜਾਂਈ ਜਾਇ ॥ *(ਭੈਰਉ, ਪੰਨਾ ੧੧੬੦)*

ਪਾਖਾਨ ਗਢਿ ਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ ॥<br>
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥

*(ਆਸਾ, ਪੰਨਾ ੪੭੯)*

ਭਾਵ ਸਪਸ਼ਟ ਹੈ ਕਿ ਮੂਰਤ ਮਨੁੱਖ ਦੀ ਬਣਾਈ ਹੋਈ ਚੀਜ਼ ਹੈ। ਪੱਥਰ ਘਾੜਾ ਉਸਦੀ ਛਾਤੀ ਤੇ ਪੈਰ ਰਖ ਕੇ ਉਸਨੂੰ ਘੜਦਾ ਹੈ, ਜੇ ਉਸ ਵਿਚ ਕੋਈ ਸ਼ਕਤੀ ਹੋਵੇ ਤਾਂ ਉਹ ਉਸਨੂੰ ਜ਼ਰੂਰ ਖਾਵੇ ਕਿਉਂਕਿ ਉਹ ਘਾੜਾ ਉਸਦੀ ਨਿਰਾਦਰੀ ਕਰਦਾ ਹੈ। ਇਸ ਲਈ ਗੁਰਮੱਤ ਨੇ ਇਨ੍ਹਾਂ ਸਾਰੇ ਮਾਰਗਾਂ ਨੂੰ ਖੰਡਣ ਕਰਕੇ ਕੇਵਲ ਉਸੇ ਪ੍ਰਮਾਤਮਾ ਦੀ ਪੂਜਾ ਕਰਨ ਦੀ ਪ੍ਰੇਰਨਾ ਕੀਤੀ ਹੈ। ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾ ਵਿਚ ਹਰ ਗੁਰਸਿੱਖ ਨੂੰ ਗੁਰਮੱਤ ਰਾਹੀਂ ਜੀਵਨ ਗੁਜ਼ਾਰਦੇ ਰਹਿਣ ਦੀ ਪ੍ਰੇਰਨਾ ਹੈ, ਜਿਵੇਂ ਕਿ :

(੧) (ਹੇ ਭਾਈ! ਜਿਵੇਂ) ਗੱਡੀ ਲੀਹਾਂ ਦੇ ਅੰਦਰ (ਸੌਖੇ) ਚਲਦੀ ਹੈ, (ਇਸੇ ਤਰ੍ਹਾਂ ਹੇ ਗੁਰਸਿੱਖ ਵੀਰੋ! ਤੁਸੀਂ) ਗੁਰਸਿੱਖੀ ਦੇ ਪੂਰਨਿਆਂ ਤੇ ਤੁਰੋ, ਜਿਵੇਂ ਗੱਡੀ (ਗਾਡੀ ਰਾਹ ਤੇ) ਚਲਦੀ ਹੈ।

(੨) (ਇਵੇਂ ਹੀ ਹੇ ਭਾਈ! ਗੁਰਸਿੱਖ ਨੂੰ) ਗੁਰੂ ਦੇ ਹੁਕਮ ਦੀ ਰਜ਼ਾ (ਭਾਣੇ ਅਨੁਸਾਰ) ਚਲਣਾ ਚਾਹੀਦਾ ਹੈ ਤੇ ਸਾਧ ਸੰਗਤ ਦਾ ਸੰਗ ਨਿਭਾਉਣਾ ਚਾਹੀਏ।

(੩) ਜਿਵੇਂ ਸ਼ਾਹੂਕਾਰ ਘਰ ਵਿਚ ਦੌਲਤ ਨੂੰ ਸਾਂਭ ਕੇ ਰੱਖਦਾ ਹੈ।

(੪) ਜਿਵੇਂ ਅਥਾਹ ਸਮੁੰਦਰ (ਆਪਣੀ) ਮਰਯਾਦਾ ਨੂੰ ਨਹੀਂ ਤਿਆਗਦਾ (ਭਾਵ ਜੋ ਕੁਦਰਤ ਦੇ ਨੇਮ ਹਨ, ਜਲ ਵਾਸਤੇ ਸੋ ਅਸਗਾਹ ਹੋ ਜਾਣ ਪਰ ਭੀ ਸਮੁੰਦਰ ਨਹੀਂ ਤਿਆਗਦਾ)।

(੫) (ਹੋਰ ਸੁਣੋ) ਜਿਕੁਰ ਜਰਨ ਵਾਲਾ ਘਾਹ ਪੈਰਾਂ ਹੇਠ ਲਿਤਾੜੀਦਾ ਹੈ (ਪਰ ਆਪਣੇ ਸੁਭਾਉ ਨੂੰ ਨਹੀਂ ਛੱਡਦਾ)।

(੬) (ਇਸੇ ਤਰ੍ਹਾਂ ਧਰਮਸਾਲ) ਸਤਸੰਗ ਮਾਨ ਸਰੋਵਰ ਹੈ, ਗੁਰਮੁਖ ਧੰਨਤਾ ਯੋਗ ਹੰਸ ਹਨ (ਭਾਵ ਹੰਸਾਂ ਵਾਂਗ ਸੰਗਤ ਵਿਚ ਜਾਂਦੇ ਹਨ)।

(੭) ਗੁਰ ਸ਼ਬਦ ਰੂਪ ਰਤਨ ਪਦਾਰਥਾਂ ਨੂੰ ਚੁੱਗਦੇ ਤੇ ਕੀਰਤਨ ਦੇ ਅਥਾਹ ਰਸ ਨਾਲ ਖਾਂਦੇ ਹਨ। ਇਹੀ ਹੰਸਾਂ ਦਾ ਖਾਣਾ ਹੈ।੧੪।

***ਭਾਵਾਰਥ :*** ਸਿਆਣਿਆਂ ਨੇ ਮਾਰਗ ਦੋ ਮੰਨੇ ਹਨ—ਇਕ ਚੀਟੀ ਮਾਰਗ ਹੈ, ਦੂਜਾ ਬਿਹੰਗਮ ਮਾਰਗ ਹੈ—ਭਾਵ ਹੈ ਜਿਸ ਮਾਰਗ ਦੇ ਸਫ਼ਰ ਨੂੰ ਕੀੜੀ ਕਈ ਸਾਲਾਂ ਵਿਚ ਮੁਕਾਉਂਦੀ ਹੈ, ਉਸਨੂੰ ਪੰਛੀ ਥੋੜੇ ਸਮੇਂ ਵਿਚ ਹੀ ਮੁਕਾ ਲੈਂਦਾ ਹੈ। ਇਸੇ ਤਰ੍ਹਾਂ ਪੁਰਾਤਨ ਸਮੇਂ ਦੇ ਰੱਬੀ ਮਾਰਗ ਬੜੇ ਲੰਮੇ ਤੇ ਕਠਿਨ ਸਨ ਜਿਨ੍ਹਾਂ ਨੂੰ ਕਰਦਿਆਂ ਸੈਂਕੜੇ ਸਾਲ ਗੁਜ਼ਰ ਜਾਂਦੇ ਪਰ ਫਿਰ ਭੀ ਸਫਲਤਾ ਹਾਸਲ ਨਹੀਂ ਸੀ ਹੁੰਦੀ। ਇਸ ਲਈ ਅਜੋਕੇ ਸਮੇਂ ਕਲਜੁਗ ਵਿਚ ਗੁਰਮੱਤ ਨੇ ਸੁਖੈਨ ਭਗਤੀ ਮਾਰਗ ਦਾ ਪ੍ਰਚਾਰ ਕੀਤਾ ਕਿ ਹੇ ਭਾਈਓ ! ਪੁਰਾਣੇ ਜੁਗਾਂ ਦੇ ਕਠਿਨ ਸਾਧਨਾਂ ਨੂੰ ਤਿਆਗ ਕੇ ਇਕੋ ਨਾਮ ਸਿਮਰਨ ਦਾ ਬੀਜ ਬੋਵੋ :

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥

*(ਬਸੰਤੁ ਮ: ੫, ਪੰਨਾ ੧੧੮੫)*

ਇਸ ਤਰ੍ਹਾਂ ਗੁਰੂ ਦੇ ਸਿਖ ਗੁਰੂ ਦੀ ਦੱਸੀ ਮਰਯਾਦਾ ਵਿਚ ਤੁਰਦੇ ਹਨ, ਰਜ਼ਾ ਮੰਨਦੇ ਹੋਏ ਆਤਮ ਵਸਤੂ ਸਾਂਭ ਕੇ ਰੱਖਦੇ ਅਤੇ ਸਮੁੰਦਰ ਵਾਂਗ ਗੰਭੀਰ, ਘਾਹ ਵਾਗੂੰ ਨਿਮਰਤਾ ਵਾਲੇ ਹੋ ਕੇ ਸਤਿਸੰਗ ਰੂਪੀ ਮਾਨ ਸਰੋਵਰ ਦੇ ਹੰਸ ਹੋ ਕੇ ਸ਼ਬਦ ਰੂਪੀ ਰਤਨ ਭੋਜਨ ਦਾ ਅਹਾਰ ਕਰਦੇ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ।

## ੧੫. ਗੁਰਸਿੱਖ ਆਪਾ ਨਹੀਂ ਜਣਾਉਂਦਾ

**੧. ਚੰਦਨ ਜਿਉਂ ਵਣ ਖੰਡ ਵਿੱਚ**
**ਓਹ ਆਪ ਲੁਕਾਏ।**
**੨. ਪਾਰਸ ਅੰਦਰ ਪਰਬਤਾਂ**
**ਹੋਇ ਗੁਪਤ ਵਲਾਏ।**
**੩. ਸੱਤ ਸਮੁੰਦੀ ਮਾਨਸਰ**
**ਨਹਿ ਅਲਖ ਲਖਾਏ।**
**੪. ਜਿਉਂ ਪਰਛਿੰਨਾ ਪਾਰਜਾਤੁ**
**ਨਹਿ ਪਰਗਟੀਆਏ।**
**੫. ਜਿਉਂ ਜਗ ਅੰਦਰ ਕਾਮਧੇਨੁ**
**ਨਹਿ ਆਪ ਜਣਾਏ।**
**੬. ਸਤਿਗੁਰ ਦਾ ਉਪਦੇਸ਼ ਲੈ**
**ਕਿਉਂ ਆਪ ਗਣਾਏ ॥੧੫॥**

***ਪਦ ਅਰਥ :*** ਵਣ ਖੰਡ—ਬਣ ਦਾ ਭਾਗ। ਚੰਦਨ—ਸੁਗੰਧੀ ਵਾਲਾ ਬ੍ਰਿਛ। ਪਾਰਸ—ਜਿਸ ਧਾਤ ਨਾਲ ਛੋਹੇ, ਸੋਨਾ ਹੋਵੇ। ਪਾਰਜਾਤ—ਕਲਪ ਬ੍ਰਿਛ। ਕਾਮਧੇਨੁ—ਸਭ ਪਦਾਰਥਾਂ ਦੇ ਦੇਣ ਵਾਲੀ ਗਊ। ਪਰਛਿੰਨਾ—ਗੁਪਤ।

***ਅਰਥ :***

ਪ੍ਰ: ਭਾਈ ਸਾਹਿਬ ਜੀਓ ! ਸਾਨੂੰ ਜਦ ਕਦੀ ਆਮ ਧਾਰਮਕ ਇਕੱਠਾਂ ਵਿਚ ਜਾਣ ਦਾ ਸਮਾਂ ਬਣਦਾ ਹੈ ਤਾਂ ਉਥੇ ਸਾਨੂੰ ਬਹੁਤ ਲੋਕਾਂ ਦੀ ਗਿਣਤੀ ਵੇਖਣ ਵਿਚ ਆਉਂਦੀ ਹੈ, ਜਿਨ੍ਹਾਂ ਦੇ ਸਰੀਰਕ ਪਹਿਰਾਵੇ ਤੋਂ ਭੀ ਪ੍ਰਤੀਤ ਹੁੰਦਾ ਹੈ ਕਿ ਇਹ ਸਹੀ ਰੂਪ ਵਿਚ ਗੁਰੂ ਦੇ ਸਿਖ ਹਨ, ਕਿਉਂਕਿ ਉਨ੍ਹਾਂ ਦਾ ਬੋਲ-ਚਾਲ, ਨਿਮ੍ਰਤਾ-ਭਾਵ, ਸੇਵਾ-ਭਾਵ ਉਨ੍ਹਾਂ 'ਤੇ ਸ਼ੱਕ ਹੀ ਨਹੀਂ ਹੋਣ ਦੇਂਦਾ, ਪਰ ਜਦ ਕਦੀ ਸਮਾਂ ਬਣਦਾ ਹੈ ਤਾਂ ਉਨ੍ਹਾਂ ਦੇ ਢੋਲ ਦਾ ਪੋਲ ਸ਼ੀਘਰ ਹੀ ਪ੍ਰਗਟ ਹੋ ਆਉਂਦਾ ਹੈ, ਜਿਸ ਤੋਂ ਅੰਤ ਵਿਚ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੈ, ਕਿਉਂ ਜੀ ! ਕੀ ਤੁਸੀਂ ਦਸੋਗੇ ਕਿ ਗੁਰਬਾਣੀ ਅਨੁਸਾਰ ਸਹੀ ਸਿਖ ਦੀ ਰੂਪ ਰੇਖਾ ਕੈਸੀ ਹੋਇਆ ਕਰਦੀ ਹੈ, ਤਾਂ ਕਿ ਅਸੀਂ ਭੀ ਬਚਾਅ ਕਰ ਸੱਕੀਏ ?

ਉ: ਹੇ ਭਾਈਓ ! ਗੁਰਬਾਣੀ ਦੀ ਪੜਚੋਲ ਕਰਦਿਆਂ ਮੈਨੂੰ ਤਾਂ ਇਹੋ ਸੂਝ ਬੂਝ ਮਿਲੀ ਹੈ ਕਿ ਬਾਹਰਲੇ ਸਰੀਰਕ ਪਹਿਰਾਵੇ ਦੇ ਧਾਰਨੀ ਤਾਂ ਬਹੁਤੇ ਸਿਖ ਮਿਲਣਗੇ ਪਰ ਅੰਤ੍ਰੀਵ ਦੈਵੀ ਗੁਣਾਂ ਦੇ ਧਾਰਨੀ ਬਹੁਤ ਘੱਟ ਹੋਇਆ ਕਰਦੇ ਹਨ। ਕਿਉਂਕਿ ਅਸੀਂ ਵੇਖਦੇ ਹਾਂ ਕਿ ਜਦ ਕੋਈ ਆਪਣੇ ਸੰਸਾਰਕ ਕਾਰਜ ਦੀ ਸਿੱਧੀ ਲਈ ਸਿੱਖੀ ਦੀ ਧਾਰਨਾ ਕਰਦਾ ਹੈ ਤਾਂ ਫਿਰ ਉਹ ਬਾਹਰੋਂ ਹੀ ਸਿਖ ਦਿੱਸਿਆ ਕਰਦਾ ਹੈ ਅੰਦਰੋਂ ਨਹੀਂ ਹੋਇਆ ਕਰਦਾ, ਪਰ ਜਦ ਕੋਈ ਅੰਦਰਲੇ ਸ਼ੌਕ ਨਾਲ ਸਿਖ ਸਜੇ ਤਾਂ

ਫਿਰ ਉਹ ਅੰਦਰੋਂ ਤੇ ਬਾਹਰੋਂ ਭੀ ਸਿਖ ਹੁੰਦਾ ਹੈ। ਐਸੇ ਸਿਖ ਪ੍ਰਤੀ ਹੀ ਗੁਰੂ ਅਮਰਦਾਸ ਜੀ ਨੇ ਫ਼ੁਰਮਾਨ ਕੀਤਾ ਹੈ :

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥੨੧॥

*(ਰਾਮਕਲੀ ਅਨੰਦੁ ੩, ਪੰਨਾ ੯੧੯)*

ਇਸ ਤੋਂ ਉਲਟ ਜੋ ਅੰਦਰੋਂ ਸ਼ੁਭ ਗੁਣਾਂ ਦੀ ਧਾਰਨਾ ਤੋਂ ਸੱਖਣੇ ਪਹਿਰਾਵੇ ਦੀ ਸਿੱਖੀ ਧਾਰਨਾ ਵਾਲੇ ਹਨ ਉਨ੍ਹਾਂ ਪ੍ਰਤੀ ਹਜ਼ੂਰ ਦਾ ਫ਼ੁਰਮਾਨ ਹੈ ਕਿ ਉਹ ਤਾਂ :

ਜੀਅਹੁ ਮੈਲੇ ਬਾਹਰਹੁ ਨਿਰਮਲ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ
ਤਿਨੀ ਜਨਮੁ ਜੂਐ ਹਾਰਿਆ॥
ਏਹ ਤਿਸਨਾ ਵਡਾ ਰੋਗੁ ਲਗਾ
ਮਰਣੁ ਮਨਹੁ ਵਿਸਾਰਿਆ॥

*(ਅਨੰਦੁ ਸਾਹਿਬ, ਪੰਨਾ ੯੧੯)*

ਸਿੱਖੀ ਦਾ ਬਾਹਰੋਂ ਪਹਿਰਾਵਾ ਧਾਰਨ ਕਰ ਲੈਣ ਵਿਚ ਤਾਂ ਕੋਈ ਔਖ ਨਹੀਂ, ਔਖ ਤਾਂ ਅੰਦਰੋਂ ਬੁਰੀਆਂ ਵਾਸ਼ਨਾਵਾਂ ਨੂੰ ਬਦਲਣ ਵਿਚ ਹੈ, ਜੇ ਉਹ ਨਹੀਂ ਬਦਲੀਆਂ ਤਾਂ ਉਸ ਸਿਖ ਨੂੰ ਇਉਂ ਹੀ ਸਮਝਣਾ ਪਵੇਗਾ ਕਿ ਜਿਵੇਂ ਕਿਸੇ ਨੇ ਜਹਿਰ ਦੀ ਭਰੀ ਹੋਈ ਬੋਤਲ ਉੱਤੇ ਅੰਮ੍ਰਿਤ ਦਾ ਲੇਬਲ ਲਗਾ ਰੱਖਿਆ ਹੈ। ਅਜਿਹੇ ਸਿਖ 'ਤੇ ਗੁਰੂ ਦੀ ਪ੍ਰਸੰਨਤਾ ਨਹੀਂ ਹੋ ਸਕਦੀ। ਕਿਉਂਕਿ ਗੁਰੂ ਸਿਖ ਨੂੰ ਬਾਹਰਲੇ ਪਹਿਰਾਵੇ ਨਾਲੋਂ ਅੰਦਰੂਨੀ ਧਾਰਨਾ ਦਾ ਧਾਰਨੀ ਵੇਖਣਾ ਚਾਹੁੰਦਾ ਹੈ, ਜੇ ਸਿਖ ਦੀ ਅੰਦਰੋਂ ਧਾਰਨਾ ਸਹੀ ਹੈ ਤਾਂ ਉਸਦੇ ਬਾਹਰਲੇ ਪਹਿਰਾਵੇ ਦੀ ਭੀ ਕੋਈ ਕੀਮਤ ਹੈ, ਉਹ ਸਮਝੋ ਐਸਾ ਇਕ ਫੁੱਲ ਹੈ ਜਿਸ ਵਿਚ ਸੁਗੰਧੀ ਭੀ ਪਾਈ ਜਾਂਦੀ ਹੈ, ਅੰਤ੍ਰੀਵ ਧਾਰਨਾ ਤੋਂ ਸੱਖਣੇ ਸਿਖ ਨੂੰ ਤਾਂ ਇਉਂ ਹੀ ਜਾਨਣਾ ਪਵੇਗਾ ਜਿਵੇਂ ਕੋਈ ਕਾਗ਼ਜ਼ੀ ਫੁੱਲ ਸੁਗੰਧੀ ਤੋਂ ਖ਼ਾਲੀ ਹੈ। ਗੁਰਬਾਣੀ ਅਨੁਸਾਰ ਜਦੋਂ ਤੱਕ ਕੋਈ ਮਨੁੱਖ ਆਪਣੇ ਅੰਦਰੋਂ ਸੰਸਾਰ ਦੀਆਂ ਅਸ਼ੁੱਭ ਵਾਸ਼ਨਾ ਦਾ ਤਿਆਗ ਨਹੀਂ ਕਰ ਦੇਂਦਾ ਤਦ ਤੱਕ ਉਸਦੇ ਅੰਦਰ ਗੁਰਸਿੱਖੀ ਦੀ ਪਵਿਤ੍ਰ ਧਾਰਨਾ ਦਾ ਧਾਰਨੀ ਹੋਣਾ ਅਸੰਭਵ ਹੈ, ਕਿਉਂਕਿ ਗੁਰੂ ਫ਼ੁਰਮਾਨ ਹੈ ਕਿ :

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥

*(ਮ: ੨, ਪੰਨਾ ੪੭੪)*

ਭਾਵ ਹੈ ਕਿਸੇ ਭਾਂਡੇ ਵਿਚ ਦੂਜੀ ਵਸਤੂ ਤਾਂ ਹੀ ਪਾਈ ਜਾ ਸਕਦੀ ਹੈ, ਜੇ ਉਸ ਵਿਚ ਪਈ ਪਹਿਲੀ ਵਸਤੂ ਪਾਸੇ ਕਰ ਦਿੱਤੀ ਜਾਵੇ। ਅਰਥਾਤ ਕਿਸੇ ਅੰਦਰ ਗੁਰੂ ਦਾ ਦਿਤਾ ਉਪਦੇਸ਼ ਤਾਂ ਹੀ ਠਹਿਰ ਸਕਦਾ ਹੈ ਜੇਕਰ ਉਸਦੇ ਅੰਦਰ ਪਈਆਂ ਸੰਸਾਰ ਦੀਆ ਅਸ਼ੁੱਭ ਵਾਸ਼ਨਾ ਦੂਰ ਹੋ ਜਾਵਣ। ਗੁਰੂ ਦੇ ਦਰਬਾਰ ਵਿਚ ਤਾਂ ਤਦੋਂ ਹੀ ਮਾਨ ਪ੍ਰਾਪਤ ਹੋ ਸਕਦਾ ਹੈ, ਜਦੋਂ ਕਿ ਉਹ :

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥੧॥

*(ਆਸਾ ਦੀ ਵਾਰ, ਮ: ੨, ਪੰਨਾ ੪੭੪)*

ਗੁਰਬਾਣੀ ਅਨੁਸਾਰ ਤਾਂ ਉਹੀ ਸਿਖ ਗੁਰੂ ਦੇ ਦਰ 'ਤੇ ਮਾਨ ਪ੍ਰਾਪਤ ਕਰਦਾ ਹੈ ਜੋ ਸਭੋ ਕੁੱਝ ਕਰਦਾ ਹੋਇਆ ਭੀ ਆਪਣੇ ਆਪ ਨੂੰ ਗਣਾਉਂਦਾ ਨਹੀਂ, ਆਪਣੇ ਆਪ ਨੂੰ ਲੁਕਾ ਛੁਪਾ ਕੇ ਰਖਦਾ ਹੈ ਗੁਰਬਾਣੀ ਦੀਆਂ ਅਜਿਹੀਆਂ ਪੰਗਤੀਆਂ ਤੋਂ ਪ੍ਰੇਰਤ ਹੋ ਮੈਂ ਉਪ੍ਰੋਕਤ ਪਉੜੀ ਦੀਆਂ ਕੁਝ ਸਤਰਾਂ ਉਲੀਕੀਆਂ ਹਨ, ਜਿਵੇਂ ਕਿ :

(੧) ਹੇ ਭਾਈਓ! ਚੰਦਨ ਦਾ ਰੁੱਖ ਜੰਗਲ ਵਿਚ ਹੁੰਦਾ ਹੈ ਤੇ ਉਹ ਆਪਣੇ ਆਪ ਨੂੰ ਲੁਕਾ ਕੇ ਰੱਖਦਾ ਹੈ।

(੨) ਪਾਰਸ ਪਹਾੜਾਂ ਵਿਚ ਲੁਕਿਆ ਰਹਿੰਦਾ ਹੈ ਤੇ ਗੁਪਤ ਹੋ ਕੇ ਰਹਿੰਦਾ ਹੈ (ਦੇਖਣ ਵਿਚ ਉਹ ਇਕ ਪੱਥਰ ਦੇ ਗੀਹਟੇ ਵਾਂਗ ਹੁੰਦਾ ਹੈ ਤੇ ਪਾਰਖੂ ਤੋਂ ਬਿਨਾਂ ਉਸਨੂੰ ਕੋਈ ਵੀ ਜਾਣ ਨਹੀਂ ਸਕਦਾ)।

(੩) ਸੱਤਾਂ ਸਮੁੰਦਰਾਂ ਵਿਚ ਮਾਨਸਰ ਗੁਪਤ ਰਹਿੰਦਾ ਹੈ, ਉਹ ਆਪਣਾ ਆਪ ਕਿਸੇ ਨੂੰ ਲਖਾਉਂਦਾ (ਜਣਾਉਂਦਾ) ਨਹੀਂ।

(੪) (ਹੋਰ ਵੇਖੋ) ਜਿਵੇਂ ਪਾਰਜਾਤ (ਕਲਪ ਬ੍ਰਿਛ) ਲੁਕਿਆ ਰਹਿੰਦਾ ਹੈ ਉਹ ਪਰਗਟ (ਜ਼ਾਹਰ) ਨਹੀਂ ਹੁੰਦਾ।

(੫) ਜਿਵੇਂ ਸਭ ਤਰ੍ਹਾਂ ਦੇ ਖਾਨ ਪਾਨ ਪਦਾਰਥਾਂ ਦੇ ਦੇਣ ਵਾਲੀ ਕਾਮਧੇਨ ਗਊ ਸੰਸਾਰ ਵਿਚ ਕਿਸੇ ਨੂੰ ਆਪਾ ਨਹੀਂ ਜਣਾਉਂਦੀ।

(੬) (ਇਸੇ ਤਰ੍ਹਾਂ) ਸਤਿਗੁਰੂ ਜੀ ਦਾ ਉਪਦੇਸ਼ (ਸਿਖਿਆ) ਲੈ ਕੇ ਗੁਰਸਿੱਖ ਭਲਾ ਕਿਸੇ ਨੂੰ ਆਪਾ ਕਿਉਂ ਜਣਾਏ (ਭਾਵ ਗੁਰਸਿੱਖ ਸਾਧਨਾ ਸਾਧ ਕੇ, ਆਪਣੀ ਸਾਧਨਾ ਕਿਸੇ ਨੂੰ ਜਣਾਉਂਦਾ ਨਹੀਂ)।੧੫॥

***ਭਾਵਾਰਥ :*** ਗੁਰੂ ਨੇ ਸਾਨੂੰ ਬਨਾਵਟੀ ਸਿਖ ਦੇ ਪਰਖਣ ਲਈ ਗੁਰਬਾਣੀ ਰੂਪ ਕਸਵਟੀ ਦਿੱਤੀ ਹੈ ਜੋ ਇਸ ਗੁਰਬਾਣੀ ਦੀ ਕਸਵਟੀ 'ਤੇ ਪੂਰਾ ਨਹੀਂ ਉਤਰਦਾ ਉਸਦੀ ਸ਼ਰਧਾਲੂਆਂ ਨੂੰ ਕਦੇ ਭੀ ਪ੍ਰਤੀਤ ਨਹੀ ਕਰਨੀ ਚਾਹੀਦੀ। ਕਿਉਂਕਿ ਸੱਚੇ ਸਿਦਕੀ ਸਿਖ ਤਾਂ ਕਸਤੂਰੀ ਵਾਂਗ ਆਪ ਹੀ ਮਹਿਕ ਰਹੇ ਹੁੰਦੇ ਹਨ। ਉਹ ਫਿਰ ਭੀ ਗੁਪਤ ਰਹਿਣਾ ਪਸੰਦ ਕਰਦੇ ਹਨ। ਕਬੀਰ ਜੀ ਨੇ ਪਰਖ ਕੇ ਆਪਣਾ ਤਜਰਬਾ ਅੰਕਤ ਕੀਤਾ ਹੈ ਕਿ :

ਕਹੁ ਕਬੀਰ ਛੂਛਾ ਘਟੁ ਬੋਲੈ ॥
ਭਰਿਆ ਹੋਇ ਸੁ ਕਬਹੁ ਨ ਡੋਲੈ ॥ *(ਪੰਨਾ ੮੭੦)*

## ੧੯. ਗੁਰੂ ਤੇ ਚੇਲੇ ਦੀ ਅਭੇਦਤਾ

**੧. ਦੁਇ ਦੁਇ ਅੱਖੀਂ ਆਖੀਅਨਿ**
**ਇਕ ਦਰਸ਼ਨ ਦਿੱਸੈ।**
**੨. ਦੁਇ ਦੁਇ ਕੰਨ ਵਖਾਣੀਅਨਿ**
**ਇਕ ਸੁਰਤਿ ਸਲਿੱਸੈ।**
**੩. ਦੁਇ ਦੁਇ ਨਦੀ ਕਿਨਾਰਿਆਂ**
**ਪਾਰਾਵਾਰ ਨ ਤਿੱਸੈ।**
**੪. ਇਕ ਜੋਤਿ ਦੁਇ ਮੂਰਤੀਂ**
**ਇਕ ਸ਼ਬਦ ਸਰਿੱਸੈ।**
**੫. ਗੁਰ ਚੇਲਾ ਚੇਲਾ ਗੁਰੂ**
**ਸਮਝਾਏ ਕਿੱਸੈ ॥੧੯॥**

***ਪਦ ਅਰਥ :*** ਸਲਿੱਸੈ—ਸੁਣਨਾ। ਸਰਿੱਸੈ—ਇਕੋ ਜਿਹਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦ ਕਿ ਗੁਰੂ ਤੇ ਚੇਲੇ ਦੀਆਂ ਦੋ ਵਿਅਕਤੀਆਂ ਭਿੰਨ ਭਿੰਨ ਵੇਖਣ ਵਿਚ ਆਉਂਦੀਆ ਹਨ, ਤਾਂ ਉਨ੍ਹਾਂ ਵਿਚ ਅਭੇਦਤਾ ਦਸੋ ਕਿਵੇਂ ਮੰਨੀ ਜਾ ਸਕਦੀ ਹੈ ? ਤੁਸੀਂ ਤਾਂ ਗੁਰਬਾਣੀ ਦੀ ਖੋਜ ਕਰਦੇ ਆ ਰਹੇ ਹੋ ਇਸ ਸੰਬੰਧੀ ਤੁਹਾਡੇ ਆਪਣੇ ਵੀਚਾਰ ਕੀ ਹਨ ?

ਉ: ਹੇ ਸਜਨੋਂ ! ਸਚਾਈ ਤਾਂ ਇਹੋ ਹੈ ਕਿ ਜਿਸ ਵੀਚਾਰ ਨੂੰ ਰੱਬੀ ਦਰਬਾਰ ਵਲੋਂ ਆਏ ਹੁਕਮ ਨੂੰ ਸਤਿਗੁਰੂ ਜੀ ਨੇ ਬਾਣੀ ਵਿਚ ਦਰਜ ਕਰ ਦਿੱਤਾ ਹੈ, ਉਸ ਦੇ ਸੰਬੰਧ ਵਿਚ ਕਿਸੇ ਅਲਪੱਗ ਮਨੁੱਖ ਦਾ ਕੁੱਝ ਭੀ ਕਹਿਣਾ ਬਣਦਾ ਨਹੀਂ, ਕਿਉਂਕ ਤੁਹਾਡੇ ਇਸ ਕੀਤੇ ਪ੍ਰਸ਼ਨ ਦੇ ਉੱਤਰ ਰੂਪ ਵਿਚ ਬਾਣੀ ਦਾ ਫ਼ੁਰਮਾਨ ਹੈ ਕਿ ਗੁਰੂ ਤੇ ਚੇਲੇ ਦੀਆਂ ਬਾਹਰੋਂ ਸਰੀਰ ਕਰਕੇ ਵਿਅਕਤੀਆਂ ਦੋ ਨਜ਼ਰ ਆਉਂਦੀਆਂ ਹਨ, ਪਰ ਅੰਦਰੋਂ ਉਨ੍ਹਾਂ ਦੀ ਏਕਤਾ ਹੀ ਹੋਇਆ ਕਰਦੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :

ਗੁਰ ਚੇਲੇ ਅਪਨਾ ਮਨੁ ਮਾਨਿਆ ॥
ਨਾਨਕ ਦੂਜਾ ਮੇਟਿ ਸਮਾਨਿਆ ॥
*(ਰਾਮਕਲੀ ਮ: ੧, ਪੰਨਾ ੯੦੪)*

ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥
ਗੁਰ ਚੇਲੇ ਕੀ ਸੰਧਿ ਮਿਲਾਏ ॥
*(ਰਾਮਕਲੀ ਮ: ੧, ਪੰਨਾ ੯੨੨)*

ਗੁਰ ਚੇਲੇ ਹੈ ਮਨੁ ਮਾਨਿਆ ॥
ਜਨ ਨਾਮੈ ਤਤੁ ਪਛਾਨਿਆ ॥
*(ਸੋਰਠਿ ਬਾਣੀ ਰਵਿਦਾਸ ਜੀ, ਪੰਨਾ ੬੫੭)*

ਇਹ ਠੀਕ ਹੈ ਕਿ ਅਰੰਭ ਕਾਲ ਵਿਚ ਚੇਲਾ ਸਹਿਜੇ ਸਹਿਜੇ ਗੁਰੂ ਵੱਲ ਚਲ ਚਲ ਕੇ ਪੁੱਜਿਆ ਹੈ ਪਰ ਜਦੋਂ ਪੁੱਜ ਗਿਆ ਫਿਰ ਅੰਤਰ ਆਤਮੇ ਗੁਰੂ ਤੇ ਚੇਲੇ ਦੀ ਇਉਂ ਅਭੇਦਤਾ ਹੋ ਗਈ, ਜਿਵੇਂ ਕਿ :

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
*(ਸੁਖਮਨੀ ਸਾਹਿਬ, ਪੰਨਾ ੨੭੮)*

ਇਸੇ ਹੀ ਤਰ੍ਹਾਂ ਭਗਤਾਂ ਤੇ ਰੱਬ ਬਾਰੇ ਵੀਚਾਰ ਆਉਂਦੀ ਹੈ, ਕਿਉਂਕਿ ਭਗਤ ਭੀ ਰੱਬ ਤੱਕ ਸਹਿਜੇ ਸਹਿਜੇ ਟੁਰੀ ਗਏ, ਆਖ਼ਰ ਇਹ ਭੀ ਚਲਦੇ ਚਲਦੇ ਆਪਣੇ ਆਪੇ ਵਿਚ ਲੀਨ ਹੋ ਗਏ। ਇਹ ਵੀਚਾਰ ਭਗਤਾਂ ਨੇ ਆਪਣੀ ਰਚਨਾ ਵਿਚ ਅੰਕਤ ਕੀਤੇ ਹਨ, ਕਿਉਂਕਿ ਜਦੋਂ ਭਗਤ ਰੱਬੀ ਮਾਰਗ ਵੱਲ ਟੁਰੇ ਸਨ ਤਾਂ ਉਨ੍ਹਾਂ ਨੇ ਉਸ ਰਸਤੇ ਦੀ ਭੀ ਕੁੱਝ ਗੱਲ ਕੀਤੀ ਹੈ, ਜਿਵੇਂ ਕਿ ਭਗਤ ਨਾਮ ਦੇਵ ਜੀ ਆਪਣੇ ਆਰੰਭ ਕਾਲ ਦੀ ਗੱਲ ਕਰਦੇ ਹਨ,

ਦੂਧੁ ਕਟੋਰੈ ਗਡਵੈ ਪਾਨੀ ॥
ਕਪਲ ਗਾਇ ਨਾਮੈ ਦੁਹਿ ਆਨੀ ॥੧॥ *(ਪੰਨਾ ੧੧੬੩)*

ਇਸੇ ਤਰ੍ਹਾਂ ਜਦੋਂ ਭਗਤ ਰਵਿਦਾਸ ਜੀ ਨੂੰ ਭਗਤੀ

ਦੇ ਮਾਰਗ 'ਤੇ ਚਲਦਿਆਂ ਚਲਦਿਆ ਰੱਬ ਦੀ ਸਾਖਯਾਤਤਾ ਹੋਈ ਤਾਂ ਭਗਤ ਜੀ ਨੇ ਬੁਲੰਦ ਆਵਾਜ ਵਿਚ ਕਹਿ ਦਿੱਤਾ ਕਿ ਹੇ ਪ੍ਰਭੂ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥

*(ਭਗਤ ਰਵਿਦਾਸ ਜੀ, ਪੰਨਾ ੯੩)*

ਇਸੇ ਤਰ੍ਹਾਂ ਭਗਤ ਕਬੀਰ ਜੀ ਆਪਣੀ ਭਗਤੀ ਮਾਰਗ ਦੀ ਪਿਛਲੀ ਗੱਲ ਕਰਦੇ ਹਨ, ਜਿਵੇਂ ਕਿ:

ਪੂਰਬ ਜਨਮ ਹਮ ਤੁਮ੍ਹਰੇ ਸੇਵਕ
ਅਬ ਤਉ ਮਿਟਿਆ ਨ ਜਾਈ॥

*(ਬਾਣੀ ਕਬੀਰ ਜੀ, ਪੰਨਾ ੯੭੦)*

ਭਾਵ ਹੈ ਕਿ ਹੇ ਪ੍ਰਭੂ ਜੀ! ਪਿਛਲੇ ਜਨਮ ਵਿਚ ਭੀ ਮੈਂ ਤੇਰੀ ਭਗਤੀ ਕਰਦਾ ਰਿਹਾ ਹਾਂ, ਪਰ ਮੈਂ ਭਗਤੀ ਮਾਰਗ ਦੀ ਸਿਖ਼ਰਾਂ ਤੱਕ ਨਹੀਂ ਪੁੱਜ ਸੱਕਿਆ, ਜਿਸ ਕਰਕੇ ਮੈਨੂੰ ਇਹ ਦੁਬਾਰਾ ਜਨਮ ਲੈਣਾ ਪਿਆ ਹੈ। ਚਲਦੇ ਚਲਦੇ ਭਗਤ ਕਬੀਰ ਜੀ ਜਦੋਂ ਭਗਤੀ ਦੀ ਆਖ਼ਰੀ ਮੰਜਲ 'ਤੇ ਜਾ ਅੱਪੜੇ ਤਾਂ ਆਪ ਜੀ ਨੇ ਨਿਰਭਊ ਹੋ ਕੇ ਇਹ ਸ਼ਬਦ ਕਹੇ ਕਿ:

ਅਬ ਤਉ ਜਾਇ ਚਢੇ ਸਿੰਘਾਸਨਿ
ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ
ਕੋਇ ਨ ਸਕੈ ਪਛਾਨੀ॥

*(ਭਗਤ ਕਬੀਰ ਜੀ, ਪੰਨਾ ੯੬੯)*

ਭਾਵ ਹੈ ਕਿ, ਮੈਂ ਹੁਣ ਆਪਣੇ ਨਿਜ-ਸਰੂਪ ਰੂਪੀ ਸਿੰਘਾਸਣ 'ਤੇ ਜਾ ਬਿਰਾਜਿਆ ਹਾਂ, ਭਾਵ ਮੇਰਾ ਉਸ ਪ੍ਰਭੂ ਨਾਲ ਮਿਲਾਪ ਹੋ ਗਿਆ ਹੈ, ਅਰਥਾਤ ਰਾਮ ਤੇ ਕਬੀਰ ਐਸੇ ਇਕ ਮਿਕ ਹੋ ਗਏ ਹਨ ਜਿਸ ਨੂੰ ਕੋਈ ਭੀ ਹੁਣ ਪਛਾਣ ਨਹੀਂ ਸਕਦਾ।

ਹੇ ਭਾਈਓ! ਇਸ ਭਾਵ ਦੇ ਬਹੁਤ ਸ਼ਬਦ ਬਾਣੀ ਵਿਚ ਆਉਂਦੇ ਹਨ ਜਿਨ੍ਹਾਂ ਵਿਚ ਗੁਰੂ ਤੇ ਚੇਲੇ ਦੀ ਅਤੇ ਭਗਤ ਤੇ ਰੱਬ ਦੀ ਅਭੇਦਤਾ ਦਰਸਾਈ ਗਈ ਹੈ, ਇਨ੍ਹਾਂ ਤੋਂ ਹੀ ਪ੍ਰੇਰਤ ਹੋ ਕੇ ਮੈਂ ਉਪ੍ਰੋਕਤ ਪਉੜੀ ਦੀਆਂ ਪੰਗਤੀਆਂ ਉੱਕਰੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਮੈਨੂੰ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਸਭ ਦੀਆਂ) ਅੱਖਾਂ ਦੋ ਦੋ ਆਖੀਆਂ ਜਾਂਦੀਆਂ ਹਨ, ਪਰ ਦਰਸਨ ਦੋਹਾ ਨਾਲ ਇਕ ਹੀ ਦਿਖਾਈ ਦੇਂਦਾ ਹੈ।

(੨) ਕੰਨ ਭੀ ਦੋ ਦੋ ਹੀ ਕਹੇ ਜਾਂਦੇ ਹਨ, ਪਰ ਆਵਾਜ਼ ਉਹ ਇਕ ਨੂੰ ਹੀ ਸੁਣਦੇ ਜਾਂ ਸਮਝਦੇ ਹਨ।

(੩) ਨਦੀਆਂ ਦੇ ਕਿਨਾਰੇ ਵੀ ਦੋ ਦੋ ਹੀ ਹੁੰਦੇ ਹਨ, ਪਰ ਉਨ੍ਹਾਂ ਦੇ ਅੰਦਰ ਨਦੀ ਇਕੋ ਹੀ ਹੁੰਦੀ ਹੈ।

(੪) (ਇਸੇ ਤਰ੍ਹਾਂ ਗੁਰੂ ਤੇ ਚੇਲੇ ਦੀਆਂ) ਮੂਰਤਾ ਭਾਵੇਂ ਦੋ ਹੀ ਹੁੰਦੀਆਂ ਹਨ, ਪਰ ਜੋਤ ਇਕੋ ਹੀ ਹੁੰਦੀ ਹੈ ਤੇ (ਗੁਰੂ) ਸ਼ਬਦ ਉਪਦੇਸ਼ ਭੀ ਇਕੋ ਸਾਰਖਾ ਹੈ।

(੫) (ਐਪਰ ਇਸ ਗੱਲ ਦਾ ਭੇਦ ਕਿ) ਗੁਰੂ ਚੇਲਾ ਹੈ ਜਾਂ ਚੇਲਾ ਗੁਰੂ ਹੈ, ਇਸ ਭੇਦ ਨੂੰ ਕੌਣ ਸਮਝ ਸਕਦਾ ਹੈ ਤੇ ਕੌਣ ਕਿਸੇ ਨੂੰ ਸਮਝਾ ਸਕਦਾ ਹੈ? ਭਾਵ ਇਹ ਅਗੰਮੀ ਤੇ ਗੋਹਝ ਗੱਲ ਹੈ ਇਸ ਨੂੰ ਗਹਿਰ ਗੰਭੀਰ ਸਤਿਗੁਰੂ ਜਾਂ ਸਤਿਗੁਰੂ ਦਾ ਗਹਿਰ ਗੰਭੀਰਤਾ ਤੱਕ ਪੁੱਜਾ ਹੋਇਆ ਕੋਈ ਚੇਲਾ ਹੀ ਜਾਣ ਸਕਦਾ ਹੈ, ਹੋਰ ਕੋਈ ਨਹੀਂ।੧੬।

*ਭਾਵਾਰਥ:* ਗੁਰੂ ਨਾਨਕ ਤੇ ਗੁਰੂ ਅੰਗਦ ਕਹਿਣ ਮਾਤਰ ਦੋ ਮੂਰਤਾਂ ਹਨ, ਪਰ ਅੰਤਰ ਆਤਮੇ ਜੋਤ ਉਨ੍ਹਾਂ ਦੀ ਇਕੋ ਹੀ ਹੈ, ਜਿਵੇਂ ਕਿ ਹੁਕਮ ਆਇਆ ਹੈ:

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ॥

*(ਰਾਮਕਲੀ ਕੀ ਵਾਰ, ਪੰਨਾ ੯੬੬)*

ਜਿਵੇਂ ਸਮੁੰਦਰ ਤੋਂ ਉਠੀਆਂ ਲਹਿਰਾਂ ਸਮੁੰਦਰ ਦਾ ਰੂਪ ਹੀ ਹਨ, ਜਿਵੇਂ ਸੋਨੇ ਤੋਂ ਬਣੇ ਗਹਿਣੇ ਕੇਵਲ ਕਹਿਣ ਮਾਤ੍ਰ ਹੀ ਹਨ ਵਾਸਤਵ ਵਿਚ ਉਹ ਸੋਨਾ ਹੀ ਹੈ। ਇਸੇ ਤਰ੍ਹਾਂ ਚੇਲਾ ਗੁਰੂ ਦਾ ਰੂਪ ਹੀ ਹੋਇਆ ਕਰਦਾ ਹੈ ਉਹ ਕੇਵਲ ਵਿਅਕਤੀ ਕਰਕੇ ਵੱਖਰਾ ਪ੍ਰਤੀਤ ਹੁੰਦਾ ਹੈ, ਪਰ ਇਸ ਅੰਤਰੀਵ ਭਾਵ ਨੂੰ ਬਹੁਤ ਘੱਟ ਲੋਕ ਅਨੁਭਵ ਕਰ ਸਕਦੇ ਹਨ।

## ੧੭. ਗੁਰੂ ਤੇ ਚੇਲੇ ਦਾ ਵਿਹਾਰ

**੧. ਪਹਿਲੇ ਗੁਰ ਉਪਦੇਸ਼ ਦੇ
ਸਿੱਖ ਪੈਰੀਂ ਪਾਏ।
੨. ਸਾਧ ਸੰਗਤਿ ਕਰਿ ਧਰਮਸਾਲ
ਸਿੱਖ ਸੇਵਾ ਲਾਏ।**

੩. ਭਾਇ ਭਗਤਿ ਭੈ ਸੇਂਵਦੇ
ਗੁਰਪੁਰਬ ਕਰਾਏ।
੪. ਸ਼ਬਦ ਸੁਰਤਿ ਲਿਵ ਕੀਰਤਨ
ਸਚ ਮੇਲਿ ਮਿਲਾਏ।
੫. ਗੁਰਮੁਖ ਮਾਰਗ ਸੱਚ ਦਾ
ਸੱਚ ਪਾਰ ਲੰਘਾਏ।
੬. ਸੱਚ ਮਿਲੇ ਸਚਿਆਰ ਨੋਂ
ਮਿਲਿ ਆਪੁ ਗਵਾਏ ॥੧੭॥

*ਪਦ ਅਰਥ :* ਭਾਇ ਭਗਤ—ਪ੍ਰੇਮਾ ਭਗਤੀ। ਭੈ—ਡਰ (ਅਦਬ ਦਾ)। ਆਪੁ—ਆਪਾ-ਭਾਵ, ਹਉਮੈਂ ਜਾਂ ਹੰਗਤਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਪਿਛੇ ਆਪ ਜੀ ਨੇ ਗੁਰੂ ਤੇ ਚੇਲੇ ਦੀ ਅੰਤਰ-ਆਤਮੇ ਅਭੇਦਤਾ ਦਰਸਾਈ ਹੈ, ਇਹ ਸੱਚ ਹੈ ਕਿ ਉਹ ਏਕਤਾ ਸਾਰੇ ਲੋਕਾਂ ਨੂੰ ਨਹੀਂ ਨਜ਼ਰ ਆਉਂਦੀ ਕੋਈ ਵੀਚਾਰਵਾਨ ਹੀ ਵੇਖ ਸਕਦਾ ਹੈ, ਪਰ ਆਪ ਇਹ ਦੱਸੋ ਉਨ੍ਹਾਂ ਦੀ ਬਾਹਰਲੀ ਵਿਵਹਾਰਕ ਕ੍ਰਿਆ ਕਿਸ ਰੂਪ ਵਿਚ ਹੁੰਦੀ ਹੈ?

ਉ: ਹੇ ਭਾਈਓ! ਜਦੋਂ ਗੁਰਬਾਣੀ ਤੇ ਗੁਰ-ਇਤਿਹਾਸ ਦੇ ਭਾਵ ਨੂੰ ਮੁੱਖ ਰੱਖ ਕੇ ਵੀਚਾਰ ਕਰਦੇ ਹਾਂ ਤਾਂ ਇਹੋ ਜਾਣਕਾਰੀ ਮਿਲਦੀ ਹੈ ਕਿ ਅਜਿਹੇ ਗੁਰੂ ਤੇ ਚੇਲੇ ਦੀ ਮਾਨਸਕ ਕ੍ਰਿਆ ਮੁੱਕੀ ਹੁੰਦੀ ਹੈ, ਪਰ ਉਹ ਜੋ ਕੁੱਝ ਭੀ ਸਰੀਰ ਕਰਕੇ ਵਿਵਹਾਰ ਕਰਦੇ ਦਿੱਸਦੇ ਹਨ ਉਹ ਕੇਵਲ ਲੋਕ ਭਲਾਈ ਨੂੰ ਹੀ ਮੁੱਖ ਰੱਖ ਕੇ ਕਰਦੇ ਹਨ ਤਾਂ ਕਿ ਬਾਕੀ ਦੇ ਲੋਕਾਂ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਨਾ ਮਿਲਦੀ ਰਵ੍ਹੇ, ਕਿਉਂਕਿ ਉਨ੍ਹਾਂ ਦਾ ਜੀਵਨ ਹੀ ਸੰਸਾਰ ਵਿਚ ਲੋਕ ਭਲਾਈ ਵਾਸਤੇ ਆਇਆ ਹੈ, ਇਸੇ ਭਾਵ ਨੂੰ ਗੁਰਬਾਣੀ ਵਿਚ ਪ੍ਰਗਟਾਇਆ ਗਿਆ ਹੈ, ਜਿਵੇਂ ਕਿ:

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥

*(ਸੂਹੀ ਮ: ੫, ਪੰਨਾ ੭੪੯)*

ਭਾਵ ਹੈ ਕਿ ਐਸੇ ਗੁਰੂ ਤੇ ਚੇਲਿਆਂ ਦਾ ਜੀਵਨ ਜੀਵਾਂ ਨੂੰ ਜੀਅ ਦਾਨ ਦੇ ਕੇ, ਭਗਤੀ ਵਿਚ ਜੋੜ, ਹਰੀ ਨਾਲ ਮਿਲਾ ਦੇਣ ਦਾ ਹੀ ਮੁਖ ਮੰਤਵ ਹੁੰਦਾ ਹੈ। ਸੋ, ਮੈਂ ਭੀ ਗੁਰ ਇਤਿਹਾਸ ਦੇ ਭਾਵ ਨੂੰ ਮੁਖ ਰੱਖ ਕੇ ਅਤੇ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰਭਾਵਤ ਹੋ ਕੁੱਝ ਪੰਗਤੀਆਂ ਉਚਾਰਨ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ!) ਪਹਿਲੇ ਗੁਰੂ ਉਪਦੇਸ਼ ਦਿੰਦਾ ਹੈ ਤੇ ਸਿਖ ਗੁਰੂ ਦੀ ਚਰਨੀ ਲੱਗ ਕੇ ਗੁਰ ਉਪਦੇਸ਼ ਦੀ ਚੰਗੀ ਤਰ੍ਹਾਂ ਸੰਭਾਲ ਕਰਦਾ ਹੈ।

(੨) (ਸਤਿਗੁਰੂ ਜੀ ਨੇ) ਸਾਧ ਸੰਗਤ (ਦੇ ਮੇਲ ਮਿਲਾਪ) ਲਈ ਧਰਮਸਾਲਾ ਕਾਇਮ ਕੀਤੀ (ਤੇ ਫਿਰ ਸਿਖਿਆ ਤੇ ਦ੍ਰਿੜ੍ਹ ਹੋਣ ਲਈ) ਸਿਖ ਨੂੰ ਸੇਵਾ ਤੇ ਲਾ ਦਿੱਤਾ।

(੩) ਪ੍ਰੇਮਾ-ਭਗਤੀ ਤੇ (ਅਦਬ ਸਤਿਕਾਰ ਦੇ) ਡਰ ਨੂੰ ਸਾਹਮਣੇ ਰੱਖ ਸਿਖ (ਸੇਵਾ ਭੀ ਕਰਦਾ ਤੇ) ਗੁਰਪੁਰਬ ਭੀ ਮਨਾਉਂਦਾ ਹੈ।

(੪) ਸ਼ਬਦ ਨੂੰ ਸੁਰਤਿ (ਧਿਆਨ) ਵਿਚ ਰੱਖ ਕੇ ਕੀਰਤਨ ਨਾਲ ਲਿਵ ਜੋੜਦਾ ਹੋਇਆ ਸੱਚ ਦੇ ਮੇਲ ਵਿਚ ਮਿਲਦਾ ਹੈ।

(੫) (ਕਿਉਂਕਿ) ਗੁਰਮੁਖਾਂ ਦਾ ਮਾਰਗ ਹੀ ਸੱਚ ਦੇ ਆਸਰੇ ਵਾਲਾ ਹੈ ਤੇ ਸੱਚ ਸੱਚਾ ਆਸਰਾ ਬਣ ਕੇ (ਸਿਖ ਨੂੰ ਸੰਸਾਰ ਸਮੁੰਦਰ ਤੋਂ) ਪਾਰ ਲੰਘਾਉਂਦਾ ਹੈ।

(੬) ਸੱਚੇ (ਸਿਖ ਹੀ) ਸੱਚੇ (ਸਤਿਗੁਰੂ) ਨੂੰ ਮਿਲੇ ਹਨ (ਤੇ ਮਿਲੇ ਹੋਏ ਸਿਖ, ਫਿਰ) ਆਪਾ-ਭਾਵ ਗੁਆਉਂਦੇ (ਤੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ) ਹਨ।੧੭।

*ਭਾਵਾਰਥ :* ਇਸ ਪਉੜੀ ਦੀਆਂ ਦੋ ਤੁਕਾਂ ਵਿਚ ਗੁਰੂ ਦਾ ਵਿਹਾਰ ਅੰਕਤ ਕੀਤਾ ਗਿਆ ਹੈ, ਤਿੰਨਾਂ ਤੁਕਾਂ ਵਿਚ ਸਿਖ ਦਾ ਕੰਮ ਨਿਰੂਪਨ ਕੀਤਾ ਹੈ ਅਤੇ ਛੇਵੀਂ ਪੰਗਤੀ ਵਿਚ ਫਲ ਦਾ ਵਰਣਨ ਹੈ, ਜਿਨ੍ਹਾਂ ਤੋਂ ਹਰ ਗੁਰੂ ਦੇ ਸਿਖ ਨੂੰ ਪ੍ਰੇਰਨਾ ਲੈ ਕੇ ਜੀਵਨ ਸਫਲਾਉਣਾ ਯੋਗ ਹੈ।

## ੧੮. ਚਰਨਾਂ ਤੋਂ ਨਿੰਮ੍ਰਤਾ ਦਾ ਉਪਦੇਸ਼

੧. ਸਿਰ ਉੱਚਾ ਨੀਵੇਂ ਚਰਣ
ਸਿਰ ਪੈਰੀਂ ਪਾਂਦੇ।
੨. ਮੂੰਹ ਅੱਖੀਂ ਨੱਕ ਕੰਨ ਹੱਥ
ਦੇ ਭਾਰ ਉਚਾਂਦੇ।

**੩. ਸਭ ਚਿਹਨ ਛੱਡ ਪੂਜੀਅਨ**
**ਕਉਣ ਕਰਮ ਕਮਾਂਦੇ।**
**੪. ਗੁਰ ਸਰਣੀ ਸਾਧ ਸੰਗਤੀ**
**ਨਿੱਤ ਚੱਲ ਚੱਲ ਜਾਂਦੇ।**
**੫. ਵੱਤਨ ਪਰਉਪਕਾਰ ਨੌਂ**
**ਕਰਿ ਪਾਰ ਵਸਾਂਦੇ।**
**੬. ਮੋਰੀ ਖਲਹੁ ਮੌਜੜੇ**
**ਗੁਰ ਸਿੱਖ ਹੰਢਾਂਦੇ।**
**੭. ਮਸਤਕ ਲੱਗੇ ਸਾਧ ਰੇਣੁ**
**ਵਡਭਾਗ ਜਿਨ੍ਹਾਂ ਦੇ॥੧੯॥**

***ਪਦ ਅਰਥ :*** ਉਚਾਂਦੇ—ਚੁੱਕਦੇ ਹਨ। ਵੱਤਨ—ਪੈਂਡਾ ਕਰਦੇ ਹਨ। ਚਿਹਨ—ਅੰਗ। ਵਸਾਂਦੇ—ਵੱਸ ਲਗਦੇ। ਮੌਜੜੇ—ਜੁੱਤੀਆਂ। ਮਸਤਕ—ਮੱਥਾ। ਸਾਧ ਰੇਣੁ—ਸੰਤਾਂ ਦੇ ਚਰਨਾਂ ਦੀ ਧੂੜ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਕਈ ਵਾਰ ਸੰਗਤਾਂ ਵਿਚ ਵੀਚਾਰ ਕਰਦੇ ਹੋਏ ਆਪਣੇ ਖ਼ਿਆਲ ਇਹ ਭੀ ਪ੍ਰਗਟਾਇਆ ਕਰਦੇ ਹੋ ਕਿ ਸਾਧ ਸੰਗਤ ਦੇ ਚਰਨਾਂ ਦੀ ਧੂੜੀ ਬਹੁਤ ਪਵਿੱਤ੍ਰ ਹੈ, ਕਿਉਂ ਜੀ! ਇਸ ਵਿਚ ਆਪ ਜੀ ਕੀ ਵਿਸ਼ੇਸ਼ਤਾ ਤੱਕਦੇ ਹੋ?

ਉ: ਹੇ ਭਾਈਓ! ਪਹਿਲੀ ਗੱਲ ਤਾਂ ਇਹੋ ਚੇਤੇ ਰੱਖਣ ਵਾਲੀ ਹੈ ਕਿ ਜਦ ਕਦੀ ਭੀ ਮੈਂ ਕੋਈ ਵੀਚਾਰ ਸੰਗਤ ਵਿਚ ਦ੍ਰਿੜ੍ਹ ਕਰਾਉਂਦਾ ਹਾਂ, ਉਹ ਮੇਰੇ ਆਪਣੇ ਨਹੀਂ ਹੋਇਆ ਕਰਦੇ, ਕਿਉਂਕਿ ਮੈਨੂੰ ਜੋ ਗੁਰਬਾਣੀ ਜਾਂ ਗੁਰ ਇਤਿਹਾਸ ਵਿਚੋਂ ਪ੍ਰੇਰਨਾ ਮਿਲਦੀ ਹੈ, ਮੈਂ ਉਸੇ ਵੀਚਾਰ ਨੂੰ ਸੰਗਤਾਂ ਵਿਚ ਪ੍ਰਗਟਾਉਂਦਾ ਜਾਂ ਲਿਖਤ ਵਿਚ ਲਿਖਣ ਦਾ ਉੱਦਮ ਕਰਦਾ ਹਾਂ।

ਲਓ ਸੁਣੋ! ਬਾਣੀ ਦੀ ਵੀਚਾਰ ਕਰਦਿਆਂ ਮੈਨੂੰ ਗੁਰਬਾਣੀ ਵਿਚੋਂ ਬਹੁਤ ਅਜਿਹੇ ਉਦਾਹਰਣ ਮਿਲੇ ਹਨ ਜਿਨ੍ਹਾਂ ਵਿਚ ਸਾਧ ਸੰਗਤ ਦੀ ਚਰਨ ਧੂੜ ਨੂੰ ਬਹੁਤ ਸ੍ਰੇਸ਼ਟ ਤੇ ਉੱਤਮ ਦਰਜਾ ਦਿੱਤਾ ਹੈ, ਜਿਵੇਂ ਕਿ ਗੁਰੂ ਅਰਜਨ ਦੇਵ ਜੀ ਉਸ ਅੰਤਰਜਾਮੀ ਪ੍ਰਮੇਸ਼ਰ ਦੇ ਦਰੋਂ ਇਹ ਮੰਗ ਕਰਦੇ ਹਨ ਕਿ ਹੇ ਸਾਈਆਂ ਜੀਉ!

ਅੰਤਰਜਾਮੀ ਪੁਰਖ ਬਿਧਾਤੇ
ਸਰਧਾ ਮਨ ਕੀ ਪੂਰੇ॥
ਨਾਨਕ ਦਾਸੁ ਇਹੈ ਸੁਖੁ ਮਾਗੈ
ਮੋਕਉ ਕਰਿ ਸੰਤਨ ਕੀ ਧੂਰੇ॥ *ਟਹੂਿਤੀ ਮ: ੫, ਪੰਨਾ ੧੩*

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
*(ਬਾਰਹਮਾਹਾ ਮ: ੫, ਪੰਨਾ ੧੩੫)*

ਬਿਨੁ ਗੁਰ ਮੂੜ ਭਏ ਹੈ ਮਨਮੁਖ
ਤੇ ਮੋਹ ਮਾਇਆ ਨਿਤ ਫਾਥਾ॥
ਤਿਨ ਸਾਧੂ ਚਰਣ ਨ ਸੇਵੇ ਕਬਹੂ
ਤਿਨ ਸਭੁ ਜਨਮੁ ਅਕਾਥਾ॥
*(ਜੈਤਸਰੀ ਮ: ੪, ਪੰਨਾ ੬੯੬)*

ਧੂਰਿ ਸੰਤਨ ਕੀ ਮਸਤਕਿ ਲਾਇ॥
ਜਨਮ ਜਨਮ ਕੀ ਦੁਰਮਤਿ ਮਲੁ ਜਾਇ॥
*(ਰਾਮਕਲੀ ਮ: ੫, ਪੰਨਾ ੮੯੭)*

ਧੁਰਿ ਆਪੇ ਜਿਨ੍ਹਾ ਨੋ ਬਖਸਿਓਨੁ ਭਾਈ
ਸਬਦੇ ਲਇਅਨੁ ਮਿਲਾਇ॥
ਧੂੜਿ ਤਿਨ੍ਹਾ ਕੀ ਅਘੁਲੀਐ ਭਾਈ
ਸਤਸੰਗਤਿ ਮੇਲਿ ਮਿਲਾਇ॥
*(ਬਸੰਤੁ ਮ: ੩, ਪੰਨਾ ੧੧੭੭)*

ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥
ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ॥
*(ਸ੍ਰੀ ਰਾਗੁ ਛੰਤ ਮ: ੫, ਪੰਨਾ ੮੦)*

ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥
*(ਸਲੋਕ ਮ: ੫, ਪੰਨਾ ੧੪੨੫)*

ਹੇ ਭਾਈਓ! ਇਸ ਤੋਂ ਆਦਿ ਹੋਰ ਭੀ ਬਾਣੀ ਵਿਚ ਬਹੁਤ ਸਾਰੀਆਂ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਸਾਧ ਸੰਗਤ ਦੇ ਚਰਨ ਅਤੇ ਚਰਨ ਧੂੜ ਦੀ ਮਹਾਨਤਾ ਦਰਸਾਈ ਹੈ ਜਿਨ੍ਹਾਂ ਤੋਂ ਪ੍ਰੇਰਤ ਹੋ ਮੈਂ ਇਸ ਉਪ੍ਰੋਕਤ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਸ ਵਿਚ ਨਿੰਮ੍ਰਤਾ ਧਾਰਨ ਕਰਨ ਦੀ ਪ੍ਰੇਰਨਾ ਹੈ:

(੧) (ਹੇ ਭਾਈ! ਵੇਖੋ) ਸਿਰ ਉੱਚਾ ਹੈ ਚਰਨ ਨੀਵੇਂ ਹਨ (ਪਰ ਸਿਰ ਨੀਵਾਂ ਹੋ ਕੇ) ਫਿਰ ਭੀ ਪੈਰਾਂ ਤੇ ਹੀ ਪੈਂਦਾ ਹੈ।
(੨) (ਵੇਖਣ ਵਿਚ ਆਉਂਦਾ ਹੈ ਕਿ: ਮੂੰਹ, ਅੱਖਾਂ, ਨੱਕ, ਕੰਨ ਤੇ ਹੱਥ (ਇਨ੍ਹਾਂ ਸਭਨਾਂ ਦੇ) ਭਾਰ ਨੂੰ ਪੈਰ ਹੀ ਚੁੱਕਦੇ ਹਨ।

(੩) ਹੋਰ ਸਭ ਅੰਗਾਂ (ਅੱਖਾਂ ਤੇ ਮੂੰਹ ਆਦਿ) ਨੂੰ ਛੱਡ ਕੇ (ਪੈਰ) ਆਪਣੀ ਪੂਜਾ ਕਰਵਾਉਂਦੇ ਹਨ, (ਹੁਣ ਜੇ ਵੀਚਾਰ ਕਰੀਏ ਕਿ ਭਲਾ ਇਹ) ਕਿਹੜੇ ਕਰਮ ਕਰਦੇ ਹਨ (ਜਿਨ੍ਹਾਂ ਕਰਕੇ ਇਨ੍ਹਾਂ ਦੀ ਪੂਜਾ ਹੁੰਦੀ ਹੈ ?)।

(੪) (ਤਾਂ ਜੁਵਾਬ ਦੇਂਦੇ ਹਨ ਕਿ) ਗੁਰੂ ਦੀ ਸ਼ਰਨ ਤੇ ਸਾਧ ਸੰਗਤ ਵਿਚ (ਇਹ ਚਰਨ) ਹਰ ਰੋਜ਼ ਚੱਲ ਚੱਲ ਕੇ ਜਾਂਦੇ ਹਨ।

(੫) (ਇਥੇ ਹੀ ਬੱਸ ਨਹੀਂ ਇਹੋ ਚਰਨ) ਦੇਸ਼ (ਲਈ ਜਾਂ ਕਿਸੇ ਹੋਰ) ਪਰਉਪਕਾਰ ਲਈ ਜਾਂਦੇ ਹਨ ਤੇ ਵੱਸ ਲਗਦੇ ਜਿਧਰ ਜਾਂਦੇ ਹਨ ਕੰਮ ਪੂਰਾ ਕੀਤੇ ਬਿਨਾਂ ਮੁੜਦੇ ਨਹੀਂ, ਕਰਕੇ ਹੀ ਆਉਂਦੇ ਹਨ।

ਪ੍ਰ: ਭਾਈ ਸਾਹਿਬ ਜੀਓ! ਐਸੇ ਪਰਉਪਕਾਰੀ ਚਰਨ ਜੋ ਹਮੇਸ਼ਾ ਸੰਗਤ ਵਿਚ ਚਲ ਕੇ ਆਉਂਦੇ ਹਨ ਤੁਹਾਡੇ ਮਨ ਵਿਚ ਉਨ੍ਹਾਂ ਬਾਰੇ ਕੀ ਭਾਵਨਾ ਹੈ ?

(੬) ਉ: (ਹੇ ਭਾਈਓ! ਜੋ ਸਿੱਖਾਂ ਦੇ ਚਰਨ ਨਿਤਾ-ਪ੍ਰਤੀ ਸਾਧ ਸੰਗਤ ਵਿਚ ਚਲ ਕੇ ਜਾਣ ਵਾਲੇ ਹਨ ਮੇਰੀ ਤਾਂ ਇਹੋ ਹੀ ਭਾਵਨਾ ਹੈ ਕਿ) ਉਹ ਮੇਰੀ ਖੱਲ ਦੀਆਂ ਜੁੱਤੀਆਂ (ਬਣਾ ਕੇ) ਹੰਢਾਉਣ।

(੭) (ਪਰ, ਮੈਂ ਇਹ ਭੀ ਸੋਚਦਾ ਹਾਂ ਕਿ ਮੈਂ ਤਾਂ ਕਰਮ-ਹੀਣ ਹਾਂ ਕਿਉਂਕਿ ਇਹ) ਚਰਨ ਧੂੜ ਤਾਂ ਉਨ੍ਹਾਂ ਦੇ ਮਸਤਕ (ਮੱਥੇ) 'ਤੇ ਲਗਦੀ ਹੈ, ਜਿਨ੍ਹਾਂ ਦੇ ਉੱਤਮ ਭਾਗ ਹੁੰਦੇ ਹਨ।੧੮।

*ਭਾਵਾਰਥ :* ਇਸ ਪਉੜੀ ਵਿਚ ਭਾਈ ਸਾਹਿਬ ਜੀ ਰੱਬੀ ਮਾਰਗ ਪਰ ਚਲਣ ਵਾਲੇ ਗੁਰਸਿੱਖ ਪਾਂਧੀਆਂ ਲਈ ਦੋ ਮਾਰਗਾਂ ਨੂੰ ਅਪਨਾਉਣ ਦੇ ਧਾਰਨੀ ਜ਼ਰੂਰੀ ਹੋਣ ਦਾ ਸੰਕੇਤ ਦਰਸਾ ਰਹੇ ਹਨ। ਪਹਿਲਾ ਹੈ ਪੈਰਾਂ ਵਾਂਗ ਨਿੰਮ੍ਰਤਾ ਦੇ ਧਾਰਨੀ ਹੋਣਾ ਜਿਸ ਨੇ ਇਸ ਨਿੰਮ੍ਰਤਾ ਦੇ ਗੁਣ ਨੂੰ ਧਾਰਨ ਕਰ ਲਿਆ ਹੈ ਉਹ ਸਹਿਜੇ ਸਹਿਜੇ ਰੱਬੀ ਦਰਬਾਰ ਦੀਆਂ ਸਿਖਰਾਂ ਤੇ ਜਾ ਪੁੱਜਦਾ ਹੈ, ਇਸ ਬਾਰੇ ਬਾਣੀ ਦਾ ਭੀ ਇਹੋ ਫੁਰਮਾਨ ਹੈ, ਜਿਵੇਂ ਕਿ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

*(ਪੰਨਾ ੪੭੦)*

ਭਾਵ ਹੈ, ਇਹ ਮਿੱਠੀ ਨਿੰਮ੍ਰਤਾ ਹੀ ਸਾਰੇ ਸ਼ੁਭ ਗੁਣਾਂ ਦਾ ਤੱਤ ਹੈ ਜਿਸਨੂੰ ਧਾਰਨ ਕਰਕੇ ਜੀਵਨ ਗੁਜ਼ਾਰਨਾ ਹਰ ਪ੍ਰਾਣੀ-ਮਾਤ੍ਰ ਦਾ ਫ਼ਰਜ਼ ਹੈ, ਪਰ ਇਹ ਭੀ ਜ਼ਰੂਰੀ ਹੈ ਕਿ ਨਿੰਮ੍ਰਤਾ ਦਾ ਧਾਰਨੀ ਕੇਵਲ ਬਾਹਰੋਂ ਦਿਖਲਾਵੇ ਮਾਤ੍ਰ ਹੀ ਨਾ ਹੋਵੇ, ਅੰਦਰੋਂ ਹਿਰਦੇ ਕਰਕੇ ਧਾਰਨੀ ਹੋਵੇ ਕਿਉਂਕਿ ਗੁਰੂ ਦਰ ਵਿਚ ਕੇਵਲ ਹਿਰਦੇ ਦੀ ਧਾਰਨਾ ਹੀ ਕਬੂਲ ਹੁੰਦੀ ਹੈ।

ਦੂਜਾ ਹੈ, ਸਾਧੂਆਂ ਦੀ ਸੰਗਤ ਵਿਚ ਰਹਿ ਕੇ ਜੀਵਨ ਗੁਜ਼ਾਰਨਾ, ਉਨ੍ਹਾਂ ਮਹਾਂ ਪੁਰਸ਼ਾ ਦੁਆਰੇ ਜੋ ਰੱਬੀ ਮਾਰਗ 'ਤੇ ਚੱਲਣ ਦਾ ਉਪਦੇਸ਼ ਮਿਲਦਾ ਹੈ ਉਸਦੀ ਕਮਾਈ ਕਰਕੇ ਜੀਵਨ ਨੂੰ ਸੁਧਾਰਨਾ, ਪਰ ਸਾਧੂਆਂ ਦੀ ਪਰਖ ਕਰ ਲੈਣਾ ਭੀ ਪਹਿਲੋਂ ਜ਼ਰੂਰੀ ਹੈ ਕਿ ਉਹ ਕੇਵਲ ਸਰੀਰਕ ਪਹਿਰਾਵੇ ਨੂੰ ਹੀ ਬਦਲਣ ਵਾਲੇ ਨਹੀਂ, ਸਗੋਂ ਅੰਦਰੋਂ ਧਾਰਨੀ ਹੋਣ।

## ੧੯. ਸਾਧੂਆਂ ਦੀ ਨਿਰਮਾਣਤਾ

੧. ਜਿਉਂ ਧਰਤੀ ਧੀਰਜ ਧਰਮ
ਮਸਕੀਨੀ ਮੂੜੀ।
੨. ਸਭ ਦੂੰ ਨੀਵੀਂ ਹੋਇ ਰਹੀ
ਤਿਸ ਮਣੀ ਨ ਕੂੜੀ।
੩. ਕੋਈ ਹਰਿਮੰਦਰ ਕਰੈ
ਕੋ ਕਰੈ ਅਰੂੜੀ।
੪. ਜੇਹਾ ਬੀਜੈ ਸੋ ਲੁਣੈ
ਫਲ ਅੰਬ ਲਿਸੂੜੀ।
੫. ਜੀਵੰਦਿਆਂ ਮਰ ਜੀਵਣਾ
ਜੁੜ ਗੁਰਮੁਖ ਜੂੜੀ।
੬. ਲੱਤਾਂ ਹੇਠ ਲਤਾੜੀਐ
ਗਤਿ ਸਾਧਾਂ ਧੂੜੀ ॥੧੯॥

*ਪਦ ਅਰਥ :* ਮੂੜੀ—ਰਾਸ। ਮਸਕੀਨੀ—ਗ਼ਰੀਬੀ, ਨਿੰਮ੍ਰਤਾ। ਮਣੀ—ਮਾਣ ਜਾਂ ਮਨੌਤ। ਨ ਕੂੜੀ—ਨਹੀਂ ਝੂਠੀ ਹੈ, ਭਾਵ ਸੱਚੀ ਹੈ। ਹਰਿਮੰਦਰ—ਹਰੀ ਦੇ ਜਪਣ ਵਾਲਾ ਥਾਂ। ਜੂੜੀ—ਜੋੜ, ਮੇਲ ਵਿਚ। ਧੂੜੀ—ਧਰਤੀ।

### *ਅਰਥ :*

ਪ੍ਰ: ਭਾਈ ਸਾਹਿਬ ਜੀਓ! ਸਾਨੂੰ ਕਈ ਵਾਰ ਸੰਤਾਂ ਦੇ ਇਕੱਠਾਂ ਵਿਚ ਜਾਣ ਦਾ ਸਮਾਂ ਬਣਦਾ ਹੈ, ਜਿਵੇਂ ਕਿ ਹਰਿਦੁਆਰ ਤੇ ਗੰਗਾ ਆਦਿਕ ਥਾਵਾਂ 'ਤੇ ਹਜ਼ਾਰਾਂ ਨਹੀਂ ਲੱਖਾਂ ਦੀ ਗਿਣਤੀ ਵਿਚ ਸਾਧੂ ਨਜ਼ਰ ਆਉਂਦੇ ਹਨ, ਪਰ ਉਨ੍ਹਾਂ ਵਿਚ ਅਸਲੀ ਸੰਤ ਕੌਣ ਤੇ ਨਕਲੀ ਕਿਹੜਾ ਹੈ, ਇਸਦੀ ਸਾਨੂੰ ਕੋਈ ਪਛਾਣ ਨਹੀਂ ਹੁੰਦੀ ਕਿਉਂਕਿ ਜਿਸ ਕੋਲ ਭੀ ਬੈਠ ਕੇ ਉਸਦੇ ਗਿਆਨ

ਦੀਆਂ ਗੱਲਾਂ ਸੁਣਦੇ ਹਾਂ ਤਾਂ ਉਹ ਹਰ ਸੰਤ ਹੀ ਆਪਣੇ ਆਪ ਨੂੰ ਸੱਚਾ ਸੰਤ ਤੇ ਪੂਰਨ ਮਹਾਤਮਾ ਹੋਣ ਦਾ ਦਾਅਵਾ ਕਰਦਾ ਹੈ, ਕਿਉਂ ਜੀ ! ਉਨ੍ਹਾਂ ਵਿਚ ਸਹੀ ਸੰਤ ਕੌਣ ਹੈ, ਇਹ ਪਰਖ ਕਿਵੇਂ ਕੀਤੀ ਜਾਵੇ, ਇਸ ਸੰਬੰਧ ਵਿਚ ਤੁਸੀਂ ਸਾਨੂੰ ਗੁਰਮੱਤ ਦੁਆਰੇ ਜਾਣਕਾਰੀ ਦਿਓ ਤਾਂ ਕਿ ਸਾਡਾ ਭਰਮ-ਭੁਲੇਖੇ ਤੋਂ ਬਚਾ ਹੋ ਸੱਕੇ ?

ਉ: ਹੇ ਭਾਈਓ ! ਇਸ ਵਿਚ ਅਸਲੀਅਤ ਸਮਝਣ ਲਈ ਮੈਂ ਤੁਹਾਨੂੰ ਇਕ ਪ੍ਰਤੱਖ ਉਦਾਹਰਣ ਦੇਂਦਾ ਹਾਂ, ਫ਼ਰਜ਼ ਕਰੋ, ਜਿਵੇਂ ਕਿ ਸਾਡੇ ਸਾਹਮਣੇ ਹਜ਼ਾਰਾਂ ਹੀ ਮੁਲੰਮੇ ਦੇ ਗਹਿਣੇ ਪਏ ਹਨ, ਉਨ੍ਹਾਂ ਨੂੰ ਹਰ ਅੰਜਾਣ ਬੰਦਾ ਹੀ ਸੱਚੇ ਸੋਨੇ ਦੇ ਗਹਿਣੇ ਮੰਨੇਗਾ, ਪਰ ਜਦ ਉਹ ਕਿਸੇ ਸਰਾਫ਼ ਦੀਆਂ ਨਜ਼ਰਾਂ ਦੇ ਸਾਹਮਣੇ ਆਉਂਦਾ ਹੈ, ਤਾਂ ਫਿਰ ਉਹ ਗੁਰਬਾਣੀ ਦੇ ਹੁਕਮ ਅਨੁਸਾਰ ਕਿ :

ਉਘਰਿ ਗਇਆ ਜੈਸਾ ਖੋਟਾ ਢਬੂਆ
ਨਦਰਿ ਸਰਾਫਾ ਆਇਆ ॥

*(ਆਸਾ ਮ: ੫, ਪੰਨਾ ੩੮੧)*

ਭਾਵ, ਜਦੋਂ ਸਰਾਫ਼ ਕਸਵੱਟੀ ਲਾ ਕੇ ਪਰਖਦਾ ਹੈ ਤਾਂ ਉਹ ਸਾਰੇ ਹੀ ਮੁਲੰਮੇ ਦੇ ਗਹਿਣਿਆਂ ਦਾ ਪਾਜ ਉਘੜ ਜਾਂਦਾ ਹੈ, ਇਸੇ ਹੀ ਤਰ੍ਹਾਂ ਹੇ ਭਾਈਓ ! ਸਤਿਗੁਰੂ ਜੀ ਨੇ ਗੁਰਬਾਣੀ ਰੂਪ ਕਸਵੱਟੀ ਕਾਇਮ ਕੀਤੀ ਹੈ ਜਿਸ ਦੁਆਰੇ ਅਸਲੀ ਤੇ ਨਕਲੀ ਸੰਤ ਦੀ ਪਛਾਣ ਕੀਤੀ ਜਾ ਸਕਦੀ ਹੈ। ਕਿਉਂਕਿ ਗੁਰਬਾਣੀ ਨੇ ਕਿਸੇ ਦੇ ਸਰੀਰਕ ਪਹਿਰਾਵੇ ਨੂੰ ਕੋਈ ਵੀ ਮਹਾਨਤਾ ਨਹੀਂ ਦਿੱਤੀ ਜਿਤਨਾ ਚਿਰ ਕੋਈ ਅੰਦਰੋਂ ਨਹੀਂ ਬਦਲਿਆ। ਗੁਰਬਾਣੀ ਤਾਂ ਇਹੋ ਹੀ ਹੁਕਮ ਕਰਦੀ ਹੈ ਕਿ ਕਿਸੇ ਦੇ ਸਰੀਰਕ ਪਹਿਰਾਵੇ ਦੇ ਭਗਵੇ ਕੱਪੜੇ ਰੰਗਣ ਦੇ ਨਾਲ ਕਿਸੇ ਦੀ ਆਤਮਾ ਨਹੀਂ ਰੰਗੀ ਜਾਂਦੀ। ਕਿਉਂਕਿ ਭਗਵੇ ਬਸਤ੍ਰ ਪਹਿਨਣ ਨਾਲ ਤਾਂ ਇਹੋ ਹੀ ਪ੍ਰੇਰਨਾ ਲੈਣੀ ਹੈ ਕਿ ਸਹਿਜੇ ਸਹਿਜੇ ਆਤਮਾ ਨੂੰ ਭੀ ਭਗਵਾਨ ਦੇ ਪ੍ਰੇਮ-ਰੰਗ ਵਿਚ ਰੰਗਣਾ ਹੈ, ਜੇ ਆਤਮਾ ਪ੍ਰੇਮ ਰੰਗ ਤੋਂ ਸੱਖਣੀ ਹੈ, ਤਾਂ ਉਸ ਭਗਵੇ ਰੰਗ ਦੇ ਪਹਿਨੇ ਹੋਏ ਚੋਲੇ ਦੀ ਕੋਈ ਕੀਮਤ ਨਹੀਂ, ਬਾਣੀ ਵਿਚ ਫ਼ੁਰਮਾਨ ਹੈ ਕਿ :

ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥
ਬਹੁ ਸੰਜਮਿ ਸਾਤਿ ਨ ਪਾਵੈ ਕੋਇ ॥

*(ਬਸੰਤੁ ਮ: ੩, ਪੰਨਾ ੧੧੭੫)*

ਭਾਵ ਹੈ, ਭਗਵੇ ਕੱਪੜੇ ਰੰਗ ਲੈਣ ਨਾਲ ਮੁਕਤ ਹੋ ਜਾਣ ਦਾ ਕੋਈ ਵਾਸਤਾ ਨਹੀਂ, ਪਰ ਹਾਂ ਲੋਕਾਂ ਤੋਂ ਪੂਜਾ ਕਰਾਉਣ ਦਾ ਸਾਧਨ ਜ਼ਰੂਰ ਮੰਨਿਆ ਜਾ ਸਕਦਾ ਹੈ, ਪਰ ਜਿਸ ਮਨੁੱਖ ਨੇ ਆਪਣੇ ਸਰੀਰ ਦਾ ਪਹਿਰਾਵਾ ਕੇਵਲ ਇਸ ਲਈ ਹੀ ਬਦਲਿਆ ਹੈ ਕਿ ਲੋਕ ਮੇਰੇ ਬਾਹਰਲੇ ਪਹਿਰਾਵੇ ਨੂੰ ਦੇਖ ਕੇ ਮੇਰੀ ਪੂਜਾ ਕਰਨ ਉਹ ਅਜਿਹਾ ਭੇਖੀ ਬੰਦਾ ਰੱਬੀ ਦਰਬਾਰ ਵਿਚ ਨਹੀਂ ਕਬੂਲਿਆ ਜਾਂਦਾ, ਉਹ ਤਾਂ ਸਗੋਂ ਸਜ਼ਾ ਦਾ ਹੱਕਦਾਰ ਹੋਵੇਗਾ।

ਪ੍ਰ: ਕਿਉਂ ਭਾਈ ਸਾਹਿਬ ਜੀਓ ! ਤਾਂ ਫਿਰ ਉਨ੍ਹਾਂ ਮਹਾਂ ਪੁਰਸ਼ਾਂ ਦੀ ਪਛਾਣ ਭੀ ਕਰਾ ਦਿਓ ਜੋ ਉਸ ਸੱਚੇ ਦੀ ਸੱਚੀ ਦਰਗਾਹ ਵਿਚ ਕਬੂਲੇ ਜਾਣ ਵਾਲੇ ਹਨ ?

ਉ: ਹੇ ਭਾਈਓ ! ਅਜਿਹੇ ਮਹਾਂਪੁਰਸ਼ਾਂ ਦੀ ਜਾਣਕਾਰੀ ਜੋ ਗੁਰਬਾਣੀ ਵਿਚ ਦਰਜ ਹੈ ਉਸਦੀ ਸੋਝੀ ਤਾਂ ਬਾਣੀ ਦੀ ਖੋਜ ਕਰਨ ਤੋਂ ਹੀ ਹਾਸਲ ਹੁੰਦੀ ਹੈ, ਬਾਣੀ ਵਿਚ ਤਾਂ ਇਸੇ ਭਾਵ ਨੂੰ ਪ੍ਰਗਟਾਇਆ ਗਿਆ ਹੈ ਕਿ ਜਿਸ ਦਾ ਮਨ ਤਨ ਸੰਸਾਰ ਦੀਆਂ ਸਮੂਹ ਵਾਸ਼ਨਾਂ ਵਲੋਂ ਸ਼ਾਂਤ ਹੋ ਚੁੱਕਾ ਹੈ ਉਹ ਭਾਵੇਂ ਕਿਸੇ ਭੀ ਲਿਬਾਸ ਵਿਚ ਹੈ ਉਹ ਸੰਤ ਰੱਬੀ ਦਰਬਾਰ ਵਿਚ ਕਬੂਲ ਹੈ, ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਪ੍ਰਗਟਾਇਆ ਗਿਆ ਹੈ, ਜਿਵੇ ਕਿ :

ਸਾਧ ਨਾਮ ਨਿਰਮਲ ਤਾ ਕੇ ਕਰਮ ॥

*(ਸੁਖਮਨੀ ਸਾਹਿਬ, ਪੰਨਾ ੨੯੬)*

ਭਾਵ ਹੈ, ਜੇ ਕਿਸੇ ਸਾਧ ਦੇ ਬਾਹਰੋਂ ਨਿਰਮਲ ਬਸਤ੍ਰ ਹਨ ਤਾਂ ਉਸਦੇ ਅੰਦਰੋਂ ਬਾਹਰੋਂ ਕਰਮ ਭੀ ਨਿਰਮਲ ਹੋਣੇ ਚਾਹੀਦੇ ਹਨ, ਉਸੇ ਨੂੰ ਬਾਣੀ ਨੇ ਸਹੀ ਸੰਤ ਜਾਂ ਸਾਧ ਮੰਨਿਆ ਹੈ। ਕਿਉਂਕਿ ਉਹ ਮਨ ਕਰਕੇ ਸਦਾ ਹੀ ਸ਼ਾਂਤ ਚਿੱਤ ਰਹਿੰਦਾ ਹੈ, ਇਸੇ ਭਾਵ ਦੇ ਵੀਚਾਰ ਕਬੀਰ ਜੀ ਦੇਂਦੇ ਹਨ :

ਕਬੀਰ ਸੰਤੁ ਨ ਛਾਡੈ ਸੰਤਈ
ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ
ਤ ਸੀਤਲਤਾ ਨ ਤਜੰਤ ॥੧੭੪॥

*(ਸਲੋਕ ਕਬੀਰ ਜੀ, ਪੰਨਾ ੧੩੭੩)*

ਭਾਵ ਹੈ, ਕਿ ਸੰਤ ਦਾ ਮਨ ਅੰਦਰੋਂ ਇਤਨਾ ਸ਼ਾਂਤ ਹੋ ਚੁੱਕਾ ਹੈ ਕਿ ਜੇ ਉਸਦੇ ਉਦਾਲੇ ਕਰੋੜਾਂ ਹੀ ਅਸ਼ਾਂਤ ਲੋਕ ਇਕੱਠੇ ਹੋ ਕੇ ਉਸਦੀ ਸ਼ਾਤੀ ਨੂੰ ਭੰਗ ਕਰਨਾ ਚਾਹੁਣ ਤਾਂ ਭੀ ਉਹ ਸ਼ਾਂਤੀ ਦਾ ਤਿਆਗ ਨਹੀ ਕਰਦੇ, ਜਿਵੇਂ ਕਿ ਸੱਪਾਂ ਨਾਲ ਘਿਰਿਆ ਹੋਇਆ ਚੰਦਨ ਆਪਣੀ ਠੰਢਕ ਨਹੀਂ ਤਿਆਗਦਾ। ਇਸੇ ਭਾਵ ਨੂੰ

ਗੁਰੂ ਅਰਜਨ ਦੇਵ ਜੀ ਧਰਤੀ ਦਾ ਉਦਾਹਰਣ ਦੇ ਕੇ ਸੰਤਾਂ ਦੀ ਮਾਨਸਕ ਸ਼ਾਂਤੀ ਦਾ ਜ਼ਿਕਰ ਕਰਦੇ ਹਨ, ਜਿਵੇਂ ਕਿ :

ਚੰਦਨ ਅਗਰ ਕਪੂਰ ਲੇਪਨ
ਤਿਸੁ ਸੰਗੇ ਨਹੀ ਪ੍ਰੀਤਿ॥
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ
ਮਨਿ ਨ ਮਨੀ ਬਿਪਰੀਤਿ॥

*(ਮਾਰੂ ਮ: ੫, ਪੰਨਾ ੧੦੧੮)*

ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥

*(ਸੁਖਮਨੀ ਸਾਹਿਬ, ਪੰਨਾ ੨੭੨)*

ਭਾਵ ਹੈ, ਧਰਤੀ ਨੂੰ ਕੋਈ ਪੁੱਟੇ ਕੋਈ ਚੰਦਨ ਛਿੜਕੇ, ਦੋਹਾ ਨੂੰ ਇਕੋ ਰੂਪ ਜਾਣਦੀ ਹੈ, ਇਸੇ ਹੀ ਤਰ੍ਹਾ ਸੰਤਾ ਦੀ ਸਾਰਿਆਂ ਨਾਲ ਸਮ-ਦ੍ਰਿਸ਼ਟੀ ਹੋਇਆ ਕਰਦੀ ਹੈ, ਇਨ੍ਹਾਂ ਹੀ ਪੰਗਤੀਆਂ ਦੇ ਭਾਵ ਤੋਂ ਪ੍ਰੇਰਤ ਹੋ ਕੇ ਮੈਂ ਸਾਧੂਆਂ, ਸੰਤਾਂ ਦੀ ਨਿਰਮਾਣਤਾ ਇਸ ਪਉੜੀ ਵਿਚ ਅੰਕਤ ਕੀਤੀ ਹੈ, ਜਿਵੇਂ ਕਿ :

(੧) (ਹੇ ਭਾਈ ! ਸੰਤਾਂ ਦੀ ਭੀ ਇਹੋ ਹੀ ਧਾਰਨਾ ਹੈ) ਜਿਵੇਂ ਕਿ ਧਰਤੀ ਨੇ ਧੀਰਜ, ਧਰਮ ਤੇ ਗ਼ਰੀਬੀ (ਨਿਰਮਾਣਤਾ) ਨੂੰ ਹੀ (ਆਪਣੀ) ਰਾਸ ਪੂੰਜੀ ਬਣਾਇਆ ਹੈ।

(੨) (ਉਹ) ਸਭ ਤੋਂ ਨੀਵੀਂ ਹੋ ਕੇ ਰਹਿੰਦੀ ਹੈ ਉਸ ਨੂੰ ਕਿਸੇ ਝੂਠੇ ਮਾਣ (ਦੀ ਆਸਾ ਨਹੀਂ) ਹੈ।

(੩) (ਧਰਤੀ ਉਤੇ) ਕੋਈ ਰੱਬ ਦੀ ਪੂਜਾ ਲਈ ਮੰਦਰ ਬਣਾਏ ਜਾਂ ਕੋਈ ਗੰਦੀਆਂ ਰੂੜੀਆਂ ਦੇ ਢੇਰ ਲਾਏ, ਧਰਤੀ ਕਿਸੇ ਨੂੰ ਨਹੀਂ ਰੋਕਦੀ।

(੪) ਜਿਹੋ ਜਿਹਾ ਕੋਈ ਬੀਜਦਾ ਹੈ, ਉਹੋ ਜਿਹਾ ਹੀ ਪਾਉਂਦਾ ਹੈ (ਜੇ ਕੋਈ) ਅੰਬ ਦਾ ਫਲ ਬੀਜਦਾ ਹੈ ਤਾਂ ਅੰਬ, ਤੇ ਕੋਈ ਲਸੂੜੀ ਬੀਜਦਾ ਹੈ, ਤਾਂ ਲਸੂੜੀ ਦਾ ਹੀ ਫਲ ਪ੍ਰਾਪਤ ਕਰਦਾ ਹੈ।

(੫) (ਧਰਤੀ ਨੇ ਤਾਂ) ਜੀਉਂਦਿਆਂ ਹੀ ਮਰ ਕੇ ਜੀਵਨ ਦੀ (ਮਿਸਾਲ ਪੇਸ਼ ਕੀਤੀ ਹੋਈ ਹੈ ਤਿਵੇਂ ਹੀ) ਗੁਰਸਿੱਖਾਂ ਨੇ ਗੁਰਮੁਖਾਂ ਨਾਲ ਜੁੜ ਕੇ (ਧਰਤੀ ਵਰਗੀ ਨਿਰਮਾਣਤਾ ਤੇ ਜੀਉਂਦਿਆਂ ਮਰਕੇ ਜੀਵਨ ਦੀ ਜਾਚ ਸਿੱਖੀ ਹੈ)।

(੬) ਧਰਤੀ ਲੱਤਾਂ (ਪੈਰਾਂ) ਹੇਠਾਂ ਲਿਤਾੜੀ ਜਾ ਕੇ ਧੂੜ ਹੋ ਰਹੀ ਹੈ, ਇਹ (ਹਾਲਤ) ਸਾਧਾਂ ਦੀ ਧੂੜੀ ਦੀ ਹੈ।੧੯।

***ਭਾਵਾਰਥ :*** ਧਰਤੀ ਵਾਂਗ ਸਾਧਾਂ ਨੂੰ ਨਿਰਮਾਣਤਾ ਧਾਰਨ ਦੀ ਪ੍ਰੇਰਨਾ ਦਿੱਤੀ ਗਈ ਹੈ।

## ੨੦. ਪਾਣੀ ਤੋਂ ਨਿਰਮਾਣਤਾ ਦੀ ਪ੍ਰੇਰਨਾ

**੧. ਜਿਉਂ ਪਾਣੀ ਨਿਵ ਚੱਲਦਾ**
**ਨੀਵਾਣ ਚਲਾਯਾ।**
**੨. ਸਭਨਾਂ ਰੰਗਾਂ ਵਿਚ ਮਿਲੈ**
**ਰਲ ਜਾਇ ਰਲਾਯਾ।**
**੩. ਪਰਉਪਕਾਰ ਕਮਾਂਵਦਾ**
**ਉਨ ਆਪ ਗਵਾਯਾ।**
**੪. ਕਾਠ ਨ ਡੋਬੈ ਪਾਲ ਕੈ**
**ਸੰਗਿ ਲੋਹੁ ਤਰਾਯਾ।**
**੫. ਵੁੱਠੈ ਮੀਂਹ ਸੁਕਾਲ ਹੋਇ**
**ਰਸ ਕਸ ਉਪਜਾਯਾ।**
**੬. ਜੀਵੰਦਿਆਂ ਮਰ ਸਾਧ ਹੋਇ**
**ਸੁਫਲਿਓ ਜਗ ਆਯਾ ॥੨੦॥**

***ਪਦ ਅਰਥ :*** ਨੀਵਾਣ—ਨੀਵੀਂ ਥਾਉਂ। ਸੁਕਾਲ—ਚੰਗਾ ਸਮਾਂ। ਵੁਠੈ—ਵੱਸਣ ਨਾਲ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪਿੱਛੇ ਆਪ ਜੀ ਨੇ ਧਰਤੀ ਦੀ ਧੀਰਜਤਾ ਦਾ ਉਦਾਹਰਣ ਦੇ ਕੇ ਸੰਤਾਂ ਦੀ ਨਿਰਖੋਭ ਮਾਨਸਕ ਅਵਸਥਾ ਦਾ ਜ਼ਿਕਰ ਕੀਤਾ ਹੈ, ਕੀ ਉਹ ਸਾਧੂ ਜਨ ਪਾਣੀ ਤੋਂ ਭੀ ਕੋਈ ਪ੍ਰੇਰਨਾ ਲੈ ਕੇ ਜੀਵਨ ਗੁਜ਼ਾਰਦੇ ਹਨ ?

ਉ: ਹੇ ਭਾਈਓ ! ਜੋ ਸਾਧੂ ਜਨ ਪ੍ਰਭੂ ਦੇ ਪਿਆਰ ਰੰਗ ਵਿਚ ਆਪਣੇ ਮਨ ਨੂੰ ਰੰਗ ਚੁੱਕੇ ਹਨ, ਉਨ੍ਹਾਂ ਦਾ ਮਨ ਹੰਸ ਵਾਂਗ ਸਾਰ ਗਰਾਹੀ ਹੋ ਜਾਂਦਾ ਹੈ ਭਾਵ ਉਹ ਹਰ ਸ਼ੈ ਵਿਚੋਂ ਸਾਰ ਵਸਤੂ ਨੂੰ ਗ੍ਰਹਿਣ ਕਰਨ ਦੀ ਇੱਛਾ ਕਰਦੇ ਹਨ। ਜਦ ਉਹ ਪਾਣੀ ਵੱਲ ਤੱਕਦੇ ਹਨ ਤਾਂ ਉਨ੍ਹਾਂ ਨੂੰ ਪਾਣੀ ਵਿਚ ਕਈ ਗੁਣ ਨਜ਼ਰ ਆਉਂਦੇ ਹਨ, ਜਿਵੇਂ ਕਿ ਪਾਣੀ ਵਿਚ ਨਿੰਮ੍ਰਤਾ, ਨਿਵਾਣਤਾ, ਸੀਤਲਤਾ, ਨਿਰਮਲਤਾ ਅਤੇ ਸ਼ੁਧਤਾ ਹੈ, ਉਹ ਸਾਧੂ-ਜਨ ਇਹ ਪਾਣੀ ਦੇ ਸਾਰੇ ਹੀ ਗੁਣਾਂ ਦੇ ਧਾਰਨੀ ਹੋ ਜਾਂਦੇ ਹਨ, ਜਿਨ੍ਹਾਂ ਤੋਂ ਬਾਕੀ ਸਾਧਕਾਂ ਨੂੰ ਭੀ ਰੱਬੀ ਮਾਰਗ ਵਿਚ ਸਹਾਇਤਾ ਮਿਲਦੀ ਹੈ।

ਗੁਰੂ ਅਰਜਨ ਦੇਵ ਮਹਾਰਾਜ ਨੇ ਭੀ ਅਜਿਹੇ ਪੂਰਨ ਸਾਧੂਆਂ ਦੇ ਛੇ ਲੱਛਣ ਆਪਣੀ ਰਚਨਾ ਸਹਸਕ੍ਰਿਤੀ ਵਿਚ ਆਪ ਅੰਕਤ ਕੀਤੇ ਹਨ, ਜਿਵੇਂ ਕਿ :

ਮੰਤ੍ਰੰ ਰਾਮ ਰਾਮ ਨਾਮੰ, ਧ੍ਯਾਨੰ ਸਰਬਤ੍ਰ ਪੂਰਨਹ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥
ਪਰਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥੪੦॥
*(ਸਹਸਕ੍ਰਿਤੀ, ਪੰਨਾ ੧੩੫੭)*

ਇਸ ਉਪ੍ਰੋਕਤ ਮਹਾਂਵਾਕ ਵਿਚ ਗੁਰੂ ਅਰਜਨ ਦੇਵ ਜੀ ਨੇ ਸਾਧੂਆਂ ਦੇ ਢੂੰਡਾਊਆਂ ਲਈ ਸੇਧ ਦਰਸਾ ਦਿੱਤੀ ਹੈ ਕਿ ਜਿਸ ਵਿਚ ਉਪ੍ਰੋਕਤ ਛੇ ਲੱਛਣ ਅਨੁਭਵ ਕਰੋ ਉਹ ਪੂਰਨ ਸੰਤ ਪੂਰਨ ਪੁਰਖ ਹੈ, ਇਨ੍ਹਾਂ ਲੱਛਣਾਂ ਤੋਂ ਸੱਖਣਾ ਜੋ ਭੀ ਕੋਈ ਵੱਡੇ ਤੋਂ ਵੱਡੇ ਅਡੰਬਰ ਵਾਲਾ ਸਾਧੂ ਦੇ ਲਿਬਾਸ ਵਿਚ ਵੇਖੋ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਸ ਦੀ ਇਹ ਬਾਹਰਲੀ ਪੋਪ-ਲੀਲ੍ਹਾ ਸਾਧਾਰਨ ਲੋਕਾਂ ਤੋਂ ਕੇਵਲ ਪੂਜਾ ਕਰਾਉਣ ਲਈ ਹੈ।

ਅਗੇ ਹੋਰ ਫ਼ੁਰਮਾਨ ਕਰਦੇ ਹਨ ਕਿ ਉਪ੍ਰੋਕਤ ਛੇ ਲੱਖਣਾਂ ਵਾਲੇ ਸਾਧੂਆਂ ਦਾ ਮਨ ਪ੍ਰਮੇਸ਼ਰ ਦੇ ਨਾਮ ਦਾ ਸਿਮਰਨ ਕਰਦਿਆਂ ਕਰਦਿਆਂ ਇਤਨਾ ਸੀਤਲ ਹੋ ਚੁੱਕਾ ਹੈ ਕਿ ਉਸਦੇ ਮੁਕਾਬਲੇ ਵਿਚ ਜੇ ਪਰਖ ਕਰਕੇ ਵੇਖੋਗੇ ਤਾਂ ਸਹਿਜੇ ਹੀ ਦਿਸ ਆਵੇਗਾ ਕਿ :

ਨਹ ਸੀਤਲੰ ਚੰਦ੍ਰ ਦੇਵਹ
ਨਹ ਸੀਤਲੰ ਬਾਵਨ ਚੰਦਨਹ॥
ਨਹ ਸੀਤਲੰ ਸੀਤ ਰੁਤੇਣ
ਨਾਨਕ ਸੀਤਲੰ ਸਾਧ ਸ੍ਵਜਨਹ॥੩੯॥
*(ਸਹਸਕ੍ਰਿਤੀ ਮ: ੫, ਪੰਨਾ ੧੩੫੭)*

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥੨॥
*(ਸਲੋਕ, ਪੰਨਾ ੭੦੯)*

ਭਾਵ, ਚੰਦ੍ਰਮਾ, ਚੰਦਨ, ਸੀਤਲ ਰੁੱਤ, ਇਤਨੇ ਠੰਡੇ ਨਹੀਂ ਜਿਤਨਾ ਕਿ ਹਰੀ ਦਾ ਨਾਮ ਸਿਮਰਨ ਕਰਨ ਵਾਲੇ ਸਾਧੂ ਸੰਤ ਦਾ ਹਿਰਦਾ ਸੀਤਲ ਹੁੰਦਾ ਹੈ। ਪਰ ਅੱਗੇ ਸਾਧੂ ਦਾ ਭੀ ਜ਼ਿਕਰ ਕਰਦੇ ਹਨ ਕਿ ਸੰਤ ਪੂਰਨ ਰੂਪ ਵਿਚ ਕੌਣ ਹੈ, ਜਿਸਨੂੰ ਕਿ :

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ।
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥੧॥
*(ਸਲੋਕ ਮ: ੫, ਪੰਨਾ ੩੧੯)*

ਇਹੋ ਸਹੀ ਸਾਧੂਆਂ ਦੀ ਸਹੀ ਪਛਾਣ ਹੈ, ਇਸ ਤਰ੍ਹਾਂ ਹੋਰ ਭੀ ਬਾਣੀ ਵਿਚ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰਭਾਵਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ :

(੧) (ਹੇ ਪਿਆਰੇ! ਸਾਧੂ ਜਨਾਂ ਵਿਚ ਇਹ ਸੁਭਾਵਕ ਹੀ ਪਾਣੀ ਦਾ ਗੁਣ ਹੁੰਦਾ ਹੈ ਕਿ) ਜਿਵੇਂ ਪਾਣੀ ਨੀਵਾਣ ਵਲ ਚਲਦਾ ਹੈ (ਤੇ ਆਲੇ ਦੁਆਲੇ ਹੋਰ ਨਾਲ ਮਿਲਣ ਵਾਲੇ ਨੂੰ ਭੀ ਨਾਲ ਹੀ) ਚਲਾਈ (ਤੋਰੀ) ਜਾਂਦਾ ਹੈ।

(੨) (ਪਾਣੀ) ਸਭ ਰੰਗਾਂ ਵਿਚ ਮਿਲ ਜਾਂਦਾ ਹੈ ਤੇ ਰਲਾਇਆਂ ਰਲ ਜਾਂਦਾ ਹੈ।

(੩) (ਪਾਣੀ ਤਾਂ) ਪਰਉਪਕਾਰ ਹੀ ਕਮਾਉਂਦਾ ਹੈ, (ਕਿਉਂਕਿ) ਉਸਨੇ ਆਪਾ-ਭਾਵ ਗਵਾਇਆ ਹੋਇਆ ਹੈ।

(੪) ਕਾਠ (ਲੱਕੜ) ਨੂੰ ਡੋਬਦਾ ਨਹੀਂ (ਕਿਉਂਕਿ ਪਾਣੀ ਨੇ ਹੀ ਇਸਨੂੰ) ਪਾਲਿਆ ਹੁੰਦਾ ਹੈ। (ਸਗੋਂ ਜੇ ਕਾਠ ਨਾਲ) ਲੋਹਾ ਲੱਗਾ ਹੋਵੇ, ਤਾਂ ਉਸਨੂੰ ਵੀ ਲੱਕੜ ਦੇ ਨਾਲ ਹੀ ਤਾਰ ਦਿੰਦਾ ਹੈ।

(੫) ਪਾਣੀ (ਮੀਂਹ) ਦੇ ਵੱਸਣ ਨਾਲ ਕਾਲ ਦਾ ਸਮਾ ਹਟ ਜਾਂਦਾ ਹੈ ਤੇ ਸੁਕਾਲ ਹੋ ਜਾਂਦਾ ਹੈ ਤੇ ਰਸ ਕਸ (ਸਭ ਤਰ੍ਹਾਂ ਦੇ ਕੌੜੇ ਮਿੱਠੇ ਫਲ ਤੇ ਅਨਾਜ) ਨੂੰ ਪੈਦਾ ਕਰ ਦਿੰਦਾ ਹੈ।

(੬) (ਇਸੇ ਤਰ੍ਹਾਂ ਪਾਣੀ ਵਾਂਗ ਨਿੰਮ੍ਰਤਾ ਵਿਚ ਰਹਿਣ ਵਾਲਾ) ਸਾਧੂ ਵੀ ਮਰ ਕੇ (ਆਪਾ ਭਾਵ ਤਿਆਗ ਕੇ) ਜੀਉਂਦਾ ਹੈ, ਤੇ ਉਸਦਾ ਜਹਾਨ ਤੇ ਆਉਣਾ ਸਫਲਾ ਹੈ।੨੦।

***ਭਾਵਾਰਥ :*** ਇਸ ਤਰ੍ਹਾਂ ਪਾਣੀ ਵਾਲੇ ਸਾਰੇ ਗੁਣਾਂ ਦਾ ਧਾਰਨੀ ਹੋ ਕੇ ਜੋ ਆਪਣੇ ਆਪ ਨੂੰ ਨੀਵਾਂ ਜਾਣਦਾ ਹੈ ਉਹ ਸਾਰਿਆਂ ਤੋਂ ਉਚਾ ਮੰਨਿਆ ਜਾਂਦਾ ਹੈ, ਇਸ ਲਈ ਸਿਖ ਨੂੰ ਚਾਹੀਦਾ ਹੈ ਕਿ ਗੁਰਬਾਣੀ ਦੇ ਹੁਕਮ ਅਨੁਸਾਰ ਜੀਵਨ ਗੁਜ਼ਾਰੇ, ਜਿਵੇਂ ਕਿ :

ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥ *(ਪੰਨਾ ੨੬੬)*

ਦ੍ਵੈਤ-ਭਾਵ ਤੋਂ ਰਹਿਤ ਹੋ ਪਰਉਪਕਾਰੀ ਜੀਵਨ ਗੁਜ਼ਾਰਦਾ ਰਵੇ।

## ੨੧. ਬ੍ਰਿਛ ਤੋਂ ਉਪਦੇਸ਼

੧. ਸਿਰ ਤਲਵਾਯਾ ਜੰਮਿਆ
ਹੋਇ ਅਚਲ ਨ ਚਲਿਆ।
੨. ਪਾਣੀ ਪਾਲਾ ਧੁੱਪ ਸਹਿ
ਉਹ ਤਪਹੁੰ ਨ ਟਲਿਆ।
੩. ਸਫਲਜੋ ਬਿਰਖ ਸੁਹਾਵੜਾ
ਫਲ ਸੁਫਲਜੋ ਫਲਿਆ।
੪. ਫਲ ਦੇਇ ਵੱਟ ਵਗਾਈਐ
ਕਰਵੱਤ ਨ ਹਲਿਆ।
੫. ਬੁਰੇ ਕਰਨ ਬੁਰਿਆਈਆਂ
ਭਲਿਆਈ ਭਲਿਆ।
੬. ਅਵਗੁਣ ਕੀਤੇ ਗੁਣ ਕਰਨ
ਜਗ ਸਾਧ ਵਿਰਲਿਆ।
੭. ਅਉਸਰ ਆਪ ਛਲਾਇੰਦੇ
ਤਿਨ ਅਉਸਰ ਛਲਿਆ॥੨੧॥

*ਪਦ ਅਰਥ :* ਤਲਵਾਇਆ—ਸਿਰ ਹੇਠ ਤੇ ਪੈਰ ਉੱਤੇ। ਅਚਲ—ਅਡੋਲ। ਪਾਣੀ—ਬਰਸਾਤ। ਪਾਲਾ—ਸੀਤ ਰੁੱਤ। ਧੁੱਪ—ਗਰਮੀ, ਤਪਤ। ਸੁਹਾਵੜਾ—ਸੁੰਦਰ। ਕਰਵੱਤ—ਵੱਡੀ ਆਰੀ। ਵਿਰਲਿਆ—ਵਿਰਲੇ। ਛਲਾਇੰਦੇ—ਛਲੇ ਜਾਂਦੇ। ਛਲਿਆ—ਛਲ ਲਿਆ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਦੋਂ ਅਸੀਂ ਆਮ ਦੁਨੀਆਦਾਰ ਲੋਕਾਂ ਵਲ ਨਜ਼ਰ ਮਾਰਦੇ ਹਾਂ ਤਾਂ ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ ਜਦ ਕੋਈ ਇਕ ਬੰਦਾ ਕਿਸੇ ਦੂਸਰੇ ਬੰਦੇ ਨਾਲ ਬੁਰਾਈ ਕਰਦਾ ਹੈ ਤਾਂ ਉਹ ਦੂਜਾ ਬੰਦਾ ਭੀ ਬੁਰਾਈ ਦੇ ਬਦਲੇ ਵਿਚ ਬੁਰਾਈ ਹੀ ਕਰਦਾ ਹੈ ਕੀ ਤੁਹਾਡੀਆਂ ਨਜ਼ਰਾਂ ਵਿਚ ਕੋਈ ਅਜਿਹਾ ਬੰਦਾ ਭੀ ਆਇਆ ਹੈ ਜੋ ਕਿਸੇ ਬੁਰਾਈ ਕਰਨ ਵਾਲੇ ਬੁਰੇ ਬੰਦੇ ਦਾ ਭੀ ਭਲਾ ਹੀ ਕਰਦਾ ਹੋਵੇ ਜੇ ਕੋਈ ਹੈ ਤਾਂ ਦੱਸਣ ਦੀ ਖੇਚਲ ਕਰੋ?

ਉ: ਹੇ ਸਜਣੋ! ਆਮ ਸੰਸਾਰੀ ਲੋਕਾਂ ਦਾ ਵਰਤਾਰਾ ਜੋ ਤੁਹਾਡੇ ਵੇਖਣ ਵਿਚ ਆਇਆ ਹੈ ਉਹ ਠੀਕ ਇਸੇ ਤਰ੍ਹਾਂ ਹੀ ਮੰਨਣ ਜੋਗ ਹੈ, ਪਰ ਇਕ ਸਾਧੂਆਂ ਦੀ ਸ਼੍ਰੇਣੀ ਭੀ ਇਸੇ ਸੰਸਾਰ ਵਿਚ ਰਹਿੰਦੀ ਹੈ ਜੋ ਬੁਰਾ ਕਰਨ ਵਾਲੇ ਬੰਦਿਆਂ ਦਾ ਭੀ ਸਦਾ ਭਲਾ ਹੀ ਕਰਦੀ ਹੈ, ਇਹ ਠੀਕ ਹੈ ਕਿ ਉਹ ਸਾਧੂ ਲੋਕ ਆਮ ਵੇਖਣ ਵਿਚ ਨਹੀਂ ਆਉਂਦੇ ਕਿਉਂਕਿ ਗੁਰਬਾਣੀ ਦੇ ਫ਼ੁਰਮਾਨ ਅਨੁਸਾਰ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥
*(ਮ: ੧, ਪੰਨਾ ੧੪੧੧)*

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥
*(ਮ: ੫, ਪੰਨਾ ੫੧੭)*

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥
*(ਸਲੋਕ ਮ: ੯, ਪੰਨਾ ੧੪੨੭)*

ਅਜਿਹੇ ਸਾਧੂ ਲੋਕ ਜਗਤ ਵਿਚ ਬਹੁਤ ਹੀ ਘਟ ਵੇਖਣ ਵਿਚ ਆਉਂਦੇ ਹਨ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਬਾਣੀ ਅਨੁਸਾਰ ਢਾਲਿਆ ਹੈ, ਕਿਉਂਕਿ ਬਾਣੀ ਤਾਂ ਹਰ ਮਨੁੱਖ-ਮਾਤ੍ਰ ਨੂੰ ਇਹੋ ਹੀ ਸੇਧ ਦੇਂਦੀ ਹੈ ਕਿ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥
*(ਸਲੋਕ ਫਰੀਦ ਜੀ, ਪੰਨਾ ੧੩੮੨)*

ਹੇ ਭਾਈਓ! ਉਹ ਸਾਧੂ-ਜਨ ਆਪਣੇ ਜੀਵਨ ਸਫ਼ਰ ਲਈ ਮੁਖ ਪ੍ਰੇਰਨਾ ਤਾਂ ਬਾਣੀ ਵਿਚੋਂ ਹੀ ਲੈਂਦੇ ਹਨ, ਪਰ ਤਾਂ ਭੀ ਜੋ ਉਨ੍ਹਾਂ ਦੇ ਦ੍ਰਿਸ਼ਟੀ-ਗੋਚਰ ਕੁਦਰਤ ਦੀਆਂ ਪੈਦਾ ਕੀਤੀਆਂ ਸ਼ੈਆਂ ਭੀ ਵੇਖਣ ਵਿਚ ਆਉਂਦੀਆਂ ਹਨ ਉਹ ਉਨ੍ਹਾਂ ਤੋਂ ਭੀ ਪ੍ਰੇਰਨਾ ਲੈਂਦੇ ਰਹਿੰਦੇ ਹਨ, ਜਿਵੇਂ ਕਿ ਧਰਤੀ ਤੋਂ ਧੀਰਜਤਾ, ਪਾਣੀ ਤੋਂ ਨਿਰਮਲਤਾ, ਨਿਰਮਾਣਤਾ ਆਦਿ ਗੁਣ ਧਾਰਨ ਕਰਦੇ ਹਨ, ਇਸੇ ਹੀ ਤਰ੍ਹਾਂ ਉਹ ਸਾਹਮਣੇ ਖਲੋਤੇ ਕਿਸੇ ਦਰੱਖ਼ਤ ਨੂੰ ਤੱਕ ਕੇ ਭੀ ਉਸ ਤੋਂ ਕਈ ਪ੍ਰਕਾਰ ਦੀ ਪ੍ਰੇਰਨਾ ਲੈਂਦੇ ਹਨ ਕਿ ਹੇ ਮਨਾ! ਵੇਖ ਦਰੱਖ਼ਤ ਦੀ ਨਿਰਮਾਣਤਾ ਉਹ ਇੱਟਾਂ, ਪੱਥਰ ਮਾਰਨ ਵਾਲੇ ਨੂੰ ਭੀ ਖਾਣ ਲਈ ਫਲ ਦੇਣ ਦਾ ਉਪਕਾਰ ਕਰਦਾ ਹੈ, ਇਥੇ ਹੀ ਬੱਸ ਨਹੀਂ ਕਿਸੇ ਨੇ ਸਾਧੂ ਜਨਾਂ ਦੀ ਨਿਰਵੈਰਤਾ ਨੂੰ ਤੱਕ ਕੇ ਹੀ ਚੰਦਨ ਦੇ ਬ੍ਰਿਛ ਦੀ ਨਿਰਖੇਭਤਾ ਦਾ ਉਦਾਹਰਣ ਦੇਂਦਿਆਂ ਦੋ ਲਾਇਨਾਂ ਅੰਕਤ ਕੀਤੀਆਂ ਹਨ ਕਿ ਸੰਤ ਐਸੇ ਉਪਕਾਰੀ ਹਨ, ਜਿਵੇਂ ਕਿ :

ਸੰਤ ਕਰੈ ਨ ਵੈਰ ਕਹੂੰ ਸਭ ਕੇ ਹਿਤ ਮਹਿ ਵਰਤੇ ਅਤ ਹੀ॥
ਜੈਸੇ ਕੁਠਾਰ ਕੱਟੇ ਤਰ ਚੰਦਨ ਗੰਧ ਤਿਸੇ ਮੁਖ ਦੇਵਤ ਹੀ॥
*(ਸਾਰਕੁਤਾਵਲੀ)*

ਭਾਵ ਹੈ ਕਿ ਉਹ ਸਾਧੂ-ਜਨ ਕਦੇ ਭੀ ਕਿਸੇ ਨਾਲ ਵੈਰ-ਭਾਵਨਾ ਨਹੀਂ ਰਖਦੇ ਉਹ ਸਦਾ ਹੀ ਸਾਰਿਆਂ ਦੇ ਹਿਤ ਵਿਚ ਹੀ ਵਰਤਦੇ ਹਨ। ਉਨ੍ਹਾਂ ਦਾ ਸੁਭਾਉ ਭੀ ਚੰਦਨ ਦੇ ਬ੍ਰਿਛ ਵਾਂਗ ਹੋਇਆ ਕਰਦਾ ਹੈ, ਜੈਸੇ ਕੁਹਾੜਾ ਚੰਦਨ ਦੇ ਬ੍ਰਿਛ ਨੂੰ ਕਟਦਾ ਹੈ ਪਰ ਉਹ ਚੰਦਨ ਕੱਟਣ ਵਾਲੇ ਕੁਹਾੜੇ ਦੇ ਮੁਖ ਨੂੰ ਭੀ ਸੁਗੰਧੀ ਪ੍ਰਦਾਨ ਕਰਦਾ ਹੈ। ਇਸੇ ਹੀ ਤਰ੍ਹਾਂ ਪਰਉਪਕਾਰੀ ਸਾਧੂ ਜਨ ਬੁਰਾਈ ਕਰਨ ਵਾਲੇ ਦਾ ਭੀ ਭਲਾ ਹੀ ਕਰਦੇ ਹਨ। ਕਿਉਂਕਿ ਉਨ੍ਹਾਂ ਦੇ ਅੰਦਰੋਂ ਬਾਣੀ ਅਨੁਸਾਰ ਪਰਾਈ ਸਾੜ, ਜਲਨ, ਉੱਕਾ ਹੀ ਬਿਸਰ ਗਈ ਹੈ, ਜਿਵੇਂ ਕਿ :

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥੧॥

*(ਕਾਨੜਾ ਮ: ੫, ਪੰਨਾ ੧੨੯੯)*

ਨਾ ਕੋ ਮੇਰਾ ਦੁਸਮਨੁ ਰਹਿਆ
ਨਾ ਹਮ ਕਿਸ ਕੇ ਬੈਰਾਈ ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ
ਸਤਿਗੁਰ ਤੇ ਸੋਝੀ ਪਾਈ ॥੨॥
ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ
ਤਾ ਮੇਲੁ ਕੀਓ ਮੇਰੈ ਰਾਜਨ ॥੩॥

*(ਧਨਾਸਰੀ ਮ: ੫, ਪੰਨਾ ੬੭੧)*

ਹੇ ਭਾਈਓ! ਇਸੇ ਭਾਵ ਨੂੰ ਪ੍ਰਗਟ ਕਰਨ ਵਾਲੀਆਂ ਹੋਰ ਭੀ ਬਹੁਤ ਸਾਰੀਆਂ ਪੰਗਤੀਆਂ ਪੜ੍ਹਨ ਵਿਚ ਆਉਂਦੀਆਂ ਹਨ ਜਿਨ੍ਹਾਂ ਤੋਂ ਪ੍ਰਭਾਵਤ ਹੋ ਕੇ ਮੈਂ ਨਿਰਵੈਰ ਸਾਧੂਆ ਦੇ ਸੰਬੰਧ ਵਿਚ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਉਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ! ਸਾਧੂਆਂ ਦਾ ਜੀਵਨ ਭੀ ਇਕ ਦਰੱਖ਼ਤ ਦੀ ਤਰ੍ਹਾਂ ਨਿਰਖੇਭ ਤੇ ਨਿਰਲੇਪ ਹੋਇਆ ਕਰਦਾ ਹੈ ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਦਰੱਖ਼ਤ ਸਿਰ ਨੀਵਾਂ ਤੇ ਲੱਤਾਂ ਉਤੇ ਕਰਕੇ ਜੰਮਿਆ ਹੈ (ਪਰ ਫਿਰ ਭੀ) ਉਹ ਅਚੱਲ ਰਹਿੰਦਾ ਹੈ, ਚਲਾਇਮਾਨ ਨਹੀਂ ਹੁੰਦਾ।
(੨) (ਉਹ) ਮੀਂਹ, ਧੁੱਪ, ਸਰਦੀ ਤੇ ਗਰਮੀ ਸਹਿ ਕੇ (ਭੀ) ਆਪਣੀ ਤਪੱਸਿਆ ਕਰਨ ਤੋਂ ਹਟਦਾ ਨਹੀਂ।
(੩) ਫਲਾਂ ਨਾਲ ਭਰਿਆ ਬ੍ਰਿਛ ਸੁਹਾਵਣਾ ਹੁੰਦਾ ਹੈ, ਉਹ ਚੰਗੇ ਫਲਾਂ ਨਾਲ ਫਲਦਾਰ (ਫਲਿਆ) ਹੁੰਦਾ ਹੈ।
(੪) ਫਲਾਂ (ਨੂੰ ਲਾਹੁਣ ਲਈ ਵੱਜਦੀਆ) ਵੱਟੇ ਢੀਮਾਂ ਨੂੰ ਸਹਾਰਦਾ ਹੈ, ਪਿੱਠ ਨਹੀਂ ਮੋੜਦਾ, ਤਰਖਾਣ ਆਰੇ ਨਾਲ ਵੱਢਦਾ ਹੈ ਤਾਂ ਭੀ ਬਚਾਉ ਲਈ ਹਿੱਲਦਾ ਤੱਕ ਨਹੀਂ।
(੫) ਬੁਰਿਆਂ ਨੇ ਬੁਰਿਆਈਆਂ ਹੀ ਕਰਨੀਆਂ ਹਨ ਤੇ ਭਲਿਆਂ ਨੇ ਭਲਿਆਈਆਂ।
(੬) ਅਵਗੁਣ ਕਰਨ ਵਾਲਿਆਂ ਨਾਲ ਗੁਣਵਾਨ (ਗੁਣ) ਭਲਾ ਹੀ ਕਰਦੇ ਹਨ, ਪਰ ਅਜਿਹੇ ਸਾਧੂ ਪੁਰਸ਼ ਜਗਤ ਵਿਚ ਵਿਰਲੇ ਹੀ ਹਨ।
(੭) (ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ) ਸਮਾਂ ਤਾਂ ਲੋਕਾਂ ਨੂੰ ਛਲੀ ਜਾਂਦਾ ਹੈ, (ਕਿਉਂਕਿ ਉਨ੍ਹਾਂ ਦੀ ਉਮਰ ਬ੍ਰਿਥਾ ਗੁਜ਼ਰ ਰਹੀ ਹੈ) ਪਰ ਉਨ੍ਹਾਂ ਸਾਧੂ ਲੋਕਾਂ ਨੇ ਸਮਾਂ ਛਲ ਲੀਤਾ ਹੈ (ਕਿਉਂ ਜੋ ਉਸਨੂੰ ਸਫਲ ਕਰ ਲੀਤਾ ਹੈ।੨੧।

***ਭਾਵਾਰਥ :*** ਬੁਰੇ ਨਾਲ ਭੀ ਭਲਾ ਕਰਨਾ ਗੁਰਸਿੱਖ ਸਾਧੂਆਂ ਦਾ ਪਰਮ ਧਰਮ ਹੈ, ਇਸ ਭਾਵ ਨੂੰ ਪ੍ਰਗਟਾਉਣ ਲਈ ਕਿਸੇ ਸਜਨ ਨੇ ਕਿਹਾ ਸੋਹਣਾ ਲਿਖਿਆ ਹੈ ਕਿ :

ਬੁਰੇ ਨਾਲ ਸਭ ਕਰਨ ਬੁਰਾਈ
ਮੁਆਫ ਕਰਨ ਲਈ ਸਿਆਣੇ।
ਬੁਰੇ ਨਾਲ ਭਲਿਆਈ ਕਰਨੀ
ਇਹ ਗੁਰੂ ਨਾਨਕ ਜਾਣੇ।

ਇਲਾਹੀ ਫ਼ੁਰਮਾਨ ਗੁਰਬਾਣੀ ਵਿਚ ਤਾਂ ਸਤਿਗੁਰੂ ਜੀ ਨੇ ਨਿਰਵੈਰ ਤੇ ਸਮ-ਦ੍ਰਿਸ਼ਟੀ ਰੱਖਣ ਵਾਲੇ ਸਾਧੂਆਂ ਦੀ ਮਾਨਸਕ ਅਵਸਥਾ ਨੂੰ ਇਉਂ ਅੰਕਤ ਕੀਤਾ ਹੈ ਕਿ :

ਹਰਿ ਜਨੁ ਰਾਮ ਨਾਮ ਗੁਨ ਗਾਵੈ ॥
ਜੋ ਕੋਈ ਨਿੰਦ ਕਰੇ ਹਰਿ ਜਨ ਕੀ
ਅਪੁਨਾ ਗੁਨੁ ਨ ਗਵਾਵੈ ॥੧॥

*(ਬੈਰਾੜੀ ਮ: ੪, ਪੰਨਾ ੭੧੯)*

ਭਾਵ, ਨਿਰਦੋਖ ਤੇ ਨਿਰਵੈਰ ਸਾਧੂ ਜਨਾਂ ਨਾਲ ਜੋ ਦੋਖੀ ਲੋਕ ਦ੍ਵੈਤ-ਭਾਵਨਾ ਵੀ ਰਖਦੇ ਹਨ ਉਹ ਉਨ੍ਹਾਂ ਦਾ ਭੀ ਬੁਰਾ ਨਹੀਂ ਚਿਤਵਦੇ, ਕਿਉਂਕਿ ਉਹ ਸਦਾ ਹਰੀ ਦੇ ਗੁਣ ਗਾਉਣ ਵਿਚ ਹੀ ਮਸਤ ਰਹਿੰਦੇ ਹਨ। ਉਨ੍ਹਾਂ ਦੀ ਦ੍ਰਿੜ੍ਹਤਾ ਹੈ ਕਿ ਜੇ ਕੋਈ ਨਿੰਦਕ ਬੁਰਾਈ ਨਹੀਂ ਤਿਆਗਦਾ ਜੋ ਕਿ ਬੁਰਾ ਫਲ ਦੁਖ ਦੇਣ ਵਾਲੀ ਹੈ, ਤਾਂ ਸਾਧੂ ਜਨ ਉਸ ਭਲਾਈ ਨੂੰ ਕਿਉਂ ਤਿਆਗਣ ਜਿਸਦਾ ਫਲ ਹੀ ਸੁਖ ਮਿਲਦਾ ਹੈ।

## ੨੨. ਮੁਰੀਦ ਦੇ ਲੱਛਣ

੧. ਮੁਰਦਾ ਹੋਇ ਮੁਰੀਦ
ਸੋ ਗੁਰ ਗੋਰ ਸਮਾਵੈ ॥
੨. ਸ਼ਬਦ ਸੁਰਤਿ ਲਿਵ ਲੀਣ ਹੋਇ
ਓਹੁ ਆਪ ਗਵਾਵੈ।
੩. ਤਨੁ ਧਰਤੀ ਕਰਿ ਧਰਮਸਾਲ
ਮਨ ਦੱਭ ਵਿਛਾਵੈ ॥
੪. ਲੱਤਾਂ ਹੇਠਿ ਲਤਾੜੀਐ
ਗੁਰ ਸ਼ਬਦ ਕਮਾਵੈ।
੫. ਭਾਇ ਭਗਤਿ ਨੀਵਾਣ ਹੋਇ
ਗੁਰਮਤਿ ਠਹਿਰਾਵੈ।
੬. ਵਰਸੈ ਨਿੱਝਰ ਧਾਰ ਹੋਇ
ਸੰਗਤਿ ਚਲਿ ਆਵੈ ॥੨੨॥੯॥

***ਪਦ ਅਰਥ :*** ਮੁਰੀਦ—ਚੇਲਾ, ਸ਼ਰਧਾਲੂ ਸਿਖ। ਗੋਰ—ਕਬਰ। ਦੱਭ—ਸਰਕੜੇ ਦੀ ਵੂਹੜੀ। ਨਿੱਝਰ ਧਾਰ—ਨਾ ਰੁਕਣ ਵਾਲੀ ਧਾਰਾ।

***ਅਰਥ :***

ਪ੍ਰ: ਭਾਈ ਸਾਹਿਬ ਜੀਓ ! ਜੋ ਆਪ ਜੀ ਹਮੇਸ਼ਾ ਗੁਰਬਾਣੀ ਅਤੇ ਗੁਰ-ਇਤਿਹਾਸ ਦੀਆਂ ਵੀਚਾਰਾਂ ਹਰ ਰੋਜ਼ ਸੰਗਤਾਂ ਨੂੰ ਸੁਣਾਉਂਦੇ ਆ ਰਹੇ ਹੋ ਵੇਖਣ ਵਿਚ ਆਉਂਦਾ ਹੈ ਕਿ ਕਈ ਸਜਨ ਦੇਰ ਕਾਲ ਤੋਂ ਹੀ ਸੁਣਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਬਾਹਰਲੀ ਸਰੀਰਕ ਰੂਪ ਰੇਖਾ ਭੀ ਸਿੱਖਾਂ ਵਾਲੀ ਹੀ ਨਜ਼ਰ ਆਉਂਦੀ ਹੈ, ਪਰ ਜਦੋਂ ਉਨ੍ਹਾਂ ਦੇ ਨੇੜੇ ਹੋ ਕੇ ਉਨ੍ਹਾ ਦੀ ਮਾਨਸਕ ਕ੍ਰਿਆ ਨੂੰ ਵੇਖਦੇ ਹਾਂ ਤਾਂ ਉਹ ਕ੍ਰਿਆ ਉਨ੍ਹਾਂ ਦੀ ਸਹੀ ਸਿਖਾਂ ਵਾਲੀ ਨਹੀਂ ਹੁੰਦੀ। ਕਈ ਬਾਰ ਉਨ੍ਹਾਂ ਦੀ ਸਿੱਖਾਂ ਵਾਲੀ ਰੂਪ-ਰੇਖਾ ਨੂੰ ਤੱਕ ਕੇ ਕਈ ਭੋਲੇ-ਭਾਲੇ ਸਿਖ ਭਰਮ-ਭੁਲੇਖਾ ਭੀ ਖਾ ਜਾਂਦੇ ਹਨ, ਕਿਉਂ ਜੀ! ਗੁਰਬਾਣੀ ਅਨੁਸਾਰ ਦਸੋਗੇ ਕਿ ਸਹੀ ਸਿਖ ਦੀ ਸਹੀ ਪਛਾਣ ਕੀ ਹੈ ?

ਉ: ਹੇ ਭਾਈਓ ! ਜੇ ਨਿਰਪੱਖ ਹੋ ਕੇ ਸਹੀ ਵੀਚਾਰ ਕਰੀਏ ਤਾਂ ਇਹੋ ਹੀ ਕਹਿਣਾ ਪਵੇਗਾ ਕਿ ਜਿਵੇਂ ਕੋਈ ਮੁਸਲਮਾਨ ਪੰਜ ਵਕਤ ਮਸੀਤੇ ਜਾ ਕੇ ਪੰਜ ਨਿਮਾਜ਼ਾ ਪੜ੍ਹਦੇ ਰਹਿਣ ਨਾਲ ਹੀ ਮੁਸਲਮਾਨ ਨਹੀਂ ਬਣ ਸਕਦਾ ਜਿੰਨਾ ਚਿਰ ਉਸਦੀ ਅੰਦਰਲੀ ਧਾਰਨਾ ਸਹੀ ਨਹੀਂ ਹੈ, ਉਸਦੀ ਅੰਦਰਲੀ ਧਾਰਨਾ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ਵਿਚ ਇਉਂ ਅੰਕਤ ਕੀਤਾ ਹੈ ਕਿ :

ਮੁਸਲਮਾਣੁ ਕਹਾਵਣੁ ਮੁਸਕਲੁ
ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ
ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ
ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ
ਤ ਮੁਸਲਮਾਣੁ ਕਹਾਵੈ ॥੧॥

*(ਸਲੋਕ ਮ: ੧, ਪੰਨਾ ੧੪੧)*

ਮੁਸਲਮਾਣੁ ਮੋਮ ਦਿਲਿ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ
ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥

*(ਮਾਰੂ ਮ: ੫, ਪੰਨਾ ੧੦੮੪)*

ਹੇ ਭਾਈ! ਇਸ ਉਪ੍ਰੋਕਤ ਧਾਰਨਾ ਤੋਂ ਜੋ ਸੱਖਣਾ ਹੈ ਉਹ ਪੱਕਾ ਮੁਸਲਮਾਨ ਨਹੀਂ ਕੱਚਾ ਹੈ, ਜਾਂ ਇਉਂ ਕਹਿ ਦੇਣਾ ਭੀ ਠੀਕ ਹੀ ਹੋਵੇਗਾ ਕਿ ਉਹ ਮੁਸਲਮਾਨ ਹੈ ਹੀ ਨਹੀਂ। ਜੇਕਰ ਬਾਹਰਲੀ ਕ੍ਰਿਆ ਨਾਲ ਹੀ ਕੋਈ ਮੁਸਲਮਾਨ ਹੋ ਸਕਦਾ ਹੋਵੇ ਤਾਂ ਸਾਰੀ ਦੁਨੀਆ ਵਿਚ ਹੀ ਲੱਖਾਂ ਦੀ ਗਿਣਤੀ ਵਿਚ ਮੁਸਲਮਾਨ ਹੋ ਸਕਦੇ ਹਨ, ਪਰ ਐਸਾ ਹੈ ਨਹੀਂ।

ਇਸੇ ਹੀ ਤਰ੍ਹਾਂ ਕੋਈ ਹਿੰਦੂ ਹਰ ਰੋਜ਼ ਹੀ ਮੰਦਰ ਵਿਚ ਜਾ ਕੇ ਪੂਜਾ ਪਾਠ ਕਰਨ ਨਾਲ ਹਿੰਦੂ ਭੀ ਨਹੀਂ ਮੰਨਿਆ ਜਾ ਸਕਦਾ, ਜੇ ਕਰ ਉਹ ਅੰਦਰੋਂ ਧਾਰਨਾ ਤੋਂ ਸੱਖਣਾ ਹੈ, ਅੰਦਰ ਦੀ ਧਾਰਨਾ ਤੋਂ ਖ਼ਾਲੀ ਹਿੰਦੂ ਨੂੰ ਤੱਕ ਕੇ ਹੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ ਕਿ :

ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥

ਗਲਿ ਮਾਲਾ ਤਿਲਕੁ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ।
ਜੇ ਜਾਣਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥
ਵਿਣੁ ਸਤਿਗੁਰ ਵਾਟ ਨ ਪਾਵੈ ॥੨॥

*(ਆਸਾ ਦੀ ਵਾਰ, ਮ: ੧, ਪੰਨਾ ੪੭੦)*

ਇਸੇ ਹੀ ਤਰ੍ਹਾਂ ਜੇ ਕੋਈ ਸਿਖ ਸਦਾਉਣ ਵਾਲਾ ਹਰ ਰੋਜ਼ ਹੀ ਗੁਰੂ ਦਰ ਪੁੱਜ ਕੇ ਗੁਰਬਾਣੀ ਪੜ੍ਹਨ ਸੁਣਨ ਵਾਲਾ ਹੈ, ਜੇ ਉਹ ਗੁਰੂ ਦੀ ਆਗਿਆ ਦਾ ਪਾਲਨ ਨਹੀਂ ਕਰਦਾ ਤਾਂ ਉਸਨੂੰ ਭੀ ਸਹੀ ਰੂਪ ਵਿਚ ਸਿਖ ਨਹੀਂ ਮੰਨਿਆ ਜਾ ਸਕਦਾ, ਅਜਿਹੇ ਧਾਰਨਾ ਤੋਂ ਸੱਖਣੇ ਸਿੱਖਾਂ ਨੂੰ ਤੱਕ ਕੇ ਹੀ ਹਜ਼ੂਰ ਨੇ ਬਾਣੀ ਵਿਚ ਫ਼ੁਰਮਾਨ ਕੀਤਾ ਹੈ ਕਿ :

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥

*(ਧਨਾਸਰੀ ਮ: ੪, ਪੰਨਾ ੬੬੯)*

ਭਾਵ ਹੈ ਜੋ ਗੁਰੂ ਦੀ ਆਗਿਆ ਦਾ ਨਾ ਪਾਲਨ ਕਰਨ ਵਾਲੇ ਸਿੱਖ ਹਨ ਉਹ ਭਾਵੇਂ ਹਰ ਰੋਜ਼ ਹੀ ਗੁਰੂ ਦੇ ਦਰ ਚੱਲ ਕੇ ਆਉਂਦੇ ਹਨ ਉਹ ਗੁਰੂ ਦੀ ਬਾਣੀ ਪੜ੍ਹਦੇ ਸੁਣਦੇ ਭੀ ਹਨ, ਪਰ ਉਨ੍ਹਾਂ ਦੀ ਇਹ ਬਾਹਰਲੀ ਕ੍ਰਿਆ ਗੁਰੂ ਦੇ ਦਰ ਕਬੂਲ ਨਹੀਂ ਹੈ, ਅਜਿਹੇ ਲੋਕਾਂ ਨੂੰ ਤਾਂ ਸਗੋਂ ਐਸੇ ਦੋਸ਼ੀ ਠਹਿਰਾਇਆ ਹੈ, ਜਿਵੇਂ ਕਿ ਕੋਈ ਮਾਲਕ ਦਾ ਨੌਕਰ :

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥

*(ਮ: ੨, ਪੰਨਾ ੪੭੪)*

ਭਾਵ ਜਿਵੇਂ ਇਕ ਮਾਲਕ ਦਾ ਨੌਕਰ ਮਾਲਕ ਨੂੰ ਨਮਸਕਾਰ ਭੀ ਕਰਦਾ ਹੈ ਅਤੇ ਜੋ ਮਾਲਕ ਹੁਕਮ ਕਰਦਾ ਹੈ ਉਸਦੇ ਮੰਨਣ ਵਲੋਂ ਇਨਕਾਰੀ ਭੀ ਹੈ, ਇਹ ਦੋਵੇਂ ਹੀ ਕ੍ਰਿਆ ਉਸਦੀਆਂ ਝੂਠੀਆਂ ਹਨ ਜੋ ਉਸ ਮਾਲਕ ਦੀ ਪ੍ਰਸੰਨਤਾ ਦਾ ਕਾਰਨ ਨਹੀਂ। ਇਸ ਲਈ ਹੇ ਭਾਈਓ ! ਗੁਰੂ ਨੇ ਬਾਹਰਲੀ ਫੋਕੀ ਕ੍ਰਿਆ ਕਰਨ ਵਾਲੇ ਨਾਮ ਧਰੀਕ ਸਿੱਖਾਂ ਨੂੰ ਸਹੀ ਸਿੱਖਾਂ ਦੀ ਲਿਸਟ ਵਿਚ ਨਹੀਂ ਗਿਣਿਆ, ਜੋ ਅੰਦਰੋਂ ਬਾਹਰੋਂ ਨਿਰਮਲ ਹਨ ਤੇ ਗੁਰੂ ਦੀ ਆਗਿਆ ਦਾ ਪਾਲਨ ਕਰਨ ਵਾਲੇ ਆਪਾ ਭਾਵ ਮਿਟਾ ਕੇ ਜੀਵਨ ਗੁਜ਼ਾਰਦੇ ਹਨ ਉਹੀ ਸੱਚੇ ਮੁਰੀਦ ਤੇ ਗੁਰੂ ਦੇ ਸਾਧਕ ਸਿਖ ਹਨ। ਅਜਿਹੇ ਗੁਰੂ ਦੇ ਮਹਾਂਵਾਕਾਂ ਦੀ ਪ੍ਰੇਰਨਾ ਲੈ ਕੇ ਮੈਂ ਸੱਚੇ ਮੁਰੀਦਾਂ ਦੇ ਬਾਰੇ ਵਿਚ ਚੰਦ ਸਤਰਾਂ ਉੱਕਰੀਆਂ ਹਨ :

(੧) ਹੇ ਭਾਈ ! ਮੁਰੀਦ (ਸਿਖ) ਨੂੰ ਮਨ ਦੇ ਫੁਰਨੇ ਤੇ ਖ਼ਾਹਸ਼ਾਂ ਰੋਕ ਕੇ (ਨਿਰਹੰਕਾਰ ਤੇ ਆਪਾ ਗੁਆ ਕੇ) ਮੁਰਦੇ ਵਾਂਗ ਹੋਣਾ ਚਾਹੀਦਾ ਹੈ।

(੨) (ਅਜਿਹਾ ਸਿਖ ਹੀ) ਗੁਰੂ ਦੇ ਹੁਕਮ (ਰੂਪੀ ਗੋਰ) ਵਿਚ ਸਮਾਵੇਗਾ (ਗੁਰੂ) ਸ਼ਬਦ ਨੂੰ ਸੁਰਤਿ (ਧਿਆਨ) ਵਿਚ ਲਿਜਾ ਕੇ, ਲਿਵਲੀਨ ਹੋਏਗਾ, (ਕਿਉਂਕਿ) ਉਸਨੇ ਆਪਾ ਮਾਰ ਲਿਆ ਹੁੰਦਾ ਹੈ।

(੩) ਤਨ ਨੂੰ ਧਰਮਸਾਲ ਦੀ ਧਰਤੀ ਬਣਾਵੇ, (ਉਸ ਉਤੇ) ਮਨ ਰੂਪੀ ਫੂਹੜੀ ਵਿਛਾਵੇ (ਭਾਵ ਸਾਧ ਸੰਗਤ ਵਿਖੇ ਤਨੋ ਮਨੋ ਹੋ ਕੇ ਆਏ ਗਏ ਦੀ ਟਹਿਲ ਕਰੇ)।

(੪) ਗੁਰੂ ਦੇ ਸਬਦ ਦਾ ਅਭਿਆਸ ਕਰੇ (ਜੇ ਕੋਈ ਉਤੋਂ ਦੀ ਲੰਘ ਜਾਵੇ ਤਾਂ ਉਸਦੇ) ਪੈਰਾਂ ਦੀ ਲਤਾੜ ਖਾ ਕੇ (ਗੁੱਸਾ ਨਾ ਕਰੇ)।

(੫) ਨਿੰਮਰਤਾ ਧਾਰਨ ਕਰਕੇ ਪ੍ਰੇਮਾ-ਭਗਤੀ ਕਰੇ, (ਤੇ ਮਨ ਨੂੰ) ਗੁਰਮਤ (ਗੁਰੂ ਦੀ ਸਿਖਿਆ ਵਿਚ ਟਿਕਾ ਦੇਵੇ)।

(੬) (ਫਿਰ ਐਸਾ ਗੁਰਮੁਖ ਗੁਰਸਿੱਖ) ਇਕ ਰਸ (ਨਿਝਰ ਧਾਰਾ ਵਾਂਗ) ਵਰਸੇਗਾ, ਤੇ ਚਲ ਕੇ ਆਈ ਸੰਗਤ ਉਸ ਤੋਂ ਵਰੋਸਾਏਗੀ (ਭਾਵ ਉਸ ਤੋਂ ਪ੍ਰਭੂ ਸਿਮਰਨ ਦੀ ਦਾਤ ਪ੍ਰਾਪਤ ਕਰੇਗੀ।) ।੨੨।੯।

***ਭਾਵਾਰਥ :*** ਉਪ੍ਰੋਕਤ ਪਉੜੀ ਵਿਚ ਭਾਈ ਸਾਹਿਬ ਜੀ ਨੇ ਉਸ ਸਿਖ ਦਾ ਜੀਵਨ ਉਲੀਕਿਆ ਹੈ ਜੋ ਆਪਣਾ ਜੀਵਨ ਗੁਰੂ ਦੇ ਹੁਕਮ ਦੀ ਪਾਲਣਾ ਕਰਦਾ ਹੋਇਆ ਬਿਤੀਤ ਕਰਦਾ ਹੈ, ਪਰ ਜੋ ਸਿਖ ਹੋਣ ਦਾ ਦਾਅਵਾ ਤਾਂ ਕਰਦਾ ਹੈ, ਪਰ ਉਸਦਾ ਜੀਵਨ ਗੁਰੂ ਦੇ ਹੁਕਮ ਦੇ ਅਨੁਸਾਰ ਹੋ ਨਹੀਂ ਗੁਜ਼ਰ ਰਿਹਾ, ਉਸਦਾ ਬਾਹਰਲਾ ਸਿੱਖੀ ਦਾ ਲਿਬਾਸ ਇਉਂ ਹੀ ਸਮਝਣਾ ਪਵੇਗਾ ਜਿਸ ਤਰ੍ਹਾਂ ਕਿਸੇ ਖ਼ਾਲੀ ਬੋਤਲ ਪਰ ਅੰਮ੍ਰਿਤ ਦਾ ਲੇਬਲ ਲਗਿਆ ਹੋਵੇ। ਜਿਸ ਸਿਖ ਨੇ ਗੁਰੂ ਦੇ ਹੁਕਮ ਦੀ ਪਾਲਣਾ ਕੀਤੀ ਹੈ। ਅੰਤਰਜਾਮੀ ਗੁਰੂ ਦੀਆਂ ਨਜ਼ਰਾਂ ਨੇ ਉਸੇ ਨੂੰ ਹੀ ਕਬੂਲ ਕੀਤਾ ਹੈ ਕਿਉਂਕਿ ਗੁਰੂ ਸਿੱਖ ਦੀਆਂ ਅੰਦਰੂਨੀ ਭਾਵਨਾ ਨੂੰ ਹੀ ਵੇਖਦਾ ਹੈ। ਇਸ ਸੰਬੰਧੀ ਸਿਖ ਇਤਿਹਾਸ ਵਿਚ ਸਾਡੇ ਪੜ੍ਹਨ ਵਿਚ ਕਈ ਪ੍ਰਸੰਗ ਆਉਂਦੇ ਹਨ, ਜਿਵੇਂ ਕਿ ਹੁਕਮ ਦੀ ਪਾਲਨਾ ਕਰਨ ਸੰਬੰਧੀ ਭਾਈ ਲਹਿਣੇ ਦਾ ਪ੍ਰਸੰਗ ਪਰਗਟ ਹੀ ਹੈ।

ਗੁਰੂ ਨਾਨਕ ਪਾਤਿਸ਼ਾਹ ਜੀ ਨੇ ਇਕ ਦਿਨ ਤੱਕਿਆ

ਕਿ ਸੰਗਤਾਂ ਦਾ ਬਹੁਤ ਇਕੱਠ ਹੈ ਤਾਂ ਆਪ ਜੀ ਨੇ ਆਪਣੇ ਵੱਡੇ ਸ਼ਾਹਿਬਜ਼ਾਦੇ ਸ੍ਰੀ ਚੰਦ ਨੂੰ ਹੁਕਮ ਕੀਤਾ ਕਿ ਇਸ ਜੰਡ ਦੇ ਦਰੱਖ਼ਤ ਪਰ ਚੜ੍ਹ ਕੇ ਇਸ ਨੂੰ ਹਲੂੰਣ। ਇਸ ਤੋਂ ਮਿਠਿਆਈ ਝੜੇਗੀ, ਉਹ ਅਸੀ ਸੰਗਤਾਂ ਵਿਚ ਵਰਤਾਵਾਂਗੇ ਤਾਂ ਸ੍ਰੀ ਚੰਦ ਨੇ ਕਿਹਾ ਕਿ ਪਿਤਾ ਜੀ! ਦਸੋ, ਕਦੀ ਦਰੱਖ਼ਤਾਂ ਤੋਂ ਭੀ ਮਿਠਿਆਈ ਝੜੀ ਹੈ, ਦਰੱਖ਼ਤ ਭੀ ਜੰਡ ਦਾ ਹੈ ਜਿਸ ਨੂੰ ਕਦੀ ਭੀ ਫੁੱਲ ਫਲ ਨਹੀਂ ਲਗਦਾ, ਤੁਹਾਡੀ ਉਮਰ ਵਡੇਰੀ ਹੋ ਗਈ ਹੈ, ਜਿਸ ਕਰਕੇ ਅਣਹੋਈਆਂ ਗੱਲਾਂ ਕਰਦੇ ਹੋ।

ਤਾਂ ਫਿਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਲਖਮੀ ਚੰਦ ਨੂੰ ਹੁਕਮ ਕੀਤਾ ਤਾਂ ਉਸਨੇ ਭੀ ਇਹੋ ਜਵਾਬ ਦਿੱਤਾ ਕਿ ਪਿਤਾ ਜੀ! ਭਰਾਤਾ ਜੀ ਠੀਕ ਹੀ ਕਹਿੰਦੇ ਹਨ, ਤੁਹਾਡੀ ਉਮਰ ਵਡੇਰੀ ਹੋ ਗਈ ਹੈ ਜਿਸ ਕਰਕੇ ਨਾ ਹੋਣ ਵਾਲੀਆਂ ਗੱਲਾਂ ਕਰਦੇ ਹੋ।

ਫਿਰ ਆਪ ਜੀ ਨੇ ਭਾਈ ਲਹਿਣੇ ਨੂੰ ਇਸ਼ਾਰਾ ਕੀਤਾ ਕਿ ਭਾਈ ਲਹਿਣਾ ਜੀ! ਤੂੰ ਇਸ ਦਰੱਖ਼ਤ 'ਤੇ ਚੜ੍ਹ ਕੇ ਇਸ ਨੂੰ ਹਿਲਾ ਜੋ ਮਠਿਆਈ ਝੜੇਗੀ ਉਹ ਅਸੀਂ ਸੰਗਤਾਂ ਵਿਚ ਵਰਤਾਵਾਂਗੇ, ਸਤਿਬਚਨ ਕਹਿ ਕੇ ਜਦ ਭਾਈ ਲਹਿਣਾ ਜੀ ਜੰਡ ਦੇ ਦਰੱਖ਼ਤ ਵੱਲ ਵਧੇ ਤਾਂ ਸ੍ਰੀ ਚੰਦ ਤੇ ਲਖਮੀ ਚੰਦ ਰੋਕਦੇ ਹਨ ਕਿ ਭਾਈ ਲਹਿਣਾ ਜੀ! ਤੁਸੀਂ ਆਪ ਹੀ ਸੋਚੋ ਕਦੀ ਦਰੱਖ਼ਤਾਂ ਤੋਂ ਭੀ ਮਿਠਿਆਈਆਂ ਝੜੀਆਂ ਹਨ, ਤਾਂ ਆਪ ਜੀ ਨੇ ਸਨਿੰਮ੍ਰ ਬੇਨਤੀ ਕੀਤੀ ਕਿ ਸ੍ਰੀ ਚੰਦ ਤੇ ਲਖਮੀ ਚੰਦ ਜੀ, ਇਸ ਦਰੱਖ਼ਤ ਤੋਂ ਮਿਠਿਆਈ ਝੜੇ ਜਾਂ ਨਾ ਝੜੇ ਮੇਰਾ ਇਸ ਨਾਲ ਕੋਈ ਮਤਲਬ ਨਹੀਂ ਮੈਂ ਤਾਂ ਗੁਰੂ ਨਾਨਕ ਦੇਵ ਜੀ ਦੇ ਹੁਕਮ ਦੀ ਪਾਲਨਾ ਕਰਨੀ ਹੈ, ਇਸ ਤਰ੍ਹਾਂ ਲਹਿਣੇ ਦੀ ਕਈ ਵਾਰ ਪਰਖ ਕੀਤੀ ਗਈ ਜੋ ਹਰ ਪਰਖ ਅੰਦਰ ਹੀ ਆਪ ਪੂਰੇ ਉਤਰੇ, ਜਿਸ ਕਰਕੇ ਆਪ ਜੀ ਨੇ ਹੁਕਮ ਕੀਤਾ ਕਿ ਭਾਈ ਲਹਿਣਾ ਜੀ! ਗੁਰੂ ਨੂੰ ਉਹੀ ਸਿਖ ਪਿਆਰਾ ਹੈ ਜੋ ਗੁਰੂ ਦੇ ਹੁਕਮ ਦੀ ਪਾਲਣਾ ਕਰਦਾ ਹੈ, ਗੁਰੂ ਨਾਨਕ ਦੇਵ ਜੀ ਨੇ ਪ੍ਰਸੰਨ ਹੋ ਕੇ ਬਖ਼ਸ਼ਸ਼ ਭਰੀ ਨਜ਼ਰ ਨਾਲ ਤੱਕਿਆ ਤੇ ਭਾਈ ਲਹਿਣੇ ਨੂੰ ਆਪਣੀ ਗਲਵੱਕੜੀ ਵਿਚ ਲੈ ਕੇ ਕਿਹਾ ਕਿ ਭਾਈ ਲਹਿਣਾ ਜੀ! ਕੋਈ ਦਿਨ ਆਵੇਗਾ ਜਦ ਤੂੰ ਮੇਰੇ ਇਸ ਗੁਰੂ ਸਿੰਘਾਸਣ ਪਰ ਬੈਠੇਂਗਾ ਅਤੇ ਮੇਰਾ ਸਿਰ ਤੇਰੇ ਕਦਮਾਂ 'ਤੇ ਝੁਕੇਗਾ, ਇਸੇ ਤਰ੍ਹਾਂ ਹੋਇਆ ਜੋ ਕਿ ਸਾਰੀ ਲੁਕਾਈ ਨੇ ਤੱਕਿਆ ਇਹ ਹੈ ਹੁਕਮ ਦੀ ਪਾਲਣਾ ਕਰਨ ਦਾ ਫਲ, ਗੁਰੂ ਫ਼ੁਰਮਾਨ ਭੀ ਇਹੋ ਹੈ ਕਿ:

ਹੁਕਮਿ ਮੰਨਿਐ ਹੋਵੈ ਪਰਵਾਣੁ
ਤਾ ਖਸਮੈ ਕਾ ਮਹਲੁ ਪਾਇਸੀ॥

*(ਪਉੜੀ ੧੫, ਪੰਨਾ ੪੭੧)*

ਭਾਵ ਹੁਕਮ ਦੀ ਪਾਲਨਾ ਕਰਨ ਵਾਲਾ ਸਿਖ ਹੀ ਗੁਰੂ ਦੇ ਦਰ ਵਿਚ ਕਬੂਲ ਹੁੰਦਾ ਹੈ, ਉਸੇ ਨੂੰ ਹੀ ਆਪਣੇ ਸ੍ਵੈ-ਸਰੂਪ ਮਹੱਲ ਦੀ ਪ੍ਰਾਪਤੀ ਹੁੰਦੀ ਹੈ, ਜੋ ਕਿ ਕਦੇ ਭੀ ਨਾਸ ਹੋਣ ਵਾਲਾ ਨਹੀਂ ਹੈ। ਇਸ ਲਈ ਸਾਨੂੰ ਸਾਰਿਆ ਹੀ ਨਾਮ ਧਰੀਕ ਸਿੱਖਾਂ ਨੂੰ ਗੁਰੂ ਦੇ ਹੁਕਮ ਦੀ ਪਾਲਣਾ ਕਰਦੇ ਰਹਿਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

(ਨੌਵੀਂ ਵਾਰ ਸਮਾਪਤ)

# ਵਾਰ ੧੦

ੴ ਸਤਿਗੁਰ ਪ੍ਰਸਾਦਿ॥

ਇਸ ਦਸਵੀਂ ਵਾਰ ਵਿਚ ਭਾਈ ਸਾਹਿਬ ਜੀ ਨੇ ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਭਗਤ ਜਨਾਂ ਦੀਆਂ ਲੋਕ ਪ੍ਰਸਿੱਧ ਕਥਾਵਾਂ ਨੂੰ ਉਦਾਹਰਣ ਦੇ ਰੂਪ ਵਿਚ ਉਲੀਕਿਆ ਹੈ, ਜਿਨ੍ਹਾਂ ਵਿਚੋਂ ਪਰਮਾਰਥ ਦੇ ਬੜੇ ਬੜੇ ਉਪਦੇਸ਼ ਨਿਕਲਦੇ ਹਨ। ਭਾਈ ਸਾਹਿਬ ਜੀ ਇਸ ਵਾਰ ਵਿਚ ਇਤਿਹਾਸ ਨਹੀਂ ਲਿਖ ਰਹੇ ਸਗੋਂ ਦ੍ਰਿਸ਼ਟਾਂਤ ਦੇ ਕੇ ਆਪਣੇ ਗੁਰਮੱਤ ਦੇ ਉਪਦੇਸ਼ ਨੂੰ ਪ੍ਰਕਾਸ਼ ਕਰਦੇ ਹਨ, ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਹੀ ਲਈਦਾ ਹੈ, ਜੇ ਅਸੀਂ ਦੋ ਦੋ ਅੰਗ ਲਵਾਂਗੇ ਤਦ ਭਾਈ ਸਾਹਿਬ ਦੀ ਰਚਨਾ ਵਿਚ ਪਰਸਪਰ ਵਿਰੋਧ ਦਾ ਦੂਸ਼ਨ ਲਗੇਗਾ। ਜਿਵੇਂ ਕਿ ਅਸੀਂ ਵਾਰ ੧੨ ਦੀ ੯ਵੀਂ ਪਉੜੀ ਪੜ੍ਹਦੇ ਹਾਂ ਜਿਥੇ ਕਿ ਕਲੰਕੀ ਤੇ ਹੰਕਾਰੀ ਸ਼ਬਦ ਵਰਤੇ ਗਏ ਹਨ। ਸਾਡੀ ਵਿਦਿਆ ਦਾ ਆਮ ਅਸੂਲ ਹੈ ਕਿ ਦ੍ਰਿਸ਼ਟਾਂਤ ਦਾ ਕੇਵਲ ਇਕ ਅੰਗ ਹੀ ਲੈਣਾ ਹੈ।

ਦੂਜਾ, ਪ੍ਰਸਿੱਧ ਕਥਾਵਾਂ ਨੂੰ ਉਪਦੇਸ਼ ਮਾਤ੍ਰ ਕਹਿਣਾ ਕਰਤਾ ਨੂੰ ਇਤਿਹਾਸਕ ਸਤਯਤਾ ਦਾ ਜ਼ਿੰਮੇਵਾਰ ਹੀ ਨਹੀਂ ਠਹਿਰਾਉਂਦਾ। ਉਹ ਪੱਖ ਜੁਦਾ ਹੈ, ਇਹ ਪੱਖ ਜੁਦਾ ਹੈ। ਇਸ ਲਈ ਪਾਠਕ ਜਨ ਰਲਾ ਮਿਲਾ ਕੇ ਭਰਮ ਭੁਲੇਖੇ ਵਿਚ ਨਾ ਪੈ ਜਾਣ।

ਪੁਰਾਤਨ ਜੁਗਾਂ ਦੇ ਹੋ ਗੁਜ਼ਰੇ ਭਗਤ ਜਨਾਂ ਦੀਆਂ ਜੀਵਨੀਆਂ ਬਾਰੇ ਜਿਵੇਂ ਜਿਵੇਂ ਗੁਰਸਿੱਖਾਂ ਨੇ ਪੁੱਛ ਕੀਤੀ ਤਾਂ ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ ਆਪਣੀ ਸਰਲ ਬੋਲੀ ਵਿਚ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ, ਤਾਕਿ ਭਵਿੱਖਤ ਦੇ ਸਮੇਂ ਵਿਚ ਹੋਣ ਵਾਲੇ ਸਰਧਾਲੂ ਪਾਠਕਾਂ ਨੂੰ ਭੀ ਲਾਭ ਪ੍ਰਾਪਤ ਹੁੰਦਾ ਰਵੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਸਾਹਿਬ ਜੀ ਨੂੰ ਸਿੱਖੀ ਦਾ ਪ੍ਰਚਾਰ ਕਰਨ ਲਈ ਬਨਾਰਸ ਤੇ ਆਗਰੇ ਆਦਿ ਥਾਵਾਂ ਤੇ ਭੇਜਿਆ ਜਿਥੇ ਕਿ ਪੰਡਿਤ ਲੋਕਾਂ ਦਾ ਗੜ੍ਹ ਸੀ ਇਨ੍ਹਾਂ ਥਾਵਾਂ 'ਤੇ ਜੋ ਅੱਜ ਅਸੀਂ ਸਿੱਖੀ ਦੀ ਰੂਪ ਰੇਖਾ ਵੇਖਦੇ ਹਾਂ ਇਹ ਸਭ ਉਸੇ ਸਮੇਂ ਦੇ ਭਾਈ ਸਾਹਿਬ ਜੀ ਦੇ ਗੁਰਮੱਤ ਦੇ ਕੀਤੇ ਪ੍ਰਚਾਰ ਦਾ ਸਦਕਾ ਹੈ। ਗੁਰਮੱਤ ਦੀਆਂ ਹਰ ਰੋਜ਼ ਵੀਚਾਰਾਂ ਸੁਣਨ ਵਾਲੇ ਸ੍ਰੋਤਿਆਂ ਵਲੋਂ ਕਈ ਪ੍ਰਕਾਰ ਦੇ ਪ੍ਰਸ਼ਨ ਕੀਤੇ ਜਾਂਦੇ, ਜਿਨ੍ਹਾਂ ਦਾ ਉੱਤ੍ਰ ਭਾਈ ਸਾਹਿਬ ਜੀ ਆਪਣੀ ਭਾਸ਼ਾ ਵਿਚ ਬੜੇ ਸਰਲ ਢੰਗ ਨਾਲ ਦੇ ਕੇ ਉਨ੍ਹਾਂ ਦੀ ਤਸੱਲੀ ਕਰਾਇਆ ਕਰਦੇ ਜਿਵੇਂ ਕਿ ਕੁੱਝ ਸ੍ਰੋਤਿਆਂ ਵਲੋਂ ਇਹ ਪ੍ਰਸ਼ਨ ਹੋਇਆ ਕਿ ਭਾਈ ਸਾਹਿਬ ਜੀਉ! ਜੋ ਸਤਿਜੁਗ ਵਿਚ ਭਗਤ ਹੋਏ ਹਨ ਉਨ੍ਹਾਂ ਵਿਚੋਂ ਆਪ ਜੀ ਸਾਨੂੰ ਪਹਿਲੇ ਧ੍ਰੂ ਭਗਤ ਦੀ ਕਥਾ ਸੁਣਾਓ ਕਿ ਉਸਨੂੰ ਰੱਬੀ ਮਾਰਗ 'ਤੇ ਟੁਰਨੇ ਦੀ ਪ੍ਰੇਰਨਾ ਕਿਥੋਂ ਤੇ ਕਿਵੇਂ ਮਿਲੀ, ਤਾਂ ਭਾਈ ਸਾਹਿਬ ਪਹਿਲੋਂ ਸ੍ਰੋਤਿਆਂ ਨੂੰ ਧ੍ਰੂ ਭਗਤ ਦੀ ਕਥਾ ਸੁਣਾਉਂਦੇ ਹਨ:

## ਸਤਿਜੁਗ ਵਿਚ ਹੋਏ ਭਗਤਾਂ ਦੀ ਕਥਾ

### ੧. ਧ੍ਰੂ ਭਗਤ ਦੀ ਸਾਖੀ

੧. ਧ੍ਰੂ ਹਸਦਾ ਘਰਿ ਆਇਆ
ਕਰਿ ਪਿਆਰ ਪਿਉ ਕੁੱਛੜ ਲੀਤਾ।
੨. ਬਾਹਹੁ ਪਕੜਿ ਉਠਾਲਿਆ
ਮਨ ਵਿਚ ਰੋਸ ਮਤ੍ਰੇਈ ਕੀਤਾ।
੩. ਡੱਡਹੁਲਿੱਕਾ ਮਾਂ ਪੁਛੈ
ਤੂੰ ਸਾਵਾਣੀ ਹੈਂ ਕਿ ਸੁਰੀਤਾ।
੪. ਸਾਵਾਣੀ ਹਾਂ ਜਨਮ ਦੀ
ਨਾਮ ਨ ਭਗਤੀ ਕਰਮ ਦ੍ਰਿੜ੍ਹੀਤਾ।
੫. ਕਿਸ ਉੱਦਮ ਤੇ ਰਾਜ ਮਿਲੈ
ਸ਼ਤ੍ਰੂ ਤੇ ਸਭ ਹੋਵਨ ਮੀਤਾ।
੬. ਪਰਮੇਸ਼ਰ ਆਰਾਧੀਐ
ਜਿਦੂੰ ਹੋਈਐ ਪਤਿਤ ਪੁਨੀਤਾ।

**੭. ਬਾਹਰ ਚਲਿਆ ਕਰਨ ਤਪ**
**ਮਨ ਬੈਰਾਗੀ ਹੋਇ ਅਤੀਤਾ।**
**੮. ਨਾਰਦ ਮੁਨਿ ਉਪਦੇਸ਼ਿਆ**
**ਨਾਮ ਨਿਧਾਨ ਅਮਿਉਰਸ ਪੀਤਾ।**
**੯. ਪਿਛਹੁ ਰਾਜੇ ਸੱਦਿਆ**
**ਅਬਿਚਲ ਰਾਜ ਕਰਹੁ ਨਿਤ ਨੀਤਾ।**
**੧੦. ਹਾਰਿ ਚਲੈ ਗੁਰਮੁਖ ਜਗ ਜੀਤਾ ॥੧॥**

*ਪਦ ਅਰਥ :* ਕੁੱਛੜ—ਗੋਦੀ। ਰੋਸ—ਕ੍ਰੋਧ, ਗੁੱਸਾ। ਡੱਡਹੁਲਿੱਕਾ—ਨਿਮਾਣਾ, ਮਾਰ ਖਾ ਕੇ ਰੋਂਦੇ ਬੱਚੇ ਨੂੰ ਜਦੋਂ ਮਾਂ ਚੁਪ ਕਰਾਵੇ, ਉਸ ਹਾਲਤ ਦਾ ਸੂਚਕ। ਸਰੀੜਾ—ਗੋੱਲੀ, ਨੌਕਰਾਣੀ। ਸਾਵਾਣੀ ਹਾਂ ਜਨਮ ਦੀ—ਰਾਜੇ ਦੇ ਘਰ ਜਨਮੀ, ਰਾਣੀ।

*ਅਰਥ :*

ਉ: ਹੇ ਭਾਈਓ! ਧ੍ਰੂ ਭਗਤ ਦੀ ਸਾਖੀ ਸੀਨੇ-ਬ-ਸੀਨੇ ਜਿਵੇਂ ਸੁਣਨ ਵਿਚ ਆਈ ਹੈ ਮੈਂ ਹੂ-ਬ-ਹੂ ਉਸੇ ਤਰ੍ਹਾਂ ਤੁਹਾਨੂੰ ਸੁਨਾਉਣ ਦਾ ਜਤਨ ਕਰਦਾ ਹਾਂ, ਜਿਵੇਂ ਕਿ:

(੧) (ਪੰਜ ਸਾਲਾਂ ਦਾ, ਬਾਲਾਂ ਨਾਲ ਹੱਸਦਾ ਤੇ ਖੇਡਦਾ) ਧ੍ਰੂ ਘਰ ਆਇਆ ਤਾਂ ਪਿਤਾ (ਰਾਜਾ ਉਤਾਨਪਾਦ) ਨੇ ਪਿਆਰ ਨਾਲ ਗੋਦੀ ਵਿਚ ਬਿਠਾ ਲਿਆ।

(੨) (ਧ੍ਰੂ ਮਹਿਲਾਂ ਤੋਂ ਬਾਹਰ ਝੌਂਪੜੀ ਵਿਚ ਰਹਿੰਦਾ ਸੀ। ਰਾਜੇ ਦੀ ਨਵੀਂ ਵਿਆਹੀ ਰਾਣੀ ਨੇ ਰਾਜੇ ਨੂੰ ਵੱਸ ਵਿਚ ਕਰਕੇ ਧ੍ਰੂ ਦੀ ਮਾਂ ਨੂੰ ਘਰੋਂ ਬਾਹਰ ਕਰ ਦਿੱਤਾ ਸੀ, ਧ੍ਰੂ ਇਸ ਗੱਲੋਂ ਅਨਜਾਣ ਸੀ। ਪਰ ਇਕ ਵੇਰਾਂ ਬਾਲਕਾਂ ਨਾਲ ਖੇਡਦਾ ਖੇਡਦਾ ਮਹੱਲਾਂ ਵਿਚ ਆ ਗਿਆ। ਉਹ ਸਿਰਫ਼ ਏਨਾ ਹੀ ਜਾਣਦਾ ਸੀ ਕਿ ਮੈਂ ਵੀ ਇਸ ਮਹੱਲ ਵਾਲੇ ਰਾਜੇ ਦਾ ਪੁੱਤ੍ਰ ਹਾਂ) ਮਤਰੇਈ ਮਾਂ ਨੇ ਧ੍ਰੂ ਨੂੰ ਪਿਤਾ ਦੀ ਗੋਦ ਵਿਚ ਵੇਖਿਆ ਤਾਂ ਗੁੱਸੇ ਵਿਚ ਭੜਕ ਉੱਠੀ। ਬਾਹੋਂ ਫੜ ਕੇ ਧ੍ਰੂ ਨੂੰ ਪਿਤਾ ਦੀ ਗੋਦ ਵਿਚੋਂ ਉਠਾ ਦਿੱਤਾ ਤੇ ਕਿਹਾ ਕਿ ਜੇ ਇਸ ਪਿਤਾ ਦੀ ਗੋਦ ਵਿਚ ਬੈਠਣਾ ਸੀ, ਤਾਂ ਮੇਰੇ ਪੇਟੋਂ ਜੰਮਣਾ ਸੀ, ਕੁੱਝ ਹੋਰ ਵੀ ਝਿੜਕ ਝੰਬ ਕੀਤੀ। ਪਿਤਾ ਨੇ ਮਤ੍ਰੇਈ ਮਾਂ ਨੂੰ ਵਰਜਿਆ ਰੋਕਿਆ ਨਹੀਂ ਕਿਉਂਕਿ ਉਹ ਮਤ੍ਰੇਈ ਦੇ ਪਿਆਰ ਵਿਚ ਫਸ ਕੇ ਬੇਵਸ ਹੋ ਚੁੱਕਾ ਸੀ।

(੩) ਧ੍ਰੂ ਰੋਂਦਾ ਤੇ ਹੈਰਾਨ ਜਿਹਾ ਹੋਇਆ ਆਪਣੀ ਮਾਂ ਸੁਨੀਤੀ ਕੋਲ ਪੁੱਜਾ ਤੇ ਕਿਹਾ, ਕਿ ਮਾਂ ਤੂੰ ਦੱਸ, ਰਾਣੀ ਹੈਂ ਕਿ ਗੋਲੀ?

(੪) ਅਗੋਂ ਮਾਂ ਨੇ ਕਿਹਾ ਕਿ ਪੁੱਤ੍ਰ, ਰਾਣੀ ਤਾਂ ਮੈਂ ਜਨਮ ਦੀ ਹੀ ਹਾਂ (ਰਾਣੀ ਦੇ ਪੇਟੋਂ ਪੈਦਾ ਹੋਈ ਹਾਂ ਤੇ ਰਾਜੇ ਨਾਲ ਹੀ ਵਿਆਹੀ ਹਾਂ, ਪਰ ਮੇਰੀ ਕਿਸਮਤ ਹੈ ਕਿ) ਮੈਂ ਪ੍ਰਭੂ ਦਾ ਨਾਮ ਨਹੀਂ ਜਪਿਆ ਤੇ ਕੋਈ ਭਗਤੀ ਵਾਲਾ ਕਰਮ ਵੀ ਨਹੀਂ ਕੀਤਾ।

(੫) ਤਾਂ, ਧ੍ਰੂ ਨੇ ਕਿਹਾ, 'ਮਾਂ (ਮੈਨੂੰ) ਇਹ ਦੱਸ ਕਿ ਰਾਜ ਕਿਸ ਉੱਦਮ ਨਾਲ ਮਿਲੇ, ਤੇ ਵੈਰੀ ਮਿੱਤ੍ਰ ਕਿਵੇਂ ਬਣ ਸਕਦੇ ਹਨ?'

(੬) (ਤਾਂ) ਮਾਂ ਨੇ ਕਿਹਾ, (ਕਿ 'ਹੇ ਪੁੱਤ੍ਰ!) ਪ੍ਰਮੇਸ਼ਰ ਦਾ ਸਿਮਰਨ ਹੀ ਇਕ ਅਜਿਹੀ ਵਸਤੂ ਹੈ ਜਿਸ ਨਾਲ ਪਤਿਤ (ਪਾਪੀ ਪੁਰਸ਼) ਵੀ ਪਵਿਤ੍ਰ ਹੋ ਜਾਂਦੇ ਹਨ।'

(੭) ਇਹ ਸੁਣ ਕੇ ਧ੍ਰੂ ਤਪ ਕਰਨ ਲਈ ਬਾਹਰ (ਜੰਗਲਾਂ ਵਿਚ) ਤੁਰ ਪਿਆ, ਮਨ ਵਿਚ ਵੈਰਾਗ ਤੇ ਤਿਆਗ ਦਾ ਤੂਫ਼ਾਨ ਉੱਠ ਖੜਾ ਹੋਇਆ।

(੮) ਅਗੋਂ ਨਾਰਦ ਮੁਨੀ ਨੇ ਜੰਗਲਾਂ ਵੱਲ ਜਾਣ ਤੋਂ ਰੋਕਿਆ, ਪਰ ਜਦ ਵੇਖਿਆ ਕਿ ਇਹ ਬਾਲਕ ਰੋਕਿਆਂ ਭੀ ਨਹੀਂ ਰੁਕੇਗਾ, ਤਾਂ ਉਸਨੇ ਵੀ ਭਗਤੀ ਦੀ ਮਹਿਮਾ ਕੀਤੀ ਤੇ ਕਿਹਾ, 'ਪ੍ਰਭੂ ਸਰਬ ਸ਼ਕਤੀਮਾਨ ਹੈ, ਤੇ ਇਕ ਮਨ ਹੋ ਕੇ ਕੀਤੇ ਸਿਮਰਨ ਨਾਲ ਪ੍ਰਤੱਖ ਹੋ ਜਾਂਦਾ ਹੈ' ਓਹੀ ਗੱਲ ਹੋਈ। ਧ੍ਰੂ ਜੀ ਨੂੰ ਛੇਤੀ ਹੀ ਨਾਮ ਸਿਮਰਨ ਦੇ ਅਕੱਥ ਰਸ ਦਾ ਸੁਆਦ ਲੱਭ ਗਿਆ। ਧ੍ਰੂ ਜੀ ਨਿਰਇਛਤ ਹੋ ਗਏ, ਪਰ ਪ੍ਰਭੂ ਨੇ ਪ੍ਰਤੱਖ ਹੋ ਕੇ ਕਿਹਾ, ਜਿਸ ਭਾਵਨਾ (ਭਾਵ ਰਾਜ ਪ੍ਰਾਪਤ ਕਰਨ ਦੀ ਇੱਛਾ) ਨਾਲ ਭਗਤੀ ਸ਼ੁਰੂ ਕੀਤੀ ਸੀ, ਪਹਿਲੋ ਉਸਨੂੰ ਕਰੋ, ਫਿਰ ਅਮਰ ਪਦਵੀ ਦੇ ਮਾਲਕ ਬਣ ਜਾਣਾ।

(੯) ਸੋ ਧ੍ਰੂ ਜੀ ਨੇ ਪਿਤਾ ਦੇ ਸੱਦੇ ਤੇ ਰਾਜ-ਭਾਗ ਨੂੰ ਸੰਭਾਲ ਲਿਆ। (ਕਹਿੰਦੇ ਹਨ, ਧ੍ਰੂ ਜੀ ਨੇ ੩੦ ਹਜ਼ਾਰ ਸਾਲ ਰਾਜ ਕੀਤਾ। ਇਹ ਸਤਿਜੁਗ ਦਾ ਸਮਾਂ ਸੀ। ਹੁਣ ਗਗਨ ਵਿਚ ਧ੍ਰੂ ਦਾ ਤਾਰਾ ਅਟੱਲ ਹੈ।)

(੧੦) (ਸਿੱਟਾ ਇਹੋ ਨਿਕਲਦਾ ਹੈ ਕਿ) ਗੁਰਮੁਖ (ਜਗਤ ਵਿਚ) ਹਾਰ ਤੁਰਦੇ ਹਨ ਪਰ ਉਹ ਜਗਤ ਨੂੰ ਜਿੱਤ ਜਾਂਦੇ ਹਨ।੧।

ਸਮੁੱਚਾ ਭਾਵਾਰਥ ਹੈ ਕਿ ਉਤਾਨਪਾਦ ਨਾਮ ਰਾਜੇ ਦੀਆਂ ਦੋ ਰਾਣੀਆਂ ਸਨ 'ਸੁਨੀਤਾ ਤੇ ਸੁਰੁਚੀ' ਨਾਮੇ ਹੈਸਨ। ਸੁਰੁਚੀ ਭਰਤਾ ਦੀ ਡਾਢੀ ਪਿਆਰੀ ਸੀ ਉਸਦਾ ਪੁੱਤ੍ਰ ਉੱਤਮ ਸੀ। ਉਸ ਨਾਲ ਪਿਉ ਵੱਡਾ ਸਨੇਹ ਰਖਦਾ ਸੀ। ਧ੍ਰੂ ਦੀ ਮਾਂ ਦਾ ਨਾਉਂ ਸੁਨੀਤਾ ਸੀ। ਇੱਕ ਦਿਨ 'ਉੱਤਮ' ਨਾਲ ਲਾਡ ਕਰਦੇ ਦੇਖ ਧ੍ਰੂ ਵੀ ਹੱਸਦਾ ਹੱਸਦਾ ਰੀਸ ਨਾਲ ਪਿਉ ਕੋਲ

ਗਿਆ। ਪਿਉ ਨੇ ਕੁੱਛੜ ਤਾਂ ਲੈ ਲੀਤਾ ਪਰ ਭਉਣੀ ਪੂਰੀ ਨਾ ਹੋਈ, ਕਿਉਂਕਿ ਮਤ੍ਰੇਈ ਸੁਰਚੀ ਨੇ ਈਰਖਾ ਨਾਲ ਉਠਾ ਦਿੱਤਾ: ਤੂੰ ਗੋਦੀ ਦੇ ਲਾਇਕ ਨਹੀਂ ਹੈ। ਧ੍ਰੂ ਨੇ ਮਾਂ ਪਾਸ ਜਾ ਕੇ ਪੁਛਿਆ, ਤਾਂ ਉਸਨੇ ਭਜਨ ਕਰਨ ਦਾ ਉਪਦੇਸ਼ ਦਿਤਾ। ਗੱਲ ਕੀ ਧ੍ਰੂ ਮਾਂ ਦੀ ਗੱਲ ਸੁਣਦਾ ਹੀ ਤਪ ਕਰਨ ਮਾਧੋ ਬਨ ਨੂੰ ਚਲਿਆ ਗਿਆ, ਰਸਤੇ ਵਿਚ ਨਾਰਦ ਨੇ ਕਿਹਾ ਹੇ ਧ੍ਰੂ! ਤੂੰ ਪ੍ਰਮੇਸ਼ਰ ਦਾ ਭਜਨ ਕਰ, ਤੈਨੂੰ ਅਚਲ ਪਦਵੀ ਮਿਲੇਗੀ ਮਾਧੋਬਨ ਵਿਚ ਧ੍ਰੂ ਨੇ ਤਪ ਕੀਤਾ। ਕੰਦ, ਮੂਲ ਫਲ ਫੁਲ ਖਾ ਕੇ ਗੁਜ਼ਾਰਾ ਕਰ ਛੱਡੇ। ਗੱਲ ਕੀ ਧ੍ਰੂ ਪੂਰਨ ਹੋ ਗਿਆ, ਗੁਰੂ ਦੇ ਆਤਮ ਰਾਜ ਦਾ ਸਾਂਝੀਵਾਲ ਹੋ ਗਿਆ। ਇਸ ਵੇਲੇ ਪਿਤਾ ਨੇ ਮੁਸ਼ਕਲਾਂ ਨਾਲ ਰਾਜ ਧ੍ਰੂ ਨੂੰ ਦਿੱਤਾ ਅਰ ਆਪ ਬਨ ਨੂੰ ਚਲਿਆ ਗਿਆ। ਇਸ ਪਉੜੀ ਵਿਚ ਪ੍ਰਮੇਸ਼ਰ ਦੀ ਅਰਾਧਨਾ ਕਰਦੇ ਰਹਿਣ ਦਾ ਉਪਦੇਸ਼ ਹੈ, ਕਿਉਂਕਿ ਸਾਰੇ ਸ਼ੰਕਾ ਨਿਵਾਰਨ ਵਾਲਾ ਉਸ ਪ੍ਰਮੇਸ਼ਰ ਦਾ ਨਾਮ ਹੈ।

## ੨. *ਭਗਤ ਪ੍ਰਹਿਲਾਦ ਦੀ ਸਾਖੀ*

**੧. ਘਰ ਹਰਨਾਖਸ਼ ਦੈਤ ਦੇ**
**ਕੱਲਰ ਕਵਲ ਭਗਤ ਪ੍ਰਹਿਲਾਦ।**
**੨. ਪੜ੍ਹਨ ਪਠਾਯਾ ਚਾਟਸਾਲ**
**ਪਾਂਧੇ ਚਿਤ ਹੋਆ ਅਹਿਲਾਦ।**
**੩. ਸਿਮਰੈ ਮਨ ਵਿਚ ਰਾਮ ਨਾਮ**
**ਗਾਵੈ ਸ਼ਬਦ ਅਨਾਹਦ ਨਾਦ।**
**੪. ਭਗਤਿ ਕਰਨ ਸਭ ਚਾਟੜੇ**
**ਪਾਂਧੇ ਹੋਇ ਰਹੇ ਵਿਸਮਾਦ।**
**੫. ਰਾਜੇ ਪਾਸ ਰੂਆਇਆ**
**ਦੋਖੀ ਦੈਤ ਵਧਾਯਾ ਵਾਦ।**
**੬. ਜਲ ਅਗਨੀ ਵਿਚ ਘੱਤਿਆ**
**ਜਲੈ ਨ ਡੁੱਬੈ ਗੁਰ ਪਰਸਾਦ।**
**੭. ਕੱਢ ਖੜਗ ਸੱਦ ਪੁਛਿਆ**
**ਕਉਣ ਸੁ ਤੇਰਾ ਹੈ ਉਸਤਾਦ।**
**੮. ਥੰਮ ਪਾੜ ਪਰਗੱਟਿਆ**
**ਨਰਸਿੰਘ ਰੂਪ ਅਨੂਪ ਅਨਾਦਿ।**
**੯. ਬੇਮੁਖ ਪਕੜ ਪਛਾੜਿਅਨੁ**
**ਸੰਤ ਸਹਾਈ ਆਦਿ ਜੁਗਾਦਿ।**
**੧੦. ਜੈ ਜੈ ਕਾਰ ਕਰਨ ਬ੍ਰਹਮਾਦਿ॥੨॥**

***ਪਦ ਅਰਥ:*** ਅਹਿਲਾਦ—ਪ੍ਰਸੰਨ ਚਿੱਤ, ਅਨੰਦ। ਵਿਸਮਾਦ—ਅਸਚਰਜ, ਹੱਕੇ ਬੱਕੇ, ਹੈਰਾਨ। ਰੂਆਇਆ—ਰੋ ਰੋ ਕੇ ਪੁਕਾਰ ਕੀਤੀ, ਸ਼ਿਕਾਇਤ ਕਰੀ। ਅਨਾਦਿ—ਬੜੇ ਸਬਦ ਵਾਲਾ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਸਾਨੂੰ ਵਧੇਰੇ ਸੋਝੀ ਤਾਂ ਨਹੀਂ ਪਰ ਅਸਾਂ ਸੁਣਿਆ ਹੈ ਕਿ ਪ੍ਰਹਿਲਾਦ ਭਗਤ ਭੀ ਸਤਿਜੁਗ ਵਿਚ ਹੀ ਹੋਇਆ ਹੈ। ਸੋ, ਜਿਥੇ ਆਪ ਜੀ ਨੇ ਧ੍ਰੂ ਭਗਤ ਦੀ ਜਾਣਕਾਰੀ ਕਰਾਈ ਹੈ, ਉਥੇ ਸਾਨੂੰ ਪ੍ਰਹਿਲਾਦ ਭਗਤ ਬਾਰੇ ਭੀ ਵਾਕਫ਼ੀਅਤ ਕਰਾਓ ਕਿ ਉਸਨੂੰ ਰੱਬੀ ਮਾਰਗ ਪਰ ਚੱਲਣ ਦੀ ਕਿਵੇਂ ਚਾਹਤ ਹੋਈ?।

ਉ: ਹੇ ਭਾਈਓ! ਜੋ ਮੈਨੂੰ ਸਰੋਤ ਮਿਲੀ ਹੈ ਕਿ ਹਰਨਾਖ਼ਸ਼ ਦੈਂਤ ਨੇ ਸੈਂਕੜੇ ਸਾਲਾਂ ਦੇ ਘੋਰ ਤਪ ਕਰਨ ਮਗਰੋਂ ਇਹ ਵਰ ਪ੍ਰਾਪਤ ਕਰ ਲਏ ਕਿ, ਮੈਨੂੰ ਨ ਅੱਗ ਸਾੜ ਸਕੇ, ਨਾ ਪਾਣੀ ਡੋਬ ਸਕੇ, ਨਾ ਕਿਸੇ ਭੀ ਸ਼ਸਤ੍ਰ ਨਾਲ ਕੱਟਿਆ ਜਾਵਾਂ, ਨਾ ਹੀ ਦਿਨੇ ਨਾ ਰਾਤ, ਨਾ ਜ਼ਮੀਨ ਪਰ ਨਾ ਅਸਮਾਨ ਭਾਵ ਉਹ ਕਿਸੇ ਤਰ੍ਹਾਂ ਵੀ ਮਰੇਗਾ ਨਹੀਂ। ਉਸਨੇ ਸਮਝ ਲਿਆ ਕਿ ਬੱਸ ਮੈਂ ਹੁਣ ਅਮਰ (ਮੌਤ ਰਹਿਤ) ਹੋ ਗਿਆ ਹਾਂ, ਇਸ ਲਈ ਪ੍ਰਮੇਸ਼ਰ ਮੈਂ ਹੀ ਹਾਂ, ਇਸ ਖ਼ਿਆਲ ਨੇ ਉਸਦੇ ਦਿਮਾਗ਼ ਵਿਚ ਘਰ ਕਰ ਲਿਆ, ਉਸਨੇ ਦੁਨੀਆਂ ਤੋਂ ਆਪਣੇ ਤੇਜ਼ ਬਲ ਨਾਲ ਆਪਣਾ ਹੀ ਨਾਮ ਜਪਾਉਣਾ ਸ਼ੁਰੂ ਕਰ ਦਿੱਤਾ। ਸਕੂਲਾਂ ਵਿਚ ਜਲੇ ਹਰਨਾਖ਼ਸ਼ ਥਲੇ ਹਰਨਾਖ਼ਸ਼ ਦੀ ਪੜ੍ਹਾਈ ਸ਼ੁਰੂ ਕੀਤੀ। ਪਰ ਸਰਬ ਸ਼ਕਤੀ ਮਾਨ ਪ੍ਰਭੂ ਨੇ ਇਸੇ:

(੧) ਹਰਨਾਖ਼ਸ਼ ਦੇ ਘਰ, ਜੋ ਕਲਰ ਦੀ ਮਾਰੀ ਜ਼ਮੀਨ ਵਾਂਗ ਸੀ, (ਭਾਵ ਬੇਮੁਖ ਸੀ) ਪੁੱਤ੍ਰ ਭਗਤ ਪ੍ਰਹਿਲਾਦ ਪੈਦਾ ਕਰ ਦਿੱਤਾ।

(੨) ਪ੍ਰਹਿਲਾਦ ੮-੧੦ ਸਾਲ ਦਾ ਹੋਇਆ ਤਾਂ ਉਸਨੂੰ ਸਕੂਲ ਵਿਚ ਪੜ੍ਹਨ ਲਈ ਭੇਜ ਦਿਤਾ। (ਪਰ ਇਸ ਤੋਂ ਪਹਿਲੇ ਹੀ ਪ੍ਰਹਿਲਾਦ, ਬਿੱਲੀ ਦੇ ਬੱਚੇ ਬਲਦੀ ਅੱਗ ਵਿਚੋਂ, (ਪ੍ਰਭੂ ਅਗੇ ਅਰਦਾਸ ਕਰਨ ਪਿਛੋਂ) ਬਚੇ ਹੋਏ ਅੱਖੀਂ ਦੇਖ ਚੁੱਕਾ ਸੀ ਇਸ ਲਈ ਉਸਦੇ ਮਨ ਵਿਚ

ਦ੍ਰਿੜ੍ਹ ਨਿਸਚਾ ਹੋ ਚੁੱਕਾ ਸੀ ਕਿ ਮੇਰਾ ਪਿਤਾ 'ਰਾਮ' ਜਾਂ ਪ੍ਰਭੂ ਨਹੀਂ ਹੈ, ਇਹ ਤਾਂ ਮਨੁੱਖ ਹੈ, ਆਮ ਮਨੁੱਖਾਂ ਵਰਗਾ, ਇਸ ਲਈ ਇਸਨੂੰ ਪ੍ਰਮੇਸਰ ਕਹਿਣਾ ਪਾਪ ਹੈ।) ਪ੍ਰਹਿਲਾਦ ਨੂੰ ਵੇਖ ਕੇ ਪਾਂਧਿਆਂ ਦਾ ਮਨ ਪ੍ਰਸੰਨ ਹੋਇਆ (ਕਿ ਸਾਡੇ ਪਾਸ, ਸਾਡੇ ਬਲਵਾਨ ਰਾਜੇ ਦਾ ਪੁੱਤਰ, ਪੜ੍ਹਨ ਲਈ ਆਇਆ ਹੈ)।

(੩) ਪ੍ਰਹਿਲਾਦ, ਮਨ ਵਿਚ ਭੀ ਰਾਮ ਦਾ ਨਾਮ ਸਿਮਰਦਾ ਤੇ ਉੱਚੀ ਧੁਨ ਨਾਲ ਵੀ 'ਰਾਮ' ਸ਼ਬਦ ਬੋਲਦਾ।

(੪) ਉਸਨੂੰ ਰਾਮ ਦੇ ਸਿਮਰਨ ਵਿਚ ਮਸਤ ਹੋਇਆ ਵੇਖਕੇ ਬਾਕੀ ਵਿਦਿਆਰਥੀ ਬੱਚੇ ਵੀ ਉਸ ਦੇ ਪਿੱਛੇ ਲੱਗ ਗਏ। ਇਹ ਵੇਖ ਪਾਂਧੇ (ਸੰਡਾ ਤੇ ਮਰਕਾ) ਹੈਰਾਨ ਹੋ ਗਏ (ਕਿ ਪ੍ਰਹਿਲਾਦ ਕੀ ਕਰ ਰਿਹਾ ਹੈ ? ਇਸਨੂੰ ਆਪਣੇ ਬਲਵਾਨ ਪਿਤਾ ਦੀ ਤਾਕਤ ਦਾ ਪਤਾ ਨਹੀਂ।)

(੫) ਦੋਹਾਂ ਪਾਂਧਿਆਂ ਨੇ ਰਾਜੇ ਪਾਸ ਜਾ ਕੇ ਪ੍ਰਹਿਲਾਦ ਦੀ ਹਾਲਤ ਰੋ ਰੋ ਕੇ ਦੱਸੀ, ਤੇ ਆਪਣੀ ਲਚਾਰੀ ਦੱਸੀ (ਕਿ ਸਾਡੀ ਉਹ ਨਹੀਂ ਮੰਨਦਾ, ਅਸੀਂ ਉਸਨੂੰ ਸਮਝਾ ਸਮਝਾ ਥੱਕ ਗਏ ਹਾਂ।) ਦੁਖਦਾਈ ਦੈਂਤ ਨੇ ਇਹ ਸੁਣ ਕੇ (ਕਿ ਮੇਰਾ ਪੁੱਤਰ ਹੀ ਮੇਰੀ ਨਹੀ ਮੰਨਦਾ, ਤਾਂ ਹੋਰ ਕੌਣ ਮੰਨੇਗਾ ?) ਝਗੜਾ ਵਧਾ ਦਿੱਤਾ।

(੬) (ਪ੍ਰਹਿਲਾਦ ਨੂੰ ਆਪਣੀ ਗੱਲ ਮਨਾਉਣ ਲਈ ਉਸ ਉਤੇ ਭਾਰੀ ਸਖ਼ਤੀ ਕੀਤੀ, ਸਜ਼ਾਵਾਂ ਦੇਣ ਲੱਗਾ।) ਸਮੁੰਦ੍ਰ ਦੇ ਅਥਾਹ ਡੂੰਘੇ ਪਾਣੀ ਵਿਚ ਸੁਟਵਾਇਆ, ਅੱਗ ਵਿਚ ਹੋਲਕਾਂ ਦੇ ਨਾਲ ਬੈਠਾਇਆ, ਪਰ ਪ੍ਰਹਿਲਾਦ ਗੁਰੂ ਦੀ ਕ੍ਰਿਪਾ ਨਾਲ ਨ ਡੁੱਬਾ ਨਾਹੀਂ ਸੜਿਆ।

(੭) (ਫਿਰ ਲੋਹੇ ਦਾ ਥੰਮ੍ਹ ਗਰਮ ਕੀਤਾ) ਤਾਂ ਤਲਵਾਰ ਕੱਢ ਕੇ ਕਹਿਣ ਲੱਗਾ ਦੱਸ ਮੈਨੂੰ, ਤੇਰਾ ਉਸਤਾਦ ਕੌਣ ਹੈ ?

(੮) ਇਹ ਕਹਿਣ ਦੀ ਦੇਰ ਸੀ ਕਿ ਲੋਹੇ ਦਾ ਗਰਮ ਕੀਤਾ ਥੰਮ੍ਹ ਪਾਟ ਗਿਆ ਤੇ ਉਸ ਵਿਚੋਂ ਨਰਸਿੰਘ (ਲੱਕੋਂ ਉਪਰ ਸ਼ੇਰ, ਤੇ ਥੱਲੇ ਆਦਮੀਂ ਦਾ ਸਰੀਰ ਸੀ) ਪ੍ਰਗਟ ਹੋਇਆ ਜਿਸਨੇ ਭਾਰੀ ਆਵਾਜ ਦਿੱਤੀ।

(੯) (ਹਰਨਾਖ਼ਸ਼ ਨੂੰ ਪੱਟਾਂ ਤੇ ਰੱਖ ਚੀਰ ਫਾੜ ਦਿੱਤਾ) ਬੇਮੁਖ ਨੂੰ ਪਛਾੜਿਆ ਤੇ ਸੰਤ ਦੀ (ਸਹਾਇਤਾ) ਜੋ ਆਦਿ ਜੁਗਾਦਿ ਤੋਂ (ਕਰਦਾ ਆਇਆ ਹੈ) ਕੀਤੀ।

(੧੦) ਖੰਡਾਂ ਬ੍ਰਹਿਮੰਡਾਂ ਵਿਚ ਪ੍ਰਭੂ ਦੀ ਜੈ ਜੈ ਕਾਰ ਹੋਈ ॥੨॥

***ਭਾਵਾਰਥ :*** ਮੁਲਤਾਨ ਦਾ ਨਾਸਤਕ ਰਾਜਾ ਹਰਨਾਖ਼ਸ਼ ਤੇ ਉਸਦਾ ਭਰਾ ਹਿਰਨਕਸ਼ਪ ਪ੍ਰਮੇਸ਼ਰ ਦੀ ਹੋਂਦ ਨੂੰ ਨਹੀਂ ਸੀ ਮੰਨਦੇ ਉਹ ਆਪਣੇ ਆਪ ਨੂੰ ਹੀ ਪ੍ਰਮੇਸ਼ਰ ਆਖਦੇ ਸਨ, ਸਾਰੀ ਪਰਜਾ ਨੂੰ ਜ਼ੋਰ ਜ਼ੁਲਮ ਨਾਲ ਨਾਸਤਕ ਬਣਾਉਂਦੇ ਸਨ, ਪਰ ਹਰਨਾਖ਼ਸ਼ ਦਾ ਆਪਣਾ ਪੁੱਤ੍ਰ ਹੀ ਪ੍ਰਮੇਸ਼ਰ ਦਾ ਭਗਤ ਨਿਕਲ ਆਇਆ। ਇਸਨੂੰ ਨਾਨਾ ਪ੍ਰਕਾਰ ਦੇ ਭਿਆਨਕ ਕਸ਼ਟ ਦਿੱਤੇ ਗਏ ਕਿ ਉਹ ਆਪਣੇ ਭਰੋਸੇ ਤੋਂ ਟਲ ਜਾਏ, ਪਰ ਉਹ ਸਿੱਧ ਅਵਸਥਾ ਨੂੰ ਪਹੁੰਚਾ ਬਾਲਕ ਨ ਟਲਿਆ। ਉਸਦੇ ਸਿਦਕ ਦਾ ਫਲ ਇਹ ਹੋਇਆ ਕਿ ਹਰਨਾਖ਼ਸ਼ ਨੂੰ ਜਾਨ ਦੇਣੀ ਪਈ ਤੇ ਪਰਜਾ ਸੁਖੀ ਹੋਈ। ਪ੍ਰਮੇਸਰ ਪੁਰ ਦ੍ਰਿੜ੍ਹ ਭਰੋਸਾ ਅਰ ਉਸਨੂੰ ਹਾਜਰ ਨਾਜਰ ਜਾਨਣਾ, ਪੁਰਾਤਨ ਭਗਤਾਂ ਵਿਚੋਂ ਪ੍ਰਹਿਲਾਦ ਨੂੰ ਬੜਾ ਹੀ ਉਚੇ ਦਰਜੇ ਦਾ ਨਸੀਬ ਸੀ। ਇਸ ਪਉੜੀ ਦਾ ਇਹੋ ਹੀ ਭਾਵ ਹੈ ਕਿ ਆਪਣੇ ਸਿਰਜਨਹਾਰ ਨੂੰ ਐਸਾ ਹਾਜ਼ਰ ਨਾਜ਼ਰ ਵੇਖੋ ਕਿ ਮਨ ਵਿਚ ਸੰਸੇ ਬ੍ਰਿਤੀ ਦਾ ਉੱਕਾ ਹੀ ਅਭਾਵ ਹੋ ਜਾਇ।

## ੩. ਰਾਜੇ ਬਲਿ ਦੀ ਵਾਰਤਾ

੧. ਬਲਿ ਰਾਜਾ ਘਰਿ ਆਪਣੈ<br>
ਅੰਦਰ ਬੈਠਾ ਜੱਗ ਕਰਾਵੈ।

੨. ਬਾਵਨ ਰੂਪੀ ਆਇਆ<br>
ਚਾਰ ਬੇਦ ਮੁਖ ਪਾਠ ਸੁਣਾਵੈ।

੩. ਰਾਜੇ ਅੰਦਰ ਸੱਦਿਆ<br>
ਮੰਗ ਸੁਆਮੀ ਜੋ ਤੁਧੁ ਭਾਵੈ।

੪. ਅਛਲ ਛਲਣ ਤੁਧੁ ਆਇਆ<br>
ਸੁਕ੍ਰ ਪ੍ਰੋਹਤ ਕਹਿ ਸਮਝਾਵੈ।

੫. ਕਰੋ ਅਢਾਈ ਧਰਤਿ ਮੰਗ<br>
ਪਿੱਛਹੁ ਦੇ ਤ੍ਰਿਹੁ ਲੋਅ ਨ ਮਾਵੈ।

੬. ਦੁਇ ਕਰਵਾਂ ਕਰਿ ਤਿੰਨ ਲੋਅ<br>
ਬਲਿ ਰਾਜਾ ਲੈ ਮਗਰੁ ਮਿਣਾਵੈ।

੭. ਬਲਛਲ ਆਪ ਛਲਾਇਅਨੁ<br>
ਹੋਇ ਦਯਾਲ ਮਿਲੈ ਗਲ ਲਾਵੈ।

੮. ਦਿੱਤਾ ਰਾਜ ਪਤਾਲ ਦਾ<br>
ਹੋਇ ਅਧੀਨ ਭਗਤ ਜਸ ਗਾਵੈ।

੯. ਹੋਇ ਦਰਵਾਨ ਮਹਾਂ ਸੁਖ ਪਾਵੈ ॥੩॥

**ਪਦ ਅਰਥ :** ਮੁਖ ਪਾਠ—ਮੂੰਹ ਜ਼ਬਾਨੀ। ਅਛਲ—ਜੋ ਛਲਿਆ ਨ ਜਾਵੇ। ਸੁਕ੍ਰ ਪ੍ਰੋਹਤ—ਬਲਿ ਰਾਜੇ ਦਾ ਗੁਰੂ। ਕਰੋ—ਉਲਾਘਾਂ। ਨ ਮਾਵੈ—ਨ ਸਮਿਚਣਾ, ਪੂਰਾ ਨ ਆਉਣਾ। ਮਗਰ—ਪਿਛਲਾ ਪਿੱਠ ਵਾਲਾ ਪਾਸਾ, ਲੰਮਾ ਪੈ ਕੇ। ਦਰਵਾਨ—ਡੇਉਢੀ ਬਰਦਾਰ।

**ਅਰਥ :**

ਪ੍ਰ: ਭਾਈ ਸਾਹਿਬ ਜੀਓ! ਸਨਾਤਨ ਪੁਸਤਕਾਂ ਰਾਹੀਂ ਸੁਣਿਆ ਗਿਆ ਹੈ ਕਿ ਰਾਜਾ ਬਲਿ ਵੀ ਸਤਿਜੁਗ ਵਿਚ ਹੋਇਆ ਹੈ ਕੀ ਆਪ ਜੀ ਉਸਦੀ ਸੰਪੂਰਨ ਕਥਾ ਨੂੰ ਖ਼ੁਲਾਸੇ ਰੂਪ ਵਿਚ ਸੁਨਾਉਣ ਦੀ ਕ੍ਰਿਪਾ ਕਰੋਗੇ ?

ਉ: ਹੇ ਭਾਈਓ! ਜੋ ਬਲਿ ਰਾਜੇ ਦੀ ਵਾਰਤਾ ਸੀਨੇ-ਬ-ਸੀਨੇ ਚਲੀ ਆ ਰਹੀ ਮੇਰੇ ਸੁਣਨ ਵਿਚ ਆਈ ਹੈ ਉਸਨੂੰ ਸੰਖੇਪ ਰੂਪ ਵਿਚ ਮੈਂ ਤੁਹਾਡੇ ਹਾਜ਼ਰ ਕਰਦਾ ਹਾਂ ਆਸ ਹੈ ਕਿ ਆਪ ਜੀ ਕਬੂਲ ਕਰੋਗੇ।

(੧) ਹੇ ਭਾਈਓ! ਬਲਿ ਰਾਜਾ (ਇਹ ਪ੍ਰਹਿਲਾਦ ਦਾ ਪੋਤ੍ਰਾ ਸੀ) ਆਪਣੇ ਘਰ ਵਿਚ ਬੈਠ ਕੇ ਜੱਗ ਕਰਵਾ ਰਿਹਾ ਸੀ (ਇਸਨੇ ਸੁਣਿਆ ਸੀ ਕਿ ੧੦੦ ਜਗ ਕਰਨ ਪਿਛੋਂ ਸੁਰਗ ਪੁਰੀ ਦਾ ਰਾਜ ਇੰਦ੍ਰ ਨੂੰ ਛੱਡਣਾ ਪੈਂਦਾ ਹੈ ਤੇ ਜਗ ਕਰਨ ਵਾਲੇ ਨੂੰ ਮਿਲ ਜਾਂਦਾ ਹੈ। ਪੁਰਾਣਾਂ ਵਿਚ ਲਿਖੀ ਕਥਾ ਅਨੁਸਾਰ ੯੯ ਯੱਗ ਇਹ ਕਰ ਚੁੱਕਾ ਸੀ ਤੇ ੧੦੦ਵਾਂ ਕਰ ਰਿਹਾ ਸੀ। ਇੰਦ੍ਰ ਨੇ ਵਿਸ਼ਨੂੰ ਪਾਸ ਜਾ ਕੇ ਪੁਕਾਰ ਕੀਤੀ ਕਿ ਮੇਰੀ ਰੱਖਿਆ ਕਰੋ, ਮੈਨੂੰ ਬਚਾਓ) ਤਾਂ—

(੨) (ਵਿਸਨੂੰ ਜੀ) ਵਾਉਣਾ (ਮਧਰਾ ਕੱਦ) ਬਣਾ ਕੇ, ਬਲਿ ਦੇ ਬੂਹੇ ਆ ਗਏ। ਉਹ ਚਾਰੇ ਵੇਦਾਂ ਦਾ ਪਾਠ ਮੂੰਹ ਜ਼ਬਾਨੀ ਹੀ ਕਰੀ ਜਾ ਰਹੇ ਸਨ। (ਬਲ ਨੂੰ ਖ਼ੁਸ਼ੀ ਤੇ ਹੰਕਾਰ ਸੀ ਕਿ ਅੱਜ ਤੱਕ ੧੦੦ ਯੱਗ ਕਿਸੇ ਦਾ ਵੀ ਪੂਰਾ ਨਹੀਂ ਹੋਇਆ ਪਰ ਮੇਰਾ ਪੂਰਾ ਹੋ ਚਲਿਆ ਹੈ ਤੇ ਮੈਂ ਇਹ ਜਗ ਪੂਰਾ ਹੁੰਦੇ ਹੀ ਸੁਰਗਪੁਰੀ ਦਾ ਮਾਲਕ ਬਣ ਜਾਵਾਂਗਾ। ਉਹ ਮੂੰਹ ਮੰਗੇ ਦਾਨ ਪੁੰਨ ਕਰੀ ਜਾ ਰਿਹਾ ਸੀ। ਰਾਣੀਆਂ, ਪੁੱਤ੍ਰ, ਧੀਆਂ ਤੇ ਰਾਜ ਤਕ ਦਾਨ ਕਰ ਦੇਣ ਦੀ ਭੀ ਭਾਵਨਾ ਰੱਖਦਾ ਸੀ)।

(੩) ਰਾਜੇ ਨੇ ਅੰਦਰ ਬੁਲਾ ਕੇ ਕਿਹਾ, ਹੇ ਸੁਆਮੀ ਜੀ! ਮੰਗ ਲੈ, ਜੋ ਤੁਹਾਨੂੰ ਚਾਹੀਦਾ ਹੈ।

(੪) ਸੁਕ੍ਰ ਪਰੋਹਿਤ ਬਲਿ ਰਾਜਾ ਦਾ ਗੁਰੂ ਸੀ, ਉਸਨੇ ਰੋਕਿਆ ਕਿ (ਹੇ ਰਾਜਨ!) ਇਹ ਤਾਂ ਅਛੱਲ ਨਾ ਛਲੇ ਜਾਣ ਵਾਲਾ, ਭਾਵ (ਪ੍ਰਭੂ) ਤੈਨੂੰ ਛਲਣ ਲਈ ਆਇਆ ਹੈ। ਇਸ ਲਈ ਸੰਭਲ ਕੇ ਬੋਲੋ, ਪਰ ਬਲਿ ਦੇ ਸਿਰ ਤੇ ਯੱਗਾਂ ਦੀ ਸੰਪੂਰਨਤਾ ਦਾ ਭੂਤ ਅਸਵਾਰ ਸੀ। ਉਸਨੇ ਸੁਣੀ ਨੂੰ ਅਨਸੁਣੀ ਕਰਕੇ ਫਿਰ ਆਪਣੀ ਗੱਲ ਨੂੰ ਦੁਹਰਾਇਆ।

(੫) ਤਾਂ ਬਾਵਨ ਨੇ ਕੇਵਲ ਢਾਈ ਕਦਮਾਂ ਜ਼ਮੀਨ ਦੀ ਮੰਗ ਕੀਤੀ ਕਿ ਕੁਟੀਆ ਵਾਸਤੇ ਉਸਨੂੰ ਏਨੀ ਹੀ ਲੋੜ ਹੈ, ਪਰ ਬਲਿ ਦੇ 'ਹਾਂ' ਕਰਨ ਦੀ ਦੇਰ ਸੀ ਕਿ ਬਾਵਨ ਰੂਪੀ ਬ੍ਰਾਹਮਣ ਦਾ ਸਿਰ ਉੱਚਾ ਹੋ ਕੇ ਅਕਾਸ਼ ਨੂੰ ਜਾ ਲੱਗਾ।

(੬) ਉਸਨੇ ਦੋ ਕਦਮਾਂ ਵਿਚ ਹੀ ਸਾਰੀ ਧਰਤੀ ਤੇ ਤਿੰਨ ਲੋਕ ਮਿਣ ਲਏ ਤੇ ਬਾਕੀ ਅੱਧੇ ਕਦਮ ਦੀ ਹੋਰ ਮੰਗ ਕੀਤੀ। ਬਲਿ ਨੂੰ ਪੂਰਾ ਯੱਗ ਦੇ ਨ ਹੋਣ ਦਾ ਫ਼ਿਕਰ ਸੀ, ਪਰ ਏਥੇ ਗੱਲ ਹੀ ਹੋਰ ਬਣ ਗਈ। ਬਾਕੀ ਅੱਧੇ ਕਦਮ ਲਈ ਬਲਿ ਨੇ ਆਪਣਾ ਆਪ ਪੇਸ਼ ਕਰ ਦਿੱਤਾ। ਬਾਵਨ ਨੇ ਉਸਦੀ ਪਿੱਠ ਤੇ ਪੈਰ ਰੱਖ ਕੇ ਉਸਨੂੰ ਪਤਾਲ ਵਿਚ ਧੱਕ ਦਿੱਤਾ। ਬਲਿ ਦੇ ਸਿਦਕ ਤੇ ਭਗਤੀ ਨੇ ਰੰਗ ਲਾਇਆ।

(੭) ਬਲਿ ਨੇ (ਬਾਵਨ ਦੇ) ਛਲ ਨਾਲ ਆਪ ਨੂੰ ਛਲਾ ਲੀਤਾ (ਇਸ ਗੱਲ ਪਰ) ਦਇਆਲੂ ਹੋ ਕੇ (ਉਸਨੇ) ਮਿਲ ਕੇ (ਬਲਿ ਨੂੰ) ਗੱਲ ਨਾਲ ਲਾਇਆ ਤੇ ਕਿਹਾ ਹੁਣ ਤੂੰ ਮੰਗ ਜੋ ਤੇਰੀ ਇੱਛਾ ਹੈ। ਬਲਿ ਨੇ ਕਿਹਾ, ਬਸ ਹਰ ਸਮੇਂ ਮੇਰੇ ਪਾਸ ਰਹੋ। ਇਹ ਮੰਗ ਕਰ ਦਿੱਤੀ।

(੮) ਭਗਵਾਨ ਨੇ ਪ੍ਰਸੰਨ ਹੋ ਕੇ ਬਲਿ ਨੂੰ ਪਤਾਲ ਦਾ ਰਾਜ ਦਿਤਾ। ਅਧੀਨ ਹੋ ਕੇ ਭਗਵਾਨ ਨੇ ਆਪਣੇ ਭਗਤ ਦੀ ਸਿਫ਼ਤ ਸਾਲਾਹ ਕੀਤੀ।

(੯) ਆਪਣੇ ਭਗਤ ਦਾ ਦਰਵਾਨ (ਸੰਤਰੀ) ਬਣ ਕੇ ਸੁਖ ਪ੍ਰਾਪਤ ਕੀਤਾ। (ਕਹਿੰਦੇ ਹਨ ਕਿ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਤਿੰਨੇ ਉਸਦੇ ਘਰ ਅਗੇ ਚਾਰ ਚਾਰ ਮਹੀਨੇ ਦਰਵਾਨੀ ਕਰਦੇ ਹਨ)।੩।

**ਭਾਵਾਰਥ :** ਭਾਈ ਸਾਹਿਬ ਜੀ ਇਸ ਵਾਰ ਵਿਚ ਪੁਰਾਤਨ ਭਗਤਾਂ ਦੇ ਜਗਤ ਪ੍ਰਸਿੱਧ ਪ੍ਰਸੰਗ ਕਹਿ ਰਹੇ ਹਨ, ਜਿਸ ਤੋਂ ਉਨ੍ਹਾਂ ਦਾ ਭਾਵ ਇਤਿਹਾਸਕ ਸਤਯਤਾ ਖੋਜ ਕੇ ਇਤਿਹਾਸ ਲਿਖਣ ਦਾ ਨਹੀਂ ਹੈ, ਪਰ ਉਪਦੇਸ਼ ਦੇਣ ਦਾ ਹੈ, ਕਿਉਂਕਿ ਆਪ ਪੁਸਤਕ ਉਪਦੇਸ਼ ਦਾ ਲਿਖ ਰਹੇ ਹਨ। ਇਸ ਵਾਰਤਾ ਵਿਚ ਸਾਡੇ ਸਾਹਮਣੇ ਤਿੰਨ ਸਿਧਾਂਤ ਨਜ਼ਰ ਆਉਂਦੇ ਹਨ।

ਪਹਿਲਾ ਸਿਧਾਂਤ ਹੈ ਕਿ ਨੇਕੀ ਕਰਨ ਵਾਲੇ ਨੂੰ ਨੇਕੀ ਹੀ ਕਰਨੀ ਚਾਹੀਦੀ ਹੈ। ਚਾਹੇ ਅਗਲਾ ਦੁਖ ਦੇਵੇ ਅਰ ਪਹਿਲੇ ਪਤਾ ਭੀ ਹੋਵੇ ਕਿ ਮੈਨੂੰ ਦੁੱਖ ਮਿਲੇਗਾ ਤਦ ਭੀ ਨੇਕੀ ਹੀ ਕਰੇ।

ਦੂਸਰਾ ਇਹ ਕਿ ਧਰਮ ਕਰਦਿਆਂ ਹਉਮੈ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਗੁਰਮਤ ਨੇ ਸਭ ਤੋਂ ਵੱਡਾ ਰੋਗ ਹਉਮੈਂ ਨੂੰ ਹੀ ਮੰਨਿਆ ਹੈ, ਬਲਿ ਰਾਜੇ ਨੂੰ ਧਰਮ ਕਰਦਿਆਂ ਹਉਮੈਂ ਹੋ ਗਈ ਸੀ ਜਿਸਦਾ ਇਹ ਇਲਾਜ ਹੋਇਆ।

ਤੀਸਰੀ ਸਿਖਿਆ ਇਹ ਮਿਲਦੀ ਹੈ ਕਿ ਹਰ ਮਨੁੱਖ ਮਾਤਰ ਨੂੰ ਉਸ ਰਾਜਕ ਦੀ ਰਜਾ ਵਿਚ ਹਰ ਸਮੇਂ ਹੀ ਰਾਜੀ ਰਹਿਣਾ ਚਾਹੀਦਾ ਹੈ, ਜਿਵੇਂ ਕਿ ਪਤਾਲ ਵਿਚ ਡਿੱਗ ਕੇ ਭੀ ਬਲਿ ਰਾਜੇ ਦਾ ਭਰੋਸਾ ਦ੍ਰਿੜ੍ਹ ਰਿਹਾ ਹੈ, ਜਿਸਦਾ ਸਦਕਾ ਵਾਹਿਗੁਰੂ ਉਸਨੂੰ ਸਾਖਯਾਤਕਾਰ ਹੋ ਗਿਆ।

## ੪. ਤ੍ਰੇਤੇ ਜੁਗ ਦੇ ਭਗਤਾਂ ਦੀ ਕਥਾ

੧. ਅੰਬਰੀਕ ਮੁਹਿ ਵਰਤ ਹੈ
ਰਾਤਿ ਪਈ ਦੁਰਬਾਸ਼ਾ ਆਯਾ।
੨. ਭੀੜਾ ਓਸ ਉਪਾਰਣਾ
ਓਹ ਉਠਿ ਨ੍ਹਾਵਣ ਨਦੀ ਸਿਧਾਯਾ।
੩. ਚਰਣੋਦਕ ਲੈ ਪੋਖਿਆ
ਓਹ ਸਰਾਪ ਦੇਣ ਨੋਂ ਧਾਯਾ।
੪. ਚਕ੍ਰ ਸੁਦਰਸ਼ਨ ਕਾਲ ਰੂਪ ਹੋਇ
ਭੀਹਾਵਲ ਗਰਬ ਗਵਾਯਾ।
੫. ਬਾਮ੍ਹਣ ਭੰਨਾ ਜੀਉ ਲੈ
ਰੱਖ ਨ ਹੰਘਨ ਦੇਵ ਸਬਾਯਾ।
੬. ਇੰਦ੍ਰਲੋਕ ਸ਼ਿਵਲੋਕ ਤਜਿ
ਬ੍ਰਹਮਲੋਕ ਬੈਕੁੰਠ ਤਜਾਯਾ।
੭. ਦੇਵਤਿਆਂ ਭਗਵਾਨ ਸਣ
ਸਿੱਖ ਦੇਇ ਸਭਨਾਂ ਸਮਝਾਯਾ।
੮. ਆਇ ਪਇਆ ਸਰਣਾਗਤੀ
ਮਾਰੀਦਾ ਅੰਬਰੀਕ ਛਡਾਯਾ।
੯. ਭਗਤ ਵਛਲ ਜਗਿ ਬਿਰਦ ਸਦਾਯਾ ॥੪॥

*ਪਦ ਅਰਥ :* ਰਾਤ ਪਈ—ਰਾਤ ਬੀਤੀ। (ਇਕਾਦਸੀ ਦੀ) ਸੰਧਿਆ ਦੇ ਮਗਰੋਂ। ਭੀੜਾ—ਵਰਤ। ਭੀਹਾਵਲ—ਭਿਆਨਕ। ਹੰਘਨ—ਨਾ ਕਰ ਸਕਣਾ।

### ਅਰਥ :

**ਪ੍ਰ:** ਭਾਈ ਸਾਹਿਬ ਜੀਉ! ਜਿਥੇ ਆਪ ਜੀ ਨੇ ਸਤਿਜੁਗ ਵਿਚ ਹੋ ਗੁਜਰੇ ਭਗਤ ਜਨਾਂ, ਦੀਆਂ ਜੀਵਨੀਆ ਦੀ ਕੁਝ ਜਾਣਕਾਰੀ ਕਰਵਾਈ ਹੈ, ਉਥੇ ਤ੍ਰੇਤੇ ਵਿਚ ਜੋ ਭਗਤ ਹੋਏ ਹਨ, ਜਿਵੇਂ ਕਿ ਅੰਬਰੀਕ, ਰਾਜਾ ਜਨਕ ਅਤੇ ਹਰੀ ਚੰਦ ਤੇ ਤਾਰਾ ਰਾਣੀ ਆਦਿ ਇਨ੍ਹਾਂ ਦੀਆ ਕਥਾ ਭੀ ਸੁਨਾਉਣ ਦੀ ਕ੍ਰਿਪਾ ਕਰੋ ਤਾਕਿ ਇਨ੍ਹਾਂ ਬਾਰੇ ਭੀ ਸਾਨੂੰ ਕੁੱਝ ਸੂਝ ਬੂਝ ਹੋ ਸੱਕੇ ?।

**ਉ:** ਹੇ ਭਾਈਓ! ਇਨ੍ਹਾਂ ਭਗਤ ਜਨਾਂ ਦੀਆਂ ਜੀਵਨੀਆਂ ਜੋ ਪੁਰਾਣਾ ਦੁਆਰੇ ਸੀਨੇ-ਬ-ਸੀਨੇ ਸੁਣੀਆਂ ਜਾਂਦੀਆਂ ਹਨ ਉਨ੍ਹਾਂ ਵਿਚੋਂ ਜੋ ਮੇਰੀ ਚਿਤਵਨੀ ਵਿਚ ਹੈ, ਉਹ ਆਪ ਜੀ ਨੂੰ ਸੁਨਾਉਣ ਦਾ ਯਤਨ ਕਰਦਾ ਹਾ, ਹੁਣ ਆਪ ਪਹਿਲੋਂ ਅੰਬਰੀਕ ਭਗਤ ਦੀ ਕਹਾਣੀ ਸੁਣੋ :

### (ਅੰਬਰੀਕ ਭਗਤ)

(ਧ੍ਰੂ, ਪ੍ਰਹਿਲਾਦ ਤੇ ਬਲਿ, ਇਹ ਸਤਿਜੁਗ ਦੇ ਭਗਤ ਸਨ, ਪਰ ਅੰਬਰੀਕ ਤ੍ਰੇਤੇ ਜੁਗ ਦਾ ਭਗਤ ਸੀ।) ਅੰਬਰੀਕ ਇਕਾਦਸੀ ਦਾ ਵਰਤ ਰਖਦਾ ਸੀ, ਜੋ ਦੁਆਦਸੀ ਥਿਤ ਸੁਰੂ ਹੋਣ 'ਤੇ ਖੋਲ੍ਹਦਾ ਸੀ।

(ਭਾਈ ਗੁਰਦਾਸ ਜੀ ਇਹ ਸਾਖੀਆਂ ਆਪਣੀ ਜਾਂ ਸਿੱਖੀ ਦੀ ਮਨੌਤ ਅਨੁਸਾਰ ਨਹੀਂ, ਸਗੋਂ ਕੇਵਲ ਇਕੋ ਅੰਗ ਭਗਤੀ ਭਾਵ ਪ੍ਰਗਟਾਉਣ ਤੇ ਗੁਰਸਿੱਖਾ ਨੂੰ ਵਾਕਫੀਅਤ ਦੇਣ ਦੇ ਖਿਆਲ ਨਾਲ ਹੀ ਲਿਖ ਰਹੇ ਹਨ, ਇਹ ਸਾਖੀਆਂ ਪੜ੍ਹਨ ਸਮੇ ਇਸ ਗੱਲ ਨੂੰ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ ਕਿ ਇਨ੍ਹਾ ਭਗਤਾਂ ਦੇ ਨਾਮ ਗੁਰਬਾਣੀ ਵਿਚ ਵੀ ਕੇਵਲ ਇਸੇ ਇਕ ਅੰਗ—ਭਗਤੀ ਭਾਵ ਨੂੰ ਸਮਝਾਉਣ ਲਈ ਕਈ ਕਈ ਵੇਰਾਂ ਆਏ ਹਨ।)

(੧) ਇਕ ਵਾਰੀ ਅੰਬਰੀਕ ਨੇ ਵਰਤ ਰਖਿਆ ਹੋਇਆ ਸੀ ਜਿਸਦਾ ਸਮਾਂ ਮੁੱਕਣ ਵਾਲਾ ਸੀ, ਪਰ ਸਮਾਂ ਮੁੱਕਣ ਤੋਂ ਕੁਝ ਸਮਾਂ ਪਹਿਲੇ ਦੁਰਬਾਸ਼ਾ ਰਿਖੀ ਆ ਗਿਆ। ਉਸਨੂੰ ਪਤਾ ਸੀ ਕਿ ਅੰਬਰੀਕ ਰਾਜੇ ਨੇ ਵਰਤ ਰੱਖਿਆ ਹੋਇਆ ਹੈ, ਤੇ ਦੁਆਦਸੀ ਥਿੱਤ ਵੀ ਲੱਗਣ ਹੀ ਵਾਲੀ ਹੈ, ਜਦੋਂ ਕਿ ਰਾਜੇ ਨੇ ਵਰਤ ਜਰੂਰ ਖੋਲ੍ਹਣਾ ਹੈ।

(੨) ਉਸ ਨੇ ਕਿਹਾ, ਰਾਜੇ ਦਾ ਵਰਤ ਮੈਂ ਖੁਲ੍ਹਾਵਾਂਗਾ, ਪਰ ਏਨਾਂ ਕਹਿ ਕੇ ਉਹ ਜਾਣ ਬੁਝ ਕੇ ਨਦੀ 'ਤੇ ਨ੍ਹਾਉਣ

ਚਲਾ ਗਿਆ ਕਿ ਜੇ ਮੇਰੇ ਹੱਥੋਂ ਵਰਤ ਨ ਖੁਲ੍ਹਾਇਆ, ਤਾਂ ਮੈਂ ਸਰਾਪ ਦੇਵਾਗਾ ਤੇ ਜੇ ਨਾ ਖੋਲ੍ਹੇਗਾ ਤਾ ਤਰੋਦਸੀ ਕਰਕੇ ਪਾਪੀ ਬਣੇਗਾ।

(੩) ਅੰਬਰੀਕ ਨੇ ਠਾਕਰਾਂ ਦਾ ਚਰਣਾਮ੍ਰਿਤ ਲੈ ਕੇ ਵਰਤ ਖੋਲ੍ਹ ਲਿਆ। ਦੁਰਬਾਸਾ ਉਸ ਵੇਲੇ ਸਰਾਪ ਦੇਣ ਲਈ ਰਾਜੇ ਵੱਲ ਉੱਠ ਦੌੜਿਆ। (ਪੁਰਾਣਕ ਕਥਾਵਾਂ ਵਿਚ ਦੁਰਬਾਸ਼ਾ ਰਿਖੀ ਨੂੰ ਬੜਾ ਤਾਮਸੀ (ਗੁਸੇ ਵਾਲਾ) ਲਿਖਿਆ ਹੈ, ਝੱਟ ਹੀ ਸਰਾਪ ਦੇਣ ਦੀ ਇਸਨੂੰ ਆਦਤ ਪਈ ਹੋਈ ਸੀ, ਪਰ ਪ੍ਰਮੇਸ਼ਰ ਨੇ ਇਸਨੂੰ ਆਦਤ ਤੋਂ ਰੋਕਣ ਲਈ ਚੱਕਰ ਚਲਾ ਦਿੱਤਾ)।

(੪) ਦੁਰਬਾਸ਼ਾ ਰਿਖੀ ਜਦ ਲਿਟਾਂ ਪਟਕ ਕੇ, ਉਨ੍ਹਾਂ ਵਿਚੋ ਅਗਨੀ ਕੱਢ ਰਾਜੇ ਨੂੰ ਸਾੜਨ ਲੱਗਾ ਤਾਂ ਉਸ ਵੇਲੇ ਭਗਵਾਨ ਦਾ ਸੁਦਰਸ਼ਨ ਚੱਕਰ ਰਾਜੇ ਦੀ ਰਾਖੀ ਲਈ ਆ ਪੁੱਜਾ।

(੫) ਉਹ ਅਗਨੀ ਜੋ ਰਾਜੇ ਨੂੰ ਸਾੜਨ ਲੱਗੀ ਸੀ, ਉਹ ਸੁਦਰਸ਼ਨ ਚੱਕਰ ਦੀ ਮੋੜੀ ਹੋਈ, ਰਿਖੀ ਦੇ ਮਗਰ ਲੱਗ ਪਈ। ਰਿਖੀ ਦਾ ਹੰਕਾਰ ਟੁੱਟ ਗਿਆ। ਉਹ ਅੱਗ ਤੋਂ ਬਚਣ ਲਈ ਸਿਵਜੀ, ਵਿਸ਼ਨੂੰ, ਬ੍ਰਹਮਾ ਵੱਡੇ ਦੇਵਤਿਆਂ ਕੋਲ ਪੁਜਾ, ਪਰ ਕਿਸੇ ਨੇ ਵੀ ਉਸਨੂੰ ਬਚਾਣਾ ਨ ਮੰਨਿਆ, ਅਸਮਰੱਥਤਾ ਪ੍ਰਗਟ ਕਰ ਦਿਤੀ।

(੬) ਇੰਦਰ ਲੋਕ, ਸ਼ਿਵਪੁਰੀ ਤੇ ਬ੍ਰਹਮ ਲੋਕ, ਬੈਕੁੰਠ ਤੱਕ ਗਿਆ।

(੭) ਉਸਨੂੰ ਦੇਵਤਿਆ ਤੇ ਭਗਵਾਨ ਵਿਸ਼ਨੂੰ ਨੇ ਸਮਝਾਇਆ (ਕਿ ਤੂੰ ਰਾਜੇ ਅੰਬਰੀਕ ਕੋਲ ਹੀ ਜਾਹ ਜੇ ਬਚਣਾ ਹੈ।)

(੮) ਸੋ ਦੁਰਬਾਸਾ ਰਿਖੀ ਅੰਬਰੀਕ ਦੀ ਸਰਨੀ ਆਣ ਡਿੱਗਾ, ਰਾਜੇ ਨੇ ਅਰਦਾਸ ਕੀਤੀ ਤੇ ਅਗਨੀ ਨਾਲ ਮਾਰੇ ਜਾ ਰਹੇ ਦੁਰਬਾਸਾ ਰਿਖੀ ਨੂੰ ਮੌਤ ਕੋਲੋਂ ਛੁਡਾ ਲਿਆ।

(੯) ਭਗਵਾਨ ਨੇ ਆਪਣੇ ਭਗਤਾਂ ਦੀ ਰਾਖੀ ਕਰਨ (ਭਗਤ ਵਛਲ ਹੋਣ) ਦੇ ਬਿਰਦ ਨੂੰ ਕਾਇਮ ਰਖਿਆ ਤੇ ਭਗਤ ਵਛਲ ਸਦਾਇਆ।੪।

***ਭਾਵਾਰਥ :*** ਇਹ ਭਗਤ ਮਾਲ ਦੀ ਕਥਾ ਹੈ। ਇਸ ਵਿਚ ਇਹ ਉਪਦੇਸ ਹੈ ਕਿ ਰੱਬੀ ਮਾਰਗ ਪਰ ਚਲਣ ਵਾਲਾ ਭਗਤ ਪੁਰਸ਼ ਕ੍ਰੋਧੀ ਨਾ ਹੋਵੇ, ਵਿਸ਼ੇ ਅਧੀਨ ਨਾ ਰਹੇ। ਦੂਜੇ ਜਦ ਆਦਮੀ ਭੁੱਲ ਕਰੇ ਤਾਂ ਜਿਸਦੀ ਭੁਲ ਕਰੇ ਉਸ ਪਾਸੋ ਖਿਮਾਂ ਚਾਹੇ। ਹੋਰ ਸਾਧਨ ਕਰਨੇ ਨਿਸਫਲ ਹਨ, ਜਦ ਤਕ ਕਿ ਉਸਦਾ ਆਤਮਾ ਤਪਦਾ ਹੈ। ਤੀਜਾ ਇਹ ਹੈ ਕਿ ਜਿਸ ਤਰ੍ਹਾਂ ਅੰਬਰੀਕ ਨੇ ਮਾਫ਼ ਕੀਤਾ ਹੈ ਉਸੇ ਤਰ੍ਹਾਂ ਸਦਾ ਹੀ ਮਾਫ਼ ਕਰਨ ਨੂੰ ਤਿਆਰ ਰਹੇ। ਚੌਥੇ ਜਦ ਪ੍ਰਮੇਸ਼ਰ ਪਿਆਰਿਆ ਨੂੰ ਕੋਈ ਸਤਾਵੇ ਤਦ ਉਠ ਕੇ ਉਸ ਦੇ ਨਾਲ ਨਾ ਲੜਨ ਪਰ ਆਪਣੇ ਪ੍ਰਮੇਸ਼ਰ 'ਤੇ ਭਰੋਸਾ ਰੱਖਣ ਅਰ ਉਸਦੀ ਓਟ ਵਿਚੋਂ ਮਨ ਨੂੰ ਨਾ ਕੱਢਣ।

## ੫. ਰਾਜਾ ਜਨਕ ਦੀ ਸਾਖੀ

**੧. ਭਗਤ ਵੱਡਾ ਰਾਜਾ ਜਨਕ ਹੈ**
**ਗੁਰਮੁਖ ਮਾਯਾ ਵਿਚ ਉਦਾਸੀ।**
**੨. ਦੇਵਲੋਕ ਨੋਂ ਚੱਲਿਆ**
**ਗਣ ਗੰਧਰਬ ਸਭਾ ਸੁਖਵਾਸੀ।**
**੩. ਜਮਪੁਰਿ ਗਯਾ ਪੁਕਾਰ ਸੁਣਿ**
**ਵਿਲਲਾਵਨ ਜੀ ਨਰਕ ਨਿਵਾਸੀ।**
**੪. ਧਰਮਰਾਇ ਨੋਂ ਆਖਿਓਨੁ**
**ਸਭਨਾਂ ਦੀ ਕਰਿ ਬੰਦ ਖਲਾਸੀ।**
**੫. ਕਰੇ ਬੇਨਤੀ ਧਰਮਰਾਇ**
**ਹਉ ਸੇਵਕ ਠਾਕੁਰ ਅਬਿਨਾਸੀ।**
**੬. ਗਹਿਣੇ ਧਰਿਅਨੁ ਇੱਕ ਨਾਉਂ**
**ਪਾਪਾਂ ਨਾਲ ਕਰੇ ਨਿਰਜਾਸੀ।**
**੭. ਪਾਸੰਗ ਪਾਪ ਨ ਪੁੱਜਨੀ**
**ਗੁਰਮੁਖ ਨਾਉਂ ਅਤੁੱਲ ਨ ਤੁਲਾਸੀ।**
**੮. ਨਰਕਹੁੰ ਛੁੱਟੇ ਜੀਅ ਜੰਤ**
**ਕੱਟੀ ਗਲਹੁੰ ਸਿਲਕ ਜਮ ਫਾਸੀ।**
**੯. ਮੁਕਤਿ ਜੁਗਤਿ ਨਾਵੈਂ ਦੀ ਦਾਸੀ ॥੫॥**

***ਪਦ ਅਰਥ :*** ਸੁਖਵਾਸੀ—ਸੁਖਾਂ ਦਾ ਘਰ, ਭਲੇ, ਟਹਿਲ ਕਰਨ ਵਾਲੇ। ਵਿਲਲਾਵਨ—ਰੋਣਾ ਤੇ ਕੁਰਲਾਣਾ। ਬੰਦ ਖਲਾਸੀ—ਕੈਦੋਂ ਕੱਢਣਾ। ਨਿਰਜਾਸੀ—ਤੋਲ ਕਰਨਾ, ਨਿਰਣਾ। ਸਿਲਕ—ਕਰੜੀ ਫਾਹੀ। ਦਾਸੀ—ਸੇਵਕ

***ਅਰਥ :***

(੧) ਜਨਕ ਰਾਜਾ ਵੱਡਾ ਭਗਤ ਹੋਇਆ ਹੈ, ਜੋ ਮਾਇਆ ਵਿਚ ਉਦਾਸ ਰਹਿਣ ਵਾਲਾ (ਸੰਜਟ) ਗੁਰਮੁਖ ਸੀ।

(੨) ਉਹ ਦੇਵ ਲੋਕ ਨੂੰ ਚਲਿਆ (ਉਸਦੇ ਨਾਲ) ਸੁਖਾਂ ਨੂੰ ਦੇਣ ਵਾਲੀ, ਗਣਾਂ ਤੇ ਗੰਧਰਬਾਂ ਦੀ ਬਹੁਤ ਵੱਡੀ ਸਭਾ (ਉਨ੍ਹਾਂ ਦੀ ਸੋਭਾ ਕਰਦੀ) ਜਾ ਰਹੀ ਸੀ।

(੩) ਜਾਂਦਿਆਂ ਨੂੰ, ਰਸਤੇ ਵਿਚ, ਜਮਪੁਰੀ ਵਿਚ ਕੈਦ ਕੀਤੇ ਜੀਵਾਂ ਦੀ ਕੁਰਲਾਹਟ ਉਸਦੇ ਕੰਨੀ ਪਈ।

(੪) ਧਰਮ ਰਾਜੇ ਕੋਲ ਜਾ ਕੇ ਰਾਜੇ ਨੇ ਕਿਹਾ, ਇਨ੍ਹਾਂ ਦੁਖੀ ਜੀਵਾਂ ਨੂੰ ਛੱਡ ਦਿਓ, ਇਨ੍ਹਾਂ ਦੇ ਬੰਧਨ ਖੋਹਲ ਦਿਓ।

(੫) ਧਰਮਰਾਇ (ਇਹ ਸਭ ਕੁਝ ਪ੍ਰਮੇਸ਼ਰ ਦੇ ਹੁਕਮ ਨਾਲ ਕਰ ਰਿਹਾ ਸੀ। ਉਹ) ਕਹਿਣ ਲਗਾ ਕਿ ਮੈਂ ਤਾਂ ਅਬਿਨਾਸੀ ਠਾਕੁਰ ਦਾ ਸੇਵਕ ਹਾਂ, (ਸੇਵਕ ਮਾਲਕ ਦੇ ਹੁਕਮ ਦੀ ਉਲੰਘਣਾ ਕਿਵੇਂ ਕਰੇ ? ਇਨ੍ਹਾਂ ਨੇ ਨਾਮ ਨਹੀਂ ਜਪਿਆ, ਇਹ ਪ੍ਰਮੇਸ਼ਰ ਤੋਂ ਬੇਮੁਖਤਾ ਦੀ ਸਜਾ ਭੁਗਤ ਰਹੇ ਹਨ। ਹਾਂ ਪ੍ਰਮੇਸ਼ਰ ਦੇ ਭਜਨ ਸਿਮਰਨ ਦੇ ਇਵਜ਼ ਵਿਚ ਜੇ ਤੁਸੀਂ ਚਾਹੋ ਤਾਂ ਐਸਾ ਹੋ ਸਕਦਾ ਹੈ।)

(੬) ਇਹ ਸੁਣ ਕੇ ਧਰਮੀ ਰਾਜਾ ਜਨਕ ਜੀ, ਜੋ ਸੱਚੇ ਗੁਰਮੁਖ ਸਨ, ਉਨ੍ਹਾਂ ਨੇ ਆਪਣਾ ਭਜਨ ਸਿਮਰਨ ਤੇ ਪ੍ਰਭੂ ਦਾ ਨਾਮ ਧਰਮ ਰਾਇ ਕੋਲ ਗਹਿਣੇ ਪਾ ਦਿੱਤਾ। ਧਰਮ ਰਾਇ ਨੇ ਉਸ ਰਾਜਾ ਜਨਕ ਦੇ ਭਜਨ ਸਿਮਰਨ ਨੂੰ (ਪ੍ਰਭੂ ਦੇ) ਨਾਮ ਨੂੰ ਤੱਕੜ ਵਿਚ ਪਾਇਆ ਤੇ ਕਿਹਾ ਜਿੰਨੇ ਵੀ ਦੁਖੀ ਨਰਕੀ ਜੀਵ ਇਸਦੇ ਭਾਰ ਦੇ ਬਰਾਬਰ ਹੋਏ ਮੈਂ ਸਭ ਛੱਡ ਦਿਆਂਗਾ।

(੭) (ਪਰ ਪ੍ਰਮੇਸ਼ਰ ਦਾ ਨਾਮ ਵੀ ਤਾਂ ਉਤਨਾ ਹੀ ਵੱਡਾ ਗਹਿਰ ਗੰਭੀਰ ਤੇ ਭਾਰਾ ਸੀ, ਜਿੰਨਾਂ ਕਿ ਅਗਮ ਅਗੋਚਰ ਪ੍ਰਭੂ ਆਪ ਹੈ।) ਨਾਮ ਦੇ ਭਾਰ ਦਾ ਸਭੇ ਨਰਕੀ ਜੀਵ ਪਾਸਕੂ ਨ ਬਣੇ, ਨਰਕ ਖ਼ਾਲੀ ਹੋ ਗਏ, ਪਰ ਨਾਮ ਵਾਲਾ ਤੱਕੜ ਦਾ ਪਾਸਾ ਭਾਰਾ ਰਿਹਾ। ਗੁਰਮੁਖ ਦਾ ਨਾਮ ਸਿਮਰਨ ਅਤੁਲ ਭਾਰ ਵਾਲਾ ਸੀ ਜੋ ਤੁਲ ਹੀ ਨ ਸੱਕਿਆ।

(੮) ਸਭ ਨਰਕ ਦੇ ਜੀਅ ਜੰਤ ਛੱਡ ਦਿੱਤੇ ਗਏ। ਉਨ੍ਹਾਂ ਦੇ ਗਲਾਂ ਵਿਚ ਪਈਆਂ ਫਾਹੀਆਂ ਜੋ ਕਰਮਾਂ ਦੇ ਭੋਗ ਬਿਨਾ ਛੁਟਣੀਆਂ ਨਹੀਂ ਸਨ, ਉਹ ਏਨੀਆਂ ਕਰੜੀਆਂ ਫਾਹੀਆਂ ਗੁਰਮੁਖ ਭਗਤ ਦੇ ਨਾਮ ਸਿਮਰਨ ਬਦਲੇ ਪਲਾਂ ਵਿਚ ਟੁੱਟ ਗਈਆਂ।

(੯) (ਭਾਈ ਗੁਰਦਾਸ ਜੀ ਨਾਮ ਸਿਮਰਨ ਦੀ ਮਹਿਮਾ ਕਰਦੇ ਹੋਏ ਆਖਦੇ ਹਨ ਕਿ) ਮੁਕਤ ਤੇ ਭੁਗਤ (ਮੋਖਸ਼ ਪਦਵੀ ਤੇ ਮਾਇਆ ਦੇ ਸਭ ਤਰ੍ਹਾਂ ਦੇ ਸੁਖ) ਇਹ ਦੋਵੇਂ ਸ਼ਕਤੀਆਂ (ਪ੍ਰਭੂ ਦੇ) ਨਾਮ ਸਿਮਰਨ ਦੀਆਂ ਦਾਸੀਆਂ ਹਨ (ਜੋ ਨਾਮ ਸਿਮਰਨ ਵਾਲੇ ਭਗਤਾਂ ਦੇ ਅਗੇ ਪਿਛੇ ਹੱਥ ਜੋੜੀ ਖੜੀਆਂ ਰਹਿੰਦੀਆਂ ਹਨ)।੫।

***ਭਾਵਾਰਥ :*** ਰਾਜਾ ਜਨਕ ਬੈਕੁੰਠ ਨੂੰ ਚਲਿਆ ਜਾਂਦਾ ਸੀ, ਅਕਸ ਮਾਤ੍ਰ ਪਾਪੀਆਂ ਦੀ ਕੁਰਲਾਉਣ ਦੀ ਧੁਨੀ ਕੰਨੀ ਪੈ ਗਈ, ਕਿਉਂ ਜੋ ਗੁਰੂ ਜੀ ਲਿਖਦੇ ਹਨ :

ਬਾਰਿ ਵਿਡਾਨੜੈ ਹੁੰਮਸ ਧੁੰਮਸ
ਕੂਕਾ ਪਈਆ ਰਾਹੀ ॥
ਤਉ ਸਹ ਸੇਤੀ ਲਗੜੀ ਡੋਰੀ
ਨਾਨਕ ਅਨਦ ਸੇਤੀ ਬਨੁ ਗਾਹੀ ॥੧॥

*(ਪੰਨਾ ੫੨੦)*

ਗੱਲ ਕੀ ਪਾਪੀਆਂ ਦੀਆਂ ਕੂਕਾਂ ਸੁਣਕੇ ਕਿਹਾ ਕਿ ਹੇ ਧਰਮ ਰਾਜ ! ਸਾਰੇ ਪਾਪੀ ਛੱਡ ਦੇਹ। ਉਸਨੇ ਕਿਹਾ ਮਹਾਰਾਜ ! ਮੈਂ ਤਾਂ ਠਾਕੁਰ ਅਬਿਨਾਸ਼ੀ ਦਾ ਦਾਸ ਹਾਂ, ਪ੍ਰੰਤੂ ਇਨ੍ਹਾਂ ਨੂੰ ਕਿਸ ਪੁੰਨ ਦੇ ਬਦਲੇ ਛੱਡਾ ? ਆਪ ਨੇ ਕਿਹਾ ਉਸ ਵਾਹਿਗੁਰੂ ਦੇ ਨਾਮ ਦੇ ਆਸਰੇ ਛੱਡ ਦੇਹ। ਜਨਕ ਜੈਸੇ ਭਜਨੀਕਾਂ ਦੇ ਰਿਦੇ ਨਾਮੀ ਦੀ ਅਭੇਦਤਾ ਹੋ ਰਹੀ ਸੀ। ਸੋ, ਨਾਮ ਦਾ ਹੁਕਮ ਨਾਮੀ ਦਾ ਹੁਕਮ ਜਾਣ ਕੇ ਧਰਮ ਰਾਜ ਨੇ ਆਗਿਆ ਮੰਨ ਲਈ।

ਇਸ ਕਥਾ ਵਿਚ ਉਪਦੇਸ਼ ਇਹ ਹੈ ਕਿ ਰਾਜਾ ਜਨਕ ਜੈਸਾ ਮਾਯਾ ਵਿਚ ਉਦਾਸ ਰਹੇ, ਬ੍ਰਹਮ ਗਿਆਨੀ ਹੋਵੇ, ਜੀਵਨ ਮੁਕਤੀ ਦਾ ਰਸ ਲਵੇ। ਫੇਰ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਐਸਾ ਨਰਮ ਚਿਤ ਤੇ ਉਪਕਾਰੀ ਹੋਵੇ ਕਿ ਪਰ ਪੀੜਾ ਨ ਸਹਾਰ ਸਕੇ ਅਰ ਦੁਖੀਆਂ ਨੂੰ ਸੁਖ ਦੇਵੇ। ਮੁਕਤ ਆਪਣੀ ਤੇ ਜੁਗਤ ਹੋਰਨਾਂ ਨੂੰ ਮੁਕਤ ਕਰਨ ਦੀ ਰੀਤੀ ਨਾਮ ਵਾਲੇ ਸੰਤਾਂ ਦੇ ਪਾਸ ਹੈ। ਤੀਜੇ ਇਹ ਕਿ ਨਰਕ ਦੇ ਜੀਵਾਂ ਨੂੰ ਜਨਕ ਨੇ ਨਾਮ ਬਖ਼ਸ਼ ਦਿੱਤਾ ਸੀ। ਉਹ ਜੋ ਨਾਮ ਨਾਲ ਪਾਪਾਂ ਨੂੰ ਤੋਲਣਾ ਹੈ ਸੋ ਇਹ ਭਾਵ ਹੈ ਕਿ ਨਾਮ ਦਾ ਛੱਟਾ ਦੇ ਦਿੱਤਾ। ਉਸਦੇ ਬ੍ਰਹਮ ਗਿਆਨੀ ਹੋਣ ਕਰਕੇ ਆਤਮ ਪਰਭਾਵ ਦੇ ਕਾਰਨ ਨਾਮ (ਭਾਵੇਂ ਨਰਕ ਕਰਮ ਭੂਮੀ ਨਹੀਂ ਸੀ ਪਰ ਤਦ ਵੀ) ਫਲ ਪਿਆ। ਨਾਮ ਜਪਣ ਵਾਲਾ ਨਰਕ ਵਿਚ ਨਹੀਂ ਰਹਿ ਸਕਦਾ, ਤਾਂ ਤੇ ਆਪੇ ਬੰਦ ਖਲਾਸ ਹੋ ਗਏ। ਸਿਧਾਂਤ ਇਹ ਨਿਕਲਿਆ ਕਿ :

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥

*(ਪੰਨਾ ੨੬੪)*

## ੬. ਰਾਜਾ ਹਰੀ ਚੰਦ ਤੇ ਤਾਰਾ ਰਾਣੀ ਦੀ ਸਾਖੀ

੧. ਸੁਖ ਰਾਜੇ ਹਰੀ ਚੰਦ ਘਰ
ਨਾਰ ਸੁ ਤਾਰਾ ਲੋਚਨ ਰਾਣੀ।
੨. ਸਾਧ ਸੰਗਤਿ ਮਿਲ ਗਾਂਵਦੇ
ਰਾਤੀਂ ਜਾਇ ਸੁਣੇ ਗੁਰਬਾਣੀ।
੩. ਪਿੱਛੋਂ ਰਾਜਾ ਜਾਗਿਆ
ਅੱਧੀ ਰਾਤ ਨਿਖੰਡ ਵਿਹਾਣੀ।
੪. ਰਾਣੀ ਦਿੱਸ ਨ ਆਵਈ
ਮਨ ਵਿਚ ਵਰਤ ਗਈ ਹੈਰਾਣੀ।
੫. ਹੋਰਤੁ ਰਾਤੀ ਉੱਠ ਕੈ ਚੱਲਿਆ
ਪਿੱਛੈ ਤਰਲ ਜੁਆਣੀ।
੬. ਰਾਣੀ ਪਹੁਤੀ ਸੰਗਤੀਂ
ਰਾਜੇ ਖੜੀ ਖੜਾਉਂ ਨੀਸਾਣੀ।
੭. ਸਾਧ ਸੰਗਤਿ ਆਰਾਧਿਆ
ਜੋੜੀ ਜੁੜੀ ਖੜਾਉਂ ਪੁਰਾਣੀ।
੮. ਰਾਜੇ ਡਿੱਠਾ ਚਲਿਤ ਇਹੁ
ਏਹ ਖੜਾਵ ਹੈ ਚੋਜ ਵਿਡਾਣੀ।
੯. ਸਾਧ ਸੰਗਤਿ ਵਿਟਹੁ ਕੁਰਬਾਣੀ ॥੬॥

***ਪਦ ਅਰਥ :*** ਸੁਖ—ਅਨੰਦ ਨਾਲ। ਸੁਲੋਚਨ—ਸ੍ਰੇਸ਼ਟ ਅੱਖਾਂ ਵਾਲੀ (ਤਾਰਾ)। ਨਿਖੰਡ—ਬਰੋਬਰ। ਹੈਰਾਣੀ—ਹੈਰਾਨਗੀ ਅਥਵਾ 'ਹੈ ਰਾਣੀ'—ਅਫ਼ਸੋਸ ਰਾਣੀ ਕਿੱਥੇ। ਤਰਲ ਜੁਆਣੀ—ਚੰਚਲਤਾ ਵਾਲੀ ਜੁਆਣੀ। ਖੜੀ—ਲੈ ਲੀਤੀ। ਵਿਡਾਣੀ—ਅਸਚਰਜ, ਖੜਾਂਵ ਵਰਗੀ ਖੜਾਂਵ ਮਿਲ ਜਾਣੀ, ਇਹ ਵੱਡਾ ਕੌਤਕ ਹੈ।

***ਅਰਥ :***

(੧) ਰਾਜੇ ਹਰੀ ਚੰਦ ਦੇ ਘਰ ਵਿਚ ਪੂਰੀ ਤਰ੍ਹਾਂ ਸੁਖ ਅਨੰਦ ਸੀ, ਤੇ ਉਸਦੀ ਰਾਣੀ ਤਾਰਾ ਸੁਹਣੇ ਨਕਸ਼-ਨੇਤਰਾਂ ਵਾਲੀ ਸੀ।

(੨) (ਨੇੜੇ ਹੀ ਕਿਧਰੇ) ਸਾਧ ਸੰਗਤ ਵਿਚ ਮਿਲ ਕੇ ਕੀਰਤਨ ਹੁੰਦਾ ਸੀ ਰਾਤ ਸਮੇਂ (ਰਾਣੀ ਭੀ ਜਾਂਦੀ ਤੇ) ਗੁਰਬਾਣੀ ਸੁਣਦੀ ਸੀ।

(੩) (ਕਿਸੇ ਦਿਨ ਜਦ ਰਾਣੀ ਕੀਰਤਨ ਸੁਣਨ ਗਈ ਹੋਈ ਸੀ) ਤਾਂ ਪਿਛੋਂ ਰਾਜੇ ਦੀ ਜਾਗ ਖੁਲ੍ਹ ਗਈ (ਉਸ ਵੇਲੇ) ਰਾਤ ਅੱਧੀ ਬੀਤ ਗਈ ਸੀ।

(੪) (ਪਰ ਜਦ ਰਾਜੇ ਨੂੰ ਆਪਣੀ) ਰਾਣੀ ਮੰਜੇ ਤੇ ਸੁੱਤੀ ਨਜ਼ਰ ਨਾ ਆਈ ਤਾਂ ਉਸਦੇ ਮਨ ਵਿਚ ਸ਼ੰਕੇ ਤੇ ਭਰਮਾਂ ਦੇ ਤੂਫਾਨ ਉਠੇ (ਉਸਨੂੰ) ਡਾਢੀ ਹੈਰਾਨੀ ਛਾ ਗਈ (ਕਿ ਰਾਣੀ ਇਸ ਵੇਲੇ ਕਿਧਰ ਗਈ ਹੈ ? ਗੱਲ ਉਸਨੇ ਮਨ ਵਿਚ ਹੀ ਰਖੀ। ਉਹ ਪਹਿਲੋਂ ਜਾਨਣਾ ਚਾਹੁੰਦਾ ਸੀ ਰਾਣੀ ਗਈ ਕਿਥੇ ਹੈ ਤੇ ਕਿਉਂ ਗਈ ਹੈ ? ਉਸਨੇ ਤਾੜ ਰੱਖੀ।)

(੫) ਕਿਸੇ ਹੋਰ ਰਾਤ ਨੂੰ ਜਦ ਰਾਣੀ ਉਠੀ (ਤਾਂ ਉਹ ਵੀ ਉਸਦੇ ਮਗਰੇ ਮਗਰ) ਛੇਤੀ ਛੇਤੀ ਜੁਆਨਾਂ ਵਾਲੀ ਚਾਲ ਤੁਰਿਆ (ਰਾਣੀ ਜੁਆਨ ਤੇ ਛੇਤੀ ਤੁਰਨ ਵਾਲੀ ਸੀ।)

(੬) ਰਾਣੀ ਝਟ ਪੱਟ ਸੰਗਤ ਵਿਚ ਪੁਜੀ (ਤੇ ਖੜਾਵਾਂ ਬਾਹਰ ਲਾਹ ਕੇ ਸੰਗਤ ਦੇ ਕੀਰਤਨ ਵਿਚ ਜਾ ਮਿਲੀ) ਰਾਜੇ ਨੇ ਰਾਣੀ ਦੀ ਇਕ ਖੜਾਂਵ ਚੁੱਕ ਲਈ (ਕਿ ਇਹ ਰਾਣੀ ਦੇ ਰਾਤ ਸਮੇਂ ਚੋਰੀ ਘਰੋਂ ਆਉਣ ਦੀ) ਨਿਸ਼ਾਨੀ ਹੋਵੇਗੀ (ਜਿਸਨੂੰ ਦਿਖਾ ਕੇ ਮੈਂ ਤਾੜਨਾ ਜਾਂ ਦੰਡ ਆਦਿ ਦੇ ਸਕਾਂਗਾ।)

(੭) ਕੀਰਤਨ ਮਗਰੋਂ ਰਾਣੀ ਬਾਹਰ ਨਿਕਲੀ ਤਾਂ ਇਕ ਖੜਾਂਵ ਨਹੀਂ ਸੀ। (ਉਸਦੇ ਦੁੱਖ ਵਿਚ ਸਹਾਇਤਾ ਕਰਨ ਲਈ) ਸੰਗਤ ਨੇ ਮਿਲ ਕੇ (ਪ੍ਰਭੂ ਜੀ ਅਗੇ) ਅਰਦਾਸ ਕੀਤੀ ਕਿ ਰਾਣੀ ਦੀ ਜੋਹੜੀ ਖੜਾਂਵ ਕੋਈ ਲੈ ਗਿਆ ਹੈ, ਉਸਦੇ ਨਾਲ ਦੀ ਦੂਜੀ ਮਿਲ ਜਾਵੇ, ਤਾਂ ਜੋ ਰਾਣੀ ਪਹਿਨ ਕੇ ਘਰ ਜਾਵੇ। ਸੰਗਤ ਦੀ ਜੁੜ ਕੇ ਕੀਤੀ ਅਰਦਾਸ ਖ਼ਾਲੀ ਨ ਗਈ।) ਸਾਧ ਸੰਗਤ ਦੀ ਅਰਾਧਨਾ ਕਰਨ ਨਾਲ ਦੂਜੀ ਪੁਰਾਣੀ ਖੜਾਂਵ ਆ ਗਈ ਤੇ ਜੋੜੀ ਬਣ ਗਈ ਰਾਣੀ ਖੜਾਵਾਂ ਪਾ ਕੇ ਘਰ ਚਲੀ ਗਈ।

(੮) ਦੂਜੇ ਦਿਨ ਰਾਜੇ ਨੇ ਦੇਖਿਆ ਕਿ ਖੜਾਂਵ ਜੋਹੜੀ ਉਸਨੇ ਲਿਆਂਦੀ ਸੀ, ਉਹੀਓ ਖੜਾਂਵ ਹੀ ਰਾਣੀ ਦੇ ਪੈਰਾਂ ਵਿਚ ਸੀ ਤਾਂ ਰਾਜਾ ਇਹ ਕੌਤਕ ਵੇਖ ਕੇ ਹੈਰਾਨ ਪਰੇਸ਼ਾਨ ਹੋ ਗਿਆ ਕਿ ਇਹ ਤਾਂ ਵੱਡੀ ਅਸਚਰਜਤਾ ਵਾਲੀ ਗੱਲ ਹੋਈ ਹੈ। (ਇਸ ਕੌਤਕ ਨਾਲ ਉਸਨੂੰ ਸਾਧ ਸੰਗਤ ਦੀ ਮਹਿਮਾ ਤੇ ਵਡਿਆਈ ਦਾ ਪਤਾ ਲੱਗ ਗਿਆ।)

(੯) ਉਹ ਵੀ ਸਾਧ ਸੰਗਤ ਤੋਂ ਵਾਰਨੇ ਤੇ ਬਲਿਹਾਰਨੇ ਹੋਣ ਲੱਗਾ। (ਭਾਵ ਉਸਨੂੰ ਭੀ ਇਸ ਕੌਤਕ ਮਗਰੋਂ ਸਾਧ

ਸੰਗਤ ਵਿਚ ਜਾਣ ਦੀ ਚੇਟਕ ਲੱਗ ਗਈ ਤੇ ਉਹ ਵੀ ਰਾਣੀ ਵਾਂਗ ਭਗਤੀ ਭਾਵ ਵਿਚ ਗੁੰਦਿਆ ਗਿਆ)।੬।

*ਭਾਵਾਰਥ :* ਏਸ ਕਥਾ ਵਿਚ ਸਾਧ ਸੰਗਤ ਦਾ ਉਪਦੇਸ਼ ਹੈ ਕਿ ਹਰ ਮਨੁੱਖ ਨੂੰ ਸਾਧ ਸੰਗਤ ਹਮੇਸ਼ਾਂ ਜ਼ਰੂਰ ਹੀ ਕਰਦੇ ਰਹਿਣਾ ਚਾਹੀਦਾ ਹੈ ਅਤੇ ਨਿਰਸੰਸੇ ਹੋ ਕੇ ਕਰਨੀ ਚਾਹੀਦੀ ਹੈ। ਅਸੀਂ ਵੇਖ ਆਏ ਹਾਂ ਕਿ ਤਾਰਾ ਰਾਣੀ ਦਾ ਭਰੋਸਾ ਭੀ ਪ੍ਰਹਿਲਾਦ ਵਾਂਗੂ ਦ੍ਰਿੜ੍ਹ ਵਿਸ਼ਵਾਸ ਸੀ ਜੋ ਸੰਸੇ ਬ੍ਰਿਤੀ ਤੋਂ ਰਹਿਤ ਹੋਣ ਦਾ ਉਪਦੇਸ਼ ਕਰਦਾ ਹੈ।

ਧੁਰ ਕੀ ਆਈ ਬਾਣੀ ਵਿਚ ਸਾਧ ਸੰਗਤ ਦੀ ਮਹਿਮਾ ਸਤਿਗੁਰੂ ਜੀ ਨੇ ਇਕ ਥਾਂ ਨਹੀਂ ਸਗੋਂ ਬਹੁਤ ਥਾਵਾਂ 'ਤੇ ਉਚਾਰਨ ਕੀਤੀ ਹੈ ਜਿਥੋਂ ਪ੍ਰੇਰਨਾ ਲੈ ਕੇ ਭਾਈ ਸਾਹਿਬ ਜੀ ਨੇ ਉਪ੍ਰੋਕਤ ਪ੍ਰਸੰਗ ਲਿਖਿਆ ਹੈ, ਜਿਵੇਂ ਕਿ :

ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸੁ ਤਰਿਆ॥
ਗੁਰ ਪਰਸਾਦਿ ਪਰਮ ਪਦੁ ਪਾਇਆ
ਸੂਕੇ ਕਾਸਟ ਹਰਿਆ॥੧॥ਰਹਾਉ॥ *(ਪੰਨਾ ੧੦)*

## ਦੁਆਪਰ ਦੇ ਭਗਤਾਂ ਦੀ ਵਾਰਤਾ

## ੭. ਬਿਦਰ ਅਤੇ ਦੁਰਜੋਧਨ ਦੀ ਕਥਾ

**੧. ਆਯਾ ਸੁਣਿਆਂ ਬਿਦਰ ਦੇ**
**ਬੋਲੈ ਦੁਰਜੋਧਨ ਹੋਇ ਰੁੱਖਾ।**
**੨. ਘਰ ਅਸਾਡੇ ਛਡਿ ਕੇ**
**ਗੋਲੇ ਦੇ ਘਰ ਜਾਹਿ ਕਿ ਸੁੱਖਾ।**
**੩. ਭੀਖਮ ਦੋਣਾ ਕਰਣ ਤਜਿ**
**ਸਭਾ ਸੀਂਗਾਰ ਵਡੇ ਮਾਨੁੱਖਾ।**
**੪. ਝੁੰਗੀ ਜਾਇ ਵਲਾਇਓਨੁ**
**ਸਭਨਾਂ ਦੇ ਜੀਅ ਅੰਦਰ ਧੁੱਖਾ।**
**੫. ਹੱਸ ਬੋਲੇ ਭਗਵਾਨ ਜੀ**
**ਸੁਣਿਹੋ ਰਾਜਾ ਹੋਇ ਸਨਮੁੱਖਾ।**
**੬. ਤੇਰੇ ਭਾਉ ਨ ਦਿੱਸਈ**
**ਮੇਰੇ ਨਾਹੀਂ ਅਪਦਾ ਦੁੱਖਾ।**
**੭. ਭਾਉ ਜਿਵੇਹਾ ਬਿਦਰ ਦੇ**
**ਹੋਰੀ ਦੇ ਚਿਤਿ ਚਾਉ ਨ ਚੁੱਖਾ।**
**੮. ਗੋਬਿੰਦ ਭਾਉ ਭਗਤਿ ਦਾ ਭੁੱਖਾ॥੭॥**

*ਪਦ ਅਰਥ :* ਰੁੱਖਾ—ਗੁਸੈਲਾ। ਕਿ ਸੁੱਖਾ—ਕੀ ਸੁੱਖ ਮਿਲਿਆ ? ਸਭਾ ਸੀਂਗਾਰ—ਸਭਾ ਦੇ ਮੁਖੀਏ। ਝੁੰਗੀ—ਛੱਪਰੀ, ਝੋਪੜੀ। ਧੁੱਖਾ—ਚਿੰਤਾ। ਚੁੱਖਾ—ਰੰਚਕ, ਜ਼ਰਾ ਜਿੰਨਾ। ਭੁੱਖਾ—ਗਾਹਕ।

### ਅਰਥ :

ਪ੍ਰ: ਭਾਈ ਸਾਹਿਬ ਜੀਉ ! ਜਿਥੇ ਆਪ ਜੀ ਨੇ ਸਤਿਜੁਗ ਤੇ ਤ੍ਰੇਤੇ ਵਿਚ ਹੋ ਗੁਜ਼ਰੇ ਭਗਤਾਂ ਦੀ ਕਥਾ ਸਰਵਣ ਕਰਵਾਈ ਹੈ, ਉਥੇ ਆਪ ਜੀ ਸਾਨੂੰ ਦੁਆਪਰ ਵਿਚ ਹੋਏ ਭਗਤਾਂ ਦੀ ਵਾਰਤਾ ਭੀ ਸਰਵਣ ਕਰਵਾਓ ?

ਉ: ਹੇ ਭਾਈਓ ! ਦੁਆਪਰ ਵਿਚ ਹੋ ਗੁਜ਼ਰੇ ਭਗਤ ਬਿਦਰ ਦੀ ਪ੍ਰੇਮਾ-ਭਗਤੀ ਦੀ ਜੋ ਵਾਰਤਾ ਸੁਣਨ ਵਿਚ ਆਈ ਹੈ, ਉਹ ਇਉਂ ਪ੍ਰਗਟ ਹੈ ਕਿ :

(੧) ਜਦੋਂ ਦੁਰਜੋਧਨ ਨੇ ਸੁਣਿਆ (ਕਿ ਸ੍ਰੀ ਕ੍ਰਿਸ਼ਨ ਜੀ) ਬਿਦਰ ਦੇ ਘਰ ਗਏ ਹਨ (ਸਾਡੇ ਘਰ ਨਹੀਂ ਆਏ, ਤਾਂ ਉਹ) ਬੜੇ ਦੁਖ ਤੇ ਗੁਸੇ ਨਾਲ ਬੋਲਿਆ (ਭਾਵ ਕ੍ਰਿਸ਼ਨ ਜੀ ਨੂੰ ਕਹਿਣ ਲੱਗਾ)।

(੨) ਅਸਾਡਾ ਘਰ ਛੱਡ ਕੇ (ਭਲਾ ਦਸੋ ਕਿ) ਤੁਸਾਂ ਗੋਲੇ ਦੇ ਘਰ ਜਾ ਕੇ ਕੀ ਸੁੱਖ ਪਾਇਆ ?

(੩) (ਭਲਾ ਇਹ ਦਸੋ ਕਿ) ਭੀਖਮ (ਪਿਤਾਮਾ) ਦਰੋਣਾ (ਚਾਰਯਾ, ਕੈਰਵਾਂ ਪਾਂਡਵਾਂ ਦਾ ਉਸਤਾਦ) ਤੇ (ਰਾਜਾ) ਕਰਣ ਨੂੰ ਛੱਡ ਕੇ (ਤੁਸੀਂ ਗੋਲੇ ਦਾਸੀ ਦੇ ਪੁੱਤ੍ਰ ਬਿਦਰ ਦੇ ਘਰ ਗਏ ਹੋ) ?

(੪) ਇਸ ਗੱਲ ਨੇ ਸਭ ਦੇ ਅੰਦਰ ਧੁਖ ਧੁਖੀ ਲਾ ਦਿਤੀ ਹੈ। (ਗੁਸੇ ਵਿਚ ਆਏ ਦੁਰਜੋਧਨ ਨੇ ਹੋਰ ਭੀ ਬਥੇਰਾ ਕੁਝ ਕਿਹਾ, ਤਾਂ ਇਹ ਸੁਣ ਕੇ)—

(੫) ਹੱਸ ਕੇ ਭਗਵਾਨ (ਸ੍ਰੀ ਕ੍ਰਿਸ਼ਨ ਜੀ) ਬੋਲੇ, ਹੇ ਰਾਜਨ ! ਸਾਹਮਣੇ ਖੜੇ ਕੇ (ਆਪਣੀ ਇਸ ਉਜ਼ਰਦਾਰੀ ਦਾ) ਜਵਾਬ ਸੁਣੋ !

(੬) ਤੇਰੇ (ਅੰਦਰ) ਪਿਆਰ ਦਿੱਸਦਾ ਨਹੀਂ। ਹੋਰ ਮੈਨੂੰ ਅਪਦਾ (ਖੇਚਲ) ਦਾ ਦੁਖ ਹੀ ਕੋਈ ਨਹੀਂ।

(੭) ਬਿਦਰ ਜੀ ਦੇ ਮਨ ਵਿਚ ਜੋ ਪ੍ਰੇਮ ਤੇ ਚਾਉ ਹੈ (ਉਸਦੇ ਮੁਕਾਬਲੇ) ਤੁਹਾਡੇ ਵਿਚ ਰੰਚਕ-ਮਾਤ੍ਰ ਵੀ ਨਹੀਂ ਹੈ।

(੮) (ਇਸ ਲਈ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ) ਪ੍ਰਮੇਸ਼ਰ ਤਾਂ (ਕੇਵਲ) ਪ੍ਰੇਮ ਭਾਵਨਾ ਦਾ (ਹੀ) ਚਾਹਵਾਨ ਹੈ।੭।

*ਭਾਵਾਰਥ:* ਇਸ ਵਾਰਤਾ ਵਿਚ ਗੁਰਮੁਖਾਂ ਲਈ ਉਪਦੇਸ਼ ਹੈ ਕਿ ਜਿਥੇ ਪਿਆਰ ਨ ਹੋਵੇ ਉਥੇ ਨਿਵਾਸ ਨਾ ਕਰਨ, ਪਰ ਆਪ ਪਿਆਰ ਤੋਂ ਅਚਾਹ ਹੋਣ, ਜਿਸ ਤਰ੍ਹਾਂ ਕ੍ਰਿਸ਼ਨ ਨੇ ਕਿਹਾ ਹੈ, "ਮੇਰੇ ਨਾਹੀਂ ਅਪਦਾ ਦੁਖਾ" ਤੇ ਸੰਸਾਰ ਲਈ ਉਪਦੇਸ਼ ਹੈ ਕਿ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਨਿੰਦਾ ਨਾਲ ਸਤਾਇਆ ਨਾ ਕਰਨ ਪਿਆਰ ਕਰਿਆ ਕਰਨ। ਪ੍ਰਮੇਸ਼ਰ ਦੇ ਪਿਆਰੇ ਕੀ ਕਰਨ? ਭਗਤੀ, ਵਾਹਿਗੁਰੂ ਨੂੰ ਆਪ ਪ੍ਰੇਮ ਤੇ ਭਗਤੀ ਪਿਆਰੀ ਲਗਦੀ ਹੈ ਉਹ ਉਤਰ ਕ੍ਰਿਸ਼ਨ ਜੀ ਨੇ ਪੇਸ਼ ਕੀਤਾ ਹੈ ਕਿ ਪ੍ਰਮੇਸ਼ਰ ਆਪ ਭਾਉ ਭਗਤੀ ਦਾ ਭੁੱਖਾ ਹੈ।

ਬਿਦਰ ਜੀ ਗੋਲੀ ਦੇ ਪੇਟੋਂ ਜੰਮੇ ਸਨ, ਇਸ ਲਈ ਉਹ ਦਾਸਤਾ ਭਾਵ ਵਾਲੇ ਸਨ। ਸ੍ਰੀ ਕ੍ਰਿਸ਼ਨ ਜੀ ਦੁਰਜੋਧਨ ਦੇ ਬੁਲਾਵੇ ਤੇ ਹੀ ਆਏ ਸਨ, ਪਰ ਜਦ ਉਸਨੇ ਸੁਣਿਆ ਕਿ ਕ੍ਰਿਸ਼ਨ ਜੀ ਆ ਗਏ ਹਨ, ਤਾਂ ਦਰਬਾਰ ਵਿਚੋਂ ਉੱਠ ਕੇ ਘੋੜਿਆਂ ਦੇ ਤਬੇਲੇ ਵਿਚ ਚਲਾ ਗਿਆ। ਉਹ ਕ੍ਰਿਸ਼ਨ ਜੀ ਨੂੰ ਗੁਆਲਿਆਂ ਦਾ ਪੁਤ੍ਰ ਸਮਝਦਾ ਸੀ, ਦਿਲੋਂ ਉਨ੍ਹਾਂ ਨੂੰ ਅਵਤਾਰ ਵੀ ਨਹੀਂ ਸੀ ਮੰਨਦਾ, ਪਰ ਹੋਰ ਉਸਦੇ ਭਰਾ ਭਾਈ ਭੀਸ਼ਮ ਤੇ ਦਰੋਣਾਚਾਰਯ ਵਰਗੇ ਸ੍ਰੀ ਕ੍ਰਿਸ਼ਨ ਜੀ ਦਾ ਸਤਿਕਾਰ ਕਰਦੇ ਸਨ, ਇਸ ਲਈ ਵੇਖਾ ਵੇਖੀ ਉਸਨੂੰ ਵੀ ਨਮਸਕਾਰ ਕਰਨੀ ਪੈਂਦੀ ਸੀ, ਪਰ ਅੱਜ ਉਹ ਉੱਠ ਕੇ ਤਬੇਲੇ ਚਲਾ ਗਿਆ ਤੇ ਉਥੇ ਤਾਂ ਹੱਥ ਜੋੜ ਕੇ ਨਮਸਕਾਰ ਕਰ ਦਿਆਂਗਾ ਪਰ ਸਭ ਦੇ ਸਾਹਮਣੇ, ਦਰਬਾਰ ਵਿਚ ਐਸਾ ਕਰਨਾ ਉਹ ਆਪਣੀ ਨਿਰਾਦਰੀ ਦੇ ਬਰਾਬਰ ਸਮਝਦਾ ਸੀ ਪਰ ਅੰਤਰਜਾਮੀ ਕ੍ਰਿਸਨ ਜੀ ਉਸ ਦੇ ਵਲ ਗਏ ਹੀ ਨਹੀਂ ਉਨ੍ਹਾਂ ਪ੍ਰੇਮ ਤੇ ਚਾਉ ਵਿਚ ਆਏ ਹੋਏ ਬਿਦਰ ਦੇ ਘਰ ਦਾ ਅਲੂਣਾ ਸਾਗ ਖਾਧਾ ਤੇ ਸਾਰੀ ਰਾਤ ਪ੍ਰੇਮ ਕਥਾਵਾਂ ਕਰਦਿਆਂ ਹੀ ਗੁਜ਼ਾਰ ਦਿੱਤੀ। ਇਸ ਪ੍ਰਸੰਗ ਦਾ ਇਹੋ ਉਪਦੇਸ਼ ਹੈ ਕਿ ਜਿਥੇ ਪਿਆਰ ਨਾ ਹੋਵੇ ਉਥੇ ਰਹਿਣਾ ਜਾਂ ਜਾਣਾ ਠੀਕ ਨਹੀਂ, ਤੇ ਜਿਥੇ ਪ੍ਰੇਮ-ਸਤਿਕਾਰ ਹੋਵੇ, ਉਥੇ ਖਾਣ ਨੂੰ ਭਾਵੇਂ ਕੁਝ ਮਿਲੇ, ਪਰ ਉਥੇ ਜਾਣਾ ਤੇ ਰਹਿਣਾ ਹੀ ਠੀਕ ਹੈ। ਪ੍ਰੇਮ ਇਕ ਬਹੁਤ ਉੱਤਮ ਸ਼ੈ ਹੈ ਜੋ ਕਿਤੋਂ ਬਾਹਰੋਂ ਖ਼ਰੀਦਿਆ ਨਹੀਂ ਜਾ ਸਕਦਾ ਇਸਨੂੰ ਪ੍ਰਾਪਤ ਕਰਨ ਵਾਸਤੇ ਤਾਂ ਆਪਾ ਭਾਵ ਗੁਵਾਉਣਾ ਪੈਂਦਾ ਹੈ, ਇਸ ਭਾਵ ਨੂੰ ਕਿਸੇ ਨੇ ਇਉਂ ਅੰਕਤ ਕੀਤਾ ਹੈ:

ਪ੍ਰੇਮ ਨਾ ਵਾੜੀ ਉਪਜਦਾ ਪ੍ਰੇਮ ਨ ਹਾਟ ਵਿਕਾਇ॥
ਰਾਣਾ ਰਾਜਾ ਜੋ ਚਾਹੇ ਸਿਰ ਦੀਜੈ ਪ੍ਰੇਮ ਲੈ ਜਾਇ॥

## ੮. ਦ੍ਰੋਪਤੀ ਦੀ ਲੱਜਾ ਰੱਖਣੀ

੧. ਅੰਦਰ ਸਭਾ ਦੁਸਾਸਨੈ
ਮੱਥੇ ਵਾਲ ਦ੍ਰੋਪਤੀ ਆਂਦੀ।
੨. ਦੂਤਾਂ ਨੋਂ ਫੁਰਮਾਇਆ
ਨੰਗੀ ਕਰਹੁ ਪੰਚਾਲੀ ਬਾਂਦੀ।
੩. ਪੰਜੇ ਪਾਂਡੋ ਵੇਖਦੇ
ਅਉਘਟ ਰੁਧੀ ਨਾਰਿ ਜਿਨਾਂ ਦੀ।
੪. ਅੱਖੀਂ ਮੀਟ ਧਿਆਨ ਧਰਿ
ਹਾ ਹਾ ਕ੍ਰਿਸ਼ਨ ਕਰੈ ਵਿਲਲਾਂਦੀ।
੫. ਕੱਪੜ ਕੋਟ ਉਸਾਰਿਓਨੁ
ਥੱਕੇ ਦੂਤ ਨ ਪਾਰਿ ਵਸਾਂਦੀ।
੬. ਹੱਥ ਮਰੋੜਨਿ ਸਿਰੁ ਧੁਣਨਿ
ਪਛੋਤਾਨ ਕਰਨਿ ਜਾਹ ਜਾਂਦੀ।
੭. ਘਰਿ ਆਈ ਠਾਕੁਰ ਮਿਲੈ
ਪੈਜ ਰਹੀ ਬੋਲੇ ਸ਼ਰਮਾਂਦੀ।
੮. ਨਾਥ ਅਨਾਥਾਂ ਬਾਣਿ ਧੁਰਾਂ ਦੀ॥੮

*ਪਦ ਅਰਥ:* ਮੱਥੇ ਵਾਲ—ਵਾਲਾਂ ਤੋਂ ਫੜ ਪੰਚਾਲੀ—ਪੰਚਾਲ, ਯਾ ਪੰਜਾਬ ਦੇਸ਼ ਦੀ ਜਾਈ, ਦ੍ਰੋ ਪੰਜਾਬਣ ਸੀ। ਬਾਂਦੀ—ਦਾਸੀ। ਅਉਘਟ ਰੁਧੀ—ਔ ਵਿਚ ਫਸੀ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਸਨਾਤਨ ਪੁਸਤਕਾ ਵਿ ਦ੍ਰੋਪਤੀ ਦੀ ਕਥਾ ਆਮ ਹੀ ਸੁਣਨ ਵਿਚ ਆਉ ਹੈ ਕਿ ਦੁਰਜੋਧਨ ਨੇ ਆਪਣੇ ਭਰੇ ਦਰਬਾਰ ਅੰ ਦ੍ਰੋਪਤੀ ਨੂੰ ਨਗਨ ਕਰਨ ਦਾ ਹੁਕਮ ਦਿੱਤਾ, ਇਹ ਗ ਵੱਖਰੀ ਹੈ, ਕਿ ਕ੍ਰਿਸ਼ਨ ਭਗਵਾਨ ਨੇ ਉਸਨੂੰ ਨ ਨਹੀਂ ਹੋਣ ਦਿੱਤਾ, ਉਸਦੀ ਲੱਜਾ ਰੱਖੀ, ਪਰ, ਉ ਨਗਨ ਕਰਨ ਦੇ ਹੁਕਮ ਦੇਣ ਦਾ ਅਸਲ ਕਾਰਨ ਸੀ, ਆਪ ਇਸ ਬਾਰੇ ਸਾਨੂੰ ਜਾਣਕਾਰੀ ਦੇਣ ਕ੍ਰਿਪਾ ਕਰੋ, ਧੰਨਵਾਦੀ ਹੋਵਾਂਗੇ?

ਉ: ਹੇ ਭਾਈਓ! ਜੇ ਇਸ ਪ੍ਰਸੰਗ ਦੇ ਪਿਛੋਕੜ ਵੱਲ ਨ ਮਾਰੀਏ ਤਾਂ ਇਉਂ ਸੋਝੀ ਮਿਲਦੀ ਹੈ ਕਿ ਪਾਂਡਵ

ਇਕ ਬਹੁਤ ਸੁੰਦਰ ਮਹਿਲ ਬਣਵਾਇਆ ਇਸ ਦੀ ਖੁਸ਼ੀ ਵਿਚ ਇਨ੍ਹਾਂ ਨੇ ਇਕ ਭੰਡਾਰਾ ਤਿਆਰ ਕੀਤਾ, ਜਿਸ ਵਿਚ ਭੋਜਨ ਛਕਣ ਲਈ ਆਪਣੇ ਸਾਰੇ ਭਾਈ ਬੰਦਾਂ ਨੂੰ ਬੁਲਾਇਆ ਗਿਆ ਜਿਸ ਵਿਚ ਦੁਰਜੋਧਨ ਨੂੰ ਭੀ ਬੁਲਾਇਆ ਗਿਆ ਇਹ ਬੜਾ ਬਣ ਠਣ ਕੇ ਆਇਆ ਪਰ ਦ੍ਰੋਪਤੀ ਬੜੀ ਚਿੱਤਰਕਾਰ ਸੀ ਇਸਨੇ ਇਸ ਮਹਿਲ ਦੇ ਚਾਰੋਂ ਪਾਸੇ ਐਸੇ ਰੰਗ ਖਿਲਾਰ ਕੇ ਸੁੰਦਰ ਚਿਤ੍ਰਕਾਰੀ ਕੀਤੀ ਕਿ ਜਿੱਥੇ ਪੱਧਰੀ ਧਰਤੀ ਸੀ, ਉਥੇ ਪਾਣੀ ਦਾ ਭੁਲੇਖਾ ਹੋ ਰਿਹਾ ਸੀ, ਜਿਸ ਕਰਕੇ ਉਸ 'ਤੇ ਦੁਰਜੋਧਨ ਨੇ ਸੰਭਲ ਕੇ ਪੈਰ ਰੱਖੇ ਤਾਂ ਕੀ ਦੇਖਦਾ ਹੈ ਕਿ ਇਹ ਤਾਂ ਪਾਣੀ ਨਹੀਂ ਪੱਧਰੀ ਧਰਤੀ ਹੈ ਤਾਂ ਫਿਰ ਉਹ ਨਿਰਸੰਸੇ ਹੋ ਕੇ ਅਗੇ ਤੁਰ ਪਿਆ, ਅੱਗੇ ਜਿਥੇ ਹੇਠ ਪਾਣੀ ਸੀ ਉਸ ਉਪਰ ਐਸੇ ਰੰਗ ਖਿਲਾਰੇ ਹੋਏ ਸਨ ਜੋ ਕਿ ਪੱਧਰੀ ਧਰਤੀ ਨਜ਼ਰ ਆ ਰਹੀ ਸੀ, ਉਹ ਅਗੇ ਬੇ-ਫਿਕਰ ਹੋ ਕੇ ਤੁਰ ਪਿਆ ਫਿਸਲ ਕੇ ਪਾਣੀ ਵਿਚ ਗਿਰ ਪਿਆ। ਦ੍ਰੋਪਤੀ ਵੇਖ ਹੀ ਰਹੀ ਸੀ ਕਹਿਣ ਲੱਗੀ ਅੰਧ ਕੇ ਅੰਧ ਹੀ ਰਹੇ, ਕਿਉਂਕਿ ਦੁਰਜੋਧਨ ਦਾ ਪਿਤਾ ਧ੍ਰਿਤਰਾਸ਼ਟਰ ਅੰਧਾ ਸੀ, ਗੱਲ ਤਾਂ ਭਾਵੇਂ ਠੀਕ ਸੀ, ਪਰ ਕੌੜੀ ਅਤੇ ਬਹੁਤ ਕੁਰੱਖਤ ਸੀ, ਇਸ ਵਿਚ ਇਸਨੇ ਆਪਣੀ ਬੇ-ਇੱਜ਼ਤੀ ਸਮਝੀ, ਇਸਨੇ ਇਥੇ ਭੋਜਨ ਨਹੀਂ ਛਕਿਆ ਤੇ ਕ੍ਰੋਧ ਵਿਚ ਭਰਿਆ ਕਹਿਣ ਲੱਗਾ ਕਿ ਦ੍ਰੋਪਤੀ ਮੈਂ ਤੈਨੂੰ ਦੱਸਾਂਗਾ ਕਿ ਅੰਧੇ ਦਾ ਅੰਧਾ ਕੀ ਕਰਦਾ ਹੈ ?

ਕੁਝ ਸਮੇਂ ਤੋਂ ਬਾਅਦ ਜਦ ਕੈਰੋਂ ਪਾਂਡਵਾਂ ਨੇ ਜੂਆ ਖੇਡਿਆ ਪਾਂਡੋ ਹਾਰ ਗਏ ਤਾਂ ਉਸ ਵੇਲੇ ਦੁਰਜੋਧਨ ਨੇ ਦ੍ਰੋਪਤੀ ਤੋਂ ਆਪਣੀ ਕੀਤੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਦ੍ਰੋਪਤੀ ਨੂੰ ਆਪਣੇ ਦਰਬਾਰ ਵਿਚ ਬੁਲਾਇਆ ਕਿਸ ਤਰ੍ਹਾਂ ਬੁਲਾਇਆ ਉਹ ਸਾਰਾ ਪ੍ਰਸੰਗ ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ ਇਉਂ ਸੁਣਾਇਆ :

(੧) (ਦੁਰਜੋਧਨ ਦੇ ਛੋਟੇ ਭਰਾ) ਦੁਸ਼ਾਸ਼ਨ ਨੇ ਸਭਾ (ਦਰਬਾਰ) ਵਿਚ ਦ੍ਰੋਪਤੀ ਨੂੰ ਜੂੜੇ ਤੋਂ ਫੜ ਕੇ ਲੈ ਆਂਦਾ।

(੨) ਦੂਤਾਂ ਨੂੰ ਹੁਕਮ ਦਿਤਾ ਗਿਆ ਕਿ ਇਸ ਪੰਜਾਂ (ਪਾਂਡਵਾਂ) ਦੀ (ਇਸਤ੍ਰੀ) ਦਾਸੀ ਨੂੰ ਨੰਗਿਆਂ ਕਰ ਦਿਓ।

(੩) ਪੰਜੇ ਪਾਂਡੋ (ਯੁਧਿਸ਼ਟਰ, ਭੀਮ ਸੈਨ, ਅਰਜਨ, ਨਕੁਲ ਤੇ ਸਹਿਦੇਵ) ਵੇਖ ਰਹੇ ਸਨ, ਜਿਨ੍ਹਾਂ ਦੀ ਨਾਰੀ (ਪਤਨੀ) ਮੁਸੀਬਤ ਵਿਚ ਫਸੀ ਹੋਈ ਸੀ। (ਸਭਾ ਵਿਚ ਭੀਸ਼ਮ ਪਿਤਾਮਾ, ਦ੍ਰੋਣਾਚਾਰਯ ਬੈਠੇ ਹੋਏ ਸਨ, ਜਿਨ੍ਹਾਂ ਨੇ ਦੁਸਾਸਨ ਨੂੰ ਅਜਿਹਾ ਕਰਨ ਤੋਂ ਰੋਕਿਆ ਨਹੀ। ਪਾਂਡਵਾਂ ਨੇ ਦਰੋਪਤੀ ਵੀ ਜੂਏ ਵਿਚ ਹਾਰ ਦਿੱਤੀ ਸੀ, ਪਰ ਇਸ ਤੋਂ ਵਧ ਕੇ ਹੋਰ ਬੇਇਜਤੀ ਕੀ ਹੋ ਸਕਦੀ ਹੈ ਕਿ ਭਰੇ ਦਰਬਾਰ ਵਿਚ ਜਿਨ੍ਹਾਂ ਦੀ ਪਤਨੀ ਨੂੰ ਅਲਫ ਨੰਗਿਆਂ ਕੀਤਾ ਜਾਵੇ। ਡੋਲੇ ਫਰਕਦੇ ਸਨ, ਪਰ ਧਰਮ ਦੇ ਦਬਾਅ ਹੇਠ ਉਹ ਉਭਾਸਰ ਵੀ ਨ ਸੱਕੇ)

(੪) ਜਦੋਂ ਦੂਤਾਂ ਨੇ ਦ੍ਰੋਪਤੀ ਦੀ ਸਾੜ੍ਹੀ ਲਾਹੁਣੀ ਚਾਹੀ ਤਾਂ ਉਹ ਉੱਚੀ ਉੱਚੀ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਲੈ ਕੇ ਅੱਖਾਂ ਮੀਟ ਕੇ ਧਿਆਨ ਧਰ ਕੇ ਦੁਹਾਈ ਪਾਉਣ ਲੱਗੀ।

(੫) (ਦੂਤਾਂ ਨੇ ਇਕ ਸਾਹੜੀ ਲਾਹੀ, ਤਾਂ ਅੱਗੇ ਇਕ ਹੋਰ ਸਾੜ੍ਹੀ ਬੱਧੀ ਵੇਖੀ। ਉਹ ਲਾਹੀ ਤਾਂ ਫਿਰ ਹੋਰ ਸਾੜ੍ਹੀ ਬੱਝੀ ਵੇਖੀ। ਇਸ ਤਰ੍ਹਾਂ ਉਹ ਦਰੋਪਤੀ ਦੇ ਉਦਾਲਿਓਂ ਕੱਪੜੇ ਲਾਹੁੰਦੇ ਗਏ। ਕੱਪੜਿਆਂ ਦੇ ਢੇਰ ਲੱਗ ਗਏ ਦੂਤ ਕੱਪੜੇ ਲਾਹੁੰਦੇ ਥੱਕ ਗਏ, ਪਰ ਦਰੋਪਤੀ ਨੰਗੀ ਨ ਹੋਈ।

(੬) ਹੱਥਾਂ ਨੂੰ ਮਰੋੜਦੇ ਤੇ ਸਿਰ ਨੂੰ ਅਫਸੋਸ ਤੇ ਨਿਰਾਸਤਾ ਨਾਲ ਝੂਰਦੇ ਹਨ ਕਿ ਇਹ ਕੀ ਬਣ ਗਿਆ, ਬੁਰੇ ਭੀ ਬਣੇ ਪਰ ਬੁਰਿਆਈ ਵਾਲਾ ਕੰਮ ਪੂਰਾ ਨਾ ਹੋ ਸਕਿਆ, ਇਉਂ ਆਪੋ ਵਿਚ ਗੱਲਾਂ ਕਰਦੇ ਤੇ ਪਛਤਾਉਂਦੇ ਹਨ, ਕਿ ਬਦਲਾ ਲੈਣ ਦਾ ਇਸ ਤੋਂ ਵੱਡਾ ਮੌਕਾ ਫੇਰ ਨਹੀਂ ਮਿਲਣਾ ਪਰ ਸਮਾਂ ਬੀਤ ਗਿਆ, ਦੂਤ ਥੱਕ ਕੇ ਦਰੋਪਤੀ ਨੂੰ ਛੱਡ ਪਿਛੇ ਹਟ ਗਏ ਕਿ ਜਾਂਦੀ ਹੈ ਤਾਂ ਜਾਣ ਦਿਓ, ਰੋਕੋ ਨਾ।

(੭) ਘਰ ਆਉਂਦੀ ਨੂੰ ਅਗੋਂ ਸ੍ਰੀ ਕ੍ਰਿਸਨ ਜੀ ਮਿਲ ਪਏ, ਉਸਨੇ ਨਮਸਕਾਰ ਕੀਤੀ ਤੇ ਸ਼ਰਮਾਉਂਦੀ ਸ਼ਰਮਾਉਂਦੀ ਨੇ ਕਿਹਾ—ਭਗਵਾਨ ਪੈਜ ਰਹਿ ਗਈ ਹੈ, ਤੁਸਾਂ ਬਚਾਅ ਲਿਆ ਹੈ।

(੮) ਤੁਸੀਂ ਨਾਥ (ਮਾਲਕ) ਹੋ, ਤੇ ਅਨਾਥਾਂ ਨੂੰ ਭੀੜਾ ਸਮੇਂ ਬਚਾਉਣਾ ਇਹ ਤੁਹਾਡੀ (ਭਗਤ ਵਛਲ ਪ੍ਰਭੂ ਦੀ) ਸ਼ੁਰੂ ਤੋਂ ਹੀ ਪਰੰਪਰਾ ਤੁਰੀ ਆ ਰਹੀ ਹੈ।੮।

***ਭਾਵਾਰਥ :*** ਮਾਲਕ ਦਾਸਾਂ ਦੀ ਪੈਜ ਰੱਖਣ, ਇਹ ਅਸੂਲ ਧੁਰ ਵਾਹਿਗੁਰੂ ਦੇ ਘਰ ਤੋਂ ਹੀ ਪ੍ਰਚੱਲਤ ਹੈ। ਉਸਦੇ ਪਿਆਰੇ ਭੀ ਅਨਾਥਾਂ ਦੀ ਤਿਵੇਂ ਹੀ ਪੈਜ ਰਖਦੇ ਹਨ। ਇਸ ਵਾਰਤਾ ਵਿਚ ਇਹ ਤਿੰਨ ਉਪਦੇਸ਼ ਹਨ :

੧. ਅਨੀਤੀ ਕਦੇ ਭੀ ਨਹੀਂ ਕਰਨੀ ਚਾਹੀਦੀ।

੨. ਦੁਖ ਆ ਬਣੇ ਤਾਂ ਆਪਣੇ ਇਸ਼ਟ ਦੇਵ ਦੀ ਇਕ ਮਨ ਹੋ ਕੇ ਅਰਾਧਨਾ ਕਰਦੇ ਰਹਿਣਾ ਚਾਹੀਦਾ ਹੈ।

੩. ਪ੍ਰਭੂ ਦੇ ਮਾਰਗ ਵਿਚ ਤੁਰਦੇ ਰਹਿਣ ਸਮੇ ਭਰੋਸਾ ਦ੍ਰਿੜ੍ਹ ਚਾਹੀਦਾ ਹੈ, ਭਰੋਸੇ ਦੀ ਤਾਰ ਵਿਚੋਂ ਵਾਹਿਗੁਰੂ ਦੀ ਸ਼ਕਤੀ ਆਪੇ ਆ ਕੇ ਸਹਾਇਤਾ ਕਰਦੀ ਹੈ।

## ੯. ਸੁਦਾਮੇ ਭਗਤ ਦੀ ਵਾਰਤਾ

੧. ਬਿੱਪ ਸੁਦਾਮਾ ਦਾਲਦੀ
ਬਾਲ ਸਖਾਈ ਮਿਤ੍ਰ ਸਦਾਏ।
੨. ਲਾਗੂ ਹੋਈ ਬਾਮ੍ਹਣੀ
ਮਿਲ ਜਗਦੀਸ ਦਲਿੱਦ੍ਰ ਗਵਾਏ।
੩. ਚਲਿਆ ਗਿਣਦਾ ਗੱਟੀਆਂ
ਕਿਉਂ ਕਰ ਜਾਈਏ ਕੌਣ ਮਿਲਾਏ।
੪. ਪਹੁਤਾ ਨਗਰ ਦੁਆਰਕਾ
ਸਿੰਘ ਦੁਆਰ ਖਲੋਤਾ ਜਾਏ।
੫. ਦੂਰਹੁੰ ਦੇਖ ਡੰਡਉਤ ਕਰਿ
ਛਡ ਸਿੰਘਾਸਣ ਹਰਿ ਜੀ ਆਏ।
੬. ਪਹਿਲੇ ਦੇ ਪਰਦੱਖਣਾ
ਪੈਰੀਂ ਪੈ ਕੇ ਲੈ ਗਲ ਲਾਏ।
੭. ਚਰਣੋਦਕ ਲੈ ਪੈਰ ਧੋਇ
ਸਿੰਘਾਸਣ ਉੱਪਰ ਬੈਠਾਏ।
੮. ਪੁੱਛੇ ਕੁਸਲ ਪਿਆਰ ਕਰਿ
ਗੁਰ ਸੇਵਾ ਦੀ ਕਥਾ ਸੁਣਾਏ।
੯. ਲੈ ਕੇ ਤੰਦੁਲ ਚੱਬਿਓਨ
ਵਿਦਾ ਕਰੇ ਅੱਗੇ ਪਹੁੰਚਾਏ।
੧੦. ਚਾਰ ਪਦਾਰਥ ਸਕੁਚ ਪਠਾਏ ॥੯॥

*ਪਦ ਅਰਥ :* ਬਿੱਪ—ਬ੍ਰਾਹਮਣ। ਦਾਲਦੀ—ਦਲਿੱਦ੍ਰੀ, ਗ਼ਰੀਬੀ ਦਾ ਮਾਰਿਆ ਹੋਇਆ। ਲਾਗੂ—ਪਿੱਛੇ ਪੈ ਜਾਣਾ, ਕਿਸੇ ਗੱਲ ਨੂੰ ਬਾਰ ਬਾਰ ਕਰਨ ਲਈ ਕਹਿਣਾ। ਗੱਟੀਆਂ—ਵੀਚਾਰਾਂ, ਗਿਣਤੀਆਂ। ਸਿੰਘ ਦੁਆਰ—ਰਾਜ ਦਰਵਾਜ਼ਾ। ਤੰਦੁਲ—ਚਾਵਲ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਭਗਤ ਸੁਦਾਮੇ ਦੀ ਵਾਰਤਾ ਸਨਾਤਨ ਪੁਸਤਕਾਂ ਵਿਚ ਸੁਣਦੇ ਆ ਰਹੇ ਹਾਂ ਕਿ ਸੁਦਾਮਾਂ ਤੇ ਕ੍ਰਿਸ਼ਨ ਭਗਵਾਨ ਜੀ ਇਹ ਸੰਦੀਪਨ ਗੁਰੂ ਦੇ ਪਾਸ ਇਕੱਠੇ ਪੜ੍ਹਦੇ ਰਹੇ ਹਨ, ਇਹ ਬਾਲ-ਸਖਾਈ ਮਿੱਤ੍ਰ ਸਨ ਪਰ ਇਨ੍ਹਾਂ ਦੀ ਵਾਰਤਾ ਸਾਨੂੰ ਤੁਸੀਂ ਵਿਸਥਾਰ ਪੂਰਵਕ ਖੋਲ੍ਹ ਕੇ ਸੁਣਾਓ, ਧੰਨਵਾਦੀ ਹੋਵਾਂਗੇ?

ਉ: ਹੇ ਭਾਈਓ! ਇਸ ਦੀ ਪੁਰਾਤਨ ਕਥਾ ਸੁਣਨ ਵਿਚ ਇਸੇ ਤਰ੍ਹਾਂ ਆਉਂਦੀ ਹੈ ਕਿ:

(੧) ਸੁਦਾਮਾ ਬ੍ਰਾਹਮਣ ਬੜਾ ਹੀ ਗ਼ਰੀਬੀ ਦੀ ਹਾਲਤ ਵਿਚ ਸੀ, ਪਰ ਇਹ ਬਾਲ-ਪੁਣੇ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਸਾਥੀ (ਵਿਦਿਆਰਥੀ) ਸੀ ਤੇ ਮਿੱਤ੍ਰ ਅਖਵਾਉਂਦਾ ਸੀ।

(੨) (ਘਰ ਵਿਚ ਸਦਾ ਸ੍ਰੀ ਕ੍ਰਿਸ਼ਨ ਜੀ ਦੀਆਂ ਹੀ ਗੱਲਾਂ ਕਰਦਾ ਰਹਿੰਦਾ ਸੀ) ਤਾਂ ਇਕ ਦਿਨ ਉਸਦੀ ਘਰ ਵਾਲੀ ਬਾਹਮਣੀ ਮਗਰ ਪੈ ਗਈ ਕਿ ਤੂੰ ਜਗਦੀਸ਼ (ਕ੍ਰਿਸ਼ਨ ਜੀ) ਨੂੰ ਮਿਲ ਕੇ ਆਪਣੀ ਗ਼ਰੀਬੀ ਨੂੰ ਦੂਰ ਕਰ (ਭਾਵ ਰਾਜੇ ਜਾਂ ਪਾਤਸ਼ਾਹ ਦਾ ਮਿੱਤ੍ਰ ਗ਼ਰੀਬੀ ਕਿਉਂ ਕੱਟੇ ?)

(੩) (ਸੁਦਾਮਾ) ਘਰੋਂ ਤੁਰ ਪਿਆ, ਪਰ ਵੀਚਾਰਾਂ ਕਰੀ ਜਾਂਦਾ ਹੈ ਕਿ (ਪਾਟੇ ਤੇ ਮੈਲੇ ਕੱਪੜਿਆਂ ਵਾਲਾ) ਮੈਂ ਕਿਵੇਂ ਜਾਵਾਂ ਤੇ ਕੌਣ ਮੈਨੂੰ ਮਿਲਾਏਗਾ।

(੪) ਇਹੋ ਵੀਚਾਰਾਂ ਕਰਦਾ ਤੁਰੀ ਗਿਆ, ਤੇ ਦੁਆਰਕਾ ਨਗਰੀ ਵਿਚ ਜਾ ਪੁੱਜਾ। ਅਖ਼ੀਰ ਸ੍ਰੀ ਕ੍ਰਿਸ਼ਨ ਜੀ ਦੀ ਸਭਾ ਦੇ ਰਾਜ-ਦੁਆਰ ਅੱਗੇ ਜਾ ਖਲੋਤਾ।

(੫) ਸ੍ਰੀ ਕ੍ਰਿਸ਼ਨ ਜੀ ਨੇ ਅੰਦਰੋਂ ਸਿੰਘਾਸਨ ਤੇ ਬੈਠਿਆਂ ਹੀ ਸੁਦਾਮੇ ਨੂੰ ਬਾਹਰ ਖੜਾ ਦੇਖ ਲਿਆ। (ਅੰਤਰਜਾਮੀ ਸਨ ਸਾਰੀ ਹਾਲਤ ਦੇ ਭੇਤੀ ਸਨ) ਦੂਰੋਂ ਹੀ ਡੰਡਉਤ ਕੀਤੀ ਤੇ ਸਿੰਘਾਸਣ ਨੂੰ ਛੱਡ ਕੇ ਸਭਾ ਤੋਂ ਬਾਹਰ ਆ ਕੇ ਸੁਦਾਮਾ ਜੀ ਨੂੰ ਅੰਦਰ ਲੈ ਗਏ।

(੬) ਅੰਦਰ ਲੈ ਜਾ ਕੇ ਪਹਿਲਾਂ ਤਾਂ ਸੁਦਾਮਾ ਜੀ ਦੀਆਂ ਪਰਕਰਮਾਂ ਕੀਤੀਆਂ ਤੇ ਪੈਰੀਂ ਪਏ। ਫਿਰ ਉੱਠ ਕੇ ਗਲ ਨਾਲ ਲਾ ਲਿਆ।

(੭) ਫਿਰ ਆਪਣੇ ਰਾਜ-ਸਿੰਘਾਸਣ ਤੇ ਬੈਠਾ ਕੇ ਸੁਦਾਮਾ ਜੀ ਦੇ ਚਰਨ ਧੋਤੇ ਤੇ ਚਰਨਾਮ੍ਰਤ ਲੈ ਕੇ ਮੂੰਹ ਲਾਇਆ।

(੮) ਫਿਰ ਸੁਖ ਸਾਂਦ ਪੁੱਛੀ ਤੇ ਮਿੱਠੇ ਮਿੱਠੇ ਬਚਨ ਕੀਤੇ, ਪਿਆਰ ਦੀਆਂ ਭਾਵਨਾਵਾਂ ਜਾਗ ਪਈਆਂ

(ਪੁਰਾਣੀਆਂ ਯਾਦਾਂ ਜਦੋ ਇਕੱਠੇ ਪੜ੍ਹਦੇ ਹੁੰਦੇ ਤੇ ਗੁਰੂ ਦੀ ਸੇਵਾ ਕਰਦੇ ਸੀ, ਉਹ ਵਾਰਤਾ ਕੀਤੀਆਂ, ਜਿਵੇਂ ਸੁਦਾਮਾ ਘਰੋ ਛੋਲੇ ਭੁੰਨੇ ਲੈ ਗਿਆ, ਪਰ ਲੱਕੜਾ ਇਕੱਠੀਆਂ ਕਰਦੇ ਕਰਦੇ ਉਹ ਇਕੱਲਾ ਇਕੱਲਾ ਖਾਈ ਗਿਆ। ਸ੍ਰੀ ਕ੍ਰਿਸ਼ਨ ਜੀ ਦੇ ਪੁੱਛਣ 'ਤੇ ਕਿ ਕੀ ਖਾਂਦਾ ਹੈਂ ? ਉਹ ਮੁੱਕਰ ਗਿਆ। ਤਾਂ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ—'ਜਾਹ ਓਇ ਦਲਿੱਦ੍ਰੀਆ! ਤੂੰ ਝੂਠ ਮਾਰਦਾ ਹੈਂ, ਬਸ ਉਸੇ ਦਿਨ ਤੋਂ ਹੀ ਸੁਦਾਮਾ ਗ਼ਰੀਬੀ ਦੇ ਲੜ ਲੱਗਾ, 'ਅੰਤ ਗ਼ਰੀਬ ਹੋ ਗਿਆ ਸੀ—)

(੯) ਸੁਦਾਮਾ ਘਰਵਾਲੀ ਦੇ ਕਹੇ ਮੁੱਠ ਚੌਲਾਂ ਦੀ ਭੇਟਾ ਦੇਣ ਲਈ ਪੱਲੇ ਬੰਨ੍ਹ ਕੇ ਲੈ ਗਿਆ ਸੀ, ਪਰ ਹੁਣ ਪਿਆਰ ਵਿਚ ਸਭ ਕੁਝ ਭੁੱਲ ਗਿਆ। ਸ੍ਰੀ ਕ੍ਰਿਸ਼ਨ ਜੀ ਨੇ ਆਪ ਹੀ ਕੱਨੀਓਂ ਖੋਲ੍ਹ ਕੇ ਉਹ ਚਾਵਲ ਖਾਣੇ ਸ਼ੁਰੂ ਕਰ ਦਿਤੇ। ਫਿਰ ਸੁਦਾਮੇ ਨੂੰ ਵਿਦਾ ਕਰਨ ਲਈ ਨਾਲ ਬਾਹਰ ਆਏ।

(੧੦) ਸੁਦਾਮੇ ਨੇ ਆਪ ਮੰਗ ਨਹੀਂ ਕੀਤੀ, ਪਰ ਕ੍ਰਿਸ਼ਨ ਜੀ ਨੇ ਚਾਰੇ ਪਦਾਰਥ ਸਕੁਚ ਕੇ (ਐਵੇਂ ਮਾਮੂਲੀ ਜੇਹੇ ਦਾਨ ਵਾਂਗ) ਉਸਦੇ ਅੱਗੇ ਅੱਗੇ ਉਸਦੇ ਘਰ ਪਹੁੰਚਾ ਦਿੱਤੇ।੯।

*ਭਾਵਾਰਥ :* ਇਸ ਕਥਾ ਵਿਚ ਇਹ ਉਪਦੇਸ਼ ਹੈ ਕਿ ਗੁਰ-ਭਾਈਆਂ ਦਾ ਬਹੁਤ ਆਦਰ ਕਰਨਾ ਚਾਹੀਦਾ ਹੈ, ਕ੍ਰਿਸ਼ਨ ਜੀ, ਜੋ ਬਾਲਕ ਅਵਸਥਾ ਵਿਚ ਗੁਆਲਿਆਂ ਦਾ ਪੁਤਰ ਪ੍ਰਸਿੱਧ ਸੀ ਤੇ ਹੁਣ ਦੁਆਰਕਾ ਦਾ ਰਾਜਾ ਸੀ, ਨੇ ਬਾਲ-ਸਖਾਈ ਗੁਰ-ਭਾਈ ਕੰਗਾਲ ਸੁਦਾਮੇ ਦਾ ਕਿੰਨਾ ਆਦਰ ਕੀਤਾ ਹੈ। ਇਸ ਤੋਂ ਇਹੋ ਪ੍ਰੇਰਨਾ ਮਿਲਦੀ ਹੈ ਕਿ ਇੱਜ਼ਤ ਪਾ ਕੇ ਫਿੱਟ ਨਹੀਂ ਜਾਣਾ ਚਾਹੀਦਾ ਤੇ ਗੁਰ-ਭਾਈ ਦਾ ਮਾਨ ਕਰਦੇ ਰਹਿਣਾ ਚਾਹੀਦਾ ਹੈ, ਤੇ ਜੋ ਗੁਰ-ਭਾਈ ਕਰਮਗਤੀ ਕਰਕੇ ਗ਼ਰੀਬ ਹੋਣ, ਉਨ੍ਹਾਂ ਨੂੰ ਅਮੀਰ ਗੁਰ-ਭਾਈਆਂ ਪਾਸੋਂ ਧਨ ਦੀ ਇੱਛਾ ਨਹੀਂ ਕਰਨੀ ਚਾਹੀਦੀ, ਜੈਸਾ ਕਿ ਸੁਦਾਮੇ ਦਾ ਆਪਣਾ ਖ਼ਿਆਲ ਦੱਸਿਆ ਹੈ, ਪਰ ਉਨ੍ਹਾਂ ਨੂੰ ਅਮੀਰੀ ਦੇ ਸਬੱਬ (ਜੇ ਉਹ ਪ੍ਰਮੇਸ਼ਰ ਭਗਤ ਹੋਣ) ਤਾਂ ਛੱਡ ਨਹੀਂ ਦੇਣਾ ਚਾਹੀਦਾ, ਪਿਆਰ ਵਿਚ ਅਮੀਰ ਨੂੰ ਅਮੀਰੀ ਦਾ ਹੰਕਾਰ ਤੇ ਗ਼ਰੀਬ ਨੂੰ ਗ਼ਰੀਬੀ ਦਾ ਖ਼ਿਆਲ ਮੇਲ ਦੇ ਪ੍ਰਤੀਬੰਧਕ ਨਹੀਂ ਹੋਣੇ ਚਾਹੀਦੇ।

# ਕਲਜੁਗ ਦੇ ਭਗਤਾਂ ਦੀ ਕਥਾ

## ੧੦. ਜੈ ਦੇਉ ਭਗਤ ਦੀ ਸਾਖੀ

੧. ਪ੍ਰੇਮ ਭਗਤਿ ਜੈ ਦੇਉ ਕਰਿ
ਗੀਤ ਗੋਬਿੰਦ ਸਹਜ ਧੁਨਿ ਗਾਵੈ।
੨. ਲੀਲ੍ਹਾ ਚਲਿਤ ਵਖਾਣਦਾ
ਅੰਤਰਜਾਮੀ ਠਾਕੁਰ ਭਾਵੈ।
੩. ਅੱਖਰ ਇੱਕ ਨ ਆਵੜੈ
ਪੁਸਤਕ ਬੰਨਿ ਸੰਧਿਆ ਕਰਿ ਆਵੈ।
੪. ਗੁਣ ਨਿਧਾਨ ਘਰਿ ਆਇ ਕੈ
ਭਗਤ ਰੂਪ ਲਿਖ ਲੇਖ ਬਣਾਵੈ।
੫. ਅੱਖਰ ਪੜ੍ਹ ਪਰਤੀਤਿ ਕਰਿ
ਹੋਇ ਵਿਸਮਾਦ ਨ ਅੰਗ ਸਮਾਵੈ।
੬. ਵੇਖੈ ਜਾਇ ਉਜਾੜ ਵਿੱਚ
ਬਿਰਖ ਇੱਕ ਆਚਰਜ ਸੁਹਾਵੈ।
੭. ਗੀਤ ਗੋਬਿੰਦ ਸੰਪੂਰਣੋ
ਪਤੁ ਪਤੁ ਲਿਖਿਆ ਅੰਤੁ ਨ ਪਾਵੈ।
੮. ਭਗਤ ਹੇਤੁ ਪਰਗਾਸ ਕਰਿ
ਹੋਇ ਦਇਆਲ ਮਿਲੈ ਗਲ ਲਾਵੈ।
੯. ਸੰਤ ਅਨੰਤ ਨ ਭੇਦ ਗਣਾਵੈ ॥੧੦॥

*ਪਦ ਅਰਥ :* ਆਵੜੈ—ਅਹੁੜਦਾ। ਅੰਗ ਸਮਾਵੈ—ਖੁਸ਼ੀ ਵਿਚ ਸਮਾਉਣਾ। ਗੀਤ ਗੋਬਿੰਦ—ਜੈ ਦੇਵ ਦੀ ਪੁਸਤਕ ਦਾ ਨਾਮ ਹੈ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਨੇ ਪਿਛਲੇ ਜੁਗਾਂ ਵਿਚ ਹੋ ਗੁਜ਼ਰੇ ਭਗਤਾਂ ਦੀਆਂ ਕਥਾਵਾਂ ਦੀ ਜਾਣਕਾਰੀ ਕਰਵਾਈ ਹੈ, ਉਥੇ ਕਲਜੁਗ ਦੇ ਭਗਤਾਂ ਦੀ ਵਾਕਫ਼ੀਅਤ ਭੀ ਕਰਾਓ ਤਾਂਕਿ ਸਾਨੂੰ ਸੋਝੀ ਮਿਲ ਸਕੇ ਕਿ ਕਲਜੁਗ ਵਿਚ ਕਿਹੜੇ ਕਿਹੜੇ ਭਗਤ ਹੋਏ ਹਨ?

ੳ: ਹੇ ਭਾਈਓ! ਇਸ ਕਲਜੁਗ ਦੇ ਸਮੇਂ ਵਿਚ ਜਿਤਨੇ

ਭੀ ਭਗਤ ਜਨ ਹੋ ਗੁਜ਼ਰੇ ਹਨ, ਉਨ੍ਹਾਂ ਦੇ ਜੀਵਨ ਜੋ ਮੇਰੇ ਪੜ੍ਹਨ ਸੁਣਨ ਵਿਚ ਆਏ ਹਨ ਉਹ ਭਾਵੇਂ ਸਾਰੇ ਤਾਂ ਮੇਰੀ ਯਾਦ ਵਿਚ ਨਹੀਂ ਪਰ ਜਿਤਨੇ ਕੁ ਭੀ ਮੇਰੀ ਸਿੰਮਰਤੀ ਵਿਚ ਕਾਇਮ ਹਨ ਉਨ੍ਹਾਂ ਦੀਆਂ ਨਾਮ ਮਾਤਰ ਵਾਰਤਾਵਾਂ ਮੈਂ ਸੁਣਾਉਣ ਦਾ ਉਪਰਾਲਾ ਕਰਦਾ ਹਾਂ, ਪਹਿਲੋਂ ਮੈਂ ਆਪ ਜੀ ਨੂੰ ਭਗਤ ਜੈ ਦੇਵ ਜੀ ਦੀ ਕਥਾ ਸੁਣਾਉਂਦਾ ਹਾਂ, ਜੋ ਇਸ ਪ੍ਰਕਾਰ ਸੁਣਨ ਵਿਚ ਆਉਂਦੀ ਹੈ :

(੧) (ਹੇ ਭਾਈਓ !) ਭਗਤ ਜੈ ਦੇਵ ਪ੍ਰੇਮਾ-ਭਗਤੀ ਕਰਦਾ ਤੇ ਗੋਬਿੰਦ ਦੇ ਗੀਤ ਸਹਿਜ ਧੁਨੀ ਨਾਲ (ਪਿਆਰ ਵਿਚ ਰਸ ਰਹਿਤ) ਗਾਇਆ ਕਰਦਾ ਸੀ।

(੨) ਉਹ ਪ੍ਰਮੇਸ਼ਰ ਦੀ ਲੀਲ੍ਹਾ (ਵਡਿਆਈ) ਤੇ ਚਲਿਤ (ਕੌਤਕਾਂ) ਦੇ ਖ਼ਿਆਲ ਗੀਤਾਂ ਵਿਚ ਬੰਨ੍ਹ ਕੇ ਪੇਸ਼ ਕਰਦਾ ਸੀ (ਇਸ ਲਈ) ਅੰਤਰਜਾਮੀ ਠਾਕੁਰ (ਪ੍ਰਭੂ) ਨੂੰ ਇਹ ਭਾਉਂਦਾ ਚੰਗਾ ਲਗਦਾ ਸੀ।

(੩) ਇਕ ਵੇਰਾਂ ਕੁਝ ਲਿਖ ਰਿਹਾ ਸੀ ਕਿ ਉਸ ਲਈ ਅੱਖਰ ਅਨੁਭਵ ਵਿਚ ਨਹੀਂ ਸੀ ਆ ਰਹੇ ਸਨ ਕਿ ਕੀ ਲਿਖੇ। ਜਦ ਕੋਈ ਸ਼ਬਦ ਨਾ ਅਹੁੜਿਆ ਤਾਂ ਪੁਸਤਕ ਬੰਦ ਕਰਕੇ ਸੰਧਿਆ ਕਰਨ ਲਈ ਬਾਹਰ ਚਲਿਆ ਗਿਆ।

(੪) ਪਿਛੋਂ ਭਗਤ ਦੇ ਰੂਪ ਵਿਚ ਪ੍ਰਭੂ ਜੀ ਆਪ ਆਏ, ਤੇ ਪੋਥੀ ਖੋਲ੍ਹ ਕੇ ਉਹ ਸ਼ਬਦ ਜੋ ਜੈਦੇਵ ਜੀ ਨੂੰ ਅਹੁੜਦਾ ਨਹੀਂ ਸੀ ਉਹ ਲਿਖਕੇ ਚਲੇ ਗਏ।

(੫) ਜੈ ਦੇਵ ਨੇ ਆਕੇ ਪੋਥੀ ਖੋਲ੍ਹੀ ਤਾਂ ਉਹ ਅੱਖਰ ਲਿਖਿਆ ਵੇਖ ਪੜ੍ਹ ਕੇ ਬੜਾ ਅਸਚਰਜ ਹੋਇਆ ਤੇ ਖ਼ੁਸ਼ ਭੀ ਏਨਾ ਕਿ ਅੰਗਾਂ ਵਿਚ ਨ ਸਮਾਵੇ।

(੬) ਫਿਰ ਉਹ ਜੰਗਲ ਵਿਚ ਗਿਆ, ਤਾਂ ਉਥੇ ਇਕ ਅਸਚਰਜ ਬ੍ਰਿਛ ਸੀ, ਉਹ ਦੇਖ ਕੇ ਹੈਰਾਨ ਹੋ ਗਿਆ।

(੭) (ਕਿਉਂਕਿ ਉਸ ਦਰੱਖ਼ਤ ਦੇ) ਹਰ ਪੱਤੇ ਉਪਰ ਸੰਪੂਰਨ ਗੀਤ ਗੋਬਿੰਦ ਦੇ ਲਿਖੇ ਹੋਏ ਸਨ, ਜਿਨ੍ਹਾਂ ਦਾ ਅੰਤ ਨਹੀਂ ਸੀ ਪੈਂਦਾ, ਭਾਵ ਸਮਝ ਨਹੀਂ ਸੀ ਪੈਂਦੀ ਕਿ ਏਥੇ ਪੱਤਿਆਂ 'ਤੇ ਇਹ ਕਿਵੇਂ ਲਿਖੇ ਗਏ।

(੮) ਭਗਤ ਜੀ ਇਸੇ ਧਿਆਨ ਵਿਚ ਇਥੇ ਇਕ-ਰਸ ਲਿਵਲੀਨ ਹੋ ਗਏ, ਤਾਂ ਪ੍ਰਭੂ ਜੀ ਨੇ ਪ੍ਰਗਟ ਹੋ ਕੇ ਭਗਤ ਜੀ ਨੂੰ ਗਲ ਨਾਲ ਲਾ ਲਿਆ।

(੯) ਪ੍ਰਮੇਸ਼ਰ ਵੀ ਅਨੰਤ ਤੇ ਸੰਤ ਦੀ ਮਹਿਮਾ ਵੀ ਅਨੰਤ (ਅੰਤ ਰਹਿਤ) ਹੈ ਏਸ ਭੇਦ ਨੂੰ ਪ੍ਰਮੇਸ਼ਰ ਜਤਾਉਂਦਾ ਨਹੀਂ।੧੦।

***ਭਾਵਾਰਥ :*** ਇਸ ਪ੍ਰਸੰਗ ਇਹ ਏਹੋ ਪ੍ਰੇਰਨਾ ਹੈ ਕਿ ਜੋ ਭਗਤ ਹਰਿ ਜਸ ਲਿਖਣ ਉਹ ਆਪ ਹਉਮੈ ਧਾਰਕੇ ਨ ਲਿਖਣ, ਪਰ ਭਰੋਸਾ ਧਾਰ ਕੇ ਲਿਖਣ, ਹਉਮੈ ਛੱਡ ਕੇ ਵਾਹਿਗੁਰੂ ਤੋਂ ਅਗਵਾਨੀ ਮੰਗਣ ਜੋ ਰਸਤਾ ਉਹ ਦੇਵੇ ਉਸੇ ਅਨੁਸਾਰ ਲਿਖਣ ਸੰਤ ਪਦ ਵਿਚ ਵਾਹਿਗੁਰੂ ਨਾਲ ਸੁਰਤਿ ਮਿਲੀ ਹੁੰਦੀ ਹੈ ਉਸ ਮੇਲ ਦੇ ਕਾਰਨ ਵਾਹਿਗੁਰੂ ਦੀ ਸੱਤਾ ਆਪ ਲਿਖਾਉਂਦੀ ਹੈ, ਜੋ ਸੁਰਤਿ ਡਿਗੀ ਵਾਲੇ ਹਨ ਉਹ ਪ੍ਰਮੇਸ਼ਰ ਦਾ ਜਸ ਕੀ ਲਿਖ ਸਕਦੇ ਹਨ ਭਾਵ ਉਹ ਤਾਂ ਕੁਝ ਭੀ ਨਹੀਂ ਲਿਖ ਸਕਦੇ।

## ੧੧. *ਭਗਤ ਨਾਮਦੇਵ ਜੀ ਦੀ ਸਾਖੀ*

**੧. ਕੰਮ ਕਿਤੇ ਪਿਉ ਚੱਲਿਆ**
**ਨਾਮਦੇਵ ਨੋਂ ਆਖ ਸਿਧਾਯਾ।**
**੨. ਠਾਕੁਰ ਦੀ ਸੇਵਾ ਕਰੀਂ**
**ਦੂਧ ਪੀਆਵਣ ਕਹਿ ਸਮਝਾਯਾ।**
**੩. ਨਾਮਦੇਉ ਇਸ਼ਨਾਨ ਕਰਿ**
**ਕਪਲ ਗਾਇ ਦੁਹਿ ਕੇ ਲੈ ਆਯਾ।**
**੪. ਠਾਕੁਰ ਨੋਂ ਨ੍ਹਾਵਾਲਕੈ**
**ਚਰਣੋਦਕ ਲੈ ਤਿਲਕ ਚੜ੍ਹਾਯਾ।**
**੫. ਹੱਥ ਜੋੜਿ ਬਿਨਤੀ ਕਰੈ**
**ਦੁੱਧ ਪੀਅਹੁ ਜੀ ਗੋਬਿੰਦ ਰਾਯਾ।**
**੬. ਨਿਹਚਉ ਕਰਿ ਆਰਾਧਿਆ**
**ਹੋਇ ਦਯਾਲ ਦਰਸ ਦਿਖਲਾਯਾ।**
**੭. ਭਰੀ ਕਟੋਰੀ ਨਾਮਦੇਵ**
**ਲੈ ਠਾਕੁਰ ਨੋਂ ਦੁੱਧ ਪੀਆਯਾ।**
**੮. ਗਾਇ ਮੁਈ ਜੀਵਾਲੀਓਨੁ**
**ਨਾਮਦੇਉ ਦਾ ਛੱਪਰ ਛਾਯਾ।**
**੯. ਫੇਰਿ ਦੇਹੁਰਾ ਰਖਿਓਨੁ**
**ਚਾਰਿ ਵਰਨ ਲੈ ਪੈਰੀਂ ਪਾਯਾ।**
**੧੦. ਭਗਤ ਜਨਾਂ ਦਾ ਕਰੇ ਕਰਾਯਾ ॥੧੧॥**

***ਪਦ ਅਰਥ :*** ਸਿਧਾਯਾ—ਚਲਾ ਗਿਆ। ਦੁਹਿ ਕੇ—ਚੋ ਕੇ।

***ਅਰਥ :***

ਪ੍ਰ: ਭਾਈ ਸਾਹਿਬ ਜੀਓ ! ਆਪ ਜੀ ਨੇ ਭਗਤ ਨਾਮਦੇਵ

ਦੇ ਜੀਵਨ ਬਾਰੇ ਭੀ ਕਾਫ਼ੀ ਪੜਚੋਲ ਕੀਤੀ ਹੋਵੇਗੀ, ਉਨ੍ਹਾਂ ਦੀ ਪਵਿੱਤ੍ਰ ਜੀਵਨੀ ਬਾਰੇ ਸਾਨੂੰ ਭੀ ਕੁਝ ਜਾਣਕਾਰੀ ਕਰਾਓ, ਧੰਨਵਾਦ ਹੋਵਾਂਗੇ?

ਉ: ਹੇ ਭਾਈਓ! ਭਗਤ ਨਾਮਦੇਉ ਦੇ ਜੀਵਨ ਵਿਚੋਂ ਕਈ ਪ੍ਰਸੰਗ ਮਿਲਦੇ ਹਨ ਜਿਨ੍ਹਾਂ ਵਿਚੋਂ ਕਈ ਕੁ ਕਥਾਵਾਂ ਦੀ ਜਾਣਕਾਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਬਾਣੀ ਵਿਚੋਂ ਭੀ ਮਿਲਦੀ ਹੈ ਜਿਨ੍ਹਾਂ ਵਿਚੋਂ ਇਕ ਪ੍ਰਸੰਗ ਇਹ ਭੀ ਆਉਂਦਾ ਹੈ ਕਿ:

(੧) ਨਾਮਦੇਵ ਜੀ ਦਾ ਪਿਤਾ ਕਿਸੇ ਕੰਮ ਚਲਿਆ, ਤਾਂ ਨਾਮਦੇਵ ਜੀ ਨੂੰ ਇਹ ਆਖ ਕੇ ਚਲਾ ਗਿਆ ਕਿ।

(੨) (ਅਜ ਮੇਰੇ ਥਾਂ ਤੂੰ) ਠਾਕੁਰ ਦੀ ਸੇਵਾ ਕਰਨੀ ਹੈ। ਇਹ ਭੀ ਸਮਝਾ ਗਿਆ ਕਿ ਦੁੱਧ ਵੀ ਠਾਕੁਰ ਨੂੰ ਜ਼ਰੂਰ ਪਿਆਉਣਾ ਹੈ (ਨਾਗਾ ਨ ਪਵੇ)।

(੩) ਨਾਮਦੇਵ ਜੀ ਨੇ (ਸਵੇਰੇ ਉਠ ਕੇ) ਇਸ਼ਨਾਨ ਕੀਤਾ ਤੇ ਕਪਲ ਨਾਂ ਦੀ ਗਊ ਨੂੰ ਚੋ ਕੇ ਦੁੱਧ ਲੈ ਆਇਆ।

(੪) (ਦੁੱਧ ਲੈ ਆ ਕੇ) ਫਿਰ ਉਸਨੇ ਠਾਕੁਰ ਨੂੰ ਇਸਨਾਨ ਕਰਾਇਆ ਚਰਣੋਦਕ ਦਾ ਅੰਮ੍ਰਿਤ ਲਿਆ ਕੇ ਤਿਲਕ ਭੀ ਲਾਇਆ।

(੫) ਫੇਰ ਠਾਕੁਰ ਜੀ ਅਗੇ ਹੱਥ ਜੋੜ ਕੇ ਬੇਨਤੀਆਂ ਕਰਨ ਲੱਗਾ ਕਿ: 'ਹੇ ਗੋਬਿੰਦ ਜੀ! ਦੁੱਧ ਪੀ ਲਓ।'

(੬) ਉਸਨੇ ਦ੍ਰਿੜ੍ਹ ਨਿਸਚੇ ਨਾਲ ਅਰਾਧਨਾ ਕੀਤੀ, ਤਾਂ ਪ੍ਰਮੇਸ਼ਰ ਨੇ ਦਿਆਲੂ ਹੋ ਕੇ ਭਗਤ ਨੂੰ ਦਰਸ਼ਨ ਦਿੱਤੇ।

(੭) ਨਾਮਦੇਵ ਜੀ ਨੇ ਕਟੋਰੀ ਭਰਕੇ ਦੁੱਧ ਦੀ ਠਾਕੁਰ ਜੀ ਨੂੰ ਫੜਾਈ ਤੇ (ਇਉਂ) ਪ੍ਰਤੱਖ ਠਾਕੁਰ ਜੀ ਨੂੰ ਦੁੱਧ ਪਿਆ ਦਿੱਤਾ।

(੮) (ਫੇਰ ਕੀ ਹੋਇਆ)? ਨਾਮਦੇਵ ਜੀ ਦਾ ਵਿਸ਼ਵਾਸ ਤੇ ਦ੍ਰਿੜ੍ਹਤਾ ਏਨੀ ਪੱਕੀ ਹੋ ਗਈ ਕਿ ਜਦ ਉਹ ਤੀਰਥ ਯਾਤਰਾ ਕਰਦੇ ਕਰਦੇ ਦਿੱਲੀ ਪੁੱਜੇ ਤਾਂ ਭਗਤ ਜੀ ਆਪਣੇ ਰੰਗ ਵਿਚ ਮਸਤ 'ਬੀਠਲ, ਬੀਠਲ', ਕਰਕੇ ਗੀਤ ਗਾਉਂਦੇ ਗਏ। ਦੁਨੀਆਂ ਦੀ ਭੀੜ ਆਪ ਦੇ ਪਿਛੇ ਸੀ। ਸਰ੍ਹੋਈ ਕਾਜੀ ਤੇ ਮੌਲਵੀ ਭਗਤ ਜੀ ਦੇ ਪ੍ਰਤਾਪ ਨੂੰ ਕਿਵੇਂ ਜਰ ਸਕਦੇ ਸਨ, ਉਨ੍ਹਾਂ ਨੇ ਬਾਦਸ਼ਾਹ ਨੂੰ ਪ੍ਰੇਰ ਕੇ ਆਪ ਨੂੰ ਫੜ ਮੰਗਵਾਇਆ। ਬਾਦਸ਼ਾਹ ਨੇ ਕਿਹਾ, "ਜੇ ਕੋਈ ਤੇਰਾ ਬੀਠਲ ਹੈ ਤਾਂ ਉਹ ਮੋਈ ਗਊ ਨੂੰ ਜੀਵਾਵੇ, ਨਹੀਂ ਤਾਂ ਤੈਨੂੰ ਝੂਠਾ ਸਮਝ ਕੇ ਖ਼ਤਮ ਕਰ ਦਿੱਤਾ ਜਾਵੇਗਾ।" ਨਾਮਦੇਵ ਜੀ ਡਰੇ ਨਹੀਂ। ਪ੍ਰਭੂ ਨੇ ਮੋਈ ਗਊ ਜੀਵਾਲ ਦਿੱਤੀ। ਨਾਮਦੇਵ ਜੀ ਦੇ ਗੁਆਂਢ ਵੱਸਦੇ ਅਮੀਰ ਨੇ ਛੱਪਰੀ ਢੁਆ ਦਿੱਤੀ ਤਾਂ ਪ੍ਰਭੂ ਨੇ ਦਿਨ ਚੜ੍ਹਦੇ ਨੂੰ ਨਵੀਂ ਛੱਪਰੀ ਬਣਾ ਦਿੱਤੀ।

(੯) ਫੇਰ ਭਗਤ ਜੀ ਦਾ ਬੀਠਲ ਦੇ ਮੰਦਰ ਦੇ ਪੁਜਾਰੀਆ ਨਾਲ ਵਾਹ ਪੈ ਗਿਆ, ਉਨ੍ਹਾਂ 'ਸੂਦਰ, ਸੂਦਰ' ਕਹਿ ਕੇ ਆਪਨੂੰ ਮੰਦਰੋਂ ਬਾਹਰ ਕੱਢ ਦਿੱਤਾ, ਤਾਂ ਆਪ ਮੰਦਰ ਦੇ ਪਿਛਲੇ ਪਾਸੇ ਜਾ ਬੈਠੇ। ਪ੍ਰਭੂ ਨੇ ਮੰਦਰ ਦਾ ਮੂੰਹ ਭੁਆ ਕੇ ਨਾਮਦੇਵ ਜੀ ਵਲ ਕਰ ਦਿੱਤਾ। ਇਉਂ ਭਗਤ ਜੀ ਦੀ ਜੈ ਜੈ ਕਾਰ ਹੋ ਗਈ। ਚਾਰੇ ਵਰਨ ਹੀ ਆਪ ਜੀ ਦੇ ਚਰਨੀ ਆ ਪਏ।

(੧੦) (ਇਉਂ ਪ੍ਰਮੇਸ਼ਰ) ਭਗਤ ਜਨਾਂ ਦੇ ਕਹੇ ਸਭ ਕਾਰਜ ਕਰਦਾ ਹੈ।੧੧।

***ਭਾਵਾਰਥ :*** ਭਗਤਮਾਲ ਤੇ ਕੁਝ ਹੋਰ ਪੁਸਤਕਾਂ ਵਿਚ ਨਾਮਦੇਵ ਜੀ ਦੀਆਂ ਚਾਰ ਕਰਾਮਾਤਾਂ ਮਸ਼ਹੂਰ ਹਨ, ਜਿਵੇਂ ਕਿ:

ਦੁੱਧ ਪਿਆਉਣਾ, ਗਾਂ ਜੀਵਾਲਣੀ, ਛੱਪਰ ਛਾਉਣਾ ਤੇ ਦੇਹੁਰਾ ਫੇਰਨਾ। ਜੈਸੇ ਕਿ ਸ੍ਰੇਸ਼ਟ ਪੁਰਸ਼ਾਂ ਦਾ ਕਾਇਦਾ ਹੈ ਕਿ ਪ੍ਰਸਿੱਧ ਵਾਕਯਾਤ ਤੋਂ ਸਿਧਾਂਤ ਲੈ ਲੈਣ ਦਾ ਉਪਦੇਸ਼ ਗ੍ਰਹਿਣ ਕਰਨਾ ਤੇ ਦੇਣਾ, ਨਵੇਂ ਵਾਕਯਾਤ ਘੜਨ ਦੀ ਲੋੜ ਨਹੀਂ ਖ਼ਿਆਲ ਕੀਤੀ ਜਾਂਦੀ। ਉਨ੍ਹਾਂ ਨਿਯਮਾਂ ਅਨੁਸਾਰ ਇਸ ਕਥਾ ਤੋਂ ਭਾਈ ਸਾਹਿਬ ਜੀ ਭਗਤਾਂ ਦੀ ਦ੍ਰਿੜ੍ਹਤਾ ਦਾ ਉਪਦੇਸ਼ ਗ੍ਰਹਿਣ ਕਰਦੇ ਤੇ ਦੇਂਦੇ ਹਨ।

ਇਕ ਪਤਾ ਇਥੋਂ ਹੋਰ ਲਗਦਾ ਹੈ ਕਿ ਭਾਈ ਸਾਹਿਬ ਜੀ ਦੇ ਵਕਤ ਤੱਕ ਨਾਮਦੇਵ ਜੀ ਨੂੰ ਆਮ ਲੋਕ ਪਿਤਾ ਦਾ ਪੁੱਤ੍ਰ ਹੀ ਸਮਝਦੇ ਹਨ। ਨਾਮਦੇਵ ਦੀ ਮਾਂ ਦਾ ਵਿਧਵਾ ਹੋਣਾ ਤੇ ਵਿਧਵਾ ਨੂੰ ਪੁੱਤ੍ਰ ਜੰਮਣਾ ਆਦਿ ਗੱਲਾਂ ਪਿਛੋਂ ਪੈਦਾ ਹੋਈਆਂ ਹਨ, ਕਿਉਂਕਿ ਭਾਈ ਸਾਹਿਬ ਜੀ ਕਹਿੰਦੇ ਹਨ, 'ਕੰਮ ਕਿਤੇ ਪਿਓ ਚੱਲਿਆ' ਇਤਿਹਾਸਕ ਖੋਜੀਆਂ ਨੂੰ ਏਨੀ ਬਾਤ ਬੜੀ ਮਦਦ ਦੇਵੇਗੀ, ਨਾਮਦੇਵ ਜੀ ਦੇ ਇਤਿਹਾਸਕ ਸਮਾਚਾਰ ਸਾਨੂੰ ਕਈ ਪੁਰਾਤਨ ਪੁਸਤਕਾਂ ਵਿਚੋਂ ਹੀ ਮਿਲ ਸਕਦੇ ਹਨ।

## ੧੨. ਨਾਮਦੇਵ ਤੇ ਤ੍ਰਿਲੋਚਨ ਭਗਤ

੧. ਦਰਸ਼ਨ ਵੇਖਣ ਨਾਮਦੇਵ
ਭਲਕੇ ਉਠਿ ਤ੍ਰਿਲੋਚਨ ਆਵੈ।
੨. ਭਗਤਿ ਕਰਨਿ ਮਿਲ ਦੁਇ ਜਣੇ
ਨਾਮਦੇਉ ਹਰਿ ਚਲਿਤੁ ਸੁਣਾਵੈ।

੩. ਮੇਰੀ ਭੀ ਕਰਿ ਬੇਨਤੀ
ਦਰਸ਼ਨ ਦੇਖਾਂ ਜੇ ਤਿਸ ਭਾਵੈ।
੪. ਠਾਕੁਰ ਜੀ ਨੋਂ ਪੁੱਛਿਓਸੁ
ਦਰਸ਼ਨ ਕਿਵੈਂ ਤ੍ਰਿਲੋਚਨ ਪਾਵੈ।
੫. ਹੱਸ ਕੇ ਠਾਕੁਰ ਬੋਲਿਆ
ਨਾਮਦੇਉ ਨੋਂ ਕਹਿ ਸਮਝਾਵੈ।
੬. ਹੱਥ ਨ ਆਵੈ ਭੇਟ ਸੋ
ਤੁੱਸਿ ਤ੍ਰਿਲੋਚਨ ਮੈਂ ਮੁਹਿ ਲਾਵੈ।
੭. ਹਉਂ ਅਧੀਨ ਹਾਂ ਭਗਤ ਦੇ
ਪਹੁੰਚ ਨ ਹੰਘਾਂ ਭਗਤੀ ਦਾਵੈ।
੮. ਹੋਇ ਵਿਚੋਲਾ ਆਣਿ ਮਿਲਾਵੈ॥੧੨॥

*ਪਦ ਅਰਥ :* ਭਲਕੇ—ਸਵੇਰੇ, ਅੰਮ੍ਰਿਤ ਵੇਲੇ। ਭੇਟ—ਚੜ੍ਹਾਵਿਆਂ ਨਾਲ। ਤੁੱਸਿ—ਪ੍ਰਸੰਨ ਹੋ ਕੇ। ਹੰਘਾਂ—ਸਕਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਸੁਣਿਆਂ ਹੈ ਕਿ ਤ੍ਰਿਲੋਚਨ ਨਾਮਦੇਵ ਜੀ ਦਾ ਗੁਰਭਾਈ ਸੀ ਅਤੇ ਇਨ੍ਹਾਂ ਦਾ ਪ੍ਰਸਪਰ ਵੀਚਾਰ ਵਿਟਾਂਦਰਾ ਭੀ ਕਈ ਵਾਰ ਹੋਇਆ ਕਰਦਾ ਸੀ, ਕਿਉਂ ਜੀ! ਉਸ ਵੀਚਾਰ ਬਾਰੇ ਕੁਝ ਸਾਨੂੰ ਭੀ ਜਾਣਕਾਰੀ ਕਰਾਉਗੇ, ਜਿਸ ਤੋਂ ਅਸੀਂ ਭੀ ਕੁਝ ਲਾਭ ਪ੍ਰਾਪਤ ਕਰ ਸਕੀਏ ?

ਉ: ਹੇ ਭਾਈਓ! ਇਨ੍ਹਾਂ ਦੋਹਾਂ ਦੀ ਪੁਰਾਤਨ ਪੁਸਤਕਾਂ ਦੁਆਰੇ ਵਾਰਤਾ ਇਉਂ ਸੁਣਨ ਵਿਚ ਆਉਂਦੀ ਹੈ। ਜਿਸਨੂੰ ਮੈਂ ਆਪ ਜੀ ਪ੍ਰਤੀ ਸੂਖਮ ਰੂਪ ਵਿਚ ਸੁਨਾਉਣ ਦਾ ਜਤਨ ਕਰਦਾ ਹਾਂ, ਜੋ ਇਸ ਪ੍ਰਕਾਰ ਹੈ ਕਿ :

(੧) ਤ੍ਰਿਲੋਚਨ, ਬਾਣੀਆਂ ਵਪਾਰੀ ਸੀ। (ਇਹ ਨਾਮਦੇਵ ਜੀ ਦਾ ਗੁਰ-ਭਾਈ ਤੇ ਮਿੱਤ੍ਰ ਭੀ ਸੀ) ਤੜਕੇ ਹੀ ਨਾਮਦੇਵ ਜੀ ਦੇ ਦਰਸਨ ਕਰਨ ਲਈ ਆਇਆ ਕਰਦਾ ਸੀ।

(੨) (ਇਹ) ਦੋਵੇਂ ਮਿਲਕੇ ਭਗਤੀ ਕਰਦੇ ਸਨ, ਨਾਮਦੇਵ ਜੀ ਭਗਤੀ ਦੀਆਂ ਕਥਾਵਾਂ ਕਰਦੇ ਤੇ ਉਹ ਸੁਣਦਾ ਹੁੰਦਾ ਸੀ।

(੩) (ਇਕ ਵੇਰਾਂ ਦਾ ਜਿਕਰ ਹੈ ਕਿ ਤ੍ਰਿਲੋਚਨ ਜੀ ਨੇ ਨਾਮਦੇਵ ਜੀ ਨੂੰ ਕਿਹਾ) ਕਿ ਮੇਰੀ ਵਲੋਂ ਭੀ ਭਗਵਾਨ ਅਗੇ ਬੇਨਤੀ ਕਰੋ, ਜੋ ਮੈਂ ਭੀ ਕਿਵੇਂ ਉਸ (ਠਾਕੁਰ) ਦੇ ਦਰਸ਼ਨ ਕਰ ਸਕਾਂ। ਜੇ ਉਸਨੂੰ ਭਾਵੇ (ਉਸਦੀ ਮਰਜ਼ੀ ਹੋਵੇ)।

(੪) ਨਾਮਦੇਵ ਜੀ ਨੇ ਠਾਕੁਰ ਜੀ ਨਾਲ ਗੱਲ ਕੀਤੀ ਤੇ ਪੁਛਿਆ ਕਿ ਕਿਵੇਂ ਤ੍ਰਿਲੋਚਨ ਜੀ ਨੂੰ ਵੀ ਦਰਸ਼ਨ ਦੇ ਸਕਦੇ ਹੋ ?

(੫) ਠਾਕੁਰ ਜੀ ਨੇ ਅਗੋਂ ਹੱਸ ਕੇ ਉੱਤਰ ਦਿਤਾ ਤੇ ਨਾਮਦੇਵ ਜੀ ਨੂੰ ਕਹਿਕੇ ਸਮਝਾਇਆ ਕਿ :

(੬) ਮੇਰੇ ਦਰਸ਼ਨ ਭੇਟਾਂ ਜਾਂ ਚੜ੍ਹਾਵਿਆਂ ਨਾਲ ਨਹੀਂ ਹੁੰਦੇ, ਮੈਂ ਤਾਂ ਪ੍ਰਸੰਨ ਹੋ ਕੇ ਹੀ ਤ੍ਰਿਲੋਚਨ ਜੀ ਨੂੰ ਦਰਸ਼ਨ ਦੇ ਸਕਦਾ ਹਾਂ (ਜੇ ਉਹ ਕਰ ਲਵੇ)।

(੭) ਮੈਂ ਤਾਂ ਭਗਤਾਂ (ਆਪਣੇ ਪਿਆਰਿਆਂ) ਦੇ ਅਧੀਨ ਹਾਂ, ਭਗਤੀ ਦੇ ਦਾਅਵਿਆਂ ਨੂੰ ਵੀ ਮੈਂ ਪਹੁੰਚ ਨਹੀਂ ਸਕਦਾ। ਜੋ ਅਨਿੰਨ ਭਗਤੀ ਹੈ, ਉਸ ਭਗਤੀ ਦਾ ਦਾਅਵਾ (ਸ਼ਰਤ) ਨਹੀਂ ਬੱਝ ਸਕਦੀ (ਪਰ ਮੈਂ ਭਗਤੀ ਦੇ ਦਾਅਵੇ ਨੂੰ) ਪਿਛਾਂਹ ਵੀ ਨਹੀਂ ਸੁਟ ਸਕਦਾ।

(੮) ਪਰ ਜਿਨ੍ਹਾਂ ਦੇ (ਤੇਰੇ ਵਰਗੇ ਸੰਤ) ਵਿਚੋਲੇ ਬਣਨ ਉਸਨੂੰ ਮੇਰੇ ਨਾਲ ਉਹ ਮਿਲਾ ਹੀ ਦੇਂਦੇ ਹਨ।੧੨।

*ਭਾਵਾਰਥ :* ਇਸ ਪਉੜੀ ਵਿਚ ਰੱਬੀ ਮਾਰਗ 'ਤੇ ਟੁਰਨ ਵਾਲੇ ਸਾਦਕਾਂ ਨੂੰ ਚਾਰ ਤਰ੍ਹਾਂ ਦੇ ਉਪਦੇਸ਼ ਮਿਲਦੇ ਹਨ।

੧. ਕਿ ਭਗਤੀ ਕਰਨ ਦਾ ਵਧੇਰੇ ਲਾਭ ਸਤਿਸੰਗਤ ਵਿਚ ਮਿਲਕੇ ਕਰਦੇ ਰਹਿਣ ਵਿਚ ਹੀ ਮੰਨਿਆ ਗਿਆ ਹੈ।

੨. ਜੋ ਗੁਰ-ਭਾਈ ਪ੍ਰਮਾਰਥ ਵਿਚ ਅਗੇ ਹੋਣ ਉਹ ਆਪਣੇ ਛੋਟੇ ਭਰਾਵਾਂ ਦੀ ਭੀ ਸਹਾਇਤਾ ਕਰਦੇ ਰਹਿਣ।

੩. ਵਿਚੋਲੇ ਤੋਂ ਭਾਵ ਏਥੇ ਉਸ ਵੱਡੇ ਮਿੱਤ੍ਰ ਗੁਰ-ਭਾਈ ਸੰਤ ਦਾ ਹੈ ਜੋ ਪ੍ਰਮਾਰਥ ਵਿਚ ਸਹਾਇਤਾ ਕਰੇ, ਦੁਨੀਆਂ ਦੇ ਵਕੀਲਾਂ ਵਾਂਙ ਨਹੀਂ ਕਿ ਪੈਸੇ ਲੈ ਕੇ ਦਰਗਾਹੇ ਝਗੜ ਖਲੋਵੇ, ਉਸ ਰੱਬੀ ਦਰਗਾਹ ਵਿਚ ਲੇਖੇ ਨਹੀਂ ਹਨ।

੪. ਸਭ ਤੋਂ ਵੱਡਾ ਉਪਦੇਸ਼ ਇਹ ਹੈ ਕਿ ਉਹ ਵਾਹਿਗੁਰੂ ਵਧੇਰੇ ਕਰਮ-ਕਾਂਡਾਂ ਵਿਚ ਨਹੀਂ ਸਗੋਂ ਸ਼ਰਧਾ, ਪ੍ਰੇਮ ਤੇ ਭਗਤੀ ਨਾਲ ਹੀ ਮਿਲਦਾ ਹੈ।

## ੧੩. ਧੰਨਾ ਭਗਤ ਤੇ ਬ੍ਰਾਹਮਣ

੧. ਬਾਮ੍ਹਣ ਪੂਜੈ ਦੇਵਤੇ
ਧੰਨਾ ਗਊ ਚਰਾਵਣ ਆਵੈ।
੨. ਧੰਨੈ ਡਿੱਠਾ ਚਲਿਤ ਏਹੁ
ਪੁੱਛੈ ਬਾਮ੍ਹਣ ਆਖ ਸੁਣਾਵੈ।

੩. ਠਾਕੁਰ ਦੀ ਸੇਵਾ ਕਰੈ
ਜੋ ਇਛੈ ਸੋਈ ਫਲ ਪਾਵੈ।
੪. ਧੰਨਾ ਕਰਦਾ ਜੋਦੜੀ
ਮੈਂ ਭਿ ਦੇਹ ਇਕ ਜੇ ਤੁਧੁ ਭਾਵੈ।
੫. ਪੱਥਰ ਇਕ ਪਲੇਟ ਕਰਿ
ਦੇ ਧੰਨੈ ਨੋਂ ਗੈਲ ਛਡਾਵੈ।
੬. ਠਾਕੁਰ ਨੋਂ ਨ੍ਹਾਵਾਲ ਕੈ
ਛਾਹਿ ਰੋਟੀ ਲੈ ਭੋਗ ਚੜ੍ਹਾਵੈ।
੭. ਹੱਥ ਜੋੜ ਮਿੰਨਤ ਕਰੈ
ਪੈਰੀਂ ਪੈ ਪੈ ਬਹੁਤ ਮਨਾਵੈ।
੮. ਹਉਂ ਭੀ ਮੁੰਹ ਨ ਜੁਠਾਲਸਾਂ
ਤੂੰ ਰੁੱਠਾ ਮੈਂ ਕਿਹੁ ਨ ਸੁਖਾਵੈ।
੯. ਗੋਸਾਈਂ ਪਰਤੱਖ ਹੋਇ
ਰੋਟੀ ਖਾਇ ਛਾਹਿ ਮੁਹਿ ਲਾਵੈ।
੧੦. ਭੋਲਾ ਭਾਉ ਗੋਬਿੰਦ ਮਿਲਾਵੈ ॥੧੩॥

***ਪਦ ਅਰਥ :*** ਜੋਦੜੀ—ਹੱਥ ਜੋੜ ਕੇ ਮਿੰਨਤਾਂ। ਗੈਲ—ਪਿੱਛਾ। ਛਾਹਿ—ਲੱਸੀ। ਰੁੱਠਾ—ਰੁੱਸਿਆ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਧੰਨੇ ਭਗਤ ਦੀ ਵਾਰਤਾ ਜੋ ਬ੍ਰਾਹਮਣ ਨਾਲ ਹੋਈ ਹੈ, ਇਹ ਭਾਵੇਂ ਆਮ ਹੀ ਸੁਣਨ ਵਿਚ ਆਉਂਦੀ ਹੈ, ਪਰ ਅਸੀਂ ਚਾਹੁੰਦੇ ਹਾਂ ਕਿ ਆਪ ਜੀ ਸਾਨੂੰ ਖੁਲਾਸੇ ਰੂਪ ਵਿਚ ਸੁਣਾਉ ਕਿਉਂਕਿ ਆਪ ਜੀ ਨੂੰ ਗੁਰਬਾਣੀ ਦੁਆਰੇ ਸਾਰੀ ਜਾਣਕਾਰੀ ਹੈ?

ਉ: ਹੇ ਭਾਈਓ! ਜਿਤਨੀਕੁ ਮੇਰੀ ਚਿਤਵਨੀ ਵਿਚ ਹੈ ਉਹ ਮੈਂ ਆਪ ਜੀ ਨੂੰ ਹਾਜ਼ਰ ਕਰਦਾ ਹਾਂ, ਉਹ ਵਾਰਤਾ ਧੰਨੇ ਤੇ ਬ੍ਰਾਹਮਣ ਦੀ ਇਉਂ ਹੈ ਕਿ:

(੧) (ਉਹ) ਬ੍ਰਾਹਮਣ (ਰਸਤੇ ਵਿਚ) ਬਹੁਤੇ ਠਾਕੁਰਾਂ (ਪੱਥਰਾਂ) ਦੀ ਪੂਜਾ ਕਰਦਾ ਹੁੰਦਾ ਸੀ, ਤੇ ਧੰਨਾ ਜੀ ਵੀ ਗਊਆਂ ਲੈ ਕੇ ਕੋਲੋਂ ਦੀ (ਹਮੇਸ਼ਾਂ ਹੀ) ਲੰਘਿਆ ਕਰਦਾ ਸੀ।

(੨) ਧੰਨਾ ਜੀ, ਰੋਜ਼ ਹੀ ਬ੍ਰਾਹਮਣ ਦੇ ਇਸ ਕਰਤੱਬ (ਚਲਿਤ) ਨੂੰ ਵੇਖਦਾ ਸੀ (ਤਾਂ ਇਕ ਦਿਨ ਉਸਨੇ) ਬ੍ਰਾਹਮਣ ਨੂੰ ਪੁੱਛਿਆ (ਕਿ ਇਹ ਕੀ ਕਰਦੇ ਹੋ) ਵਿਚਾਰਾ ਬਿਲਕੁਲ ਹੀ ਭੋਲਾ ਸੀ, (ਤਾਂ) ਬ੍ਰਾਹਮਣ ਨੇ ਅੱਗੋਂ ਕਹਿ ਸੁਣਾਇਆ—

(੩) (ਕਿ) ਠਾਕਰਾਂ ਦੀ ਸੇਵਾ ਕਰਦਾ ਹਾਂ (ਇਹ ਸੇਵਾ ਕਰਕੇ ਅਸੀਂ) ਜੋ ਵੀ ਇੱਛਾ ਕਰੀਏ, ਸਾਨੂੰ ਓਹੀ ਫਲ ਮਿਲ ਜਾਂਦਾ ਹੈ।

(੪) (ਇਹ ਸੁਣ ਕੇ) ਧੰਨਾ ਜੀ ਨੇ (ਨਿੰਮ੍ਰਤਾ ਨਾਲ) ਬੇਨਤੀ ਕੀਤੀ ਕਿ ਜੇ ਤੁਹਾਨੂੰ ਚੰਗਾ ਲੱਗੇ ਤਾਂ ਇਕ ਠਾਕੁਰ ਮੈਨੂੰ ਭੀ ਦੇ ਦੇਵੋ (ਮੈਂ ਭੀ ਪੂਜਾ ਕਰਾਂਗਾ। ਜੇ ਤੁਸੀਂ ਮਨ-ਇਛੇ ਫਲ ਪਾਉਂਦੇ ਹੋ, ਤਾਂ ਮੈਨੂੰ ਭੀ ਜ਼ਰੂਰ ਮਿਲ ਜਾਣਗੇ)।

(੫) ਧੰਨੇ ਨੂੰ ਭੋਲਾ ਭਾਲਾ ਦੇਖ ਕੇ ਬ੍ਰਾਹਮਣ ਨੇ ਇਕ ਪੱਥਰ ਜਿਹਾ (ਕੱਪੜੇ ਵਿਚ) ਵਲੇਟ ਕੇ ਉਸਨੂੰ ਦੇ ਦਿੱਤਾ ਤੇ ਆਪਣਾ ਪਿੱਛਾ ਛੁਡਾਇਆ।

(੬) (ਧੰਨੇ ਨੇ ਖੂਹ ਤੇ ਪੁੱਜ ਕੇ) ਠਾਕੁਰ ਨੂੰ ਨੁਹਾ ਕੇ ਲੱਸੀ ਤੇ ਰੋਟੀ ਭੋਗ ਲੁਆਉਣ ਲਈ ਅੱਗੇ ਰੱਖੀ।

(੭) ਉਸਨੇ ਹੱਥ ਜੋੜੇ, ਮਿੰਨਤਾਂ ਕੀਤੀਆਂ, ਡੰਡਉਤਾਂ ਭੀ ਕੀਤੀਆਂ (ਪਰ ਧੰਨਾ ਜੀ ਨੂੰ ਭਾਸਿਆ ਕਿ ਠਾਕੁਰ ਮੇਰੇ ਨਾਲ ਰੁੱਸ ਗਿਆ ਹੈ, ਤਾਂ ਇਹ ਜਾਣ ਕੇ ਉਸਨੇ ਭੀ ਪ੍ਰਣ ਕਰ ਲਿਆ ਕਿ ਜੇ ਤੁਸੀਂ ਭੋਗ ਨਹੀਂ ਲਾਓਗੇ) ਤਾਂ:

(੮) ਮੈਂ ਭੀ ਮੂੰਹ ਨਹੀਂ ਜੂਠਾ ਕਰਾਂਗਾ, ਤੇਰਾ ਰੁਸੇਵਾਂ ਵੇਖ ਕੇ ਮੈਨੂੰ ਵੀ ਕੁੱਝ ਚੰਗਾ ਨਹੀਂ ਲਗਦਾ। (ਭਗਤ ਜੀ ਨੇ ਕਈ ਦਿਨ ਅੰਨ ਪਾਨ ਨ ਕੀਤਾ ਤੇ ਠਾਕੁਰ ਦੇ ਅਗੇ ਬੈਠੇ ਰਹੇ)।

(੯) (ਧੰਨੇ ਦੀ ਸ਼ਰਧਾ ਤੇ ਭਰੋਸੇ ਨੂੰ ਵੇਖ ਕੇ) ਪ੍ਰਿਥਵੀ ਦੇ ਮਾਲਕ (ਗੁਸਾਂਈ) ਪ੍ਰਤੱਖ ਹੋ ਗਏ, ਰੋਟੀ ਖਾਧੀ ਤੇ ਲੱਸੀ ਨੂੰ ਵੀ ਪੀਤਾ।

(੧੦) ਇਹ ਭੋਲੇ ਭਾਉ (ਦੀਆਂ ਬਰਕਤਾਂ, ਖ਼ੂਬੀਆਂ ਹਨ ਕਿ ਉਸਨੇ ਭੋਲੇ ਤੇ ਨਿਸ਼ਕਪਟ) ਧੰਨੇ ਜੀ ਨੂੰ ਪ੍ਰਭੂ ਦੇ ਪਰਤੱਖ ਦਰਸ਼ਨ ਕਰਾ ਦਿੱਤੇ।੧੩।

***ਭਾਵਾਰਥ :*** ਇਸ ਪ੍ਰਸੰਗ ਵਿਚ ਇਹੋ ਉਪਦੇਸ਼ ਹੈ ਕਿ ਰੱਬੀ ਮਾਰਗ 'ਤੇ ਚਲਣ ਵਾਲੇ ਪਾਂਧੀ ਦੇ ਅੰਦਰ ਦ੍ਰਿੜ੍ਹ ਵਿਸ਼ਵਾਸ ਹੋਣਾ ਅਤਿ ਜ਼ਰੂਰੀ ਹੈ ਅਰ ਚੰਚਲਤਾਈ ਨਿਸਚੇ ਹੀ ਹਾਨੀ ਕਰਦੀ ਹੈ, ਭੋਲਾ ਭਾ ਭਰੋਸੇ ਨੂੰ ਪੱਕਾ ਕਰਦਾ ਹੈ। ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਲਈਦਾ ਹੈ। ਇਸ ਕਰਕੇ ਏਥੇ ਬ੍ਰਾਹਮਣ ਦਾ ਛਲ ਤੇ ਧੰਨੇ ਦੀ ਨਾਵਾਕਫ਼ੀ ਨਾਲ ਪ੍ਰਯੋਜਨ ਨਹੀਂ, ਕੇਵਲ ਉਸ ਸੂਖਮ ਵਿਸ਼ਵਾਸ ਦੀ ਅੰਸ ਨਾਲ ਮਤਲਬ ਹੈ, ਜੋ ਧੰਨੇ ਦੇ ਜੀਅ ਵਿਚ ਸੱਚ ਮੁੱਚ ਸਮਾ ਗਈ।

## ੧੪. ਬੇਣੀ ਭਗਤ ਜੀ ਦੀ ਵਾਰਤਾ

੧. ਗੁਰਮੁਖ ਬੇਣੀ ਭਗਤਿ ਕਰਿ
ਜਾਇ ਇਕਾਂਤ ਬਹੈ ਲਿਵਲਾਵੈ।
੨. ਕਰਮ ਕਰੈ ਅਧਿਆਤਮੀ
ਹੋਰਸੁ ਕਿਸੈ ਨ ਅਜਰ ਲਖਾਵੈ।
੩. ਘਰ ਆਯਾ ਜਾਂ ਪੁਛੀਐ
ਰਾਜ ਦੁਆਰ ਗਇਆ ਆਲਾਵੈ।
੪. ਘਰ ਸਭ ਵਥੂ ਮੰਗੀਅਨ
ਵਲ ਛਲ ਕਰਕੈ ਝੱਤ ਲੰਘਾਵੈ।
੫. ਵੱਡਾ ਸਾਂਗ ਵਰੱਤਦਾ
ਓਹ ਇਕ ਮਨ ਪਰਮੇਸ਼ਰ ਧਿਆਵੈ।
੬. ਪੈਜ ਸਵਾਰੈ ਭਗਤ ਦੀ
ਰਾਜਾ ਹੁਇਕੈ ਘਰ ਚੱਲ ਆਵੈ।
੭. ਦੇਇ ਦਿਲਾਸਾ ਤੁੱਸਿ ਕੈ
ਅਣਗਿਣਤੀ ਖਰਚੀ ਪਹੁੰਚਾਵੈ।
੮. ਓਥਹੁੰ ਆਯਾ ਭਗਤ ਪਾਸ
ਹੋਇ ਦਿਆਲ ਹੇਤ ਉਪਜਾਵੈ।
੯. ਭਗਤ ਜਨਾਂ ਜੈਕਾਰ ਕਰਾਵੈ ॥੧੪॥

*ਪਦ ਅਰਥ :* ਲਿਵ—ਸਮਾਧੀ, ਇਕ ਮਨ ਹੋ ਜੁੜਨਾ। ਅਧਿਆਤਮੀ—ਨਿਸ਼ਕਾਮ ਕਰਮ। ਝੱਤ—ਵੇਲਾ, ਸਮਾਂ। ਸਾਂਗ—ਕੌਤਕ, ਖੇਲ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਬੇਣੀ ਭਗਤ ਦੀ ਕਥਾ ਭੀ ਸੁਣਾਓ, ਜਿਸਦੀ ਪ੍ਰੇਰਨਾ ਦਾ ਸਦਕਾ ਸਾਡੇ ਮਨਾਂ ਵਿਚ ਭੀ ਭਗਤੀ ਕਰਨ ਦੀ ਜਾਗ ਉਪਜ ਆਵੇ ?

ਉ: ਹੇ ਭਾਈਓ! ਬੇਣੀ ਭਗਤ ਦੇ ਅੰਤਰ-ਆਤਮੇ ਜੋ ਪ੍ਰਭੂ ਦੀ ਭਗਤੀ ਕਰਨ ਦਾ ਉਤਸ਼ਾਹ ਦਿਨੇ ਰਾਤ ਬਣਿਆ ਰਹਿੰਦਾ ਸੀ, ਉਹ ਜੋ ਮੇਰੇ ਸਰਵਨ ਕਰਨ ਵਿਚ ਆਯਾ ਹੈ ਉਹ ਸੰਪੂਰਨ ਤਾਂ ਨਹੀਂ ਪਰ ਜੋ ਮੇਰੀ ਸਿਮ੍ਰਤੀ ਵਿਚ ਹੈ ਉਹ ਨਾਮ-ਮਾਤ੍ਰ ਮੈਂ ਆਪ ਜੀ ਨੂੰ ਸਰਵਨ ਕਰਾਉਣ ਦਾ ਯਤਨ ਕਰਦਾ ਹਾਂ। ਹੇ ਭਾਈਓ! ਸੁਣੋ :

(੧) ਬੇਣੀ ਭਗਤ ਗੁਰਮੁਖਾਂ ਦੀ ਨਿਆਈਂ (ਸਦਾ ਹੀ) ਭਗਤੀ ਕਰਦਾ ਸੀ। ਉਹ ਇਕਾਂਤ ਵਿਚ ਜਾ ਕੇ ਇਕ ਮਨ ਹੋ ਧਿਆਨ ਵਿਚ ਮਗਨ ਹੋ ਜਾਂਦਾ ਸੀ।

(੨) ਉਹ ਇਹ ਕਰਮ ਇੱਛਾ-ਰਹਿਤ ਹੋ ਕੇ ਕਰਦਾ ਤੇ ਇਸ ਅਲਖ (ਉਚੀ ਭੇਦ ਵਾਲੀ ਗਤੀ) ਨੂੰ ਕਿਸੇ ਤਾਈਂ ਜਣਾਉਂਦਾ (ਜਾਂ ਕਹਿੰਦਾ ਤੱਕ ਵੀ) ਨਹੀਂ ਸੀ।

(੩) (ਬਾਹਰੋਂ ਸ਼ਾਮ ਵੇਲੇ) ਘਰ ਆਉਂਦਾ, ਤਾਂ ਪੁੱਛਣ ਤੇ ਦੱਸਦਾ ਕਿ ਮੈਂ ਰਾਜੇ ਦੇ ਦਰਬਾਰ ਵਿਚ ਗਿਆ ਸੀ। (ਪਰ ਅਜੇ ਉਸਨੇ ਦੱਖਣਾ ਨਹੀਂ ਦਿੱਤੀ। ਮੈਂ ਮੰਗਣੀ ਨਹੀ, ਏਡੇ ਵੱਡੇ ਮਹਾਰਾਜੇ ਤੇ ਮੰਗ ਕਰਦਿਆ, ਜ਼ਰਾ ਸੰਗ ਜਿਹੀ ਆਉਂਦੀ ਹੈ, ਪਰ ਉਹ ਆਪੇ ਹੀ ਦੇਵੇਗਾ, ਇਹ ਮੇਰਾ ਨਿਸਚਾ ਹੈ।)

(੪) ਘਰ ਵਾਲੇ (ਖਾਣ ਤੇ ਪਹਿਰਨ ਦੀਆਂ) ਸਭ ਵਸਤੂਆਂ ਮੰਗਦੇ, ਪਰ ਉਹ ਟਾਲ ਮਟੋਲਾ ਕਰਕੇ ਸਮਾ ਲੰਘਾਈ ਜਾਂਦਾ। (ਘਰ ਵਾਲੇ ਤੰਗ ਕਰਦੇ, ਤਾਂ ਵੀ ਉਸ ਭਗਤੀ ਕਰਨ ਤੋਂ ਸਿਦਕ ਨਾ ਹਾਰਿਆ ਤੇ ਲੱਗਾ ਹੀ ਰਿਹਾ)।

(੫) ਇਕ ਦਿਨ ਵੱਡਾ ਸਾਂਗ (ਕੌਤਕ) ਵਰਤਿਆ, ਜਦੋਂ ਕਿ ਉਹ ਇਕ ਮਨ ਹੋ ਪ੍ਰਭੂ ਦੀ (ਜੰਗਲ ਵਿਚ ਬੈਠਾ) ਅਰਾਧਨਾ ਕਰ ਰਿਹਾ ਸੀ।

(੬) ਭਗਤ ਦੀ ਪੈਜ ਸਵਾਰ ਦਿੱਤੀ, ਪ੍ਰਭੂ ਜੀ ਆਪ ਰਾਜੇ ਦਾ ਰੂਪ ਧਾਰ ਕੇ ਉਸ ਦੇ ਘਰ ਚਲੇ ਆਏ।

(੭) ਪ੍ਰਮੇਸ਼ਰ ਨੇ ਪਿਆਰ ਵਿਚ ਆ ਕੇ (ਬੇਣੀ ਜੀ ਦੇ ਪਰਵਾਰ ਨੂੰ) ਦਿਲਾਸਾ ਦਿੱਤਾ ਤੇ ਏਨੀ ਸਮੱਗਰੀ ਬੇਣੀ ਜੀ ਦੇ ਘਰ ਲਿਆ ਸੁੱਟੀ, ਜਿਸਦਾ ਅੰਦਾਜ਼ਾ ਨਹੀਂ ਲੱਗ ਸਕਦਾ।

(੮) ਘਰੋਂ ਹੋ ਕੇ ਪ੍ਰਭੂ ਜੀ ਮੁੜ (ਜੰਗਲ ਵਿਚ ਇਕਾਂਤ ਥਾਂ ਜੁੜ ਬੈਠੇ) ਭਗਤ ਜੀ ਕੋਲ ਪੁਜੇ। ਦਿਆਲੂ ਹੋ ਕੇ ਉਸ ਨਾਲ ਭਾਰਾ ਹਿਤ (ਪਿਆਰ) ਉਪਜਾਇਆ।

(੯) (ਇਉਂ ਪ੍ਰਮੇਸ਼ਰ) ਭਗਤੀ ਕਰਨ ਵਾਲੇ ਭਗਤਾਂ ਦੀ ਜੈ ਜੈਕਾਰ ਕਰਾਉਂਦਾ ਹੈ।੧੪।

*ਭਾਵਾਰਥ :* ਇਸ ਭਗਤ ਬੇਣੀ ਜੀ ਦੀ ਵਾਰਤਾ ਤੋਂ ਰੱਬੀ ਮਾਰਗ 'ਤੇ ਟੁਰਨ ਵਾਲਿਆਂ ਪਾਂਧੀਆਂ ਨੂੰ ਦੋ ਸਿਖਿਆ ਮਿਲਦੀਆਂ ਹਨ।

੧. ਇਕ ਤਾਂ ਇਹ ਹੈ ਕਿ ਪ੍ਰਮੇਸ਼ਰ ਦੀ ਅਰਾਧਨਾ ਕਰਨ ਵਾਲੇ ਸਾਧਕ ਨੂੰ ਪ੍ਰਭੂ ਦੀ ਅਰਾਧਨਾ ਇਕਾਗਰ ਚਿੱਤ ਹੋ ਕੇ ਕਰਨੀ ਚਾਹੀਦੀ ਹੈ, ਕਿਉਂਕਿ ਸੱਚੀ ਭਾਵਨਾ ਨਾਲ ਕੀਤੀ ਭਗਤੀ ਹੀ ਰੱਬੀ ਦਰਬਾਰ ਵਿਚ ਕਬੂਲ ਹੁੰਦੀ ਹੈ।

੨. ਦੂਜੀ ਇਹ ਕਿ ਪ੍ਰਮੇਸ਼ਰ 'ਤੇ ਪੂਰਨ ਭਰੋਸਾ ਰੱਖਣਾ ਚਾਹੀਦਾ ਹੈ, ਉਹ ਆਪਣੇ ਪਿਆਰਿਆਂ ਦੇ ਸੰਕਟ ਦੂਰ ਕਰਨ ਲਈ ਆਪ ਹੀ ਸਾਧਨ ਬਣਾ ਦੇਂਦਾ ਹੈ, ਗੁਰਬਾਣੀ ਦਾ ਇਹੋ ਫ਼ੁਰਮਾਨ ਹੈ ਕਿ:

ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥੧॥ *(ਪੰਨਾ ੪੦੩)*

## ੧੫. ਭਗਤ ਕਬੀਰ ਅਤੇ ਸੁਆਮੀ ਰਾਮਾ ਨੰਦ ਜੀ

੧. ਹੋਇ ਬਿਰਕਤ ਬਨਾਰਸੀ
ਰਹਿੰਦਾ ਰਾਮਾਨੰਦ ਗੁਸਾਈਂ।
੨. ਅੰਮ੍ਰਿਤ ਵੇਲੇ ਉਠਿ ਕੈ
ਜਾਂਦਾ ਗੰਗਾ ਨ੍ਹਾਵਣ ਤਾਈਂ।
੩. ਅੱਗੋਂ ਹੀ ਦੇ ਜਾਇ ਕੈ
ਲੰਮਾ ਪਿਆ ਕਬੀਰ ਤਿਥਾਈਂ।
੪. ਪੈਰੀਂ ਟੁੰਬਿ ਉਠਾਲਿਆ
ਬੋਲਹੁ ਰਾਮ ਸਿਖ ਸਮਝਾਈ।
੫. ਜਿਉਂ ਲੋਹਾ ਪਾਰਸ ਛੁਹੇ
ਚੰਦਨ ਵਾਸ ਨਿੰਮ ਮਹਿਕਾਈ।
੬. ਪਸੂ ਪਰੇਤਹੁ ਦੇਵ ਕਰਿ
ਪੂਰੇ ਸਤਿਗੁਰ ਦੀ ਵਡਿਆਈ।
੭. ਅਚਰਜ ਨੋਂ ਅਚਰਜ ਮਿਲੈ
ਵਿਸਮਾਦੇ ਵਿਸਮਾਦ ਮਿਲਾਈ।
੮. ਝਰਣਾ ਝਰਦਾ ਨਿੱਝਰਹੁ
ਗੁਰਮੁਖ ਬਾਣੀ ਅਘੜ ਘੜਾਈ।
੯. ਰਾਮ ਕਬੀਰੈ ਭੇਦ ਨ ਭਾਈ ॥੧੫॥

***ਪਦ ਅਰਥ :*** ਟੁੰਬ—ਅੰਗੂਠੇ ਨਾਲ ਛੋਹ ਕੇ, ਪੈਰਾਂ ਦੇ ਪੰਜੇ ਨਾਲ ਹਿਲਾ ਕੇ। ਸਿੱਖ—ਸਿਖਿਆ। ਮਹਿਕਾਈ—ਮਹਿਕ ਵਾਲਾ ਕਰ ਦਿੱਤਾ।

### *ਅਰਥ :*

ਪ੍ਰ: ਭਾਈ ਸਾਹਿਬ ਜੀਓ ! ਸੁਣਿਆ ਤਾਂ ਹੈ ਕਿ ਕਬੀਰ ਜੀ ਨੂੰ ਭਗਤ ਰਾਮਾਨੰਦ ਜੀ ਤੋਂ ਉਪਦੇਸ਼ ਮਿਲਿਆ ਸੀ, ਪਰ ਆਪ ਜੀ ਸਾਨੂੰ ਉਨ੍ਹਾਂ ਦੀ ਵਿਸਥਾਰ ਪੂਰਵਕ ਵਾਰਤਾ ਸੁਣਾਓ ਤਾਕਿ ਅਸੀਂ ਭੀ ਆਪਣੇ ਜੀਵਨ ਨੂੰ ਰੱਬੀ ਮਾਰਗ ਵੱਲ ਟੋਰਨ ਦਾ ਉਪਰਾਲਾ ਕਰੀਏ ?

ਉ: ਹੇ ਭਾਈਓ ! ਭਗਤ ਕਬੀਰ ਜੀ ਤੇ ਰਾਮਾਨੰਦ ਜੀ ਦੀ ਵਾਰਤਾ ਸੀਨੇ-ਬ-ਸੀਨੇ ਜੋ ਸੁਣਦੇ ਆ ਰਹੇ ਹਾਂ ਉਸ ਵਿਚੋਂ ਜਿਤਨੀ ਕੁ ਮੈਨੂੰ ਸਿੰਮ੍ਰਤੀ ਹੈ ਉਹ ਮੈਂ ਆਪ ਜੀ ਨੂੰ ਹਾਜ਼ਰ ਕਰਦਾ ਹਾਂ ਕਿ:

(੧) ਰਾਮਾਨੰਦ ਜੀ ਮਾਇਆ ਤੋਂ ਉਦਾਸ ਹੋ ਕੇ ਬਨਾਰਸ (ਕਾਸ਼ੀ) ਵਿਖੇ ਰਹਿੰਦੇ ਸਨ।

(੨) ਤੇ, ਉਹ ਸਵੇਰੇ ਹੀ (ਅੰਮ੍ਰਿਤ ਵੇਲੇ) ਇਸ਼ਨਾਨ ਕਰਨ ਲਈ ਗੰਗਾ ਤੇ ਜਾਂਦੇ ਸਨ। (ਰਾਮਾਨੰਦ ਜੀ ਪੂਰਨ ਬ੍ਰਹਮ ਗਿਆਨੀ ਸਨ, ਪਰ ਉਨ੍ਹਾਂ ਦੇ ਮਨ ਵਿਚ ਮਲੇਛ ਤੇ ਨੀਚ ਨੂੰ ਮੱਥੇ ਨਾ ਲਾਉਣ ਦਾ ਸੰਕਲਪ ਮੌਜੂਦ ਸੀ, ਤੇ ਉਨ੍ਹਾਂ ਦੀ ਇਹ ਗੱਲ ਕਾਸ਼ੀ ਦੇ ਅਧਿਆਤਮੀ ਥਾਵਾਂ ਤੇ ਪ੍ਰਗਟ ਸੀ। ਕਬੀਰ ਜੀ ਨੂੰ ਇਸ ਪਾਸੇ ਦੀ ਲਗਨ ਸੀ ਤੇ ਉਨ੍ਹਾਂ ਦੇ ਵੀਚਾਰ ਵਿਚ ਰਾਮਾਨੰਦ ਜੀ ਹੀ ਉਸ ਸਮੇਂ ਦੇ ਉੱਤਮ ਪੁਰਸ਼ਾਂ ਵਿਚੋਂ ਸਨ, ਜਿਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ, ਕਿਸੇ ਦੀ ਕਾਇਆ ਕਲਪ ਕਰਨ ਨੂੰ ਸਮਰੱਥ ਸੀ। ਕਬੀਰ ਜੀ ਉਨ੍ਹਾਂ ਦੇ ਡੇਰੇ ਵਿਚ ਇਸੇ ਲਈ ਨਹੀਂ ਸੀ ਗਏ ਕਿ ਸ਼ਾਇਦ ਮੈਨੂੰ ਮਲੇਛ ਜਾਣ ਕੇ ਮੱਥੇ ਨਾ ਲਾਉਣ) ਉਨ੍ਹਾਂ ਨੂੰ ਪਤਾ ਸੀ ਕਿ ਰਾਮਾਨੰਦ ਜੀ ਅੰਮ੍ਰਿਤ ਵੇਲੇ ਡੇਰੇ ਵਿਚੋਂ ਨਿਕਲ ਕੇ ਕਿਸ ਰਸਤੇ ਗੰਗਾ 'ਤੇ ਜਾਂਦੇ ਹਨ।

(੩) (ਸੋ ਕਬੀਰ ਜੀ) ਅੱਧੀ ਰਾਤ ਨੂੰ ਹੀ ਉਸ ਰਸਤੇ ਵਿਚ ਜਾ ਲੇਟੇ, ਜਿਧਰੋਂ ਰਾਮਾਨੰਦ ਜੀ ਨੇ ਲੰਘਣਾ ਸੀ।

(੪) ਰਾਮਾਨੰਦ ਜੀ ਨੇ ਕਬੀਰ ਜੀ ਨੂੰ ਰਸਤੇ ਵਿਚ ਪਏ ਵੇਖ ਕੇ ਟੁੰਬ ਕੇ ਜਗਾ ਦਿੱਤਾ ਤੇ ਕਿਹਾ, 'ਉੱਠ ਰਾਮ ਕੇ, ਰਾਮ ਕਹੁ।'

(੫) (ਬੱਸ ਫਿਰ ਕੀ ਸੀ) ਜਿਵੇਂ ਲੋਹਾ ਪਾਰਸ ਛੁਹ ਕੇ ਸੋਨਾ ਤੇ ਕੌੜੀ ਨਿੰਮ, ਚੰਦਨ ਦੇ ਨੇੜੇ ਹੋ, ਵਾਸ਼ਨਾ ਵਾਲੀ ਹੋ ਜਾਂਦੀ ਹੈ।

(੬) ਇਸੇ ਤਰ੍ਹਾਂ ਪੂਰੇ ਸਤਿਗੁਰੂ ਦੀ ਹੀ ਇਹ ਮਹਾਨ ਵਡਿਆਈ ਹੈ ਕਿ ਉਨ੍ਹਾਂ ਦੀ ਛੁਹ ਪਸ਼ੂ ਤੇ ਪ੍ਰੇਤ ਬੁੱਧੀ ਵਾਲੇ ਨੀਵਿਆਂ ਨੂੰ ਉਚੀ ਸੁਰਤ ਵਾਲੇ (ਦੇਵਤਾ) ਬਣਾ ਦੇਂਦੀ ਹੈ। ਇਹੀ ਹਾਲਤ ਕਬੀਰ ਜੀ ਨਾਲ ਵਰਤੀ।

(੭) ਉਹ ਜਿਵੇਂ ਅਸਚਰਜ ਨੂੰ ਅਸਚਰਜ ਹੀ ਮਿਲ ਗਏ ਤੇ ਵਿਸਮਾਦ ਨੂੰ ਵਿਸਮਾਦ, (ਭਾਵ ਰਾਮਾਨੰਦ ਜੀ ਨੇ ਕਬੀਰ ਜੀ ਨੂੰ ਕਾਹਦਾ ਟੁੰਬਿਆ ਆਪਣੇ ਵਰਗਾ ਹੀ ਬਣਾ ਦਿੱਤਾ)।

(੮) ਜਿਵੇਂ ਝਰਨੇ ਤੋਂ ਝਰਨਾ ਨਿਝਰ ਧਾਰਾ ਨਾਲ ਝਰਦਾ ਹੈ ਇਸ ਤਰ੍ਹਾਂ ਗੁਰਮੁਖ (ਰਾਮਾਨੰਦ ਜੀ) ਦੀ ਬਾਣੀ (ਰਾਮ ਕੇ, ਰਾਮ ਕਹਹੁ) ਨੇ ਬਿਲਕੁਲ ਅਨਘੜੇ (ਕਬੀਰ ਜੀ) ਨੂੰ ਘੜ ਕੇ (ਭਾਵ ਸਵਾਰ ਕੇ) ਰੱਖ ਦਿੱਤਾ।

(੯) (ਤੇ ਐਸਾ ਸਵਾਰਿਆ ਕਿ) ਰਾਮ ਤੇ ਕਬੀਰ ਜੀ ਵਿਚ ਭੇਦ ਹੀ ਨ ਰਿਹਾ।੧੫।

*ਭਾਵਾਰਥ :* ਇਸ ਵਾਰਤਾ ਤੋਂ ਹਰ ਮਨੁੱਖ-ਮਾਤ੍ਰ ਨੂੰ ਇਹ ਉਪਦੇਸ਼ ਮਿਲਦਾ ਹੈ ਕਿ ਗੁਰ-ਮੰਤ੍ਰ ਨੂੰ (ਜਿਵੇਂ ਕਿ ਗੁਰਸਿੱਖੀ ਮਾਰਗ ਵਿਚ ਅੰਮ੍ਰਿਤ ਦੀ ਮਰਯਾਦਾ ਸੰਯੁਕਤ ਦਿੱਤਾ ਜਾਂਦਾ ਹੈ) ਬੜੇ ਪ੍ਰੇਮ ਸਹਿਤ ਧਾਰਨ ਕਰਨਾ ਚਾਹੀਦਾ ਹੈ, ਅਤੇ ਭਾਵਨਾ ਸਹਿਤ ਉਸਦੀ ਸਦਾ ਹੀ ਕਮਾਈ ਕਰਦੇ ਰਹਿਣਾ ਚਾਹੀਦਾ ਹੈ। ਕਿਉਂਕਿ ਭਾਉ ਭਗਤੀ ਸਹਿਤ ਕਮਾਈ ਕਰਨ ਵਾਲਾ ਸਿੱਖ ਹੀ ਗੁਰੂ ਦੇ ਦਰ 'ਤੇ ਕਬੂਲ ਹੁੰਦਾ ਹੈ। ਗੁਰੂ ਕਲਗੀਧਰ ਦਾ ਭੀ ਇਹੋ ਫੁਰਮਾਨ ਹੈ ਕਿ :

ਸਾਚ ਕਹੌਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

*(ਦਸਮ ਗ੍ਰੰਥ)*

## ੧੬. ਸੈਣ ਨਾਈ ਜੀ ਦੀ ਭਗਤੀ

**੧. ਸੁਣਿ ਪਰਤਾਪ ਕਬੀਰ ਦਾ**
**ਦੂਜਾ ਸਿਖ ਹੋਯਾ ਸੈਣ ਨਾਈ।**
**੨. ਪ੍ਰੇਮ ਭਗਤਿ ਰਾਤੀ ਕਰੈ**
**ਭਲਕੇ ਰਾਜ ਦੁਆਰੈ ਜਾਈ।**
**੩. ਆਏ ਸੰਤ ਪਰਾਹੁਣੇ**
**ਕੀਰਤਨ ਹੋਆ ਰੈਣ ਸਬਾਈ।**
**੪. ਛੱਡ ਨ ਸਕੈ ਸੰਤ ਜਨ**
**ਰਾਜ ਦੁਆਰ ਨ ਸੇਵ ਕਮਾਈ।**
**੫. ਸੈਣ ਰੂਪ ਹਰਿ ਹੋਇ ਕੈ**
**ਆਯਾ ਰਾਣੇ ਨੋਂ ਰੀਝਾਈ।**
**੬. ਸਾਧ ਜਨਾਂ ਨੋ ਵਿਦਾ ਕਰਿ**
**ਰਾਜਦੁਆਰ ਗਇਆ ਸ਼ਰਮਾਈ।**
**੭. ਰਾਣੇ ਦੂਰਹੁੰ ਸੱਦ ਕੈ**
**ਗਲਹੁੰ ਕਵਾਇ ਖੋਲ੍ਹ ਪੈਨ੍ਹਾਈ।**
**੮. ਵੱਸ ਕੀਤਾ ਹਉਂ ਤੁੱਧ ਅੱਜ**
**ਬੋਲੈ ਰਾਜਾ ਸੁਣੈ ਲੁਕਾਈ।**
**੯. ਪਰਗਟ ਕਰੈ ਭਗਤ ਵਡਿਆਈ॥੧੬॥**

*ਪਦ ਅਰਥ :* ਭਲਕੇ—ਰੋਜ਼ ਸਵੇਰੇ, ਨਿਤ ਹੀ ਤੜਕੇ। ਕਵਾਇ—ਪੁਸ਼ਾਕ। ਲੁਕਾਈ—ਮੁਸਾਹਿਬ ਲੋਕ, ਸਾਰੇ ਅਹਿਲਕਾਰ ਤੇ ਹੋਰ ਨੌਕਰ ਚਾਕਰ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਸੈਣ ਨਾਈ ਭਗਤ ਦੀ ਵਾਰਤਾ ਅਸੀ ਭਿੰਨ ਭਿੰਨ ਰੂਪਾਂ ਵਿਚ ਕਈ ਸਜਨਾਂ ਤੋਂ ਸੁਣਦੇ ਆ ਰਹੇ ਹਾਂ, ਪਰ ਅਸੀ ਚਾਹੁੰਦੇ ਹਾਂ ਕਿ ਆਪ ਜੀ ਸਾਨੂੰ ਖੁਲਾਸੇ ਰੂਪ ਵਿਚ ਸੁਣਾਉਣ ਦੀ ਕ੍ਰਿਪਾ ਕਰੋ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ ! ਸੈਣ ਨਾਈ ਦੀ ਭਗਤੀ ਦਾ ਪ੍ਰਸੰਗ ਮੈਨੂੰ ਭੀ ਕਈ ਸਿਆਣੇ ਸਜਨਾਂ ਤੋਂ ਸੁਣਨ ਦਾ ਸਮਾਂ ਬਣਿਆ ਹੈ, ਜਿਸਨੂੰ ਮੈਂ ਆਪ ਜੀ ਦੇ ਹਾਜ਼ਰ ਕਰਦਾ ਹਾਂ ਕਿ :

(੧) ਕਬੀਰ ਜੀ (ਦੀ ਭਗਤੀ) ਦਾ ਪਰਤਾਪ ਸੁਣਕੇ (ਰਾਮਾਨੰਦ ਜੀ ਦਾ) ਦੂਸਰਾ ਸਿਖ (ਚੇਲਾ) ਸੈਣ ਨਾਈ ਹੋਇਆ (ਹੈ)।

ਪ੍ਰ: ਕਿਉਂ ਜੀ ! ਇਹ ਭੀ ਦੱਸ ਦਿਓ ਕਿ ਇਹ ਭਗਤੀ ਦੇ ਉੱਚੇ ਦਰਜੇ ਤੇ ਕਿਵੇਂ ਪੁੱਜਾ ?

(੨) ਉ: ਹੇ ਭਾਈਓ ! ਉਸਦੀ ਘਾਲਣਾ ਸੁਣੋ ? ਕਿ ਇਹ ਪ੍ਰੇਮਾ-ਭਗਤੀ ਰਾਤ ਸਮੇਂ ਕਰਦਾ ਸੀ। (ਸੰਤ ਸਾਧੂਆਂ ਦੀ ਸੰਗਤ ਕਰਦਾ ਸੀ) ਤੇ ਸਵੇਰੇ ਹੀ ਉਹ ਰਾਜੇ ਦੀ ਸੇਵਾ ਕਰਨ ਲਈ ਮਹਿਲਾਂ ਵਿਚ ਚਲਾ ਜਾਂਦਾ ਸੀ।

(੩) (ਪਰ ਇਕ ਵੇਰਾਂ, ਇਸ ਘਰ ਦੇ) ਸੰਤ ਪਰਾਹੁਣੇ ਬਣਕੇ ਆ ਗਏ, (ਜਿਨ੍ਹਾਂ ਨੇ) ਸਾਰੀ ਰਾਤ ਕਥਾ ਕੀਰਤਨ ਵਿਚ ਗੁਜ਼ਾਰੀ।

(੪) (ਨਾਮ ਰਸ ਵਿਚ ਰੰਗੇ ਸੰਤ, ਨਾਮ ਦਾ ਪ੍ਰਵਾਹ ਚਲਾਈ ਗਏ) ਜਿਸਨੂੰ ਸੈਣ ਜੀ ਛੱਡ ਨਾ ਸਕੇ (ਉਹ ਸਵੇਰ ਦਾ ਸਮਾਂ ਲੰਘ ਗਿਆ, ਸਮੇਂ ਸਿਰ ਰਾਜੇ ਦੀ ਸੇਵਾ ਕਰਨ ਨ ਜਾ ਸਕੇ)।

ਰ ਭਗਤ ਵਛਲ ਪ੍ਰਭੂ ਦੀ ਕਰਨੀ ਵੇਖੋ ਕਿ ਉਹ
(੫) ਪ੍ਰ ਪ ਸੈਣ ਦਾ ਰੂਪ ਬਣਾ ਕੇ ਸਮੇਂ ਸਿਰ ਰਾਜੇ ਦੀ ਸੇਵਾ ਅੰਦਰ ਚਲੇ ਗਏ। ਸੇਵਾ ਕਰਕੇ ਰਾਜੇ ਨੂੰ ਅਨੰਦ ਤੇ ਵਿਸਿਨ ਕਰ ਆਏ।

ਪ੍ਰਭੂ ਤ ਚੜ੍ਹੇ ਸਾਧ ਜਨਾਂ ਨੂੰ ਵਿਦਿਆ ਕਰਕੇ (ਘਰੋਂ ਤੋਰ
(੬) ਦਿ ਸੈਣ ਸ਼ਰਮਾਂਦਾ ਹੋਇਆ ਰਾਜੇ ਵੱਲ ਗਿਆ (ਕਿ ਕੇ) ਰਾਜੇ ਦੀ ਸੇਵਾ ਨੂੰ ਨਾਗਾ ਪੈ ਗਿਆ ਹੈ।)

ਅੱਜ ਰਾਜੇ ਨੇ ਦੂਰੋਂ ਆਉਂਦੇ ਸੈਣ ਜੀ ਨੂੰ ਵੇਖ ਕੇ
(੭) ਪਰ , "ਸੈਣ! ਅੱਜ ਤੂੰ ਸੇਵਾ ਕਰਕੇ ਮੈਨੂੰ ਐਸਾ ਕਿਹ ਚਿਤ ਕੀਤਾ ਹੈ ਕਿ ਬਸ ਹੁਣ ਮੈਂ ਤੇਰੇ ਵੱਸ ਪ੍ਰਸੰਨ ਗਿਆ ਸਮਝ ਲੈ।"

ਹੈ ਕਿ ਕਹਿ ਕੇ ਗਲ ਦੀ ਪੁਸ਼ਾਕ ਸੈਣ ਜੀ ਨੂੰ ਪਹਿਨਾ
(੮) ਦਿਹ । ਰਾਜੇ ਦੀ ਇਹ ਗੱਲ ਸਾਰੇ ਦਰਬਾਰੀ ਤੇ ਹੋਰ ਦਿੱਤੀ ਚਾਕਰ ਸੁਣ ਰਹੇ ਸਨ।

ਨੌਕਰ ਪ੍ਰਮੇਸ਼ਰ) ਭਗਤਾਂ ਦੀ ਵਡਿਆਈ ਨੂੰ ਪ੍ਰਗਟ
(੯) (ਇਓਂ ਕਰਦਾ ਹੈ।੧੬।

**ਭਾਵਾਰਥ :** ਇਸ ਪ੍ਰਸੰਗ ਦਾ ਉਪਦੇਸ਼ ਇਹੋ ਹੈ ਕਿ ਪ੍ਰਭੂ ਪਿਆਰੇ ਸਤਿਸੰਗਤ ਵਿਚ ਇਕ ਰਸ ਹੋ ਕੇ ਲੱਗੇ ਪ੍ਰਮੇਸ਼ਰ ਪਰ ਜਦੋਂ ਫ਼ਰਜ਼ ਤੋਂ ਉੱਕਣ ਤਾਂ ਭੀ ਸਰਮਾਉਣ ਰਹਿਣ ਪ੍ਰਮੇਸ਼ਰ ਪੈਜ ਭੀ ਰੱਖ ਲਵੇ ਤਦ ਭੀ ਉਹ ਦਲੇਰ ਹੋ ਭਾਵੇਂ ਪੈਜ ਵਲੋਂ ਉਕਾਈ ਨਾ ਕਰਨ। ਉਹ ਪ੍ਰਮੇਸ਼ਰ ਤਾਂ ਕੇ ਫ਼ਰ ਸੇਵਕਾਂ ਦਾ ਸਦਾ ਹੀ ਸਹਾਇਕ ਹੁੰਦਾ ਹੈ। ਬਾਣੀ ਵਿਚ ਆਪਣੇ ਭੀ ਫ਼ੁਰਮਾਨ ਆਇਆ ਹੈ ਕਿ :

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਪੰਨਾ ੪੦੩

## ੧੭. ਭਗਤ ਰਵਿਦਾਸ ਦੀ ਪ੍ਰੇਮਾ-ਭਗਤੀ

੧. ਭਗਤ ਭਗਤ ਜੱਗ ਵੱਜਿਆ
ਚਹੁੰ ਚੱਕਾਂ ਦੇ ਵਿੱਚ ਚਮਰੇਟਾ।
੨. ਪਾਣਾ ਗੰਢੈ ਰਾਹ ਵਿੱਚ
ਕੁਲਾ ਧਰਮ ਢੋਇ ਢੋਰ ਸਮੇਟਾ।
੩. ਜਿਉਂ ਕਰ ਮੈਲੇ ਚੀਥੜੇ
ਹੀਰਾ ਲਾਲ ਅਮੋਲ ਪਲੇਟਾ।
੪. ਚਹੁੰ ਵਰਨਾਂ ਉਪਦੇਸ਼ਦਾ
ਗਿਆਨ ਧਯਾਨ ਕਰ ਭਗਤ ਸਹੇਟਾ।
੫. ਨ੍ਹਾਵਣ ਆਯਾ ਸੰਗ ਮਿਲ
ਬਾਨਾਰਸ ਕਰ ਗੰਗਾ ਬੇਟਾ।
੬. ਕੱਢ ਕਸੀਰਾ ਸਉਪਿਆ
ਰਵਿਦਾਸੈ ਗੰਗਾ ਦੀ ਭੇਟਾ।
੭. ਲੱਗਾ ਪੁਰਬ ਅਭੀਚ ਦਾ
ਡਿੱਠਾ ਚਲਿਤ ਅਚਰਜ ਅਮੇਟਾ।
੮. ਲਇਆ ਕਸੀਰਾ ਹੱਥ ਕੱਢ
ਸੂਤ ਇੱਕ ਜਿਉਂ ਤਾਣਾ ਪੇਟਾ।
੯. ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥੧੭॥

***ਪਦ ਅਰਥ :*** ਵੱਜਿਆ—ਪ੍ਰਗਟ ਹੋਇਆ, ਪਰਸਿੱਧਤਾ ਹੋ ਗਈ। ਪਾਣਾ—ਜੁੱਤੀਆਂ। ਸਹੇਟਾ—ਸਮੇਤ। ਬੇਟਾ—ਪੁਰਬੀ ਦਾ ਟਿਕਾਣਾ। ਕਸੀਰਾ—ਧੇਲਾ, ਕੌਡਾਂ ਦਾ ਗੁੱਛਾ, ਜਾਂ ਹਾਰ। ਅਭੀਚ—ਅਭਿਜਿਤ ਨਛੱਤ੍ਰ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਭਗਤ ਰਵਿਦਾਸ ਜੀ ਦੀ ਭੇਟਾ ਗੰਗਾ ਨੇ ਆਪ ਹੱਥ ਕੱਢ ਕੇ ਅੰਗੀਕਾਰ ਕਰੀ ਸੀ, ਇਹ ਤਾਂ ਆਮ ਹੀ ਸੁਣਦੇ ਆ ਰਹੇ ਹਾਂ, ਪਰ ਆਪ ਜੀ ਸਾਨੂੰ ਇਨ੍ਹਾਂ ਦੀ ਸਾਰੀ ਵਾਰਤਾ ਖੋਲ੍ਹ ਕੇ ਸੁਣਾਓ, ਤਾਂ ਕਿ ਸਾਡੇ ਅੰਦਰ ਭੀ ਪ੍ਰਭੂ ਦੀ ਪ੍ਰੇਮਾ ਭਗਤੀ ਦਾ ਭਾਉ ਜਨਮ ਲੈ ਸਕੇ?

(੧) ਉ: (ਹੇ ਭਾਈਓ! ਰਵਿਦਾਸ ਜੀ ਦੇ ਬਾਰੇ ਜੋ ਮੇਰੇ ਪੜ੍ਹਨ ਸੁਣਨ ਵਿਚ ਆਇਆ ਹੈ ਕਿ) ਜਗਤ ਦੇ ਚਾਰੇ ਚੱਕਾਂ (ਭਾਵ ਚਾਰੇ ਪਾਸੇ) 'ਰਵਿਦਾਸ ਚਮਾਰ ਬੜਾ ਭਗਤ ਹੈ' ਇਹ ਗੱਲ ਡੰਕੇ ਦੀ ਚੋਟ ਵਾਂਗ ਪ੍ਰਗਟ ਹੋ ਰਹੀ ਸੀ।

(੨) (ਲੋਕੀ ਆਮ ਹੀ ਗੱਲਾਂ ਕਰਦੇ ਸੀ ਕਿ) ਰਸਤੇ ਵਿਚ ਬੈਠਾ ਜੁੱਤੀਆਂ ਗੰਢ ਰਿਹਾ ਹੈ। ਜਿਸ ਕੁਲ ਦਾ ਕਰਮ ਮੋਏ ਡੰਗਰਾਂ ਨੂੰ ਢੋਣਾ ਹੈ।

(੩) (ਪਰ ਇਸ ਚਮਿਆਰ ਦੀ ਕੁਲ ਵਿਚ ਰਵਿਦਾਸ ਜੀ ਭਗਤੀ ਕਰਕੇ ਐਉਂ ਹਨ ਜਿਵੇਂ) ਮੈਲੇ ਕੁਚੈਲੇ ਤੇ ਫਟੇ ਪੁਰਾਣੇ ਕੱਪੜਿਆਂ ਵਿਚ ਕੋਈ ਹੀਰਾ ਜਾਂ ਕੀਮਤੀ ਲਾਲ ਲਪੇਟਿਆ ਹੋਇਆ ਹੋਵੇ।

(੪) ਚਾਰੇ ਵਰਨ (ਖੱਤ੍ਰੀ, ਬ੍ਰਾਹਮਣ, ਸੂਦਰ ਤੇ ਵੈਸ਼) ਨੂੰ ਇਹ ਉਪਦੇਸ ਦੇਂਦਾ ਹੈ, ਗਿਆਨ ਧਿਆਨ ਦਾ ਰਸਤਾ ਤੇ ਭਗਤੀ ਦਾ ਰਾਹ ਦੱਸਦਾ ਹੈ।

(੫) ਪਰ ਭਗਤ ਵਛਲ ਪ੍ਰਭੂ ਦੀ ਕਰਨੀ ਵੇਖੋ ਕਿ ਉਹ ਆਪ ਸੈਣ ਦਾ ਰੂਪ ਬਣਾ ਕੇ ਸਮੇਂ ਸਿਰ ਰਾਜੇ ਦੀ ਸੇਵਾ ਵਿਚ ਚਲੇ ਗਏ। ਸੇਵਾ ਕਰਕੇ ਰਾਜੇ ਨੂੰ ਅਨੰਦ ਤੇ ਪ੍ਰਸੰਨ ਕਰ ਆਏ।

(੬) ਦਿਨ ਚੜ੍ਹੇ ਸਾਧ ਜਨਾਂ ਨੂੰ ਵਿਦਿਆ ਕਰਕੇ (ਘਰੋਂ ਤੋਰ ਕੇ) ਸੈਣ ਸ਼ਰਮਾਂਦਾ ਹੋਇਆ ਰਾਜੇ ਵੱਲ ਗਿਆ (ਕਿ ਅੱਜ ਰਾਜੇ ਦੀ ਸੇਵਾ ਨੂੰ ਨਾਗਾ ਪੈ ਗਿਆ ਹੈ।)

(੭) ਪਰ ਰਾਜੇ ਨੇ ਦੂਰੋਂ ਆਉਂਦੇ ਸੈਣ ਜੀ ਨੂੰ ਵੇਖ ਕੇ ਕਿਹਾ, "ਸੈਣ! ਅੱਜ ਤੂੰ ਸੇਵਾ ਕਰਕੇ ਮੈਨੂੰ ਐਸਾ ਪ੍ਰਸੰਨ ਚਿਤ ਕੀਤਾ ਹੈ ਕਿ ਬਸ ਹੁਣ ਮੈਂ ਤੇਰੇ ਵੱਸ ਹੋ ਗਿਆ ਸਮਝ ਲੈ।"

(੮) ਇਹ ਕਹਿ ਕੇ ਗਲ ਦੀ ਪੁਸ਼ਾਕ ਸੈਣ ਜੀ ਨੂੰ ਪਹਿਨਾ ਦਿੱਤੀ। ਰਾਜੇ ਦੀ ਇਹ ਗੱਲ ਸਾਰੇ ਦਰਬਾਰੀ ਤੇ ਹੋਰ ਨੌਕਰ ਚਾਕਰ ਸੁਣ ਰਹੇ ਸਨ।

(੯) (ਇਉਂ ਹੀ ਪ੍ਰਮੇਸ਼ਰ) ਭਗਤਾਂ ਦੀ ਵਡਿਆਈ ਨੂੰ ਪ੍ਰਗਟ ਕਰਦਾ ਹੈ।੧੬।

*ਭਾਵ ਅਰਥ :* ਇਸ ਪ੍ਰਸੰਗ ਦਾ ਉਪਦੇਸ਼ ਇਹੋ ਹੈ ਕਿ ਪ੍ਰਮੇਸ਼ਰ ਦੇ ਪਿਆਰੇ ਸਤਿਸੰਗਤ ਵਿਚ ਇਕ ਰਸ ਹੋ ਕੇ ਲੱਗੇ ਰਹਿਣ ਪਰ ਜਦੋਂ ਫ਼ਰਜ਼ ਤੋਂ ਉੱਕਣ ਤਾਂ ਭੀ ਸ਼ਰਮਾਉਣ ਭਾਵੇਂ ਪ੍ਰਮੇਸ਼ਰ ਪੈਜ ਭੀ ਰੱਖ ਲਵੇ ਤਦ ਭੀ ਉਹ ਦਲੇਰ ਹੋ ਕੇ ਫ਼ਰਜ਼ ਵਲੋਂ ਉਕਾਈ ਨਾ ਕਰਨ। ਉਹ ਪ੍ਰਮੇਸ਼ਰ ਤਾਂ ਆਪਣੇ ਸੇਵਕਾਂ ਦਾ ਸਦਾ ਹੀ ਸਹਾਇਕ ਹੁੰਦਾ ਹੈ। ਬਾਣੀ ਵਿਚ ਭੀ ਫ਼ੁਰਮਾਨ ਆਇਆ ਹੈ ਕਿ :

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
*(ਪੰਨਾ ੪੦੩)*

## ੧੭. ਭਗਤ ਰਵਿਦਾਸ ਦੀ ਪ੍ਰੇਮਾ-ਭਗਤੀ

**੧. ਭਗਤ ਭਗਤ ਜੱਗ ਵੱਜਿਆ**
**ਚਹੁ ਚੱਕਾਂ ਦੇ ਵਿੱਚ ਚਮਰੇਟਾ।**
**੨. ਪਾਣਾ ਗੰਢੇ ਰਾਹ ਵਿੱਚ**
**ਕੁਲਾ ਧਰਮ ਢੋਇ ਢੋਰ ਸਮੇਟਾ।**
**੩. ਜਿਉਂ ਕਰ ਮੈਲੇ ਚੀਥੜੇ**
**ਹੀਰਾ ਲਾਲ ਅਮੋਲ ਪਲੇਟਾ।**
**੪. ਚਹੁੰ ਵਰਨਾਂ ਉਪਦੇਸ਼ਦਾ**
**ਗਿਆਨ ਧਯਾਨ ਕਰ ਭਗਤ ਸਹੇਟਾ।**
**੫. ਨ੍ਹਾਵਣ ਆਯਾ ਸੰਗ ਮਿਲ**
**ਬਾਨਾਰਸ ਕਰ ਗੰਗਾ ਥੇਟਾ।**
**੬. ਕੱਢ ਕਸੀਰਾ ਸਉਂਪਿਆ**
**ਰਵਿਦਾਸੈ ਗੰਗਾ ਦੀ ਭੇਟਾ।**
**੭. ਲੱਗਾ ਪੁਰਬ ਅਭੀਚ ਦਾ**
**ਡਿੱਠਾ ਚਲਿਤ ਅਚਰਜ ਅਮੇਟ**
**੮. ਲਇਆ ਕਸੀਰਾ ਹੱਥ ਕੱਢ**
**ਸੂਤ ਇੱਕ ਜਿਉਂ ਤਾਣਾ ਪੇਟਾ**
**੯. ਭਗਤ ਜਨਾਂ ਹਰਿ ਮਾਂ ਪਿਉ ਬੇਟਾ**

*ਪਦ ਅਰਥ :* ਵੱਜਿਆ—ਪ੍ਰਗਟ ਹੋਇਆ, ਪ
ਹੋ ਗਈ। ਪਾਣਾ—ਜੁੱਤੀਆਂ। ਸਹੇਟਾ—ਸਮੇਤ। ਥੇਟ
ਦਾ ਟਿਕਾਣਾ। ਕਸੀਰਾ—ਧੇਲਾ, ਕੌਡਾਂ ਦਾ ਰ
ਹਾਰ। ਅਭੀਚ—ਅਭਿਜਿਤ ਨਛੱਤ੍ਰ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਭਗਤ ਰਵਿਦਾਸ ਜੀ
ਗੰਗਾ ਨੇ ਆਪ ਹੱਥ ਕੱਢ ਕੇ ਅੰਗੀਕਾਰ
ਇਹ ਤਾਂ ਆਮ ਹੀ ਸੁਣਦੇ ਆ ਰਹੇ ਹਾਂ,
ਜੀ ਸਾਨੂੰ ਇਨ੍ਹਾਂ ਦੀ ਸਾਰੀ ਵਾਰਤਾ ਖੋਲ੍ਹ ਕੇ
ਤਾਂ ਕਿ ਸਾਡੇ ਅੰਦਰ ਭੀ ਪ੍ਰਭੂ ਦੀ ਪ੍ਰੇਮਾ ਭ
ਭਾਉ ਜਨਮ ਲੈ ਸਕੇ?

(੧) ਉ: (ਹੇ ਭਾਈਓ! ਰਵਿਦਾਸ ਜੀ ਦੇ ਬਾਰੇ ਜੋ
ਸੁਣਨ ਵਿਚ ਆਇਆ ਹੈ ਕਿ) ਜਗਤ ਦੇ ਚ
(ਭਾਵ ਚਾਰੇ ਪਾਸੇ) 'ਰਵਿਦਾਸ ਚਮਾਰ ਬ
ਹੈ' ਇਹ ਗੱਲ ਡੰਕੇ ਦੀ ਚੋਟ ਵਾਂਗ ਪ੍ਰਗ
ਸੀ।

(੨) (ਲੋਕੀ ਆਮ ਹੀ ਗੱਲਾਂ ਕਰਦੇ ਸੀ ਕਿ) ਰ
ਬੈਠਾ ਜੁੱਤੀਆਂ ਗੰਢ ਰਿਹਾ ਹੈ। ਜਿਸ ਕੁਲ
ਮੋਏ ਡੰਗਰਾਂ ਨੂੰ ਢੋਣਾ ਹੈ।

(੩) (ਪਰ ਇਸ ਚਮਿਆਰ ਦੀ ਕੁਲ ਵਿਚ ਰਵਿ
ਭਗਤੀ ਕਰਕੇ ਐਉਂ ਹਨ ਜਿਵੇਂ) ਮੈਲੇ ਕੁਚੈ
ਪੁਰਾਣੇ ਕੱਪੜਿਆਂ ਵਿਚ ਕੋਈ ਹੀਰਾ ਜਾਂ
ਲਾਲ ਲਪੇਟਿਆ ਹੋਇਆ ਹੋਵੇ।

(੪) ਚਾਰੇ ਵਰਨ (ਖੱਤ੍ਰੀ, ਬ੍ਰਾਹਮਣ, ਸੂਦਰ ਤੇ ਵੈਸ਼
ਉਪਦੇਸ਼ ਦੇਂਦਾ ਹੈ, ਗਿਆਨ ਧਿਆਨ ਦਾ
ਭਗਤੀ ਦਾ ਰਾਹ ਦੱਸਦਾ ਹੈ।

ਨੂੰ ਵਿਸ਼ੇਸ਼ ਰੂਪ ਵਿਚ ਪੜਚੋਲਿਆ ਹੈ ਇਸ ਲਈ ਤੁਸੀਂ ਸਾਨੂੰ ਗੋਤਮ ਰਿਖੀ ਅਤੇ ਅਹਿੱਲਿਆ ਦੀ ਵਾਰਤਾ ਖੁਲਾਸੇ ਰੂਪ ਵਿਚ ਸੁਣਾਓ ਤਾਕਿ ਸਾਨੂੰ ਭੀ ਜਾਣਕਾਰੀ ਹੋ ਸਕੇ ?

ਉ: ਹੇ ਭਾਈਓ ! ਜੋ ਮੇਰੇ ਪੜ੍ਹਨ ਸੁਣਨ ਵਿਚ ਆਇਆ ਹੈ, ਉਹ ਇਉਂ ਹੈ ਕਿ:

(੧) ਗੋਤਮ ਰਿਖੀ ਦੀ ਸੁਪਤਨੀ ਅਹਿੱਲਿਆ, (ਜੋ ਵੱਡੇ ਰੂਪ ਵਾਲੀ ਸੀ) ਉਸਨੂੰ ਵੇਖ ਕੇ ਇੰਦ੍ਰ, ਰੂਪ ਦਾ ਲੋਭੀ ਹੋ ਗਿਆ।

(੨) (ਕਾਮ-ਵਾਸ਼ਨਾ ਦੀ ਪੂਰਤੀ ਲਈ) ਉਸਨੇ ਪਰਾਏ ਘਰ (ਪਰ ਇਸਤ੍ਰੀ ਗਮਨ ਕਰਨ) ਜਾਣ ਕਰਕੇ ਗੋਤਮ ਰਿਖੀ ਤੋਂ ਸਰਾਪ ਲੈ ਲਿਆ (ਕਿ ਜਿਸ ਚੀਜ ਦਾ ਲੋਭ ਕੀਤਾ ਹੈ, ਉਹੀ ਭਗਾਂ ਗਿਣਤੀ ਵਿਚ ਹਜਾਰ ਤੇਰੇ ਸਰੀਰ 'ਤੇ ਹੋ ਜਾਣਗੀਆਂ।

(੩) (ਹਜਾਰ ਭਗਾਂ ਸਰੀਰ 'ਤੇ ਹੋਈਆਂ ਵੇਖ, ਉਹ ਪਛੁਤਾਇਆ ਤੇ ਸ਼ਰਮ ਦਾ ਮਾਰਾ ਇੰਦ੍ਰਪੁਰੀ ਨੂੰ ਛੱਡ ਕੇ ਇਕ ਸਰੋਵਰ ਵਿਚ ਜਾ ਲੁਕਿਆ ਤੇ ਪ੍ਰਭੂ ਸਿਮਰਨ ਕਰਨ ਲੱਗਾ।) ਉਸਦੇ ਬਿਨਾ ਇੰਦ੍ਰਪੁਰੀ ਸੁੰਞੀ ਹੋ ਗਈ। ਸਭ ਲੱਭਣ ਲੱਗੇ ਕਿ ਰਾਜਾ ਇੰਦ੍ਰ ਕਿੱਧਰ ਚਲਾ ਗਿਆ ?

(੪) ਉਸਦੇ ਘੋਰ ਪਸਚਾਤਾਪ ਕਰਨ ਤੇ ਸਿਮਰਨ ਕਰਨ ਦਾ ਫਲ ਇਹ ਹੋਇਆ ਕਿ ਭਗਾਂ ਦੀ ਥਾਂ ਹਜਾਰ ਨੇਤ੍ਰ ਬਣ ਗਏ। ਇਸ ਤਬਦੀਲੀ ਮਗਰੋਂ ਉਹ ਉਸੇ ਵੇਲੇ ਇੰਦ੍ਰ ਲੋਕ ਨੂੰ ਚਲਾ ਗਿਆ।

(੫) (ਪਤਨੀ ਨੂੰ ਪਰ ਪੁਰਖ ਦਾ ਸੰਗ ਕਰਨ ਕਰਕੇ ਗੋਤਮ ਨੇ ਸਿਲਾ (ਪੱਥਰ) ਬਣ ਜਾਣ ਦਾ ਸਰਾਪ ਦੇ ਦਿਤਾ) ਸੋ ਪਤੀਬ੍ਰਤ ਧਰਮ ਦੇ ਸਤ ਤੋਂ ਟਲਣ ਦੀ ਇਹ ਸਜ਼ਾ ਮਿਲੀ ਕਿ ਉਹ ਬਿਨਾਂ ਪਰਾਣਾਂ ਤੋਂ ਪੱਥਰ ਬਣ ਨਦੀ ਦੇ ਕਿਨਾਰੇ ਆਣ ਟਿੱਕੀ।

(੬) (ਹਜਾਰਾਂ ਵਰ੍ਹੇ ਧੁੱਪਾਂ ਤੇ ਛਾਵਾਂ ਵਿਚ ਪਏ ਰਹਿਣ ਪਿਛੋਂ ਇਸ ਪੱਥਰ ਨੂੰ ਜਦ) ਰਘੁਪਤੀ ਸ੍ਰੀ ਰਾਮ ਚੰਦ੍ਰ ਜੀ ਦੇ (ਬਨਵਾਸ ਸਮੇਂ) ਚਰਨ ਛੁਹੇ, ਇਹ ਝੱਟ ਹੀ ਬਿਬਾਣ 'ਤੇ ਚੜ੍ਹ ਸੁਰਗਾਪੁਰੀ ਨੂੰ ਚਲੀ ਗਈ।

(੭) ਇਹੋ ਜਿਹੀਆਂ ਭਲਿਆਈਆਂ ਕਰਨ ਕਰਕੇ ਪ੍ਰਭੂ ਦਾ ਨਾਮ ਭਗਤ ਵੱਛਲ ਪਿਆ ਹੈ, ਕਿ ਪਤਿਤਾਂ, ਪਾਪ ਕਰਮ ਕਰਨ ਵਾਲਿਆਂ ਨੂੰ ਭੀ ਉਧਾਰਦਾ (ਭਾਵ ਤਾਰ ਦੇਂਦਾ ਹੈ)।

(੮) ਗੁਣ ਕਰਨ ਵਾਲੇ ਨਾਲ ਤਾਂ ਸਾਰੇ ਹੀ ਗੁਣ ਕਰਦੇ ਹਨ, ਪਰ ਜਿਹੜਾ ਅਉਗੁਣਾ ਵਾਲੇ ਨਾਲ ਵੀ ਗੁਣ ਹੀ ਕਰੇ (ਐਸੇ ਮਹਾ ਪੁਰਸ਼ ਜਾਂ ਪ੍ਰਮੇਸ਼ਰ ਨੂੰ ਹੀ) ਉਪਕਾਰੀ ਕਿਹਾ ਜਾਂਦਾ ਹੈ।

(੯) ਐਸੀ ਅਲੱਖ ਗਤੀ (ਨਾ ਸਮਝ ਵਿਚ ਆਉਣ ਵਾਲੀ ਹਾਲਤ) ਦਾ ਕੋਈ ਕੀ ਕਥਨ ਕਰੇ। (ਭਾਵ ਅਜਿਹੇ ਉਪਕਾਰੀ ਪ੍ਰਭੂ ਦੀ ਮਹਿਮਾ ਹੋ ਨਹੀਂ ਸਕਦੀ।)।੧੮।

***ਭਾਵਾਰਥ :*** ਇਸ ਕਥਾ ਦਾ ਭਾਵ ਇਹੋ ਨਿਕਲਦਾ ਹੈ ਕਿ ਮਨੁੱਖ ਨੂੰ ਵਿਭਚਾਰੀ ਹੋਣ ਵਲੋਂ ਸਦਾ ਹੀ ਬਚਕੇ ਰਹਿਣਾ ਚਾਹੀਦਾ ਹੈ, ਪਾਪਾਂ ਵਲੋਂ ਭੀ ਮਨ ਨੂੰ ਸਦਾ ਹੋੜੀ ਰੱਖਣ ਦਾ ਜਤਨ ਕਰਦੇ ਰਹਿਣਾ ਯੋਗ ਹੈ। ਜੇ ਭੁੱਲ ਚੁੱਕੀ ਕਦੀ ਹੋ ਵੀ ਜਾਵੇ ਤਾਂ ਪਾਪਾਂ ਦੇ ਵੇਗ ਵਿਚ ਬਹਿ ਨਹੀਂ ਜਾਣਾ ਚਾਹੀਦਾ। ਵਾਹਿਗੁਰੂ ਜੀ ਨੂੰ ਪਤਿਤ ਪਾਵਨ ਅਰ ਭਗਤ ਵਛਲ ਜਾਣ ਕੇ ਸਦਾ ਹੀ ਮਨ, ਬਾਣੀ, ਸਰੀਰ ਕਰਕੇ ਪਿਆਰ ਕਰਨਾ ਚਾਹੀਦਾ ਹੈ, ਅਤੇ ਸਦਾ ਹੀ ਖਿਮਾਂ ਮੰਗਦੇ ਰਹਿਣਾ ਚਾਹੀਦਾ ਹੈ। ਉਸਦਾ ਸਦਾ ਸਿਮਰਨ ਕਰਦੇ ਰਹਿਣਾ ਹੀ ਯੋਗ ਹੈ। ਉਹੋ ਮਾਲਕ ਪਾਪਾਂ ਦੀ ਮੈਲ ਦਿਲ ਤੋਂ ਧੋ ਕੇ ਫੇਰ ਉੱਜਲ ਕਰ ਲੈਂਦਾ ਹੈ। ਗੁਰਬਾਣੀ ਵਿਚ ਸੇਵਕ ਲਈ ਅਰਦਾਸ ਕਰਦੇ ਰਹਿਣ ਦੀ ਬਾਰ ਬਾਰ ਪ੍ਰੇਰਨਾ ਕੀਤੀ ਗਈ ਹੈ, ਜਿਵੇਂ ਕਿ :

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ  
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥  
ਮਾਯਾ ਮੋਹ ਭਰਮ ਪੈ ਭੂਲੇ  
ਸੁਤ ਦਾਰਾ ਸਿਉ ਪ੍ਰੀਤਿ ਲਗਾਈ॥  
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ  
ਤਿਹ ਮਿਲੰਤ ਜਮ ਤ੍ਰਾਸ ਮਿਟਾਈ॥  
ਇਕ ਅਰਦਾਸਿ ਭਾਟ ਕੀਰਤਿ ਕੀ  
ਗੁਰ ਰਾਮਦਾਸ ਰਾਖਹੁ ਸਰਣਾਈ॥੪॥

*(ਪੰਨਾ ੧੪੦੬)*

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ  
ਤੇਤੇ ਅਉਗਣ ਹਮਾਰੇ॥  
ਦਇਆ ਕਰਹੁ ਕਿਛੁ ਮਿਹਰ ਉਪਾਵਹੁ  
ਡੁਬਦੇ ਪਥਰ ਤਾਰੇ॥੫॥ *(ਪੰਨਾ ੧੫੬)*

ਤੁਧੁ ਗੁਣ ਮੈ ਸਭਿ ਅਵਗਣਾ  
ਇਕ ਨਾਨਕ ਕੀ ਅਰਦਾਸਿ ਜੀਉ॥ *(ਪੰਨਾ ੧੬੨)*

## ੧੯. ਬਾਲਮੀਕ ਡਾਕੂ ਤੋਂ ਸੰਤ

੧. ਵਾਟੈ ਮਾਣਸ ਮਾਰਦਾ
ਬੈਠਾ ਬਾਲਮੀਕ ਬਟਵਾੜਾ।
੨. ਪੂਰਾ ਸਤਿਗੁਰ ਸੇਵਿਆ
ਮਨ ਵਿਚ ਹੋਆ ਖਿੰਜੋਤਾੜਾ।
੩. ਮਾਰਨ ਨੋਂ ਲੋਚੈ ਘਣਾ
ਕੱਢਿ ਨ ਹੰਘੈ ਹੱਥ ਉਘਾੜਾ।
੪. ਸਤਿਗੁਰ ਮਨੂਆ ਰੱਖਿਆ
ਹੋਇ ਨ ਆਵੈ ਉਛੋਹਾੜਾ।
੫. ਅਉਗਣ ਸਭ ਪਰਗਾਸਿਅਨੁ
ਰੋਜਗਾਰੁ ਹੈ ਏਹੁ ਅਸਾੜਾ।
੬. ਘਰ ਵਿਚ ਪੁੱਛਣ ਘੱਲਿਆ
ਅੰਤਕਾਲ ਹੈ ਕੋਇ ਅਸਾੜਾ।
੭. ਕੋੜਮੜਾ ਚਉਖੰਨੀਐ
ਕੋਇ ਨ ਬੇਲੀ ਕਰਦੇ ਝਾੜਾ।
੮. ਸੱਚ ਦ੍ਰਿੜਾਇ ਉਧਾਰਿਅਨੁ
ਟੱਪ ਨਿਕੱਥਾ ਉਪਰ ਵਾੜਾ।
੯. ਗੁਰਮੁਖ ਲੰਘੇ ਪਾਪ ਪਹਾੜਾ॥੧੯॥

*ਪਦ ਅਰਥ :* ਬਟਵਾੜਾ—ਰਾਹ ਮਾਰਨ ਵਾਲਾ, ਧਾੜਵੀ। ਖਿੰਜੋਤਾੜਾ—ਦੁਚਿੱਤਾ। ਉਛੋਹਾੜਾ—ਕਿਸੇ ਕੰਮ ਲਈ ਜੋਸ਼। ਚਉਖੰਨੀਐ—ਵਾਰਨੇ ਜਾਣ ਵਾਲੇ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਬਾਲਮੀਕ ਡਾਕੂ ਦੀ ਵਾਰਤਾ ਭਾਵੇਂ ਆਮ ਹੀ ਸਣਨ ਵਿਚ ਆਉਂਦੀ ਹੈ, ਪਰ ਉਸਦੇ ਡਾਕੂ ਤੋਂ ਸੰਤ ਹੋ ਜਾਣ ਦੀ ਵਾਰਤਾ ਆਪ ਜੀ ਸਾਨੂੰ ਖੁਲਾਸੇ ਰੂਪ ਵਿਚ ਸੁਣਾਉਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਪੁਰਾਤਨ ਪੁਸਤਕਾਂ ਦੀ ਪੜਚੋਲ ਕਰਨ ਤੋਂ ਜੋ ਬਾਲਮੀਕ ਦੀ ਜੀਵਨ ਕਥਾ ਦੀ ਜਾਣਕਾਰੀ ਹੋਈ ਹੈ ਕਿ ਉਹ ਡਾਕੂ ਦੇ ਰੂਪ ਵਿਚ ਸਦਾ ਹੀ:

(੧) ਰਸਤੇ ਵਿਚ ਬੈਠਾ ਮਨੁੱਖਾਂ ਨੂੰ ਫੜ ਕੇ, ਮਾਲ ਧਨ ਖੋਹ ਲੈਂਦਾ ਤੇ ਜਾਨੋਂ ਮਾਰ ਦੇਂਦਾ ਸੀ, (ਉਹ ਬਾਲਮੀਕ ਇਹੋ ਜਿਹਾ ਰਾਹਮਾਰ) ਧਾੜਵੀ ਸੀ।

(੨) (ਪਰ ਸਮੇਂ ਦੇ ਗੇੜ ਨਾਲ ਪੂਰਨ ਸੰਤ) ਪੂਰਾ ਸਤਿਗੁਰ (ਉਸੇ ਰਸਤੇ ਉਸਨੂੰ) ਆ ਮਿਲਿਆ (ਜਿਸਦੇ ਚੇਹਰੇ ਦੇ ਜਲਾਲ ਨੇ ਉਸਦੇ) ਮਨ ਵਿਚ ਦੋ ਰਾਵਾਂ ਪੈਦਾ ਕਰ ਦਿਤੀਆਂ।

(੩) ਮਾਰਨਾ ਚਾਹੁੰਦਾ ਹੈ (ਪਰ) ਅੱਜ ਸ਼ਸਤ੍ਰ ਕੱਢਣ ਤੇ ਹੱਥ ਚੁੱਕਣ ਤੋਂ ਉਸਦਾ ਮਨ ਬੋਝਲ ਹੋ ਗਿਆ।

(੪) (ਸਤਿਗੁਰਾਂ ਦੇ ਦਰਸ਼ਨਾਂ ਨੇ ਉਸਦੇ) ਮਨ ਨੂੰ (ਜਿਵੇਂ ਕਾਬੂ ਕਰਕੇ) ਰੋਕ ਰੱਖਿਆ ਹੋਵੇ (ਅੱਗੇ ਵਰਗਾ ਕੰਮ, ਝੱਟ ਤਲਵਾਰ ਜਾਂ ਨੇਜ਼ਾ ਮਾਰ ਆਉਂਦੇ ਰਾਹੀ ਨੂੰ ਖ਼ਤਮ ਕਰ ਦੇਣਾ) ਅਜਿਹਾ ਉਤਸ਼ਾਹ, ਤੇ ਜੋਸ਼ (ਅੱਜ) ਉਸਦੇ ਮਨ ਵਿਚ ਆਇਆ ਹੀ ਨਾ।

(੫) (ਅਖ਼ੀਰ ਸੰਤਾਂ ਦੇ ਪੁੱਛਣ ਤੇ) ਉਸਨੇ ਆਪਣੇ ਸਭ ਅਵਗੁਣਾਂ ਨੂੰ (ਸੰਤਾਂ ਅਗੇ) ਪਰਗਟ ਕਰ ਦਿੱਤਾ, ਤੇ ਕਿਹਾ, 'ਜੀ ਮੇਰਾ ਤਾਂ ਰੁਜ਼ਗਾਰ (ਕਮਾਈ) ਹੀ ਏਹੋ ਹੈ। (ਇਹੋ ਕਮਾਈ ਆਪ ਖਾਂਦਾ ਹਾਂ, ਤੇ ਆਪਣੇ ਪ੍ਰਵਾਰ, ਮਾਤਾ ਪਿਤਾ ਸਭ ਨੂੰ ਖੁਆਉਂਦਾ ਹਾਂ)।'

(੬) ਸੰਤਾਂ ਦੇ ਕਹਿਣ ਤੋਂ ਉਹ ਘਰ ਇਹ ਪੁੱਛਣ ਲਈ ਚਲਿਆ ਗਿਆ ਕਿ—ਅੰਤ ਸਮੇਂ ਕੋਈ ਹੈ ਜੋ ਮੇਰੀ ਸਹਾਇਤਾ ਕਰੇ?।

(੭) (ਉਸਦੀ ਕਮਾਈ ਤੇ ਧਨ ਮਾਲ ਨੂੰ ਵੇਖ ਵੇਖ) ਉਸਦਾ ਕੋੜਮਾ (ਪਰਵਾਰ) ਉਸਦੇ ਸਦਕੇ ਬਲਿਹਾਰੇ ਜਾਂਦਾ ਸੀ। ਪਰ ਅੰਤ ਸਮੇਂ ਦੀ ਸਹਾਇਤਾ ਤੋਂ ਸਭ ਨੇ ਸਿਰ ਫੇਰ ਦਿੱਤਾ ਤੇ ਨਾਲੇ ਝਾੜ ਝੰਬ ਕੀਤੀ ਕਿ (ਇਹ ਤੂੰ ਕੀ ਬੇਵਕੂਫ਼ਾਂ ਵਾਲੀਆਂ ਗੱਲਾਂ ਕਰਨ ਲੱਗ ਪਿਆ ਹੈਂ ਭਲਾ ਅੰਤ ਸਮੇਂ ਮੌਤ ਤੋਂ ਕਿਸੇ ਨੂੰ ਕੋਈ ਬਚਾਅ ਸਕਦਾ ਹੈ)?

(੮) ਜਦ ਮੁੜਕੇ ਆਇਆ ਤਾਂ ਸੰਤਾਂ ਨੇ ਸੱਚ ਦਾ ਉਪਦੇਸ਼ ਦੇ ਕੇ (ਬਾਲਮੀਕ ਨੂੰ) ਸੱਚ ਦ੍ਰਿੜ੍ਹ ਕਰਾ ਉਸਦਾ ਉੱਧਾਰ ਕਰ ਦਿੱਤਾ।

(੯) (ਇਸ ਤਰ੍ਹਾਂ ਉਹ ਪੂਰੇ ਸਤਿਗੁਰੂ ਦੇ ਉਪਦੇਸ਼ ਨਾਲ) ਗੁਰਮੁਖ ਬਣਕੇ, ਸਭ ਪਾਪਾਂ ਦੇ ਪਹਾੜਾਂ ਨੂੰ (ਜੋ ਉਸਨੇ ਆਪਣੀਆਂ ਬੁਰਿਆਈਆਂ ਨਾਲ ਖੜੇ ਕਰ ਲਏ ਸਨ) ਟੱਪ ਗਿਆ।੧੯।

*ਭਾਵਾਰਥ :* ਏਸ ਬਾਲਮੀਕ ਦੀ ਵਾਰਤਾ ਤੋਂ ਗੁਰੂ ਦੀ ਵਡਿਆਈ ਸਿੱਧ ਹੁੰਦੀ ਹੈ ਤੇ ਉਪਦੇਸ਼ ਹੈ ਕਿ ਪਾਪ ਕਰਮ ਕਰਨ ਵੇਲੇ ਹਰ ਮਨੁੱਖ ਸਦਾ ਹੀ ਸੋਚੇ ਕਿ ਜਿਨ੍ਹਾਂ ਦੀ ਖ਼ਾਤਰ ਮੈਂ ਪਾਪ ਕਰਮ ਕਰਦਾ ਹਾਂ ਇਨ੍ਹਾਂ ਵਿਚੋਂ ਅੰਤ ਦੇ ਸਮੇਂ ਮੇਰਾ ਕੋਈ ਭੀ ਬੇਲੀ ਨਹੀਂ ਹੋਵੇਗਾ। ਤਾਂ ਤੇ ਮੈਨੂੰ ਚਾਹੀਦਾ ਹੈ ਕਿ ਪਾਪ ਦੀ ਉਪਜੀਵਕਾ ਮੈਂ ਕਦੇ ਭੀ ਕਰਨ ਦਾ ਸੰਕਲਪ

ਨਾ ਕਰਾ। ਦੂਜਾ ਸਤਿ ਮਾਰਗ 'ਤੇ ਪਾਉਣ ਵਾਲੇ ਜਗਯਾਸੂ ਨੂੰ ਸੱਚ ਹੀ ਸਿਖਾਲਣ, ਉਸਨੂੰ ਮੁਲਾਹਜ਼ਿਆਂ ਨਾਲ ਪਾਪ ਵਿਚ ਨ ਰਹਿਣ ਦੇਣ। ਪਾਪ ਕਰਮਾਂ ਦਾ ਫਲ ਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਗਿਆ ਹੈ, ਜਿਵੇਂ ਕਿ:

> ਪਾਪ ਕਰੇਦੜ ਸਰਪਰ ਮੁਠੇ॥
> ਅਜਰਾਈਲਿ ਫੜੇ ਫੜਿ ਕੁਠੇ॥
> ਦੋਜਕਿ ਪਾਏ ਸਿਰਜਣਹਾਰੈ
> ਲੇਖਾ ਮੰਗੈ ਬਾਣੀਆ॥੨॥ *(ਪੰਨਾ ੧੦੬੯)*

> ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
> ਨਾਨਕ ਜਿਉ ਮਥਨਿ ਮਾਧਾਣੀਆ
> ਤਿਉ ਮਥੇ ਧ੍ਰਮਰਾਇ॥੬॥ *(ਪੰਨਾ ੧੪੨੫)*

## ੨੦. ਅਜਾਮਲ ਦੀ ਵਾਰਤਾ

**੧. ਪਤਿਤ ਅਜਾਮਲ ਪਾਪ ਕਰ**
**ਜਾਇ ਕਲਾਵਤਣੀ ਦੇ ਰਹਿਆ।**
**੨. ਗੁਰ ਤੇ ਬੇਮੁਖ ਹੋਇ ਕੈ**
**ਪਾਪ ਕਮਾਵੈ ਦੁਰਮਤਿ ਦਹਿਆ।**
**੩. ਬਿਰਥਾ ਜਨਮ ਗਵਾਇਅਨੁ**
**ਭਵਜਲ ਅੰਦਰ ਫਿਰਦਾ ਵਹਿਆ।**
**੪. ਛਿਅ ਪੁੱਤ ਜਾਏ ਵੇਸਵਾ**
**ਪਾਪਾਂ ਦੇ ਫਲ ਇਛੇ ਲਹਿਆ।**
**੫. ਪੁੱਤ੍ਰ ਉਪੰਨਾ ਸੱਤਵਾਂ**
**ਨਾਉਂ ਧਰਨ ਨੋਂ ਚਿੱਤ ਉਮਹਿਆ।**
**੬. ਗੁਰੂ ਦੁਆਰੈ ਜਾਇ ਕੈ**
**ਗੁਰਮੁਖ ਨਾਉਂ ਨਰਾਇਣ ਕਹਿਆ।**
**੭. ਅੰਤਕਾਲ ਜਮਦੂਤ ਵੇਖ**
**ਪੁੱਤ ਨਰਾਇਣ ਬੋਲੈ ਛਹਿਆ।**
**੮. ਜਮਗਣ ਮਾਰੇ ਹਰਿਜਨਾਂ**
**ਗਇਆ ਸੁਰਗ ਜਮਡੰਡ ਨ ਸਹਿਆ।**
**੯. ਨਾਇ ਲਏ ਦੁੱਖ ਡੇਰਾ ਢਹਿਆ॥੨੦॥**

*ਪਦ ਅਰਥ*: ਕਲਾਵਤਣੀ—ਗਾਉਣ ਵਾਲੀ ਵੇਸਵਾ। ਦਹਿਆ—ਦਗਧ। ਵਹਿਆ—ਰੁੜ੍ਹਦਾ ਸੀ. ਉਮਹਿਆ—ਚਾਉ ਹੋਇਆ।

### ਅਰਥ :

ਪ੍ਰ: ਭਾਈ ਸਾਹਿਬ ਜੀਉ! ਗੁਰਬਾਣੀ ਵਿਚ ਅਜਾਮਲ ਪਾਪੀ ਦਾ ਜ਼ਿਕਰ ਆਉਂਦਾ ਹੈ ਕਿ:

> ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥ *(ਪੰਨਾ ੬੩੨)*

ਭਾਵ ਅਜਾਮਲ ਪਾਪੀ ਇਤਨਾ ਵਡੇਰਾ ਪਾਪੀ ਸੀ, ਜਿਸਨੂੰ ਸਾਰਾ ਹੀ ਜਗਤ ਜਾਣਦਾ ਸੀ। ਉਸਦਾ ਨਿਮਖ ਵਿਚ ਪਾਰ ਉਤਾਰਾ ਹੋ ਗਿਆ। ਸੋ, ਉਸਦੇ ਪਾਰ ਉਤਾਰਾ ਹੋਣ ਦਾ ਸਾਰਾ ਪ੍ਰਸੰਗ ਖੋਹਲ ਕੇ ਸੁਣਾਓ, ਜਿਸ ਦੇ ਜੀਵਨ ਉਧਾਰ ਹੋਣ ਦੀ ਵਾਰਤਾ ਸੁਣਕੇ ਸਾਡੇ ਮਨਾਂ ਵਿਚ ਭੀ ਇਸ ਸੰਸਾਰ ਤੋਂ ਉਧਰਨ ਦੀ ਪ੍ਰੇਰਨਾ ਹੋ ਸੱਕੇ, ਕਿਉਂਕਿ ਆਪ ਜੀ ਨੇ ਸਾਰੇ ਭਗਤਾਂ ਦੇ ਜੀਵਨਾਂ ਨੂੰ ਚੰਗੀ ਤਰ੍ਹਾਂ ਪੜਚੋਲਿਆ ਹੈ?

ਉ: ਹੇ ਭਾਈਓ! ਇਸ ਅਜਾਮਲ ਦੇ ਜੀਵਨ ਬਾਰੇ ਜੋ ਪੁਸਤਕਾਂ ਦੇ ਰਾਹੀਂ ਮੈਨੂੰ ਜਾਣਕਾਰੀ ਮਿਲ ਸਕੀ ਹੈ, ਉਹ ਸਾਰੀ ਤਾਂ ਨਹੀਂ ਪਰ ਸੰਖੇਪ ਵਾਰਤਾ ਮੈਂ ਤੁਹਾਨੂੰ ਕਹਿਣ ਦਾ ਜਤਨ ਕਰਦਾ ਹਾਂ ਕਿ:

(੧) ਅਜਾਮਲ (ਬ੍ਰਾਹਮਣ ਤੇ ਪੜ੍ਹਿਆ ਲਿਖਿਆ ਸੀ, ਪਰ) ਪਤਿਤ (ਪਾਪੀ ਬਣਕੇ) ਹੋਰ ਪਾਪ ਕਰਨ ਲਈ, ਗਾਉਣ ਵਜਾਉਣ ਵਾਲੀ (ਕਲਾਵਤਣੀ) ਵੇਸਵਾ ਦੇ ਘਰ ਜਾ ਰਿਹਾ।

(੨) (ਗੁਰੂ ਨੇ ਰੋਕਿਆ ਸੀ, ਪਰ ਉਹ) ਗੁਰੂ ਤੋਂ ਬੇਮੁਖ ਹੋ ਕੇ ਪਾਪ ਕਰਮਾਂ (ਦੁਰਮਤਿ) ਤੇ ਖੋਟੀ ਮਤ ਦੀ ਅੱਗ ਵਿਚ ਸੜਨ ਲੱਗਾ।

(੩) (ਉਸਨੇ ਆਪਣਾ) ਜਨਮ ਬ੍ਰਿਥਾ ਹੀ ਗਵਾ ਲਿਆ (ਤੇ ਹੁਣ) ਸੰਸਾਰ ਸਮੁੰਦਰ ਦੇ ਭਵਜਲ (ਚਿੰਤਾ ਫ਼ਿਕਰਾਂ ਤੇ ਤੂਫਾਨਾਂ) ਵਿਚ ਰੁੜ੍ਹਦਾ ਜਾ ਰਿਹਾ ਸੀ।

(੪) ਵੇਸਵਾ ਨੇ ਛੇ ਪੁਤਰਾਂ ਨੂੰ ਜਨਮ ਦਿੱਤਾ। ਪਾਪਾਂ ਦਾ ਫਲ (ਜੋ ਚਾਹੁੰਦਾ ਸੀ) ਉਹ ਪਾ ਲਿਆ।

(੫) ਸੱਤਵਾਂ ਪੁੱਤਰ ਪੈਦਾ ਹੋਇਆ ਤਾਂ ਉਸਦਾ ਨਾਉਂ (ਕਿਸੇ ਧਰਮਸ਼ਾਲਾ ਵਿਚੋਂ ਜਾ ਕੇ) ਰਖਾਉਣ ਦਾ ਉਮਾਹ ਉਸਦੇ ਮਨ ਵਿਚ ਪੈਦਾ ਹੋਇਆ।

(੬) (ਗੁਰੂ ਦੇ ਦੁਆਰੇ ਜਾ ਕੇ) ਉਸ ਨੇ ਬੇਨਤੀ ਕੀਤੀ (ਤਾਂ) ਗੁਰਮੁਖ (ਪੂਰਨ ਸੰਤ) ਨੇ (ਬੱਚੇ ਦਾ) ਨਾਉ ਨਾਰਾਇਣ ਕਹਿ ਦਿਤਾ।

(੭) ਅੰਤ ਸਮਾਂ ਆ ਗਿਆ। ਮੰਜੇ ਤੇ ਪਏ ਨੂੰ ਜਮਦੂਤਾਂ ਨੇ ਦਿਖਾਈ ਦਿੱਤੀ ਤਾਂ ਡਰ ਦਾ ਮਾਰਾ 'ਨਾਰਾਇਣ,

ਨਾਰਾਇਣ' ਕਹਿ ਕੇ ਛੋਟੇ ਪੁੱਤ੍ਰ ਨੂੰ ਅਵਾਜ਼ਾਂ ਦੇਣ ਲੱਗ ਪਿਆ (ਉਸਦੇ ਮੂਹੋਂ ਨਾਰਾਇਣ ਸ਼ਬਦ ਦਾ ਨਿਰੰਤਰ ਨਿਕਲਣਾ ਅੰਤ ਸਮੇਂ ਦਾ ਸਿਮਰਨ ਬਣ ਗਿਆ।)

(੮) ਹਰੀ ਦੇ ਜਨਾਂ ਨੇ ਜਮਦੂਤਾਂ ਨੂੰ ਮਾਰ ਕੇ ਪਿਛੇ ਹਟਾ ਦਿਤਾ, ਅਜਾਮਲ ਸੁਵਾਸ ਨਿਕਲਦੇ ਹੀ ਸੁਰਗਾਪੁਰੀ ਨੂੰ ਚਲਾ ਗਿਆ।

(੯) (ਇਸ ਤਰ੍ਹਾਂ) ਪ੍ਰਭੂ ਦਾ ਨਾਮ ਲੈਣ ਨਾਲ ਦੁਖਾਂ ਦੇ ਡੇਰੇ ਹੀ ਢਹਿ ਜਾਂਦੇ ਹਨ। ਨਾਮ ਦੇ ਪਰਤਾਪ ਨੇ ਉਸਨੂੰ ਮਿਲਣ ਵਾਲੇ ਸਭੇ ਦੁਖਾਂ ਤੇ ਕਲੇਸ਼ਾਂ ਦੇ ਡੇਰੇ ਹੀ ਖ਼ਤਮ ਕਰ ਦਿਤੇ।੨੦।

*ਭਾਵਾਰਥ :* ਇਸ ਪਉੜੀ ਵਿਚ ਇਹ ਉਪਦੇਸ਼ ਹੈ ਕਿ ਮਹਾਤਮਾ ਜਨ ਜਦੋਂ ਕਿਸੇ ਵੱਡੇ ਕੁਕਰਮੀ ਨੂੰ ਫਾਥਾ ਦੇਖਣ ਅਰ ਉਹ ਨਿਕਲ ਨ ਸਕੇ, ਤਦ ਕੋਈ ਐਸੇ ਉਪਦੇਸ਼ ਦੀ ਮੇਖ ਗਡ ਜਾਣ ਜੋ ਕਦੇ ਨ ਕਦੇ ਉਸਦੇ ਕਠੋਰ-ਚਿੱਤ ਨੂੰ ਮੋੜ ਲਵੇ। ਭਾਈ ਸਾਹਿਬ ਜੀ ਦਸਦੇ ਹਨ ਕਿ ਅਜਾਮਲ ਗੁਰੂ ਤੋਂ ਬੇਮੁਖ ਸੀ, ਅਰਥਾਤ ਪਹਿਲੇ ਪਰਮਾਰਥੀ ਪੁਰਖ ਹੁੰਦਾ ਸੀ। ਇਹ ਭੇਤ ਜਾਣ ਕੇ ਸੰਤਾਂ ਨੇ ਉਸਦੇ ਪੁਤ੍ਰ ਦਾ ਨਾਮ ਨਾਰਾਇਣ ਰੱਖ ਦਿੱਤਾ ਅੰਤ ਸਮੇਂ ਭੈ ਨਾਲ ਪੁਤ੍ਰ ਨੂੰ ਵਾਜਾਂ ਮਾਰਦਿਆਂ ਸੁਰਤਿ ਨੂੰ ਇਕਾਗ੍ਰਤਾ ਮਿਲਦੇ ਹੀ ਪ੍ਰਮੇਸ਼ਰ ਵੱਲ ਪ੍ਰਵਾਹ ਪੈ ਗਿਆ, ਮਨ ਜੋ ਪਰਮਾਰਥ ਦਾ ਕਦੋਂ ਜਾਣੂ ਸੀ ਉਹ ਮੁੜ ਕੇ ਭਗਵੰਤ ਅਰਾਧਨ ਵਿਚ ਲੱਗ ਗਿਆ, ਇਸ ਤਰ੍ਹਾਂ ਉਹ ਭਵ-ਸਾਗਰੋਂ ਪਾਰ ਹੋ ਗਿਆ। ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਅਜਾਮਲ ਕਉ ਅੰਤਕਾਲ ਮਹਿ
ਨਾਰਾਇਣ ਸੁਧਿ ਆਈ ॥ *(ਪੰਨਾ ੬੦੨)*

## ੨੧. ਗਨਿਕਾ ਪਾਪਣ ਦਾ ਉਧਾਰ

੧. ਗਨਿਕਾ ਪਾਪਣ ਹੋਇਕੈ
ਪਾਪਾਂ ਦਾ ਗਲ ਹਾਰ ਪਰੋਤਾ।
੨. ਮਹਾਂ ਪੁਰਖ ਅਚਾਣਚਕ
ਗਨਿਕਾ ਵਾੜੇ ਆਇ ਖਲੋਤਾ।
੩. ਦੁਰਮਤਿ ਦੇਖ ਦਇਆਲ ਹੋਇ
ਹੱਥਹੁ ਉਸਨੋ ਦਿਤੋਸੁ ਤੋਤਾ।
੪. ਰਾਮ ਨਾਮ ਉਪਦੇਸ਼ ਕਰ
ਖੇਲ ਗਇਆ ਦੈ ਵਣਜ ਸਓਤਾ।
੫. ਲਿਵ ਲਾਗੀ ਤਿਸ ਤੋਤਿਅਹੁ
ਨਿੱਤ ਪੜ੍ਹਾਏ ਕਰੇ ਅਸੋਤਾ।
੬. ਪਤਿਤ ਉਧਾਰਣ ਰਾਮਨਾਮ
ਦੁਰਮਤਿ ਪਾਪ ਕਲੇਵਰ ਧੋਤਾ।
੭. ਅੰਤਕਾਲ ਜਮਜਾਲ ਤੋੜ
ਨਰਕੈ ਵਿੱਚ ਨ ਖਾਧੋਸੁ ਗੋਤਾ।
੮. ਗਈ ਬੈਕੁੰਠ ਬਿਬਾਣ ਚੜ੍ਹ
ਨਾਉ ਨਾਰਾਇਣ ਛੋਤ ਅਛੋਤਾ।
੯. ਥਾਉਂ ਨਿਥਾਵੇਂ ਮਾਣ ਮਣੋਤਾ ॥੨੧॥

*ਪਦ ਅਰਥ :* ਗਨਿਕਾ—ਵੇਸਵਾ। ਵਾੜੇ—ਵੇਹੜੇ, ਦਰਵਾਜੇ ਵਿਚ। ਖੇਲ ਗਇਆ—ਚਲਾ ਗਿਆ। ਸਓਤਾ—ਨਫ਼ੇਵੰਦਾ, ਸੌ ਗੁਣਾਂ। ਅਸੋਤਾ—ਜਗਰਾਤਾ, ਜਾਗਾ। ਕਲੇਵਰ—ਸਰੀਰ। ਗੋਤਾ—ਟੁੱਬਾ। ਛੋਤ ਅਛੋਤਾ—ਪਾਪਾਂ ਤੋਂ ਰਹਿਤ। ਮਾਣ ਮਣੋਤਾ—ਨਿਮਾਣਿਆਂ ਦਾ ਮਾਣ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਦਿਨੇ ਰਾਤ ਪਾਪ ਕਰਮ ਕਰਨ ਵਾਲੀ ਗਨਿਕਾ ਦਾ ਜਿਵੇਂ ਮਹਾਂਪੁਰਖਾਂ ਨੇ ਉੱਧਾਰ ਕੀਤਾ ਹੈ, ਉਹ ਪ੍ਰਸੰਗ ਭੀ ਸਾਨੂੰ ਵਿਸਥਾਰ ਪੂਰਵਕ ਸਰਵਨ ਕਰਾਓ ਤਾਕਿ ਸਾਨੂੰ ਭੀ ਉਹ ਸਾਧਨ ਕਰਨ ਦੀ ਪ੍ਰੇਰਨਾ ਮਿਲ ਸਕੇ?

ਉ: ਹੇ ਭਾਈਓ! ਜਿਤਨੀ ਕੁ ਮੈਨੂੰ ਪੜਚੋਲ ਕਰਨ ਤੋਂ ਜਾਣਕਾਰੀ ਮਿਲ ਸਕੀ ਹੈ ਕਿ ਗਨਿਕਾ ਦਾ ਉੱਧਾਰ ਕਿਵੇਂ ਹੋਇਆ ਉਹ ਸਾਖੀ ਮੈਂ ਆਪ ਜੀ ਨੂੰ ਸੰਕੋਚਵੇਂ ਰੂਪ ਵਿਚ ਸਰਵਨ ਕਰਾਉਣ ਦਾ ਉਪਰਾਲਾ ਕਰਦਾ ਹਾਂ, ਜਿਵੇਂ ਕਿ ਸੁਣਿਆ ਹੈ ਕਿ :

(੧) ਗਨਿਕਾ (ਵੇਸਵਾ) ਨੇ ਪਾਪ ਕਰਮ ਕਰ ਕਰ ਕੇ, ਆਪਣੇ ਗਲ ਵਿਚ ਪਾਪਾਂ ਦਾ ਹਾਰ (ਹੀ) ਪਰੋ ਲਿਆ।

ਪ੍ਰ: ਕਿਉਂ ਜੀ! ਆਖ਼ਰ ਫਿਰ ਕੀ ਹੋਇਆ?

(੨) ਉ: (ਹੇ ਭਾਈ! ਇਕ ਦਿਨ) ਅਚਨਚੇਤ (ਰਸਤੇ ਜਾਂਦੇ ਹੋਏ) ਮਹਾਂਪੁਰਸ਼ ਗਨਿਕਾ ਦੇ ਬੂਹੇ ਆ ਖੜੇ ਹੋਏ।

(੩) (ਕੁਝ ਮਿੰਟਾਂ ਦੀਆਂ ਗੱਲਾਂ ਬਾਤਾਂ ਤੋਂ ਮਹਾਂ ਪੁਰਖਾਂ ਨੇ) ਗਨਿਕਾ ਦੀ ਦੁਰਮਤਿ ਨੂੰ ਦੇਖਿਆ ਤਾਂ ਦਇਆਲਤਾ ਦੇ ਘਰ ਵਿਚ ਆ ਗਏ (ਕਿ ਇਸਦਾ ਉੱਧਾਰ ਕਿਵੇਂ ਹੋਵੇਗਾ, ਸੋਚੀਂ ਪੈ ਗਏ।) ਉਨ੍ਹਾਂ

(ਕੋਲ ਉਨ੍ਹਾਂ ਦੀ ਜ਼ਿੰਦਗੀ ਦਾ ਸਾਥੀ, ਇਕ ਤੋਤਾ ਸੀ, ਜਿਸਨੂੰ ਉਨ੍ਹਾਂ ਮੇਹਨਤ ਕਰ ਕਰ ਕੇ ਰਾਮ ਨਾਮ ਤੇ ਹੋਰ ਅਨੇਕਾਂ ਸਾਖੀਆਂ ਬੋਲਣੀਆਂ ਸਿਖਾਈਆਂ ਸਨ। ਉਹ) ਤੋਤਾ ਗਨਿਕਾ ਦੇ ਹਵਾਲੇ ਕਰ ਦਿੱਤਾ।

(੪) ਉਸਨੂੰ ਰਾਮ ਨਾਮ ਦਾ ਉਪਦੇਸ਼ ਦਿੱਤਾ ਤੇ ਇਹ ਨਫ਼ੇਵੰਦਾ ਵਪਾਰ ਉਸਨੂੰ ਦਿੱਤਾ ਤੇ ਆਪਣੀ ਖੇਡ (ਮੌਜ) ਅਨੁਸਾਰ ਅੱਗੇ ਚਲੇ ਗਏ।

(੫) ਤੋਤੇ ਦਾ ਸੰਗ ਕਰਨ ਨਾਲ ਗਨਿਕਾ ਨੂੰ ਵੀ ਲਿਵ ਲੱਗ ਗਈ, ਉਹ ਵੀ ਹਰ ਸਮੇਂ ਰਾਮ ਦਾ ਨਾਮ ਉਚਾਰਦੀ, ਨਿਤ ਹੀ ਰਾਤ ਨੂੰ ਜਗਰਾਤਾ ਕਰਦੀ ਹੈ।

(੬) ਰਾਮ ਦਾ ਨਾਮ (ਐਸਾ ਸ਼ਕਤੀ ਵਾਲਾ ਹੈ ਕਿ ਇਹ) ਪਤਿਤਾਂ ਦਾ ਉੱਧਾਰ ਕਰ ਦੇਂਦਾ ਹੈ, ਰਾਮ ਨਾਮ ਦੇ ਜਾਪ ਨੇ ਅਨੇਕਾਂ ਦੇ ਪਾਪਾਂ ਨਾਲ ਕਾਲੇ ਹੋਏ ਸਰੀਰ ਨੂੰ ਧੋ ਦਿਤਾ।

(੭) ਅੰਤ ਸਮੇਂ ਤੱਕ ਉਸਨੇ ਰਾਮ ਦਾ ਨਾਮ ਜਪਦੀ ਨੇ ਜਮਾਂ ਦੀ ਫਾਹੀ ਨੂੰ ਕੱਟ ਦਿਤਾ ਤੇ ਨਰਕਾਂ ਦੇ ਅਥਾਹ ਦੁਖਾਂ ਵਿਚ ਗੋਤੇ ਖਾਣੋਂ ਬਚ ਗਈ।

(੮) ਉਹ ਸੁਵਾਸ ਨਿਕਲਣ ਪਿਛੋਂ ਬਿਬਾਨ ਤੇ ਚੜ੍ਹ ਕੇ ਬੈਕੁੰਠਾਂ ਨੂੰ ਚਲੀ ਗਈ, ਐਸਾ ਨਾਰਾਇਣ ਦਾ ਨਾਉਂ ਛੋਤ ਤੋਂ ਅਛੋਤ (ਪਤਿਤ ਤੋਂ ਪਵਿੱਤ੍ਰ) ਕਰਨ ਵਾਲਾ ਹੈ।

(੯) (ਪ੍ਰਮੇਸ਼ਰ ਦਾ ਨਾਮ) ਨਿਥਾਵੇਂ ਦੀ ਥਾਂ ਹੈ ਤੇ ਨਿਮਾਣੇ ਨੂੰ ਮਾਣ ਦਿਵਾਉਣ ਵਾਲਾ ਹੈ।੨੧।

***ਭਾਵਾਰਥ :*** ਇਸ ਪ੍ਰਸੰਗ ਤੋਂ ਭੀ ਨਾਮ ਦੀ ਮਹਾਨ ਮਹਿਮਾ ਦਾ ਵਰਣਨ ਪ੍ਰਗਟ ਹੁੰਦਾ ਹੈ, ਅਰ ਇਹ ਉਪਦੇਸ਼ ਮਿਲਦਾ ਹੈ ਕਿ ਪਾਪੀਆਂ ਨੂੰ ਵੀ ਉਸ ਭਗਵੰਤ ਪੁਰ ਪੂਰਨ ਭਰੋਸਾ ਕਰਕੇ ਨਾਮ ਜਪਦੇ ਰਹਿਣਾ ਚਾਹੀਦਾ ਹੈ।

ਦੂਜਾ ਉਪਦੇਸ਼ ਮਹਾਤਮਾ ਲਈ ਹੈ ਕਿ ਗਨਿਕਾ ਘੋਰ ਪਾਪਾਂ ਵਿਚ ਫਾਥੀ ਕਿਵੇਂ ਭੀ ਨਾ ਨਿਕਲਦੀ ਦੇਖ ਕੇ ਮਹਾਤਮਾ ਇਕ ਐਸਾ ਆਹਰ ਉਸਨੂੰ ਲਾ ਗਏ ਕਿ ਜਿਸਦਾ ਅੰਤ ਉਸ ਦੇ ਪਾਪਾਂ ਦਾ ਨਾਸ ਹੋਣਾ ਹੋਇਆ। ਗੁਰਮੁਖ ਕਿਸੇ ਪਾਪੀ ਤੋਂ ਭੀ ਨਿਰਾਸ ਨਹੀਂ ਹੁੰਦਾ ਕਿਉਂਕਿ ਉਸਨੂੰ ਨਿਸਚਾ ਹੈ ਕਿ ਪ੍ਰਮੇਸ਼ਰ ਦਾ ਨਾਮ ਕ੍ਰੋੜਾਂ ਪਾਪਾਂ ਨੂੰ ਇਕ ਖਿਨ ਵਿਚ ਨਾਸ ਕਰਨ ਦੀ ਸਮਰੱਥਾ ਰਖਦਾ ਹੈ।

## ੨੨. ਪਾਪਣ ਪੂਤਨਾ ਦੀ ਮੌਤ

**੧. ਆਈ ਪਾਪਣਿ ਪੂਤਨਾ**
**ਦੁਹੀਂ ਥਣੀ ਵਿਹੁ ਲਾਇ ਵਹੇਲੀ।**
**੨. ਆਇ ਬੈਠੀ ਪਰਵਾਰ ਵਿਚ**
**ਨੇਹੁ ਲਾਇ ਨਵਹਾਣਿ ਨਵੇਲੀ।**
**੩. ਕੁੱਛੜ ਲਏ ਗੋਬਿੰਦ ਰਾਇ**
**ਕਰਿ ਚੇਟਕ ਚਤੁਰੰਗ ਮਹੇਲੀ।**
**੪. ਮੋਹਣ ਮੰਮੇ ਪਾਇਓਨੁ**
**ਬਾਹਰਿ ਆਈ ਗਰਬ ਗਹੇਲੀ।**
**੫. ਦੇਹ ਵਧਾਇ ਉਚਾਇਅਨੁ**
**ਤਿਹ ਚਰਿਆਰਿ ਨਾਰਿ ਅਠਖੇਲੀ।**
**੬. ਤਿਹੁ ਲੋਆਂ ਦਾ ਭਾਰ ਦੇ ਚੰਮੜਿਆ**
**ਗਲਿ ਹੋਇ ਦੁਹੇਲੀ।**
**੭. ਖਾਇ ਪਛਾੜ ਪਹਾੜ ਵਾਂਗ**
**ਜਾਇ ਪਈ ਓਜਾੜਿ ਧਕੇਲੀ।**
**੮. ਕੀਤੀ ਮਾਊ ਤੁੱਲ ਸਹੇਲੀ ॥੨੨॥**

***ਪਦ ਅਰਥ :*** ਵਹੇਲੀ—ਵਿਹੁ ਵਾਲੀ, ਤਿੱਖੀ। ਨਵਹਾਣਿ ਨਵੇਲੀ—ਨਵੇਂ ਹਾਣ ਵਾਲੀ, ਨਵੀਂ ਵਹੁਟੀ। ਚੇਟਕ—ਚਲਾਕੀ ਵਾਲਾ ਪਿਆਰ। ਚਤੁਰੰਗ—ਚਰਿੱਤ੍ਰਾਂ ਵਿਚ ਪਰਧਾਨ, ਫਫੇਕੁੱਟਣੀ। ਤਿਹ ਚਰਿਆਰਿ—ਤੇਰਾਂ ਤਾਲਣ। ਅਠਖੇਲੀ—ਵੱਡੀ ਚੰਚਲ। ਮਹੇਲੀ—ਵੱਡੀ ਮੁਸ਼ਕ ਵਾਲੀ। ਗਰਬ ਗਹੇਲੀ—ਗਰਬ ਵਿਚ ਮਸਤ। ਦੁਹੇਲੀ—ਦੁਖੀ। ਪਛਾੜ—ਭਵਾਟਣੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪੂਤਨਾ ਪਾਪਣ ਦੀ ਮੌਤ ਕਿਵੇਂ ਹੋਈ, ਇਹ ਵੀ ਪੂਰਾ ਪ੍ਰਸੰਗ ਵਿਸਥਾਰ ਨਾਲ ਸੁਣਾਓ ਤਾਕਿ ਸਾਡਾ ਮਨ ਭੀ ਪਾਪ ਕਰਮਾਂ ਵਲੋਂ ਰੁਕਿਆ ਰਹੇ ?

ਉ: ਹੇ ਭਾਈਓ ! ਮੇਰੇ ਪੜ੍ਹਨ ਤੇ ਸੁਣਨ ਵਿਚ ਆਇਆ ਹੈ ਕਿ :

(੧) ਪਾਪਣ ਪੂਤਨਾ (ਕੰਸ ਦੀ ਭੇਜੀ ਹੋਈ) ਆ ਗਈ (ਜਿਸ ਨੇ) ਦੋਹਾਂ ਥਣਾਂ ਪੁਰ ਜ਼ਹਿਰ ਲਾਈ ਹੋਈ ਸੀ, ਅੰਦਰ ਉਸਦੇ ਖੋਟ ਸੀ।

(੨) (ਉਹ) ਆ ਕੇ ਪਰਵਾਰ ਵਿਚ ਬਹਿ ਗਈ (ਸੋਹਣੇ ਕੱਪੜੇ ਪਾ ਕੇ) ਨਵੀਆਂ ਵਹੁਟੀਆਂ ਵਾਂਗ ਪਿਆਰ ਦੀਆਂ ਗੱਲਾਂ ਤੇ ਹਾਸਾ ਮਖੌਲ ਕਰਨ ਲੱਗ ਪਈ।

(੩) ਉਸਨੇ ਬੜੇ ਖੇਖਨ ਕੀਤੇ, ਛਫੇ-ਕੁੱਟਣਾਂ ਵਾਂਗ ਮਿੱਠੀਆਂ ਮਿੱਠੀਆਂ ਗੱਲਾਂ ਕਰਦਿਆਂ ਹੀ ਪਿਆਰ ਜਤਾਉਂਦਿਆਂ ਗੋਬਿੰਦ ਰਾਇ (ਸ੍ਰੀ ਕ੍ਰਿਸ਼ਨ ਜੀ) ਨੂੰ ਕੁੱਛੜ ਚੁੱਕ ਲਿਆ।

(੪) ਮਨ ਮੋਹਣੇ (ਬਾਲਕ ਕ੍ਰਿਸ਼ਨ ਜੀ) ਦੇ ਮੂੰਹ ਵਿਚ (ਜਹਿਰ ਵਾਲੇ) ਮੰਮੇ ਪਾ ਦਿਤੇ (ਤੇ ਐਧਰ ਓਧਰ ਦੀਆਂ ਗੱਲਾਂ ਕਰਦਿਆਂ ਬਾਲਕ ਨੂੰ ਲੈ) ਬਾਹਰ ਨਿਕਲ ਆਈ (ਉਹ ਹੰਕਾਰ ਵਿਚ ਆੱਟੀ ਹੋਈ ਸੀ (ਕਿ ਬੱਸ ਆਪਣੇ ਕੰਮ ਕਰਕੇ ਕੰਸ ਰਾਜੇ ਕੋਲੋਂ ਮਨ ਭਾਉਂਦੇ ਧਨ ਪਦਾਰਥ ਲਵਾਂਗੀ) ਪਰ ਇਸ ਚਰਿਤ੍ਰਾਂ ਦੇ ਕਰਨ ਵਿਚ ਮਾਹਿਰ (ਚੰਚਲ) ਨਾਰੀ ਨੂੰ ਨਹੀਂ ਸੀ ਪਤਾ ਕਿ ਮੈਂ ਕਿੰਨਾ ਪਾਪ ਕਰ ਰਹੀ ਹਾਂ।

(੫) ਕ੍ਰਿਸ਼ਨ ਜੀ ਦੇ ਨਿੱਕੇ ਜੇਹੇ ਬਾਲ ਰੂਪ ਨੇ ਜੰਗਲ ਵੱਲ ਭੱਜੀ ਜਾਂਦੀ ਦੇ ਕੁੱਛੜ ਚੜ੍ਹੇ ਸਰੀਰ ਨੂੰ ਵਧਾਉਣਾ ਅਰੰਭ ਦਿੱਤਾ।

(੬) (ਨਿਕੇ ਜੇਹੇ ਸਰੀਰ ਵਿਚ ਹੀ ਏਨਾ ਬਲ ਤੇ ਭਾਰ ਵਧਾ ਲਿਆ ਕਿ) ਤਿੰਨਾਂ ਲੋਕਾਂ ਦਾ ਭਾਰ ਪਾ ਦਿੱਤਾ। ਗਲ ਨੂੰ ਚੰਬੜ ਗਏ (ਮੰਮਿਆਂ ਨੂੰ ਮੂੰਹ ਵਿਚ ਹੀ ਘੁੱਟ ਲਿਆ।)

(੭) ਖ਼ੁਸ਼ੀ ਖ਼ੁਸ਼ੀ ਬਾਹਰ ਨੂੰ ਤੇਜ਼ੀ ਨਾਲ ਜਾ ਰਹੀ ਪੂਤਨਾ ਦੁਖੀ ਹੋ ਗਈ, ਭਾਰ ਨਾ ਸਹਾਰਦੀ ਹੋਈ, ਉਹ ਪਹਾੜ ਵਾਂਗ ਕਈ ਭੁਆਟਣੀਆਂ ਖਾ ਕੇ ਧੜੈਂਹ ਕਰਦੀ ਉਜਾੜ ਵਿਚ ਜ਼ਮੀਨ ਤੇ ਡਿੱਗ ਪਈ। (ਇਸਨੇ ਦਾਅ ਲਾ ਕੇ ਤੇ ਅੱਖ ਬਚਾ ਕੇ ਬਾਹਰ ਨਿਕਲ ਕੇ ਜੰਗਲ ਵਲ ਦੌੜਨਾ ਸ਼ੁਰੂ ਕਰ ਦਿੱਤਾ ਕਿ ਜਿਥੇ ਕੋਈ ਵੇਖੇ ਨਾ, ਓਥੇ ਇਸ ਮਰੇ ਬਾਲਕ ਨੂੰ ਸੁੱਟ ਪਾਵਾਂਗੀ, ਪਰ ਭਗਵਾਨ ਰੂਪ ਨੇ, ਭਾਰ ਪਾ ਕੇ, ਉਸਨੂੰ ਧੱਕ ਕੇ ਪਟਕਾ ਮਾਰਿਆ)।

(੮) (ਭਾਵੇਂ ਦੁਸ਼ਟਣੀ ਨੂੰ ਸਜ਼ਾ ਤਾਂ ਦੇ ਦਿੱਤੀ, ਪਰ ਫੇਰ ਵੀ ਉਸਦਾ ਭਲਾ ਕਰ ਦਿੱਤਾ) ਉਸਨੂੰ ਮਾਤਾ ਦੀ ਸਹੇਲੀ ਬਰਾਬਰ ਦਰਜਾ ਦੇ ਦਿੱਤਾ, (ਭਾਵ ਉਸਦੀ ਗਤੀ ਕਰ ਦਿਤੀ।)।੨੨।

*ਭਾਵਾਰਥ :* ਇਸ ਪ੍ਰਸੰਗ ਤੋਂ ਭੀ ਇਹੋ ਹੀ ਪ੍ਰੇਰਨਾ ਮਿਲਦੀ ਹੈ ਕਿ ਮਾਨਸਕ ਉੱਚੀਆਂ ਉਡਾਣਾਂ ਵਾਲੇ ਵੱਡੇ ਪੁਰਖ ਅਵਗੁਣਾਂ ਦੇ ਬਦਲੇ ਭੀ ਗੁਣ ਹੀ ਕਰਦੇ ਹਨ, ਕਿਉਂਕਿ ਜੇ ਕਿਸੇ ਦੁਸ਼ਟ ਆਤਮਾ ਨਾਲ ਭੀ ਦੁਸ਼ਟਤਾ ਭਰਿਆ ਵਰਤਾਰਾ ਕਰੋਗੇ ਤਾਂ ਉਸਦੇ ਸੁਧਾਰ ਹੋਣ ਦਾ ਤਾਂ ਹੋਰ ਕੋਈ ਉਪਾਉ ਹੀ ਨਹੀਂ ਰਹਿ ਜਾਂਦਾ। ਇਸ ਲਈ ਕਿਸੇ ਗੁਨਾਹਗਾਰ ਨਾਲ ਭੀ ਅਜਿਹਾ ਵਰਤਾਉ ਕਰੋ ਤਾਕਿ ਉਸਦਾ ਗੁਨਾਹੀ ਸੁਭਾਉ ਸਦਾ ਲਈ ਹੀ ਬਦਲ ਜਾਇ ਉਸਦੇ ਜੀਵਨ ਨੂੰ ਵੇਖ ਕੇ ਹੋਰ ਭੀ ਕਈਆਂ ਦੇ ਜੀਵਨ ਸੁਧਰ ਜਾਣ।

## ੨੩. ਬੱਧਕ (ਸ਼ਿਕਾਰੀ) ਦਾ ਉਧਾਰ

੧. ਜਾਇ ਸੁੱਤਾ ਪਰਭਾਸ ਵਿੱਚ
ਗੋਡੇ ਉਤੇ ਪੈਰ ਪਸਾਰੇ।
੨. ਚਰਣਕਮਲ ਵਿੱਚ ਪਦਮ ਹੈ
ਝਿਲਮਿਲ ਝਲਕੇ ਵਾਂਗੀ ਤਾਰੇ।
੩. ਬੱਧਕ ਆਯਾ ਭਾਲਦਾ
ਮਿਰਗੈ ਜਾਣਿ ਬਾਣ ਲੈ ਮਾਰੇ।
੪. ਦਰਸ਼ਨ ਡਿੱਠੋਸੁ ਜਾਇਕੈ
ਕਰਣਪਲਾਵ ਕਰੈ ਪੁਕਾਰੇ।
੫. ਗਲ ਵਿਚ ਲੀਤਾ ਕ੍ਰਿਸ਼ਨ ਜੀ
ਅਵਗੁਣ ਕੀਤੇ ਹਰਿ ਨ ਚਿਤਾਰੇ।
੬. ਕਰਿ ਕਿਰਪਾ ਸੰਤੋਖਿਆ
ਪਤਿਤ ਉਧਾਰਣ ਬਿਰਦ ਬੀਚਾਰੇ।
੭. ਭਲੇ ਭਲੇ ਕਰਿ ਮੰਨਿਅਨਿ
ਬੁਰਿਆਂ ਦੇ ਹਰਿ ਕਾਜ ਸਵਾਰੇ।
੮. ਪਾਪ ਕਰੰਦੇ ਪਤਿਤ ਉਧਾਰੇ ॥੨੩॥੧੦॥

*ਪਦ ਅਰਥ :* ਪਰਭਾਸ—ਤੀਰਥ ਦਾ ਨਾਮ। ਪਦਮ—ਕੌਲ ਫੁਲ। ਝਿਲਮਿਲ ਝਲਕੇ—ਪ੍ਰਕਾਸ਼ ਕਰਕੇ। ਕਰਣ ਪਲਾਵ—ਕੀਰਨੇ ਪਾਏ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਸੁਣਿਆ ਹੈ ਕਿ ਕਿਸੇ ਬੱਧਕ ਦਾ ਕ੍ਰਿਸ਼ਨ ਜੀ ਦੇ ਪੈਰ ਵਿਚ ਬਾਣ ਲਗਿਆ ਸੀ, ਉਸੇ ਨਾਲ ਕ੍ਰਿਸ਼ਨ ਜੀ ਦਾ ਅੰਤ ਹੋਇਆ, ਕਿਰਪਾ

ਕਰਕੇ ਇਹ ਸਾਰਾ ਪ੍ਰਸੰਗ ਸਾਨੂੰ ਖੋਲ੍ਹ ਕੇ ਸੁਣਾਓ ਤਾਕਿ ਅਸੀਂ ਸਹੀ ਰੂਪ ਵਿਚ ਜਾਣਕਾਰੀ ਹਾਸਲ ਕਰ ਸਕੀਏ ?

ਉ: ਹੇ ਭਾਈਓ ! ਇਹ ਬੱਧਕ ਦੇ ਬਾਣ ਮਾਰਨ ਦੀ ਵਾਰਤਾ ਜੋ ਸੀਨੇ-ਬ-ਸੀਨੇ ਸੁਣੀ ਜਾਂਦੀ ਹੈ ਉਹ ਇਸ ਪ੍ਰਕਾਰ ਹੈ ਕਿ :

(੧) (ਕ੍ਰਿਸ਼ਨ ਜੀ) ਪਰਭਾਸ (ਤੀਰਥ) ਵਿਖੇ, ਗੋਡੇ 'ਤੇ ਪੈਰ ਰੱਖ ਕੇ ਜਾ ਸੁੱਤੇ।

(੨) ਉਨ੍ਹਾ ਦੇ ਚਰਨ ਕਮਲਾਂ ਵਿਚ ਪਦਮ ਸੀ, (ਜੋ ਉੱਚੇ ਹੋਏ ਪੈਰ ਵਿਚੋ) ਸ਼ੀਸੇ ਵਾਂਗ ਝਿਲਮਿਲ ਕਰਦਾ ਤਾਰੇ ਵਾਂਗ ਝਲਕਾਰੇ ਮਾਰ ਰਿਹਾ ਸੀ।

(੩) ਓਧਰੋਂ ਇਕ ਬੱਧਕ (ਸ਼ਿਕਾਰੀ) ਜਾਨਵਰਾਂ (ਨੂੰ ਮਾਰਨ ਲਈ) ਲੱਭਦਾ ਲੱਭਦਾ ਉਥੇ ਪੁੱਜਾ। (ਉਸਨੇ ਪੈਰ ਵਿਚ ਚਮਕ ਰਹੇ ਪਦਮ ਦੀ ਲਿਸ਼ਕ ਨੂੰ) ਹਿਰਨ (ਮਿਰਗ ਦੀ ਅੱਖ) ਸਮਝਿਆ ਤੇ ਤੀਰ ਮਾਰ ਦਿੱਤਾ।

(੪) (ਤੀਰ ਨਿਸ਼ਾਨੇ 'ਤੇ ਵੱਜਾ ਹੈ ਕਿ ਨਹੀਂ ? ਇਹ ਦੇਖਣ ਲਈ ਬੱਧਕ ਅਗੇ ਵਧਿਆ ਤਾਂ ਉਸਨੂੰ) ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਹੋਏ, (ਜਿਨ੍ਹਾਂ ਦੇ ਪੈਰ ਵਿਚੋਂ ਖ਼ੂਨ ਦੀ ਧਾਰ ਵਗ ਰਹੀ ਸੀ। ਇਹ ਵੇਖ ਉਸਨੇ ਪਛਤਾਵੇ ਦੇ ਦੁੱਖ ਨਾਲ) ਰੋਣਾ ਕੁਰਲਾਉਣਾ ਸ਼ੁਰੂ ਕਰ ਦਿਤਾ (ਕਿ ਹੇ ਭਗਵਾਨ ! ਇਹ ਮੈਥੋਂ ਕਿੱਡਾ ਅਪਰਾਧ ਹੋ ਗਿਆ ਹੈ ?)

(੫) ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਗਲ ਨਾਲ ਲਾਇਆ ਤੇ ਉਸਦੇ ਅਉਗੁਣਾਂ ਨੂੰ ਨਜ਼ਰ ਅੰਦਾਜ਼ ਕਰ ਦਿਤਾ ਤੇ ਕਿਹਾ, ਕਿ ਇਸੇ ਤਰ੍ਹਾਂ ਸਾਡਾ ਅੰਤ ਹੋਣਾ ਸੀ ਤੇਰਾ ਇਸ ਵਿਚ ਕੋਈ ਦੋਸ਼ ਨਹੀ। ਇਉਂ ਉਸਦੇ ਕੀਤੇ ਅਪਰਾਧ ਨੂੰ ਚੇਤੇ ਤੱਕ ਵੀ ਨ ਕੀਤਾ।

(੬) (ਉਹ ਰੋਂਦਾ ਤੇ ਪੁਕਾਰਾਂ ਕਰਦਾ ਸੀ ਕਿ ਭਗਵਾਨ ਮੈਥੋਂ ਭਾਰੀ ਭੁੱਲ ਹੋਈ ਹੈ ਪਰ) ਉਸਨੂੰ ਕ੍ਰਿਪਾਲੂ ਹੋ ਕੇ ਸੰਤੋਖਿਆ, (ਸ਼ਾਂਤ ਕੀਤਾ ਧੀਰਜ ਦਿਤਾ)। ਪ੍ਰਭੂ ਦਾ ਬਿਰਦ ਇਹੀ ਹੈ ਕਿ ਉਹ ਪਤਿਤਾਂ ਨੂੰ ਉਧਾਰਦਾ (ਤਾਰ ਦੇਂਦਾ ਹੈ)

(੭) ਭਲੇ ਤਾਂ ਭਲੇ ਕਰਕੇ ਹੀ ਮੰਨੇ ਜਾਂਦੇ ਹਨ, (ਉਨ੍ਹਾਂ ਨੂੰ ਬੁਰਾ ਕੋਈ ਨਹੀਂ ਆਖਦਾ, ਪਰ) ਪ੍ਰਮੇਸ਼ਰ ਐਸਾ ਹੈ ਕਿ ਉਹ ਬੁਰਿਆਂ ਦੇ ਵੀ ਕਾਜ ਸਵਾਰਦਾ ਹੈ।

(੮) (ਇਸ ਤਰ੍ਹਾਂ ਹਰੀ ਨੇ ਅਨੇਕਾਂ) ਪਾਪ ਕਰਮ ਕਰਦੇ ਪਤਿਤਾਂ ਨੂੰ ਉਧਾਰਿਆ (ਭਾਵ ਤਾਰਿਆ) ਹੈ।੨੩।੧੦।

***ਭਾਵਾਰਥ :*** ਇਸ ਪ੍ਰਸੰਗ ਵਿਚ ਭੀ ਅਉਗੁਣ ਕੀਤਿਆਂ ਗੁਣ ਕਰਨ ਦੀ ਬਾਣ ਜੋ ਵਾਹਿਗੁਰੂ ਵਿਚ ਹੈ ਤੇ ਗੁਰੂ, ਅਵਤਾਰ, ਗੁਰਮੁਖ, ਸੰਤ ਤੇ ਹਰ ਮਹਾਤਮਾ ਵਿਚ ਹੋਣੀ ਚਾਹੀਦੀ ਹੈ ਉਸੇ ਦਾ ਉਪਦੇਸ਼ ਹੈ।

(ਦਸਵੀਂ ਵਾਰ ਸਮਾਪਤ)

# ਵਾਰ ੧੧

ੴ ਸਤਿਗੁਰ ਪ੍ਰਸਾਦਿ॥

## ੧. ਕੇਵਲ ਸਤਿਗੁਰੂ ਹੀ ਸੱਚੇ ਪਾਤਸ਼ਾਹ ਹਨ

**੧. ਸਤਿਗੁਰ ਸੱਚਾ ਪਾਤਿਸ਼ਾਹ**
**ਪਾਤਿਸ਼ਾਹਾਂ ਪਾਤਿਸ਼ਾਹ ਜੁਹਾਰੀ।**
**੨. ਸਾਧ ਸੰਗਤਿ ਸੱਚਖੰਡ ਹੈ**
**ਆਇ ਝਰੋਖੇ ਖੋਲ੍ਹੈ ਬਾਰੀ।**
**੩. ਅਮਿਉ ਕਿਰਨ ਨਿੱਝਰ ਝਰੈ**
**ਅਨਹਦ ਨਾਦ ਵਾਇਨ ਦਰਬਾਰੀ।**
**੪. ਪਾਤਿਸ਼ਾਹਾਂ ਦੀ ਮਜਲਸੈ**
**ਪਿਰਮ ਪਿਆਲਾ ਪੀਵਣ ਭਾਰੀ।**
**੫. ਸਾਕੀ ਹੋਇ ਪੀਆਵਣਾ**
**ਉਲਸ਼ ਪਿਆਲੇ ਖਰੀ ਖੁਮਾਰੀ।**
**੬. ਭਾਇ ਭਗਤ ਭੈ ਚੱਲਣਾ**
**ਮਸਤ ਅਲਮਸਤ ਸਦਾ ਹੁਸ਼ਿਆਰੀ।**
**੭. ਭਗਤ ਵਛਲ ਹੋਇ ਭਗਤ ਭੰਡਾਰੀ ॥੧॥**

***ਪਦ ਅਰਥ :*** ਜੁਹਾਰੀ—ਬੰਦਨਾ, ਨਮਸਕਾਰ। ਪਿਰਮ—ਪਿਆਰ ਦਾ। ਭਾਰੀ—ਭਾਰੀ, ਔਖਾ ਕੰਮ। ਉਲਸ਼ ਪਿਆਲਾ—ਜੂਠਾ ਪਿਆਲਾ, ਸੀਤ ਪ੍ਰਸਾਦਿ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਸੰਸਾਰ ਵਿਚ ਜਿਤਨੇ ਭੀ ਮਜ਼ਹਬ ਹਨ, ਉਹ ਆਪੋ ਆਪਣੇ ਦੇਵੀ ਦੇਵਤੇ ਨੂੰ ਹੀ ਨਮਸਕਾਰ ਕਰਦੇ ਹਨ, ਜਿਵੇਂ ਕਿ ਕੋਈ ਗਣੇਸ਼ ਨੂੰ, ਕੋਈ ਵਿਸ਼ਨੂੰ ਤੇ ਕੋਈ ਕਿਸੇ ਹੋਰ ਦੇਵੀ ਦੇਵਤੇ ਨੂੰ, ਪਰ ਇਹ ਦੱਸਣ ਦੀ ਕਿਰਪਾ ਕਰੋ ਕਿ ਆਪ ਜੀ ਕਿਸਨੂੰ ਨਮਸਕਾਰ ਕਰਨ ਵਿਚ ਵਿਸ਼ਵਾਸ ਰਖਦੇ ਹੋ, ਜਿਸ ਤੋਂ ਸਾਨੂੰ ਭੀ ਸਹੀ ਸੇਧ ਮਿਲ ਸਕੇ?

ਉ: ਹੇ ਭਾਈਓ! ਬਾਣੀ ਦੀ ਵੀਚਾਰ ਕਰਦਿਆਂ ਕਰਦਿਆਂ ਮੈਨੂੰ ਤਾਂ ਇਹੋ ਪ੍ਰੇਰਨਾ ਮਿਲੀ ਹੈ ਕਿ ਨਮਸਕਾਰ ਕਰਨ ਦੇ ਯੋਗ ਕੇਵਲ ਸੱਚੇ ਸਤਿਗੁਰੂ ਹੀ ਹਨ, ਜਿਨ੍ਹਾਂ ਦੀ ਸੰਮਤਾ ਕੋਈ ਭੀ ਦੇਵੀ ਦੇਵਤਾ ਨਹੀਂ ਕਰ ਸਕਦਾ, ਕਿਉਂਕਿ ਬਾਣੀ ਵਿਚ ਇਹੋ ਫ਼ੁਰਮਾਨ ਆਇਆ ਹੈ ਕਿ :

ਗੁਰ ਜੈਸਾ ਨਾਹੀ ਕੋ ਦੇਵ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ਰਹਾਉ॥
*(ਪੰਨਾ ੧੧੪੨)*

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥
*(ਪੰਨਾ ੪੬੩)*

ਭਾਵ, ਜੇ ਕਦੀ ਸੈਂਕੜੇ ਚੰਦ੍ਰਮਾਂ ਅਤੇ ਹਜ਼ਾਰਾਂ ਸੂਰਜ ਭੀ ਇਕੋ ਸਮੇਂ ਚੜ੍ਹ ਆਵਣ ਤਾਂ ਇਹ ਬਾਹਰਲੇ ਅੰਧੇਰੇ ਨੂੰ ਤਾਂ ਬਦਲ ਕੇ ਪ੍ਰਕਾਸ਼ ਕਰ ਸਕਦੇ ਹਨ, ਪਰ ਜੋ ਮਨੁੱਖ ਦੇ ਅੰਦਰ ਅਗਿਆਨਤਾ ਦਾ ਅੰਧੇਰਾ ਹੈ ਉਸਨੂੰ ਦੂਰ ਕਰਨ ਦੀ ਸਮਰੱਥਾ ਨਹੀਂ ਰੱਖਦੇ। ਪਰ ਐਸੇ ਗੁਰੂ ਦੀ ਪ੍ਰਾਪਤੀ ਬਿਨਾ ਭਾਗਾਂ ਤੋਂ ਨਹੀਂ ਹੋ ਸਕਦੀ, ਸੋ ਗੁਰੂ ਦੀ ਵਡਿਆਈ ਵਿਚ ਅਨੇਕਾਂ ਉਦਾਹਰਣ ਮੇਰੇ ਪੜ੍ਹਨ ਵਿਚ ਆਏ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ :

(੧) (ਹੇ ਭਾਈਓ! ਮੇਰੇ ਅੰਤਰ ਆਤਮੇ ਤਾਂ ਇਹੋ ਭਾਵਨਾਵਾਂ ਹਨ ਕਿ) ਸਤਿਗੁਰੂ (ਹੀ) ਸੱਚੇ ਪਾਤਸ਼ਾਹ

ਪਾਤਸ਼ਾਹਾਂ ਦੇ ਵੀ ਪਾਤਸ਼ਾਹ ਹਨ ਜਿਨ੍ਹਾਂ ਨੂੰ ਮੈਂ ਨਮਸਕਾਰ ਕਰਦਾ ਹਾ।

ਪ੍ਰ: ਕਿਉਂ ਜੀ! ਉਸ ਸੱਚੇ ਸਤਿਗੁਰੂ ਵਿਚ ਆਪ ਨੂੰ ਕੇਹੜੀ ਵਿਸ਼ੇਸ਼ਤਾ ਨਜ਼ਰ ਆਈ ਹੈ?

(੨) ਉ: (ਹੇ ਪਿਆਰੇ! ਮੈਨੂੰ ਇਹੋ ਸੋਝੀ ਹੋ ਆਈ ਹੈ ਕਿ ਸਤਿਗੁਰੂ ਜੀ ਨੇ ਇਕ) ਸਾਧ ਸੰਗਤ ਦਾ (ਟਿਕਾਣਾ) ਸੱਚ ਖੰਡ (ਦੇ ਰੂਪ ਵਿਚ ਬਣਾਇਆ) ਹੈ, ਜਿਥੇ ਸਤਿਗੁਰੂ ਜੀ ਝਰੋਖੇ (ਆਪਣੇ ਸੁੰਦਰ ਮੁਖੜੇ) ਦੀ ਬਾਰੀ ਨਾਲ (ਭਾਵ ਜਗਿਆਸੂ ਰੂਪ ਸਿੱਖ ਦੇ ਹਿਰਦੇ ਦੀ ਬਾਰੀ) ਖੋਲ੍ਹ ਕੇ (ਸੁੰਦਰ ਉਪਦੇਸ਼ ਕਰਦੇ ਹਨ।)

ਪ੍ਰ: ਕਿਉਂ ਜੀ! ਉਸ ਬਾਰੀ ਤੋਂ ਲਾਭ ਕੀ ਪ੍ਰਾਪਤ ਹੁੰਦਾ ਹੈ?

(੩) ਉ: (ਹੇ ਭਾਈ! ਉਸ ਬਾਰੀ ਰਾਹੀਂ) ਅੰਮ੍ਰਿਤ ਕਿਰਨਾਂ ਦੀ ਨਿਝਰਧਾਰਾ ਦਾ (ਇਕ ਰਸ) ਪ੍ਰਵਾਹ ਚਲਦਾ ਹੈ ਤੇ (ਸਾਧ ਸੰਗਤ ਦੇ ਸਾਹਮਣੇ ਰਬਾਬੀ ਲੋਕ) ਦਰਬਾਰੀ ਅਨਹਦ ਸ਼ਬਦ ਦੀ ਧੁਨੀ ਦੇ ਵਾਜੇ (ਸਾਜ਼) ਵਜਾਉਂਦੇ ਹਨ।

ਪ੍ਰ: ਭਾਈ ਸਾਹਿਬ ਜੀਉ! ਵੇਖਣ ਵਿਚ ਆਉਂਦਾ ਹੈ ਕਿ ਇਹ ਪਿਆਲੇ ਤਾਂ ਦੁਨਿਆਵੀ ਪਾਤਸ਼ਾਹਾਂ ਦੀਆਂ ਮਜਲਸਾਂ ਵਿਚ ਭੀ ਪੀਤੇ ਜਾਂਦੇ ਹਨ, ਪਰ ਉਨ੍ਹਾਂ ਪਿਆਲਿਆਂ ਨਾਲੋਂ ਗੁਰੂ ਦਰਬਾਰ ਵਿਚ ਪੀਤੇ ਜਾਣ ਵਾਲੇ ਪਿਆਲੇ ਵਿਚ ਕੇਹੜੀ ਵਿਸ਼ੇਸ਼ਤਾ ਹੈ?

(੪) ਉ: ਹੇ ਭਾਈਓ! ਦੁਨਿਆਵੀ ਪਾਤਸ਼ਾਹਾਂ ਦੀ ਮਜਲਸ ਵਿਚ ਇਹ ਸੱਚਾ ਪ੍ਰੇਮ ਦਾ ਪਿਆਲਾ ਪੀਣਾ (ਬੜਾ ਹੀ) ਭਾਰੀ ਮੁਸ਼ਕਲ ਹੈ।

(੫) (ਕਿਉਂਕਿ ਉਥੇ ਦੁਨਿਆਵੀ ਮਜਲਸਾਂ ਵਿਚ ਤਾਂ) ਸਾਕੀਆਂ ਦੇ ਹੱਥੋਂ ਭਰ ਭਰ ਪਿਆਲੇ ਪੀਤੇ ਜਾਂਦੇ ਹਨ (ਪਰ ਇਸ ਪ੍ਰੇਮ ਦੇ) ਉਲਸ਼ ਪਿਆਲੇ (ਸਤਿਗੁਰੂ ਜੀ ਦੇ ਸੀਤ ਪ੍ਰਸਾਦਿ ਵਿਚ) ਖਰੀ ਖੁਮਾਰੀ ਹੁੰਦੀ ਹੈ।

ਪ੍ਰ: ਕਿਉਂ ਜੀ! ਜੋ ਆਮ ਨਸ਼ੇ ਪੀਣ ਵਾਲੇ ਨਸ਼ਈ ਹਨ, ਖੁਮਾਰੀ ਤੇ ਉਨ੍ਹਾਂ ਦੇ ਚੇਹਰਿਆਂ ਪਰ ਭੀ ਵੇਖਣ ਵਿਚ ਆਉਂਦੀ ਹੈ, ਉਨ੍ਹਾਂ ਵਿਚ ਫ਼ਰਕ ਕੀ ਹੋਇਆ ਕਰਦਾ ਹੈ?

(੬) ਉ: ਹੇ ਭਾਈਓ! (ਜੋ ਸਤਿਗੁਰੂ ਦੇ ਪ੍ਰੇਮ ਪਿਆਲੇ ਵਿਚ ਮਸਤੀ ਹੈ ਇਹ ਮਦਹੋਸ਼ਾਂ ਵਾਲੀ ਖੁਮਾਰੀ ਜਾਂ ਮਸਤੀ ਨਹੀਂ ਹੈ ਕਿਉਂਕਿ ਇਸ ਖੁਮਾਰੀ ਵਾਲਾ ਗੁਰਸਿੱਖ) ਪ੍ਰੇਮਾ-ਭਗਤੀ ਦੇ ਭੈ (ਡਰ) ਵਿਚ ਚਲਦਾ ਹੈ (ਕਿ ਕਿਤੇ ਕੋਈ ਗ਼ਲਤੀ ਨਾ ਹੋ ਜਾਏ, ਪਰ ਦੂਸਰੀ ਸੰਸਾਰ ਮਸਤੀ ਤਾਂ ਹੈ ਹੀ ਹੰਕਾਰ ਦਾ ਨਾਮ।) ਨਾਮ ਦੀ ਮਸਤੀ ਤਾਂ ਮਸਤੂਲ ਮਸਤ (ਖੀਵਾ) ਬਣਾ ਦੇਂਦੀ ਹੈ, ਪਰ ਇਸ ਵਿਚ ਹੁਸ਼ਿਆਰੀ ਤੇ ਬੇਦਾਰੀ ਨਾਲ (ਸਿਖ ਦੀ ਸੁਰਤ) ਕਾਇਮ ਰਹਿੰਦੀ ਹੈ।

(੭) ਸਤਿਗੁਰੂ ਭਗਤ ਵਛਲ (ਪ੍ਰਭੂ ਦੇ) ਭੰਡਾਰੀ ਹਨ, ਜੋ ਨਾਮ ਰਸ ਦੀ ਦਾਤ ਨੂੰ ਸਾਧ ਸੰਗਤ ਵਿਚ ਨਿੱਤ ਵਰਤਦੇ ਵਰਤਾਉਂਦੇ ਹਨ, ਤੇ ਵਡਭਾਗੇ ਗੁਰਸਿੱਖ ਨੂੰ ਇਹ ਸਤਿਗੁਰੂ ਜੀ ਦੀ ਖ਼ਾਸ ਬਖ਼ਸ਼ਸ਼ ਪ੍ਰਾਪਤ ਹੁੰਦੀ ਹੈ।੧।

***ਭਾਵਾਰਥ :*** ਇਹ ਆਮ ਬੁਧੀ-ਜੀਵੀਆਂ ਦੇ ਵੀਚਾਰ ਸੁਣਨ ਵਿਚ ਆਏ ਹਨ ਕਿ ਇਕ ਉਹ ਭਜਨ ਕਰਨ ਵਾਲਾ ਭਗਤ ਜਨ ਹੈ ਜੋ ਅੱਠੋ ਪਹਿਰ ਭਜਨ ਕਰਦਾ ਰਹਿੰਦਾ ਹੈ, ਉਸਦੇ ਚੇਹਰੇ ਦੀ ਮਸਤੀ ਭੀ ਦਿਸਦੀ ਹੈ, ਪਰ ਇਕ ਉਹ ਅਮਲੀ ਹੈ ਜਿਸਨੇ ਦੁਨਿਆਵੀ ਨਸ਼ਾ ਰੱਜ ਕੇ ਖਾਧਾ ਪੀਤਾ ਹੈ, ਇਨ੍ਹਾਂ ਦੋਹਾਂ ਦੇ ਚੇਹਰਿਆਂ ਤੋਂ ਮਸਤੀ ਤੇ ਸਰੂਰ ਪ੍ਰਤੀਤ ਹੁੰਦਾ ਹੈ, ਵੇਖਣ ਵਾਲੇ ਨੂੰ ਪਛਾਣ ਕਰਨੀ ਮੁਸ਼ਕਲ ਹੋ ਜਾਂਦੀ ਹੈ ਕਿ ਇਨ੍ਹਾਂ ਦੋਹਾਂ ਵਿਚ ਸੱਚੀ ਮਸਤੀ ਵਾਲਾ ਕੌਣ ਹੈ? ਕਿਉਂਕਿ ਸਰੂਰ ਦੋਹਾਂ ਚੇਹਰਿਆਂ ਤੋਂ ਹੀ ਟਪਕ ਰਿਹਾ ਹੁੰਦਾ ਹੈ। ਪਰ ਹਾਂ ਇਨ੍ਹਾਂ ਦੋਹਾਂ ਦੇ ਕਿਰਦਾਰ ਤੋਂ ਪਤਾ ਚਲਦਾ ਹੈ ਕਿ ਸੱਚੀ ਮਸਤੀ ਵਾਲਾ ਕੌਣ ਤੇ ਫਿਕੀ ਮਸਤੀ ਵਾਲਾ ਕੌਣ ਹੈ? ਕਿਉਂਕਿ ਨਾਮ ਦੀ ਮਸਤੀ ਤਾਂ ਅੱਠੋ ਪਹਿਰ ਸਦਾ ਇਕੋ ਜੇਹੀ ਰਹਿੰਦੀ ਹੈ। ਇਸ ਬਾਰੇ ਜਨਮ ਸਾਖੀ ਵਿਚ ਜ਼ਿਕਰ ਆਉਂਦਾ ਹੈ ਕਿ ਬਾਹਰਲੇ ਅਮਲਾਂ ਦੀ ਖੁਮਾਰੀ ਕੁਝ ਸਮੇਂ ਤੋਂ ਬਾਅਦ ਲਹਿ ਜਾਂਦੀ ਹੈ, ਜਿਵੇਂ ਕਿ :

ਪੋਸਤ, ਮਦਰਾ, ਭੰਗ, ਫੀਮ, ਉੱਤਰ ਜਾਇ ਪਰਭਾਤ॥
ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥

*(ਜਨਮ ਸਾਖੀ)*

ਕੱਚੇ ਅਮਲਾਂ ਦੀ ਮਸਤੀ ਵਾਲੇ ਚੇਹਰੇ ਮੁਰਝਾ ਜਾਂਦੇ ਹਨ ਪਰ ਨਾਮ ਚਿੰਤਨ ਕਰਨ ਵਾਲੇ ਰਸੀਆਂ ਦੇ ਮਸਤਕ ਸਦਾ ਹੀ ਨੂਰ ਭਰੇ ਚਮਕਦੇ ਰਹਿੰਦੇ ਹਨ, ਕਦੇ ਭੀ ਮੁਰਝਾਉਂਦੇ ਨਹੀਂ। ਕਿਉਂਕਿ ਗੁਰਾਂ ਦੇ ਸ਼ਬਦ ਅੰਮ੍ਰਿਤ ਪਿਆਲੇ ਦਾ ਅਮਲ ਸਦਾ ਹੀ ਅਟੱਲ ਰਹਿੰਦਾ ਹੈ, ਪਰ ਸੰਸਾਰੀ ਪਾਤਸ਼ਾਹਾਂ ਦੇ ਮਜਲਸਾਂ ਦੇ ਪਿਆਲਿਆਂ ਦੀ ਟੋਟ ਆ ਜਾਂਦੀ ਹੈ, ਅਤੇ ਥੋੜੇ ਸਮੇਂ ਵਿਚ ਹੀ ਚੇਹਰਿਆਂ ਨੂੰ ਮੁਰਝਾ ਦੇਂਦੀ ਹੈ, ਗੁਰੂ ਦੇ ਪ੍ਰੇਮ ਪਿਆਲੇ ਦੀ ਖੁਮਾਰੀ ਸੱਚੀ ਤੇ ਇਕ ਰਸ ਸਲਾਮਤ ਰਹਿੰਦੀ ਹੈ।

## ੨. ਗੁਰਮੁਖ ਸਾਰ ਗਰਾਹੀ, ਵੀਚਾਰ ਵਾਲੇ ਹਨ

੧. ਇੱਕਤ ਨੁਕਤੈ ਹੋਇ ਜਾਇ
ਮਹਿਰਮ ਮੁਜਰਮ ਖੈਰ ਖੁਆਰੀ॥
੨. ਮਸਤਾਨੀ ਵਿਚ ਮਸਲਤੀ
ਗੈਰ ਮਹਲ ਜਾਣਾ ਮਨ ਮਾਰੀ।
੩. ਗੱਲ ਨ ਬਾਹਰਿ ਨਿਕਲੈ
ਹੁਕਮੀ ਬੰਦੇ ਕਾਰ ਕਰਾਰੀ।
੪. ਗੁਰਮੁਖ ਸੁਖ ਫਲ ਪਿਰਮ ਰਸ
ਦੇਹ ਬਿਦੇਹ ਵਡੇ ਵੀਚਾਰੀ।
੫. ਗੁਰ ਮੂਰਤਿ ਗੁਰ ਸ਼ਬਦ ਸੁਣ
ਸਾਧ ਸੰਗਤ ਆਸਨ ਨਿਰੰਕਾਰੀ।
੬. ਆਦਿ ਪੁਰਖ ਆਦੇਸ ਕਰ
ਅੰਮ੍ਰਿਤ ਵੇਲਾ ਸ਼ਬਦ ਆਹਾਰੀ।
੭. ਅਵਗਤਿ ਗਤਿ ਅਗਾਧ ਬੋਧ
ਅਕਥ ਕਥਾ ਅਸਗਾਹ ਅਪਾਰੀ।
੮. ਸਹਿਨ ਅਵੱਟਣ ਪਰਉਪਕਾਰੀ॥੨॥

***ਪਦ ਅਰਥ :*** ਨੁਕਤੈ—ਕੇਵਲ ਇਕ ਬਿੰਦੀ ਨਾਲ। ਮਹਿਰਮ—ਭੇਤੀ, ਜਾਣੂ। ਮੁਜਰਮ—ਅਪਰਾਧੀ। ਕਰਾਰੀ—ਵੱਡੀ, ਤਕੜੀ। ਸ਼ਬਦ—ਗੁਰ ਸ਼ਬਦ। ਅਵੱਟਣ—ਦੁਖ ਤੇ ਤਕਲੀਫ਼ਾਂ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਬਾਣੀ ਵਿਚ ਗੁਰਮੁਖ ਸ਼ਬਦ ਦੀ ਬਹੁਤ ਥਾਵਾਂ 'ਤੇ ਵਰਤੋਂ ਕੀਤੀ ਗਈ ਪੜ੍ਹਨ ਵਿਚ ਆਉਂਦੀ ਹੈ, ਪਰ ਕੀ ਇਹ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰਮੁਖ-ਸ਼ਬਦ ਦੇ ਸਹੀ ਅਰਥ ਕੀ ਹਨ?

ਉ: ਹੇ ਭਾਈਓ! ਗੁਰਬਾਣੀ ਦੀ ਪੜਚੋਲ ਕਰਦਿਆਂ ਜੋ ਮੈਨੂੰ ਗੁਰਮੁਖ ਸ਼ਬਦ ਦੇ ਅਰਥ ਅਨੁਭਵ ਹੋਏ ਹਨ ਉਹ ਇਉਂ ਹਨ ਕਿ ਗੁਰਮੁਖ ਉਸੇ ਨੂੰ ਹੀ ਕਿਹਾ ਜਾ ਸਕਦਾ ਹੈ, ਕਿ ਜੋ ਗੁਰੂ ਦੇ ਮੁਖੋਂ ਉਪਦੇਸ਼ ਨਿਕਲਿਆ ਹੈ ਉਸੇ ਨੂੰ ਹੀ ਮੁਖੀ ਅਨੁਭਵ ਕਰਕੇ ਭਾਵ ਉਸਨੂੰ ਹੀ ਸ਼ਰੋਮਣੀ ਸਮਝ ਕੇ ਉਸ ਦੇ ਅਨੁਸਾਰੀ ਹੋ ਜੀਵਨ ਗੁਜ਼ਾਰਦਾ ਹੈ। ਉਹ ਗੁਰਮੁਖ ਹਰ ਕਾਰਜ ਦੇ ਅਰੰਭ ਵਿਚ ਇਹ ਭੀ ਵੀਚਾਰ ਜ਼ਰੂਰ ਕਰਦਾ ਹੈ ਕਿ ਇਸ ਕਾਰਜ ਲਈ ਮੇਰੇ ਗੁਰੂ ਦੀ ਪ੍ਰੇਰਨਾ ਕੀ ਹੈ ਜੇ ਉਹ ਇਹ ਵੇਖਦਾ ਹੈ ਕਿ ਇਸ ਕਾਰਜ ਵਿਚ ਮੇਰੇ ਗੁਰੂ ਦੀ ਪ੍ਰਸੰਨਤਾ ਨਹੀਂ ਤਾਂ ਉਹ ਉਸ ਕਾਰਜ ਨੂੰ ਕਰਨ ਲਈ ਕਦੇ ਭੀ ਤਿਆਰ ਨਹੀਂ ਹੁੰਦਾ। ਕਿਉਂਕਿ ਉਸਨੂੰ ਇਹ ਸੋਝੀ ਹੈ ਕਿ ਗੁਰੂ ਦੀ ਆਗਿਆ ਤੋਂ ਪ੍ਰਤਿਕੂਲ ਹੋ ਜੋ ਕਾਰਜ ਕੀਤਾ ਜਾਵੇ ਉਹ ਗੁਰੂ ਦੇ ਦਰ ਕਬੂਲ ਨਹੀਂ ਹੋ ਸਕਦਾ, ਇਸ ਲਈ ਉਹ ਆਪਣੇ ਅੰਦਰੋਂ ਨਿੱਕੇ ਤੋਂ ਨਿੱਕੇ ਨੁਕਸ ਨੂੰ ਭੀ ਦੂਰ ਕਰਨ ਦੇ ਆਹਰ ਵਿਚ ਦਿਨੇ ਰਾਤ ਤਤਪਰ ਰਹਿੰਦਾ ਹੈ। ਮੈਂ ਗੁਰਮੁਖਾਂ ਦੇ ਸੰਪੂਰਨ ਗੁਣਾਂ ਦਾ ਪ੍ਰਗਟਾਵਾ ਤਾਂ ਨਹੀਂ ਕਰ ਸਕਦਾ, ਪਰ ਜਿਤਨੇ ਕੁ ਮੈਨੂੰ ਅਨੁਭਵ ਹੋ ਸਕੇ ਹਨ ਮੈਂ ਉਤਨੇ ਕੁ ਇਸ ਉਪ੍ਰੋਕਤ ਪਉੜੀ ਵਿਚ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ:

(੧) (ਹੇ ਭਾਈਓ! ਵੇਖੋ, ਜਿਵੇਂ ਫ਼ਾਰਸੀ ਦੇ) ਮਹਿਰਮ ਸ਼ਬਦ (ਵਿਚ 'ਹੇ') ਨੂੰ ਨੁਕਤਾ ਲਾ ਦੇਵੀਏ, ਤਾਂ ਉਸਦਾ ਅਰਥ ਭੇਤੀ ਦੀ ਥਾਂ ਮੁਜਰਮ ਹੋ ਜਾਂਦਾ ਹੈ। ਮਹਿਰਮ ਸੁਖਦਾਈ ਤੇ ਮੁਜਰਮ ਦਾ ਭਾਵ ਦੁਖ ਮਿਲਦਾ ਹੈ। (ਇਵੇਂ ਹੀ ਜਗਿਆਸੂ ਨੂੰ ਇਕ ਨਿੱਕੇ ਜਿਹੇ ਭਰਮ ਵਿਚ ਪੈ ਸੁਖੀ ਹੋਣ ਦੀ ਥਾਂ ਦੁਖ ਭੋਗਣਾ ਪੈ ਜਾਂਦਾ ਹੈ।

(੨) ਇਸ ਲਈ ਗੁਰਸਿੱਖ ਮਸਤੀ ਵਿਚ ਭੀ ਦੂਜੇ ਪਾਸੇ (ਦੂਜੀ ਮਸਲਤ) ਪਰਾਏ ਘਰ ਜਾਣ ਵਲੋਂ ਆਪਣੇ ਮਨ ਨੂੰ ਮਾਰ ਲੈਂਦਾ ਹੈ।

(੩) ਗੁਰਸਿੱਖ ਦੇ ਮੂੰਹੋਂ (ਤਾਂ) ਦੂਜੀ ਗੱਲ ਵੀ ਨਹੀਂ ਨਿਕਲਦੀ। ਉਹ ਹੁਕਮੀ ਬੰਦੇ ਬਣ ਕੇ ਔਖੀ ਕਾਰ ਵਲੋਂ ਮੂੰਹ ਨਹੀਂ ਮੋੜਦੇ।

(੪) ਗੁਰਮੁਖ ਪ੍ਰੇਮ-ਰਸ ਦਾ ਸੁਖ ਫਲ ਪ੍ਰਾਪਤ ਕਰਕੇ ਦੇਹ ਤੋਂ ਬਿਦੇਹ (ਸਰੀਰ ਨੂੰ ਮਿਥਿਆ ਜਾਣ ਕੇ ਸਰੀਰ ਦੇ ਰਸਾਂ ਵਲੋਂ ਉੱਕਾ ਹੀ ਉਪਰਾਮ) ਹੋ ਜਾਂਦੇ ਹਨ ਤੇ ਜ਼ਿੰਦਗੀ ਨੂੰ ਪੂਰਨ ਵੀਚਾਰਵਾਨਾਂ ਵਾਲੀ ਬਣਾ ਲੈਂਦੇ ਹਨ।

ਪ੍ਰ: ਕਿਉਂ ਜੀ! ਗੁਰਮੁਖ ਆਪਣੇ ਅੰਤਰ-ਆਤਮੇ ਧਿਆਨ ਕਿਸ ਮੂਰਤ ਦਾ ਧਰਦੇ ਹਨ?

(੫) ਉ: ਹੇ ਭਾਈਓ! ਗੁਰਮੁਖ (ਕੇਵਲ) ਗੁਰ ਮੂਰਤਿ (ਗੁਰ-ਸ਼ਬਦ) ਹੀ ਸੁਣਦੇ ਤੇ ਨਿਰੰਕਾਰ ਦੇ ਆਸਣ (ਸਾਧ ਸੰਗਤ ਦੇ ਅਸਥਾਨ) 'ਤੇ ਬੈਠ ਕੇ (ਗੁਰਬਾਣੀ ਨੂੰ ਮਨ ਵਿਚ) ਵਸਾਉਂਦੇ ਹਨ।

(੬) ਹੇ ਪਿਆਰੇ! (ਗੁਰਸਿੱਖ) ਆਦਿ ਪੁਰਖ (ਕੇਵਲ ਪ੍ਰਮੇਸਰ

ਨੂੰ ਹੀ) ਪ੍ਰਣਾਮ ਕਰਦੇ (ਤੇ) ਅੰਮ੍ਰਿਤ ਵੇਲੇ (ਉਠ ਕੇ ਕੇਵਲ) ਸ਼ਬਦ (ਨਿਰੋਲ ਗੁਰਬਾਣੀ ਦਾ ਹੀ) ਅਹਾਰ ਕਰਦੇ ਹਨ।

(੭) (ਉਨ੍ਹਾਂ ਦਾ ਇਹ ਨਿਸਚਾ ਹੈ ਕਿ ਪ੍ਰਮੇਸ਼ਰ ਦੀ) ਗਤੀ ਅਗੰਮ ਅਗੋਚਰ, ਅਗਾਧ ਬੋਧ ਤੇ ਅਸਗਾਹ ਹੈ (ਉਸਦੀ ਵੀਚਾਰ ਕਰਨੀ ਭੀ) ਇਕ ਅਕੱਥ ਤੇ ਅਪਾਰ ਕਥਾ ਹੈ।

(੮) (ਭਾਵੇਂ ਇਹ ਕਥਾ ਅਪਾਰ ਤੇ ਅਕੱਥ ਹੈ, ਪਰ ਜਿਹੜਾ ਗੁਰਸਿੱਖ ਇਸ ਨਾਲ ਲਿਵ ਜੋੜਦਾ ਹੈ ਉਸਦੇ ਹਿਰਦੇ ਵਿਚ ਅਨਭਉ ਦਾ ਪ੍ਰਗਾਸ ਹੁੰਦਾ ਜਾਂਦਾ ਹੈ) ਇਹੋ ਕਾਰਨ ਹੈ ਕਿ ਗੁਰਸਿੱਖ ਪਰਉਪਕਾਰ ਲਈ ਹਰ ਤਰ੍ਹਾਂ ਦੇ ਦੁਖ ਤੇ ਤਕਲੀਫਾਂ ਝੱਲ ਜਾਂਦਾ ਹੈ।੨।

*ਭਾਵਾਰਥ:* ਗੁਰਬਾਣੀ ਦੀ ਵੀਚਾਰ ਕਰਦਿਆਂ ਜੋ ਭਾਈ ਸਾਹਿਬ ਜੀ ਨੂੰ ਗੁਰਮੁਖਾਂ ਦੇ ਉਪਕਾਰੀ ਜੀਵਨਾਂ ਵਿਚ ਵਿਸ਼ੇਸ਼ਤਾਈਆਂ ਨਜ਼ਰ ਆਈਆਂ ਹਨ ਉਨ੍ਹਾਂ ਨੂੰ ਅੰਕਤ ਕਰਨ ਦਾ ਹੀ ਜਤਨ ਕੀਤਾ ਹੈ ਕਿ ਗੁਰਮੁਖ ਲੋਕ ਸਾਰੇ ਹੀ ਥਾਵਾਂ ਵਿਚ ਵਾਹਿਗੁਰੂ ਨੂੰ ਵਿਆਪਕ ਸਮਝ ਕੇ ਸਭ ਨਾਲ ਹੀ ਜਲ ਦੁਧ ਵਾਂਗੂੰ ਪਿਆਰ ਕਰਦੇ ਹਨ। ਦੂਜਾ ਸਤਿਸੰਗਤ ਵਿਚੋਂ ਪ੍ਰਾਪਤ ਹੋਏ ਗੁੱਝੇ ਭੇਤਾਂ ਨੂੰ ਭੀ ਜਰ ਕੇ ਰੱਖਦੇ ਹਨ, ਪ੍ਰਗਟ ਨਹੀਂ ਕਰਦੇ ਬਾਣੀ ਦਾ ਭੀ ਇਹੋ ਫ਼ੁਰਮਾਨ ਹੈ:

ਸੋਈ ਅਜਾਣੁ ਕਹੈ ਮੈ ਜਾਨਾ
ਜਾਨਣਹਾਰੁ ਨ ਛਾਨਾ ਰੇ॥ *(ਪੰਨਾ ੩੮੨)*

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ॥੪॥ *(ਪੰਨਾ ੩੩੪)*

## ੩. ਗੁਰਸਿੱਖ ਕੌਣ ਬਣਦਾ ਹੈ ?

**੧. ਗੁਰਮੁਖ ਜਨਮ ਸਕਾਰਥਾ**
**ਗੁਰਸਿੱਖ ਮਿਲ ਗੁਰ ਸ਼ਰਨੀ ਆਯਾ।**
**੨. ਆਦਿ ਪੁਰਖ ਆਦੇਸ ਕਰ**
**ਸਫਲ ਮੂਰਤਿ ਗੁਰ ਦਰਸ਼ਨ ਪਾਯਾ।**
**੩. ਪਰਦਖਣਾ ਡੰਡਉਤ ਕਰਿ**
**ਮਸਤਕ ਚਰਨ ਕਮਲ ਗੁਰ ਲਾਯਾ।**
**੪. ਸਤਿਗੁਰੁ ਪੁਰਖ ਦਇਆਲ ਹੋਇ**
**ਵਾਹਿਗੁਰੂ ਸਚੁ ਮੰਤ੍ਰ ਸੁਣਾਯਾ।**
**੫. ਸੱਚ ਰਾਸ ਰਹਿਰਾਸ ਦੇ**
**ਪੈਰੀਂ ਪੈ ਜਗ ਪੈਰੀਂ ਪਾਯਾ।**
**੬. ਕਾਮ ਕਰੋਧ ਵਿਰੋਧ ਹਰ**
**ਲੋਭ ਮੋਹ ਅਹੰਕਾਰ ਤਜਾਯਾ।**
**੭. ਸਤ ਸੰਤੋਖ ਦਇਆ ਧਰਮ**
**ਨਾਮ ਦਾਨ ਇਸ਼ਨਾਨ ਦ੍ਰਿੜਾਯਾ।**
**੮. ਗੁਰ ਸਿਖ ਲੈ ਗੁਰਸਿੱਖ ਸਦਾਯਾ॥੩॥**

*ਪਦ ਅਰਥ:* ਆਦਿ ਪੁਰਖ—ਵਾਹਿਗੁਰੂ, ਪ੍ਰਮੇਸ਼ਰ। ਸਕਾਰਥਾ—ਸਫਲਾ। ਸੱਚ ਰਾਸਿ—ਸੱਚ ਦੀ ਪੂੰਜੀ। ਗੁਰ ਸਿਖ—ਗੁਰੂ ਦੀ ਸਿਖਿਆ।

*ਅਰਥ:*

ਪ੍ਰ: ਭਾਈ ਸਾਹਿਬ ਜੀਓ! ਬਹੁਤ ਲੋਕ ਵੇਖਣ ਤੇ ਸੁਣਨ ਵਿਚ ਆਉਂਦੇ ਹਨ ਜੋ ਕਿ ਆਪਣੇ ਆਪ ਵਿਚ ਆਪ ਨੂੰ ਹੀ ਗੁਰਮੁਖ ਸਦਾਉਣ ਦਾ ਦਾਅਵਾ ਕਰਦੇ ਹਨ, ਪਰ ਉਨ੍ਹਾਂ ਵਿਚੋਂ ਕਿਸ ਦਾ ਜਨਮ ਸਫਲਾ ਜਾਣਿਆ ਜਾ ਸਕਦਾ ਹੈ, ਕੀ ਇਸ ਪੱਖ ਬਾਰੇ ਤੁਸੀਂ ਕੁਝ ਆਪਣੇ ਵੀਚਾਰ ਦਿਓਗੇ?

ਉ: ਹੇ ਭਾਈਓ! ਗੁਰਬਾਣੀ ਦੀ ਵੀਚਾਰ ਕਰਨ ਸਮੇਂ ਜੋ ਮੈਨੂੰ ਗੁਰਮੁਖਾਂ ਦੇ ਜੀਵਨ ਸੰਬੰਧੀ ਜਾਣਕਾਰੀ ਮਿਲ ਸਕੀ ਹੈ, ਉਹ ਸਾਰੀ ਤਾਂ ਭਾਵੇਂ ਮੇਰੀ ਚਿਤਵਨੀ ਵਿਚ ਨਹੀਂ, ਪਰ ਜੋ ਨਾਮ-ਮਾਤ੍ਰ ਮੈਨੂੰ ਚੇਤੇ ਹੈ ਉਹ ਮੈਂ ਕਹਿਣ ਦਾ ਯਤਨ ਕਰਦਾ ਹਾਂ। ਗੁਰਬਾਣੀ ਲਿਖਣ ਸਮੇਂ ਜੋ ਗੁਰਮੁਖਾਂ ਬਾਰੇ ਮੈਨੂੰ ਪ੍ਰੇਰਨਾ ਮਿਲੀ ਹੈ ਉਸ ਦੇ ਅਧਾਰਤ ਹੋ ਕੇ ਹੀ ਮੈ ਉਪ੍ਰੋਕਤ ਪਉੜੀ ਵਿਚ ਕੁਝ ਖਿਆਲ ਅੰਕਤ ਕਰਨ ਦਾ ਉਪਰਾਲਾ ਕੀਤਾ ਹੈ, ਜੋ ਕਿ ਇਸ ਪ੍ਰਕਾਰ ਹੈ:

(੧) (ਹੇ ਭਾਈ ਗੁਰਬਾਣੀ ਵਿਚੋਂ ਪਹਿਲੀ ਪ੍ਰੇਰਨਾ ਤਾਂ ਇਹੋ ਮਿਲਦੀ ਹੈ ਕਿ ਉਸੇ) ਗੁਰਮੁਖ ਦਾ ਜਨਮ ਸਫਲਾ ਹੈ ਜੋ ਗੁਰਸਿੱਖਾਂ ਨਾਲ ਮਿਲ ਕੇ ਗੁਰੂ ਦੀ ਚਰਨ ਸ਼ਰਨ ਵਿਚ ਆਉਂਦਾ ਹੈ।

(੨) (ਅਤੇ) ਆਦਿ ਪੁਰਖ (ਪ੍ਰਮੇਸ਼ਰ) ਨੂੰ ਨਮਸਕਾਰ ਕਰਕੇ ਸਫਲੀ ਗੁਰ ਮੂਰਤਿ ਦਾ ਗੁਰ ਦਰਸ਼ਨ ਪ੍ਰਾਪਤ ਕਰਦਾ ਹੈ।

(੩) (ਉਹ ਗੁਰ ਸ਼ਰਨ ਵਿਚ ਆ ਕੇ) ਪਹਿਲੇ ਪਰਦੱਖਣਾ ਕਰਦਾ ਹੈ, ਫਿਰ ਡੰਡਉਤ (ਬੰਦਨਾ) ਕਰਦਾ ਹੈ।

(੪) ਸਤਿਗੁਰੂ ਸੱਚੇ ਪੁਰਖ ਨੇ, ਦਇਆਲੂ ਹੋ ਕੇ (ਗੁਰਸਿੱਖਾ ਨੂੰ) ਵਾਹਿਗੁਰੂ ਦਾ ਸੱਚਾ ਮੰਤ੍ਰ ਸੁਣਾਇਆ ਹੈ (ਕਿ ਇਸ ਮੰਤ੍ਰ ਨੂੰ ਜਪ ਕੇ ਸਫਲੇ ਗੁਰਸਿੱਖ ਬਣੋ ਤੇ ਸਫਲੇ ਗੁਰਸਿੱਖ (ਗੁਰਮੁਖ) ਵਾਲੀ ਘਾਲਣਾ ਘਾਲੋ)।

(੫) ਸੱਚੀ ਰਾਸ (ਪੂੰਜੀ) ਗੁਰਮੱਤ ਦੀ ਮਰਯਾਦਾ ਵਿਚ ਲਾ ਦਿੱਤਾ।

(੬) ਕਾਮ, ਕ੍ਰੋਧ ਤੇ ਵਿਰੋਧਤਾ ਭੀ ਛੁਡਾ ਦਿੱਤੀ। ਲੋਭ, ਮੋਹ ਤੇ ਹੰਕਾਰ ਨੂੰ ਵੀ ਛੁਡਾ ਦਿਤਾ।

(੭) (ਹੇ ਭਾਈ! ਉਹ) ਗੁਰਸਿੱਖ ਸਤਿ, ਸੰਤੋਖ, ਦਇਆ, ਧਰਮ ਅਤੇ ਨਾਮ, ਦਾਨ ਤੇ ਇਸ਼ਨਾਨ (ਵਿਚ ਆਪਣੇ ਮਨ ਨੂੰ) ਦ੍ਰਿੜ੍ਹ ਕਰ ਲੈਂਦੇ ਹਨ।

(੮) (ਇਉਂ) ਗੁਰ ਸਿਖਿਆ ਨੂੰ ਪ੍ਰਾਪਤ ਕਰਕੇ (ਤੇ ਫਿਰ ਕਮਾਈ ਕਰਕੇ ਸਿਖ) ਗੁਰੂ ਦਾ ਸਿਖ ਅਖਵਾਉਦਾ ਹੈ।੩।

***ਭਾਵਾਰਥ :*** ਗੁਰਬਾਣੀ ਲਿਖਣ ਸਮੇਂ ਜੋ ਭਾਈ ਸਾਹਿਬ ਜੀ ਨੂੰ ਗੁਰਸਿੱਖਾਂ, ਗੁਰਮੁਖਾਂ ਦੇ ਲੱਖਣ ਲਿਖਣ ਵਿਚ ਆਏ ਹਨ, ਉਨ੍ਹਾਂ ਤੋਂ ਹੀ ਪ੍ਰੇਰਤ ਹੋ ਕੇ ਆਪ ਨੇ ਇਹ ਉਪਦੇਸ਼ ਦ੍ਰਿੜ੍ਹ ਕਰਵਾਏ ਹਨ। ਜਿਵੇਂ ਕਿ ਗੁਰੂ ਰਾਮਦਾਸ ਜੀ ਦਾ ਪਵਿੱਤ੍ਰ ਹੁਕਮ ਨਾਮਾ ਹੈ ਕਿ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

*(ਪੰਨਾ ੩੦੫)*

ਗੁਰੂ ਗ੍ਰੰਥ ਸਾਹਿਬ ਜੀ ਵਿਚ ਅਜਿਹੇ ਹੋਰ ਭੀ ਅਨੇਕਾਂ ਸਬਦ ਹਨ, ਜਿਸ ਉਪਦੇਸ਼ ਨੂੰ ਭਾਈ ਸਾਹਿਬ ਜੀ ਗੁਰਸਿੱਖਾਂ ਦੇ ਪ੍ਰਸ਼ਨ ਕਰਨ ਤੋਂ ਬਾਰ ਬਾਰ ਦ੍ਰਿੜ੍ਹ ਕਰਵਾ ਰਹੇ ਹਨ ਤਾਕਿ ਸਿਖ ਗੁਰੂ ਦੇ ਉਪਦੇਸ਼ ਰਾਹੀਂ ਆਪਣੇ ਜੀਵਨ ਨੂੰ ਸਫਲਾ ਕਰ ਸਕਣ। ਜਿਹੜੇ ਗੁਣ ਗੁਰੂ ਨੇ ਕਥਨ ਕੀਤੇ ਹਨ ਜੋ ਧਾਰਨ ਕਰੇ ਉਹੀ ਸਿਖ ਗੁਰੂ ਦਾ ਪੂਰਨ ਸਿਖ ਸਦਵਾਉਣ ਦਾ ਹੱਕਦਾਰ ਹੈ। ਕਿਉਂਕਿ ਗੁਰਬਾਣੀ ਰਾਹੀ ਉਸਨੂੰ ਇਹ ਭੀ ਪ੍ਰੇਰਨਾ ਮਿਲਦੀ ਹੈ, ਜਿਸ ਦੀ ਕਮਾਈ ਕਰਨ ਦਾ ਉਹ ਸਦਾ ਹੀ ਉੱਦਮ ਕਰਦਾ ਹੈ, ਜਿਵੇਂ ਕਿ :

ਕਰਿ ਡੰਡਉਤ ਪੁਨੁ ਵਡਾ ਹੇ ॥੧॥ *(ਪੰਨਾ ੧੩)*

ਉਸਨੂੰ ਇਹ ਸੂਝ ਹੋ ਆਉਂਦੀ ਹੈ ਕਿ ਗੁਰੂ ਨੂੰ ਨਮਸਕਾਰ ਕਰਨ ਦਾ ਬਹੁਤ ਵੱਡਾ ਪੁੰਨ ਹੈ। ਅਤੇ ਨਾਮ ਦਾਨ ਇਸ਼ਨਾਨ ਕਰਨ ਤੋਂ ਬਿਨਾ ਉਹ ਹੋਰ ਦੂਜੀ ਗੱਲ ਹੀ ਨਹੀਂ ਕਰਦਾ ਬੱਸ, ਉਸਦਾ ਇਹ ਨਿਯਮ ਹੀ ਹੋ ਜਾਂਦਾ ਹੈ ਕਿ :

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥

*(ਪੰਨਾ ੧੩੫)*

## ੪. ਗੁਰਮੁਖ ਦੀ ਨਿੱਤ ਕ੍ਰਿਆ

੧. ਸ਼ਬਦ ਸੁਰਤਿ ਲਿਵਲੀਣ ਹੋ
ਸਾਧਸੰਗਤ ਸੱਚ ਮੇਲ ਮਿਲਾਯਾ।
੨. ਹੁਕਮ ਰਜਾਈ ਚੱਲਣਾ
ਆਪ ਗਵਾਇ ਨ ਆਪ ਜਣਾਯਾ।
੩. ਗੁਰ ਉਪਦੇਸ਼ ਆਵੇਸ਼ ਕਰਿ
ਪਰਉਪਕਾਰ ਅਚਾਰ ਲੁਭਾਯਾ।
੪. ਪਿਰਮ ਪਿਆਲਾ ਅਪਿਉ ਪੀ
ਸਹਜ ਸਮਾਈ ਅਜਰੁ ਜਰਾਯਾ।
੫. ਮਿੱਠਾ ਬੋਲਣ ਨਿਵ ਚਲਣ
ਹਥਹੁੰ ਦੇ ਕੈ ਭਲਾ ਮਨਾਯਾ।
੬. ਇਕ ਮਨ ਇੱਕ ਅਰਾਧਣਾ
ਦੁਬਿਧਾ ਦੂਜਾ ਭਾਉ ਮਿਟਾਯਾ।
੭. ਗੁਰਮੁਖ ਸੁਖ ਫਲ ਨਿਜ ਪਦ ਪਾਯਾ ॥੪॥

***ਪਦ ਅਰਥ :*** ਲਿਵਲੀਣ—ਲਿਵ ਜੋੜ ਦੇਣੀ। ਆਵੇਸ—ਗੁਰ ਸ਼ਬਦ ਵਿਚ ਵਾਸਾ। ਅਚਾਰ—ਕਾਰ ਵਿਹਾਰ। ਨਿਜ ਪਦ—ਆਪਣੇ ਆਤਮਕ ਮੰਡਲ ਦਾ ਘਰ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਜਿਨ੍ਹਾਂ ਗੁਰਮੁਖਾਂ ਦਾ ਆਪ ਜੀ ਪਿਛੇ ਜ਼ਿਕਰ ਕਰਦੇ ਆ ਰਹੇ ਹੋ ਉਨ੍ਹਾਂ ਦੀ ਨਿੱਤ ਕ੍ਰਿਆ ਕੀ ਹੈ ? ਇਹ ਭੀ ਦਰਸਾਉਣ ਦੀ ਕ੍ਰਿਪਾ ਕਰੋ ਤਾਂ ਕਿ ਸਾਨੂੰ ਭੀ ਉਨ੍ਹਾਂ ਦੀ ਜੀਵਨ ਸ਼ੈਲੀ ਤੋਂ ਕੁਝ ਪ੍ਰੇਰਨਾ ਮਿਲੇ, ਜਿਸਦਾ ਸਦਕਾ ਸਾਡਾ ਭੀ ਜੀਵਨ ਸਫਲਾ ਹੋ ਸਕੇ ?

ਉ: ਹੇ ਭਾਈਓ ! ਗੁਰਬਾਣੀ ਤੇ ਗੁਰ-ਇਤਿਹਾਸ ਦੀ ਪੜਚੋਲ ਕਰਨ ਤੋਂ ਜੋ ਗੁਰਮੁਖਾਂ ਦੇ ਦੈਵੀ ਗੁਣਾਂ ਦੀ ਮੈਨੂੰ ਜਾਣਕਾਰੀ ਹੋ ਸਕੀ ਹੈ, ਉਹ ਸਾਰੇ ਤਾਂ ਨਹੀਂ ਕਹੇ ਜਾ ਸਕਦੇ, ਪਰ ਇਸ਼ਾਰੇ ਮਾਤ੍ਰ ਉਨ੍ਹਾਂ ਦੇ ਸ਼ੁਭ ਗੁਣ ਕਹਿਣ ਦਾ ਇਸ ਪਉੜੀ ਵਿਚ ਯਤਨ ਕੀਤਾ ਹੈ ਜੋ ਰੱਬੀ ਮਾਰਗ 'ਤੇ ਟੁਰਨ ਵਾਲਿਆਂ ਨੂੰ ਸਹਾਇਕ ਹੋ ਸਕਦੇ ਹਨ, ਜਿਵੇਂ ਕਿ :

(੧) (ਹੇ ਭਾਈਓ ! ਜੋ ਗੁਰਮੁਖਾਂ ਦੀ ਨਿਤ ਕ੍ਰਿਆ ਮੇਰੇ ਵੇਖਣ ਵਿਚ ਆਈ ਹੈ ਉਹ ਇਉਂ ਹੈ ਕਿ ਗੁਰਮੁਖ) ਸਾਧ ਸੰਗਤ ਵਿਚ ਜਾ ਕੇ ਸ਼ਬਦ ਤੇ ਸੁਰਤਿ ਦਾ ਸੱਚਮੁੱਚ ਮੇਲ ਕਰਾ ਲੈਂਦਾ, ਭਾਵ ਲਿਵ (ਨੂੰ ਪੂਰੇ ਧਿਆਨ ਨਾਲ) ਜੋੜ ਲੈਂਦਾ ਹੈ।

(੨) (ਫਿਰ ਉਹ) ਪ੍ਰਭੂ ਦੇ ਹੁਕਮ ਰਜ਼ਾ (ਭਾਣੇ) ਵਿਚ ਚਲਦਾ ਹੈ ਹਉਮੈ (ਮੈਂ ਮੇਰੀ) ਨੂੰ ਮਾਰ ਕੇ ਉਹ ਆਪਣੇ ਆਪ ਨੂੰ (ਕਦੇ ਭੀ) ਜਤਾਉਂਦਾ ਨਹੀਂ (ਭਾਵ ਆਪਣੇ ਕਿਸੇ ਗੁਣ ਦਾ ਦਿਖਾਵਾ ਨਹੀਂ ਕਰਦਾ)।

(੩) (ਉਹ ਫਿਰ ਮਨ ਕਰਕੇ) ਗੁਰੂ ਦੇ ਉਪਦੇਸ਼ ਵਿਚ ਵਾਸਾ ਕਰ ਲੈਂਦਾ ਹੈ, ਭਾਵ ਗੁਰੂ ਦੀ ਸਿਖਿਆ ਨੂੰ ਉਹ ਆਪਣੇ ਜੀਵਨ ਦਾ ਅਧਾਰ ਬਣਾ ਲੈਂਦਾ ਹੈ, ਤੇ ਪਰਉਪਕਾਰ ਦੇ ਕੰਮਾਂ ਵਿਚ ਦਿਲ-ਚਸਪੀ ਨਾਲ ਲੱਗ ਜਾਂਦਾ ਹੈ।

(੪) (ਅਜਿਹਾ ਗੁਰਸਿੱਖ) ਪ੍ਰੇਮ ਰਸ ਦਾ ਅੰਮ੍ਰਿਤ ਪੀ ਕੇ ਸਹਿਜ ਵਿਚ ਸਮਾਉਂਦਾ ਹੈ, (ਆਪਣੇ ਜਪ ਤਪ ਤੇ ਗਿਆਨ ਧਿਆਨ ਦੇ ਅਸਚਰਜ ਰਸ ਨੂੰ) ਕਿਸੇ ਪ੍ਰਕਾਰ ਵੀ ਪਰਗਟ ਨਹੀਂ ਕਰਦਾ; (ਇਸ ਅਮੋਲਕ ਦਾਤ ਤੇ ਵਡਿਆਈ ਦੇ) ਅਜਰ ਨੂੰ ਆਪੇ ਵਿਚ ਜਰ ਲੈਂਦਾ ਹੈ।

(੫) ਉਹ ਮਿੱਠਾ ਬੋਲਦਾ ਹੈ, ਨਿਵਕੇ ਚਲਦਾ ਹੈ, ਨਿੰਮ੍ਰਤਾ ਵਿਚ ਰਹਿੰਦਾ ਹੈ ਅਤੇ (ਕਿਸੇ ਤੋਂ ਕੁਝ ਲੈਣ ਦੀ ਬਜਾਏ) ਆਪਣੇ ਹੱਥੋਂ (ਦਾਨ ਪੁੰਨ) ਦੇ ਕੇ ਭਲਾ ਮਨਾਉਂਦਾ ਹੈ (ਭਾਵ ਹੱਥੋਂ ਦਿਤੇ ਨੂੰ ਹੀ ਭਲਾ ਮਨਾਉਂਦਾ ਹੈ)।

(੬) ਉਹ ਇਕ ਮਨ ਹੋ ਕੇ ਇਕ (ਪ੍ਰਭੂ ਨੂੰ) ਅਰਾਧਦਾ ਹੈ ਤੇ ਦੁਬਿਧਾ (ਝਗੜੇ ਝਾਂਜੇ) ਤੇ ਦ੍ਵੈਤ-ਭਾਵ (ਦੂਜਾ ਭਾਉ ਆਪਣੇ ਮਨ ਤੋਂ) ਮਿਟਾ ਦਿੰਦਾ ਹੈ।

(੭) ਗੁਰਮੁਖ ਨੇ (ਇਸ ਹੋਰ ਤਰੀਕੇ ਨਾਲ ਨਿਜ) ਆਤਮ-ਪਦ ਨੂੰ ਪ੍ਰਾਪਤ ਕਰ ਲਿਆ ਹੈ।੪।

***ਭਾਵਾਰਥ :*** ਗੁਰਮੁਖ ਜੋ ਦੈਵੀ ਗੁਣ (ਸਤਿ, ਸੰਤੋਖ, ਦਇਆ, ਧਰਮ, ਵੀਚਾਰ ਆਦਿ) ਸ਼ੁਭ ਗੁਣ ਹਨ ਉਹ ਇਨ੍ਹਾਂ ਦੇ ਅਮੁੱਕ ਭੰਡਾਰੇ ਹਨ, ਉਹ ਆਪਣੇ ਸ਼ੁਭ-ਗੁਣਾਂ ਦਾ ਸਦਕਾ ਹੋਰ ਭੀ ਅਨੇਕਾਂ ਜੀਵਾਂ ਨੂੰ ਰੱਬੀ ਮਾਰਗ 'ਤੇ ਟੋਰਨ ਦੀ ਪ੍ਰੇਰਨਾ ਕਰਦੇ ਹਨ, ਅਜਿਹੇ ਗੁਰਮੁਖਾਂ ਦੇ ਜੀਵਨਾਂ ਨੂੰ ਹੀ ਬਾਣੀ ਵਿਚ ਉਪਕਾਰੀ ਹੋਣ ਦਾ ਮਾਣ ਪ੍ਰਾਪਤ ਹੈ, ਗੁਰੂ ਗ੍ਰੰਥ ਸਾਹਿਬ ਦਾ ਫ਼ੁਰਮਾਨ ਹੈ, ਜਿਵੇਂ ਕਿ :

ਜਨਮ ਮਰਨ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥ *(ਪੰਨਾ ੧੪੯)*

ਭਾਵ ਅਜਿਹੇ ਗੁਰਮੁਖਾਂ ਦਾ ਜੀਵਨ ਸੰਸਾਰ ਵਿਚ ਕੇਵਲ ਪਰਉਪਕਾਰ ਕਰਨ ਲਈ ਹੀ ਆਇਆ ਹੈ, ਤੇ ਰੱਬ ਤੋਂ ਵਿਛੜੀਆਂ ਰੂਹਾਂ ਨੂੰ ਰੱਬ ਦਾ ਸੰਜੋਗੀ ਬਣਾਉਣਾ ਹੀ ਉਨ੍ਹਾਂ ਦੇ ਜੀਵਨ ਦਾ ਪਰਮ ਪ੍ਰਯੋਜਨ ਹੈ। ਉਹ ਗੁਰਮੁਖ ਕਿਸੇ ਨੂੰ ਫਿਕਾ ਨਹੀਂ ਬੋਲਦੇ ਅਤੇ ਸਦਾ ਹੀ ਨਿਉਂਕੇ ਚੱਲਦੇ ਹਨ, ਧਰਮ ਦੀ ਕਿਰਤ ਵਿਚੋਂ ਲੋੜਵੰਦਾਂ ਨੂੰ ਵੰਡ ਕੇ ਛਕਦੇ ਹਨ। ਅਤੇ ਉਹ ਕਿਸੇ ਨਾਲ ਭੀ ਦ੍ਵੈਤ-ਭਾਵ ਨਹੀਂ ਰੱਖਦੇ, ਉਨ੍ਹਾਂ ਨੇ ਆਤਮ ਸੁਖ ਦੀ ਪ੍ਰਾਪਤੀ ਆਪਣੇ ਘਰ ਵਿਚ ਰਹਿੰਦਿਆਂ ਹੀ ਹਾਸਲ ਕਰ ਲਈ ਹੈ, ਇਸ ਲਈ ਉਨ੍ਹਾਂ ਦਾ ਇਸ ਸੰਸਾਰ ਵਿਚ ਆਉਣਾ ਸਫਲਾ ਹੈ। ਬਾਣੀ ਵਿਚ ਅਜਿਹੇ ਗੁਰਮੁਖਾਂ ਦੇ ਜੀਵਨਾਂ ਬਾਰੇ ਹੀ ਫ਼ੁਰਮਾਨ ਆਇਆ ਹੈ ਕਿ :

ਆਇਆ ਸਫਲ ਤਾਹੂ ਕੋ ਗਨੀਐ ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥

*(ਪੰਨਾ ੨੫੨)*

## ੫. ਗੁਰਸਿੱਖੀ ਸ਼ਰੋਮਣੀ ਤਪ ਹੈ

**੧. ਗੁਰਸਿੱਖੀ ਬਾਰੀਕ ਹੈ**
**ਖੰਡੇ ਧਾਰ ਗਲੀ ਅਤਿ ਭੀੜੀ।**
**੨. ਓਥੈ ਟਿਕੈ ਨ ਭੁਣਹਣਾ**
**ਚੱਲ ਨ ਸੱਕੈ ਉਪਰ ਕੀੜੀ।**

੩. ਵਾਲਹੁੰ ਨਿੱਕੀ ਆਖੀਐ
ਤੇਲ ਤਿਲਹੁੰ ਲੈ ਕੋਲ੍ਹੂ ਪੀੜੀ।
੪. ਗੁਰਮੁਖ ਵੰਸੀ ਪਰਮ ਹੰਸ
ਖੀਰ ਨੀਰ ਨਿਰਨਉ ਚੁੰਜਿ ਵੀੜੀ।
੫. ਸਿਲਾ ਅਲੂਣੀ ਚੱਟਣੀ
ਮਾਣਕ ਮੋਤੀ ਚੋਗ ਨਿਵੀੜੀ।
੬. ਗੁਰਮੁਖ ਮਾਰਗਿ ਚੱਲਣਾ
ਆਸ ਨਿਰਾਸੀ ਝੀੜ ਉਝੀੜੀ।
੭. ਸਹਜ ਸਰੋਵਰ ਸੱਚਖੰਡ
ਸਾਧਸੰਗਤਿ ਸੱਚ ਤਖਤ ਹਰੀੜੀ।
੮. ਚੜ੍ਹਿ ਇੱਕੀਹ ਪਤਿ ਪਉੜੀਆਂ
ਨਿਰੰਕਾਰ ਗੁਰ ਸ਼ਬਦ ਸਹੀੜੀ।
੯. ਗੁੰਗੈ ਦੀ ਮਠਿਆਈਐ
ਅਕਥ ਕਥਾ ਵਿਸਮਾਦ ਬਚੀੜੀ।
੧੦. ਗੁਰਮੁਖ ਸੁਖ ਫਲ ਸਹਜ ਅਲੀੜੀ ॥੫॥

*ਪਦ ਅਰਥ :* ਭੀੜੀ—ਤੰਗ। ਭੁਣਹਣਾ—ਮੱਛਰ। ਵੀੜੀ—ਵੀਚਾਰ ਦੀ। ਨਿਵੀੜੀ—ਨਵੀਨ, ਨਿਤ ਚੜ੍ਹਦੇ ਸੂਰਜ, ਹਰ ਰੋਜ਼। ਝੀੜ—ਝਿੜੀ, ਜੰਗਲ ਵਿਚ। ਉਝੀੜੀ—ਔਜੜ, ਔਖਾ ਰਾਹ। ਹਰੀੜੀ—ਹਰੀ, ਪ੍ਰਭੂ ਦਾ। ਸਹੀੜੀ—ਸਹੇੜਨਾ। ਬਚੀੜੀ—ਵਾਚਦੇ ਹਨ। ਅਲੀੜੀ— ਪਾਇਆ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਸਿੱਖੀ ਦਾ ਉਪਦੇਸ਼ ਦੇਣ ਵਾਲੇ, ਅਤੇ ਸੁਣਨ ਵਾਲੇ ਸਰੋਤੇ ਤਾਂ ਬਹੁਤ ਵੇਖਣ ਵਿਚ ਆਉਂਦੇ ਹਨ, ਪਰ ਇਸ ਮਾਰਗ 'ਤੇ ਟੁਰਨ ਵਾਲੇ ਬਹੁਤ ਘੱਟ ਨਜ਼ਰ ਆਉਂਦੇ ਹਨ, ਪਰ ਜੇ ਕੋਈ ਚਲਦਾ ਭੀ ਦਿਸਦਾ ਹੈ, ਉਹ ਕੇਵਲ ਬਾਹਰਮੁਖੀ ਹੈ। ਕਿਉਂਕਿ ਜਦੋਂ ਉਸਦੇ ਨੇੜੇ ਹੋ ਕੇ ਤੱਕੀਏ ਤਾਂ ਉਸਦਾ ਅੰਦਰੂਨੀ ਮਾਰਗ ਸਹੀ ਨਜ਼ਰ ਨਹੀਂ ਆਉਂਦਾ, ਕਿਉਂ ਜੀ! ਇਸਦਾ ਸਹੀ ਕੀ ਕਾਰਨ ਅਨੁਭਵ ਕਰਦੇ ਹੋ ?

ਉ: ਹੇ ਭਾਈਓ ! ਇਸ ਪੱਖ ਨੂੰ ਜਦੋਂ ਬਾਣੀ ਦੁਆਰੇ ਖੋਜਿਆ ਜਾਵੇ ਤਾਂ ਸਾਨੂੰ ਦੋ ਮਾਰਗ ਦਿਸਦੇ ਹਨ, ਜਿਸ ਦਾ ਕਿ ਬਾਣੀ ਵਿਚ ਭੀ ਜ਼ਿਕਰ ਆਉਂਦਾ ਹੈ, ਜਿਵੇਂ ਕਿ :

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥
*(ਪੰਨਾ ੮੭)*

ਭਾਵ ਇਕ ਮਾਰਗ ਭਗਤੀ ਦਾ ਦੂਜਾ ਮਾਰਗ ਧਾ ਜਾਣ ਵਾਲੀ ਮਾਇਆ ਦਾ ਹੈ, ਇਨ੍ਹਾਂ ਦੋਹਾਂ ਮਾਰਗਾਂ ਦੀਆਂ ਭਿੰਨ ਭਿੰਨ ਦਿਸ਼ਾਵਾਂ ਹਨ, ਭਾਵ ਭਗਤੀ ਦਾ ਮਾਰਗ ਅਤਿ ਬਿਖੜਾ ਹੈ, ਦੂਸਰਾ ਮਾਰਗ ਸੰਸਾਰ ਦਾ ਮਾਇਕੀ ਮਾਰਗ ਹੈ। ਪਰ ਭਗਤੀ ਦਾ ਮਾਰਗ ਇਵੇਂ ਹੀ ਬਿਖਮ ਹੈ ਜਿਵੇਂ ਕਿਸੇ ਪਹਾੜੀ ਰਸਤੇ 'ਤੇ ਟੁਰਨਾ ਹੈ, ਪਹਾੜੀ ਰਸਤੇ 'ਤੇ ਕਮਜ਼ੋਰ ਰਾਹੀ ਨਹੀਂ ਚੱਲ ਸਕਦਾ, ਜ਼ਮੀਨੀ ਰਸਤੇ ਪਰ ਕਮਜ਼ੋਰ ਤੋਂ ਕਮਜ਼ੋਰ ਰਾਹੀ ਭੀ ਟੁਰੀ ਜਾਂਦਾ ਹੈ, ਸੋ ਭਗਤੀ ਦਾ ਮਾਰਗ ਅਤਯੰਤ ਬਿਖੜਾ ਹੈ ਜਿਸ ਪਰ ਹਰ ਬੰਦਾ ਨਹੀਂ ਟੁਰ ਸਕਦਾ। ਜੋ ਕਬੀਰ ਜੈਸੇ ਭਗਤ ਇਸ ਭਗਤੀ ਦੇ ਮਾਰਗ 'ਤੇ ਟੁਰੇ ਸਨ, ਉਨ੍ਹਾਂ ਦੇ ਰਸਤੇ ਵਿਚ ਜੋ ਭੀ ਬਿਖਮਤਾ ਆਈਆਂ ਉਨ੍ਹਾਂ ਨੂੰ ਭੀ ਇਹ ਕਹਿਣਾ ਪਿਆ ਕਿ ਹੇ ਭਾਈਓ ! ਇਹ ਰੱਬੀ ਮਾਰਗ ਬਹੁਤ ਬਿਖਮ ਹੈ ਇਸ ਪਰ ਸਫਰ ਕਰਦਾ ਕਰਦਾ ਤਾਂ ਮੇਰਾ ਮਨ ਬੈਲ ਭੀ ਥੱਕ ਗਿਆ ਹੈ। ਇਹ ਵੀਚਾਰ ਉਨ੍ਹਾਂ ਨੂੰ ਆਪਣੀ ਬਾਣੀ ਵਿਚ ਭੀ ਅੰਕਤ ਕਰਨੇ ਪਏ, ਜਿਵੇਂ ਕਿ ਆਪ ਜੀ ਕਹਿੰਦੇ ਹਨ ਕਿ :

ਘਾਟੀ ਚਢਤ ਬੈਲੁ ਇਕੁ ਥਾਕਾ
ਚਲੋ ਗੋਨਿ ਛਿਟਕਾਈ ॥੩॥ *(ਪੰਨਾ ੩੩੩)*

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ
ਮੇਰੀ ਪੂੰਜੀ ਰਾਖੁ ਮੁਰਾਰਿ ॥੧॥ *(ਪੰਨਾ ੩੩੫)*

ਇਕ ਅਵਘਟ ਘਾਟੀ ਰਾਮ ਕੀ
ਤਿਹ ਚੜਿ ਰਹਿਓ ਕਬੀਰ ॥੧੬੫॥ *(ਪੰਨਾ ੧੩੭੩)*

ਭਾਵ, ਕਬੀਰ ਜੀ ਕਹਿੰਦੇ ਹਨ ਕਿ ਜਿਸ ਭਗਤੀ ਮਾਰਗ ਦੀ ਘਾਟੀ 'ਤੇ ਮੈਂ ਚੜ੍ਹ ਰਿਹਾ ਹਾਂ ਇਹ ਬਹੁਤ ਹੀ ਬਿਖੜੀ ਹੈ. ਕਦਮ ਕਦਮ 'ਤੇ ਠੋਕਰਾਂ ਦਾ ਟਾਕਰਾ ਕਰਨਾ ਪੈਂਦਾ ਹੈ। ਸਦੀਆਂ ਪਹਿਲੋਂ ਜੋ ਭਗਤ ਲੋਕ ਇਸ ਭਗਤੀ ਦੇ ਬਿਖਮ ਮਾਰਗ 'ਤੇ ਟੁਰੇ ਸਨ, ਉਨ੍ਹਾਂ ਵਿਚੋਂ ਕੁਝ ਤਾਂ ਸਹੀ ਆਪਣੀ ਮੰਜ਼ਲ 'ਤੇ ਜਾ ਪੁੱਜੇ, ਕਈ ਰਸਤੇ ਵਿਚ ਹੀ ਮਰ ਖੱਪ ਗਏ, ਪਰ ਉਹ ਭਗਤੀ ਮਾਰਗ ਦੇ ਰਸਤੇ ਅੱਜ ਸੁੰਨਸਾਨ ਨਜ਼ਰ ਆਉਂਦੇ ਹਨ, ਸੁੰਨਸਾਨਤਾ ਉਨ੍ਹਾਂ ਰਾਹਾਂ ਵਿਚ ਹੀ ਹੋਇਆ ਕਰਦੀ ਹੈ, ਜਿਨ੍ਹਾਂ ਰਾਹਾਂ 'ਤੇ ਕੋਈ ਟੁਰਦਾ ਹੀ ਨਹੀਂ ਜੇ ਕੋਈ ਟੁਰਦਾ ਹੈ ਤਾਂ ਉਨ੍ਹਾਂ ਬਾਰੇ ਹਜ਼ੂਰ ਬਾਣੀ ਵਿਚ ਫੁਰਮਾਨ

ਕਰਦੇ ਹਨ ਕਿ :

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥
*(ਪੰਨਾ ੧੪੨੭)*

ਭਾਵ, ਜਿਨ੍ਹਾਂ ਦਾ ਚਿਤ ਉਸ ਪ੍ਰਭੂ ਦੇ ਭਗਤੀ ਮਾਰਗ ਵੱਲ ਟੁਰਦਾ ਭੀ ਦਿਸਦਾ ਹੈ ਉਹ ਬਹੁਤੇ ਨਹੀਂ ਕ੍ਰੋੜਾਂ ਵਿਚੋਂ ਹੀ (ਇਕ ਅਧ ਨਾਇ ਰਸੀਆ) ਹੈ, ਬਾਕੀ ਤਾਂ ਸੰਸਾਰੀ ਰਸਤੇ ਪਰ ਕਾਫਲਿਆਂ ਦੇ ਕਾਫਲੇ ਟੁਰਦੇ ਜਾਂਦੇ ਵੇਖਣ ਵਿਚ ਆਉਂਦੇ ਹਨ, ਇਸ ਲਈ ਹੇ ਭਾਈਓ! ਬਾਣੀ ਵਿਚ ਇਸ ਸਿੱਖੀ ਮਾਰਗ ਦੀ ਬਿਖਮਤਾ ਦਾ ਜੋ ਬਹੁਤ ਥਾਵਾਂ 'ਤੇ ਉਪਦੇਸ਼ ਮਿਲਦਾ ਹੈ, ਉਸ ਤੋਂ ਪ੍ਰੇਰਤ ਹੋ ਕੇ ਮੈਂ ਇਸ ਉਪਰਲੀ ਪਉੜੀ ਵਿਚ ਕੁਝ ਬਿਖਮਤਾਈਆਂ ਦਾ ਜਿਕਰ ਕੀਤਾ ਹੈ:

(੧) (ਹੇ ਭਾਈਓ! ਤੁਹਾਡੇ ਕੀਤੇ ਪ੍ਰਸ਼ਨ ਦੇ ਉੱਤਰ ਵਿਚ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਇਹ) ਗੁਰਸਿੱਖੀ ਬਹੁਤ ਬਰੀਕ ਹੈ (ਗੁਰਸਿੱਖੀ ਦਾ ਰਾਹ) ਗਲੀ ਅਤਿਅੰਤ ਭੀੜੀ (ਤੰਗ) ਖੰਡੇ ਦੀ ਧਾਰ ਵਰਗੀ ਤਿੱਖੀ ਹੈ।

(੨) (ਹੇ ਭਾਈ! ਇਹ ਰਾਹ ਏਨਾ ਬਰੀਕ ਤੇ ਤੇਜ਼ ਹੈ ਕਿ) ਉਥੇ ਮੱਛਰ ਵੀ ਨਹੀਂ ਬੈਠ ਸਕਦਾ, (ਇਸ ਉਤੇ) ਕੀੜੀ (ਵਰਗੀ ਹੌਲੀ ਫੁਲ ਚੀਜ਼) ਵੀ ਚੱਲ ਨਹੀਂ ਸਕਦੀ (ਭਾਵ ਕੀੜੀ ਜਿਤਨੀ ਬਰੀਕ ਹੰਗਤਾ ਰੱਖਣ ਵਾਲਾ ਭੀ ਇਸ ਸਿੱਖੀ ਦੇ ਮਾਰਗ ਪਰ ਟੁਰ ਨਹੀਂ ਸਕਦਾ) ਅੰਦਰੋਂ ਆਪਾ ਭਾਵ ਗਵਾਉਣਾ ਪੈਂਦਾ ਹੈ।

(੩) (ਹੇ ਪਿਆਰੇ! ਇਹ ਗੁਰਸਿੱਖੀ ਰਸਤਾ) ਵਾਲ ਤੋਂ ਭੀ ਨਿੱਕਾ ਹੈ (ਤੇ ਇਸਦੀ ਪ੍ਰਾਪਤੀ ਏਨੀ ਕੁਰਬਾਨੀ ਦੀ ਮੰਗ ਕਰਦੀ ਹੈ, ਜਿਵੇਂ) ਤਿਲਾਂ 'ਚੋਂ ਤੇਲ ਕੱਢਣ ਲਈ ਤਿਲਾਂ ਨੂੰ ਕੋਹਲੂ ਵਿਚ ਪੀੜਿਆ ਜਾਂਦਾ ਹੈ।

ਪ੍ਰ: ਕਿਉਂ ਜੀ! ਉਨ੍ਹਾਂ ਦੀ ਮਾਨਸਕ ਵੀਚਾਰ ਧਾਰਾ ਦੀ ਰੂਪ ਰੇਖਾ ਕਿਸ ਪ੍ਰਕਾਰ ਦੀ ਹੈ?

(੪) ਉ: (ਹੇ ਭਾਈ!) ਗੁਰਮੁਖਾਂ ਦੀ ਬੰਸ ਦੇ (ਗੁਰਸਿੱਖ) ਵਡੇ ਪਰਮ ਹੰਸਾ ਦੇ ਸਮਾਨ ਹਨ (ਜੋ ਸੱਚ ਤੇ ਝੂਠ ਨੂੰ ਇਉਂ ਗੁਰ ਸਬਦ ਦੀ ਵੀਚਾਰ ਨਾਲ ਨਖੇੜ ਦਿੰਦੇ ਹਨ, ਜਿਵੇਂ) ਹੰਸ ਦੀ ਚੁੰਜ, ਦੁੱਧ ਤੇ ਪਾਣੀ ਨੂੰ ਵੱਖ ਵੱਖ ਕਰਕੇ ਰੱਖ ਦੇਂਦੀ ਹੈ। (ਗੁਰਮੁਖ ਪਰਮ ਹੰਸ ਇਨ੍ਹਾਂ ਵੀਚਾਰਾਂ ਨੂੰ ਪ੍ਰਤੱਖ ਕਰ ਲੈਂਦੇ ਹਨ ਕਿ ਮੈਂ ਕਿਥੋਂ ਆਇਆ ਹਾਂ, ਕੀ ਕਰਨਾ ਹੈ ਤੇ ਆਖ਼ਰ ਜਾਣਾ ਕਿਥੇ ਹੈ)।

(੫) (ਹੇ ਪਿਆਰੇ! ਉਹ) ਸਿਖ ਅਲੂਣੀ ਵਿਸ਼ੇ ਸੁਆਦਾਂ ਤੋਂ ਰਹਿਤ ਹੈ, ਭਗਤੀ ਵਿਚ ਲਗਣਾ, ਇਹੀ ਅਲੂਣੀ (ਸਿਲ ਪੱਥਰ) ਚੱਟਣਾ ਹੈ (ਅਤੇ ਪ੍ਰਭੂ ਦੇ ਨਾਮ ਰੂਪ ਦੈਵੀ ਗੁਣਾਂ ਨੂੰ) ਹਰ ਰੋਜ਼ ਚੇਤੇ ਕਰਨਾ ਇਹੀ ਉਨ੍ਹਾਂ ਦਾ ਮਾਣਕ ਮੋਤੀ ਚੁਗਣਾ ਹੈ।

(੬) ਹੇ ਭਾਈਓ! ਗੁਰਮੁਖਾਂ ਦਾ ਮਾਰਗ (ਜੰਗਲ ਦੇ ਕੰਡੇ ਵਾੜਾਂ ਵਾਲਾ) ਔਖਾ ਰਾਹ ਹੈ, ਜਿਸ ਵਿਚ ਆਸ਼ਾਂ (ਪ੍ਰਾਪਤੀ ਭਾਵਨਾ) ਤੋਂ ਨਿਰਾਸ਼ ਹੋ ਕੇ ਤੁਰਨਾ ਪੈਂਦਾ ਹੈ।

(੭) ਸਹਿਜ ਦਾ ਸਰੋਵਰ, ਸੱਚ ਖੰਡ (ਸਾਧ ਸੰਗਤ) ਹੈ ਜੋ ਹਰੀ ਦਾ ਸੱਚਾ ਤਖ਼ਤ ਹੈ (ਗੁਰਮੁਖ ਹੰਸਾਂ ਵਾਂਗ ਇਥੇ ਹੀ ਰਹਿੰਦੇ ਹਨ)।

(੮) ਜਿਨ੍ਹਾਂ ਨੇ ਜਗਤ ਦੀਆਂ ੨੦ ਪਉੜੀਆਂ ਚੜ੍ਹ ਇਕੀਹ ਸੱਚੇ ਨਿਰੰਕਾਰ ਦੇ ਗੁਰ-ਸ਼ਬਦ ਵਿਚ ਸਮਾਉਣਾ ਕੀਤਾ ਹੈ।

(੯) (ਤਾਂ ਉਨ੍ਹਾਂ ਦੇ ਪ੍ਰੇਮ ਰਸ ਨੂੰ ਜਿਵੇਂ) ਗੁੰਗੇ ਨੂੰ ਮਿਠਿਆਈ ਖੁਆਉ (ਤਾਂ ਉਹ ਉਸਦਾ ਰਸ ਦਸ ਨਹੀਂ ਸਕਦਾ)। ਇਵੇਂ ਹੀ ਗੁਰਮੁਖ ਆਏ ਰਸ ਨੂੰ ਕਥਨ (ਭਾਵ ਬਚਨਾਂ ਨਾਲ ਬੋਲ ਕੇ) ਦਸ ਨਹੀਂ ਸਕਦਾ।

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ ॥ *(ਪੰਨਾ ੩੩੪)*

(੧੦) (ਹੇ ਭਾਈਓ! ਇਉਂ) ਗੁਰਮੁਖਾਂ ਨੇ (ਘਾਲ ਕਮਾਈ ਕਰਕੇ) ਸੁਖ ਫਲ ਨੂੰ ਸਹਿਜੇ ਹੀ ਪਾ ਲਿਆ ਹੈ।੫।

***ਭਾਵਾਰਥ :*** ਇਹ ਭਗਤੀ ਦਾ ਮਾਰਗ ਖੰਡੇ ਦੀ ਧਾਰ ਵਾਂਗੂ ਤਿੱਖਾ ਹੈ, ਸਰੀਰ ਵਿਚੋਂ ਤਿਲਾਂ ਵਾਂਗ ਵਿਸ਼ੇ ਵਿਕਾਰ ਨਿਕਲ ਜਾਣ, ਹੰਸ ਵਾਂਗੂ ਤੱਤ ਮਿਥਯਾ ਦਾ ਵਿਵੇਚਨ ਕਰਕੇ ਅਲੂਣੀ ਸਿਲਾ ਚੱਟਣੀ ਕਰਨ ਦਾ ਆਦੀ ਹੋਣਾ ਪੈਂਦਾ ਹੈ। ਇਕੀਵੀਂ ਪਉੜੀ ਪਤਿ ਦੀ ਸ਼ਬਦ ਨੂੰ ਸਮਝ ਕੇ ਵੀਹ ਵਿਸਵੇ ਜਗਤ ਨੂੰ ਛੱਡ ਦੇਂਦੇ ਹਨ। ਅਜਿਹੇ ਗੁਰਮੁਖ ਸ਼ਾਂਤਿ ਰੂਪ ਆਤਮ ਰਸ ਦਾ ਸੁਆਦ ਮਾਣਦੇ ਹਨ।

## ੬. ਗੁਰੂ ਦੇ ਚਰਨਾਂ ਕਮਲਾਂ ਦੀ ਮਹਿਮਾ

**੧. ਗੁਰਮੁਖ ਸੁਖ ਫਲ ਪ੍ਰੇਮ ਰਸ**
**ਚਰਣੋਦਕ ਗੁਰ ਚਰਣ ਪਖਾਲੇ।**
**੨. ਸੁਖ ਸੰਪਟ ਵਿੱਚ ਰਖ ਕੈ**
**ਚਰਣ ਕਵਲ ਮਕਰੰਦ ਪਿਆਲੇ।**

੩. ਕਉਲਾਲੀ ਸੂਰਜ ਮੁਖੀ
ਲੱਖ ਕਵਲ ਖਿੜਦੇ ਰਲੀਆਲੇ।
੪. ਚੰਦ੍ਰਮੁਖੀ ਹੋਇ ਕੁਮੁਦਨੀ
ਚਰਣ ਕਵਲ ਸੀਤਲ ਅਮੀਆਲੇ।
੫. ਚਰਣ ਕਵਲ ਦੀ ਵਾਸ਼ਨਾ
ਲੱਖ ਸੂਰਜ ਹੋਵਨ ਅਲਿ ਕਾਲੇ।
੬. ਲੱਖ ਤਾਰੇ ਸੂਰਜ ਚੜ੍ਹੇ ਜਿਉਂ
ਛਪ ਜਾਣ ਨ ਆਪ ਸਮ੍ਹਾਲੇ।
੭. ਚਰਣ ਕਵਲ ਦਲ ਜੋਤਿ ਵਿਚ
ਲੱਖ ਸੂਰਜ ਲੁਕ ਜਾਣ ਰਵਾਲੇ।
੮. ਗੁਰ ਸਿਖ ਲੈ ਗੁਰਸਿੱਖ ਸੁਖਾਲੇ ॥੬॥

*ਪਦ ਅਰਥ :* ਪਖਾਲੇ—ਧੋਤੇ। ਸੰਪਟ—ਡੱਬਾ। ਮਕਰੰਦ—ਰਸ ਜੋ ਫੁਲਾਂ ਦਾ ਹੈ। ਕਉਲਾਲੀ—ਕੌਲਾਂ ਦੀ। ਰਲੀਆਲੇ—ਰਲ ਕੇ। ਅਮੀਆਲੇ—ਅੰਮ੍ਰਿਤ ਦੇ ਸੁਆਦ ਵਾਲੇ। ਦਲ—ਪੱਤੀਆਂ। ਰਵਾਲੇ—ਧੂੜੀ। ਸੁਖਾਲੇ—ਸੌਖੇ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਬਾਣੀ ਦਾ ਪਾਠ ਕਰਨ ਸਮੇਂ ਬਹੁਤ ਥਾਵਾਂ ਪਰ ਗੁਰੂ ਦੇ ਚਰਨਾਂ ਦਾ ਜ਼ਿਕਰ ਆਉਂਦਾ ਹੈ ਜਿਸ ਤੋਂ ਬਹੁਤ ਲੋਕਾਂ ਨੂੰ ਇਹ ਭੁਲੇਖਾ ਪੈ ਜਾਂਦਾ ਹੈ ਕਿ ਇਹ ਦੇਹ ਧਾਰੀ ਗੁਰੂ ਵੱਲ ਇਸ਼ਾਰਾ ਹੈ ਕਿਉਂਕਿ ਚਰਨ ਤਾਂ ਦੇਹ ਧਾਰੀ ਵਿਅਕਤੀ ਦੇ ਹੀ ਹੋਇਆ ਕਰਦੇ ਹਨ, ਇਸ ਤੋਂ ਦੇਹਧਾਰੀ ਗੁਰੂ ਬਣਨ ਵਾਲੇ ਲੋਕਾਂ ਨੂੰ ਅਤੇ ਉਨ੍ਹਾਂ ਨੂੰ ਗੁਰੂ ਬਨਾਉਣ ਵਾਲੇ ਭੋਲੇ ਭਾਲੇ ਮਨੁੱਖਾਂ ਨੂੰ ਬਹੁਤ ਵੱਡੀ ਪ੍ਰੇਰਨਾ ਮਿਲ ਜਾਂਦੀ ਹੈ ਕਿ ਜਦੋਂ ਗੁਰਬਾਣੀ ਅੰਦਰ ਹੀ ਗੁਰੂ ਦੇ ਚਰਨਾਂ ਵੱਲ ਇਉਂ ਇਸ਼ਾਰਾ ਕੀਤਾ ਗਿਆ ਹੈ, ਜਿਵੇਂ ਕਿ :

ਗੁਰ ਕੇ ਚਰਨ ਜੀਅ ਕਾ ਨਿਸਤਾਰਾ॥
ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ॥ *(ਪੰਨਾ ੬੮੪)*

ਗੁਰ ਚਰਣ ਲਾਗਿ ਹਮ ਬਿਨਵਤਾ
ਪੂਛਤ ਕਹ ਜੀਉ ਪਾਇਆ॥ *(ਪੰਨਾ ੪੭੫)*

ਇਸ ਤੋਂ ਤਾਂ ਸਾਫ਼ ਸਿੱਧ ਹੋ ਜਾਂਦਾ ਹੈ ਕਿ ਰੱਬੀ ਮਾਰਗ ਵਲ ਸਫਰ ਕਰਨ ਵਾਲੇ ਪਾਧੀ ਨੂੰ ਦੇਹ ਧਾਰੀ ਗੁਰੂ ਦੀ ਅਵੱਸ਼ ਲੋੜ ਹੈ, ਕਿਉਂ ਜੀ! ਇਸ ਸੰਬੰਧੀ ਆਪ ਜੀ ਆਪਣੇ ਵੀਚਾਰ ਦਿਓ ਕਿ ਤੁਹਾਡਾ ਕੀ ਨਿਸਚਾ ਹੈ ਤਾਂ ਕਿ ਅਸੀਂ ਭੀ ਉਸੇ ਗੁਰਮਤ ਦੇ ਧਾਰਨੀ ਬਣ ਸਕਣ ਦਾ ਉੱਦਮ ਕਰੀਏ ?

ਉ: ਹੇ ਭਾਈਓ! ਇਸ ਪੱਖ ਸੰਬੰਧੀ ਮੇਰੇ ਆਪਣੇ ਤਾਂ ਵੀਚਾਰ ਕੋਈ ਨਹੀਂ। ਪਰ ਹਾਂ, ਜੋ ਬਾਣੀ ਦੀ ਪੜਚੋਲ ਕਰਨ ਸਮੇਂ ਮੈਨੂੰ ਬੋਧ ਹੋ ਸਕਿਆ ਹੈ ਉਸਦੇ ਅਧਾਰਤ ਹੀ ਮੈਂ ਚੰਦ ਵੀਚਾਰਾਂ ਆਪ ਜੀ ਨੂੰ ਜ਼ਰੂਰ ਭੇਟਾ ਕਰ ਸਕਦਾ ਹਾਂ। ਹੇ ਭਾਈ! ਸੁਣੋ ਜਦੋਂ ਅਸੀਂ ਗੁਰਬਾਣੀ ਦੇ ਰਾਹੀਂ ਵੀਚਾਰ ਕਰਦੇ ਹਾਂ ਤਾਂ ਸਾਨੂੰ ਦੋ ਤਰ੍ਹਾਂ ਦੀਆਂ ਦੇਹਾਂ ਦਾ ਗਿਆਨ ਹੁੰਦਾ ਹੈ ਜੋ ਇਕ ਦੇਹ ਅਸਥੂਲ ਹੈ ਅਤੇ ਦੂਜੀ ਸੂਖਮ ਮੰਨੀ ਗਈ ਹੈ। ਇਹ ਜੋ ਪੰਜ (ਅਕਾਸ਼, ਵਾਯੂ, ਤੇਜ, ਜਲ ਪ੍ਰਿਥਵੀ) ਤੱਤਾਂ ਤੋਂ ਬਣੀ ਹੈ ਇਸਨੂੰ ਅਸਥੂਲ ਦੇਹ ਤੇ ਜੋ ਇਸ ਦੇ ਅੰਦਰ ਸਤਾਰਾਂ ਤੱਤਾ ਦੀ ਰਚਿਤ ਹੈ ਇਸਨੂੰ ਸੂਖਮ ਦੇਹ ਕਿਹਾ ਜਾਦਾ ਹੈ।

ਜਿਥੇ ਗੁਰਬਾਣੀ ਅੰਦਰ ਬਾਰ ਬਾਰ ਗੁਰੂ ਦੇ ਚਰਨਾਂ ਦਾ ਜਿਕਰ ਆਉਂਦਾ ਹੈ ਉਥੇ ਇਹ ਭੀ ਜਾਣਕਾਰੀ ਦਿੱਤੀ ਗਈ ਹੈ ਕਿ ਉਹ ਗੁਰੂ ਦੇ ਚਰਨ ਕੇਹੜੇ ਹਨ ਉਹ ਹੈ ?

ਹਿਰਦੈ ਚਰਣ ਸਬਦੁ ਸਤਿਗੁਰ ਕੋ
ਨਾਨਕ ਬਾਂਧਿਓ ਪਾਲ॥੨॥੭॥੩੮॥
*(ਧਨਾਸਰੀ ਮ: ੫, ਪੰਨਾ ੬੮੦)*

ਭਾਵ ਗੁਰੂ ਦਾ ਜੋ ਸ਼ਬਦ ਹੈ ਇਹੋ ਗੁਰੂ ਦੇ ਚਰਨ ਹਨ, ਅਰਥਾਤ ਗੁਰੂ ਸ਼ਬਦ ਦੇ ਭਾਵਾਰਥ ਨੂੰ ਅੰਤਰ ਆਤਮੇ ਧਾਰਨ ਕਰਨਾ ਇਹੋ ਗੁਰੂ ਦੇ ਚਰਨਾਂ ਨੂੰ ਅੰਦਰ ਵਸਾਉਣਾ ਹੈ। ਜਿਵੇਂ ਸਿਖ ਦਾ ਗੁਰੂ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਹੈ, ਸੋ ਗੁਰੂ ਗ੍ਰੰਥ ਸਾਹਿਬ ਜੀ ਦਾ ਬਾਹਰਲਾ ਆਕਾਰ ਤਾ ਸਾਨੂੰ ਦਿੱਸਦਾ ਹੈ। ਜੋ ਸਾਨੂੰ ਦਿੱਸਣ ਵਿਚ ਆਉਂਦਾ ਹੈ ਉਹ ਹੈ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ, ਕਾਗਜ਼, ਸਿਆਹੀ। ਪਰ ਜੋ ਬਾਣੀ ਵਿਚ ਤੱਤ ਸਰੂਪ ਗਿਆਨ ਹੈ, ਸੂਖਮ ਵੀਚਾਰ ਤੇ ਅਗੰਮ ਅਗੋਚਰ ਸਿਧਾਂਤ ਹੈ, ਉਸਦਾ ਅਕਾਰ ਤੇ ਰੂਪ ਰੇਖ ਕੋਈ ਨਹੀਂ। ਬੱਸ, ਉਸ ਅਨਭਉ ਸਰੂਪ ਨੂੰ ਤਾਂ ਅੰਤਰ ਆਤਮੇ ਅਨੁਭਵ ਹੀ ਕੀਤਾ ਜਾ ਸਕਦਾ ਹੈ, ਜੇ ਉਸ ਪ੍ਰਕਾਸ਼ ਸਰੂਪ ਨੂੰ ਅਸੀਂ ਇਨ੍ਹਾਂ ਅਸਥੂਲ ਨੇਤ੍ਰਾਂ ਰਾਹੀਂ ਵੇਖਣਾ ਚਾਹੀਏ ਤਾਂ ਇਹ ਨਹੀਂ ਹੋ ਸਕਦਾ। ਕਿਉਂਕਿ ਇਹ ਅਸਥੂਲ ਨੇਤ੍ਰ ਤਾਂ ਕੇਵਲ ਬਾਹਰਲੇ ਅਸਥੂਲ ਪਦਾਰਥਾਂ ਨੂੰ ਹੀ ਵੇਖ ਸਕਦੇ ਹਨ। ਉਸ ਪ੍ਰਮੇਸ਼ਰ ਪਤੀ ਦੇ ਸਰੂਪ ਨੂੰ ਵੇਖਣ ਲਈ ਤਾਂ ਹਜ਼ੂਰ

ਦਾ ਬਾਣੀ ਵਿਚ ਇਉਂ ਹੁਕਮ ਹੈ ਕਿ :

ਨਾਨਕ ਸੇ ਅਖੜੀਆ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੧॥ *(ਪੰਨਾ ੫੭੭)*

ਭਾਵ, ਜਿਨ੍ਹਾਂ ਨੇਤਰਾਂ ਨਾਲ ਅਸੀਂ ਉਸ ਪ੍ਰਭੂ ਪਤੀ ਦੇ ਪ੍ਰਕਾਸ਼ ਸਰੂਪ ਨੂੰ ਵੇਖ ਸਕਦੇ ਹਾਂ ਉਹ ਕੇਵਲ ਵੀਚਾਰ ਦੇ ਹੀ ਨੇਤ੍ਰ ਹਨ, ਇਸ ਲਈ ਹੇ ਭਾਈਓ ! ਰੱਬੀ ਮਾਰਗ 'ਤੇ ਟੁਰਨ ਵਾਲੇ ਪਾਂਧੀ ਨੂੰ ਗੁਰਮੱਤ ਅਨੁਸਾਰ ਗੁਰੂ ਦੇ ਸ਼ਬਦ ਦਾ ਹੀ ਅਭਿਆਸੀ ਹੋਣਾ ਚਾਹੀਦਾ ਹੈ, ਇਹੋ ਹੀ ਗੁਰੂ ਦੇ ਚਰਨਾਂ ਨੂੰ ਹਿਰਦੇ ਅੰਦਰ ਵਸਾਉਣਾ ਹੈ।

ਪ੍ਰ: ਭਾਈ ਸਾਹਿਬ ਜੀਉ ! ਇਹ ਤਾਂ ਆਪ ਜੀ ਨੇ ਨਿਰੋਲ ਗੁਰਮਤ ਅਨੁਸਾਰ ਜੀਵਨ ਗੁਜ਼ਾਰਨ ਵਾਲੇ ਗੁਰਮਤੀਆਂ ਦੀ ਧਾਰਨਾ ਦਰਸਾਈ ਹੈ, ਜੋ ਜੀਵਨ ਮੁਕਤੀ ਦੇ ਹੱਕਦਾਰ ਹਨ, ਪਰ ਕਈ ਲੋਕ ਐਸੇ ਭੀ ਵੇਖਣ ਵਿਚ ਆਉਂਦੇ ਹਨ ਜੋ ਦੇਵੀ ਦੇਵਤਿਆਂ ਦੇ ਪੂਜਕ ਹਨ ਜਾਂ ਉਨ੍ਹਾਂ ਦੀਆਂ ਮੂਰਤੀਆਂ ਦੇ ਜਾਂ ਕਿਸੇ ਹੋਰ ਵਿਅਕਤੀ ਦੀ ਤਸਵੀਰ ਅੱਗੇ ਰੱਖ ਕੇ ਉਸਦਾ ਧਿਆਨ ਧਰਦੇ ਹਨ, ਕਿਉਂ ਜੀ ! ਉਨ੍ਹਾਂ ਨੂੰ ਕੀ ਫਲ ਮਿਲੇਗਾ ? ਇਸ ਬਾਰੇ ਆਪ ਜੀ ਦੀ ਕੀ ਸੋਚਣੀ ਹੈ ?

ਉ: ਹੇ ਭਾਈਓ ! ਸੱਚ ਤਾਂ ਇਹੋ ਹੈ ਕਿ ਜੋ ਤੁਹਾਡੇ ਵਲੋਂ ਕੋਈ ਭੀ ਪ੍ਰਸ਼ਨ ਕੀਤਾ ਜਾਂਦਾ ਹੈ ਉਸਦੇ ਉੱਤਰ ਵਿਚ ਮੇਰੇ ਆਪਣੇ ਵੀਚਾਰ ਕੋਈ ਨਹੀਂ ਹੋਇਆ ਕਰਦੇ ਮੈਨੂੰ ਤਾਂ ਗੁਰੂ ਦੀ ਗੁਰਬਾਣੀ ਵਿਚੋਂ ਜੋ ਵੀਚਾਰ ਪ੍ਰਾਪਤ ਹੋਏ ਹਨ, ਉਨ੍ਹਾਂ ਨੂੰ ਹੀ ਮੁੱਖ ਰੱਖ ਕੇ ਚੰਦ ਸ਼ਬਦ ਕਹਿਣ ਦਾ ਯਤਨ ਕਰਿਆ ਕਰਦਾ ਹਾਂ। ਲਓ ਸੁਣੋ :

ਹੇ ਭਾਈ ! ਜੋ ਲੋਕ ਕਰਤੇ ਕਰਤਾਰ ਨੂੰ ਛੱਡ ਕੇ ਉਸਦੀ ਕਿਰਤ ਨੂੰ ਪੂਜਦੇ ਹਨ ਗੁਰਮਤ ਨੇ ਉਨ੍ਹਾਂ ਨੂੰ ਨਹੀਂ ਕਬੂਲਿਆ, ਅਜਿਹੇ ਮੂਰਤ ਪੁਜਾਰੀਆਂ ਦੀ ਪੂਜਾ ਦਾ ਬਾਣੀ ਵਿਚ ਕਈ ਥਾਂਵਾਂ 'ਤੇ ਬਾਰ ਬਾਰ ਖੰਡਨ ਕੀਤਾ ਸਾਡੇ ਪੜ੍ਹਨ ਵਿਚ ਆਉਂਦਾ ਹੈ, ਜਿਵੇਂ ਕਿ :

ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ ਅਉਤਰੈ ॥੩॥ *(ਪੰਨਾ ੮੭੪)*

ਸਮੁੱਚਾ ਭਾਵ ਇਹੋ ਹੈ ਕਿ ਜੋ ਨਿਰਾਕਾਰ ਨੂੰ ਛੱਡ ਕੇ ਕਿਸੇ ਭੀ ਅਕਾਰ ਦੀ ਅਰਾਧਨਾ ਕਰਦਾ ਹੈ ਉਹ ਬਾਰ ਬਾਰ ਸਰੀਰਾਂ ਦੇ ਅਕਾਰਾਂ ਵਿਚ ਹੀ ਆਉਂਦਾ ਜਾਂਦਾ ਰਵੇਗਾ, ਉਸਦੀ ਨਿਰਾਕਾਰ ਵਿਚ ਅਭੇਦਤਾ ਨਹੀਂ ਹੋਵੇਗੀ, ਫ਼ਰਜ਼ ਕਰੋ ਜਦ ਕਿਸੇ ਉਪਾਸ਼ਕ ਨੇ ਕਿਸੇ ਭੀ ਦੇਵੀ ਦੇਵ ਜਾਂ ਕਿਸੇ ਵਿਅਕਤੀ ਦੀ ਮੂਰਤੀ ਨੂੰ ਦਸ ਸਾਲ ਉਪਾਸ਼ਨਾ ਕਰਕੇ ਆਪਣੇ ਅੰਤਰ ਆਤਮੇ ਵਸਾ ਲਿਆ ਹੈ, ਜਿਤਨਾ ਚਿਰ ਉਸਦੇ ਅੰਦਰ ਉਹ ਮੂਰਤੀ ਵੱਸਦੀ ਹੈ ਉਤਨਾ ਚਿਰ ਉਸਦੇ ਅੰਦਰ ਉਹ ਨਿਰੰਕਾਰ ਨਹੀਂ ਵੱਸ ਸਕਦਾ, ਕਿਉਂਕਿ ਬਾਣੀ ਵਿਚ ਇਹ ਸੰਕੇਤਕ ਮਹਾਂਵਾਕ ਆਉਂਦੇ ਹਨ ਕਿ :

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥
*(ਪੰਨਾ ੪੭੪)*

ਭਾਵ ਕਿਸੇ ਭਾਂਡੇ ਵਿਚ ਦੂਜੀ ਵਸਤੂ ਤਦੇ ਹੀ ਪੈ ਸਕਦੀ ਹੈ ਜੇ ਉਸ ਵਿਚ ਪਹਿਲੇ ਪਈ ਵਸਤੂ ਨੂੰ ਪਾਸੇ ਕੀਤਾ ਜਾਵੇ, ਅਰਥਾਤ ਖ਼ਾਲੀ ਬਰਤਨ ਵਿਚ ਹੀ ਕਿਸੇ ਸ਼ੈ ਨੂੰ ਟਿਕਾਇਆ ਜਾ ਸਕਦਾ ਹੈ। ਦੂਜੀ ਗੱਲ ਇਹ ਭੀ ਮੰਨਣ ਯੋਗ ਹੋਵੇਗੀ ਕਿ ਜਿਸ ਉਪਾਸ਼ਕ ਨੇ ਕਿਸੇ ਮੂਰਤੀ ਨੂੰ ਅੰਦਰ ਵਸਾਉਣ ਲਈ ਦਸ ਸਾਲ ਗੁਜ਼ਾਰੇ ਹਨ ਉਸਨੂੰ ਅੰਦਰੋਂ ਬਾਹਰ ਨਿਕਾਲਣ ਲਈ ਹੋ ਸਕਦਾ ਹੈ ਕਿ ਵੀਹ ਸਾਲ ਗੁਜ਼ਾਰਨੇ ਪੈਣ। ਕਿਉਂਕਿ ਮੂਰਤੀ ਨੂੰ ਅੰਦਰ ਵਸਾਉਣ ਨਾਲੋਂ ਬਾਹਰ ਕੱਢਣ ਲਈ ਦੁੱਗਣਾ ਵਕਤ ਲਗਿਆ ਕਰਦਾ ਹੈ। ਇਸ ਲਈ ਗੁਰਮਤ ਅਨੁਸਾਰ ਕਿਸੇ ਤ੍ਰਿਗੁਣੀ ਮੂਰਤੀ ਦੀ ਉਪਾਸ਼ਨਾ ਦਾ ਤਿਆਗ ਕਰਕੇ ਕੇਵਲ ਇਕ ਨਿਰਾਕਾਰ ਦੇ ਹੀ ਪੁਜਾਰੀ ਬਣਨਾ ਯੋਗ ਹੈ। ਗੁਰਬਾਣੀ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਅੰਦਰ ਗੁਰਮਤ ਦੇ ਸਿਧਾਂਤ ਨੂੰ ਅੰਕਤ ਕਰਨ ਦਾ ਉਪਰਾਲਾ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ ! ਮੈਂ ਤਾਂ ਇਹੋ ਨਿਸਚਾ ਕਰਦਾ ਹਾਂ ਕਿ) ਗੁਰਮੁਖਾਂ ਲਈ ਸੁਖ ਫਲ, ਪ੍ਰੇਮ ਰਸ ਹੀ ਹੈ ਜੋ (ਪਿਆਰ ਨਾਲ) ਗੁਰੂ ਚਰਨਾਂ ਨੂੰ ਧੋਂਦੇ ਤੇ ਚਰਣਾਮ੍ਰਿਤ ਪੀਂਦੇ ਹਨ।

(੨) (ਫਿਰ ਉਹ) ਸੁਖ ਸੰਪਟ (ਭਾਵ ਗੁਰੂ ਦੇ ਅਰਾਧਨਾ ਕਰਨ ਵਾਲੇ ਸਿੰਮ੍ਰਤੀ ਰੂਪ ਡੱਬੇ) ਵਿਚ ਰੱਖ ਕੇ ਚਰਨ ਕਮਲਾਂ ਦੇ ਰਸ ਨੂੰ ਪੀਂਦੇ ਹਨ।

ਪ੍ਰ: ਕਿਉਂ ਜੀ ! ਉਸ ਰਸ ਦੁਆਰੇ ਉਨ੍ਹਾਂ ਨੂੰ ਪ੍ਰਾਪਤੀ ਕੀ ਹੁੰਦੀ ਹੈ ?

(੩) ਉ: (ਹੇ ਭਾਈਓ ! ਇਉਂ ਸਮਝੋ ਕਿ ਜਿਵੇਂ) ਕੰਵਲਾਂ ਦੇ ਬਾਗ਼ ਵਿਚ ਕੰਵਲ ਚੜ੍ਹਦੇ ਸੂਰਜ ਨੂੰ ਵੇਖਦੇ ਹੀ ਖ਼ੁਸ਼ ਹੋ ਖਿੜ ਜਾਂਦੇ ਹਨ (ਇਉਂ ਹੀ ਗੁਰਸਿੱਖ ਗੁਰੂ ਦੇ ਦੀਦਾਰ ਕਰ ਪ੍ਰਸੰਨ ਚਿੱਤ ਹੋ ਵਿਸਮਾਦਤ ਹੁੰਦੇ) ਹਨ।

(੪) (ਹੋਰ ਸੁਣੋ, ਜਿਵੇਂ) ਕੰਮੀਆਂ ਚੰਦ੍ਰਮਾ ਦਾ ਮੁਖ ਵੇਖ ਕੇ ਖਿੜ ਜਾਂਦੀਆਂ ਹਨ (ਇਸੇ ਤਰ੍ਹਾਂ) ਗੁਰ-ਸਿਖ ਸਤਿਗੁਰੂ ਦੇ ਸੀਤਲਤਾ ਰੂਪ ਅੰਮ੍ਰਿਤ ਚਰਨਾਂ ਨੂੰ ਪਰਸ ਕੇ ਅਨੰਦ ਹੁੰਦੇ ਹਨ।

ਪ੍ਰ: ਕਿਉਂ ਜੀ, ਅਜਿਹੇ ਗੁਰਸਿੱਖੀ ਦੀ ਧਾਰਨਾ ਵਾਲੇ ਗੁਰਸਿੱਖ ਕਿਤਨੇ ਕੁ ਹੋਣਗੇ ਕੀ ਕੋਈ ਅੰਦਾਜ਼ਾ ਹੈ?

(੫) ਉ: (ਹੇ ਭਾਈਓ! ਇਉਂ ਹੀ ਅਨੁਭਵ ਹੁੰਦਾ ਹੈ ਕਿ) ਚਰਨ ਕੰਵਲ ਦੀ ਵਾਸ਼ਨਾ ਨੂੰ ਲੱਖਾਂ ਸੂਰਜ (ਵਤ ਉੱਜਲੇ ਮੱਥੇ ਵਾਲੇ ਗੁਰਸਿੱਖ) ਭਵਰੇ ਬਣ ਸਤਿਗੁਰੂ ਜੀ ਦੇ ਚਰਨਾਂ ਨੂੰ ਪਰਸ ਰਹੇ ਹਨ।

ਪ੍ਰ: ਕਿਉਂ ਜੀ! ਉਨ੍ਹਾਂ ਨੂੰ ਹੋਰ ਕੀ ਫਲ ਮਿਲਦਾ ਹੈ?

(੬) ਉ: (ਹੇ ਪਿਆਰੇ!) ਜਿਵੇਂ ਲੱਖਾਂ ਤਾਰੇ, ਸੂਰਜ ਚੜ੍ਹਨ ਨਾਲ ਅਲੋਪ ਹੋ ਜਾਂਦੇ ਹਨ (ਇਸੇ ਤਰ੍ਹਾਂ ਹੀ ਗੁਰ ਸ਼ਰਨੀ ਪਏ ਗੁਰਸਿੱਖ ਦੇ ਲੱਖਾਂ ਵਿਕਾਰ) ਛੁਪ ਜਾਂਦੇ ਹਨ, ਉਹ (ਵਿਕਾਰ) ਆਪਣੇ ਆਪ ਨੂੰ ਸੰਭਾਲ ਨਹੀਂ ਸਕਦੇ।

ਪ੍ਰ: ਕਿਉਂ ਜੀ! ਗੁਰੂ ਦੇ ਚਰਨਾਂ ਵਿਚ ਕਿਤਨੀ ਕੁ ਕ੍ਰਾਂਤੀ ਹੈ?

(੭) ਉ: ਹੇ ਭਾਈਓ! ਸਤਿਗੁਰੂ ਜੀ ਦੇ ਚਰਨ ਕਮਲਾਂ ਦੀਆਂ ਪੱਤੀਆਂ ਵਿਚੋਂ ਲੱਖਾਂ ਸੂਰਜ (ਕ੍ਰਾਂਤੀ ਵਾਲੇ ਰਾਜੇ, ਮਹਾਰਾਜੇ ਤੇ ਬਾਦਸ਼ਾਹ ਆ ਝੁਕਦੇ ਤੇ) ਚਰਨਾਂ ਵਿਚ ਸਮਾ (ਲੁਕ) ਜਾਂਦੇ ਹਨ।

(੮) (ਇਸ ਲਈ ਹੇ ਭਾਈਓ! ਅਜਿਹੇ ਮਹਾਨ ਪ੍ਰਕਾਸ਼ ਵਾਲੇ ਪੂਰੇ ਗੁਰੂ ਦੀ) ਸਿੱਖਿਆ ਪ੍ਰਾਪਤ ਕਰਕੇ, ਗੁਰੂ ਦੇ ਸਿਖ ਸੌਖੇ (ਇਸ ਦੁਨੀਆਂ ਵਿਚ ਅਤੇ ਅਗੇ ਪਰਲੋਕ ਵਿਚ ਵੀ) ਸੁਖਾਲੇ ਹੋ ਜਾਂਦੇ ਹਨ।੬।

*ਭਾਵਾਰਥ:* ਇਸ ਪਉੜੀ ਅੰਦਰ ਭਾਈ ਸਾਹਿਬ ਜੀ ਨੇ ਅਤਿਅੰਤ ਪ੍ਰੀਤ ਦਾ ਵਰਣਨ ਕੀਤਾ ਹੈ ਕਿ ਸੂਰਜ ਦੇ ਅੱਗੇ ਲੱਖਾਂ ਤਾਰੇ ਛੁਪ ਜਾਂਦੇ ਹਨ, ਪਰ ਗੁਰੂ ਦੇ ਚਰਨ ਕੰਵਲਾਂ ਦੇ ਇਕ ਪੱਤਰ ਵਿਖੇ ਲੱਖਾਂ ਸੂਰਜ ਲੁਕਦੇ ਹਨ। ਸੂਰਜ ਕਉਲਾਂ ਨੂੰ ਖਿੜਾਉਂਦਾ ਹੈ ਤੇ ਕੰਮੀਆਂ ਨੂੰ ਮੁਰਝਾਉਂਦਾ ਹੈ, ਪਰ ਇਹ ਦੋਹਾਂ ਨੂੰ ਹੀ ਅਨੰਦ ਦਿੰਦੇ ਹਨ। ਜੋ ਅਜਿਹੇ ਗੁਰੂ ਦੇ ਸਿਖ ਗੁਰੂ ਦੀ ਸਿੱਖਿਆ ਧਾਰਨ ਕਰਦੇ ਹਨ ਉਹ ਜੀਵਨ ਭਰ ਹੀ ਸੁਖਾਂ ਵਿਚ ਸੁਖੀ ਰਹਿੰਦੇ ਹਨ।

## ੭. ਗੁਰਸਿੱਖੀ ਵਿਚ ਏਕਤਾ ਦਾ ਮਹਾਨ ਗੁਣ

੧. ਚਾਰ ਵਰਨ ਇਕ ਵਰਨ ਕਰਿ
ਵਰਨ ਅਵਰਨ ਤਮੋਲ ਗੁਲਾਲੇ।
੨. ਅਸ਼ਟ ਧਾਤ ਇਕ ਧਾਤ ਕਰਿ
ਵੇਦ ਕਤੇਬ ਨ ਭੇਦ ਵਿਚਾਲੇ।
੩. ਚੰਦਨ ਵਾਸ ਵਣਾਸਪਤਿ
ਅਫਲ ਸਫਲ ਵਿੱਚ ਵਾਸ ਬਹਾਲੇ।
੪. ਲੋਹਾ ਸੁਇਨਾ ਹੋਇ ਕੈ
ਸੁਇਨਾ ਹੋਇ ਸੁਗੰਧ ਵਿਖਾਲੇ।
੫. ਸੁਇਨੇ ਅੰਦਰ ਰੰਗ ਰਸ
ਚਰਣਾਮ੍ਰਿਤ ਅੰਮ੍ਰਿਤ ਮਤਵਾਲੇ।
੬. ਮਾਣਕ ਮੋਤੀ ਸੁਇਨਿਅਹੁ
ਜਗਮਗ ਜੋਤਿ ਹੀਰੇ ਪਰਵਾਲੇ।
੭. ਦਿੱਬਦੇਹ ਦਿੱਬ ਦ੍ਰਿਸ਼ਟਿ ਹੋਇ
ਸ਼ਬਦ ਸੁਰਤਿ ਦਿੱਬ ਜੋਤ ਉਜਾਲੇ।
੮. ਗੁਰਮੁਖ ਸੁਖ ਫਲ ਰਸਕ ਰਸਾਲੇ॥੭॥

*ਪਦ ਅਰਥ:* ਤਮੋਲ—ਪਾਨਾਂ ਦਾ ਬੀੜਾ। ਗੁਲਾਲੇ—ਪੋਸਤ ਦਾ ਫੁੱਲ। ਬਹਾਲੇ—ਵਾਸ਼ਨਾ ਨੂੰ ਵਿਚ ਬਿਠਾ ਦੇਂਦਾ ਹੈ। ਪਰਵਾਲੇ—ਮੂੰਗੇ। ਦਿੱਬ ਜੋਤ ਉਜਾਲੇ—ਦਿੱਬ ਜੋਤੀ ਦਾ ਪਰਕਾਸ਼, ਝਿਲ ਮਿਲ।

*ਅਰਥ:*

ਪ੍ਰ: ਭਾਈ ਸਾਹਿਬ ਜੀਓ! ਪਿਛਲਾ ਸਨਾਤਨ ਇਤਿਹਾਸ ਪੜ੍ਹਨ ਸੁਣਨ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਤੋਂ ਪਹਿਲੋਂ ਭੀ ਗੁਰੂ ਅਤੇ ਚੇਲੇ ਦੀ ਪ੍ਰਥਾ ਬੜੀ ਦੇਰ ਕਾਲ ਤੋਂ ਚਲੀ ਆ ਰਹੀ ਸੀ, ਉਹ ਗੁਰੂ ਭੀ ਆਪੋ ਆਪਣੇ ਚੇਲਿਆਂ ਨੂੰ ਆਪਣੀ ਆਪਣੀ ਸੰਪ੍ਰਦਾਇ ਅਨੁਸਾਰ ਚੱਲਣ ਦੀ ਸਿੱਖਿਆ ਦਿਆ ਕਰਦੇ ਸਨ ਉਨ੍ਹਾਂ ਅਨੇਕਾਂ ਡੇਰੇ ਵਾਲੇ ਸੰਤ ਮਹੰਤਾਂ ਦੀਆਂ ਰੀਤਾਂ ਭੀ ਵਖੋ ਵਖ ਸਨ, ਜਿਨ੍ਹਾਂ ਦਾ ਇਕ ਦੂਜੇ ਨਾਲ ਪ੍ਰਸਪਰ ਕੋਈ ਭੀ ਤਾਲ-ਮੇਲ ਨਹੀਂ ਸੀ ਹੋਇਆ ਕਰਦਾ। ਪਰ

ਇਹ ਦਸੋ ਕਿ ਗੁਰੂ ਨਾਨਕ ਪਾਤਸ਼ਾਹ ਨੇ ਨਾਨਕ ਨਾਮ ਲੇਵਾ ਗੁਰ ਸਿੱਖਾਂ ਲਈ ਆਪਣੀ ਕਿਹੜੀ (ਨਵੀਨ) ਰਹੁ-ਰੀਤ ਚਲਾਈ ਜਿਸ 'ਤੇ ਗੁਰ ਸਿਖ ਨੂੰ ਜੀਵਨ ਗੁਜ਼ਾਰਦੇ ਰਹਿਣ ਦੀ ਪ੍ਰੇਰਨਾ ਦਿਤੀ ਹੈ?

ਉ: ਹੇ ਭਾਈਓ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਤਾਂ ਸਾਨੂੰ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਬਾਣੀ ਵਿਚੋਂ ਹੀ ਮਿਲ ਜਾਂਦਾ ਹੈ ਕਿ ਆਪ ਜੀ ਨੇ ਪੁਰਾਣੇ ਜੁਗਾਂ ਦੇ ਕਰਮ-ਕਾਂਡ ਦਾ ਤਿਆਗ ਕਰਵਾ ਕੇ ਕੇਵਲ ਉਸ ਨਿਰੰਕਾਰ ਦੀ ਨਿਰੋਲ ਬੰਦਗੀ ਕਰਨ ਦੀ ਹੀ ਪ੍ਰੇਰਨਾ ਕੀਤੀ ਹੈ। ਆਪ ਜੀ ਨੇ ਸੰਸਾਰ ਦੇ ਕੋਨੇ ਕੋਨੇ ਵਿਚ ਪੁੱਜ ਕੇ ਇਹੋ ਵੰਗਾਰ ਦਿਤੀ ਕਿ ਐ ਦੁਨੀਆ ਦੇ ਲੋਕੋ! ਹੁਣ ਸਮਾਂ ਕਲਜੁਗ ਦਾ ਆ ਗਿਆ ਹੈ ਇਸ ਕਰਕੇ ਕੇਵਲ ਨਾਮ ਦਾ ਹੀ ਸਿਮਰਨ ਕਰੋ।

ਦੂਸਰਾ ਉਸ ਸਮੇਂ ਜੋ ਜਾਤ ਵਰਣ ਦਾ ਬਹੁਤ ਵਿਤਕਰਾ ਸੀ ਇਸ ਨੂੰ ਭੀ ਆਪ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਰਾਹੀਂ ਖੰਡਨ ਕੀਤਾ, ਇਹ ਜੋ ਮਨੂੰ ਜੀ ਨੇ ਇਕੋ ਹੀ ਰੱਬ ਦੇ ਬੰਦਿਆਂ ਨੂੰ ਬ੍ਰਾਹਮਣ, ਖੱਤ੍ਰੀ, ਵੈਸ਼ ਅਤੇ ਸੂਦਰ ਦੇ ਚਾਰ ਵਰਣ ਬਣਾ ਕੇ ਬੰਦੇ ਨਾਲ ਬੰਦੇ ਦਾ ਮਿਲਣਾ ਹੀ ਔਖਾ ਕਰ ਦਿਤਾ ਸੀ ਇਕੋ ਰੱਬ ਦੇ ਬੰਦਿਆਂ ਨੂੰ ਭਰਾਤ੍ਰੀ ਭਾਵ ਵਿਚ ਰਹਿਣ ਦੀ ਪ੍ਰੇਰਨਾ ਕੀਤੀ। ਗੁਰੂ ਨਾਨਕ ਦੇਵ ਜੀ ਦੇ ਦਿਤੇ ਉਪਦੇਸ਼ ਤੋਂ ਪ੍ਰੇਰਨਾ ਲੈ ਕੇ ਹੀ ਮੈਂ ਉਨ੍ਹਾਂ ਦੇ ਨਿਰੋਲ ਏਕਤਾ ਦੇ ਭਰੇ ਉਦੇਸ਼ ਨੂੰ ਇਸ ਪਉੜੀ ਵਿਚ ਅੰਕਤ ਕੀਤਾ ਹੈ, ਉਨ੍ਹਾਂ ਦਾ ਪਹਿਲਾ ਨਿਰਪੱਖ ਉਪਦੇਸ਼ ਇਹੋ ਹੈ ਜੋ ਕਿ ਮੈਂ ਅਨੁਭਵ ਕੀਤਾ ਹੈ ਕਿ ਹੇ ਭਾਈਓ:

(੧) (ਪੂਰੇ ਸਤਿਗੁਰੂ ਜੀ ਨੇ) ਚਾਰੇ ਵਰਣਾਂ ਨੂੰ ਇਕ ਵਰਣ (ਸਿਖ) ਬਣਾ ਕੇ, ਰੰਗਾ ਰੰਗ ਦੇ ਤੰਬੋਲ (ਪਾਨ) ਤੋਂ ਲਾਲ ਗੁਲਾਲ ਰੰਗ ਵਾਲੇ (ਗੁਰਸਿੱਖ) ਪੈਦਾ ਕਰ ਦਿਤੇ।

ਪ੍ਰ: ਕਿਉਂ ਜੀ! ਹੋਰ ਕੀ ਬਖ਼ਸ਼ਸ਼ ਕੀਤੀ?

(੨) ਉ: (ਹੇ ਭਾਈ! ਹੋਰ ਇਉਂ ਹੀ ਸਮਝੋ ਕਿ ਜਿਸ ਤਰ੍ਹਾਂ ਪਾਰਸ) ਅੱਠਾ ਧਾਤਾਂ ਨੂੰ ਛੂਹ ਕੇ ਇਕ ਸੋਨਾ ਰੂਪ ਕਰ ਦੇਂਦਾ ਹੈ, (ਇਸੇ ਤਰ੍ਹਾਂ ਗੁਰੂ ਜੀ ਨੇ ਗੁਰ ਸਿਖ ਲਈ) ਵੇਦਾਂ ਕਤੇਬਾਂ ਵਿਚਲੇ ਭੇਦ ਨੂੰ ਮਿਟਾ ਕੇ (ਸਭ ਨੂੰ ਇਕੋ ਪ੍ਰਭੂ ਦੀ ਪੈਦਾਇਸ਼ ਦਾ ਉਪਦੇਸ਼ ਦੇ ਕੇ ਸਿਖ ਵਿਚੋਂ ਨਫ਼ਰਤ ਤੇ ਦੁਜੈਗੀ ਨੂੰ) ਦੂਰ ਕਰ ਦਿਤਾ।

ਪ੍ਰ: ਕਿਉਂ ਜੀ! ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਨ ਵਾਲੇ ਸਿਖ ਦੀ ਮਾਨਸਕ ਧਾਰਨਾ ਕਿਸ ਰੂਪ ਵਿਚ ਵਰਤਦੀ ਹੈ?

(੩) ਉ: (ਹੇ ਭਾਈਓ! ਇਉਂ ਹੀ ਸਮਝੋ ਕਿ ਜਿਸ ਤਰ੍ਹਾਂ) ਚੰਦਨ ਦਾ ਰੁੱਖ ਆਲੇ ਦੁਆਲੇ ਦੀ ਸਭ ਵਣਾਸਪਤੀ (ਛੋਟੇ ਵੱਡੇ ਬੂਟਿਆਂ ਵਿਚ) ਆਪਣੀ ਵਾਸ਼ਨਾ ਬਹਾ ਦੇਂਦਾ ਹੈ।

(੪) (ਜਿਸ ਤਰ੍ਹਾਂ) ਲੋਹਾ ਸੋਨਾ ਹੋ ਕੇ ਆਪਣੀ ਸੁਗੰਧ (ਚਮਕ) ਹੋਰ ਗਹਿਣਿਆਂ ਦੇ ਰੂਪ ਵਿਚ ਬਦਲ ਕੇ ਆਪਣੀ ਚਮਕ ਦਮਕ ਨੂੰ ਵਿਖਾਲਦਾ ਹੈ (ਇਸੇ ਤਰ੍ਹਾਂ ਸੱਚਾ ਸਿਖ ਕਿਤੇ ਵੀ ਹੋਵੇ, ਉਹ ਗੁਰਸਿੱਖੀ ਦੀ ਮਹਿਮਾ ਹੀ ਫੈਲਾਉਂਦਾ ਹੈ।)

ਪ੍ਰ: ਕਿਉਂ ਜੀ! ਸੋਨੇ ਤੇ ਗੁਰੂ ਦੇ ਸਿਖ ਵਿਚ ਪਰਸਪਰ ਕੀ ਭੇਦ ਹੈ?

(੫) ਉ: (ਹੇ ਭਾਈ! ਮੈਂ ਤਾਂ ਇਉਂ ਹੀ ਵੇਖਦਾ ਹਾਂ ਕਿ) ਸੋਨੇ ਵਿਚ ਚਮਕ ਦਮਕ ਤਾਂ ਹੈ, ਪਰ ਰਸ ਨਹੀਂ ਹੈ, ਪਰ ਗੁਰੂ ਦੇ ਸਿਖ ਗੁਰੂ ਚਰਣਾਮ੍ਰਿਤ ਪੀ ਕੇ ਸੋਨਾ ਬਣਨਗੇ, ਉਨ੍ਹਾਂ ਵਿਚ ਪ੍ਰੇਮ ਦਾ ਰਸ ਵੀ, ਭਾਵ ਸਿਖੀ ਦੀ ਚਮਕ ਤੇ ਪ੍ਰੇਮਾ ਭਗਤੀ ਦਾ ਰਸ ਦੋਵੇਂ ਹੀ ਗੁਣ ਪੈਦਾ ਹੋ ਜਾਂਦੇ ਹਨ।

ਪ੍ਰ: ਕਿਉਂ ਜੀ! ਪੂਰਨ ਗੁਰਸਿੱਖ ਦੀ ਪਛਾਣ ਕੀ ਹੈ?

(੬) ਉ: ਹੇ ਪਿਆਰੇ! ਪੂਰਨ ਗੁਰਸਿੱਖ ਦੇ ਵਿਸ਼ਾਲ ਹਿਰਦੇ ਵਿਚ ਦੈਵੀ ਗੁਣਾਂ ਰੂਪ-ਮੋਤੀ, ਮੂੰਗੇ ਤੇ ਲਾਲਾਂ ਦਾ ਜਗਮਗ ਪ੍ਰਕਾਸ਼ ਹੋ ਜਾਂਦਾ ਹੈ।

(੭) (ਇਸ ਪ੍ਰਕਾਸ਼ ਤੋਂ) ਗੁਰਸਿੱਖ ਨੂੰ ਦਿਬ-ਦ੍ਰਿਸ਼ਟੀ ਤੇ ਸਰੀਰ ਵੀ ਦਿਬ (ਦੈਵੀ ਗੁਣਾਂ ਵਾਲਾ) ਹੋ ਜਾਂਦਾ ਹੈ।

ਪ੍ਰ: ਕਿਉਂ ਜੀ! ਐਸੇ ਗੁਰ-ਸਿੱਖਾਂ ਨੂੰ ਆਖ਼ਰ ਫਲ ਕੀ ਹਾਸਲ ਹੁੰਦਾ ਹੈ?

(੮) ਉ: (ਹੇ ਭਾਈਓ! ਇਉਂ) ਗੁਰਸਿੱਖ ਨਾਮ ਦੇ ਰਸੀਏ ਬਣਕੇ ਅੰਮ੍ਰਿਤ ਰਸ ਦਾ ਰੂਪ ਹੀ ਬਣ ਜਾਂਦੇ ਹਨ। (ਇਹੋ ਉਨ੍ਹਾਂ ਨੂੰ ਫਲ ਮਿਲਦਾ ਹੈ)।੭।

***ਭਾਵਾਰਥ :*** ਜਿਵੇਂ, ਚੂੰਨਾ, ਕਥਾ, ਸੁਪਾਰੀ ਤੇ ਪਾਨ ਦਾ ਜਦ ਬੀੜਾ ਬਣਦਾ ਹੈ ਤਦ ਪੋਸਤ ਦੇ ਗੂੜ੍ਹੇ ਲਾਲ ਫੁਲ ਵਾਂਗੂ ਰੰਗ ਨਿਕਲਦਾ ਹੈ, ਤਿਵੇਂ ਹੀ ਜਦ ਗੁਰ ਸ਼ਬਦ ਕਰਕੇ ਆਤਮ ਗਿਆਨ ਹੁੰਦਾ ਹੈ ਤਦ ਚਾਰ ਵਰਨਾਂ ਦਾ ਦੇਹ ਅਭਿਮਾਨ ਛੁਟ ਕੇ ਇਕੋ ਆਤਮਾ ਦ੍ਰਿਸ਼ਟੀ ਹੋ ਜਾਂਦੀ ਹੈ। ਦੂਜਾ ਦ੍ਰਿਸ਼ਟਾਂਤ ਹੈ ਕਿ ਜਿਵੇਂ ਪਾਰਸ ਅੱਠਾਂ ਧਾਤਾ ਨੂੰ ਸੋਨਾ ਕਰਦਾ ਹੈ, ਇਥੇ ਖੱਤ੍ਰੀ, ਬ੍ਰਾਹਮਣ, ਸ਼ੂਦਰ, ਵੈਸ਼, ਚਾਰ ਵਰਣ ਤੇ ਗ੍ਰਿਸਤੀ, ਬਾਨ ਪ੍ਰਸਤੀ, ਗਿਆਨੀ, ਬ੍ਰਹਮਚਾਰੀ ਇਨ੍ਹਾਂ ਅੱਠਾਂ ਧਾਤਾਂ ਦੀਆਂ ਪੁਤਲੀਆ ਸੋਨਾ ਹੋ ਕੇ ਹੋਰਨਾਂ ਨੂੰ ਭੀ ਸੋਨਾ ਕਰਦੀਆਂ ਹਨ। ਇਹ ਗੱਲ ਇਨ੍ਹਾਂ ਵਿਖੇ ਵਿਸ਼ੇਸ਼ ਹੈ, ਕਿਉਂ ਜੋ ਪਾਰਸ ਨਾਲ ਛੋਹ ਜੋ ਸੋਨਾ ਬਣਦਾ ਹੈ ਉਹ ਹੋਰ ਨੂੰ ਸੋਨਾ ਨਹੀ ਕਰ ਸਕਦਾ, ਦੂਜਾ ਇਸ ਸੋਨੇ ਤੋਂ ਮੋਤੀ ਤੇ

ਮਾਣਕ ਆਦਿ ਅਮੋਲਕ ਪਦਾਰਥ ਸ਼ੁਭ ਗੁਣਾਂ ਰੂਪੀ ਨਿਕਲਦੇ ਹਨ, ਇਸ ਗੱਲ ਦਾ ਅਸਚਰਜ ਨਹੀਂ ਹੈ। ਵੇਖੋ ਸਿੱਪ ਜਦ ਸ੍ਵਾਂਤੀ ਬੂੰਦ ਪੀਂਦੀ ਹੈ ਅਮੋਲਕ ਰਤਨ ਕੱਢਦੀ ਹੈ ਏਥੇ ਗੁਰਮੁਖ ਲੋਕ ਗੁਰੂ ਦੇ ਚਰਣਾਮ੍ਰਿਤ ਰੂਪੀ ਸ੍ਵਾਂਤੀ ਬੂੰਦ ਨੂੰ ਪਾਨ ਕਰਕੇ ਗੁਣਾਂ ਦੇ ਅਮੋਲਕ ਮੋਤੀ ਕੱਢਦੇ ਹਨ।

## ੮. ਗੁਰਮੁਖਾਂ ਦੀ ਪ੍ਰੀਤਿ ਦਾ ਵਰਣਨ

੧. ਪ੍ਰੇਮ ਪਿਆਲਾ ਸਾਧ ਸੰਗ
ਸ਼ਬਦ ਸੁਰਤਿ ਅਨਹਦ ਲਿਵ ਲਾਈ।
੨. ਧਿਆਨੀ ਚੰਦ ਚਕੋਰ ਗਤਿ
ਅੰਮ੍ਰਿਤ ਦ੍ਰਿਸ਼ਟਿ ਸ੍ਰਿਸ਼ਟਿ ਵਰਸਾਈ।
੩. ਘਨਹਰ ਚਾਤ੍ਰਿਕ ਮੋਰ ਜਯੋਂ
ਅਨਹਦ ਧੁਨਿ ਸੁਨਿ ਪਾਇਲ ਪਾਈ।
੪. ਚਰਣ ਕਵਲ ਮਕਰੰਦ ਰਸ
ਸੁਖ ਸੰਪਟ ਹੁਇ ਭਵਰ ਸਮਾਈ।
੫. ਸੁਖਸਾਗਰ ਵਿਚ ਮੀਨ ਹੋਇ
ਗੁਰਮੁਖ ਚਾਲਿ ਨ ਖੋਜ ਖੁਜਾਈ।
੬. ਅਪਿਉ ਪੀਅਣ ਨਿੱਝਰ ਝਰਣ
ਅੱਜਰ ਜਰਣ ਨ ਅਲਖ ਲਖਾਈ।
੭. ਵੀਹ ਇਕੀਹ ਉਲੰਘਿ ਕੈ
ਗੁਰਸਿੱਖੀ ਗੁਰਮੁਖ ਫਲ ਪਾਈ।
੮. ਵਾਹਿਗੁਰੂ ਵੱਡੀ ਵਡਿਆਈ॥੮॥

***ਪਦ ਅਰਥ :*** ਅਨਹਦ—(ਅਨ+ਹਦ) ਹੱਦ ਰਹਿਤ, ਸੀਮਾਂ ਰਹਿਤ, ਅਪਾਰ। ਵੀਹ—ਸੰਸਾਰ। ਇਕੀਹ—ਈਸ਼ਵਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜੋ ਸਿਖ ਗੁਰੂ ਦੀ ਸੰਗਤ ਵਿਚ ਆਉਣ ਵਾਲੇ ਹਨ, ਉਨ੍ਹਾਂ ਦੀ ਮਾਨਸਕ ਅਵਸਥਾ ਵਿਚ ਕੀ ਬਦਲ ਆ ਜਾਂਦੀ ਹੈ, ਉਨ੍ਹਾਂ ਨੂੰ ਕਿਵੇਂ ਪਛਾਣਿਆ ਜਾ ਸਕਦਾ ਹੈ, ਇਹ ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਜੋ ਗੁਰੂ ਦੇ ਸਿਖ ਗੁਰੂ ਦੀ ਸੰਗਤ ਵਿਚ ਆਉਣ ਵਾਲੇ ਹਨ ਜੇ ਤੁਸੀਂ ਉਨ੍ਹਾਂ ਦੀ ਬਾਹਰਲੀ ਸਰੀਰਕ ਕ੍ਰਿਆ ਤਕੋਗੇ ਤਾਂ ਤੁਹਾਨੂੰ ਵਧੇਰੇ ਫ਼ਰਕ ਨਹੀਂ ਦਿਸੇਗਾ ਕਿਉਂਕਿ ਉਨ੍ਹਾਂ ਦੇ ਸਰੀਰ ਦੀ ਕ੍ਰਿਆ ਬਾਕੀ ਦੇ ਸੰਸਾਰੀ ਲੋਕਾਂ ਵਾਂਗ ਹੀ ਨਜ਼ਰ ਆਵੇਗੀ, ਪਰ ਹਾਂ ਉਹ ਗੁਰਮੁਖ ਸਿਖ ਸੰਸਾਰ ਦੇ ਸਾਰੇ ਕਾਰੋਬਾਰ ਕਰਦੇ ਹੋਏ ਭੀ ਮਨ ਕਰਕੇ ਇਸੇ ਤਰ੍ਹਾਂ ਨਿਰਲੇਪ ਦਿੱਸਣਗੇ ਜਿਵੇਂ ਪਾਣੀ ਵਿਚ ਰਹਿੰਦਾ ਹੋਇਆ ਕੰਵਲ ਦਾ ਫੁੱਲ ਸਦਾ ਹੀ ਅਲਿਪਤ ਰਹਿੰਦਾ ਹੈ, ਬਾਣੀ ਦੀ ਵੀਚਾਰ ਕਰਨ ਤੋਂ ਜੋ ਮੈਨੂੰ ਗੁਰਮੁਖਾਂ ਦੀ ਮਾਨਸਕ ਕ੍ਰਿਆ ਵਿਚ ਬਦਲ ਆਈ ਦਿੱਸੀ ਹੈ ਉਸਨੂੰ ਮੈਂ ਇਸ ਪਉੜੀ ਵਿਚ ਅੰਕਤ ਕਰਨ ਦਾ ਉੱਦਮ ਕੀਤਾ ਹੈ, ਜਿਵੇਂ ਕਿ:

(੧) (ਹੇ ਭਾਈਓ! ਜੇ ਵੀਚਾਰ ਦ੍ਰਿਸ਼ਟੀ ਨਾਲ ਤੱਕੀਏ ਤਾਂ ਇਉਂ ਹੀ ਪ੍ਰਤੀਤ ਹੋਵੇਗਾ ਕਿ) ਸਾਧ ਸੰਗਤ (ਇਕ ਸੱਚਖੰਡ ਹੈ ਇਸ ਵਿਚ ਜਾ ਕੇ ਸਿਖ ਨੇ) ਪ੍ਰੇਮ ਪਿਆਲੇ (ਦੀ ਪ੍ਰੀਤੀ) ਵਿਚ ਮਸਤ ਹੋ ਕੇ, ਸ਼ਬਦ ਵਿਚ ਆਪਣੀ ਸੁਰਤ ਨੂੰ ਜੋੜ ਦਿੱਤਾ, (ਭਾਵ ਇਕ ਰਸ ਲਿਵ ਲਾਈ ਹੈ)।

(੨) (ਜੇ ਗਹੁ ਨਾਲ ਤੱਕੀਏ ਤਾਂ ਇਉਂ ਹੀ ਨਜ਼ਰ ਆਵੇਗਾ ਕਿ ਗੁਰੂ ਦਾ ਸਿਖ ਚਕੋਰ ਵਾਂਗ) ਧਿਆਨ ਲਾਉਂਦਾ (ਉਹ ਸਮਝ ਤੇ ਦ੍ਰਿੜ੍ਹ ਕਰ ਲੈਂਦਾ ਹੈ ਕਿ ਸਤਿਗੁਰੂ ਜੀ ਦੀ) ਅੰਮ੍ਰਿਤ ਦ੍ਰਿਸ਼ਟੀ (ਤੱਕਣੀ) ਨਾਲ ਹੀ ਸ੍ਰਿਸ਼ਟੀ ਵਰਸਾਈ ਹੋਈ ਹੈ।

(੩) (ਅਤੇ ਜਿਵੇਂ) ਬੱਦਲਾਂ ਦੀ ਘਨਘੋਰ ਘਟਾਂ ਨੂੰ ਵੇਖ ਕੇ ਪਪੀਹਾ ਤੇ ਮੋਰ (ਖ਼ੁਸ਼ ਹੁੰਦੇ ਤੇ ਬੱਦਲਾਂ ਦੀ ਲਗਾਤਾਰ) ਅਨਹਦ ਧੁਨੀ ਨੂੰ ਸੁਣ ਕੇ ਮੋਰ ਪੈਲਾਂ ਪਾਉਣ ਲੱਗ ਜਾਂਦਾ ਹੈ। (ਇਸੇ ਤਰ੍ਹਾਂ ਹੀ ਸਿਖ ਵੀ ਗੁਰੂ ਦੇ ਦਰਸ਼ਨ ਕਰਕੇ ਨਿਹਾਲ ਹੋ ਜਾਂਦਾ ਹੈ)।

(੪) (ਹੇ ਭਾਈ! ਐਸਾ ਗੁਰਸਿੱਖ ਸੁਖੀ ਹੋ) ਚਰਨਾਂ ਕਮਲਾਂ ਦੀ ਧੂੜੀ ਦੇ ਰਸ ਵਿਚ ਰਸਿਆ ਹੋਇਆ ਸੁਖਾਂ ਦੇ ਵਿਚ ਹੀ ਸਮਾ ਜਾਂਦਾ ਹੈ।

(੫) (ਉਹ ਗੁਰਸਿੱਖ ਗੁਰੂ ਦੀ ਸਾਧ ਸੰਗਤ ਦੇ) ਸੁਖ ਸਾਗਰ ਵਿਚ ਮੱਛੀ ਵਾਂਗ ਹੋ ਜਾਂਦਾ ਹੈ ਤੇ ਉਸਦੀ ਚਾਲ (ਤੋਰ) ਦਾ ਪਤਾ ਨਹੀਂ ਲੱਗਦਾ।

(੬) (ਉਹ ਐਸੇ ਗੁਰਸਿੱਖ ਸਿਮਰਨ ਦਾ ਰੂਪ ਬਣ ਕੇ ਨਾਮ ਦੇ) ਇਕ ਰਸ ਝਰ ਰਹੇ ਅੰਮ੍ਰਿਤ ਨੂੰ ਪੀਂਦੇ (ਤੇ ਇਸ ਮਸਤੂਲ ਮਸਤੀ ਦੀ ਹਾਲਤ ਦਾ ਕਿਸੇ ਨੂੰ ਭੇਤ ਨਹੀਂ ਦਿੰਦੇ ਇਸ) ਅਜਰ, ਨ ਜਰੀ ਜਾਣ ਵਾਲੀ ਗਤੀ ਨੂੰ ਜਰਨ ਵਾਲੇ ਬਣ ਜਾਂਦੇ ਹਨ।

(੭) (ਐਸੇ ਗੁਰਸਿੱਖ) ਵੀਹ ਤੇ ਇਕੀਹ (ਜੀਵ ਤੇ ਈਸ਼ਰ ਵਿਚ ਕਿਤਨੀ ਕੁ ਵਿੱਥ ਹੈ) ਨੂੰ ਲੰਘ ਜਾਂਦੇ ਹਨ ਤੇ ਗੁਰਸਿੱਖੀ ਦੇ ਸੁਖ ਫਲ ਨੂੰ ਪ੍ਰਾਪਤ ਕਰਦੇ ਹਨ।

(੮) (ਉਸ ਗੁਰਸਿੱਖ ਨੂੰ ਸਮਝ ਪੈ ਜਾਂਦੀ ਹੈ ਕਿ) ਇਕ ਵਾਹਿਗੁਰੂ (ਨੂੰ ਪ੍ਰਾਪਤ ਕਰਨ) ਦੀ ਵਡਿਆਈ ਹੀ ਸਭ ਤੋਂ ਵੱਡੀ ਤੇ ਮਹਾਨ ਹੈ।੮।

***ਭਾਵਾਰਥ :*** ਭਾਈ ਸਾਹਿਬ ਜੀ ਨੇ ਚਕੋਰ, ਚਾਤ੍ਰਿਕ, ਮੋਰ, ਮੱਛੀ ਦਾ ਉਦਾਹਰਣ ਦੇਂਦਿਆਂ ਹੋਇਆਂ ਗੁਰਮੁਖ ਲੋਕਾਂ ਦਾ ਆਪਣੇ ਗੁਰੂ ਨਾਲ ਪਿਆਰ ਦਰਸਾਇਆ ਹੈ, ਕਿ ਗੁਰਸਿੱਖ ਸਦਾ ਹੀ ਆਪਣੇ ਪਿਆਰੇ ਦੇ ਪਿਆਰ ਵਿਚ ਮਸਤ ਰਹਿੰਦੇ ਹਨ।

## ੯. ਸਤਿਗੁਰੂ ਦੀ ਬਖ਼ਸ਼ਸ਼ ਹੈ ਨਿਰਬਾਣ ਪਦਵੀ

੧. ਕੱਛੂ ਆਂਡਾ ਧਿਆਨ ਧਰਿ
ਕਰਿ ਪਰਪੱਕ ਨਦੀ ਵਿਚ ਆਣੈ।
੨. ਕੂੰਜ ਰਿਦੈ ਸਿਮਰਣ ਕਰੈ
ਲੈ ਬੱਚਾ ਉਡਦੀ ਅਸਮਾਣੈ।
੩. ਬੱਤਕ ਬੱਚਾ ਤੁਰਤੁਰਾ
ਜਲ ਥਲ ਵਰਤੈ ਸਹਿਜ ਵਿਡਾਣੈ।
੪. ਕੋਇਲ ਪਾਲੈ ਕਾਵਣੀ
ਮਿਲਦਾ ਜਾਇ ਕੁਟੰਬ ਸਿਞਾਣੈ।
੫. ਹੰਸ ਵੰਸ ਵਸਿ ਮਾਨਸਰ
ਮਾਣਕ ਮੋਤੀ ਚੋਗ ਚੁਗਾਣੈ।
੬. ਗਜਾਨ ਧਜਾਨ ਸਿਮਰਣ ਸਦਾ
ਸਤਿਗੁਰ ਸਿੱਖ ਰਖੈ ਨਿਰਬਾਣੈ।
੭. ਭੂਤ ਭਵਿੱਖਹੁ ਵਰਤਮਾਨ
ਤ੍ਰਿਭਵਣ ਸੋਝੀ ਮਾਣ ਨਿਮਾਣੈ।
੮. ਜਾਤੀ ਸੁੰਦਰ ਲੋਕ ਨ ਜਾਣੈ॥੯॥

***ਪਦ ਅਰਥ :*** ਵਿਡਾਣੈ—ਅਸਚਰਜ। ਹੰਸ ਵੰਸ—ਹੰਸ ਦੇ ਬੱਚੇ। ਨਿਰਬਾਣੈ—ਨਿਰਬੰਧ, ਸਹਿਜ ਪਦ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਜਿਨ੍ਹਾਂ ਗੁਰਮੁਖਾਂ ਦੀ ਮਾਨਸਕ ਅਵਸਥਾ ਦਾ ਜ਼ਿਕਰ ਕਰਦੇ ਹੋ ਕਿ ਉਹ ਇਤਨੀਆਂ ਬੁਲੰਦੀਆਂ 'ਤੇ ਜਾ ਪੁੱਜੀ ਹੈ ਜਿਥੇ ਕਿ ਉਨ੍ਹਾਂ ਦੀ ਅਜਿਹੀ ਸਮ-ਦ੍ਰਿਸ਼ਟੀ ਹੋ ਗਈ ਕਿ ਉਨ੍ਹਾਂ ਦੇ ਅੰਦਰੋਂ (ਪਰਾਈ ਤਾਤ ਹੀ ਵਿਸਰ ਗਈ) ਹੈ, ਕਿਉਂ ਜੀ! ਇਹ ਉਚੀ ਨਿਰਬਾਣ ਪਦਵੀ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਸਾਧਨ ਕੀ ਕਰਨਾ ਪਿਆ ਹੈ, ਦੱਸਣ ਦੀ ਖੇਚਲ ਕਰੋ ਤਾਂਕਿ ਸਾਡੇ ਅੰਤਰ ਆਤਮੇ ਭੀ ਉਨ੍ਹਾਂ ਦੈਵੀ ਗੁਣਾਂ ਦੇ ਧਾਰਨ ਕਰਨ ਦੀਆਂ ਭਾਵਨਾਵਾਂ ਉਪਜ ਸਕਣ?

**ਉ:** ਹੇ ਭਾਈਓ! ਜਿਥੇ ਤਕ ਮੈਨੂੰ ਗੁਰਮੁਖਾਂ ਦੀ ਗੁਰਮਤ ਦੇ ਸਿਖਰਾਂ ਤਕ ਪੁੱਜਣ ਦਾ ਗੁਰਬਾਣੀ ਦੁਆਰੇ ਬੋਧ ਮਿਲ ਸਕਿਆ ਹੈ ਉਸ ਤੋਂ ਇਹੋ ਸਾਬਤ ਹੁੰਦਾ ਹੈ ਕਿ ਇਹ ਸਾਰੀ ਬਖ਼ਸ਼ਸ਼ ਸਤਿਗੁਰੂ ਜੀ ਦੀ ਹੈ ਕਿਉਂਕਿ ਜਿਨ੍ਹਾਂ ਸਾਧਕਾਂ 'ਤੇ ਉਹ ਮੇਹਰ ਕਰਦੇ ਹਨ ਉਨ੍ਹਾਂ ਨੂੰ ਸਤਿਸੰਗਤ ਦਾ ਸੰਜੋਗ ਬਖ਼ਸ਼ ਕੇ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਦਾ ਉੱਦਮ ਪ੍ਰਦਾਨ ਕਰਦੇ ਹਨ ਕਿਉਂਕਿ ਬਾਣੀ ਦਾ ਭੀ ਇਹੋ ਫੁਰਮਾਨ ਹੈ ਕਿ :

ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ
ਇਤੁ ਸੰਜਮਿ ਦੁਖ ਜਾਹਿ॥੨॥ *(ਪੰਨਾ ੪੬੬)*

ਭਾਵ, ਗੁਰੂ ਦੇ ਸ਼ਬਦ ਦੀ ਕਮਾਈ ਦਾ ਸਦਕਾ ਉਨ੍ਹਾਂ ਦੇ ਸਾਰੇ ਮਾਨਸਕ ਦੁਖਾਂ ਦੀ ਨਵਿਰਤੀ ਹੋ ਜਾਂਦੀ ਹੈ, ਇਸ ਤਰ੍ਹਾਂ ਉਨ੍ਹਾਂ ਦੀ ਸੁਰਤਿ ਬੁਲੰਦੀਆਂ 'ਤੇ ਜਾ ਪੁਜਦੀ ਹੈ, ਉਹ ਕਮਾਈ ਕਰਨ ਵਾਲੇ ਭਾਵਨਾ ਭਰੇ ਗੁਰਮੁਖ ਭਾਵੇਂ ਕਿਤਨੀਆਂ ਭੀ ਦੂਰੀਆਂ ਪਰ ਹੋਣ ਆਖ਼ਰ ਗੁਰੂ ਸਹਿਜੇ ਸਹਿਜੇ ਆਪਣੇ ਨਾਲ ਹੀ ਉਨ੍ਹਾਂ ਨੂੰ ਅਭੇਦ ਕਰ ਲੈਂਦਾ ਹੈ, ਉਹ ਗੁਰੂ ਆਪਣੇ ਨਾਲ ਭੇਦ ਕਿਵੇਂ ਕਰਦਾ ਹੈ ਇਸ ਭਾਵ ਨੂੰ ਮੈਂ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਲਾਇਨਾਂ ਉੱਕਰੀਆਂ ਹਨ :

(੧) (ਹੇ ਭਾਈਓ! ਵੇਖੋ ਜਿਵੇਂ) ਕਛੂ ਕੁੰਮੀਂ (ਬਰੇਤੇ ਉਤੇ ਪਾਣੀ ਤੋਂ ਬਾਹਰ) ਅੰਡਾ ਦੇਂਦੀ ਤੇ ਆਪ ਨਦੀ ਵਿਚੋਂ ਉਨ੍ਹਾਂ ਦਾ ਧਿਆਨ ਧਰਦੀ ਹੈ ਜਦ ਧਿਆਨ ਨਾਲ ਹੀ ਬੱਚਾ ਬਣ ਜਾਂਦਾ ਹੈ (ਤਾਂ ਆਂਡੇ ਨੂੰ) ਨਦੀ ਵਿਚ ਲੈ ਆਉਂਦੀ ਹੈ।

(੨) (ਦੂਜਾ ਉਦਾਹਰਣ ਹੈ ਕਿ ਜਿਵੇਂ) ਕੂੰਜ (ਆਪਣੇ ਬੱਚੇ ਕਿਤੇ ਦੇਂਦੀ ਹੈ ਤੇ ਫਿਰ) ਹਿਰਦੇ ਵਿਚ ਸਿਮਰਨ ਹੀ ਕਰਦੀ ਹੈ, ਜਿਸ ਨਾਲ ਬੱਚੇ ਪਲ ਜਾਂਦੇ ਹਨ, (ਤਾਂ ਫਿਰ) ਬੱਚੇ ਨੂੰ ਆਪਣੇ ਨਾਲ ਲੈ ਕੇ ਅਸਮਾਨਾਂ ਵਿਚ ਉਡ ਜਾਂਦੀ ਹੈ।

(੩) (ਹੋਰ ਸੁਣੋ ਜਿਵੇਂ) ਬੱਤਕ ਦਾ ਬੱਚਾ ਮਾਂ ਦੇ ਮਗਰ ਲੱਗ ਧਰਤੀ ਉਤੇ ਤੇ ਫਿਰ ਪਾਣੀ ਵਿਚ ਵੀ ਮਗਰ ਚਲਾ ਜਾਂਦਾ ਹੈ, ਕਿਤਨੀ ਵੱਡੀ ਅਸਚਰਜਤਾ ਦੀਆਂ ਇਹ ਗੱਲਾ ਹਨ।

(੪) (ਦੂਜੇ ਪਾਸੇ) ਕੋਇਲ ਦੇ ਬੱਚੇ ਨੂੰ ਕਾਉਣੀ (ਆਪਣੇ ਬੱਚਿਆਂ ਵਿਚ ਰੱਖ ਕੇ) ਪਾਲਦੀ ਹੈ, ਪਰ ਵੱਡੇ ਹੋ ਕੇ ਆਪਣੀ ਬੋਲੀ ਪਛਾਣ ਕੇ, ਉਹ ਆਪਣੇ ਪਰਵਾਰ ਵਿਚ ਹੀ ਜਾ ਮਿਲਦੇ ਹਨ।

(੫) ਹੰਸਾਂ ਦੇ ਬੱਚੇ ਮਾਨਸਰੋਵਰ ਉਤੇ ਹੀ ਰਹਿੰਦੇ ਹਨ ਤੇ ਉਥੇ ਹੀ ਮਾਣਕ ਮੋਤੀ ਚੁਗਦੇ ਹਨ। (ਇਵੇਂ ਹੀ ਗੁਰਸਿੱਖ ਸਾਧ ਸੰਗਤ ਰੂਪ ਮਾਨਸਰੋਵਰ ਤੋਂ ਨਾਮ ਰੂਪੀ ਹੀਰੇ ਮੋਤੀਆਂ ਨੂੰ ਚੁਗਦੇ ਹਨ।)

(੬) (ਉੱਪਰ ਦਿੱਤੀਆਂ ਉਦਾਹਰਣਾਂ ਤੋਂ ਭਾਵ ਹੈ ਕਿ) ਸਤਿਗੁਰੂ ਜੀ ਸਿਖ ਨੂੰ ਗਿਆਨ ਧਿਆਨ ਤੇ ਸਿਮਰਨ ਵਿਚ ਲੀਨ ਰੱਖਦੇ ਤੇ ਨਿਰਬਾਣ ਪਦ (ਵਿਸ਼ਿਆਂ ਤੋਂ ਨਿਰਲੇਪ) ਵਿਚ ਟਿਕਾ ਦੇਂਦੇ ਹਨ।

ਪ੍ਰ: ਕਿਉਂ ਜੀ! ਉਸ ਸਿਖ ਨੂੰ ਬੋਧ ਕਿਸ ਪ੍ਰਕਾਰ ਦਾ ਹੋ ਆਉਂਦਾ ਹੈ

(੭) ਉ: (ਹੇ ਭਾਈ! ਉਸ ਗੁਰਸਿੱਖ ਨੂੰ) ਭੂਤ-ਭਵਿੱਖ ਤੇ ਵਰਤਮਾਨ ਤਿੰਨਾਂ ਹੀ ਸਮਿਆਂ ਦੀ ਸੋਝੀ ਹੋ ਆਉਂਦੀ ਹੈ, (ਪਰ ਉਹ ਸੱਚੇ ਗੁਰਮੁਖ ਬਣਕੇ) ਇਸ ਮਾਣ ਦੇ ਮਾਲਕ ਹੋ ਕੇ ਵੀ ਉਹ ਨਿਰਮਾਣਤਾ ਵਿਚ ਰਹਿੰਦੇ ਹਨ।

(੮) (ਹੇ ਪਿਆਰੇ! ਉਨ੍ਹਾਂ ਗੁਰਮੁਖਾਂ ਦੀ) ਜਾਤ ਤਾਂ ਸੁੰਦਰ ਹੈ ਪਰ ਲੋਕੀ ਨਹੀ ਜਾਣ ਸਕਦੇ (ਕਿ ਇਹ ਗੁਰਮੁਖਾ ਨੂੰ ਸਖ਼ਸੀ ਸੁੰਦਰਤਾ ਸਤਿਗੁਰੂ ਦੀ ਬਖ਼ਸ਼ਿਸ ਤੇ ਕੁਦਰਤੀ ਦਾਤ ਹੈ।)।੯।

*ਭਾਵਾਰਥ :* ਭਾਈ ਸਾਹਿਬ ਜੀ ਇਸ ਪਉੜੀ ਅੰਦਰ ਇਹ ਭਾਵ ਜਣਾ ਰਹੇ ਹਨ ਕਿ ਸਤਿਗੁਰੂ ਜੀ ਆਪਣੇ ਸਿੱਖਾਂ ਦੀ ਕੂੰਜ, ਕੱਛੂ ਆਦਿਕ ਵਾਂਗੂੰ ਸਿਮਰਣ ਨਾਲ ਰੱਖਿਆ ਕਰਦੇ ਹਨ, ਪਰ ਜਦ ਕਦੀ ਪਰਾਰਬਧ ਵੇਗ ਨਾਲ ਕੁਸੰਗ ਵਿਚ ਜਾਣ ਤਾਂ ਉਹ ਫਿਰ ਗੁਰੂ ਦਾ ਸ਼ਬਦ ਸੁਣ ਕੇ ਸੰਗਤ ਵਿਚ ਆ ਮਿਲਦੇ ਹਨ, ਕਿਉਂਕਿ ਉਨ੍ਹਾਂ ਦਾ ਜਾਤੀ ਸੁਭਾਉ ਹੀ ਉੱਤਮ ਹੈ, ਕੁਕੜੀ ਦੇ ਬੱਚੇ ਭੀ ਹੰਸਾਂ ਦੇ ਬੱਚਿਆਂ ਦੀ ਰੀਸ ਨਾਲ ਪਿਛੇ ਲੱਗ ਤੁਰਦੇ ਹਨ ਪਰ ਜਦ ਅੱਗੇ ਪਾਣੀ ਆ ਜਾਵੇ ਤਾਂ ਬੱਤਕ ਬੱਚਿਆ ਨੂੰ ਨਾਲ ਲੈ ਕੇ ਵਿਚ ਠਿੱਲ੍ਹ ਪੈਂਦੀ ਹੈ, ਪਰ ਕੁਕੜੀ ਦੇ ਬੱਚੇ ਪਿਛਾਹਾਂ ਮੁੜ ਕੇ ਅਰੂੜੀ ਪਰ ਹੀ ਆਪਣਾ ਚੋਗਾ ਚੁਗਦੇ ਹਨ, ਕੋਇਲ ਦਾ ਬੱਚਾ ਕਾਵਾਂ ਦੇ ਕੁਸੰਗ ਵਿਚੋਂ ਫੇਰ ਮਾਂ ਦੀ ਬੋਲੀ ਸੁਣ ਕੇ ਪਰਵਾਰ ਵਿਚ ਆ ਜਾਂਦਾ ਹੈ, ਤਿਵੇਂ ਸਿਖ ਸੰਸਾਰ ਦੇ ਧੰਦਿਆਂ ਵਿਚ ਫਸ ਕੇ ਆਖ਼ਰ ਫਿਰ ਭੀ ਨਿਕਲ ਆਉਂਦਾ ਹੈ।

## ੧੦. ਗੁਰੂ ਅਤੇ ਗੁਰਸਿੱਖ ਦੀ ਵਿਸ਼ੇਸ਼ਤਾ

**੧. ਚੰਦਨ ਵਾਸ ਵਣਾਸਪਤਿ**
**ਬਾਵਨ ਚੰਦਨ ਚੰਦਨ ਹੋਈ।**
**੨. ਫਲ ਵਿਣ ਚੰਦਨ ਬਾਵਨਾ**
**ਆਦਿ ਅਨਾਦਿ ਬਿਅੰਤ ਸਦੋਈ।**
**੩. ਚੰਦਨ ਬਾਵਨ ਚੰਦਨਹੁ**
**ਚੰਦਨ ਵਾਸ ਨ ਚੰਦਨ ਕੋਈ।**
**੪. ਅਸ਼ਟ ਧਾਤ ਇਕ ਧਾਤ ਹੋਇ**
**ਪਾਰਸ ਪਰਸੇ ਕੰਚਨ ਜੋਈ।**
**੫. ਕੰਚਨ ਹੋਇ ਨ ਕੰਚਨਹੁ**
**ਵਰਤਮਾਨ ਵਰਤੈ ਸਭ ਲੋਈ।**
**੬. ਨਦੀਆਂ ਨਾਲੇ ਗੰਗ ਸੰਗ**
**ਸਾਗਰ ਸੰਜਮ ਖਾਰਾ ਸੋਈ।**
**੭. ਬਗਲਾ ਹੰਸ ਨ ਹੋਵਈ**
**ਮਾਨਸਰੋਵਰ ਜਾਇ ਖਲੋਈ।**
**੮. ਵੀਹਾਂ ਦੇ ਵਰਤਾਰੇ ਓਹੀ॥੧੦॥**

*ਪਦ ਅਰਥ :* ਵਣਾਸਪਤਿ—ਬਿਛ ਬੂਟੇ। ਸਦੋਈ—ਕਿਹਾ ਜਾਂਦਾ ਹੈ। ਜੋਈ—ਜੇਹੜਾ, ਓਹੋ ਹੀ। ਲੋਈ—ਲੋਕ। ਵੀਹਾਂ ਦੇ ਵਰਤਾਰੈ—ਸੰਸਾਰਕ ਕਾਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਪੁਰਾਤਨ ਪੁਸਤਕਾਂ ਵਿਚੋਂ ਬਾਵਨ ਚੰਦਨ ਅਤੇ ਪਾਰਸ, ਇਨ੍ਹਾਂ ਵਿਚ ਬਹੁਤ ਵੱਡੀ

ਵਿਸੇਸਤਾ ਵੇਖਣ ਵਿਚ ਆਉਂਦੀ ਹੈ ਜਿਸ ਕਰਕੇ ਇਨ੍ਹਾਂ ਦੀ ਸਿਫਤੋ ਸਾਲਾਹ ਕੀਤੀ ਜਾਂਦੀ ਹੈ, ਜਿਵੇਂ ਕਿ ਬਾਵਨ ਚੰਦਨ ਦੇ ਨੇੜੇ ਜਿਤਨੇ ਭੀ ਬਿਛ ਹਨ ਉਹ ਸਾਰੇ ਹੀ ਚੰਦਨ ਬਣ ਜਾਂਦੇ ਹਨ ਅਤੇ ਪਾਰਸ ਅੱਠਾਂ ਧਾਤਾਂ ਨੂੰ ਛੁਹ ਜਾਂਦਾ ਹੈ ਉਹ ਸੋਨਾ ਬਣ ਜਾਂਦੀਆਂ ਹਨ, ਕਿਉਂ ਜੀ ! ਤੁਹਾਡੀਆਂ ਨਜ਼ਰਾਂ ਵਿਚ ਇਨ੍ਹਾਂ ਤੋਂ ਵਧੇਰੇ ਵਿਸ਼ੇਸ਼ਤਾ ਰੱਖਣ ਵਾਲੀ ਭੀ ਕੋਈ ਸ਼ੈ ਹੈ, ਜੇ ਕੋਈ ਹੈ ਤਾਂ ਜਾਣਕਾਰੀ ਦਿਓ ?

ਉ: ਹੇ ਭਾਈਓ ! ਜਿਥੇ ਬਾਣੀ ਵਿਚ ਕਬੀਰ ਸਾਹਿਬ ਜੀ ਨੇ ਬਾਵਨ ਚੰਦਨ ਦਾ ਇਹ ਗੁਣ ਬਿਆਨ ਕੀਤਾ ਹੈ ਕਿ :

ਕਬੀਰ ਚੰਦਨ ਕਾ ਬਿਰਵਾ ਭਲਾ
ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ
ਬਸੇ ਜੁ ਚੰਦਨ ਪਾਸਿ॥੧੧॥

*(ਸਲੋਕ ਕਬੀਰ ਜੀ, ਪੰਨਾ ੧੩੬੫)*

ਭਾਵ ਜਿਥੇ ਬਾਵਨ ਚੰਦਨ ਦੇ ਪਾਸ ਵੱਸਣ ਵਾਲੇ ਢੱਕ ਤੇ ਪਲਾਸ ਦੇ ਬੂਟੇ ਚੰਦਨ ਬਣ ਜਾਂਦੇ ਹਨ। ਉਥੇ ਉਸ ਵਿਚ ਇਕ ਬਹੁਤ ਵੱਡੀ ਘਾਟ ਭੀ ਵੇਖਣ ਵਿਚ ਆਉਂਦੀ ਹੈ, ਜਿਵੇਂ ਕਿ :

ਕਬੀਰ ਬਾਂਸੁ ਬਡਾਈ ਬੂਡਿਆ
ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ
ਬਾਂਸੁ ਸੁਗੰਧੁ ਨ ਹੋਇ॥੧੨॥

*(ਸਲੋਕ ਕਬੀਰ ਜੀ, ਪੰਨਾ ੧੩੬੫)*

ਭਾਵ, ਬਾਂਸ ਚੰਦਨ ਦੇ ਨੇੜੇ ਵੱਸਦਾ ਹੋਇਆ ਭੀ ਚੰਦਨ ਦੀ ਸੁਗੰਧੀ ਤੋਂ ਖ਼ਾਲੀ ਰਹਿ ਜਾਂਦਾ ਹੈ ਇਸ ਲਈ ਉਸ ਵਿਚ ਪੂਰਨ ਮੁਕੰਮਲਤਾ ਨਹੀਂ ਪਾਈ ਜਾਂਦੀ। ਦੂਸਰਾ ਨਾ ਮੁਕੰਮਲਤਾਈ ਹੋਣ ਦਾ ਇਕ ਹੋਰ ਭੀ ਕਾਰਨ ਹੈ ਕਿ ਬਾਵਨ ਚੰਦਨ ਹੋਰਨਾਂ ਬੂਟਿਆਂ ਨੂੰ ਤਾਂ ਚੰਦਨ ਬਨਾਉਣ ਦੀ ਸਮਰੱਥਾ ਰੱਖਦਾ ਹੈ, ਪਰ ਉਹ ਚੰਦਨ ਕਿਸੇ ਹੋਰ ਨੂੰ ਅਗੇ ਚੰਦਨ ਨਹੀਂ ਬਣਾ ਸਕਦਾ।

ਦੂਸਰਾ ਹੈ ਪਾਰਸ, ਉਹ ਅੱਠਾਂ ਧਾਤਾਂ ਨੂੰ ਤਾਂ ਸੋਨਾ ਬਣਾ ਸਕਦਾ ਹੈ ਪਰ ਉਹ ਸੋਨਾ ਅਗੇ ਕਿਸੇ ਹੋਰ ਧਾਤ ਨੂੰ ਸੋਨਾ ਬਣਾਉਣ ਦੀ ਸਮਰੱਥਾ ਨਹੀਂ ਰਖਦਾ, ਇਸ ਲਈ ਉਸਨੂੰ ਭੀ ਪੂਰਨਤਾ ਦਾ ਦਰਜਾ ਨਹੀਂ ਦਿਤਾ ਜਾ ਸਕਦਾ।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਤੁਹਾਡੀਆਂ ਨਜ਼ਰਾਂ ਵਿਚ ਪੂਰਨ ਕੌਣ ਹੋ ਸਕਦਾ ਹੈ ?

ਉ: ਹੇ ਭਾਈਓ ! ਗੁਰਬਾਣੀ ਦੀ ਪੜਚੋਲ ਕਰਦਿਆਂ ਮੈਨੂੰ ਤਾਂ ਪੂਰਨਤਾ ਕੇਵਲ ਇਕ ਗੁਰੂ ਵਿਚ, ਦੂਜੀ ਗੁਰੂ ਦੇ ਸਿਖ ਵਿਚ ਹੀ ਨਜ਼ਰ ਆਈ ਹੈ, ਜਿਸਨੂੰ ਮੈਂ ਗੁਰਬਾਣੀ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਅੰਕਤ ਕਰਨ ਦਾ ਜਤਨ ਕੀਤਾ ਹੈ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਚੰਦਨ ਦੀ ਵਾਸ਼ਨਾ ਸਾਰੀ ਬਨਾਸਪਤੀ (ਵਿਚ ਫੈਲ ਜਾਂਦੀ ਹੈ ਪਰ) ਬਾਵਨ ਚੰਦਨ ਜੋ ਹੈ, ਉਹ ਸਭ ਬਿਛ ਬੂਟਿਆਂ ਨੂੰ ਚੰਦਨ ਬਣਾ ਦੇਂਦਾ ਹੈ।

(੨) (ਪਰ ਉਸ ਵਿਚ ਇਹ ਇਕ ਬਹੁਤ ਵੱਡੀ ਘਾਟ ਹੈ ਕਿ) ਬਾਵਨ ਚੰਦਨ ਨੂੰ ਫਲ ਕੋਈ ਨਹੀਂ ਲਗਦਾ, ਪਰ ਉਹ ਮਹਿਕਾਰ ਤੇ ਸੁਗੰਧੀ ਦੇਣ ਕਰਕੇ ਮੁਢੋਂ ਹੀ ਬੇਅੰਤ (ਗੁਣਾਂ ਵਾਲਾ) ਕਿਹਾ ਜਾਂਦਾ ਹੈ।

(੩) (ਇਹ ਠੀਕ ਹੈ ਕਿ) ਬਾਵਨ ਚੰਦਨ ਤੋਂ ਚੰਦਨ ਤਾਂ ਬਣ ਜਾਂਦਾ ਹੈ, ਪਰ ਅਗੇ ਚੰਦਨ ਤੋਂ ਚੰਦਨ ਨਹੀਂ ਬਣਦਾ। (ਇਸ ਵਿਚ ਬਾਵਨ ਚੰਦਨ ਨੂੰ ਸਤਿਗੁਰੂ ਲਈ ਵਰਤਿਆ ਹੈ, ਜੋ ਸਿੱਖਾਂ ਨੂੰ ਸਾਧ ਸੰਗਤ ਵਿਚ ਉਪਦੇਸ਼ ਦੇ ਕੇ, ਚੰਦਨ ਵਾਂਗ ਮਹਿਕ (ਗੁਣਾਂ) ਵਾਲੇ ਬਣਾ ਦੇਂਦੇ ਹਨ।)

(੪) (ਅਗੇ ਪਾਰਸ ਦਾ ਜ਼ਿਕਰ ਕਰਦੇ ਹਨ ਕਿ) ਪਾਰਸ ਵਿਚ ਇਹ ਸ਼ਕਤੀ ਹੈ ਕਿ ਉਹ ਜਿਸ ਧਾਤ ਨੂੰ ਵੀ ਛੋਹੇ ਉਸਨੂੰ ਸੋਨਾ ਬਣਾ ਦੇਂਦਾ ਹੈ। ਪਰ ਸੋਨੇ ਵਿਚ ਇਹ ਸ਼ਕਤੀ ਨਹੀਂ ਕਿ—

(੫) ਉਹ ਕਿਸੇ ਧਾਤ ਨੂੰ ਅਗੋ ਸੋਨਾ ਬਣਾ ਸਕੇ (ਪਰ ਸਿਖ ਨੂੰ ਗੁਰੂ ਜੀ ਨੇ ਇਹ ਬਖ਼ਸ਼ਸ਼ ਕੀਤੀ ਹੈ ਕਿ ਉਹ ਨਾਮ ਬਾਣੀ ਤੇ ਸਿਮਰਨ ਨਾਲ ਹੋਰਨਾਂ ਨੂੰ ਆਪਣੇ ਵਰਗਾ ਸਿਖ ਬਣਾ ਸਕਦਾ ਹੈ (ਭਾਵ ਗੁਰੂ ਦੀ ਸ਼ਰਨੀ ਪਾ ਕੇ ਗੁਰਸਿੱਖ ਬਣਾਉਂਦਾ ਹੈ)।

(੬) ਨਦੀਆਂ ਨਾਲੇ ਗੰਗਾ ਵਿਚ ਪੈ ਕੇ ਗੰਗਾ ਵਰਗੇ ਪਵਿੱਤ੍ਰ ਜਲ ਸਮਾਨ ਹੋ ਜਾਂਦੇ ਹਨ, ਪਰ ਉਹੀ ਗੰਗਾ ਜਦੋਂ ਸਮੁੰਦਰ ਵਿਚ ਜਾ ਪੈਂਦੀ ਹੈ, ਤਾਂ ਉਸਦੀ ਸੰਗਤ ਨਾਲ ਖਾਰੀ ਹੋ ਜਾਂਦੀ ਹੈ।

(੭) ਬਗਲਾ ਮਾਨ ਸਰੋਵਰ 'ਤੇ ਜਾ ਵੀ ਪਹੁੰਚੇ ਤਾਂ ਉਹ ਹੰਸ ਨਹੀਂ ਬਣ ਸਕਦਾ, (ਕਿਉਂਕਿ) ਹੰਸ ਨੇ ਹੀਰੇ ਮੋਤੀ ਖਾਣੇ ਹਨ ਤੇ ਬਗਲੇ ਨੇ ਮੱਛੀਆਂ। ਬਗਲਾ ਇਥੇ ਆਮ ਸੰਸਾਰੀ ਲੋਕਾਂ (ਮਨਮੁਖਾਂ) ਦਾ ਸੂਚਕ ਹੈ।

(੮) ਆਮ ਲੋਕ ਸੰਸਾਰੀ ਵਰਤੋਂ ਵਿਹਾਰਾਂ ਵਿਚ ਹੀ ਜ਼ਿੰਦਗੀਆਂ ਗੁਜ਼ਾਰ ਲੈਂਦੇ ਹਨ ਤੇ ਪ੍ਰਮਾਰਥ ਦੀ ਸੂਝ ਤੋਂ ਉਹ ਖ਼ਾਲੀ ਹੀ ਰਹਿੰਦੇ ਹਨ।੧੦।

*ਭਾਵਾਰਥ :* ਬਾਵਨ ਚੰਦਨ ਅਤੇ ਪਾਰਸ ਇਹ ਦੋਵੇਂ ਸੰਸਾਰਕ ਕਾਰੋਬਾਰ ਨੂੰ ਮੁਖ ਰੱਖ ਕੇ ਤਾਂ ਭਾਵੇਂ ਸਲਾਹੇ ਜਾ ਸਕਦੇ ਹਨ ਕਿਉਂਕਿ ਇਹ ਸੰਸਾਰੀ ਲੋਕਾਂ ਦੇ ਕਾਰੋਬਾਰ ਵਿਚ ਵਾਧਾ ਕਰਦੇ ਹਨ, ਪਰ ਇਹ ਪਰਮਾਰਥ ਦੇ ਮਾਰਗ ਵਿਚ ਸਹਾਇਕ ਨਹੀਂ ਬਣਦੇ, ਉਸ ਰੱਬੀ ਮਾਰਗ ਵਿਚ ਤਾਂ ਕੇਵਲ ਗੁਰੂ ਅਤੇ ਗੁਰੂ ਦੇ ਸਿਖ ਹੀ ਹਨ ਜੋ ਪ੍ਰਮੇਸ਼ਰ ਮਾਰਗ ਪਰ ਸਫਰ ਕਰਨ ਵਾਲੇ ਪਾਂਧੀਆਂ ਦੇ ਸਹਾਇਕ ਬਣ ਸਕਦੇ ਹਨ, ਇਸ ਲਈ ਬਾਵਨ ਚੰਦਨ ਅਤੇ ਪਾਰਸ ਤੋਂ ਸ਼ਰੋਮਣੀ ਗੁਰੂ ਅਤੇ ਗੁਰੂ ਦੇ ਸਿੱਖਾਂ ਨੂੰ ਹੀ ਮੰਨਣਾ ਜੋਗ ਹੈ ਜੋ ਕਿ ਆਪਣੀ ਛੋਹ ਨਾਲ ਕੌਡੇ ਵਰਗੇ ਰਾਖਸ਼, ਸਜਨ ਜੈਸੇ ਠੱਗਾਂ ਨੂੰ ਭੀ ਉੱਧਾਰ ਕਰਨ ਦੀ ਸਮਰੱਥਾ ਰਖਦੇ ਹਨ। ਇਸੇ ਭਾਵ ਨੂੰ ਗੁਰਬਾਣੀ ਵਿਚ ਬਹੁਤ ਥਾਵਾਂ ਤੇ ਪ੍ਰਗਟਾਇਆ ਗਿਆ ਹੈ, ਜਿਵੇਂ ਕਿ :

ਸਤਿਗੁਰੁ ਮੇਰਾ ਤਾਣੁ ਨਿਤਾਣੁ ॥
ਸਤਿਗੁਰੁ ਮੇਰਾ ਘਰਿ ਦੀਬਾਣੁ ॥.......
ਸਤਿਗੁਰ ਕੈ ਹਉ ਸਦ ਬਲਿ ਜਾਇਆ ॥
ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥......
ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥ *(ਪੰਨਾ ੧੧੪੨)*

ਇਸ ਲਈ ਸਾਰੇ ਸੰਸਾਰ ਦੇ ਜਿਤਨੇ ਭੀ ਮਾਇਕੀ ਪਦਾਰਥ ਹਨ ਇਨ੍ਹਾਂ ਵਿਚੋਂ ਕਿਸੇ ਭੀ ਪਦਾਰਥ ਨੂੰ ਗੁਰੂ ਦੀ ਤੁਲਨਾ ਨਹੀਂ ਦਿਤੀ ਜਾ ਸਕਦੀ, ਕਿਉਂਕਿ ਗੁਰੂ ਮਨੁੱਖ ਦੀ ਲੋਕ ਪ੍ਰਲੋਕ ਵਿਚ ਹਰ ਥਾਂ ਸਹਾਇਤਾ ਕਰਦਾ ਹੈ।

## ੧੧. ਗੁਰਮੁਖ ਦੀ ਮਾਨਸਕ ਅਵੱਸਥਾ

**੧. ਗੁਰਮੁਖ ਇੱਕੀ ਪੌੜੀਆਂ**
**ਗੁਰਮੁਖ ਸੁਖਫਲ ਨਿਜ ਘਰ ਭੋਈ।**
**੨. ਸਾਧ ਸੰਗਤਿ ਹੈ ਸਹਜ ਘਰ**
**ਸਿਮਰਣ ਦਰਸ ਪਰਸ ਗੁਣ ਗੋਈ।**
**੩. ਲੋਹਾ ਸੁਇਨਾ ਹੋਇ ਕੈ**
**ਸੁਇਨਿਅਹੁੰ ਸੁਇਨਾ ਜਗੋਂ ਅਵਿਲੋਈ।**
**੪. ਚੰਦਨ ਹੋਵੈ ਨਿੰਮ ਵਣ**
**ਨਿੰਮਹੁ ਚੰਦਨ ਬਿਰਖ ਪਲੋਈ।**
**੫. ਗੰਗੋਦਕ ਚਰਣੋਦਕਹੁੰ**
**ਗੰਗੋਦਕ ਮਿਲਿ ਗੰਗਾ ਹੋਈ।**
**੬. ਕਾਗਹੁੰ ਹੰਸ ਸੁਵੰਸ ਹੋਇ**
**ਹੰਸਹੁੰ ਪਰਮ ਹੰਸ ਵਿਰਲੋਈ।**
**੭. ਗੁਰਮੁਖ ਵੰਸੀ ਪਰਮ ਹੰਸ**
**ਸੱਚ ਕੂੜ ਨੀਰ ਖੀਰ ਵਿਲੋਈ।**
**੮. ਗੁਰ ਚੇਲਾ ਚੇਲਾ ਗੁਰ ਹੋਈ ॥੧੧॥**

*ਪਦ ਅਰਥ :* ਭੋਈ—ਭੋਗਦਾ ਹੈ, ਮਿਲਣਾ। ਗੋਈ—ਆਖਦੇ ਹਨ। ਅਵਿਲੋਈ—ਵੇਖਿਆ ਜਾਂਦਾ ਹੈ। ਵਣ—ਬੂਟਾ। ਪਲੋਈ—ਪਾਲਣਾ। ਵਿਰਲੋਈ—ਵਿਰਲਾ ਹੀ। ਵਿਲੋਈ—ਰਿੜਕਨਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਵੇਖਣ ਵਿਚ ਤਾਂ ਸਾਰੇ ਮਨੁੱਖ ਸਮਾਨ ਹੀ ਦਿਸਦੇ ਹਨ, ਪਰ ਗੁਰਮੁਖਾਂ ਦੀ ਕੀ ਪਛਾਣ ਹੈ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈ ! ਬਾਹਰੋਂ ਵੇਖਣ ਵਿਚ ਤਾਂ ਸਾਰੇ ਹੀ ਸਰੀਰ ਪੰਜਾਂ ਤੱਤਾਂ ਦੇ ਪੁਤਲੇ ਇਕੋ ਜਿਹੇ ਦਿਸਦੇ ਹਨ ਪਰ ਜੋ ਗੁਰਮੁਖਾਂ ਦੀ ਅੰਤਰ ਆਤਮੇ ਮਾਨਸਕ ਅਵਸਥਾ ਹੈ ਇਸ ਵਿਚ ਬੜਾ ਅੰਤਰਾ ਹੋਇਆ ਕਰਦਾ ਹੈ, ਪਰ ਉਸ ਅੰਤਰੇ ਨੂੰ ਭੀ ਅਨੁਭਵ ਕਰਨ ਦੀ ਕਿਸੇ ਵਿਰਲੇ ਵਿਚਾਰਵਾਨ ਸਜਨ ਪਾਸ ਹੀ ਦ੍ਰਿਸ਼ਟੀ ਹੋਇਆ ਕਰਦੀ ਹੈ ਆਮ ਲੋਕਾਂ ਨੂੰ ਤਾਂ ਉਨ੍ਹਾਂ ਗੁਰਮੁਖਾਂ ਦੀ ਸੂਝ ਬੂਝ ਹੀ ਨਹੀਂ ਹੁੰਦੀ, ਕਿਉਂਕਿ ਉਹ ਗੁਰਮੁਖ ਸਦਾ ਹੀ ਆਪਣੇ ਆਪ ਨੂੰ ਛੁਪਾ ਕੇ ਰੱਖਣ ਦਾ ਯਤਨ ਕਰਦੇ ਹਨ, ਜੋ ਆਪਣਾ ਪ੍ਰਗਟਾਵਾ ਕਰਦਾ ਹੈ ਉਹ ਸੰਸਾਰੀ ਬੰਦਾ ਹੈ ਰੱਬੀ ਮਾਰਗ ਦਾ ਪਾਂਧੀ ਨਹੀਂ ਕਿਹਾ ਜਾ ਸਕਦਾ।

ਪ੍ਰ: ਭਾਈ ਸਾਹਿਬ ਜੀਉ ! ਉਨ੍ਹਾਂ ਗੁਰਮੁਖ ਲੋਕਾਂ ਦੀ ਮਾਨਸਕ ਦ੍ਰਿਸ਼ਟੀ ਨੂੰ ਤੁਸੀਂ ਤਾਂ ਅਨੁਭਵ ਕਰਦੇ ਹੋ ਦਰਸਾਉਣ ਦੀ ਖੇਚਲ ਕਰੋ ?

ਉ: ਹੇ ਭਾਈਓ ! ਗੁਰਬਾਣੀ ਦੀ ਖੋਜ ਦੁਆਰੇ ਜਿਤਨੀ ਕੁ ਮੈਨੂੰ ਗੁਰਮੁਖਾਂ ਦੀ ਮਾਨਸਕ ਅਵਸਥਾ ਦੀ ਸੋਝੀ ਹੋ ਸਕੀ ਹੈ, ਉਸਨੂੰ ਮੈਂ ਇਸ ਪਉੜੀ ਵਿਚ ਅੰਕਤ ਕਰਨ ਦਾ ਉੱਦਮ ਕੀਤਾ ਹੈ, ਜਿਵੇਂ ਕਿ :

(੧) (ਹੇ ਪਿਆਰੇ ! ਮੈਂ ਤਾਂ ਇਉਂ ਹੀ ਅਨੁਭਵ ਕੀਤਾ ਹੈ

ਕਿ) ਗੁਰਮੁਖ ਇੱਕੋ ਪਉੜੀਆਂ (ਸਹਿਜ ਅਵਸਥਾ ਵਿਚ) ਚੜ੍ਹ ਕੇ ਪੁੱਜ ਜਾਂਦਾ ਹੈ ਤੇ ਗੁਰਮੁਖਤਾਈ ਦਾ ਸੁਖਫਲ (ਆਪਣੇ) ਨਿਜ ਘਰ (ਆਤਮਕ ਮੰਡਲਾਂ) ਵਿਚ ਭੋਗਦਾ ਹੈ।

(੨) (ਉਨ੍ਹਾਂ ਗੁਰਮੁਖਾਂ ਨੂੰ ਇਹ ਸੋਝੀ ਹੈ ਕਿ) ਸਾਧ ਸੰਗਤ (ਸੰਤਾਂ ਦੀ ਸੰਗਤ) ਸਹਿਜ ਦਾ ਘਰ ਹੈ ਜਿਥੇ ਸਿਖ (ਪ੍ਰਭੂ ਦੇ) ਸਿਮਰਨ ਤੇ ਦਰਸ਼ਨ ਪਰਸਨ ਦੇ ਗੁਣਾਂ ਦਾ ਗੁਣਾਨਵਾਦ ਕਰਦੇ ਹਨ।

ਪ੍ਰ: ਕਿਉਂ ਜੀ! ਇਸ ਤਰ੍ਹਾਂ ਕਰਦੇ ਰਹਿਣ ਨਾਲ ਉਨ੍ਹਾਂ ਵਿਚ ਬਦਲ ਕੀ ਆ ਜਾਂਦੀ ਹੈ?

(੩) ਉ: (ਹੇ ਭਾਈਓ! ਇਉਂ ਹੀ ਜਾਣੋ ਜਿਵੇਂ ਕਿ) ਲੋਹਾ ਪਾਰਸ ਨਾਲ ਪਰਸ ਕੇ ਸੋਨੇ ਵਰਗਾ ਹੀ ਨਜ਼ਰ ਆਉਂਦਾ ਹੈ।

(੪) (ਜਾਂ ਜਿਵੇਂ) ਚੰਦਨ ਦੇ ਬੂਟੇ ਦੀ ਸੰਗਤ ਕਰਕੇ (ਕੌੜੀ) ਨਿੰਮ ਦਾ ਬੂਟਾ ਪਲਦਾ ਹੈ, ਤਾਂ ਉਹ ਚੰਦਨ ਵਰਗਾ ਹੀ ਹੋ ਨਿਬੜਦਾ ਹੈ।

(੫) (ਜਾਂ ਇਉਂ ਹੀ ਸਮਝੋ ਕਿ ਜਿਵੇਂ) ਗੰਗਾ ਦੇ ਪਾਣੀ ਦਾ ਚਰਣੋਦਕ, ਗੰਗਾ ਵਿਚ ਮਿਲੇ, ਤਾਂ ਉਹ ਗੰਗਾ ਦਾ ਹੀ ਪਾਣੀ ਹੋ ਜਾਂਦਾ ਹੈ।

(੬) (ਜਿਵੇਂ) ਕਾਂ ਤੋਂ ਕੋਈ ਹੰਸ ਦੀ ਚੰਗੀ ਵੰਸ ਵਾਲਾ ਹੋ ਸਕਦਾ ਹੈ, ਪਰ ਹੰਸ ਤੋਂ ਪਰਮ ਹੰਸ ਕੋਈ ਵਿਰਲਾ ਹੀ ਹੁੰਦਾ ਹੈ।

(੭) (ਪਰ ਗੁਰੂ ਦੀ ਸੰਗਤ ਕਰਨ ਵਾਲਾ) ਗੁਰਸਿੱਖਾਂ (ਹੰਸਾਂ) ਦੀ ਸ਼੍ਰੇਣੀ ਵਿਚ ਪਰਮ ਹੰਸ ਬਣ ਕੇ ਸੱਚ ਤੇ ਝੂਠ (ਭਾਵ) ਦੁੱਧ ਤੇ ਪਾਣੀ ਦਾ ਨਿਖੇੜਾ ਕਰਦਾ ਹੈ।

(੮) (ਸਾਰ ਅਸਾਰ ਦੀ ਵੀਚਾਰ ਕਰਨ ਵਾਲਾ) ਜੋ ਗੁਰੂ ਦਾ ਚੇਲਾ ਹੁੰਦਾ ਹੈ, ਓਹੀ ਪਰਮ ਹੰਸ ਬਣ ਕੇ ਚੇਲੇ ਤੋਂ ਗੁਰੂ ਬਣ ਜਾਂਦਾ ਹੈ।੧੧।

***ਭਾਵਾਰਥ :*** ਇਹ ਜੋ ਉਪਰੋਕਤ ਸਾਰੇ ਦ੍ਰਿਸ਼ਟਾਂਤ ਮਨੁੱਖ ਮਾਤਰ ਦੇ ਗੁਰੂ ਦੇ ਸੰਗ ਨਾਲ 'ਉਹ ਦ੍ਰਿਸ਼ਟ' ਉਹੀ ਰੂਪ ਹੋ ਜਾਣ ਬਾਬਤ ਹਨ। ਇਹ ਉਹੀ ਸਰੂਪ ਹੋਣਾ ਕੇਵਲ ਸੰਸਾਰਕ ਖੇਡ ਨਹੀਂ ਹੈ, ਸਗੋਂ ਆਤਮਕ ਅਨੰਦ ਤੇ ਰਸ ਦੀ ਉਤਪਤੀ ਹੋ ਕੇ ਜੀਵਨ ਮੁਕਤ ਹੋ ਜਾਣ ਦਾ, ਭਾਵ ਆਪਾ ਭਾਵ ਮਿਟਾ ਕੇ ਇਸ ਬੁਲੰਦੀਆਂ ਤੇ ਪੁਜਿਆ ਜਾ ਸਕਦਾ ਹੈ।

## ੧੨. ਗੁਰਸਿੱਖ ਸ਼ਬਦ-ਸੁਰਤ ਦੀ ਸੰਧੀ

੧. ਕੱਛੂ ਬੱਚਾ ਨਦੀ ਵਿੱਚ
ਗੁਰਸਿੱਖ ਲਹਰ ਨ ਭਵਜਲ ਵਿਆਪੈ।
੨. ਕੂੰਜ ਬੱਚੇ ਲਇ ਉੱਡਰੈ
ਸੁੰਨ ਸਮਾਧਿ ਅਗਾਧਿ ਨ ਜਾਪੈ।
੩. ਹੰਸ ਵੰਸ ਹੈ ਮਾਨਸਰ
ਸਹਜ ਸਰੋਵਰ ਵਡ ਪਰਤਾਪੈ।
੪. ਬੱਤਕ ਬੱਚਾ ਕੋਇਲੈ
ਨੰਦ ਨੰਦਣ ਵਸੁਦੇਵ ਮਿਲਾਪੈ।
੫. ਰਵਿ ਸਸਿ ਚਕਵੀ ਤੇ ਚਕੋਰ
ਸ਼ਿਵ ਸ਼ਕਤੀ ਲੰਘ ਵਰੇ ਸਰਾਪੈ।
੬. ਅਨਲ ਪੰਖਿ ਬੱਚਾ ਮਿਲੈ
ਨਿਰਾਧਾਰ ਹੋਇ ਸਮਝੇ ਆਪੈ।
੭. ਗੁਰਸਿੱਖ ਸੰਧਿ ਮਿਲਾਵਣੀ
ਸ਼ਬਦ ਸੁਰਤਿ ਪ੍ਰਚਾਇ ਪਛਾਪੈ।
੮. ਗੁਰਮੁਖ ਸੁਖ ਫਲ ਥਾਪ ਉਥਾਪੈ ॥੧੨॥

***ਪਦ ਅਰਥ :*** ਅਗਾਧਿ—ਸਮਝ ਤੋਂ ਪਰੇ। ਨੰਦ ਨੰਦਣ—ਕ੍ਰਿਸ਼ਨ। ਅਨਲ ਪੰਛੀ—ਅਕਾਸ਼ੀ ਪੰਛੀ। ਮਿਲਾਵਣੀ—ਮਿਲਾਵੜੀ, ਹਿੱਤ ਵਾਲੀ। ਪਛਾਪੈ—ਪਛਾਨਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਦੋਂ ਅਸੀਂ ਪੁਰਾਤਨ ਇਤਿਹਾਸ ਪੜ੍ਹਦੇ ਸੁਣਦੇ ਹਾਂ ਤਾਂ ਇਉਂ ਹੀ ਸੋਝੀ ਮਿਲਦੀ ਹੈ ਕਿ ਜਿਤਨੇ ਪੁਰਾਣੇ ਲੋਕ ਜੋਗੀ, ਜਤੀ, ਬੜੇ ਬੜੇ ਤਪੀਸ਼ਰ ਅਧਿਆਤਮਕ ਉੱਨਤੀ ਵਲ ਨੂੰ ਟੁਰੇ ਸਨ ਉਹ ਇਸ ਸੰਸਾਰ ਸਾਗਰ ਦੀਆਂ ਵਾਸ਼ਨਾਵਾਂ ਦੀਆਂ ਵਿਖਮ ਲਹਿਰਾਂ ਦੇ ਵਹਿਣ ਵਿਚ ਅਜਿਹੇ ਵਹਿ ਟੁਰੇ ਜੋ ਕਿ ਆਪਣੀ ਮੰਜ਼ਲ ਤੱਕ ਪੁੱਜ ਹੀ ਨ ਸਕੇ ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ ਕਿ :

ਤਿਨ ਹੀ ਮਾਹਿ ਅਟਕਿ ਜੋ ਉਰਝੇ
ਇੰਦ੍ਰੀ ਪ੍ਰੇਰਿ ਲਇਓ ॥੩॥ *(ਗਉੜੀ ਕਬੀਰ ਜੀ, ਪੰਨਾ ੩੩੬)*

ਭਾਵ, ਉਨ੍ਹਾਂ ਜੋਗੀ ਜਨਾਂ ਨੂੰ ਇੰਦ੍ਰੀਆਂ ਦੇ ਰਸਾਂ ਕਸਾਂ ਨੇ ਅਜਿਹਾ ਪ੍ਰੇਰਿਆ ਜੋ ਕਿ ਬਸ ਇਨ੍ਹਾਂ ਵਿਚ ਹੀ ਉਲਝ ਗਏ ਅੱਗੇ ਵਧ ਹੀ ਨਾ ਸਕੇ, ਕਿਉਂ ਜੀ! ਗੁਰੂ ਦੇ ਸਿੱਖਾਂ ਨੂੰ ਉਹ ਕਿਹੜਾ ਅਧਾਰ ਮਿਲਿਆ ਹੈ ਜਿਸਦੇ ਆਸਰੇ ਉਨ੍ਹਾਂ ਨੂੰ ਇਸ ਸੰਸਾਰ ਸਾਗਰ ਦੀਆਂ ਵਿਖਮ ਲਹਿਰਾਂ ਪੋਹ ਹੀ ਨਹੀਂ ਸਕਦੀਆਂ, ਦਸੋਗੇ?

ਉ: ਹੇ ਭਾਈਓ? ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਕੋਈ ਨਿਰਬਲ ਅਣਤਾਰੂ ਮਨੁੱਖ ਸਾਗਰ ਦੀਆਂ ਬਿਖਮ ਘੁੰਮਣ ਘੇਰੀਆਂ ਵਿਚ ਘਿਰ ਜਾਏ ਤਾਂ ਉਸਦੇ ਬਚਾਉ ਦਾ ਕੇਵਲ ਇਕੋ ਹੀ ਉਪਾਉ ਹੈ ਕਿ ਜੇ ਉਸਨੂੰ ਜਹਾਜ਼ ਦਾ ਆਸਰਾ ਮਿਲ ਜਾਵੇ ਫਿਰ ਉਹ ਸਹੀ ਸਲਾਮਤ ਸਾਗਰ ਤੋਂ ਪਾਰ ਹੋ ਸਕਦਾ ਹੈ, ਉਸ ਨੂੰ ਕੋਈ ਭੀ ਸਾਗਰ ਦੀ ਲਹਿਰ ਨਹੀਂ ਪੋਹ ਸਕਦੀ।

ਇਸੇ ਤਰ੍ਹਾਂ ਇਸ ਸੰਸਾਰ ਸਾਗਰ ਦੀਆ ਵਾਸ਼ਨਾਵਾਂ ਦੀਆਂ ਬੜੀਆਂ ਵਿਖਮ ਲਹਿਰਾਂ ਹਨ, ਇਨ੍ਹਾਂ ਤੋਂ ਬਚਣ ਲਈ ਕੇਵਲ ਇਕੋ ਗੁਰੂ ਰੂਪ ਜਹਾਜ਼ ਦਾ ਆਸਰਾ ਹੈ ਜਿਨ੍ਹਾਂ ਨੂੰ ਇਹ ਢਾਰਸ ਮਿਲ ਗਿਆ, ਉਹ ਫਿਰ ਇਸ ਸੰਸਾਰ ਸਾਗਰ ਤੋਂ ਸੁਭਾਵਕ ਹੀ ਸਹੀ ਸਲਾਮਤ ਪਾਰ ਹੋ ਜਾਂਦੇ ਹਨ, ਇਸ ਵਿਚ ਗੁਰੂ ਫੁਰਮਾਨ ਹੈ ਕਿ:

ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥
ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ॥
*(ਸਵਈਏ ਪੰਨਾ ੧੪੦੧)*

ਹੇ ਭਾਈ! ਇਸ ਸੰਬੰਧੀ ਜੋ ਮੈਨੂੰ ਗੁਰਬਾਣੀ ਦੀ ਪ੍ਰੇਰਨਾ ਮਿਲੀ ਹੈ ਉਸਨੂੰ ਮੁਖ ਰੱਖ ਕੇ ਮੈਂ ਇਸ ਪਉੜੀ ਵਿਚ ਕੁਝ ਉਦਾਹਰਣ ਅੰਕਤ ਕਰਨ ਦਾ ਯਤਨ ਕੀਤਾ ਹੈ, ਜਿਵੇਂ ਕਿ:

(੧) (ਹੇ ਭਾਈਓ! ਵੇਖੋ ਜਿਵੇਂ ਮਾਤਾ ਪਿਤਾ ਦੀ ਰੱਖਿਆ ਵਿਚ) ਕਛੂ ਦੇ ਬੱਚੇ ਨੂੰ ਦਰਿਆ ਦੀਆਂ ਲਹਿਰਾਂ ਕੁਝ ਨਹੀਂ ਕਹਿੰਦੀਆਂ, (ਇਸੇ ਤਰ੍ਹਾਂ) ਗੁਰੂ ਦੇ ਸਿਖ ਨੂੰ ਸੰਸਾਰ ਭਵਜਲ (ਗੁਰੂ ਦੀ ਸਹਾਇਤਾ ਨਾਲ) ਨਹੀ ਵਿਆਪਦਾ। (ਉਹ ਸਹਿਜੇ ਪਾਰ ਹੋ ਜਾਂਦਾ ਹੈ)।

(੨) (ਹੋਰ ਸੁਣੋ ਜਿਵੇਂ ਕਿ) ਕੂੰਜ ਬੱਚੇ ਨੂੰ ਲੈ ਕੇ ਉੱਡਦੀ ਹੈ, ਸੁੰਨ ਸਮਾਧੀ ਤੇ ਅਥਾਹ (ਉਚਾਈ) ਉਸਨੂੰ ਨਹੀਂ ਜਾਪਦੀ।

(੩) ਹੰਸਾਂ ਦੇ ਬੱਚੇ ਮਾਨ ਸਰੋਵਰ ਤੇ ਹੀ (ਹੰਸਾਂ ਵਾਂਗ) ਰਹਿੰਦੇ ਹਨ, ਜੋ ਸ਼ਾਂਤੀ ਤੇ ਬੜੇ ਪ੍ਰਤਾਪ ਵਾਲਾ ਸਰੋਵਰ ਹੈ।

(੪) (ਜਿਵੇਂ) ਬੱਤਕ ਆਪਣੇ ਬੱਚੇ ਨੂੰ (ਕੁੱਕੜੀਆਂ ਦੇ ਚੂਚਿਆਂ ਨਾਲੋਂ ਵੱਖ ਕਰਕੇ ਪਾਣੀ ਵਿਚ ਲੈ ਜਾਂਦੀ ਹੈ ਤੇ) ਕੋਇਲ (ਬੱਚੇ ਨੂੰ ਕਾਉਣੀ ਦੇ ਆਹਲਣਿਓਂ ਉਡਾ ਲਿਜਾਂਦੀ ਹੈ) ਜਿਵੇਂ ਨੰਦ ਦਾ ਪੁੱਤਰ ਵਾਸਦੇਵ ਨੂੰ ਆ ਮਿਲਦਾ ਹੈ, (ਤਿਵੇਂ ਹੀ ਗੁਰਸਿੱਖ ਭੈੜੀਆਂ ਸੰਗਤਾਂ ਤੋਂ ਬਚ ਕੇ, ਸਾਧ ਸੰਗਤ ਦੀ ਓਟ ਲੈ, ਵਿਸ਼ੇ ਵਿਕਾਰਾਂ ਤੋਂ ਬਚ ਨਿਕਲਦੇ ਹਨ।)

ਪ੍ਰ: ਕਿਉਂ ਜੀ! ਉਨ੍ਹਾਂ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ?

(੫) ਉ: (ਹੇ ਪਿਆਰੇ! ਇਉਂ ਹੀ ਸਮਝੋ ਕਿ) ਸੂਰਜ ਨਾਲ ਚਕਵੀ ਤੇ ਚੰਦ੍ਰਮਾ ਨਾਲ (ਜਿਵੇਂ) ਚਕੋਰ ਪ੍ਰੀਤੀ ਕਰਦਾ ਹੈ, (ਇਸੇ ਤਰ੍ਹਾਂ ਗੁਰਸਿੱਖ) ਸ਼ਿਵ ਤੇ ਸ਼ਕਤੀ (ਭਾਵ ਹੋਰ ਦੇਵੀ ਦੇਵਤਿਆਂ ਦੀ ਪੂਜਾ ਤੇ) ਵਰ ਸਰਾਪ ਤੋਂ ਅਗੇ ਲੰਘ ਬੇਪਰਵਾਹ ਹੋ ਜਾਂਦੇ ਹਨ।

(੬) (ਹੇ ਭਾਈ! ਉਨ੍ਹਾਂ ਦੀ ਸਮਝ ਇਤਨੀ ਉੱਚੀ ਹੋ ਜਾਂਦੀ ਹੈ ਕਿ ਜਿਵੇਂ) ਅਨਲ ਪੰਖੀ ਨੂੰ ਉਸਦਾ ਬੱਚਾ ਆਪਣੇ ਆਪ ਹੀ (ਨਿਰਾਧਾਰ ਹੋ ਕੇ) ਆਪਣੇ ਆਪ (ਤੇ ਆਪਣੀ ਵੰਸ) ਨੂੰ ਸਮਝ ਲੈਂਦਾ ਹੈ।

(੭) (ਇਸੇ ਤਰ੍ਹਾਂ ਹੇ ਭਾਈ!) ਗੁਰੂ ਤੇ ਸਿਖ ਦੀ (ਸੰਧੀ, ਭਾਵ ਸੰਗਤ) ਮੇਲ ਮਿਲਾਪ (ਮਿਲਾਵਣੀ) ਸ਼ਬਦ ਤੇ ਸੁਰਤਿ ਦੀ ਹੈ ਜੋ (ਪ੍ਰੇਮ ਨਾਲ) ਪਰਚਾਉਂਦੀ ਤੇ ਪਛਾਣਦੀ ਹੈ।

(੮) (ਉਹ) ਗੁਰਮੁਖ ਸੁਖ ਫਲ (ਆਤਮ-ਪਦ) ਨੂੰ ਆਪ ਹੀ ਥਾਪਦੇ ਤੇ (ਬੁਰੀਆਂ ਭਾਵਨਾਵਾਂ ਨੂੰ) ਦੂਰ ਕਰਦੇ ਹਨ।੧੨।

***ਭਾਵਾਰਥ:*** ਇਸ ਪਉੜੀ ਵਿਚ ਭਾਈ ਸਾਹਿਬ ਜੀ ਪ੍ਰੀਤ ਦਾ ਜ਼ਿਕਰ ਕਰਦੇ ਹਨ ਕਿ ਜਿਵੇਂ ਕੱਛੂ, ਕੂੰਜ, ਹੰਸ, ਬੱਤਕ ਆਪਣੇ ਬੱਚਿਆਂ ਨਾਲ ਪਿਆਰ ਕਰਦੇ ਹਨ, ਇਸੇ ਤਰ੍ਹਾਂ ਗੁਰੂ ਆਪਣੇ ਸਿਖ ਨਾਲ ਤੇ ਸਿਖ ਗੁਰੂ ਨਾਲ ਚਕਵੀ ਤੇ ਚਕੋਰ ਵਾਂਙੂ ਪ੍ਰੀਤ ਕਰਦੇ ਹਨ, ਇਹੋ ਸੰਧੀ ਵੱਡੇ ਹਿਤ ਵਾਲੀ ਹੈ, ਹੋਰ ਸਾਰੇ ਹੀ ਸੰਸਾਰੀ ਮੇਲ-ਮਿਲਾਪ ਮਾਇਕੀ ਹੁੰਦੇ ਹਨ। ਇਸ ਦਾ ਫਲ ਗੁਰਮੁਖਾ ਨੂੰ ਆਤਮਕ ਸੁਖ ਦਾ ਸੁਖ ਫਲ ਪ੍ਰਾਪਤ ਹੁੰਦਾ ਹੈ ਜਿਸ ਦਾ ਸਦਕਾ ਉਨ੍ਹਾਂ ਗੁਰਸਿੱਖਾਂ ਨੂੰ ਸੰਸਾਰਕ ਵਾਸ਼ਨਾਂ ਦੀ ਕੋਈ ਭੀ ਵਿਖਮ ਲਹਿਰ ਨਹੀਂ ਵਿਆਪਦੀ।

ਪ੍ਰ: ਕੁਝ ਸਿੱਖਾਂ ਨੇ ਇਕੱਠਿਆਂ ਹੋ ਭਾਈ ਸਾਹਿਬ ਤੋਂ ਇਹ ਪੁੱਛ ਕੀਤੀ ਕਿ ਭਾਈ ਸਾਹਿਬ ਜੀਓ! ਜਿਨ੍ਹਾਂ ਸਿੱਖਾਂ ਦੀ ਆਪ ਜੀ ਮਹਿਮਾ ਵਰਣਨ ਕਰਦੇ ਆ ਰਹੇ ਹੋ, ਉਨ੍ਹਾਂ ਦੇ ਨਾਮਾਂ ਤੋ ਭੀ ਜਾਣੂ ਕਰਵਾਓ ਕਿ ਉਹ ਕਿਹੜੇ ਕਿਹੜੇ ਸਿਖ ਹੋ ਗੁਜਰੇ ਹਨ?

ਉ: ਆਪ ਜੀ ਨੇ ਬਚਨ ਕੀਤਾ ਕਿ ਹੇ ਭਾਈਓ! ਗੁਰੂ

ਨਾਨਕ ਪਾਤਿਸ਼ਾਹ ਜੀ ਨੇ ਸਾਰੇ ਸੰਸਾਰ ਦੇ ਉਧਾਰ ਹਿਤ ਅਵਤਾਰ ਧਾਰਿਆ ਸੀ ਜਿਸ ਕਰਕੇ ਆਪ ਜੀ ਨੇ ਦੇਸ਼ ਦੇ ਕੋਨੇ ਕੋਨੇ ਪੁੱਜ ਕੇ ਜਿਨ੍ਹਾਂ ਦਾ ਭੀ ਉੱਧਾਰ ਕੀਤਾ ਹੈ ਉਹ ਗਿਣੇ ਨਹੀਂ ਜਾ ਸਕਦੇ, ਜਿਵੇਂ ਅਕਾਸ਼ ਦੇ ਤਾਰੇ ਅਣਗਿਣਤ ਹਨ, ਉਨ੍ਹਾਂ ਨੂੰ ਕੋਈ ਵਿਗਿਆਨਕ ਤਾਂ ਭਾਵੇਂ ਗਿਣ ਹੀ ਸਕੇ ਪਰ ਜਿਤਨਿਆਂ ਦਾ ਉੱਧਾਰ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ ਉਨ੍ਹਾਂ ਨੂੰ ਨਹੀਂ ਗਿਣਿਆ ਜਾ ਸਕਦਾ, ਪਰ ਹਾਂ ਨਾਮ-ਮਾਤ੍ਰ ਜਿਤਨੇ ਕੁ ਮੇਰੀ ਚਿਤਵਨੀ ਵਿਚ ਹਨ, ਉਹ ਕਹਿਣ ਦਾ ਇਕ ਨਿਮਾਣਾ ਜਿਹਾ ਯਤਨ ਕਰਦਾ ਹਾਂ। ਆਸ ਹੈ ਕਿ ਧਿਆਨ ਨਾਲ ਸੁਣਨਾ ਕਰੋਗੇ—

*ਸਿੱਖ ਨਾਮਾਵਲੀ*

## ੧੩. ਪਹਿਲੀ ਪਾਤਿਸ਼ਾਹੀ ਦੇ ਸਿੱਖਾਂ ਦੇ ਨਾਮ

**੧. ਤਾਰੂ ਪੋਪਟ ਤਾਰਿਆ**
**ਗੁਰਮੁਖਿ ਬਾਲ ਸੁਭਾਇ ਉਦਾਸੀ।**
**੨. ਮੂਲਾ ਕੀੜ ਵਖਾਣੀਐ**
**ਚਲਿਤ ਅਚਰਜ ਲੁਭਤ ਗੁਰ ਦਾਸੀ।**
**੩. ਪਿਰਥਾ ਖੇਡਾ ਸੋਇਰੀ**
**ਚਰਣ ਸਰਣ ਸੁਖ ਸਹਜਿ ਨਿਵਾਸੀ।**
**੪. ਭਲਾ ਰਬਾਬ ਵਜਾਇੰਦਾ**
**ਮਜਲਸ ਮਰਦਾਨਾ ਮੀਰਾਸੀ।**
**੫. ਪਿਰਥੀ ਮੱਲ ਸਹਗਲ ਭਲਾ**
**ਰਾਮਾ ਡਿੱਡੀ ਭਗਤਿ ਅਭਿਆਸੀ।**
**੬. ਦਉਲਤ ਖਾਂ ਲੋਦੀ ਭਲਾ**
**ਹੋਆ ਜਿੰਦ ਪੀਰੁ ਅਬਿਨਾਸੀ।**
**੭. ਮਾਲੋ ਮਾਂਗਾ ਸਿੱਖ ਦੁਇ**
**ਗੁਰਬਾਣੀ ਰਸ ਰਸਿਕ ਬਿਲਾਸੀ।**
**੮. ਸਨਮੁਖ ਕਾਲੂ ਆਸ ਧਾਰ**
**ਗੁਰਬਾਣੀ ਦਰਗਹ ਸ਼ਾਬਾਸੀ।**
**੯. ਗੁਰਮਤਿ ਭਾਉ ਭਗਤਿ ਪਰਗਾਸੀ ॥੧੩॥**

**ਪਦ ਅਰਥ :** 'ਪੋਪਟ' ਤੇ 'ਕੀੜ'—ਜਾਤਾਂ ਹਨ। 'ਸਹਗਲ' ਡਿੱਡੀ—ਜਾਤਾਂ ਦੇ ਨਾਮ। ਜਿੰਦ ਪੀਰ—ਵਰਣ ਦੇਵਤਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਹ ਤਾਂ ਠੀਕ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਦੇਸ਼ ਬਿਦੇਸ਼ਾਂ ਵਿਚ ਹੋ ਗੁਜ਼ਰੇ ਸਾਦਿਕ ਸਿੱਖਾਂ ਦੇ ਸਾਰੇ ਨਾਮ ਨਹੀਂ ਕਹੇ ਜਾ ਸਕਦੇ, ਪਰ ਜੋ ਪਰੰਪਰਾ ਤੋਂ ਸੁਣਨ ਵਿਚ ਆਉਂਦੇ ਹਨ ਉਨ੍ਹਾਂ ਵਿਚੋਂ ਕੁਝ ਕੁ ਨਾਮਾਂ ਦੀ ਜਾਣਕਾਰੀ ਦਿਉ ਤਾਂ ਕਿ ਸਾਡੇ ਮਨਾਂ ਵਿਚ ਭੀ ਗੁਰੂ ਨਾਨਕ ਪਾਤਿਸ਼ਾਹ ਦੀ ਕੁਝ ਸ਼ਰਧਾ ਭਾਵਨਾ ਪੈਦਾ ਹੋਵੇ ?

ਉ: ਹੇ ਭਾਈ! ਜੋ ਗੁਪਤ ਰੂਪ ਵਿਚ ਗੁਰੂ ਨਾਨਕ ਦੇ ਸਰਧਾਲੂ ਹੋ ਗੁਜ਼ਰੇ ਹਨ ਉਨ੍ਹਾਂ ਬਾਰੇ ਤਾਂ ਕੋਈ ਭੀ ਕੁਝ ਨਹੀਂ ਕਹਿ ਸਕਦਾ ਪਰ ਜੋ ਮੇਰੇ ਸੀਨੇ-ਬ-ਸੀਨੇ ਸੁਣਨ ਵਿਚ ਆਏ ਹਨ ਉਨ੍ਹਾਂ ਵਿਚੋਂ ਕੁਝ ਕੁ ਨਾਮ ਕਹਿਣ ਦਾ ਯਤਨ ਕਰਦਾ ਹਾਂ, ਜੋ ਕਿ ਇਸ ਪ੍ਰਕਾਰ ਹਨ :

(੧) (ਹੇ ਭਾਈਓ! ਇਕ ਸਿਖ ਤਾਂ ਗੁਰੂ ਨਾਨਕ ਦੇਵ ਜੀ ਨੇ ਭਾਈ) ਪੋਪਟ (ਜਾਤ ਵਾਲੇ) ਤਾਰੂ ਨੂੰ ਤਾਰਨਾ ਕੀਤਾ, ਜੋ ਗੁਰਮੁਖ ਤੇ ਬਾਲ ਸੁਭਾਇ ਹੀ (ਸੰਸਾਰ ਤੋਂ) ਉਦਾਸ ਰਹਿੰਦਾ ਸੀ।

(੨) ਇਸੇ ਤਰ੍ਹਾਂ ਕੀੜ (ਜਾਤੀ ਦਾ) ਇਕ ਮੂਲਾ ਭੀ ਕਹੀਦਾ ਹੈ ਜੋ ਵੱਡੇ ਅਚਰਜ ਚਲਿਤਾਂ ਵਾਲਾ ਤੇ ਗੁਰੂ ਦਾ ਦਾਸ ਬਣਨ ਵਾਲਾ ਵੱਡਾ ਪ੍ਰੇਮੀ ਸੀ।

(੩) ਪ੍ਰਿਥਾ ਤੇ ਖੇਡਾ ਸੋਇਰੀ ਜਾਤ ਦੇ ਸਨ, (ਜੋ ਗੁਰੂ ਨਾਨਕ ਦੇਵ ਜੀ ਦੀ) ਚਰਨ ਸ਼ਰਨ ਆਏ ਤੇ ਸਹਿਜ ਸੁੱਖਾਂ ਵਿਚ ਉਨ੍ਹਾਂ ਦਾ ਨਿਵਾਸ ਹੋਇਆ।

(੪) ਮਰਦਾਨਾ ਮੀਰਾਸੀ ਮਜਲਸਾਂ (ਜਿਥੇ ਵੀ ਗੁਰੂ ਨਾਨਕ ਦੇਵ ਜੀ ਗਏ) ਵਿਚ ਰਬਾਬ ਵਜਾਉਂਦਾ ਸੀ।

(੫) ਸਹਿਗਲ ਜਾਤ ਦਾ ਪ੍ਰਿਥੀ ਮੱਲ ਭਲਾ ਸਿਖ ਸੀ ਤੇ ਡਿੱਡੀ ਜਾਤ ਵਾਲਾ ਰਾਮਾ ਸਿਮਰਨ ਦਾ ਅਭਿਆਸੀ ਭਗਤ ਸੀ।

(੬) ਦੌਲਤ ਖਾਂ ਲੋਦੀ ਨਵਾਬ, ਇਹ ਗੁਰੂ ਨਾਨਕ ਦਾ ਵੱਡਾ ਸਿੱਖ, ਜਿੰਦਾ ਪੀਰਾਂ ਵਾਂਗ ਸੀ, ਜੋ ਨਾ ਨਾਸ਼ ਹੋਣ ਵਾਲੀ ਪਦਵੀ ਨੂੰ ਪ੍ਰਾਪਤ ਹੋਇਆ।

(੭) ਮਾਲੋ ਤੇ ਮਾਂਗਾ ਦੋਵੇਂ ਸਿਖ, ਗੁਰਬਾਣੀ ਦੇ ਵੱਡੇ ਰਸੀਏ, ਜੋ ਪ੍ਰੇਮਾ ਭਗਤੀ ਵਿਚ ਮਗਨ ਰਹਿੰਦੇ ਸਨ।

(੮) ਕਾਲੂ ਖੱਤਰੀ (ਅਖ਼ੀਰ ਤੇ) ਆਸ ਧਾਰ ਕੇ (ਗੁਰੂ ਨਾਨਕ ਦੇ) ਸਨਮੁਖ ਹੋਇਆ, ਜਿਸਨੂੰ ਗੁਰਬਾਣੀ ਪੜ੍ਹਦੇ ਦਰਗਾਹ ਵਿਚ ਸ਼ਾਬਾਸ਼ ਮਿਲੀ।

(੯) (ਇਉਂ ਇਨ੍ਹਾਂ ਸਭ ਗੁਰਸਿੱਖਾਂ ਨੇ) ਗੁਰੂ ਸਿੱਖਿਆ ਪ੍ਰਾਪਤ ਕਰਕੇ ਪ੍ਰੇਮਾ ਭਗਤੀ ਦਾ ਪਰਕਾਸ਼ ਕੀਤਾ।੧੩।

***ਭਾਵਾਰਥ :*** ਤਾਰੂ ਪੋਪਟ ਦਸਾਂ ਵਰ੍ਹਿਆਂ ਦਾ ਗੁਰੂ ਨਾਨਕ ਪਾਤਿਸ਼ਾਹ ਪਾਸ ਆਇਆ ਤੇ ਬੇਨਤੀ ਕੀਤੀ ਕਿ ਸਤਿਗੁਰੂ ਜੀਉ! ਮੈਨੂੰ ਸ਼ਾਂਤੀ ਦੀ ਦਾਤ ਬਖ਼ਸ਼ੋ, ਤਾਂ ਆਪ ਜੀ ਨੇ ਬਚਨ ਕੀਤਾ ਕਿ ਬੱਚਾ ਤੂੰ ਅਜੇ ਬਾਲਕ ਹੈਂ ਵੱਡਾ ਹੋ ਲੈ। ਉਸਨੇ ਕਿਹਾ ਕਿ ਹੇ ਗੁਰੋ! ਮੈਂ ਤਾਂ ਵੇਖਦਾ ਹਾਂ ਕਿ ਜੋ ਨਿਕੀਆਂ ਲੱਕੜਾਂ ਹਨ ਉਨ੍ਹਾਂ ਨੂੰ ਅੱਗ ਪਹਿਲੋਂ ਲਗਦੀ ਹੈ ਵੱਡੀਆਂ ਨੂੰ ਪਿਛੋਂ। ਤਦੋਂ ਬਚਨ ਹੋਇਆ ਕਿ ਬੱਚਾ ਤੇਰਾ ਨਾਮ ਅਜ ਤੋਂ ਕੁਲ ਤਾਰੂ ਹੋਇਆ, ਜਾਹ ਵਾਹਿਗੁਰੂ ਦਾ ਜਾਪ ਕਰ ਤੇਰੀ ਕਲਿਆਣ ਹੋ ਜਾਏਗੀ।

ਅਜਿਹਾ ਹੀ ਦੂਜਾ ਮੂਲਾ ਕੀੜ, ਤੀਜਾ ਪ੍ਰਿਥਾ ਤੇ ਚੋਥਾ ਖੇਡਾ ਸੋਇਰੀ ਖੱਤ੍ਰੀ ਗੁਰੂ ਜੀ ਦੇ ਸਿਖ ਹੋਏ। ਜਿਵੇਂ ਮਰਦਾਨੇ ਮੀਰਾਸੀ ਦਾ ਨਾਉਂ ਦਾਨਾ ਸੀ ਆਪ ਗੁਰੂ ਸਾਹਿਬ ਨੇ ਹੀ ਉਸਨੂੰ ਉਪਦੇਸ਼ ਦੇ ਕੇ ਪਾਸ ਰੱਖਿਆ ਅਤੇ ਮਰਦਾਨਾ ਨਾਮ ਦਾ ਖ਼ਿਤਾਬ ਬਖ਼ਸ਼ਿਆ, ਕਥਾ ਭਾਈ ਮਨੀ ਸਿੰਘ ਜੀ ਦੀਆਂ ਸਾਖੀਆਂ ਵਿਚ ਪ੍ਰਸਿੱਧ ਹੈ। ਛੇਵਾਂ ਪ੍ਰਿਥੀਮੱਲ ਸਹਿਗਲ, ਸਤਵਾਂ ਰਾਮ ਡਿੱਡੀ, ਅਠਵਾਂ ਦੌਲਤ ਖਾਂ ਲੋਦੀ, ਨਾਵਾਂ ਮਾਲੋ ਅਤੇ ਦਸਵਾਂ ਮਾਂਗਾ, ਯਾਰਵਾਂ ਸਨਮੁਖ ਕਾਲੂ। ਇਹ ਸਾਰੇ ਗੁਰੂ ਨਾਨਕ ਦੇਵ ਜੀ ਦੇ ਮਨੋ, ਤਨੋ, ਧਨੋ ਪ੍ਰੇਮੀ ਸਿਖ ਸਨ। ਇਨ੍ਹਾਂ ਵਿਚੋਂ ਦੌਲਤ ਖਾਂ ਲੋਦੀ ਉਹ ਸਿਖ ਸੀ ਜਿਸਦੇ ਮੋਦੀਖਾਨੇ ਦਾ ਕੰਮ ਆਪ ਜੀ ਕਰਦੇ ਸਨ।

## ੧੪. *ਸਿੱਖਾਂ ਦੇ ਕੁਝ ਹੋਰ ਨਾਮ*

**੧. ਭਗਤ ਜੋ ਭਗਤਾ ਓਹਰੀ**
**ਜਾਪੂਵੰਸੀ ਸੇਵ ਕਮਾਵੈ।**
**੨. ਸ਼ੀਹਾਂ ਉੱਪਲ ਜਾਣੀਐ**
**ਗੱਜਣ ਉੱਪਲ ਸਤਿਗੁਰ ਭਾਵੈ।**
**੩. ਮੈਲਸੀਆਂ ਵਿਚ ਆਖੀਐ**
**ਭਾਗੀਰਥ ਕਾਲੀ ਗੁਣ ਗਾਵੈ।**
**੪. ਜਿੱਤਾ ਰੰਧਾਵਾ ਭਲਾ ਬੂੜਾ**
**ਬੁੱਢਾ ਇਕ ਮਨ ਧਿਆਵੈ।**
**੫. ਫਿਰਣਾ ਖਹਰਾ ਜੋਧ ਸਿੱਖ**
**ਜੀਵਾਈ ਗੁਰ ਸੇਵ ਸਮਾਵੈ।**
**੬. ਗੁੱਜਰ ਜਾਤਿ ਲੁਹਾਰਿ ਹੈ**
**ਗੁਰਸਿੱਖੀ ਗੁਰਸਿੱਖ ਸੁਣਾਵੈ।**
**੭. ਨਾਈ ਧਿੰਙ ਵਖਾਣੀਐ**
**ਸਤਿਗੁਰ ਸੇਵ ਕੁਟੰਬ ਤਰਾਵੈ।**
**੮. ਗੁਰਮੁਖ ਸੁਖ ਫਲ ਅਲਖ ਲਖਾਵੈ ॥੧੪॥**

***ਅਰਥ :***

(੧) ਭਗਤਾ ਓਹਰੀ ਤੇ ਜਾਪੂਵੰਸ, ਇਹ ਦੋਵੇਂ ਭਗਤੀ ਕਰਦੇ ਸਨ।

(੨) ਸ਼ੀਹਾਂ ਤੇ ਸੱਜਣ ਦੋਵੇਂ ਉੱਪਲ ਜਾਤ ਦੇ, ਗੁਰੂ ਜੀ ਦੇ ਪਿਆਰੇ ਭਗਤ ਹੋਏ ਹਨ।

(੩) ਮੈਲਸੀਆਂ (ਪਿੰਡ ਦਾ ਚੋਧਰੀ) ਭਾਗੀਰਥ ਕਿਹਾ ਜਾਂਦਾ ਹੈ ਜੋ ਕਾਲੀ ਦਾ ਪੁਜਾਰੀ ਸੀ (ਉਹ) ਗੁਰੂ ਨਾਨਕ ਜੀ ਦਾ ਭਗਤ ਬਣਿਆ।

(੪) ਜਿੱਤਾ ਰੰਧਾਵਾ ਭਲਾ (ਸਿਖ ਹੈ) ਤੇ ਬੂੜਾ ਬੁੱਢਾ ਇਕ ਮਨ ਹੋ ਕੇ ਸਤਿਗੁਰੂ ਜੀ ਦਾ ਜਸ ਗਾਉਂਦੇ (ਤੇ ਪ੍ਰਭੂ ਨੂੰ) ਧਿਆਉਂਦੇ ਸਨ।

(੫) ਫਿਰਣਾ ਖਹਿਰਾ, ਜੋਧ ਨਾਮੀ ਸਿਖ ਤੇ ਜੀਵਾਈ ਨਾਮੇ ਸਿਖ ਗੁਰੂ ਦੀ ਸੇਵਾ ਕਰਦੇ ਸਨ।

(੬) ਗੁਜਰ ਨਾਮੇ ਜੋ ਲੁਹਾਰ ਜਾਤ ਦਾ ਸੀ ਇਸਨੇ ਸਿੱਖੀ ਦੀ ਵਡੀ ਕਮਾਈ ਕੀਤੀ ਤੇ ਅਗੋਂ ਗੁਰਸਿੱਖੀ ਦੀ ਸਿੱਖਿਆ ਨੂੰ ਹੋਰਨਾਂ ਤਾਈਂ ਸੁਣਾਇਆ।

(੭) ਧਿੰਙੇ ਨਾਈ ਨੇ ਗੁਰੂ ਘਰ ਦੀ ਸੇਵਾ ਕਰਕੇ, ਸਿਖੀ ਦੀ ਕਮਾਈ ਨਾਲ ਸਾਰਾ ਕੁਟੰਬ ਹੀ ਤਾਰ ਲਿਆ।

(੮) ਗੁਰਮੁਖ ਅਲੱਖ (ਪ੍ਰਭੂ) ਦੇ ਸੁਖ ਫਲ ਨੂੰ ਜਾਣ ਜਾਂਦੇ ਹਨ।੧੪।

***ਭਾਵਾਰਥ :*** 'ਭਗਤਾ' ਤੋਂ ਲੈ ਕੇ 'ਜੋਧ' ਸਿਖ ਤਕ ਨੌਂ ਪਹਿਲੀ ਪਾਤਿਸ਼ਾਹੀ ਦੇ ਸਨ, ਜੀਵਾਈ, ਗੁਜਰ ਅਤੇ ਧਿੰਙ ਇਹ ਤਿੰਨੇ ਦੂਜੀ ਪਾਤਿਸ਼ਾਹੀ ਦੇ ਭਗਤ ਸਨ।

ਬੂੜਾ ਨਾਮੇ ਭਗਤ ਗਊਆਂ ਚਾਰਦਾ ਸੀ, ਇਕ ਦਿਨ ਸਾਹਿਬ ਪਹਿਲੀ ਪਾਤਿਸ਼ਾਹੀ ਦੇ ਅਗੇ ਦੁੱਧ ਰੱਖ ਕੇ ਅਰਦਾਸ ਕੀਤੀ : ਗਰੀਬ ਨਿਵਾਜ! ਮੇਰਾ ਜਨਮ ਮਰਨ ਕਟੀਏ। ਬਚਨ ਹੋਇਆ ਅਜੇ ਤੂੰ ਬਾਰਕ ਹੈਂ, ਇਹ ਏਡੀ ਬੁਧੀ ਕਿਥੋਂ ਸਿੱਖੀ? ਉਸ ਕਿਹਾ, ਮਹਾਰਾਜ! ਆਪ ਕਹਿੰਦੇ ਹੋ ਕਿ :

ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥

*(ਪੰਨਾ ੪੩)*

ਬਚਨ ਕੀਤਾ, ਤੂੰ ਬਾਰਕ ਨਹੀਂ, ਵੱਡੇ ਬੁਢਿਆਂ ਵਾਲੀਆਂ ਗੱਲਾਂ ਕਰਦਾ ਹੈਂ, ਤੇਰਾ ਨਾਮ ਬੁੱਢਾ ਹੋਊ ਅਤੇ ਉਮਰ ਭੀ ਵੱਡੀ ਭੋਗੇਂਗਾ, ਚੌਥਾ ਜਾਮਾਂ ਧਾਰ ਕੇ ਤੈਨੂੰ ਗਿਆਨ ਦਾ ਉਪਦੇਸ਼ ਕਰਾਂਗੇ ਤੇਰੀ ਪੀਹੜੀ ਵਿਖੇ ਭਗਤੀ ਪ੍ਰਾਪਤ ਹੋਵੇਗੀ, ਇਸੇ ਕਰਕੇ ਭਾਈ ਬੁੱਢੇ ਦੀ ਛੇ ਪਾਤਿਸ਼ਾਹੀਆਂ ਤਕ ਦੇਹ ਰਹੀ।

## ੧੫. ਦੂਸਰੀ ਪਾਤਿਸ਼ਾਹੀ ਦੇ ਸਿੱਖਾਂ ਦੀ ਨਾਮਾਵਲੀ

੧. ਪਾਰੋ ਜੁਲਕਾ ਪਰਮਹੰਸ
ਪੂਰੇ ਸਤਿਗੁਰ ਕਿਰਪਾ ਧਾਰੀ।
੨. ਮੱਲੂ ਸ਼ਾਹੀ ਸੂਰਮਾ
ਵੱਡਾ ਭਗਤ ਭਾਈ ਕੇਦਾਰੀ।
੩. ਦੀਪਾ ਦੇਉ ਨਰੈਣ ਦਾਸ
ਬੂਲੇ ਦੇ ਜਾਈਐ ਬਲਿਹਾਰੀ।
੪. ਲਾਲ ਸੁ ਲਾਲੂ ਬੁਧਿਵਾਨ
ਦੁਰਗਾ ਜੀਵੰਦਾ ਪਰਉਪਕਾਰੀ।
੫. ਜੱਗਾ ਧਰਨੀ ਜਾਣੀਐ
ਸੰਸਾਰੂ ਨਾਲੇ ਨਿਰੰਕਾਰੀ।
੬. ਖਾਨੂ ਮੱਯਾ ਪਿਉ ਪੁੱਤ
ਗੁਣ ਗਾਹਕ ਗੋਬਿੰਦ ਭੰਡਾਰੀ।
੭. ਜੋਧੁ ਰਸੋਈਆ ਦੇਵਤਾ
ਗੁਰ ਸੇਵਾ ਕਰ ਦੁੱਤਰ ਤਾਰੀ।
੮. ਪੂਰੇ ਸਤਿਗੁਰ ਪੈਜ ਸਵਾਰੀ॥੧੫॥

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਮੁਖੀਏ ਸਿੱਖਾਂ ਬਾਰੇ ਜਾਣਕਾਰੀ ਕਰਵਾਈ ਉਵੇਂ ਗੁਰੂ ਅੰਗਦ ਦੇਵ ਜੀ ਦੇ ਸਮੇਂ ਵਿਚ ਹੋ ਗੁਜ਼ਰੇ ਸ਼ਰਧਾਲੂਆਂ ਬਾਰੇ ਭੀ ਕੁਝ ਸੋਝੀ ਦਿਓ ਤਾਂ ਕਿ ਸਾਡੇ ਮਨਾਂ ਵਿਚ ਉਨ੍ਹਾ ਦੀ ਭੀ ਯਾਦਾਸ਼ਤ ਬਣੀ ਰਹੇ ?

(੧) ਉ: (ਹੇ ਭਾਈਓ! ਸਾਰੇ ਤਾਂ ਨਹੀਂ ਨਾਮ-ਮਾਤ੍ਰ ਸਿੱਖਾਂ ਦੀ ਮੈਨੂੰ ਚਿਤਵਨੀ ਹੈ ਜਿਵੇਂ ਕਿ ਭਾਈ) ਪਾਰੋ ਜੁਲਕਾ ਪੂਰਨ ਸਿਖ ਪਰਮ ਹੰਸ ਸੀ (ਜਿਸ ਉਤੇ ਗੁਰੂ ਅੰਗਦ ਦੇਵ ਜੀ) ਪੂਰੇ ਸਤਿਗੁਰੂ ਜੀ ਨੇ ਕਿਰਪਾ ਕੀਤੀ।

(੨) (ਅਤੇ) ਮੱਲੂ ਸ਼ਾਹੀ ਬਹਾਦਰ ਤੇ ਭਾਈ ਕੇਦਾਰੀ ਵੱਡੇ ਗੁਰੂ ਜੀ ਦੇ ਭਗਤ ਹੋਏ ਹਨ।

(੩) ਦੀਪਾ ਜਿਸਦੀ ਜਾਤ ਦੇਉ ਸੀ, ਨਰਾਇਣ ਦਾਸ ਤੇ ਬੂਲੇ (ਐਸੇ ਸਿੱਖਾਂ ਤੋਂ) ਬਲਿਹਾਰੇ ਜਾਂਦੇ ਹਾਂ।

(੪) ਲਾਲਾਂ ਵਰਗਾ ਲਾਲੂ (ਤੇ ਵੱਡੇ) ਬੁਧੀਵਾਨ ਦੁਰਗਾ ਤੇ ਜਿਵੰਦਾ ਇਹ ਵੱਡੇ ਪਰਉਪਕਾਰੀ ਸਨ।

(੫) ਧਰਣੀ ਜਾਤ ਵਾਲੇ ਜੱਗੇ (ਦੀ ਸੁਣੋ) ਜੋ ਸੰਸਾਰੀ (ਪ੍ਰਵਾਰ ਵਾਲਾ) ਤੇ ਨਿਰੰਕਾਰੀ (ਪ੍ਰਭੂ ਦਾ ਭਗਤ) ਵੀ ਸੀ।

(੬) (ਇਸੇ ਤਰ੍ਹਾਂ) ਖਾਨੂ ਤੇ ਮਈਆ ਪਿਉ ਪੁੱਤਰ ਸਨ ਜੋ ਗੁਣਾਂ ਦੇ ਗਾਹਕ ਤੇ ਗੋਬਿੰਦ (ਪ੍ਰਭੂ) ਦੇ ਭੰਡਾਰੀ (ਦਾਨ ਕਰਨ ਵਾਲੇ) ਸਨ।

(੭) (ਗੁਰੂ ਜੀ ਦਾ) ਰਸੋਈਆ ਭਾਈ ਜੋਧ ਵੱਡਾ ਦੇਵਤਾ ਪੁਰਸ਼ ਸੀ, ਜੋ ਗੁਰੂ ਸੇਵਾ ਕਰਕੇ ਇਸ ਚਤਰ (ਅਥਾਹ ਲਹਿਰਾਂ ਵਾਲੇ) ਸੰਸਾਰ ਤੋਂ ਤਰ ਗਿਆ।

(੮) ਐਸੇ ਆਪਣੇ ਸੇਵਕਾਂ (ਗੁਰਸਿੱਖਾਂ ਦੀ) ਪੂਰੇ ਸਤਿਗੁਰੂ ਜੀ ਨੇ ਪੈਜ ਸਵਾਰ ਦਿਤੀ।੧੫।

*ਤੀਸਰੀ ਪਾਤਿਸ਼ਾਹੀ ਦੇ ਸਿਖ*

## ੧੬. ਭੱਲੇ ਵਾਸੀ ਸੰਗਤ

੧. ਪਿਰਥੀ ਮੱਲ ਤੁਲਸਾ ਭਲਾ
ਮੱਲਣ ਗੁਰ ਸੇਵਾ ਹਿਤਕਾਰੀ।
੨. ਰਾਮੂ ਦੀਪਾ ਉਗ੍ਰਸੈਣ ਨਾਗਉਰੀ
ਗੁਰ ਸ਼ਬਦ ਵੀਚਾਰੀ।
੩. ਮੋਹਣ ਰਾਮੂ ਮਹਤਿਆ
ਅਮਰੂ ਗੋਪੀ ਹਉਮੈਂ ਮਾਰੀ।
੪. ਸਾਹਾਰੂ ਗੰਗੂ ਭੱਲੇ
ਭਾਗੂ ਭਗਤੁ ਭਗਤਿ ਹੈ ਪਿਆਰੀ।

੫. ਖਾਨੁ ਛੁਰਾ ਤਾਰੂ ਤਰੇ
ਵੇਗਾ ਪਾਸੀ ਕਰਣੀ ਸਾਰੀ।
੬. ਉਗਰੂ ਨੰਦੂ ਸੂਦਨਾ
ਪੂਰੋ ਝੱਟਾ ਪਾਰਿ ਉਤਾਰੀ।
੭. ਮਲੀਆਂ ਸਹਾਰੂ ਭਲੇ ਛੀਂਬੇ
ਗੁਰ ਦਰਗਹ ਦਰਬਾਰੀ।
੮. ਪਾਂਧਾ ਬੂਲਾ ਜਾਣੀਐ
ਗੁਰਬਾਣੀ ਗਾਇਣ ਲੇਖਾਰੀ।
੯. ਡਲੇ ਵਾਸੀ ਸੰਗਤਿ ਭਾਰੀ ॥੧੬॥

*ਅਰਥ :*

ਪ੍ਰ: ਕੁਝ ਗੁਰੂ ਅਮਰਦਾਸ ਜੀ ਦੇ ਸਿੱਖਾਂ ਬਾਰੇ ਭੀ ਗਿਆਤ ਕਰਵਾਓ ?

ਉ: ਹੇ ਭਾਈਓ! ਮੇਰੀ ਸਿਮ੍ਰਤੀ ਵਿਚ ਤਾਂ ਇਹੋ ਗੁਰੂ ਦੇ ਸਿਖ ਪ੍ਰਗਟ ਰੂਪ ਵਿਚ ਹਨ, ਪਰ ਜੋ ਗੁਪਤ ਰੂਪ ਵਿਚ ਸਾਦਕ ਸਿਖ ਹੋ ਗੁਜ਼ਰੇ ਹਨ, ਉਨ੍ਹਾਂ ਦੀ ਗਿਣਤੀ ਤਾਂ ਕਿਸੇ ਪਾਸੋਂ ਕੀਤੀ ਹੀ ਨਹੀਂ ਜਾ ਸਕਦੀ।

(੧) (ਇਹ ਗੁਰੂ ਦੇ ਪ੍ਰਗਟ ਰੂਪ ਵਿਚ ਸਿਖ ਸਨ ਜੋ) ਮੱਲਣ, ਪ੍ਰਿਥੀਮੱਲ ਤੇ ਤੁਲਸਾ ਭਲਾ ਗੁਰੂ ਜੀ ਦੀ ਸੇਵਾ ਕਰਨ ਵਾਲੇ ਹਿਤੂ ਸਿਖ ਸਨ।

(੨) ਰਾਮੂ, ਦੀਪਾ, ਉਗ੍ਰਸੈਣ ਤੇ ਨਾਗਉਰੀ, ਗੁਰ ਸ਼ਬਦ ਦੇ ਵੀਚਾਰੀ ਸਿਖ ਸਨ।

(੩) ਅਮਰੁ, ਗੋਪੀ, ਮੋਹਣ ਤੇ ਰਾਮੂ ਮਹਿਤਾ ਹਉਮੈ ਨੂੰ ਮਾਰ ਲੈਣ ਵਾਲੇ ਗੁਰੂ ਦੇ ਸਿਖ ਸਨ।

(੪) ਸਹਾਰੂ ਤੇ ਗੰਗੂ ਭੱਲੇ ਜਾਤ ਦੇ ਤੇ ਭਾਗੂ ਭਗਤੂ ਨੂੰ ਗੁਰੂ ਭਗਤੀ ਬਹੁਤ ਹੀ ਪਿਆਰੀ ਸੀ।

(੫) ਤਾਰੂ ਤੇ ਖਾਨੂ ਛੁਰਾ ਵੀ ਤਰੇ ਅਤੇ ਵੇਗਾ ਪਾਸੀ ਸ੍ਰੇਸ਼ਟ ਕਰਨੀ ਵਾਲੇ ਹੋਏ ਹਨ।

(੬) ਉਗਰੂ, ਨੰਦੂ, ਸੂਦਨਾ, ਪੂਰੋ, ਝੰਟਾ (ਨੂੰ ਵੀ ਗੁਰੂ ਕ੍ਰਿਪਾ ਨੇ ਭਵਜਲ ਤੋਂ) ਪਾਰ ਉਤਾਰ ਦਿੱਤਾ।

(੭) ਮਲੀਆ ਤੇ ਸਹਾਰੀ ਛੀਂਬੇ ਭਲੇ ਸਿਖ, ਗੁਰ ਦਰਬਾਰ ਵਿਚ ਸ਼ੋਭਾ ਪਾਉਣ ਵਾਲੇ ਦਰਬਾਰੀ ਸਿਖ ਸਨ।

(੮) ਪਾਂਧਾ ਬੂਲਾ ਪ੍ਰਸਿੱਧ ਸੀ ਜੋ ਗੁਰਬਾਣੀ ਗਾਉਂਦਾ ਤੇ ਲਿਖਦਾ ਸੀ।

(੯) ਇਹ ਡੱਲੇ ਵਾਸੀਆਂ ਦੀ (ਗੁਰੂ ਜੀ ਦੀ) ਭਾਰੀ ਸੰਗਤ ਸੀ।੧੬।

*ਚੌਥੀ ਪਾਤਿਸ਼ਾਹੀ ਦੇ ਸਿਖ*

## ੧੭. ਸੱਭਰਵਾਲ ਦੀ ਸਿਖ ਸੰਗਤ

੧. ਸਨਮੁਖ ਭਾਈ ਤੀਰਥਾ
ਸੱਭਰਵਾਲ ਸਭੇ ਸਿਰਦਾਰਾ।
੨. ਪੂਰੋ ਮਾਣਕ ਚੰਦ ਹੈ
ਬਿਸ਼ਨ ਦਾਸ ਪਰਵਾਰ ਸਧਾਰਾ।
੩. ਪੁਰਖੁ ਪਦਾਰਥ ਜਾਣੀਐ
ਤਾਰੂ ਭਾਰੂ ਦਾਸ ਦੁਆਰਾ।
੪. ਮਹਾਂਪੁਰਖ ਹੈ ਮਹਾਂਨੰਦ
ਬਿਧੀਚੰਦ ਬੁਧਿ ਬਿਮਲ ਵੀਚਾਰਾ।
੫. ਬਰ੍ਹਮ ਦਾਸ ਹੈ ਖੋਟੜਾ
ਡੂੰਗਰ ਦਾਸ ਭਲੇ ਤਕਿਆਰਾ।
੬. ਦੀਪਾ ਜੇਠਾ ਤੀਰਥਾ
ਸੈਂਸਾਰੂ ਬੂਲਾ ਸਚਿਆਰਾ।
੭. ਮਾਈਆ ਜਾਪਾ ਜਾਣੀਅਨਿ
ਨਈਆ ਖੁੱਲਰ ਗੁਰੂ ਪਿਆਰਾ।
੮. ਤੁਲਸਾ ਵਹੁਰਾ ਜਾਣੀਐ
ਗੁਰ ਉਪਦੇਸ਼ ਅਵੇਸ਼ ਅਚਾਰਾ।
੯. ਸਤਿਗੁਰ ਸੱਚ ਸਵਾਰਣਹਾਰਾ ॥੧੭॥

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਉ! ਕੀ ਚੌਥੀ ਪਾਤਿਸ਼ਾਹੀ ਦੇ ਸਿੱਖਾਂ ਬਾਰੇ ਭੀ ਕੁਝ ਜਾਣਕਾਰੀ ਕਰਵਾਉਣ ਦੀ ਕ੍ਰਿਪਾ ਕਰੋਗੇ ?

(੧) ਉ: (ਹੇ ਭਾਈ! ਸੁਣੋ) ਭਾਈ ਤੀਰਥਾ ਤੇ ਸਭਰਵਾਲ ਦੇ ਸਾਰੇ ਸਰਦਾਰ (ਮੁਖੀ) ਸਨਮੁਖ ਸਿਖ ਹੋਏ ਹਨ।

(੨) ਪੂਰੋ, ਮਾਣਕ ਚੰਦ ਤੇ ਬਿਸ਼ਨ ਦਾਸ ਸਮੇਤ ਪਰਵਾਰ ਦੇ ਸੁਧਰੇ ਹੋਏ ਸਿਖ ਸਨ।

(੩) ਭਾਈ ਤਾਰੂ ਭਾਰੂ ਗੁਰੂ ਦੁਆਰੇ ਦੇ ਦਾਸ ਤੇ (ਕਰਤਾ) ਪੁਰਖ (ਦੀ ਪ੍ਰਕ੍ਰਿਤੀ ਦੇ ਉੱਤਮ) ਪਦਾਰਥ ਜਾਣੇ ਜਾਂਦੇ ਹਨ।

(੪) ਮਹਾਂਨੰਦ (ਤੇ ਆਪਣੇ ਨਾਂ ਵਾਂਗ) ਹੈ ਹੀ ਮਹਾਂ ਪੁਰਖ ਤੇ ਬਿਧੀਚੰਦ ਸ੍ਰੇਸ਼ਟ ਬੁਧੀ ਤੇ ਵੀਚਾਰਵਾਨ ਸਿਖ ਸਨ।
(੫) ਬ੍ਰਹਮਦਾਸ (ਜਾਤ ਦਾ) ਖੋਟੜਾ ਤੇ ਡੂੰਘਰ ਦਾਸ ਤਕਿਆਰ (ਜਾਤ) ਭਲੇ ਸਿਖ ਸਨ।
(੬) ਦੀਪਾ, ਜੇਠਾ, ਤੀਰਥਾ, ਸੈਂਸਾਰੂ ਤੇ ਬੂਲਾ ਆਦਿ ਸਚਿਆਰ ਸਿਖ ਸਨ।
(੭) ਮਾਈਆ, ਜਾਪਾ, ਨਈਆ ਤੇ ਖੁੱਲਰ ਗੁਰੂ ਕੇ ਪਿਆਰੇ ਸਿਖ ਜਾਣੇ ਜਾਂਦੇ ਸਨ।
(੮) ਤੁਲਸਾ, ਵਹੁਰਾ (ਜਾਤ ਦਾ) ਗੁਰੂ ਉਪਦੇਸ਼ ਨੂੰ ਧਾਰਨ ਕਰਨ ਵਾਲਾ ਤੇ ਵੱਡੇ ਅਚਾਰ (ਭਲੀ ਵਰਤੋਂ ਵਿਹਾਰ) ਕਰਨ ਵਾਲਾ ਗੁਰ ਸਿਖ ਸੀ।
(੯) ਸਤਿਗੁਰੂ ਜੀ (ਸੱਚ ਦੇ ਲੜ ਲਾ ਕੇ ਸਭ ਨੂੰ) ਸਵਾਰਨ ਵਾਲੇ ਹਨ।੧੭।

*ਭਾਵਾਰਥ :* ਪੁਰਖ ਆਤਮਾ ਨੂੰ ਕਹਿੰਦੇ ਹਨ, ਪਦਾਰਥ ਪ੍ਰਕ੍ਰਿਤੀ ਨੂੰ। ਜਿਵੇਂ ਸਰੀਰ ਤੇ ਆਤਮਾ ਨਾਲ ਮਨੁੱਖ ਬਣਿਆ ਹੈ ਤਿਵੇਂ ਹੀ ਤਾਰੂ ਭਾਰੂ ਦੋਵੇਂ ਆਪੋ ਵਿਚ ਪਿਆਰੇ ਇਕ ਰੂਪ ਸਨ। ਭਾਰੂ ਅਤੀ ਗਰੀਬ ਪਰ ਵੀਚਾਰ ਦਾ ਪੁੰਜ ਮਾਨੋ ਆਤਮਾ ਸੀ ਤੇ ਤਾਰੂ ਧਨ ਪਾਤਰ ਸੀ ਤੇ ਭਾਰੂ ਦੇ ਆਖੇ ਮੁਤਾਬਕ ਸਾਰੇ ਧਨ ਪਦਾਰਥ ਨੂੰ ਸੰਗਤ ਵਿਚ ਹੀ ਵਰਤਾਉਂਦਾ ਤੇ ਉਡਾਉਂਦਾ ਹੁੰਦਾ ਸੀ। ਇਹ ਸਾਰੇ ਗੁਰੂ ਦੇ ਪਿਆਰੇ ਜੀਵਨ ਗੁਜ਼ਾਰਨ ਵਾਲੇ ਹੋਏ ਹਨ।

## ੧੮. *ਪੰਜਵੀਂ ਪਾਤਿਸ਼ਾਹੀ ਦੇ ਪਿਆਰ ਵਾਲੇ ਸਿੱਖ*

**੧. ਪੁਰੀਆ ਚੂਹੜ ਚਉਧਰੀ**
**ਪੈੜਾ ਦਰਗਹ ਦਾਤਾ ਭਾਰਾ।**
**੨. ਬਾਲਾ ਕਿਸ਼ਨਾ ਝਿੰਗਰਣਿ**
**ਪੰਡਤ ਰਾਇ ਸਭਾ ਸੀਂਗਾਰਾ।**
**੩. ਸੁਹੜ ਤਿਲੋਕਾ ਸੂਰਮਾ**
**ਸਿੱਖ ਸਮੁੰਦਾ ਸਨਮੁਖ ਸਾਰਾ।**
**੪. ਕੁੱਲਾ ਭੁੱਲਾ ਝੰਝੀਆ**
**ਭਾਗੀਰਥ ਸੁਇਨੀ ਸੁਚਿਆਰਾ।**
**੫. ਲਾਲੂ ਬਾਲੂ ਵਿੱਜ ਹਨ**
**ਹਰਖਵੰਤ ਹਰਦਾਸ ਪਿਆਰਾ।**
**੬. ਧੀਰੂ ਨਿਹਾਲੂ ਤੁਲਸੀਆ**
**ਬੂਲਾ ਚੰਡੀਆ ਬਹੁ ਗੁਣਿਆਰਾ।**
**੭. ਗੋਖੂ ਟੋਡਾ ਮਹਤਿਆ**
**ਤੋਤਾ ਮੱਦੂ ਸ਼ਬਦ ਵੀਚਾਰਾ।**
**੮. ਝਾਂਝੂ ਅਤੇ ਮੁਕੰਦ ਹੈ**
**ਕੀਰਤਨ ਕਰੈ ਹਜ਼ੂਰ ਕਿਦਾਰਾ।**
**੯. ਸਾਧ ਸੰਗਤਿ ਪਰਗਟ ਪਾਹਾਰਾ ॥੧੮॥**

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਗੁਰੂ ਅਰਜਨ ਦੇਵ ਜੀ ਦੇ ਗੁਰਸਿੱਖਾਂ ਦੇ ਨਾਮ ਤਾਂ ਆਪ ਜੀ ਨੂੰ ਵਧੇਰੇ ਚੇਤੇ ਹੋਣਗੇ ਉਨ੍ਹਾਂ ਬਾਰੇ ਭੀ ਸਾਨੂੰ ਕੁੱਝ ਜਾਣਕਾਰੀ ਕਰਵਾਓ, ਧੰਨਵਾਦੀ ਹੋਵਾਂਗੇ?

ਉ: ਹੇ ਭਾਈਓ! ਗੁਰੂ ਅਰਜਨ ਦੇਵ ਜੀ ਦੀ ਚਰਨ ਸ਼ਰਨ ਵਿਚ ਦੇਸ ਦਿਸੰਤਰਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਨਵੇਂ ਤੋਂ ਨਵੇਂ ਅਨਗਿਣਤ ਸਿੱਖ ਆਇਆ ਕਰਦੇ ਸਨ, ਉਨ੍ਹਾਂ ਸਭ ਦੇ ਨਾਮ ਤਾਂ ਚੇਤੇ ਰੱਖਣੇ ਬੜੇ ਮੁਸ਼ਕਲ ਸਨ ਪਰ ਚੰਦ ਕੁ ਨਾਮ ਜੋ ਮੇਰੀ ਸਿਮ੍ਰਿਤੀ ਵਿਚ ਹਨ ਉਨ੍ਹਾਂ ਵਿਚੋਂ ਕੁੱਝ ਨਾਮ ਮੈਂ ਆਪ ਜੀ ਨੂੰ ਦੱਸਣ ਦਾ ਯਤਨ ਜ਼ਰੂਰ ਕਰਦਾ ਹਾ, ਜਿਵੇਂ ਕਿ—

(੧) (ਹੇ ਭਾਈਓ! ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ) ਪੁਰੀਆ ਤੇ ਚੂਹੜ ਚੌਧਰੀ ਭਾਰੇ ਦਾਤੇ ਸਨ।
(੨) (ਅਤੇ) ਬਾਲਾ ਤੇ ਕਿਸ਼ਨਾ (ਝਿੰਗਰ ਜਾਤੀ ਦੇ) ਪੰਡਤ ਰਾਇ (ਗੁਰੂ ਜੀ ਦੀ) ਸਭਾ ਦੇ ਸ਼ਿੰਗਾਰੇ ਸਿੱਖ ਸਨ।
(੩) ਸੁਹੜ ਤੇ ਤਿਲੋਕਾ ਗੁਰੂ ਦੇ ਬਹਾਦਰ ਸਨ ਤੇ ਸਮੁੰਦਾ (ਗੁਰਮੁਖ) ਸਾਰਾ ਹੀ ਸਨਮੁਖ ਸੀ।
(੪) ਕੁਲਾ ਭੁਲਾ ਝੰਝੀ (ਜਾਤੀ ਦੇ) ਭਾਗੀਰਥ ਸੁਇਨੀ ਸਚਿਆਰ ਸਿੱਖ ਸਨ।
(੫) ਲਾਲੂ ਬਾਲੂ ਵਿਜ (ਜਾਤੀ ਦੇ) ਤੇ ਹਰਿਦਾਸ (ਇਹ ਗੁਰੂ ਦੇ) ਪ੍ਰਸੰਨ ਚਿੱਤ ਪਿਆਰੇ ਸਨ।
(੬) ਧੀਰੂ, ਨਿਹਾਲੂ, ਤੁਲਸੀਆ, ਬੂਲਾ ਤੇ ਚੰਡੀਆ ਬੜੇ ਹੀ ਗੁਣਵਾਨ (ਗੁਰੂ ਦੇ) ਸਿਖ ਸਨ।
(੭) (ਗੁਰੂ ਦੇ ਸਿਖ) ਗੋਖੂ, ਟੋਡੂ, ਮਹਿਤਾ, ਤੋਤਾ ਤੇ ਮੱਦੂ ਆਦਿ ਸ਼ਬਦ ਦੇ ਵੀਚਾਰਵਾਨ ਸਨ।
(੮) ਝਾਂਝੂ, ਮੁਕੰਦ ਤੇ ਕਿਦਾਰਾ (ਰਾਗ ਵਿਦਿਆ ਦੇ

ਜਾਣਕਾਰ, ਗੁਰੂ ਕੇ) ਹਜ਼ੂਰ ਕੀਰਤਨ ਕਰਦੇ ਸਨ।
(੯) ਸਾਧ ਸੰਗਤ ਵਿਚ ਇਹ ਪ੍ਰਗਟ ਪ੍ਰਤਾਪ ਵਾਲੇ ਸਨ।੧੮।

***ਭਾਵਾਰਥ:*** ਹੇ ਭਾਈਓ! ਇਹ ੨੮ ਸਿਖ ਗੁਰੂ ਅਰਜਨ ਦੇਵ ਜੀ ਨੂੰ ਮਿਲੇ ਅਤੇ ਇਨ੍ਹਾਂ ਨੇ ਆਪਣੇ ਉੱਧਾਰ ਦਾ ਕਾਰਣ ਪੁੱਛਿਆ? ਇਨ੍ਹਾਂ ਨੂੰ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਤੁਸੀਂ ਬਾਣੀ ਦਾ ਵੀਚਾਰ ਕਰਿਆ ਕਰੋ, ਜੋ ਆਗਿਆ ਹੋਵੇ ਉਸਦੀ ਕਮਾਈ ਕਰੋ, ਪਾਠ ਕਰਦੇ ਰਹਿਣ ਨਾਲ ਮਨੁੱਖ ਦਾ ਅੰਤਹ ਕਰਣ ਸੁਧ ਹੁੰਦਾ ਹੈ, ਵੀਚਾਰ ਤੋਂ ਗਿਆਨ, ਗਿਆਨ ਤੋਂ ਮੁਕਤਿ ਪ੍ਰਾਪਤ ਹੁੰਦੀ ਹੈ, ਹੇ ਭਾਈਓ! ਵੇਖੋ ਜਿਵੇਂ ਲੱਕੜੀ ਵਿਚ ਅਗਨੀ ਹੈ ਪਰ ਉਹ ਮਥਨ ਕੀਤੇ ਬਿਨਾ ਨਹੀਂ ਨਿਕਲਦੀ, ਇਸੇ ਤਰ੍ਹਾਂ ਜਦੋਂ ਗਿਆਨ ਅਗਨੀ ਨਿਕਲੇਗੀ ਤਾਂ ਸਾਰੇ ਕਰਮ ਦਗਧ ਹੋ ਜਾਣਗੇ, ਇਹ ਸਾਰੇ ਸਿਖ ਗੁਰੂ ਦਾ ਬਚਨ ਮੰਨ ਕੇ ਸਿੱਖੀ ਵਿਖੇ ਤਤਪਰ ਹੋ ਗਏ, ਜਿਸਦਾ ਸਦਕਾ ਇਨ੍ਹਾਂ ਦਾ ਆਵਾਗਵਨ ਮਿਟ ਗਿਆ ਸਦੀਵੀ ਕਾਲ ਲਈ ਸੁਖ ਸਰੂਪ ਵਿਚ ਇਨ੍ਹਾਂ ਦੀ ਲੀਨਤਾ ਹੋ ਗਈ।

## *੧੯. ਸਿੱਖਾਂ ਦੇ ਕੁਝ ਹੋਰ ਨਾਮ*

੧. ਗੰਗੂ ਨਾਊ ਸਹਗਲਾ
ਰਾਮਾ ਧਰਮਾ ਉੱਦਾ ਭਾਈ।
੨. ਜੱਟੂ ਭੱਟੂ ਵੱਤਿਆ
ਫਿਰਨਾ ਸੂਦ ਵਡਾ ਸਤ ਭਾਈ।
੩. ਭੋਲੂ ਭੱਟੂ ਜਾਣੀਅਨਿ
ਸਨਮੁਖ ਤੇਵਾੜੀ ਸੁਖਦਾਈ।
੪. ਡੱਲਾ ਭਾਗੀ ਭਗਤੁ ਹੈ
ਜਾਪੂ ਨਿਵਲਾ ਗੁਰ ਸਰਣਾਈ।
੫. ਮੂਲਾ ਸੂਜਾ ਧਾਵਣੇ
ਚੰਦੂ ਚਉਝੜ ਸੇਵ ਕਮਾਈ।
੬. ਰਾਮਦਾਸ ਭੰਡਾਰੀਆ
ਬਾਲਾ ਸਾਈਂਦਾਸ ਧਿਆਈ।
੭. ਗੁਰਮੁਖ ਬਿਸ਼ਨੂ ਬੀਬੜਾ
ਮਾਛੀ ਸੁੰਦਰ ਗੁਰਮਤਿ ਪਾਈ।
੮. ਸਾਧਸੰਗਤਿ ਵੱਡੀ ਵਡਿਆਈ ॥੧੯॥

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਦੀ ਯਾਦ ਵਿਚ ਤਾਂ ਹੋਰ ਭੀ ਬਹੁਤ ਸਾਰੇ ਸਿੱਖਾਂ ਦੇ ਨਾਮ ਹੋਣਗੇ, ਉਹ ਭੀ ਸੁਣਾਉਣ ਦੀ ਕ੍ਰਿਪਾ ਕਰੋ?
(੧) ਉ: (ਹੇ ਭਾਈ! ਹੋਰ ਸੁਣੋ ਕਿ) ਸਹਿਗਲ ਜਾਤ ਦਾ ਗੰਗੂ ਨਾਊ, ਰਾਮਾ ਧਰਮਾ ਤੇ ਊਦਾ (ਆਪੋ ਵਿਚ) ਭਰਾ ਸਨ।
(੨) ਜੱਟੂ, ਭੱਟੂ ਆਦਿ ਤੱਤ ਵੇਤੇ ਸਿਖ ਸਨ, ਫਿਰਣਾ ਸੂਦ ਜਾਤੀ ਦਾ ਵੱਡੇ ਸਤ (ਭਾਉ ਭਗਤੀ) ਵਾਲਾ ਸੀ।
(੩) ਭੋਲੂ ਭੱਟੂ ਪ੍ਰਸਿੱਧ ਸਨਮੁਖ ਸਿਖ ਸਨ ਅਤੇ ਤਿਵਾੜੀ (ਬਾਹਮਣ ਜਾਤ, ਸਿੱਖਾਂ ਦੇ ਗੁਣਾਂ ਵਿਚ ਭਾਰੇ) ਸੁਖਾਂ ਵਾਲਾ ਸੀ।
(੪) ਡੱਲਾ ਭਾਗੀ (ਗੁਰੂ ਕੇ ਭਗਤ) ਤੇ ਜਾਪੂ ਨਿਵਲਾ ਸਦਾ ਹੀ ਗੁਰੂ ਸ਼ਰਨ ਵਿਚ ਰਹਿੰਦੇ ਸਨ।
(੫) ਮੂਲਾ ਤੇ ਸੂਜਾ (ਜਾਤੀ ਦੇ) ਧਾਵਣ ਤੇ ਚੰਦੂ ਚਉਝੜ (ਨੇ ਗੁਰੂ ਜੀ) ਦੀ ਸੇਵਾ ਕਮਾਈ ਹੈ।
(੬) ਰਾਮਦਾਸ (ਗੁਰੂ ਜੀ ਦਾ) ਭੰਡਾਰੀਆ (ਰਸੋਈਆ) ਤੇ ਬਾਲਾ ਅਤੇ ਸਾਈਂ ਦਾਸ ਗੁਰੂ ਦੇ ਲਿਵਲੀਨ ਸਿਖ ਸਨ।
(੭) ਬਿਸ਼ਨੂੰ, ਬੀਬੜਾ ਤੇ ਸੁੰਦਰ ਮਾਛੀ ਵਡੇ ਗੁਰਮੁਖ ਸਨ, ਜਿਨ੍ਹਾਂ ਨੇ ਗੁਰਮਤ ਨੂੰ ਹਿਰਦੇ ਵਿਚ ਵਸਾ ਲਿਆ ਸੀ।
(੮) (ਇਸ ਤਰ੍ਹਾਂ ਦੀ) ਸਾਧ ਸੰਗਤ ਦੀ ਵਡਿਆਈ ਬਹੁਤ ਵੱਡੀ ਹੈ।੧੯।

***ਭਾਵਾਰਥ:*** ਉਪਰ ਲਿਖਤ ੨੧ ਭਗਤ ਭੀ ਗੁਰੂ ਅਰਜਨ ਦੇਵ ਜੀ ਦੇ ਪ੍ਰੇਮੀ ਸਿਖ ਹੋਏ ਹਨ, ਸੁੰਦਰ ਮਾਛੀ ਗੁਰੂ ਜੀ ਦੇ ਲੰਗਰ ਵਿਚ ਲਕੜੀਆਂ ਦੀ ਸੇਵਾ ਕਰਦਾ ਸੀ ਇਸੇ ਟਹਿਲ ਨਾਲ ਇਸਦਾ ਉੱਧਾਰ ਹੋਇਆ, ਤਿਵਾੜੀ ਪੰਡਿਤ ਕਥਾ ਹੀ ਕਰਦਾ ਸੀ। ਕੋਈ ਕੇਵਲ ਗੁਰੂ ਦੀ ਸ਼ਰਨ ਲੈ ਕੇ ਹੀ ਮੁਕਤ ਹੋਇਆ। ਗੱਲ ਕੀ ਗੁਰਬਾਣੀ ਦੇ ਹੁਕਮ ਅਨੁਸਾਰ:

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ॥ *(ਪੰਨਾ ੫੪੪)*

## ੨੦. ਸਿੱਖਾਂ ਦੇ ਹੋਰ ਨਾਮ

੧. ਜੱਟੂ ਭਾਨੂ ਤੀਰਥਾ
ਚਾਇ ਚਈਲੇ ਚੱਢੇ ਚਾਰੇ।
੨. ਸਣੇ ਨਿਹਾਲੇ ਜਾਣੀਅਨਿ
ਸਨਮੁਖ ਸੇਵਕ ਗੁਰੂ ਪਿਆਰੇ।
੩. ਸੇਖੜ ਸਾਧ ਵਖਾਣੀਅਹਿ
ਨਾਊ ਭੁੱਲੂ ਸਿੱਖ ਸੁਚਾਰੇ।
੪. ਜੱਟੂ ਭੀਵਾ ਜਾਣੀਅਨਿ
ਮਹਾਂ ਪੁਰਖ ਮੂਲਾ ਪਰਵਾਰੇ।
੫. ਚਤੁਰ ਦਾਸ ਮੂਲਾ ਕਪੂਰ
ਹਾੜੂ ਗਾੜੂ ਵਿੱਜ ਵਿਚਾਰੇ।
੬. ਫਿਰਣਾ ਬਹਿਲ ਵਖਾਣੀਅਹਿ
ਜੇਠਾ ਚੰਗਾ ਕੁਲ ਨਿਸਤਾਰੇ।
੭. ਵਿੱਸਾ ਗੋਪੀ ਤੁਲਸੀਆ
ਭਾਰਦੁਆਜੀ ਸਨਮੁਖ ਸਾਰੇ।
੮. ਵੱਡਾ ਭਗਤ ਹੈ ਭਾਈਅੜਾ
ਗੋਇੰਦ ਘੇਈ ਗੁਰੂ ਦੁਆਰੇ।
੯. ਸਤਿਗੁਰ ਪੂਰੇ ਪਾਰਿ ਉਤਾਰੇ ॥੨੦॥

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਕੁਝ ਸਿੱਖਾਂ ਦੇ ਹੋਰ ਨਾਮਾਂ ਤੋਂ ਭੀ ਜਾਣੂ ਕਰਾਓ?

(੧,੨) ਉ: ਹੇ ਭਾਈਓ! ਹੋਰ ਸੁਣੋ ਕਿ) ਜੱਟੂ, ਭਾਨੂੰ, ਤੀਰਥਾ ਤੇ ਨਿਹਾਲਾ, ਇਹ ਚਾਰੇ ਚੱਢੇ ਜਾਤ ਦੇ ਬੜੇ ਚਾਉ ਚਈਲੇ (ਉਤਸ਼ਾਹੀ) ਸਨਮੁਖ ਸੇਵਕ ਗੁਰੂ ਕੇ ਪਿਆਰੇ ਸਿਖ ਸਨ।

(੩) ਨਾਊ ਤੇ ਭੁਲੂ ਏਹ ਸੇਖੜੇ ਸਾਧ ਸਨ, ਪਰ ਫਿਰ ਗੁਰੂ ਦੇ ਸਚਿਆਰ (ਚੰਗੇ ਆਦਰ ਵਾਲੇ) ਸਿਖ ਹੋਏ।

(੪) ਜਟੂ ਤੇ ਭੀਵਾ (ਚੰਗੇ ਗੁਰਸਿੱਖ) ਜਾਣੇ ਜਾਂਦੇ ਤੇ ਵਡੇ ਪਰਵਾਰ ਵਾਲਾ ਮੂਲਾ, ਵਡਾ ਮਹਾ ਪੁਰਖ ਸੀ।

(੫) ਚਤੁਰ ਦਾਸ ਤੇ ਮੂਲਾ ਕਪੂਰ (ਜਾਤੀ ਦੇ) ਹਾੜੂ ਗਾੜੂ ਵਿਜ (ਜਾਤੀ ਦੇ) ਸਿਖੀ ਵੀਚਾਰਾਂ ਵਾਲੇ ਵੀਚਾਰਵਾਨ ਸਨ।

(੬) ਫਿਰਣਾ ਬਹਿਲ (ਜਾਤੀ ਦਾ) ਸੱਦੀਦਾ ਸੀ ਤੇ ਜੇਠਾ ਚੰਗੇ (ਕਰਮ ਕਰਕੇ) ਕੁਲ ਨੂੰ ਤਾਰਨ ਵਾਲਾ ਸੀ।

(੭) ਵਿੱਸਾ, ਗੋਪੀ, ਤੁਲਸੀਆ ਭਾਰ ਦੁਆਜੀ (ਬ੍ਰਾਹਮਣ ਜਾਤੀ ਦੇ) ਸਾਰੇ ਹੀ ਸਨਮੁਖ ਸਿਖ ਸਨ।

(੮) ਗੋਇੰਦ ਘੇਈ (ਜਾਤ ਦਾ) ਗੁਰੂ ਦੇ ਦਰਬਾਰ ਦਾ ਵੱਡਾ ਭਗਤ ਤੇ ਸਭ ਦਾ (ਭਾਈਅੜਾ) ਮਿਲਾਪੜਾ ਸੀ।

(੯) ਪੂਰੇ ਸਤਿਗੁਰ ਨੇ (ਇਨ੍ਹਾਂ ਸਭਨਾਂ ਨੂੰ ਭਵਜਲ ਤੋਂ) ਪਾਰ ਉਤਾਰ ਦਿਤਾ।੨੦।

## ੨੧. ਸੁਲਤਾਨਪੁਰ ਦੇ ਸਿੱਖ

੧. ਕਾਲੂ ਚਾਊ ਬੰਮੀਆ
ਮੂਲੇ ਨੋਂ ਗੁਰ ਸ਼ਬਦ ਪਿਆਰਾ।
੨. ਹੇਮਾ ਵਿਚ ਕਪਾਹੀਆ
ਗੋਬਿੰਦ ਘੇਈ ਗੁਰ ਨਿਸਤਾਰਾ।
੩. ਭਿੱਖਾ ਟੋਡਾ ਭੱਟ ਦੁਇ
ਧਾਰੂ ਸੂਦ ਮਹਲ ਤਿਸ ਭਾਰਾ।
੪. ਗੁਰਮੁਖ ਰਾਮੂ ਕੋਹਲੀ
ਨਾਲ ਨਿਹਾਲੂ ਸੇਵਕ ਸਾਰਾ।
੫. ਛੱਜੂ ਭੱਲਾ ਜਾਣੀਐ
ਮਾਈ ਦਿੱਤਾ ਸਾਧ ਵਿਚਾਰਾ।
੬. ਤੁਲਸਾ ਵਹੁਰਾ ਭਗਤ ਹੈ
ਦਾਮੋਦਰ ਆਕੁਲ ਬਲਿਹਾਰਾ।
੭. ਭਾਨਾ ਆਵਲ ਵਿਗਹ ਮੱਲ
ਬੁੱਧੂ ਛੀਂਬਾ ਗੁਰ ਦਰਬਾਰਾ।
੮. ਸੁਲਤਾਨ ਪੁਰ ਗੁਰ ਭਗਤ ਭੰਡਾਰਾ ॥੨੧॥

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਸੁਣਨ ਵਿਚ ਆਉਂਦਾ ਹੈ ਕਿ ਸੁਲਤਾਨ ਪੁਰ ਦੀ ਸਿਖ ਸੰਗਤ ਗੁਰੂ ਸ਼ਰਨ ਵਿਚ ਬਹੁਤ ਆਇਆ ਕਰਦੀ ਸੀ, ਕੁਝ ਉਨ੍ਹਾਂ ਬਾਰੇ ਭੀ ਸਾਨੂੰ ਜਾਣਕਾਰੀ ਕਰਵਾਓ?

ਉ: ਹੇ ਭਾਈਓ! ਸੁਲਤਾਨ ਪੁਰ ਦੇ ਸਿਖ ਤਾਂ ਗੁਰੂ ਦੀ ਸਰਨ ਵਿਚ ਹਰ ਰੋਜ ਸੈਕੜਿਆਂ ਦੀ ਗਿਣਤੀ ਵਿਚ

ਆਇਆ ਕਰਦੇ, ਉਨ੍ਹਾਂ ਸਭ ਦੇ ਨਾਮ ਤਾਂ ਮੈਨੂੰ ਚੇਤੇ ਨਹੀਂ ਪਰ ਕੁਝ ਕੁ ਨਾਮਾਂ ਦੀ ਮੈਨੂੰ ਸਿੰਮ੍ਰਤੀ ਹੈ ਉਹ ਆਪ ਜੀ ਨੂੰ ਜ਼ਰੂਰ ਸੁਨਾਣ ਦਾ ਉਪਰਾਲਾ ਕਰਾਂਗਾ।

(੧) (ਹੇ ਭਾਈਓ! ਪਹਿਲੇ ਮੁਖੀਏ ਸਿਖ ਤਾਂ ਇਹ ਹਨ) ਕਾਲੂ, ਚਾਊ, ਬੰਮੀਏ, ਤੇ ਮੂਲਾ (ਜਿਨ੍ਹਾਂ ਨੂੰ) ਗੁਰੂ ਦਾ ਸ਼ਬਦ ਪਿਆਰਾ ਲਗਦਾ ਹੈ।

(੨) ਹੇਮਾ ਕਪਾਹ ਵੇਚਣ ਵਾਲਾ ਤੇ ਗੋਇੰਦ ਘਿਉ ਵੇਚਣ ਵਾਲੇ ਨੂੰ ਗੁਰੂ ਕ੍ਰਿਪਾ ਨੇ ਭਵਜਲ ਤੋਂ ਪਾਰ ਉਤਾਰ ਦਿੱਤਾ।

(੩) ਡਿੱਖਾ, ਟੋਡਾ ਦੋਵੇਂ ਭੱਠ (ਝੂਠੇ ਅਮੀਰਾਂ ਤੇ ਵਜ਼ੀਰਾਂ ਦੀ ਸਿਫ਼ਤ ਛੱਡ ਕੇ ਸੱਚੇ ਪਾਤਿਸ਼ਾਹ ਦੀ ਸਿਫ਼ਤ ਸਾਲਾਹ ਵਿਚ ਲਗੇ) ਤੇ ਧਾਰੂ ਸੂਦ ਨੂੰ ਭੀ (ਗੁਰੂ ਸ਼ਰਨ ਵਿਚ ਪ੍ਰੇਮਾ ਭਗਤੀ ਕਰਨ ਕਰਕੇ) ਗੁਰੂ ਘਰ ਵਿਚ ਭਾਰਾ ਮਹੱਲ (ਖ਼ਾਸ ਥਾਂ) ਪ੍ਰਾਪਤ ਹੋਈ।

(੪) ਰਾਮੂ ਕੋਹਲੀ ਵੱਡਾ ਗੁਰਮੁਖ ਹੋਇਆ ਤੇ ਸੇਵਾ ਦਾ ਮਹਾਨ ਸੇਵਕ ਨਿਹਾਲੂ ਹੋਇਆ।

(੫) ਛੱਜੂ ਭੱਲਾ ਤੇ ਮਾਈ ਦਿੱਤਾ ਭਲੇ ਗੁਰਸਿੱਖ ਸਾਧੂ ਬਣ ਗਏ।

(੬) ਤੁਲਸਾ ਵਹੁਰਾ ਭਗਤ ਹੈ ਤੇ ਦਾਮੋਦਰ ਅਤੇ ਆਕੁਲ (ਵਰਗੇ ਸਿੱਖਾਂ ਤੋਂ) ਬਲਿਹਾਰ ਜਾਈਏ।

(੭) ਭਾਨਾ, ਆਵਲ, ਵਿਗਹ ਮੱਲ ਤੇ ਬੁਧੂ ਛੀਂਬਾ ਗੁਰੂ ਦੇ ਦਰਬਾਰੀ ਸਿਖ ਸਨ।

(੮) (ਹੇ ਭਾਈ! ਇਉਂ ਸਮਝੋ ਕਿ) ਸੁਲਤਾਨਪੁਰ ਭਗਤਾਂ (ਗੁਰਸਿੱਖਾਂ ਦਾ) ਭੰਡਾਰ ਸੀ।੨੧।

## ੨੨. ਮਸੰਦ ਸਿੱਖਾਂ ਦੇ ਨਾਮ

**੧. ਦੀਪਕੁ ਦੀਪਾ ਕਾਸਰਾ**
**ਗੁਰੂ ਦੁਆਰੈ ਹੁਕਮੀ ਬੰਦਾ।**
**੨. ਪੱਟੀ ਅੰਦਰ ਚਉਧਰੀ**
**ਢਿੱਲੋਂ ਲਾਲ ਲੰਗਾਹ ਸੁਹੰਦਾ।**
**੩. ਅਜਬ ਅਜਾਇਬ ਸੰਘਿਆਂ**
**ਉਮਰ ਸ਼ਾਹ ਗੁਰ ਸੇਵ ਕਰੰਦਾ।**
**੪. ਪੈੜਾ ਛੱਜਲ ਜਾਣੀਐ**
**ਕੰਦੂ ਸੰਘਰ ਮਿਲੈ ਹਸੰਦਾ।**
**੫. ਪੁੱਤ ਸਪੁੱਤ ਕਪੂਰ ਦੇਉ**
**ਸਿਖੇ ਮਿਲਿਆ ਮਨਿ ਵਿਗਸੰਦਾ।**
**੬. ਸੰਮਣ ਹੈ ਸ਼ਾਹਬਾਜ਼ ਪੁਰਿ**
**ਗੁਰਸਿੱਖਾਂ ਦੀ ਸਾਰ ਲਹੰਦਾ।**
**੭. ਜੋਧਾ ਜੱਲੋ ਤੁਲਸ ਪੁਰਿ**
**ਮੋਹਣ ਆਲਮ ਗੰਜ ਰਹੰਦਾ।**
**੮. ਗੁਰਮੁਖ ਵਡਿਆ ਵਡੇ ਮਸੰਦਾ ॥੨੨॥**

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਮਸੰਦ ਸਿਖ ਉਹ ਭੀ ਸੁਣਨ ਵਿਚ ਆਉਂਦੇ ਹਨ ਜੋ ਸਾਦਕਾਂ ਸਿੱਖਾਂ ਦੇ ਘਰਾਂ ਵਿਚੋਂ ਕਾਰ-ਭੇਟਾ ਲੈ ਆ ਕੇ ਗੁਰੂ ਦੀ ਗੋਲਕ ਵਿਚ ਭੇਟਾ ਕਰਿਆ ਕਰਦੇ ਸਨ, ਉਨ੍ਹਾਂ ਦੇ ਨਾਮਾਂ ਤੋਂ ਤਾਂ ਆਪ ਜੀ ਭਲੀ ਪ੍ਰਕਾਰ ਜਾਣੂ ਹੋ, ਉਨ੍ਹਾਂ ਬਾਰੇ ਭੀ ਕੁਝ ਜਾਣਕਾਰੀ ਦਿਓ?

(੧) ਉ: (ਹੇ ਭਾਈਓ! ਗੁਰੂ ਘਰ ਵਿਚ) ਦੀਪਕ ਸਿਖ ਹੋਇਆ ਹੈ (ਜੋ ਦੀਪਕ ਵਾਂਗ ਚਾਨਣਾ ਦੇਂਦਾ ਸੀ) ਦੀਪਾ ਕਾਸਰਾ (ਮਸੰਦ) ਗੁਰੂ ਦੇ ਦਰਵਾਜ਼ੇ 'ਤੇ ਜੋ (ਦਰਬਾਨਚੀ) ਰਹਿਣ ਵਾਲਾ ਹੁਕਮੀ ਬੰਦਾ ਸੀ।

(੨) ਪੱਟੀ ਵਿਚ (ਮਸੰਦ ਸੀ) ਲਾਲੂ ਤੇ ਲੰਗਾਹ ਢਿੱਲੋਂ (ਜਾਤ ਦੇ) ਚੌਧਰੀ ਜੋ ਸੋਭਾ ਦੇਣ ਵਾਲੇ ਸੀ।

(੩) ਸੰਘੇ (ਜਾਤ ਦੇ) ਅਜਬ ਤੇ ਅਜਾਇਬ ਅਤੇ ਉਮਰ ਸ਼ਾਹ ਗੁਰੂ ਸੇਵਾ ਨੂੰ ਕਰਨ ਵਾਲੇ (ਮਸੰਦ) ਸਨ।

(੪) ਪੈੜਾ ਛੱਜਲ (ਜਾਤ ਦਾ) ਪ੍ਰਸਿੱਧ (ਮਸੰਦ) ਸੀ (ਤੇ ਜੋ) ਕੰਦੂ ਸੰਘਰ (ਜਾਤ ਦਾ) ਇਹ ਸਭ ਨੂੰ ਹੱਸਦਾ ਹੀ ਮਿਲਦਾ ਸੀ।

(੫) ਕਪੂਰ ਤੇ ਉਸਦਾ ਪੁੱਤ੍ਰ, ਸਿੱਖਾਂ ਨੂੰ ਮਿਲ ਕੇ ਉਨ੍ਹਾਂ ਦੇ ਮਨ ਵਿਚ ਖੇੜਾ ਪੈਦਾ ਕਰ ਦੇਂਦੇ ਸੀ।

(੬) ਸੰਮਣ (ਮਸੰਦ) ਸ਼ਾਹਬਾਜਪੁਰ ਦਾ ਸੀ, ਜੋ ਗੁਰਸਿੱਖਾਂ ਦੀ ਸਾਰ (ਖ਼ਬਰ ਸੁਰਤ) ਲੈਂਦਾ ਸੀ।

(੭) ਤੁਲਸ ਪੁਰੀ ਦੇ ਜੋਧਾ ਤੇ ਜੱਲੋ (ਮਸੰਦ) ਤੇ ਮੋਹਣ ਆਲਮਗੰਜ ਰਹਿ ਕੇ ਸੇਵਾ ਕਰਦਾ ਸੀ।

(੮) ਇਹ ਵੱਡੇ ਵੱਡੇ ਮਸੰਦ (ਆਪ ਵੀ) ਵੱਡੇ ਗੁਰਮੁਖ ਸਨ।੨੨।

*ਭਾਵਾਰਥ:* ਉਪਰ ਦੀ ਲਿਖਤ ਅਨੁਸਾਰ ਇਹ ੧੩ ਮਸੰਦ ਵੱਡੇ ਗੁਰਮੁਖ ਸਨ, ਕਿਉਂਕਿ ਇਕ ਵਾਰ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਪੁੱਛਿਆ ਸੀ ਕਿ ਹੇ ਭਾਈ!

ਤੁਸੀ ਸੱਚ ਦੱਸੋ ਕਿ ਗੁਰੂ ਘਰ ਲਈ ਆਈ ਇਕ ਕੌਡੀ ਨੂੰ ਕਿਸ ਰੂਪ ਵਿਚ ਜਾਣਦੇ ਹੋ ? ਇਨ੍ਹਾਂ ਨੇ ਅਰਜ਼ ਕੀਤੀ ਕਿ ਹੇ ਸਤਿਗੁਰੋ ! ਜੋ ਸ਼ਰਧਾਲੂ ਸਿੱਖਾਂ ਵਲੋਂ ਗੁਰੂ ਦੀ ਗੋਲਕ ਲਈ ਇਕ ਕੌਡੀ ਭੀ ਆਉਂਦੀ ਹੈ ਅਸੀਂ ਉਸਨੂੰ ਆਪਣੇ ਲਈ ਖ਼ਰਚ ਕਰਨਾ ਵਿਖ ਰੂਪ ਜਾਣਦੇ ਹਾਂ। ਤਾਂ ਸਤਿਗੁਰੂ ਜੀ ਨੇ ਸੁਭਾਵਕ ਬਚਨ ਕੀਤਾ ਕਿ ਤੁਸੀਂ ਗੁਰਮੁਖ ਸਿਖ ਹੋ, ਤੁਹਾਡਾ ਉੱਧਾਰ ਹੋ ਜਾਏਗਾ।

## ੨੩. ਗੁਰੂ ਦੇ ਪਿਆਰੇ ਸਨਮੁਖ ਸਿੱਖ

੧. ਢੇਸੀ ਜੋਧ ਧੁਸੰਗ ਹੈ
ਗੋਬਿੰਦ ਗੋਲਾ ਹੱਸਿ ਮਿਲੰਦਾ।
੨. ਮੋਹਣ ਕੁੱਕ ਵਖਾਣੀਐ
ਧੁੱਟੇ ਜੋਧੇ ਜਾਮ ਸੁਹੰਦਾ।
੩. ਮੰਞੂ ਪੁੰਨੂ ਪਰਵਾਣ ਹੈ
ਪੀਰਾਣਾ ਗੁਰ ਭਾਇ ਚਲੰਦਾ।
੪. ਹਮਜਾ ਜੱਜਾ ਜਾਣੀਐ
ਬਾਲਾ ਮਰਵਾਹਾ ਵਿਗਸੰਦਾ।
੫. ਨਿਰਮਲ ਨਾਨੋ ਓਹਰੀ
ਨਾਲਿ ਸੂਰੀ ਚਉਧਰੀ ਰਹੰਦਾ।
੬. ਪਰਬਤਿ ਕਾਲਾ ਮੇਹਰਾ
ਨਾਲਿ ਨਿਹਾਲੂ ਸੇਵ ਕਰੰਦਾ।
੭. ਕੱਕਾ ਕਾਲਉ ਸੂਰਮਾ
ਸੱਦੂ ਰਾਮਦਾਸ ਬਚਨ ਮਨੰਦਾ।
੮. ਸੇਠ ਸਭਾਗਾ ਚੂਹਣੀਅਹੁ
ਆਰੋੜੈ ਭਾਰਾ ਉਗਵੰਦਾ।
੯. ਸਨਮੁਖ ਇਕ ਦੂ ਇਕ ਚੜ੍ਹੰਦਾ ॥੨੩॥

ਅਰਥ :

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਤਾਂ ਸਤਿਗੁਰਾਂ ਦੀ ਚਰਨ ਸ਼ਰਨ ਵਿਚ ਦੇਰ ਕਾਲ ਰਹਿ ਕੇ ਸਮਾਂ ਸਫਲ ਕੀਤਾ ਹੈ ਕੁਝ ਹੋਰ ਪਿਆਰ ਵਾਲੇ ਸਨਮੁਖ ਸਿੱਖਾਂ ਦੇ ਨਾਮਾਂ ਦੀ ਜਾਣਕਾਰੀ ਦਿਓ ?

(੧) ਉ: (ਹੇ ਭਾਈ ! ਹੋਰ ਸੁਣੋ) ਭਾਈ ਢੇਸੀ ਤੇ ਜੋਧ ਧੁਸੰਗ (ਜਿਨ੍ਹਾਂ ਦੀ ਬ੍ਰਾਹਮਣ ਜਾਤ) ਹੈ ਤੇ ਗੋਬਿੰਦਾ ਇਨ੍ਹਾਂ ਦਾ ਸੇਵਕ ਹੱਸ ਕੇ (ਗੁਰਸਿੱਖਾਂ ਨੂੰ) ਮਿਲਦਾ ਸੀ।
(੨) ਮੋਹਣ ਜੋ ਕੁੱਕ (ਜਾਤ) ਅਖਵਾਉਂਦਾ, ਜੋਧੇ ਤੇ ਜਾਮ (ਜਿਨ੍ਹਾਂ ਦੀ ਅੱਲ) ਧੁੱਟੇ ਸੀ, ਵੱਡੇ ਮੋਟੇ ਤਾਜ਼ੇ ਤਾਕਤਵਰ ਸੋਭਾ ਦੇਂਦੇ ਸਨ।
(੩) ਮੰਞੂ ਤੇ ਪੰਨੂ ਪਰਮਾਣੀਕ ਸਿਖ ਸਨ ਤੇ ਭਾਈ ਪੀਰਾਣਾ ਗੁਰੂ ਦੀ ਰਜ਼ਾ ਵਿਚ ਚੱਲਣ ਵਾਲਾ ਸੀ।
(੪) ਹਮਜਾ (ਜਿਸਨੂੰ) ਜੱਜਾ ਭੀ ਕਿਹਾ ਜਾਂਦਾ ਸੀ, ਤੇ ਬਾਲਾ ਮਰਵਾਹਾ (ਜਾਤੀ) ਦੇ ਖੇੜੇ ਵਿਚ ਖਿੜੇ ਹੋਏ ਸਿਖ ਸਨ।
(੫) ਭਾਈ ਨਾਨੋ ਓਹਰੀ (ਜਾਤ ਦਾ) ਬੜਾ ਨਿਰਮਲ (ਬੜੀ ਉੱਚੀ ਆਤਮਾ ਵਾਲਾ) ਤੇ ਨਾਲ ਹੀ ਉਸਦੇ ਸੂਰੀ ਚੋਧਰੀ ਰਹਿੰਦਾ (ਭਾਵ ਸੰਗਤੀ ਸੀ)।
(੬) ਪਹਾੜਾਂ ਵਿਚ ਭਾਈ ਕਾਲਾ, ਮੇਹਰ ਤੇ ਉਨ੍ਹਾਂ ਦੇ ਨਾਲ ਨਿਹਾਲੂ, (ਗੁਰਸਿੱਖੀ ਦੀ) ਸੇਵਾ ਕਰਦੇ ਸਨ।
(੭) ਕੱਕੇ (ਕੇਸਾਂ ਵਾਲਾ) ਕਾਲਉ (ਜੋ) ਬੜਾ ਬਲੀ ਕੱਦ ਵਾਲਾ ਸੀ, ਰਾਮਦਾਸ (ਵਾਂਗ) ਬਚਨ ਮੰਨਣ ਵਾਲਾ ਸੀ।
(੮) ਸੇਠ ਸੁਭਾਗਾ, ਭਾਰਾ ਮੱਲ ਤੇ ਉਗਵੰਦਾ, ਇਹ ਤਿੰਨੇ ਸਿਖ ਅਰੋੜੇ (ਜਾਤ ਦੇ) ਚੂਹਣੀਆ ਨਗਰ ਦੇ ਸਨ।
(੯) ਇਹ ਸਭ ਇਕ ਦੂ ਵੱਧ ਕੇ ਮੰਨੇ ਪ੍ਰਮੰਨੇ ਸਿਖ ਸਨ।੨੩।

## ੨੪. ਪੰਜਾਬ ਦੇ ਵੱਸਣ ਵਾਲੇ ਗੁਰਸਿੱਖ

੧. ਪੈੜਾ ਜਾਤਿ ਚੰਡਾਲੀਆ
ਜੇਠੇ ਸੇਠੀ ਕਾਰ ਕਮਾਈ।
੨. ਲਟਕਣ ਘੂਰਾ ਜਾਣੀਐ
ਗੁਰਦਿੱਤਾ ਗੁਰਮਤਿ ਗੁਰ ਭਾਈ।
੩. ਕਾਟਾ ਰਾਉ ਸਰਾਫ ਹੈ
ਭਗਤ ਵੱਡਾ ਭਗਵਾਨ ਸੁਭਾਈ।
੪. ਸਿੱਖ ਭਲਾ ਰਵਤਾਸ ਵਿਚ
ਧਉਣ ਮੁਰਾਰੀ ਗੁਰ ਸਰਣਾਈ।

੫. ਆਿਡਤ ਸੁਇਨੀ ਸੂਰਮਾ
ਚਰਣ ਸਰਣਿ ਚੂਹੜ ਜੋ ਸਾਈ।
੬. ਲਾਲਾ ਸੇਠੀ ਜਾਣੀਐ
ਜਾਣੂ ਨਿਹਾਲੂ ਸ਼ਬਦ ਲਿਵਲਾਈ।
੭. ਰਾਮਾ ਝੰਝੀ ਆਖੀਐ
ਹੇਮੂ ਸੋਨੀ ਗੁਰਮਤਿ ਪਾਈ।
੮. ਜੱਟੂ ਭੰਡਾਰੀ ਭਲਾ
ਸ਼ਾਹਦਰੇ ਸੰਗਤਿ ਸੁਖਦਾਈ।
੯. ਪੰਜਾਬੇ ਗੁਰ ਦੀ ਵਡਿਆਈ ॥੨੪॥

*ਅਰਥ :*

(੧) (ਹੇ ਭਾਈ! ਹੋਰ ਸੁਣੋ) ਭਾਈ ਪੈੜਾ ਚੰਡਾਲੀ (ਜਾਤ ਦਾ) ਤੇ ਭਾਈ ਜੇਠਾ ਸੇਠੀ (ਲੈਣ ਦੇਣ) ਦਾ ਕੰਮ ਕਰਦਾ ਸੀ।

(੨) ਲਟਕਣ (ਅੱਲ ਵਾਲਾ) ਘੂਰਾ (ਸਿਖ) ਜਾਣਿਆ ਜਾਂਦਾ ਤੇ ਗੁਰਦਿੱਤਾ ਗੁਰੂ ਦੀ ਮੱਤ ਲੈਣ ਕਰਕੇ (ਸਿੱਖਾਂ ਦਾ ਗੁਰਭਾਈ ਸੀ।

(੩) ਕਾਟਾ ਰਾਉ ਸਰਾਫੀ ਦਾ ਕੰਮ ਕਰਦਾ ਸੀ ਤੇ ਵੱਡਾ ਭਗਤ ਭਗਵਾਨ ਸੀ (ਜੋ ਭਗਵਾਨ ਦੇ) ਸੁਭਾ ਵਾਲਾ (ਭਾਵ ਉੱਚ ਦੈਵੀ ਗੁਣਾਂ ਵਾਲਾ) ਸੀ।

(੪) ਰੁਹਤਾਸ ਵਿਚ ਧਉਣ ਮੁਰਾਰੀ ਉੱਤਮ ਤੇ ਭਲੇ ਸੁਭਾ ਵਾਲਾ ਗੁਰਸਿੱਖ ਸੀ।

(੫) ਆਿਡਤ ਭਗਤ ਸੁਇਨੀ ਜਾਤ ਦਾ ਬਲਵਾਨ ਸਿਖ ਸੀ, ਚੂਹੜ ਤੇ ਸਾਈਂ ਵੀ ਇਥੋਂ ਗੁਰੂ ਚਰਨ ਸ਼ਰਨ ਵਿਚ ਆਏ ਹੋਏ ਸਨ।

(੬) ਲਾਲਾ ਸੇਠੀ ਸਿਖ ਜਾਣਿਆ ਜਾਂਦਾ ਤੇ ਨਿਹਾਲੂ ਗੁਰ ਸ਼ਬਦ ਵਿਚ ਲਿਵ ਜੋੜਨ ਵਾਲਾ ਸੀ।

(੭) ਰਾਮਾ ਝੰਝੀ ਤੇ ਹੇਮੂ ਨੇ ਓਹੀ ਗੁਰਮਤ (ਗੁਰ ਸਿੱਖਿਆ) ਪ੍ਰਾਪਤ ਕੀਤੀ ਸੀ।

(੮) ਜਟੂ ਭਲਿਆਂ ਦੀ ਸ਼ਾਹਦਰੇ ਵਿਚ ਭਲੀ ਸੰਗਤ ਬਣੀ ਹੋਈ ਸੀ।

(੯) ਇਹ ਪੰਜਾਬ ਵਿਚ (ਗੁਰੂ ਪੰਜਵੇਂ ਦੀ) ਵੱਡੀ ਮਹਿਮਾ ਹੋ ਰਹੀ ਸੀ।੨੪।

***ਭਾਵਾਰਥ:*** ਲਾਹੌਰ ਦੇ ਕੋਲ ਸਾਹਦਰੇ ਵਿਚ ਪੰਜਵੀਂ ਪਾਤਿਸ਼ਾਹੀ ਨੇ ਜਦੋਂ ਰੌਣਕ ਬਖ਼ਸ਼ੀ, ਉਥੇ ਉਪਰ ਕਥਨ ਕੀਤੇ ਸਿਖ ਹੋਏ, ਅਤੇ ਹੋਰ ਦੇਵੀ ਦੇਵਤਿਆਂ ਨੂੰ ਤਿਲਾਂਜਲੀ ਦੇ ਗੁਰਮਤ ਲੈ ਕੇ ਗੁਰੂ ਗ੍ਰੰਥ ਸਾਹਿਬ ਜੀ ਪੁਰ ਪੂਰਨ ਭਰੋਸਾ ਕਰਨ ਲੱਗ ਪਏ, ਇਸੇ ਭਰੋਸੇ ਦਾ ਸਦਕਾ ਇਨ੍ਹਾਂ ਦਾ ਉੱਧਾਰ ਹੋਇਆ।

## ੨੫. ਲਾਹੌਰ ਸ਼ਹਿਰ ਵਿਚ ਮੁਜੰਗਾਂ ਦੀ ਸੰਗਤ

੧. ਸਨਮੁਖ ਸਿੱਖ ਲਾਹੌਰ ਵਿਚ
ਸੋਢੀਆਇਣ ਤਾਯਾ ਸਹਾਰੀ।
੨. ਸਾਈਂ ਦਿੱਤਾ ਝੰਝੀਆ
ਸੈਦੋ ਜੱਟ ਸ਼ਬਦ ਵੀਚਾਰੀ।
੩. ਬੁੱਧੂ ਮਹਿਤਾ ਜਾਣੀਅਹਿ
ਕੁਲ ਕੁਮ੍ਹਿਆਰ ਭਗਤ ਨਿਰੰਕਾਰੀ।
੪. ਲੱਖੂ ਵਿਚ ਪਟੋਲੀਆ
ਭਾਈ ਲੱਧਾ ਪਰਉਪਕਾਰੀ।
੫. ਕਾਲੂ ਨਾਨੋ ਰਾਜ ਦੁਇ
ਹਾੜੀ ਕੋਹਲੀਆ ਵਿਚ ਭਾਰੀ।
੬. ਸੂਦ ਕਲਿਆਣਾ ਸੂਰਮਾ
ਭਾਨੂ ਭਗਤ ਸ਼ਬਦ ਵੀਚਾਰੀ।
੭. ਮੂਲਾ ਬੇਰੀ ਜਾਣੀਐ
ਤੀਰਥ ਅਤੇ ਮੁਕੰਦ ਅਪਾਰੀ।
੮. ਕਹੁ ਕਿਸ਼ਨਾ ਮੁਹਜੰਗੀਆ
ਸੇਠ ਮੰਗੀਣੇ ਨੌਂ ਬਲਿਹਾਰੀ।
੯. ਸਨਮੁਖ ਸੁਨਿਆਰਾ ਭਲਾ
ਨਾਉਂ ਨਿਹਾਲੂ ਸਪਰਵਾਰੀ।
੧੦. ਗੁਰਮੁਖ ਸੁਖ ਫਲ ਕਰਣੀ ਸਾਰੀ ॥੨੫॥

*ਅਰਥ :*

(੧) (ਹੇ ਭਾਈਓ! ਹੋਰ ਸੁਣੋ) ਲਾਹੌਰ ਵਿਚ ਸੋਢੀਆਂ ਦੇ ਘਰਾਣਿਓਂ ਤਾਇਆ ਸਹਾਰੀ ਮੱਲ (ਜੋ ਗੁਰੂ ਅਰਜਨ ਦੇਵ ਜੀ ਦਾ ਤਾਇਆ ਸੀ) ਇਹ (ਵੱਡਾ) ਸਨਮੁਖ ਸਿਖ ਸੀ।

(੨) ਸਾਈਂ ਦਿੱਤਾ ਝੰਡੀਆ ਤੇ ਸੈਦੋ ਜੱਟ (ਗੁਰੂ) ਸ਼ਬਦ ਦਾ ਵੀਚਾਰਵਾਨ ਸੀ।

(੩) ਬੁਧੀ ਮਹਿਤਾ ਕੁਮਿਆਰਾਂ ਦੇ ਖਾਨਦਾਨ ਵਿਚੋਂ ਨਿਰੰਕਾਰੀ ਭਗਤ ਸੀ।

(੪) ਭਾਈ ਲੱਖੂ ਪਟੋਲੀਆ ਸੀ (ਜਿਸਨੇ ਕਿਹਾ ਸੀ ਬੁਧੂ ਦਾ ਆਵਾ ਕੱਚਾ, ਇਸ ਦੇ ਨਾਉਂ ਪਰ ਬੁਧੂ ਦਾ ਆਵਾ ਲਾਹੌਰ ਵਿਚ ਪ੍ਰਸਿੱਧ ਹੈ)। ਭਾਈ ਲੱਧਾ ਪਰਉਪਕਾਰੀ (ਗੁਰੂ ਦੇ ਫਿਟਕਾਰੇ ਸੱਤੇ ਬਲਵੰਡੇ ਨੂੰ ਬਖਸ਼ੌਣ ਵਾਲਾ) ਨਾਮੀ ਸਿੱਖ ਸੀ।

(੫) ਕਾਲੂ ਤੇ ਨਾਨੂ ਰਾਜਗਿਰੀ ਦਾ ਕੰਮ ਕਰਨ ਵਾਲੇ ਕੋਹਲੀ ਪਿੰਡ ਦੇ ਭਾਰੇ ਸਿੱਖ ਸਨ।

(੬) ਕਲਿਆਣਾ ਸੂਦ ਵਡਾ ਜੋਧਾ ਸਿਖ ਅਤੇ ਭਾਨੂ ਭਗਤ ਵੀ ਸ਼ਬਦ ਦਾ ਵੀਚਾਰਵਾਨ ਸੀ।

(੭) ਮੂਲਾ ਬੇਰੀ ਤੀਰਥਾ ਤੇ ਮੁਕੰਦ ਵੱਡੇ ਅਪਾਰ ਗੁਰਸਿੱਖੀ ਪ੍ਰੇਮੀ ਜਾਣੇ ਜਾਂਦੇ ਸਨ।

(੮) ਮੂਹਜੰਗੀਆ ਦਾ ਕਿਸਨਾ ਤੇ ਮੰਗੀਣੇ ਦੀ ਸਿਖੀ ਸੇਵਕੀ ਤੋਂ ਬਲਿਹਾਰ ਜਾਂਦੇ ਹਾਂ।

(੯) ਭਲਾ ਸਨਮੁਖ ਸਿਖ ਸੀ, ਨਿਹਾਲੂ ਜੋ ਵਡੇ ਪ੍ਰਵਾਰ ਵਾਲਾ ਸੀ।

(੧੦) ਗੁਰਮੁਖਾਂ ਦੀ ਕਰਣੀ ਸਰੇਸ਼ਟ ਤੇ ਸੁਖਾਂ ਦੇ ਫਲ ਦੇਣ ਵਾਲੀ ਹੁੰਦੀ ਹੈ।੨੫।

***ਭਾਵਾਰਥ :*** ਭਾਈ ਸਹਾਰੀ ਸੋਢੀ ਪੰਜਵੀਂ ਪਾਤਿਸ਼ਾਹੀ ਦਾ ਤਾਇਆ ਸੀ, ਪਰ ਅਕਰੂਰ ਵਾਂਗ ਭਗਤੀ ਭੀ ਵੱਡੀ ਕਰਦਾ ਸੀ, ਇਕ ਵਾਰ ਸਾਹਿਬਾਂ ਨੇ ਕਿਹਾ ਕਿ ਆਪ ਜੀ ਤਾਂ ਸਾਡੇ ਤਾਏ ਹੋ ਸਾਨੂੰ ਤੁਹਾਡੀ ਸੇਵਾ ਕਰਨੀ ਜੋਗ ਹੈ, ਤਾਂ ਸਹਾਰੀ ਜੀ ਨੇ ਕਿਹਾ ਕਿ ਆਪ ਨੇ ਸਾਰੇ ਜਗਤ ਦੇ ਉਧਾਰ ਲਈ ਅਵਤਾਰ ਧਾਰਿਆ ਹੈ, ਇਸ ਲਈ ਆਪ ਜੀ ਸਾਨੂੰ ਸਿੱਖੀ ਦੀ ਦਾਤ ਹੀ ਬਖਸੀਏ। ਸਾਈਂ ਦਿੱਤਾ ਝੰਡੀਆ ਤੇ ਸੈਦੋ ਜੱਟ ਲਾਹੌਰੀਏ ਤੀਜੀ ਪਾਤਿਸਾਹੀ ਨੂੰ ਵੱਡੀ ਸ਼ਰਧਾ ਨਾਲ ਲਾਹੌਰ ਲੈ ਗਏ, ਉਨ੍ਹਾਂ ਦੀ ਭਗਤੀ ਨੂੰ ਦੇਖ ਕੇ ਪ੍ਰਸੰਨ ਹੋ ਸਾਹਿਬ ਜੀ ਬੋਲੇ ਸਿੱਖੋ ! ਜੋ ਇੱਛਾ ਸੋ ਮੰਗੋ, ਉਨ੍ਹਾਂ ਨੇ ਬੇਨਤੀ ਕੀਤੀ ਕਿ ਸਤਿਗੁਰੋ ! ਕਸਾਈ ਪੂਰਾ ਵੇਖ ਕੇ ਪਹਿਲੀ ਪਾਤਿਸ਼ਾਹੀ ਨੇ ਬਚਨ ਕੀਤਾ ਸੀ :

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥੨੭॥

*(ਮ: ੧, ਪੰਨਾ ੧੪੧੨)*

ਬੇਨਤੀ ਕੀਤੀ ਕਿ ਆਪ ਹੁਣ ਇਸ ਸ੍ਰਾਪ ਨੂੰ ਵਿਦੈਗੀ ਦੇ ਦਿਓ, ਤਾਂ ਬਚਨ ਹੋਇਆ :

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥੨੮॥

*(ਮ: ੩)*

## ੨੬. ਦੇਸੰਙ੍ਰੀ ਗੁਰਸਿੱਖਾਂ ਦੇ ਨਾਮ

੧. ਭਾਨਾ ਮੱਲਣ ਜਾਣੀਐ
ਕਾਬਲ ਰੇਖਰਾਉ ਗੁਰਭਾਈ।
੨. ਮਾਧੋ ਸੋਢੀ ਕਾਸ਼ਮੀਰ
ਗੁਰਸਿੱਖੀ ਦੀ ਚਾਲ ਚਲਾਈ।
੩. ਭਾਈ ਭੀਵਾ ਸ਼ੀਂਹ ਚੰਦ
ਰੂਪ ਚੰਦ ਸਨਮੁਖ ਸਤ ਭਾਈ।
੪. ਪਰਤਾਪੂ ਸਿੱਖ ਸੂਰਮਾ
ਨੰਦੇ ਵਿੱਠਲ ਸੇਵ ਕਮਾਈ।
੫. ਸਾਮੀਦਾਸ ਵਛੇਰ ਹੈ
ਥਾਨੇਸੁਰ ਸੰਗਤਿ ਬਹਲਾਈ।
੬. ਗੋਪੀ ਮਹਿਤਾ ਜਾਣੀਐ
ਤੀਰਥ ਨੱਥਾ ਗੁਰ ਸਰਣਾਈ।
੭. ਭਾਊ ਮੋਕਲ ਆਖੀਅਹਿ
ਢਿੱਲੀ ਮੰਡਲ ਗੁਰਮਤਿ ਪਾਈ।
੮. ਜੀਵੰਦ ਜਗਸੀ ਫਤੇਪੁਰਿ
ਸੇਠ ਤਿਲੋਕੇ ਸੇਵ ਕਮਾਈ।
੯. ਸਤਿਗੁਰ ਦੀ ਵੱਡੀ ਵਡਿਆਈ ॥੨੬॥

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਤਾਂ ਗੁਰੂ ਦੀ ਹਜੂਰੀ ਵਿਚ ਰਹਿ ਕੇ ਬਹੁਤ ਸਮਾਂ ਗੁਜ਼ਾਰਿਆ ਹੈ, ਪਰ ਕੀ ਆਪ ਜੀ ਨੂੰ ਇਹ ਭੀ ਚੇਤਾ ਹੈ ਕਿ ਗੁਰੂ ਜੀ ਦੇ ਦਰਸ਼ਨ ਕਰਨ ਲਈ ਸੰਗਤਾਂ ਕਿਥੋਂ ਕਿਥੋਂ ਚੱਲ ਕੇ ਆਉਂਦੀਆਂ ਸਨ ?

ਉ: ਹੇ ਭਾਈਓ ! ਸਾਰੇ ਦੇਸਾਂ ਦੇ ਨਾਮ ਤਾਂ ਮੇਰੀ ਸਿਮ੍ਰਤੀ ਵਿਚ ਨਹੀਂ ਹਨ, ਪਰ ਮੇਰੇ ਤੱਕਣ ਵਿਚ ਇਹ ਜਰੂਰ ਆਉਂਦਾ ਰਿਹਾ ਹੈ ਕਿ ਉਸ ਸਮੇਂ ਕਿਸੇ ਪ੍ਰਕਾਰ ਦੀ ਭੀ ਅਸਵਾਰੀ ਦਾ ਪ੍ਰਬੰਧ ਨਾ ਹੋਰ ਕਾਰਨ ਭੀ ਸੰਗਤਾਂ ਦੂਰ ਦੂਰ ਦੇਸ਼ਾਂ ਤੋਂ ਪੈਦਲ ਟੁਰਕੇ ਆਇਆ ਕਰਦੀਆਂ ਅਤੇ ਦੇਰ ਕਾਲ ਗੁਰੂ ਦੀ ਸੰਗਤ ਵਿਚ ਸਮਾਂ ਸਫਲ ਕਰਕੇ ਜਾਇਆ ਕਰਦੀਆਂ ਸਨ, ਜਿਨ੍ਹਾ ਵਿਚੋਂ ਮੈਨੂੰ ਕੁਝ ਸਿਮ੍ਰਤੀ ਹੈ, ਜਿਵੇਂ ਕਿ :

(੧) (ਭਾਈ) ਮੱਲਣ, ਭਾਨਾ ਕਾਬਲ ਦੇ ਸਿਖ ਰੇਖਰਾਉ ਦਾ ਗੁਰਭਾਈ ਜਾਣਿਆ ਜਾਂਦਾ ਸੀ।
(੨) ਮਾਧੋ ਸੋਢੀ ਕਾਸ਼ਮੀਰ ਵਿਚ ਗਏ ਤੇ ਉਥੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ।
(੩) ਸਰਹੰਦ ਵਿਚ ਭਾਈ ਭੀਵਾ ਤੇ ਭਾਈ ਰੂਪ ਚੰਦ ਦੋਵੇਂ ਗੁਰਸਿੱਖੀ ਦੇ ਪ੍ਰਚਾਰ ਕਰਨ ਵਾਲੇ ਮੁਖੀਏ ਸਿਖ ਹੋਏ।
(੪) ਪਰਤਾਪੂ ਸੂਰਮਾ ਸਿੱਖ ਸੀ, ਨੰਦੇ, ਨੇ ਜੋ ਵਿਠੜ ਜਾਤ ਦਾ ਸੀ, ਭਾਰੀ ਸੇਵਾ ਦੀ ਕਮਾਈ ਕੀਤੀ।
(੫) ਸਾਮੀਦਾਸ ਵਛੇਰ ਜਾਤੀ ਵਾਲੇ ਨੇ ਥਾਨੇਸਰ ਤੋਂ ਗੁਰਸਿੱਖੀ ਦੀ ਮਹਿਮਾਂ ਕਰਕੇ ਸੰਗਤ ਬਣਾ ਕੇ ਗੁਰੂ ਦੇ ਹਜ਼ੂਰ ਲਿਆਂਦਿਆ।
(੬) ਗੋਪੀ ਮਹਿਤਾ, ਤੀਰਥਾ ਤੇ ਨੱਥਾ ਜਾਣ ਲਵੋ ਕਿ ਗੁਰੂ ਦੀ ਸ਼ਰਨ ਵਿਚ ਆਏ ਤੇ ਵਡੇ ਗੁਰਸਿੱਖ ਹੋਏ।
(੭) ਭਾਈ ਮੋਕਲ ਵੀ ਗੁਰਸਿੱਖ ਅਖਵਾਇਆ ਤੇ ਢਿੱਲੋ ਮੰਡਲ ਨੇ ਗੁਰੂ ਦੀ ਮੱਤ ਨੂੰ ਗ੍ਰਹਿਣ ਕੀਤਾ।
(੮) ਜੀਵੰਦਾ ਤੇ ਜਗਸੀ ਨੇ ਫਤੇਹ ਪੁਰ ਵਿਖੇ ਅਤੇ ਤਿਲੋਕੇ ਸੇਠ ਨੇ (ਗੁਰੂ) ਸੇਵਾ ਕੀਤੀ।
(੯) (ਇਸ ਲਈ ਹੇ ਭਾਈਓ !) ਸਤਿਗੁਰਾਂ ਦੀ ਵਡਿਆਈ ਵੱਡੀ ਹੈ।੨੬।

*ਭਾਵਾਰਥ :* ਪੁਰਾਤਨ ਸਿਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਭਾਨਾ ਮੱਲਣ ਤੇ ਰੇਖਰਾਉ ਕਾਬਲ ਵਿਚ ਨਵਾਬ ਦੇ ਮੋਦੀਖਾਨੇ ਦਾ ਕੰਮ ਕਰਦੇ ਸਨ, ਜੋ ਖੱਟੀ ਆਪਣੀ ਹੋਵੇ ਉਹ ਗੁਰੂ ਦੇ ਸਿੱਖਾਂ ਨੂੰ ਖੁਵਾ ਦਿਆ ਕਰਦੇ। ਈਰਖਾਲੂ ਲੋਕਾਂ ਨੇ ਚੁਗਲੀ ਕੀਤੀ, ਤਾਂ ਜਦੋਂ ਲੇਖਾ ਹੋਣ ਲੱਗਾ ਤਾਂ ਸਿੱਖਾਂ ਨੇ ਮਨ ਕਰਕੇ ਗੁਰੂ ਦੀ ਸ਼ਰਨ ਲੀਤੀ ਕਿ ਸਾਡੀ ਪੈਜ ਰਖੀਏ, ਅੰਮ੍ਰਿਤ ਸਰ ਗੁਰੂ ਦੀ ਸ਼ਰਨ ਵਿਚ ਕਿਸੇ ਸਿਖ ਨੇ ਪੰਜ ਪੈਸੇ ਚੜ੍ਹਾਏ, ਤਾਂ ਉਨ੍ਹਾਂ ਪੰਜਾਂ ਪੈਸਿਆਂ ਨੂੰ ਗੁਰੂ ਜੀ ਕਦੇ ਸਜੇ ਹੱਥ ਵਿਚ ਤੇ ਕਦੀ ਖਬੇ ਹੱਥ ਵਿਚ ਰੱਖਣ। ਸਿੱਖਾਂ ਇਸਦਾ ਕਾਰਨ ਪੁੱਛਿਆ ਤਾਂ ਬਚਨ ਕੀਤਾ ਕਿ ਕਾਬਲ ਵਿਚ ਸਿੱਖਾਂ ਦਾ ਵੱਟਾ ਪੂਰਾ ਕਰਦੇ ਹਾਂ ਇਸ ਤਰ੍ਹਾਂ ਉਨ੍ਹਾਂ ਸਾਦਕ ਸਿੱਖਾਂ ਦਾ ਲੇਖਾ ਸਾਫ਼ ਨਿਕਲਿਆ।

## ੨੭. ਆਗਰੇ ਦੀ ਸਿੱਖ ਸੰਗਤ

੧. ਮਹਿਤਾ ਸ਼ਕਤੂ ਆਗਰੈ
ਚੱਢਾ ਹੋਆ ਨਿਹਾਲ ਨਿਹਾਲਾ।
੨. ਗੜ੍ਹੀਅਲ ਮਥਰਾ ਦਾਸ ਹੈ
ਸਪਰਵਾਰਾ ਲਾਲ ਗੁਲਾਲਾ।
੩. ਗੰਗਾ ਸਹਗਲ ਸੂਰਮਾ
ਹਰਵੰਸ ਤਪੇ ਟਹਲ ਧਰਮਸਾਲਾ।
੪. ਅਣਦ ਮੁਰਾਰੀ ਮਹਾਂਪੁਰਖ
ਕਲਯਾਣਾ ਕੁਲ ਕਵਲੁ ਰਸਾਲਾ।
੫. ਨਾਨੋ ਲਟਕਣ ਬਿੰਦਰਾਉ
ਸੇਵਾ ਸੰਗਤਿ ਪੂਰਨ ਘਾਲਾ।
੬. ਹਾਂਡਾ ਆਲਮ ਚੰਦ ਹੈ
ਸੈਂਸਾਰਾ ਤਲਵਾੜ ਸੁਖਾਲਾ।
੭. ਜਗਨਾ ਨੰਦਾ ਸਾਧ ਹੈ
ਭਾਨੂ ਸੁਹੜੁ ਹੰਸਾਂ ਦੀ ਢਾਲਾ।
੮. ਗੁਰਭਾਈ ਰਤਨਾਂ ਦੀ ਮਾਲਾ ॥੨੭॥

*ਪਦ ਅਰਥ :* ਰਸਾਲਾ—ਰਸ ਦੇ ਘਰ। ਪੂਰਨ ਘਾਲਾ—ਪੂਰੀ ਕੀਤੀ। ਢਾਲਾ—ਤਰ੍ਹਾਂ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਸੁਣਿਆ ਹੈ ਕਿ ਆਗਰੇ ਵਿਚ ਗੁਰੂ ਦੇ ਸ਼ਰਧਾਲੂ ਸਿਖ ਬਹੁਤ ਸਨ, ਕੀ ਉਨ੍ਹਾਂ ਵਿਚੋਂ ਕੁਝ ਮੁਖੀਏ ਸਿੱਖਾਂ ਦੇ ਨਾਮਾਂ ਤੋਂ ਜਾਣੂ ਕਰਵਾਓਗੇ ?
ਉ: ਹੇ ਭਾਈਓ ! ਆਗਰੇ ਵਿਚ ਰਹਿਣ ਵਾਲੇ ਤਾਂ ਅਨੰਤ ਹੀ ਗੁਰੂ ਜੀ ਦੇ ਅਨਿੰਨ ਸਿਖ ਹੋਏ ਹਨ, ਜਿਵੇਂ ਕਿ :

(੧) ਸ਼ਕਤੂ ਮਹਿਤਾ ਆਗਰੇ ਵਾਲਾ ਤੇ ਨਿਹਾਲਾ ਚੱਢਾ (ਜਾਤੀ ਦਾ ਸਿਖੀ ਨੇ ਇਸਨੂੰ) ਨਿਹਾਲੋਂ ਨਿਹਾਲ ਕਰ ਦਿੱਤਾ।
(੨) ਮਥਰਾ ਦਾਸ ਗੜ੍ਹੀਅਲ (ਅੱਲ ਵਾਲਾ) ਸਮੇਤ ਪ੍ਰਵਾਰ (ਸਿੱਖੀ ਪ੍ਰੇਮ ਦੇ ਰੰਗ ਨਾਲ) ਲਾਲ ਗੁਲਾਲ ਹੋ ਗਿਆ।
(੩) ਗੰਗਾ ਸਹਿਗਲ (ਜਾਤ ਦਾ) ਵੱਡਾ ਸੂਰਮਾ (ਫ਼ੌਜੀ) ਤੇ ਹਰਵੰਸ ਤਪੇ ਨੇ (ਰਲ ਕੇ) ਧਰਮਸਾਲਾ ਵਿਚ (ਟਹਿਲ) ਸੇਵਾ ਕੀਤੀ।
(੪) ਅਨਦ ਮੁਰਾਰੀ ਵੱਡਾ ਮਹਾਂਪੁਰਖ ਤੇ ਕਲਿਆਣਾ ਜੀ ਕੁਲ ਦੇ ਕੰਵਲ ਬਣੇ ਜੋ ਮਤਵਾਲੇ ਸਿਖ ਹੋਏ ਹਨ (ਭਾਵ ਦਿਨੇ ਰਾਤ ਖਿੜੇ ਰਹਿੰਦੇ ਸਨ)।
(੫) ਨਾਨੋ ਲਟਕਣ (ਅੱਲ ਸੀ) ਤੇ ਬਿੰਦ ਰਾਉ ਨੇ ਸੰਗਤ ਦੀ ਭਾਰੀ ਤੇ ਪੂਰਨ ਘਾਲ ਵਾਲੀ ਸੇਵਾ ਕੀਤੀ।
(੬) ਆਲਮਚੰਦ ਹਾਂਡਾ ਤੇ ਸੈਂਸਾਰਾ ਤਲਵਾੜ (ਰਾਜਪੂਤਾਂ) ਨੇ ਸੰਗਤ ਦੀ ਸੇਵਾ ਕਰਕੇ ਸੁਖ ਪ੍ਰਾਪਤ ਕੀਤੇ।
(੭) ਜਗਨਾ ਤੇ ਨੰਦਾ ਸਾਧੂ ਸੁਭਾ ਵਾਲੇ ਤੇ ਭਾਨੂੰ ਸੁਹੜ,

ਇਨ੍ਹਾਂ ਨੇ ਹੰਸਾਂ (ਗੁਰਮੁਖਾਂ) ਵਾਂਗ ਆਪਣੇ ਜੀਵਨ ਨੂੰ ਢਾਲ ਲਿਆ।

(੮) (ਭਾਈ ਗੁਰਦਾਸ ਜੀ ਕਈ ਸਾਲ ਫਿਰ ਕੇ ਸਿਖੀ ਪ੍ਰਚਾਰ ਕਰਦੇ ਰਹੇ ਤੇ ਗੁਰਸਿੱਖਾਂ ਦੀ ਸੰਗਤ ਕਰਦੇ ਰਹੇ ਸਨ, ਇਸੇ ਵਾਕਫੀ ਦੇ ਅਧਾਰ ਤੇ ਉਹ ਗੁਰਮੁਖ ਸਿੱਖਾਂ ਦੀ ਜਾਣਕਾਰੀ ਦੇ ਰਹੇ ਹਨ ਕਿ) ਗੁਰੂ ਦੇ ਸਿਖ (ਗੁਰਭਾਈਆਂ) ਵਾਂਗ (ਆਪਸ ਵਿਚ) ਰਤਨਾਂ ਦੀ ਮਾਲਾ ਵਾਂਗੂ ਪਰੋਤੇ ਹੋਏ ਸਨ।੨੭।

*ਭਾਵਾਰਥ :* ਇਹ ਆਗਰੇ ਦੀ ਸਿਖ ਸੰਗਤ, ਆਪੋ ਵਿਚ ਗੁਰਭਾਈ ਪ੍ਰੰਡੂ ਰਤਨਾਂ ਦੀ ਮਾਲਾ ਵਾਂਗ ਅਮੋਲਕ ਜਗਯਾਸੂ ਸੀ। ਇਨ੍ਹਾਂ ਨੇ ਆਗਰੇ ਸ਼ਹਿਰ ਵਿਚ ਇਕ ਸੁੰਦਰ ਧਰਮਸਾਲਾ ਬਣਵਾਈ ਤੇ ਹਰਵੰਸ ਨੂੰ ਉਸ ਧਰਮਸਾਲ ਦੀ ਸੇਵਾ ਸੌਂਪੀ, ਇਥੇ ਸਦਾ ਹੀ ਗੁਰਬਾਣੀ ਦਾ ਪ੍ਰਚਾਰ ਹੁੰਦਾ, ਅਤੇ ਵਿਤਕਰੇ ਤੋਂ ਰਹਿਤ ਹੋ ਹਰ ਲੋੜਵੰਦ ਦੀ ਸੇਵਾ ਕੀਤੀ ਜਾਂਦੀ, ਨੰਗੇ ਨੂੰ ਬਸਤ੍ਰ ਤੇ ਭੁੱਖੇ ਨੂੰ ਪ੍ਰਸਾਦਿ ਮਿਲਦਾ, ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਤੇ ਬਾਣੀ ਦਾ ਪਾਠ ਕੀਤਾ ਜਾਂਦਾ ਤੇ ਸੰਗਤਾ ਬੜੇ ਪਿਆਰ ਭਾਵਨਾ ਨਾਲ ਸਰਵਣ ਕਰਦੀਆਂ ਸਨ।

## ੨੮. ਗੁਰੂ ਜੀ ਦੇ ਹਜ਼ੂਰੀ ਸਿੱਖ

੧. ਸੀਂਗਾਰੂ ਜੈਤਾ ਭਲਾ
ਸੂਰਬੀਰ ਮਨਿ ਪਰਉਪਕਾਰਾ।
੨. ਜੈਤਾ ਨੰਦਾ ਜਾਣੀਐ
ਪੁਰਖ ਪਿਰਾਗਾ ਸ਼ਬਦ ਅਧਾਰਾ।
੩. ਤਿਲਕ ਤਿਲੋਕਾ ਪਾਠਕਾ
ਸਾਧਸੰਗਤਿ ਸੇਵਾ ਹਿਤਕਾਰਾ।
੪. ਤੋਤਾ ਮਹਿਤਾ ਮਹਾਂਪੁਰਖ
ਗੁਰਮੁਖ ਸੁਖਫਲ ਸਬਦ ਪਿਆਰਾ।
੫. ਜੜੀਆ ਸਾਈਂਦਾਸ ਹੈ
ਸਭ ਕੁਲ ਹੀਰੇ ਲਾਲ ਅਪਾਰਾ।
੬. ਮਲਕ ਪੈੜਾ ਹੈ ਕੋਹਲੀ
ਦਰਗਹੁ ਭੰਡਾਰੀ ਅਤਿ ਭਾਰਾ।
੭. ਮੀਆਂ ਜਮਾਲ ਨਿਹਾਲ ਹੈ
ਭਗਤੂ ਭਗਤ ਕਮਾਵੈ ਕਾਰਾ।
੮. ਪੂਰਾ ਗੁਰ ਪੂਰਾ ਵਰਤਾਰਾ॥੨੮॥

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਦੂਰ ਦੂਰ ਦੇਸਾਂ ਤੋਂ ਸੰਗਤਾਂ ਭਾਵੇਂ ਹਮੇਸ਼ਾਂ ਆਉਂਦੀਆਂ ਤੇ ਜਾਂਦੀਆਂ ਰਹਿੰਦੀਆਂ ਸਨ, ਪਰ ਕੁਝ ਸ਼ਰਧਾਲੂ ਸਿੱਖ ਅਜਿਹੇ ਭੀ ਹੋਣਗੇ ਜੋ ਕਿ ਸਦਾ ਹੀ ਗੁਰੂ ਦੀ ਸੰਗਤ ਵਿਚ ਰਹਿਕੇ ਜੀਵਨ ਗੁਜ਼ਾਰ ਰਹੇ ਹੋਣਗੇ, ਕ੍ਰਿਪਾ ਕਰਕੇ ਉਨ੍ਹਾਂ ਹਜ਼ੂਰੀ ਸਿੱਖਾਂ ਦੇ ਨਾਮਾਂ ਦੀ ਭੀ ਜਾਣਕਾਰੀ ਦਿਓ?

(੧) ਉ: (ਹੇ ਭਾਈ! ਸਾਰੇ ਤਾਂ ਨਹੀਂ ਕੁਝ ਕੁ ਨਾਮ ਮੇਰੇ ਚੇਤੇ ਹਨ ਜਿਵੇਂ ਕਿ) ਸੀਂਗਾਰੂ, ਜੈਤਾ ਭੱਲਾ ਸੂਰਬੀਰ ਬਹਾਦਰ ਤੇ ਮਨ ਵਿਚ ਪਰਉਪਕਾਰ ਦੀ ਧਾਰਨਾ ਰੱਖਣ ਵਾਲੇ ਸਿਖ ਸਨ।

(੨) ਸ਼ਬਦ ਦੇ ਆਸਰੇ ਜੀਵਨ ਬਿਤੀਤ ਕਰਨ ਵਾਲੇ ਜੈਤਾ, ਨੰਦਾ ਤੇ ਪਿਰਾਗਾ ਪਰਮ ਗੁਰਸਿੱਖ ਪੁਰਸ਼ ਸਨ।

(੩) ਭਾਈ ਤਿਲੋਕਾ ਵੱਡਾ ਪਾਠਕ (ਸ਼ਿਰੋਮਣੀ), ਸੀ ਜੋ ਗੁਰਬਾਣੀ ਦਾ ਪਾਠ ਸੁਣਾ ਕੇ ਤੇ ਸਿਖਾ ਕੇ ਸੰਗਤਾਂ ਦੀ ਸੇਵਾ ਹਿੱਤ ਨਾਲ ਕਰਨ ਵਾਲਾ ਸੀ।

(੪) ਤੋਤਾ ਮਹਿਤਾ (ਸ਼ਬਦ ਦੀ ਕਮਾਈ ਕਰਕੇ) ਮਹਾਂ ਪੁਰਖ ਮੰਨਿਆ ਗਿਆ, ਗੁਰਮੁਖ ਬਣ ਸ਼ਬਦ ਨਾਲ ਪਿਆਰ ਕਰਕੇ ਸੁਖ ਫਲ ਪਾਇਆ।

(੫) ਸਾਂਈ ਦਾਸ ਜੜੀਆ (ਇਹ ਗੁਰਸਿੱਖ) ਸਭ ਕੁਲਾਂ ਦੇ ਹੀਰੇ ਤੇ ਵੱਡੇ ਲਾਲ ਬਣ ਚਮਕੇ।

(੬) ਮਲਕ ਪੈੜਾ ਕੋਹਲੀ, ਇਹ ਬਹੁਤ ਵੱਡੇ (ਸਤਿਗੁਰੂ ਦੀ) ਦਰਗਾਹ (ਦਰਬਾਰ) ਦੇ ਭਾਰੀ ਭੰਡਾਰੀ (ਸਿੱਖੀ ਦੇ ਸੱਚੇ ਪਰਚਾਰਕ) ਸਨ।

(੭) ਮੀਆਂ ਜਮਾਲ ਵੀ ਨਿਹਾਲ ਹੋਇਆ ਤੇ ਭਾਈ ਭਗਤੂ (ਗੁਰ) ਭਗਤੀ ਦੀ ਕਾਰ ਕਮਾਉਂਦਾ ਸੀ।

(੮) (ਇਸ ਤਰ੍ਹਾਂ) ਪੂਰੇ ਗੁਰੂ ਦਾ (ਹਜੂਰੀ ਵਿਚੋਂ) ਪੂਰਾ ਵਰਤਾਰਾ ਸਿੱਖੀ ਦਾ ਵਰਤ ਰਿਹਾ ਸੀ।੨੮।

*ਭਾਵਾਰਥ :* ਸੀਂਗਾਰੂ ਤੇ ਜੈਤਾ ਸੂਰਮੇ ਸਿਖ, ਭਾਈ ਜੇਠਾ, ਭਾਈ ਨੰਦਾ ਤੇ ਪਰਾਗਾ ਇਹ ਸ਼ਬਦ ਦੇ ਪ੍ਰੇਮੀ ਸਨ, ਭਾਈ ਤਿਲੋਕਾ ਤਿਲਕ ਰੂਪ ਗੁਰੂ ਜੀ ਦੇ ਹਜ਼ੂਰ ਇਕ ਮਨ ਹੋ ਪਾਠ ਕਰਦਾ ਸੀ, ਤੋਤਾ ਮਹਿਤਾ ਵੱਡਾ ਗੁਰਮੁਖ ਸ਼ਬਦ ਦਾ ਪ੍ਰੇਮੀ ਸਾਈਂਦਾਸ ਜੜੀਆ ਜਿਸਦੀ ਸਾਰੀ ਕੁਲ ਹੀਰੇ ਤੇ ਲਾਲਾਂ ਵਾਂਗੂ ਅਮੋਲਕ ਸੀ, ਮਲਕ ਪੈੜਾ ਜਾਤ ਦਾ

ਕੋਹਲੀ, ਦਰਗਾਹ, ਭੰਡਾਰੀ, ਮੀਆਂ ਜਮਾਲ ਤੇ ਭਾਈ ਭਗਤੂ ਇਹ ਗੁਰੂ ਜੀ ਦੇ ਖ਼ਾਸ ਹਜ਼ੂਰੀ ਸਿਖ ਸਨ।

## ੨੯. ਛੇਵੇਂ ਪਾਤਿਸ਼ਾਹ ਦੇ ਸਿੱਖਾਂ ਦੇ ਨਾਮ

੧. ਆਨੰਤਾ ਕੁਕੋ ਭਲੋ ਸਭ
ਵਧਾਵਣ ਹਨਿ ਸਿਰਦਾਰਾ।
੨. ਇਟਾ ਰੋੜਾ ਜਾਣੀਐ
ਨਵਲ ਨਿਹਾਲੂ ਸ਼ਬਦ ਵੀਚਾਰਾ।
੩. ਤਖਤੂ ਧੀਰ ਗੰਭੀਰ ਹੈ
ਦਰਗਹ ਤੁਲੀ ਜਪੈ ਨਿਰੰਕਾਰਾ।
੪. ਮਨਸਾਧਾਰ ਅਥਾਹ ਹੈ
ਤੀਰਥ ਉੱਪਲ ਸੇਵਕ ਸਾਰਾ।
੫. ਕਿਸਨਾ ਝੰਝੀ ਆਖੀਐ
ਪੰਮੂ ਪੁਰੀ ਗੁਰੂ ਕਾ ਪਿਆਰਾ।
੬. ਧਿੰਗੜ ਮੰਦੂ ਜਾਣੀਅਨਿ
ਵਡੇ ਸੁਜਾਣ ਤਖਾਣ ਅਪਾਰਾ।
੭. ਬਨਵਾਲੀ ਤੇ ਪਰਸਰਾਮ
ਬਾਲ ਵੈਦ ਹਉਂ ਤਿਨ ਬਲਿਹਾਰਾ।
੮. ਸਤਿਗੁਰ ਪੁਰਖ ਸਵਾਰਨਹਾਰਾ ॥੨੯॥

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਛੇਵੇਂ ਪਾਤਿਸ਼ਾਹ ਦੇ ਸਿਖ ਤਾਂ ਤੁਹਾਡੀ ਮੌਜੂਦਗੀ ਵਿਚ ਹੀ ਹੋਏ ਹਨ ਕੁਝ ਉਨ੍ਹਾਂ ਸਿੱਖਾਂ ਦੇ ਨਾਮਾਂ ਦੀ ਭੀ ਜਾਣਕਾਰੀ ਕਰਾਓ ?

ਉ: ਹੇ ਭਾਈਓ ! ਸੰਪੂਰਨ ਸਿੱਖਾਂ ਦੇ ਨਾਮ ਤਾਂ ਮੇਰੀ ਯਾਦਾਸਤ ਵਿਚ ਨਹੀਂ ਪਰ ਜੋ ਮੇਰੀ ਚਿਤਵਨੀ ਵਿਚ ਹਨ, ਉਹ ਮੈਂ ਇਸ ਪਉੜੀ ਵਿਚ ਅੰਕਤ ਕੀਤੇ ਹਨ, ਜਿਵੇਂ ਕਿ :

(੧) (ਹੇ ਭਾਈ !) ਅਨੰਤਾ ਤੇ ਕੁਕੋ ਭਲੇ (ਸਿਖ ਸਨ ਜੋ ਸਾਰੇ ਹੀ) ਵਧਾਵਣ ਜਾਤੀ ਦੇ ਸਰਦਾਰ ਸਨ।

(੨) ਭਾਈ ਇਟਾ ਰੋੜਾ (ਜਾਤੀ ਦੇ) ਨਵਲ ਤੇ ਨਿਹਾਲੂ ਸਾਰੇ (ਗੁਰ) ਸ਼ਬਦ ਦੇ ਵੀਚਾਰ ਵਾਲੇ ਸਨ।

(੩) ਭਾਈ ਤਖਤੂ ਵੱਡੇ ਧੀਰਜ ਤੇ ਗੰਭੀਰਤਾ ਵਾਲਾ ਸੀ, ਭਾਈ ਦਰਗਾਹ ਤੇ ਤੁਲੀ ਇਕ ਨਿਰੰਕਾਰ ਨੂੰ ਸਿਮਰਨ ਵਾਲੇ ਸਨ।

(੪) ਭਾਈ ਮਨਸਾ ਅਥਾਹ ਧਾਰਨਾ ਵਾਲਾ ਤੇ ਤੀਰਥ ਉੱਪਲ ਜਾਤੀ ਦਾ, ਸਾਰਾ ਹੀ ਗੁਰੂ ਸੇਵੀ ਭਾਵਨਾ ਵਾਲਾ ਸੀ।

(੫) ਭਾਈ ਕਿਸ਼ਨਾ ਝੰਝੀ ਤੇ ਪੰਮੂ ਪੁਰੀ ਦਾ, ਗੁਰੂ ਦੇ ਪਿਆਰੇ ਸਿਖ ਸਨ।

(੬) ਭਾਈ ਧਿੰਗੜ ਤੇ ਮੰਦੂ ਬੜੇ ਹੀ ਸਿਆਣੇ ਤਰਖਾਣ ਅਪਾਰ ਸਿੱਖੀ ਦੇ ਪਿਆਰੇ ਸਨ।

(੭) ਭਾਈ ਬਨਵਾਲੀ, ਪਰਸ ਰਾਮ ਤੇ ਬਾਲ ਵੈਦ (ਗੁਰਸਿੱਖਾਂ ਦੇ) ਮੈਂ ਬਲਿਹਾਰੇ ਜਾਂਦਾ ਹਾਂ।

(੮) (ਗੁਰਸਿੱਖਾਂ ਦੀ) ਪੈਜ ਸਵਾਰਨ ਵਾਲੇ ਪੂਰੇ ਸਤਿਗੁਰੂ ਜੀ ਆਪ ਹੀ ਹਨ।੨੯।

*ਭਾਵਾਰਥ :* ਇਹ ਉਪਰ ਅੰਕਤ ਕੀਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਉਪਾਸਕ ਸਿਖ ਸਨ ਜੋ ਸਦਾ ਹੀ ਹਜ਼ੂਰ ਦੀ ਹਜ਼ੂਰੀ ਵਿਚ ਰਹਿ ਕੇ ਸੇਵਾ ਕਮਾਉਂਦੇ ਹੋਏ ਆਪਣਾ ਜੀਵਨ ਸਫਲਾਉਂਦੇ ਸਨ।

## ੩੦. ਛੇਵੇਂ ਸਤਿਗੁਰਾਂ ਦੇ ਸਿੱਖਾਂ ਦੇ ਕੁਝ ਹੋਰ ਨਾਮ

੧. ਲਸ਼ਕਰ ਭਾਈ ਤੀਰਥਾ
ਗੁਆਲੀਏਰ ਸੁਇਨੀ ਹਰਿਦਾਸ।
੨. ਭਾਵਾ ਧੀਰ ਉਜੈਨ ਵਿਚ
ਸਾਧਸੰਗਤਿ ਗੁਰ ਸ਼ਬਦ ਨਿਵਾਸ।
੩. ਮੇਲ ਵੱਡਾ ਬੁਰਹਾਨ ਪੁਰਿ
ਸਨਮੁਖ ਸਿੱਖ ਸਹਜ ਪਰਗਾਸ।
੪. ਭਗਤ ਭਈਆ ਭਗਵਾਨ ਦਾਸ
ਨਾਲ ਬੋਦਲਾ ਘਰੇ ਉਦਾਸ।
੫. ਮਲਕ ਕਟਾਰੂ ਜਾਣੀਐ
ਪਿਰਥੀ ਮੱਲ ਜਰਾਹੀ ਖਾਸ।
੬. ਭਗਤੂ ਛੁਰਾ ਵਖਾਣੀਐ
ਝਲੂ ਰੀਹਾਣੈ ਸਾਬਾਸ।

੭. ਸੁੰਦਰ ਸੁਆਮੀ ਦਾਸ ਦੁਇ
ਵੰਸ ਵਧਾਵਨ ਕਵਲ ਵਿਗਾਸ।
੮. ਗੁਜਰਾਤੇ ਵਿਚ ਜਾਣੀਐ
ਭੇਖਾਰੀ ਭਾਬੜਾ ਸੁਲਾਸ।
੯. ਗੁਰਮੁਖ ਭਾਉ ਭਗਤਿ ਰਹਰਾਸ ॥੩੦॥

*ਅਰਥ :*

(੧) (ਹੇ ਭਾਈਓ ! ਕੁਝ ਸਿੱਖਾਂ ਦੇ ਹੋਰ ਭੀ ਨਾਮ ਸਰਵਣ ਕਰੋ ਜਿਵੇਂ ਕਿ) ਭਾਈ ਤੀਰਥਾ ਲਸ਼ਕਰ ਵਿਚ ਤੇ ਗੁਆਲੀਅਰ ਵਿਚ ਸੁਇਨੀ ਹਰਿਦਾਸ (ਸਿੱਖੀ ਦਾ ਪ੍ਰਚਾਰ ਕਰਦੇ) ਸਨ।

(੨) ਭਾਵਾ ਧੀਰ ਉਜੈਨ ਵਿਚ, ਸਾਧ ਸੰਗਤ ਵਿਚ ਗੁਰੂ ਸ਼ਬਦ ਦਾ ਨਿਵਾਸ (ਭਾਵ ਪਰਗਟ ਕਰਦਾ ਸੀ)

(੩) ਤੇ ਬੁਰਹਾਨਪੁਰ ਵਿਚ ਸਿੱਖਾਂ ਦਾ ਵੱਡਾ ਮੇਲ ਹੈ, ਜਿਥੇ ਕਈ ਸਹਿਜ ਪਦ ਵਾਲੇ ਸਨਮੁਖ ਸਿੱਖ ਵੱਸਦੇ ਸਨ।

(੪) ਭਈਆ ਭਗਵਾਨ ਦਾਸ ਤੇ ਨਾਲ ਹੀ ਬੋਦਲਾ, ਘਰ ਵਿਚ ਹੀ ਉਦਾਸ ਰਹਿਣ ਵਾਲੇ ਸਨਮੁਖ ਸਿਖ ਸਨ।

(੫) ਮਲਕ ਕਟਾਰੂ ਤੇ ਪ੍ਰਿਥੀਮੱਲ ਜੱਰਾਹ (ਮਲ੍ਹਮ ਪੱਟੀ ਕਰਨ ਵਾਲਾ) ਖ਼ਾਸ ਸਿੱਖ ਜਾਣੇ ਜਾਂਦੇ ਸਨ।

(੬) ਭਗਤੂ ਛੁਰਾ ਤੇ ਡਲੂ ਗੰਹਾਣੇ ਆਦਿ ਸਿੱਖਾਂ ਨੂੰ ਸਿਖ ਆਖੀਦਾ ਸੀ ਤੇ ਇਨ੍ਹਾਂ ਨੂੰ ਸ਼ਾਬਾਸ਼ਾਂ ਮਿਲਦੀਆਂ ਸਨ।

(੭) ਸੁੰਦਰ ਤੇ ਸੁਆਮੀ ਦਾਸ ਦੋਵੇਂ ਹੀ (ਸਿੱਖੀ) ਵੰਸ ਨੂੰ ਵਧਾਉਣ ਵਾਲੇ ਕਵਲ ਵਾਂਗ ਸਦਾ ਖਿੜੇ ਰਹਿਣ ਵਾਲੇ ਸਨ।

(੮) ਗੁਜਰਾਤ ਦੇ ਭਾਈ ਭਿਖਾਰੀ, ਭਾਬੜਾ ਤੇ ਸੁਲਾਸ ਮੰਨੇ ਪ੍ਰਮੰਨੇ ਸਿਖ ਸਨ।

(੯) (ਇਹ) ਪ੍ਰੇਮਾ ਭਗਤੀ ਨੂੰ ਹੀ (ਗੁਰਮੁਖ) ਆਪਣੀ ਰਹੁ-ਰੀਤੀ ਸਮਝਦੇ ਹਨ।੩੦।

***ਭਾਵਾਰਥ :*** ਇਹ ਸਮੂੰਹ ਸਿਖ ਹੀ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਦਿਨੇ ਰਾਤ ਸੰਗਤਾਂ ਦੀ ਸੇਵਾ ਕਰਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦੇ ਹੱਕਦਾਰ ਬਣੇ ਤੇ ਜਿਨ੍ਹਾਂ ਦੇ ਪਵਿੱਤ੍ਰ ਜੀਵਨਾ ਤੋਂ ਪ੍ਰੇਰਨਾ ਲੈ ਕੇ ਹੋਰ ਭੀ ਅਨੇਕਾ ਸ਼ਰਧਾਲੂਆਂ ਨੂੰ ਲਾਭ ਪ੍ਰਾਪਤ ਹੋਏ।

## ੩੧. ਛਟਮ ਗੁਰੂ ਜੀ ਦੇ ਹੋਰ ਨਾਮੀ ਭਗਤ ਸਿੱਖ

੧. ਸੁਹੰਡੈ ਮਾਈਆ ਲੰਬ ਹੈ
ਸਾਧ ਸੰਗਤਿ ਗਾਵੈ ਗੁਰਬਾਣੀ।
੨. ਚੂਹੜ ਚਉਝੜ ਲਖਨਊ
ਗੁਰਮੁਖ ਅਨਦਿਨੁ ਨਾਮ ਵਖਾਣੀ।
੩. ਸਨਮੁਖ ਸਿਖ ਪਿਰਾਗਿ ਵਿਚ
ਭਾਈ ਭਾਨਾ ਵਿਰਤੀ ਹਾਣੀ।
੪. ਜੱਟੂ ਤਪਾ ਸੁ ਜੌਨ ਪੁਰਿ
ਗੁਰਮਤਿ ਨਿਹਚਲ ਸੇਵ ਕਮਾਣੀ।
੫. ਪਟਣੈ ਸੱਭਰਵਾਲ ਹੈ
ਨਵਲ ਨਿਹਾਲਾ ਸੁੱਧ ਪਰਾਣੀ।
੬. ਜੈਤਾ ਸੇਠ ਵਖਾਣੀਐ
ਵਿਣੁ ਗੁਰ ਸੇਵਾ ਹੋਰ ਨ ਜਾਣੀ।
੭. ਰਾਜ ਮਹਲ ਭਾਨੂ ਬਹਲ
ਭਾਉ ਭਗਤਿ ਗੁਰਮਤਿ ਮਨਿ ਭਾਣੀ।
੮. ਸਨਮੁਖ ਸੋਢੀ ਬਦਲੀ
ਸੇਠਿ ਗੁਪਾਲੈ ਗੁਰਮਤਿ ਜਾਣੀ।
੯. ਸੁੰਦਰ ਚੱਢਾ ਆਗਰੈ
ਢਾਕੈ ਮੋਹਣ ਸੇਵ ਕਮਾਣੀ।
੧੦. ਸਾਧ ਸੰਗਤਿ ਵਿੱਟਹੁ ਕੁਰਬਾਣੀ ॥੩੧॥੧੧॥

*ਅਰਥ :*

(੧) (ਹੇ ਭਾਈਓ ! ਕੁਝ ਸਿੱਖਾਂ ਦੇ ਹੋਰ ਵੀ ਨਾਮ ਸੁਣੋ, ਜਿਵੇਂ ਕਿ) ਸੁਹੰਡੇ ਨਗਰ ਵਿਚ ਮਾਈਆ ਲੰਬ (ਜਾਤੀ ਦਾ) ਰਹਿੰਦਾ ਸੀ, ਜੋ ਸਾਧ ਸੰਗਤ ਵਿਚ ਗੁਰਬਾਣੀ ਗਾਉਂਦਾ ਸੀ।

(੨) ਚਉਝੜ ਜਾਤੀ ਦਾ ਭਾਈ ਚੂਹੜ ਲਖਨਊ ਵਿਚ ਵੱਸਦਾ ਸੀ, ਇਹ ਗੁਰਮੁਖ ਸਿਖ ਹਰ ਸਮੇਂ (ਪ੍ਰਮੇਸ਼ਰ ਦੇ) ਨਾਮ ਨੂੰ ਹੀ ਜਪਦਾ ਰਹਿੰਦਾ ਸੀ।

(੩) ਪਿਰਾਗ ਵਿਚ ਭੀ ਸਨਮੁਖ ਸਿਖ ਭਾਈ ਭਾਨਾ ਸੀ, ਜੋ ਵੈਰਾਗ ਤੇ ਵਿਵੇਕ ਦੀ ਲਹਿਰ ਵਿਚ ਲਿਵਲੀਨ

ਰਹਿੰਦਾ ਸੀ।

(੪) ਜੌਨਪੁਰ ਵਿਚ ਜੱਟੂ ਤਪਾ ਸੀ, ਜੋ ਦ੍ਰਿੜ੍ਹਤਾ ਨਾਲ ਗੁਰਮਤ ਦੀ ਸੇਵਾ ਕਮਾਉਂਦਾ ਸੀ।

(੫) ਪਟਣੇ ਵਿਚ ਸਭਰਵਾਲ ਤੇ ਭਾਈ ਨਿਹਾਲਾ ਜੀ ਰਹਿੰਦੇ ਸਨ, ਜੋ ਨਿਤ ਨਵੇਂ ਚਾਉ ਤੇ ਉਮੰਗਾਂ ਵਾਲੇ ਸੁੱਧ ਪਰਾਣੀ (ਗੁਰਮੁਖ ਬੰਦੇ) ਸਨ।

(੬) ਜੈਤਾ ਸੇਠ ਜਿਸਨੂੰ ਆਖਦੇ ਸਨ, ਉਹ ਗੁਰੂ ਸੇਵਾ ਕਰਨ ਤੋਂ ਬਿਨਾਂ ਹੋਰ ਕਿਸੇ ਗੱਲ ਨੂੰ ਜਾਣਦਾ ਹੀ ਨਹੀਂ ਸੀ।

(੭) ਰਾਜਮਹਲ ਅਸਥਾਨ ਤੇ ਭਾਈ ਭਾਨੂੰ ਬਹਿਲ ਜਾਤੀ ਦਾ ਸੀ, ਜੋ ਪ੍ਰੇਮਾ ਭਗਤੀ ਕਰਦਾ ਸੀ ਤੇ ਜਿਸਨੂੰ ਗੁਰ ਸਿਖਿਆ ਤੋਂ ਬਿਨਾ ਹੋਰ ਕੁਝ ਭੀ ਚੰਗਾ ਨਹੀਂ ਸੀ ਲਗਦਾ।

(੮) ਸਨਮੁਖ ਸਿਖ ਸੋਢੀ ਬਦਲੀ ਤੇ ਸੇਠ ਗੁਪਾਲ ਵੀ ਗੁਰਮਤ ਦੇ ਚੰਗੇ ਜਾਣਕਾਰ ਸਨ।

(੯) ਭਾਈ ਸੁੰਦਰ ਚੱਢਾ ਜਾਤੀ ਦਾ ਆਗਰੇ ਵਿਚ ਤੇ ਭਾਈ ਮੋਹਣ ਢਾਕੇ ਵਿਚ ਗੁਰ ਪ੍ਰਚਾਰ ਦੀ ਸੇਵਾ ਤੇ ਘਾਲ ਕਮਾਈ ਕਰਦੇ ਸਨ।

(੧੦) (ਭਾਈ ਸਾਹਿਬ ਆਖਦੇ ਹਨ ਕਿ) ਐਸੀ ਗੁਰੂ ਦੀ ਸੰਗਤ ਦੇ, ਮੈਂ ਵਾਰਨੇ ਤੇ ਬਲਿਹਾਰ ਜਾਂਦਾ ਹਾਂ।੩੧।੧੧।

***ਭਾਵਾਰਥ :*** ਉਪਰ ਲਿਖਤ ਵਿਚ ਭਿੰਨ ਭਿੰਨ ਸਹਿਰਾਂ ਦੇ ਵਸਨੀਕ ਵੱਡੇ ਸਿਦਕੀ ਤੇ ਭਰੋਸੇ ਵਾਲੇ ਸਿੱਖ ਸਨ, ਜਿਨ੍ਹਾਂ ਦੀ ਜੀਵਨ ਗਾਥਾ ਪੁਰਾਤਨ ਇਤਿਹਾਸ ਵਿਚ ਵਿਸਥਾਰ ਪੂਰਵਕ ਆਉਂਦੀ ਹੈ।

(ਯਾਰ੍ਹਵੀਂ ਵਾਰ ਸਮਾਪਤ)

# ਵਾਰ ੧੨

ੴ ਸਤਿਗੁਰ ਪ੍ਰਸਾਦਿ॥

## ੧. ਕਰਨੀ ਵਾਲੇ ਗੁਰਸਿੱਖਾਂ ਦੇ ਬਲਿਹਾਰੇ ਜਾਈਏ

੧. ਬਲਿਹਾਰੀ ਤਿਨ੍ਹਾਂ ਗੁਰਸਿੱਖਾਂ
ਜਾਇ ਜਿਨਾ ਗੁਰਦਰਸ਼ਨ ਡਿੱਠਾ।
੨. ਬਲਿਹਾਰੀ ਤਿਨ੍ਹਾਂ ਗੁਰਸਿੱਖਾਂ
ਪੈਰੀਂ ਪੈ ਗੁਰ ਸਭਾ ਬਹਿੱਠਾ।
੩. ਬਲਿਹਾਰੀ ਤਿਨ੍ਹਾਂ ਗੁਰਸਿੱਖਾਂ
ਗੁਰਮਤਿ ਬੋਲ ਬੋਲਦੇ ਮਿੱਠਾ।
੪. ਬਲਿਹਾਰੀ ਤਿਨ੍ਹਾਂ ਗੁਰਸਿੱਖਾਂ
ਪੁੱਤ੍ਰ ਮਿਤ੍ਰ ਗੁਰਭਾਈ ਇੱਠਾ।
੫. ਬਲਿਹਾਰੀ ਤਿਨ੍ਹਾਂ ਗੁਰਸਿੱਖਾਂ
ਗੁਰ ਸੇਵਾ ਜਾਣਨਿ ਅਭਰਿੱਠਾ।
੬. ਬਲਿਹਾਰੀ ਤਿਨ੍ਹਾਂ ਗੁਰਸਿੱਖਾਂ
ਆਪਿ ਤਰੇ ਤਾਰੇਨਿ ਸਰਿੱਠਾ।
੭. ਗੁਰਮੁਖ ਮਿਲਿਆਂ ਪਾਪ ਪਣਿੱਠਾ॥੧॥

*ਪਦ ਅਰਥ :* ਬਹਿੱਠਾ—ਬੈਠਦੇ ਹਨ। ਇੱਠਾ—ਪਿਆਰਾ, ਮਨ-ਬਾਂਛਤ। ਅਭਰਿੱਠਾ—ਪਿਆਰੀ। ਸਰਿੱਠਾ—ਸ੍ਰਿਸ਼ਟੀ। ਪਣਿੱਠਾ—ਦੂਰ ਹੋਣੇ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਸਾਡੇ ਗ੍ਰਿਸਤੀ ਲੋਕਾਂ ਪਰ ਆਪ ਜੀ ਦੀ ਬੜੀ ਹੀ ਕ੍ਰਿਪਾ ਹੈ ਕਿ ਅਸੀਂ ਕਾਰੋਬਾਰਾਂ ਵਿਚ ਰੁਝਿਆਂ ਹੋਇਆਂ ਨੂੰ ਭੀ ਤੁਸੀਂ ਹਰ ਰੋਜ਼ ਗੁਰਬਾਣੀ ਦੇ ਵੀਚਾਰ ਸੁਣਾ ਕੇ ਕ੍ਰਿਤਾਰਥ ਕਰਦੇ ਰਹਿੰਦੇ ਹੋ, ਕਿਉਂ ਜੀ! ਜੋ ਹਰ ਰੋਜ਼ ਗੁਰੂ ਦਰਬਾਰ ਵਿਚ ਪੁੱਜ ਕੇ ਗੁਰੂ ਅਤੇ ਗੁਰੂ ਸੰਗਤਾਂ ਦੇ ਦੀਦਾਰ ਕਰਦੇ ਹਨ, ਉਨ੍ਹਾਂ ਦੇ ਸੰਬੰਧ ਵਿਚ ਆਪ ਜੀ ਕੀ ਭਾਵਨਾਵਾਂ ਰੱਖਦੇ ਹੋ?

ਉ: ਹੇ ਭਾਈਓ! ਮੈਂ ਜੋ ਭੀ ਵੀਚਾਰ ਅੰਕਤ ਕਰਦਾ ਹਾਂ ਉਹ ਮੇਰੇ ਆਪਣੇ ਨਹੀਂ ਹੁੰਦੇ, ਸਗੋਂ ਜੋ ਭੀ ਸੰਸਕਾਰ ਬਾਣੀ ਦੇ ਲਿਖਣ ਸਮੇਂ ਮੇਰੇ ਅੰਤਰ ਆਤਮੇ ਉੱਕਰੇ ਗਏ ਹਨ ਉਨ੍ਹਾਂ ਦੇ ਅਧਾਰਤ ਹੋ ਕੇ ਹੀ ਮੈਂ ਕੁਝ ਸਤਰਾਂ ਅੰਕਤ ਕਰਦਾ ਹਾਂ, ਗੁਰਬਾਣੀ ਵਿਚ ਗੁਰਸਿਖ ਅਖਵਾਉਣ ਵਾਲਿਆਂ ਲਈ ਕੁਝ ਸੰਕੇਤ ਕੀਤੇ ਗਏ ਹਨ, ਜਿਵੇਂ ਕਿ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

*(ਮ: ੪, ਪੰਨਾ ੩੦੫)*

ਝਖੜ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ
ਤਿਉ ਸਿਖੁ ਗੁਰ ਬਿਨੁ ਮਰਿ ਜਾਈ॥੧੫॥

ਜਿਉ ਧਰਤੀ ਸੋਭ ਕਰੇ ਜਲੁ ਬਰਸੈ
ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥

*(ਸੂਹੀ ਮ: ੪, ਪੰਨਾ ੭੫੭)*

ਇਸ ਭਾਵ ਦੇ ਹੋਰ ਭੀ ਬਹੁਤ ਸ਼ਬਦ ਹਨ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ ! ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜਿਨ੍ਹਾਂ ਨੇ ਜਾ ਕੇ ਗੁਰੂ (ਦਰਸ਼ਨ) ਦੇਖਿਆ ਹੈ।

(੨) (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜੋ ਚਰਨ ਬੰਦਨਾਂ ਕਰਕੇ ਗੁਰੂ ਦੀ ਹਜ਼ੂਰੀ ਵਿਚ ਬੈਠਦੇ ਹਨ।

(੩) (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜਿਹੜੇ ਗੁਰ ਸਿੱਖਿਆ ਪ੍ਰਾਪਤ ਕਰਕੇ ਮਿੱਠੇ ਬੋਲ ਬੋਲਦੇ ਹਨ।

(੪) (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜੋ ਗੁਰ ਭਾਈਆਂ ਨੂੰ ਹੀ ਪੁੱਤ੍ਰ, ਮਿੱਤਰ, ਇਸ਼ਟ (ਧਰਮ ਪਦਾਰਥ) ਸਮਝਦੇ ਹਨ।

(੫) (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜੋ ਗੁਰੂ ਦੀ ਸੇਵਾ ਨੂੰ ਹੀ ਅਤਿ ਪਿਆਰੀ ਜਾਣਦੇ ਹਨ।

(੬) (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜੋ ਆਪ ਤਰਦੇ ਤੇ ਸ੍ਰਿਸ਼ਟੀ ਨੂੰ ਤਾਰਦੇ ਹਨ।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਅਜੇਹੇ ਗੁਰਸਿੱਖਾਂ ਦੇ ਮਿਲਣ ਨਾਲ ਆਖ਼ਰ ਕਿਸੇ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ?

(੭) ਉ: ਹੇ ਭਾਈ ! ਐਸੇ ਗੁਰੂ ਦੇ ਸਿੱਖਾਂ ਨਾਲ ਮਿਲਾਪ ਹੋਣ ਦਾ ਇਹੋ ਫਲ ਹਾਸਲ ਹੁੰਦਾ ਹੈ ਕਿ ਉਸਦੇ ਸਾਰੇ ਹੀ ਪਾਪ ਨਾਸ ਹੋ ਜਾਂਦੇ ਹਨ।੧।

ਪ੍ਰ: ਭਾਈ ਸਾਹਿਬ ਜੀਉ ! ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਜਿਤਨੇ ਭੀ ਗੁਰੂ ਦਰਬਾਰ ਵਿਚ ਪੁੱਜ ਕੇ ਗੁਰਬਾਣੀ ਦੇ ਵੀਚਾਰ ਸੁਣਨ ਵਾਲੇ ਸਰੋਤੇ ਹਨ ਉਨ੍ਹਾਂ ਨੂੰ ਇਕ ਸਮਾਨ ਹੀ ਅਸਰ ਕਿਉਂ ਨਹੀਂ ਹੁੰਦਾ। ਕਿਉਂਕਿ ਕਈਆਂ ਦੇ ਜੀਵਨਾਂ ਵਿਚ ਤਾਂ ਬਹੁਤ ਬਦਲ ਆ ਜਾਂਦੀ ਹੈ, ਪਰ ਕਈ ਸਾਲਾਂ ਬੱਧੀ ਸੁਣਦੇ ਆ ਰਹੇ ਹਨ, ਉਨ੍ਹਾਂ ਦੀ ਜੀਵਨ ਸ਼ੈਲੀ ਪਹਿਲੋਂ ਵਾਂਗ ਹੀ ਬਣੀ ਰਹਿੰਦੀ ਹੈ, ਕਿਉਂ ਜੀ ! ਇਸ ਦਾ ਸਹੀ ਕਾਰਨ ਦੱਸਣ ਦੀ ਕ੍ਰਿਪਾ ਕਰੋਗੇ?

ਉ: ਹੇ ਭਾਈਓ ! ਗੁਰਬਾਣੀ ਦਾ ਉਪਦੇਸ ਤਾ ਸਾਰਿਆ ਲਈ ਇਕ ਸਮਾਨ ਵਿਤਕਰੇ ਤੋਂ ਰਹਿਤ ਸਾਂਝਾ ਹੈ, ਜਿਵੇਂ ਅਕਾਸ਼ ਤੋਂ ਬਾਰਸ ਸਾਰਿਆਂ ਲਈ ਸਾਂਝੀ ਵਰਸਦੀ ਹੈ ਪਰ ਜਿਹੜੇ ਭਾਂਡੇ ਮੂਧੇ ਪਏ ਹਨ ਉਨ੍ਹਾਂ ਵਿਚ ਬਾਰਸ ਦਾ ਪਾਣੀ ਨਹੀਂ ਪਿਆ ਕਰਦਾ ਜੋ ਘੜੇ ਸਿੱਧੇ ਪਏ ਹਨ ਉਹ ਪਾਣੀ ਨਾਲ ਭਰ ਜਾਂਦੇ ਹਨ, ਜਾਂ ਇਉਂ ਕਹਿ ਲਵੋ ਕਿ ਸੂਰਜ ਦੀ ਰੋਸ਼ਨੀ ਤਾਂ ਸਭ ਲਈ ਸਮਾਨ ਹੀ ਹੈ, ਪਰ ਜਿਨ੍ਹਾਂ ਦੀਆਂ ਅੱਖਾਂ ਬੰਦ ਹਨ ਉਨ੍ਹਾਂ ਨੂੰ ਰੋਸ਼ਨੀ ਦਾ ਕੋਈ ਲਾਭ ਨਹੀਂ ਹੁੰਦਾ, ਇਸੇ ਤਰ੍ਹਾਂ ਜਿਨ੍ਹਾਂ ਦੇ ਹਿਰਦੇ ਰੂਪ ਭਾਂਡੇ ਮੂਧੇ ਹਨ, ਉਨ੍ਹਾਂ ਵਿਚ ਗੁਰਬਾਣੀ ਰੂਪ ਅੰਮ੍ਰਿਤ ਪ੍ਰਵੇਸ਼ ਨਹੀਂ ਕਰਦਾ ਉਹ ਖ਼ਾਲੀ ਹੀ ਰਹਿ ਜਾਂਦੇ ਹਨ। ਜਾਂ ਜਿਨ੍ਹਾਂ ਦੇ ਮਨ ਬੁੱਧੀ ਰੂਪੀ ਨੇਤ੍ਰ ਬੰਦ ਹਨ ਉਨ੍ਹਾਂ ਦੇ ਹਿਰਦੇ ਅੰਦਰ ਭੀ ਬਾਣੀ ਦੀ ਰੋਸ਼ਨੀ ਦਾ ਪ੍ਰਕਾਸ਼ ਨਹੀਂ ਹੁੰਦਾ ਉਹ ਬਾਣੀ ਦੀ ਵੀਚਾਰ ਸੁਣਦੇ ਤੇ ਪੜ੍ਹਦੇ ਹੋਏ ਭੀ ਸੱਖਣੇ ਰਹਿ ਜਾਂਦੇ ਹਨ।

***ਭਾਵਾਰਥ :*** ਗੁਰਸਿਖ ਨੂੰ ਗੁਰੂ ਦੀ ਸੇਵਾ ਤਨੋ ਮਨੋ ਸ਼ਰਧਾ ਸਹਿਤ ਹੋ ਕੇ ਕਰਨੀ ਚਾਹੀਦੀ ਹੈ ਅਤੇ ਸਦਾ ਹੀ ਮਿੱਠੇ ਬਚਨ ਬੋਲਦੇ ਰਹਿਣਾ ਯੋਗ ਹੈ।

## ੨. ਗੁਰਸਿੱਖਾਂ ਦਾ ਨਿੱਤਨੇਮ

੧. ਕੁਰਬਾਣੀ ਤਿਨਾ ਗੁਰਸਿੱਖਾਂ
ਪਿਛਲ ਰਾਤੀਂ ਉਠਿ ਬਹੰਦੇ।

੨. ਕੁਰਬਾਣੀ ਤਿਨਾ ਗੁਰਸਿੱਖਾਂ
ਅੰਮ੍ਰਿਤ ਵੇਲੇ ਸਰਿ ਨ੍ਹਾਵੰਦੇ।

੩. ਕੁਰਬਾਣੀ ਤਿਨਾ ਗੁਰਸਿੱਖਾਂ
ਇਕ ਮਨਿ ਹੋ ਗੁਰ ਜਾਪੁ ਜਪੰਦੇ।

੪. ਕੁਰਬਾਣੀ ਤਿਨਾ ਗੁਰਸਿੱਖਾਂ
ਸਾਧਸੰਗਤਿ ਚਲਿ ਜਾਇ ਜੁੜੰਦੇ।

੫. ਕੁਰਬਾਣੀ ਤਿਨਾ ਗੁਰਸਿੱਖਾਂ
ਗੁਰਬਾਣੀ ਨਿਤ ਗਾਇ ਸੁਣੰਦੇ।

੬. ਕੁਰਬਾਣੀ ਤਿਨਾ ਗੁਰਸਿੱਖਾਂ
ਮਨਮੇਲੀ ਕਰਿ ਮੇਲਿ ਮਿਲੰਦੇ।

੭. ਕੁਰਬਾਣੀ ਤਿਨਾ ਗੁਰਸਿੱਖਾਂ
ਭਾਇ ਭਗਤਿ ਗੁਰਪੁਰਬ ਕਰੰਦੇ।

੮. ਗੁਰ ਸੇਵਾ ਫਲ ਸੁਫਲ ਫਲੰਦੇ ॥੨॥

**ਪਦ ਅਰਥ :** ਪਿੱਛਲ ਰਾਤੀਂ—ਅੰਮ੍ਰਿਤ ਵੇਲੇ। ਸਰਿ—ਸਰਵੋਰ, ਨਦੀ ਜਾਂ ਜਿਥੋਂ ਭੀ ਜਲ ਮਿਲੇ, ਯਾ ਵੇਲੇ ਸਿਰ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਤੁਹਾਡੀਆਂ ਨਜ਼ਰਾਂ ਵਿਚ ਉਹ ਕਿਹੜੇ ਗੁਣਾਂ ਵਾਲੇ ਖ਼ਾਸ ਗੁਰਸਿਖ ਹਨ, ਜਿਨ੍ਹਾਂ ਤੋਂ ਤੁਸੀ ਮਨ ਕਰਕੇ ਕੁਰਬਾਨ ਜਾਂਦੇ ਹੋ ?

(੧) ਉ: (ਹੇ ਭਾਈਓ ! ਜੇ ਤੁਸੀਂ ਮੇਰੇ ਮਾਨਸਕ ਭਾਵਾਂ ਨੂੰ ਜਾਨਣਾ ਚਾਹੁੰਦੇ ਹੋ ਤਾਂ ਇਉਂ ਹੀ ਸਮਝੋ ਕਿ) ਮੈਂ ਉਨ੍ਹਾਂ ਗੁਰਸਿੱਖਾਂ ਤੋਂ (ਰੋਮ ਰੋਮ ਕਰਕੇ) ਕੁਰਬਾਨ ਹਾਂ, ਜੋ ਤੜਕੇ, ਤਾਰਿਆਂ ਦੀ ਲੋਅ ਵਿਚ ਜਾਗ ਕੇ ਉੱਠ ਬਹਿੰਦੇ ਹਨ।

(੨) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਅੰਮ੍ਰਿਤ ਵੇਲੇ ਸਰਿ ਜਾਂ ਨਦੀ ਵਿਚ ਇਸ਼ਨਾਨ ਕਰਦੇ ਹਨ।

(੩) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਇਕ ਮਨ ਹੋ ਕੇ ਗੁਰੂ ਦਾ ਜਾਪ ਜਪਦੇ ਹਨ।

(੪) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ (ਘਰੋਂ) ਚਲਕੇ ਸਾਧ ਸੰਗਤ ਵਿਚ ਜਾ ਸ਼ਾਮਲ ਹੁੰਦੇ ਹਨ।

(੫) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਗੁਰਬਾਣੀ ਨੂੰ ਨਿੱਤ ਗਾਉਂਦੇ ਤੇ ਸੁਣਦੇ ਹਨ।

(੬) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਮਨ ਦੇ ਮੇਲੀ ਨਾਲ ਮੇਲ ਕਰਦੇ ਹਨ।

(੭) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਪ੍ਰੇਮੀ, ਭਗਤੀ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਗੁਰਪੁਰਬ ਮਨਾਉਂਦੇ ਹਨ।

ਪ੍ਰ: ਕਿਉਂ ਜੀ ! ਐਸੇ ਗੁਰਸਿੱਖਾਂ ਨੂੰ ਆਖ਼ਰ ਫਲ ਕੀ ਪ੍ਰਾਪਤ ਹੁੰਦਾ ਹੈ ?

(੮) ਉ: (ਹੇ ਭਾਈ) ਐਸੇ ਗੁਰਸਿਖ ਗੁਰੂ ਦੀ ਸੇਵਾ ਦੇ ਫਲ ਨਾਲ ਸਫਲੇ ਹੋ ਕੇ (ਸੋਭਾ ਪਾਉਂਦੇ ਤੇ) ਫਲਦੇ ਫੁਲਦੇ ਹਨ।੨।

**ਭਾਵਾਰਥ :** ਇਸ ਪਉੜੀ ਅੰਦਰ ਭਾਈ ਸਾਹਿਬ ਜੀ ਗੁਰੂ ਦੇ ਸਿੱਖਾਂ ਦੇ ਅੰਤਰ ਆਤਮੇ ਜੋ ਦੈਵੀ ਗੁਣ ਹਨ ਉਨ੍ਹਾਂ ਦਾ ਜ਼ਿਕਰ ਕਰਦੇ ਹਨ ਕਿ ਗੁਰੂ ਦੇ ਸਿਖ ਚਾਰ ਘੜੀ ਰਾਤ ਰਹਿੰਦੀ ਉਠ ਬੈਠਦੇ, ਭਾਵ ਪ੍ਰਭੂ ਦੇ ਕੀਤੇ ਹੋਏ ਅਨੰਤ ਉਪਕਾਰਾਂ ਨੂੰ ਯਾਦ ਕਰਦੇ ਹਨ, ਅੰਮ੍ਰਿਤ ਵੇਲੇ ਸਰੋਵਰਾਂ ਵਿਚ ਇਸ਼ਨਾਨ ਕਰਦੇ ਤੇ ਇਕ ਮਨ ਹੋ ਕੇ ਜਪੁ ਜੀ ਦਾ ਪਾਠ ਕਰਦੇ ਤੇ ਸਾਧ ਸੰਗਤ ਵਿਚ ਜਾ ਕੇ ਪ੍ਰੇਮ ਭਾਵਨਾ ਸਹਿਤ ਜੁੜ ਬੈਠਦੇ ਹਨ। ਈਰਖਾ, ਮਤਸਰ ਭੀ ਨਹੀਂ ਕਰਦੇ, ਕੇਵਲ ਗੁਰੂ ਦੀ ਬਾਣੀ ਹੀ ਗਾਉਂਦੇ ਤੇ ਸੁਣਦੇ ਹਨ, ਫਿਰ ਉਹ ਮਨ ਦੇ ਮੇਲੀਆਂ ਨਾਲ ਹੀ ਮੇਲ ਕਰਦੇ ਹਨ, ਭਾਵ ਰੱਬ ਤੋਂ ਭੁੱਲੇ ਹੋਏ ਨਾਸਤਕਾਂ ਦਾ ਸੰਗ ਨਹੀਂ ਕਰਦੇ, ਅਤੇ ਪ੍ਰੇਮਾ ਭਗਤੀ ਸਹਿਤ ਹੋ ਗੁਰਪੁਰਬ ਮਨਾਉਂਦੇ ਹਨ, ਅਜਿਹੇ ਗੁਰਸਿੱਖਾਂ ਤੋਂ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਮੈਂ ਕੁਰਬਾਨ (ਬਲਿਹਾਰ) ਜਾਂਦਾ ਹਾਂ, ਕਿਉਂਕਿ ਐਸੇ ਗੁਰਸਿਖ ਹੀ ਸੇਵਾ ਕਰਨ ਵਾਲੇ ਸੁਫਲ ਫਲ ਨਾਲ ਫਲਦੇ ਹਨ ਤੇ ਓਹੀ ਗਿਆਨ, ਵੈਰਾਗ ਆਦਿ ਦੈਵੀ ਗੁਣਾਂ ਦੀ ਪ੍ਰਾਪਤੀ ਕਰਦੇ ਹਨ।

## ੩. ਗੁਰਸਿੱਖ ਦੀ ਮਾਨਸਕ ਤਸਵੀਰ

੧. ਹਉਂ ਤਿਸ ਵਿੱਟਹੁ ਵਾਰਿਆ
ਹੋਂਦੈ ਤਾਣ ਜੁ ਹੋਇ ਨਿਤਾਣਾ।
੨. ਹਉਂ ਤਿਸ ਵਿੱਟਹੁ ਵਾਰਿਆ
ਹੋਂਦੈ ਮਾਣ ਜੁ ਹੋਇ ਨਿਮਾਣਾ।
੩. ਹਉਂ ਤਿਸ ਵਿੱਟਹੁ ਵਾਰਿਆ
ਛੱਡ ਸਿਆਣਪ ਹੋਇ ਇਆਣਾ।
੪. ਹਉਂ ਤਿਸ ਵਿੱਟਹੁ ਵਾਰਿਆ
ਖਸਮੈ ਦਾ ਭਾਵੈ ਜਿਸ ਭਾਣਾ।
੫. ਹਉਂ ਤਿਸ ਵਿੱਟਹੁ ਵਾਰਿਆ
ਗੁਰਮੁਖ ਮਾਰਗੁ ਦੇਖਿ ਲੁਭਾਣਾ।
੬. ਹਉਂ ਤਿਸ ਵਿੱਟਹੁ ਵਾਰਿਆ
ਚੱਲਣ ਜਾਣਿ ਜੁਗਤਿ ਮਿਹਮਾਣਾ।
੭. ਦੀਨ ਦੁਨੀ ਦਰਗਹ ਪਰਵਾਣਾ ॥੩॥

**ਪਦ ਅਰਥ :** ਵਿੱਟਹੁ—ਉਪਰੋਂ, ਤੋਂ। ਤਾਣ—ਤਾਕਤ, ਬਲ। ਮਾਣ—ਧਨ ਦੌਲਤ ਤੇ ਮਹਿਲ ਮਾੜੀਆਂ ਦੀ ਹਉਮੈ, ਅਪਣੱਤ। ਮਿਹਮਾਣਾ—ਪ੍ਰਾਹੁਣਾ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਉਸ ਸਿਰਜਨਹਾਰ ਦੀ ਰਚੀ ਹੋਈ ਇਸ ਸੰਸਾਰਕ ਰਚਨਾ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਇਸ ਵਿਚ ਨਨੱਤਪੁਣਾ ਵੇਖਣ ਵਿਚ ਆਉਂਦਾ ਹੈ, ਭਾਵ ਹਰ ਵਿਅਕਤੀ ਤੇ ਉਸ ਦੇ ਸੁਭਾਉ, ਅਕਲ, ਸ਼ਕਲ, ਰਫਤਾਰ, ਗੁਫਤਾਰ ਅਤੇ ਗੁਣ ਅਉਗੁਣਾਂ ਵਿਚ ਭਿੰਨਤਾ ਦਿੱਸਦੀ ਹੈ, ਪਰ ਤੁਹਾਡੀਆਂ ਨਜ਼ਰਾਂ

ਵਿਚ ਉਹ ਕਿਹੜਾ ਮਨੁੱਖ ਹੈ ਜਿਸਨੂੰ ਵੇਖਕੇ ਤੁਸੀਂ ਪ੍ਰਸੰਨ ਹੁੰਦੇ ਹੋ ?

ਉ: ਹੇ ਭਾਈਓ ! ਇਹ ਜੋ ਤੁਹਾਡਾ ਸਵਾਲ ਹੈ ਇਹ ਗੁਰਮਤ ਦੇ ਅਨਕੂਲ ਹੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਸ ਪਰੀਪੂਰਨ ਪ੍ਰਮੇਸ਼ਰ ਦੀ ਰਚਨਾ ਵਿਚ ਬੇਅੰਤਤਾਈ ਤਾਂ ਨਜ਼ਰ ਆਉਂਦੀ ਹੈ, ਪਰ ਇਸ ਵਿਚ ਅਸੀਂ ਆਪਣੇ ਵਲੋਂ ਦੋਸ਼ ਨਹੀਂ ਅਰੋਪ ਸਕਦੇ ਕਿਉਂਕਿ ਉਸ ਅੰਤਰਜਾਮੀ ਨੇ ਜੋ ਕੁਝ ਭੀ ਰਚਿਆ ਹੈ ਉਹ ਅਧੂਰਾ ਨਹੀਂ ਪੂਰਾ ਹੈ, ਬਾਣੀ ਵਿਚ ਭੀ ਇਹੋ ਹੁਕਮ ਆਇਆ ਹੈ ਕਿ :

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਹਿ ਸਮਾਹੀ ॥੩੩॥

*(ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨)*

ਇਸੇ ਭਾਵ ਨੂੰ ਕਬੀਰ ਸਾਹਿਬ ਜੀ ਭੀ ਬਾਣੀ ਵਿਚ ਅੰਕਤ ਕਰਦੇ ਹਨ ਕਿ ਐ ਦੁਨੀਆਂ ਦੇ ਲੋਕੋ ! ਤੁਸੀਂ ਭਰਮ ਵਿਚ ਨਾ ਭੁੱਲੋ ਇਹ ਸਾਰਾ ਜਗਤ ਇਕੋ ਅੱਲਾ ਦੇ ਨੂਰ ਤੋਂ ਪੈਦਾ ਹੋਇਆ ਹੈ ਦਸੋ ਇਸ ਵਿਚ ਤੁਸੀਂ ਕਿਸਨੂੰ ਚੰਗਾ ਕਿਸਨੂੰ ਮੰਦਾ ਆਖ ਸਕਦੇ ਹੋ ? ਆਪ ਦਾ ਫ਼ੁਰਮਾਨ ਹੈ ਕਿ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਕੁ
ਪੂਰਿ ਰਹਿਓ ਸ੍ਰਬ ਠਾਂਈ ॥੧॥ਰਹਾਉ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਿਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥

*(ਪ੍ਰਭਾਤੀ ਕਬੀਰ ਜੀ, ਪੰਨਾ ੧੩੪੯)*

ਇਸ ਲਈ ਹੇ ਭਾਈਓ ! ਉਸ ਕਰਤੇ ਦੀ ਕ੍ਰਿਤ ਨੂੰ ਵੇਖ ਕੇ ਮੇਰੇ ਮਨ ਵਿਚ ਤਰਕ ਜਾਂ ਘਿਰਨਾ ਤਾਂ ਨਹੀਂ ਉਪਜਦੀ ਪਰ ਵੱਖੋ ਵੱਖ ਵਿਅਕਤੀਆਂ ਦੇ ਹਿਰਦੇ ਰੂਪ ਭਾਂਡਿਆਂ ਵਿਚ ਦੈਵੀ ਗੁਣਾਂ ਤੇ ਆਸੁਰੀ ਸੰਪਤੀ ਦੀ ਜਦੋਂ ਪ੍ਰਧਾਨਤਾ ਨਜ਼ਰ ਆਉਂਦੀ ਹੈ ਉਸਨੂੰ ਤੱਕ ਕੇ ਗੁਰਬਾਣੀ ਦਾ ਦੂਜਾ ਪੱਖ ਭੀ ਸਾਹਮਣੇ ਆ ਜਾਂਦਾ ਹੈ ਕਿ ਉਹ ਵਿਅਕਤੀ ਸ਼ਲਾਘਾ ਕਰਨੇ ਜੋਗ ਹੀ ਹਨ ਜੋ ਉਸ ਪ੍ਰਭੂ ਦੀ ਬਖ਼ਸ਼ੀ ਹੋਈ ਤਾਣ ਤੇ ਮਾਣ ਦੀ ਦਾਤ ਨੂੰ ਪ੍ਰਾਪਤ ਕਰਕੇ ਵੀ ਨਿਰਮਾਣ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਦੇ ਮਨ ਵਿਚ ਗੁਰਬਾਣੀ ਦਾ ਹੀ ਆਸਰਾ ਹੈ ਜੋ ਇਉਂ ਹੀ ਅਨੁਭਵ ਕਰਦੇ ਹਨ ਕਿ :

ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥
ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥੪॥

*(ਧਨਾਸਰੀ ਮ: ੫, ਪੰਨਾ ੬੭੫)*

ਤਾਣੁ ਦੀਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ ॥੧॥

*(ਬਿਲਾਵਲੁ ਮ: ੫, ਪੰਨਾ ੮੧੫)*

ਇਸ ਲਈ ਉਨ੍ਹਾਂ ਰੱਬੀ ਮਾਰਗ 'ਤੇ ਟੁਰਨ ਵਾਲੇ ਗੁਰਮੁਖਾਂ ਦੇ ਮਨ ਦੀ ਇਹ ਤਸਵੀਰ ਹੈ ਕਿ :

ਮਤਿ ਹੋਦੀ ਹੋਇ ਇਆਣਾ ॥
ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥
ਕੋ ਐਸਾ ਭਗਤੁ ਸਦਾਏ ॥੧੨੮॥

*(ਸਲੋਕ ਫਰੀਦ ਜੀ, ਪੰਨਾ ੧੩੮੪)*

ਹੇ ਭਾਈਓ ! ਅਜਿਹੇ ਗੁਰਸਿੱਖਾਂ ਦੀ ਮਾਨਸਕ ਅਵੱਸਥਾ ਨੂੰ ਤੱਕ ਕੇ ਤਾਂ ਮਨ ਵਿਚੋਂ ਸੁਭਾਵਕ ਹੀ ਸਿਫ਼ਤ ਕਰਨ ਦੇ ਸੰਸਕਾਰ ਉਪਜ ਆਉਂਦੇ ਹਨ, ਜਿਨ੍ਹਾਂ ਨੂੰ ਮੈਂ ਚੰਦ ਸਤਰਾਂ ਵਿਚ ਉੱਕਰਨ ਦਾ ਯਤਨ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈ !) ਮੈਂ ਉਸ (ਗੁਰਸਿਖ ਤੋਂ) ਸਦਕੇ ਤੇ ਵਾਰਨੇ ਜਾਂਦਾ ਹਾਂ, ਜੋ ਬਲ ਦੇ ਹੁੰਦੇ ਹੋਏ (ਵੀ ਨਿਰਬਲ) ਨਿਤਾਣਾ ਰਹੇ।

(੨) ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ, ਜੋ ਮਾਣ ਦੇ ਹੁੰਦੇ (ਭੀ) ਨਿਮਾਣਾ ਬਣੇ (ਭਾਵ, ਮਾਣ ਨ ਕਰੇ।

(੩) ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ, ਜੋ ਸਿਆਣਪ ਤੇ ਹੰਕਾਰ ਨੂੰ ਛਡ, ਅੰਜਾਣਾ ਹੋ ਰਹੇ।

(੪) ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ, ਜਿਸ ਨੂੰ ਖ਼ਸਮ (ਪ੍ਰਭੂ) ਦਾ ਭਾਣਾ ਭਾ ਜਾਂਦਾ ਹੈ।

(੫) ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ, ਜੋ ਗੁਰਮੁਖਾਂ ਦੇ ਮਾਰਗ (ਸੱਚੇ ਰਾਹ) ਨੂੰ ਦੇਖ ਕੇ ਪ੍ਰਸੰਨ ਹੋਵੇ।

(੬) ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ, ਜਿਹੜਾ (ਸੰਸਾਰ ਤੋਂ) ਚਲੇ ਜਾਣ ਦੀ ਜੁਗਤ ਨੂੰ ਧਾਰੇ ਅਤੇ ਏਥੇ ਮਹਿਮਾਣ ਬਣਕੇ ਰਹੇ।

ਪ੍ਰ: ਕਿਉਂ ਜੀ, ਐਸੇ ਗੁਰਸਿਖ ਨੂੰ ਫਲ ਕੀ ਮਿਲਦਾ ਹੈ ?

(੭) ਉ: (ਹੇ ਭਾਈ ! ਐਸਾ ਗੁਰਸਿਖ) ਦੀਨ (ਧਰਮ) ਦੁਨੀ

(ਸੰਸਾਰੀਆਂ ਵਿਚ) ਤੇ (ਪ੍ਰਭੂ ਦੀ) ਦਰਗਾਹ ਵਿਚ ਪਰਵਾਣ (ਹੁੰਦਾ) ਹੈ।੩

*ਭਾਵਾਰਥ :* ਗੁਰਸਿਖ ਨੂੰ ਜੋ ਭੀ ਕੁਝ ਪ੍ਰਾਪਤ ਹੈ ਉਹ ਉਸ ਵਿਚ ਅਪਣੱਤ ਨਹੀਂ ਧਾਰਦਾ ਉਹ ਅੰਤਰ ਆਤਮੇ ਇਉਂ ਹੀ ਅਨੁਭਵ ਕਰਦਾ ਹੈ ਕਿ ਇਹ ਜੋ ਮੇਰੇ ਕੋਲ ਮਾਣ, ਤਾਣ, ਸਿਆਣਪ ਹੈ ਇਹ ਮੇਰੀ ਆਪਣੀ ਕ੍ਰਿਤ ਨਹੀਂ, ਸਗੋਂ ਇਸਦਾ ਕੇਂਦਰ ਉਹ ਨਿਰੰਕਾਰ ਹੈ ਜਿਥੋਂ ਇਹ ਸਾਰੀਆਂ ਦਾਤਾਂ ਹਾਸਲ ਹੁੰਦੀਆਂ ਹਨ। ਉਹ ਕਿਸੇ ਸਿਆਣੇ ਮਨੁੱਖ ਵਾਂਗ ਇਉਂ ਹੀ ਸਮਝਦਾ ਹੈ ਕਿ ਇਹ ਜੋ ਮੇਰੇ ਮਕਾਨ ਦੇ ਵੇਹੜੇ ਵਿਚ ਰੋਸਨੀ ਹੈ ਇਸ ਦਾ ਕਰਤਾ ਮੈਂ ਨਹੀਂ ਇਸ ਦਾ ਕੇਂਦਰ ਸੂਰਜ ਹੈ ਜਿਸ ਦਾ ਸਦਕਾ ਮੈਨੂੰ ਰੋਸਨੀ ਮਿਲ ਰਹੀ ਹੈ। ਉਹ ਗੁਰਮੁਖ ਇਸ ਤਰ੍ਹਾ ਆਪਣੀ ਸਿਆਣਪ ਨੂੰ ਛੱਡ ਕੇ ਆਪ ਨੂੰ ਚੰਦ ਰੋਜ਼ ਦਾ ਮਹਿਮਾਨ ਜਾਣ ਕੇ ਉਸ ਮਾਲਕ ਦੇ ਭਾਣੇ ਵਿਚ ਰਹਿ ਕੇ ਨਿਰਮਾਣ ਜੀਵਨ ਗੁਜਾਰਦਾ ਹੈ, ਜਿਸ ਭਾਵਨਾ ਦਾ ਸਦਕਾ ਉਸਨੂੰ ਲੋਕ ਪ੍ਰਲੋਕ ਵਿਚ ਸਦੀਵੀ ਸੁਖ ਮਿਲਦਾ ਹੈ।

## ੪. ਗੁਰਮੁਖ ਦੀ ਨਿਰਲੇਪ ਕ੍ਰਿਆ

੧. ਹਉਂ ਤਿਸ ਘੋਲ ਘੁਮਾਇਆ
ਗੁਰਮਤਿ ਰਿਦੈ ਗਰੀਬੀ ਆਵੈ।
੨. ਹਉਂ ਤਿਸ ਘੋਲ ਘੁਮਾਇਆ
ਪਰ ਨਾਰੀ ਦੇ ਨੇੜਿ ਨ ਜਾਵੈ।
੩. ਹਉਂ ਤਿਸ ਘੋਲ ਘੁਮਾਇਆ
ਪਰ ਦਰਬੈ ਨੂੰ ਹੱਥ ਨ ਲਾਵੈ।
੪. ਹਉਂ ਤਿਸ ਘੋਲ ਘੁਮਾਇਆ
ਪਰ ਨਿੰਦਾ ਸੁਣਿ ਆਪੁ ਹਟਾਵੈ।
੫. ਹਉਂ ਤਿਸ ਘੋਲ ਘੁਮਾਇਆ
ਸਤਿਗੁਰ ਦਾ ਉਪਦੇਸ਼ ਕਮਾਵੈ।
੬. ਹਉਂ ਤਿਸ ਘੋਲ ਘੁਮਾਇਆ
ਥੋੜਾ ਸਵੈ ਥੋੜਾ ਹੀ ਖਾਵੈ।
੭. ਗੁਰਮੁਖ ਸੋਈ ਸਹਜਿ ਸਮਾਵੈ ॥੪॥

*ਪਦ ਅਰਥ :* ਘੋਲ ਘੁਮਾਇਆ—ਵਾਰਨੇ ਤੇ ਕੁਰਬਾਨ ਹਾਂ। ਪਰ ਦਰਬੈ—ਪਰ ਧਨ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਆਮ ਲੁਕਾਈ ਵੱਲ ਨਜ਼ਰ ਮਾਰਦੇ ਹਾਂ ਤਾਂ ਹਰ ਮਨੁੱਖ ਕੁਝ ਨਾ ਕੁਝ ਕਰਮ ਕਰਦਾ ਨਜ਼ਰ ਆਉਂਦਾ ਹੈ, ਪਰ ਤੁਸੀਂ ਕਿਸ ਦੀ ਕੀਤੀ ਕ੍ਰਿਤ ਨੂੰ ਚੰਗੀ ਸਮਝਦੇ ਹੋ ?

ਉ: ਹੇ ਭਾਈਓ ! ਇਹ ਤਾਂ ਮੰਨਣਾ ਹੀ ਪਵੇਗਾ ਕਿ ਸੰਸਾਰ ਵਿਚ ਹਰ ਮਨੁੱਖ ਕੁਝ ਕਰਨ ਲਈ ਆਇਆ ਹੈ ਇਸਨੂੰ ਕੋਈ ਕ੍ਰਿਤ ਕਰਨੀ ਹੀ ਚਾਹੀਦੀ ਹੈ, ਪਰ ਇਹ ਵੇਖਣਾ ਪਵੇਗਾ ਕਿ ਉਹ ਕਰਦਾ ਕੀ ਹੈ ? ਕਿਉਂਕਿ ਕਈ ਮਨੁੱਖਾ ਦੀ ਕੀਤੀ ਹੋਈ ਕ੍ਰਿਤ ਲਾਭਦਾਇਕ ਹੈ, ਕਈਆ ਦੀ ਕਿਰਤ ਜਿਥੇ ਆਪ ਨੂੰ ਕਸ਼ਟ-ਰੂਪ ਹੈ ਉਥੇ ਦੂਜਿਆ ਲਈ ਭੀ ਨੁਕਸਾਨ ਦਾ ਕਾਰਨ ਬਣਦੀ ਹੈ। ਜਿਵੇਂ ਅਸੀਂ ਕੀੜੀਆਂ ਦੀ ਕ੍ਰਿਤ ਨੂੰ ਵੇਖਦੇ ਹਾਂ ਉਹ ਸਾਰੀ ਸਾਰੀ ਰਾਤ ਤੁਰੇ ਰਹਿਣ ਦੀ ਕ੍ਰਿਆ ਕਰਦੀਆਂ ਹਨ, ਜਦੋਂ ਅਸੀਂ ਗਹੁ ਨਾਲ ਤਕੀਏ ਤਾਂ ਸਾਨੂੰ ਉਨ੍ਹਾਂ ਦੇ ਮੂੰਹ ਵਿਚ ਕੁਝ ਚਿੱਟਾ ਚਿੱਟਾ ਨਜਰ ਆਵੇਗਾ ਉਹ ਉਨ੍ਹਾਂ ਦੀ ਖ਼ੁਰਾਕ ਹੈ ਜੋ ਇਕ ਥਾਂ ਤੋਂ ਚੁੱਕ ਕੇ ਦੂਜੇ ਥਾਂ ਲੈ ਜਾ ਰਹੀਆਂ ਹਨ। ਇਹ ਕਹਾਵਤ ਆਮ ਸੁਣਨ ਵਿਚ ਆਉਂਦੀ ਹੈ ਕਿ ਕੀੜੀ ਨੂੰ ਛੇ ਮਹੀਨੇ ਪਹਿਲੋਂ ਪਤਾ ਲਗ ਜਾਂਦਾ ਹੈ ਕਿ ਬਾਰਸ਼ ਪੈਣ ਵਾਲੀ ਹੈ ਉਹ ਆਪਣੀ ਛੇ ਮਹੀਨੇ ਦੀ ਖ਼ੁਰਾਕ ਜਮ੍ਹਾਂ ਕਰ ਲੈਂਦੀ ਹੈ, ਇਸ ਲਈ ਉਸ ਕੀੜੀ ਦਾ ਦਿਨੇ ਰਾਤ ਤੁਰੇ ਰਹਿਣ ਦਾ ਉੱਦਮ ਲਾਭਦਾਇਕ ਹੈ। ਉਸ ਦੀ ਕ੍ਰਿਤ ਨੂੰ ਚੰਗਾ ਹੀ ਕਹਿਣਾ ਪਵੇਗਾ।

ਦੂਜਾ ਚੂਹਾ ਭੀ ਸਾਰੀ ਰਾਤ ਕਪੜਿਆਂ ਦੇ ਭਾਰ ਕੱਟ ਕੱਟ ਕੇ ਵਿਅਰਥ ਹੀ ਗੁਵਾ ਦੇਂਦਾ ਹੈ ਨਾ ਉਹ ਉਸਦੇ ਕਿਸੇ ਕੰਮ ਆਉਂਦੇ ਹਨ, ਨਾ ਹੀ ਉਹ ਕਿਸੇ ਹੋਰ ਦੇ ਵਰਤੋਂ ਵਿਚ ਆਉਂਦੇ ਹਨ, ਇਸ ਲਈ ਉਸ ਚੂਹੇ ਦਾ ਕਰਮ ਕੀਤਾ ਬੇਅਰਥ ਹੀ ਜਾਂਦਾ ਹੈ। ਬਾਣੀ ਵਿਚ ਇਸ ਚੂਹੇ ਬਾਰੇ ਹੁਕਮ ਆਉਂਦਾ ਹੈ, ਜਿਵੇਂ ਕਿ :

ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ॥
ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ
ਕਾਮਿ ਨਹੀ ਗਾਵਾਰੀ॥

(ਧਨਾਸਰੀ ਮ: ੫, ਪੰਨਾ ੬੮੧)

ਭਾਵ ਹੈ ਕਿ (ਸਕਤੀ) ਮਾਇਆ ਦੇ ਪੁਜਾਰੀ ਦੀ ਕੀਤੀ ਹੋਈ ਸਾਰੀ ਉਮਰ ਦੀ ਕ੍ਰਿਤ ਭੀ ਉਸੇ ਚੂਹੇ ਵਾਂਗ ਦੁਖ ਦਾ ਕਾਰਨ ਬਣਦੀ ਹੈ ਉਸਨੂੰ ਕੋਈ ਲਾਭ ਨਹੀ ਹੁੰਦਾ। ਸੋ, ਸਤਿਗੁਰੂ ਜੀ ਨੇ ਇਸ ਮਨੁੱਖ ਨੂੰ ਬਾਣੀ

ਦੁਆਰੇ ਬਾਰ ਬਾਰ ਸੰਬੋਧਨ ਕੀਤਾ ਹੈ ਕਿ ਐ ਮਨੁੱਖ! ਤੂੰ ਇਸ ਦੁਨੀਆਂ ਵਿਚ ਆਇਆ ਤਾਂ ਕੁਝ ਕਰਨੇ ਲਈ ਹੈ, ਪਰ ਜੋ ਤੈਨੂੰ ਲਾਭਦਾਇਕ ਕ੍ਰਿਆ ਹੈ ਉਸੇ ਨੂੰ ਕਰਦੇ ਰਹਿਣਾ ਯੋਗ ਹੈ। ਕਰਨਾ ਕੀ ਹੈ ਤੇ ਤਿਆਗਨਾ ਕੀ ਹੈ ? ਇਹ ਪ੍ਰੇਰਨਾ ਸਾਨੂੰ ਬਾਣੀ ਵਿਚੋਂ ਥਾਂ ਥਾਂ ਪੜ੍ਹਨ ਵਿਚ ਆਉਂਦੀ ਹੈ:

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥

*(ਸ੍ਰੀ ਰਾਗੁ ਮ: ੫, ਪੰਨਾ ੪੩)*

ਤਿਆਗਨਾ ਤਿਆਗਨੁ ਨੀਕਾ
ਕਾਮੁ ਕ੍ਰੋਧੁ ਲੋਭੁ ਤਿਆਗਨਾ॥੩॥

*(ਮਾਰੂ ਮ: ੫, ਪੰਨਾ ੧੦੧੮)*

ਤੇ ਨਰ ਕਿਆ ਪੁਰਾਨੁ ਸੁਨਿ ਕੀਨਾ॥
ਅਨਪਾਵਨੀ ਭਗਤਿ ਨਹੀ ਉਪਜੀ
ਭੂਖੈ ਦਾਨੁ ਨ ਦੀਨਾ॥੧॥ਰਹਾਉ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ
ਲੋਭੁ ਨ ਛੂਟਿਓ ਦੇਵਾ॥
ਪਰਨਿੰਦਾ ਮੁਖ ਤੇ ਨਹੀ ਛੂਟੀ
ਨਿਫਲ ਭਈ ਸਭ ਸੇਵਾ॥੧॥
ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥
ਜਿਹਿ ਪਰਲੋਕ ਜਾਇ ਅਪਕੀਰਤਿ
ਸੋਈ ਅਬਿਦਿਆ ਸਾਧੀ॥੨॥
ਹਿੰਸਾ ਤਉ ਮਨ ਤੇ ਨਹੀ ਛੂਟੀ
ਜੀਅ ਦਇਆ ਨਹੀ ਪਾਲੀ॥
ਪਰਮਾਨੰਦ ਸਾਧ ਸੰਗਤਿ ਮਿਲਿ
ਕਥਾ ਪੁਨੀਤ ਨ ਚਾਲੀ॥੩॥ *(ਸਾਰੰਗ, ਪੰਨਾ ੧੨੫੩)*

ਇਸ ਤੋਂ ਆਦਿ ਹੋਰ ਭੀ ਦੈਵੀ ਗੁਣਾਂ ਦੀ ਧਾਰਨਾ ਤੇ ਆਸੁਰੀ ਸੰਪਤੀ ਦਾ ਤਿਆਗ ਕਰਨ ਦੀ ਬਾਣੀ ਵਿਚੋਂ ਬਹੁਤ ਪ੍ਰੇਰਨਾ ਮਿਲਦੀ ਹੈ ਜਿਨ੍ਹਾਂ ਤੋਂ ਪ੍ਰੇਰਤ ਹੋ ਮੈਂ ਗੁਰਮਤ ਅਨੁਸਾਰ ਜੀਵਨ ਗੁਜ਼ਾਰਨ ਵਾਲਿਆਂ ਦੇ ਜੀਵਨਾਂ ਵੱਲ ਤੱਕ ਕੇ ਸਦਾ ਹੀ ਕੁਰਬਾਨ ਜਾਂਦਾ ਹਾਂ, ਇਸੇ ਭਾਵ ਨੂੰ ਮੈਂ ਚੰਦ ਸਤਰਾਂ ਵਿਚ ਉੱਕਰਿਆ ਹੈ, ਜਿਵੇਂ ਕਿ:

(੧) (ਹੇ ਭਾਈਓ!) ਮੈਂ ਉਸ (ਸਿਖ) ਤੋਂ ਘੋਲੀ ਤੇ ਵਾਰਨੇ ਹਾਂ, ਜੋ ਗੁਰੂ ਦੀ ਮਤ ਧਾਰਨ ਕਰਕੇ ਹਿਰਦੇ ਵਿਚ ਗਰੀਬੀ (ਨਿਰਮਾਣਤਾ) ਲਿਆਵੇ।
(੨) ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਪਰ ਇਸਤ੍ਰੀ ਦੇ ਨੇੜੇ ਭੀ ਨ ਜਾਏ, (ਭਾਵ ਜਤੀ ਸਤੀ ਰਹੇ)।
(੩) ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਪਰਾਏ ਧਨ ਦੌਲਤ ਨੂੰ ਹੱਥ ਤਕ ਨ ਲਾਏ।
(੪) ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਨਿੰਦਾ ਹੁੰਦੀ ਨੂੰ ਨ ਆਪ ਸੁਣੇ, (ਸਗੋਂ ਹੋਰਨਾਂ ਨੂੰ ਵੀ) ਨਿੰਦਾ ਸੁਣਨ ਤੋਂ ਹਟਾਵੇ।
(੫) ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਸਤਿਗੁਰ ਦੇ ਉਪਦੇਸ਼ (ਸਿੱਖਿਆ ਦੀ) ਕਮਾਈ ਕਰੇ।
(੬) ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਥੋੜਾ ਹੀ ਸਵੇਂ ਤੇ ਥੋੜਾ ਹੀ ਖਾਵੇ।
(੭) (ਐਸੀ ਰਹਿਣੀ) ਤੇ ਅਮਲ ਕਰਨ ਵਾਲਾ ਗੁਰਮੁਖ ਹੀ ਸਹਿਜ ਪਦ ਨੂੰ ਪ੍ਰਾਪਤ ਕਰਕੇ ਉਸ ਵਿਚ ਲੀਨ ਹੁੰਦਾ ਹੈ।੧੪।

***ਭਾਵਾਰਥ:*** ਭਾਈ ਸਾਹਿਬ ਜੀ ਨੂੰ ਗੁਰੂ ਅਰਜਨ ਪਾਤਿਸ਼ਾਹ ਜੀ ਦੀ ਚਰਨ ਸ਼ਰਨ ਵਿਚ ਰਹਿਕੇ ਜੋ ਗੁਰਬਾਣੀ ਲਿਖਦੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਗੁਰਬਾਣੀ ਰਾਹੀਂ ਜੋ ਆਪ ਜੀ ਦੇ ਅੰਤਰ ਆਤਮੇ ਗੁਰਮਤ ਦੀਆਂ ਵੀਚਾਰਾਂ ਦੇ ਸੰਸਕਾਰ ਉੱਕਰੇ ਗਏ ਹਨ, ਉਨ੍ਹਾਂ ਤੋਂ ਪ੍ਰੇਰਤ ਹੋ ਕੇ ਹੀ ਆਪਣੇ ਵੀਚਾਰ ਅੰਕਤ ਕਰਦੇ ਆ ਰਹੇ ਹਨ। ਇਸ ਪਉੜੀ ਵਿਚ ਵੀ ਆਪ ਜੀ ਗੁਰਮਤ ਦੀ ਧਾਰਨਾ ਗ਼ਰੀਬੀ ਤੋਂ ਅਰੰਭ ਕਰਦੇ ਹਨ, ਕਿਉਂਕਿ ਬਾਣੀ ਵਿਚ ਗ਼ਰੀਬੀ ਦੇ ਗੁਣ ਨੂੰ ਮਹਾਨਤਾ ਦਿੱਤੀ ਹੈ:

ਗਰੀਬੀ ਗਦਾ ਹਮਾਰੀ॥
ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥
ਗੁਰ ਪੂਰੇ ਏਹ ਗਲ ਸਾਰੀ॥

*(ਸੋਰਠਿ ਮ: ੫, ਪੰਨਾ ੬੨੮)*

ਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਮੇਰੇ ਪਾਸ ਤਾਂ ਗ਼ਰੀਬੀ ਦਾ ਗਦਾ (ਸ਼ਸਤ੍ਰ) ਤੇ ਸਾਰਿਆਂ ਦੇ ਚਰਨਾਂ ਦੀ ਰੇਣ ਹੋ ਰਹਿਣਾ ਖੰਡਾ ਧਾਰਨ ਕਰ ਰਖਿਆ ਹੈ, ਜਿਸ ਦੇ ਅੱਗੇ ਕੋਈ ਭੀ ਵਿਕਾਰ ਟਿਕ ਨਹੀਂ ਸਕਦਾ।

ਦੂਸਰਾ ਦੈਵੀ ਗੁਣ ਹੈ ਪਰਾਈ ਇਸਤ੍ਰੀ ਵਲ ਵਿਕਾਰ ਦ੍ਰਿਸ਼ਟੀ ਨਾਲ ਨਹੀਂ ਤਕਣਾ।

ਤੀਸਰਾ ਦੈਵੀ ਗੁਣ ਹੈ ਪਰਾਏ ਧਨ ਨੂੰ ਨਹੀਂ ਚੁਰਾਣਾ, ਹੱਥ ਤਕ ਭੀ ਨਹੀਂ ਲਾਉਣਾ।

ਚੌਥਾ ਗੁਣ ਹੈ ਕਿਸੇ ਦੀ ਨਿੰਦਾ ਨਹੀਂ ਸੁਣਨੀ, ਇਨ੍ਹਾਂ ਸਾਰੇ ਗੁਣਾਂ ਦੀ ਪ੍ਰੇਰਨਾ ਭਾਈ ਸਾਹਿਬ ਨੂੰ ਗੁਰਬਾਣੀ ਵਿਚੋਂ

ਮਿਲੀ ਹੈ, ਜਿਨ੍ਹਾਂ ਨੂੰ ਆਪ ਨੇ ਆਪਣੀ ਰਚਨਾ ਵਿਚ ਅੰਕਤ ਕਰਿਆ ਹੈ, ਜਿਵੇਂ ਬਾਣੀ ਵਿਚ ਫ਼ੁਰਮਾਨ ਹੈ:

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥

*(ਸੂਹੀ ਮ: ੩, ਪੰਨਾ ੭੫੫)*

ਪਰ ਧਨ ਪਰ ਦਾਰਾ ਪਰਹਰੀ ॥
ਤਾ ਕੈ ਨਿਕਟਿ ਬਸੈ ਨਰਹਰੀ ॥੧॥

*(ਭੈਰਉ ਨਾਮਦੇਵ ਜੀ, ਪੰਨਾ ੧੧੬੩)*

ਇਸ ਤੋਂ ਆਦਿ ਹੋਰ ਭੀ ਅਨੇਕਾਂ ਵੀਚਾਰ ਹਨ ਜੋ ਭਾਈ ਸਾਹਿਬ ਜੀ ਨੇ ਗੁਰਬਾਣੀ ਦੀ ਪ੍ਰੇਰਨਾ ਲੈ ਕੇ ਸਮੇ ਸਮੇਂ ਉਚਾਰਨ ਕੀਤੇ ਹਨ। ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਹਰ ਗੁਰਸਿਖ ਨੂੰ ਆਪਣੀ ਇਹ ਜੀਵਨ ਯਾਤ੍ਰਾ ਸਫਲ ਕਰਨੀ ਚਾਹੀਦੀ ਹੈ।

## ੫. ਗੁਰਸਿੱਖ ਦੀ ਮਾਨਸਕ ਅਵੱਸਥਾ

**੧. ਹਉਂ ਤਿਸ ਦੈ ਚਉਖੰਨੀਐ**
**ਗੁਰ ਪਰਮੇਸ਼ਰ ਏਕੋ ਜਾਣੈ।**
**੨. ਹਉਂ ਤਿਸ ਦੈ ਚਉਖੰਨੀਐ**
**ਦੂਜਾ ਭਾਉ ਨ ਅੰਦਰ ਆਣੈ।**
**੩. ਹਉਂ ਤਿਸ ਦੈ ਚਉਖੰਨੀਐ**
**ਅਉਗਣ ਕੀਤੇ ਗੁਣ ਪਰਵਾਣੈ।**
**੪. ਹਉਂ ਤਿਸ ਦੈ ਚਉਖੰਨੀਐ**
**ਮੰਦਾ ਕਿਸੈ ਨ ਆਖਿ ਵਖਾਣੈ।**
**੫. ਹਉਂ ਤਿਸ ਦੈ ਚਉਖੰਨੀਐ**
**ਆਪੁ ਠਗਾਏ ਲੋਕਾਂ ਭਾਣੈ।**
**੬. ਹਉਂ ਤਿਸ ਦੈ ਚਉਖੰਨੀਐ**
**ਪਰਉਪਕਾਰ ਕਰੇ ਰੰਗ ਮਾਣੈ।**
**੭. ਲਉਬਾਲੀ ਦਰਗਾਹ ਵਿਚ**
**ਮਾਣੁ ਨਿਮਾਣਾ ਮਾਣੁ ਨਿਮਾਣੈ।**
**੮. ਗੁਰ ਪੂਰਾ ਗੁਰ ਸ਼ਬਦਿ ਸਿਞਾਣੈ ॥੫॥**

***ਪਦ ਅਰਥ :*** ਚਉਖੰਨੀਐ—ਚਾਰ ਟੁਕੜੇ ਹੋਣਾ, ਭਾਵ ਵਾਰੇ ਬਲਿਹਾਰੇ ਜਾਣਾ। ਲਉਬਾਲੀ—ਆਪਣੇ ਰੰਗ ਵਿਚ ਮਸਤ, ਵੇਪਰਵਾਹ (ਪ੍ਰਮੇਸ਼ਰ)।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਗੁਰੂ ਦੀ ਸੰਗਤ ਵਿਚ ਤਾਂ ਅਨੇਕਾਂ ਸਿਖ ਆਉਂਦੇ ਤੱਕਦੇ ਹਾਂ ਕੀ ਉਹ ਸਾਰੇ ਹੀ ਗੁਰੂ ਦੀ ਦਰਗਾਹ ਵਿਚ ਕਬੂਲ ਹਨ ਦੱਸੋਗੇ, ਇਸ ਬਾਰੇ ਆਪ ਜੀ ਦੇ ਕੀ ਵੀਚਾਰ ਹਨ?

ਉ: ਹੇ ਭਾਈਓ! ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਗੁਰੂ ਦੇ ਦਰਬਾਰ ਵਿਚ ਸੈਂਕੜੇ ਹੀ ਨਾਮ ਧਰੀਕ ਸਿਖ ਆਉਂਦੇ ਹਨ, ਪਰ ਉਨ੍ਹਾਂ ਵਿਚੋਂ ਇਹ ਤੱਕਣਾ ਪਵੇਗਾ ਕਿ ਭਾਵਨਾ ਸਹਿਤ ਗੁਰੂ ਦੇ ਹੁਕਮ ਦੀ ਪਾਲਣਾ ਕਰਨ ਵਾਲਾ ਕੌਣ ਸਿਖ ਹੈ, ਜਿਸ ਦੇ ਅੰਤਰ ਆਤਮੇ ਇਹ ਸ਼ਰਧਾ ਹੈ ਕਿ:

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥
ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥੪॥

*(ਸ੍ਰੀ ਰਾਗੁ ਮ: ੧, ਪੰਨਾ ੫੩)*

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥

*(ਗੋਂਡ ਮ: ੫, ਪੰਨਾ ੮੬੪)*

ਗੁਰ ਪਰਮੇਸੁਰ ਸਗਲ ਨਿਵਾਸ ॥
ਘਟਿ ਘਟਿ ਰਵਿ ਰਹਿਆ ਗੁਣਤਾਸ ॥

*(ਰਾਮਕਲੀ ਮ: ੫, ਪੰਨਾ ੯੦੦)*

ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥
ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ ॥੧॥ਰਹਾਉ॥
ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ ॥
ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ ॥
ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥
ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥
ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥
ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥
ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ॥੩॥

*(ਸ੍ਰੀ ਰਾਗੁ ਮ: ੫, ਪੰਨਾ ੪੯)*

ਇਸ ਤਰ੍ਹਾਂ ਦੀ ਭਾਵਨਾ ਵਾਲੇ ਸਿਖ ਜੋ ਗੁਰੂ ਦੀ ਸਰਨ ਵਿਚ ਆਉਂਦੇ ਹਨ, ਉਨ੍ਹਾ ਬਾਰੇ ਹੀ ਹੁਕਮ

ਆਇਆ ਹੈ:

ਆਇਆ ਸਫਲ ਤਾਹੂ ਕੋ ਗਨੀਐ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ॥
ਆਇ ਬਸਹਿ ਸਾਧੂ ਕੈ ਸੰਗੇ॥
ਅਨਦਿਨੁ ਨਾਮੁ ਧਿਆਵਹਿ ਰੰਗੇ॥

*(ਬਾਵਨ ਅਖਰੀ ਮ: ੫, ਪੰਨਾ ੨੫੨)*

ਭਾਵ ਹੈ ਸਾਧ ਸੰਗਤ ਵਿਚ ਆਇਆ ਉਸੇ ਦਾ ਸਫਲ ਹੈ ਜੋ ਦਿਨੇ ਰਾਤ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਨਾਮ ਦਾ ਚਿੰਤਨ ਕਰਦਾ ਹੈ।

ਅਤੇ ਹੋਰ ਭੀ ਸੰਕੇਤ ਦਸਦੇ ਹਨ ਕਿ ਜੋ ਗੁਰੂ ਦੇ ਗ੍ਰਹਿ ਸੰਗਤ ਵਿਚ ਸਦਾ ਹੀ ਵੱਸਣ ਵਾਲਾ ਹੈ ਉਸਨੂੰ ਇਸ ਨਿਯਮ ਦਾ ਧਾਰਨੀ ਹੋਣਾ ਭੀ ਜ਼ਰੂਰੀ ਹੈ, ਜਿਵੇਂ ਕਿ:

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥
ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

*(ਸੁਖਮਨੀ, ਪੰਨਾ ੨੮੬)*

ਇਨ੍ਹਾਂ ਉਪ੍ਰੋਕਤ ਗੁਣਾਂ ਦੇ ਧਾਰਨੀ ਗੁਰਮੁਖਾਂ ਨੂੰ ਹੀ ਗੁਰਮਤ ਨੇ ਧੰਨਤਾ ਜੋਗ ਵਡਭਾਗੀ ਹੋਣ ਦਾ ਦਰਜਾ ਦਿੱਤਾ ਹੈ, ਜਿਵੇਂ ਕਿ ਬਾਣੀ ਦਾ ਫ਼ੁਰਮਾਨ ਹੈ ਕਿ:

ਧਨੁ ਧਨੁ ਭਾਗ ਤਿਨਾ ਗੁਰਮੁਖਾਂ
ਜੋ ਗੁਰਸਿਖ ਲੈ ਮਨੁ ਜਿਣਤਿਆ॥
ਸਭ ਦੂ ਵਡੇ ਭਾਗ ਗੁਰ ਸਿਖਾ ਕੇ
ਜੁ ਗੁਰ ਚਰਣੀ ਸਿਖ ਪੜਤਿਆ॥੧॥

*(ਪਉੜੀ ਮ: ੪, ਪੰਨਾ ੬੪੯)*

ਜੋ ਇਸ ਉਪ੍ਰੋਕਤ ਗੁਣਾਂ ਦੀ ਧਾਰਨਾ ਤੋਂ ਸੱਖਣਾ ਨਾਮ ਧਰੀਕ ਸਿਖ ਹੈ ਉਹ ਗੁਰੂ ਦੇ ਦਰਬਾਰ ਵਿਚ ਕਬੂਲਿਆ ਨਹੀਂ ਜਾ ਸਕਦਾ ਅਤੇ ਨਾ ਹੀ ਉਹ ਜੰਮਣ ਮਰਣ ਦੇ ਬੰਧਨਾਂ ਤੋਂ ਛੁੱਟ ਸਕਦਾ ਹੈ, ਇਸ ਸੰਬੰਧੀ ਭੀ ਗੁਰਬਾਣੀ ਦਾ ਫ਼ੁਰਮਾਨ ਹੈ, ਜਿਵੇਂ ਕਿ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ
ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥

*(ਮ: ੩, ਪੰਨਾ ੫੯੪)*

ਭਾਵ ਹੈ ਜੇ ਕੇਵਲ ਗੁਰੂ ਨੂੰ ਦੇਖਣ ਨਾਲ ਹੀ ਮੁਕਤਿ ਹੋ ਸਕਦੀ ਹੋਵੇ ਤਾਂ ਗੁਰੂ ਨੂੰ ਤਾਂ ਸਾਰਾ ਜਗਤ ਹੀ ਵੇਖਦਾ ਹੈ ਤਾਂ ਫਿਰ ਸਾਰੇ ਜਗਤ ਦੀ ਹੀ ਕਲਿਆਣ ਹੋ ਸਕਦੀ ਹੈ, ਪਰ ਐਸਾ ਹੁੰਦਾ ਨਜ਼ਰ ਨਹੀਂ ਆਉਂਦਾ ਜਿੰਨਾ ਚਿਰ ਸ਼ਬਦ ਦੀ ਵੀਚਾਰ ਨੂੰ ਧਾਰਨ ਕਰਕੇ ਨਾਮ ਦੇ ਚਿੰਤਨ ਦੁਆਰਾ ਹਉਮੈ ਦੀ ਮੈਲ ਨੂੰ ਅੰਦਰੋਂ ਮਿਟਾਇਆ ਨਹੀਂ ਜਾਂਦਾ।

ਹੇ ਭਾਈਓ! ਅਜਿਹੇ ਭਾਵਨਾ ਵਾਲੇ ਸਿਖ ਜੋ ਗੁਰੂ ਤੇ ਪ੍ਰਮੇਸ਼ਰ ਨੂੰ ਇਕ ਰੂਪ ਕਰਕੇ ਜਾਣਦੇ ਹਨ, ਉਨ੍ਹਾਂ ਦੀ ਉਚੇਰੀ ਮਾਨਸਕ ਅਵੱਸਥਾ ਨੂੰ ਤੱਕ ਕੇ ਹੀ ਮੈਂ ਇਸ ਪਉੜੀ ਅੰਦਰ ਉਨ੍ਹਾਂ ਦੀ ਸਿਫ਼ਤੋ ਸਾਲਾਹ ਅੰਕਤ ਕਰਨ ਦਾ ਉਦਮ ਕੀਤਾ ਹੈ, ਜਿਵੇਂ ਕਿ:

(੧) ਹੇ ਭਾਈਓ! ਮੈਂ ਤਿਸ (ਗੁਰਸਿਖ ਦੇ) ਵਾਰਨੇ ਤੇ ਬਲਿਹਾਰੇ ਹਾਂ, ਜੋ ਗੁਰੂ ਤੇ ਪ੍ਰਮੇਸ਼ਰ ਨੂੰ ਇਕੋ ਜਿਹਾ ਜਾਣਦਾ ਹੈ।
(੨) ਮੈਂ ਉਸਦੇ ਵਾਰਨੇ ਤੇ ਬਲਿਹਾਰੇ ਹਾਂ ਜੋ ਦ੍ਵੈਤ ਭਾਵ ਨੂੰ ਅਪਣੇ (ਹਿਰਦੇ) ਅੰਦਰ ਆਉਣ ਨਹੀਂ ਦੇਂਦਾ।
(੩) ਮੈਂ ਉਸਦੇ ਵਾਰਨੇ ਤੇ ਬਲਿਹਾਰੇ ਹਾਂ, ਜੋ (ਕਿਸੇ ਦੇ) ਅਵਗੁਣਾਂ ਨੂੰ ਵੀ ਗੁਣਾਂ ਵਾਂਗ ਜਾਣਦਾ ਹੈ।
(੪) ਮੈਂ ਉਸਦੇ ਵਾਰਨੇ ਤੇ ਬਲਿਹਾਰੇ ਹਾਂ, ਜੋ ਕਿਸੇ ਨੂੰ ਵੀ ਮੰਦਾ (ਭੈੜਾ) ਬੋਲ ਨਹੀਂ ਬੋਲਦਾ।
(੫) ਮੈਂ ਉਸਦੇ ਬਲਿਹਾਰੇ ਤੇ ਵਾਰਨੇ ਹਾਂ, ਜੋ ਲੋਕਾਂ ਭਾਣੇ ਆਪਣੇ ਆਪ ਨੂੰ ਠਗਾਉਂਦਾ ਹੈ।
(੬) ਮੈਂ ਉਸਦੇ ਵਾਰਨੇ ਬਲਿਹਾਰੇ ਹਾਂ, ਜੋ ਪਰਉਪਕਾਰ (ਕਰਕੇ ਭੁੱਲ ਜਾਂਦਾ ਹੈ ਤੇ ਪ੍ਰਭੂ ਦੇ ਰੰਗ ਵਿਚ ਮਸਤ ਹੋ) ਰੰਗ ਮਾਣਦਾ ਹੈ।
(੭) (ਕਿਉਂਕਿ) ਬੇਪਰਵਾਹ (ਲਉਬਾਲੀ) ਪ੍ਰਭੂ ਦੇ ਦਰਬਾਰ ਵਿਚ (ਜੋ) ਨਿਮਾਣੇ ਰਹਿੰਦੇ ਹਨ ਉਨ੍ਹਾਂ ਨੂੰ ਮਾਣ ਮਿਲਦਾ ਹੈ ਤੇ ਜੋ ਮਾਣ ਹੰਕਾਰ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਨਿਮਾਣੇ ਬਣਨਾ ਪੈਂਦਾ ਹੈ ਭਾਵ ਸਜਾਵਾਂ ਮਿਲਦੀਆਂ ਹਨ।
(੮) ਪੂਰੇ ਗੁਰੂ ਨੂੰ ਗੁਰੂ ਦੇ ਸਬਦ ਰਾਹੀਂ ਹੀ ਪਛਾਣ ਸਕਦੇ ਹਾਂ (ਕਿ ਇਹ ਸਚ ਮੁਚ ਹੀ ਪੂਰਾ ਗੁਰੂ ਹੈ।) ।੫

*ਭਾਵਾਰਥ :* ਭਾਈ ਸਾਹਿਬ ਜੀ, ਜਦੋਂ ਭੀ ਕਿਸੇ ਪਉੜੀ ਦੀ ਰਚਨਾ ਆਰੰਭ ਕਰਦੇ ਹਨ ਉਸ ਸਮੁੱਚੀ ਪਉੜੀ ਵਿਚ ਕੇਵਲ ਗੁਰਬਾਣੀ ਦੇ ਹੀ ਭਾਵਾਂ ਨੂੰ ਅੰਕਤ ਕਰਦੇ ਹਨ ਜਿਵੇਂ ਇਸ ਪਉੜੀ ਵਿਚ ਭੀ ਆਪ ਉਨ੍ਹਾਂ ਗੁਰਸਿੱਖਾਂ ਦਾ ਜ਼ਿਕਰ ਕਰਦੇ ਹਨ ਜੋ ਭਾਵਨਾ ਪੂਰਤ ਹਿਰਦੇ ਸਹਿਤ ਗੁਰੂ ਦੇ ਦਰਬਾਰ ਵਿਚ ਪੁਜਦੇ ਹਨ। ਪਰ ਜੋ ਭਾਵਨਾ ਬਿਹੀਨ ਨਾਮ ਧਰੀਕ ਗੁਰੂ ਦੇ ਦਰਬਾਰ ਵਿਚ ਹਰ ਰੋਜ਼ ਹੀ ਆਉਂਦੇ ਹਨ ਉਨ੍ਹਾਂ ਦੇ ਆਉਣੇ ਨੂੰ ਗੁਰੂ ਕਬੂਲ ਨਹੀਂ ਕਰਦੇ। ਕਿਉਂਕਿ ਗੁਰਬਾਣੀ ਅੰਦਰ ਹੁਕਮ ਆਇਆ ਹੈ ਕਿ :

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ॥੧॥

*(ਧਨਾਸਰੀ ਮ: ੪, ਪੰਨਾ ੬੬੯)*

ਭਾਵ ਗੁਰੂ ਦੇ ਦਰਬਾਰ ਵਿਚ ਅਨੇਕ ਤਰ੍ਹਾਂ ਦੀ ਪੂਜਾ ਕਰਨ ਵਾਲੇ ਅਨੇਕਾਂ ਨਾਮ ਧਰੀਕ ਸੇਵਕ ਪੁੱਜਦੇ ਹਨ ਉਨ੍ਹਾਂ ਵਿਚ ਕਈ ਬਾਣੀ ਗਾਉਂਦੇ ਤੇ ਕਈ ਸੁਣਦੇ ਹਨ ਪਰ ਗੁਰੂ ਦੀ ਦਰਗਾਹ ਵਿਚ ਉਨ੍ਹਾਂ ਦਾ ਗਾਵਿਆ ਸੁਣਿਆ ਹੀ ਗੁਰੂ ਕਬੂਲ ਕਰਦਾ ਹੈ ਜਿਨ੍ਹਾਂ ਨੇ ਸਤਿਗੁਰੂ ਦੀ ਆਗਿਆ ਨੂੰ ਸ਼ਰਧਾ ਸਹਿਤ ਕਬੂਲ ਕਰ ਲਿਆ ਹੈ ਭਾਵ ਗੁਰੂ ਦੀ ਸਿਖਿਆ ਦੇ ਧਾਰਨੀ ਹੋ ਗਏ ਹਨ। ਪਰ ਜੋ ਗਾਉਣ ਤੇ ਸੁਣਨ ਵਾਲੇ ਧਾਰਨਾ ਤੋਂ ਸਖਣੇ ਹਨ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਪਰ ਦੋਸ਼ ਅਰੋਪਨ ਕੀਤਾ ਹੈ, ਉਹ ਭਾਵੇਂ ਕਿਤਨੇ ਹੀ ਅੱਥਰੂ ਵਹਾ ਵਹਾ ਕੇ ਗਾਉਂਦੇ ਰਹਿਣ ਉਨ੍ਹਾਂ ਦਾ ਗਾਉਣਾ ਕੇਵਲ ਪਖੰਡ ਹੀ ਕਿਹਾ ਜਾਵੇਗਾ, ਜਿਵੇਂ ਕਿ :

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ
ਤਿਨਾ ਰੋਇ ਕਿਆ ਕੀਜੈ॥ *(ਆਸਾ ਮ: ੪, ਪੰਨਾ ੪੫੦)*

ਭਾਵ ਜੇ ਉਨ੍ਹਾਂ ਦੇ ਅੰਦਰ ਵਿਕਾਰ ਤੇ ਕਪਟ ਹੈ ਤਾਂ ਉਨ੍ਹਾਂ ਦਾ ਹਰ ਰੋਜ਼ ਗੁਰੂ ਦਰਬਾਰ ਵਿਚ ਆਉਣਾ ਗਾਉਣਾ, ਸਿਰ ਨਿਵਾਉਣਾ ਬੇਅਰਥ ਹੈ, ਕਿਉਂਕਿ ਗੁਰੂ ਦਾ ਹੁਕਮ ਹੈ :

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸਿ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ॥੧॥ *(ਸਲੋਕ ਮ: ੧, ਪੰਨਾ ੪੭੦)*

ਭਾਵਨਾ ਤੇ ਧਾਰਨਾ ਤੋਂ ਸੱਖਣੇ ਦਾ ਗੁਰੂ ਅਗੇ ਝੁਕਣਾ ਇਉਂ ਹੀ ਹੈ ਜਿਵੇਂ ਕਿ ਕਿਸੇ ਮ੍ਰਿਗ ਨੂੰ ਮਾਰਨ ਵਾਲੇ ਸ਼ਿਕਾਰੀ ਦਾ ਹੋਇਆ ਕਰਦਾ ਹੈ ਕਿਉਂਕਿ ਉਹ ਮ੍ਰਿਗ ਨੂੰ ਨਮਸਕਾਰ ਨਹੀਂ ਕਰਦਾ ਉਹ ਤਾਂ ਸਗੋਂ ਉਸਦਾ ਘਾਤਕ ਹੈ। ਸੋ, ਗੁਰੂ ਦੇ ਦਰ 'ਤੇ ਪੁੱਜਣ ਵਾਲੇ ਉਹੀ ਸੇਵਕ ਸਿਖ ਕਬੂਲ ਹੁੰਦੇ ਹਨ ਜਿਨ੍ਹਾਂ ਨੇ ਗੁਰੂ ਦੀ ਆਗਿਆ ਦਾ ਪਾਲਣ ਕਰਦਿਆਂ ਆਪਣਾ ਜੀਵਨ ਸਫਲਾ ਕੀਤਾ ਹੈ। ਐਸੇ ਗੁਰਸਿੱਖਾਂ ਤੋਂ ਹੀ ਭਾਈ ਸਾਹਿਬ ਜੀ ਕੁਰਬਾਨ ਜਾਂਦੇ ਹਨ।

## ੬. ਗੁਰਸਿੱਖ ਦੀ ਮਾਨਸਕ ਅਵੱਸਥਾ

**੧. ਹਉਂ ਸਦਕੇ ਤਿਨ੍ਹਾ ਗੁਰਸਿੱਖਾਂ**
**ਸਤਿਗੁਰ ਨੋ ਮਿਲਿ ਆਪੁ ਗਵਾਯਾ।**
**੨. ਹਉਂ ਸਦਕੇ ਤਿਨ੍ਹਾ ਗੁਰਸਿੱਖਾਂ**
**ਕਰਨ ਉਦਾਸੀ ਅੰਦਰ ਮਾਯਾ।**
**੩. ਹਉਂ ਸਦਕੇ ਤਿਨ੍ਹਾ ਗੁਰਸਿੱਖਾਂ**
**ਗੁਰਮਤਿ ਗੁਰਚਰਨੀ ਚਿਤ ਲਾਯਾ।**
**੪. ਹਉਂ ਸਦਕੇ ਤਿਨ੍ਹਾ ਗੁਰਸਿੱਖਾਂ**
**ਗੁਰ ਸਿਖ ਦੇ ਗੁਰਸਿੱਖ ਮਿਲਾਯਾ।**
**੫. ਹਉਂ ਸਦਕੇ ਤਿਨ੍ਹਾ ਗੁਰਸਿੱਖਾਂ**
**ਬਾਹਰ ਜਾਂਦਾ ਵਰਜਿ ਰਹਾਯਾ।**
**੬. ਹਉਂ ਸਦਕੇ ਤਿਨ੍ਹਾ ਗੁਰਸਿੱਖਾਂ**
**ਆਸਾ ਵਿਚ ਨਿਰਾਸ ਵਲਾਯਾ।**
**੭. ਸਤਿਗੁਰ ਦਾ ਉਪਦੇਸ਼ ਦ੍ਰਿੜਾਯਾ॥੬॥**

*ਪਦ ਅਰਥ :* ਰਹਾਯਾ—ਰਖਿਆ। ਵਲਾਯਾ—ਬਣਾ ਲਿਆ।

*ਅਰਥ :*

੫: ਭਾਈ ਸਾਹਿਬ ਜੀਉ! ਸਾਡੇ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਕਈ ਸੱਜਨਾਂ ਨੂੰ ਜੀਵਨ ਦੇ ਪੰਜੀ ਸਾਲ ਜਾਂ ਇਸ ਤੋਂ ਭੀ ਵਧੇਰੇ ਸਮਾ ਗੁਜ਼ਰ ਗਿਆ ਹੈ, ਉਹ ਸੰਗਤ ਵਿਚ ਆਉਣ ਦੇ ਤੇ ਬਾਣੀ ਦਾ

ਨਿਤਨੇਮ ਕਰਨ ਅਤੇ ਕਥਾ ਕੀਰਤਨ ਸੁਣਦੇ ਰਹਿਣ ਦੇ ਪੂਰਨ ਤੌਰ ਪਰ ਨਿਯਮੀ ਹਨ, ਇਹ ਉਪਰਾਲਾ ਕਰਨ ਦਾ ਉਨ੍ਹਾਂ ਦੇ ਮਨ ਵਿਚ ਮਾਣ ਭੀ ਬਹੁਤ ਹੈ ਕਿ ਅਸੀਂ ਹਰ ਰੋਜ਼ ਗੁਰੂ ਦੇ ਦਰ 'ਤੇ ਆ ਕੇ ਬਾਣੀ ਦੇ ਨਿਤਨੇਮ ਕਰਨ ਦੇ ਧਾਰਨੀ ਹਾਂ, ਇਸ ਲਈ ਸਾਨੂੰ ਹੋਰ ਕੁਝ ਭੀ ਕਰਨ ਦੀ ਲੋੜ ਹੀ ਨਹੀਂ। ਪਰ ਜਦੋਂ ਉਨ੍ਹਾਂ ਦੇ ਨਾਲ ਪਰਸਪਰ ਵੀਚਾਰ ਵਟਾਂਦਰਾ ਕਰਦੇ ਹਾਂ ਜਾਂ ਉਨ੍ਹਾਂ ਦੇ ਕਿਰਦਾਰ ਵਲ ਤੱਕਦੇ ਹਾਂ ਤਾਂ ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਸੱਜਨ ਉਨ੍ਹਾਂ ਕ੍ਰਿਤ ਕਰਨ ਵਾਲੇ ਗ੍ਰਿਹਸਤੀਆਂ ਤੋਂ ਭੀ ਮਾਨਸਕ ਅਵੱਸਥਾ ਕਰਕੇ ਨੀਵੇਂ ਹਨ ਜੋ ਦਸਾਂ ਨੌਂਹਾਂ ਦੀ ਕ੍ਰਿਤ ਕਰਦੇ ਰਹਿਣ ਨਾਲ ਸਮੇਂ ਸਮੇਂ ਗੁਰੂ ਦੇ ਦਰ ਭੀ ਪੁੱਜ ਕੇ ਬਾਣੀ ਦਾ ਲਾਭ ਉਠਾਉਂਦੇ ਹਨ, ਕਿਉਂ ਜੀ! ਅਜਿਹੇ ਸੱਜਨਾਂ ਦੇ ਬਾਰੇ ਆਪ ਜੀ ਆਪਣੇ ਕੀ ਵੀਚਾਰ ਰਖਦੇ ਹੋ ਕਿ ਉਹ ਗੁਰਮਤਿ ਅਨੁਸਾਰ ਕਿਸ ਦਰਜੇ ਦੇ ਹੱਕਦਾਰ ਹਨ ?

**ਉ:** ਹੇ ਭਾਈਓ! ਅਜਿਹੇ ਸੱਜਨਾਂ ਸੰਬੰਧੀ ਜਦੋਂ ਅਸੀਂ ਗੁਰਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਗੁਰਮਤ ਨੇ ਉਨ੍ਹਾਂ ਨੂੰ ਉਸ ਡੱਡੂ ਦੀ ਤੁਲਨਾ ਹੀ ਦਿਤੀ ਹੈ ਜੋ ਸਦਾ ਹੀ ਨਿਰਮਲ ਪਾਣੀ ਵਿਚ ਰਹਿੰਦਾ ਹੋਇਆ ਭੀ ਜਾਲਾ ਹੀ ਖਾਣ ਦਾ ਆਦੀ ਹੈ, ਉਸ ਡੱਡੂ ਨੂੰ ਸੰਬੋਧਨ ਕਰਦੇ ਹੋਏ ਹਜ਼ੂਰ ਮਹਾਂਵਾਕ ਉਚਾਰਨ ਕਰਦੇ ਹਨ ਕਿ:

ਦਾਦਰ ਤੂ ਕਬਹਿ ਨ ਜਾਨਸਿ ਰੇ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ
ਅੰਮ੍ਰਿਤੁ ਨ ਲਖਸਿ ਰੇ॥ *(ਮਾਰੂ ਮ: ੧, ਪੰਨਾ ੯੯੦)*

ਭਾਵ ਹੈ ਕਿ ਹੇ ਸਜਨਾਂ! ਤੂੰ ਦੱਸ ਕਿ ਨਿਰਮਲ ਸੰਗਤ ਰੂਪੀ ਸਰੋਵਰ ਵਿਚ ਹਮੇਸ਼ਾਂ ਵਸਦਾ ਹੋਇਆ ਭੀ ਨਾਮ ਰੂਪੀ ਅੰਮ੍ਰਿਤ ਨੂੰ ਛੱਡ ਕੇ ਵਿਸ਼ਿਆਂ ਰੂਪੀ ਜਾਲਾ ਖਾਂਦਾ ਹੋਇਆ ਹੀ ਅਮੋਲਕ ਜੀਵਨ ਨੂੰ ਵਿਅਰਥ ਕਿਉਂ ਗਵਾ ਰਿਹਾ ਹੈਂ। ਅਗੇ ਹੋਰ ਉਦਾਹਰਣ ਦੇਂਦੇ ਹਨ, ਕਿ ਜਿਵੇਂ ਚਿੱਚੜ ਅਸਥਨਾਂ ਦੇ ਕੋਲ ਵੱਸਦਾ ਹੋਇਆ ਭੀ ਦੁੱਧ ਨੂੰ ਛੱਡ ਕੇ ਖ਼ੂਨ ਹੀ ਪੀਦਾ ਹੈ, ਇਸੇ ਤਰ੍ਹਾਂ ਹੀ ਦੇਰ ਕਾਲ ਸੰਗਤ ਵਿਚ ਵੱਸਣ ਵਾਲੇ ਲੋਕ ਧਾਰਨਾ ਤੋਂ ਸਖਣੇ ਚਿੱਚੜ ਦੀ ਤਰ੍ਹਾਂ ਨਾਮ ਅੰਮ੍ਰਿਤ ਨੂੰ ਛੱਡ ਕੇ ਵਿਸ਼ਿਆਂ ਦੇ ਕੂੜੇ ਰਸਾਂ ਵਿਚ ਖੱਚਤ ਹੋ ਅਮੋਲਕ ਸਮਾ ਵਿਅਰਥ ਗੁਆ ਜਾਂਦੇ ਹਨ।

ਜਾਂ ਉਨ੍ਹਾਂ ਲੋਕਾਂ ਬਾਰੇ ਇਉਂ ਹੀ ਕਹਿਣਾ ਚਾਹੀਦਾ ਹੈ ਕਿ ਗੁਰੂ ਦੀ ਸੰਗਤ ਵਿਚ ਨਾਮ ਰੂਪੀ ਜਲ ਦੀ ਤਾਂ ਸਦਾ ਹੀ ਬਾਰਸ਼ ਹੁੰਦੀ ਰਹਿੰਦੀ ਹੈ, ਪਰ ਉਨ੍ਹਾਂ ਸੱਜਨਾਂ ਦੇ ਹਿਰਦੇ ਰੂਪੀ ਭਾਂਡੇ ਮੂਧੇ ਪਏ ਰਹੇ ਜਿਸ ਕਰਕੇ ਉਹ ਸੱਜਨ ਨਾਮ ਦੀ ਦਾਤ ਵਲੋਂ ਖ਼ਾਲੀ ਹੀ ਰਹੇ, ਅਜਿਹੇ ਲੋਕਾਂ ਬਾਰੇ ਹੀ ਹਜ਼ੂਰ ਦਾ ਬਾਣੀ ਵਿਚ ਹੁਕਮ ਆਇਆ ਹੈ ਕਿ:

ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ॥
*(ਗੂਜਰੀ ਮ: ੫, ਪੰਨਾ ੫੦੪)*

ਨਾਮਿ ਸਮਾਵੈ ਜੋ ਭਾਂਡਾ ਹੋਇ॥
ਊਂਧੈ ਭਾਂਡੈ ਟਿਕੈ ਨ ਕੋਇ॥
*(ਗਉੜੀ ਮ: ੩, ਪੰਨਾ ੧੫੯)*

ਕਬੀਰ ਸਾਹਿਬ ਨੇ ਅਜਿਹੇ ਮਾਣ ਮੱਤੇ ਲੋਕਾਂ ਨੂੰ ਬਾਂਸ ਦੀ ਤੁਲਨਾ ਦਿੱਤੀ ਹੈ ਜੋ ਕਿ ਚੰਦਨ ਦੀਆਂ ਜੜ੍ਹਾਂ ਵਿਚ ਵੱਸਦਾ ਹੋਇਆ ਭੀ ਚੰਦਨ ਦੀ ਸੁਗੰਧੀ ਧਾਰਨ ਵਲੋਂ ਸੱਖਣਾ ਰਹਿ ਜਾਂਦਾ ਹੈ, ਜਿਵੇਂ ਕਿ

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ।
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥੧੨॥
*(ਸਲੋਕ ਕਬੀਰ ਜੀ, ਪੰਨਾ ੧੩੬੫)*

ਕਬੀਰ ਜੀ ਨੇ ਹਮੇਸ਼ਾ ਸੰਗਤ ਵਿਚ ਵੱਸਦੇ ਰਹਿਣ ਵਾਲੇ ਲੋਕਾਂ ਨੂੰ ਸੰਬੋਧਨ ਕੀਤਾ ਹੈ ਕਿ ਹੇ ਸਜਣੋ! ਤੁਸੀ ਭੀ ਕਿਤੇ ਬਾਂਸ ਦੀ ਤਰ੍ਹਾਂ ਵੱਡਾ ਹੋਣ ਦੇ ਹੰਕਾਰ ਵਿਚ ਨ ਡੁੱਬ ਜਾਇਓ, ਨਹੀਂ ਤਾਂ ਤੁਸੀਂ ਭੀ ਬਾਂਸ ਦੀ ਨਿਆਈਂ ਭਗਤੀ ਰੂਪ ਸੁਗੰਧੀ ਹਾਸਲ ਕਰਨ ਵਲੋਂ ਖ਼ਾਲੀ ਹੀ ਰਹਿ ਜਾਓਗੇ। ਸੋ, ਇਸ ਲਈ ਹੇ ਭਾਈਓ! ਗੁਰੂ ਇਹ ਨਹੀਂ ਵੇਖਦਾ ਕਿ ਕੋਈ ਸੱਜਨ ਸੰਗਤ ਵਿਚ ਕਿਤਨੇ ਸਮੇਂ ਤੋਂ ਵੱਸਦਾ ਹੈ, ਸਗੋਂ ਇਹ ਵੇਖਦਾ ਹੈ ਕਿ ਇਸ ਵਿਅਕਤੀ ਨੇ ਸੰਗਤ ਵਿਚ ਰਹਿਕੇ ਗੁਰਮਤ ਨੂੰ ਸੁਣਦਿਆਂ ਹੋਇਆਂ ਕਿਤਨੇ ਕੁ ਦੈਵੀ ਗੁਣਾਂ ਦੀ ਧਾਰਨਾ ਕੀਤੀ ਹੈ। ਧਾਰਨਾ ਤੋਂ ਸੱਖਣਾ ਜੇ ਕੋਈ ਸਾਰੀ ਉਮਰ ਭੀ ਸੰਗਤ ਵਿਚ ਗੁਜ਼ਾਰ ਜਾਂਦਾ ਹੈ ਤਾਂ ਗੁਰਮਤ ਉਸਨੂੰ ਕੋਈ ਮਹਾਨਤਾ ਨਹੀਂ ਦੇਂਦੀ, ਸਗੋਂ ਕਬੀਰ ਜੀ ਨੇ ਤਾਂ ਉਸ ਨੂੰ ਦੋਸ਼ੀ ਠਹਿਰਾਇਆ ਹੈ, ਜਿਵੇਂ ਕਿ:

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ॥੧੫੮॥
*(ਸਲੋਕ ਕਬੀਰ ਜੀ, ਪੰਨਾ ੧੩੭੨)*

ਭਾਵ ਹੈ ਕਿ ਉਹ ਮਾਣ ਮੱਤਾ ਹੰਕਾਰੀ ਤਾਂ ਪੋਲੇ

ਬਾਂਸ ਦੀ ਤਰ੍ਹਾਂ ਹੀ ਜਾਣਿਆ ਜਾਵੇਗਾ ਜੋ ਕਿ ਸਾਰੀ ਉਮਰ ਭਰ ਹੀ ਗੁਰੂ ਦਾ ਉਪਦੇਸ਼ ਇਕ ਕੰਨ ਦੁਆਰਾ ਸੁਣ ਕੇ ਦੂਸਰੇ ਰਾਹੀਂ ਨਿਕਾਲ ਦੇਂਦਾ ਹੈ। ਉਹ ਗੁਰਮਤੀਆ ਨਹੀਂ ਉਸਨੂੰ ਤਾਂ ਨਿਰੋਲ ਮਨਮਤੀਆ ਕਹਿਣਾ ਪਵੇਗਾ।

ਸੋ, ਹੇ ਭਾਈਓ! ਮੈਂ ਤਾਂ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਗੁਰਸਿੱਖਾਂ ਦੀ ਪ੍ਰਸੰਸਾ ਵਿਚ ਹੇਠ ਲਿਖੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਨ੍ਹਾਂ ਨੇ ਸਤਿਗੁਰੂ ਦੀ ਸੰਗਤ ਵਿਚ ਰਹਿ ਕੇ ਗੁਰਮਤ ਦੇ ਧਾਰਨੀ ਹੋ, ਆਪਾ-ਭਾਵ ਗਵਾ ਲਿਆ ਹੈ ਅਤੇ ਗ੍ਰਿਹਸਤੀ ਜੀਵਨ ਗੁਜ਼ਾਰਦਿਆਂ ਹੋਇਆਂ ਭੀ ਮਾਇਆ ਵਲੋਂ ਨਿਰਲੇਪ ਰਹਿ ਕੇ ਦਸੋ ਦਿਸ਼ਾ ਵਿਚ ਭਟਕਦੇ ਮਨ ਨੂੰ ਰੋਕ ਕੇ ਗੁਰੂ ਦੇ ਚਰਨਾਂ ਵਿਚ ਠਹਿਰਾ ਲਿਆ ਹੈ, ਅਜਿਹੇ ਗੁਰਸਿੱਖਾਂ ਦਾ ਸੰਗਤ ਵਿਚ ਰਹਿ ਕੇ ਜੀਵਨ ਗੁਜ਼ਾਰਦੇ ਰਹਿਣਾ ਹੀ ਪਰਸੰਸਾ ਕਰਨੇ ਯੋਗ ਹੈ, ਅਤੇ ਧੰਨਤਾ ਕਹਾਉਣ ਦਾ ਪਾਤਰ ਹੈ।

(੧) ਹੇ ਭਾਈਓ! ਮੈਂ (ਤਾ) ਉਨ੍ਹਾਂ ਗੁਰਸਿੱਖਾਂ ਤੋਂ ਸਦਕੇ (ਜਾਂਦਾ) ਹਾਂ, ਜਿਨ੍ਹਾਂ ਨੇ ਸਤਿਗੁਰੂ ਨੂੰ ਮਿਲ ਕੇ ਆਪਾ-ਭਾਵ (ਆਪਣੀ ਹਉਮੈ) ਗਵਾਈ ਹੈ।

(੨) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੜੇ ਹਾਂ, ਜੋ ਮਾਇਆ ਵਿਚ ਰਹਿੰਦਿਆਂ (ਉਸ ਤੋਂ) ਉਦਾਸ ਰਹਿੰਦੇ ਹਨ।

(੩) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਹਾਂ, ਜੋ ਗੁਰੂ ਦੀ ਸਿੱਖਿਆ ਨੂੰ ਲੈ ਕੇ ਗੁਰ ਚਰਨਾਂ ਵਿਚ ਆਪਣਾ ਚਿਤ ਜੋੜੀ ਰੱਖਦੇ ਹਨ।

(੪) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੜੇ ਹਾਂ, ਜੇਹੜਾ ਗੁਰੂ ਸਿੱਖਿਆ ਦੇ ਕੇ ਕਿਸੇ ਨੂੰ ਸਿਖ ਬਣਾ ਲਵੇ (ਭਾਵ ਗੁਰੂ ਦੀ ਚਰਨੀ ਪਾ ਦੇਵੇ)।

(੫) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਹਾਂ, ਜਿਹੜਾ ਆਪਣੇ ਮਨ ਨੂੰ ਸੰਸਾਰੀ ਕੰਮਾਂ ਵਲੋਂ ਵਰਜ ਕੇ ਅੰਦਰ ਹੀ ਰੱਖਦੇ ਹਨ।

(੬) ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਹਾਂ, ਜੋ ਆਸ਼ਾ-ਵਾਦੀ ਹੁੰਦੇ ਵੀ ਨਿਰਾਸਤਾ (ਉਪਰਾਮਤਾ) ਵਾਲੇ ਪਾਸੇ ਤੁਰੇ ਰਹਿੰਦੇ ਹਨ।

(੭) (ਹੇ ਭਾਈ! ਅਜਿਹੇ ਗੁਰਸਿੱਖਾਂ ਨੇ ਹੀ) ਸਤਿਗੁਰੂ ਦੇ ਉਪਦੇਸ਼ ਨੂੰ (ਆਪ ਦ੍ਰਿੜ ਕੀਤਾ ਤੇ) ਹੋਰਨਾਂ ਨੂੰ ਦ੍ਰਿੜਾਇਆ ਹੈ।੬।

***ਭਾਵਾਰਥ :*** ਗੁਰਮਤ ਵਿਚ ਪ੍ਰਭੂ ਪ੍ਰਾਪਤੀ ਦਾ ਕੋਈ ਖ਼ਾਸ ਸਮਾ ਨਿਰਧਾਰਤ ਨਹੀਂ ਹੈ ਕਿ ਕਿਤਨਾ ਕੁ ਸਮਾਂ ਮਸ਼ੱਕਤ ਕਰਨੀ ਪਵੇਗੀ। ਸਵਾਲ ਹੈ ਆਪਾ-ਭਾਵ ਨੂੰ ਮਿਟਾਉਣ ਦਾ ਇਸ ਹਉਮੈ ਦੇ ਦੀਰਘ ਰੋਗ ਨੂੰ ਕਬੀਰ ਜੀ ਕਹਿੰਦੇ ਹਨ ਕਿ ਮੈਨੂੰ ਮਿਟਾਉਣ ਲਈ ਕਈ ਜਨਮ ਧਾਰਨੇ ਪਏ ਹਨ, ਆਪ ਜੀ ਖ਼ੁਦ ਕਹਿੰਦੇ ਹਨ ਕਿ :

ਪੂਰਬ ਜਨਮ ਹਮ ਤੁਮ੍ਹਰੇ ਸੇਵਕ
ਅਬ ਤਉ ਮਿਟਿਆ ਨ ਜਾਈ॥ *(ਪੰਨਾ ੬੭੦)*

ਭਾਵ ਹੈ ਕਿ ਹੇ ਪ੍ਰਭੂ! ਪਿਛਲੇ ਜਨਮਾਂ ਵਿਚ ਭੀ ਮੈਂ ਤੇਰੀ ਭਗਤੀ ਕਰਦਾ ਆਇਆ ਹਾਂ, ਪਰ ਭਗਤੀ ਦੀ ਸਿਖ਼ਰ ਤੇ ਨਹੀਂ ਪੁੱਜ ਸਕਿਆ ਜਿਸ ਕਰਕੇ ਮੈਨੂੰ ਮੁੜ ਮੁੜ ਜਨਮ ਧਾਰਨੇ ਪਏ ਹਨ, ਪਰ ਹੁਣ ਭਗਤੀ ਕਰਦਿਆਂ ਕਰਦਿਆਂ ਜਦੋਂ ਆਪਾ-ਭਾਵ ਮਿਟ ਗਿਆ ਤਾਂ ਆਪ ਜੀ ਨੇ ਨਿਸ਼ੰਕ ਹੋ ਪੁਕਾਰ ਕੇ ਕਹਿ ਦਿਤਾ ਕਿ :

ਬਹੁਰਿ ਹਮ ਕਾਹੇ ਆਵਹਿਗੇ॥
ਆਵਨ ਜਾਨਾ ਹੁਕਮੁ ਤਿਸੈ ਕਾ
ਹੁਕਮੈ ਬੁਝਿ ਸਮਾਵਹਿਗੇ॥ *(ਪੰਨਾ ੧੧੦੩)*

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥੬॥
*(ਰਾਮਕਲੀ ਬਾਣੀ ਕਬੀਰ ਜੀ, ਪੰਨਾ ੯੬੯)*

ਪਰ ਦੂਜੇ ਪਾਸੇ ਫਰੀਦ ਜੀ ਆਪਣੇ ਵੀਚਾਰ ਅੰਕਤ ਕਰਦੇ ਹਨ ਕਿ ਉਸ ਰੱਬ ਦੀ ਪ੍ਰਾਪਤੀ ਦਾ ਵੀਚਾਰ ਕਲ ਪਰ ਕਿਉਂ ਛਡਦੇ ਹੋ, ਅੱਜ ਹੀ ਮਿਲਾਪ ਹੋ ਸਕਦਾ ਹੈ ਜੇ ਕਰ ਮਨ ਨੂੰ ਮਛਰਾਉਣ ਵਾਲੀਆਂ ਵਾਸ਼ਨਾਂ ਨੂੰ ਰੋਕ ਲਓ। ਇਸ ਖ਼ਿਆਲ ਨੂੰ ਪ੍ਰਗਟ ਕਰਦੇ ਹਨ ਕਿ :

ਆਜੁ ਮਿਲਾਵਾ ਸੇਖ ਫਰੀਦ
ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥੧॥
*(ਆਸਾ ਸੇਖ ਫਰੀਦ ਜੀ, ਪੰਨਾ ੪੮੮)*

ਸੋ, ਜਦੋਂ ਭੀ ਅਸੀਂ ਸਮੂੰਹ ਬੁਧੀਜੀਵੀਆਂ ਦੇ ਵੀਚਾਰ ਪੜ੍ਹਦੇ ਹਾਂ ਤਾਂ ਉਹ ਸਾਰੇ ਹੀ ਇਸੇ ਵੀਚਾਰ ਨਾਲ ਸਹਿਮਤ ਹਨ ਕਿ ਇਹ ਜੀਵ (ਵਾਸਨਾ ਬੱਧਾ ਆਵੈ ਜਾਵੈ) ਭਾਵ ਹੈ ਕਿ ਜਿਤਨੀਆਂ ਭੀ ਕਿਸੇ ਦੇ ਅੰਦਰ ਪਰਬਲ ਵਾਸ਼ਨਾਵਾਂ ਹਨ ਉਤਨਾ ਹੀ ਉਸਨੂੰ ਵਧੇਰੇ ਇਸ ਜਨਮ ਮਰਨ ਦੇ ਚੱਕ੍ਰ ਵਿਚ ਔਂਦੇ ਜਾਂਦੇ ਰਹਿਣਾ ਪਵੇਗਾ। ਸੋ, ਭਾਈ ਸਾਹਿਬ ਜੀ ਕਹਿੰਦੇ ਹਨ ਕਿ ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਜਾਂਦਾ ਹਾਂ, ਜਿਨ੍ਹਾਂ ਨੇ ਗੁਰੂ ਨੂੰ ਮਿਲ ਕੇ ਆਪਾ-ਭਾਵ ਮਿਟਾ ਲਿਆ ਹੈ।

## ੭. ਭੁਲਣ ਅੰਦਰਿ ਸਭੁ ਕੋ

੧. ਬ੍ਰਹਮਾ ਵਡਾ ਅਖਾਇੰਦਾ
ਨਾਭਿ ਕਵਲ ਦੀ ਨਾਲਿ ਸਮਾਣਾ।
੨. ਆਵਾਗਵਣ ਅਨੇਕ ਜੁਗ
ਓੜਕ ਵਿਚ ਹੋਇਆ ਹੈਰਾਣਾ।
੩. ਓੜਕ ਕੀਤੋਸੁ ਆਪਣਾ
ਆਪ ਗਣਾਇਐ ਭਰਮਿ ਭੁਲਾਣਾ।
੪. ਚਾਰੇ ਬੇਦ ਵਖਾਣਦਾ
ਚਤੁਰ ਮੁਖੀ ਹੋਇ ਖਰਾ ਸਿਆਣਾ।
੫. ਲੋਕਾਂ ਨੋਂ ਸਮਝਾਇੰਦਾ
ਵੇਖਿ ਸੁਰਸਤੀ ਰੂਪ ਲੁਭਾਣਾ।
੬. ਚਾਰੇ ਬੇਦ ਗਵਾਇ ਕੈ
ਗਰਬ ਗਰੂਰੀ ਕਰਿ ਪਛੁਤਾਣਾ।
੭. ਅਕਥ ਕਥਾ ਨੇਤ ਨੇਤ ਵਖਾਣਾ ॥੭॥

*ਪਦ ਅਰਥ :* ਨਾਲਿ—ਕਮਲ ਦੀ ਲੰਮੀ ਡੰਡੀ, ਜਿਸਦੇ ਉਤੇ ਫੁੱਲ ਲਗਦਾ ਹੈ। ਓੜਕ—ਅੰਤ, ਅਖ਼ੀਰ। ਗਰਬ ਗਰੂਰੀ—ਮਾਣ ਤੇ ਹੰਕਾਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ 'ਆਸਾ' ਰਾਗ ਵਿਚ ਇਹ ਪੰਗਤੀ ਪੜ੍ਹਨ ਵਿਚ ਆਉਂਦੀ ਹੈ ਕਿ :

ਨਾਲਿ ਕੁਟੰਬੁ ਸਾਥਿ ਵਰਦਾਤਾ
ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥
ਆਗੈ ਅੰਤੁ ਨ ਪਾਇਓ ਤਾ ਕਾ
ਕੰਸੁ ਛੇਦਿ ਕਿਆ ਵਡਾ ਭਇਆ ॥੩॥

(ਆਸਾ ਮ: ੧, ਪੰਨਾ ੩੫੦)

ਕਿਉਂ ਜੀ ! ਕੀ ਆਪ ਜੀ ਇਸਦਾ ਖੁਲਾਸੇ ਰੂਪ ਵਿਚ ਭਾਵਾਰਥ ਸੁਣਾਓਗੇ ?

ਉ: ਹੇ ਭਾਈਓ ! ਹੋ ਸਕਦਾ ਹੈ ਕਿ ਤੁਹਾਡੀਆਂ ਨਜ਼ਰਾਂ ਵਿਚ ਕੇਵਲ ਇਕ ਬ੍ਰਹਮੇ ਸੰਬੰਧੀ ਇਕ ਇਹੋ ਹੀ ਪੰਗਤੀ ਪੜ੍ਹਨ ਵਿਚ ਆਈ ਹੋਵੇ, ਪਰ ਜੇ ਗਹੁ ਨਾਲ ਸਾਰੀ ਬਾਣੀ ਨੂੰ ਵੀਚਾਰ ਪੂਰਵਕ ਪੜ੍ਹੋ ਤਾਂ ਜਾਣਕਾਰੀ ਮਿਲੇਗੀ ਕਿ ਬ੍ਰਹਮਾ ਤੋਂ ਆਦਿ ਦਸ ਅਵਤਾਰਾਂ ਦੇ ਕਰਤਵ, ਮਹਾਂ ਦੇਵ ਦਾ ਜ਼ਿਕਰ, ਇੰਦ੍ਰ ਦੇਵਤੇ ਦੀ ਕਥਾ, ਨਾਰਦ ਮੁਨੀ ਬਾਰੇ ਵੀਚਾਰ ਹੋਰ ਜਤੀ ਸਤੀ ਆਦਿਕਾਂ ਦੀ ਕਥਾ ਭੀ ਉਦਾਹਰਣ ਰੂਪ ਵਿਚ ਭਿੰਨ ਭਿੰਨ ਥਾਵਾਂ 'ਤੇ ਅੰਕਤ ਕੀਤੀ ਮਿਲਦੀ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਗੁਰਬਾਣੀ ਤਾਂ ਕੇਵਲ ਇਕੋ ਅਕਾਲ ਪੁਰਖ ਦੀ ਅਰਾਧਨਾ ਕਰਦੇ ਰਹਿਣ ਦੀ ਹੀ ਪ੍ਰੇਰਨਾ ਕਰਦੀ ਹੈ, ਤਾਂ ਫਿਰ ਇਨ੍ਹਾਂ ਦੇਵਤਿਆਂ ਦੀਆਂ ਕਥਾਵਾਂ ਅੰਕਤ ਕਰਨ ਤੋਂ ਕੀ ਭਾਵ ਲਿਆ ਜਾਵੇ ?

ਉ: ਹੇ ਭਾਈ ! ਇਨ੍ਹਾਂ ਦੇਵਤਿਆਂ ਦੇ ਬਾਣੀ ਵਿਚ ਨਾਮ ਅੰਕਤ ਕਰਨ ਤੋਂ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ ਇਨ੍ਹਾਂ ਦੇਵਤਿਆਂ ਦੀ ਪੂਜਾ ਕਰਨ ਵੱਲ ਪ੍ਰੇਰਿਆ ਹੈ, ਸਗੋਂ ਇਨ੍ਹਾਂ ਦੇ ਜੀਵਨਾਂ ਦੇ ਬਾਰੇ ਵਿਚ ਜੋ ਪੁਰਾਣਕ ਮਿਥਿਆਸ ਆਉਂਦਾ ਹੈ ਉਸ ਨੂੰ ਸਹੀ ਰੂਪ ਵਿਚ ਪੜਚੋਲ ਕੇ ਅਸਲੀਅਤ ਦਾ ਪ੍ਰਗਟਾਵਾ ਕੀਤਾ ਹੈ। ਜਿਵੇਂ ਕਿ ਇਨ੍ਹਾਂ ਨੂੰ ਹੰਕਾਰ ਹੋ ਜਾਣਾ ਤੇ ਇਨ੍ਹਾਂ ਦੇ ਜੀਵਨ ਸਫ਼ਰ ਵਿਚ ਗਿਰਾਵਟ ਆ ਜਾਣੀ, ਤੀਸਰਾ ਇਨ੍ਹਾਂ ਦੇ ਉਪਾਸ਼ਕਾਂ ਨੂੰ ਇਨ੍ਹਾਂ ਦੀ ਉਪਾਸ਼ਨਾ ਕਰਨ ਵਲੋਂ ਰੋਕਣ ਦਾ ਚਾਰਾ ਭੀ ਕੀਤਾ ਗਿਆ ਹੈ। ਤਾਂ ਕਿ ਜਿਵੇਂ ਇਹ ਆਪੋ ਆਪਣੇ ਜੀਵਨ ਸਫਰਾਂ ਵਿਚ ਭਟਕਦੇ ਰਹੇ ਹਨ, ਇਨ੍ਹਾਂ ਦੇ ਉਪਾਸ਼ਕਾਂ ਦਾ ਬਚਾਅ ਹੋ ਜਾਵੇ, ਕਿਉਂਕਿ ਇਨ੍ਹਾਂ ਦੇ ਜੀਵਨਾਂ ਤੋਂ ਬਚਣ ਦੀ ਪ੍ਰੇਰਨਾ ਮਿਲਦੀ ਹੈ।

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਤੇ ਗੁਰੂ ਅਰਜਨ ਪਾਤਿਸ਼ਾਹ ਜੀ ਦੀ ਅਪਾਰ ਬਖ਼ਸ਼ਸ਼ ਹੈ ਜਿਸ ਕ੍ਰਿਪਾ ਦ੍ਰਿਸ਼ਟੀ ਦਾ ਸਦਕਾ ਤੁਹਾਨੂੰ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਲਿਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਕਿਉਂ ਜੀ ! ਇਹ ਜਾਣਕਾਰੀ ਕਰਾਉਣ ਦੀ ਖੇਚਲ ਕਰੋਗੇ ਕਿ ਇਨ੍ਹਾਂ ਦੇਵਤਿਆਂ ਨੂੰ ਬਾਣੀ ਅੰਦਰ ਕਿਸ ਕਿਸ ਰੂਪ ਵਿਚ ਕਿਉਂ ਅੰਕਤ ਕੀਤਾ ਹੈ, ਇਨ੍ਹਾਂ ਦੇਵਤਿਆਂ ਦੀਆਂ ਜੀਵਨੀਆਂ ਤੋਂ ਪਾਠਕਾਂ ਨੂੰ ਕੀ ਲਾਭ ਹੋ ਸਕਦਾ ਹੈ ? ਦੂਸਰਾ ਤੁਸਾਂ ਇਹ ਭੀ ਇਸ਼ਾਰਾ ਕੀਤਾ ਹੈ ਕਿ ਇਨ੍ਹਾਂ ਦੇ ਜੀਵਨ ਸਫ਼ਰ ਵਿਚ ਭੀ ਗਿਰਾਵਟ ਆਉਂਦੀ ਰਹੀ ਹੈ, ਕੀ ਗੁਰਬਾਣੀ ਦੁਆਰੇ ਇਹ ਭੀ ਵਾਕਫ਼ੀਅਤ ਕਰਾਉਣ ਦੀ ਖੇਚਲ ਕਰੋਗੇ ਕਿ ਇਨ੍ਹਾਂ ਨੂੰ ਇਨ੍ਹਾਂ ਦੇ ਜੀਵਨਾਂ ਵਿਚ ਕਦੋਂ ਤੇ ਕਿਉਂ ਗਰਾਵਟਾਂ ਆਈਆਂ, ਤਾਂ ਕਿ ਸਾਨੂੰ ਭੀ ਇਨ੍ਹਾਂ ਦੇ ਜੀਵਨਾਂ ਤੋਂ ਕੁਝ ਸਿਖਿਆ ਮਿਲ ਸਕੇ ਆਪ ਦੇ ਧੰਨਵਾਦੀ ਹੋਵਾਂਗੇ ?

ਉ: ਹੇ ਭਾਈ। ਤੁਹਾਡੇ ਇਸ ਪ੍ਰਸਨ ਦੇ ਉੱਤਰ ਵਿਚ ਤਾਂ ਬਹੁਤ ਕੁਝ ਕਿਹਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਦੀਆਂ ਜੀਵਨ ਕਥਾਵਾਂ ਨਾਲ ਪੁਰਾਣ ਭਰੇ ਪਏ ਹਨ, ਇਹ ਗੱਲ ਵੱਖਰੀ ਹੈ ਕਿ ਜਦੋਂ ਇਨ੍ਹਾਂ ਦੀਆਂ ਜੀਵਨ ਕਹਾਣੀਆਂ ਨੂੰ ਸਚਾਈ ਦੇ ਤਰਾਜ਼ੂ 'ਤੇ ਤੋਲਿਆ ਜਾਏ ਤਾਂ ਉਹ ਪੂਰਾ ਨਹੀਂ, ਸਗੋਂ ਅਧੂਰਾ ਹੀ ਪ੍ਰਤੀਤ ਹੁੰਦਾ ਹੈ, ਕਿਉਂਕਿ ਉਸ ਵਿਚ ਮਿਥਿਹਾਸ ਤੇ ਕਪੋਲ ਕਲਪਣਾ ਵਧੇਰੇ ਪੜ੍ਹਨ ਵਿਚ ਆਉਂਦੀਆਂ ਹਨ। ਸਤਿਗੁਰੂ ਜੀ ਨੇ ਭੀ ਬਾਣੀ ਅੰਦਰ ਇਨ੍ਹਾਂ ਦੀਆਂ ਮਿਥਿਹਾਸਕ ਕਥਾਵਾਂ ਨੂੰ ਸਚਾਈ ਦੇ ਪੱਖ ਵਿਚ ਨਹੀਂ ਵਰਤਿਆ ਸਗੋਂ ਜੋ ਪਰਕਰਣ ਆਪ ਜੀ ਅੰਕਤ ਕਰਦੇ ਹਨ ਉਸ ਦੇ ਅਨੁਸਾਰ ਹੀ ਉਨ੍ਹਾਂ ਦੇ ਜੀਵਨਾਂ ਵਿਚੋਂ ਟੂਕ ਮਾਤ੍ਰ ਹੀ ਉਦਾਹਰਣ ਉਲੀਕਣ ਦਾ ਯਤਨ ਕੀਤਾ ਹੈ, ਜਿਵੇਂ ਬਾਣੀ ਵਿਚ ਬ੍ਰਹਮਾ ਦੇ ਜੀਵਨ ਬਾਰੇ ਕਈ ਥਾਵਾਂ 'ਤੇ ਇਸ਼ਾਰੇ ਕੀਤੇ ਹਨ, ਉਹ ਸਾਰੇ ਤਾਂ ਨਹੀਂ ਜਿਤਨੇ ਕੁ ਮੇਰੀ ਚਿਤਵਨੀ ਵਿਚ ਹਨ, ਉਹ ਮੈਂ ਅੰਕਤ ਕਰਨ ਦਾ ਉੱਦਮ ਕਰਦਾ ਹਾਂ। ਲਓ ਪਹਿਲੋਂ ਅਸੀਂ ਬ੍ਰਹਮੇ ਦੀ ਹੀ ਗੱਲ ਅਰੰਭ ਕਰਦੇ ਹਾਂ ਜੋ ਆਪਣੇ ਆਪ ਨੂੰ ਚਾਰੇ ਬੇਦਾਂ ਅਤੇ ਸ੍ਰਿਸ਼ਟੀ ਦਾ ਰਚਤਾ ਹੋਣ ਦਾ ਮਾਣ ਰਖਦਾ ਹੈ, ਜਿਸ ਨੂੰ ਹੰਕਾਰ ਹੈ ਕਿ ਮੈਂ ਹੀ ਸਭ ਤੋਂ ਵੱਡਾ ਦੇਵਤਾ ਹਾਂ:

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ॥

*(ਗਉੜੀ ਮ: ੧, ਪੰਨਾ ੨੨੪)*

ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ॥

*(ਪਉੜੀ ੨, ਪੰਨਾ ੧੨੭੯)*

ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥
ਅੰਤਰਿ ਤਾਮਸੁ ਆਪੁ ਨ ਪਛਾਣੈ॥

*(ਗਉੜੀ ਮ: ੩, ਪੰਨਾ ੨੩੧)*

ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਦਾ॥੧੪॥

*(ਮਾਰੂ ਮ: ੧, ਪੰਨਾ ੧੦੩੬)*

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ॥
ਤ੍ਰੈਗੁਣ ਬਧਕ ਮੁਕਤਿ ਨਿਰਾਰੀ॥

*(ਮਾਰੂ ਸੋਲਹੇ ਮ: ੩, ਪੰਨਾ ੧੦੪੯)*

ਬ੍ਰਹਮਾ ਬਿਸਨੁ ਮਹੇਸੁ ਤ੍ਰੈਗੁਣ ਸਿਰਿ ਧੰਧੈ ਲਾਇਆ॥

*(ਪਉੜੀ ੨, ਪੰਨਾ ੫੦੯)*

ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥

*(ਆਸਾ ਮ: ੫, ਪੰਨਾ ੩੯੪)*

ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ॥
ਅੰਤੁ ਨ ਪਾਵਹਿ ਅਲਖ ਅਭੇਵਾ॥

*(ਮਾਰੂ ਮ: ੩, ਪੰਨਾ ੧੦੫੩)*

ਸਰਪਨੀ ਤੇ ਊਪਰਿ ਨਹੀ ਬਲੀਆ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥

*(ਆਸਾ ਕਬੀਰ ਜੀ, ਪੰਨਾ ੪੮੦)*

ਇਨ੍ਹਾਂ ਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਛੇਵੀਂ ਪਉੜੀ ਵਿਚ ਬ੍ਰਹਮਾ ਦੇ ਹੰਕਾਰ ਭਰੇ ਤੇ ਸਹੀ ਮਾਰਗ ਤੋਂ ਥਿੜਕੇ ਹੋਏ ਜੀਵਨ ਦੇ ਪੱਖ ਨੂੰ ਉਲੀਕਿਆ ਹੈ ਜੋ ਕਿ ਹੰਕਾਰ ਭਰਿਆ ਜੀਵਨ ਰੱਬੀ ਦਰਬਾਰ ਵਿਚ ਉੱਕਾ ਹੀ ਨਹੀਂ ਕਬੂਲਿਆ ਜਾਂਦਾ। ਕਿਉਂਕਿ ਹਜ਼ੂਰ ਦਾ ਅਟੱਲ ਫ਼ੁਰਮਾਨ ਹੈ ਕਿ:

ਹਰਿ ਜੀਉ ਅਹੰਕਾਰੁ ਨ ਭਾਵਈ
ਵੇਦ ਕੂਕਿ ਸੁਣਾਵਹਿ॥
ਅਹੰਕਾਰਿ ਮੁਏ ਸੇ ਵਿਗਤੀ ਗਏ
ਮਰਿ ਜਨਮਹਿ ਫਿਰਿ ਆਵਹਿ॥੯॥

*(ਮਾਰੂ ਵਾਰ ਮ: ੩, ਪੰਨਾ ੧੦੮੯)*

ਸਤਿਗੁਰੂ ਜੀ ਨੇ ਉਸ ਸਮੇਂ ਦੀਆਂ ਪ੍ਰਚਲਤ ਪੁਰਾਣਕ ਕਥਾਵਾਂ ਨੂੰ ਕੇਵਲ ਉਦਾਹਰਣ ਰੂਪ ਵਿਚ ਵਰਤਿਆ ਹੈ, ਕਿਉਂਕਿ ਵਧੇਰੇ ਪਾਠਕ ਉਨ੍ਹਾਂ ਪੁਰਾਣਕ ਕਹਾਣੀਆਂ ਨੂੰ ਹੀ ਵਧੇਰੇ ਸਮਝਦੇ ਸਨ, ਸਤਿਗੁਰੂ ਜੀ ਦਾ ਭੀ ਭਾਵ ਅਸਲੀਅਤ ਨੂੰ ਪ੍ਰਗਟ ਕਰਨ ਦਾ ਸੀ ਜੋ ਆਪ ਜੀ ਨੇ ਬਾਣੀ ਦੁਆਰੇ ਪ੍ਰਗਟਾਇਆ ਹੈ। ਪੁਰਾਣਾਂ ਵਿਚ ਇਹ ਜ਼ਿਕਰ ਆਉਂਦਾ ਹੈ ਕਿ ਬ੍ਰਹਮੇ ਨੂੰ ਇਕ ਵਾਰ ਇਹ ਹੰਕਾਰ ਹੋ ਗਿਆ ਕਿ ਮੈਂ ਸਭ ਤੋਂ ਵੱਡਾ ਸ਼ਕਤੀ ਵਾਲਾ ਹਾਂ ਮੇਰੇ ਨਾਲੋਂ ਹੋਰ ਕੋਈ ਭੀ ਵੱਡਾ ਨਹੀਂ। ਕਹਿੰਦੇ ਹਨ ਕਿ ਅਕਾਸ਼ ਬਾਣੀ ਹੋਈ ਕਿ ਹੇ ਬ੍ਰਹਮਾ! ਤੈਥੋਂ ਵੱਡਾ ਉਹ ਹੈ ਜੋ ਤੈਨੂੰ ਪੈਦਾ ਕਰਨ ਵਾਲਾ ਹੈ ਉਸਨੂੰ ਤਾਂ ਤੂੰ ਵੇਖ ਹੀ ਨਹੀਂ ਸਕਦਾ ਉਹ ਤੈਨੂੰ ਸਦਾ ਹੀ ਤੱਕਦਾ ਹੈ, ਤੈਨੂੰ ਭੁੱਲਣਾ ਨਹੀਂ ਚਾਹੀਦਾ ਕਿਉਂਕਿ ਤੇਰੀ ਪੈਦਾਇਸ਼ ਇਸ ਕਵਲ ਫੁਲ ਤੋਂ ਹੋਈ ਹੈ। ਕਹਿੰਦੇ ਹਨ ਕਿ ਇਸਨੇ ਹੰਕਾਰ ਵਿਚ ਭਰੇ ਨੇ ਕਿਹਾ ਕਿ ਇਸ ਨਿਕੇ ਜਿਹੇ ਕਮਲ ਤੋਂ ਮੇਰੀ ਇਤਨੀ ਸਕਤੀ ਭਰੇ ਹੋਏ ਜੀਵਨ ਵਾਲੇ ਦੀ ਪੈਦਾਇਸ਼ ਕਿਵੇਂ ਹੋ ਸਕਦੀ ਹੈ, ਮੈਂ ਨਹੀਂ ਮੰਨਦਾ। ਇਸ ਹੰਕਾਰ

ਦੀ ਮਸਤੀ ਵਿਚ ਮਸਤ ਹੋਏ ਨੇ ਇਸ ਕਵਲ ਦੀ ਨਾਲੀ ਨੂੰ ਲੱਤ ਮਾਰੀ ਜਿਸਦੀ ਇਸ ਹਰਕਤ ਦਾ ਜੋ ਇਸਨੂੰ ਫਲ ਮਿਲਿਆ ਹੈ ਉਸਨੂੰ ਚੰਦ ਸਤਰਾਂ ਵਿਚ ਅੰਕਤ ਕੀਤਾ ਹੈ, ਜਿਵੇਂ ਕਿ:

(੧) (ਹੇ ਭਾਈ!) ਬ੍ਰਹਮਾ (ਦੇਵਤਿਆਂ ਵਿਚ) ਆਪਣੇ ਆਪ ਨੂੰ ਵੱਡਾ ਅਖਵਾਉਂਦਾ ਹੈ (ਇਹ ਇਕ ਦਿਨ ਪ੍ਰਭੂ ਦਾ ਅੰਤ ਲੱਭਣ ਲਈ) ਕੰਵਲ ਦੀ ਨਾਲੀ ਵਿਚ ਚਲਾ ਗਿਆ।

(੨) (ਇਸ ਨਾਲੀ ਵਿਚ) ਕਈ ਜੁਗਾਂ ਤੀਕ ਆਵਾਗਵਣ (ਆਉਣ ਜਾਣ, ਕਦੀ ਥੱਲੇ, ਕਦੀ ਉਤੇ) ਹੀ ਭਟਕਦਾ ਰਿਹਾ, ਪਰ (ਪ੍ਰਭੂ ਦਾ) ਓੜਕ (ਅੰਤ) ਨ ਲੱਭਾ ਤੇ ਹੈਰਾਨ ਹੋਇਆ।

(੩) (ਉਸਨੇ) ਆਪਣੇ ਵਲੋਂ ਓੜਕ ਕਰ ਲਈ (ਭਾਵ ਪ੍ਰਮੇਸ਼ਰ ਦਾ ਅੰਤ ਪਾਉਣ ਲਈ ਪੂਰੀ ਵਾਹ ਲਾ ਲਈ) ਆਪਣੇ ਆਪ ਨੂੰ (ਸ੍ਰਿਸ਼ਟੀ ਦਾ ਰਚਨਹਾਰ, ਕਰਤਾ ਸਮਝ ਕੇ) ਭਰਮ ਵਿਚ ਹੀ ਭੁਲਾ ਰਿਹਾ।

(੪) ਚਾਰੇ ਵੇਦ ਪੜ੍ਹਦਾ ਆਪਣੇ ਚਾਰੇ ਮੂੰਹਾਂ ਨਾਲ ਬੋਲ ਕੇ ਸੁਣਾਉਂਦਾ, ਚਾਰ ਮੂੰਹਾਂ ਵਾਲਾ ਹੋ ਇਹ ਆਪਣੇ ਆਪ ਨੂੰ ਬਹੁਤ ਵੱਡਾ ਸਿਆਣਪ ਵਾਲਾ ਸਮਝਦਾ ਸੀ।

(੫) (ਇਹ) ਲੋਕਾਂ ਨੂੰ ਸਮਝਾਉਂਦਾ ਤੇ ਸਿਖਿਆ ਦੇਂਦਾ ਸੀ। (ਪਰ ਇਸ ਦੀ ਮੱਤ ਮਾਰੀ ਗਈ, ਜਦੋਂ ਆਪਣੀ ਹੀ ਧੀ) ਸੁਰਸਤੀ ਦੇ ਰੂਪ ਨੂੰ ਵੇਖ ਕੇ ਲੁਭਾਇਮਾਨ ਹੋ ਗਿਆ।

(੬) ਚਾਰੇ ਵੇਦਾਂ (ਦੀ ਸਿਆਣਪ) ਗਵਾ ਲਈ ਤੇ ਮਾਣ ਹੰਕਾਰ (ਦੇ ਨਸ਼ੇ) ਵਿਚ ਆ ਕੇ, ਫਿਰ ਪਛਤਾਇਆ (ਕਿ ਇਹ ਮੈਂ ਕੀ ਕਰ ਬੈਠਾ, ਮੇਰੀ ਅਕਲ ਨੂੰ ਕੀ ਹੋ ਗਿਆ, ਕੀ ਭਾਣਾ ਵਰਤ ਗਿਆ।)

(੭) (ਉਹ ਏਨਾਂ ਭੁਲਾ ਕਿ) ਜਿਨ੍ਹਾਂ ਵੇਦਾਂ ਵਿਚ (ਉਸਨੇ ਆਪ ਹੀ ਪ੍ਰਭੂ) ਨੇਤ ਹੈ ਨੇਤ ਹੈ: ਬੇਅੰਤ ਹੈ ਬੇਅੰਤ ਹੈ ਲਿਖਿਆ ਸੀ (ਉਸਦਾ ਓੜਕ—ਅਖ਼ੀਰ-ਲੱਭਣ ਲੱਗ ਗਿਆ) ਪਰ ਅਕੱਥ ਕਥਾ ਵਾਲਾ ਪ੍ਰਭੂ ਬੇਅੰਤ, ਬੇਅੰਤ ਹੈ, (ਅਖ਼ੀਰ ਤੇ) ਇਹੋ ਹੀ ਆਖਣਾ ਪਿਆ।੭।

*ਭਾਵਾਰਥ :* ਇਹ ਸਾਖੀ ਭਾਈ ਸਾਹਿਬ ਨੇ ਦ੍ਰਿਸ਼ਟਾਂਤ ਮਾਤਰ ਪੁਰਾਣਾਂ ਵਿਚੋਂ ਲੈ ਕੇ ਅੰਕਤ ਕੀਤੀ ਹੈ, ਜਿਸ ਤੋਂ ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲੇ ਗੁਰਮਤੀਆਂ ਨੂੰ ਇਹ ਪ੍ਰੇਰਨਾ ਮਿਲ ਸਕੇ ਕਿ ਪ੍ਰਭੂ ਦੀ ਪ੍ਰਾਪਤੀ ਦੇ ਰਾਹ ਵਿਚ ਹਉਮੈ ਤੇ ਹੰਕਾਰ ਇਕ ਬਹੁਤ ਵੱਡੀ ਰੋਕ ਹੈ ਜੋ ਪ੍ਰਮੇਸ਼ਰ ਤਕ ਪੁੱਜਣ ਨਹੀਂ ਦੇਂਦੀ, ਕਿਉਂਕਿ ਹੰਕਾਰੀ ਬੰਦਾ ਹਰੀ ਨੂੰ ਭਾਉਂਦਾ ਹੀ ਨਹੀਂ। ਗੁਰ ਫ਼ੁਰਮਾਨ ਭੀ ਇਹੋ ਹੈ:

ਹਰਿ ਜੀਉ ਅਹੰਕਾਰੁ ਨ ਭਾਵਈ
ਵੇਦ ਕੂਕਿ ਸੁਣਾਵਹਿ॥ *(ਮਾਰੂ ਵਾਰ ਮ: ੩, ਪੰਨਾ ੧੦੮੯)*

ਧਰਮੀ ਪੁਰਸ਼ਾਂ ਦੇ ਵੀਚਾਰ ਹਨ ਕਿ ਹੋ ਸਕਦਾ ਹੈ ਕਿ ਕਾਮੀ, ਕ੍ਰੋਧੀ, ਲੋਭੀ ਵੀ ਕਦੀ ਬਖ਼ਸ਼ਿਆ ਜਾਵੇ, ਪਰ ਹੰਕਾਰੀ ਦਾ ਬਖ਼ਸ਼ੇ ਜਾਣਾ ਨਾ-ਮੁਮਕਿਨ ਹੈ ਕਿਉਂਕਿ ਹੰਕਾਰ ਰੱਬ ਨੂੰ ਭਾਉਂਦਾ ਹੀ ਨਹੀਂ।

ਇਹ ਹਉਮੈ ਹੰਕਾਰ ਦੋ ਰੂਪਾਂ ਵਿਚ ਵੇਖਿਆ ਜਾਂਦਾ ਹੈ, ਇਕ ਹੈ ਸੰਸਾਰਕ ਪਦਾਰਥਾਂ ਦੀ ਸਮਗ੍ਰੀ ਦਾ, ਦੂਸਰਾ ਹੈ ਦੈਵੀ ਗੁਣਾਂ ਦੀ ਸੂਖਮ ਹੰਗਤਾ ਦਾ। ਇਹ ਦੋਵੇਂ ਹੀ ਮਨੁੱਖ ਦੀ ਸੁਰਤੀ ਨੂੰ ਰੱਬੀ ਮਾਰਗ 'ਤੇ ਟੁਰਨ ਨਹੀਂ ਦੇਂਦੀਆਂ, ਇਨ੍ਹਾਂ ਦੋਵੇਂ ਹਉਮੈ ਤੇ ਹੰਕਾਰ ਦੇ ਵਿਰੋਧ ਵਿਚ ਬਾਣੀ ਅੰਦਰ ਬਹੁਤ ਪੰਗਤੀਆਂ ਆਉਂਦੀਆਂ ਹਨ ਜਿਵੇਂ ਕਿ:

ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ॥
ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥
*(ਸਲੋਕ ਮ: ੩, ਪੰਨਾ ੫੯੨)*

ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ॥
*(ਸਲੋਕ ਮ: ੩, ਪੰਨਾ ੧੪੧੫)*

ਹਉਮੈ ਆਵੈ ਜਾਇ ਭਰਮਿ ਭੁਲਾਵਣਾ॥
*(ਸੂਹੀ ਮ: ੧, ਪੰਨਾ ੭੫੨)*

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥.....
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
*(ਮ: ੨, ਪੰਨਾ ੪੬੬)*

ਅਹੰਕਾਰੀਆ ਨੋ ਦੁਖ ਭੁਖ ਹੈ
ਹਥੁ ਤਡਹਿ ਘਰਿ ਘਰਿ ਮੰਗਾਇ॥ *(ਮ: ੪, ਪੰਨਾ ੩੦੩)*

ਬਿਖਿਆ ਕਾ ਧਨੁ ਬਹੁਤੁ ਅਭਿਮਾਨੁ॥
ਅਹੰਕਾਰਿ ਡੂਬੈ ਨ ਪਾਵੈ ਮਾਨੁ॥
*(ਧਨਾਸਰੀ ਮ: ੩, ਪੰਨਾ ੬੬੬)*

ਅਹੰਕਾਰੁ ਤਿਸਨਾ ਰੋਗੁ ਲਗਾ
ਬਿਰਥਾ ਜਨਮੁ ਗਵਾਵਹੇ॥ *(ਆਸਾ ਮ: ੩, ਪੰਨਾ ੪੪੧)*

ਥੰਮ੍ਹੁ ਉਪਾੜਿ ਹਰਿ ਆਪੁ ਦਿਖਾਇਆ॥
ਅਹੰਕਾਰੀ ਦੈਤੁ ਮਾਰਿ ਪਚਾਇਆ॥
*(ਭੈਰਉ ਮ: ੩, ਪੰਨਾ ੧੧੫੪)*

ਅਹੰਕਾਰਿ ਮੁਏ ਸੇ ਵਿਗਤੀ ਗਏ
ਮਰਿ ਜਨਮਹਿ ਫਿਰਿ ਆਵਹਿ॥੯॥
*(ਮਾਰੂ ਵਾਰ ਮ: ੩, ਪੰਨਾ ੧੦੮੯)*

ਇਸ ਤੋਂ ਆਦਿ ਹੋਰ ਭੀ ਗੁਰਬਾਣੀ ਦੀਆਂ ਪੰਗਤੀਆਂ ਭਾਈ ਸਾਹਿਬ ਜੀ ਦੇ ਦ੍ਰਿਸ਼ਟੀ ਗੋਚਰ ਸਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਪ ਜੀ ਨੇ ਇਹ ਬ੍ਰਹਮਾ ਦਾ ਹੰਕਾਰ ਭਰਿਆ ਜੀਵਨ ਉਲੀਕਿਆ ਹੈ ਅਤੇ ਗੁਰਮਤ ਦੇ ਪਾਂਧੀਆਂ ਨੂੰ ਇਸ ਹਉਮੈ ਅਤੇ ਹੰਕਾਰ ਭਰੇ ਜੀਵਨ ਵਲੋਂ ਬਚਕੇ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਕੀਤੀ ਹੈ, ਕਿਉਂਕਿ ਇਸ ਹੰਕਾਰ ਦੇ ਦੀਰਘ ਰੋਗ ਨੇ ਬੜੇ ਬੜੇ ਤਪੀਆਂ ਨੂੰ ਤਪ ਕਰਦਿਆਂ ਆਪ ਭੀ ਤਪਦਿਆਂ ਤਕਿਆ ਅਤੇ ਹੋਰਨਾਂ ਨੂੰ ਭੀ ਸਰਾਪ ਦੇ ਕੇ ਤਪਾਉਣ ਦਾ ਅਜਾਈਂ ਕੋਝਾ ਯਤਨ ਕਰਦੇ ਰਹੇ, ਜੋ ਗੁਰਮਤ ਮਾਰਗ 'ਤੇ ਟੁਰਨ ਵਾਲੇ ਪਾਂਧੀਆਂ ਨੂੰ ਉੱਕਾ ਹੀ ਅਯੋਗ ਹੈ। ਭਾਈ ਸਾਹਿਬ ਦੀ ਇਸ ਪਉੜੀ ਤੋਂ ਇਹੋ ਹੀ ਪ੍ਰੇਰਨਾ ਮਿਲਦੀ ਹੈ ਕਿ ਹਰ ਮਨੁੱਖ ਨੂੰ ਭਾਵੇਂ ਕੋਈ ਸੰਸਾਰੀ ਪਦਾਰਥਾਂ ਕਰਕੇ ਅਗੇ ਵੱਧ ਗਿਆ ਹੈ, ਜਾਂ ਕੋਈ ਦਾਨ, ਪੁੰਨ, ਜਪ, ਤਪ, ਕਰਨ ਵਾਲਾ ਹੈ ਉਸਨੂੰ ਹਉਮੈ ਹੰਕਾਰ ਤੋਂ ਸਦਾ ਹੀ ਬਚ ਕੇ ਰਹਿਣਾ ਚਾਹੀਦਾ ਹੈ।

## ੮. ਦਸ ਅਵਤਾਰਾਂ ਦੇ ਕਰਤੱਵਯ

੧. ਬਿਸ਼ਨ ਲਏ ਅਵਤਾਰ ਦੱਸ
ਵੈਰ ਵਿਰੋਧ ਜੋਧ ਸੰਘਾਰੇ।
੨. ਮੱਛ ਕੱਛ ਵੈਰਾਹ ਰੂਪ
ਨਰਸਿੰਘ ਹੋਇ ਬਾਵਨ ਬੋਧਾਰੇ।
੩. ਪਰਸਰਾਮ ਰਾਮਕਿਸ਼ਨ ਹੋਇ
ਕਿਲਕ ਕਲੰਕੀ ਅਤਿ ਅਹੰਕਾਰੇ।
੪. ਖਤ੍ਰੀ ਮਾਰਿ ਇਕੀਹ ਵਾਰ
ਰਾਮਾਇਣ ਕਰਿ ਭਾਰਥ ਭਾਰੇ।
੫. ਕਾਮ ਕਰੋਧ ਨ ਸਾਧਿਓ
ਲੋਭ ਮੋਹ ਅਹੰਕਾਰ ਨ ਮਾਰੇ।
੬. ਸਤਿਗੁਰ ਪੁਰਖ ਨ ਭੇਟਿਆ
ਸਾਧਸੰਗਤਿ ਸਹਲੰਗ ਨ ਸਾਰੇ।
੭. ਹਉਮੈਂ ਅੰਦਰ ਕਾਰ ਵਿਕਾਰੇ ॥੮॥

*ਪਦ ਅਰਥ :* ਜੋਧ—ਬਲੀ, ਸੂਰਬੀਰ। ਸੰਘਾਰੇ—ਮਾਰੇ। ਬਾਵਨ ਬੋਧਾਰੇ—ਬਵੰਜਾ ਉਂਗਲੀ ਪ੍ਰਮਾਨ; ਬੋਧਾਰੇ—ਬੁਧ ਅਵਤਾਰ। ਵੈਰਾਹ—ਸੂਕਰ ਅਵਤਾਰ। ਕਿਲਕ ਕਲੰਕੀ—ਬਲੀ ਕਲੰਕੀ ਅਵਤਾਰ ਜੋ ਗਰਜ ਕੇ ਹੋਣਾ ਹੈ। ਸਹਲੰਗ—ਮੇਲ, ਸੰਗੀ।

### ਅਰਥ :

ਪ੍ਰ: ਭਾਈ ਸਾਹਿਬ ਜੀਉ ! ਜੋ ਆਪ ਜੀ ਨੇ ਪੁਰਾਣਕ ਕਥਾ ਨੂੰ ਮੁਖ ਰੱਖ ਕੇ ਬ੍ਰਹਮਾ ਜੀ ਦਾ ਗਿਰਾਵਟ ਭਰਿਆ ਹੰਕਾਰੀ ਜੀਵਨ ਅੰਕਤ ਕੀਤਾ ਹੈ, ਹੋ ਸਕਦਾ ਹੈ ਕਿ ਇਸਦਾ ਪ੍ਰਭਾਵ ਭਾਰਤ ਦੇ ਲੋਕਾਂ 'ਤੇ ਬਹੁਤ ਬੁਰਾ ਪਿਆ ਹੋਵੇ, ਜਿਸ ਕਰਕੇ ਲੋਕ ਇਸਦੀ ਪੂਜਾ ਕਰਨ ਵਲੋਂ ਇਨਕਾਰੀ ਹੋ ਗਏ ਜਿਸਦਾ ਸਬੂਤ ਹੈ ਕਿ ਭਾਰਤ ਵਿਚ ਇਕ ਦੋ ਮੰਦਰਾਂ ਤੋਂ ਇਲਾਵਾ ਹੋਰ ਕੋਈ ਬ੍ਰਹਮਾ ਦੇ ਵਧੇਰੇ ਮੰਦਰ ਵੇਖਣ ਸੁਣਨ ਵਿਚ ਨਹੀਂ ਆਉਂਦੇ। ਪਰ ਬ੍ਰਹਮਾ ਦੇ ਟਾਕਰੇ 'ਤੇ ਵਿਸ਼ਨੂੰ ਜੀ ਦੇ ਅਨੇਕਾਂ ਮੰਦਰ ਤੇ ਹਜ਼ਾਰਾਂ ਪੁਜਾਰੀ ਵੇਖਣ ਵਿਚ ਆਉਂਦੇ ਹਨ, ਕਿਉਂ ਜੀ ! ਵਿਸ਼ਨੂੰ ਦੀ ਪੂਜਾ ਕਰਨ ਵਾਲੇ ਕੀ ਸਾਰੇ ਹੀ ਮੁਕਤ ਹੋਣ ਦੇ ਹੱਕਦਾਰ ਮੰਨੇ ਜਾਣਗੇ, ਆਪ ਜੀ ਇਸ ਬਾਰੇ ਵਿਚ ਕੀ ਕਹਿਣਾ ਚਾਹੋਗੇ ?

ਉ: ਹੇ ਭਾਈਓ ! ਮੈਂ ਤਾਂ ਉਹੀ ਵੀਚਾਰ ਕਹਿਣ ਦਾ ਯਤਨ ਕਰਿਆ ਕਰਦਾ ਹਾਂ ਜੋ ਕੁਝ ਮੈਨੂੰ ਬਾਣੀ ਵਿਚੋਂ ਪ੍ਰੇਰਨਾ ਮਿਲਦੀ ਹੈ, ਬਾਣੀ ਵਿਚੋਂ ਕੇਵਲ ਇਕ ਵਿਸ਼ਨੂੰ ਦਾ ਹੀ ਜਿਕਰ ਨਹੀ ਸਗੋਂ ਮਹੇਸ, ਸਿੱਧ, ਮੁਨੀ, ਇੰਦ੍ਰ ਆਦਿ ਸਾਰੇ ਦੇਵਤਿਆਂ ਦੀ ਚਰਨ ਸ਼ਰਨ ਪਰਨ ਵਲੋਂ ਵਰਜਿਆ ਹੈ, ਹਜ਼ੂਰ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ :

ਬਿਸਨ ਮਹੇਸ ਸਿਧ ਮੁਨਿ ਇੰਦ੍ਰਾ
ਕੈ ਦਰਿ ਸਰਨਿ ਪਰਉ ॥੧॥
ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ
ਕੋਟਿ ਮਧੇ ਮੁਕਤਿ ਕਹਉ ॥
ਕਹੁ ਨਾਨਕ ਨਾਮ ਰਸੁ ਪਾਈਐ
ਸਾਧੂ ਚਰਨ ਗਹਉ ॥੨॥

*(ਕਲਿਆਨ ਮ: ੫, ਪੰਨਾ ੧੩੨੨)*

ਭਾਵ ਹੈ ਕਿ, ਇਨ੍ਹਾਂ ਸਾਰੇ ਦੇਵਤਿਆਂ ਦੀ ਪੂਜਾ ਤਿਆਗ ਕੇ ਗੁਰੂ ਦੀ ਸੰਗਤਿ ਰਾਹੀਂ ਨਾਮ ਰਸ ਦੀ ਪ੍ਰਾਪਤੀ ਕਰੋ, ਜਿਸ ਦਾ ਸਦਕਾ ਸਦੀਵੀ ਕਲਿਆਣ ਹੋ ਸਕਦੀ ਹੈ। ਕਿਉਂਕਿ ਇਨ੍ਹਾਂ ਦੇਵਤਿਆਂ ਪਾਸੋਂ ਤਾਂ ਰਾਜ ਜਾਂ ਸੁਰਗ ਦਾ ਸੁਖ ਹੀ ਮਿਲ ਸਕਦਾ ਹੈ, ਜੋ ਕਿ ਸਦੀਵੀ ਸੁਖ ਨਹੀਂ ਹੈ। ਕਬੀਰ ਸਾਹਿਬ ਜੀ ਭੀ ਇਸੇ ਨਾਲ ਅਪਨੀ ਸੰਮਤੀ ਪ੍ਰਗਟਾਉਂਦੇ ਹਨ, ਜਿਵੇਂ ਕਿ :

ਕਬੀਰ ਸੁਰਗ ਨਰਕ ਤੇ ਮੈ ਰਹਿਓ
ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ॥੧੨੦॥
ਕਬੀਰ ਚਰਨ ਕਮਲ ਕੀ ਮਉਜ ਕੋ
ਕਹਿ ਕੈਸੇ ਉਨਮਾਨ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥

*(ਸਲੋਕ ਕਬੀਰ ਜੀ, ਪੰਨਾ ੧੩੭੦)*

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ॥

*(ਦੇਵਗੰਧਾਰੀ ਮ: ੫, ਪੰਨਾ ੫੩੪)*

ਪ੍ਰ: ਕਿਉਂ ਭਾਈ ਸਾਹਿਬ ਜੀਉ! ਬ੍ਰਹਮਾ ਵਾਂਗ ਵਿਸ਼ਨੂੰ ਦੇ ਜੀਵਨ ਬਾਰੇ ਭੀ ਕੁਝ ਰੋਸ਼ਨੀ ਪਾਓਗੇ?

ਉ: ਹੇ ਭਾਈਓ! ਵਿਸ਼ਨੂੰ ਦੇ ਜੀਵਨ ਬਾਰੇ ਵਧੇਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਦੀ ਜੀਵਨ ਕਥਾ ਨਾਲ ਵਿਸ਼ਨੂੰ ਪੁਰਾਣ ਭਰਿਆ ਪਿਆ ਹੈ, ਪਰ ਹਾਂ ਵਿਸ਼ਨੂੰ ਤੇ ਵਿਸ਼ਨੂੰ ਦੇ ਦਸ ਅਵਤਾਰਾਂ ਬਾਰੇ ਕੇਵਲ ਟੂਕ ਮਾਤ੍ਰ ਕਹਿਣ ਦਾ ਯਤਨ ਕਰਦਾ ਹਾਂ, ਜਿਵੇਂ ਕਿ :

(੧) (ਹੇ ਭਾਈਓ!) ਵਿਸ਼ਨੂੰ ਜੀ ਨੇ ਦਸ ਅਵਤਾਰ ਧਾਰੇ ਤੇ ਵੈਰ ਵਿਰੋਧ ਕਰਨ ਵਾਲੇ ਦੋਖੀ ਤੇ ਦੁਸ਼ਟ, ਬੜੇ ਜੋਧੇ ਵਡੇ ਬਹਾਦਰਾਂ ਨੂੰ ਮਾਰਿਆ।

(੨) (ਫਿਰ ਉਸਨੇ) ਮੱਛ, ਕੱਛ ਤੇ ਸੂਰ ਦੀਆਂ ਸ਼ਕਲਾਂ ਬਣਾਈਆਂ, ਫਿਰ ਨਰਸਿੰਘ, ਬਉਣਾ ਤੇ ਬੁਧ (ਦਾ ਰੂਪ ਬਣਾਇਆ)।

(੩) ਪਰਸ ਰਾਮ, ਰਾਮ (ਚੰਦਰ) ਕ੍ਰਿਸ਼ਨ (ਭਗਵਾਨ) ਹੋ ਕੇ (ਅਵਤਾਰ ਧਾਰਿਆ, ਪਰ) ਅਜੇ ਕਿਲਕ ਕਲੰਕੀ, ਅਤਿ ਹੰਕਾਰ ਕਰਨ ਵਾਲਿਆ ਨੂੰ ਸੋਧਣ ਲਈ, ਕਿਲਕਾਂ (ਮਾਰ ਕੇ) ਕਲਕੀ ਅਵਤਾਰ ਨੇ ਆਉਣਾ ਹੈ।

(੪) (ਪਰਸ ਰਾਮ ਨੇ) ੨੧ ਵੇਰ (ਧਰਤੀ ਉਤੇ ਰਾਜ ਕਰਨ ਵਾਲੇ ਖੱਤ੍ਰੀਆ ਨੂੰ) ਮਾਰਿਆ। (ਫਿਰ) ਰਮਾਇਣ (ਅਨੁਸਾਰ ਸ੍ਰੀ ਰਾਮ ਜੀ ਨੇ ਰਾਵਣ ਨਾਲ ਭਾਰੇ ਜੰਗ ਕੀਤੇ) ਤੇ ਮਹਾਂ ਭਾਰਤ ਅਨੁਸਾਰ (ਸ੍ਰੀ ਕ੍ਰਿਸ਼ਨ ਜੀ ਨੇ ਵੀ ਭਾਰੇ ਜੰਗ ਕੀਤੇ)।

(੫) (ਪਰ) ਕਾਮ ਤੇ ਕ੍ਰੋਧ ਨੂੰ ਕਿਸੇ ਨੇ ਵੀ ਨ ਸਾਧਿਆ (ਭਾਵ ਜਿੱਤਿਆ) ਨਹੀ। ਲੋਭ, ਮੋਹ ਤੇ ਹੰਕਾਰ ਨੂੰ ਕਿਸੇ ਨੇ ਵੀ ਨਾ ਮਾਰਿਆ।

(੬) ਸਤਿਗੁਰ ਜੋ (ਪੂਰਨ) ਪੁਰਖ (ਹਨ, ਨਾ) ਮਿਲੇ (ਇਸੇ ਕਰਕੇ) ਸਾਧ ਸੰਗਤ ਦੇ (ਸਹਲੇਰ) ਮੇਲ ਤੋਂ ਨਸੇ ਰਹੇ। ਭਾਵ—ਕਿਸੈ ਸਾਂਤਿ ਨ ਆਈਆ ਬਿਨੁ ਸਤਿਗੁਰ ਕੇ ਉਪਦੇਸੁ।

(੭) (ਇਸ ਲਈ ਇਨ੍ਹਾਂ ਦੇ) ਹਉਮੈ ਵਿਚ ਕੀਤੇ ਕੰਮ ਖੋਟੇ ਹੀ ਹਨ।੮।

***ਭਾਵਾਰਥ :*** ਭਾਈ ਸਾਹਿਬ ਜੀ ਨੇ ਇਸ ਪਉੜੀ ਵਿਚ ਇਹ ਜਣਾਇਆ ਹੈ ਕਿ ਹਉਮੈ ਵਿਚ ਕਰਮ ਕਰਨ ਵਾਲੇ ਲੋਕ ਮੂਰਖ ਤੇ ਗਵਾਰ ਹਨ ਜੋ ਰੱਬੀ ਦਰਬਾਰ ਵਿਚ ਨਹੀਂ ਕਬੂਲੇ ਜਾਂਦੇ।

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ॥

*(ਸ੍ਰੀ ਰਾਗੁ ਮ: ੩, ਪੰਨਾ ੩੯)*

ਵੀਚਾਰ ਕਰੀਏ ਤਾ ਦਸਾਂ ਅਵਤਾਰਾਂ ਵਿਖੇ ਦੇਤਾ ਦੇ ਹੀ ਝਗੜੇ ਤੇ ਵੈਰ ਵਿਰੋਧ ਰਹੇ ਭਾਵ ਦਸਾ ਅਵਤਾਰਾ ਵਿਖੇ ਰਾਮ ਰਾਜਾ ਆਇਆ ਉਸਨੇ ਰਾਵਣਾਦਿਕ ਦੈਤ ਮਾਰ ਕੇ ਆਪਣਾ ਹੀ ਸਿੱਕਾ ਤੋਰਿਆ, ਸੰਸਾਰ ਦੇ ਉਧਾਰ ਦਾ ਫਿਕਰ ਕਿਸੇ ਨ ਕੀਤਾ, ਇਨ੍ਹਾਂ ਅਵਤਾਰਾਂ ਦੇ ਕਾਰਜ ਹਉਂ ਦੇ ਆਸਰੇ ਹੋਣ ਕਰਕੇ ਭਾਈ ਸਾਹਿਬ ਨੇ ਪਸੰਦ ਨਹੀ ਕੀਤੇ ਕਿਉਂਕਿ ਗੁਰਮਤ ਦੇ ਅਨੁਕੂਲ ਨਹੀਂ ਹਨ।

## *੯. ਮਹਾਂਦੇਵ ਸ਼ਿਵਜੀ*

੧. ਮਹਾਂਦੇਉ ਅਉਧੂਤ ਹੋਇ
ਤਾਮਸ ਅੰਦਰ ਜੋਗ ਨ ਜਾਣੈ।
੨. ਭੈਰੋਂ ਭੂਤ ਕੁਸੂਤ ਵਿਚ
ਖੇਤ੍ਰਪਾਲ ਬੈਤਾਲ ਧਿਗਾਣੈ।
੩. ਅੱਕ ਧਤੂਰਾ ਖਾਵਣਾ
ਰਾਤੀਂ ਵਾਸਾ ਮੜ੍ਹੀ ਮਸਾਣੈ।
੪. ਪੈਨੇ ਹਾਥੀਂ ਸ਼ੀਂਹ ਖੱਲ
ਡਉਰੂ ਵਾਇ ਕਰੈ ਹੈਰਾਣੈ।
੫. ਨਾਥਾਂ ਨਾਥ ਸਦਾਇੰਦਾ
ਹੋਇ ਅਨਾਥ ਨ ਹਰਿ ਰੰਗ ਮਾਣੈ।
੬. ਸਿਰਠਿ ਸੰਘਾਰੈ ਤਾਮਸੀ
ਜੋਗ ਨ ਭੋਗ ਨ ਜੁਗਤਿ ਪਛਾਣੈ।
੭. ਗੁਰਮੁਖ ਸੁਖ ਫਲ ਸਾਧ ਸੰਗਾਣੈ॥੯॥

***ਪਦ ਅਰਥ :*** ਅਉਧੂਤ—ਜੋਗੀ, ਪ੍ਰਾਣਾਯਾਮ ਦੀ ਸਾਧਨਾ ਕਰ ਚੁੱਕਾ ਜੋਗੀ। ਖੇਤ੍ਰਪਾਲ—ਭੂਤ ਜਾਤੀ। ਭੂਤ ਕੁਸੂਤ—ਭੈੜੇ ਕੰਮ, ਬੇਢੰਗੇ ਕੰਮ। ਸੀਂਹ ਖੱਲ—ਸ਼ੇਰ ਦੀ ਖੱਲੜੀ। ਸਿਰਠਿ—ਸ੍ਰਿਸ਼ਟੀ।

### ਅਰਥ

ਪ੍ਰ: ਕਿਉਂ ਭਾਈ ਸਾਹਿਬ ਜੀਉ ! ਜਿਵੇਂ ਆਪ ਜੀ ਬ੍ਰਹਮਾ ਤੇ ਵਿਸ਼ਨੂੰ ਬਾਰੇ ਵਾਕਫ਼ੀਅਤ ਦੇ ਆਏ ਹੋ ਕੀ ਇਸੇ ਤਰ੍ਹਾਂ ਸ਼ਿਵਜੀ ਬਾਰੇ ਭੀ ਜਾਣਕਾਰੀ ਕਰਾਓਗੇ ?

ਉ: ਹੇ ਭਾਈਓ ! ਉਞ ਤਾ ਸ਼ਿਵ ਪੁਰਾਣ ਵਿਚ ਇਸਦੇ ਵੱਡੇ ਵੱਡੇ ਪ੍ਰਸੰਗ ਪੜ੍ਹਨ ਸੁਣਨ ਵਿਚ ਆਉਂਦੇ ਹਨ ਜਿਨ੍ਹਾਂ ਦਾ ਗੁਰਮਤ ਨਾਲ ਵਧੇਰੇ ਤਾਲ-ਮੇਲ ਨਹੀਂ ਹੈ, ਪਰ ਇਸ ਬਾਰੇ ਜੋ ਗੁਰਬਾਣੀ ਵਿਚੋਂ ਸੂਝ-ਬੂਝ ਮਿਲਦੀ ਹੈ, ਉਹ ਮੈਂ ਤੁਹਾਡੀ ਸੇਵਾ ਵਿਚ ਹਾਜ਼ਰ ਕਰਨ ਦਾ ਯਤਨ ਕਰਦਾ ਹਾਂ। ਕਿਉਂਕਿ ਸ਼ਿਵਜੀ ਦੀ ਪੂਜਾ ਕਰਨ ਵਲੋਂ ਗੁਰਮਤ ਨੇ ਵਰਜਿਆ ਹੈ, ਜਿਸ ਸੰਬੰਧੀ ਗੁਰਮਤ ਦੀ ਹਦਾਇਤ ਹੈ ਕਿ ਭੋਲੇ ਭਾਲੇ ਲੋਕ :

ਮਹਾਦੇਵ ਕੌ ਕਹਿਤ ਸਦਾ ਸਿਵ ॥
ਨਿਰੰਕਾਰ ਕਾ ਚੀਨਤ ਨਹਿ ਭਿਵ ॥ (ਚੌਪਈ)

ਭਾਵ ਮਹਾਂਦੇਵ ਨੂੰ ਸਦਾ ਸ਼ਿਵ, ਸਦਾ ਸ਼ਿਵ ਕਹੀ ਜਾਂਦੇ ਹਨ, ਪਰ ਜੋ ਨਿਰੰਕਾਰ ਹੈ ਉਸ ਦੇ ਭੇਦ ਨੂੰ ਜਾਣਦੇ ਹੀ ਨਹੀਂ, ਪਰ ਜਦੋਂ ਗੁਰਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਇਸ ਸ਼ਿਵਜੀ ਦਾ ਸਹੀ ਰੂਪ ਸਾਹਮਣੇ ਆਉਂਦਾ ਹੈ, ਜਿਵੇਂ ਕਿ ਬਾਣੀ ਵਿਚ ਫ਼ੁਰਮਾਨ ਹੈ ਕਿ :

ਪਾਂਡੇ ਤੁਮਰਾ ਮਹਾਦੇਉ
ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥
ਮੋਦੀ ਕੇ ਘਰ ਖਾਣਾ ਪਾਕਾ
ਵਾ ਕਾ ਲੜਕਾ ਮਾਰਿਆ ਥਾ ॥੨॥

(ਬਿਲਾਵਲੁ ਗੋਂਡ, ਪੰਨਾ ੮੭੫)

ਭਾਵ ਹੈ ਕਿ ਇਕ ਮੋਦੀ (ਬਣੀਏ) ਦੇ ਘਰ ਸ਼ਿਵਜੀ ਨੇ ਰੋਟੀ ਮੰਨੀ ਹੋਈ ਸੀ, ਪਰ ਜਦੋਂ ਉਸ ਬਣੀਏ ਦੇ ਮੁੰਡੇ ਨੇ ਰੋਟੀ ਜੂਠੀ ਕੀਤੀ, ਤਾਂ ਗੁੱਸੇ ਵਿਚ ਆ ਕੇ ਸ਼ਿਵਾਂ ਨੇ ਉਸਦਾ ਮੁੰਡਾ ਹੀ ਮਾਰ ਦਿੱਤਾ। ਇਸ ਪ੍ਰਕਾਰ ਦੇ ਹਾਲਾਤ ਜੋ ਪ੍ਰਸਿੱਧ ਹਨ, ਉਨ੍ਹਾਂ ਦੇ ਉਪਾਸ਼ਕ ਸੱਤ ਮੰਨਦੇ ਹਨ, ਜੋ ਗੁਰਮੱਤ ਵਿਚ ਕਬੂਲੇ ਨਹੀਂ ਗਏ।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਜੋ ਸ਼ਿਵਾਂ ਦੇ ਉਪਾਸ਼ਕ ਹਨ, ਆਖ਼ਰ ਉਨ੍ਹਾਂ ਨੇ ਫਲ ਕੀ ਪ੍ਰਾਪਤ ਹੋਵੇਗਾ ?

ਉ: ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰ ਹੋਇ ਅਉਤਰੈ ॥

(ਗੋਂਡ ਬਾਣੀ ਨਾਮਦੇਵ ਜੀ, ਪੰਨਾ ੮੭੪)

ਭਾਵ ਜੋ ਆਦਮੀ ਸ਼ਿਵਜੀ ਨੂੰ ਧਿਆਉਂਦੇ ਹਨ ਉਹ ਮਰ ਕੇ ਬੈਲ ਬਣਦੇ ਹਨ, ਜਿਸ ਉਤੇ ਸ਼ਿਵਜੀ ਚੜ੍ਹਕੇ ਡਉਰੂ ਵਜਾਉਂਦਾ ਹੈ ਅਤੇ ਦੇਵੀ ਦਾ ਪੁਜਾਰੀ ਮਰ ਕੇ ਇਸਤ੍ਰੀ ਦੀ ਜੂਨ ਵਿਚ ਜਾਂਦਾ ਹੈ, ਭਾਵ ਕਿਸੇ ਦੇਵਤੇ ਦੀ ਅਰਾਧਨਾ ਕਰਕੇ ਮਨੁੱਖ ਉਸਦਾ ਰੂਪ ਬਣ ਸਕਦਾ ਹੈ, ਪਰ ਸੰਸਾਰ ਸਮੁੰਦ੍ਰ ਤੋਂ ਮੁਕਤੀ ਦਿਵਾਉਣੀ ਕਿਸੇ ਵੀ ਦੇਵੀ ਦੇਵਤੇ ਦੇ ਵਸ ਵਿਚ ਨਹੀਂ, ਸੁ ਮੁਕਤੀ ਦਾਤਾ ਕੇਵਲ ਪ੍ਰਮੇਸ਼ਰ ਦਾ ਨਾਮ ਹੀ ਹੈ।

ਪ੍ਰ: ਭਾਈ ਸਾਹਿਬ ਜੀਉ ! ਜੋ ਕਿਸੇ ਦੇਵਤੇ ਦਾ ਪੁਜਾਰੀ ਪੂਜਾ ਕਰਕੇ ਉਸਦੀ ਪੁਰੀ ਵਿਚ ਪੁੱਜ ਗਿਆ ਹੈ ਉਹ ਤਾਂ ਸਦਾ ਹੀ ਉਸਦੀ ਪੁਰੀ ਵਿਚ ਹੀ ਵੱਸਦਾ ਰਵੇਗਾ ਉਸਨੂੰ ਤਾਂ ਉਥੋਂ ਨਿਕਲ ਜਾਣ ਦਾ ਕੋਈ ਸੰਸਾ ਨਹੀਂ ?

ਉ: ਹੇ ਭਾਈ ! ਇਹ ਠੀਕ ਹੈ ਕਿ ਜਿਤਨਾ ਸਮਾ ਕਿਸੇ ਦੇਵਤੇ ਦੀ ਪੁਰੀ ਕਾਇਮ ਹੈ ਉਤਨਾ ਚਿਰ ਉਸਨੂੰ ਕੋਈ ਖ਼ਤਰਾ ਨਹੀਂ ਪਰ ਗੁਰਮਤ ਤਾਂ ਇਸ ਤੋਂ ਅਗਲੀ ਜਾਣਕਾਰੀ ਦਰਸਾਉਂਦੀ ਹੈ ਕਿ :

ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥
ਤ੍ਰੈਗੁਣ ਮਾਇਆ ਬਿਨਸਿ ਬਿਤਾਲਾ ॥੨॥

(ਗਉੜੀ ਮ: ੫, ਪੰਨਾ ੨੩੭)

ਭਾਵ ਹੈ ਕਿ ਇਨ੍ਹਾਂ ਦੇਵਤਿਆਂ ਦੀਆ ਪੁਰੀਆਂ ਦਾ ਆਖ਼ਰ ਨੂੰ ਅੰਤ ਹੋਈ ਜਾਣਾ ਹੈ ਜੋ ਪੁਰੀਆਂ ਹੀ ਸਦੀਵੀ ਨਹੀ ਰਹਿਣ ਵਾਲੀਆਂ ਤਾਂ ਦਸੋ ਇਨ੍ਹਾਂ ਦੇ ਵਿਚ ਪੁੱਜਣ ਵਾਲੇ ਪੁਜਾਰੀ ਕਿਵੇਂ ਉਥੇ ਅਸਥਿਰ ਰਹਿਣਗੇ, ਆਖ਼ਰ ਇਨ੍ਹਾ ਦਾ ਭੀ ਅੰਤ ਅਵੱਸ਼ ਹੋ ਜਾਏਗਾ। ਅਗੇ ਹੋਰ ਭੀ ਸਪਸ਼ਟ ਕਰਦੇ ਹਨ ਕਿ :

ਸਿਵ ਪੁਰੀ, ਬ੍ਰਹਮ ਇੰਦ੍ਰ ਪੁਰੀ
ਨਿਹਚਲੁ ਕੋ ਥਾਉ ਨਾਹਿ ॥
ਬਿਨੁ ਹਰਿ ਸੇਵਾ ਸੁਖੁ ਨਹੀ ਹੈ
ਸਾਕਤ ਆਵਹਿ ਜਾਹਿ ॥੩॥

(ਗਉੜੀ ਮ: ੫, ਪੰਨਾ ੨੧੪)

ਇਸ ਲਈ ਹੇ ਭਾਈਓ! ਇਸੇ ਭਾਵ ਦੀਆ ਹੋਰ ਭੀ ਬਹੁਤ ਪੰਗਤੀਆਂ ਹਨ, ਜਿਨ੍ਹਾਂ ਤੋਂ ਪ੍ਰੇਰਤ ਹੋ ਮੈਂ ਸ਼ਿਵਜੀ ਦਾ ਨਮੂਨੇ-ਮਾਤ੍ਰ ਜੀਵਨ ਉਲੀਕਿਆ ਹੈ, ਜਿਵੇਂ ਕਿ:

(੧) ਹੇ ਭਾਈਓ! ਮਹਾਂਦੇਵ ਜੋਗੀ ਬਣਕੇ, ਤਾਮਸੀ (ਕ੍ਰੋਧੀ ਸੁਭਾ) ਅੰਦਰ ਹੀ ਰਿਹਾ, ਜੋਗੀ ਦਾ ਉਸਦਾ ਭੇਖ ਜ਼ਰੂਰ ਸੀ, ਪਰ ਜੋਗ (ਦੀ ਜੁਗਤ, ਮਨ ਬ੍ਰਿਤੀ ਨੂੰ ਸਾਧਣਾ) ਇਹ ਉਸਨੂੰ ਸਮਝ ਨਹੀਂ ਆਈ।

(੨) ਭੈਰੋਂ, ਭੂਤਾਂ ਤੇ ਖੇਤ੍ਰਪਾਲਾਂ (ਭੂਤਾਂ ਦੀ ਕਿਸਮ) ਦੇ ਬੇਤਾਲੇ ਕਸੂਤੇ ਕੰਮਾਂ ਵਿਚ ਪਿਆ ਰਿਹਾ।

(੩) ਅੱਕ ਧਤੂਰਾ ਖਾ ਕੇ, ਮੜੀਆਂ ਤੇ ਮਸਾਣਾਂ ਵਿਚ ਆਸਣ ਲਾਉਂਦਾ ਰਿਹਾ।

(੪) ਹਾਥੀ ਤੇ ਸ਼ੇਰ ਦੀਆਂ ਖੱਲਾਂ ਨੂੰ ਸਰੀਰ ਤੇ ਪਹਿਣਦਾ ਸੀ, ਡਰਾਉਣੀ (ਡੁਗ ਡੁਗੀ) ਵਜਾ ਕੇ (ਸਭ ਨੂੰ) ਹੈਰਾਨ ਕਰਦਾ ਸੀ।

(੫) (ਆਪਣੇ ਆਪ ਨੂੰ ਇਹ) ਨਾਥਾਂ ਦਾ ਨਾਥ ਸਦਵਾਉਂਦਾ ਸੀ, ਪਰ ਅਨਾਥ ਇਸਨੇ ਨਿੰਮ੍ਰਤਾ ਧਾਰਨ ਕਰਕੇ ਹਰੀ ਪ੍ਰਮੇਸ਼ਰ ਦੇ ਰੰਗ ਨੂੰ ਨਹੀਂ ਮਾਣਿਆ।

(੬) ਤਾਮਸੀ (ਸੁਭਾ ਵਾਲਾ) ਬਣਕੇ ਸਾਰੀ ਸ੍ਰਿਸ਼ਟੀ ਨਾਸ ਕਰਨਾ ਉਸ ਦਾ ਕੰਮ ਰਿਹਾ ਜੋਗ ਭੋਗ ਦੀ ਜੁਗਤਿ ਨ ਪਛਾਣੀ (ਭਾਵ, ਵਿਹਾਰ ਪ੍ਰਮਾਰਥ ਦੀ ਸਾਰ ਨ ਜਾਣੀ, ਸ਼ਾਂਤ ਰੂਪ ਹੋ ਕੇ ਸ਼ਾਂਤਿ ਉਪਦੇਸ਼ ਨ ਦਿਤਾ)।

(੭) ਸੰਤਾਂ ਦੀ ਸੰਗਤ ਵਿਖੇ ਮਿਲਕੇ ਗੁਰਮੁਖ (ਪਦ ਰੂਪੀ) ਸੁਖ ਫਲ ਆਤਮ ਲਾਭ ਦਾ ਅਨੰਦ ਪ੍ਰਾਪਤ ਹੁੰਦਾ ਹੈ।੯।

***ਭਾਵਾਰਥ:*** ਭਾਈ ਸਾਹਿਬ ਜੀ ਨੇ ਨਿਖੇਧੀ ਪੱਖ ਦੱਸ ਕੇ ਵਿਧੀ ਪੱਖ ਦਾ ਉਪਦੇਸ਼ ਸਤਿਸੰਗ ਕਰਨ ਦਾ ਕਿਹਾ ਹੈ। ਸ਼ਿਵਾਂ ਦਾ ਗੁੱਸਾ, ਭੂਤਾਂ ਦਾ ਵੱਸ ਕਰਨਾ, ਜ਼ਹਿਰ ਖਾਣੇ, ਮਸਾਣਾਂ ਦਾ ਵਾਸ, ਖੱਲ ਪਹਿਰਨਾ, ਤਮੋਗੁਣ ਵਿਚ ਰਹਿਣਾ, ਜੋਗ ਜੁਗਤਿ ਨਾ ਜਾਨਣੀ, ਇਹ ਸਾਰੇ ਲੱਖਣ ਨਾ ਪਸੰਦ ਕਰਕੇ ਸ਼ੁਧ ਸਤੋਗੁਣ ਦਾ ਰਸਤਾ ਸਾਧ ਸੰਗਤ ਵਿਚ ਦਸ ਕੇ ਉਧਾਰ ਹੋਣ ਦੀ ਪ੍ਰੇਰਨਾ ਕੀਤੀ ਹੈ, ਅਤੇ ਸ਼ਿਵਜੀ ਨੂੰ ਸਤਿਸੰਗ ਤੋਂ ਖ਼ਾਲੀ ਦੱਸ ਕੇ ਉਪਦੇਸ਼ ਦਿਤਾ ਹੈ ਕਿ ਐਨਾ ਵੱਡਾ ਆਦਮੀ ਜਦ ਸਤਿਸੰਗ ਤੋਂ ਬਿਨਾਂ ਦੁਖੀ ਹੋਇਆ ਹੈ ਤਾਂ ਹੋਰ ਜੀਵ ਕਿਸ ਗਿਣਤੀ ਵਿਚ ਗਿਣੇ ਜਾ ਸਕਦੇ ਹਨ। ਇਸ ਲਈ ਸਤਿ ਸੰਗਤ ਹੀ ਕੇਵਲ ਨਾਮ ਸਿਮਰਨ ਦੁਆਰੇ ਸੁੱਖ ਦੀ ਪ੍ਰਾਪਤੀ ਦਾ ਸਾਧਨ ਹੈ।

## ੧੦. ਇੰਦ੍ਰ ਤੇ ਬ੍ਰਹਮਾ ਦੀ ਹਾਲਤ

੧. ਵੱਡੀ ਆਰਜਾ ਇੰਦ੍ਰ ਦੀ
ਇੰਦ੍ਰ ਪੁਰੀ ਵਿਚ ਰਾਜ ਕਮਾਵੈ।
੨. ਚਉਦਹ ਇੰਦ੍ਰ ਵਿਣਾਸ ਕਾਲਿ
ਬ੍ਰਹਮੇ ਦਾ ਇਕ ਦਿਵਸ ਵਿਹਾਵੈ।
੩. ਧੰਧੇ ਹੀ ਬ੍ਰਹਮਾ ਮਰੈ
ਲੋਮਸ ਦਾ ਇਕ ਰੋਮ ਛਿਜਾਵੈ।
੪. ਸ਼ੇਸ਼ ਮਹੇਸ਼ ਵਖਾਣੀਅਨਿ
ਚਿਰੰਜੀਵ ਹੋਇ ਸ਼ਾਂਤਿ ਨ ਆਵੈ।
੫. ਜੋਗ ਭੋਗ ਜਪ ਤਪ ਘਣੇ
ਲੋਕ ਵੇਦ ਸਿਮਰਣ ਨ ਸੁਹਾਵੈ।
੬. ਆਪੁ ਗਵਾਇ ਨ ਸਹਜਿ ਸਮਾਵੈ ॥੧੦॥

***ਪਦ ਅਰਥ:*** ਇੰਦ੍ਰ ਪੁਰੀ—ਸੁਰਗਾਂ ਪੁਰੀ। ਛਿਜਾਵੈ—ਟੁੱਟਣਾ। ਸ਼ੇਸ਼—ਸ਼ੇਸ਼ਨਾਗ। ਲੋਮਸ—ਇਕ ਰਿਖੀ ਦਾ ਨਾਮ। ਮਹੇਸ਼—ਸ਼ਿਵਜੀ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਸਨਾਤਨ ਪੁਸਤਕਾਂ ਵਿਚ ਜਿਕਰ ਸੁਣਨ ਵਿਚ ਆਉਂਦਾ ਹੈ ਕਿ ਪਰਾਤਨ ਸਮੇਂ ਦੇ ਰਿਖੀ, ਮੁਨੀ, ਜੋਗੀ, ਸਿੱਧ ਲੋਕ ਜੋਗ ਅਭਿਆਸ ਦੁਆਰੇ ਆਪਣੇ ਸੁਆਸਾਂ ਨੂੰ ਦਸਮੇਂ ਦੁਆਰ ਠਹਿਰਾ ਕੇ ਆਪਣੀ ਉਮਰ ਨੂੰ ਵਡੇਰੀ ਕਰਨ ਦੇ ਸਾਧਨ ਕਰਦੇ ਰਹੇ ਹਨ, ਕਿਉਂ ਜੀ! ਕੀ ਇਸ ਤਰ੍ਹਾਂ ਕਰਦੇ ਰਹਿਣ ਨਾਲ ਉਨ੍ਹਾਂ ਨੂੰ ਮਾਨਸਕ ਸ਼ਾਂਤੀ ਭੀ ਪ੍ਰਾਪਤ ਹੋ ਜਾਂਦੀ ਸੀ, ਇਸ ਸੰਬੰਧੀ ਗੁਰਮਤ ਦੀ ਕੀ ਰਾਇ ਹੈ, ਦੱਸੋਗੇ?

ਉ: ਹੇ ਭਾਈਓ! ਜੇ ਇਸ ਪੱਖ ਨੂੰ ਗੁਰਮਤ ਦੁਆਰੇ ਪਰਖੀਏ ਤਾਂ ਸੋਝੀ ਮਿਲਦੀ ਹੈ ਕਿ ਗੁਰਮਤ ਵਧੇਰੇ ਉਮਰ ਵਧਾਉਣ ਨਾਲ ਮਾਨਸਕ ਸ਼ਾਂਤੀ ਪ੍ਰਾਪਤ ਹੋ ਜਾਣ ਦੇ ਹੱਕ ਵਿਚ ਨਹੀਂ ਹੈ, ਕਿਉਂਕਿ ਗੁਰ-ਇਤਿਹਾਸ ਨੂੰ ਪੜਚੋਲਨ ਰਾਹੀਂ ਇਹ ਜਾਣਕਾਰੀ ਮਿਲਦੀ ਹੈ ਕਿ ਸੁਮੇਰ ਪ੍ਰਬਤ ਪਰ ਬੈਠੇ ਸਿੱਧ ਲੋਕ ਜੋਗ ਅਭਿਆਸ ਦੀ ਸ਼ਕਤੀ ਨਾਲ ਆਪਣੇ ਸੁਆਸਾਂ ਨੂੰ ਦਸਮੇਂ ਦੁਆਰ ਠਹਿਰਾ ਕੇ ਉਮਰਾਂ ਤਾਂ ਹਜ਼ਾਰਾਂ ਸਾਲਾਂ ਦੀਆਂ ਵਡੇਰੀਆਂ ਕਰ ਬੈਠੇ ਸਨ, ਪਰ ਮਾਨਸਕ ਸ਼ਾਂਤੀ ਪ੍ਰਾਪਤ

ਕਰਨ ਵਲੋਂ ਸੱਖਣੇ ਹੀ ਰਹੇ, ਜਿਸ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਕਹਿਣਾ ਪਿਆ ਕਿ ਹੇ ਸਿਧੋ! ਸੁਣੋ:

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ॥੩॥

*(ਸ੍ਰੀ ਰਾਗੁ ਮ: ੧, ਪੰਨਾ ੧੪)*

ਭਾਵ ਹੈ ਕਿ ਜੇ ਜੋਗ ਬਲ ਦੀ ਸ਼ਕਤੀ ਨਾਲ ਇਤਨੀ ਤਾਕਤ ਭੀ ਹਾਸਲ ਹੋ ਜਾਏ ਪਰ ਜੇ ਉਸਨੂੰ ਪ੍ਰਭੂ ਦਾ ਨਾਮ ਭੁੱਲ ਗਿਆ ਹੈ ਤਾਂ ਗੁਰਮਤ ਅਨੁਸਾਰ ਉਸ ਮਨੁੱਖ ਦੀ ਕੋਈ ਭੀ ਕੀਮਤ ਨਹੀਂ ਹੈ ਕਿਉਂਕਿ ਨਾਮ ਤੋਂ ਸਖਣਾ ਮਨ ਸਦਾ ਹੀ ਅਸ਼ਾਂਤ ਰਹਿੰਦਾ ਹੈ। ਗੁਰਬਾਣੀ ਨੇ ਤਾਂ ਇਹ ਫ਼ੈਸਲਾ ਕੁਨ ਵੀਚਾਰ ਕਹਿ ਦਿਤੀ ਹੈ ਕਿ:

ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ॥੬॥

*(ਸੋਰਠਿ ਮ: ੫, ਪੰਨਾ ੬੪੨)*

ਭਾਵ ਹੈ ਕਿ ਨਾਮ ਤੋਂ ਸੱਖਣਾ ਮਨੁੱਖ ਭਾਵੇਂ ਕਿਤਨੀ ਹੀ ਵਡੇਰੀ ਉਮਰ ਵਾਲਾ ਹੋਵੇ ਉਸਨੂੰ ਹਰੀ ਦਾ ਮਿਲਾਪ ਨਹੀਂ ਹੋ ਸਕਦਾ ਉਸ ਦੀ ਲੰਮੀ ਉਮਰ ਨੂੰ ਤਾਂ ਬਾਣੀ ਨੇ ਉਸ ਸਰਪ ਦੀ ਤੁਲਨਾ ਦਿਤੀ ਹੈ ਜੋ ਵੱਡੀ ਉਮਰ ਵਾਲਾ ਹੈ, ਜਿਵੇਂ ਕਿ ਹੁਕਮ ਆਇਆ ਹੈ:

ਬਿਨੁ ਸਿਮਰਨ ਜੋ ਜੀਵਨੁ ਬਲਨਾ
ਸਰਪ ਜੈਸੇ ਅਰਜਾਰੀ॥
ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥੧॥

*(ਟੋਡੀ ਮ: ੫, ਪੰਨਾ ੭੧੨)*

ਭਾਵ, ਪ੍ਰਭੂ ਦੇ ਨਾਮ ਸਿਮਰਨ ਤੋਂ ਸੱਖਣੀ ਉਮਰ ਤਾਂ ਉਸੇ ਸਰਪ ਦੀ ਤਰ੍ਹਾਂ ਉਸ ਮਨੁੱਖ ਦੀ ਦੁਸ਼ਮਣ ਹੈ ਜਿਵੇਂ ਕਿ ਕਿਸੇ ਸਰਪ ਦੀ ਉਮਰ ਜਿਉਂ ਜਿਉਂ ਵੱਡੀ ਹੁੰਦੀ ਹੈ ਉਸ ਦੀ ਵੈਰੀ ਦਾ ਰੂਪ ਬਣ ਜਾਂਦੀ ਹੈ ਕਿਉਂਕਿ ਸਰਪ ਜਿਵੇਂ ਜਿਵੇਂ ਵੱਡੀ ਉਮਰ ਦਾ ਹੁੰਦਾ ਹੈ ਤਿਉਂ ਤਿਉਂ ਉਸਦਾ ਸਰੀਰ ਭਾਰਾ ਹੁੰਦਾ ਰਹਿੰਦਾ ਹੈ ਜਿਸਨੂੰ ਨਿਰਬਲ ਹੋਣ ਦੇ ਕਾਰਨ ਉਹ ਸਰੀਰ ਨੂੰ ਏਧਰ ਓਧਰ ਦੂਰ ਤਕ ਹਲਾ ਚਲਾ ਨਹੀਂ ਸਕਦਾ ਇਸ ਲਈ ਨਾਮ ਸਿਮਰਨ ਤੋਂ ਸੱਖਣੇ ਮਨੁੱਖ ਦੀ ਉਮਰ ਵਡੇਰੀ ਭੀ ਕੋਈ ਉਸ ਸਰਪ ਨਾਲੋਂ ਵੱਡਾ ਦਰਜਾ ਨਹੀਂ ਰੱਖਦੀ। ਇਸ ਤਰ੍ਹਾਂ ਬਾਣੀ ਵਿਚ ਹੋਰ ਭੀ ਬਹੁਤ ਪੰਗਤੀਆਂ ਆਉਂਦੀਆਂ ਹਨ ਜਿਨ੍ਹਾਂ ਵਿਚ ਨਾਮ ਦੇ ਸਿਮਰਨ ਵਲੋਂ ਸੱਖਣੇ ਮਨੁੱਖਾਂ ਨੂੰ ਉਹ ਭਾਵੇਂ ਕਿਤਨੀ ਹੀ ਵਡੇਰੀ ਉਮਰ ਦੇ ਹਨ ਉਨ੍ਹਾਂ ਨੂੰ ਕੋਈ ਵਡਿਆਈ ਨਹੀ ਦਿਤੀ ਗਈ, ਸਗੋਂ ਘਟੀਆ ਹੀ ਦਰਜਾ ਦਿਤਾ ਗਿਆ ਹੈ, ਉਨ੍ਹਾਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਹ ਉਪ੍ਰੋਕਤ ਪਉੜੀ ਅੰਕਤ ਕੀਤੀ ਹੈ ਜਿਸ ਵਿਚ ਕੇਵਲ ਮਨੁੱਖ ਸ਼੍ਰੇਣੀ ਹੀ ਨਹੀਂ ਸਗੋਂ ਨਾਮ ਤੋਂ ਸੱਖਣੇ ਭਾਵੇਂ ਕਿਤਨੀ ਉਮਰ ਦੇ ਵੱਡੇ ਵੱਡੇ ਦੇਵਤੇ ਹਨ ਉਹ ਭੀ ਨਾਮ ਨਾ ਸਿਮਰਨ ਵਲੋਂ ਅਸ਼ਾਂਤ ਹੀ ਵੇਖਣ ਸੁਣਨ ਵਿਚ ਆਉਂਦੇ ਹਨ, ਜਿਵੇਂ ਕਿ:

(੧) (ਹੇ ਭਾਈ! ਵੇਖੋ ਦੇਵਤਿਆਂ ਦੀ ਗੱਲ ਸੁਣੋ) ਇੰਦ੍ਰ ਦੀ ਉਮਰ ਬਹੁਤ ਵੱਡੀ ਹੈ, ਜੋ ਸੁਰਗ ਪੁਰੀ ਦਾ ਰਾਜ ਕਰ ਰਿਹਾ ਹੈ।

(੨) (ਇਸ ਤੋਂ ਅਗੋਂ ਹੋਰ ਸੁਣੋ ਕਿ ਵੱਡੀ ਉਮਰ ਵਾਲਾ ਇੰਦ੍ਰ ਜਦੋਂ) ੧੪ ਵੇਰ ਜੰਮੇ-ਮਰੇ ਤਾਂ ਉਸਦੀ ਏਨੀ ਉਮਰ ਬੀਤਣ ਤੇ ਬ੍ਰਹਮਾ ਦਾ ਕੇਵਲ ਇਕ ਦਿਨ ਹੀ ਬੀਤਦਾ ਹੈ। (ਭਾਵ, ਬ੍ਰਹਮਾ ਦੇ ਇਕ ਦਿਨ ਵਿਖੇ ਚੋਦਾਂ ਇੰਦ੍ਰ, ਰਾਜ ਕਰਦੇ ਹਨ)।

(੩) ਲੋਮਸ ਨਾਮੇ ਰਿਖੀ (ਦਾਹੜੀ ਦਾ) ਇਕ ਰੋਮ ਹੀ ਪੁੱਟ ਸਿਟਦਾ ਹੈ (ਕਿ ਪਿਉ ਮੇਰਾ ਰੋਜ਼ ਮਰਦਾ ਹੈ, ਭੱਦਣ ਕੋਣ ਪਿਆ ਕਰਾਉਂਦਾ ਫਿਰੇ? ਇਉਂ) ਬ੍ਰਹਮਾ ਜਗਤ ਦੇ ਰਚਣ ਦੇ ਧੰਦਿਆਂ ਵਿਚ ਹੀ ਮਰਦਾ ਹੈ।

(੪) ਸ਼ੇਸ਼ਨਾਗ ਤੇ ਸ਼ਿਵ ਜੀ ਨੂੰ ਚਿਰੰਜੀਵੀ ਹੋ ਕੇ ਵੀ (ਮੁਕੰਮਲ) ਸ਼ਾਂਤੀ ਪ੍ਰਾਪਤ ਨਹੀਂ ਹੋਈ (ਭਾਵੇਂ ਉਹ ਕਿੰਨੇ ਵੱਡੇ ਤੇ ਸਿਮਰਨ ਕਰਨ ਵਾਲੇ ਹਨ)।

(੫) ਜੋਗ, ਭੋਗ, ਜਪ, ਤਪ ਬੜੇ ਹੁੰਦੇ ਹਨ, ਵੇਦਾਂ ਦੇ ਪਾਠ ਤੇ ਸਿਮਰਨ ਭਜਨ ਵੀ ਬਥੇਰੇ ਲੋਕੀ ਕਰਦੇ ਹਨ (ਪਰ ਨਿਰੋਲ ਭੇਖ ਦਿਖਾਵਾ) ਪ੍ਰਭੂ ਨੂੰ ਪਸੰਦ ਨਹੀਂ ਆਉਂਦਾ।

(੬) ਇਸ ਲਈ ਸਭ ਆਪਾ ਹੀ ਜਣਾਉਂਦੇ ਰਹੇ, ਇਸੇ ਕਰਕੇ ਸਹਿਜ ਅਵੱਸਥਾ (ਸ਼ਾਂਤੀ) ਕਿਸੇ ਨੂੰ ਵੀ ਪ੍ਰਾਪਤ ਨਾ ਹੋਈ।੧੦।

***ਭਾਵਾਰਥ :*** ਭਾਈ ਸਾਹਿਬ ਜੀ ਇਸ ਪਉੜੀ ਵਿਚ ਇਹ ਸਿਧਾਂਤ ਜਣਾ ਰਹੇ ਹਨ ਕਿ ਆਤਮਿਕ ਸ਼ਾਂਤੀ ਹਾਸਲ ਕਰਨ ਲਈ ਕੋਈ ਵਡੇਰੀ ਉਮਰ ਦਾ ਹੋਣਾ ਜ਼ਰੂਰੀ ਨਹੀਂ, ਜਿਵੇਂ ਅਸੀਂ ਵੇਖ ਰਹੇ ਹਾਂ ਕਿ ਮਨੁੱਖਾ ਨਾਲੋਂ ਪਿਤਰਾਂ ਦੀ ਅਰ

ਪਿਤਰਾ ਨਾਲੋਂ ਦੇਵਤਿਆਂ ਦੀ, ਦੇਵਤਿਆਂ ਨਾਲੋਂ ਬ੍ਰਹਮਾ ਦੀ, ਬ੍ਰਹਮਾ ਨਾਲੋਂ ਲੋਮਸ ਦੀ ਵੱਡੀ ਉਮਰ ਹੋਈ, ਪਰੰਤੂ ਸ਼ਾਤੀ ਕਿਸੇ ਚਿਰੰਜੀਵੀ ਨੂੰ ਨਾ ਆਈ, ਕਿਉਂਕਿ ਇਹ ਸਾਰੇ ਆਪਾ-ਭਾਵ ਵਿਚ ਹੀ ਡੁੱਬੇ ਰਹੇ। ਪਰ ਜਿਸਨੇ ਹੰਕਾਰ ਮਾਰਿਆ ਹੈ ਉਹ ਸਹਿਜ ਪਦ ਵਿਖੇ ਸਮਾ ਕੇ ਪ੍ਰਮੇਸ਼ਰ ਨੂੰ ਮਿਲਦਾ। ਵਡੇਰੀ ਉਮਰਾ ਨਾਲ ਵਾਹਿਗੁਰੂ ਜੀ ਦਾ ਅਨੰਦ ਪ੍ਰਾਪਤ ਨਹੀਂ ਹੁੰਦਾ।

ਇਹੋ ਗੁਰਮਤ ਦਾ ਸਿਧਾਂਤ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਦਰਸਾਇਆ ਸੀ ਕਿ ਹੇ ਸਿੱਧੋ! ਉਸ ਰੱਬੀ ਦਰਬਾਰ ਵਿਚ ਵੱਡੀ ਉਮਰ ਵਾਲੇ ਦੀ ਕੋਈ ਭੀ ਕੀਮਤ ਨਹੀਂ:

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

*(ਜਪੁਜੀ ਸਾਹਿਬ, ਪੰਨਾ ੨)*

ਹੇ ਸਿਧੋ! ਜੇ ਕਿਸੇ ਦੀ ਉਮਰ ਚਾਰ ਜੁਗਾਂ ਦੀ ਹੋ ਜਾਏ, ਸਗੋਂ ਇਸ ਤੋਂ ਭੀ ਦਸ ਗੁਣਾਂ ਹੋਰ ਹੋ ਜਾਵੇ, ਉਹ ਨੌ ਖੰਡ ਪ੍ਰਿਥਵੀ ਵਿਚ ਭੀ ਜਾਣਿਆ ਜਾਵੇ, ਜਿਧਰ ਜਾਵੇ ਸਾਰੇ ਉਸ ਦੇ ਮਗਰ ਟੁਰੇ ਜਾਣ, ਆਪਣਾ ਨਾਮ ਵੀ ਚੰਗਾ ਰਖਾ ਲਵੇ, ਲੋਕੀਂ ਉਸਦੇ ਸਾਹਮਣੇ ਭੀ ਜਸ ਕਰਨ ਅਤੇ ਪਿੱਠ ਪਿਛੇ ਭੀ ਉਸ ਦੀ ਕੀਰਤੀ ਹੁੰਦੀ ਹੋਵੇ। ਪਰ ਹੇ ਸਿੱਧੋ! ਜੇ ਉਹ ਇੰਨਾ ਕੁਝ ਪ੍ਰਾਪਤ ਕਰਨ ਵਾਲਾ ਉਸ ਪ੍ਰਮੇਸ਼ਰ ਦੀ ਨਜ਼ਰਾਂ ਵਿਚ ਨਹੀਂ ਆਇਆ ਤਾਂ ਉਸਦੀ ਕਿਤੇ ਭੀ ਕੋਈ ਬਾਤ ਨਹੀਂ ਪੁੱਛੇਗਾ ਭਾਵ ਉਸਦੀ ਹਰ ਥਾਂ ਹੀ ਨਿਰਾਦਰੀ ਹੋਵੇਗੀ, ਉਸਦੀ ਆਤਮਾ ਹਮੇਸ਼ਾਂ ਹੀ ਵਿਲਕਦੀ ਰਵੇਗੀ।

ਆਮ ਸੰਸਾਰੀ ਲੋਕਾਂ ਵਿਚ ਇਕ ਇਹੋ ਵਰਦਾਨ ਜਾਂ ਅਸੀਸ ਦਿੱਤੀ ਜਾਂਦੀ ਹੈ ਕਿ ਤੇਰੀ ਉਮਰ ਵੱਡੀ ਹੋਵੇ, ਤੂੰ ਹਜ਼ਾਰਾਂ ਸਾਲ ਜੀਵੇਂ ਪਰ ਗੁਰਮਤ ਅਨੁਸਾਰ ਇਹ ਅਸੀਸ ਕੋਈ ਵਡੇਰੀ ਨਹੀਂ, ਗੁਰੂ ਨਾਨਕ ਦੇਵ ਜੀ ਤਾਂ ਸਦਾ ਇਹੋ ਅਸੀਸ ਦਿਆ ਕਰਦੇ ਸਨ ਕਿ ਤੇਰੀ ਉਮਰ ਸਫਲ ਹੋਵੇ। ਗੁਰਮਤ ਅਨੁਸਾਰ ਮੰਗ ਭੀ ਇਹੋ ਹੈ ਕਿ:

**ਦੇਹੁ ਸਜਣ ਅਸੀਸੜੀਆ**
**ਜਿਉ ਹੋਵੈ ਸਾਹਿਬ ਸਿਉ ਮੇਲੁ॥੩॥**

*(ਗਉੜੀ ਮ: ੧, ਪੰਨਾ ੧੫੭)*

## ੧੧. ਨਾਰਦ ਤੇ ਹੋਰ ਰਿਖੀ ਮੁਨੀ

**੧. ਨਾਰਦ ਮੁਨੀ ਅਖਾਇਦਾ**
**ਆਗਮ ਜਾਣਿ ਨ ਧੀਰਜ ਆਣੈ।**
**੨. ਸੁਣਿ ਸੁਣਿ ਮਸਲਤ ਮਜਲਸੈ**
**ਕਰਿ ਕਰਿ ਚੁਗਲੀ ਆਖਿ ਵਖਾਣੈ।**
**੩. ਬਾਲ ਬੁੱਧਿ ਸਨਕਾਦਿਕਾ**
**ਬਾਲ ਸੁਭਾਉ ਨਵਿਰਤੀ ਹਾਣੈ।**
**੪. ਜਾਇ ਬੈਕੁੰਠ ਕਰੋਧ ਕਰਿ**
**ਦੇ ਸਰਾਪ ਜੈ ਬਿਜੈ ਧਿਙਾਣੈ।**
**੫. ਅਹੰਮੇਉ ਸੁਕਦੇਉ ਕਰਿ**
**ਗਰਭ ਵਾਸਿ ਹਉਮੈ ਹੈਰਾਣੈ।**
**੬. ਚੰਦ ਸੂਰਜ ਅਉਲੰਗ ਭਰੇ**
**ਉਦੈ ਅਸਤ ਵਿਚ ਆਵਣ ਜਾਣੈ।**
**੭. ਸ਼ਿਵ ਸ਼ਕਤੀ ਵਿਚ ਗਰਬ ਗੁਮਾਣੈ ॥੧੧॥**

*ਪਦ ਅਰਥ:* ਆਗਮ—ਸ਼ਾਸਤ੍ਰ। ਮਸਲਤ—ਸਲਾਹ ਮਸਵਰੇ। ਮਜਲਸੈ—ਸਭਾ, ਦਰਬਾਰ। ਬਾਲ ਸੁਭਾਉ—ਬਾਲਾਂ ਵਾਲਾ ਸੁਭਾਓ। ਅਹੰਮੇਵ—ਅਹੰਕਾਰ। ਅਉਲੰਗ—ਦੋਸ, ਦੂਸ਼ਣ। ਸਿਵ ਸਕਤੀ—ਪ੍ਰਭੂ ਦੀ ਮਾਇਆ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਬ੍ਰਹਮਾ ਆਦਿ ਦੇਵਤਿਆਂ ਤੋਂ ਇਲਾਵਾ ਹੋਰ ਭੀ ਨਾਰਦ ਮੁਨੀ ਅਤੇ ਰਿਖੀ ਮੁਨੀ ਹੋਏ ਸੁਣੇ ਜਾਂਦੇ ਹਨ ਇਨ੍ਹਾਂ ਬਾਰੇ ਭੀ ਕੁਝ ਜਾਣਕਾਰੀ ਦਿਉ, ਕਿਉਂਕਿ ਆਪ ਜੀ ਨੂੰ ਤਾਂ ਸਾਰਾ ਪੁਰਾਤਨ ਸ਼ਾਸਤ੍ਰਾਂ ਦਾ ਬੋਧ ਹੈ?

ਉ: ਹੇ ਭਾਈਓ! ਜਦੋਂ ਗੁਰਬਾਣੀ ਦੀ ਵੀਚਾਰ ਕਰੀਏ ਤਾਂ ਇਹ ਨਾਰਦ ਤੇ ਸਾਰਦ ਆਦਿ ਉਸ ਪ੍ਰਭੂ ਦੇ ਦਰ ਦੇ ਸੇਵਕ ਮੰਨੇ ਗਏ ਹਨ, ਇਹ ਠੀਕ ਹੈ ਕਿ ਇਹ ਨਾਰਦ ਸ਼ਾਸਤ੍ਰਾਂ ਦੇ ਗਿਆਨ ਦਾ ਤਾਂ ਗਿਆਤਾ ਸੀ, ਪਰ ਮਨ ਕਰਕੇ ਧੀਰਜ ਤੋਂ ਸੱਖਣਾ ਹੀ ਰਿਹਾ. ਬਾਣੀ ਵਿਚ ਇਨ੍ਹਾਂ ਬਾਰੇ ਕਈ ਥਾਵਾਂ ਪਰ ਜਿਕਰ ਆਉਂਦਾ ਹੈ, ਜਿਵੇਂ ਕਿ:

ਨਾਰਦ ਸਾਰਦ ਸੇਵਕ ਤੇਰੇ॥
ਤ੍ਰਿਭਵਣਿ ਸੇਵਕ ਵਡਹੁ ਵਡੇਰੇ॥

*(ਮਾਰੂ ਮ: ੧, ਪੰਨਾ ੧੦੨੮)*

ਨਾਰਦ ਸਾਰਦ ਕਰਹਿ ਖਵਾਸੀ॥
ਪਾਸਿ ਬੈਠੀ ਬੀਬੀ ਕਵਲਾ ਦਾਸੀ॥੨॥

*(ਆਸਾ ਕਬੀਰ ਜੀ, ਪੰਨਾ ੪੭੯)*

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥

*(ਸਲੋਕ ਮ: ੧, ਪੰਨਾ ੫੫੬)*

ਨਾਰਦ ਮੁਨਿ ਜਨ ਸੁਕ ਬਿਆਸ
ਜਸੁ ਗਾਵਤ ਗੋਬਿੰਦ॥ *(ਸਲੋਕ ੬, ਪੰਨਾ ੨੯੮)*

ਇਸ ਤੋਂ ਆਦਿ ਹੋਰ ਭੀ ਬਹੁਤ ਸਾਰੀਆਂ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਸਤਿਗੁਰੂ ਜੀ ਨੇ ਇਨ੍ਹਾਂ ਦੇ ਅਸ਼ਾਂਤ ਮਨਾਂ ਵੱਲ ਇਸ਼ਾਰਾ ਕੀਤਾ ਹੈ ਕਿ ਇਹ ਨਾਮ ਸਿਮਰਨ ਤੋਂ ਸੱਖਣੇ ਸਦਾ ਹੀ ਤਪਦੇ ਰਹੇ। ਸੋ, ਮੈਂ ਇਨ੍ਹਾਂ ਦੇ ਹਉਮੈ ਭਰੇ ਜੀਵਨਾਂ ਤੋਂ ਪ੍ਰੇਰਤ ਹੋ ਕੇ ਇਹ ਪਉੜੀ ਉਲੀਕਣ ਦਾ ਯਤਨ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ! ਵੇਖੋ) ਨਾਰਦ ਮੁਨੀ ਜੋ ਅਖਵਾਉਂਦਾ ਹੈ, ਉਹ ਸ਼ਾਸਤ੍ਰਾਂ ਦੇ ਗਿਆਨ ਨੂੰ ਜਾਣਦਾ ਸੀ, ਪਰ ਧੀਰਜ ਉਸਨੂੰ ਫੇਰ ਵੀ ਨਾ ਆਈ।
(੨) ਸਭਾ ਦੇ ਦਰਬਾਰਾਂ ਵਿਚ ਇਕ ਦੂਜੇ ਦੀਆਂ ਗੱਲਾਂ ਸੁਣ ਸੁਣ (ਏਧਰ ਦੀਆਂ ਓਧਰ ਤੇ ਓਧਰ ਦੀਆਂ ਏਧਰ) ਚੁਗਲੀਆਂ ਕਰਦਾ ਫਿਰਦਾ ਸੀ।
(੩) ਸਨਕਾਦਿਕ (ਬ੍ਰਹਮਾ ਦੇ ਪੁੱਤ੍ਰ) ਬਾਲਾਂ ਵਾਲੀ ਬੁਧ ਦੇ ਮਾਲਕ ਹੋਣ ਕਾਰਨ ਸਹਿਜ ਪਦ ਤੋਂ ਖ਼ਾਲੀ ਰਹੇ।
(੪) (ਇਕ ਵਾਰ) ਬੈਕੁੰਠ ਨੂੰ ਗਏ, ਤਾਂ ਅਗੋਂ ਜਯ ਬਿਜਯ ਪਹਿਰੇਦਾਰਾਂ ਨੇ ਰੋਕਿਆ ਤਾਂ ਗੁੱਸੇ ਵਿਚ ਆ ਕੇ (ਰਾਕਸ਼ ਹੋਣ ਦਾ) ਸਰਾਪ ਦੇ ਕੇ ਧਿਙਾਣੇ (ਬਦੋਬਦੀ) ਗੁਸੇ ਹੋਣ ਵਾਲੀ ਗੱਲ ਕੀਤੀ (ਭਾਵ ਬਾਲਾਂ ਵਾਲੀ ਚੰਚਲਤਾ ਨਾ ਗਈ)।
(੫) ਹੰਕਾਰ ਕਰਕੇ ਹੀ ਸੁਕਦੇਵ (ਨੂੰ ੧੨ ਸਾਲ ਮਾਂ ਦੇ) ਗਰਭ ਵਿਚ ਹੀ ਹੈਰਾਨ ਹੋਣਾ ਪਿਆ। ਸਿਵ ਦੀ ਸ਼ਕਤੀ (ਮਾਇਆ) ਵਿਚ ਗਰਬ ਤੇ ਗੁਮਾਨ ਕਰਕੇ (ਨਾਸ ਹੋ ਗਏ)।
(੬) ਚੰਦ ਤੇ ਸੂਰਜ ਵੀ ਦੋਸ਼ਾਂ ਵਿਚ ਗੁਸੇ ਹੋਏ ਹਨ, ਇਸ ਲਈ ਉਦੇ ਅਸਤ ਹੋਣ ਵਿਚ ਹੀ ਲੱਗੇ ਰਹਿੰਦੇ ਹਨ।
(੭) ਸਿਵ ਸ਼ਕਤੀ (ਮਾਇਆ) ਵਿਚ ਫਸਿਆਂ ਨੂੰ ਹੰਕਾਰ ਤੇ ਗੁਮਾਨ ਨੇ ਸਭ ਨੂੰ ਨਾਸ ਕਰ ਦਿੱਤਾ ਹੈ।੧੧।

***ਭਾਵਾਰਥ :*** ਭਾਈ ਸਾਹਿਬ ਜੀ ਨੇ ਇਸ ਪਉੜੀ ਵਿਚ ਉਨ੍ਹਾਂ ਗਰਬ ਭਰੇ ਜੀਵਨ ਵਾਲਿਆਂ ਦਾ ਜ਼ਿਕਰ ਕੀਤਾ ਹੈ ਜੋ ਹਉਮੈ ਹੰਕਾਰ ਭਰੇ ਜੀਵਨ ਵਿਚ ਸਦਾ ਹੀ ਤਪਦੇ ਰਹੇ, ਆਖ਼ਰ ਉਹ ਰੱਬ ਨੂੰ ਭੀ ਮਨਜ਼ੂਰ ਨ ਹੋਏ ਕਿਉਂਕਿ ਉਸ ਗਰਬ ਪ੍ਰਹਾਰੀ ਪ੍ਰਭੂ ਨੂੰ ਹੰਕਾਰੀ ਮਨੁੱਖ ਭਾਉਂਦਾ ਹੀ ਨਹੀਂ, ਇਸ ਦੇ ਸੰਬੰਧ ਵਿਚ ਬਾਣੀ ਅੰਦਰ ਕਈ ਥਾਵਾਂ 'ਤੇ ਜ਼ਿਕਰ ਆਉਂਦਾ ਹੈ, ਜਿਵੇਂ ਕਿ :

ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ॥
ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ॥੩੨॥

*(ਪਉੜੀ ੩੨, ਪੰਨਾ ੩੧੭)*

ਜੋ ਜੋ ਗਰਬੁ ਕਰੇ ਸੋ ਜਾਇ॥
ਗਰੀਬ ਦਾਸ ਕੀ ਪ੍ਰਭੁ ਸਰਣਾਇ॥

*(ਗੋਂਡ ਮ: ੫, ਪੰਨਾ ੮੬੮)*

ਇਥੇ ਭਾਈ ਸਾਹਿਬ ਪੁਰਾਤਨ ਰਿਖੀਆਂ ਮੁਨੀਆਂ ਦੀਆਂ ਪੁਰਾਣਕ ਕਥਾਵਾਂ ਦੱਸਕੇ ਗੁਰਮਤ ਦਾ ਇਹ ਸਿਧਾਂਤ ਦਰਸਾਉਂਦੇ ਹਨ ਕਿ ਹੇ ਭਾਈਓ! ਤੁਸੀਂ ਹਉਮੈ ਹੰਕਾਰ ਭਰੇ ਜੀਵਨ ਵਲੋਂ ਬਚਕੇ ਰਹੋ, ਕਿਉਂਕਿ ਹਉਮੈ ਨੇ ਸਾਰੇ ਰਿਖੀਆਂ ਮੁਨੀਆਂ ਨੂੰ ਦੁਖ ਹੀ ਦਿੱਤਾ ਹੈ, ਇਸ ਲਈ ਤੁਸੀਂ ਨਿਰ-ਹੰਕਾਰ ਹੋ ਸਾਧ ਸੰਗਤ ਕਰੋ ਜਿਸ ਸੰਗਤ ਦਾ ਸਦਕਾ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ, ਕਿਉਂਕਿ ਸੰਗਤ ਵਲੋਂ ਸਖਣੇ ਰਹਿ ਕੇ ਐਡੇ ਵੱਡੇ ਵੱਡੇ ਉਚੇ ਕਹਾਉਣ ਵਾਲੇ ਮਾਇਆ ਦੇ ਚੱਕਰ ਵਿਚ ਉਲਝ ਕੇ ਸੁਖੀ ਨ ਹੋ ਸਕੇ, ਇਸ ਲਈ ਇਨ੍ਹਾਂ ਦੇਵਤਿਆਂ ਦੀ ਪੂਜਾ ਦਾ ਤਿਆਗ ਕਰਕੇ ਕੇਵਲ ਉਸੇ ਨਿਰੰਕਾਰ ਦੀ ਅਰਾਧਨਾ ਕਰੋ, ਜਿਸ ਦਰ ਦੇ ਇਹ ਸਾਰੇ ਦੇਵਤੇ ਲੋਕ ਭਿਖਾਰੀ ਹਨ, ਸੋ ਮੰਗਤੇ ਲੋਕਾਂ ਤੋਂ ਮੰਗਣ ਜਾਣ ਵਲੋਂ ਸਦਾ ਹੀ ਸੰਕੋਚ ਕਰਦੇ ਰਹਿਣਾ ਚਾਹੀਦਾ ਹੈ।

## ੧੨. ਵੱਡੇ ਵੱਡੇ ਜਤੀ ਸਤੀ, ਜੋ ਜੁਗਤ ਤੋਂ ਖ਼ਾਲੀ ਰਹਿ ਗਏ

੧. ਜਤੀ ਸਤੀ ਸੰਤੋਖੀਆ
ਜਤ ਸਤ ਜੁਗਤਿ ਸੰਤੋਖ ਨ ਜਾਤੀ।
੨. ਸਿੱਧ ਨਾਥ ਬਹੁ ਪੰਥ ਕਰਿ
ਹਉਮੈਂ ਵਿਚ ਕਰਨਿ ਕਰਮਾਤੀ।

**੩. ਚਾਰਿ ਵਰਨ ਸੰਸਾਰ ਵਿੱਚ**
**ਖਹਿ ਖਹਿ ਮਰਦੇ ਭਰਮਿ ਭਰਾਤੀ।**
**੪. ਛਿਅ ਦਰਸ਼ਨ ਹੋਇ ਵਰਤਿਆ**
**ਬਾਰਹ ਬਾਟ ਉਚਾਟ ਜਮਾਤੀ।**
**੫. ਗੁਰਮੁਖ ਵਰਨ ਅਵਰਨ ਹੋਇ**
**ਰੰਗ ਸੁਰੰਗ ਤੰਬੋਲ ਸੁਹਾਤੀ।**
**੬. ਛੇ ਰੁਤਿ ਬਾਰਹ ਮਾਹ ਵਿੱਚ**
**ਗੁਰਮੁਖ ਦਰਸ਼ਨ ਸੁੱਝ ਸੁਝਾਤੀ।**
**੭. ਗੁਰਮੁਖ ਸੁਖ ਫਲ ਪਿਰਮ ਪਰਾਤੀ ॥੧੨॥**

***ਪਦ ਅਰਥ :*** ਭਰਮਿ ਭਰਾਤੀ—ਭਰਮ ਦਾ ਭੁਲਾਵਾ। ਸੁੱਝ ਸੁਝਾਤੀ—ਸੂਰਜ ਦਾ ਚਾਨਣ। ਬਾਰਹ ਬਾਟ—ਬਾਰਾਂ ਰਸਤੇ ਅਥਵਾ ਪੰਥ। ਤੰਬੋਲ ਸੁਹਾਤੀ—ਪਾਨ ਸੁਭਾਇਮਾਨ। ਪਿਰਮ ਪਰਾਤੀ—ਪਿਰੀ ਦਾ ਪ੍ਰੇਮ ਰਸ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸਨਾਤਨ ਧਰਮ ਵਿਚ ਮਨੁੱਖ ਨੂੰ ਜਤੀ, ਸਤੀ, ਸੰਤੋਖੀ ਆਦਿ ਕਰਮ ਕਰਨ ਲਈ ਵਧੇਰੇ ਪ੍ਰੇਰਿਆ ਗਿਆ ਹੈ, ਅਤੇ ਵਧੇਰੇ ਲੋਕੀਂ ਇਨ੍ਹਾਂ ਹੀ ਕਰਮਾਂ ਦੇ ਕਰਨ ਵਿਚ ਪ੍ਰਵਿਰਤ ਸਨ। ਪਰ ਗੁਰੂ ਨਾਨਕ ਦੇਵ ਜੀ ਦੀ ਗੁਰਮਤ ਨੇ ਇਨ੍ਹਾਂ ਸਾਰੇ ਜੋਗ, ਜਗ, ਜਪ, ਤਪ ਦੇ ਟਾਕਰੇ ਵਿਚ ਨਵੀਨ ਹੀ ਸਾਧਨ ਪ੍ਰਚੱਲਤ ਕਰ ਦਿਤੇ, ਕਿਉਂ ਜੀ! ਦਸੋਗੇ ਇਸਦਾ ਸਹੀ ਕਾਰਨ ਕੀ ਸੀ?

ਉ: ਹੇ ਭਾਈਓ! ਜਦੋਂ ਗੁਰਬਾਣੀ ਦੀ ਪੜਚੋਲ ਕਰੀਏ ਤਾਂ ਸਾਨੂੰ ਸਹਿਜੇ ਹੀ ਬੋਧ ਹੋ ਆਉਂਦਾ ਹੈ ਕਿ ਇਹ ਸਾਰੇ ਜਪ, ਤਪ, ਪੁਰਾਤਨ ਜੁਗਾਂ ਦੇ ਹੀ ਧਰਮ ਸਨ, ਜਿਨ੍ਹਾਂ ਦੇ ਕਰਨ ਦੀ ਇਸ ਕਲਜੁਗ ਦੇ ਸਮੇਂ ਵਿਚ ਰੁਤ ਨਹੀਂ ਹੈ, ਇਸ ਸੰਬੰਧੀ ਬਾਣੀ ਵਿਚ ਕਈ ਥਾਵਾਂ ਤੇ ਚਾਨਣਾ ਪਾਇਆ ਗਿਆ ਹੈ, ਜਿਸ ਵਿਚੋਂ ਕੁਝ ਪੰਗਤੀਆਂ ਇਥੇ ਅੰਕਤ ਕਰਨ ਦਾ ਮੈਂ ਯਤਨ ਕਰਦਾ ਹਾਂ। ਜਿਵੇਂ ਕਿ :

ਚਹੁ ਜੁਗਾ ਕਾ ਹੁਣਿ ਨਿਬੇੜਾ
ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ
ਸੋਧਿ ਦੇਖਹੁ ਬੇਦ ਪੁਰਾਣਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ
ਜਗਿ ਤੇ ਪੂਰੇ ਪਰਵਾਣਾ ॥੩॥
*(ਬਿਲਾਵਲੁ ਮ: ੩, ਪੰਨਾ ੭੯੭)*

ਜਤੁ ਸਤੁ ਸੰਜਮੁ ਸਚੁ ਸੁਚੀਤੁ ॥
ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥
*(ਰਾਮਕਲੀ ਮ: ੧, ਪੰਨਾ ੯੦੩)*

ਜਤੁ ਸਤੁ ਸੰਜਮੁ ਸਚੁ ਕਮਾਵੈ
ਗੁਰਿ ਪੂਰੈ ਨਾਮੁ ਧਿਆਵਣਿਆ ॥੩॥
*(ਮਾਝ ਮ: ੩, ਪੰਨਾ ੧੨੫)*

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ
ਸਾਚ ਸਬਦਿ ਰਸਿ ਲੀਣਾ ॥੧॥
*(ਰਾਮਕਲੀ ਮ: ੧, ਪੰਨਾ ੯੦੭)*

ਜਤੁ ਸਤੁ ਸੰਜਮੁ ਸੀਲੁ ਨ ਰਾਖਿਆ
ਪ੍ਰੇਤ ਪਿੰਜਰ ਮਹਿ ਕਾਸਟੁ ਭਇਆ ॥
ਪੁੰਨੁ ਦਾਨੁ ਇਸਨਾਨੁ ਨ ਸੰਜਮੁ
ਸਾਧ ਸੰਗਤਿ ਬਿਨੁ ਬਾਦਿ ਜਇਆ ॥
*(ਰਾਮਕਲੀ ਮ: ੧, ਪੰਨਾ ੯੦੬)*

ਤੀਰਥ ਵਰਤ ਨੇਮ ਕਰਹਿ ਉਦਿਆਨਾ ॥
ਜਤੁ ਸਤੁ ਸੰਜਮੁ ਕਥਹਿ ਗਿਆਨਾ ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ
ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥
*(ਮਾਰੂ ਮ: ੧, ਪੰਨਾ ੧੦੪੩)*

ਜਤੁ ਸਤੁ ਸੰਜਮੁ ਕਰਮ ਕਮਾਵੈ
ਬਿਨੁ ਗੁਰ ਗਤਿ ਨਹੀ ਪਾਈ ॥
ਨਾਨਕ ਤਿਸ ਨੋ ਸਬਦੁ ਬੁਝਾਏ
ਜੋ ਜਾਇ ਪਵੈ ਹਰਿ ਸਰਣਾਈ ॥੩॥
*(ਵਡਹੰਸੁ ਮ: ੩, ਪੰਨਾ ੫੭੧)*

ਜਤੁ ਸਤੁ ਸੰਜਮੁ ਨਾਮੁ ਹੈ
ਵਿਣੁ ਨਾਵੈ ਨਿਰਮਲੁ ਨ ਹੋਇ ॥
*(ਸ੍ਰੀ ਰਾਗੁ ਮ: ੩, ਪੰਨਾ ੩੩)*

ਈਸਰੁ ਬ੍ਰਹਮਾ ਦੇਵੀ ਦੇਵਾ ॥
ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥
ਜਤੀ ਸਤੀ ਕੇਤੇ ਬਨਵਾਸੀ
ਅੰਤੁ ਨ ਕੋਈ ਪਾਇਦਾ ॥੩॥
*(ਮਾਰੂ ਮ: ੧, ਪੰਨਾ ੧੦੩੪)*

ਜਤੁ ਸਤੁ ਤੀਰਥੁ ਮਜਨੁ ਨਾਮਿ॥
ਅਧਿਕ ਬਿਥਾਰੁ ਕਰਉ ਕਿਸੁ ਕਾਮਿ॥
*(ਗਉੜੀ ਮ: ੧, ਪੰਨਾ ੧੫੩)*

ਜਤੀ ਸਦਾਵਹਿ ਜੁਗਤਿ ਨ ਜਾਣਹਿ
ਛਡਿ ਬਹਹਿ ਘਰ ਬਾਰੁ॥ *(ਮ: ੧, ਪੰਨਾ ੪੬੯)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਤ ਹੋ ਮੈਂ ਇਹ ਪਉੜੀ ਉਚਾਰਨ ਕੀਤੀ ਹੈ ਕਿ ਪੁਰਾਣੇ ਜੁਗਾਂ ਦੇ ਲੋਕ ਜਤੀ, ਸਤੀ, ਸੰਤੋਖੀ ਤਾਂ ਆਪਣੇ ਆਪ ਨੂੰ ਸਦਵਾਉਂਦੇ ਸਨ ਤੇ ਬਾਹਰਲਾ ਸਰੀਰਕ ਸ਼ਿੰਗਾਰ ਭੀ ਧਾਰਨ ਕਰ ਰਖਿਆ ਸੀ, ਉਹ ਭਾਵੇਂ ਸਰੀਰ ਪਰ ਧਾਰਨ ਕੀਤੇ ਹੋਏ ਚਿਹਨਾਂ ਦੇ ਸਹੀ ਅਰਥਾਂ ਵਲੋਂ ਤਾਂ ਨਾਵਾਕਫ਼ ਸਨ, ਪਰ ਇਸ ਬਾਹਰਲੇ ਧਾਰਨ ਕੀਤੇ ਹੋਏ ਪਹਿਰਾਵੇ ਦਾ ਉਨ੍ਹਾਂ ਦੇ ਮਨ ਵਿਚ ਬੜਾ ਹੰਕਾਰ ਸੀ ਜਿਸ ਹਉਮੈ ਹੰਕਾਰ ਨੂੰ ਬਾਣੀ ਵਿਚ ਦੀਰਘ ਰੋਗ ਦਰਸਾਇਆ ਹੈ, ਜਿਸ ਰੋਗ ਦਾ ਬੀਮਾਰ ਸਦਾ ਹੀ ਵਿਲਕਦਾ ਰਹਿੰਦਾ ਹੈ, ਉਹ ਭਾਵੇਂ ਕੋਈ ਜੋਗੀ ਹੈ ਭਾਵੇਂ ਕੋਈ ਜਪ, ਤਪ, ਕਰਨ ਵਾਲਾ ਤਪੀਆ ਹੈ, ਇਹ ਹਉਮੈ ਦਾ ਰੋਗ ਨਾਮ ਸਿਮਰਨ ਤੋਂ ਬਿਨਾ ਹੋਰ ਕਿਸੇ ਭੀ ਵੱਡੇ ਤੋਂ ਵੱਡੇ ਸਾਧਨ ਕਰਨ ਨਾਲ ਦੂਰ ਨਹੀਂ ਹੁੰਦਾ ਜਿਨ੍ਹਾਂ ਵਿਚੋਂ ਕੁਝ ਕੁ ਅਜਿਹੇ ਲੋਕਾਂ ਦਾ ਨਾਮ-ਮਾਤ੍ਰ ਇਸ ਪਉੜੀ ਅੰਦਰ ਜ਼ਿਕਰ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ! ਵੇਖੋ, ਜੋ ਲੋਕ ਆਪਣੇ ਆਪ ਨੂੰ) ਜਤੀ, ਸਤੀ ਤੇ ਸੰਤੋਖੀਆ ਅਖਵਾਉਂਦੇ ਸਨ, ਪਰ (ਅਸਲ ਵਿਚ ਉਹ ਹਉਮੈ ਦੇ ਕਾਰਨ) ਨਾ ਜਤ ਦੀ ਨਾ ਸਤ ਦੀ ਜੁਗਤ ਤੇ ਨਾ ਸੰਤੋਖੀਆਂ ਦੀ ਹਾਲਤ ਨੂੰ ਜਾਣ ਸਕੇ।

(੨) ਸਿੱਧਾਂ ਨਾਥਾਂ (ਜੋਗੀਆਂ) ਨੇ ਬਹੁਤ ਪੰਥ (ਧਰਮ ਰਸਤੇ) ਚਲਾਏ ਤੇ ਹਉਮੈ ਦੇ ਕਾਰਨ (ਆਪਣੇ ਆਪ ਨੂੰ) ਕਰਾਮਾਤੀ ਬਣ ਬਣ ਦਿਖਾਂਦੇ ਰਹੇ।

(੩) ਚਾਰ ਵਰਣ (ਖੱਤ੍ਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼) ਸੰਸਾਰ ਵਿਚ ਹਨ ਜੋ ਭਰਮ ਦੇ ਕਾਰਨ ਖਹਿ ਖਹਿ ਕੇ ਲੜ ਰਹੇ ਹਨ।

(੪) ਛਿਅ ਦਰਸ਼ਨ (ਧਰਮ) ਹੋ ਕੇ ਲੋਕ ਵਰਤ ਰਹੇ ਤੇ ਜੋਗੀਆਂ ਦੇ ੧੨ ਪੰਥਾਂ ਦੀਆਂ ਮੰਡਲੀਆਂ ਹਨ (ਜੋ ਆਪਣੇ ਚੇਲਿਆਂ ਨੂੰ ਉਦਾਸੀਆਂ ਵਿਚ ਪਾ ਭਟਕਣਾ ਵਿਚ ਮਗਰ ਲਾਈ ਫਿਰਦੇ) ਹਨ।

(੫) (ਪਰ) ਗੁਰਮੁਖ ਕਿਸੇ ਵਰਨ ਅਵਰਨ ਦਾ ਹੋਵੇ (ਉਹ ਗੁਰਮੁਖੀ ਗੁਣਾਂ ਨਾਲ) ਪਾਨਾਂ ਦੇ ਰੰਗ ਵਰਗੇ ਲਾਲ ਗੁਲਾਲ ਸੋਂਭਦੇ ਹਨ।

(੬) ਛਿਅ ਰੁਤਾਂ ਤੇ ੧੨ ਮਹੀਨਿਆਂ ਵਿਚ ਸੂਰਜ ਇਕ ਰਸ ਪ੍ਰਕਾਸ਼ ਕਰਦਾ ਹੈ, (ਉਸੇ ਤਰ੍ਹਾਂ) ਗੁਰਮੁਖਾਂ ਦੇ ਦਰਸ਼ਨ ਸਦਾ ਹੀ ਪ੍ਰਕਾਸ਼ਵਾਨ ਹਨ।

(੭) ਗੁਰਮੁਖਾਂ ਨੇ ਸੁਖ ਫਲ (ਕੇਵਲ ਇਕ ਪ੍ਰਭੂ) ਦੇ ਪ੍ਰੇਮ ਨੂੰ ਹੀ ਜਾਣਿਆ ਹੈ।੧੨।

***ਭਾਵਾਰਥ :*** ਭਾਈ ਸਾਹਿਬ ਨੇ ਇਸ ਉਪ੍ਰੋਕਤ ਪਉੜੀ ਵਿਚ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਪੁਰਾਤਨ ਜੁਗਾਂ ਤੇ ਅਜੋਕੇ ਜੁਗ ਦੇ ਕਰਮਾਂ ਧਰਮਾਂ ਦਾ ਅੰਤਰਾ ਦੱਸ ਕੇ ਇਹ ਨਿਰਣਾ ਕੀਤਾ ਹੈ ਕਿ ਇਨ੍ਹਾਂ ਦਾ ਪਰਸਪਰ ਉੱਕਾ ਹੀ ਤਾਲਮੇਲ ਨਹੀਂ ਬੈਠਦਾ ਕਿਉਂਕਿ ਵਖੋ ਵੱਖ ਜੁਗਾਂ ਦੇ ਭਿੰਨ ਭਿੰਨ ਧਰਮ ਹਨ, ਜਿਵੇਂ ਕਿ ਸਤਿਜੁਗ ਦੇ ਲੋਕ ਸੱਤ ਪ੍ਰਤਗੀ ਵਧੇਰੇ ਸਨ, ਤ੍ਰੇਤੇ ਜੁਗ ਵਿਚ ਵਧੇਰੇ ਜੱਗ ਕੀਤੇ ਜਾਂਦੇ ਸਨ ਅਤੇ ਦੁਆਪਰ ਵਿਚ ਲੋਕੀਂ ਕਈ ਪ੍ਰਕਾਰ ਦੀ ਪੂਜਾ ਕਰਿਆ ਕਰਦੇ ਸਨ, ਭਾਵ ਜਤ ਸੰਜਮ, ਜੱਗ, ਭੋਗ, ਤਪ ਆਦਿ ਪਿਛਲੇ ਗੁਜ਼ਰ ਚੁੱਕੇ ਜੁਗਾਂ ਦੇ ਨਾਲ ਹੀ ਗੁਜ਼ਰ ਗਏ ਹਨ। ਇਸ ਲਈ ਗੁਰਮਤ ਨੇ ਵੇਖਿਆ ਕਿ ਇਹ ਸਾਰੇ ਕਰਮ ਕਲਜੁਗ ਵਿਚ ਹੋਣੇ ਅਸੰਭਵ ਹਨ, ਕਿਉਂਕਿ ਕਲਜੁਗ ਦਾ ਮਨੁੱਖ ਵੇਦ ਨਹੀਂ ਪੜ੍ਹ ਸਕਦਾ ਕਿਉਂਕਿ ਇਸਦੀ ਬੁੱਧੀ ਸੰਸਕ੍ਰਿਤ ਪੜ੍ਹਨ ਵਲੋਂ ਅਸਮਰੱਥ ਹੈ, ਜੱਗ ਨਹੀਂ ਕਰ ਸਕਦਾ ਕਿਉਂਕਿ ਇਹ ਵਧੇਰੇ ਧਨਵਾਨ ਨਹੀਂ, ਪੁਰਾਣੇ ਜੁਗਾਂ ਦੇ ਲੋਕਾਂ ਵਾਂਗ ਇਹ ਜੋਗ ਸਾਧਨਾ ਨਹੀ ਕਰ ਸਕਦਾ ਕਿਉਂਕਿ ਇਸਦੀ ਉਮਰ ਬਹੁਤ ਛੋਟੀ ਹੈ, ਇਸ ਲਈ ਸਤਿਗੁਰੂ ਜੀ ਨੇ ਇਸ ਕਲਜੁਗ ਦੇ ਜੀਵਾਂ ਨੂੰ ਇਨ੍ਹਾਂ ਸਾਰੇ ਹੀ ਪੱਖਾਂ ਵੱਲੋਂ ਕਮਜ਼ੋਰ ਵੇਖ ਕੇ ਇਹ ਨਵੀਨ ਗੁਰਮਤ ਦਾ ਪ੍ਰਕਾਸ਼ ਕੀਤਾ ਜੋ ਕਿ ਚਾਰੇ ਹੀ ਵਰਣਾ ਦੇ ਲੋਕਾ ਨੂੰ ਸਾਂਝੀਵਾਲ ਬਣਾਇਆ, ਅਤੇ ਸਾਰੇ ਹੀ ਲੋਕਾਂ ਨੂੰ ਵੰਗਾਰ ਕੇ ਕਹਿ ਸੁਣਾਇਆ ਕਿ ਐ ਲੋਕੋ! ਸੁਣੋ :

ਖਤ੍ਰੀ ਬ੍ਰਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥
ਗੁਰੁ ਨਾਨਕ ਉਪਦੇਸੁ ਕਹਤੁ ਹੈ
ਜੋ ਸੁਨੈ ਸੋ ਪਾਰਿ ਪਰਾਨਥ॥੪॥ *(ਮਾਰੂ ਮ: ੫, ਪੰਨਾ ੧੦੦੧)*

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ
ਕੋ ਜਾਪੈ ਹਰਿ ਮੰਤ੍ਰੁ ਜਪੈਨੀ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ
ਨਿਤ ਸੇਵਹੁ ਦਿਨਸੁ ਸਭ ਰੈਨੀ॥੧॥
*(ਬਿਲਾਵਲੁ ਮ: ੪, ਪੰਨਾ ੮੦੦)*

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ॥
ਜਿਨਿ ਜਾਨਿਓ ਪ੍ਰਭੁ ਆਪਨਾ
ਨਾਨਕ ਤਿਸਹਿ ਰਵਾਲ॥੧੭॥

*(ਗਉੜੀ, ਪਉੜੀ ੧੭, ਪੰਨਾ ੩੦੦)*

ਭਾਵ ਹੈ, ਮਨੂੰ ਜੀ ਨੇ ਬੇਦਾਂ ਦੇ ਪੜ੍ਹਨ ਦਾ ਸ਼ੂਦਰਾਂ ਨੂੰ ਹੱਕ ਨਹੀਂ ਸੀ ਦਿੱਤਾ ਧਰਮ ਮੰਦਰਾਂ ਦੇ ਦਰਵਾਜ਼ੇ ਭੀ ਸ਼ੂਦਰਾਂ ਲਈ ਬੰਦ ਸਨ, ਪਰ ਗੁਰਮਤ ਨੇ ਸਾਰਿਆਂ ਨੂੰ ਹੱਕ ਦੇ ਕੇ ਨੇੜਤਾ ਦਿਤੀ। ਗੁਰਮਤ ਨੇ ਸਾਰੇ ਹੀ ਕਲਿਜੁਗ ਦੇ ਜੀਵਾਂ ਨੂੰ ਸਾਂਝਾ ਉਪਦੇਸ਼ ਦਿਤਾ ਕਿ ਹੇ ਭਾਈਓ:

ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥
ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥

*(ਬਸੰਤੁ ਮ: ੫, ਪੰਨਾ ੧੧੮੫)*

ਭਾਵ ਹੈ ਕਿ ਹੇ ਭਾਈਓ! ਹੁਣ ਕਲਿਜੁਗ ਆ ਗਿਆ ਹੈ ਕੇਵਲ ਨਾਮ ਸਿਮਰਨ ਦੀ ਰੁਤ ਹੈ, ਉਹ ਹੁਣ ਪੁਰਾਣੇ ਜੁਗਾਂ ਦੀ ਰੁਤ ਨਹੀਂ ਜਿਸ ਵਿਚ ਤੁਸੀਂ ਸੈਂਕੜੇ ਵਰ੍ਹੇ ਜੋਗ ਸਾਧਨਾ ਕਰਦੇ ਰਹੇ, ਧੂਣੀਆਂ ਤਾਪਦੇ ਰਹੇ, ਜੱਗ ਕਰਦੇ ਰਹੇ, ਇਨ੍ਹਾਂ ਦੇ ਕਰਨ ਦਾ ਕੋਈ ਭੀ ਫਲ ਨਹੀਂ ਮਿਲੇਗਾ, ਇਹ ਗੁਰਬਾਣੀ ਦਾ ਫ਼ੁਰਮਾਨ ਹੈ ਕਿ:

ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ॥੧॥

*(ਪੰਨਾ ੧੦੦੨)*

ਭਾਵ ਹੈ ਰੁਤ ਕੋਈ ਹੋਰ ਹੋਵੇ ਬੀਜ ਕੋਈ ਹੋਰ ਬੀਜਿਆ ਜਾਵੇ ਉਹ ਫਲਦਾ ਫੁਲਦਾ ਨਹੀਂ ਕਿਉਂਕਿ ਇਹ ਭੀ ਬਾਣੀ ਵਿਚ ਸੰਕੇਤ ਦਰਜ ਹੈ, ਜਿਵੇਂ ਕਿ:

ਕੁਰੁਤਾ ਬੀਜੁ ਬੀਜੇ ਨਾਹੀ ਜੰਮੈ
ਸਭੁ ਲਾਹਾ ਮੂਲੁ ਗਵਾਇਦਾ॥੫॥ *(ਪੰਨਾ ੧੦੭੫)*

ਭਾਵ ਹੈ ਜਿਵੇਂ ਅਨਰੁਤਾ ਬੀਜ ਬੀਜਿਆ ਹੋਇਆ ਨਹੀਂ ਜੰਮਦਾ, ਇਸੇ ਤਰ੍ਹਾਂ ਨਾਮ ਤੋਂ ਬਿਨਾ ਹੋਰ ਕਿਸੇ ਜੁਗ ਦੇ ਕਰਮ ਕੀਤੇ ਜਾਣ ਉਹ ਨਹੀਂ ਹੁੰਦੇ। ਇਸ ਲਈ ਇਹ ਕਲਿਜੁਗ ਦਾ ਸਮਾਂ ਕੇਵਲ ਨਾਮ ਬੀਜ ਬੀਜਣੇ ਦੀ ਹੀ ਰੁਤ ਹੈ।

## ੧੩. ਧਰਤੀ ਤੇ ਬਨਾਸਪਤੀ ਦੇ ਰੁੱਖ

੧. ਪੰਜ ਤੱਤ ਪਰਵਾਣ ਕਰਿ
ਧਰਮਸਾਲ ਧਰਤੀ ਮਨਿ ਭਾਣੀ।
੨. ਪਾਣੀ ਅੰਦਰ ਧਰਤਿ ਧਰਿ
ਧਰਤੀ ਅੰਦਰ ਧਰਿਆ ਪਾਣੀ।
੩. ਸਿਰ ਤਲਵਾਏ ਰੁੱਖ ਹੋਇ
ਨਿਹਚਲ ਚਿਤ ਨਿਵਾਸ ਬਿਬਾਣੀ।
੪. ਪਰਉਪਕਾਰੀ ਸੁਫਲ ਫਲਿ
ਵੱਟ ਵਗਾਇ ਸਿਰਠਿ ਵਰਸਾਣੀ।
੫. ਚੰਦਨ ਵਾਸ ਵਣਾਸਪਤਿ
ਚੰਦਨ ਹੋਇ ਵਾਸੁ ਮਹਕਾਣੀ।
੬. ਸ਼ਬਦ ਸੁਰਤਿ ਲਿਵ ਸਾਧ ਸੰਗਿ
ਗੁਰਮੁਖਿ ਸੁਖ ਫਲ ਅੰਮ੍ਰਿਤ ਬਾਣੀ।
੭. ਅਬਿਗਤਿ ਗਤਿ ਅਤਿ ਅਕਥ ਕਹਾਣੀ॥੧੩॥

***ਪਦ ਅਰਥ:*** ਪਰਵਾਣੁ—ਪ੍ਰਮਾਣੀਕ, ਪੰਚੀ ਕਰਨ। ਸਿਰ ਤਲਵਾਏ—ਉਲਟੇ। ਬਿਬਾਣੀ—ਜੰਗਲ, ਉਜਾੜ। ਵੱਟ ਵਗਾਇ—ਵੱਟਾ ਮਾਰਿਆਂ, ਢੀਮਾਂ ਮਾਰਨੀਆਂ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਤੁਸਾਂ ਤਾਂ ਪੁਰਾਤਨ ਪੁਸਤਕਾਂ ਦੀ ਵਧੇਰੇ ਪੜਚੋਲ ਕੀਤੀ ਹੈ ਕੀ ਇਹ ਭੀ ਦੱਸਣ ਦੀ ਖੇਚਲ ਕਰੋਗੇ ਕਿ ਇਹ ਦਿੱਸਣ ਵਾਲਾ ਸੰਸਾਰ ਦਾ ਸਾਰਾ ਪਸਾਰਾ ਕਿਵੇਂ ਤੇ ਕਦੋਂ ਤੋਂ ਬਣਿਆ ਚਲਿਆ ਆ ਰਿਹਾ ਹੈ ਅਤੇ ਕਦੋਂ ਤਕ ਰਵੇਗਾ?

ਉ: ਹੇ ਭਾਈਓ! ਇਸ ਤੁਹਾਡੇ ਪ੍ਰਸ਼ਨ ਵਿਚ ਬੜੀ ਵੱਡੀ ਗੰਭੀਰਤਾ ਹੈ ਜਿਸ ਦੇ ਸੰਬੰਧ ਵਿਚ ਮੈਂ ਆਪਣੇ ਵਲੋਂ ਕੁਝ ਕਹਿਣ ਦੀ ਸਮਰੱਥਾ ਨਹੀਂ ਰੱਖਦਾ। ਪਰ ਹਾਂ, ਇਸ ਦੇ ਬਾਰੇ ਵਿਚ ਜੋ ਮੈਨੂੰ ਪੁਰਾਤਨ ਪੁਸਤਕਾਂ ਪੜ੍ਹਨ ਤੇ ਸੁਣਨ ਵਿਚ ਆਈਆਂ ਹਨ, ਉਹ ਭਾਵੇਂ ਸਾਰੇ ਦੇ ਸਾਰੇ ਵੀਚਾਰ ਤਾਂ ਮੇਰੇ ਚੇਤੇ ਨਹੀਂ ਪਰ ਜਿਤਨੇ ਕੁ ਮੈਨੂੰ ਚੇਤੇ ਹਨ ਉਹ ਮੈਂ ਆਪ ਜੀ ਨੂੰ ਹਾਜ਼ਰ ਕਰ ਸਕਦਾ ਹਾਂ। ਹੇ ਭਾਈਓ! ਜਦੋਂ ਅਸੀਂ 'ਸਿੱਖ ਪੰਥ' ਦੇ ਵੀਚਾਰ ਪੜ੍ਹਦੇ ਹਾਂ ਤਾਂ ਉਸਦਾ ਕਰਤਾ 'ਪੰਚੀ ਕਰਨ' ਦਾ ਬਿਰਤਾਂਤ ਇਉਂ ਦੱਸਦਾ ਹੈ ਕਿ ਪਹਿਲੇ ਪੰਜ ਤੱਤ ਉਤਪਤ ਕੀਤੇ, ਫਿਰ ਤੱਤ ਦੇ ਟੁਕੜੇ ਬਣਾਏ, ਉਨ੍ਹਾਂ ਵਿਚੋਂ ਇਕ ਟੁਕੜਾ ਫੜ ਲੀਤਾ, ਉਸਦੇ ਚਾਰ ਟੋਟੇ ਕੀਤੇ। ਆਪੋ ਆਪਣੇ ਵੱਡੇ ਭਾਗ ਨੂੰ ਉਹ ਸਾਰੇ ਛੱਡਦੇ ਗਏ। ਹੋਰ ਹੋਰ ਵੱਡੇ ਭਾਗਾਂ ਵਿਚ ਚਾਰ ਜਾ ਮਿਲੇ, ਇਕ ਵੱਡਾ ਤੇ ਚਾਰ ਛੋਟੇ ਮਿਲ ਕੇ ਪੰਜ ਪਾਂਜੇ ਪੰਜੀ ਭਾਗ ਹੋਣ ਕਰਕੇ ਪੰਚੀਕਰਨ ਹੋ ਗਿਆ, ਇਸ ਤੋਂ ਚੌਦਾਂ ਲੋਕ ਹੋਏ। ਅਕਾਸ਼ ਤੱਤ ਵਿਖੇ ਇਕੋ 'ਸ਼ਬਦ' ਗੁਣ ਹੈ।

ਵਾਯੂ ਵਿਖੇ ਸ਼ਬਦ ਤੇ ਸਪਰਸ ਦੋ ਗੁਣ ਹਨ। ਅਗਨਿ ਵਿਖੇ ਸ਼ਬਦ ਸਪਰਸ਼, ਰੂਪ ਇਹ ਤਿੰਨ ਗੁਣ ਹਨ। ਜਲ ਵਿਖੇ ਸ਼ਬਦ, ਸਪਰਸ਼, ਰੂਪ ਤੇ ਰਸ, ਚਾਰ ਗੁਣ ਹਨ। ਧਰਤੀ ਵਿਖੇ ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਇਹ ਪੰਜੇ ਗੁਣ ਵਿਦਮਾਨ ਵੇਖੀਦੇ ਹਨ।

ਹੇ ਭਾਈ! ਤੁਸੀਂ ਜਿਤਨੇ ਭੀ ਪੁਰਾਤਨ ਹੋ ਗੁਜ਼ਰੇ ਬੁਧੀਜੀਵੀਆਂ ਦੇ ਵੀਚਾਰ ਪੜ੍ਹੋਗੇ ਉਨ੍ਹਾਂ ਨੇ ਇਸ ਸ੍ਰਿਸ਼ਟੀ ਦੀ ਰਚਨਾ ਨੂੰ ਭਿੰਨ ਭਿੰਨ ਰੂਪ ਵਿਚ ਮੰਨਿਆ ਹੈ ਕਿਸੇ ਦਾ ਵੀਚਾਰ ਹੈ ਕਿ ਇਹ ਰਚਨਾ ਕਾਲ ਤੋਂ ਬਣੀ ਹੈ, ਕਿਸੇ ਦੇ ਖ਼ਿਆਲ ਮੁਤਾਬਕ ਇਹ ਸੁਭਾਵਕ ਹੀ ਬਣ ਗਈ ਹੈ, ਕਿਸੇ ਦਾ ਵੀਚਾਰ ਹੈ ਕਿ ਇਹ ਪ੍ਰਕ੍ਰਿਤੀ ਤੇ ਸ਼ਕਤੀ ਤੋਂ ਬਣੀ ਹੈ।

ਇਸ ਤੋਂ ਇਹ ਅਵੱਸ਼ ਸਿੱਧ ਹੁੰਦਾ ਹੈ ਕਿ ਇਹ ਰਚਨਾ ਕਿਸੇ ਦਾ ਕੀਤਾ ਹੋਇਆ 'ਕਰਮ' ਜਾਂ ਕਾਰਜ ਹੈ। ਸੋ ਕਰਮ ਅਤੇ ਕਾਰਜ ਤੋਂ ਪਹਿਲੇ ਕਰਤੇ ਦਾ ਹੋਣਾ ਜ਼ਰੂਰੀ ਹੈ, ਕਿਉਂਕਿ ਕਾਰਣ ਤੋਂ ਬਿਨਾਂ ਕਾਰਜ ਦੀ ਉਤਪਤੀ ਹੋ ਹੀ ਨਹੀਂ ਸਕਦੀ।

**ਪੁਰਾਤਨ ਹਿੰਦੂ ਰਿਸ਼ੀ**

(੧) ਹੇ ਭਾਈਓ! ਜਦੋਂ ਅਸੀਂ ਹਿੰਦੂ ਰਿਸ਼ੀਆਂ ਦੇ ਵਲੋਂ ਲਿਖੀਆਂ ਗਈਆਂ ਪੁਸਤਕਾਂ ਪੜ੍ਹਦੇ ਸੁਣਦੇ ਹਾਂ ਤਾਂ ਉਨ੍ਹਾਂ ਦਾ ਇਹ ਵੀਚਾਰ ਹੈ ਕਿ ਪਹਿਲੋਂ 'ਹਿਰਨ ਗਰਭ' ਹੋਇਆ ਇਸ ਤੋਂ ਅਗੇ ਜਗਤ ਉਤਪਤੀ ਹੋਈ, ਇਹ ਕਹਿੰਦੇ ਹਨ ਕਿ ਸਭ ਤੋਂ ਪਹਿਲੇ ਪਾਣੀ ਬਣਿਆ, ਉਸ ਪਾਣੀ ਵਿਚੋਂ ਇਕ ਅੰਡਾ ਪੈਦਾ ਹੋਇਆ, ਉਸ ਅੰਡੇ ਦੇ ਦੋ ਹਿੱਸੇ ਹੋਏ ਉਸ ਵਿਚ ਇਕ ਇਸਤ੍ਰੀ ਸੀ ਅਤੇ ਦੂਜਾ ਮਰਦ ਸੀ। ਸੋ ਇਨ੍ਹਾਂ ਦੀ ਵੀਚਾਰ ਧਾਰਾ ਦਸਦੀ ਹੈ ਕਿ ਇਸ ਦ੍ਰਿਸ਼ਟਮਾਨ ਜਗਤ ਦੀ ਰਚਨਾ ਬ੍ਰਹਮਾ ਨੇ ਕੀਤੀ ਹੈ।

**ਦਾਰਸ਼ਨਿਕ ਮੱਤ**

(੨) ਜਦੋਂ ਅਸੀਂ ਦਾਰਸ਼ਨਿਕ ਮੱਤਾਂ ਨੂੰ ਪੜਚੋਲੀਏ ਤਾਂ ਇਨ੍ਹਾਂ ਵਿਚ ਇਕ ਮੱਤ ਦੀ ਰਾਇ ਹੈ ਕਿ ਇਹ ਜਗਤ ਰਚਨਾ ਅਨਾਦੀ ਹੈ ਤੇ ਇਹ ਪ੍ਰਵਾਹ ਦੀ ਤਰ੍ਹਾਂ ਵਗਣ ਵਾਲੀ ਸ਼ੈ ਹੈ, ਇਹ ਹਮੇਸ਼ਾਂ ਤੋਂ ਹੀ ਤੁਰੀ ਆਈ ਹੈ ਤੇ ਇਸੇ ਤਰ੍ਹਾਂ ਹੀ ਹਮੇਸ਼ਾਂ ਤੁਰੀ ਚਲਦੀ ਜਾਵੇਗੀ। ਸੋ ਉਸਦਾ ਨ ਆਦਿ ਹੈ ਅਤੇ ਨਾ ਹੀ ਕਦੀ ਅੰਤ ਹੋਵੇਗਾ।

**ਵੇਦਾਂਤ ਮੱਤ**

(੩) ਹੇ ਭਾਈ! ਜਦੋਂ ਵੇਦਾਂਤੀਆਂ ਦੇ ਵੀਚਾਰ ਪੜ੍ਹਦੇ ਹਾਂ ਉਹ ਇਹ ਸੰਮਤੀ ਰਖਦੇ ਹਨ ਕਿ ਆਤਮਾ ਤੋਂ ਪੰਜ ਮਹਾਂਭੂਤ (ਤੱਤ) ਪੈਦਾ ਹੋਏ, ਜਿਨ੍ਹਾਂ ਤੋਂ ਅਗੇ ਜਗਤ ਰਚਨਾ ਬਣੀ ਹੈ, ਪਰ ਇਨ੍ਹਾਂ ਦੇ ਵੀਚਾਰ ਵਿਚ ਇਹ ਜਗਤ ਕਲਪਣਾ ਮਾਤ੍ਰ ਹੀ ਹੈ।

**ਈਸਾਈ ਮੱਤ**

(੪) ਜਦੋਂ ਈਸਾਈਆਂ ਦਾ ਮੱਤ ਪੜ੍ਹੀਏ ਤਾਂ ਉਨ੍ਹਾਂ ਦੀ ਰਾਇ ਇਹ ਹੈ ਕਿ ਈਸ਼ਵਰ ਇਸ ਜਗਤ ਰਚਨਾ ਨੂੰ ਸੱਤ ਦਿਨ ਲਗਾਤਾਰ ਰਚਦਾ ਰਿਹਾ ਅਤੇ ਸਤਵੇਂ ਦਿਨ ਐਤਵਾਰ ਨੂੰ ਅਰਾਮ ਕੀਤਾ।

**ਇਸਲਾਮ ਮੱਤ**

(੫) ਇਸਲਾਮ ਮੱਤ ਇਹ ਨਿਹਚਾ ਰਖਦਾ ਹੈ ਕਿ ਰੱਬ ਨੇ (ਕੁੰਨ) ਸ਼ਬਦ ਕਿਹਾ ਤਾਂ ਸ੍ਰਿਸ਼ਟੀ ਦੀ ਰਚਨਾ ਰਚੀ ਗਈ, ਪਰ ਜਦੋਂ ਉਹ ਇਸ ਰਚਨਾ ਨੂੰ ਨਾਸ ਕਰਨਾ ਚਾਹੇਗਾ ਤਾਂ ਇਹ ਨਾਸ ਹੋ ਜਾਏਗੀ।

**ਸਾਇੰਸਦਾਨੀ ਮੱਤ**

(੬) ਜਦੋਂ ਅਸੀਂ ਕਈ ਪੱਛਮੀ ਵਿਦਵਾਨਾਂ ਅਤੇ ਸਾਇੰਸਦਾਨਾਂ ਤੇ ਉਚੇਚਾ ਡਾਰਵਨ ਦੀ ਦਲੀਲ ਪੜ੍ਹਦੇ ਹਾਂ ਤਾਂ ਉਹ ਕਹਿੰਦਾ ਹੈ ਕਿ ਇਹ ਜਗਤ ਪਹਿਲੋਂ ਗਰਮ ਲੋਹੇ ਵਾਂਗੂੰ ਪੰਘਰਿਆ ਹੋਇਆ ਦ੍ਰਵ੍ਯ ਸੀ, ਜਦੋਂ ਉਸ ਵਿਚੋਂ ਸਹਿਜੇ ਸਹਿਜੇ ਗਰਮੀ ਘਟ ਗਈ, ਫਿਰ ਉਹ ਚਿੱਕੜ ਦੀ ਸ਼ਕਲ ਬਣ ਗਈ, ਉਸ ਵਿਚ ਜੀਵ ਜੰਤ ਤੇ ਕੀੜੇ ਮਕੌੜੇ ਪੈਦਾ ਹੋ ਗਏ, ਬਨਸਪਤੀ ਪੈਦਾ ਹੋ ਗਈ। ਸੂਰਜ, ਚੰਦ, ਤਾਰੇ ਪਹਾੜ ਆਦਿ ਬਣ ਗਏ ਅਤੇ ਬਾਂਦਰਾਂ ਤੋਂ ਮਨੁੱਖ ਬਣ ਗਏ।

**ਸਮਾਂ**

ਪ੍ਰ: ਕਿਉਂ ਭਾਈ ਸਾਹਿਬ ਜੀਉ! ਕੀ ਆਪ ਜੀ ਨੇ ਇਸ ਜਗਤ ਰਚਨਾ ਰਚੀ ਜਾਣ ਬਾਰੇ ਕਿਸੇ ਵਲੋਂ ਸਮਾਂ ਨੀਅਤ ਕੀਤਾ ਗਿਆ ਭੀ ਪੜਚੋਲਿਆ ਹੈ, ਜੇ ਖੋਜ ਕੀਤੀ ਹੋਵੇ ਤਾਂ ਇਹ ਭੀ ਜਾਣਕਾਰੀ ਦੇ ਦਿਓ?

ਉ: ਹੇ ਭਾਈਓ! ਇਸ ਬਾਰੇ ਭੀ ਭਿੰਨ ਭਿੰਨ ਰਾਵਾਂ ਪੜ੍ਹਨ ਵਿਚ ਆਉਂਦੀਆਂ ਹਨ, ਜਿਵੇਂ ਕਿ:

(੧) ਹਿੰਦੂ ਫ਼ਿਲਾਸਫ਼ੀ ਭਾਵ ਹਿੰਦੂ ਮੱਤ ਕਹਿੰਦਾ ਹੈ ਕਿ ਇਸ ਜਗਤ ਰਚਨਾ ਰਚੀ ਨੂੰ **ਇਕ ਅਰਬ ਛਿਆਨਵੇਂ ਕ੍ਰੋੜ ਅੱਠ ਲੱਖ ਤਰਵੰਜਾ ਹਜ਼ਾਰ ਵਰ੍ਹੇ** ਹੋ ਗਏ ਹਨ।

(੨) ਈਸਾਈ ਮੱਤ ਕਹਿੰਦਾ ਹੈ ਕਿ ਕੇਵਲ **ਛੇ ਹਜ਼ਾਰ ਵਰ੍ਹੇ** ਹੀ ਹੋਏ ਹਨ।

(੩) ਮੁਸਲਮਾਨਾਂ ਦੇ ਮੱਤ ਅਨੁਸਾਰ ਜਗਤ ਦੀ ਰਚਨਾ ਨੂੰ ਰਚਿਆਂ **ਚੌਦਾਂ ਹਜ਼ਾਰ ਵਰ੍ਹੇ** ਗੁਜ਼ਰ ਚੁਕੇ ਹਨ।

(੪) ਪਰ ਜਦੋਂ ਅਸੀਂ ਪੱਛਮੀ ਲੇਖਕਾਂ ਦੀ ਰਾਇ ਪੜ੍ਹਦੇ ਹਾਂ ਤਾਂ ਉਨ੍ਹਾਂ ਵਿਚੋਂ ਕਈਆਂ ਦਾ ਖ਼ਿਆਲ ਹੈ ਕਿ ਜਦੋਂ ਇਹ ਧਰਤੀ ਬਨਸਪਤੀ ਪੈਦਾ ਕਰਨ ਦੇ ਯੋਗ ਹੋਈ

ਉਸ ਅਰੰਭਤਾ ਦੇ ਸਮੇਂ ਨੂੰ **ਡੇਢ ਕਰੋੜ ਸਾਲ** ਗੁਜ਼ਰ ਗਏ ਹਨ।

(੫) ਪਰ ਜਦੋਂ ਅਸੀਂ ਪ੍ਰੋਫ਼ੈਸਰ ਕੇਰਲਾ ਦਾ ਖ਼ਿਆਲ ਪੜ੍ਹੀਏ ਤਾਂ ਉਹ ਕਹਿੰਦਾ ਹੈ ਕਿ ਜਗਤ ਰਚਨਾ ਰਚੀ ਗਈ ਨੂੰ **ਸੱਤ ਕ੍ਰੋੜ ਸਾਲ** ਬੀਤ ਗਏ ਹਨ।

(੬) ਵਿਲੀਅਮ ਟਾਮਸ ਦੇ ਮੱਤ ਅਨੁਸਾਰ ਜਗਤ ਰਚਨਾ ਰਚੀ ਗਈ ਨੂੰ **ਦਸ ਕ੍ਰੋੜ** ਸਾਲ ਗੁਜ਼ਰ ਗਏ ਹਨ।

(੭) ਪਰ ਜਦੋਂ ਅਸੀਂ ਪ੍ਰੋਫ਼ੈਸਰ ਹਿਲਨਰ ਦੇ ਵੀਚਾਰ ਪੜ੍ਹੀਏ ਤਾਂ ਉਹ ਇਸ ਜਗਤ ਰਚਨਾ ਬਣੀ ਨੂੰ ਕੇਵਲ **ਦੋ ਕ੍ਰੋੜ ਸਾਲ** ਹੀ ਬੀਤੇ ਦਸਦਾ ਹੈ।

ਹੇ ਭਾਈਓ! ਇਸੇ ਤਰ੍ਹਾਂ ਹੋਰ ਭੀ ਕਈ ਮੱਤ ਜਗਤ ਰਚਨਾ ਬਾਰੇ ਦਰਸਾਏ ਜਾ ਸਕਦੇ ਹਨ, ਪਰ ਇਨ੍ਹਾਂ ਸਾਰਿਆਂ ਦੇ ਜਗਤ ਰਚਨਾ ਬਾਰੇ ਵੀਚਾਰ ਪ੍ਰਸਪਰ ਇਕ ਦੂਜੇ ਨਾਲ ਤਾਲ-ਮੇਲ ਨਹੀਂ ਰੱਖਦੇ, ਇਸ ਲਈ ਇਸ ਪੱਖ ਨੂੰ ਹੋਰ ਵਧੇਰੇ ਵਧਾਉਣ ਵਲੋਂ ਸੰਕੋਚ ਹੀ ਕਰਦੇ ਹਾਂ।

ਪ੍ਰ: ਭਾਈ ਸਾਹਿਬ ਜੀਉ! ਅਸੀਂ ਸਾਰੇ ਹੀ ਸਰੋਤੇ ਆਪ ਜੀ ਦੇ ਅਤੀ ਸ਼ੁਕਰ ਗੁਜ਼ਾਰ ਹਾਂ, ਕਿ ਤੁਸਾਂ ਸਾਨੂੰ ਥੋੜ੍ਹੇ ਹੀ ਸਮੇਂ ਵਿਚ ਬਹੁਤ ਸਾਰੇ ਪੁਰਾਤਨ ਰਿਖੀਆਂ ਮੁਨੀਆਂ ਦੇ ਵੀਚਾਰਾਂ ਤੋਂ ਜਾਣੂ ਕਰਾਉਣ ਦੀ ਖੇਚਲ ਕੀਤੀ ਹੈ। ਪਰ ਭਾਈ ਸਾਹਿਬ ਜੀਉ! ਅਸੀਂ ਵਧੇਰੇ ਗੁਰਬਾਣੀ ਦੇ ਸ਼ਰਧਾਲੂ ਹਾਂ ਅਤੇ ਗੁਰਬਾਣੀ ਤੇ ਹੀ ਇਤਿਕਾਦ ਰੱਖਦੇ ਹਾਂ ਇਸ ਲਈ ਅਸੀਂ ਚਾਹੁੰਦੇ ਹਾਂ ਕਿ ਆਪ ਜੀ ਸਾਨੂੰ ਇਸ ਜਗਤ ਰਚਨਾ ਬਾਰੇ ਗੁਰਬਾਣੀ ਦਾ ਪੱਖ ਦਰਸਾਓ ਕਿ ਇਸ ਜਗਤ ਦੀ ਰਚਨਾ ਕਿਵੇਂ ਤੇ ਕਦੋਂ ਤੇ ਕਿਉਂ ਰਚੀ ਗਈ ਤਾਂ ਕਿ ਅਸੀਂ ਸਾਰੇ ਹੀ ਉਸੇ ਪੱਖ ਤੇ ਦ੍ਰਿੜ੍ਹ ਵਿਸ਼ਵਾਸ ਧਾਰਨ ਕਰ ਰਖੀਏ?

ਉ: ਹੇ ਭਾਈਓ! ਜੇ ਅਸੀਂ ਨਿਰਪੱਖ ਹੋ ਕੇ ਵੀਚਾਰ ਕਰੀਏ ਤਾਂ ਸਾਨੂੰ ਇਹ ਨਿਰ-ਸੰਦੇਹ ਹੋ ਮੰਨਣਾ ਪਵੇਗਾ ਕਿ ਜਿਨ੍ਹਾਂ ਸਿਖ਼ਰਾਂ 'ਤੇ ਸਾਨੂੰ ਗੁਰਮਤ ਪੁਚਾਉਣਾ ਚਾਹੁੰਦੀ ਹੈ ਬਾਕੀ ਤੇ ਮੱਤ ਮਤਾਂਤ੍ਰ ਸਭ ਉਰਾਰ ਹੀ ਰਹਿ ਜਾਂਦੇ ਹਨ, ਜਾਂ ਇਉਂ ਭੀ ਕਹਿ ਸਕਦੇ ਹਾਂ ਕਿ ਜਿਥੇ ਜਾ ਕੇ ਸਾਰੇ ਮੱਤ ਰੁਕ ਜਾਂਦੇ ਹਨ, ਗੁਰਮਤ ਉਥੋਂ ਅਗੇ ਅਰੰਭ ਹੁੰਦੀ ਹੈ।

ਹੇ ਭਾਈ! ਇਹੋ ਪ੍ਰਸ਼ਨ ਸੁਮੇਰ ਪਰਬਤ ਦੇ ਵਾਸੀ ਸਿੱਧਾਂ ਨੇ ਕੀਤਾ ਸੀ ਕਿ ਹੇ ਬਾਲੇ! ਦੱਸ, ਇਹ ਜਗਤ ਰਚਨਾ ਕਿਵੇਂ ਰਚੀ ਗਈ ਹੈ ਤਾਂ ਉਨ੍ਹਾਂ ਦੇ ਪ੍ਰਸ਼ਨ ਨੂੰ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਜਪੁਜੀ ਸਾਹਿਬ ਵਿਚ ਅੰਕਤ ਕੀਤਾ ਹੈ:

ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ
ਜਿਤੁ ਹੋਆ ਆਕਾਰੁ॥ *(ਜਪੁਜੀ, ਪੰਨਾ ੪)*

ਭਾਵ ਇਹ ਦੱਸ ਕਿ ਇਸ ਜਗਤ ਦੇ ਅਕਾਰ ਦੀ ਅਰੰਭਤਾ ਦਾ ਵੇਲਾ, ਵਖਤ, ਥਿਤਿ, ਵਾਰ, ਰੁਤ, ਮਹੀਨਾ ਕੇਹੜਾ ਸੀ? ਤਾਂ ਆਪ ਜੀ ਨੇ ਉੱਤਰ ਦਿਤਾ ਸੀ ਕਿ ਹੇ ਸਿਧੋ! ਸੁਣੋ:

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥
*(ਜਪੁਜੀ ਪੰਨਾ, ੪)*

ਭਾਵ ਆਪ ਜੀ ਨੇ ਕਿਹਾ ਸੀ ਕਿ ਸਿਧੋ! ਨਾ ਕੋਈ ਪੰਡਤ, ਨਾ ਕਾਜ਼ੀ, ਨਾ ਜੋਗੀ, ਇਸ ਭੇਦ ਨੂੰ ਕੋਈ ਭੀ ਨਹੀਂ ਜਾਣਦਾ, ਜੇ ਕੋਈ ਜਾਣ ਸਕਦਾ ਤਾਂ ਉਹ ਜ਼ਰੂਰ ਕਿਸੇ ਪੁਰਾਣ ਜਾਂ ਕੁਰਾਨ ਵਿਚ ਲਿਖ ਦੇਂਦਾ ਪਰ ਐਸਾ ਕਿਤੇ ਭੀ ਨਹੀਂ ਮਿਲਦਾ ਇਸ ਲਈ ਇਹੋ ਹੀ ਕਹਿਣਾ ਪਵੇਗਾ ਕਿ ਜਿਸ ਕਰਤੇ ਨੇ ਇਸ ਜਗਤ ਦੀ ਰਚਨਾ ਰਚੀ ਹੈ ਉਹ ਇਸ ਬਾਰੇ ਖ਼ੁਦ ਹੀ ਜਾਣਦਾ ਹੈ। ਇਸੇ ਭਾਵ ਦੀਆਂ ਹੋਰ ਭੀ ਬਾਣੀ ਵਿਚ ਪੰਗਤੀਆਂ ਦਰਜ ਹਨ, ਜਿਵੇਂ ਕਿ:

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ॥ *(ਮ: ੪, ਪੰਨਾ ੫੫੨)*

ਬੀਓ ਪੂਛਿ ਨ ਮਸਲਤਿ ਧਰੈ॥
ਜੋ ਕਿਛੁ ਕਰੈ ਸੁ ਆਪਹਿ ਕਰੈ॥
*(ਗੋਂਡ ਮ: ੫, ਪੰਨਾ ੮੬੩)*

ਭਾਵ ਹੈ ਕਿ ਇਸ ਸੰਸਾਰ ਦੀ ਰਚਨਾ ਰਚਨ ਸਮੇਂ ਕਿਸੇ ਦੂਸਰੇ ਨੂੰ ਪੁਛਿਆ ਹੀ ਨਹੀਂ, ਕਿਸੇ ਦੂਸਰੇ ਨਾਲ ਸਲਾਹ ਹੀ ਨਹੀਂ ਕੀਤੀ, ਭਾਵ ਜਦੋਂ ਦੂਸਰਾ ਹੋਰ ਕੋਈ ਹੈ ਹੀ ਨਹੀਂ ਸੀ ਤਾਂ ਦੱਸੋ ਸਲਾਹ ਕਿਸ ਨਾਲ ਕਰਨੀ ਸੀ। ਸੋ ਪੁਰਾਤਨ ਤੇ ਵਰਤਮਾਨ ਸਮੇਂ ਦੇ ਵਿਗਿਆਨਕਾਂ ਦੇ ਜਗਤ ਰਚਨਾ ਸੰਬੰਧੀ ਵੀਚਾਰਾਂ ਨੂੰ ਗੁਰਬਾਣੀ ਦੀਆਂ ਪੰਗਤੀਆਂ ਨਿਰਮੂਲ ਸਿੱਧ ਕਰਦੀਆਂ ਹਨ। ਸੋ, ਮੈਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ

ਕੇ ਇਸ ਉਪ੍ਰੋਕਤ ਪਉੜੀ ਦੀਆਂ ਪੰਗਤੀਆਂ ਅੰਕਤ ਕੀਤੀਆਂ ਹਨ, ਜਿਸ ਵਿਚ ਇਹੋ ਭਾਵ ਜਣਾਇਆ ਹੈ ਕਿ ਹੇ ਭਾਈਓ! ਉਸ ਅਕਾਲ ਪੁਰਖ ਨੇ:

(੧) ਪੰਜਾਂ ਤੱਤਾਂ (ਧਰਤੀ, ਅਕਾਸ਼, ਹਵਾ, ਅਗਨੀ ਤੇ ਪਾਣੀ) ਨੂੰ ਇਕੱਠਿਆਂ ਕਰ, ਧਰਤੀ ਧਰਮਸਾਲ (ਧਰਮ ਕਰਨ ਤੇ ਕਮਾਉਣ ਵਾਲੀ ਥਾਂ) ਮਨ-ਭਾਉਂਦੀ ਬਣਾਈ ਹੈ।

(੨) ਫਿਰ ਪਾਣੀ ਵਿਚ ਇਸ ਧਰਤੀ ਨੂੰ ਟਿਕਾ ਦਿਤਾ। (ਧਰਤੀ ਦੇ ਥੱਲੇ ਤੇ ਉਪਰ ਦੋਵੇਂ ਪਾਸੇ ਹੀ ਪਾਣੀ ਹੈ) ਉਪਰ ਵਰਖਾ ਦਾ ਥੱਲੇ ਪਤਾਲ ਦਾ (ਭਾਵ, ਧਰਤੀ ਦੇ ਉਦਾਲੇ ਸਮੁੰਦਰ ਹਨ, ਅਰ ਧਰਤੀ ਦੇ ਵਿਚ ਵਿਚ ਝੀਲਾਂ ਦਰਯਾ ਤੇ ਛੰਭ ਹਨ)।

(੩) ਸਿਰ ਥੱਲੇ ਕਰਕੇ (ਧਰਤੀ ਵਿਚ) ਬ੍ਰਿਛ ਪੈਦਾ ਹੁੰਦੇ ਹਨ, ਜੋ ਦ੍ਰਿੜ੍ਹਤਾ ਤੇ ਨਿਹਚਲ ਚਿਤ ਨਾਲ ਉਜਾੜਾਂ ਬੀਆਬਾਨਾਂ ਵਿਚ ਨਿਵਾਸ ਕਰਦੇ ਹਨ। (ਭਾਵ, ਕਿਸੇ ਦੀ ਸਹਾਇਤਾ ਨਹੀਂ ਚਾਹੁੰਦੇ)।

(੪) ਪਰਉਪਕਾਰੀ ਰੁੱਖ (ਤਪੱਸੀਆਂ ਵਾਂਗ) ਕੋਈ ਇੱਟਾਂ ਮਾਰਦਾ ਹੈ ਤਾਂ ਫਲ ਦੇਂਦੇ ਹਨ, (ਇਸ ਤਰ੍ਹਾਂ ਉਹ) ਸ੍ਰਿਸ਼ਟੀ ਨੂੰ ਵਰੋਸਾਉਂਦੇ ਹਨ, (ਅਨੰਦ ਪ੍ਰਸੰਨ ਕਰਦੇ) ਹਨ। (ਗੱਲ ਕੀ ਕੋਈ ਆਰੇ ਨਾਲ ਚੀਰਨਾ ਭੀ ਚਾਹੇ ਉਸਦੇ ਉਤੇ ਭੀ ਛਾਉਂ ਕਰਨੋਂ ਨਹੀਂ ਟਲਣਗੇ)।

(੫) (ਜਿਵੇਂ) ਚੰਦਨ (ਦੀ ਵਾਸ਼ਨਾਂ) ਸਾਰੀ ਬਨਾਸਪਤੀ ਨੂੰ ਚੰਦਨ ਬਣਾ ਕੇ ਵਾਸ਼ਨਾ ਦੀ ਮਹਿਕ ਖਲਾਰ ਦਿੰਦੀ ਹੈ।

(੬) (ਇਸੇ ਤਰ੍ਹਾਂ) ਸ਼ਬਦ ਨਾਲ ਸੁਰਤਿ ਜੋੜ ਕੇ ਸਾਧ ਸੰਗਤ ਵਿਚ ਗੁਰਮੁਖ ਅੰਮ੍ਰਿਤ ਭਿੰਨੀ ਬਾਣੀ ਬੋਲ ਕੇ ਅੰਮ੍ਰਿਤ ਦੀ ਵਰਖਾ ਕਰਦਾ ਹੈ।

(੭) ਇਸ ਲਈ (ਹੇ ਭਾਈਓ!) ਗੁਰਮੁਖ ਦੀ ਗਤੀ ਨ ਜਾਣੀ ਜਾਣ ਵਾਲੀ ਅਕੱਥ ਕਥਾ ਦੀ ਕਹਾਣੀ ਹੈ।੧੩।

***ਭਾਵਾਰਥ:*** ਭਾਈ ਸਾਹਿਬ ਜੀ, ਗੁਰਬਾਣੀ ਤੇ ਗੁਰ-ਇਤਿਹਾਸ ਤੋਂ ਪ੍ਰੇਰਨਾ ਲੈ ਕੇ ਇਹ ਗੁਰਮਤ ਦਾ ਸਿਧਾਂਤ ਅੰਕਤ ਕਰਦੇ ਹਨ ਕਿ ਉਸ ਨਿਰੰਕਾਰ ਤੇ ਨਿਰੰਕਾਰ ਨੂੰ ਮੰਨਣ ਕਰਨ ਵਾਲਿਆਂ ਦੀ ਕੋਈ ਭੀ ਮਹਿਮਾ ਨੂੰ ਕਥਨ ਨਹੀਂ ਕਰ ਸਕਦਾ, ਇਸੇ ਲਈ ਹਜ਼ੂਰ ਗੁਰੂ ਨਾਨਕ ਦੇਵ ਜੀ ਨੇ ਲਿਖ ਦਿਤਾ ਹੈ ਕਿ ਜੇ ਮੈਂ ਜਾਣਦਾ ਭੀ ਹਾਂ ਤਾਂ ਮੈਂ ਕਥਨ ਨਹੀ ਕਰਨਾ ਕਿਉਂਕਿ ਜੇ ਮੈਂ ਕਥਨ ਕਰਾਂ ਭੀ ਤਾਂ ਉਹ ਮੇਰੇ ਕਥਨ ਕਹਿਣ ਤੋਂ ਪਰ੍ਹੇ ਹੈ, ਇਸ ਲਈ ਜੋ ਉਸ ਦਾ ਅੰਤ ਪਾਉਣ ਲਈ ਟੁਰੇ ਸਨ ਉਹ ਅੰਤ ਤਾਂ ਨਹੀ ਪਾ ਸਕੇ ਪਰ ਆਖ਼ਰ ਨੂੰ ਉਹ ਆਪਣਾ ਹੀ ਅੰਤ ਕਰ ਬੈਠੇ। ਤਾਤਪਰਜ ਇਹ ਹੈ ਕਿ ਪੰਜ ਤੱਤਾਂ ਵਿਚ ਧਰਤੀ ਧਰਮ ਦੀ ਸਾਲਾ ਉੱਤਮ ਹੈ, ਸਾਰੇ ਬ੍ਰਿਛਾਂ ਵਿਚੋਂ ਚੰਦਨ ਉੱਤਮ ਹੈ ਕਿਉਂ ਜੋ ਉਹ ਸਾਰੀ ਬਨਾਸਪਤੀ ਨੂੰ, ਬਾਂਸ ਨੂੰ ਛਡ ਕੇ, ਚੰਦਨ ਕਰਦਾ ਹੈ, ਪਰੰਤੂ ਗੁਰਮੁਖ ਦੀ ਅਕੱਥ ਕਹਾਣੀ ਹੈ ਕੋਈ ਸ਼ਰਣ ਆਵੇ ਸਭ ਨੂੰ ਆਪ ਸਮਾਨ ਕਰਦੇ ਹਨ।

## ੧੪. ਸਕਾਮ ਭਗਤਾਂ ਦਾ ਹਾਲ

੧. ਧ੍ਰੂ ਪ੍ਰਹਿਲਾਦ ਵਿਭੀਖਲੋਂ
ਅੰਬਰੀਕ ਬਲਿ ਜਨਕ ਵਖਾਣਾ।
੨. ਰਾਜ ਕੁਆਰ ਹੋਇ ਰਾਜਸੀ
ਆਸਾ ਬੰਧੀ ਚੋਜ ਵਿਡਾਣਾ।
੩. ਧ੍ਰੂ ਮਤਰੇਈ ਚੰਡਿਆ
ਪੀਉ ਫੜਿ ਪ੍ਰਹਿਲਾਦੁ ਰਞਾਣਾ।
੪. ਭੇਦ ਬਿਭੀਖਣ ਲੰਕ ਲੈ
ਅੰਬਰੀਕ ਲੈ ਚੱਕ੍ਰ ਲੁਭਾਣਾ।
੫. ਪੈਰ ਕੜਾਹੇ ਜਨਕ ਦਾ
ਕਰਿ ਪਾਖੰਡ ਧਰੰਮ ਧਿਙਾਣਾ।
੬. ਆਪੁ ਗਵਾਇ ਵਿਗੁੱਚਣਾ
ਦਰਗਹ ਪਾਇ ਮਾਣ ਨਿਮਾਣਾ।
੭. ਗੁਰਮੁਖ ਸੁਖ ਫਲ ਪਤਿ ਪਰਵਾਣਾ ॥੧੪॥

***ਪਦ ਅਰਥ:*** ਰਾਜ ਕੁਆਰ—ਰਾਜਿਆਂ ਦੇ ਪੁੱਤ੍ਰ। ਚੋਜ ਵਿਡਾਣਾ—ਅਸਚਰਜ ਕੌਤਕ। ਚੰਡਿਆ—ਦੁਖੀ ਕੀਤਾ, ਮਾਰਿਆ। ਲੁਭਾਣਾ—ਲੋਭੀ ਬਣਿਆ। ਧਿਙਾਣਾ—ਧੱਕੇ ਦਾ। ਵਿਗੁੱਚਣਾ—ਭੁਲੀ ਪੈ ਦੁਖੀ ਹੋਣਾ, ਖ਼ਰਾਬ ਹੋਣਾ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਜੋ ਪੁਰਾਤਨ ਸਮੇਂ ਵਿਚ ਭਗਤ ਜਨ ਹੋ ਚੁੱਕੇ ਹਨ ਕੀ ਉਨ੍ਹਾਂ ਸਾਰਿਆਂ ਦੀ ਹੀ ਇਕੋ ਸਮਾਨ ਅਵਸਥਾ ਸੀ ਜਾਂ ਕਿ ਕੁਝ ਅੰਤਰਾ ਪਾਇਆ ਜਾਂਦਾ ਹੈ ਜੇ ਕੋਈ ਉਨ੍ਹਾਂ ਸਾਰਿਆਂ ਵਿਚ ਭੇਦ-ਭਾਵ ਹੈ ਤਾਂ ਦੱਸਣ ਦੀ ਕ੍ਰਿਪਾ ਕਰੋ, ਤਾਂ ਕਿ ਅਸੀਂ ਭੀ ਨਿਰਸੰਦੇਹ ਹੋ ਸਕੀਏ?

ਉ: ਹੇ ਭਾਈਓ! ਭਗਤ ਜਨਾਂ ਦੀ ਮਾਨਸਕ ਅਵਸਥਾ ਨੂੰ ਇਉਂ ਹੀ ਸਮਝੋ ਜਿਵੇਂ ਕਿ ਕਿਸੇ ਇਕੋ ਕਾਲਜ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀਆਂ ਕਲਾਸਾਂ ਵਖੋ ਵੱਖ ਹੁੰਦੀਆਂ ਹਨ, ਇਸੇ ਤਰ੍ਹਾਂ ਕਈਆਂ ਭਗਤਾਂ ਦੀ ਸੁਰਤੀ ਭਗਤੀ ਦੀ ਸਿਖ਼ਰ ਤੇ ਜਾ ਪਹੁੰਚੀ ਹੈ ਕਈ ਮਾਰਗ ਵਿਚ ਹੀ ਅਟਕ ਗਏ। ਜਿਵੇਂ ਕਿ ਜਿਨ੍ਹਾਂ ਪੰਦਰਾਂ (ਭਗਤ ਕਬੀਰ, ਨਾਮਦੇਵ, ਰਵੀਦਾਸ) ਆਦਿਕ ਨੂੰ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਦਰ 'ਤੇ ਪ੍ਰਵਾਣ ਕਰਕੇ ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਕਰਵਾਇਆ ਹੈ, ਇਹ ਠੀਕ ਹੈ ਕਿ ਇਹ ਸਾਰੇ ਭਗਤ ਪੂਰਬਲੇ ਜਨਮਾਂ ਵਿਚ ਬੰਦਗੀ ਕਰਦੇ ਆਏ ਸਨ, ਪਰ ਉਹ ਭਗਤੀ ਦੀ ਅਖ਼ੀਰੀ ਮੰਜ਼ਲ 'ਤੇ ਨਹੀਂ ਸਨ ਪੁੱਜ ਸਕੇ ਇਸ ਗੱਲ ਨੂੰ ਕਬੀਰ ਜੀ ਨੇ ਆਪ ਵੀ ਕਬੂਲ ਕੀਤਾ ਹੈ ਕਿ ਹੇ ਕਰਤਾਰ:

ਪੂਰਬ ਜਨਮ ਹਮ ਤੁਮ੍ਰੇ ਸੇਵਕ
ਅਬ ਤਉ ਮਿਟਿਆ ਨ ਜਾਈ॥

*(ਰਾਮਕਲੀ ਕਬੀਰ ਜੀ, ਪੰਨਾ ੬੭੦)*

ਮੈਂ ਪਿਛਲੇ ਜਨਮਾਂ ਵਿਚ ਤੇਰੀ ਬੰਦਗੀ ਕਰਦਾ ਆਇਆ ਹਾਂ ਪਰ ਮੈਂ ਬੰਦਗੀ ਦੀਆਂ ਸਿਖ਼ਰਾਂ ਤੇ ਨਹੀਂ ਸੀ ਪੁੱਜ ਸਕਿਆ, ਜਿਸ ਕਰਕੇ ਮੈਨੂੰ ਇਸੇ ਮਨੁੱਖਾ ਜਾਮੇ ਵਿਚ ਫਿਰ ਆਉਣਾ ਪਿਆ ਹੈ। ਪਰ ਜਿਸ ਵੇਲੇ ਭਗਤੀ ਕਰਦਾ ਕਰਦਾ ਕਬੀਰ ਭਗਤੀ ਦੀਆਂ ਸਿਖ਼ਰਾਂ 'ਤੇ ਜਾ ਪੁੱਜਿਆ ਹੈ ਤਾਂ ਫਿਰ ਇਹ ਕਹਿਣ ਵਿਚ ਭੀ ਦਰੇਗ ਨਹੀਂ ਕੀਤਾ ਕਿ:

ਅਬ ਤਉ ਜਾਇ ਚਢੇ ਸਿੰਘਾਸਨਿ
ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

*(ਰਾਮਕਲੀ ਕਬੀਰ ਜੀ, ਪੰਨਾ ੯੬੯)*

ਪ੍ਰਭੂ ਦੇ ਚਰਨਾਂ ਕਵਲਾਂ ਵਿਚ ਲਿਵਲੀਨ ਹੋਣ ਵਾਲੇ ਭਗਤਾਂ ਦੀ ਮਾਨਸਕ ਅਵਸਥਾ ਇਹ ਹੋ ਜਾਂਦੀ ਹੈ:

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ॥ *(ਮ: ੫, ਪੰਨਾ ੫੩੪)*

ਕਈ ਬੈਕੁੰਠ ਨਾਹੀ ਲਵੈ ਲਾਗੈ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥

*(ਮ: ੫, ਪੰਨਾ ੧੦੭੮)*

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ
ਨਿਤਿ ਆਸਾ ਆਸ ਕਰੀਜੈ॥
ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ
ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ॥੧॥

*(ਮ: ੪, ਪੰਨਾ ੧੩੨੪)*

ਇਹ ਹੈ ਕੇਵਲ ਪ੍ਰਭੂ-ਪਿਆਰ ਵਿਚ ਰੱਤੇ ਹੋਏ ਭਗਤਾਂ ਦੀ ਮਾਨਸਕ ਅਵਸਥਾ, ਜੋ ਮੁਕਤੀ ਤੋਂ ਨਿਰਇੱਛਤ ਹੋ ਉਸੇ ਆਪਣੇ ਸ੍ਵੈ-ਸਰੂਪ ਵਿਚ ਸਦੀਵੀ ਲਿਵਲੀਨ ਹੋ ਗਏ ਜਿਸ ਤੋਂ ਉਹ ਵਿਛੜੇ ਹੋਏ ਸਨ, ਇਥੇ ਪੁੱਜ ਕੇ ਉਨ੍ਹਾਂ ਦਾ ਆਵਾਗਵਨ ਮਿਟ ਗਿਆ ਹੈ।

ਪ੍ਰ: ਭਾਈ ਸਾਹਿਬ ਜੀਉ! ਬਹੁਤ ਲੋਕ ਵੇਖੀਦੇ ਹਨ ਕਿ ਉਹ ਵਖੋ ਵੱਖ ਦੇਵਤਿਆਂ ਦੀ ਭਗਤੀ ਕਰਦੇ ਭਿੰਨ ਭਿੰਨ ਪੂਜਾ ਕਰਦੇ ਹਨ ਕਿਉਂ ਜੀ! ਕੀ ਉਨ੍ਹਾਂ ਨੂੰ ਮੁਕਤੀ ਪ੍ਰਾਪਤ ਨਹੀਂ ਹੋਵੇਗੀ, ਉਨ੍ਹਾਂ ਲੋਕਾ ਬਾਰੇ ਆਪ ਜੀ ਦੇ ਕੀ ਵੀਚਾਰ ਹਨ, ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਜੋ ਦੇਵਤਿਆਂ ਦੀ ਭਗਤੀ ਕਰਨ ਵਾਲੇ ਭਗਤਾਂ ਨੂੰ ਮੁਕਤੀ ਮਿਲਦੀ ਹੈ ਉਹ ਉਸ ਮੁਕਤੀ ਨੂੰ ਹਾਸਲ ਕਰਕੇ ਭੀ ਸੰਸਾਰ ਦੇ ਆਵਾਗਵਨ ਵਲੋਂ ਮੁਕਤਿ ਨਹੀਂ ਹੁੰਦੇ ਭਾਵ ਉਨ੍ਹਾਂ ਦੇ ਜੰਮਣ ਮਰਣ ਦਾ ਚੱਕਰ ਚਲਦਾ ਹੀ ਰਹਿੰਦਾ ਹੈ, ਕਿਉਂਕਿ ਉਨ੍ਹਾਂ ਨੂੰ ਮਿਲਣ ਵਾਲੀ ਮੁਕਤੀ ਦੇ ਚਾਰ ਰੂਪ ਮੰਨੇ ਹਨ, ਜਿਵੇਂ ਕਿ:

('੧' ਸਲੋਕ, '੨' ਸਮੀਪ, ੩, ਸਰੂਪ ਅਤੇ ਸਾਜੁਜ ੪) ਭਾਵ ਹੈ ਕਿ ਜੋ ਜੋ ਭਗਤ ਕਿਸੇ ਦੇਵਤੇ ਦੀ ਜਿਤਨੀ ਜਿਤਨੀ ਭਗਤੀ ਕਰਦਾ ਹੈ ਉਸਨੂੰ ਉਤਨਾ ਫਲ ਪ੍ਰਾਪਤ ਹੋ ਜਾਂਦਾ ਹੈ, ਭਾਵ ਹੈ ਕਿ ਕੋਈ ਕਿਸੇ ਦੇਵਤੇ ਦੀ ਪੂਜਾ ਕਰਨ ਵਾਲਾ ਉਸਦੇ ਲੋਕ ਵਿਚ ਪੁੱਜ ਜਾਂਦਾ ਹੈ, ਕੋਈ ਉਸਦਾ ਨਿਕਟਵਰਤੀ ਹੋ ਜਾਂਦਾ ਹੈ, ਕੋਈ ਉਸ ਦੇ ਸਰੂਪ ਦੇ ਸਦਰਸ਼ ਹੋ ਜਾਂਦਾ ਹੈ, ਕੋਈ ਵਧੇਰੇ ਪੂਜਾ ਕਰਦਾ ਹੈ, ਉਹ ਪ੍ਰਤੀਤ ਇਉਂ ਹੁੰਦਾ ਹੈ ਜਿਵੇਂ ਕਿ ਉਸ ਦੇਵਤੇ ਦੀ ਹਸਤੀ ਵਿਚ ਲੀਨ ਹੋ ਗਿਆ ਹੈ, ਪਰ ਉਹ ਹੁੰਦਾ ਵੱਖਰਾ ਹੈ, ਜਿਵੇਂ ਕਿ ਪਾਣੀ ਵਿਚ ਡੁੱਬਕੀ ਮਾਰਨ ਵਾਲਾ ਪਾਣੀ ਤੋਂ ਵੱਖਰਾ ਹੀ ਰਹਿੰਦਾ ਹੈ।

ਜਾਂ ਇਉਂ ਸਮਝੋ ਕਿ ਜਿਸ ਜਿਸ ਦੇਵਤੇ ਦੀ ਪੁਰੀ ਵਿਚ ਭਗਤ ਪੁੱਜਿਆ ਹੈ, ਉਹ ਉਸ ਉਸ ਪੁਰੀ ਵਿਚ ਉਤਨਾ ਸਮਾਂ ਹੀ ਰਹਿ ਸਕਦਾ ਹੈ ਜਦੋਂ ਤਕ ਉਹ ਦੇਵ ਪੁਰੀ ਕਾਇਮ ਹੈ, ਪਰ ਜਦੋਂ ਉਸ ਪੁਰੀ ਦਾ ਹੀ ਨਾਸ

ਹੋ ਜਾਣਾ ਹੈ ਤਾਂ ਉਹ ਭਗਤ ਉਥੇ ਕਿਵੇਂ ਰਹਿ ਸਕਦਾ ਹੈ ਕਿਉਂਕਿ ਇਨ੍ਹਾਂ ਪੁਰੀਆ ਬਾਰੇ ਬਾਣੀ ਦਾ ਫੁਰਮਾਨ ਹੈ ਕਿ :

ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥

*(ਗਉੜੀ ਮ: ੫, ਪੰਨਾ ੨੩੭)*

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥
ਓਛੇ ਤਪ ਕਰਿ ਬਾਹੁਰਿ ਐਬੋ ॥

*(ਧਨਾਸਰੀ ਕਬੀਰ ਜੀ, ਪੰਨਾ ੬੯੨)*

ਭਾਵ ਹੈ, ਕਿ ਤੁੱਛ ਤਪ ਕਰਨ ਵਾਲੇ ਲੋਕ ਇਨ੍ਹਾਂ ਪੁਰੀਆਂ ਤੋਂ ਸ਼ੀਘਰ ਹੀ ਬਾਹਰ ਆ ਜਾਂਦੇ ਹਨ, ਅਰਥਾਤ ਇਨ੍ਹਾਂ ਭਗਤ ਲੋਕਾਂ ਨੂੰ ਉਹ ਸਦੀਵੀ ਸੁਖ ਸ਼ਾਂਤੀ ਪ੍ਰਾਪਤ ਕਰਾਉਣ ਵਾਲੀ ਅਵਸਥਾ ਨਹੀਂ ਮਿਲਦੀ ਜੋ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੱਤਿਆਂ ਨੂੰ ਮਿਲਦੀ ਹੈ, ਇਸੇ ਲਈ ਗੁਰਮਤ ਨੇ ਆਕਾਰ, ਸਾਕਾਰ ਤੇ ਅਵਤਾਰਾ ਦੀ ਪੂਜਾ ਤੋਂ ਵਰਜ ਕੇ ਕੇਵਲ ਨਿਰੰਕਾਰ ਦੀ ਪੂਜਾ ਕਰਨ ਲਈ ਹੀ ਪ੍ਰੇਰਿਆ ਹੈ।

ਪ੍ਰ: ਭਾਈ ਸਾਹਿਬ ਜੀਉ! ਉਪ੍ਰੋਕਤ ਆਪ ਜੀ ਵਲੋਂ ਦਰਸਾਈ ਗੁਰਮਤ ਤੋਂ ਇਹ ਜਾਣਕਾਰੀ ਮਿਲ ਗਈ ਹੈ ਕਿ ਨਿਰੰਕਾਰ ਦਾ ਭਗਤ ਉਸ ਪ੍ਰਭੂ ਦੀ ਜੋਤਿ ਵਿਚ ਹੀ ਸਮਾ ਜਾਂਦਾ ਹੈ ਅਤੇ ਸਾਕਾਰ ਦੇ ਪੁਜਾਰੀ ਸਦਾ ਹੀ ਸੰਸਾਰ ਦੇ ਆਵਾਗਵਨ ਦੇ ਚੱਕ੍ਰ ਵਿਚ ਰਹਿੰਦੇ ਹਨ, ਪਰ ਜੋ ਧ੍ਰੂ ਪ੍ਰਹਿਲਾਦ ਅਤੇ ਅੰਬਰੀਕ ਆਦਿ ਵਿਅਕਤੀਆਂ ਪੁਰਾਤਨ ਸਮੇਂ ਵਿਚ ਹੋ ਚੁੱਕੀਆਂ ਹਨ ਇਨ੍ਹਾਂ ਬਾਰੇ ਆਪ ਜੀ ਕੀ ਵਿਚਾਰ ਰੱਖਦੇ ਹੋ, ਇਨ੍ਹਾਂ ਦੀ ਮੰਜ਼ਲ ਕੀ ਹੈ?

ਉ: ਹੇ ਭਾਈਓ! ਇਹ ਠੀਕ ਹੈ ਕਿ ਗੁਰਬਾਣੀ ਵਿਚ ਇਨ੍ਹਾ ਭਗਤਾ ਦੇ ਨਾਮ ਉਦਾਹਰਣ ਰੂਪ ਵਿਚ ਅਸੀ ਜ਼ਰੂਰ ਪੜ੍ਹਦੇ ਹਾਂ, ਜਿਵੇਂ ਕਿ :

ਰਾਮ ਜਪਉ ਜੀਅ ਐਸੇ ਐਸੇ ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥

*(ਗਉੜੀ ਕਬੀਰ ਜੀ, ਪੰਨਾ ੩੩੭)*

ਪਰ, ਐ ਪਿਆਰੇ! ਜਦੋਂ ਮੈਂ ਇਨ੍ਹਾਂ ਦੇ ਜੀਵਨਾਂ ਨੂੰ ਪੁਰਾਤਨ ਇਤਿਹਾਸ ਰਾਹੀਂ ਪੜ੍ਹਨ ਦਾ ਯਤਨ ਕੀਤਾ ਹੈ ਤਾਂ ਉਨ੍ਹਾਂ ਦੁਆਰੇ ਜੋ ਮੈਨੂੰ ਬੋਧ ਹਾਸਲ ਹੋਇਆ ਹੈ ਉਸ ਤੋਂ ਪ੍ਰੇਰਤ ਹੋ ਮੈਂ ਆਪਣੇ ਵੀਚਾਰ ਇਸ ਪਉੜੀ ਅੰਦਰ ਚੰਦ ਸਤਰਾਂ ਵਿਚ ਅੰਕਤ ਕਰਨ ਦਾ ਯਤਨ **ਕੀਤਾ ਹੈ, ਜਿਵੇਂ ਕਿ :**

(੧) (ਹੇ ਭਾਈਓ! ਇਹ ਠੀਕ ਹੈ ਕਿ) ਧ੍ਰੂ, ਪ੍ਰਹਿਲਾਦ, ਭਬੀਖਣ, ਅੰਬਰੀਕ, ਬਲ, ਜਨਕ (ਜੋ ਭਗਤ) ਕਹੇ ਜਾਂਦੇ ਹਨ।

(੨) ਇਹ ਰਾਜਿਆਂ ਦੇ ਪੁੱਤ੍ਰ (ਰਾਜ ਕੁਮਾਰ) ਹੋਣ ਕਰਕੇ ਰਾਜਸੀ ਆਸ਼ਾਵਾਂ ਦੇ ਵਿਚ ਹੀ ਬੰਨ੍ਹੇ ਰਹੇ, ਜੋ ਇਕ ਅਸਚਰਜ ਖੇਡ ਹੈ।

(੩) (ਅਗੋਂ ਇਨ੍ਹਾਂ ਦਾ ਸੰਖੇਪ ਨਾਲ ਬ੍ਰਿਤਾਂਤ ਦਸਦੇ ਹਨ) ਧ੍ਰੂ ਨੂੰ ਮਤਰੇਈ ਨੇ ਦੁਖਾਇਆ ਤੇ ਪ੍ਰਹਿਲਾਦ ਨੂੰ ਪਿਉ ਨੇ ਫੜ ਕੇ ਦੁਖ ਦਿਤੇ।

(੪) ਭਬੀਖਣ ਨੇ (ਆਪਣੇ ਘਰ ਦਾ) ਭੇਤ ਦੇ ਕੇ ਲੰਕਾ ਦਾ ਰਾਜ ਲਿਆ, ਰਾਜਾ ਅੰਬਰੀਕ (ਰਾਖੀ ਕਰਨ ਵਾਲੇ) ਚਕਰ 'ਤੇ ਹੀ ਲੁਭਾਇਮਾਨ ਹੋ ਗਿਆ।

(੫) ਜਨਕ (ਰਾਜਾ ਇਕ) ਪੈਰ ਉਬਲਦੇ ਕੜਾਹੇ ਵਿਚ ਰੱਖਣ ਦਾ ਪਖੰਡ (ਦਿਖਾਵਾ) ਕਰਕੇ ਬਦੋ-ਬਦੀ ਧਰਮ (ਨੂੰ ਔਖਾ ਕਰਕੇ ਦਿਖਾਉਂਦਾ) ਸੀ। (ਭਾਵ ਇਸ ਨੇ ਆਸੁਰੀ ਧਰਮ ਕੀਤਾ)।

(੬) ਆਪਣਾ ਆਪ ਗਣਾਇਕੇ ਖ਼ਰਾਬ ਹੋਈਦਾ ਹੈ, ਦਰਗਾਹ ਵਿਖੇ ਨਿਮਾਣਾ ਹੀ ਮਾਣ ਪਾਉਂਦਾ ਹੈ।

(੭) (ਇਹ) ਸੁਖ ਫਲ ਗੁਰਮੁਖਾਂ ਨੇ (ਹੀ) ਪਾਇਆ ਹੈ, (ਉਨ੍ਹਾਂ ਦੀ) ਪਤ ਪ੍ਰਵਾਣ ਹੋਈ ਹੈ (ਯਾ ਪਤ ਦਾ ਪ੍ਰਵਾਨਾ ਪਾ ਕੇ ਪੂਰੇ ਨਿਕਲੇ ਹਨ)।੧੪।

***ਭਾਵਾਰਥ :*** ਇਸ ਪਉੜੀ ਅੰਦਰ ਭਾਈ ਸਾਹਿਬ ਜੀ, ਸਾਰੇ ਅਵਤਾਰ ਦੇਵਤਾ, ਰਿਖੀ, ਤਪੀ, ਜਤੀ, ਹਠੀ, ਭਗਤਾਂ, ਜੀਵਨ-ਮੁਕਤਾਂ ਦੇ ਮੁਕਾਬਲੇ ਤੇ ਗੁਰਮੁਖਾਂ ਦੀ ਵਡਿਆਈ ਦੱਸਦੇ ਹਨ ਅਤੇ ਉਸਦਾ ਸਰੂਪ ਖੋਹਲ ਰਹੇ ਹਨ ਕਿ ਇਹ ਪਦ ਸਹਿਜ ਸੁਭਾਵ ਆਤਮਕ ਰਸ ਕਰਕੇ ਆਤਮਕ ਸੁਤੰਤ੍ਰਤਾ ਦੇਂਦਾ ਹੈ, ਕਿਸੇ ਭੀ ਤਰ੍ਹਾਂ ਦੇ ਦਬਾਉ, ਖਿੱਚ, ਭੈ ਹੇਠ ਨਹੀਂ ਰਹਿਣ ਦੇਂਦਾ। ਧ੍ਰੂ ਆਦਿਕ ਉਕਤ ਭਗਤਾਂ ਨੇ ਸਕਾਮ ਹੀ ਭਗਤੀ ਕੀਤੀ ਹੈ। ਕਿਸੇ ਨੇ ਡਰ ਨਾਲ, ਕਿਸੇ ਰਾਜ ਦੇ ਲੋਭ ਨਾਲ, ਕਿਸੇ ਹੰਕਾਰ ਦੇ ਪਖੰਡ ਨਾਲ ਜਪ ਤਪ ਕੀਤੇ, ਪ੍ਰੰਤੂ ਗੁਰੂ ਦੇ ਸਿਖ ਨਿਸਕਾਮ ਭਗਤੀ ਕਰਦੇ ਹਨ, ਜਿਵੇਂ ਕਿ ਗੁਰੂ ਫ਼ੁਰਮਾਣ ਹੈ।

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥

*(ਮ: ੫, ਪੰਨਾ ੫੩੪)*

ਕਿਉਂਕਿ ਉਨ੍ਹਾਂ ਨੂੰ ਮੁਕਤੀ ਦੀ ਲਾਲਸਾ ਹੀ ਨਹੀਂ ਰਹੀ, ਜਿਵੇਂ ਕਿ :

ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
*(ਪੰਨਾ ੧੦੧੮)*

ਸੋ, ਜੇ ਕਿਸੇ ਦੇ ਮਨ ਵਿਚ ਕਿਸੇ ਪ੍ਰਕਾਰ ਦੀ ਭੀ ਕਾਮਨਾ ਦਾ ਵਾਸਾ ਹੈ, ਉਸ ਬਾਰੇ ਗੁਰੂ ਫ਼ੁਰਮਾਨ ਹੈ :

ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ ॥ *(ਸੋਰਠਿ ਮ: ੫, ਪੰਨਾ ੬੪੨)*

ਮਨ ਕਾਮਨਾ ਤੀਰਥ ਦੇਹ ਛੁਟੈ ॥
ਗਰਬੁ ਗੁਮਾਨੁ ਨ ਮਨ ਤੇ ਹੁਟੈ ॥
*(ਸੁਖਮਨੀ, ਪੰਨਾ ੨੬੫)*

ਸਿਧਾ ਕੇ ਆਸਣ ਜੇ ਸਿਖੈ
ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ
ਹਉਮੈ ਮੈਲੁ ਨ ਜਾਇ ॥੨॥
*(ਵਡਹੰਸੁ ਮ: ੩, ਪੰਨਾ ੫੫੮)*

ਭਾਵ ਹੈ ਕਿ ਰੱਬੀ ਮਾਰਗ 'ਤੇ ਸਫਰ ਕਰਨ ਵਾਲੇ ਪਾਂਧੀ ਦੇ ਮਨ ਵਿਚ ਕਿਸੇ ਭੀ ਪ੍ਰਕਾਰ ਦੀ ਜੇ ਮਨ ਵਿਚ ਕਾਮਨਾ ਹੈ ਤਾਂ ਉਹ ਆਪਣੀ ਸਹੀ ਭਗਤੀ ਦੀ ਮੰਜ਼ਲ 'ਤੇ ਨਹੀਂ ਪੁਜ ਸਕਦਾ। ਇਸ ਲਈ ਉਸਦਾ ਆਵਾਗਵਨ ਭੀ ਨਹੀਂ ਮਿਟ ਸਕਦਾ।

## ੧੫. ਕੇਵਲ ਨਿਸ਼ਕਾਮ ਭਗਤ

**੧. ਕਲਿਜੁਗ ਨਾਮਾ ਭਗਤ ਹੋਇ**
**ਫੇਰਿ ਦੇਹੁਰਾ ਗਾਇ ਜੀਵਾਈ।**
**੨. ਭਗਤ ਕਬੀਰ ਵਖਾਣੀਐ**
**ਬੰਦੀਖਾਨੇ ਤੇ ਉਠਿ ਜਾਈ।**
**੩. ਧੰਨਾ ਜੱਟ ਉਧਾਰਿਆ**
**ਸਧਨਾ ਜਾਤਿ ਅਜਾਤਿ ਕਸਾਈ।**
**੪. ਜਨ ਰਵਿਦਾਸ ਚਮਾਰ ਹੋਏ**
**ਚਹੁੰ ਵਰਨਾਂ ਵਿਚ ਕਰਿ ਵਡਿਆਈ।**
**੫. ਬੇਣੀ ਹੋਆ ਅਧਿਆਤਮੀ**
**ਸੈਣ ਨੀਚ ਕੁਲ ਅੰਦਰ ਨਾਈ।**
**੬. ਪੈਰੀਂ ਪੈ ਪਾਖਾਕ ਹੋਇ**
**ਗੁਰਸਿਖਾਂ ਵਿਚ ਵਡੀ ਸਮਾਈ।**
**੭. ਅਲਖ ਲਖਾਇ ਨ ਅਲਖ ਲਖਾਈ ॥੧੫॥**

*ਪਦ ਅਰਥ :* ਦੇਹੁਰਾ—ਮੂਰਤੀ ਦਾ ਮੰਦਰ। ਬੰਦੀਖਾਨਾ—ਕੈਦਖਾਨਾ। ਅਧਿਆਤਮੀ—ਨਿਸ਼ਕਾਮ ਭਗਤੀ, ਨਿਰਇੱਛਤ ਭਗਤੀ। ਸਮਾਈ—ਸਹਿਨਸ਼ੀਲਤਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ ! ਪਿਛੇ ਆਪ ਜੀ ਨੇ ਪੁਰਾਤਨ ਜੁਗਾਂ ਵਿਚ ਹੋ ਗੁਜ਼ਰੇ ਧ੍ਰੂ, ਪ੍ਰਹਿਲਾਦ, ਅੰਬਰੀਕ ਆਦਿ ਭਗਤਾਂ ਬਾਰੇ ਜ਼ਿਕਰ ਕੀਤਾ ਹੈ, ਜਿਨ੍ਹਾਂ ਦਾ ਜੀਵਨ ਸੰਸਾਰ ਦੇ ਪਦਾਰਥਾਂ ਦੀਆਂ ਕਾਮਨਾਵਾਂ ਵਿਚ ਹੀ ਗੁਜ਼ਰਿਆ, ਉਹ ਨਿਸ਼ਕਾਮ ਭਗਤਾਂ ਦੀ ਆਖ਼ਰੀ ਸਟੇਜ ਤਕ ਨਹੀਂ ਪੁੱਜ ਸਕੇ। ਕਿਉਂਕਿ ਮਨੁੱਖ ਦੀਆਂ ਵਾਸ਼ਨਾਵਾਂ ਹੀ ਸੰਸਾਰ ਵਿਚ ਆਵਾਗਵਨ ਦਾ ਕਾਰਨ ਹਨ ਪਰ ਕੀ ਕਲਿਜੁਗ ਵਿਚ ਹੋ ਗੁਜ਼ਰੇ ਨਿਸ਼ਕਾਮ ਭਗਤਾਂ ਦੇ ਜੀਵਨਾਂ ਬਾਰੇ ਕੁਝ ਜਾਣਕਾਰੀ ਦਿਓਗੇ ਕਿ ਉਨ੍ਹਾਂ ਦੀ ਨਿਸ਼ਕਾਮ ਭਗਤੀ ਦਾ ਸੰਸਾਰ ਦੇ ਲੋਕਾਂ ਤੇ ਕੀ ਪ੍ਰਭਾਵ ਪਿਆ ਜਿਸ ਕਰਕੇ ਉਨ੍ਹਾਂ ਦੇ ਜੀਵਨਾਂ ਦਾ ਸਦਕਾ ਲੋਕਾਂ ਦੇ ਮਨਾਂ ਪਰ ਸਫਲ ਅਸਰ ਹੋਇਆ ਤੇ ਹਮੇਸ਼ਾਂ ਹੁੰਦਾ ਰਵੇਗਾ ?

ਉ: ਹੇ ਸਜਣੋ ! ਹੋ ਸਕਦਾ ਹੈ ਕਿ ਗੁਪਤ ਰੂਪ ਵਿਚ ਬੀਤ ਚੁੱਕੇ ਸਮੇਂ ਵਿਚ ਅਨੇਕਾਂ ਕਾਮਨਾ-ਰਹਿਤ ਭਗਤ ਹੋ ਗੁਜ਼ਰੇ ਹੋਣ, ਜਿਨ੍ਹਾਂ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ। ਪਰ ਜਿਨ੍ਹਾਂ ਨਿਸ਼ਕਾਮ ਭਗਤਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਚੋਣ ਕਰਕੇ ਆਪਣੀ ਬਾਣੀ ਵਿਚ ਥਾਂ ਦਿੱਤੀ ਹੈ ਉਨ੍ਹਾਂ ਬਾਰੇ ਮੈਨੂੰ ਚੰਗੀ ਤਰ੍ਹਾਂ ਸਿਮ੍ਰਤੀ ਹੈ, ਕਿਉਂਕਿ ਉਨ੍ਹਾਂ ਦੇ ਨਾਮ ਬਾਣੀ ਵਿਚ ਦਰਜ ਕਰਨ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ ਹੈ, ਜਿਵੇਂ ਕਿ :

ਗੋਬਿੰਦ ਗੋਬਿੰਦ ਗੋਬਿੰਦ ਸੰਗਿ
ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥

ਰਵਿਦਾਸੁ ਢੁਵੰਤਾ ਢੋਰ ਨੀਤਿ
ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥੪॥

*(ਮ: ੫, ਪੰਨਾ ੪੮੭)*

ਹੇ ਭਾਈਓ! ਇਸ ਤਰ੍ਹਾਂ ਇਕ ਥਾਂ ਨਹੀਂ ਸਗੋਂ ਕਈ ਥਾਵਾਂ 'ਤੇ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨਿਸ਼ਕਾਮ ਭਗਤਾਂ ਨੂੰ ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਆਪਣੇ ਬਰਾਬਰ ਬੈਠਾ ਕੇ ਮਾਣ ਬਖ਼ਸ਼ਿਆ ਹੈ। ਜਿਨ੍ਹਾਂ ਸ਼ਬਦਾਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਅੰਦਰ ਕੁਝ ਕੁ ਨਿਸ਼ਕਾਮ ਭਗਤਾਂ ਦੇ ਨਾਮ ਅੰਕਤ ਕੀਤੇ ਹਨ ਕਿ ਕਲਿਜੁਗ ਦੇ ਜੀਵਾਂ ਤੇ ਇਨ੍ਹਾਂ ਨਿਸ਼ਕਾਮ ਭਗਤਾਂ ਦੇ ਸੁਭਾਵਕ ਕਰਤਬਾਂ ਦਾ ਕੀ ਪਰਭਾਵ ਪਿਆ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ:

(੧) ਕਲਿਜੁਗ ਵਿਚ ਨਾਮਦੇਵ ਜੀ (ਛੀਂਬੇ) ਭਗਤ ਹੋਏ ਹਨ, (ਜਿਨ੍ਹਾਂ ਨੇ) ਮੰਦਰ ਦਾ ਦਰਵਾਜ਼ਾ (ਪ੍ਰਭੂ ਕ੍ਰਿਪਾ ਨਾਲ) ਫੇਰਿਆ ਤੇ ਮੋਈ ਗਾਂ ਜੀਵਾ ਦਿਤੀ।
(੨) ਭਗਤ ਕਬੀਰ ਵੀ ਪ੍ਰਸਿੱਧ ਹੋਇਆ ਹੈ, ਜੋ (ਲੋਧੀ ਬਾਦਸ਼ਾਹ ਦੇ ਹੁਕਮ ਨਾਲ ਕੈਦ ਕੀਤਾ ਗਿਆ) ਸੰਗਲਾਂ ਦੇ ਬੰਧਨਾਂ ਨੂੰ ਤੋੜ ਕੇ ਕੈਦ ਵਿਚੋਂ ਨਿਕਲ ਗਿਆ ਸੀ।
(੩) ਧੰਨਾ ਜੱਟ (ਵੀ ਪ੍ਰਮੇਸ਼ਰ ਨੇ) ਉਧਾਰਿਆ, ਸਧਨਾ (ਜੋ ਨੀਚ ਜਾਤ) ਕਸਾਈ ਸੀ (ਉਹ ਭੀ ਤਾਰਿਆ)।
(੪) (ਪ੍ਰਭੂ ਦੇ ਸੱਚੇ ਜਨ) ਰਵਿਦਾਸ ਦੀ, ਜੋ ਚਮਾਰ ਜਾਤੀ ਦਾ ਸੀ, ਚਾਰੇ ਵਰਨਾਂ ਵਾਲਿਆਂ ਉਸ ਦੀ ਸੋਭਾ ਤੇ ਵਡਿਆਈ ਕੀਤੀ।
(੫) ਬੇਣੀ ਅਧਿਆਤਮੀ (ਨਿਸ਼ਕਾਮ) ਭਗਤ ਹੋਇਆ ਤੇ ਸੈਣ ਨਾਈ ਜੋ ਨੀਚ ਕੁਲ ਦਾ ਸੀ, ਇਹ ਭੀ ਪ੍ਰਭੂ ਦੀ ਕ੍ਰਿਪਾ ਦਾ ਪਾਤਰ ਬਣ ਗਿਆ।
(੬) (ਇਸੇ ਤਰ੍ਹਾਂ) ਪੈਰੀਂ ਪੈ ਕੇ ਚਰਨਾਂ ਦੀ ਧੂੜੀ (ਨਿਰਮਾਣਤਾ ਧਾਰਨ ਵਾਲੇ) ਗੁਰਸਿੱਖਾਂ ਵਿਚ ਇਹ ਸਹਿਜ ਅਵਸਥਾ ਭਰਪੂਰ ਹੋ ਰਹੀ ਹੈ।
(੭) ਗੁਰਮੁਖ ਨ ਲਖੇ ਜਾਣ ਵਾਲੇ (ਪ੍ਰਭੂ) ਨੂੰ ਜਾਣ ਜਾਂਦੇ ਹਨ, ਪਰ (ਉਹ ਆਪਣੀ ਇਸ ਵਡਿਆਈ ਨੂੰ) ਕਿਸੇ ਤਾਈਂ ਜਣਾਉਂਦੇ ਨਹੀਂ।੧੫।

*ਭਾਵਾਰਥ:* ਭਾਈ ਸਾਹਿਬ ਜੀ ਨੇ ਇਸ ਉਪ੍ਰੋਕਤ ਪਉੜੀ ਵਿਚ ਉਨ੍ਹਾਂ ਵਾਸ਼ਨਾ ਰਹਿਤ ਭਗਤਾਂ ਦੇ ਜੀਵਨਾਂ ਵੱਲ ਇਸ਼ਾਰਾ ਕੀਤਾ ਹੈ, ਜਿਨ੍ਹਾਂ ਨੇ ਇਸ ਵਾਸ਼ਨਾ ਭਰੇ ਸੰਸਾਰ ਦੇ ਪ੍ਰਵਾਹ ਵਿਚ ਰਹਿਕੇ ਆਪਣੇ ਜੀਵਨ ਨੂੰ ਨਿਰਾਸ ਗੁਜ਼ਾਰਿਆ ਤੇ ਆਪਣੇ ਇਸੇ ਜੀਵਨ ਵਿਚ ਰਹਿਕੇ ਮਨੁੱਖਤਾ ਦੀ ਸਫਲਤਾ ਹਾਸਲ ਕੀਤੀ ਕਿਉਂਕਿ ਮਨੁੱਖ ਦੀ ਸਫਲਤਾ ਦਾ ਰਾਜ ਕੇਵਲ ਵਾਸ਼ਨਾ-ਰਹਿਤ ਜੀਵਨ ਵਿਚ ਹੀ ਛੁੱਪਿਆ ਹੋਇਆ ਹੈ। ਪਰ ਇਸ ਸੰਸਾਰ ਦੀਆਂ ਵਾਸ਼ਨਾਂ ਨੂੰ ਮਿਟਾਉਣ ਲਈ ਕਿਤਨਾ ਕੁ ਸਮਾਂ ਲੱਗਦਾ ਹੈ। ਇਸ ਸੰਬੰਧੀ ਕੋਈ ਸਮਾਂ ਨੀਅਤ ਨਹੀਂ ਹੈ ਕਿਉਂਕਿ ਇਹ ਸਫਰ ਬਹੁਤ ਲੰਬੇਰਾ ਹੈ ਇਸ ਸਫ਼ਰ 'ਤੇ ਸਫ਼ਰ ਕਰਨ ਵਾਲਾ ਪਾਂਧੀ ਜਿਤਨੀ ਤੇਜ਼ ਰਫ਼ਤਾਰ ਨਾਲ ਟੁਰਦਾ ਰਵੇਗਾ ਉਹ ਉਤਨੀ ਸ਼ੀਘਰਤਾ ਨਾਲ ਮੰਜ਼ਲ 'ਤੇ ਸ਼ੀਘਰ ਪੁੱਜ ਜਾਵੇਗਾ। ਇਸ ਭਗਤੀ ਦੀ ਆਖ਼ਰੀ ਮੰਜ਼ਲ 'ਤੇ ਪੁੱਜਣ ਲਈ ਕੇਵਲ ਇਕ ਘੰਟਾ ਭੀ ਲੱਗ ਸਕਦਾ ਹੈ ਕਈ ਘੰਟੇ ਭੀ ਲੱਗ ਸਕਦੇ ਹਨ, ਕਈ ਜਨਮ ਭੀ ਗੁਜ਼ਰ ਸਕਦੇ ਹਨ, ਜਿਵੇਂ ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਮੈਂ ਪਿਛਲੇ ਜਨਮ ਵਿਚ ਭੀ ਬੰਦਗੀ ਕਰਦਾ ਆਇਆ ਹਾਂ, ਪਰ ਮੈਨੂੰ ਸਫਲਤਾ ਪ੍ਰਾਪਤ ਨਹੀਂ ਹੋ ਸਕੀ ਜਿਸ ਕਰਕੇ ਮੈਨੂੰ ਮੁੜ ਇਸ ਜਨਮ ਵਿਚ ਆਉਣਾ ਪਿਆ ਪਰ ਇਸਦੇ ਮੁਕਾਬਲੇ ਵਿਚ ਸੱਜਣ ਠੱਗ, ਕੌਡਾ ਰਾਖ਼ਸ਼ ਤੇ ਬਾਲਮੀਕ ਬਾਟਮਾਰ, ਆਦਿ ਲੋਕਾਂ ਦਾ ਉਧਾਰ ਹੋਣ ਵਿਚ ਬਹੁਤਾ ਸਮਾਂ ਨਹੀਂ ਲੱਗਿਆ। ਉਹ ਸੁਭਾਗੇ ਜੀਵ ਹਨ ਜੋ ਵਾਸ਼ਨਾ-ਰਹਿਤ ਹੋ ਜੀਵਨ ਸਫਲ ਕਰ ਜਾਂਦੇ ਹਨ।

## ੧੬. ਕਲਿਜੁਗ ਦੀ ਉੱਤਮਤਾਈ

੧. ਸਤਿਜੁਗ ਉੱਤਮ ਆਖੀਐ
ਇਕ ਫੇੜੈ ਸਭ ਦੇਸ ਦੁਹੇਲਾ।
੨. ਤ੍ਰੇਤੈ ਨਗਰੀ ਪੀੜੀਐ
ਦੁਆਪਰਿ ਵੰਸ ਵਿਧੁੰਸ ਕੁਵੇਲਾ।
੩. ਕਲਿਜੁਗ ਸੱਚ ਨਿਆਉਂ ਹੈ
ਜੋ ਬੀਜੈ ਸੋ ਲੁਣੈ ਇਕੇਲਾ।
੪. ਪਾਰਬ੍ਰਹਮ ਪੂਰਨ ਬ੍ਰਹਮ
ਸ਼ਬਦ ਸੁਰਤਿ ਸਤਿਗੁਰ ਗੁਰ ਚੇਲਾ।

੫. ਨਾਮ ਦਾਨ ਇਸ਼ਨਾਨ ਦ੍ਰਿੜ੍ਹ
ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ।
੬. ਮਿੱਠਾ ਬੋਲਣ ਨਿਵ ਚੱਲਣ
ਹੱਥਹੁੰ ਦੇਣਾ ਸਹਿਜ ਸੁਹੇਲਾ।
੭. ਗੁਰਮੁਖ ਸੁਖ ਫਲ ਨੇਹੁ ਨਵੇਲਾ॥੧੬॥

*ਪਦ ਅਰਥ :* ਫੇੜੇ—ਖੋਟੇ ਕਰਮ ਕਰੇ। ਦੁਹੇਲਾ—ਪੀੜਤ, ਦੁਖੀ। ਵਿਧੁੰਸ—ਨਾਸ, ਖ਼ਤਮ ਕਰ ਦੇਣਾ। ਲੁਣੈ—ਵੱਢੇ। ਗੁਰ ਚੇਲਾ—ਪੂਜਨੀਕ ਚੇਲਾ। ਸੁਹੇਲਾ—ਸੁਖਦਾਈ। ਨੇਹੁ ਨਵੇਲਾ—ਨਿਤ ਨਵੇ ਚਾਵਾਂ ਵਾਲੀ ਪ੍ਰੀਤੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਤੇ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਦੀ ਅਪਾਰ ਬਖ਼ਸ਼ਿਸ਼ ਹੋਈ ਹੈ, ਜਿਸਦਾ ਸਦਕਾ ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਗੁਰਬਾਣੀ ਦੇ ਲਿਖਣ ਦਾ ਸੁਭਾਗ ਪ੍ਰਾਪਤ ਹੋਇਆ, ਜਿਥੇ ਆਪ ਜੀ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਵੀਚਾਰ ਕਰਦੇ ਰਹਿਣ ਦਾ ਸਮਾਂ ਮਿਲਿਆ ਹੈ ਆਸ ਹੈ ਉਥੇ ਆਪ ਜੀ ਨੂੰ ਪੁਰਾਤਨ ਪੁਰਾਣਕ ਪੁਸਤਕਾਂ ਨੂੰ ਪੜਚੋਲਣ ਦਾ ਅਵਸਰ ਵੀ ਜ਼ਰੂਰ ਮਿਲਿਆ ਹੋਵੇਗਾ, ਇਸ ਲਈ ਅਸੀਂ ਚਾਹੁੰਦੇ ਹਾਂ ਕਿ ਆਪ ਜੀ ਸਾਨੂੰ ਚੋਹਾਂ ਜੁਗਾਂ ਬਾਰੇ ਜਾਣਕਾਰੀ ਦਿਓ ਕਿ ਇਨ੍ਹਾਂ ਬਾਰੇ ਪੁਰਾਣਕ ਮੱਤ ਕੀ ਕਹਿੰਦਾ ਹੈ ਤੇ ਆਖ਼ਰ ਗੁਰਮਤ ਦਾ ਫ਼ੈਸਲਾ ਕੀ ਹੈ? ਕਿਉਂਕਿ ਇਸ ਬਾਰੇ ਪੁਰਾਣਾਂ ਦੇ ਪੁਜਾਰੀ ਲੋਕ ਕਈ ਤਰ੍ਹਾਂ ਦੀਆਂ ਕਹਾਣੀਆਂ ਸੁਣਾ ਸੁਣਾ ਕੇ ਲੋਕਾਂ ਨੂੰ ਭਰਮ ਭੁਲੇਖੇ ਵਿਚ ਪਾਈ ਰੱਖਦੇ ਹਨ, ਇਹ ਪੰਡਿਤ ਲੋਕ ਆਦਿ ਤੋਂ ਹੀ ਸ਼ਰਧਾਲੂਆਂ ਨੂੰ ਗੁਰਮਤ ਤੋਂ ਦੂਰ ਦੂਰ ਰੱਖਣ ਦਾ ਢੰਗ ਹੀ ਵਰਤਦੇ ਆ ਰਹੇ ਹਨ?

ਉ: ਹੇ ਭਾਈਓ! ਜਦੋਂ ਅਸੀਂ ਸੰਸਾਰ ਦੇ ਸਾਰੇ ਮੱਤਾਂ-ਮਤਾਤ੍ਰਾਂ ਤੇ ਗੁਰਮਤ ਦੀ ਪੜਚੋਲ ਕਰਦੇ ਹਾਂ ਤਾ ਇਨ੍ਹਾਂ ਦਾ ਪਰਸਪਰ ਉੱਕਾ ਹੀ ਤਾਲਮੇਲ ਨਹੀਂ ਬੈਠਦਾ ਕਿਉਂਕਿ ਜਿਥੇ ਜਾ ਕੇ ਸਾਰੇ ਸੰਸਾਰੀ ਮੱਤ ਰੁੱਕ ਜਾਂਦੇ ਹਨ, ਉਥੇ ਗੁਰਮਤ ਅਰੰਭ ਹੁੰਦੀ ਹੈ ਭਾਵ ਜਿਨ੍ਹਾਂ ਸਿਖਰਾਂ 'ਤੇ ਸਾਨੂੰ ਗੁਰਮਤ ਪਹੁੰਚਾਂਦੀ ਹੈ ਉਥੋਂ ਬਾਕੀ ਦੇ ਮੱਤ ਸਾਨੂੰ ਉਰਾਰ ਹੀ ਰੱਖਦੇ ਹਨ, ਜੇ ਹੁਣ ਅਸੀਂ ਇਥੇ ਪੁਰਾਣਕ ਮੱਤਾਂ ਦਾ ਵੇਰਵਾ ਲਿਖੀਏ ਤਾ ਉਹ ਬਹੁਤਾ ਵਿਸਥਾਰ ਹੋ ਜਾਵੇਗਾ, ਜਿਥੇ ਸਨਾਤਨ ਹਿੰਦੂ ਮੱਤ ਦੀਆ ਪੁਸਤਕਾਂ ਵਿਚ ਜੁਗਾਂ ਬਾਰੇ ਹੋਰ ਬਹੁਤ ਕੁਝ ਲਿਖਿਆ ਮਿਲਦਾ ਹੈ ਉਥੇ ਜੁਗਾਂ ਦੀਆਂ ਉਮਰਾਂ ਦਾ ਨਿਰਣਾ ਭੀ ਦਰਸਾਇਆ ਗਿਆ ਹੈ ਕਿ ਕਿਸ ਜੁਗ ਦੀ ਕਿਤਨੀ ਉਮਰ ਹੈ। ਪਰ ਜੋ ਭਿੰਨ ਭਿੰਨ ਜੁਗਾਂ ਦੀ ਅਰੰਭਤਾ ਅਤੇ ਸਮਾਪਤੀ ਦਾ ਢੰਗ ਪੁਰਾਣਾਂ ਦੇ ਕਰਤਾ ਮੰਨਦੇ ਹਨ, ਉਨ੍ਹਾਂ ਸਾਰੇ ਢੰਗਾਂ ਨਾਲ ਗੁਰੂ ਨਾਨਕ ਦੇਵ ਜੀ ਸਹਿਮਤ ਨਹੀਂ। ਕਿਉਂਕਿ ਆਪ ਜੀ ਉਸ ਕਾਦਰ ਦੀ ਨਿਯਮਾਵਲੀ ਨੂੰ ਹਰ ਥਾਂ ਦਲੀਲ ਰਾਹੀ ਦਰਸਾਉਣ ਦਾ ਯਤਨ ਕਰਦੇ ਹਨ, ਕਿਉਂਕਿ ਆਪ ਜੀ ਜਿਥੇ ਜਿਥੇ ਭੀ ਗਏ ਹਨ ਉਥੇ ਆਪ ਜੀ ਨੇ ਉਸ ਕਰਤੇ ਦੀ ਕੁਦਰਤ ਨੂੰ ਦਲੀਲ ਦੁਆਰੇ ਪ੍ਰਗਟਾਉਣ ਦਾ ਆਹਰ ਕੀਤਾ ਹੈ, ਕਿਉਂਕਿ ਦਲੀਲ ਤੋਂ ਸੱਖਣੇ ਮਨੁੱਖ ਨੂੰ ਸਫਲਤਾ ਹਾਸਲ ਨਹੀਂ ਹੋ ਸਕਦੀ। ਗੁਰੂ ਨਾਨਕ ਪਾਤਿਸ਼ਾਹ ਸੁਮੇਰ ਪ੍ਰਬਤ 'ਤੇ ਗਏ, ਮੱਕੇ ਗਏ, ਹਰਿਦੁਆਰ ਗਏ ਭਾਵ ਜਿਥੇ ਭੀ ਪੁੱਜੇ ਉਥੇ ਆਪ ਜੀ ਨੇ ਦਲੀਲ ਦੀ ਹੀ ਵਰਤੋਂ ਕੀਤੀ, ਜਿਸਦਾ ਸਦਕਾ ਆਪ ਜੀ ਨੂੰ ਸਦਾ ਹੀ ਸਫਲਤਾ ਹਾਸਲ ਹੋਈ, ਉਸੇ ਦਲੀਲ ਨੂੰ ਆਪ ਜੀ ਜੁਗਾਂ ਸੰਬੰਧੀ ਭੀ ਵਰਤਦੇ ਹਨ। ਕਿ ਹੇ ਭਾਈਓ! ਤੁਸੀਂ ਦਸੋ ਜੋ ਕਹਿੰਦੇ ਹੋ ਕਿ ਜੁਗ ਬਦਲ ਗਿਆ ਹੈ ਇਸਦਾ ਤੁਹਾਡੇ ਪਾਸ ਕੀ ਸਬੂਤ ਹੈ। ਦਰਸਾਓਗੇ?

ਪ੍ਰ: ਕਿਉਂ ਜੀ! ਤੁਸੀਂ ਹੀ ਦੱਸ ਦਿਓ ਕਿ ਜੁਗਾਂ ਦੇ ਨਾਂ ਬਦਲਣ ਦਾ ਤੁਹਾਡੇ ਪਾਸ ਕੋਈ ਠੋਸ ਸਬੂਤ ਹੈ? ਜਿਸ ਦੁਆਰੇ ਸਾਨੂੰ ਭੀ ਨਿਸਚਾ ਹੋ ਆਵੇ? ਤਾਂ:

ਉ: ਇਸਦੇ ਉੱਤਰ ਵਿਚ ਆਪ ਜੀ ਬਾਣੀ ਦੁਆਰੇ ਵੀਚਾਰ ਅੰਕਤ ਕਰਦੇ ਹਨ, ਜਿਸ ਵਿਚ ਆਪ ਜੀ ਉਸ ਕਰਤਾਰ ਦੇ ਅਟੱਲ ਨਿਜ਼ਾਮ ਵੱਲ ਇਸ਼ਾਰਾ ਕਰਦੇ ਹਨ ਕਿ ਦੇਖੋ ਭਾਈਓ! ਉਸ ਪ੍ਰਭੂ ਨੇ ਜੋ ਆਦਿ ਵਿਚ ਸੰਸਾਰ ਦਾ ਬੰਧਾਨ ਇਕੋ ਵਾਰ ਘੜ ਦਿੱਤਾ ਹੈ ਉਹ ਉਸੇ ਨਿਯਮ ਅਨੁਸਾਰ ਦਿਨੇ ਰਾਤ ਇਕ ਰਸ ਚਲਦਾ ਆ ਰਿਹਾ ਹੈ, ਇਸ ਵਿਚ ਕੋਈ ਵੀ ਵਧਾ ਘਟਾ ਵੇਖਣ ਵਿਚ ਨਹੀਂ ਆਉਂਦਾ ਜੇ ਵੀਚਾਰ ਦ੍ਰਿਸ਼ਟੀ ਰਾਹੀ ਤਕੋਗੇ ਤਾਂ ਇਉਂ ਹੀ ਸੋਝੀ ਮਿਲੇਗੀ ਕਿ:

ਸੋਈ ਚੰਦੁ ਚੜਹਿ ਸੇ ਤਾਰੇ
ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣ ਝੁਲਾਰੇ
ਜੁਗ ਜੀਅ ਖੇਲੇ ਥਾਵ ਕੈਸੇ॥

ਕਿਤੈ ਦੇਸਿ ਨ ਆਇਆ ਸੁਣੀਐ
ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ
ਮਹਲ ਉਸਾਰਿ ਨ ਬੈਠਾ ॥੨॥

*(ਰਾਮਕਲੀ ਮ: ੧, ਪੰਨਾ ੯੦੨)*

ਭਾਵ ਹੈ ਕਿ ਹੇ ਭਾਈਓ! ਵੇਖੋ, ਜੋ ਇਸ ਸੰਸਾਰਕ ਰਚਨਾ ਦੇ ਅਰੰਭ ਵਿਚ ਚੰਦ੍ਰਮਾ, ਸੂਰਜ, ਤਾਰੇ ਚੜ੍ਹਦੇ ਸਨ ਉਹੀ ਹੁਣ ਚੜ੍ਹ ਰਹੇ ਹਨ, ਓਹੀ ਧਰਤੀ ਹੈ, ਓਹੀ ਪਵਣ ਵਗਦੀ ਦਿੱਸ ਰਹੀ ਹੈ, ਫਿਰ ਜੁਗਾਂ ਦੀ ਬਦਲੀ ਹੋਈ ਤੁਸੀਂ ਦਸੋ ਕਿਵੇਂ ਮੰਨਦੇ ਹੋ? ਕਿਉਂਕਿ ਬਦਲਿਆ ਤਾਂ ਕੁਝ ਭੀ ਨਹੀਂ। ਆਦਿ ਤੋਂ ਸਾਰਾ ਵਿਧਾਨ ਇਕ ਰਸ ਚਲ ਰਿਹਾ ਹੈ।

ਪ੍ਰ: ਕਿਉਂ ਜੀ, ਜੁਗਾਂ ਦੀ ਬਦਲੀ ਤਾਂ ਆਪ ਜੀ ਨਹੀਂ ਮੰਨਦੇ ਪਰ ਆਖ਼ਰ ਆਪ ਜੀ ਕਿਸੇ ਸ਼ੈ ਦੀ ਬਦਲੀ ਮੰਨਦੇ ਭੀ ਹੋ, ਇਹ ਭੀ ਦੱਸ ਦਿਓ?

ਉ: ਹੇ ਭਾਈਓ! ਜੇ ਦੂਰ-ਦਰਸ਼ੀ ਦ੍ਰਿਸ਼ਟੀ ਨਾਲ ਤਕੋਗੇ ਤਾਂ ਇਉਂ ਹੀ ਨਜ਼ਰ ਆਵੇਗਾ ਕਿ ਜੁਗਾਂ ਦੀ ਬਦਲੀ ਨਹੀਂ ਸਗੋਂ ਜੀਵਾਂ ਦੇ ਸੁਭਾਵਾਂ ਤੇ ਖ਼ਿਆਲਾਂ ਤੇ ਕਰਮ-ਕ੍ਰਿਤ ਦੀ ਬਦਲ ਹੁੰਦੀ ਹੈ। ਜਿਨ੍ਹਾਂ-ਜਿਨ੍ਹਾਂ ਸਮਿਆਂ ਵਿਚ ਜਿਸ ਕਿਸੇ ਕਰਮ ਦੀ ਵਧੇਰੇ ਲੋਕਾਂ ਵਿਚ ਵਰਤੋਂ ਹੋ ਰਹੀ ਸੀ, ਉਸ ਦੇ ਆਧਾਰਤ ਹੋ ਉਨ੍ਹਾਂ ਸਮਿਆਂ ਦੇ ਆਮ ਲੋਕਾਂ ਵਿਚ ਨਾਮ ਪ੍ਰਚਲਤ ਹੋ ਗਏ, ਜਿਵੇਂ ਕਿ ਬਾਣੀ ਵਿਚ ਭੀ ਹੁਕਮ ਆਇਆ ਹੈ ਕਿ:

ਸਤਜੁਗਿ ਸਾਚੁ ਕਹੈ ਸਭੁ ਕੋਈ ॥
ਸਚਿ ਵਰਤੈ ਸਾਚਾ ਸੋਈ ॥
ਤ੍ਰੇਤੈ ਧਰਮ ਕਲਾ ਇਕ ਚੂਕੀ ॥
ਤੀਨਿ ਚਰਣ ਇਕ ਦੁਬਿਧਾ ਸੂਕੀ ॥
ਦਇਆ ਦੁਆਪਰਿ ਅਧੀ ਹੋਈ ॥
ਗੁਰਮੁਖਿ ਵਿਰਲਾ ਚੀਨੈ ਕੋਈ ॥

*(ਮਾਰੂ ਮ: ੧, ਪੰਨਾ ੧੦੨੩)*

ਸਤਜੁਗਿ ਸਚੁ ਕਹੈ ਸਭੁ ਕੋਈ ॥
ਘਰਿ ਘਰਿ ਭਗਤਿ ਗੁਰਮੁਖਿ ਹੋਈ ॥
ਸਤਜੁਗਿ ਧਰਮੁ ਪੈਰ ਹੈ ਚਾਰਿ ॥
ਗੁਰਮੁਖਿ ਬੂਝੈ ਕੋ ਬੀਚਾਰਿ ॥੧॥
ਜੁਗ ਚਾਰੇ ਨਾਮਿ ਵਡਿਆਈ ਹੋਈ ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ
ਗੁਰ ਬਿਨੁ ਨਾਮੁ ਨ ਪਾਵੈ ਕੋਈ ॥

*(ਰਾਮਕਲੀ ਮ: ੩, ਪੰਨਾ ੮੮੦)*

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥

*(ਗਉੜੀ, ਰਵਿਦਾਸ ਜੀ, ਪੰਨਾ ੩੪੬)*

ਸਤਜੁਗਿ ਸਤੁ ਸੰਤੋਖੁ ਸਰੀਰਾ
ਪਗ ਚਾਰੇ ਧਰਮੁ ਧਿਆਨੁ ਜੀਉ ॥੧॥
ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ
ਜਤੁ ਸੰਜਮ ਕਰਮ ਕਮਾਇ ਜੀਉ ॥
ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ
ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥
ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ
ਪਗੁ ਚਉਥਾ ਟਿਕੈ ਟਿਕਾਇ ਜੀਉ ॥

*(ਆਸਾ ਮ: ੪, ਪੰਨਾ ੪੪੫)*

ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥
ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥

*(ਸਲੋਕ ਮ: ੧, ਪੰਨਾ ੪੭੦)*

ਸਤਜੁਗੁ ਤ੍ਰੇਤਾ ਦੁਆਪਰੁ ਭਣੀਐ
ਕਲਿਜੁਗੁ ਊਤਮੋ ਜੁਗਾ ਮਾਹਿ ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ
ਕੋਈ ਨ ਪਕੜੀਐ ਕਿਸੈ ਥਾਇ ॥੩॥

*(ਆਸਾ ਮ: ੫, ਪੰਨਾ ੪੦੬)*

ਭਾਵ ਹੈ ਕਿ ਜਦੋਂ ਜਦੋਂ ਭੀ ਸੰਸਾਰੀ ਲੋਕਾਂ ਦੇ ਕਿਰਤ ਕਰਮ, ਖ਼ਿਆਲਾਂ ਤੇ ਸੁਭਾਵਾਂ ਵਿਚ ਬਦਲ ਆਈ ਤਾਂ ਉਸ ਦੇ ਪ੍ਰਭਾਵ ਨੂੰ ਵੇਖ ਕੇ ਉਸ ਸਮੇਂ ਦੇ ਦੂਰ-ਦਰਸ਼ੀ ਲੋਕਾਂ ਨੇ ਉਸ ਸਮੇਂ ਦਾ ਵਿਸ਼ੇਸ਼ ਨਾਮ ਰੱਖ ਦਿੱਤਾ। ਪਹਿਲੇ ਸਮੇਂ ਦਾ ਨਾਮ ਸਤਿਜੁਗ ਕਿਉਂ ਰੱਖਿਆ ਗਿਆ? ਕਿਉਂਕਿ ਉਹ ਪਹਿਲਾ ਸਮਾਂ ਜੰਮਦੇ ਬੱਚੇ ਵਾਂਗ ਸਮੇਂ ਦਾ ਬਚਪਨ ਸੀ। ਸੋ, ਬੱਚਾ ਤਾਂ ਬਚਪਨ ਵਿਚ ਨਿਰਵਿਕਾਰ, ਨਿਰਦੋਸ਼, ਨਿਰਛਲ, ਨਿਸ਼-ਕਪਟ ਆਦਿ ਦੈਵੀ ਗੁਣਾਂ ਦਾ ਭੰਡਾਰ ਮੰਨਿਆ ਹੀ ਗਿਆ ਹੈ, ਇਸ ਲਈ ਅਰੰਭਤਾ ਦੇ ਸਮੇਂ ਨੂੰ ਸਤਿਜੁਗ ਨਾਮ ਦਿਤਾ ਗਿਆ, ਕਿਉਂਕਿ ਇਸ ਸਮੇਂ ਵਿਚ ਵਧੇਰੇ ਲੋਕੀ ਸਤਵਾਦੀ, ਸੰਤੋਖੀ, ਧਰਮ ਦੇ ਕਰਮਾਂ ਵਿਚ ਪ੍ਰਵਿਰਤ ਸਨ। ਅਗੇ ਜਿਉਂ ਜਿਉਂ ਲੋਕਾਂ ਦੀ ਕਰਮ ਕ੍ਰਿਤ ਵਿਚ ਬਦਲ ਆਈ, ਜਿਵੇਂ ਕਿ ਜਦੋਂ ਜੱਗ ਆਦਿਕ ਕਰਮ ਕਰਨ ਦੀ ਰੁਚੀ ਲੋਕਾਂ ਵਿਚ ਵੱਧ ਗਈ ਤਾਂ ਉਸ ਸਮੇਂ ਦਾ ਨਾਮ ਤ੍ਰੇਤਾ ਜੁਗ ਕਹਿਣਾ ਅਰੰਭ ਹੋ ਗਿਆ, ਜਦੋਂ

ਲੋਕ ਵਧੇਰੇ ਪੂਜਾ ਕਰਨ ਵਿਚ ਪ੍ਰਵਿਰਤ ਹੋ ਗਏ ਉਸ ਸਮੇਂ ਨੂੰ ਦੁਆਪਰ, ਭਾਵ ਸਮੇਂ ਦਾ ਦੂਜਾ ਪੜਾਉ ਕਹਿਣਾ ਅਰੰਭ ਹੋ ਗਿਆ, ਇਸ ਤਰ੍ਹਾਂ ਪਹਿਲੇ, ਦੂਜੇ ਤੇ ਤੀਜੇ ਪੜਾਉਆਂ ਵਿਚ ਸਮੇਂ ਦੀ ਵੰਡ ਹੋ ਗਈ, ਭਾਵੇਂ ਇਹ ਠੀਕ ਹੈ ਕਿ ਸਮੇਂ ਸਮੇਂ ਸਤ, ਜੱਗ, ਪੂਜਾ ਆਦਿ ਕਰਮ ਕਰਨ ਵਿਚ ਲੋਕੀ ਆਪਣਾ ਵਧੇਰੇ ਸਮਾਂ ਗੁਜ਼ਾਰ ਦੇਂਦੇ ਸਨ, ਪਰ ਜਦੋਂ ਗੁਰੂ ਦੀ ਗੁਰਮਤ ਵੱਲ ਨਜ਼ਰ ਮਾਰਦੇ ਹਾਂ ਤਾਂ ਇਹੋ ਸੋਝੀ ਮਿਲਦੀ ਹੈ ਕਿ ਜਿਸਨੂੰ ਭੀ ਮੁਕਤਿ ਹਾਸਲ ਹੋਈ ਉਹ ਨਾਮ ਚਿੰਤਨ ਦੁਆਰੇ ਹੀ ਹੋਈ ਹੈ। ਇਸ ਲਈ ਗੁਰੂ ਬਾਣੀ ਨੇ ਭੀ ਮੁਕਤਿ ਹੋਣ ਦਾ ਉੱਤਮ ਸਾਧਨ ਨਾਮ ਨੂੰ ਹੀ ਦਰਸਾਇਆ ਹੈ, ਸਮਾਂ ਭਾਵੇਂ ਕਿਸੇ ਜੁਗ ਦਾ ਭੀ ਹੋਵੇ।

ਭਾਈ ਸਾਹਿਬ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਇਹ ਨਿਰਣਾ ਕਰਨ ਦਾ ਯਤਨ ਕੀਤਾ ਹੈ ਕਿ ਕਿਸ ਜੁਗ ਵਿਚ ਕਿਸ ਸਾਧਨ ਦੀ ਬਹੁਲਤਾ, ਅਧਿਕਤਾ ਸੀ, ਪਰ ਜੁਗਾਂ ਵਿਚੋਂ ਵਿਸ਼ੇਸ਼ ਅਧਿਕਤਾ ਰੱਖਣ ਵਾਲਾ ਕੌਣ ਜੁਗ ਹੈ? ਭਾਈ ਸਾਹਿਬ ਨੇ ਉਸ ਸਮੇਂ ਦੀਆਂ ਪੁਰਾਣਕ ਪਰਚਲਤ ਕਥਾਵਾਂ ਨੂੰ ਭੀ ਟੂਕ-ਮਾਤ੍ਰ ਦਰਸਾ ਕੇ ਗੁਰਮਤ ਦੀ ਅਟੱਲ ਸਚਾਈ ਨੂੰ ਪ੍ਰਗਟਾਉਣ ਦਾ ਉਦਮ ਕੀਤਾ ਹੈ, ਜਿਵੇਂ ਕਿ:

(੧) (ਹੇ ਭਾਈਓ! ਜਿਵੇਂ ਕਿ ਪਰੰਪਰਾ ਤੋਂ ਇਹ ਅਖੌਤ ਪਰਚਲਤ ਹੈ ਕਿ) ਸਤਿਜੁਗ (ਆਮ ਜੁਗਾਂ ਵਿਚ ਸਤਿਵਾਦੀ) ਉੱਤਮ ਜੁਗ ਕਿਹਾ ਜਾਂਦਾ ਹੈ, (ਪਰ ਉਸ ਜੁਗ ਵਿਚ) ਜੇ ਕੋਈ ਇਕ ਬੰਦਾ ਭੈੜਾ ਕੰਮ ਕਰਦਾ ਸੀ, ਤਾਂ ਉਸ ਬਦਲੇ ਸਾਰੇ ਦੇਸ ਨੂੰ (ਸਜ਼ਾ ਨਾਲ) ਪੀੜਤ (ਦੁਖੀ) ਹੋਣਾ ਪੈਂਦਾ ਸੀ।

(੨) (ਸਮਾਂ ਬਦਲਿਆ ਜਿਸ ਦਾ ਨਾਮ ਤ੍ਰੇਤਾ ਸੰਗਿਆ ਪੈ ਗਈ ਇਸ) ਤ੍ਰੇਤੇ ਵਿਚ (ਜੇ ਕੋਈ ਭੈੜਾ ਕੰਮ ਕਰੇ ਤਾਂ ਇਕ ਪਿਛੇ) ਸਾਰੀ ਨਗਰੀ ਨੂੰ ਹੀ ਪੀੜਿਆ ਜਾਂਦਾ ਸੀ ਤੇ ਦੁਆਪਰ ਵਿਚ (ਇਕ ਦੀ ਥਾਂ) ਸਾਰੀ ਵੰਸ਼ ਨੂੰ ਹੀ ਖ਼ਤਮ ਕੀਤਾ ਜਾਂਦਾ ਸੀ।

(੩) (ਪਰ ਕਲਿਜੁਗ ਵਿਚ ਸੱਚਾ ਨਿਆਉਂ ਹੈ, ਕਿਉਂ ਜੋ) ਜਿਹੜਾ ਜੋ ਬੀਜਦਾ (ਭੈੜਾ ਜਾਂ ਚੰਗਾ ਕੰਮ) ਕਰਦਾ ਹੈ ਉਸੇ ਨੂੰ ਹੀ ਫਲ ਮਿਲਦਾ ਹੈ।

(੪) ਪਾਰਬ੍ਰਹਮ (ਪ੍ਰਮੇਸ਼ਰ) ਹੀ ਸਭ ਪਾਸੇ ਪਰੀ ਪੂਰਨ ਬ੍ਰਹਮ ਰੂਪ ਵਿਚ ਹੈ, ਸਤਿਗੁਰੂ ਦੇ ਸ਼ਬਦ ਵਿਚ ਸੁਰਤ ਨੂੰ ਜੋੜਨ ਵਾਲਾ (ਇਸ ਸਚਾਈ ਨੂੰ ਪ੍ਰਾਪਤ ਕਰਕੇ) ਵੱਡਾ ਚੇਲਾ ਹੈ।

(੫) (ਐਸਾ, ਸ਼ਬਦ ਵਿਚ ਸੁਰਤ ਨੂੰ ਜੋੜਨ ਵਾਲਾ) ਨਾਮ, ਦਾਨ ਤੇ ਇਸ਼ਨਾਨ (ਦੇ ਗੁਣ) ਦ੍ਰਿੜ੍ਹ ਕਰਕੇ, ਸਾਧ ਸੰਗਤ ਵਿਚ ਅੰਮ੍ਰਿਤ ਵੇਲੇ ਜਾ ਮਿਲਦਾ ਹੈ।

(੬) (ਉਹ) ਮਿਠਾ ਬੋਲਣਾ, ਨਿਵ (ਨਿਮਰਤਾ ਵਿਚ) ਚਲਣਾ ਤੇ ਹਥਹੁ ਦੇਣ ਦੀ ਸਹਿਜ ਅਵਸਥਾ ਵਿਚ ਪੁੱਜ ਕੇ ਸੁਹੇਲਾ ਹੋ ਜਾਂਦਾ ਹੈ।

(੭) ਐਜਿਹੇ ਗੁਰਮੁਖਾਂ ਨੂੰ ਸੁਖ ਫਲ ਦੀ ਪ੍ਰਾਪਤੀ ਹੁੰਦੀ ਹੈ ਉਨ੍ਹਾ ਲਈ ਨਵੀਂ ਨਵੇਲੀ ਪ੍ਰੀਤੀ ਹੈ, ਅਰਥਾਤ ਉਨ੍ਹਾਂ ਦੀ ਪ੍ਰੀਤ ਦਾ ਕੋਈ ਇਕ ਵੇਲਾ ਨਹੀਂ ਹੈ, ਉਹ ਅੱਠੇ ਪਹਿਰ ਅਕਾਲ ਪੁਰਖ ਦੇ ਨਾਮ ਨੂੰ ਪ੍ਰੀਤ ਨਾਲ ਜਪਦੇ ਜਾਂ ਮਨ ਕਰਕੇ ਸਿਮਰਦੇ ਰਹਿੰਦੇ ਹਨ।੧੬।

ਪ੍ਰ: ਭਾਈ ਸਾਹਿਬ ਜੀਉ! ਇਸ ਉਪ੍ਰੋਕਤ ਪਉੜੀ ਦੇ ਅਰੰਭ ਵਿਚ ਆਪ ਜੀ ਨੇ ਵਖੋ ਵੱਖ ਜੁਗਾਂ ਦੇ ਸੰਕੇਤ ਦਰਸਾਏ ਹਨ, ਜਿਸ ਵਿਚ ਆਪ ਜੀ ਨੇ ਸਤਿਜੁਗ ਨੂੰ ਉੱਤਮ ਦਰਜਾ ਦਿਤਾ ਹੈ, ਕੀ ਇਹ ਦੱਸਣ ਦੀ ਖੇਚਲ ਕਰੋਗੇ ਕਿ ਇਹ ਸਤਿਜੁਗ ਨੂੰ ਬਾਕੀ ਦੇ ਜੁਗਾਂ ਨਾਲੋਂ ਉੱਤਮ ਦਰਜਾ ਦੇਣ ਦਾ ਸੰਕੇਤ ਧੁਰ ਦਰਗਾਹੋਂ ਰੱਬ ਵਲੋਂ ਨੀਅਤ ਹੋਇਆ ਹੈ ਜਾਂ ਕੋਈ ਇਸ ਦਾ ਹੋਰ ਕਾਰਣ ਮੰਨਿਆ ਜਾਂਦਾ ਹੈ?

ਕਿਉਂਕਿ ਜੇ ਆਪ ਜੀ ਇਸ ਨੂੰ ਰੱਬੀ ਬੰਧਾਨ ਕਹੋ ਤਾਂ ਇਹ ਤਾਂ ਮੰਨਣ ਵਿਚ ਨਹੀਂ ਆ ਸਕਦਾ, ਕਿਉਂਕਿ ਉਸ ਦੇ ਸੱਚੇ ਰੱਬੀ ਦਰਬਾਰ ਵਿਚ ਤਾਂ ਨਿਰੋਲ ਸੱਚ ਦਾ ਹੀ ਵਰਤਾਉ ਵਰਤਦਾ ਹੈ ਕਿਉਂਕਿ ਬਾਣੀ ਦਾ ਭੀ ਇਹੋ ਫ਼ੁਰਮਾਨ ਹੈ:

ਓਥੈ ਸਚੇ ਹੀ ਸਚਿ ਨਿਬੜੈ
ਚੁਣਿ ਵਖਿ ਕਢੇ ਜਜਮਾਲਿਆ॥ *(ਪੰਨਾ ੪੬੩)*

ਜੇ ਉਸ ਸਚੇ ਰੱਬ ਦੇ ਦਰਬਾਰ ਵਿਚ ਭੀ ਅਜਿਹਾ ਅਨਿਆਉਂ ਹੁੰਦਾ ਹੋਵੇ ਤਾਂ ਉਸ ਰੱਬ ਨੂੰ ਤਾਂ ਰੱਬ ਹੀ ਨਹੀਂ ਕਿਹਾ ਜਾ ਸਕਦਾ ਜਿਸ ਦੇ ਘਰ ਦਾ ਇਹ ਵਰਤਾਉ ਹੋਵੇ ਕਿ ਕਿਸੇ ਇਕ ਦੇ ਮੰਦੇ ਕਰਮ ਕਰਨ ਦੀ ਸਜ਼ਾ ਸਾਰੇ ਹੀ ਦੇਸ ਨੂੰ ਭੁਗਤਣੀ ਪਵੇ। ਪਰ ਜੇ ਤੁਸੀਂ ਇਹ ਸਤਿਜੁਗ ਨੂੰ ਉੱਤਮ ਹੋਣ ਦਾ ਖ਼ਿਆਲ ਆਪਣੇ ਵਲੋਂ ਹੀ ਪ੍ਰਗਟਾਇਆ ਹੈ ਤਾਂ ਇਸ ਬਾਰੇ ਭੀ ਨਿਰਣਾ ਕਰੋ ਕਿ ਇਸ ਦਾ ਅਧਾਰ ਤੁਸਾਂ ਕਿਸਨੂੰ ਮੰਨਿਆ ਹੈ। ਕਿਉਂਕਿ ਜੇ ਅਸੀਂ ਦੁਨਿਆਵੀ ਲੌਕਿਕ ਰੀਤੀ ਅਨੁਸਾਰ ਭੀ ਵੀਚਾਰ ਕਰੀਏ, ਕਿ ਚਾਰ ਪੁਤਰਾਂ ਦਾ ਬਾਪ ਕਿਸੇ ਇਕ ਪੁੱਤ੍ਰ ਦੀ ਗ਼ਲਤੀ ਕਰਨ ਦਾ ਦੰਡ ਚੌਹਾਂ ਪੁੱਤਰਾਂ ਨੂੰ ਦੇਂਦਾ ਹੈ ਤਾਂ ਉਸ ਬਾਪ ਨੂੰ ਕੋਈ

ਸਿਆਣਾ ਮਨੁੱਖ ਨਿਆਕਾਰ ਨਹੀ ਸਮਝੇਗਾ ਸਗੋਂ ਬੇ-ਇਨਸਾਫ਼ੀ ਜਾਣੇਗਾ, ਇਸ ਲਈ ਆਸ ਹੈ ਕਿ ਆਪ ਸਾਨੂੰ ਗੁਰਮਤ ਦੇ ਵੀਚਾਰਾਂ ਰਾਹੀਂ ਜ਼ਰੂਰ ਸੂਚਤ ਕਰੋਗੇ ?

ਉ: ਹੇ ਭਾਈਓ ! ਉਸ ਸੱਚੇ ਰੱਬ ਦੇ ਦਰਬਾਰ ਵਿਚ ਤਾਂ ਕੂੜ ਦਾ ਵਰਤਾਉ ਉੱਕਾ ਹੀ ਨਹੀਂ ਵਰਤਦਾ ਕਿਉਂਕਿ ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਗਿਆ ਹੈ, ਹੋ ਸਕਦਾ ਹੈ ਕਿ ਇਸ ਪਉੜੀ ਦੇ ਅਰੰਭ ਵਿਚ ਮੇਰੇ ਵਲੋਂ ਉੱਕਰੇ ਗਏ ਅੱਖਰਾਂ ਨੂੰ ਤੁਸਾਂ ਧਿਆਨ ਦੇ ਕੇ ਨਾ ਪੜ੍ਹਿਆ ਹੋਵੇ ਜਾਂ ਮੈਂ ਉਹ ਅੱਖਰ ਨ ਅੰਕਤ ਕਰ ਸਕਿਆ ਹੋਵਾਂ ਜਿਸਨੂੰ ਤੁਸੀਂ ਸਮਝ ਸਕਦੇ ਸੀ, ਪਰ ਜੇ ਤੁਸੀਂ ਹੁਣ ਭੀ ਧਿਆਨ ਦੇ ਕੇ ਪੜ੍ਹਨ ਦੀ ਖੇਚਲ ਕਰੋਗੇ ਤਾਂ ਉਥੇ ਤੁਹਾਨੂੰ ਇਹੋ ਪੜ੍ਹਨ ਵਿਚ ਆਵੇਗਾ ਕਿ 'ਸਤਿਜੁਗ ਉਤਮ ਆਖੀਐ' ਭਾਵ ਹੈ ਕਿ ਪੁਰਾਤਨ ਪੁਰਾਣਾਂ ਵਿਚ ਪੁਰਾਣਾਂ ਦੇ ਕਰਤਿਆਂ ਵਲੋਂ ਇਹੋ ਆਖਿਆ ਗਿਆ ਹੈ ਕਿ ਸਤਿਜੁਗ ਉੱਤਮ ਹੈ, ਇਸੇ ਭਾਵ ਨੂੰ ਮੁੱਖ ਰੱਖ ਕੇ ਸਤਿਗੁਰੂ ਜੀ ਨੇ ਬਾਣੀ ਵਿਚ ਪਰਮਾਣ ਦੇ ਤੌਰ ਪਰ ਇਸ਼ਾਰੇ-ਮਾਤ੍ਰ ਉਦਾਹਰਣ ਰੂਪ ਵਿਚ ਵਰਤਿਆ ਹੈ, ਪਰ 'ਉੱਤਮ' ਸ਼ਬਦ ਦੀ ਵਰਤੋਂ ਸਤਿਗੁਰੂ ਜੀ ਨੇ ਕਲਜੁਗ ਦੇ ਲਈ ਜ਼ਰੂਰ ਵਰਤੀ ਹੈ ਕਿ :

(ਕਲਜੁਗੁ ਉਤਮੋ ਜੁਗਾ ਮਾਹਿ) ਉਹ ਇਸ ਲਈ ਕਿਉਂਕਿ ਕਲਿਜੁਗ ਵਿਚ ਸੱਚ ਦਾ ਨਿਆਉਂ ਵਰਤਦਾ ਸੀ। ਕਿਸੇ ਇਕ ਦਾ ਕੀਤਾ ਕਰਮ ਫਲ ਉਸੇ ਨੂੰ ਹੀ ਭੋਗਣਾ ਪੈਂਦਾ ਹੈ।

ਸੋ, ਅਜਿਹਾ ਕੁਢੱਬਾ ਵਿਧਾਨ ਨਾ ਰੱਬ ਵਲੋਂ ਮਿਥਿਆ ਜਾ ਸਕਦਾ ਹੈ ਅਤੇ ਨਾਹੀ ਇਲਾਹੀ ਸਤਿਗੁਰਾਂ ਦੀ ਬਾਣੀ ਇਸ ਨਾਲ ਸਹਿਮਤ ਹੈ, ਪਰ ਹਾਂ ਪੁਰਾਣਾਂ ਵਿਚ ਅਜਿਹਾ ਮਿਥਿਹਾਸ ਮਸਾਲਾ ਜ਼ਰੂਰ ਪੜ੍ਹਨ ਸੁਣਨ ਵਿਚ ਆਉਂਦਾ ਹੈ ਜਿਸ ਨਾਲ ਗੁਰਬਾਣੀ ਸਹਿਮਤ ਨਹੀਂ। ਕਿਸੇ ਕਿਸੇ ਥਾਂ 'ਤੇ ਗੁਰਮਤ ਨੂੰ ਦਰਸਾਉਣ ਲਈ ਪੁਰਾਣਾਂ ਦੇ ਪ੍ਰਸੰਗਾਂ ਨੂੰ ਟੂਕ-ਮਾਤ੍ਰ ਵਿਚ ਜ਼ਰੂਰ ਵਰਤਿਆ ਗਿਆ ਹੈ, ਪਰ ਸਾਰੇ ਪੁਰਾਣਾਂ ਦੇ ਪ੍ਰਸੰਗਾ ਨਾਲ ਗੁਰਮਤ ਸਹਿਮਤ ਨਹੀਂ ਹੈ, ਇਸ ਲਈ ਕੋਈ ਭੀ ਪੁਰਾਣਕ ਪ੍ਰਸੰਗ ਨੂੰ ਸੁਣ ਕੇ ਗੁਰਬਾਣੀ ਦੀ ਕਸਵੱਟੀ ਨਾਲ ਸੋਧ ਕਰ ਲੈਣੀ ਜ਼ਰੂਰੀ ਹੈ, ਜਿਸ ਨਾਲ ਗੁਰਮਤ ਸਹਿਮਤ ਨਹੀਂ ਉਸਨੂੰ ਕੇਵਲ ਕਲਪਣਾ ਮਾਤ੍ਰ ਹੀ ਸਮਝਣਾ ਯੋਗ ਹੈ।

## ੧੭. ਵਾਹਿਗੁਰੂ ਗੁਰਮੰਤ੍ਰ ਹੈ

**੧. ਨਿਰੰਕਾਰ ਆਕਾਰੁ ਕਰਿ**
**ਜੋਤਿ ਸਰੂਪ ਅਨੂਪ ਦਿਖਾਯਾ।**
**੨. ਬੇਦ ਕਤੇਬ ਅਗੋਚਰਾ**
**ਵਾਹਿਗੁਰੂ ਗੁਰ ਸ਼ਬਦ ਸੁਣਾਯਾ।**
**੩. ਚਾਰਿ ਵਰਨ ਚਾਰ ਮਜ਼ਹਬਾ**
**ਚਰਣ ਕਵਲ ਸ਼ਰਣਾਗਤਿ ਆਯਾ।**
**੪. ਪਾਰਸ ਪਰਸਿ ਅਪਰਸ ਜਗਿ**
**ਅਸ਼ਟਧਾਤ ਇਕ ਧਾਤ ਕਰਾਯਾ।**
**੫. ਪੈਰੀਂ ਪਾਇ ਨਿਵਾਇ ਕੈ**
**ਹਉਮੈ ਰੋਗ ਅਸਾਧ ਮਿਟਾਯਾ।**
**੬. ਹੁਕਮ ਰਜ਼ਾਈ ਚੱਲਣਾ**
**ਗੁਰਮੁਖ ਗਾਡੀ ਰਾਹੁ ਚਲਾਯਾ।**
**੭. ਪੂਰੇ ਪੂਰਾ ਥਾਟੁ ਬਣਾਯਾ ॥੧੭॥**

***ਪਦ ਅਰਥ :*** ਨਿਰੰਕਾਰ—ਨਿਰਗੁਣ ਬ੍ਰਹਮ। ਅਗੋਚਰ—ਇੰਦ੍ਰਿਆਂ ਦੀ ਸਮਝ ਤੋਂ ਦੂਰ। ਗਾਡੀ ਰਾਹੁ—ਸੌਖਾ ਰਾਹ। ਅਸਾਧ—ਜੋ ਸਾਧਿਆ ਨ ਜਾਵੇ। ਥਾਟੁ—ਬਣਾਉ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਕ ਆਪ ਜੀ ਤੋਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹਾਂ, ਇਸ ਨੂੰ ਆਪ ਜੀ ਨੇ ਸਾਡੇ ਵਲੋਂ ਕੋਈ ਤਰਕ ਦ੍ਰਿਸ਼ਟੀ ਨਾ ਸਮਝਣਾ ਕੇਵਲ ਇਕ ਨਿਰ-ਸੰਦੇਹ ਹੋਣ ਦਾ ਹੀ ਉਪਰਾਲਾ ਹੈ ਕਿ ਅਵਤਾਰ ਤਾਂ ਪਹਿਲੋਂ ਭੀ ਕਈ ਆ ਚੁੱਕੇ ਹਨ, ਪਰ ਤੁਸੀਂ ਉਨ੍ਹਾਂ ਪਿਛਲੇ ਹੋ ਚੁੱਕੇ ਅਵਤਾਰਾਂ ਵਿਚ ਅਤੇ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਆਉਣ ਵਿਚ ਕੀ ਅੰਤਰਾ ਅਨੁਭਵ ਕਰਦੇ ਹੋ, ਇਹ ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਜੇ ਦੂਰ-ਦਰਸ਼ੀ ਨਜ਼ਰਾਂ ਨਾਲ ਤਕੀਏ ਤਾਂ ਇਸ ਵਿਚ ਸਾਨੂੰ ਬਹੁਤ ਅੰਤਰਾ ਨਜ਼ਰ ਆਵੇਗਾ ਕਿਉਂਕਿ ਗ੍ਰੰਥਕਾਰਾਂ ਨੇ ਅਵਤਾਰ ਚਾਰ ਪ੍ਰਕਾਰ ਦੇ ਵਖੋ ਵੱਖ ਮੰਨੇ ਹਨ, ਜਿਵੇਂ ਕਿ :

੧. ਅੰਸ਼ਾ ਅਵਤਾਰ। ੨. ਅਵੇਸ਼ਾ ਅਵਤਾਰ।
੩. ਕਲਾ ਅਵਤਾਰ। ੪. ਪੂਰਨ ਅਵਤਾਰ।

**ਅੰਸਾ ਅਵਤਾਰ :** ਜਿਸ ਵਿਚ ਅੰਸ-ਮਾਤ੍ਰ ਸ਼ਕਤੀ ਹੋਵੇ, ਜਿਵੇਂ ਕਿ ਰਾਜਾ ਪ੍ਰਿਥੂ ਆਦਿ ਹੋਏ ਹਨ।

**ਅਵੇਸਾ ਅਵਤਾਰ :** ਜਿਸ ਵਿਚ ਪਹਿਲੋਂ ਕੋਈ ਸ਼ਕਤੀ ਨ ਹੋਵੇ, ਤਪਸਿਆ ਕਰਨ ਨਾਲ ਸ਼ਕਤੀ ਪ੍ਰਾਪਤ ਹੋਵੇ, ਜਿਵੇਂ ਕਿ ਪਰਸਰਾਮ ਆਦਿ ਹੋ ਚੁੱਕੇ ਹਨ।

**ਕਲਾ ਅਵਤਾਰ :** ਜਿਸ ਵਿਚ ਕੇਵਲ ਗਿਣਤੀ ਦੀਆਂ ਕਲਾ ਹੋਣ। ਜਿਵੇਂ ਕਿ ਕੱਛ, ਮੱਛ, ਬਰਾਹ ਆਦਿ ਅਵਤਾਰ ਮੰਨੇ ਗਏ ਹਨ।

**ਪੂਰਨ ਅਵਤਾਰ :** ਜਿਵੇਂ ਕਿ ਚੌਵੀ ਅਵਤਾਰਾਂ ਵਿਚੋਂ ਰਾਮਚੰਦ੍ਰ ਨੂੰ ਚੌਦਾਂ ਕਲਾ ਵਾਲੇ ਅਵਤਾਰ ਮੰਨਿਆ ਗਿਆ ਹੈ, ਕ੍ਰਿਸ਼ਨ ਜੀ ਨੂੰ ਸੋਲਾਂ ਕਲਾ ਸਪੂੰਨ ਅਵਤਾਰ ਮੰਨਿਆ ਜਾਂਦਾ ਹੈ। ਜਿਸਦਾ ਬਾਣੀ ਵਿਚ ਭੀ ਜ਼ਿਕਰ ਹੈ, 'ਸੋਲਾ ਕਲਹ ਸੰਪੂਰਨ ਫਲਿਆ।'

ਇਹ ਸਾਰੇ ਅਵਤਾਰ ਵਿਸ਼ਨੂੰ ਦੇ ਹੀ ਮੰਨੇ ਜਾਂਦੇ ਹਨ। ਇਸ ਨੂੰ ਇਉਂ ਹੀ ਸਮਝਣਾ ਪਵੇਗਾ ਕਿ ਉਸ ਅਕਾਲ ਪੁਰਖ ਨੇ ਜਦੋਂ ਜਦੋਂ ਭੀ ਵਿਸ਼ਨੂੰ ਨੂੰ ਆਗਿਆ ਦਿੱਤੀ ਉਹ ਉਤਨੀਆਂ ਉਤਨੀਆਂ ਕਲਾ ਸਹਿਤ ਹੋ ਅਵਤਾਰਾਂ ਦੇ ਰੂਪ ਵਿਚ ਆਉਂਦਾ ਰਿਹਾ ਕਿਉਂਕਿ ਇਹ ਤਿੰਨੇ ਦੇਵਤੇ ਸੁਤੰਤ੍ਰ ਨਹੀਂ, ਪਤੰਤਰ ਹਨ। ਉਸ ਪਰੀਪੂਰਨ ਪ੍ਰਭੂ ਦੀ ਆਗਿਆ ਵਿਚ ਕ੍ਰਿਆ ਕਰਦੇ ਆ ਰਹੇ ਹਨ, ਜਿਵੇਂ ਕਿ ਗੁਰੂ ਫ਼ੁਰਮਾਨ ਹੈ :

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ ॥ *(ਜਪੁਜੀ ਪੰਨਾ ੭)*

ਭਾਵ ਹੈ, ਇਹ ਤਿੰਨੇ ਦੇਵਤੇ ਬ੍ਰਹਮਾ, ਵਿਸ਼ਨੂੰ, ਸ਼ਿਵ, ਜੋ ਸੰਸਾਰ ਦੀ ਉਤਪਤੀ, ਪਾਲਣਾ ਸੰਘਾਰ ਕਰਨ ਦੀ ਕ੍ਰਿਆ ਕਰਦੇ ਹਨ, ਇਹ ਜਿਵੇਂ ਉਸ ਕਰਤਾਰ ਦਾ ਹੁਕਮ ਹੁੰਦਾ ਹੈ ਉਸ ਦੇ ਅਨੁਸਾਰ ਹੀ ਚਲਦੇ ਹਨ, ਪਰ ਇਕ ਬਹੁਤ ਵੱਡੀ ਅਸਚਰਜਤਾ ਇਹ ਹੈ ਕਿ ਉਹ ਪ੍ਰਮੇਸ਼ਰ ਇਨ੍ਹਾਂ ਨੂੰ ਤੱਕ ਰਿਹਾ ਹੈ, ਪਰ ਉਹ ਇਨ੍ਹਾਂ ਦੇਵਤਿਆਂ ਦੇ ਵੇਖਣ ਵਲੋਂ ਅਸਮਰੱਥ ਹੈ।

ਸੋ, ਜਦੋਂ ਜਦੋਂ ਭੀ ਜਿਤਨੀ ਕੁ ਮਿਕਦਾਰ ਵਿਚ ਸੰਸਾਰ ਅੰਦਰ ਅਤਿਆਚਾਰ ਵਧਦੇ ਹਨ, ਉਸਨੂੰ ਦਬਾਉਣ ਲਈ ਉਹ ਪ੍ਰਮੇਸ਼ਰ ਆਪਣੇ ਚੇਲਿਆਂ ਨੂੰ ਹੁਕਮ ਕਰਦਾ ਹੈ ਉਹ ਗਿਣਤੀ ਦੀਆਂ ਕਲਾ ਲੈ ਕੇ ਅਵਤਾਰਾਂ ਦੇ ਰੂਪ ਵਿਚ ਸੰਸਾਰ ਵਿਚ ਪ੍ਰਗਟ ਹੁੰਦੇ ਹਨ। ਪਰ, ਜਦੋਂ ਸਾਰੇ ਦੇਸ ਅੰਦਰ ਹੀ ਅਤਿਆਚਾਰ ਫੈਲ ਜਾਣ ਤਾਂ ਫਿਰ ਉਸ ਨਿਰੰਕਾਰ ਨੂੰ ਆਪ ਹੀ ਪ੍ਰਗਟ ਹੋਣਾ ਪੈਂਦਾ ਹੈ। ਇਸ ਭਾਵ ਨੂੰ ਸੁਖੈਨ ਸਮਝਣ ਲਈ ਅਸੀਂ ਇਥੇ ਇਹ ਉਦਾਹਰਣ ਭੀ ਵਰਤ ਸਕਦੇ ਹਾਂ ਕਿ, ਜਿਵੇਂ ਕਿਸੇ ਰਾਜੇ ਦੇ ਦੇਸ ਵਿਚ ਜਾਂ ਰਾਜ ਦੇ ਕਿਸੇ ਹਿੱਸੇ ਵਿਚ ਬਗ਼ਾਵਤ ਹੋ ਜਾਵੇ ਤਾਂ ਉਸਨੂੰ ਦਬਾਉਣ ਲਈ ਰਾਜੇ ਵਲੋਂ ਕਿਸੇ ਜਰਨਲ, ਕਰਨਲ ਨੂੰ ਕੁਝ ਸੈਨਾ ਦੇ ਕੇ ਭੇਜਿਆ ਜਾਂਦਾ ਹੈ, ਪਰ ਜਦੋਂ ਰਾਜਾ ਇਹ ਵੇਖਦਾ ਹੈ ਕਿ ਮੇਰੇ ਸਾਰੇ ਦੇਸ ਅੰਦਰ ਹੀ ਬਗ਼ਾਵਤ ਹੋ ਗਈ ਹੈ ਤਾਂ ਫਿਰ ਉਸਨੂੰ ਦਬਾਉਣ ਲਈ ਸਾਰੀ ਸੈਨਾ ਨੂੰ ਨਾਲ ਲੈ ਕੇ ਖ਼ੁਦ ਹੀ ਚੜ੍ਹਾਈ ਕਰਦਾ ਹੈ ਤੇ ਉਸ ਤੇ ਕਾਬੂ ਪਾਉਂਦਾ ਹੈ।

ਇਸੇ ਤਰ੍ਹਾਂ ਜਦੋਂ ਨਿਰੰਕਾਰ ਨੇ ਸੰਸਾਰ ਦੀ ਇਹ ਦਸ਼ਾ ਵੇਖੀ ਕਿ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥ *(ਸਲੋਕ ਮ: ੧, ਪੰਨਾ ੧੪੫)*

ਭਾਵ ਜਦੋਂ ਨਿਰੰਕਾਰ ਨੇ ਇਹ ਵੇਖਿਆ ਕਿ ਸੰਸਾਰ ਦੀ ਇਸ ਨਿਘਰੀ ਹੋਈ ਦਸ਼ਾ ਨੂੰ ਗਿਣਤੀ ਦੀਆਂ ਚੌਦਾਂ ਜਾਂ ਸੋਲਾਂ ਕਲਾਂ ਨਾਲ ਸੁਧਾਰਿਆ ਨਹੀਂ ਜਾ ਸਕਦਾ ਤਾਂ ਫਿਰ :

ਸੋਲਹ ਕਲਾ ਸੰਪੂਰਨ ਫਲਿਆ ॥
ਅਨਤ ਕਲਾ ਹੋਇ ਠਾਕੁਰੁ ਚੜਿਆ ॥
ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
*(ਪੰਨਾ ੧੩੯੫)*

ਸੋ, ਨਿਰੰਕਾਰ ਨੇ ਨਾਨਕ ਦੇ ਜਾਮੇ ਵਿਚ ਪਰਗਟ ਹੋ ਸੱਤਰ ਕੁ ਸਾਲਾਂ ਵਿਚ ਉਹ ਕੁਝ ਕਰਕੇ ਵਿਖਾ ਦਿਤਾ ਜਿਸਨੂੰ ਪੁਰਾਤਨ ਸਮੇਂ ਦੇ ਅਵਤਾਰ ਸੈਂਕੜੇ ਸਾਲਾਂ

ਅੰਦਰ ਭੀ ਨਹੀਂ ਕਰ ਸਕੇ, ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਸਫਰ ਵਿਚ '੮੨' ਬਿਆਸੀ ਹਜਾਰ ਮੀਲ ਦਾ ਸਫ਼ਰ ਪੈਦਲ ਕੀਤਾ ਹੈ, ਜਿਸ ਵਿਚ ਗਿਣਤੀ ਨਹੀਂ ਕੀਤੀ ਜਾ ਸਕਦੀ ਕਿ ਕਿਤਨੀਆਂ ਕੁ ਰੱਬ ਤੋਂ ਵਿਛੜੀਆਂ ਰੂਹਾਂ ਦਾ ਰੱਬ ਨਾਲ ਸੰਜੋਗ ਕਰਾਇਆ ਹੈ। ਦੂਰ-ਦਰਸ਼ੀ ਸਿਆਣੇ ਲੋਕਾਂ ਦਾ ਇਹ ਕਿਆਸ ਠੀਕ ਹੀ ਮੰਨਣੇ ਜੋਗ ਹੈ ਕਿ ਗੁਰੂ ਨਾਨਕ ਦੇਵ ਜੀ ਸੰਸਾਰ ਵਿਚ ਆਤਮਕ ਰੋਗੀਆਂ ਨੂੰ ਅਰੋਗ ਕਰਨ ਲਈ ਆਏ, ਇਕ ਪਹਿਲੇ ਹੀ ਵੈਦ ਸਨ ਜੋ ਮਰੀਜ਼ਾਂ ਦੇ ਬਿਨਾਂ ਬੁਲਾਏ ਤੇ ਬਗੈਰ ਫ਼ੀਸ ਤੋਂ ਖੁਦ ਹੀ ਪਹੁੰਚ ਕੇ ਆਤਮਕ ਮਰੀਜ਼ਾਂ ਦੇ ਰੋਗਾਂ ਦਾ ਇਲਾਜ ਕਰਕੇ ਅਰੋਗ ਕਰਦੇ ਰਹੇ। ਇਸ ਲਈ ਹੇ ਭਾਈਓ! ਮੈਂ ਗੁਰਬਾਣੀ ਤੇ ਗੁਰ-ਇਤਿਹਾਸ ਤੋਂ ਪ੍ਰੇਰਨਾ ਲੈ ਕੇ ਇਸ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਸ ਵਿਚ ਇਹ ਦਰਸਾਉਣ ਦਾ ਚਾਰਾ ਕੀਤਾ ਹੈ ਕਿ ਉਸ ਨਿਰੰਕਾਰ ਨੇ ਬੇਦਾਂ ਤੇ ਕਤੇਬਾਂ ਤੋਂ ਅਗੋਚਰ ਵਾਹਿਗੁਰੂ ਸ਼ਬਦ ਨੂੰ ਪ੍ਰਗਟਾਇਆ ਹੈ, ਜਿਵੇਂ ਕਿ:

(੧) (ਹੇ ਭਾਈਓ! ਜੋ ਪ੍ਰਭੂ ਰੂਪ ਵਾਲਾ ਨਹੀਂ ਉਸ ਪ੍ਰਭੂ ਨੇ) ਅਕਾਰ (ਪੰਜ ਭੂਤਕ ਸਰੀਰ) ਬਣਾ ਕੇ ਉਸ ਵਿਚ ਆਪਣੇ ਜੋਤ ਸਰੂਪ ਨੂੰ, ਜੋ ਅਨੂਪਮ (ਉਪਮਾ ਰਹਿਤ ਹੈ) ਦਿਖਾਇਆ ਹੈ।

(੨) (ਉਹ ਪ੍ਰਭੂ) ਵੇਦਾਂ ਕਤੇਬਾਂ (ਦੀ ਸਮਝ) ਤੋਂ ਬਹੁਤ ਦੂਰ (ਅਗੋਚਰ) ਹੈ, ਵਾਹਿਗੁਰੂ ਗੁਰ ਸ਼ਬਦ ਨੂੰ (ਉਸ ਪੰਜ ਭੂਤਕ) ਗੁਰੂ ਜੀ ਨੇ ਸੁਣਾਇਆ ਹੈ।

(੩) ਚਾਰੇ (ਹਿੰਦੂਆਂ ਦੇ) ਵਰਣ ਤੇ ਚਾਰ (ਮੁਸਲਮਾਨੀ) ਮਜ਼ਹਬ (ਗੁਰੂ ਜੀ ਦੇ) ਚਰਨ ਕਮਲਾਂ ਦੀ ਸ਼ਰਨ ਵਿਚ ਆਣ ਪਏ।

(੪) ਪਾਰਸ (ਸਤਿਗੁਰੂ ਜੀ) ਨੇ ਪਰਸ ਕੇ (ਨਾਲ ਲਗ ਕੇ, ਭਾਵ ਜਗਤ ਵਿਚ ਜਨਮ ਲੈ ਕੇ) ਅਪਰਸ (ਅਪਵਿੱਤ੍ਰ ਹੋਏ ਹੋਏ) ਜਗਤ ਨੂੰ, ਜਿਵੇਂ ਪਾਰਸ ਅੱਠਾਂ ਧਾਤਾਂ ਨੂੰ ਛੂਹ ਕੇ ਇਕ ਧਾਤ (ਸੋਨਾ) ਬਣਾ ਦਿੰਦਾ ਹੈ, ਇਸੇ ਤਰ੍ਹਾਂ ਨਿਰੰਕਾਰੀ ਜੋਤ ਵਾਲੇ ਸਤਿਗੁਰੂ ਪਾਰਸ ਨੇ ਸਭ ਜਾਤਾਂ ਪਾਤਾਂ ਵਾਲੇ ਜਗਤ ਨੂੰ ਇਕ, ਗੁਰ ਚੇਲੇ, ਭਾਵ ਗੁਰਸਿਖ ਬਣਾ ਦਿਤੇ।

(੫) ਚਰਨੀ ਲਗਾ ਕੇ ਤੇ (ਆਪਣੇ ਤੇਜ ਪ੍ਰਤਾਪ ਨਾਲ) ਨਿਵਾ ਕੇ (ਜਗਤ ਦੇ) ਅਸਾਧ ਰੋਗ, ਹਉਮੈ ਨੂੰ ਮਿਟਾ ਦਿਤਾ।

(੬) (ਗੁਰੂ) ਹੁਕਮ ਤੇ (ਪ੍ਰਭੂ) ਦੀ ਰਜ਼ਾ ਵਿਚ ਚੱਲਣ ਵਾਲਾ, ਗੁਰਮੁਖ ਭਾਈ ਦਾ ਗਾਡੀ ਰਾਹ ਚਲਾ ਦਿਤਾ।

(੭) (ਇਸ ਤਰ੍ਹਾਂ ਪ੍ਰਭੂ) ਪੂਰੇ ਨੇ (ਸਤਿਗੁਰੂ ਜੀ ਤੋਂ) ਪੂਰਾ ਥਾਟ (ਪੂਰਾ ਤੇ ਪੱਕਾ ਨਿਸਚੇ ਵਾਲਾ) ਬਣਾ ਦਿਤਾ ਹੈ।੧੭।

***ਭਾਵਾਰਥ:*** ਜੋ ਭੀ ਜਗਤ ਵਿਚ ਅਵਤਾਰ ਆਇਆ ਉਸਨੇ ਆਪਣਾ ਵੱਖਰਾ ਹੀ ਮਾਰਗ ਟੋਰ ਲਿਆ ਪਰ ਗੁਰੂ ਨਾਨਕ ਦੇਵ ਜੀ ਨੇ ਗੁਰਮੁਖੀ ਮਾਰਗ ਹੀ ਪ੍ਰਚੱਲਤ ਕੀਤਾ।

## ੧੮. ਗੁਰਮੁਖਾਂ ਦੇ ਵਿਸ਼ੇਸ਼ ਗੁਣ

੧. ਜੰਮਣ ਮਰਣਹੁ ਬਾਹਰੇ
ਪਰਉਪਕਾਰੀ ਜੱਗ ਵਿਚ ਆਏ।
੨. ਭਾਉ ਭਗਤਿ ਉਪਦੇਸ਼ ਕਰਿ
ਸਾਧਸੰਗਤ ਸਚਖੰਡ ਵਸਾਏ।
੩. ਮਾਨ ਸਰੋਵਰ ਪਰਮਹੰਸ
ਗੁਰਮੁਖ ਸ਼ਬਦ ਸੁਰਤਿ ਲਿਵ ਲਾਏ।
੪. ਚੰਦਨ ਵਾਸ ਵਣਾਸਪਤਿ
ਅਫਲ ਸਫਲ ਚੰਦਨ ਮਹਿਕਾਏ।
੫. ਭਵਜਲ ਅੰਦਰ ਬੋਹਿਥੈ
ਹੋਇ ਪਰਵਾਰ ਸੁ ਪਾਰ ਲੰਘਾਏ।
੬. ਲਹਿਰ ਤਰੰਗ ਨ ਵਿਆਪਈ
ਮਾਯਾ ਵਿਚ ਉਦਾਸ ਰਹਾਏ।
੭. ਗੁਰਮੁਖ ਸੁਖ ਫਲ ਸਹਿਜ ਸਮਾਏ ॥੧੮॥

***ਪਦ ਅਰਥ:*** ਭਾਉ ਭਗਤਿ—ਪ੍ਰੇਮ ਰੰਗੀ ਭਗਤੀ। ਅਫਲ ਸਫਲ—ਬਿਨਾ ਫਲ ਤੇ ਫਲਾਂ ਵਾਲੀ। ਬੋਹਿਥੈ—ਵੱਡਾ ਬੇੜਾ, ਜਹਾਜ਼।

***ਅਰਥ:***

ਪ੍ਰ: ਭਾਈ ਸਾਹਿਬ ਜੀਓ! ਜਿਵੇਂ ਆਮ ਵੇਖਣ ਵਿਚ ਆਉਂਦਾ ਹੈ ਕਿ ਜਿਥੇ ਕਿਤੇ ਕੁਝ ਸਜਨ ਬੈਠੇ ਵੀਚਾਰ ਵਿਟਾਂਦਰਾ ਕਰਦੇ ਹੋਣ ਤਾਂ ਸੁਭਾਵਕ ਹੀ ਕਿਸੇ ਵਲੋਂ ਇਹ ਕਿਹਾ ਜਾ ਰਿਹਾ ਸੁਣੀਦਾ ਹੈ ਕਿ ਉਹ ਸਜਨ ਬੜਾ ਗੁਰਮੁਖ ਹੈ ਅਤੇ ਦੂਸਰਾ ਉਸਦਾ ਸਾਥੀ ਮਨਮੁਖ ਹੈ। ਕਿਉਂ ਜੀ! ਇਸ ਤਰ੍ਹਾਂ ਦੇ ਗੁਰਮੁਖ ਤੇ ਮਨਮੁਖ ਦੇ

ਸ਼ਬਦਾਂ ਦੀ ਵਰਤੋਂ ਕਰਨ ਦਾ ਉਸ ਪਾਸ ਕੀ ਅਧਾਰ ਹੈ, ਜਿਸ ਤੋਲ ਮਾਪ ਨਾਲ ਉਹ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰ ਰਿਹਾ ਹੈ, ਕੀ ਦਸਣਾ ਕਰੋਗੇ ?

ਉ: ਹੇ ਭਾਈਓ ! ਅਸਲ ਵਿਚ ਕਿਸੇ ਸਜਨ ਵਲੋਂ ਅਜਿਹੇ ਗੁਰਮੁਖ ਤੇ ਮਨਮੁਖ ਸ਼ਬਦਾਂ ਦੀ ਵਰਤੋਂ ਕਰਨ ਦਾ ਉਸ ਪਾਸ ਕੋਈ ਖ਼ਾਸ ਆਧਾਰ ਨਹੀਂ ਹੁੰਦਾ ਉਹ ਤਾਂ ਕੇਵਲ ਇਕ ਮੁਹਾਵਰੇ ਦੇ ਤੌਰ ਪਰ ਹੀ ਕਹਿ ਰਿਹਾ ਹੁੰਦਾ ਹੈ। ਜਿਵੇਂ ਕਿ ਦੋ ਸਜਨ ਰਸਤੇ ਵਿਚ ਮਿਲ ਜਾਂਦੇ ਹਨ ਉਹ ਇਕ ਦੂਸਰੇ ਨੂੰ ਜ਼ਰੂਰ ਪੁੱਛ ਕਰਦੇ ਹਨ ਕਿ ਸਜਨ ਜੀ ! ਸੁਣਾਓ ਤੁਹਾਡਾ ਕੀ ਹਾਲ ਹੈ ? ਤਾਂ ਦੋਹਾਂ ਵਲੋਂ ਇਹੋ ਉੱਤਰ ਹੁੰਦਾ ਹੈ ਕਿ ਬੜੇ ਸੁਖੀ ਹਾਂ, ਇਹ ਸੁਖੀ ਸ਼ਬਦ ਦੀ ਵਰਤੋਂ ਕੇਵਲ ਮੁਹਾਵਰੇ ਦੇ ਤੌਰ ਪਰ ਹੀ ਵਰਤੀ ਜਾਂਦੀ ਹੈ, ਇਸ ਵਿਚ ਅਸਲੀਅਤ ਨਹੀਂ ਹੁੰਦੀ। ਕਿਉਂਕਿ ਬਾਣੀ ਅਨੁਸਾਰ (ਨਾਨਕ ਦੁਖੀਆ ਸਭ ਸੰਸਾਰ) ਹੈ। ਪਰ ਜਦੋਂ ਉਹ ਆਪੋ ਆਪਣੇ ਦੁਖ ਸੁਣਾਉਣੇ ਅਰੰਭ ਕਰਦੇ ਹਨ ਤਾ ਫਿਰ ਸੋਝੀ ਮਿਲਦੀ ਹੈ ਕਿ :

ਦੁਖ ਕੀਆ ਪੰਡਾ ਖੁਲੀਆ<br>
ਸੁਖੁ ਨ ਨਿਕਲਿਓ ਕੋਇ ॥<br>
ਦੁਖ ਵਿਚਿ ਜੀਉ ਜਲਾਇਆ<br>
ਦੁਖੀਆ ਚਲਿਆ ਰੋਇ ॥ (ਪੰਨਾ ੧੨੪੦)

ਪ੍ਰ: ਕਿਉਂ ਭਾਈ ਸਾਹਿਬ ਜੀਉ ! ਕੀ ਆਪ ਦੱਸਣ ਦੀ ਖੇਚਲ ਕਰੋਗੇ ਕਿ ਗੁਰਮੁਖ ਤੇ ਮਨਮੁਖ ਸ਼ਬਦ ਦੇ ਸਹੀ ਅਰਥ ਕੀ ਹਨ ?

ਉ: ਹੇ ਭਾਈਓ ! ਜੇ ਅਸੀਂ 'ਗੁਰਮੁਖ' ਸ਼ਬਦ ਦੇ ਅੱਖਰਾਂ ਵਲ ਨਜ਼ਰ ਮਾਰੀਏ ਤਾਂ ਇਹੋ ਅਰਥ-ਭਾਵ ਨਿਕਲੇਗਾ ਕਿ ਜੋ ਗੁਰੂ ਨੂੰ ਮੁਖੀਆ ਬਣਾ ਕੇ, ਆਗੂ ਬਣਾ ਕੇ, ਭਾਵ ਗੁਰੂ ਦੇ ਮੁਖੋਂ ਨਿਕਲਿਆ ਉਪਦੇਸ਼ ਸੁਣ ਕੇ, ਉਸ ਦੇ ਅਨੁਸਾਰੀ ਹੋ ਜੀਵਨ ਗੁਜ਼ਾਰਦਾ ਹੈ, ਉਸੇ ਨੂੰ ਹੀ ਗੁਰਮੁਖ ਸਮਝਿਆ ਜਾ ਸਕਦਾ ਹੈ। ਪਰ ਜੋ ਮਨ ਨੂੰ ਮੁਖੀਆ, ਆਗੂ ਬਣਾ ਕੇ ਮਨ ਦੇ ਪਿਛੇ ਪਿਛੇ ਟੁਰਿਆ ਰਹਿੰਦਾ ਹੈ, ਉਸੇ ਨੂੰ ਹੀ 'ਮਨਮੁਖ' ਜਾਣਿਆ ਜਾਵੇਗਾ।

ਪ੍ਰ: ਕਿਉ ਭਾਈ ਸਾਹਿਬ ਜੀਉ ! ਆਪ ਜੀ ਨੂੰ ਤਾ ਗੁਰਬਾਣੀ ਦੇ ਵੀਚਾਰ ਕਰਦੇ ਰਹਿਣ ਦਾ ਬਹੁਤ ਸਮਾਂ ਮਿਲਿਆ ਹੈ, ਗੁਰਬਾਣੀ ਅਨੁਸਾਰ ਇਨ੍ਹਾਂ ਗੁਰਮੁਖ ਤੇ ਮਨਮੁਖ ਸ਼ਬਦਾਂ ਨੂੰ ਕਿਸ ਰੂਪ ਵਿਚ ਪ੍ਰਗਟਾਇਆ ਹੈ ?

ਉ: ਹੇ ਭਾਈਓ ! ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਨ੍ਹਾਂ ਦੋਵੇਂ 'ਗੁਰਮੁਖ' ਤੇ 'ਮਨਮੁਖ' ਸ਼ਬਦਾਂ ਦੀ ਵੀਚਾਰ ਪੁੱਛੀਏ ਤਾਂ ਉਨ੍ਹਾਂ ਵਲੋਂ ਹੇਠ ਲਿਖੇ ਅਨੁਸਾਰ ਹੁਕਮ ਮਿਲਦਾ ਹੈ, ਜਿਵੇਂ ਕਿ :

ਗੁਰਮੁਖਿ ਵਿਚਹੁ ਹਉਮੈ ਜਾਇ ॥<br>
ਗੁਰਮੁਖਿ ਮੈਲੁ ਨ ਲਾਗੈ ਆਇ ॥<br>
ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥<br>
ਗੁਰਮੁਖਿ ਕਰਮ ਧਰਮ ਸਚਿ ਹੋਈ ॥<br>
ਗੁਰਮੁਖਿ ਅਹੰਕਾਰੁ ਜਲਾਏ ਦੋਈ ॥<br>
ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥<br>
(ਗਉੜੀ ਮ: ੩, ਪੰਨਾ ੨੩੦)

ਸਹਜੇ ਜਾਗੈ ਸਹਜੇ ਸੋਵੈ ॥<br>
ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥<br>
(ਮ: ੩, ਪੰਨਾ ੬੪੬)

ਗੁਰਮੁਖਿ ਆਪੁ ਗਵਾਇਆ<br>
ਨਿਤ ਹਰਿ ਹਰਿ ਜਾਪੈ ਰਾਮ ॥ (ਬਿਲਾਵਲੁ ਮ: ੪, ਪੰਨਾ ੮੪੪)

ਗੁਰਮੁਖਿ ਆਪਣਾ ਮਨੁ ਮਾਰਿਆ<br>
ਸਬਦਿ ਕਸਵਟੀ ਲਾਇ ॥ (ਮ: ੩, ਪੰਨਾ ੮੭)

ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥<br>
ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥<br>
ਧੰਨੁ ਗਿਰਹੀ ਉਦਾਸੀ ਗੁਰਮੁਖਿ<br>
ਗੁਰਮੁਖਿ ਕੀਮਤਿ ਪਾਏ ਜੀਉ ॥੫॥<br>
(ਮਾਝ ਮ: ੫, ਪੰਨਾ ੧੩੧)

ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥<br>
ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਪਹਿਰਾਇਆ ॥<br>
(ਮਾਰੂ ਮ: ੫, ਪੰਨਾ ੧੦੭੨)

ਗੁਰਮੁਖਿ ਨਾਮੁ ਦਾਨੁ ਇਸਨਾਨੁ ॥<br>
ਗੁਰਮੁਖਿ ਲਾਗੈ ਸਹਜਿ ਧਿਆਨੁ ॥<br>
ਗੁਰਮੁਖਿ ਪਾਵੈ ਦਰਗਹ ਮਾਨੁ ॥<br>
ਗੁਰਮੁਖਿ ਭਉ ਭੰਜਨੁ ਪਰਧਾਨੁ ॥<br>
(ਸਿਧ ਗੋਸਟਿ, ਪੰਨਾ ੯੪੨)

ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥<br>
ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥<br>
(ਮਾਰੂ ਮ: ੪ ਪੰਨਾ ੧੦੬੯)

ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥<br>
ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥<br>
(ਸਿਧ ਗੋਸਟਿ, ਪੰਨਾ ੯੪੧)

ਗੁਰਮੁਖਿ ਹਰਿ ਦਰਿ ਸੋਭਾ ਪਾਏ॥
ਗੁਰਮੁਖਿ ਵਿਚਹੁ ਆਪੁ ਗਵਾਏ॥
ਆਪਿ ਤਰੈ ਕੁਲ ਸਗਲੇ ਤਾਰੇ
ਗੁਰਮੁਖਿ ਜਨਮੁ ਸਵਾਰਣਿਆ॥੩॥

*(ਮਾਝ ਮ: ੩, ਪੰਨਾ ੧੨੫)*

ਗੁਰਮੁਖ ਦੇ ਮੁਕਾਬਲੇ ਵਿਚ ਜੋ ਮਨਮੁਖ ਸ਼ਬਦ ਹੈ ਉਸ ਬਾਰੇ ਇਹ ਹੁਕਮ ਹੈ ਕਿ:

ਮਨਮੁਖਿ ਆਵੈ ਮਨਮੁਖਿ ਜਾਵੈ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ॥੧੨॥

*(ਮਾਰੂ ਮ: ੫, ਪੰਨਾ ੧੦੭੩,*

ਇਸ ਤਰ੍ਹਾਂ ਗੁਰਮੁਖਾਂ ਬਾਰੇ ਹੋਰ ਭੀ ਬਹੁਤ ਪ੍ਰਮਾਣ ਮਿਲਦੇ ਹਨ. ਆਖਰ ਵਿਚ ਇਹੋ ਸਿਧਾਂਤ ਦਰਸਾਇਆ ਗਿਆ ਹੈ ਕਿ ਗੁਰਮੁਖ ਜਨ ਜਨਮ ਮਰਨ ਦੇ ਚੱਕ੍ਰ ਵਿਚ ਨਹੀਂ ਉਨ੍ਹਾਂ ਦਾ ਸੰਸਾਰ ਵਿਚ ਆਉਣਾ ਕੇਵਲ ਪਰਉਪਕਾਰ ਲਈ ਹੈ, ਜੀਵਾਂ ਨੂੰ ਜੀਅ ਦਾਨ ਦੇ ਕੇ ਭਗਤੀ ਵਿਚ ਲਾਉਣਾ ਤੇ ਹਰੀ ਪ੍ਰਮੇਸ਼ਰ ਦੀ ਜੋਤੀ ਵਿਚ ਜੋਤ ਮਿਲਾ ਦੇਣਾ ਹੁੰਦਾ ਹੈ, ਇਹੋ ਗੁਰੂ ਗ੍ਰੰਥ ਸਾਹਿਬ ਦਾ ਫ਼ਰਮਾਨ ਹੈ ਕਿ:

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ॥੨॥

*(ਸੂਹੀ ਮ: ੫, ਪੰਨਾ ੭੪੯)*

ਇਨ੍ਹਾਂ ਗੁਰਬਾਣੀ ਦੀਆ ਪਵਿੱਤ੍ਰ ਪੰਗਤੀਆ ਤੋਂ ਪ੍ਰਭਾਵਤ ਹੋ ਕੇ ਮੈਂ ਗੁਰਮੁਖਾਂ ਦੇ ਵਿਸ਼ੇਸ਼ ਗੁਣ ਇਸ ਪਉੜੀ ਦੀਆ ਚੰਦ ਪੰਗਤੀਆਂ ਵਿਚ ਅੰਕਤ ਕੀਤੇ ਹਨ ਕਿ ਗੁਰਮੁਖਾਂ ਦਾ ਜੀਵਨ ਸੰਸਾਰ ਵਿਚ ਕੇਵਲ ਪਰਉਪਕਾਰ ਲਈ ਹੀ ਆਇਆ ਹੈ:

(੧) (ਹੇ ਭਾਈਓ! ਗੁਰਬਾਣੀ ਦੁਆਰਾ ਇਹੋ ਸਿੱਧ ਹੁੰਦਾ ਹੈ ਕਿ ਗੁਰਮੁਖ) ਜੰਮਣ ਮਰਨ ਤੋਂ ਬਾਹਰ ਹੋ, ਕੇਵਲ ਪਰਉਪਕਾਰ (ਕਰਨ ਲਈ) ਜਗਤ ਵਿਚ ਆਏ ਹਨ।

(੨) (ਜਿਨ੍ਹਾਂ ਨੇ) ਪ੍ਰੇਮਾ-ਭਗਤੀ (ਕਰਨ ਦਾ) ਉਪਦੇਸ਼ ਦਿਤਾ ਤੇ ਸਾਧ ਸੰਗਤ ਰੂਪ ਸੱਚਖੰਡ (ਪ੍ਰੇਮਾ-ਭਗਤੀ ਦਾ ਉਪਦੇਸ਼ ਦ੍ਰਿੜ੍ਹ ਕਰਨ ਲਈ) ਥਾਂ ਕਾਇਮ ਕੀਤਾ।

(੩) ਗੁਰਮੁਖ ਮਾਨ ਸਰੋਵਰ (ਰੂਪ ਸਾਧ ਸੰਗਤ ਵਿਖੇ) ਪਰਮ ਹੰਸ (ਵਾਂਗੂੰ) ਸ਼ਬਦ ਵਿਚ ਸੁਰਤੀ ਨੂੰ ਜੋੜਦਾ ਹੈ।

(੪) ਚੰਦਨ ਦੇ ਨੇੜੇ ਵੱਸਣ ਵਾਲੀ ਬਨਾਸਪਤੀ, ਭਾਵੇਂ ਫਲ ਵਾਲੀ ਹੋਵੇ ਭਾਵੇਂ ਫਲੋਂ ਬਗੈਰ, ਜੋ ਭੀ ਰੁੱਖ ਬਿਰਖ ਹੈ, ਸਭ ਚੰਦਨ ਦੀ ਸੁਗੰਧੀ ਵਾਲਾ ਹੋ ਜਾਂਦਾ ਹੈ।

(੫) ਭਵਜਲ (ਆਵਾਗੌਣ) ਵਿਚ (ਗੁਰਮੁਖ) ਜਹਾਜ਼ ਰੂਪ ਹੈ, ਜੋ ਵੀ ਉਸਦਾ ਸਾਥੀ ਬਣੇ, ਉਸਨੂੰ ਪ੍ਰਵਾਰ ਦੀ ਨਿਆਈਂ ਪਾਰ ਲੰਘਾਉਂਦਾ ਹੈ।

(੬) (ਭਵਜਲ ਦੀਆਂ) ਲਹਿਰ ਤਰੰਗ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਨਹੀਂ ਵਿਆਪਦੇ, ਉਹ ਮਾਇਆ (ਸੰਸਾਰ) ਦੇ ਵਿਚ ਰਹਿੰਦੇ, ਉਸ ਤੋਂ ਉਦਾਸ ਤੇ ਨਿਰਾਸ ਰਹਿੰਦੇ ਹਨ।

(੭) (ਇਸ ਤਰ੍ਹਾਂ) ਗੁਰਸਿਖ ਸੁਖਾਂ ਦੇ ਫਲ, ਸਹਿਜ ਵਿਚ ਲੀਨ ਹੋ ਜਾਂਦੇ ਹਨ।੧੮।

*ਭਾਵਾਰਥ:* ਜਦੋਂ ਆਮ ਸੰਸਾਰੀ ਜੀਵਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਵਿਚ ਇਹੋ ਨਜ਼ਰ ਆਉਂਦਾ ਹੈ ਕਿ ਕਿਸੇ ਦਾ ਜੀਵਨ ਤਾਂ ਕੇਵਲ ਉਨ੍ਹਾਂ ਦੇ ਵਾਸਤੇ ਹੀ ਹੈ ਕਿਉਂਕਿ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਖਾਣ, ਪੀਣ, ਹੱਸਣ, ਸੌਣ ਵਿਚ ਹੀ ਗੁਜ਼ਾਰ ਦਿਤਾ ਹੈ ਉਨ੍ਹਾਂ ਦੇ ਜੀਵਨ ਤੋਂ ਹੋਰ ਕਿਸੇ ਨੂੰ ਕੋਈ ਲਾਭ ਨਹੀਂ, ਕਈਆਂ ਦਾ ਜੀਵਨ ਆਪਣੇ ਪ੍ਰਵਾਰ ਵਾਸਤੇ ਹੀ ਹੁੰਦਾ ਹੈ, ਉਨ੍ਹਾਂ ਤੋਂ ਹੋਰ ਕਿਸੇ ਨੂੰ ਕੁਝ ਭੀ ਫ਼ਾਇਦਾ ਨਹੀਂ ਹੁੰਦਾ। ਪਰ, ਗੁਰਮੁਖਾਂ ਦਾ ਸਰੀਰ ਜਿਤਨਾ ਸਮਾਂ ਸੰਸਾਰ ਵਿਚ ਕਾਇਮ ਹੈ ਉਹ ਦੂਸਰਿਆਂ ਦੀ ਭਲਾਈ ਲਈ ਹੀ ਵਰਤਦੇ ਹਨ।

ਜਿਵੇਂ ਸਮੁੰਦ੍ਰ ਤੋਂ ਮੋਤੀ ਹੀਰੇ ਪੈਦਾ ਹੁੰਦੇ ਹਨ ਉਹ ਆਪਣੇ ਵਾਸਤੇ ਨਹੀਂ ਸਗੋਂ ਹੰਸਾਂ, ਮਰਜੀਵੜਿਆਂ ਲਈ ਸਾਂਭ ਕੇ ਰਖਦਾ ਹੈ। ਜਿਵੇਂ ਬ੍ਰਿਛਾਂ ਨੂੰ ਫਲ ਲਗਦੇ ਹਨ ਉਹ ਆਪ ਨਹੀਂ ਵਰਤਦੇ, ਰਾਹੀਆਂ, ਪੰਛੀਆਂ ਲਈ ਸਾਂਭ ਕੇ ਰਖਦੇ ਹਨ, ਜਿਵੇਂ ਇਨ੍ਹਾਂ ਦੇ ਅੰਦਰ ਉਪਕਾਰੀ ਸੁਭਾਉ ਹੈ। ਇਸੇ ਤਰ੍ਹਾਂ ਗੁਰਮੁਖਾਂ ਦਾ ਸਰੀਰ ਭੀ ਸੰਸਾਰ ਵਿਚ ਪਰਉਪਕਾਰ ਲਈ ਆਇਆ ਹੈ ਉਹ ਸਾਰਾ ਜੀਵਨ ਹੀ ਉਪਕਾਰ ਕਰਨ ਵਿਚ ਗੁਜ਼ਾਰ ਜਾਂਦੇ ਹਨ. ਉਹ ਆਪ ਤਾ ਹਰੀ ਪ੍ਰਮੇਸ਼ਰ ਨਾਲ ਮਿਲੇ ਹੁੰਦੇ ਹਨ, ਉਹ ਹੋਰ ਸੰਗੀ ਸਾਥੀਆਂ ਨੂੰ ਭੀ ਸੰਸਾਰ ਦੇ ਜੰਮਣ ਮਰਣ ਦੇ ਚੱਕ੍ਰ ਤੋਂ ਬਚਾਉਣ ਦਾ ਉਪਰਾਲਾ ਕਰਦੇ ਹਨ।

## ੧੯. ਅਜਰ ਜਰਨ ਦਾ ਸੁਖ ਫਲ

੧. ਧੰਨ ਗੁਰੂ ਗੁਰਸਿੱਖ ਧੰਨ
ਆਦਿ ਪੁਰਖ ਆਦੇਸ ਕਰਾਯਾ।
੨. ਸਤਿਗੁਰ ਦਰਸ਼ਨ ਧੰਨ ਹੈ
ਧੰਨ ਦ੍ਰਿਸ਼ਟਿ ਗੁਰ ਧਿਆਨ ਧਰਾਯਾ।
੩. ਧੰਨ ਧੰਨ ਸਤਿਗੁਰ ਸ਼ਬਦ
ਧੰਨ ਸੁਰਤਿ ਗੁਰ ਗਿਆਨ ਸੁਣਾਯਾ।
੪. ਚਰਨਕਵਲ ਗੁਰ ਧੰਨ ਧੰਨ
ਧੰਨ ਮਸਤਕ ਗੁਰ ਚਰਣੀ ਲਾਯਾ।
੫. ਧੰਨ ਧੰਨ ਗੁਰ ਉਪਦੇਸ਼ ਹੈ
ਧੰਨ ਰਿਦਾ ਗੁਰ ਮੰਤ੍ਰ ਵਸਾਯਾ।
੬. ਧੰਨ ਧੰਨ ਗੁਰ ਚਰਨਾਂਮ੍ਰਿਤੋ
ਧੰਨ ਮੁਹਤ ਜਿਤ ਅਪਿਓ ਪੀਆਯਾ।
੭. ਗੁਰਮੁਖ ਸੁਖ ਫਲ ਅਜਰ ਜਰਾਯਾ ॥੧੯॥

*ਪਦ ਅਰਥ :* ਆਦੇਸ—ਨਮਸਕਾਰ। ਮੁਹਤ—ਅੱਧੀ ਘੜੀ। ਅਪਿਓ—ਅੰਮ੍ਰਿਤ। ਅਜਰ—ਜੋ ਜਰਿਆ ਨ ਜਾਏ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਕਈ ਅਜਿਹੇ ਲੋਕ ਭੀ ਮਿਲਦੇ ਹਨ ਜੋ ਆਪਣਾ ਪ੍ਰਗਟਾਵਾ ਕਰਨ ਲਈ ਹਰ ਸਜਨ ਨੂੰ ਇਹੋ ਕਹਿੰਦੇ ਸੁਣੀਦੇ ਹਨ ਕਿ ਮੈਂ ਉਸ ਆਪਣੇ ਸਤਿ, ਚਿਤ, ਅਨੰਦ ਸਰੂਪ ਨੂੰ ਪ੍ਰਤੱਖ ਰੂਪ ਵਿਚ ਜਾਣ ਲਿਆ ਹੈ, ਪਰ ਉਨ੍ਹਾਂ ਦੀ ਮਾਨਸਕ ਤੇ ਸਰੀਰਕ ਕ੍ਰਿਆ ਤੋਂ ਇਹੋ ਜਾਣਕਾਰੀ ਹੁੰਦੀ ਹੈ ਕਿ ਇਸ ਨੇ ਜਾਣਿਆ ਕੁਝ ਭੀ ਨਹੀਂ, ਕਿਉਂ ਜੀ! ਅਜਿਹੇ ਲੋਕਾਂ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?

ਉ: ਹੇ ਭਾਈਓ! ਅਸਲ ਵਿਚ ਅਜਿਹੇ ਹੋਛੇ ਲੋਕਾਂ ਦੇ ਬਾਰੇ ਵਿਚ ਮੈਂ ਤਾਂ ਕੁਝ ਭੀ ਕਹਿਣ ਲਈ ਤਿਆਰ ਨਹੀਂ। ਪਰ ਹਾਂ, ਜੋ ਕੁਝ ਬਾਣੀ ਦਾ ਅਜਿਹੇ ਲੋਕਾਂ ਲਈ ਫ਼ੁਰਮਾਨ ਹੈ ਮੈਂ ਤਾਂ ਉਸੇ ਨੂੰ ਹੀ ਸਹੀ ਸਮਝਦਾ ਹਾਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਤੋਂ ਜਦੋਂ ਅਸੀਂ ਪੁੱਛ ਕਰੀਏ ਤਾਂ ਇਹੋ ਉੱਤਰ ਮਿਲਦਾ ਹੈ ਕਿ :

ਸੋਈ ਆਜਾਣੂ ਕਹੈ ਮੈ ਜਾਨਾ
ਜਾਨਣਹਾਰੁ ਨ ਛਾਨਾ ਰੇ॥
ਕਹੁ ਨਾਨਕ ਗੁਰਿ ਅਮਿਉ ਪੀਆਇਆ
ਰਸਕਿ ਰਸਕਿ ਬਿਗਸਾਨਾ ਰੇ॥੪॥

*(ਆਸਾ ਮ: ੫, ਪੰਨਾ ੩੯੨)*

ਭਾਵ ਹੈ ਕਿ ਉਹ ਬੰਦਾ ਤਾਂ ਅਸਲੀਅਤ ਤੋਂ ਭੁੱਲਿਆ ਹੋਇਆ ਅਜਾਣ ਹੈ ਜੋ ਕਹਿ ਰਿਹਾ ਹੈ ਕਿ ਮੈਂ ਜਾਣ ਲਿਆ, ਕਿਉਂਕਿ ਜਾਨਣ ਵਾਲਾ ਤਾਂ ਲੁਕਿਆ ਛਿਪਿਆ ਨਹੀਂ ਰਹਿੰਦਾ, ਉਹ ਭਾਵੇਂ ਆਪਣੇ ਆਪ ਨੂੰ ਛਪਾਉਣ ਦੇ ਲੱਖਾਂ ਉਪਾਉ ਕਰੇ ਉਹ ਫਿਰ ਭੀ ਪ੍ਰਗਟ ਹੋ ਜਾਂਦਾ ਹੈ। ਕਿਉਂਕਿ ਉਸਦੇ ਚੇਹਰੇ ਦਾ ਵਿਗਾਸ, ਖੇੜਾ ਤੇ ਖ਼ੁਸ਼ੀ ਦੱਸ ਰਹੀ ਹੈ ਕਿ ਇਸਨੇ ਆਪਣੇ ਸਹੀ ਸਰੂਪ ਨੂੰ ਜਾਣ ਲਿਆ ਹੈ, ਜਦੋਂ ਸੂਰਜ ਚੜ੍ਹਦਾ ਹੈ ਉਸਦੀ ਰੋਸ਼ਨੀ ਨੂੰ ਕੋਈ ਕਿਵੇਂ ਛੁਪਾ ਸਕਦਾ ਹੈ! ਇਸੇ ਭਾਵ ਨੂੰ ਭਗਤ ਭੀਖਨ ਜੀ ਪ੍ਰਗਟਾਉਂਦੇ ਹਨ ਕਿ ਮੈਂ ਨਾਮ ਰਤਨ ਨੂੰ ਹਿਰਦੇ ਵਿਚ ਛੁਪਾ ਕੇ ਰੱਖਣ ਦੇ ਅਨੇਕਾਂ ਜਤਨ ਕੀਤੇ ਪਰ ਛੁਪਾ ਨਹੀਂ ਸਕਿਆ, ਆਪ ਨੂੰ ਕਹਿਣਾ ਪਿਆ ਕਿ :

ਅਨਿਕ ਜਤਨ ਕਰਿ ਹਿਰਦੈ ਰਾਖਿਆ
ਰਤਨੁ ਨ ਛਪੈ ਛਪਾਇਆ॥੧॥

*(ਭੀਖਨ ਜੀ, ਸੋਰਠਿ ਪੰਨਾ ੬੫੯)*

ਜੋ ਉਚੀ ਉਚੀ ਬੋਲ ਕੇ ਸੁਣਾ ਰਿਹਾ ਹੈ ਉਸਨੂੰ ਕਬੀਰ ਜੀ ਛੂਛੇ ਘੜੇ ਦਾ ਉਦਾਹਰਣ ਦੇ ਕੇ ਖ਼ਾਲੀ, ਫੋਕਾ ਕਹਿ ਰਹੇ ਹਨ ਕਿਉਂਕਿ ਭਰਿਆ ਹੋਇਆ ਘੜਾ ਤਾਂ ਅਬੋਲ ਤੇ ਅਡੋਲ ਹੁੰਦਾ ਹੈ। ਆਪ ਨੂੰ ਕਹਿਣਾ ਪਿਆ ਕਿ :

ਕਹੁ ਕਬੀਰ ਛੂਛਾ ਘਟੁ ਬੋਲੈ॥
ਭਰਿਆ ਹੋਇ ਸੁ ਕਬਹੂ ਨ ਡੋਲੈ॥੪॥

*(ਗੋਂਡ ਕਬੀਰ ਜੀ, ਪੰਨਾ ੮੭੦)*

ਜਿਵੇਂ ਕਿਸੇ ਗੂੰਗੇ ਨੂੰ ਗੁੜ ਖੁਵਾ ਕੇ ਪੁੱਛੀਏ ਕਿ ਤੈਨੂੰ ਕੀ ਰਸ ਆਇਆ ਹੈ, ਤਾਂ ਉਹ ਕੁਝ ਦੱਸ ਨਹੀਂ ਸਕਦਾ ਕਿਉਂਕਿ ਉਸ ਪਾਸ ਜ਼ਬਾਨ ਨਹੀਂ। ਇਸਦੇ ਨਾ ਦੱਸਣ ਤੋਂ ਅਸੀਂ ਇਹ ਅਨੁਮਾਨ ਨਹੀਂ ਲਾ ਸਕਦੇ ਕਿ ਇਸਨੂੰ ਕੋਈ ਰਸ ਨਹੀਂ ਆਇਆ, ਰਸ ਤਾਂ ਬਹੁਤ ਆਇਆ ਹੈ, ਪਰ ਉਸ ਵਿਚ ਦੱਸਣ ਦੀ ਸ਼ਕਤੀ ਨਹੀਂ, ਨਾਮ ਦਾ ਅਨੋਖਾ ਰਸ ਭੀ ਅਜਿਹਾ ਹੀ ਹੈ ਜੋ ਦੱਸਿਆ ਨਹੀਂ ਜਾਂਦਾ ਉਸਨੂੰ ਤਾਂ ਅਨੁਭਵ ਹੀ ਕੀਤਾ ਜਾ ਸਕਦਾ ਹੈ।

ਇਥੇ ਅਸੀ ਇਹ ਉਦਾਹਰਣ ਭੀ ਵਰਤ ਸਕਦੇ ਹਾਂ ਕਿ ਜਿਵੇਂ ਕਿਸੇ ਨੇ ਸਮੁੰਦਰ ਦੀ ਥਾਹ ਲੈਣ ਲਈ ਇਕ ਨਿੱਕੀ ਜਿਹੀ ਲੂਣ ਦੀ ਡਲੀ ਨੂੰ ਰੱਸੀ ਨਾਲ ਬੰਨ੍ਹ ਕੇ ਸਮੁੰਦਰ ਵਿਚ ਸੁੱਟਿਆ ਉਹ ਸਹਿਜੇ ਸਹਿਜੇ ਜਾਂਦੀ ਹੋਈ ਸਮੁੰਦਰ ਦੇ ਪਾਣੀ ਵਿਚ ਹੀ ਲੀਨ ਹੋ ਗਈ, ਪਲਟ ਕੇ ਉਸਨੇ ਕੀ ਜੁਵਾਬ ਦੇਣਾ ਸੀ ਕਿਉਂਕਿ ਉਹ ਸਮੁੰਦਰ ਵਿਚੋਂ ਹੀ ਵੱਖਰੀ ਹੋਈ ਸੀ ਉਸੇ ਵਿਚ ਮੁੜ ਲੀਨ ਹੋ ਗਈ।

ਇਸੇ ਤਰ੍ਹਾਂ ਜਦੋਂ ਕਿਸੇ ਦੀ ਆਤਮਾ ਉਸ ਪ੍ਰਮਾਤਮਾ ਦੀ ਖੋਜ ਕਰਦੀ ਹੈ ਤਾਂ ਉਹ ਸਹਿਜੇ ਸਹਿਜੇ ਉਸੇ ਆਪਣੇ ਸਮੁੰਦਰ ਰੂਪ ਪ੍ਰਮੇਸ਼ਰ ਵਿਚ ਲੀਨ ਹੋ ਜਾਂਦੀ ਹੈ, ਕਿਉਂਕਿ (ਕਹੁ ਕਬੀਰ ਇਹ ਰਾਮ ਕੀ ਅੰਸ) ਆਖ਼ਰ ਤਾਂ ਇਹ ਜੀਵ ਕਲਾ ਰਾਮ ਦੀ ਅੰਸ ਹੀ ਹੈ, ਜੋ ਮਾਇਆ ਦੀ ਉਪਾਧੀ ਕਰਕੇ ਵੱਖਰੀ ਪ੍ਰਤੀਤ ਹੋ ਰਹੀ ਸੀ, ਪਰ ਜਦੋਂ ਇਸਦੇ ਅੰਦਰੋਂ ਦ੍ਵੈਤ-ਭਾਵ ਦੀ ਕਨਾਤ ਦੂਰ ਹੋ ਗਈ ਤਾਂ ਇਸ ਦੀ ਜੀਵ ਕਲਾ ਉਸੇ ਪ੍ਰਮੇਸ਼ਰ ਰੂਪ ਸਮੁੰਦਰ ਵਿਚ ਇਉਂ ਲਿਵਲੀਨ ਹੋ ਗਈ ਜਿਵੇਂ ਕਿ :

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥

*(ਸੁਖਮਨੀ, ਪੰਨਾ ੨੭੮)*

ਪਰ ਇਹ ਅਜਰ ਪਦ ਜਾਣਨਾ ਬੜਾ ਕਠਿਨ ਹੈ ਇਸ ਬਾਰੇ ਭੀ ਬਾਣੀ ਵਿਚ ਜ਼ਿਕਰ ਹੈ ਕਿ :

ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ ॥

*(ਪ੍ਰਭਾਤੀ ਮ: ੧, ਪੰਨਾ ੧੩੩੧)*

ਭਾਵ ਹੈ ਜੋ ਇਸ ਅਜਰ ਪਦਵੀ ਨੂੰ ਜਰਦਾ ਹੈ ਉਸੇ ਨੂੰ ਹੀ ਅਮਰ ਅਨੰਦ ਸਰੂਪ ਦੀ ਪ੍ਰਾਪਤੀ ਹੈ ਜੋ ਸਦਾ ਹੀ ਇਕ ਇਸੇ ਰਸ ਵਿਚ ਮਸਤ ਰਹਿੰਦਾ ਹੈ, ਉਸੇ ਨੂੰ ਹੀ ਗੁਰਮੁਖ ਨਾਮ ਨਾਲ ਪੁਕਾਰਿਆ ਜਾਂਦਾ ਹੈ।

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਅਜਿਹੇ ਗੁਰਮੁਖ ਵਿਅਕਤੀਆਂ ਦੇ ਬਾਰੇ ਕੀ ਕਹਿਣਾ ਚਾਹੋਗੇ ?

ਉ: ਹੇ ਭਾਈਓ ! ਅਜਿਹੇ ਗੁਰੂ ਤੇ ਗੁਰੂ ਦੇ ਗੁਰਮੁਖ ਸਿੱਖਾਂ ਦੇ ਸੰਬੰਧ ਵਿਚ ਤਾਂ ਕੇਵਲ ਇਹੋ ਹੀ ਕਿਹਾ ਜਾ ਸਕਦਾ ਹੈ, ਜੋ ਕਿ ਮੈਂ ਗੁਰਬਾਣੀ ਦੀ ਪ੍ਰੇਰਨਾ ਲੈ ਕੇ ਚੰਦ ਸ਼ਬਦ ਕਹੇ ਹਨ :

(੧) (ਹੇ ਭਾਈਓ ! ਉਹ) ਧੰਨ ਗੁਰੂ ਤੇ ਧੰਨ ਹਨ ਗੁਰੂ ਦੇ ਸਿਖ (ਜਿਸ ਗੁਰੂ ਨੇ ਸਿੱਖਾਂ ਨੂੰ) ਆਦਿ ਪੁਰਖ (ਪ੍ਰਮੇਸ਼ਰ ਨੂੰ) ਪ੍ਰਣਾਮ ਕਰਵਾਈ (ਆਦੇਸ) ਨਮਸਕਾਰ ਕਰਵਾਈ (ਸਿੱਖਿਆ ਦੇ ਕੇ)।

(੨) ਸਤਿਗੁਰੂ ਜੀ ਦਾ ਦਰਸ਼ਨ ਧੰਨ ਹੈ ਤੇ ਧੰਨ ਉਹ ਦ੍ਰਿਸ਼ਟੀ ਹੈ ਜਿਸ ਨੇ ਗੁਰੂ ਦੇ ਗਿਆਨ ਨੂੰ ਨਜ਼ਰ ਵਿਚ (ਸਾਹਮਣੇ) ਧਰਿਆ ਹੋਇਆ ਹੈ।

(੩) ਧੰਨ ਸਤਿਗੁਰੂ ਜੀ ਤੇ ਧੰਨ ਸਤਿਗੁਰੂ ਦਾ ਸ਼ਬਦ, ਧੰਨ ਹੀ ਉਹ ਸ਼ਕਤੀ ਹੈ, ਜਿਸਨੇ ਗੁਰੂ ਦਾ ਗਿਆਨ (ਸੁਣਿਆ ਜਾਂ) ਸੁਣਾਇਆ ਹੈ।

(੪) ਗੁਰੂ ਜੀ ਦੇ ਚਰਣ ਕੰਵਲ ਧੰਨ ਹਨ ਤੇ ਧੰਨ ਉਹ ਮੱਥਾ ਹੈ, ਜੋ ਗੁਰੂ ਦੇ ਚਰਣੀ ਲੱਗਾ ਹੈ।

(੫) ਧੰਨਤਾ ਯੋਗ ਗੁਰੂ ਦਾ ਉਪਦੇਸ਼ ਹੈ ਤੇ ਧੰਨ ਉਹ ਹਿਰਦਾ ਹੈ, ਜਿਸ ਵਿਚ ਸਤਿਗੁਰੂ ਦਾ ਗੁਰ ਮੰਤਰ ਵੱਸ ਗਿਆ ਹੈ।

(੬) ਧੰਨ ਹੈ, ਗੁਰੂ ਦੇ ਚਰਣ ਕੰਵਲ ਦਾ ਚਰਣਾਮ੍ਰਿਤ ਤੇ ਧੰਨ ਉਹ (ਮੁਹਤ) ਅੱਧੀ ਘੜੀ ਦਾ ਸਮਾਂ ਹੈ ਜਿਸ ਵੇਲੇ ਗੁਰੂ ਦੇ ਬਖ਼ਸ਼ੇ ਅੰਮ੍ਰਿਤ ਨੂੰ ਪੀਤਾ ਹੈ।

(੭) (ਉਹ) ਗੁਰਮੁਖ ਥੋੜ੍ਹ-ਦਿਲਾ ਨਹੀਂ, (ਉਸਦੇ ਵਿਸ਼ਾਲ ਹਿਰਦੇ ਵਿਚ) ਸੁਖ ਫਲ ਵੱਸਿਆ ਹੈ ਤੇ ਉਸਨੇ ਇਸ ਵਿਸ਼ਾਲ ਸੁਖ ਦੇ ਅਜਰ ਫਲ ਨੂੰ ਜਰ ਲਿਆ ਹੈ।੧੯।

***ਭਾਵਾਰਥ :*** ਅਜਿਹੇ ਉਪ੍ਰੋਕਤ ਗੁਰਸਿੱਖਾਂ ਦੇ ਜੀਵਨ ਨੂੰ ਮੁੱਖ ਰੱਖ ਕੇ ਹੀ ਸਤਿਗੁਰੂ ਜੀ ਨੇ ਬਾਣੀ ਵਿਚ ਫ਼ੁਰਮਾਨ ਕੀਤਾ ਹੈ ਕਿ :

ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜੋ ਸਤਿਗੁਰ ਚਰਣੀ ਜਾਇ ਪਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧॥

*(ਵਡਹੰਸ ਕੀ ਵਾਰ, ਮ: ੪ ਪੰਨਾ ੫੯੩)*

## ੨੦. ਸਾਧ ਸੰਗਤ ਦੀ ਮਹਿਮਾ

੧. ਸੁਖਸਾਗਰ ਹੈ ਸਾਧਸੰਗ
ਸੋਭਾ ਲਹਿਰ ਤਰੰਗ ਅਤੋਲੇ।
੨. ਮਾਣਕ ਮੋਤੀ ਹੀਰਿਆਂ
ਗੁਰ ਉਪਦੇਸ਼ ਅਵੇਸ਼ ਅਮੋਲੇ।
੩. ਰਾਗ ਰਤਨ ਅਨਹਦ ਧੁਨੀ
ਸ਼ਬਦ ਸੁਰਤਿ ਲਿਵ ਅਗਮ ਅਲੋਲੇ।
੪. ਰਿਧ ਸਿਧ ਨਿਧ ਸਭ ਗੋਲੀਆਂ
ਚਾਰ ਪਦਾਰਥ ਗੋਇਲ ਗੋਲੇ।
੫. ਲਖ ਲਖ ਚੰਦ ਚਰਾਗਚੀ
ਲਖ ਲਖ ਅੰਮ੍ਰਿਤ ਪੀਚਨ ਝੋਲੇ।
੬. ਕਾਮਧੇਨੁ ਲਖ ਪਾਰਜਾਤ
ਜੰਗਲ ਅੰਦਰ ਚਰਨਿ ਅਡੋਲੇ।
੭. ਗੁਰਮੁਖ ਸੁਖ ਫਲ ਬੋਲ ਅਬੋਲੇ ॥੨੦॥੧੨॥

***ਪਦ ਅਰਥ :*** ਅਤੋਲੇ—ਤੋਲ ਤੋਂ ਰਹਿਤ। ਅਵੇਸ਼—ਚਮਕ, ਪ੍ਰਕਾਸ਼। ਅਲੋਲੇ—ਚੰਚਲਤਾ ਤੋਂ ਰਹਿਤ। ਗੋਇਲ ਗੋਲੇ—ਗੋਲਿਆਂ ਦੇ ਗੋਲੇ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਸਾਰੇ ਸੰਸਾਰ ਦੇ ਜੀਵਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਹਰ ਮਨੁੱਖ ਹੀ ਸੁਖ ਪ੍ਰਾਪਤੀ ਦੀ ਇੱਛਾ ਕਰਦਾ ਹੈ, ਇਸੇ ਚਾਹਤ ਨੂੰ ਪੂਰੀ ਕਰਨ ਲਈ ਕੋਈ ਵਧੇਰੇ ਧਨ ਇਕੱਠਾ ਕਰਦਾ ਹੈ, ਕੋਈ ਰਾਜ ਭਾਗ ਦਾ ਮਾਲਕ ਬਣਦਾ ਹੈ, ਕੋਈ ਰਾਗ, ਰੰਗ, ਨਾਟਕ, ਚੇਟਕ, ਨਿਰਤਕਾਰੀਆਂ ਵੇਖਦੇ ਰਹਿਣ ਵਿਚ ਹੀ ਮਸਤ ਹੈ, ਇਹ ਸਭੋ ਕੁਝ ਕਰਦਿਆਂ ਹੋਇਆਂ ਭੀ ਹਰ ਮਨੁੱਖ ਨੂੰ ਦੁਖਾਂ ਵਿਚ ਹੀ ਘਿਰਿਆ ਵੇਖੀਦਾ ਹੈ। ਕਿਉਂ ਜੀ! ਇਸਦਾ ਅਸਲ ਕਾਰਨ ਕੀ ਹੈ, ਦੱਸਣ ਦੀ ਕ੍ਰਿਪਾ ਕਰੋਗੇ?

ਉ: ਹੇ ਭਾਈਓ! ਇਹ ਤਾਂ ਠੀਕ ਹੈ ਕਿ ਹਰ ਪ੍ਰਾਣੀ ਦੀ ਚਾਹਤ ਸੁਖੀਆ ਰਹਿਣ ਦੀ ਹੈ, ਪਰ ਇਸ ਚਾਹਤ ਨੂੰ ਪੂਰੀ ਕਰਨ ਦੀ ਜੋ ਚੋਣ ਹੈ ਇਹ ਚੋਣ ਇਸਦੀ ਗਲਤ ਹੈ, ਪਹਿਲੀ ਚੋਣ ਇਸਦੀ ਧਨ ਇਕੱਠਾ ਕਰਕੇ ਸੁਖੀਆ ਹੋਣ ਦੀ ਹੈ, ਪਰ ਜਦੋਂ ਅਸੀਂ ਸੋਝੀ ਵਾਲਿਆਂ ਦੇ ਵੀਚਾਰ ਪੜ੍ਹਦੇ ਸੁਣਦੇ ਹਾਂ ਤਾਂ ਉਨ੍ਹਾ ਨੇ ਇਸ ਮਨੁੱਖ ਦੀ ਚੋਣ ਨੂੰ ਤਿੰਨਾਂ ਹੀ ਸਮਿਆਂ ਵਿਚ ਦੁੱਖ ਰੂਪ ਮੰਨਿਆ ਹੈ, ਜਿਵੇਂ ਕਿ:

ਦ੍ਰਬ ਤ੍ਰਿਕਾਲ ਦੁਖ ਮਯ॥
ਉਪਾਏ ਰੱਖ ਅੰਤ ਮੈ॥ *(ਸਾਰਕੁਤਾਵਲੀ)*

ਭਾਵ ਹੈ ਕਿ ਧਨ ਮਨੁੱਖ ਨੂੰ ਤਿੰਨਾਂ ਹੀ ਸਮਿਆਂ ਵਿਚ ਦੁੱਖ ਦਾ ਕਾਰਨ ਬਣਦਾ ਹੈ, ਪਹਿਲੇ ਇਕੱਤ੍ਰ ਕਰਨ ਵਿਚ, ਫਿਰ ਰਾਖੀ ਕਰਨ ਸਮੇਂ, ਜਦੋਂ ਪਾਸ ਤੋਂ ਚਲਾ ਜਾਏ ਫਿਰ ਤਾਂ ਕਈਆਂ ਦੇ ਪ੍ਰਾਣ ਭੀ ਨਾਲ ਹੀ ਲੈ ਜਾਂਦਾ ਹੈ (ਜਾਇ ਤਾਂ ਪ੍ਰਾਣ ਸਮੇਤ)। ਪਰ ਜਦੋਂ ਅਸੀ ਇਸ ਪੱਖ ਨੂੰ ਗੁਰਬਾਣੀ ਦੁਆਰੇ ਪੜਚੋਲਦੇ ਹਾਂ ਤਾ ਸਤਿਗੁਰੂ ਜੀ ਇਉਂ ਫੁਰਮਾਨ ਕਰਦੇ ਹਨ ਕਿ ਐ ਦੁਨੀਆਂ ਦੇ ਲੋਕੋ! ਸੁਣੋ:

ਸੁਖੁ ਨਾਹੀ ਬਹੁਤੈ ਧਨਿ ਖਾਟੇ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ॥
ਸੁਖੁ ਨਾਹੀ ਬਹੁ ਦੇਸ ਕਮਾਏ॥
ਸਰਬ ਸੁਖਾ ਹਰਿ ਹਰਿ ਗੁਣ ਗਾਏ॥੧॥
*(ਭੈਰਉ ਮ: ੫, ਪੰਨਾ ੧੧੪੭)*

ਭਾਵ ਹੈ, ਬਹੁਤਾ ਧਨ ਇਕੱਠਾ ਕਰਨ ਵਿਚ, ਨਿਰਤਕਾਰੀਆਂ ਵੇਖਣ ਵਿਚ, ਸਾਰੇ ਦੇਸ਼ ਦਾ ਰਾਜ ਕਰਨ ਵਿਚ ਭੀ ਸੁਖ ਨਹੀਂ, ਪਰ ਸਾਰੇ ਸੁਖ ਹਰੀ ਪ੍ਰਮੇਸ਼ਰ ਦੇ ਗੁਣ ਗਾਉਂਦੇ ਰਹਿਣ ਵਿਚ ਹਨ। ਵੇਖਣ ਵਿਚ ਇਸ ਤੋਂ ਉਲਟ ਆਉਂਦਾ ਹੈ ਕਿ ਮਨੁੱਖ ਚਾਹੁੰਦਾ ਹੈ ਕਿ ਮੈਂ ਸੁਖੀ ਰਹਾਂ, ਪਰ ਸਾਧਨ ਦੁਖੀਆ ਰਹਿਣ ਦੇ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਜੋ ਸਾਧਨ ਦਸ ਰਹੇ ਹਨ ਉਹ ਤਾਂ ਇਹੋ ਹੈ ਕਿ ਐ ਮਨੁੱਖ! ਵੀਚਾਰ ਦ੍ਰਿਸ਼ਟੀ ਨਾਲ ਵੇਖ ਕਿ:

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ
ਤਿਹ ਸਿਮਰਤ ਗਤਿ ਹੋਇ॥੯॥
*(ਸਲੋਕ ਮ: ੯, ਪੰਨਾ ੧੪੨੬)*

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥
ਕਹੁ ਨਾਨਕ ਸੁਨਿ ਰੇ ਮਨਾ
ਦੁਰਲਭ ਮਾਨੁਖ ਦੇਹ॥੨੭॥
*(ਸਲੋਕ ਮ: ੯, ਪੰਨਾ ੧੪੨੭)*

ਇਸ ਲਈ ਸਤਿਗੁਰੂ ਜੀ ਨੇ ਬਾਣੀ ਵਿਚ ਇਹ ਸੰਕੇਤ

ਕਰ ਦਿਤਾ ਹੈ ਕਿ ਹੇ ਭਾਈਓ ! ਸੁਣੋ :

ਸੁਖੁ ਨਾਹੀ ਬਿਨੁ ਨਾਮ ਧਿਆਏ ॥
ਨਾਮ ਨਿਧਾਨੁ ਬਡਭਾਗੀ ਪਾਏ ॥੨॥

(ਭੈਰਉ ਮ: ੫, ਪੰਨਾ ੧੧੪੫)

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ
ਸਾਧ ਸੰਗਤਿ ਜਪਿ ਇਕ ਖਿਨਾ ॥੧॥

(ਗਉੜੀ ਮ: ੫, ਪੰਨਾ ੨੧੦)

ਸੋ, ਜਦੋਂ ਅਸੀਂ ਬਾਣੀ ਦੀ ਰੌਸ਼ਨੀ ਵਿਚ ਤੱਕਦੇ ਹਾਂ ਤਾਂ ਸਾਨੂੰ ਸਾਰੇ ਮਾਇਕੀ ਪਦਾਰਥਾਂ ਦੇ ਸੁਖ ਸਦੀਵੀ ਸੁਖ ਨਹੀਂ, ਏਹ ਕੇਵਲ ਸੁਖਾਂ ਦਾ ਚਮਤਕਾਰ ਹੈ ਜੋ ਸ਼ੀਘਰ ਹੀ ਨਾਸ ਹੋ ਜਾਂਦਾ ਹੈ।

ਇਸੇ ਲਈ ਜਦੋਂ ਭਗਤ ਕਬੀਰ ਜੈਸੇ ਦੂਰ ਦਰਸ਼ੀਆਂ ਨੇ ਇਹ ਚੰਗੀ ਤਰ੍ਹਾਂ ਨਿਹਚਾ ਕਰ ਲਿਆ ਤਾਂ ਆਪ ਨੂੰ ਕਹਿਣਾ ਪਿਆ ਕਿ ਹੇ ਭਾਈਓ ! ਇਹ ਸਾਰੇ ਮਾਇਕੀ ਸੁਖਾਂ ਨੂੰ ਅਬਿਨਾਸ਼ੀ ਸੁਖ ਨਾ ਜਾਣੋਂ ਇਹ ਸ਼ੀਘਰ ਹੀ ਚਲੇ ਜਾਣ ਵਾਲੇ ਹਨ, ਕਿਉਂਕਿ ਮੈਂ ਵੇਖ ਲਿਆ ਹੈ ਕਿ ਇਹ ਪਦਾਰਥਾਂ ਦੇ ਸੁਖ ਆਉਂਦੇ ਜ਼ਰੂਰ ਹਨ, ਪਰ ਛੇਤੀ ਹੀ ਚਲੇ ਜਾਂਦੇ ਹਨ ਅਤੇ ਜਾਣ ਵੇਲੇ ਵਧੇਰੇ ਦੁਖਾਂ ਦਾ ਕਾਰਨ ਬਣ ਜਾਂਦੇ ਹਨ, ਇਸੇ ਲਈ ਮੈਂ ਹੁਣ ਪਦਾਰਥਾਂ ਦੇ ਸੁਖ ਮੰਗਦਾ ਹੀ ਨਹੀਂ ਕਿਉਂਕਿ ਮੈਂ ਜੀਵਨ ਵਿਚ ਚੰਗੀ ਤਰ੍ਹਾਂ ਤਸੱਲੀ ਕਰ ਲਈ ਹੈ ਕਿ :

ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਗਿਆ ਭਾਵੈ ॥੧॥

(ਗਉੜੀ ਕਬੀਰ ਜੀ, ਪੰਨਾ ੩੩੦)

ਸੁਖੁ ਮਾਗਤ ਦੁਖੁ ਆਗਲ ਹੋਇ ॥
ਸਗਲ ਵਿਕਾਰੀ ਹਾਰੁ ਪਰੋਇ ॥

(ਗਉੜੀ ਮ: ੧, ਪੰਨਾ ੨੨੨)

ਇਸ ਲਈ ਹੇ ਭਾਈਓ ! ਮੈਂ ਤਾਂ ਇਹ ਗੁਰਬਾਣੀ ਦੁਆਰੇ ਨਿਸਚਾ ਕਰ ਲਿਆ ਹੈ ਕਿ :

ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ ॥
ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ ॥

(ਮਾਰੂ ਮ: ੪, ਪੰਨਾ ੯੯੮)

ਸੁਖ ਸਾਗਰ ਅੰਮ੍ਰਿਤ ਭੰਡਾਰਾ ॥

(ਪ੍ਰਭਾਤੀ ਮ: ੧, ਪੰਨਾ ੧੩੩੦)

ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥
ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥

(ਸ੍ਰੀ ਰਾਗੁ ਮ: ੩, ਪੰਨਾ ੨੯)

ਸੁਖ ਸਾਗਰ ਗੋਬਿੰਦ ਸਿਮਰਣੁ
ਭਗਤ ਗਾਵਹਿ ਗੁਣ ਤੇਰੇ ਰਾਮ ॥

(ਰਾਮਕਲੀ ਮ: ੫, ਪੰਨਾ ੯੨੫)

ਸੁਖ ਸਾਗਰੁ ਗੁਰੁ ਪਾਇਆ ॥
ਤਾ ਸਹਸਾ ਸਗਲ ਮਿਟਾਇਆ ॥੧॥

(ਸੋਰਠਿ ਮ: ੫, ਪੰਨਾ ੬੨੯)

ਸੁਖ ਸਾਗਰ ਪ੍ਰੀਤਮ ਮਿਲੇ ਉਪਜੇ ਮਹਾ ਅਨੰਦ ॥
ਕਹੁ ਨਾਨਕ ਸਭ ਦੁਖ ਮਿਟੇ ਪ੍ਰਭ ਭੇਟੇ ਪਰਮਾਨੰਦ ॥੮॥

(ਆਸਾਵਰੀ ਮ: ੫, ਪੰਨਾ ੪੩੧)

ਸੁਖ ਸਾਗਰ ਪੂਰਨ ਪਰਮੇਸਰੁ
ਹਰਿ ਨ ਚੇਤਿਓ ਮਨ ਮਾਹੀ ॥

(ਰਾਮਕਲੀ ਮ: ੫, ਪੰਨਾ ੯੧੨)

ਸੁਖ ਸਾਗਰ ਪ੍ਰਭ ਭੇਟਿਐ ਨਾਨਕ
ਸੁਖੀ ਹੋਤ ਇਹੁ ਜੀਉ ॥੧॥

(ਬਿਲਾਵਲੁ ਮ: ੫, ਪੰਨਾ ੮੪੫)

ਸਾਧਹ ਸਰਣੀ ਪਾਈਐ ਹਰਿ ਜੀਉ
ਗੁਣ ਗਾਵਹ ਹਰਿ ਨੀਤਾ ਰਾਮ ॥

(ਬਿਹਾਗੜਾ ਮ: ੫, ਪੰਨਾ ੫੪੩)

ਸਾਧ ਕੈ ਸੰਗਿ ਨਾਹੀ ਹਉ ਤਾਪੁ ॥
ਸਾਧ ਕੈ ਸੰਗਿ ਤਜੈ ਸਭੁ ਆਪੁ ॥

(ਸੁਖਮਨੀ, ਪੰਨਾ ੨੭੧)

ਹਰਿ ਅੰਮ੍ਰਿਤ ਬਾਣੀ ਗਾਵੈ ॥
ਸਾਧਾ ਕੀ ਧੂਰੀ ਨਾਵੈ ॥ (ਸੋਰਠਿ ਮ: ੫, ਪੰਨਾ ੬੨੩)

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥
ਜੇ ਕੋ ਆਪੁਨਾ ਦੂਖੁ ਮਿਟਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
ਜੇ ਕੋ ਅਪੁਨੀ ਸੋਭਾ ਲੋਰੈ ॥
ਸਾਧ ਸੰਗਿ ਇਹ ਹਉਮੈ ਛੋਰੈ ॥
ਜੇ ਕੋ ਜਨਮ ਮਰਨ ਤੇ ਡਰੈ ॥
ਸਾਧ ਜਨਾ ਕੀ ਸਰਨੀ ਪਰੈ ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥

(ਸੁਖਮਨੀ, ਪੰਨਾ ੨੬੬)

ਇਸੇ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਹੋਰ ਭੀ ਅਨੇਕਾਂ ਪੰਗਤੀਆਂ ਰਾਹੀਂ ਪ੍ਰਗਟਾਇਆ ਹੈ, ਜਿਨ੍ਹਾਂ ਤੋਂ ਪ੍ਰਭਾਵਤ ਹੋ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਕਿ ਆਤਮਕ ਸੁਖ ਦਾ ਸਾਗਰ ਕੇਵਲ ਸਤਿਗੁਰੂ ਜੀ ਦੀ ਕਾਇਮ ਕੀਤੀ ਸਾਧ ਸੰਗਤ ਹੀ ਹੈ:

(੧) ਹੇ ਭਾਈਓ! ਕੇਵਲ ਸਾਧ ਸੰਗਤ ਹੀ ਸੁਖਾਂ ਦਾ ਸਮੁੰਦਰ ਹੈ, ਜਿਸ ਵਿਚ ਵਿਸ਼ਾਲ ਪ੍ਰਭੂ ਦੀਆਂ ਵਡਿਆਈਆਂ ਦੀਆਂ ਲਹਿਰਾਂ ਤੇ ਤਰੰਗ ਇਤਨੇ ਹਨ, ਜੋ ਤੋਲੇ ਨਹੀਂ ਜਾ ਸਕਦੇ।

(੨) ਮਾਣਕ ਮੋਤੀ ਤੇ ਹੀਰਿਆਂ (ਦੇ ਭਾਂਤ) ਸੁੰਦਰ ਗੁਰ ਉਪਦੇਸ਼ ਦੇ ਦੈਵੀ ਗੁਣਾਂ ਤੇ (ਭਾਉ ਭਗਤੀ) ਦਾ ਪ੍ਰਕਾਸ਼ ਇਤਨਾ ਵਧੇਰੇ ਹੈ ਕਿ ਜਿਸਦੀ ਕੀਮਤ ਨਹੀਂ ਪੈ ਸਕਦੀ।

(੩) ਰਾਗਾਂ ਵਿਚੋਂ ਰਤਨਾਂ ਰੂਪ ਅਨਹਦ ਧੁਨੀ (ਇਕ ਰਸ ਵਜਣ ਵਾਲੀ ਧੁਨੀ) ਹੈ। ਸ਼ਬਦ ਤੇ ਸੁਰਤ ਦੀ ਲਿਵ ਏਨੀ ਅਗਮ (ਉਚੀ ਗੰਭੀਰ) ਹੈ ਕਿ ਉਥੇ ਚੰਚਲਤਾ ਨੇੜੇ ਨਹੀਂ ਫਟਕ ਸਕਦੀ।

(੪) (ਐਸੀ ਅਵਸਥਾ, ਦਸ਼ਾ ਦੀਆਂ ਸਭ) ਰਿੱਧੀਆਂ, ਸਿੱਧੀਆਂ ਤੇ ਨਿੱਧੀਆਂ ਦਾਸੀਆਂ ਹਨ ਤੇ ਚਾਰ ਪਦਾਰਥ (ਕਾਮ, ਅਰਥ, ਮੋਖ ਆਦਿ) ਸਭ ਦਾਸਾਂ ਦੇ ਭੀ ਦਾਸ ਹਨ।

(੫) ਲੱਖਾਂ ਹੀ ਚੰਦਰਮਾ ਤੇ ਸੂਰਜਾਂ ਦੇ ਪ੍ਰਕਾਸ਼ (ਚਰਾਗੀਏ) ਹਨ ਤੇ ਲੱਖਾਂ ਹੀ ਤਰ੍ਹਾਂ ਦੇ ਰਸਾਂ ਵਾਲੇ ਅੰਮ੍ਰਿਤ ਭਰ ਭਰ (ਡੋਲ ਡੋਲ) ਪੀਂਦੇ ਹਨ।

(੬) ਲੱਖਾਂ ਕਾਮਧੇਨ ਗਊਆਂ ਤੇ ਲੱਖਾਂ ਪਾਰਜਾਤ (ਮਨ ਭਾਉਂਦੇ ਫਲ ਦੇਣ ਵਾਲੇ ਬ੍ਰਿਛ) ਜੰਗਲਾਂ ਵਿਚ ਅਡੋਲ ਖੜੋਤੇ ਹਨ।

(੭) (ਇਸ ਲਈ) ਗੁਰਮੁਖਾਂ ਦੇ ਸੁਖ ਫਲ ਬੋਲਣ ਤੋਂ ਰਹਿਤ ਭਾਵ ਅਕੱਥ ਹਨ।੨੦।੧੨।

***ਭਾਵਾਰਥ:*** ਭਾਈ ਸਾਹਿਬ ਜੀ ਨੇ ਇਸ ੧੨ਵੀਂ ਵਾਰ ਦੀ ੨੦ਵੀਂ ਪਉੜੀ ਅੰਦਰ ਸਤਿ ਸੰਗਤ ਦੀ ਮਹਾਨਤਾ ਦਰਸਾਈ ਹੈ ਕਿ ਇਹ ਸਾਧ ਸੰਗਤ ਸੁਖਾਂ ਦਾ ਅਮੁਕ ਸਾਗਰ ਹੈ, ਜਿਸ ਵਿਚੋਂ ਆਤਮਕ ਸੁਖ ਸਦੀਵੀ ਹੀ ਪਾਣੀ ਦੇ ਅਮੁੱਕ ਝਰਨਿਆਂ ਵਾਂਗ ਵਗਦਾ ਰਹਿੰਦਾ ਹੈ ਜਿਸ ਦੀ (ਤੋਟ ਨ ਆਵੈ ਵਧਦੋ ਜਾਈ) ਵਾਲੀ ਅਵਸਥਾ ਹੈ ਇਸ ਦੇ ਮੁਕਾਬਲੇ ਵਿਚ ਜੋ ਪਦਾਰਥਾਂ ਦਾ ਸੁਖ ਹੈ ਇਹ ਸ਼ੀਘਰ ਹੀ ਮੁਕ ਜਾਣ ਵਾਲਾ ਹੈ।

ਜਿਸ ਸਾਧ ਸੰਗਤ ਰੂਪ ਸਾਗਰ ਵਿਚੋਂ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ ਉਸ ਸੰਗਤ ਦੀ ਰੂਪ ਰੇਖਾ ਭੀ ਬਾਣੀ ਵਿਚ ਕਈ ਥਾਵਾਂ 'ਤੇ ਦਰਸਾਈ ਹੈ, ਭਾਵ ਹੈ ਕਿ ਕਿਸੇ ਵਧੇਰੇ ਇਕੱਠ ਦਾ ਨਾਮ ਸੰਗਤ ਨਹੀਂ, ਸੰਗਤ ਉਸੇ ਨੂੰ ਕਿਹਾ ਗਿਆ ਹੈ, ਜਿਸ ਇਕੱਤ੍ਰਤਾ ਵਿਚ ਕੇਵਲ ਉਸੇ ਪ੍ਰਮੇਸ਼ਰ ਦੀ ਸਿਫ਼ਤੋ-ਸਾਲਾਹ ਕੀਤੀ ਜਾਂਦੀ ਹੋਵੇ, ਜਿਵੇਂ ਕਿ:

ਸਤਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥ *(ਪੰਨਾ ੭੨)*

ਭਾਵ ਹੈ, ਜੋ ਮਨ ਨੂੰ ਸਾਧਨ ਵਾਲਿਆਂ ਦਾ ਸੰਗ ਹੈ, ਇਕੱਠ ਹੈ, ਉਹੀ ਸੰਗਤ ਹੈ। ਅਜਿਹੇ ਲੋਕਾਂ ਦੇ ਇਕੱਠ ਨੂੰ ਹੀ ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਚੰਗਾ ਤੇ ਫਲ-ਦਾਇਕ ਮੰਨਿਆ ਹੈ ਜੋ ਕੇਵਲ ਉਸੇ ਪ੍ਰਭੂ ਦੀ ਬੰਦਗੀ ਕਰਨ ਲਈ ਹੈ।

(ਬਾਰ੍ਹਵੀਂ ਵਾਰ ਸਮਾਪਤ)

# ਵਾਰ ੧੩

ੴ ਸਤਿਗੁਰ ਪ੍ਰਸਾਦਿ ॥

## ੧. ਗੁਰ ਚੇਲੇ ਦੀ ਮਹਾਨਤਾ

੧. ਪੀਰ ਮੁਰੀਦਾਂ ਗਾਖੜੀ
ਕੋ ਵਿਰਲਾ ਜਾਣੈ ।
੨. ਪੀਰਾਂ ਪੀਰ ਵਖਾਣੀਐ
ਗੁਰੁ ਗੁਰਾਂ ਵਖਾਣੈ ।
੩. ਗੁਰੁ ਚੇਲਾ ਚੇਲਾ ਗੁਰੂ
ਕਰਿ ਚੋਜ ਵਿਡਾਣੈ ।
੪. ਸੋ ਗੁਰੁ ਸੋਈ ਸਿਖ ਹੈ
ਜੋਤੀ ਜੋਤਿ ਸਮਾਣੈ ।
੫. ਇੱਕ ਗੁਰੂ ਇੱਕ ਸਿੱਖ ਹੈ
ਗੁਰੁ ਸ਼ਬਦ ਸਿਞਾਣੈ ।
੬. ਮਿਹਰ ਮੁਹੱਬਤਿ ਮੇਲਿ ਕਰਿ
ਭਉ ਭਾਉ ਸੁ ਭਾਣੈ ॥੧॥

*ਪਦ ਅਰਥ :* ਪੀਰ ਮੁਰੀਦਾਂ—ਪੀਰ ਦੀ ਸ਼ਾਗਿਰਦੀ, ਚੇਲਾ ਬਣਨਾ । ਗਾਖੜੀ—ਕਠਿਨ, ਔਖੀ । ਚੋਜ ਵਿਡਾਣੈ—ਅਸਚਰਜ ਕੌਤਕ । ਮਿਹਰ—ਕ੍ਰਿਪਾ ਦ੍ਰਿਸ਼ਟੀ । ਮੁਹੱਬਤਿ—ਪ੍ਰੀਤਿ । ਭਉ ਭਾਉ—ਭੈ ਤੇ ਪ੍ਰੇਮ ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਗੁਰੂ, ਪੀਰ, ਅਵਤਾਰਾਂ ਦਾ ਜੀਵਨ ਪੜ੍ਹਦੇ ਸੁਣਦੇ ਹਾਂ, ਤਾਂ ਵਧੇਰੇ ਪੜ੍ਹਨ ਵਿਚ ਇਹੋ ਆਉਂਦਾ ਹੈ ਕਿ ਮਹਾਂ ਪੁਰਸ਼ਾਂ ਦੇ ਨਿਕਟ-ਵਰਤੀ ਚਰਨ ਸ਼ਰਨ ਵਿਚ ਰਹਿ ਕੇ ਸੇਵਕ ਸਦਾਉਣ ਵਾਲਿਆਂ ਦੀ ਗਿਣਤੀ ਤਾਂ ਬਹੁਤ ਰਹੀ ਹੈ ਪਰ, ਜਦੋਂ ਮਹਾਂ ਪੁਰਖਾਂ ਵਲੋਂ ਉਨ੍ਹਾਂ ਨੂੰ ਪਰਖਣ ਦੀ ਕਸਵੱਟੀ ਲਾਈ ਗਈ ਤਾਂ ਸੈਂਕੜੇ ਹੀ ਨਹੀਂ, ਸਗੋਂ ਹਜ਼ਾਰਾਂ ਲੱਖਾਂ ਵਿਚੋਂ ਕੋਈ ਵਿਰਲਾ ਹੀ ਪਰਖ ਵਿਚ ਪੂਰਾ ਉੱਤਰਿਆ ਹੈ, ਕਿਉਂ ਜੀ ! ਦਸੋਗੇ ਇਸਦਾ ਸਹੀ ਕਾਰਨ ਕੀ ਹੈ ?

ਉ: ਹੇ ਭਾਈਓ ! ਇਸ ਪੱਖ ਨੂੰ ਜਦੋਂ ਅਸੀਂ ਬਾਰੀਕ-ਬੀਨੀ ਨਜ਼ਰਾਂ ਨਾਲ ਤਕਾਂਗੇ ਤਾਂ ਸਾਨੂੰ ਇਹੋ ਸੋਝੀ ਮਿਲੇਗੀ ਕਿ ਮਹਾਂ ਪੁਰਸ਼ਾਂ ਵਲੋਂ ਜੋ ਰੱਬੀ ਮਾਰਗ ਪਰ ਟੁਰਦੇ ਰਹਿਣ ਦਾ ਉਪਦੇਸ਼ ਦਿੱਤਾ ਜਾਂਦਾ ਹੈ ਇਸਨੂੰ ਜੋ ਕੇਵਲ ਸੁਣਨ ਲਈ ਹੀ ਸੁਣਦੇ ਹਨ । ਸੁਣ ਲੈਣਾ ਤਾਂ ਸੌਖਾ ਹੈ, ਪਰ ਇਸ 'ਤੇ ਅਮਲ ਕਰਨਾ ਬਹੁਤ ਔਖਾ ਹੈ, ਕਿਉਂਕਿ ਇਹ ਕੋਈ ਮੈਦਾਨੀ ਮਾਰਗ ਨਹੀਂ ਸਗੋਂ ਪਹਾੜੀ ਰਸਤਾ ਹੈ, ਮੈਦਾਨੀ ਮਾਰਗ 'ਤੇ ਬਹੁਤ ਲੋਕ ਸਫ਼ਰ ਕਰ ਸਕਦੇ ਹਨ, ਪਰ ਪਹਾੜੀ ਰਸਤੇ ਪਰ ਚੱਲਣ ਦੀ ਹਰ ਮੁਸਾਫ਼ਰ ਵਿਚ ਸ਼ਕਤੀ ਨਹੀਂ, ਇਸੇ ਲਈ ਗੁਰੂ ਅਮਰਦਾਸ ਮਹਾਰਾਜ ਜੀ ਨੇ ਅਨੰਦ ਸਾਹਿਬ ਬਾਣੀ ਵਿਚ ਫ਼ੁਰਮਾਨ ਕਰ ਦਿਤਾ ਹੈ ਕਿ :

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ ॥ *(ਅਨੰਦੁ, ਪੰਨਾ ੯੧੮)*

ਇਸੇ ਭਗਤੀ ਦੇ ਰੱਬੀ ਮਾਰਗ 'ਤੇ ਸਫ਼ਰ ਕਰਦਿਆਂ ਜਦੋਂ ਭਗਤ ਰਵਿਦਾਸ ਜੀ ਨੇ ਇਸ ਮਾਰਗ ਦੀਆਂ ਔਖੀਆਂ ਘਾਟੀਆਂ ਵੱਲ ਤੱਕਿਆ ਤਾਂ ਆਪ ਜੀ ਨੂੰ ਭੀ ਆਖ਼ਰ ਇਹੋ ਕਹਿਣਾ ਪਿਆ ਕਿ :

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣ ਬੈਲੁ ਹਮਾਰ॥
ਰਮਈਏ ਸਿਉ ਇਕ ਬੇਨਤੀ
ਮੇਰੀ ਪੂੰਜੀ ਰਾਖੁ ਮੁਰਾਰਿ॥੧॥

*(ਗਉੜੀ ਰਵਿਦਾਸ, ਪੰਨਾ ੩੪੫)*

ਭਾਵ, ਹੇ ਪ੍ਰਭੂ! ਤੇਰੀ ਭਗਤੀ ਦਾ ਮਾਰਗ ਬੜਾ ਔਖਾ ਪਹਾੜੀ ਰਸਤਾ ਹੈ, ਪਰ ਮੇਰਾ ਮਨ ਰੂਪੀ ਬੈਲ ਹਰ ਪਖੋਂ ਕਮਜ਼ੋਰ ਹੈ, ਜੋ ਇਸ ਪਰ ਚਲਣ ਦੀ ਸਮਰੱਥਾ ਨਹੀ ਰਖਦਾ, ਇਸ ਲਈ ਆਪ ਹੀ ਮੈਨੂੰ ਸਕਤੀ ਬਖਸ਼ੋ, ਜਿਸਦਾ ਸਦਕਾ ਮੇਰਾ ਮਨ ਤੇਰੇ ਇਸ ਭਗਤੀ ਦੇ ਔਖੇ ਮਾਰਗ ਪਰ ਟੁਰਿਆ ਚਲੇ। ਇਸੇ ਭਗਤੀ ਦੇ ਔਖੇ ਮਾਰਗ ਸੰਬੰਧੀ ਭਗਤ ਕਬੀਰ ਜੀ ਸੰਤ ਜਨਾਂ ਨੂੰ ਬੁਲੰਦ ਅਵਾਜ਼ ਰਾਹੀਂ ਕਹਿ ਰਹੇ ਹਨ ਕਿ ਹੇ ਸੰਤੋ! ਸੁਣੋ:

ਕਹਤ ਕਬੀਰੁ ਸੁਨਹੁ ਰੇ ਸੰਤਹੁ
ਅਬ ਐਸੀ ਬਨਿ ਆਈ॥
ਘਾਟੀ ਚਢਤ ਬੈਲੁ ਇਕੁ ਥਾਕਾ
ਚਲੋ ਗੋਨਿ ਛਿਟਕਾਈ॥੩॥

*(ਗਉੜੀ ਕਬੀਰ ਜੀ, ਪੰਨਾ ੩੩੩)*

ਹੇ ਸੰਤ ਜਨੋ! ਸੁਣੋ, ਮੇਰੇ ਮਨ ਰੂਪੀ ਬੈਲ ਦੀ ਦਸ਼ਾ ਤਾਂ ਹੁਣ ਅਜਿਹੀ ਬਣ ਗਈ ਹੈ ਕਿ ਇਸ ਰੱਬ ਦੀ ਭਗਤੀ ਮਾਰਗ ਦੀ ਘਾਟੀ ਪਰ ਚੜ੍ਹਦਿਆਂ ਚੜ੍ਹਦਿਆਂ ਮੇਰਾ ਮਨ ਰੂਪੀ ਕਮਜ਼ੋਰ ਬੈਲ ਥੱਕ ਹੀ ਗਿਆ ਹੈ ਇਸ ਵਿਚ ਅਗੇ ਚਲਣ ਦੀ ਸਮਰੱਥਾ ਹੀ ਨਹੀਂ ਰਹੀ। ਪਰ, ਗੁਰੂ ਰਾਮਦਾਸ ਜੀ ਗੁਰੂ ਪੂਰਿਆਂ ਦੀ ਚਾਕਰੀ ਬਾਰੇ ਆਪਣੇ ਵੀਚਾਰ ਅੰਕਿਤ ਕਰਦੇ ਹਨ ਕਿ:

ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ॥
ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ॥

*(ਸਲੋਕ ਮ: ੪, ਪੰਨਾ ੧੪੨੨)*

ਭਾਵ ਪੂਰੇ ਗੁਰਾਂ ਦੀ ਚਾਕਰੀ ਹੈ ਤਾਂ ਮਹਾਂ ਕਰੜੀ, ਪਰ ਇਸ ਵਿਚ ਸ੍ਰੇਸ਼ਟ ਸਾਰ ਸੁਖ ਹੈ, ਇਸਦੀ ਪ੍ਰਾਪਤੀ ਉਸੇ ਨੂੰ ਹੁੰਦੀ ਹੈ ਜਿਸ ਉਤੇ ਉਸ ਪ੍ਰਭੂ ਦੀ ਮੇਹਰ ਹੋਵੇ ਅਤੇ ਗੁਰੂ ਅਰਜਨ ਦੇਵ ਜੀ ਆਪਣੇ ਵੀਚਾਰ ਬਾਣੀ ਰਾਹੀਂ ਇਉਂ ਅੰਕਿਤ ਕਰਦੇ ਹਨ ਕਿ ਹੇ:

ਮੇਰੇ ਮਨ ਗੁਰ ਸਬਦੀ ਸੁਖੁ ਹੋਇ॥
ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ॥

*(ਸ੍ਰੀ ਰਾਗੁ ਮ: ੫, ਪੰਨਾ ੪੬*

ਹੋਰ ਭੀ ਇਸ ਸੰਬੰਧੀ ਗੁਰੂ ਫ਼ੁਰਮਾਨ ਹੈ, ਜਿਵੇ ਕਿ:

ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ।
ਨਾਨਕ ਬਖਸਿ ਮਿਲਾਇਅਨੁ
ਹਰਿ ਨਾਮਿ ਸਮਾਇਆ॥੩੩॥

*(ਪਉੜੀ, ਪੰਨਾ ੧੨੫੦)*

ਇਸੇ ਤਰ੍ਹਾਂ ਬਾਣੀ ਵਿਚ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਗੁਰੂ ਪੀਰਾਂ ਦੇ ਦਰ ਦੀ ਚਾਕਰੀ ਕਰਨੀ ਬਹੁਤ ਕਠਿਨ ਹੈ, ਪਰ ਜਿਸ ਸੇਵਕ ਨੇ ਪਿਆਰ ਭਰੀ ਭਾਵਨਾ ਸਹਿਤ ਚਾਕਰੀ ਕੀਤੀ ਹੈ ਉਸ ਨੂੰ ਹੀ ਅਬਿਨਾਸ਼ੀ ਸੁਖ ਦੀ ਪ੍ਰਾਪਤੀ ਹੋਈ ਹੈ। ਸੋ, ਹੇ ਭਾਈਓ! ਮੈਂ ਗੁਰਬਾਣੀ ਦੀਆਂ ਇਨ੍ਹਾਂ ਉਪ੍ਰੋਕਤ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਗੁਰਬਾਣੀ ਦੇ ਭਾਵਾਂ ਨੂੰ ਅੰਕਿਤ ਕਰਨ ਦਾ ਇਕ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ:

(੧) (ਹੇ ਭਾਈਓ!) ਪੀਰ (ਗੁਰੂ) ਦੀ ਮੁਰੀਦੀ (ਸ਼ਾਗਿਰਦੀ) ਬੜੀ ਕਠਿਨ ਹੈ, (ਜਿਸਨੂੰ ਕੋਈ) ਵਿਰਲਾ ਹੀ ਜਾਣਦਾ ਹੈ।

(੨) ਪੀਰਾਂ ਦਾ ਪੀਰ (ਸਿਰਮੌਰ) ਆਖੀਦਾ ਹੈ (ਗੁਰੂ ਨਾਨਕ ਦੇਵ ਜੀ) ਤੇ ਗੁਰੂਆਂ ਦਾ ਗੁਰੂ ਭੀ (ਸਿਰਮੌਰ) ਕਿਹਾ ਜਾਂਦਾ ਹੈ।

(੩) ਗੁਰੂ ਚੇਲਾ ਤੇ ਚੇਲਾ ਗੁਰੂ (ਗੁਰੂ ਨਾਨਕ ਦੇਵ ਜੀ ਦਾ ਗੁਰੂ ਅੰਗਦ ਦੇਵ (ਚੇਲੇ) ਨੂੰ ਗੁਰੂ ਬਨਾਉਣਾ) ਇਹ ਇਕ ਵੱਡਾ ਤੇ ਅਸਚਰਜ ਕੌਤਕ ਹੈ।

(੪) ਉਹੀ ਗੁਰੂ ਅਤੇ ਉਹੀ (ਪੂਰਨ) ਸਿਖ ਹੈ (ਜੋ ਦੋਹਾਂ ਦੀ) ਜੋਤ ਵਿਚ ਜੋਤ ਸਮਾ ਜਾਏ, (ਭਾਵ ਦੋਹਾਂ ਦੇ ਆਸ਼ੇ ਤੇ ਖ਼ਿਆਲਾਂ ਵਿਚ ਰਤੀ ਭਰ ਵੀ ਵਖੇਵਾਂ ਨਾ ਰਹੇ।)

(੫) ਇਕ ਗੁਰੂ (ਗੁਰੂ ਨਾਨਕ) ਤੇ ਇਕ ਸਿਖ (ਗੁਰੂ ਅੰਗਦ ਦੇਵ ਜਿਨ੍ਹਾਂ ਜਿਨ੍ਹਾਂ ਨੇ) ਗੁਰੂ ਦੇ ਸ਼ਬਦ (ਹੁਕਮ, ਆਗਿਆ) ਨੂੰ ਪਛਾਣ ਲਿਆ (ਕਿ ਪੂਰੇ ਗੁਰੂ ਦੀ ਆਗਿਆ ਮੰਨਣ ਵਿਚ ਹੀ ਸਭ ਪਦਾਰਥ ਤੇ ਮੁਕਤੀਆਂ ਮਿਲ ਸਕਦੀਆਂ ਹਨ। ਪਹਿਲੋਂ ਉਨ੍ਹਾਂ ਇਸ ਗੱਲ ਨੂੰ ਦ੍ਰਿੜ੍ਹ ਕੀਤਾ ਤੇ ਫੇਰ ਤਨ, ਮਨ, ਧਨ ਕਰਕੇ ਗੁਰੂ ਅਰਪਣ ਹੀ ਹੋ ਗਏ।)

(੬) (ਗੁਰੂ ਨੇ) ਮੇਹਰ ਕੀਤੀ ਤੇ (ਚੇਲੇ ਨੇ ਪੂਰਨ ਤੌਰ 'ਤੇ ਪ੍ਰੀਤ ਕੀਤੀ ਤਾਂ) ਮੇਲ ਕੀਤਾ (ਤੇ ਚੇਲੇ ਦੇ) ਭਉ ਤੇ ਭਾਉ ਨੂੰ ਭਾਣੇ (ਵਿਚ ਵੇਖ ਕੇ ਆਪਣੇ ਨਾਲ ਮੇਲ ਕੇ ਆਪਣੇ ਜਿਹਾ ਕਰ ਲਿਆ।)।੧।

***ਭਾਵਾਰਥ:*** ਇਸ ਪਉੜੀ ਵਿਚ ਭਾਈ ਸਾਹਿਬ ਜੀ

ਉਨ੍ਹਾ ਸਜਨਾਂ ਦਾ ਜਿਕਰ ਕਰਦੇ ਹਨ ਜੋ ਰੱਬੀ ਮਾਰਗ ਪਰ ਟੁਰਨ ਦੀ ਚਾਹਤ ਕਰਕੇ ਗੁਰੂ ਪੀਰਾਂ ਦੀ ਸ਼ਰਨ ਵਿਚ ਆਉਂਦੇ ਹਨ, ਪਰ ਇਸ ਮਾਰਗ ਦੀਆ ਔਖੀਆਂ ਘਾਟੀਆ ਵੱਲ ਤਕ ਕੇ ਰਸਤੇ ਵਿਚ ਹੀ ਅਟਕ ਜਾਂਦੇ ਹਨ, ਉਹ ਆਪਣੀ ਸਹੀ ਮੰਜਲ 'ਤੇ ਨਹੀਂ ਪੁੱਜ ਸਕਦੇ, ਇਸ ਮਾਰਗ 'ਤੇ ਚੱਲਣ ਵਾਲੇ ਪਾਧੀਆਂ ਨੂੰ ਗੁਰੂ ਪੀਰਾਂ ਦੀ ਆਗਿਆ ਦਾ ਪਾਲਣ ਕਰਨਾ ਅਤਿ ਜ਼ਰੂਰੀ ਹੈ। ਕਿਉਂਕਿ ਜੋ ਸੇਵਕ ਆਪਣੇ ਗੁਰੂ ਪੀਰ ਨੂੰ ਸਲਾਮ ਭੀ ਕਰਦਾ ਹੈ, ਪਰ ਗੁਰੂ ਵਲੋਂ ਕੀਤੇ ਹੁਕਮ ਦੀ ਉਲੰਘਣਾ ਭੀ ਕਰੀ ਜਾਂਦਾ ਹੈ, ਉਹ ਗੁਰਬਾਣੀ ਅਨੁਸਾਰ ਮੁੱਢ ਤੋਂ ਹੀ ਭੁਲਾ ਹੋਇਆ ਹੈ:

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥੨॥

(ਮ: ੨, ਪੰਨਾ ੪੭੪)

ਇਸ ਭਾਵ ਨੂੰ ਗੁਰ-ਇਤਿਹਾਸ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਵੱਡੇ ਸਾਹਿਬਜਾਦੇ ਸ੍ਰੀ ਚੰਦ ਨੂੰ ਹੁਕਮ ਕੀਤਾ ਕਿ ਪੁਤ੍ਰ! ਇਸ ਜੰਡ ਦੇ ਦਰੱਖਤ ਪਰ ਚੜ੍ਹ ਕੇ ਇਸਨੂੰ ਹਲੂਣਾ ਦੇ, ਇਸ ਤੋਂ ਮਠਿਆਈ ਝੜੇਗੀ ਅਸੀ ਸੰਗਤ ਵਿਚ ਵਰਤਾਵਾਂਗੇ, ਤਾਂ ਸ੍ਰੀ ਚੰਦ ਨੇ ਕਿਹਾ ਕਿ ਪਿਤਾ ਜੀ ਕਦੇ ਜੰਡ ਦੇ ਦਰੱਖਤ ਤੋਂ ਭੀ ਮਠਿਆਈ ਝੜੀ ਹੈ, ਤੁਹਾਡੀ ਉਮਰ ਵਡੇਰੀ ਹੋ ਗਈ ਹੈ ਜਿਸ ਕਰਕੇ ਅਣਹੋਣੀਆਂ ਗੱਲਾਂ ਕਰਨ ਲੱਗ ਪਏ ਹੋ। ਇਹੋ ਜੁਬਾਬ ਦੂਸਰੇ ਸਾਹਿਬਜਾਦੇ ਨੇ ਦਿਤਾ। ਪਰ ਜਿਸ ਵੇਲੇ ਭਾਈ ਲਹਿਣੇ ਨੂੰ ਹੁਕਮ ਕੀਤਾ ਤਾਂ ਸਤਿ ਬਚਨ ਕਹਿ ਕੇ ਅਗੇ ਵੱਧ ਆਏ ਤਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਕਿਹਾ ਕਿ ਪੁਰਖਾ! ਤੂੰ ਹੁਕਮ ਦੀ ਪਾਲਣਾ ਕੀਤੀ ਹੈ ਕੋਈ ਸਮਾਂ ਆਵੇਗਾ ਤੂੰ ਇਸ ਗੱਦੀ ਦਾ ਮਾਲਕ ਹੋਵੇਂਗਾ ਸਾਡਾ ਸੀਸ ਤੇਰੇ ਚਰਨਾ ਵਿਚ ਝੁਕੇਗਾ। ਸੋ, ਰੱਬੀ ਮਾਰਗ 'ਤੇ ਟੁਰਨ ਲਈ ਗੁਰੂ ਪੀਰਾ ਦੇ ਹੁਕਮ ਦੀ ਪਾਲਣਾ ਕਰਨੀ ਅਤਿ ਜਰੂਰੀ ਹੈ।

## ੨. *ਪੀਰਾਂ ਤੋਂ ਪੀਰ ਕੋਈ ਬਣਦਾ ਹੈ*

**੧. ਗੁਰ ਸਿੱਖਹੁ ਗੁਰ ਸਿੱਖ ਹੈ**
**ਪੀਰ ਪੀਰਹੁੰ ਕੋਈ।**
**੨. ਸ਼ਬਦ ਸੁਰਤਿ ਚੇਲਾ ਗੁਰੂ**
**ਪਰਮੇਸ਼ਰ ਸੋਈ।**
**੩. ਦਰਸ਼ਨਿ ਦਿਸਟਿ ਧਿਆਨੁ ਧਰਿ**
**ਗੁਰੁ ਮੂਰਤਿ ਹੋਈ।**
**੪. ਸ਼ਬਦ ਸੁਰਤਿ ਕਰਿ ਕੀਰਤਨੁ**
**ਸਤਿਸੰਗਿ ਵਿਲੋਈ।**
**੫. ਵਾਹਿਗੁਰੂ ਗੁਰਮੰਤ੍ਰ ਹੈ**
**ਜਪਿ ਹਉਮੈ ਖੋਈ।**
**੬. ਆਪੁ ਗਵਾਇ ਆਪਿ ਹੈ**
**ਗੁਣ ਗੁਣੀ ਪਰੋਈ॥੨॥**

***ਪਦ ਅਰਥ:*** ਦਿਸਟਿ—ਨੇਤਰ। ਵਿਲੋਈ—ਰਿੜਕਨਾ, ਭਾਵ ਵੀਚਾਰ ਕਰਨਾ। ਖੋਈ—ਖ਼ਤਮ ਕਰਨੀ। ਪਰੋਈ—ਮਿਲਣਾ, ਪਹੁਚ ਜਾਂਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਅਸਾਂ ਅਲਪੱਗ ਜੀਵਾਂ ਦੀ ਸੁਰਤਿ ਵਧੇਰੇ ਦੂਰ ਦਰਸ਼ੀ ਨਹੀ, ਇਸੀ ਕਰਕੇ ਅਸੀ ਬਹੁਤ ਬਰੀਕ ਸੋਚਣੀ ਨਹੀਂ ਸੋਚ ਸਕਦੇ। ਸੋ ਆਪ ਸਾਨੂੰ ਇਹ ਜਾਣਕਾਰੀ ਦਿਓ ਕਿ ਗੁਰੂ ਅਤੇ ਗੁਰਸਿਖ ਵਿਚ ਪ੍ਰਸਪਰ ਕੀ ਅੰਤਰਾ ਹੈ?

ਉ: ਹੇ ਭਾਈਓ! ਇਸ ਤੋਂ ਪਹਿਲੋਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਬਾਣੀ ਅੰਦਰ ਸਿਖ ਕਿਸਨੂੰ ਆਖਿਆ ਗਿਆ ਹੈ, ਇਸ ਬਾਰੇ ਗੁਰੂ ਫ਼ੁਰਮਾਨ ਹੈ ਕਿ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

(ਮ: ੪, ਪੰਨਾ ੩੦੫)

ਭਾਵ ਹੈ, ਜੋ ਅਜਿਹੇ ਦੈਵੀ ਗੁਣਾਂ ਵਾਲਾ ਸਿਖ ਆਪ ਨਾਮ ਜਪਦਾ ਤੇ ਹੋਰਨਾਂ ਨੂੰ ਨਾਮ ਜਪੌਂਦਾ ਹੈ ਉਸ ਬਾਰੇ ਗੁਰੂ ਫ਼ੁਰਮਾਨ ਹੈ ਕਿ:

ਗੁਰੁ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ
ਨਾਨਕ ਮਿਲਣੁ ਸੁਭਾਏ ॥੮॥

*(ਆਸਾ ਮ: ੪, ਪੰਨਾ ੪੪੪)*

ਪ੍ਰ: ਭਾਈ ਸਾਹਿਬ ਜੀਉ! ਇਹ ਤਾਂ ਆਪ ਜੀ ਨੇ ਗੁਰਬਾਣੀ ਅਨੁਸਾਰ ਗੁਰਸਿਖ ਦੀ ਰੂਪ ਰੇਖਾ ਦਰਸਾਈ ਹੈ, ਪਰ ਗੁਰੂ ਦੇ ਰੂਪ ਬਾਰੇ ਗੁਰਬਾਣੀ ਦਾ ਕੀ ਫ਼ੁਰਮਾਨ ਹੈ?

ਉ: ਹੇ ਭਾਈਓ! ਜਦੋਂ ਅਸੀਂ ਗੁਰਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਗੁਰੂ ਦੇ ਸਰੂਪ ਬਾਰੇ ਇਹ ਬੋਧ ਮਿਲਦਾ ਹੈ ਕਿ:

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥

*(ਸ੍ਰੀ ਰਾਗੁ ਮ: ੫, ਪੰਨਾ ੫੩)*

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥੧॥

*(ਗੋਂਡ ਮ: ੫, ਪੰਨਾ ੮੬੪)*

ਗੁਰ ਪਰਮੇਸੁਰ ਸਗਲ ਨਿਵਾਸ ॥
ਘਟਿ ਘਟਿ ਰਵਿ ਰਹਿਆ ਗੁਣਤਾਸ ॥

*(ਰਾਮਕਲੀ ਮ: ੫, ਪੰਨਾ ੯੦੦)*

ਗੁਰੁ ਦਾਤਾ ਸਮਰਥੁ ਗੁਰੁ
ਗੁਰੁ ਸਭ ਮਹਿ ਰਹਿਆ ਸਮਾਇ ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥

*(ਸ੍ਰੀ ਰਾਗੁ ਮ: ੫, ਪੰਨਾ ੪੯)*

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥
ਗੁਰੁ ਕਰਤਾ ਗੁਰੁ ਸਦ ਬਖਸੰਦੁ ॥

*(ਮਾਰੂ ਮ. ੫, ਪੰਨਾ ੧੦੮੦)*

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥
ਗੁਰੁ ਦਾਤਾ ਦਇਆਲ ਬਖਸਿੰਦੁ ॥

*(ਰਾਮਕਲੀ ਮ: ੫, ਪੰਨਾ ੮੯੭)*

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥

*(ਸਲੋਕ ਮ: ੩, ਪੰਨਾ ੧੩੭)*

ਇਸ ਤਰ੍ਹਾਂ ਹੇ ਭਾਈਓ! ਗੁਰੂ ਤੇ ਸਿਖ ਦੇ ਸੰਬੰਧ ਵਿਚ ਹੋਰ ਭੀ ਅਨੇਕਾਂ ਪੰਗਤੀਆ ਆਉਂਦੀਆਂ ਹਨ, ਜਿਨ੍ਹਾ ਤੋਂ ਪ੍ਰੇਰਨਾ ਲੈ ਕੇ ਇਹ ਚੰਦ ਪੰਗਤੀਆਂ ਮੈਂ ਉੱਕਰਨ ਦਾ ਉਪਰਾਲਾ ਕੀਤਾ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਉ! ਇਹ ਭੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਆਮ ਸਰੋਤਿਆਂ ਪਰ ਐਸੇ ਗੁਰੂ ਅਤੇ ਸਿਖ ਦਾ ਕੀ ਪ੍ਰਭਾਵ ਪੈਂਦਾ ਹੈ?

ਉ: ਹੇ ਭਾਈਓ! ਇਹ ਭੀ ਸਾਨੂੰ ਗੁਰਬਾਣੀ ਤੇ ਗੁਰ-ਇਤਿਹਾਸ ਤੋਂ ਜਾਣਕਾਰੀ ਮਿਲਦੀ ਹੈ ਕਿ:

(੧) ਗੁਰੂ ਦੇ ਸਿਖ (ਤੋਂ ਪੂਰੇ ਗੁਰੂ ਦੀ ਸਿੱਖਿਆ ਸੁਣ ਕੇ ਅਨੇਕਾਂ) ਸਿਖ ਅਗੋਂ ਹੁੰਦੇ ਹਨ, ਪਰ ਪੀਰ ਤੋਂ ਪੀਰ ਕੋਈ ਵਿਰਲਾ ਬਣਦਾ ਹੈ।

(੨) (ਜਿਸਦੀ) ਸੁਰਤਿ ਵਿਚ ਗੁਰੂ ਸ਼ਬਦ (ਦੀ ਪ੍ਰੀਤੀ, ਕਮਾਈ ਤੇ ਵੀਚਾਰ) ਹੋਵੇ, ਉਸੇ ਸੁਰਤ (ਜਾਂ ਚੇਲੇ, ਭਾਵ ਸਿਖ ਵਿਚ ਹੀ) ਉਹ ਪ੍ਰਮੇਸ਼ਰ (ਆ ਵੱਸਦਾ) ਹੈ।

(੩) (ਉਹ ਸਿਖ, ਗੁਰੂ ਦੇ) ਦਰਸ਼ਨ (ਭਾਵ ਸਰੂਪ ਨੂੰ) ਨੇਤਰਾਂ ਵਿਚ ਬਿਠਾ ਧਿਆਨ ਧਰਦਾ ਹੋਇਆ, ਗੁਰ ਮੂਰਤਿ ਦਾ ਰੂਪ ਹੀ ਬਣ ਜਾਂਦਾ ਹੈ।

(੪) ਸਿਖ ਗੁਰੂ ਦੇ ਸ਼ਬਦ ਨੂੰ ਸੁਰਤ ਵਿਚ ਰੱਖ ਕੇ ਸਤਿਸੰਗ ਵਿਚ ਜਾ ਕੇ ਕੀਰਤਨ ਸੁਣਦਾ ਤੇ ਸੱਚੇ ਵੀਚਾਰਾਂ ਨੂੰ ਵੀਚਾਰਦਾ ਹੈ।

(੫) ਗੁਰੂ ਦਾ ਗੁਰ ਮੰਤ੍ਰ (ਸ਼ਬਦ) ਵਾਹਿਗੁਰੂ ਹੈ, ਜਿਸਨੂੰ ਜਪ ਜਪ ਕੇ (ਸਿਖ) ਹਉਮੈ ਤੇ ਹੰਕਾਰ ਨੂੰ ਖ਼ਤਮ ਕਰੀ ਜਾਂਦਾ ਹੈ।

(੬) ਆਪਾ (ਭਾਵ) ਗਵਾ ਕੇ ਹੀ (ਆਪਣਾ ਸ੍ਵੈ-ਸਰੂਪ) ਆਪ ਪ੍ਰਤੀਤ ਹੁੰਦਾ ਹੈ (ਤੇ ਫਿਰ ਗੁਣਾਂ ਦੇ ਖ਼ਜ਼ਾਨੇ ਗੁਰੂ) ਗੁਣੀ (ਗੁਣਾਂ ਦੇ ਸਮੂਹ, ਮਾਲਾ ਵਿਚ) ਗੁਣ ਰੂਪ ਹੋ ਪਰੁਚ (ਮਿਲ) ਜਾਂਦਾ ਹੈ।੨।

***ਭਾਵਾਰਥ:*** ਸੰਸਾਰ ਵਿਚ ਹਰ ਬੰਦਾ (ਵਾਸਨਾ ਬਧਾ ਆਵੈ ਜਾਵੈ) ਭਾਵ ਇਤਰ ਜੀਵ ਸੰਸਾਰ ਦੇ ਭੋਗਾਂ ਦੀ ਵਾਸ਼ਨਾ ਨੂੰ ਇਤਨਾ ਪਰਬਲ ਕਰ ਲੈਂਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਬਾਰ ਬਾਰ ਸੰਸਾਰ ਵਿਚ ਆਉਣਾ ਪੈਂਦਾ ਹੈ, ਪਰ ਗੁਰੂ ਪੀਰਾਂ ਦਾ ਸੰਸਾਰ ਵਿਚ ਆਉਣ ਦਾ ਕਾਰਨ ਕੇਵਲ ਇਕੋ ਹੀ ਹੁੰਦਾ ਹੈ ਕਿ ਉਹ ਲੋਕਾਂ ਨੂੰ ਭੋਗਾਂ ਦੀ ਵਾਸਨਾ ਤੋਂ ਰਹਿਤ ਕਰਕੇ ਇਸ ਸੰਸਾਰ ਦੇ ਜੰਮਣ ਮਰਣ ਦੇ ਚੱਕ੍ਰ ਤੋਂ ਛੁਡਾ ਕੇ ਸਦੀਵੀ ਜੀਵਨ ਮੁਕਤੀ ਦੀ ਪਦਵੀ 'ਤੇ ਸਥਿਰ ਕਰਨਾ, ਹੋਰ ਉਨ੍ਹਾਂ ਦੇ ਸੰਸਾਰ ਵਿਚ ਆਉਣ ਦਾ ਕੋਈ ਭੀ ਕਾਰਨ ਨਹੀਂ ਹੈ।

## ੩. ਗੁਰਮਤਿ ਵਿਚ ਸ਼ਿਰੋਮਣੀ ਜੋਗੀ

੧. ਦਰਸ਼ਨ ਦ੍ਰਿਸ਼ਟਿ ਸੰਜੋਗ ਹੈ
ਭੈ ਭਾਇ ਸੰਜੋਗੀ।
੨. ਸ਼ਬਦ ਸੁਰਤਿ ਬੈਰਾਗ ਹੈ
ਸੁਖ ਸਹਜ ਅਰੋਗੀ।
੩. ਮਨ ਬਚ ਕਰਮ ਨ ਭਰਮ ਹੈ
ਜੋਗੀਸਰ ਜੋਗੀ।
੪. ਪਿਰਮ ਪਿਆਲਾ ਪੀਵਣਾ
ਅੰਮ੍ਰਿਤ ਰਸ ਭੋਗੀ।
੫. ਗਯਾਨ ਧਯਾਨ ਸਿਮਰਣ ਮਿਲੈ
ਪੀ ਅਪਿਓ ਅਸੋਗੀ॥੩॥

*ਪਦ ਅਰਥ :* ਸੰਜੋਗੀ—ਮੇਲੀ। ਅਰੋਗੀ—ਰੋਗ ਰਹਿਤ। ਜੋਗੀ—ਜੁੜਨਾ। ਭੋਗੀ—ਵਸਤੂਆਂ ਨੂੰ ਵਰਤਣ ਵਾਲਾ। ਅਸੋਗੀ—ਸੋਗ ਰਹਿਤ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਪੁਰਾਤਨ ਸਮੇਂ ਵਿਚ ਮਛਿੰਦ੍ਰ ਨਾਥ ਦਾ ਚੇਲਾ ਗੋਰਖਨਾਥ ਹੋਇਆ ਹੈ, ਜਿਸਨੇ ਦੇਸ ਦਿਸੰਤ੍ਰਾਂ ਵਿਚ ਪ੍ਰਚਾਰ ਕਰਕੇ ਜੋਗ-ਮੱਤ ਨੂੰ ਬੜਾ ਪ੍ਰਚਾਰਿਆ, ਜਿਸ ਦੇ ਵੀਚਾਰਾਂ ਨੂੰ ਸੁਣ ਕੇ ਕਈ ਰਾਜੇ ਮਹਾਰਾਜੇ ਤਖ਼ਤ ਤਾਜ ਨੂੰ ਤਿਆਗ ਕੇ ਜੋਗ ਮੱਤ ਦੇ ਧਾਰਨੀ ਹੋਏ, ਜਿਨ੍ਹਾ ਵਿਚੋਂ ਕਈ ਭਰਥਰੀ ਆਦਿ ਨੂੰ ਸ਼ਿਰੋਮਣੀ ਜੋਗੀ ਮੰਨਿਆ ਗਿਆ ਹੈ, ਪਰ ਗੁਰਮਤ ਵਿਚ ਸ਼ਿਰੋਮਣੀ ਜੋਗੀ ਕਿਸਨੂੰ ਮੰਨਿਆ ਗਿਆ ਹੈ?

ਉ: ਹੇ ਭਾਈਓ! ਜਦੋਂ ਅਸੀਂ ਗੁਰਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਗੁਰਮਤ ਦੇ ਜੋਗ ਤੇ ਗੋਰਖ ਨਾਥ ਦੇ ਪਰਚੱਲਤ ਕੀਤੇ ਜੋਗ ਵਿਚ ਪ੍ਰਸਪਰ ਬੜਾ ਅੰਤਰਾ ਪ੍ਰਤੀਤ ਹੁੰਦਾ ਹੈ। ਜੇ ਪਹਿਲੋਂ ਅਸੀਂ 'ਜੋਗ' ਸ਼ਬਦ ਦੇ ਹੀ ਅਰਥ ਕਰੀਏ ਤਾਂ ਇਸ ਦੇ ਅੱਖਰੀਂ ਅਰਥ ਬਣਦੇ ਹਨ ਜੁੜਿਆ ਹੋਇਆ, ਭਾਵ ਜੋ ਪ੍ਰਮੇਸ਼ਰ ਨਾਲ ਜੁੜਿਆ ਹੋਇਆ ਹੈ। ਜੋ ਕੇਵਲ ਬਾਹਰਲੇ ਸਰੀਰਕ ਜੋਗ ਦੇ ਚਿੰਨ੍ਹਾਂ ਨਾਲ ਹੀ ਜੁੜਿਆ ਹੋਇਆ ਹੈ ਉਸ ਨੂੰ ਗੁਰਮਤ ਨੇ ਸਹੀ ਰੂਪ ਵਿਚ ਜੋਗੀ ਨਹੀਂ ਮੰਨਿਆ, ਇਸ ਬਾਰੇ ਸਤਿਗੁਰੂ ਜੀ ਨੇ ਬਾਣੀ ਵਿਚ ਹੁਕਮ ਫੁਰਮਾਨ ਕੀਤਾ ਹੈ ਕਿ:

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ
ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੧॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥...... *(ਸੂਹੀ ਮ: ੧, ਪੰਨਾ ੭੩੦)*

ਭਾਵ ਹੈ, ਸਰੀਰ ਉਤੇ ਗੋਦੜੀ ਪਹਿਨ ਲੈਣੀ, ਸੁਆਹ ਮਲ ਲੈਣੀ, ਕੰਨਾਂ ਵਿਚ ਮੁੰਦਰਾਂ ਪਾ ਕੇ ਸਿਰ ਮੂੰਹ ਮੁਨਾ ਲੈਣਾ ਆਦਿ ਬਾਹਰਲੇ ਚਿੰਨ੍ਹ ਪਹਿਰਨ ਨਾਲ ਕੋਈ ਸਹੀ ਰੂਪ ਵਿਚ ਜੋਗੀ ਨਹੀਂ ਬਣ ਜਾਂਦਾ, ਗੁਰਮਤ ਵਿਚ ਤਾਂ ਉਹੋ ਹੀ ਜੋਗੀ ਕਿਹਾ ਜਾਂਦਾ ਹੈ, ਜੋ ਦ੍ਵੈਸ਼-ਦ੍ਰਿਸ਼ਟੀ ਦਾ ਤਿਆਗ ਕਰਕੇ ਸਮਾਨ-ਦ੍ਰਿਸ਼ਟੀ ਰਖਦਾ ਹੈ, ਉਹੀ ਰੱਬੀ ਦਰਬਾਰ ਵਿਚ ਕਬੂਲੇ ਜਾਣ ਵਾਲਾ ਜੋਗੀ ਹੈ, ਪਰ ਕੇਵਲ ਗੱਲਾਂ ਨਾਲ ਆਪਣੇ ਆਪ ਨੂੰ ਜੋਗੀ ਸਿੱਧ ਕਰਨ ਵਾਲਾ ਜੋਗੀ ਨਹੀਂ ਕਿਹਾ ਜਾ ਸਕਦਾ। ਗੁਰਮਤ ਤਾਂ ਉਸੇ ਨੂੰ ਹੀ ਜੋਗੀ ਮੰਨਦੀ ਹੈ ਜੋ ਮਾਇਆ ਵਿਚ ਰਹਿੰਦਾ ਹੋਇਆ ਹੀ ਮਾਇਆ ਤੋਂ ਇਸੇ ਤਰ੍ਹਾਂ ਨਿਰਲੇਪ ਰਹਿੰਦਾ ਹੈ ਜਿਵੇਂ ਪਾਣੀ ਵਿਚ ਕਮਲ ਹੈ।

ਬਾਣੀ ਨੇ ਜੋਗ ਦੇ ਬਾਹਰਲੇ ਚਿੰਨ੍ਹਾਂ ਨੂੰ ਧਾਰਨ ਕਰ ਲੈਣਾ ਇਸਨੂੰ ਕੋਈ ਮਹਾਨਤਾ ਨਹੀਂ ਦਿਤੀ ਅਤੇ ਨਾ ਹੀ ਰੱਬ ਦੀ ਪ੍ਰਾਪਤੀ ਦਾ ਇਸਨੂੰ ਕੋਈ ਸਾਧਨ ਮੰਨਿਆ ਹੈ, ਸਗੋਂ ਕਈ ਥਾਵਾਂ 'ਤੇ ਖੰਡਨ ਕੀਤਾ ਹੈ, ਜਿਵੇਂ ਕਿ:

ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ॥੬॥
*(ਸੋਰਠਿ ਮ: ੫, ਪੰਨਾ ੬੪੨)*

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ॥
*(ਸਲੋਕ ਮ: ੧, ਪੰਨਾ ੧੦੮੯)*

ਜੋਗੀ ਕਹਹਿ ਜੋਗੁ ਭਲ ਮੀਠਾ
ਅਵਰੁ ਨ ਦੂਜਾ ਭਾਈ ॥
ਰੁੰਡਿਤ ਮੁੰਡਿਤ ਏਕੈ ਸਬਦੀ
ਏਇ ਕਹਹਿ ਸਿਧਿ ਪਾਈ ॥੧॥
ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥
ਜਾ ਪਹਿ ਜਾਉ ਆਪੁ ਛੁਟਕਾਵਨਿ
ਤੇ ਬਾਧੇ ਬਹੁ ਫੰਧਾ ॥ *(ਗਉੜੀ, ਪੰਨਾ ੩੩੪)*

ਬਾਰਹ ਮਹਿ ਰਾਵਲ ਖਪਿ ਜਾਵਹਿ
ਚਹੁ ਛਿਅ ਮਹਿ ਸੰਨਿਆਸੀ ॥
ਜੋਗੀ ਕਾਪੜੀਆ ਸਿਰਖੂਥੇ
ਬਿਨੁ ਸਬਦੈ ਗਲਿ ਫਾਸੀ ॥੧॥
*(ਪ੍ਰਭਾਤੀ ਮ: ੧, ਪੰਨਾ ੧੩੩੨)*

ਜੋਗੀ ਗਿਰਹੀ ਜਟਾ ਬਿਭੂਤ ॥
ਆਗੈ ਪਾਛੈ ਰੋਵਹਿ ਪੂਤ ॥
ਜੋਗੁ ਨ ਪਾਇਆ ਜੁਗਤਿ ਗਵਾਈ ॥
ਕਿਤੁ ਕਾਰਣਿ ਸਿਰਿ ਛਾਈ ਪਾਈ ॥
*(ਸਲੋਕ ਮ: ੧, ਪੰਨਾ ੯੫੧)*

ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥
ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰ ਪਰਸਾਦੀ ਏਕੋ ਜਾਣੈ ॥ *(ਧਨਾਸਰੀ ਮ: ੧, ਪੰਨਾ ੬੬੨)*

ਕਹਾ ਭਇਓ ਤੀਰਥ ਬ੍ਰਤ ਕੀਏ
ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ
ਜੋ ਪ੍ਰਭ ਜਸੁ ਬਿਸਰਾਵੈ ॥੧॥ *(ਪੰਨਾ ੮੩੦)*

ਜੋਗੀ ਜੰਗਮ ਅਰੁ ਸੰਨਿਆਸ ॥
ਸਭ ਹੀ ਪਰਿ ਡਾਰੀ ਇਹ ਫਾਸ ॥੧॥
*(ਬਸੰਤੁ ਮ: ੯, ਪੰਨਾ ੧੧੮੬)*

ਜੋਗੀ ਜੰਗਮ ਸੰਨਿਆਸੀ ਭੁਲੇ
ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ
ਮਨਹਠਿ ਜਨਮੁ ਗਵਾਇਆ ॥ *(ਮ: ੩, ਪੰਨਾ ੫੧੩)*

ਜੋਗੀ ਜੰਗਮ ਸੰਨਿਆਸੀ ਭੁਲੇ
ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ
ਤਿਨੀ ਬਿਰਥਾ ਜਨਮੁ ਗਵਾਇਆ ॥
*(ਸਲੋਕ ਮ: ੩, ਪੰਨਾ ੮੫੨)*

ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥
ਲੁੰਜਿਤ ਮੁੰਜਿਤ ਮੋਨਿ ਜਟਾ ਧਰ
ਅੰਤਿ ਤਊ ਮਰਨਾ ॥੧॥ *(ਆਸਾ, ਪੰਨਾ ੪੭੬)*

ਜੋਗੀ ਜਤੀ ਤਪੀ ਪਚਿਹਾਰੇ ਅਰੁ ਬਹੁ ਲੋਗ ਸਿਆਨੇ ॥
*(ਬਿਹਾਗੜਾ ਮ: ੯, ਪੰਨਾ ੫੩੭)*

ਜੋਗੀ ਜਤਨ ਕਰਤ ਸਭ ਹਾਰੇ
ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ
ਤਉ ਸਭ ਬਿਧਿ ਬਨਿ ਆਈ ॥੨॥
*(ਗਉੜੀ ਮ: ੯, ਪੰਨਾ ੨੧੯)*

ਹੇ ਭਾਈਓ! ਇਸ ਤਰ੍ਹਾਂ ਹੋਰ ਭੀ ਬਹੁਤ ਉਦਾਹਰਣ ਬਾਣੀ ਵਿਚੋਂ ਮਿਲਦੇ ਹਨ ਕਿ ਜਿਤਨਾ ਚਿਰ ਮਨ ਕਰਕੇ ਉਸ ਪ੍ਰਭੂ ਨਾਲ ਨਹੀਂ ਜੁੜਿਆ ਜਾਂਦਾ ਉਤਨਾ ਚਿਰ ਜੋਗ ਦੇ ਬਾਹਰਲੇ ਚਿੰਨ੍ਹਾਂ ਨਾਲ ਜੁੜੇ ਰਹਿਣ ਦਾ ਕੋਈ ਲਾਭ ਨਹੀਂ। ਇਸ ਲਈ ਮੈਂ ਇਨ੍ਹਾਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ ਕਿ ਗੁਰਮੱਤ ਵਿਚ ਸ਼ਿਰੋਮਣੀ ਜੋਗੀ ਕਿਸਨੂੰ ਮੰਨਿਆ ਹੈ, ਉਸ ਦੀ ਪਛਾਣ ਕੀ ਹੈ?

(੧) ਹੇ ਭਾਈ! ਜਿਸਦੀ ਨਜ਼ਰ (ਗੁਰੂ ਦੇ) ਦਰਸ਼ਨਾਂ ਨਾਲ ਜੁੜੀ ਹੈ, (ਉਹ ਭੈ ਅਤੇ) ਪ੍ਰੇਮ ਦਾ ਸੰਜੋਗੀ (ਮੇਲੀ) ਹੈ (ਭਾਵ ਗੁਰੂ ਦੇ ਦਰਸ਼ਨਾਂ ਨੇ ਉਸਦੇ ਹਿਰਦੇ ਵਿਚ ਗੁਰੂ ਦਾ ਭੈ ਤੇ ਸਤਿਕਾਰ ਦਾ ਸੰਜੋਗ ਬਣਾ ਦਿਤਾ ਹੈ)।

(੨) (ਇਥੇ ਹੀ ਬਸ ਨਹੀਂ) ਸ਼ਬਦ ਤੇ ਸੁਰਤਿ (ਦੇ ਸੰਜੋਗ ਤੋਂ ਹੀ) ਵੈਰਾਗ ਦੀ ਉਪਜ ਹੁੰਦੀ ਹੈ (ਤੇ ਵੈਰਾਗ ਤੋਂ) ਸਹਿਜ ਸੁਖਾਂ ਤੇ ਰੋਗ ਰਹਿਤ (ਦੇਹੀ ਦਾ ਸੰਜੋਗ ਹੁੰਦਾ) ਹੈ।

ਪ੍ਰ: ਕਿਉਂ ਜੀ, ਉਸ ਦੀ ਪਛਾਣ ਕੀ ਹੈ?

ਉ: (੩) (ਹੇ ਭਾਈਓ! ਜਦੋਂ ਤੁਸੀਂ ਵੀਚਾਰ ਦ੍ਰਿਸ਼ਟੀ ਨਾਲ ਤੱਕੋਗੇ ਤਾਂ ਤੁਸੀ ਵੇਖੋਗੇ ਕਿ ਉਸਦੇ) ਮਨ, ਬਚਨ ਤੇ ਕਰਮ ਕਰਕੇ (ਉਸਦੇ ਅੰਦਰ ਕੋਈ ਭਰਮ ਨਹੀ ਰਹਿੰਦਾ, ਅਰ ਉਸਦੀ ਦਸ਼ਾ) ਜੋਗੀਆਂ ਦੇ ਜੋਗੀਸ਼ਰ (ਮੁਖੀ) ਵਰਗੀ ਹੈ।

(੪) (ਕਿਉਂਕਿ ਉਪ੍ਰੋਕਤ ਸੁਰਤਿ ਵਾਲੇ ਜੋਗੀਸ਼ਰ ਨੇ ਕੇਵਲ ਗੁਰੂ ਸਿੱਖਿਆ ਦੇ) ਪ੍ਰੇਮ ਪਿਆਲੇ ਨੂੰ ਹੀ ਪੀਣਾ ਹੈ (ਇਸ ਲਈ ਸੱਚੇ ਅਰਥਾਂ ਵਿਚ) ਅੰਮ੍ਰਿਤ ਰਸ ਦਾ ਭੋਗੀ (ਰਸ ਦਾ) ਅਨੰਦ ਮਾਨਣ ਵਾਲਾ ਹੈ।

(੫) (ਇਸ ਦਸ਼ਾ ਵਿਚ ਉਸ ਉੱਚੀ ਸੁਰਤਿ ਵਾਲੇ ਨੂੰ) ਗਿਆਨ, ਧਿਆਨ ਤੇ ਸਿਮਰਨ (ਦਾ ਸੁਆਦ ਹੀ) ਮਿਲਦਾ ਹੈ (ਤੇ ਇਸ ਅੰਮ੍ਰਿਤ ਰਸ ਨੂੰ ਪੀ ਕੇ ਉਹ) ਸੋਗਾਂ ਤੋਂ ਰਹਿਤ ਹੋ ਜਾਂਦਾ ਹੈ।੩।

*ਭਾਵਾਰਥ :* ਬਹੁਤ ਲੋਕ ਸੰਸਾਰ ਦੀਆਂ ਵਾਸ਼ਨਾਂ ਨੂੰ ਸ਼ਾਂਤ ਕਰਨ ਲਈ ਆਪਣਾ ਘਰ ਬਾਰ ਤੇ ਪ੍ਰਵਾਰ ਨੂੰ ਤਿਆਗ ਕੇ ਭਗਵਾਂ ਪਹਿਰਾਵਾ ਪਹਿਨ ਕੇ ਜੰਗਲਾਂ ਵਿਚ ਆ ਵੱਸਦੇ ਹਨ । ਇਹ ਠੀਕ ਹੈ ਕਿ ਉਨ੍ਹਾਂ ਨੇ ਸਰੀਰ ਕਰਕੇ ਤਿਆਗ ਕਰ ਲਿਆ ਪਰ ਮਨ ਵਿਚ ਸੂਖਮ ਵਾਸ਼ਨਾ ਦਾ ਵੇਗ ਉਸੇ ਤਰ੍ਹਾਂ ਵਗਦਾ ਹੈ, ਉਹ ਵਾਸ਼ਨਾ ਦਾ ਪ੍ਰਵਾਹ ਅਨੇਕਾਂ ਜਤਨ ਕਰਨ ਨਾਲ ਭੀ ਨਹੀਂ ਰੁਕਦਾ। ਇਸ ਤਰ੍ਹਾਂ ਤੁਸੀ ਜੰਗਲਾਂ ਵਿਚ ਵੱਸ ਰਹੇ ਜੋਗੀਆਂ ਨੂੰ ਤਕੋਗੇ ਕਿ ਉਹ ਨਿਕੇ ਨਿਕੇ ਬੱਚਿਆਂ ਨੂੰ ਜੋ ਘਰ ਵਿਚ ਤਿਆਗ ਕੇ ਗਏ ਹਨ ਉਨ੍ਹਾਂ ਦਾ ਮੋਹ ਸੂਖਮ ਰੂਪ ਵਿਚ ਅੰਦਰ ਵੱਸਦਾ ਹੈ ਉਸ ਦੀ ਪੂਰਤੀ ਲਈ ਕੋਈ ਕਿਸੇ ਸਹੇ ਦਾ, ਕੋਈ ਕਿਸੇ ਹਿਰਨ ਦਾ ਬੱਚਾ ਪਾਲ ਕੇ ਮਨ ਪ੍ਰਚਾਵਾ ਕਰਦੇ ਹਨ ਇਸ ਤਰ੍ਹਾਂ ਉਨ੍ਹਾਂ ਨੇ ਬਾਹਰਲਾ ਤਿਆਗ ਤਾਂ ਕਰ ਦਿਤਾ ਪਰ ਅੰਦਰੋਂ ਮੋਹ ਦੀ ਪ੍ਰਬਲਤਾ ਉਸੇ ਤਰ੍ਹਾਂ ਕਾਇਮ ਹੈ, ਇਸੇ ਲਈ ਫੁਰਮਾਨ ਆਇਆ ਹੈ ਕਿ :

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ
ਸਤਿਗੁਰ ਕੈ ਉਪਦੇਸਿ॥੬੪॥

*(ਸਲੋਕ ਮ: ੩, ਪੰਨਾ ੧੪੨੧)*

## ੪. ਪਿਰਮ ਰਸ ਦੀ ਮਸਤੀ

**੧. ਗੁਰਮੁਖ ਸੁਖਫਲ ਪਿਰਮ ਰਸ**
**ਕਿਉਂ ਆਖਿ ਵਖਾਣੈ।**
**੨. ਸੁਣਿ ਸੁਣਿ ਆਖਣ ਆਖਣਾ**
**ਓਹੁ ਸਾਉ ਨ ਜਾਣੈ।**
**੩. ਬ੍ਰਹਮਾ ਬਿਸ਼ਨ ਮਹੇਸ਼ ਮਿਲਿ**
**ਕਥਿ ਵੇਦ ਪੁਰਾਣੈ।**
**੪. ਚਾਰ ਕਤੇਬਾਂ ਆਖੀਅਨਿ**
**ਦੀਨ ਮੁਸਲਮਾਣੈ।**
**੫. ਸ਼ੇਖਨਾਗ ਸਿਮਰਣ ਕਰੈ**
**ਸਾਂਗੀਤ ਸੁਹਾਣੈ।**
**੬. ਅਨਹਦ ਨਾਦ ਅਸੰਖ ਸੁਣਿ**
**ਹੋਏ ਹੈਰਾਣੈ।**
**੭. ਅਕਥ ਕਥਾ ਕਰਿ ਨੇਤ ਨੇਤ**
**ਪੀਲਾਇ ਭਾਣੈ॥੪॥**

*ਪਦ ਅਰਥ :* ਪਿਰਮ ਰਸ—ਪ੍ਰੇਮ ਦੇ ਰਸ ਦੀ ਖ਼ੁਮਾਰੀ। ਆਖਣ ਆਖਣਾ—ਨਿਰੇ ਕਥਨ ਜਾਂ ਗੱਲਾਂ। ਸਾਉ—ਸੁਆਦ ਰਸ। ਸਾਂਗੀਤ ਸੁਹਾਣੈ—ਸੁਹਣੇ ਤੇ ਸੋਭਾ ਵਾਲੇ ਛੰਦਾਂ ਦੇ ਬੰਦ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਹ ਦੱਸਣ ਦੀ ਕ੍ਰਿਪਾ ਕਰੋ ਕਿ ਜਿਨ੍ਹਾਂ ਗੁਰਮੁਖਾਂ ਨੂੰ ਉਸ ਪ੍ਰਭੂ ਦੇ ਪ੍ਰੇਮ ਰਸ ਦੀ ਪ੍ਰਾਪਤੀ ਹੋਈ ਹੈ ਉਹ ਕਿਹੋ ਜਿਹਾ ਰਸ ਹੈ, ਕਿਉਂਕਿ ਗ੍ਰੰਥਕਾਰਾਂ ਨੇ ਖੱਟੇ, ਮਿੱਠੇ ਆਦਿ ਛੇ ਰਸ ਮੰਨੇ ਹਨ, ਜਿਨ੍ਹਾ ਨੂੰ ਚੱਖਣ ਵਾਲਾ ਉਨ੍ਹਾਂ ਦੇ ਭਿੰਨ ਭਿੰਨ ਸੁਆਦਾ ਦੀ ਜਾਣਕਾਰੀ ਦਿੰਦਾ ਹੈ, ਪਰ ਗੁਰਮੁਖਾਂ ਨੂੰ ਪ੍ਰਾਪਤ ਹੋਏ ਪ੍ਰੇਮ ਰਸ ਦਾ ਸੁਆਦ ਕਿਹੋ ਜਿਹਾ ਹੈ ? ਕਿਉਂਕਿ ਜੋ ਲੋਕ ਪ੍ਰੇਮ ਰਸ ਬਾਰੇ ਜਾਣਕਾਰੀ ਦਿੰਦੇ ਹਨ, ਉਨ੍ਹਾਂ ਦੇ ਦੱਸਣ ਵਿਚ ਪ੍ਰਸਪਰ ਬੜਾ ਅੰਤਰਾ ਹੈ। ਇਸ ਲਈ ਆਪ ਜੀ ਤੋਂ ਪ੍ਰੇਮ ਰਸ ਦੀ ਸਹੀ ਰੂਪ ਰੇਖਾ ਜਾਣਨਾ ਚਾਹੁੰਦੇ ਹਾਂ, ਕਿਉਂਕਿ ਆਪ ਨੂੰ ਗੁਰਬਾਣੀ ਰਾਹੀਂ ਇਸ ਪ੍ਰੇਮ ਰਸ ਦੀ ਸਹੀ ਸੂਝ ਬੂਝ ਹੈ ?

ਉ: ਹੇ ਭਾਈਓ! ਇਸ ਪ੍ਰੇਮ ਰਸ ਬਾਰੇ ਜਦੋਂ ਅਸੀਂ ਗੁਰਬਾਣੀ ਤੋਂ ਪੁੱਛ ਕਰਦੇ ਹਾਂ ਤਾਂ ਸਾਨੂੰ ਇਹੋ ਫੁਰਮਾਨ ਮਿਲਦਾ ਹੈ ਕਿ :

ਜਿਨ ਚਾਖਿਆ ਸੇਈ ਸਾਦੁ ਜਾਣਨਿ
ਜਿਉ ਗੁੰਗੇ ਮਿਠਿਆਈ॥
ਅਕਥੈ ਕਾ ਕਿਆ ਕਥੀਐ ਭਾਈ
ਚਾਲਉ ਸਦਾ ਰਜਾਈ॥ *(ਸੋਰਠਿ ਮ: ੧, ਪੰਨਾ ੬੩੫)*

ਭਾਵ ਹੈ, ਕਿ ਜਿਨ੍ਹਾਂ ਪ੍ਰੇਮੀਆਂ ਨੇ ਉਸ ਪ੍ਰਭੂ ਦੇ ਪ੍ਰੇਮ ਰਸ ਨੂੰ ਚੱਖ ਲਿਆ ਹੈ ਉਸਦੇ ਰਸ ਨੂੰ ਓਹੀ ਜਾਣਦੇ ਹਨ। ਉਹ ਉਸਨੂੰ ਬਿਆਨ ਕਰਕੇ ਨਹੀਂ ਦੱਸ ਸਕਦੇ, ਜਿਵੇਂ ਕਿਸੇ ਗੁੰਗੇ ਨੂੰ ਮਿਠਿਆਈ ਖਵਾ ਕੇ ਪੁੱਛੀਏ ਕਿ ਦੱਸ ਤੈਨੂੰ ਕੈਸਾ ਰਸ ਆਇਆ ਹੈ ਤਾਂ ਉਹ ਦੱਸ

ਨਹੀਂ ਸਕਦਾ, ਉਸਦੇ ਨ ਦੱਸਣ ਦਾ ਇਹ ਭਾਵ ਨਹੀਂ ਕਿ ਉਸਨੂੰ ਕੋਈ ਰਸ ਹੀ ਨਹੀਂ ਆਇਆ ਰਸ ਤਾਂ ਉਸਨੂੰ ਬਹੁਤ ਆਇਆ ਹੈ ਪਰ ਉਸ ਦੇ ਪਾਸ ਦੱਸਣ ਲਈ ਜੁਬਾਨ ਨਹੀਂ। ਇਹੋ ਦਸ਼ਾ ਪ੍ਰੇਮੀ ਦੀ ਹੈ

ਪ੍ਰ: ਕਿਉਂ ਜੀ, ਉਸ ਗੁਰਮੁਖ ਦੀ ਪਛਾਣ ਕੀ ਹੈ, ਜਿਸਨੂੰ ਇਹ ਰਸ ਪ੍ਰਾਪਤ ਹੋਇਆ ਹੈ ?

ਉ: ਹੇ ਭਾਈਓ ! ਉਸਦੀ ਬਾਹਰੋਂ ਤਾਂ ਕੋਈ ਵਧੇਰੇ ਤੁਸੀਂ ਪਛਾਣ ਨਹੀਂ ਕਰ ਸਕਦੇ ਕਿਉਂਕਿ ਉਹ ਪ੍ਰੇਮੀ ਬਾਹਰੋਂ ਆਪਣਾ ਵਧੇਰੇ ਵਿਖਾਵਾ ਨਹੀਂ ਕਰਦਾ, ਉਨ੍ਹਾਂ ਦੀ ਪਛਾਣ ਤਾਂ ਅੰਤਰ ਮੁਖੀ ਹੋ ਕੇ ਹੀ ਕੀਤੀ ਜਾ ਸਕਦੀ ਹੈ, ਕਿਉਂਕਿ ਉਹ ਅੰਤਰ ਆਤਮੇ ਸਦੀਵੀ ਹਰ ਪੱਖੋਂ ਤ੍ਰਿਪਤ ਹੋ ਚੁੱਕੇ ਹਨ, ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ ਕਿ :

ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥
ਪੂਰਨ ਪੁਰਖ ਨਹੀ ਡੋਲਾਨੇ॥
ਸੁਭਰ ਭਰੇ ਪ੍ਰੇਮ ਰਸ ਰੰਗਿ॥
ਉਪਜੈ ਚਾਉ ਸਾਧ ਕੈ ਸੰਗਿ॥

*(ਸੁਖਮਨੀ, ਪੰਨਾ ੨੮੯)*

ਜਿਨ ਚਾਖਿਆ ਸੇ ਤ੍ਰਿਪਤਾਸਿਆ
ਉਹ ਰਸੁ ਜਾਣੈ ਜਿੰਦੁ॥ *(ਸ੍ਰੀ ਰਾਗੁ ਮ: ੫, ਪੰਨਾ ੪੮)*

ਜਿਨਿ ਚਾਖਿਆ ਤਿਸੁ ਆਇਆ ਸਾਦੁ॥
ਜਿਉ ਗੂੰਗਾ ਮਨ ਮਹਿ ਬਿਸਮਾਦੁ॥

*(ਬਿਲਾਵਲੁ ਮ: ੫, ਪੰਨਾ ੮੦੧)*

ਜਿਨੀ ਚਾਖਿਆ ਤਿਨਾ ਸਾਦੁ ਆਇਆ
ਸਤਿਗੁਰਿ ਬੂਝ ਬੁਝਾਈ॥੧੩॥

*(ਰਾਮਕਲੀ ਮ: ੩, ਪੰਨਾ ੯੧੨)*

ਜਿਨੀ ਚਾਖਿਆ ਤਿਨੀ ਸਾਦੁ ਪਾਇਆ
ਬਿਨੁ ਚਾਖੇ ਭਰਮਿ ਭੁਲਾਇਆ॥

*(ਸ੍ਰੀ ਰਾਗੁ ਮ: ੩, ਪੰਨਾ ੩੩)*

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥
ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ॥

*(ਮਾਰੂ ਮ: ੧, ਪੰਨਾ ੧੦੩੨)*

ਜਿਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥
ਆਪੁ ਤਿਆਗਿ ਬਿਨਤੀ ਕਰਹਿ
ਲੇਹੁ ਪ੍ਰਭੂ ਲੜਿ ਲਾਇ॥ *(ਬਾਰਹ ਮਾਹਾ, ਪੰਨਾ ੧੩੫)*

ਇਸੇ ਭਾਵ ਦੀਆਂ ਗੁਰਬਾਣੀ ਵਿਚ ਹੋਰ ਭੀ ਬਹੁਤ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਦੀ ਪ੍ਰੇਰਨਾ ਦੁਆਰੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਇਹੋ ਭਾਵ ਦਰਸਾਇਆ ਗਿਆ ਹੈ ਕਿ ਉਸ ਪ੍ਰਭੂ ਦੇ ਪ੍ਰੇਮ ਰਸ ਦੀ ਜਿਸ ਨੂੰ ਪ੍ਰਾਪਤੀ ਹੋ ਆਈ ਹੈ, ਉਸਨੂੰ ਕੋਈ ਕਿਸੇ ਪ੍ਰਕਾਰ ਭੀ ਬਿਆਨ ਨਹੀਂ ਕਰ ਸਕਦਾ :

(੧) ਹੇ ਭਾਈਓ ! ਜਿਨ੍ਹਾਂ ਗੁਰਮੁਖ (ਲੋਕਾਂ) ਨੂੰ ਜੋ ਸੁਖ-ਫਲ ਪ੍ਰੇਮ ਦੇ ਰਸ ਦਾ ਹੈ, (ਉਸ ਅਨੰਦ ਭਰੇ ਰਸ ਦੀ ਮਸਤੀ ਨੂੰ) ਕੋਈ ਕਿਹੋ ਜਿਹਾ ਜਾਂ ਕੈਸਾ ਹੈ ਇਹ ਆਖ ਕੇ ਕਿਵੇਂ ਦੱਸੇ (ਭਾਵ ਦੱਸ ਹੀ ਨਹੀਂ ਸਕਦਾ)।

ਪ੍ਰ: ਕਿਉਂ ਜੀ ! ਕਈ ਲੋਕ ਅਜਿਹੇ ਭੀ ਮਿਲਦੇ ਹਨ ਜੋ ਪ੍ਰੇਮ ਰਸ ਦੀ ਬਹੁਤ ਖੁਲਾਸੇ ਨਾਲ ਜਾਣਕਾਰੀ ਦਰਸਾਉਂਦੇ ਹਨ, ਉਨ੍ਹਾਂ ਬਾਰੇ ਆਪ ਕੀ ਕਹਿਣਾ ਚਾਹੋਗੇ ?

ਉ: (੨) (ਹੇ ਭਾਈ ! ਜੋ ਕਿਸੇ ਕੋਲੋਂ) ਸੁਣ ਸੁਣ ਕੇ (ਯਾਦ ਕਰ ਕਰ ਜੋ ਨਿਰਾ) ਆਖੀ ਜਾਂਦਾ ਹੈ, ਉਹ ਆਪ ਉਸਦਾ ਸੁਆਦ ਨਹੀਂ ਜਾਣਦਾ। (ਉਸ ਨਾਲ ਨਾ ਸੁਣਨ ਵਾਲਿਆਂ ਨੂੰ ਤੇ ਨਾ ਆਖਣ ਵਾਲੇ ਨੂੰ ਹੀ ਉਸ ਪਰਮ ਰਸ ਦੀ ਕੋਈ ਪ੍ਰਤੀਤੀ ਹੁੰਦੀ ਹੈ।)

ਪ੍ਰ: ਕਿਉਂ ਜੀ ! ਜੇ ਕੋਈ ਮਨੁੱਖ ਨਹੀਂ ਕਥਨ ਕਰ ਸਕਦਾ ਤਾਂ ਜੋ ਸ਼ਿਰੋਮਣੀ ਦੇਵਤੇ ਹਨ, ਉਹ ਤਾਂ ਜ਼ਰੂਰ ਕਥਨ ਕਰ ਸਕਦੇ ਹੋਣਗੇ ?

ਉ: (੩) (ਹੇ ਭਾਈਓ ! ਪੜ੍ਹਨ ਸੁਣਨ ਵਿਚ ਤਾਂ ਇਹੋ ਆਉਂਦਾ ਹੈ ਕਿ ਜੋ) ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਮਿਲ ਕੇ ਕਥਨ ਕਰ ਰਹੇ ਹਨ (ਉਹ ਭੀ ਇਸ ਰਸ ਨੂੰ ਜਾਨਣ ਤੇ ਮਾਨਣ ਤੋਂ ਉਰੇ ਹੀ ਹਨ ਪੂਰੇ ਨਹੀਂ ਹਨ)।

(੪) (ਹੇ ਪਿਆਰੇ ! ਇਥੇ ਹੀ ਬਸ ਨਹੀਂ ਜੋ) ਮੁਸਲਮਾਨਾਂ ਦੇ (ਮਜ਼ਹਬ) ਦੀਆਂ ਕਤੇਬਾਂ (ਸ਼ਰੀਅਤ, ਤਰੀਕਤ, ਹਕੀਕਤ, ਤੇ ਮਾਰਫ਼ਤ) ਵੀ ਨਿਰਾ ਆਖਣ ਵਾਲੀ ਗੱਲ ਹੀ ਕਰ ਰਹੀਆਂ ਹਨ, (ਪਰ ਉਹ ਵੀ ਇਸ ਸੱਚੇ ਰਸ ਨੂੰ ਪ੍ਰਾਪਤ ਕਰਨ ਤੋਂ ਦੂਰ ਹਨ।)

(੫) ਸ਼ੇਖਨਾਗ ਵੀ ਸੰਗੀਤ ਦੇ ਛੰਦਾਂ ਨੂੰ ਬਣਾਉਣ ਤੇ (ਨਿਰਾ) ਗਾਉਂਦਾ ਹੀ ਰਹਿੰਦਾ ਹੈ, ਸੁਆਦ ਨਹੀਂ ਜਾਣਦਾ।

(੬) (ਅਨੇਕਾਂ ਜੋਗੀ) ਅਨਾਹਦ ਨਾਦ ਦੀਆਂ ਧੁਨਾਂ (ਸੁਣਨ) ਵਿਚ (ਤੇ ਦਸਮ ਦੁਆਰ ਵਿਖੇ ਪਹੁੰਚਣ ਦੇ ਜਤਨਾਂ ਵਿਚ ਹੀ) ਹੈਰਾਨ ਹੋਏ ਫਿਰਦੇ ਹਨ।

(੭) (ਪਰ) ਜਿਸ ਅਕੱਥ ਕਥਾ ਨੂੰ ਕਥ ਕਥ ਕੇ ਮਗਰੋਂ (ਜਿਸ ਪ੍ਰਭੂ ਨੂੰ) ਨੇਤ ਨੇਤ ਵੀ ਆਖਦੇ ਹਨ (ਉਹ ਪ੍ਰਮੇਸ਼ਰ)

ਹੀ ਆਪਣੇ ਭਾਣੇ ਵਿਚ (ਭਾਵ ਮਰਜੀ ਨਾਲ ਜਿਸਨੂੰ) ਪਿਲਾਏ, ਓਹੀ ਇਸ ਅੰਮ੍ਰਿਤ (ਰਸ ਨੂੰ) ਪੀਂਦਾ ਹੈ।੪।

*ਭਾਵਾਰਥ :* ਜੋ ਸੰਸਾਰ ਦੇ ਮਾਇਕੀ ਤ੍ਰੈਗੁਣੀ ਪਦਾਰਥ ਹਨ, ਇਹ ਰਸਨਾ ਕੇਵਲ ਉਨ੍ਹਾਂ ਦਾ ਹੀ ਕਥਨ ਕਰ ਸਕਦੀ ਹੈ, ਪਰ ਜੋ ਉਸ ਪਰੀਪੂਰਨ ਪ੍ਰਮੇਸ਼ਰ ਦਾ ਨਾਮ ਰਸ ਹੈ ਉਸਨੂੰ ਕਥਨ ਕਰਨ ਵਲੋਂ ਇਹ ਰਸਨਾ ਮੂਲੋਂ ਹੀ ਅਸਮਰੱਥ ਹੈ, ਜੋ ਕਹਿੰਦਾ ਹੈ ਕਿ ਮੈਂ ਉਸ ਰਸ ਨੂੰ ਜਾਣ ਲਿਆ ਹੈ ਬਾਣੀ ਅਨੁਸਾਰ ਉਹ ਤਾਂ ਆਪਣਾ ਅੰਜਾਣ ਪੁਣਾ ਹੀ ਸਿੱਧ ਕਰਦਾ ਹੈ, ਜਿਵੇਂ ਕਿ :

ਸੋਈ ਅਜਾਣੁ ਕਹੈ ਮੈ ਜਾਨਾ
ਜਾਨਣਹਾਰੁ ਨ ਛਾਨਾ ਰੇ ॥
ਕਹੁ ਨਾਨਕ ਗੁਰਿ ਅਮਿਉ ਪੀਆਇਆ
ਰਸਕਿ ਰਸਕਿ ਬਿਗਸਾਨਾ ਰੇ ॥੪॥

*(ਆਸਾ ਮ: ੫, ਪੰਨਾ ੩੮੨)*

ਭਾਵ ਹੈ ਕਿ ਉਹ ਮਨੁੱਖ ਤਾਂ ਅਣਜਾਣ ਹੈ ਜੋ ਕਹਿੰਦਾ ਹੈ ਕਿ ਮੈਂ ਉਸ ਦੇ ਪ੍ਰੇਮ ਰਸ ਨੂੰ ਜਾਣ ਲਿਆ ਹੈ, ਕਿਉਂਕਿ ਜੋ ਜਾਨਣ ਵਾਲਾ ਹੈ ਉਹ ਤਾਂ ਛੁੱਪਿਆ ਨਹੀਂ ਰਹਿੰਦਾ, ਆਖਰ ਪ੍ਰਗਟ ਹੋ ਹੀ ਜਾਂਦਾ ਹੈ। ਇਸ ਲਈ ਕਿਹਾ ਹੈ ਕਿ :

ਭੀਖਨ ਬਾਤ ਅਗੰਮ ਕੀ ਕਹਿਣ ਸੁਣਨ ਮਹਿ ਨਾਹਿ ॥
ਜੋ ਜਾਨੈ ਸੁ ਕਹੈ ਨਾ, ਕਹੈ ਸੋ ਜਾਨੈ ਨਾਹਿ ॥

ਭਾਵ ਪ੍ਰੇਮ ਰਸ ਦੀ ਪ੍ਰਾਪਤੀ ਦੇ ਰਸ ਨੂੰ ਕਥਨ ਕਰਨਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਪਰ ਇਸ ਰਸ ਨੂੰ ਪ੍ਰਾਪਤ ਕਰਨ ਦਾ ਬਾਣੀ ਅੰਦਰ ਕੇਵਲ ਇਕੋ ਹੀ ਸਾਧਨ ਦਰਸਾਇਆ ਹੈ, ਜਿਵੇਂ ਕਿ :

ਇਹ ਰਸ ਛਾਡੇ ਉਹ ਰਸੁ ਆਵਾ ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥

*(ਪੰਨਾ, ੩੪੨)*

ਭਾਵ, ਜਿਨ੍ਹਾਂ ਨੇ ਇਹ ਮਾਇਕੀ ਪਦਾਰਥਾਂ ਦੇ ਰਸਾਂ ਨੂੰ ਛੱਡ ਦਿਤਾ ਉਨ੍ਹਾਂ ਨੂੰ ਹੀ ਇਸ ਪ੍ਰੇਮ ਰਸ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਜਿਨ੍ਹਾਂ ਨੇ ਇਹ ਰਸ ਪੀ ਲਿਆ ਹੈ ਉਨ੍ਹਾਂ ਨੂੰ ਫਿਰ ਇਹ ਵਿਸ਼ੇ ਰਸ ਭਾਉਂਦਾ ਹੀ ਨਹੀਂ। ਪਰ ਬਹੁਤ ਲੋਕ ਇਸ ਪ੍ਰੇਮ ਰਸ ਦੇ ਸੰਸਕਾਰਾਂ ਨੂੰ ਵਰਣਨ ਕਰਨ ਦਾ ਯਤਨ ਤਾਂ ਬਹੁਤ ਕਰਦੇ ਹਨ ਪਰ 'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪ੍ਰਵਾਨੁ' ॥੧੨੧॥ ਹੈ।

## ੫. ਉਸੇ ਪਿਰਮ ਰਸ ਦੀ ਮਹਾਨਤਾ

੧. ਗੁਰਮੁਖ ਸੁਖ ਫਲ ਪਿਰਮ ਰਸ
ਛਿਅ ਰਸ ਹੈਰਾਣਾ।
੨. ਛਤੀਹ ਅੰਮ੍ਰਿਤ ਤਰਸਦੇ
ਵਿਸਮਾਦ ਵਿਡਾਣਾ।
੩. ਨਿੱਝਰ ਧਾਰ ਹਜ਼ਾਰ ਹੋਇ
ਭੈ ਚਕਿਤ ਲੁਭਾਣਾ।
੪. ਇੜਾ ਪਿੰਗੁਲਾ ਸੁਖਮਨਾ
ਸੋਹੰ ਨ ਸਮਾਣਾ।
੫. ਵੀਹ ਇਕੀਹ ਚੜ੍ਹਾਉ ਚੜ੍ਹਿ
ਪਰਚਾ ਪਰਵਾਣਾ।
੬. ਪੀਤੇ ਬੋਲਿ ਨ ਹੰਘਈ
ਆਖਾਣ ਵਖਾਣਾ ॥੫॥

*ਪਦ ਅਰਥ :* ਵਿਸਮਾਦ ਵਿਡਾਣਾ—ਅਸਚਰਜ ਤੋਂ ਅਸਚਰਜ। ਚਕਿਤ—ਚੱਕ੍ਰਿਤ ਹੋਣਾ, ਹੈਰਾਣ ਹੋਣਾ, ਭੌਰ ਭੌਰ ਹੋਣਾ। ਸਮਾਣਾ—ਰਚਨਾ। ਪਰਚਾ—ਸਮਾਧੀ, ਘਾਲ ਕਮਾਈ। ਹੰਘਈ—ਕਰ ਸਕਣਾ। ਆਖਾਣ—ਕਹਾਵਤ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਇਹ ਭੀ ਦੱਸੋ ਜੋ ਗੁਰਮੁਖਾਂ ਨੂੰ ਪ੍ਰੇਮ ਰਸ ਦੀ ਪ੍ਰਾਪਤੀ ਹੋਈ ਹੈ, ਉਸ ਬਾਰੇ ਵਿਚ ਆਪ ਜੀ ਨੇ ਇਹ ਭੀ ਖੋਜ ਕੀਤੀ ਹੋਵੇਗੀ ਕਿ ਇਹ ਛੇ ਰਸ ਤੇ ਛਤੀਹ ਅੰਮ੍ਰਿਤ ਕੀ ਉਸ ਪ੍ਰੇਮ ਰਸ ਦੀ ਸਮਾਨਤਾ ਰਖਦੇ ਹਨ ?

ਉ: ਹੇ ਭਾਈ! ਜਦੋਂ ਅਸੀਂ ਇਨ੍ਹਾਂ ਬਾਹਰਲੇ ਮਾਇਕੀ ਪਦਾਰਥਾਂ ਦੇ ਰਸਾਂ ਬਾਰੇ ਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਸੋਝੀ ਮਿਲਦੀ ਹੈ ਕਿ ਇਹ ਜੋ ਬਹਿਰੂਨੀ ਪਦਾਰਥਕ ਰਸ ਹਨ, ਰਸ ਤਾਂ ਇਨ੍ਹਾਂ ਵਿਚ ਭੀ ਹੈ, ਪਰ ਇਹ ਸਾਰੇ ਸਰੀਰਕ ਰਸ ਹਨ, ਜੋ ਉਸ ਪ੍ਰੇਮ ਰਸ ਦੀ ਪ੍ਰਾਪਤੀ ਦੇ ਮਾਰਗ ਵਿਚ ਇਕ ਬਹੁਤ ਵੱਡੀ ਰੋਕ ਸਾਬਤ ਹੁੰਦੇ ਹਨ। ਇਸ ਭਾਵ ਨੂੰ ਬਾਣੀ ਵਿਚ ਖੁਲਾਸੇ ਰੂਪ ਵਿਚ ਅੰਕਤ ਕੀਤਾ ਗਿਆ ਹੈ, ਜਿਵੇਂ ਕਿ :

ਰਸੁ ਸੁਇਨਾ ਰਸੁ ਰੁਪਾ ਕਾਮਣਿ
ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥
*(ਸ੍ਰੀ ਰਾਗੁ ਮ: ੧, ਪੰਨਾ ੧੫)*

ਭਾਵ, ਕਿ ਇਹ ਉਪ੍ਰੋਕਤ ਸਾਰੇ ਸਰੀਰ ਦੇ ਰਸ ਹਨ, ਜਿਤਨਾ ਚਿਰ ਕਿਸੇ ਦੇ ਅੰਤਰ ਆਤਮੇ ਇਹ ਸਾਰੇ ਪਦਾਰਥਾਂ ਦੇ ਰਸ ਵੱਸਦੇ ਹਨ ਉਤਨਾ ਚਿਰ ਨਾਮ ਦਾ ਰਸ ਅੰਦਰ ਨਹੀਂ ਵੱਸ ਸਕਦਾ, ਕਿਉਂਕਿ ਗੁਰੂ ਫ਼ੁਰਮਾਨ ਹੈ ਕਿ:

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥
*(ਮ: ੨, ਪੰਨਾ ੪੭੪)*

ਭਾਵ ਹੈ ਕਿ, ਕਿਸੇ ਭਾਂਡੇ ਵਿਚ ਪਈ ਪਹਿਲੀ ਵਸਤੂ ਨੂੰ ਪਾਸੇ ਕਰ ਦਿੱਤਾ ਜਾਵੇ ਤਾਂ ਫਿਰ ਦੂਸਰੀ ਵਸਤੂ ਉਸ ਵਿਚ ਸਮਾ ਸਕਦੀ ਹੈ।
ਇਸੇ ਤਰ੍ਹਾਂ ਛਤੀਹ ਪ੍ਰਕਾਰ ਦੇ ਭੋਜਨ ਰਸਾਂ ਬਾਰੇ ਹੁਕਮ ਆਇਆ ਹੈ, ਜਿਵੇਂ ਕਿ:

ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ ਵਧਾਈ॥
ਨਾਨਕ ਜੋ ਦੇਵੈ ਤਿਸਹਿ ਨ ਜਾਣਨੀ
ਮਨਮੁਖਿ ਦੁਖੁ ਪਾਈ॥੨੩॥ *(ਪਉੜੀ, ਪੰਨਾ ੧੨੪੯)*

ਛਤੀਹ ਅੰਮ੍ਰਿਤ ਭੋਜਨੁ ਖਾਣਾ॥
ਸੇਜ ਸੁਖਾਲੀ ਸੀਤਲੁ ਪਵਣਾ
ਸਹਜ ਕੇਲ ਰੰਗ ਕਰਣਾ ਜੀਉ॥੩॥
*(ਮਾਝ ਮ: ੫, ਪੰਨਾ ੧੦੦)*

ਇਸੇ ਤਰ੍ਹਾਂ ਬਾਣੀ ਵਿਚ ਛੇ ਰਸ ਤੇ ਛਤੀਹ ਪ੍ਰਕਾਰ ਦੇ ਭੋਜਨਾਂ ਬਾਰੇ ਕਈ ਥਾਵਾਂ 'ਤੇ ਖੁਲਾਸਾ ਆਇਆ ਹੈ ਕਿ ਜੋ ਗੁਰਮੁਖਾਂ ਨੂੰ ਨਾਮ ਦੁਆਰੇ ਪ੍ਰਭੂ ਦੇ ਪ੍ਰੇਮ ਰਸ ਦਾ ਅਨੰਦ ਆਇਆ ਹੈ ਉਹ ਸਰੂਰ ਤੇ ਖੇੜਾ ਹੋਰ ਕਿਸੇ ਭੀ ਪਦਾਰਥ ਵਿਚ ਨਹੀਂ, ਪਰ ਇਸ ਪ੍ਰੇਮ ਦੇ ਸਰੂਰ ਨੂੰ ਪ੍ਰਾਪਤ ਕਰਨ ਲਈ ਬਾਹਰਲੇ ਸਾਰੇ ਪਦਾਰਥਾਂ ਦੇ ਰਸਾਂ ਦਾ ਤਿਆਗ ਕਰਨਾ ਪੈਂਦਾ ਹੈ। ਸੋ, ਗੁਰਬਾਣੀ ਦੀਆਂ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਮੈਂ ਇਹ ਚੰਦ ਸਤਰਾ ਉੱਕਰੀਆਂ ਹਨ:

(੧) (ਹੇ ਭਾਈਓ! ਬਾਣੀ ਦੀ ਖੋਜ ਕਰਨ ਨਾਲ ਇਹੋ ਜਾਣਕਾਰੀ ਮਿਲੀ ਹੈ ਕਿ) ਗੁਰਮੁਖਾਂ ਦੇ ਸੁਖ ਫਲ, ਪ੍ਰੇਮ ਰਸ ਦੇ ਮੁਕਾਬਲੇ (ਟਾਕਰਾ ਨਾ ਕਰਨ ਕਰਕੇ) ਛੇ ਰਸ (ਭੀ) ਹੈਰਾਨ ਪਰੇਸ਼ਾਨ ਹਨ।

(੨) ਛਤੀਹ (ਪ੍ਰਕਾਰ ਦੇ ਭੋਜਨਾ ਦੇ) ਅੰਮ੍ਰਿਤ ਰਸ (ਇਸ ਰਸ ਨੂੰ) ਤਰਸਦੇ ਤੇ ਵੱਡੇ ਅਸਚਰਜ ਹੋ ਰਹੇ ਹਨ (ਕਿ ਇਸ ਰਸ ਦਾ ਕੈਸਾ ਸੁਆਦ ਹੋਵੇਗਾ, ਜੋ ਸਾਨੂੰ ਪ੍ਰਾਪਤ ਨਹੀਂ ਹੁੰਦਾ।)

(੩) ਇਕ ਰਸ (ਅੰਮ੍ਰਿਤ) ਦੀ ਧਾਰਾ ਹਜ਼ਾਰਾਂ ਹੋ ਕੇ ਭਾਵੇਂ (ਦਸਮ ਦੁਆਰ) ਵਿਚ ਪੈ ਰਹੀਆਂ ਹਨ, ਪਰ (ਦਸਮ ਦੁਆਰ ਦਾ) ਅੰਮ੍ਰਿਤ ਰਸ ਵੀ ਗੁਰਮੁਖੀ ਅੰਮ੍ਰਿਤ ਰਸ ਦੇ ਭੈ ਵਿਚ ਹੈਰਾਨ ਤੇ (ਭਰਮ ਵਿਚ ਪੈ) ਭਟਕ ਰਿਹਾ ਹੈ (ਕਿ ਉਹ ਰਸ ਕੈਸਾ ਹੈ ?)

(੪) ਜੋਗੀ ਲੋਕ ਇੜਾ ਪਿੰਗਲਾ ਤੇ ਸੁਖਮਨਾ ਨਾੜੀਆਂ (ਵਿਚੋਂ ਕਰੜੀਆਂ ਘਾਲਨਾ ਘਾਲਦਾ ਹੈ) ਪਰ ਗੁਰਮੁਖ ਦੇ ਸੁਖ ਫਲ ਵਿਚ ਇਹਨਾਂ ਨਾੜੀਆਂ ਦੀ ਭੈ ਤੇ ਸੋਹਾਂ ਦੇ ਜਾਪ ਦੀ ਵੀ ਓਥੇ ਸਮਾਈ ਨਹੀਂ ਹੈ। (ਭਾਵ, ਗੁਰਮੁਖਾਂ ਦਾ ਫਲ ਸੁਖ ਵਾਲਾ ਹੈ ਕਰੜੀਆਂ ਘਾਲਣਾਂ ਦੀ ਓਥੇ ਲੋੜ ਨਹੀਂ ਪੈਂਦੀ)।

(੫) ਗੁਰਮੁਖ ਤਾਂ ਵੀਹ (ਸੰਸਾਰੀ ਸੁਖਾਂ ਤੋਂ ਅਗੇ ਲੰਘ) ਇਕੀਹ 'ਇਕ ਈਸ਼ਵਰ' ਨਾਲ ਚੜ੍ਹਾਉ ਚੜ੍ਹਕੇ (ਆਪਣੇ ਪ੍ਰੇਮ ਦੇ) ਪਰਚੇ ਵਿਚ ਪਰਵਾਨ ਮੰਨੇ ਜਾਂਦੇ ਹਨ।

(੬) ਇਹ ਅਖਾਣ ਹੈ ਕਿ ਪਾਣੀ ਪੀਂਦਿਆਂ ਬੋਲਿਆ ਨਹੀਂ ਜਾਂਦਾ, ਪਰ ਇਹ ਪ੍ਰੇਮ ਰਸ ਪੀਣ ਵਾਲਾ ਫਿਰ ਕਿਵੇਂ ਬੋਲ ਸਕਦਾ ਹੈ।੫।
ਭਾਵ ਪ੍ਰੇਮ ਰਸ ਦੀ ਪ੍ਰਾਪਤੀ ਇਕ ਐਸੀ ਅਬੋਲ ਤੇ ਅਕਹਿ ਅਵਸਥਾ ਹੈ ਜਿਸਨੂੰ ਬਿਆਨਿਆਂ ਨਹੀਂ ਜਾ ਸਕਦਾ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ।

***ਭਾਵਾਰਥ :*** ਉਪ੍ਰੋਕਤ ਪਉੜੀ ਵਿਚ ਭਾਈ ਸਾਹਿਬ ਜੀ ਨੇ ਇੜਾ, ਪਿੰਗਲਾ, ਸੁਖਮਨਾ ਤੇ ਸੋਹੰ ਦਾ ਇਸ਼ਾਰਾ ਕੀਤਾ ਹੈ, ਪਰ ਇਨ੍ਹਾਂ ਦਾ ਆਪ ਜੀ ਨੇ ਭਾਵੇਂ ਇਥੇ ਵਿਸਥਾਰ ਤਾਂ ਨਹੀਂ ਕੀਤਾ, ਪਰ ਜੋਗ ਮੱਤ ਦੇ ਗ੍ਰੰਥਾਂ ਵਿਚ ਹੇਠ ਲਿਖੇ ਅਨੁਸਾਰ ਇਨ੍ਹਾਂ ਦੀ ਜਾਣਕਾਰੀ ਦਿੱਤੀ ਗਈ ਹੈ:

ਇੜਾ ਨਾਸਕਾ ਦੀ ਖੱਬੀ ਨਾਸ ਅਰਥਾਤ ਨਾੜੀ ਅਰ ਪਿੰਗਲਾ ਸੱਜੀ ਨਾੜੀ ਹੈ, ਪਹਿਲੀ ਚੰਦਰ ਨਾੜੀ ਤੇ ਦੂਜੀ ਸੂਰਜ ਨਾੜੀ ਭੀ ਕਹਿੰਦੇ ਹਨ, ਸੁਖਮਨਾ ਨਾੜੀ ਇਨ੍ਹਾਂ ਦੇ (ਵਿਚਕਾਰ) ਮੱਧ ਵਿਚ ਕਹਿੰਦੇ ਹਨ, ਹਠ ਜੋਗੀ ਲੋਕ ਚੰਦਰ ਨਾੜੀ 'ਇੜਾ' ਕਰਕੇ ਸੋਹੰ ਮੰਤਰ ਨਾਲ ਪ੍ਰਾਣ ਉਤਾਹਾਂ ਨੂੰ ਖਿੱਚਦੇ ਹਨ, ਉਸਨੂੰ ਪੂਰਕ ਆਖਦੇ ਹਨ। ਫੇਰ ਸੁਖਮਨਾ ਵਿਖੇ ਸੋਹੰ ਪੜ੍ਹਦੇ ਹੋਏ ਕੁੰਭਕ ਅਰਥਾਤ ਸਥਿਤ ਕਰਕੇ ਸੂਰਜ ਨਾੜੀ 'ਪਿੰਗਲਾ' ਦਵਾਰੇ ਉਤਾਰਦੇ ਹਨ, ਇਸਨੂੰ ਰੇਚਕ ਆਖਦੇ ਹਨ। ਇਸੇ ਪ੍ਰਕਾਰ ਪਿੰਗਲਾ ਦਵਾਰੇ ਪੌਣ ਨੂੰ ਉਪਰ ਖਿੱਚ ਕੇ ਕੁੰਭਕ ਕਰ ਇੜਾ ਤੋਂ ਹੌਲੀ ਹੌਲੀ ਹੇਠ ਦੀ ਵੱਲ

ਛੱਡਦੇ ਹਨ। ਇਸ ਤਰ੍ਹਾ ਵਾਰੋ ਵਾਰ ਉਲਟ ਪੁਲਟ ਕਰਦੇ ਹੋਏ ਤਿੰਨ ਮਹੀਨਿਆਂ ਤੋਂ ਕੁਝ ਉੱਤੇ ਸਰੀਰਕ ੭੨੦੦੦ ਨਾੜੀਆਂ ਅਜਿਹੀਆਂ ਸੁੱਧ ਹੋ ਜਾਂਦੀਆਂ ਹਨ ਕਿ ਆਪ ਤੋਂ ਆਪ 'ਸੁਖਮਨਾ' ਨਾੜੀ ਦਾ ਰਸਤਾ ਖੁਲ੍ਹ ਜਾਂਦਾ ਹੈ ਅਰ 'ਸੋਹੰ' ਮੰਤ੍ਰ ਦੇ ਜਪਣ ਕਰਕੇ ਬ੍ਰਹਮ ਦਾ ਸਾਖਯਾਤਾਕਾਰ ਹੋਣ ਲਗਦਾ ਹੈ। ਫਿਰ ਇਸ ਪ੍ਰਾਣਾਯਾਮ ਦੇ ਦਵਾਰਾ ਤ੍ਰਿਕੁਟੀ ਦੇ ਵਿਚਕਾਰੋਂ ਦ੍ਰਿਸ਼ਟੀ ਦੇ ਉਲਟ ਜਾਣ ਤੋਂ ਜਯੋਤ ਸਰੂਪ ਦਾ ਪ੍ਰਕਾਸ਼ ਝਲਕਣ ਲਗਦਾ ਹੈ, ਇਹ ਹਠ ਜੋਗੀਆਂ ਦਾ ਮੱਤ ਹੈ, ਪਰ ਭਾਈ ਸਾਹਿਬ ਇਸ ਉਕਤ ਪੰਗਤੀ ਵਿਖੇ ਇਸ ਹਠ ਜੋਗ ਨਾਲੋਂ ਪ੍ਰੇਮ ਰਸ ਦੀ ਵਧੇਰੇ ਵਿਸ਼ੇਸ਼ਤਾ ਲਿਖਦੇ ਹਨ। ਪਰ ਇਸ ਪ੍ਰੇਮ ਰਸ ਦੇ ਰਸ ਨੂੰ ਗੁਰਮਤ ਦੇ ਮਾਰਗ 'ਤੇ ਚਲਣ ਵਾਲਾ ਹੀ ਅਨੁਭਵ ਕਰ ਸਕਦਾ, ਇਸ ਰਸ ਨੂੰ ਕੇਵਲ ਕਥਨ ਕਰਨ ਵਾਲਾ ਹੀ ਨਹੀਂ ਮਾਣ ਸਕਦਾ।

## ੬. ਮਸਤੀਆਂ ਦਾ ਵੇਰਵਾ

੧. ਗੱਲੀਂ ਸਾਦੁ ਨ ਆਵਈ
ਜਿੱਚਰ ਮੁਹੁ ਖਾਲੀ।
੨. ਮੁਹੁ ਭਰਿਐ ਕਿਉਂ ਬੋਲੀਐ
ਰਸ ਜੀਭ ਰਸਾਲੀ।
੩. ਸ਼ਬਦ ਸੁਰਤਿ ਸਿਮਰਣ ਉਲੰਘਿ
ਨਹਿ ਨਦਰਿ ਨਿਹਾਲੀ।
੪. ਪੰਥ ਕੁਪੰਥ ਨ ਸੁੱਝਈ
ਅਲਮਸਤ ਖਿਆਲੀ।
੫. ਡਗਮਗ ਚਾਲ ਸੁਢਾਲ ਹੈ
ਗੁਰਮਤਿ ਨਿਰਾਲੀ।
੬. ਚੜ੍ਹਿਆ ਚੰਦ ਨ ਲੁਕਈ
ਢਕਿ ਜੋਤਿ ਕੁਨਾਲੀ ॥੬॥

*ਪਦ ਅਰਥ :* ਰਸਾਲੀ—ਰਸਾਂ ਦਾ ਘਰ, ਰਸ ਵਾਲੀ। ਉਲੰਘਿ—ਪਾਰ ਕਰਕੇ, ਜਾਂ ਟੱਪਕੇ, ਲੰਘ ਕੇ। ਅਲਮਸਤ—ਪੂਰਨ ਮਸਤ, ਭੌਰੇ ਵਾਂਗ ਮਸਤ। ਸੁਢਾਲ—ਸੋਹਣੀ, ਸੁਚੱਜੀ ਢਾਲ। ਕੁਨਾਲੀ—ਸਹਣਕ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਸਾਨੂੰ ਬਹੁਤ ਲੋਕ ਅਜਿਹੇ ਮਿਲਦੇ ਹਨ ਜੋ ਹਰ ਗੱਲ ਵਿਚ ਆਪਣੇ ਆਪ ਨੂੰ ਇਹੋ ਦਰਸਾਉਣ ਦਾ ਜਤਨ ਕਰਦੇ ਹਨ ਕਿ ਅਸੀਂ ਪਦਾਰਥਾਂ ਦੇ ਰਸਾਂ ਨੂੰ ਤਿਆਗ ਦਿੱਤਾ ਹੈ, ਜਿਸਦਾ ਸਦਕਾ ਸਾਨੂੰ ਹੁਣ ਉਸ ਪ੍ਰਭੂ ਦੇ ਪ੍ਰੇਮ ਰਸ ਦੀ ਪ੍ਰਾਪਤੀ ਹੋ ਗਈ ਹੈ, ਕਿਉਂ ਜੀ! ਕੀ ਉਨ੍ਹਾਂ ਸਭ 'ਤੇ ਭਰੋਸਾ ਕਰ ਲੈਣਾ ਚਾਹੀਦਾ ਹੈ ਤੁਸੀਂ ਉਨ੍ਹਾਂ ਲੋਕਾਂ ਬਾਰੇ ਕੀ ਕਹਿਣਾ ਚਾਹੋਗੇ ?

ਉ: ਹੇ ਭਾਈਓ! ਉਸ ਰੱਬੀ ਰਸ ਦੀਆਂ ਵਧੇਰੇ ਗੱਲਾਂ ਕਰ ਲੈਣ ਨਾਲ ਹੀ ਉਸ ਰਸ ਦੀ ਪ੍ਰਾਪਤੀ ਨਹੀਂ ਹੋ ਜਾਂਦੀ ਜਦੋਂ ਤਕ ਸਹੀ ਰੂਪ ਵਿਚ ਮਨ ਕਰਕੇ ਮਾਇਕੀ ਪਦਾਰਥਾਂ ਦੇ ਰਸਾ ਨੂੰ ਨਹੀਂ ਛਡਿਆ ਜਾਂਦਾ ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਉਜਾਗਰ ਕੀਤਾ ਗਿਆ ਹੈ ਕਿ :

ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥
*(ਸਲੋਕ ਮ: ੧, ਪੰਨਾ ੧੨੮੬)*

ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
*(ਸਲੋਕ ਮ: ੨, ਪੰਨਾ ੪੭੪)*

ਗਲਾਂ ਕਰੇ ਘਣੇਰੀਆ
ਤਾਂ ਅੰਨ੍ਹੇ ਪਵਣਾ ਖਾਤੀ ਟੋਵੈ ॥੩੨॥
*(ਮ: ੧, ਪੰਨਾ ੧੪੧੨)*

ਮੈ ਗੁਣ ਗਲਾ ਕੇ ਸਿਰਿ ਭਾਰ ॥
ਗਲੀ ਗਲਾ ਸਿਰਜਣਹਾਰ ॥
*(ਆਸਾ ਮ: ੧, ਪੰਨਾ ੩੫੧)*

ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥
ਸਭ ਬਿਧਿ ਖੋਈ ਲੋਭਿ ਸੁਆਨ ॥੨॥
*(ਆਸਾ ਮ: ੫, ਪੰਨਾ ੩੭੪)*

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥
*(ਮ: ੧, ਪੰਨਾ ੧੪੧)*

ਇਸ ਤਰ੍ਹਾ ਫੋਕੀਆਂ ਗੱਲਾਂ ਕਰਨ ਵਾਲੇ ਲੋਕਾ ਦੀ ਫੋਕੀ ਪੋਪ ਲੀਲ੍ਹਾ ਨੂੰ ਬਾਣੀ ਵਿਚ ਬਹੁਤ ਥਾਵਾਂ 'ਤੇ ਪ੍ਰਗਟਾਇਆ ਹੈ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ

ਪਉੜੀ ਦੀਆ ਚੰਦ ਪੰਗਤੀਆਂ ਉੱਕਰੀਆਂ ਹਨ :

(੧) (ਹੇ ਭਾਈਓ!) ਮੂੰਹ ਦੀਆਂ ਗੱਲਾਂ (ਭਾਵ ਖ਼ਿਆਲੀ ਰਸ ਦੀਆਂ ਗੱਲਾਂ) ਕਰਨ ਨਾਲ (ਉਸ ਰੱਬੀ ਪ੍ਰੇਮ ਰਸ ਦਾ) ਸੁਆਦ ਨਹੀਂ ਆ ਸਕਦਾ, ਜਿੰਨਾਂ ਚਿਰ ਕੋਈ ਮੂੰਹ (ਰਸ ਤੋਂ) ਖ਼ਾਲੀ ਹੈ।

ਪ੍ਰ: ਕਿਉਂ ਜੀ! ਜਿਸ ਨੂੰ ਉਸ ਰਸ ਦੀ ਪ੍ਰਾਪਤੀ ਹੋ ਜਾਏ ਉਸ ਦੀ ਪਛਾਣ ਕੀ ਹੈ?

ਉ: (੨) (ਹੇ ਭਾਈ! ਉਸਦੀ ਤਾਂ ਪਛਾਣ ਇਹੋ ਹੈ ਕਿ) ਜਦੋਂ (ਕਿਸੇ ਦਾ) ਮੂੰਹ ਰਸ ਨਾਲ ਭਰ ਜਾਏ ਫੇਰ ਤਾਂ ਉਸ ਤੋਂ ਬੋਲਿਆ (ਹੀ) ਨਹੀਂ ਜਾਂਦਾ, (ਕਿਉਂਕਿ ਉਸਦੀ) ਜੀਭ ਰਸਾਂ ਦੇ ਰਸ ਨਾਲ ਰਸ ਵਾਲੀ ਬਣੀ ਹੁੰਦੀ ਹੈ।

ਪ੍ਰ: ਕਿਉਂ ਜੀ! ਉਨ੍ਹਾਂ ਦੀ ਮਾਨਸਕ ਅਵਸਥਾ ਕੈਸੀ ਹੋ ਜਾਂਦੀ ਹੈ?

ਉ: (੩) (ਹੇ ਪਿਆਰੇ! ਉਹ ਗੁਰਮੁਖ) ਸ਼ਬਦ ਦੀ ਪ੍ਰੀਤ ਨਾਲ ਸਿਮਰਨ ਤੋਂ ਲੰਘ ਕੇ ਹੋਰ (ਕਿਸੇ ਪਦਾਰਥ) ਨੂੰ ਨਜ਼ਰ ਵਿਚ ਨਹੀਂ ਲਿਆਉਂਦੇ ਭਾਵੇਂ ਵੇਖਦੇ ਤਾਂ ਹਨ ਪਰ ਕਿਸੇ ਪਦਾਰਥ ਵਿਚ ਉਹ ਲੋਭਾਇਮਾਨ ਨਹੀਂ ਹੁੰਦੇ)।

(੪) (ਉਨ੍ਹਾਂ ਨੂੰ) ਰਾਹ ਕੁਰਾਹ ਨਹੀਂ ਸੁਝਦਾ (ਉਹ) ਪੂਰਨ ਮਸਤੀ ਦੇ ਖ਼ਿਆਲੀ ਰਹਿੰਦੇ ਹਨ ਭਾਵ ਉਹ ਪੂਰਨ ਅਖੰਡ ਸਮਾਧੀ ਵਿਚ ਮਸਤ ਹੁੰਦੇ ਹਨ, ਉਨ੍ਹਾਂ ਨੂੰ ਪੰਥ ਕੁਪੰਥ ਦਾ ਖ਼ਿਆਲ ਨਹੀਂ ਰਹਿੰਦਾ, ਪਰ ਇਹ ਨਹੀਂ ਕਿ ਕੁਪੰਥ ਵਿਚ ਜਾ ਪੈਂਦੇ ਹਨ, ਭਾਵ ਹੈ ਕਿ ਉਨ੍ਹਾਂ ਦੀ ਸੁਰਤਿ ਸਾਈਂ ਜੀ ਤੋਂ ਬਿਨਾਂ ਹੋਰ ਕੁਝ ਨਹੀਂ ਚਿਤਵਦੀ ਉਹ ਸੁਤੇ ਹੀ ਸੁਪੰਥ ਵਿਚ ਤੁਰੇ ਰਹਿੰਦੇ ਹਨ।

(੫) (ਉਹ ਪ੍ਰੇਮ ਵਿਚ) ਡਾਵਾਂ ਡੋਲ ਚਾਲ ਚਲਦੇ ਹਨ ਤਦੇ ਹੀ ਉਨ੍ਹਾਂ ਦੀ ਚਾਲ ਸੋਹਣੀ ਹੈ ਕਿਉਂ ਜੋ ਗੁਰਾਂ ਦੀ ਸਿੱਖਿਆ ਨਿਰਾਲੀ ਹੈ (ਭਾਵ ਸਾਰੀਆਂ ਚਾਲਾਂ ਸਿੱਧੀਆਂ ਕਰ ਦੇਂਦੀ ਹੈ)।

(੬) (ਇਹ ਨਿਰਾਲੀ ਚਾਲ ਉੱਘੜ ਆਉਂਦੀ ਹੈ, ਗੁੱਝੀ ਨਹੀਂ ਰਹਿੰਦੀ ਜਿਵੇਂ) ਚੜ੍ਹੇ ਹੋਏ ਚੰਦ ਨੂੰ ਕੋਈ ਅੱਖਾਂ ਅੱਗੇ ਹੱਥ ਰੱਖ ਕੇ ਜਾਂ ਕੁਨਾਲੀ ਅੱਗੇ ਕਰਕੇ ਉਸਦੇ ਚਾਨਣੇ ਨੂੰ ਢੱਕ ਕੇ ਲੁਕਾ ਨਹੀਂ ਸਕਦਾ।੬।

*ਭਾਵਾਰਥ :* 'ਬਾਣੀ ਰੋਕਿਆ ਰਹੈ ਦੁਆਰ॥ ਤਉ ਮਨੁ ਮਤਵਾਰੋ ਪੀਵਨਹਾਰ॥੨॥' *(ਪੰਨਾ ੩੪੪)*

ਇਸ ਗੁਰੂ ਵਾਕ ਦਾ ਭਾਵ ਹੈ ਕਿ ਸੱਖਣੇ ਮੂੰਹ ਵਾਲਾ ਗੱਪਾਂ ਮਾਰਦਾ ਹੈ, ਪਰ ਜਿਸਦੇ ਮੂੰਹ ਵਿਚ ਕੁਛ ਭਰਿਆ ਹੈ ਉਹ ਬੋਲ ਨਹੀਂ ਸਕਦਾ, ਤਿਵੇਂ ਜੋ ਜਪਣ ਵਾਲੇ ਨਹੀਂ ਉਹ ਫੋਕੀਆਂ ਗੱਪਾਂ ਮਾਰਦੇ ਹਨ, ਪਰ ਜਪਣ ਵਾਲੇ ਸਦਾ ਰਸ ਵਿਚ ਮਗਨ ਹੁੰਦੇ ਹਨ, ਫਿਰ ਉਹ ਜਪਣ ਵਾਲੇ ਭੁੱਲ ਨਹੀਂ ਕਰਦੇ ਦ੍ਰਿੰਦ ਤੋਂ ਉਚੇਰੇ ਵਰਤਦੇ ਹਨ।

## ੭. ਅੰਮ੍ਰਿਤ ਰਸ ਦੀ ਵਿਲੱਖਣਤਾ

**੧. ਲੱਖ ਲੱਖ ਬਾਵਨ ਚੰਦਨਾ**
**ਲੱਖ ਅਗਰ ਮਿਲੰਦੇ।**
**੨. ਲੱਖ ਕਪੂਰ ਕਥੂਰੀਆਂ**
**ਅੰਬਰ ਮਹਕੰਦੇ।**
**੩. ਲੱਖ ਲੱਖ ਗਉੜੇ ਮੇਦ ਮਿਲਿ**
**ਕੇਸਰ ਚਮਕੰਦੇ।**
**੪. ਸਭ ਸੁਗੰਧ ਰਲਾਇ ਕੈ**
**ਅਰਗਜਾ ਕਰੰਦੇ।**
**੫. ਲੱਖ ਅਰਗਜੇ ਫੁਲੇਲ ਫੁੱਲ**
**ਫੁਲਵਾੜੀ ਸੰਦੇ।**
**੬. ਗੁਰਮੁਖ ਸੁਖ ਫਲ ਪਿਰਮ ਰਸ**
**ਵਾਸੂ ਨ ਲਹੰਦੇ॥੭॥**

*ਪਦ ਅਰਥ :* ਕਥੂਰੀ—ਕਸਤੂਰੀ। ਅੰਬਰ—ਮੁਸ਼ਕੰਬਰ। ਮਹਕੰਦੇ—ਮਹਿਕਦੇ ਹਨ। ਗਉੜੇ—ਗੋਰੋਚਨ। ਮੇਦ—ਮੁਸ਼ਕ-ਬਿਲਾਈ। ਅਰਗਜਾ—ਬਾਈ ਸੁਗੰਧਾਂ ਦਾ ਮੇਲ। ਵਾਸੂ—ਵਾਸ਼ਨਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜਿਸ ਗੁਰਮੁਖ ਦੇ ਸੁਖ ਫਲ ਦੀ ਮਹਾਨਤਾ ਦਰਸਾਉਂਦੇ ਆ ਰਹੇ ਹੋ, ਉਸ ਬਾਰੇ ਕੋਈ ਦੁਨਿਆਵੀ ਮਹਿਕ ਦਾ ਉਦਾਹਰਣ ਦਿਓ ਤਾਂ ਕਿ ਸਾਨੂੰ ਭੀ ਉਸ ਪ੍ਰੇਮ ਰਸ ਦੀ ਕੁਝ ਅਨੁਭਵਤਾ ਹੋ ਸਕੇ?

ਉ: ਹੇ ਭਾਈਓ! ਜਦੋਂ ਅਸੀਂ ਸੰਸਾਰ ਦੀਆਂ ਸਾਰੀਆਂ ਮਹਿਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਉਸ ਗੁਰਮੁਖ ਨੂੰ ਪ੍ਰਾਪਤ ਹੋਏ ਪ੍ਰੇਮ ਰਸ ਦੀ ਤੁਲਨਾ ਵਿਚ ਕੋਈ ਭੀ

ਸੁਗੰਧੀ ਨਜ਼ਰ ਨਹੀਂ ਆਉਂਦੀ, ਇਸੇ ਪ੍ਰੇਮ ਰਸ ਦੇ ਸੰਬੰਧ ਵਿਚ ਜਦੋਂ ਗੁਰਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਵੇਂ ਕਿ :

ਆਪੇ ਮੇਲੇ ਆਪਿ ਮਿਲਾਏ ॥
ਆਪਣਾ ਪਿਆਰੁ ਆਪੇ ਲਾਏ ॥
ਪ੍ਰੇਮ ਕੀ ਸਾਰ ਸੋਈ ਜਾਣੈ
ਜਿਸ ਨੋ ਨਦਰਿ ਤੁਮਾਰੀ ਜੀਉ ॥
*(ਮਾਰੂ ਮ: ੩, ਪੰਨਾ ੧੦੧੬)*

ਪ੍ਰੇਮ ਕੇ ਸਰ ਲਾਗੇ ਤਨ ਭੀਤਰਿ
ਤਾ ਭ੍ਰਮੁ ਕਾਟਿਆ ਜਾਈ ॥੧॥ *(ਸੋਰਠਿ ਮ: ੪, ਪੰਨਾ ੬੦੭)*

ਪ੍ਰੇਮ ਕੇ ਕਾਨ ਲਗੇ ਤਨ ਭੀਤਰਿ
ਵੈਦੁ ਕਿ ਜਾਣੈ ਕਾਰੀ ਜੀਉ ॥੧॥
*(ਮਾਰੂ ਮ: ੧, ਪੰਨਾ ੯੯੩)*

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥
*(ਆਸਾ ਰਵਿਦਾਸ ਜੀ, ਪੰਨਾ ੪੮੭)*

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥
*(ਆਸਾ ਰਵਿਦਾਸ ਜੀ, ਪੰਨਾ ੪੮੬)*

ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ
ਹਰਿ ਪ੍ਰੇਮ ਭਗਤਿ ਕੋ ਨੇਹ ॥
*(ਜੈਤਸਰੀ ਮ: ੫, ਪੰਨਾ ੭੦੨)*

ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ
ਮਨੁ ਮੋਹਿਆ ਜੀਉ ॥ *(ਸ੍ਰੀ ਰਾਗੁ, ਛੰਤ ਪੰਨਾ ੮੧)*

ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥
ਗਇਆ ਸੁ ਜੋਬਨੁ ਧਨ ਪਛੁਤਾਨੀ ॥੩॥
*(ਆਸਾ ਮ: ੧, ਪੰਨਾ ੩੫੭)*

ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥
*(ਸਲੋਕ ਮ: ੫, ਪੰਨਾ ੫੨੦)*

ਇਸ ਤਰ੍ਹਾਂ ਪ੍ਰੇਮ ਦੇ ਸੰਬੰਧ ਵਿਚ ਬਾਣੀ ਵਿਚ ਹੋਰ ਭੀ ਅਨੇਕਾਂ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਪ੍ਰੇਮ ਰਸ ਨੂੰ ਭਿੰਨ ਭਿੰਨ ਰੂਪਾਂ ਅੰਦਰ ਦਰਸਾਇਆ ਹੈ। ਭਾਵ ਕਿਸੇ ਥਾਂ ਪ੍ਰੇਮ ਨੂੰ ਬਾਣ ਦੇ ਰੂਪ ਵਿਚ ਅੰਕਤ ਕੀਤਾ ਹੈ, ਕਿਸੇ ਥਾਂ ਇਸ ਨੂੰ ਰੱਸੀ ਦੀ ਤੁਲਨਾ ਦਿਤੀ ਗਈ ਹੈ। ਕਿਸੇ ਜਗ੍ਹਾ ਇਸ ਨੂੰ ਠਗਬੂਟੀ ਦੇ ਰੂਪ ਵਿਚ ਦਰਸਾਇਆ ਹੈ। ਕਿਸੇ ਥਾਂ ਇਸਨੂੰ ਪੱਤ ਢੱਕਣ ਲਈ ਬਸਤ੍ਰ ਰੂਪ ਵਿਚ ਵਰਤਿਆ ਗਿਆ ਹੈ ਭਾਵ ਪ੍ਰੇਮ ਰਸ ਤਾਂ ਇਕੋ ਹੀ ਹੈ, ਪਰ ਇਸਨੂੰ ਅਨੇਕਾਂ ਰੂਪਾਂ ਵਿਚ ਦਰਸਾ ਕੇ ਇਸਦੀ ਮਹਾਨਤਾ ਦਰਸਾਈ ਗਈ ਹੈ, ਜਿਨ੍ਹਾਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਚੰਦ ਪੰਗਤੀਆਂ ਉੱਕਰੀਆਂ ਹਨ :

ਪ੍ਰ: ਕਿਉਂ ਭਾਈ ਸਾਹਿਬ ਜੀ ! ਜੋ ਗੁਰਮੁਖਾਂ ਨੂੰ ਪ੍ਰੇਮ ਰਸ ਪ੍ਰਾਪਤ ਹੋਇਆ ਹੈ ਕਿ ਉਸਨੂੰ ਚੰਦਨ, ਕਪੂਰ, ਫੁਲੇਲ ਆਦਿਕ ਮਹਿਕਾਂ ਦੀ ਤੁਲਨਾ ਨਹੀਂ ਦਿਤੀ ਜਾ ਸਕਦੀ ?

ਉ: ਹੇ ਭਾਈਓ ! ਮੈਨੂੰ ਤਾਂ ਬਾਣੀ ਦੀ ਪੜਚੋਲ ਕਰਨ ਤੋਂ ਇਹੋ ਸੋਝੀ ਮਿਲ ਸਕੀ ਹੈ ਤੇ ਇਸੇ ਪਰ ਮੇਰਾ ਵਿਸ਼ਵਾਸ ਹੈ ਕਿ :

(੧) (ਇਕ ਬਾਵਨ ਚੰਦਨ ਨਹੀਂ ਸਗੋਂ) ਕਈ ਕਈ ਲੱਖਾਂ ਬਾਵਨ ਚੰਦਨ ਤੇ ਲੱਖਾਂ ਹੀ ਨਾਲ ਅਗਰ ਮਿਲਾ ਦਿਓ।

(੨) ਲੱਖਾਂ ਕਪੂਰ ਤੇ ਲੱਖਾਂ ਕਸਤੂਰੀਆਂ, ਮੁਸ਼ਕੰਬਰ ਮਹਿਕ ਦੇਂਦੇ ਹੋਣ।

(੩) ਲੱਖਾਂ ਗੋਰੋਚਨ (ਜੋ ਗਊ ਦੇ ਮੱਥੇ ਤੋਂ ਨਿਕਲਦਾ ਹੈ) ਲੱਖਾਂ ਮੇਦ (ਮੁਸ਼ਕ ਬਿਲਾਈ) ਤੇ ਲੱਖਾਂ ਕੇਸਰ ਨਾਲ ਚਮਕਦੇ ਹੋਣ।

(੪) ਸਭ ਸੁਗੰਧਾ ਨੂੰ ਰਲਾ ਕੇ ਇਕੱਠੇ ਕਰੋ, ਅਰਗਜਾ ਬਣਾ ਲਓ

(੫) ਲੱਖਾਂ ਅਰਗਜੇ (ਸੁਗੰਧੀਆਂ ਮਿਲਾ ਕੇ) ਫੁਲਾਂ ਦਾ ਫੁਲੇਲ (ਕਿਉੜੇ) ਲੱਖਾਂ ਫੁਲਵਾੜੀ ਦੇ ਫੁੱਲਾਂ ਨੂੰ ਨਾਲ ਰਖ ਲਓ।

(੬) (ਇੰਨਾ ਕੁਝ ਕਰਕੇ ਵੀ) ਗੁਰਮੁਖਾਂ ਦੇ ਸੁਖ ਫਲ ਦੀ ਮਹਿਕ ਦੇ ਤੁਲ (ਉਪ੍ਰੋਕਤ ਸਾਰੀਆਂ ਸੁਗੰਧਾਂ ਮਿਲਕੇ ਵੀ ਟਾਕਰਾ) ਨਹੀਂ ਕਰ ਸਕਦੀਆਂ।੭।

***ਭਾਵਾਰਥ :*** ਇਹ ਪੂਰਬੋਕਤ ਸੁਗੰਧੀਆਂ ਉਸ ਪ੍ਰੇਮ ਰਸ ਦਾ ਮੁਕਾਬਲਾ ਇਸ ਲਈ ਨਹੀਂ ਕਰ ਸਕਦੀਆਂ ਕਿਉਂਕਿ ਇਹ ਸੁਗੰਧੀਆਂ ਕਾਮ-ਵਾਸ਼ਨਾ ਦਾ ਉਦੀਪਨ ਕਰਕੇ ਬੁਰੀਆਂ ਵਾਸਨਾ ਉਤਪਤ ਕਰਦੀਆਂ ਹਨ, ਜਿਨ੍ਹਾ ਦਾ ਫਲ ਸੰਸਾਰੀ ਆਵਾਗਵਨ ਬਣਿਆ ਰਹਿੰਦਾ ਹੈ, ਪਰ ਗੁਰਮੁਖਾ ਦੇ ਪ੍ਰੇਮ ਰਸ ਦੀ ਵਾਸਨਾ ਨਾਲ ਬੁਰੀਆਂ ਵਾਸ਼ਨਾ ਦੀ ਵਾਸ਼ਨਾ ਹੀ ਉੱਡ ਜਾਂਦੀ ਹੈ। ਇਹ ਸੰਸਾਰ ਦੀਆਂ ਵਿਸ਼ੇ-ਵਾਸ਼ਨਾ ਹੀ ਮਨੁੱਖ ਨੂੰ ਜੰਮਣ ਮਰਨ ਦੇ ਚੱਕ੍ਰ ਵਿਚ ਚਕਰਾਈ ਰੱਖਦੀਆਂ ਹਨ, ਕਿਉਂਕਿ ਇਹ ਬਾਣੀ ਦਾ

ਫ਼ੁਰਮਾਨ ਹੈ .

ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ॥
(ਪੰਨਾ ੫੧੭)

ਭਾਵ ਹੈ ਕਿ ਇਹ ਜੀਵ ਸੰਸਾਰਕ ਵਾਸ਼ਨਾ ਵਿਚ ਬੰਨ੍ਹਿਆ ਹੋਇਆ ਹੀ ਆਉਂਦਾ ਜਾਂਦਾ ਹੈ। ਇਸ ਲਈ ਗੁਰਮੁਖਾਂ ਦੇ ਪ੍ਰੇਮ ਰਸ ਦੀ ਵਾਸ਼ਨਾ ਦ੍ਰਿਸ਼ਟੋ ਵਿਚ ਲੈ ਜਾਂਦੀ ਹੈ, ਪਰ ਸੰਸਾਰ ਦੀਆਂ ਵਾਸ਼ਨਾ ਦ੍ਰਿਸ਼ਟਮਾਨ ਵਿਚ ਭਾਵ ਸੰਸਾਰ ਵਿਚ ਮੋਹ ਵਧਾਉਂਦੀਆਂ ਹਨ। ਜੋ ਮੋਹ ਜੰਮਣ ਮਰਨ ਦਾ ਕਾਰਨ ਹੈ।

## ੮. ਗੁਰਮੁਖਾਂ ਦੇ ਪਿਰਮ ਰਸ ਦੀ ਸੁੰਦਰਤਾ

**੧. ਰੂਪ ਸਰੂਪ ਅਨੂਪ ਲੱਖ**
**ਇੰਦ੍ਰ ਪੁਰੀ ਵਸੰਦੇ।**
**੨. ਰੰਗ ਬਿਰੰਗ ਸੁਰੰਗ ਲੱਖ**
**ਬੈਕੁੰਠ ਰਹੰਦੇ।**
**੩. ਲੱਖ ਜੋਬਨ ਸੀਂਗਾਰ ਲੱਖ**
**ਲੱਖ ਵੇਸ ਕਰੰਦੇ।**
**੪. ਲੱਖ ਦੀਵੇ ਲੱਖ ਤਾਰਿਆਂ**
**ਜੋਤਿ ਸੂਰਜ ਚੰਦੇ।**
**੫. ਰਤਨ ਜਵਾਹਰ ਲੱਖ ਮਣੀ**
**ਜਗਮਗ ਟਹਕੰਦੇ।**
**੬. ਗੁਰਮੁਖ ਸੁਖ ਫਲ ਪਿਰਮ ਰਸ**
**ਜੋਤੀ ਨ ਪੁਚੰਦੇ॥੮॥**

***ਪਦ ਅਰਥ :*** ਇੰਦ੍ਰ ਪੁਰੀ—ਇੰਦ੍ਰ ਦੀ ਪੁਰੀ, ਸੁਰਗ। ਬਿਰੰਗ—ਜਿਸ ਦੇ ਬਰਾਬਰ ਕੋਈ ਰੰਗ ਨਹੀਂ। ਟਹਕੰਦੇ—ਖਿੜਨਾ ਜਾਂ ਟਹਿਕਣਾ। ਪੁਚੰਦੇ—ਪਹੁੰਚਦੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਿਸ ਸੁਖ ਫਲ ਦੀ ਪ੍ਰਾਪਤੀ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ ਕਿ ਉਹ ਪ੍ਰੇਮ ਰਸ ਗੁਰਮੁਖਾਂ ਨੂੰ ਹਾਸਲ ਹੋ ਰਿਹਾ ਹੈ, ਉਸਦਾ ਬੋਧ ਕਰਾਉਣ ਲਈ ਕੋਈ ਦੁਨਿਆਵੀ ਉਦਾਹਰਣ ਦਿਓ? ਕਿਉਂਕਿ ਕਿਸੇ ਨੂੰ ਨਵੀਨ ਵਸਤੂ ਦਾ ਗਿਆਨ ਕਰਾਉਣ ਲਈ ਉਸਨੂੰ ਕੋਈ ਹੋਰ ਮਿਸਾਲ ਦੇ ਕੇ ਸਮਝਾਉਣਾ ਪੈਂਦਾ ਹੈ, ਜਿਸ ਰਾਹੀਂ ਉਹ ਸਮਝ ਸਕਦਾ ਹੋਵੇ। ਸੋ ਆਪ ਜੀ ਭੀ ਸਾਨੂੰ ਉਸ ਪ੍ਰੇਮ ਰਸ ਦੀ ਜਾਣਕਾਰੀ ਕਰਾਉਣ ਲਈ ਕਿਸੇ ਦੁਨਿਆਵੀ ਪ੍ਰਕਾਸ਼ ਦਾ ਉਦਾਹਰਣ ਦੇ ਕੇ ਸਮਝਾਉਣ ਦੀ ਖੇਚਲਾ ਕਰੋ?

**ਉ:** ਹੇ ਭਾਈਓ! ਇਹ ਪ੍ਰੇਮ ਰਸ ਇਕ ਅਜਿਹੀ ਸ਼ੈ ਹੈ, ਜਿਸ ਨੂੰ ਕੋਈ ਭੀ ਸੰਸਾਰਕ ਪਦਾਰਥ ਦੀ ਮਿਸਾਲ ਦੇ ਕੇ ਦਰਸਾਇਆ ਨਹੀਂ ਜਾ ਸਕਦਾ। ਜਦੋਂ ਅਸੀਂ ਇਸ ਪ੍ਰੇਮ ਰਸ ਨੂੰ ਬਾਣੀ ਦੁਆਰੇ ਪੜਚੋਲਨਾ ਅਰੰਭ ਕਰਦੇ ਹਾਂ ਤਾਂ ਸਾਨੂੰ ਇਹੋ ਸੋਝੀ ਮਿਲਦੀ ਹੈ ਕਿ:

ਪ੍ਰੇਮ ਕੇ ਕਾਨ ਲਗੇ ਤਨ ਭੀਤਰਿ
ਵੈਦੁ ਕਿ ਜਾਣੈ ਕਾਰੀ ਜੀਉ॥੧॥ (ਪੰਨਾ ੯੯੩)

ਭਾਵ ਹੈ ਕਿ ਜਿਨ੍ਹਾਂ ਦੇ ਅੰਤਰ ਆਤਮੇ ਪ੍ਰੇਮ ਦੇ ਬਾਣ ਲੱਗ ਗਏ ਹਨ ਉਹ ਤਾਂ ਅਜਿਹੇ ਘਾਇਲ ਹੋ ਚੁੱਕੇ ਹਨ, ਉਨ੍ਹਾਂ ਦਾ ਦਾਰੂ ਤਾਂ ਕਿਸੇ ਵੈਦ ਪਾਸ ਭੀ ਨਹੀਂ। ਕਿਉਂਕਿ ਇਨ੍ਹਾਂ ਪ੍ਰੇਮ ਦੇ ਬਾਣਾਂ ਨੂੰ ਬਾਣੀ ਵਿਚ ਅਣੀਆਲੇ ਤੀਰਾਂ ਦੀ ਤਰਜੀਹ ਦਿਤੀ ਗਈ ਹੈ, ਜਿਵੇਂ ਕਿ:

ਹਰਿ ਪ੍ਰੇਮ ਬਾਣੀ ਮਨੁ ਮਾਰਿਆ
ਅਣੀਆਲੇ ਅਣੀਆ ਰਾਮ ਰਾਜੇ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥
ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥
ਜਨ ਨਾਨਕ ਸਤਿਗੁਰ ਮੇਲਿ ਹਰਿ
ਜਗੁ ਦੁਤਰੁ ਤਰੀਆ॥੨॥ (ਆਸਾ ਮ: ੪, ਪੰਨਾ ੪੪੯)

ਭਾਵ, ਜਿਸਨੂੰ ਉਸ ਪਿਆਰੇ ਦੇ ਪ੍ਰੇਮ ਦੀ ਪੀੜਾ ਲੱਗ ਗਈ ਹੈ ਉਸਨੂੰ ਕੇਵਲ ਓਹੀ ਅਨੁਭਵ ਕਰ ਸਕਦਾ ਹੈ, ਉਸ ਦੇ ਬਾਰੇ ਵਿਚ ਹੋਰ ਕੁਝ ਕਿਹਾ ਭੀ ਨਹੀਂ ਜਾ ਸਕਦਾ, ਉਸਨੂੰ ਤਾਂ ਸਿਰਫ਼ ਜੀਵਨ ਮੁਕਤਿ ਦੇ ਨਾਮ ਨਾਲ ਹੀ ਪੁਕਾਰਿਆ ਜਾ ਸਕਦਾ ਹੈ।

ਜਿਸ ਭਗਤ ਕਬੀਰ ਜੈਸਿਆਂ ਦੇ ਅੰਤਰ ਆਤਮੇ ਇਸ ਪ੍ਰੇਮ ਰਸ ਦੇ ਤੀਰ ਗੁਰੂ ਦੁਆਰੇ ਲੱਗੇ ਹਨ ਉਨ੍ਹਾਂ ਦੇ ਅੰਦਰੋਂ ਇਹ ਅਵਾਜ਼ ਆਈ ਹੈ ਕਿ ਐ ਲੋਕੋ! ਜਦ ਮੇਰੇ ਗੁਰੂ ਨੇ ਬਾਣੀ ਦੁਆਰਾ ਮੇਰੇ ਅੰਤਰ ਆਤਮੇ ਪ੍ਰੇਮ ਦੇ ਤੀਰਾਂ ਦਾ ਵਾਰ ਕੀਤਾ ਹੈ (ਮਾਰਿਆ ਸਤਿਗੁਰ ਬਾਨ) ਤਾਂ:

ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥
ਪਾਵਹੁ ਤੇ ਪਿੰਗੁਲ ਭਇਆ
ਮਾਰਿਆ ਸਤਿਗੁਰ ਬਾਨ॥੧੯੩॥

(ਸਲੋਕ ਕਬੀਰ, ਪੰਨਾ ੧੩੭੪)

ਭਾਵ ਹੈ, ਕਿਸੇ ਨੂੰ ਕੌੜੇ ਫਿੱਕੇ ਬਚਨ ਬੋਲਣ ਵਲੋਂ ਮੈਂ ਗੂੰਗਾ ਹੋ ਗਿਆ ਹਾਂ, ਤੇ 'ਬਾਵਰਾ' ਭੋਲਾ ਹੋ ਗਿਆ ਭਾਵ ਅੰਦਰੋਂ ਬਾਹਰੋਂ ਇਕ ਹੋ ਗਿਆ ਹਾਂ, ਜੋ ਮੇਰੇ ਅੰਦਰ ਹੈ ਬਾਹਰੋਂ ਭੀ ਓਹੀ ਕੁਝ ਬੋਲਦਾ ਹਾਂ। ਕੰਨਾਂ ਰਾਹੀਂ ਕਿਸੇ ਦੀ ਨਿੰਦਾ ਉਸਤਤ ਸੁਣਨ ਵਲੋਂ ਬੋਲਾ ਹੋ ਗਿਆ ਹਾਂ ਕਿਉਂਕਿ ਗੁਰੂ ਦਾ ਹੁਕਮ ਭੀ ਇਹੋ ਹੈ (ਉਸਤਤਿ ਨਿੰਦਾ ਦੋਊ ਤਿਆਗੈ)। ਅਤੇ ਪੈਰਾਂ ਵੱਲੋਂ ਪਿੰਗਲਾ ਹੋ ਗਿਆ ਹਾਂ, ਭਾਵ ਮੇਰੇ ਪੈਰ ਹੁਣ ਕੁਸੰਗਤ ਵੱਲ ਟੁਰਦੇ ਹੀ ਨਹੀਂ। ਪਰ, ਇਹ ਪ੍ਰੇਮ ਦਾ ਮਾਰਗ ਹੈ ਬਹੁਤ ਬਿਖੜਾ, ਇਸ ਪਰ ਚਲਣ ਵਾਲੇ ਲਈ ਗੁਰੂ ਵੱਲੋਂ ਇਹ ਹਿਦਾਇਤ ਕੀਤੀ ਗਈ ਕਿ ਐ ਪ੍ਰੇਮੀਆ! ਸੁਣ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥੨੦॥

(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੨)

ਭਾਵ, ਜੇ ਤੈਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਉ ਹੈ ਤਾਂ ਸਿਰ ਨੂੰ ਤਲੀ 'ਤੇ ਰੱਖ ਕੇ ਆ, ਭਾਵ ਹੰਕਾਰ ਦਾ ਤਿਆਗ ਕਰਕੇ ਆ ਕਿਉਂਕਿ (ਹਰਿ ਜੀਉ ਅਹੰਕਾਰੁ ਨ ਭਾਵਈ) ਉਸ ਹਰੀ ਨੂੰ ਹੰਕਾਰ ਤਾਂ ਮੂਲੋਂ ਹੀ ਨਹੀ ਭਾਉਂਦਾ, ਇਸ ਪ੍ਰੇਮ ਦੇ ਮਾਰਗ ਪਰ ਓਹੀ ਪ੍ਰੇਮੀ ਸਫ਼ਰ ਕਰ ਸਕਦਾ ਹੈ ਜੋ ਹੰਕਾਰ ਦੇ ਤਿਆਗ ਕਰਨ ਵੱਲੋਂ ਸੰਕੋਚ ਨ ਕਰੇ। ਸੋ, ਇਸ ਰੱਬੀ ਪ੍ਰੇਮ ਦੀ ਕੀਮਤ ਇਕ ਇਹੋ ਹੈ, ਹੋਰ ਇਹ ਕਿਸੇ ਦੁਨਿਆਵੀ ਦੌਲਤ ਦੇ ਵੱਟੇ ਸੱਟੇ ਵਿਚ ਨਹੀਂ ਪ੍ਰਾਪਤ ਕੀਤਾ ਜਾ ਸਕਦਾ, ਗੁਰੂ ਫ਼ੁਰਮਾਨ ਹੈ:

ਸੇਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥
ਰਾਵਨ ਹੁਤੇ ਸੁ ਰੰਕ ਨਹਿ
ਜਿਨਿ ਸਿਰ ਦੀਨੇ ਕਾਟਿ॥੧॥

(ਚਉਬੋਲੇ ਮ: ੫, ਪੰਨਾ ੧੩੬੩)

ਗੁਰੂ ਅਰਜਨ ਦੇਵ ਜੀ ਸੇਮਨ ਪ੍ਰਤੀ ਸੰਬੋਧਨ ਕਰਦੇ ਹਨ ਕਿ ਹੇ ਸੇਮਨ! ਜੇ ਇਸ ਪ੍ਰੇਮ ਦੀ ਕੀਮਤ ਦੌਲਤ ਹੀ ਹੁੰਦੀ ਤਾਂ ਰਾਵਨ ਕੋਈ ਕੰਗਾਲ ਨਹੀਂ ਸੀ, ਉਸਨੂੰ ਸ਼ਿਵਜੀ ਦੀ ਪ੍ਰਸੰਨਤਾ ਲਈ ਬਾਰ ਬਾਰ ਸਿਰ ਹੀ ਕੱਟ ਕੇ ਦੇਣਾ ਪਿਆ, ਇਸ ਤਰ੍ਹਾਂ ਪ੍ਰੇਮ ਰਸ ਦੇ ਸੰਬੰਧ ਵਿਚ ਬਾਣੀ ਅੰਦਰ ਅਨੇਕਾਂ ਉਦਾਹਰਣ ਮਿਲਦੇ ਹਨ ਜਿਨ੍ਹਾਂ ਵਿਚ ਇਹੋ ਸਿਧਾਂਤ ਉੱਕਰਿਆ ਗਿਆ ਹੈ ਕਿ ਪ੍ਰੇਮ ਰਸ ਦੇ ਮੁਕਾਬਲੇ ਵਿਚ ਦੂਜਾ ਹੋਰ ਕੋਈ ਪਦਾਰਥ ਨਹੀਂ। ਇਨ੍ਹਾਂ ਹੀ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਹ ਚੰਦ ਪੰਗਤੀਆਂ ਉੱਕਰੀਆਂ ਹਨ:

(੧) (ਹੇ ਭਾਈਓ! ਜੇ ਵੀਚਾਰ ਦ੍ਰਿਸ਼ਟੀ ਨਾਲ ਤੱਕੀਏ ਤਾਂ) ਲੱਖਾਂ ਸੁੰਦਰ ਸਰੂਪ ਤੇ ਲੱਖਾਂ ਸੁੰਦਰਤਾਈਆਂ ਜੋ ਸੁਰਗਪੁਰੀ ਵਿਚ ਵੱਸਦੀਆਂ ਹਨ।
(੨) ਰੰਗ, ਨਾ ਲੱਭ ਸੱਕਣ ਵਾਲੇ ਰੰਗ, ਤੇ ਸੋਹਣੇ ਰੰਗ, ਜੋ ਬੈਕੁੰਠ (ਵਿਸ਼ਨੂੰ ਪੁਰੀ) ਵਿਚ ਰਹਿੰਦੇ ਹਨ।
(੩) ਲੱਖਾਂ ਜੋਬਨ (ਜੁਵਾਨੀਆਂ) ਵਾਲੇ ਤੇ ਲੱਖਾਂ (ਹਾਰ) ਸ਼ਿੰਗਾਰ ਲਾ ਕੇ, ਲੱਖਾਂ ਕਿਸਮ (ਦੇ ਸੁੰਦਰ) ਵੇਸ ਕਰਦੇ ਹਨ।
(੪) ਲੱਖਾਂ ਦੀਵੇ ਚੰਦ ਸੂਰਜਾਂ ਦੀਆਂ ਜੋਤਾਂ ਵਾਂਗ ਚਮਕਣ ਵਾਲੇ ਤੇ ਲੱਖਾਂ ਤਾਰਿਆਂ ਦਾ ਪ੍ਰਕਾਸ਼ ਹੋਵੇ।
(੫) ਲੱਖਾਂ ਰਤਨ, ਜਵਾਹਰ ਤੇ ਲੱਖਾਂ ਹੀ ਮਣੀਆਂ ਜੋ ਜਗ ਮਗ ਪ੍ਰਕਾਸ ਕਰਕੇ ਟਹਿਕ ਰਹੇ ਹੋਣ।
(੬) (ਤਾਂ ਇਹ ਸਾਰੇ ਪ੍ਰਕਾਸ਼) ਗੁਰਮੁਖਾਂ ਦੇ (ਇਕ) ਸੁਖ ਫਲ ਤੇ ਅੰਮ੍ਰਿਤ ਰਸ ਦੇ ਪ੍ਰਕਾਸ਼ ਨਾਲ ਨਹੀਂ ਮਿਲ ਸਕਦੇ।੬।

*ਭਾਵਾਰਥ:* ਇਹ ਜੋ ਪੂਰਬੋਕਤ ਸੁਗੰਧੀਆਂ ਹਨ ਇਹ ਕਾਮ ਵਾਸ਼ਨਾ ਦਾ ਉਦੀਪਨ ਕਰਕੇ ਬੁਰੀਆਂ ਵਾਸ਼ਨਾਂ ਉਤਪੰਨ ਕਰਦੀਆਂ ਹਨ, ਜਿਨ੍ਹਾਂ ਦਾ ਫਲ ਸੰਸਾਰ ਵਿਚ ਸਦਾ ਹੀ ਆਵਾਗਵਨ ਬਣਿਆ ਰਹਿੰਦਾ ਹੈ, ਪਰ ਗੁਰਮੁਖਾਂ ਦੇ ਪ੍ਰੇਮ ਰਸ ਦੀ ਵਾਸ਼ਨਾ ਨਾਲ ਬੁਰੀਆਂ ਵਾਸ਼ਨਾਂ ਦਾ ਅੰਦਰੋਂ ਸਦਾ ਲਈ ਅਭਾਵ ਹੋ ਜਾਂਦਾ ਹੈ, ਇਸ ਲਈ ਇਹ ਪ੍ਰੇਮ ਰਸ ਅਤਿਅੰਤ ਹੀ ਸ੍ਰੇਸ਼ਟ ਹੈ ਕਿਉਂਕਿ ਇਹ ਪ੍ਰੇਮ ਰਸ ਪ੍ਰੇਮੀ ਨੂੰ ਦ੍ਰਿਸ਼ਟੇ ਵਿਚ ਲੀਨ ਕਰਦਾ ਹੈ। ਪਰ ਇਸ ਪ੍ਰੇਮ ਰਸ ਦਾ ਜਨਮ ਉਸੇ ਪ੍ਰੇਮੀ ਦੇ ਅੰਦਰ ਹੁੰਦਾ ਹੈ ਜੋ ਅੰਦਰੋਂ ਹੰਕਾਰ ਨੂੰ ਮਿਟਾ ਕੇ ਸਿਰ ਦੇਣ ਤਕ ਦੀ ਕੁਰਬਾਨੀ ਦੇਣ ਲਈ ਤਿਆਰ ਹੈ, ਇਸੇ ਲਈ ਕਿਸੇ ਨੇ ਲਿਖਿਆ ਹੈ ਕਿ:

ਪ੍ਰੇਮ ਨਾ ਵਾੜੀ ਉਪਜਦਾ ਪ੍ਰੇਮ ਨਾ ਹਾਟ ਵਿਕਾਏ॥
ਰਾਣਾ ਰਾਜਾ ਜੋ ਚਾਹੇ ਸਿਰ ਦੀਜੈ ਪ੍ਰੇਮ ਲੈ ਜਾਏ॥

ਪ੍ਰੇਮੀ ਪ੍ਰੇਮੀ ਸਭ ਕੋਈ ਆਖੇ,
ਸਿਰ ਤੇ ਟੇਢੀ ਪਗੜੀ ਧਰਕੇ।

ਸਿਰ ਤੇ ਪ੍ਰੇਮ ਦਾ ਡੇਰਾ,
ਸਭ ਮੁੜ ਆਏ ਡਰਕੇ।
ਖੁੱਦੀ ਤਕੱਬਰ ਤੇ ਮਗਰੂਰੀ
ਵਿਰਲਾ ਰਹੇ ਕੋ ਜਰ ਕੇ।

ਭਾਵ ਹੈ ਕਿ ਇਕ ਅਕਾਲ ਪੁਰਖ ਤੇ ਦੂਸਰੇ ਉਸਦਾ ਪਿਆਰਾ ਗੁਰਮੁਖ ਸਿਥਿਰ ਹਨ, ਪਰ ਦੋਹਾਂ ਵਿਚ ਜੋ ਪ੍ਰੇਮ ਦਾ ਰਸ ਹੈ ਉਹ ਦ੍ਰਿਸ਼ਟਮਾਨ ਵਿਚ ਲੈ ਜਾਂਦਾ ਹੈ ਬਾਕੀ ਸੁੰਦਰਤਾ ਸਭ ਨਾਸ ਰੂਪ ਹੈ ਤੇ ਪ੍ਰੇਮ ਰਸ ਦੀ ਸੁੰਦਰਤਾ ਅਬਿਨਾਸ਼ੀ ਹੈ।

## ੯. ਗੁਰਮੁਖ ਦੇ ਪ੍ਰੇਮ ਰਸ ਦੀ ਮਹਿਮਾ

੧. ਚਾਰ ਪਦਾਰਥ ਰਿੱਧਿ ਸਿੱਧਿ
ਨਿੱਧਿ ਲੱਖ ਕਰੋੜੀ।
੨. ਲੱਖ ਪਾਰਸ ਲੱਖ ਪਾਰਜਾਤ
ਲੱਖ ਲਖਮੀ ਜੋੜੀ।
੩. ਲੱਖ ਚਿੰਤਾਮਣਿ ਕਾਮਧੇਨ
ਚਤੁਰੰਗ ਚਮੋੜੀ।
੪ ਮਾਣਕ ਮੋਤੀ ਹੀਰਿਆ
ਨਿਰਮੋਲ ਮਹੋੜੀ।
੫. ਲੱਖ ਕਵਿਲਾਸ ਸੁਮੇਰੁ ਲੱਖ
ਲੱਖ ਰਾਜ ਬਹੋੜੀ।
੬. ਗੁਰਮੁਖ ਸੁਖ ਫਲ ਪਿਰਮ ਰਸ
ਮੁੱਲ ਅਮੁੱਲ ਸੁਥੋੜੀ॥੯॥

*ਪਦ ਅਰਥ :* ਮਹੋੜੀ—ਮਹਾਨ, ਵੱਡੀ। ਕਵਿਲਾਸ—ਕੈਲਾਸ਼ ਪ੍ਰਬਤ, ਚਾਂਦੀ ਦਾ ਪਹਾੜ। ਬਹੋੜੀ—ਬਹੁਰੋ, ਫੇਰ, ਮੁੜ ਮੁੜ। ਸੁਮੇਰੁ ਲੱਖ—ਲੱਖਾਂ ਸੁਮੇਰ ਪਰਬਤ। ਸੁਥੋੜੀ—ਸਿਥਿਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਹ ਆਮ ਹੀ ਵੇਖਣ ਤੇ ਸੁਣਨ ਵਿਚ ਆਉਂਦਾ ਹੈ ਕਿ ਸੰਸਾਰ ਦੀ ਹਰ ਵੱਡੀ ਛੋਟੀ ਸੈ ਮੁੱਲ ਖ਼ਰੀਦੀ ਜਾ ਸਕਦੀ ਹੈ, ਇਹ ਗੱਲ ਵੱਖਰੀ ਹੈ ਕਿ ਕਿਸੇ ਛੋਟੀ ਸ਼ੈ ਨੂੰ ਘੱਟ ਕੀਮਤ ਰਾਹੀਂ ਖ਼ਰੀਦਿਆ ਜਾ ਸਕਦਾ ਹੈ ਕਿਸੇ ਚੰਗੀ ਵਸਤੂ ਨੂੰ ਵਧੇਰੇ ਕੀਮਤ ਦੇ ਕੇ ਖ਼ਰੀਦ ਲਈਦਾ ਹੈ। ਪਰ, ਜਿਸ ਗੁਰਮੁਖਾਂ ਦੇ ਪ੍ਰੇਮ ਰਸ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ ਕੀ ਉਸਨੂੰ ਹੀਰੇ, ਮਾਣਕ, ਮੋਤੀਆਂ ਰਾਹੀਂ ਨਹੀਂ ਖ਼ਰੀਦਿਆ ਜਾ ਸਕਦਾ?

ਉ: ਹੇ ਭਾਈਓ! ਇਹ ਵੀਚਾਰ ਤੁਹਾਡੇ ਆਪਣੇ ਹੀ ਹਨ ਪਰ ਜੇ ਕਦੀ ਗੁਰਬਾਣੀ ਦੀ ਵੀਚਾਰ ਕਰੋਗੇ ਤਾਂ ਇਹ ਤੁਹਾਡੇ ਵੀਚਾਰ ਗੁਰਬਾਣੀ ਦੇ ਸਿਧਾਂਤ ਨਾਲ ਤਾਲ-ਮੇਲ ਨਹੀਂ ਕਰਨਗੇ, ਕਿਉਂਕਿ ਬਾਣੀ ਅਨੁਸਾਰ ਸੰਸਾਰ ਦਾ ਹਰ ਪਦਾਰਥ ਤ੍ਰਿਗੁਣੀ ਹੈ, ਇਹ ਸਾਰੇ ਤ੍ਰਿਗੁਣੀ ਪਦਾਰਥ ਨਾਸ ਹੋ ਜਾਣ ਵਾਲੇ ਹਨ ਜਾਂ ਚੁਰਾਏ ਜਾਣ ਵਾਲੇ ਹਨ ਜੋ ਅਸੀਂ ਆਮ ਹੀ ਵੇਖਦੇ ਹਾਂ ਕਿ ਰਾਜੇ ਮਹਾਰਾਜਿਆਂ ਦੇ ਖ਼ਜ਼ਾਨਿਆਂ ਵਿਚੋਂ ਹੀਰੇ, ਮਾਣਕ, ਮੋਤੀ, ਚੁਰਾਏ ਜਾਂਦੇ ਹਨ, ਪਰ ਜੋ ਗੁਰਮੁਖਾਂ ਨੂੰ ਉਸ ਪ੍ਰਭੂ ਦੇ ਪ੍ਰੇਮ ਰਸ ਦੀ ਦਾਤ ਪ੍ਰਾਪਤ ਹੋਈ ਹੈ ਉਸ ਬਾਰੇ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ:

ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥
*(ਬਾਰਹ ਮਾਹਾ ਮ: ੫, ਪੰਨਾ ੧੩੪)*

ਭਾਵ ਹੈ, ਜਿਸ ਗੁਰਮੁਖ ਦੇ ਹਿਰਦੇ ਰੂਪ ਖ਼ਜ਼ਾਨੇ ਵਿਚ ਪ੍ਰਭੂ ਦੇ ਨਾਮ ਦਾ ਪ੍ਰੇਮ ਰਸ ਵੱਸਦਾ ਹੈ, ਉਸ ਨੂੰ ਕੋਈ ਭੀ ਨਹੀਂ ਚੁਰਾ ਸਕਦਾ ਅਤੇ ਨਾ ਹੀ ਉਹ ਖ਼ਜ਼ਾਨਾ ਮੁੱਕਦਾ ਹੀ ਹੈ। ਜਿਤਨਿਆਂ ਦੇ ਅੰਦਰ ਭੀ ਇਹ ਪ੍ਰੇਮ ਰੰਗ ਭਾ ਗਿਆ ਹੈ ਉਹ ਸਾਰੇ ਹੀ ਪ੍ਰਭੂ ਦੇ ਪਿਆਰ ਰੂਪੀ ਰੰਗ ਵਿਚ ਰੰਗੇ ਗਏ। ਹੋਰ ਭੀ ਹੁਕਮ ਹੈ:

ਸਚੁ ਸਚਾ ਰਸੁ ਜਿਨੀ ਚਖਿਆ
ਸੇ ਤ੍ਰਿਪਤਿ ਰਹੇ ਆਘਾਈ॥
ਇਹੁ ਹਰਿ ਰਸੁ ਸੇਈ ਜਾਣਦੇ
ਜਿਉ ਗੂੰਗੈ ਮਿਠਿਆਈ ਖਾਈ॥ *(ਪਉੜੀ, ਪੰਨਾ ੩੧੧)*

ਹਰਿ ਰੰਗਿ ਚਲੂਲੈ ਜੋ ਰਤੇ
ਤਿਨ ਭਿਨੀ ਹਰਿ ਰੰਗਿ ਚੋਲੀਆ॥
ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ
ਸਿਰੁ ਵੇਚਿਆ ਮੋਲੀਆ॥੧॥ *(ਸਲੋਕ ਮ: ੪, ਪੰਨਾ ੩੧੧)*

ਰੰਗਿ ਚਲੂਲੈ ਹਰਿ ਰਸਿ ਭਾਏ॥
ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ॥੩॥
*ਬਿਲਾਵਲੁ ਮ: ੩, ਪੰਨਾ ੭੯੮*

ਰੰਗਿ ਰਤੇ ਅਪੁਨੇ ਸੁਆਮੀ ਸੇਤੀ
ਮਰੈ ਨ ਆਵੈ ਜਾਈ ਰਾਮ ॥ *(ਸੂਹੀ ਮ: ੫, ਪੰਨਾ ੭੮੦)*

ਰੰਗਿ ਰਤੇ ਤੇਰੈ ਤੁਧੁ ਭਾਵਹਿ
ਸਚੁ ਨਾਮੁ ਨੀਸਾਣੋ ਜੀਉ ॥੩॥ *(ਮਾਝ ਮ: ੫, ਪੰਨਾ ੧੦੭)*

ਰੰਗਿ ਰਤੇ ਤੇਰੈ ਦਾਸ ਅਪਾਰੇ ॥
ਤੇਰੈ ਰੰਗਿ ਰਤੇ ਤੁਧੁ ਜੇਹੇ
ਵਿਰਲੇ ਕੇਈ ਭਾਲਕਾ ॥੧੨॥

*(ਮਾਰੂ ਮ: ੫, ਪੰਨਾ ੧੦੮੫)*

ਰੰਗ ਰਤੇ ਪਰਮੇਸਰੈ
ਜਨ ਨਾਨਕ ਤਿਨ ਬਲਿ ਜਾਤ ॥੪॥

*(ਗਉੜੀ ਮ: ੫, ਪੰਨਾ ੨੧੮)*

ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥

*(ਸੂਹੀ ਮ: ੫, ਪੰਨਾ ੭੬੧)*

ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ ॥
ਹਰਿ ਰੰਗੁ ਕਦੇ ਨ ਉਤਰੈ
ਗੁਰ ਸੇਵਾ ਸਬਦੁ ਸਮਾਲਿ ॥੯॥

*(ਗਉੜੀ ਮ: ੫, ਪੰਨਾ ੨੩੫)*

ਉਪ੍ਰੋਕਤ ਸਮੂੰਹ ਪੰਗਤੀਆਂ ਦਾ ਭਾਵ ਹੈ ਕਿ ਜੋ ਗੁਰਮੁਖ ਉਸ ਪ੍ਰਭੂ ਦੇ ਪਿਆਰ ਰੰਗ ਵਿਚ ਰੰਗੇ ਗਏ ਹਨ। ਉਹ ਸੰਸਾਰ ਦੇ ਸਮੂੰਹ ਮਾਇਕੀ ਰਸਾਂ ਵਲੋਂ ਤ੍ਰਿਪਤ ਹੋ ਗਏ, ਉਨ੍ਹਾਂ ਦਾ ਇਹ ਪਿਆਰ ਰੰਗ ਕਦੇ ਭੀ ਲਹਿੰਦਾ ਨਹੀਂ ਅਤੇ ਉਨ੍ਹਾਂ ਦੇ ਸਾਰੇ ਹੀ ਮਾਨਸਕ ਸੰਤਾਪ ਭੀ ਨਾਸ ਹੋ ਗਏ, ਇਸੇ ਭਾਵ ਦੀਆਂ ਹੋਰ ਭੀ ਬਹੁਤ ਸਾਰੀਆਂ ਪੰਗਤੀਆਂ ਗੁਰੂ-ਬਾਣੀ ਅੰਦਰ ਆਉਂਦੀਆਂ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਹ ਚੰਦ ਪੰਗਤੀਆਂ ਉੱਕਰੀਆਂ ਹਨ :

(੧) ਹੇ ਭਾਈਓ ! ਜੇ ਕਿਸੇ ਪਾਸ (ਚਾਰ ਪਦਾਰਥ ਧਰਮ, ਅਰਥ, ਕਾਮ, ਮੋਖ) ਰਿੱਧੀਆਂ ਤੇ ਸਿੱਧੀਆਂ ਅਤੇ ਨੌਂ ਨਿੱਧਾਂ (ਭੀ) ਲੱਖਾਂ ਤੇ ਕ੍ਰੋੜਾਂ ਹੋ ਜਾਣ ;

(੨) ਲੱਖਾਂ ਪਾਰਸ, ਲੱਖਾਂ ਪਾਰਜਾਤ ਬ੍ਰਿਛ ਲੱਖਾਂ ਹੀ ਲਖਮੀਆਂ ਧਨ ਸੰਪਦਾ ਜੁੜੀ ਜਾਵੇ।

(੩) ਲੱਖਾਂ ਹੀ ਚਿੰਤਾਮਣੀਆਂ ਤੇ ਕਾਮਧੇਨ (ਗਊਆਂ) ਚਤੁਰੰਗ (ਚਾਰੇ ਪ੍ਰਕਾਰ ਦੀ ਸੈਨਾ ਵੀ) ਜਮੋੜ ਲਵੇ।

(੪) ਮਾਣਕ, ਮੋਤੀ, ਹੀਰੇ, ਨਿਰਮੋਲਕ ਵੱਡੇ ਤੋਂ ਵੱਡੇ ਲੱਖਾਂ ਹੋ ਜਾਣ।

(੫) ਲੱਖਾਂ ਕਵਿਲਾਸ (ਚਾਂਦੀ ਦੇ) ਤੇ ਲੱਖਾਂ ਹੀ ਸਮੇਰ ਅਤੇ ਲੱਖਾਂ ਹੀ ਰਾਜੇ ਨਾਲ ਇਕੱਠੇ ਕਰ ਲਵੇ।

(੬) (ਪਰ) ਗੁਰਮੁਖਾਂ ਦੇ ਸੁਖ ਫਲ, ਪ੍ਰੇਮ ਰਸ ਦੇ ਮੁੱਲ ਤੋਂ ਅਮੁਲ ਹੈ, ਭਾਵ ਉਸਦਾ ਕੋਈ ਮੁੱਲ ਨਹੀਂ।੯।

***ਭਾਵਾਰਥ :*** ਜਿਨ੍ਹਾਂ ਗੁਰਮੁਖਾਂ ਦੇ ਚਰਨਾਂ ਦੀ ਖ਼ਾਕ, ਖ਼ਾਕ ਨੂੰ ਰੌਸ਼ਨ ਸੂਰਜ ਬਣਾ ਸਕਦੀ ਹੈ ਉਨ੍ਹਾਂ ਦੀ ਮਹਿਮਾ ਕਿਤਨੀ ਕੁ ਕਹੀ ਜਾ ਸਕਦੀ ਹੈ। ਭਾਵ ਉਨ੍ਹਾਂ ਦੀ ਮਹਿਮਾ ਤਾਂ ਉੱਤਮ ਤੋਂ ਭੀ ਉੱਤਮ ਹੈ।

## ੧੦. ਪਿਰਮ ਪਿਆਲੇ ਦੀ ਇਕ ਬੂੰਦ

**੧. ਗੁਰਮੁਖ ਸੁਖ ਫਲ ਲੱਖ ਲੱਖ**
**ਲੱਖ ਲਹਿਰ ਤਰੰਗਾ।**
**੨. ਲੱਖ ਦਰੀਆਉ ਸਮਾਉ ਕਰਿ**
**ਲੱਖ ਲਹਿਰੀਂ ਅੰਗਾ।**
**੩. ਲੱਖ ਦਰੀਆਉ ਸਮੁੰਦ ਵਿਚ**
**ਲੱਖ ਤੀਰਥ ਗੰਗਾ।**
**੪. ਲੱਖ ਸਮੁੰਦ ਗੜਾੜ ਵਿੱਚ**
**ਬਹੁ ਰੰਗ ਬਿਰੰਗਾ।**
**੫. ਲੱਖ ਗੜਾੜ ਤਰੰਗ ਵਿੱਚ**
**ਲੱਖ ਅੰਝੁ ਕਿਣੰਗਾ।**
**੬. ਪਿਰਮ ਪਿਆਲਾ ਪੀਵਣਾ**
**ਕੋ ਬੁਰਾ ਨ ਚੰਗਾ ॥੧੦॥**

***ਪਦ ਅਰਥ :*** ਗੜਾੜ—ਮਹਾਂ ਸਾਗਰ। ਅੰਝੁ—ਹੰਝੂ। ਕਿਣੰਗਾ—ਕਣੇ ਦਾ ਅੰਗ, ਬੂੰਦ ਦਾ ਹਿੱਸਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਨ੍ਹਾਂ ਗੁਰਮੁਖਾਂ ਨੂੰ ਉਸ ਪ੍ਰਭੂ ਦਾ ਪ੍ਰੇਮ ਪਿਆਲਾ ਪੀਣਾ ਨਸੀਬ ਹੋਇਆ ਹੈ ਉਨ੍ਹਾਂ ਦੀ ਮਾਨਸਕ ਅਵਸਥਾ ਵਿਚ ਕੀ ਬਦਲ ਆ ਜਾਂਦੀ ਹੈ ਇਹ ਦੱਸਣ ਦੀ ਕ੍ਰਿਪਾ ਕਰੋ, ਤਾਂ ਕਿ ਅਸੀਂ ਪਛਾਣ ਕਰ ਸਕੀਏ ?

ਉ: ਹੇ ਭਾਈਓ ! ਜਿਨ੍ਹਾਂ ਗੁਰਮੁਖਾਂ ਨੂੰ ਉਸ ਪ੍ਰਭੂ ਦੇ ਪ੍ਰੇਮ ਪਿਆਲੇ ਦੀ ਦਾਤ ਪ੍ਰਾਪਤ ਹੋ ਗਈ ਹੈ ਉਨ੍ਹਾਂ ਦੇ ਅੰਦਰ

ਆਤਮੇ ਸਮ-ਦ੍ਰਿਸ਼ਟੀ ਦਾ ਅੰਕੁਰ ਪੈਦਾ ਹੋ ਆਇਆ, ਭਾਵ ਉਨ੍ਹਾਂ ਦੇ ਅੰਦਰੋਂ ਪਰਾਈ (ਤਾਤ) ਸਾੜ, ਜਲਨ ਦਾ ਅਭਾਵ ਹੋ ਗਿਆ ਹੈ ਅਰਥਾਤ ਉਹ ਕਿਸੇ ਨਾਲ ਭੀ ਈਰਖਾ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੇ ਗੁਰਬਾਣੀ ਦੀ ਇਸ ਪੰਗਤੀ ਦੇ ਭਾਵ ਨੂੰ ਭਾਵਨਾ ਸਹਿਤ ਧਾਰਨ ਕਰ ਲਿਆ ਹੈ ਕਿ :

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥੧॥

*(ਕਾਨੜਾ ਮ: ੫, ਪੰਨਾ ੧੨੯੯)*

ਪ੍ਰੇਮ ਬਿਛੋਹੁ ਨ ਮੋਹੁ ਬਿਆਪੈ
ਨਾਨਕ ਹਰਿ ਏਕੁ ਧਿਆਈਐ ॥੩॥

*(ਬਿਲਾਵਲੁ ਮ: ੫, ਪੰਨਾ ੮੦੩)*

ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥
ਬਿਸਰਿ ਗਈ ਸਭ ਦੁਰਮਤਿ ਰੀਤਿ ॥

*(ਬਿਲਾਵਲੁ ਮ: ੫ ਪੰਨਾ ੮੦੨)*

ਗੁਰ ਮਿਲਿ ਤਿਆਗਿਓ ਦੂਜਾ ਭਾਉ ॥
ਗੁਰਮੁਖਿ ਜਪਿ ਹਰਿ ਕਾ ਨਾਉ ॥
ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥
ਜਨਮ ਜਨਮ ਕਾ ਸੋਇਆ ਜਾਗਾ ॥੧॥

*(ਭੈਰਉ ਮ: ੫, ਪੰਨਾ ੧੧੪੮)*

ਇਸ ਤਰ੍ਹਾਂ ਜਦੋਂ ਬਾਣੀ ਦਾ ਪਾਠ ਕਰਦਿਆਂ ਕਰਦਿਆਂ ਜਨਮ ਜਨਮਾਤ੍ਰਾਂ ਦਾ ਸੁਤਾ ਪਿਆ ਮਨ ਅਗਿਆਨਤਾ ਦੀ ਨੀਂਦ ਵੱਲੋਂ ਜਾਗ ਉਠਿਆ ਤਾਂ ਉਨ੍ਹਾਂ ਦੀ ਐਸੀ ਦਿੱਬ-ਦ੍ਰਿਸ਼ਟੀ ਪ੍ਰਕਾਸ਼ ਹੋ ਆਈ ਕਿ ਉਨ੍ਹਾਂ ਨੂੰ ਸਰਬ ਥਾਵਾਂ ਵਿਚ ਉਸੇ ਪ੍ਰਭੂ ਦੀ ਜੋਤ ਪ੍ਰਕਾਸ਼ ਕਰਦੀ ਨਜ਼ਰ ਆਈ। ਉਨ੍ਹਾਂ ਨੂੰ ਇਹ ਦ੍ਰਿਸ਼ਟੀ ਗੋਚਰ ਹੋ ਗਿਆ ਕਿ :

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

*(ਧਨਾਸਰੀ ਮ: ੧, ਪੰਨਾ ੧੩)*

ਪ੍ਰ: ਕਿਉਂ ਜੀ ! ਇਸ ਪ੍ਰੇਮ ਨੂੰ ਤੁਸੀਂ ਕਿਸ ਨਾਮ ਨਾਲ ਉਚਾਰਨ ਕਰਦੇ ਹੋ ?

ਉ: ਹੇ ਭਾਈਓ ! ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਜਾਣਕਾਰੀ ਮਿਲਦੀ ਹੈ ਕਿ ਪ੍ਰੇਮ ਭੀ ਇਕ ਸੱਚਾ ਪਦਾਰਥ ਹੈ ਜਿਸਦੀ ਸਹੀ ਰੂਪ ਰੇਖਾ ਨਾਮ ਹੈ, ਜਿਸ ਬਾਰੇ ਬਾਣੀ ਵਿਚ ਹੀ ਫ਼ੁਰਮਾਨ ਆਇਆ ਹੈ ਕਿ :

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥

*(ਸੋਰਠਿ ਮ: ੫, ਪੰਨਾ ੬੪੦)*

ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ ॥੬॥

*(ਆਸਾ ਮ: ੩, ਪੰਨਾ ੪੨੯)*

ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥

*(ਸ੍ਰੀ ਰਾਗੁ ਮ: ੧, ਪੰਨਾ ੬੧)*

ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਅਧਾਰੁ ॥੬॥

*(ਸੋਰਠਿ ਮ: ੩, ਪੰਨਾ ੬੩੮)*

ਸਤਿਗੁਰੁ ਮਿਲੈ ਤ ਪੂਰਾ ਪਾਈਐ
ਪ੍ਰੇਮ ਪਦਾਰਥੁ ਪਾਇਦਾ ॥੭॥
ਪ੍ਰੇਮ ਪਦਾਰਥੁ ਲਹੈ ਅਮੋਲੋ ॥
ਕਬਹੀ ਨ ਘਾਟਸਿ ਪੂਰਾ ਤੋਲੋ ॥

*(ਮਾਰੂ ਮ: ੧, ਪੰਨਾ ੧੦੩੬)*

ਇਸ ਤਰ੍ਹਾਂ ਹੋਰ ਭੀ ਬਹੁਤ ਸਾਰੀਆਂ ਪੰਗਤੀਆਂ ਬਾਣੀ ਵਿਚ ਆਉਂਦੀਆਂ ਹਨ, ਜਿਨ੍ਹਾਂ ਦਾ ਭਾਵ ਹੈ ਕਿ ਪ੍ਰੇਮ ਇਕ ਅਬਿਨਾਸ਼ੀ ਪਦਾਰਥ ਹੈ ਜੋ ਗੁਰਮੁਖਾਂ ਦੇ ਅੰਦਰ ਹੀ ਨਿਵਾਸ ਕਰਦਾ ਹੈ। ਜਿਨ੍ਹਾਂ ਦੇ ਅੰਤਰ ਆਤਮੇ ਆ ਵੱਸਿਆ ਉਹ ਸਹਿਜੇ ਹੀ ਆਪਣੇ ਸਹਿਜ ਸਰੂਪ ਵਿਚ ਸਮਾ ਜਾਂਦੇ ਹਨ, ਬਾਣੀ ਵਿਚ ਇਸ ਭਾਵ ਨੂੰ ਦਰਸਾਇਆ ਗਿਆ ਹੈ :

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ
ਸਹਜੇ ਰਹੇ ਸਮਾਈ ॥ *(ਸਾਰਗ ਮ: ੩, ਪੰਨਾ ੧੨੩੪)*

ਹੇ ਭਾਈ, ਇਨ੍ਹਾਂ ਉਪ੍ਰੋਕਤ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ।

ਪ੍ਰ: ਕਿਉਂ ਜੀ ! ਜਿਨ੍ਹਾਂ ਗੁਰਮੁਖਾਂ ਨੂੰ ਉਸ ਪ੍ਰਭੂ ਦਾ ਪ੍ਰੇਮ ਪਿਆਲਾ ਪੀਣਾ ਨਸੀਬ ਹੋਇਆ ਹੈ ਉਨ੍ਹਾਂ ਨੂੰ ਕਿਵੇਂ ਪਛਾਣਿਆ ਜਾਵੇ ?

ਉ: ਹੇ ਭਾਈਓ ! ਉਨ੍ਹਾਂ ਦੀ ਪਛਾਣ ਇਕ ਇਹੋ ਹੈ ਕਿ .

(੧) (ਉਨ੍ਹਾਂ) ਗੁਰਮੁਖਾਂ ਨੂੰ ਜੋ ਸੁਖ ਫਲ ਦੀ ਪ੍ਰਾਪਤੀ ਹੋਣੀ ਹੈ ਉਹ ਇਹੋ ਹੈ ਕਿ ਉਨ੍ਹਾਂ ਨੂੰ ਲੱਖਾਂ ਲਹਿਰਾਂ ਤੇ ਤਰੰਗਾਂ ਵਾਲੇ ਸੰਸਾਰ ਸਮੁੰਦਰ ਵਿਚੋਂ ਉਸ ਪ੍ਰਭੂ ਦੀ ਪਛਾਣ ਹੋ ਜਾਂਦੀ ਹੈ।

(੨) (ਜਿਵੇਂ ਕਿ) ਲੱਖਾਂ ਲਹਿਰਾ ਦਾ ਸਮੂਹ ਇਕ ਦਰਿਆਉ ਦਾ ਅੰਗ (ਰੂਪ) ਬਣ ਕੇ ਦਿੱਸਦਾ ਹੈ।
(੩) (ਜਿਵੇਂ ਇਕ) ਸਮੁੰਦਰ ਵਿਚੋਂ ਲੱਖਾਂ ਦਰਿਆਉ ਤੇ ਲੱਖਾਂ ਗੰਗਾ (ਵਰਗੇ ਤੀਰਥ) ਵੱਡੇ ਦਰਿਆਉ ਸਭ ਇਕ ਸਮੁੰਦਰ ਵਿਚ ਸਮਾਏ ਹੋਏ ਹਨ।
(੪) ਲੱਖਾਂ ਸਮੁੰਦਰ, ਮਹਾਂ ਸਾਗਰ ਵਿਚ ਖ਼ਤਮ ਜਾ ਹੁੰਦੇ ਹਨ, ਮਿਲਕੇ ਆਪਣੇ ਸਭ ਰੰਗ ਜਾਂ ਵੱਖਰੇ ਰੰਗ ਵਿਚੇ ਮਿਲਕੇ ਇਕੋ ਮਹਾਸਾਗਰ ਹੀ ਬਣ ਜਾਂਦੇ ਹਨ।
(੫) (ਪਰ) ਲੱਖਾਂ ਮਹਾਸਾਗਰ ਇਕ (ਗੁਰਮੁਖ ਦੀ ਗਿਆਨ) ਤਰੰਗ ਵਿਚ ਹਨ (ਤੇ ਲੱਖਾਂ ਪ੍ਰੇਮ ਰਸ ਵਾਲੇ ਗਿਆਨ ਦੇ) ਇਕ ਹੰਝੂ ਦੀ ਕਣੀ ਵਿਚ (ਲੁਕੇ ਹੋਏ) ਹਨ।
(੬) ਪਿਰਮ ਪਿਆਲਾ ਪੀਣ ਵਾਲੇ ਨੂੰ ਸਭ (ਇਕ ਸਮਾਨ ਲਗਦੇ) ਬੁਰਾ ਜਾਂ ਭਲਾ, ਸਭ ਲਈ ਇਕੋ ਜੇਹੇ ਹਨ।੧੦।

*ਭਾਵਾਰਥ :* ਇਸ ਲਈ ਭਾਈ ਸਾਹਿਬ ਦੀ ਪਉੜੀ ਦਾ ਭਾਵ ਭਾਈ ਨੰਦ ਲਾਲ ਜੀ ਆਪਣੀ ਰਚਨਾ ਵਿਚ ਇਉ ਅੰਕਤ ਕਰਦੇ ਹਨ ਕਿ :

"ਈਂ ਦੀਦਹ ਨੇਸਤ ਆਂ ਕਿ ਅਜ਼ੋ ਅਸ਼ਕ ਮੇ ਚਿਕੰਦ॥
ਜਾਮੇਂ ਮੁਹੱਬਤਸਤ ਕਿ ਸਰਸ਼ਾਰ ਮੇ ਰਵਦ॥" *(ਗਜ਼ਲ ੨੭)*

*ਅਰਥ :* ਇਹ ਅੱਖ ਨਹੀਂ ਜਿਨ੍ਹਾਂ ਵਿਚੋਂ ਹੰਝੂ ਡਿੱਗਦੇ ਹਨ, ਇਹ ਪ੍ਰੀਤ ਦਾ ਪਿਆਲਾ ਹੈ (ਜੋ ਭਰ ਭਰ ਕੇ ਉੱਛਲਦਾ ਹੈ) ਜਿਨ੍ਹਾਂ ਨੇ ਪ੍ਰੇਮ ਦਾ ਪਿਆਲਾ ਪੀਤਾ ਹੈ, ਨਾ ਕੋਈ ਬੁਰਾ ਨ ਚੰਗਾ ਹੀ ਭਾਸਦਾ ਹੈ (ਇਕ ਅਲੱਖ 'ਵਾਹਿਗੁਰੂ' ਵਿਚ ਦ੍ਰਿਸ਼ਟੀ ਹੈ) ਉਸਦੇ ਪ੍ਰੇਮ ਵਿਚ ਮਸਤ ਹਨ, ਉਸ ਲੋਕ ਦੀ ਇਕ ਬੂੰਦ ਬਿਨਾ ਲੱਖਾਂ ਗਿਆਨ ਦੇ ਤਰੰਗ ਹਨ। ਜਿਨ੍ਹਾਂ ਦੀ ਸਦਰਸ਼ਤਾ ਮਹਾ ਸਾਗਰ ਆਪਣੇ ਸਾਗਰਾ, ਨਦੀਆਂ, ਲਹਿਰਾਂ ਸਮੇਤ ਭੀ ਨਹੀਂ ਕਰ ਸਕਦਾ ਤਾਂ ਤੇ ਪ੍ਰੇਮਾ-ਭਗਤੀ ਦੀ ਇਕ ਹੰਝੂ ਦੀ ਬੂੰਦ ਵੱਡੀ ਅਮੋਲਕ ਹੈ।

## ੧੧. *ਪ੍ਰਭੂ ਦੀ ਬੇਅੰਤਤਾ*

**੧. ਇੱਕ ਕਵਾਉ ਪਸਾਉ ਕਰਿ
ਓਅੰਕਾਰੁ ਸੁਣਾਯਾ।
੨. ਓਅੰਕਾਰ ਅਕਾਰ ਲੱਖ
ਬ੍ਰਹਮੰਡ ਬਣਾਯਾ।
੩. ਪੰਜ ਤੱਤ ਉਤਪਤਿ ਲੱਖ
ਤ੍ਰੈ ਲੋਅ ਸੁਹਾਯਾ।
੪. ਜਲਿ ਥਲਿ ਗਿਰਿ ਤਰਵਰ ਸਫਲ
ਦਰੀਆਵ ਚਲਾਯਾ।
੫. ਲੱਖ ਦਰੀਆਉ ਸਮਾਉ ਕਰਿ
ਤਿਲ ਤੁੱਲ ਨ ਤੁਲਾਯਾ।
੬. ਕੁਦਰਤਿ ਇੱਕੁ ਅਤੋਲਵੀਂ
ਲੇਖਾ ਨਾ ਲਿਖਾਯਾ।
੭. ਕੁਦਰਤਿ ਕੀਮ ਨ ਜਾਣੀਐ
ਕਾਦਰੁ ਕਿਨਿ ਪਾਯਾ॥੧੧॥**

*ਪਦ ਅਰਥ :* ਕਵਾਉ—ਵਾਕ, ਬੋਲ। ਪਸਾਉ—ਸਭ ਪਸਾਰਾ। ਅਕਾਰ—ਸਰੂਪ, ਮੂਰਤਾਂ। ਕੁਦਰਤਿ—ਪ੍ਰਭੂ ਦੀ ਰਚਨਾ। ਸਮਾਉ—ਪਰਿਮਾਣ, ਵੱਟਾ, ਤੋਲ। ਕਾਦ੍ਰਰੁ—ਕਰਨਹਾਰ, ਪ੍ਰਮੇਸ਼ਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਹਿੰਦੂ ਮੱਤ ਦੇ ਪੁਰਾਤਨ ਛੇ ਸ਼ਾਸਤ੍ਰ ਪੜ੍ਹਦੇ ਹਾਂ ਤਾਂ ਉਨ੍ਹਾਂ ਦੁਆਰੇ ਇਸ ਸੰਸਾਰ ਦੀ ਆਦਿ ਵਿਚ ਰਚਨਾ ਰਚੀ ਜਾਣ ਦੇ ਸੰਬੰਧ ਵਿਚ ਭਿੰਨ ਭਿੰਨ ਕਾਰਨ ਮੰਨੇ ਗਏ ਹਨ, ਪਰ ਕੀ ਦਸੋਗੇ ਕਿ ਗੁਰਮਤਿ ਅਨੁਸਾਰ ਇਸ ਸੰਸਾਰ ਦੀ ਅਰੰਭਤਾ ਦਾ ਆਦਿ ਕਾਰਨ ਕੀ ਮੰਨਿਆ ਗਿਆ ਹੈ ?

ਉ: ਹੇ ਭਾਈਓ ! ਇਹੋ ਪ੍ਰਸ਼ਨ ਸੁਮੇਰ ਪ੍ਰਬਤ ਤੇ ਵੱਸਣ ਵਾਲੇ ਸਿੱਧਾਂ ਨੇ ਕੀਤਾ ਸੀ ਕਿ ਇਸ ਸੰਸਾਰ ਦੀ ਰਚਨਾ ਰਚਨ ਦਾ ਅਰੰਭ ਕਿਵੇਂ ਹੋਇਆ, ਉਹ ਵੇਲਾ, ਵਖਤ, ਘੜੀ, ਮਹੀਨਾ, ਥਿੱਤ, ਵਾਰ, ਕੇਹੜੀ ਸੀ ? ਇਸ ਦੇ ਉੱਤਰ ਵਿਚ ਗੁਰੂ ਨਾਨਕ ਪਾਤਿਸ਼ਾਹ ਨੇ ਇਹੋ ਉੱਤਰ ਫ਼ੁਰਮਾਇਆ ਸੀ ਕਿ ਹੇ ਸਿਧੋ! ਸੁਣੋ :

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥
*(ਜਪੁਜੀ, ਪੰਨਾ ੪)*

ਭਾਵ ਹੈ, ਜੋ ਕਰਨਹਾਰ ਕਰਤਾਰ ਇਸ ਪ੍ਰਪੰਚ ਦੀ ਰਚਨਾ ਨੂੰ ਰਚਨ ਵਾਲਾ ਹੈ ਇਸਦੇ ਭੇਦ ਨੂੰ ਉਹ ਆਪ ਹੀ ਜਾਣਦਾ ਹੈ, ਕਿਉਂਕਿ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥
*(ਸ੍ਰੀ ਰਾਗੁ ਮ: ੧, ਪੰਨਾ ੫੩)*

ਭਾਵ, ਕੋਈ ਮਨੁੱਖ ਕਿਸੇ ਨੂੰ ਕਿਸੇ ਕੀਤੇ ਜਾ ਰਹੇ ਕੰਮ ਬਾਰੇ ਤਦੋਂ ਹੀ ਪੁੱਛਣ ਦਾ ਖ਼ਿਆਲ ਕਰਦਾ ਹੈ ਜਿਸਨੂੰ ਇਹ ਸ਼ੱਕ ਹੋਵੇ ਕਿ ਮੇਰੇ ਪਾਸੋਂ ਕੋਈ ਗ਼ਲਤੀ ਨ ਹੋ ਜਾਵੇ ਮੈਂ ਕਿਸੇ ਦੂਜੇ ਨੂੰ ਪੁੱਛ ਲਵਾਂ, ਪਰ ਉਸ ਰਚਨਹਾਰ ਕਰਤਾਰ ਬਾਰੇ ਤਾਂ ਬਾਣੀ ਦਾ ਫ਼ੁਰਮਾਨ ਹੈ ਕਿ :

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ ॥
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ
ਜਾਂ ਅਵਰੁ ਨ ਦੂਜਾ ਕੀਆ ॥ *(ਪਉੜੀ, ਪੰਨਾ ੫੫੧)*

ਪ੍ਰ: ਭਾਈ ਸਾਹਿਬ ਜੀਉ ! ਗੁਰਬਾਣੀ ਅਨੁਸਾਰ ਆਪ ਜੀ ਇਸ ਸੰਸਾਰ ਦੀ ਰਚਨਾ ਨੂੰ ਆਦਿ ਵਿਚ ਕਿਵੇਂ ਅਰੰਭੀ ਗਈ ਅਨੁਭਵ ਕਰਦੇ ਹੋ ਇਸ ਸੰਬੰਧ ਵਿਚ ਕੋਈ ਰੱਬੀ ਬਾਣੀ ਵਿਚੋਂ ਉਦਾਹਰਣ ਦਿਓ ਤਾਂ ਕਿ ਅਸੀਂ ਨਿਸਚਿੰਤ ਹੋ ਸਕੀਏ ?

ਉ: ਹੇ ਭਾਈਓ ! ਇਲਾਹੀ ਬਾਣੀ ਦੀ ਵੀਚਾਰ ਕਰਦਿਆਂ ਮੇਰੇ ਸਾਹਮਣੇ ਇਹ ਪੰਗਤੀਆਂ ਆਈਆਂ ਹਨ, ਜਿਨ੍ਹਾਂ ਰਾਹੀਂ ਸੋਝੀ ਪੈਂਦੀ ਹੈ ਕਿ ਉਸ ਕਰਤਾਰ ਨੇ ਇਸ ਸੰਸਾਰ ਦੀ ਰਚਨਾ ਆਦਿ ਵਿਚ ਕਿਵੇਂ ਅਰੰਭੀ ਹੈ, ਹੁਕਮ ਆਇਆ ਹੈ ਕਿ :

ਓਅੰਕਾਰਿ ਉਤਪਾਤੀ ॥
ਕੀਆ ਦਿਨਸੁ ਸਭ ਰਾਤੀ ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥
ਚਾਰਿ ਬੇਦ ਚਾਰੇ ਖਾਣੀ ॥
ਖੰਡ ਦੀਪ ਸਭਿ ਲੋਆ ॥
ਏਕ ਕਵਾਵੈ ਤੇ ਸਭਿ ਹੋਆ ॥੧॥
*(ਮਾਰੂ ਮ: ੫, ਪੰਨਾ ੧੦੦੩)*

ਓਅੰਕਾਰ ਆਦਿ ਮੈ ਜਾਨਾ ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥
ਓਅੰਕਾਰ ਲਖੈ ਜਉ ਕੋਈ ॥
ਸੋਈ ਲਖਿ ਮੇਟਣਾ ਨ ਹੋਈ ॥੬॥
*(ਗਉੜੀ ਕਬੀਰ ਜੀ, ਪੰਨਾ ੩੪੦)*

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥
ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥੪॥
*(ਕਾਨੜਾ ਮ: ੪, ਪੰਨਾ ੧੩੧੦)*

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥
ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥੧॥
*(ਰਾਮਕਲੀ ਮ: ੧, ਪੰਨਾ ੯੨੯)*

ਜੁਗ ਛਤੀਹ ਕੀਓ ਗੁਬਾਰਾ ॥
ਤੂ ਆਪੇ ਜਾਣਹਿ ਸਿਰਜਣਹਾਰਾ ॥
ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ
ਤੂ ਆਪੇ ਕੀਮਤਿ ਪਾਇਦਾ ॥੧॥
ਓਅੰਕਾਰਿ ਸਭ ਸ੍ਰਿਸਟਿ ਉਪਾਈ ॥
ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥
ਆਪੇ ਵੇਕ ਕਰੇ ਸਭਿ ਸਾਚਾ
ਆਪੇ ਭੰਨਿ ਘੜਾਇਦਾ ॥੨॥
*(ਮਾਰੂ ਮ: ੩, ਪੰਨਾ ੧੦੬੧)*

ਓਅੰ ਗੁਰਮੁਖਿ ਕੀਓ ਅਕਾਰਾ ॥
ਏਕਹਿ ਸੂਤਿ ਪਰੋਵਨਹਾਰਾ ॥
ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥
ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥
*(ਗਉੜੀ ਮ: ੫, ਪੰਨਾ ੨੫੦)*

ਹੇ ਭਾਈਓ ! ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਕੁਝ ਪੰਗਤੀਆਂ ਦੁਆਰੇ ਗੁਰਮਤ ਦਾ ਭਾਵ ਅੰਕਤ ਕੀਤਾ ਹੈ ਜਿਨ੍ਹਾਂ ਵਿਚ ਇਸ ਸ੍ਰਿਸਟੀ ਦੀ ਆਦਿ ਅਰੰਭਤਾ ਦਾ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕਿ :

(੧) (ਹੇ ਭਾਈਓ ! ਉਸ ਪ੍ਰਮੇਸ਼ਰ ਨੇ) ਇਕ ਵਾਰ (ਮੂੰਹੋਂ ਬੋਲਿਆ) ਕਿ ਸਭ (ਸ੍ਰਿਸਟੀ ਦਾ) ਪਸਾਰਾ ਪਸਰਿਆ ਗਿਆ।

(੨) (ਫਿਰ) ਓਅੰਕਾਰ (ਦਾ ਸਬਦ) ਸੁਣਾਇਆ। ਓਅੰਕਾਰ ਤੋਂ ਲੱਖਾਂ ਅਕਾਰ (ਹੋਂਦ ਵਿਚ ਆਏ ਤੇ) ਇਸੇ ਤਰ੍ਹਾਂ ਸਾਰਾ ਬ੍ਰਹਿਮੰਡ ਬਣਾ ਦਿੱਤਾ।

(੩) ਲੱਖਾਂ ਹੀ ਪੰਜ ਤੱਤਾਂ ਤੋਂ (ਜੀਵ) ਉਤਪੰਨ ਹੋ ਗਏ ਤੇ ਤਿੰਨੇ ਲੋਕ (ਧਰਤੀ, ਅਕਾਸ਼ ਤੇ ਪਤਾਲ) ਸੋਭਾ ਦੇਣ (ਲਈ) ਬਣ ਗਏ।

(੪) ਜਲ, ਥਲ, ਪਹਾੜ ਤੇ ਫਲਾਂ ਵਾਲੇ ਬ੍ਰਿਛ ਬੂਟੇ, ਅਤੇ

ਲੱਖਾ ਹੀ ਦਰੀਆਉ ਚਲਾ ਦਿਤੇ।

(੫) (ਹੋਰ ਸਭ ਵਸਤੂਆਂ ਛੱਡ) ਕੇ ਲੱਖਾਂ ਦਰੀਆਵਾਂ ਨੂੰ ਇਕੱਠਿਆਂ ਕਰ ਪਾਣੀ ਨੂੰ ਤੋਲੀਏ ਤਦ ਤਿਲ ਜਿੰਨੇ ਤੋਲ ਦਾ ਭੀ ਨਹੀਂ ਹੋ ਸਕਦਾ।

(੬) ਜਦੋਂ ਇਕੋ ਚੀਜ਼ (ਦਰੀਆਵਾਂ) ਦਾ ਹੀ ਹਿਸਾਬ ਨਹੀਂ ਲਗਦਾ, ਅਤੋਲ ਹੈ, ਤਾਂ ਉਸਦੀ ਸਾਰੀ ਕੁਦਰਤ ਦੇ ਭੰਡਾਰਾਂ ਨੂੰ ਕੌਣ ਤੋਲੇਗਾ, ਜਾਂ ਇਸਦਾ ਕੌਣ ਲੇਖਾ ਲਾ ਸਕਦਾ ਹੈ।

(੭) (ਇਸ ਲਈ ਸੋਚੋ ਕਿ) ਜਿਸਦੀ ਕੁਦਰਤ ਦਾ ਹੀ ਅੰਤ ਨਹੀਂ ਆਉਂਦਾ, ਉਸ ਕਾਦਰ ਦੀ ਕੀਮਤ ਨੂੰ ਕੌਣ ਪਾ ਸਕਦਾ ਹੈ।

ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ
ਦਾਤੇ ਕਵਣੁ ਸੁਮਾਰੁ ॥੨॥ *(ਪੰਨਾ ੧੨)*

ਭਾਵ ਹੇ ਅਕਾਲ ਪੁਰਖ! ਤੇਰੇ ਖ਼ਜ਼ਾਨੇ ਦੀ ਕੀਮਤ ਨਹੀਂ ਹੁੰਦੀ, ਉਸ ਖ਼ਜ਼ਾਨੇ ਦੇ ਮਾਲਕ ਦੀ ਗਿਣਤੀ ਕੌਣ ਕਰ ਸਕਦਾ ਹੈ, ਭਾਵ ਕੋਈ ਭੀ ਨਹੀਂ ਕਰ ਸਕਦਾ।੧੧।

***ਭਾਵਾਰਥ :*** ਉਸ ਸਿਰਜਨਹਾਰ ਨੇ ਇਸ ਸੰਸਾਰ ਦੀ ਸਿਰਜਨਾ ਇਕੋ ਕਵਾਉ ਤੋਂ ਕੀਤੀ ਹੈ, ਜਿਸ ਦੇ ਬਾਰੇ ਵਿਚ ਕੋਈ ਭੀ ਕੁਝ ਕਹਿਣ ਦੀ ਸਮਰੱਥਾ ਨਹੀਂ ਰੱਖਦਾ। ਆਖ਼ਰ ਬੇਅੰਤ, ਬੇਅੰਤ ਹੀ ਕਹਿਣਾ ਬਣਦਾ ਹੈ।

## ੧੨. ਪ੍ਰੇਮ ਪਿਆਲਾ ਬੇ-ਕੀਮਤਾ ਹੈ

**੧. ਗੁਰਮੁਖਿ ਸੁਖ ਫਲ ਪ੍ਰੇਮ ਰਸ**
**ਅਬਿਗਤਿ ਗਤਿ ਭਾਈ।**
**੨. ਪਾਰਾਵਾਰੁ ਅਪਾਰੁ ਹੈ**
**ਕੋ ਆਇ ਨ ਜਾਈ।**
**੩ ਆਦਿ ਅੰਤਿ ਪਰਯੰਤ ਨਾਹਿ**
**ਪਰਮਾਦਿ ਵਡਾਈ।**
**੪. ਹਾਥ ਨ ਪਾਇ ਅਥਾਹ ਦੀ**
**ਅਸਗਾਹ ਸਮਾਈ।**
**੫. ਪਿਰਮ ਪਿਆਲੇ ਬੂੰਦ ਇੱਕ**
**ਕਿਨਿ ਕੀਮਤਿ ਪਾਈ।**
**੬. ਅਗਮਹੁ ਅਗਮ ਅਗਾਧਿ ਬੋਧ**
**ਗੁਰੁ ਅਲਖੁ ਲਖਾਈ॥੧੨॥**

***ਪਦ ਅਰਥ :*** ਅਬਿਗਤਿ—ਨ ਜਾਣੀ ਜਾ ਸਕਣ ਵਾਲੀ ਹਾਲਤ। ਅਥਾਹ—ਜਿਸ ਦਾ ਹਾਥ ਨਾ ਹੋ ਸਕੇ। ਅਸਗਾਹ—ਉਰਾਰ ਤੇ ਪਾਰ। ਪਰਮਾਦਿ—ਆਦਿ ਅੰਤ ਤੋਂ ਰਹਿਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਗੁਰਮੁਖਾਂ ਨੂੰ ਉਸ ਪ੍ਰਭੂ ਦੇ ਪ੍ਰੇਮ ਰਸ ਦਾ ਸੁਖ ਫਲ ਹਾਸਲ ਹੋਇਆ ਹੈ ਕੀ ਉਸ ਦੀ ਕੀਮਤ ਦਾ ਕੋਈ ਅੰਦਾਜ਼ਾ ਦੱਸੋਗੇ? ਕਿਉਂਕਿ ਦੁਨੀਆਂ ਦੇ ਹਰ ਪਦਾਰਥ ਦੀ ਮਨੁੱਖ ਨੇ ਕੀਮਤ ਦਾ ਅਨੁਮਾਨ ਲਗਾਇਆ ਹੋਇਆ ਹੈ?

ਉ: ਹੇ ਭਾਈਓ! ਇਹ ਠੀਕ ਹੈ ਕਿ ਮਨੁੱਖ ਨੇ ਸੰਸਾਰ ਦੇ ਹਰ ਮਾਇਕੀ ਪਦਾਰਥ ਨੂੰ ਆਪਣੀ ਸੂਝ-ਬੂਝ ਅਨੁਸਾਰ ਤੋਲਣ ਤੇ ਮਾਪਣ ਦਾ ਯਤਨ ਕਰ ਲਿਆ ਹੈ, ਇਸ ਵਿਚ ਉਸਨੂੰ ਸਫਲ ਭੀ ਜਾਣਿਆ ਗਿਆ ਹੈ। ਪਰ ਪ੍ਰਭੂ ਦੇ ਪ੍ਰੇਮ ਰਸ ਦੀ ਜਿਸਨੂੰ ਪ੍ਰਾਪਤੀ ਹੋਈ ਹੈ ਉਸਨੂੰ ਅਨੁਮਾਨਣ ਵਿਚ ਮਨੁੱਖ ਅਸਫਲ ਹੈ, ਕਿਉਂਕਿ ਇਸ ਮਨੁੱਖ ਦੀ ਉਥੇ ਤਕ ਗੰਮਤਾ ਹੀ ਨਹੀਂ ਹੈ।

ਪ੍ਰ: ਕਿਉਂ ਜੀ! ਦਸੋਗੇ ਇਸ ਦਾ ਸਹੀ ਕਾਰਨ ਕੀ ਹੈ?

ਉ: ਹੇ ਭਾਈ! ਅਸਲ ਕਾਰਨ ਇਹੋ ਹੈ ਕਿ ਜਿਸ ਪ੍ਰੇਮ ਰਸ ਦੀ ਗੁਰਮੁਖਾਂ ਨੂੰ ਪ੍ਰਾਪਤੀ ਹੋਈ ਹੈ ਉਸ ਰਸ ਦਾ ਸੋਮਾ ਉਹ ਅਕਾਲ ਪੁਰਖ ਖ਼ੁਦ ਹੈ ਜਿਸ ਦੀ ਕੀਮਤ ਨਹੀਂ ਪਾਈ ਜਾ ਸਕਦੀ ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਗਿਆ ਹੈ, ਜਿਵੇਂ ਕਿ :

ਸਾਚਾ ਸਾਹਿਬੁ ਸਚੁ ਦਰਬਾਰੁ॥
ਕੀਮਤਿ ਕਉਣੁ ਕਹੈ ਬੀਚਾਰੁ॥
*(ਧਨਾਸਰੀ ਮ: ੫, ਪੰਨਾ ੬੭੭)*

ਕੀਮਤਿ ਕਉਣ ਕਰੇ ਤੁਧੁ ਭਾਵਾਂ
ਦੇਖਿ ਦਿਖਾਵੈ ਢੋਲੋ॥ *(ਤੁਖਾਰੀ ਮ: ੧, ਪੰਨਾ ੧੧੦੮)*

ਕੀਮਤਿ ਕਉਣੁ ਕਰੇ ਤੇਰੀ ਕਰਤੇ
ਪ੍ਰਭ ਅੰਤੁ ਨ ਪਾਰਾਵਾਰੀ॥੭॥
*(ਰਾਮਕਲੀ ਮ: ੫, ਪੰਨਾ ੯੧੬)*

ਕੀਮਤਿ ਕਉਣੁ ਕਰੇ ਪ੍ਰਭ ਤੇਰੀ
ਤੂ ਆਪੇ ਸਹਜਿ ਸਮਾਇਆ ॥੮॥
*(ਮਾਰੂ ਮ: ੩, ਪੰਨਾ ੧੦੬੭)*

ਕੀਮਤਿ ਕਉਣੁ ਕਰੈ ਪ੍ਰਭ ਤੇਰੀ
ਤੂ ਸਰਬ ਜੀਆ ਦਇਆਲਾ ॥
ਸਭੁ ਕਿਛੁ ਕੀਤਾ ਤੇਰਾ ਵਰਤੈ
ਕਿਆ ਹਮ ਬਾਲ ਗੁਪਾਲਾ ॥
*(ਸੋਰਠਿ ਮ: ੫, ਪੰਨਾ ੬੦੮)*

ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥
*(ਮਾਝ ਮ: ੫, ਪੰਨਾ ੧੩੭)*

ਕੀਮਤਿ ਕੋਇ ਨ ਜਾਣੈ ਦੂਜਾ ॥
ਆਪੇ ਆਪਿ ਨਿਰੰਜਨ ਪੂਜਾ ॥
*(ਮਾਰੂ ਮ: ੫, ਪੰਨਾ ੧੦੮੧)*

ਆਪੇ ਹੋਵਹਿ ਗੁਪਤੁ ਆਪੇ ਪਰਗਟੀਐ ॥
ਕੀਮਤਿ ਕਿਸੈ ਨ ਪਾਇ ਤੇਰੀ ਥਟੀਐ ॥
*(ਪਉੜੀ, ਪੰਨਾ ੯੬੬)*

ਕੀਮਤਿ ਕਹਣੁ ਨ ਜਾਈਐ ਅੰਤੁ ਨ ਪਾਰਾਵਾਰੁ ॥
*(ਸਲੋਕ ਮ: ੫, ਪੰਨਾ ੯੬੨)*

ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ ॥
ਸਿਧ ਸਾਧਿਕ ਗਿਆਨੀ ਧਿਆਨੀਆ
ਕਉਣੁ ਤੁਧੁਨੋ ਤੋਲੈ ॥ *(ਪਉੜੀ, ਪੰਨਾ ੧੧੦੨)*

ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ ॥
*(ਸ੍ਰੀ ਰਾਗੁ ਮ: ੫, ਪੰਨਾ ੪੬)*

ਹਰਿ ਕੇ ਨਾਮ ਕੀ ਵਡਿਆਈ ॥
ਕੀਮਤਿ ਕਹਣੁ ਨ ਜਾਈ ॥੧॥
*(ਰਾਮਕਲੀ ਮ: ੫, ਪੰਨਾ ੮੮੦)*

ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥
ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ ॥...
ਕੀਮਤਿ ਕਹਣੁ ਨ ਜਾਈਐ ਪਰਮੇਸੁਰੁ ਬੇਅੰਤੁ ॥
ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ ॥
*(ਮਾਝ ਮ: ੫, ਪੰਨਾ ੧੩੭)*

ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥
*(ਬਿਲਾਵਲੁ ਮ: ੫, ਪੰਨਾ ੮੦੮)*

ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ ॥
ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ ॥੨॥
*(ਬਿਲਾਵਲ ਮ: ੫, ਪੰਨਾ ੮੧੩)*

ਕੀਮਤਿ ਕਹੀ ਨ ਜਾਈ ਠਾਕੁਰ
ਤੇਰਾ ਮਹਲੁ ਅਪਾਰਾ ॥
*(ਤੁਖਾਰੀ ਮ: ੫, ਪੰਨਾ ੧੧੧੭)*

ਕੀਮਤਿ ਕਾਗਦ ਕਹੀ ਨ ਜਾਈ ॥
ਕਹੁ ਨਾਨਕ ਬੇਅੰਤ ਗੁਸਾਈ ॥
*(ਮਾਰੂ ਮ: ੫, ਪੰਨਾ ੧੦੮੨)*

ਕੀਮਤਿ ਕਿਛੁ ਕਹਣੁ ਨ ਜਾਈ
ਸਾਚੇ ਸਚੁ ਅਲਖ ਅਭੇਵਾ ॥
*(ਰਾਮਕਲੀ ਮ: ੫, ਪੰਨਾ ੮੯੬)*

ਕੀਮਤਿ ਕਿਨੈ ਨ ਪਾਈਆ
ਸਭਿ ਸੁਣਿ ਸੁਣਿ ਆਖਹਿ ਸੋਇ ॥੨॥
*(ਸ੍ਰੀ ਰਾਗੁ ਮ: ੧, ਪੰਨਾ ੫੩)*

ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥
ਸਾਚਾ ਸਾਹਿਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥
*(ਸ੍ਰੀ ਰਾਗੁ ਮ: ੧, ਪੰਨਾ ੧੫)*

ਅਗਮੁ ਅਗੋਚਰੁ ਅਤਿ ਵਡਾ
ਅਤੁਲੁ ਨ ਤੁਲਿਆ ਜਾਇ ॥
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥
*(ਸਲੋਕ ਮ: ੩, ਪੰਨਾ ੫੫੫)*

ਕੀਮਤਿ ਕਿਨੈ ਨ ਪਾਈਆ ਬੇਅੰਤੁ ਪ੍ਰਭੁ ਹਰਿ ਸੋਇ ॥
*(ਮ: ੪, ਪੰਨਾ ੧੩੧੩)*

ਕੀਮਤਿ ਕਿਨੈ ਨ ਪਾਈਐ
ਰਿਦ ਮਾਣਕ ਮੋਲਿ ਅਮੋਲਿ ॥
*(ਸ੍ਰੀ ਰਾਗੁ ਮ: ੧, ਪੰਨਾ ੨੨)*

ਰਤਨ ਅਮੋਲਕੁ ਅਗਮ ਅਪਾਰਾ ॥
ਕੀਮਤਿ ਕਵਣੁ ਕਰੇ ਵੇਚਾਰਾ ॥
*(ਮਾਰੂ ਮ: ੩, ਪੰਨਾ ੧੦੫੩)*

ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥......
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰ ਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
*(ਆਸਾ ਮ: ੧, ਪੰਨਾ ੯)*

ਹੇ ਭਾਈਓ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਲਿਖਣ ਸਮੇਂ ਹੋਰ ਭੀ ਐਸੇ ਭਾਵ ਦੀਆਂ ਬਹੁਤ ਸਾਰੀਆਂ ਪੰਗਤੀਆਂ ਮੇਰੇ ਲਿਖਣ ਤੇ ਪੜ੍ਹਨ ਵਿਚ ਆਈਆਂ ਹਨ, ਜਿਨ੍ਹਾਂ ਦਾ ਭਾਵ ਸਪਸ਼ਟ ਹੈ ਕਿ ਉਹ

ਪ੍ਰਮੇਸ਼ਰ ਪ੍ਰੇਮ-ਰਸ ਦਾ ਸੋਮਾ ਹੈ, ਜਿਸ ਸੋਮੇ ਵਿਚੋਂ ਗੁਰਮੁਖਾਂ ਨੂੰ ਪ੍ਰੇਮ ਰਸ ਦੀ ਪ੍ਰਾਪਤੀ ਹੋਈ ਹੈ। ਜਦ ਉਹ ਪ੍ਰਮੇਸ਼ਰ ਹੀ ਬੇ-ਕੀਮਤਾ ਹੈ ਤਾਂ ਦੱਸੋ ਉਸ ਵਿਚੋਂ ਉਪਜੇ ਪ੍ਰੇਮ ਰਸ ਦੀ ਕੀਮਤ ਕੋਈ ਕਿਵੇਂ ਕਹਿ ਸਕਦਾ ਹੈ। ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਲਾਇਨਾਂ ਉੱਕਰੀਆਂ ਹਨ:

(੧) ਹੇ ਭਾਈਓ: ਗੁਰਮੁਖਾਂ ਦਾ ਸੁਖ ਫਲ ਪ੍ਰੇਮ ਦਾ (ਹੀ) ਰਸ ਹੈ, ਜਿਸਦੀ ਹਾਲਤ (ਉਚ ਦਸ਼ਾ) ਦੇ ਅੰਤ ਨੂੰ ਕੋਈ ਨਹੀਂ ਪਾ ਸਕਦਾ।
(੨) ਇਸਦਾ ਪਾਰਾਵਾਰ (ਉਰਾਰ ਪਾਰ) ਅਪਾਰ (ਅੰਤ ਰਹਿਤ) ਹੈ, ਜਿਥੇ ਕੋਈ ਆ ਜਾ ਨਹੀਂ ਸਕਦਾ।
(੩) ਇਸਦਾ ਆਦਿ ਤੇ ਅੰਤ ਨਹੀਂ ਹੈ, ਜਿਸਦੀ ਵਡਿਆਈ ਵੀ ਬਹੁਤ ਵੱਡੀ ਹੈ।
(੪) ਕੋਈ ਇਸ ਅਥਾਹ ਦੀ ਥਾਹ ਨਹੀਂ ਪਾ ਸਕਦਾ ਕਿਉਂਕਿ ਇਹ ਅਸਗਾਹ (ਆਦਿ ਅੰਤ ਰਹਿਤ ਵਿਚ) ਸਮਾਇਆ ਹੋਇਆ ਹੈ।
(੫) ਇਸ ਪਿਆਲੇ ਦੀ ਇਕ ਬੂੰਦ ਦੀ ਵੀ ਕਿਸੇ ਨੇ ਕੀਮਤ ਨਹੀਂ ਪਾਈ।
(੬) ਉਹ ਅਗਮੋਂ ਵੀ ਅਗਮ ਤੇ ਅਗਾਧ ਬੋਧ ਹੈ, ਪਰ ਐਸੇ ਅਲੱਖ (ਨਾ ਲਖੇ ਜਾਣ ਵਾਲੇ ਪ੍ਰਭੂ ਵਿਚ ਗੁਰਦੇਵ) ਗੁਰੂ (ਨਾਨਕ ਜੀ) ਸਮਾਏ ਹੋਏ ਹਨ।੧੨।

ਇਸ ਪਉੜੀ ਦੇ ਭਾਵਾਰਥ ਨੂੰ ਦੀਵਾਨ ਗੋਯਾ ਆਪਣੀ ਗਜ਼ਲ ਨੰ: ੭੫ ਵਿਚ ਇਉਂ ਅੰਕਤ ਕਰਦੇ ਹਨ:

ਤਾ ਮੁਰਸ਼ਿਦੇ ਕਾਮਿਲ ਨ ਦਿਹਦ ਦਸਤਿ ਬ੍ਰਹਮ।
ਗੋਯਾ ਦਿਲੇ ਗ਼ਮਗੀਨ ਤੁ ਚੂੰ ਸ਼ਾਦ ਸ਼ਵਦ।

*ਅਰਥ:* ਹੇ ਕਵੀ! ਤੇਰਾ ਗ਼ਮਗੀਨ ਦਿਲ ਕਿਵੇਂ ਖ਼ੁਸ਼ ਹੋਵੇ, ਜਿਥੋਂ ਤੋੜੀ ਪੂਰਾ ਸਤਿਗੁਰੂ ਆਪਣਾ ਹੱਥ ਨ ਫੜਾਵੇ (ਭਾਵ ਕੁਮਕ ਨ ਕਰੇ)।

## ੧੩. *ਪਿਰਮ ਰਸ ਦੀ ਇੱਕ ਨਿਮਖ*

**੧. ਗੁਰਮੁਖਿ ਸੁਖ ਫਲ ਪਿਰਮ ਰਸ**
**ਤਿਲ ਅਲਖ ਅਲੇਖੈ।**
**੨. ਲੱਖ ਚਉਰਾਸੀਹ ਜੂਨਿ ਵਿਚ**
**ਜੀਅ ਜੰਤ ਵਿਸੇਖੈ।**
**੩. ਸਭਨਾਂ ਦੀ ਰੋਮਾਵਲੀ**
**ਬਹੁ ਬਿਧਿ ਬਹੁ ਰੇਖੈ।**
**੪. ਰੋਮਿ ਰੋਮਿ ਲੱਖ ਲੱਖ**
**ਸਿਰ ਮੁਹੁ ਲੱਖ ਸਰੇਖੈ।**
**੫. ਲੱਖ ਲੱਖ ਮੁਹਿ ਮੁਹਿ ਜੀਭੁ ਕਰਿ**
**ਸੁਣਿ ਬੋਲੈ ਦੇਖੈ।**
**੬. ਸੰਖ ਅਸੰਖ ਇਕੀਹ ਵੀਹ**
**ਸਮਸਰ ਨ ਨਿਮੇਖੈ॥੧੩॥**

*ਪਦ ਅਰਥ:* ਤਿਲ—ਰਤੀ ਭਰ। ਅਲੇਖੈ—ਲੇਖੇ ਤੋਂ ਪਰੇ। ਰੋਮਾਵਲੀ—ਰੋਮਾਂ ਦੀ ਪੰਗਤੀ। ਸਰੇਖੈ—ਅਗੇ ਤੋਂ ਅੱਗੇ, ਸਾਰਖੇ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਆਖ਼ਰ ਆਪ ਜੀ ਨੇ ਪ੍ਰੇਮ ਦੇ ਸੁਖ ਫਲ ਦਾ ਜੋ ਅਨੁਮਾਨ ਕੀਤਾ ਹੈ, ਉਸ ਬਾਰੇ ਕੁਝ ਤਾਂ ਜਾਣਕਾਰੀ ਦਿਓ ਤਾਕਿ ਸਾਡੀ ਭੀ ਕੁਝ ਉਸ ਸੁਖ ਫਲ ਵਿਚ ਸ਼ਰਧਾ ਹੋ ਸਕੇ?

ਉ: ਹੇ ਭਾਈਓ! ਬਾਣੀ ਦੀ ਵੀਚਾਰ ਕਰਦਿਆਂ ਜੋ ਮੈਨੂੰ ਗੁਰਮੁਖਾਂ ਦੇ ਸੁਖ ਫਲ ਦੀ ਸੂਝ-ਬੂਝ ਮਿਲ ਸਕੀ ਹੈ, ਉਸ ਨੂੰ ਮੁਖ ਰਖਦਿਆਂ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਜੋ ਗੁਰਮੁਖਾਂ ਨੂੰ ਪ੍ਰੇਮ ਦੁਆਰੇ ਸੁਖ ਫਲ ਦੀ ਪ੍ਰਾਪਤੀ ਹੋਈ ਹੈ ਉਸ ਸੁਖ ਦਾ ਤਿਲ-ਮਾਤ੍ਰ ਭੀ ਕਥਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਸੁਖ ਇਕ ਸਾਗਰ ਦੀ ਨਿਆਈਂ ਹੈ, ਜਿਵੇਂ ਸਾਗਰ ਦਾ ਪਾਣੀ ਅਥਾਹ ਹੈ ਇਸੇ ਤਰ੍ਹਾਂ ਗੁਰਮੁਖਾਂ ਨੂੰ ਪ੍ਰੇਮ ਦੁਆਰਾ ਪ੍ਰਾਪਤ ਹੋਇਆ ਸੁਖ ਭੀ ਅਮਾਪ ਤੇ ਅਥਾਹ ਹੈ, ਜਿਸਨੂੰ ਕਿਵੇਂ ਭੀ ਕਥਨ ਨਹੀਂ ਕੀਤਾ ਜਾ ਸਕਦਾ। ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਅੰਕਤ ਕੀਤਾ ਗਿਆ ਹੈ।

ਪ੍ਰ: ਕਿਉਂ ਜੀ! ਆਖ਼ਰ ਇਸ ਸੁਖ ਫਲ ਦੀ ਪ੍ਰਾਪਤੀ ਦਾ ਸਾਧਨ ਕੀ ਹੈ, ਜਿਸ ਦੁਆਰੇ ਇਸਨੂੰ ਹਾਸਲ ਕਰ ਸਕੀਏ?

ਉ: ਹੇ ਭਾਈ! ਇਸ ਸੁਖ ਫਲ ਦੀ ਪ੍ਰਾਪਤੀ ਦਾ ਸਹੀ ਸਾਧਨ ਬਾਣੀ ਅੰਦਰ ਕੇਵਲ ਨਾਮ ਅੰਮ੍ਰਿਤ ਹੀ ਦਰਸਾਇਆ ਗਿਆ ਹੈ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਥਾਵਾਂ 'ਤੇ ਜ਼ਿਕਰ ਆਉਂਦਾ ਹੈ।

ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ ॥
ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ ॥
*(ਮਾਰੂ ਮ: ੪, ਪੰਨਾ ੯੯੮)*

ਸੁਖ ਸਾਗਰ ਅੰਮ੍ਰਿਤ ਭੰਡਾਰਾ ॥
*(ਪ੍ਰਭਾਤੀ ਮ: ੧, ਪੰਨਾ ੧੩੩੦)*

ਸੁਖ ਸਾਗਰ ਗੋਬਿੰਦ ਸਿਮਰਣੁ
ਭਗਤ ਗਾਵਹਿ ਗੁਣ ਤੇਰੇ ਰਾਮ ॥
ਅਨਦ ਮੰਗਲ ਗੁਰ ਚਰਣੀ ਲਾਗੇ
ਪਾਏ ਸੂਖ ਘਨੇਰੇ ਰਾਮ ॥
*(ਰਾਮਕਲੀ ਮ: ੫, ਪੰਨਾ ੯੨੫)*

ਸੁਖ ਸਾਗਰੁ ਗੁਰੁ ਪਾਇਆ ॥
ਤਾ ਸਹਸਾ ਸਗਲ ਮਿਟਾਇਆ ॥੧॥
*(ਸੋਰਠਿ ਮ: ੫, ਪੰਨਾ ੬੨੬)*

ਸੁਖ ਸਾਗਰੋ ਪਾਇਆ ਸਹਜ ਸੁਭਾਇਆ
ਜਨਮ ਮਰਨ ਦੁਖ ਹਾਰੇ ॥
ਕਰੁ ਗਹਿ ਲੀਨੇ ਨਾਨਕ ਦਾਸ ਅਪਨੇ
ਰਾਮ ਨਾਮ ਉਰਿਹਾਰੇ ॥੪॥
*(ਕੇਦਾਰਾ ਮ: ੫, ਪੰਨਾ ੧੧੨੨)*

ਸੁਖ ਸਾਗਰ ਪ੍ਰੀਤਮ ਮਿਲੇ ਉਪਜੇ ਮਹਾ ਅਨੰਦ ॥
ਕਹੁ ਨਾਨਕ ਸਭ ਦੁਖ ਮਿਟੇ
ਪ੍ਰਭ ਭੇਟੇ ਪਰਮਾਨੰਦ ॥੮॥ *(ਆਸਾਵਰੀ ਮ: ੫, ਪੰਨਾ ੪੩੧)*

ਅਭਾਗੇ ਤੈ ਲਾਜ ਨਾਹੀ ॥
ਸੁਖ ਸਾਗਰ ਪੂਰਨ ਪਰਮੇਸਰੁ
ਹਰਿ ਨ ਚੇਤਿਓ ਮਨ ਮਾਹੀ ॥੧॥
*(ਰਾਮਕਲੀ ਮ: ੫, ਪੰਨਾ ੮੯੨)*

ਸੁਖ ਸਾਗਰੋ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ ॥
*(ਛੰਤ, ਪੰਨਾ ੮੪੮)*

ਸੁਖ ਸਾਗਰ ਪ੍ਰਭ ਭੇਟੀਐ ਨਾਨਕ
ਸੁਖੀ ਹੋਤ ਇਹੁ ਜੀਉ ॥੧॥
*(ਬਿਲਾਵਲੁ ਮ: ੫, ਛੰਤ, ਪੰਨਾ ੮੪੫)*

ਸੁਖ ਸਾਗਰ ਪ੍ਰਭੁ ਵਿਸਰਉ ਨਾਹੀ
ਮਨ ਚਿੰਦਿਅੜਾ ਫਲੁ ਪਾਈ ॥
*(ਸੋਰਠਿ ਮ: ੫, ਪੰਨਾ ੬੨੦)*

ਤੇਰੀ ਸਰਣਿ ਮੇਰੇ ਦੀਨ ਦਇਆਲਾ ॥
ਸੁਖ ਸਾਗਰ ਮੇਰੇ ਗੁਰ ਗੋਪਾਲਾ ॥
*(ਮਾਝ ਮ: ੫, ਪੰਨਾ ੧੦੫)*

ਹੇ ਭਾਈਓ ! ਇਸੇ ਭਾਵ ਦੀਆਂ ਹੋਰ ਭੀ ਬਾਣੀ ਵਿਚ ਪੰਗਤੀਆਂ ਆਉਂਦੀਆਂ ਹਨ ਕਿ ਇਹ ਜੋ ਗੁਰਮੁਖਾਂ ਨੂੰ ਸੁਖਾਂ ਦਾ ਸਾਗਰ ਪ੍ਰਾਪਤ ਹੋਇਆ ਹੈ ਇਸ ਪ੍ਰਾਪਤੀ ਦੀ ਦੇਣ ਪ੍ਰਭੂ ਦੇ ਨਾਮ ਸਿਮਰਨ ਦਾ ਹੀ ਸਦਕਾ ਹੈ ਇਸ ਦਾ ਅਨੰਦ ਖੋੜਾ ਭੀ ਉਹੀ ਅਨੁਭਵ ਕਰਦਾ ਹੈ, ਜਿਸਨੂੰ ਇਸਦੀ ਪ੍ਰਾਪਤੀ ਹੋਈ ਹੈ। ਮੈਨੂੰ ਭੀ ਬਾਣੀ ਦੇ ਲਿਖਣ ਸਮੇਂ ਜੋ ਇਸ ਸੰਬੰਧੀ ਪੰਗਤੀਆਂ ਵਾਚਣ ਵਿਚ ਆਈਆਂ ਹਨ, ਉਨ੍ਹਾਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ :

(੧) (ਹੇ ਭਾਈਓ ! ਜਿਥੇ ਤੱਕ ਮੈਂ ਅਨੁਭਵ ਕੀਤਾ ਹੈ ਕਿ) ਗੁਰਮੁਖ ਦੇ ਪਿਰਮ ਰਸ ਦੇ ਸੁਖ ਫਲ ਦਾ (ਜੋ) ਇਕ ਤਿਲ ਭੀ (ਹੈ) ਉਹ ਅਲੱਖ ਤੇ ਅਲੇਖ ਵਾਂਗ ਹੈ।
(੨) ਜਿਵੇਂ ਚੁਰਾਸੀ ਲੱਖ ਜੂਨਾਂ ਵਿਚ ਗਿਣਤੀ ਰਹਿਤ ਜੀਵ ਜੰਤੂ (ਵਿਸੇਖੈ) ਬੇਅੰਤ ਹਨ।
(੩) (ਅਗੋ) ਸਭ ਦੀ ਰੋਮਾਵਲੀ (ਰੋਮ ਰੋਮ ਤੇ ਰੂਪ ਰੰਗ) ਵਖੋ ਵਖਰੇ ਤੇ ਕਈ ਰੰਗਾਂ ਤੇ ਭੇਖਾ ਦੇ ਹਨ।
(੪) ਜੇ ਇਨ੍ਹਾਂ ਦੇ ਲੱਖਾਂ ਰੋਮ ਰੋਮ ਉਤੇ ਲੱਖਾਂ ਹੀ ਸਿਰ ਅਗੇ ਤੋਂ ਅਗੇ ਲੱਗ ਜਾਣ।
(੫) ਤੇ ਅਗੇ ਲੱਖਾਂ ਮੂੰਹ ਵੀ ਨਾਲ ਹੀ ਲੱਗ ਜਾਣ ਤੇ ਲੱਖ ਲੱਖ ਮੂੰਹਾਂ ਦੀਆਂ ਅਗੋਂ ਲੱਖ ਲੱਖ ਜੀਭਾਂ ਹੋ ਜਾਣ (ਅੱਖਾਂ) ਦੇਖਣ ਤੇ ਜੀਭਾ ਬੋਲੇ ਤੇ ਕੰਨ ਸੁਣਨ।
(੬) ਪਰ ਏਡਾ ਵੱਡਾ ਪਸਾਰਾ ਕਰਕੇ ਵੀ ਸੰਖ ਤੋਂ ਅਸੰਖ ਤੇ ਵੀਹ ਤੋਂ ਇਕੀਹ ਨੂੰ ਟੱਪ ਜਾਏ ਤਾਂ ਵੀ ਗੁਰਮੁਖ ਦੇ ਸੁਖ ਫਲ ਦੇ ਇਕ ਨਿਮਖ-ਮਾਤਰ ਵੀ ਬਰਾਬਰੀ ਨਹੀਂ ਕਰ ਸਕਦੇ (ਭਾਵ ਇਸ ਉਪਰ ਕਥਨ ਕੀਤੇ ਸਭ ਕੁਝ ਤੋਂ ਗੁਰਮੁਖਾਂ ਦੇ ਸੁਖ ਫਲ ਨਿਮਖ-ਮਾਤਰ ਦੀ) ਬਰਾਬਰੀ ਵਰਣਨ ਨਹੀਂ ਹੋ ਸਕਦੀ।੧੩।

ਭਾਵ ਜੋ ਇਹ ਗਿਣਤੀ ਅਸਾਂ ਲੱਖਾਂ ਦੀ ਕਹੀ ਹੈ, ਇਹ ਜੇ ਸੰਖਾਂ ਦੀ ਹੋ ਜਾਵੇ। ਲੱਖ ਰੋਮ ਨਾਲ ਪ੍ਰਤਯੇਕ ਲਖ ਸਿਰ। ਫੇਰ ਪ੍ਰਤਯੇਕ ਸਿਰ ਨਾਲ ਲੱਖ ਜੀਭ। ਜੀਭ ਦੀ ਗਿਣਤੀ ਕਰੀਏ ਤਾਂ ੧੦੦੦੦੦੦੦੦੦੦੦੦੦੦੦ ਬਣਦੀ ਹੈ, ਕਹਿੰਦੇ ਹਨ ਇਸਨੂੰ ਸੰਖ ਕਰ ਲਵੋ ਅਰਥਾਤ ਦੋ ਬਿੰਦੀਆਂ ਹੋਰ ਲਾਓ ਤਾਂ ਇਕ ਸੰਖ, ਜੇ ਤਿੰਨ ਲਾਓ ਤਾਂ ਦਸ ਸੰਖ ਬਣ ਜਾਵੇਗਾ। ਗਣਤ ਵਿਦਯਾ ਦੀ ਗਿਣਤੀ ਦਾ ਸੰਕੇਤ ਇਥੋਂ ਤਾਈਂ ਹੈ। ਇਹ ਅਖੀਰ ਸੰਖ ਤੱਕ ਦੀ ਗਣਤ ਦੇ ੧੯ ਅੰਕ ਬਣਦੇ ਹਨ, ਅਰਥਾਤ ਇਕ ਏਕਾ ਤੇ ੧੮ ਬਿੰਦੀਆਂ। ਹੁਣ

ਭਾਈ ਸਾਹਿਬ ਕਹਿੰਦੇ ਹਨ ਇਨ੍ਹਾਂ ਉਨੀਆਂ ਨੂੰ ੨੦ ਕਰੋ ਅਰਥਾਤ ੧੦ ਸੰਖ, ਅਗੇ ਇਕ ਬਿੰਦੀ ਹੋਰ ਲਾਓ, ਫੇਰ ਇੱਕੀ ਕਰੋ ਅਰਥਾਤ ਹੋਰ ਇਕ ਬਿੰਦੀ ਲਾਓ, ਇਸੇ ਤਰ੍ਹਾਂ ਇਸਨੂੰ ਅਸੰਖ ਕਰੀ ਜਾਓ ਅਰ ਗਿਣਤੀਓਂ ਪਾਰ ਕਰੀ ਜਾਓ ਤਦ ਭੀ ਪ੍ਰੇਮ ਰਸ ਦੇ ਇਕੋ ਤਿਲ-ਮਾਤਰ ਸੁਖ ਦੀ ਨਿਮਖ ਦੀ ਬਰਾਬਰੀ ਨਹੀਂ ਹੋ ਸਕਦੀ। ਇਹ ਅਸੰਖਤਾ ਖ਼ਿਆਲੀ ਨਹੀਂ ਹੈ, ਪਿਛੇ ਗਿਣਤੀ ਜੀਆਂ ਜੰਤਾਂ ਦੀ ਦਸ ਆਏ ਹਨ ਕਿੰਨੀ ਕੁ ਹੈ ਉਨ੍ਹਾਂ ਪਰ ਰੋਮਾਵਲੀ ਹੈ ਜਿਸ ਵਿਚ ਇਕ ਲੱਖ ਰੋਮ ਲੈ ਕੇ ਗਿਣਿਆ ਸੀ, ਸੋ ਲੇਖੇ ਕਰਨ ਵੇਲੇ ਕਦੀ ਪ੍ਰਿਥਵੀ ਦੀ ਰੋਮਾਵਲੀ ਦੀ ਗਿਣਤੀ ਨਹੀਂ ਆ ਸਕਦੀ। ਤਾਂ ਤੇ ਇਸ ਅਣਗਿਣਤ ਜੀਭਾ ਦੇ ਕਥਨ, ਕੰਨਾਂ ਦੇ ਸੁਣਨ ਤੇ ਅੱਖਾਂ ਦੇ ਵੇਖਣ ਦੇ ਸਾਹਮਣੇ ਇਕ ਨਿਮਖ ਪ੍ਰੇਮ ਰਸ ਦੀ ਕਥਨੀ ਕਿੰਨੀ ਵੱਡੀ ਹੈ, ਓਹ ਭੀ ਮਹਿਮਾ ਕਰਨੇ ਨੂੰ ਸਮਰੱਥ ਨਹੀਂ ਹੈ, ਕਿਉਂਕਿ ਦ੍ਰਿਸ਼ਟਮਾਨ ਦ੍ਰਿਸ਼ਟਾ ਦੇ ਅਗੇ ਕੁਝ ਹਕੀਕਤ ਨਹੀਂ ਰਖਦਾ, ਜਿਵੇਂ ਬਾਣੀ ਦਾ ਫ਼ੁਰਮਾਨ ਹੈ:

ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ॥
ਮੂਸਨ ਨਿਮਖਕ ਪ੍ਰੇਮ ਪਰਿ
ਵਾਰਿ ਵਾਰਿ ਦੇਂਉ ਸਰਬ॥੫॥ *(ਰਉਂਕੇਨੇ ਮ: ੫, ਪੰਨਾ ੧੩੬੪)*

## ੧੪. ਪ੍ਰੇਮ ਰਸ ਕਿਵੇਂ ਮਿਲਦਾ ਹੈ?

**੧. ਗੁਰਮੁਖ ਸੁਖ ਫਲ ਪਿਰਮ ਰਸ**
**ਹੋਇ ਗੁਰ ਸਿਖ ਮੇਲਾ।**
**੨. ਸਬਦ ਸੁਰਤਿ ਪਰਚਾਇ ਕੈ**
**ਨਿੱਤ ਨੇਹੁ ਨਵੇਲਾ**
**੩. ਵੀਹ ਇਕੀਹ ਚੜ੍ਹਾਉ ਚੜ੍ਹਿ**
**ਸਿਖ ਗੁਰੁ ਗੁਰੁ ਚੇਲਾ।**
**੪. ਅਪਿਉ ਪੀਐ ਅਜਰ ਜਰੈ**
**ਗੁਰ ਸੇਵ ਸੁਹੇਲਾ।**
**੫. ਜੀਵੰਦਿਆਂ ਮਰਿ ਚੱਲਣਾ**
**ਹਾਰਿ ਜਿਣੈ ਵਹੇਲਾ।**
**੬. ਸਿਲ ਅਲੂਣੀ ਚੱਟਣੀ**
**ਲਖ ਅੰਮ੍ਰਿਤ ਪੇਲਾ॥੧੪॥**

***ਪਦ ਅਰਥ:*** ਨਵੇਲਾ–ਨਵੀਨ, ਨਵੇਂ ਤੋਂ ਨਵਾਂ। ਵਹੇਲਾ–ਵਿਹੁਲਾ ਸੰਸਾਰ। ਸਿਲ ਅਲੂਣੀ–ਕਰੜੀ ਘਾਲਣਾ, ਨਿਸ਼ਕਾਮ ਭਗਤੀ। ਪੇਲਾ–ਪਰੇ ਧੱਕਣਾ, ਪਰੇ ਸਿੱਟਣਾ, ਨਿਰਾਦਰ ਕਰਨਾ।

### *ਅਰਥ:*

ਪ੍ਰ: ਭਾਈ ਸਾਹਿਬ ਜੀਉ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਇਸ ਪ੍ਰੇਮ ਰਸ ਦੇ ਸੁਖ ਫਲ ਦੀ ਪ੍ਰਾਪਤੀ ਲਈ ਬਹੁਤ ਲੋਕ ਯਤਨ ਤਾਂ ਕਰਦੇ ਹਨ, ਪਰ ਸਾਰਿਆਂ ਨੂੰ ਹੀ ਸਫਲਤਾ ਨਹੀਂ ਹੁੰਦੀ, ਕੀ ਦਸੋਗੇ ਕਿ ਇਸ ਦੀ ਪ੍ਰਾਪਤੀ ਦੀ ਸਹੀ ਪਰੰਪਰਾ ਕੀ ਹੈ?

ਉ: ਹੇ ਭਾਈਓ! ਉਸ ਪ੍ਰਭੂ ਦੇ ਪ੍ਰੇਮ ਰਸ ਦਾ ਸੁਖ ਫਲ ਹੈ ਤਾਂ ਬਹੁਤ ਉੱਤਮ, ਪਰ ਉਸ ਦੀਆਂ ਸਿਖ਼ਰਾਂ ਤਕ ਪਹੁੰਚਣ ਲਈ ਬਹੁਤ ਘਾਲਣਾ ਘਾਲਣੀ ਪੈਂਦੀ ਹੈ, ਪਰ ਕਈਆਂ ਨੂੰ ਵੇਖੀਦਾ ਹੈ ਕਿ ਉਹ ਸਾਲਾਂ ਬੱਧੀ ਘਾਲਣਾ ਤਾਂ ਘਾਲਦੇ ਰਹਿੰਦੇ ਹਨ, ਪਰ ਉਹ ਕੀਤੀ ਘਾਲਣਾ ਦਾ ਹੰਕਾਰ ਕਰਕੇ ਉਸਨੂੰ ਅਜਾਈਂ ਗਵਾ ਲੈਂਦੇ ਹਨ ਜਿਸ ਕਰਕੇ ਉਹ ਸੁਖ ਫਲ ਦੀ ਪ੍ਰਾਪਤੀ ਤੋਂ ਸਖਣੇ ਹੀ ਰਹਿ ਜਾਂਦੇ ਹਨ।

ਪ੍ਰ: ਕਿਉਂ ਭਾਈ ਸਾਹਿਬ ਜੀਉ! ਆਖ਼ਰ ਉਸ ਸੁਖ ਫਲ ਦੀਆਂ ਸਿਖ਼ਰਾਂ ਤੱਕ ਪੁੱਜਣ ਦਾ ਅਸਲ ਸਾਧਨ ਕੀ ਹੈ, ਜੋ ਗੁਰਮੁਖ ਕਰਦੇ ਹਨ?

ਉ: ਹੇ ਭਾਈ! ਅਸਲ ਸਾਧਨ ਹੈ ਗੁਰੂ ਦੀ ਕ੍ਰਿਪਾ, ਜਿਨ੍ਹਾਂ ਨੂੰ ਗੁਰੂ ਦਾ ਮਿਲਾਪ ਹੋ ਜਾਂਦਾ ਹੈ ਉਹ ਨਿਰਮਾਣ ਹੋ ਗੁਰੂ ਦੀ ਸ਼ਰਨ ਵਿਚ ਰਹਿ ਕੇ ਭਗਤੀ ਕਰਦੇ ਹਨ, ਉਹ ਸਹਿਜੇ ਸਹਿਜੇ ਪ੍ਰਭੂ ਦੇ ਪ੍ਰੇਮ ਰਸ ਦੀਆਂ ਸਿਖ਼ਰਾਂ ਤੱਕ ਪੁੱਜ ਜਾਂਦੇ ਹਨ। ਇਸ ਭਾਵ ਨੂੰ ਗੁਰਬਾਣੀ ਵਿਚ ਬਾਰ ਬਾਰ ਕਈ ਥਾਵਾਂ 'ਤੇ ਅੰਕਤ ਕੀਤਾ ਗਿਆ ਹੈ, ਜਿਵੇਂ ਕਿ:

ਗੁਰ ਪਰਸਾਦੀ ਕੋ ਵਿਰਲਾ ਬੂਝੈ
ਸੋ ਜਨੁ ਮੁਕਤੁ ਸਦਾ ਹੋਇ॥ *(ਮ: ੨, ਪੰਨਾ ੧੨੮੩)*

ਗੁਰ ਪਰਸਾਦੀ ਕੋ ਵਿਰਲਾ ਬੂਝੈ
ਚਉਥੈ ਪਦਿ ਲਿਵ ਲਾਵਣਿਆ॥
*(ਮਾਝ ਮ: ੩, ਪੰਨਾ ੧੨੯)*

ਗੁਰ ਪ੍ਰਸਾਦਿ ਗਾਵੈ ਗੁਣ ਨਾਨਕ
ਸਹਜ ਸਮਾਧਿ ਸਮਾਹਿਓ॥
*(ਕਾਨੜਾ ਮ: ੫, ਪੰਨਾ ੧੨੯੯)*

ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿਧਾਰਿ ॥
*(ਪ੍ਰਭਾਤੀ ਮ: ੩, ਪੰਨਾ ੧੩੪੬)*

ਗੁਰ ਪ੍ਰਸਾਦਿ ਜਿਹ ਬੂਝਿਆ
ਆਸਾ ਤੇ ਭਇਆ ਨਿਰਾਸੁ ॥
ਸਭੁ ਸਚੁ ਨਦਰੀ ਆਇਆ
ਜਉ ਆਤਮ ਭਇਆ ਉਦਾਸੁ ॥੩॥
*(ਰਾਗੁ ਮਾਰੂ, ਪੰਨਾ ੧੧੦੩)*

ਗੁਰ ਪਰਸਾਦੀ ਜਾਨਿਆ ॥
ਜਨੁ ਨਾਮਾ ਸਹਜ ਸਮਾਨਿਆ ॥
*(ਰਾਗੁ ਸੋਰਠਿ, ਪੰਨਾ ੬੫੭)*

ਗੁਰਿ ਪੂਰੈ ਹਰਿ ਧਨੁ ਪਰਗਾਸਿਆ
ਹਰਿ ਕਿਰਪਾ ਤੇ ਵਸੈ ਮਨਿ ਆਇ ॥
*(ਧਨਾਸਰੀ ਮ: ੩, ਪੰਨਾ ੬੬੩)*

ਸਤਿਗੁਰ ਸੇਵਿ ਪਰਮ ਪਦੁ ਪਾਇਆ
ਹਰਿ ਜਪਿਆ ਸਾਸ ਗਿਰਾਸੇ ॥
*(ਵਡਹੰਸੁ ਮ: ੪, ਪੰਨਾ ੫੭੩)*

ਗੁਰ ਪ੍ਰਸਾਦਿ ਜਨ ਨਾਨਕ ਪਾਇਆ
ਹਰਿ ਲਾਧਾ ਦੇਹ ਟੋਲੀਐ ॥
*(ਦੇਵਗੰਧਾਰੀ ਮ: ੪, ਪੰਨਾ ੫੨੭)*

ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥
ਨਾਨਕ ਆਇਆ ਸੋ ਪਰਵਾਨੁ ॥੪॥
*(ਭੈਰਉ ਮ: ੫, ਪੰਨਾ ੧੧੮੫)*

ਗੁਰ ਪਰਸਾਦੀ ਜਿਨਿ ਬੁਝਿਆ
ਤਿਨਿ ਪਾਇਆ ਮੋਖ ਦੁਆਰੁ ॥ *(ਪੰਨਾ ੬੦)*

ਇਸੇ ਭਾਵ ਦੀਆਂ ਹੋਰ ਭੀ ਅਨੇਕਾਂ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਉਸ ਪ੍ਰਭੂ ਦੇ ਪ੍ਰੇਮ ਰਸ ਦੇ ਫਲ ਦੀ ਪ੍ਰਾਪਤੀ ਦਾ ਸਾਧਨ ਗੁਰੂ ਦੀ ਕ੍ਰਿਪਾ ਨੂੰ ਹੀ ਦਰਸਾਇਆ ਗਿਆ ਹੈ। ਇਨ੍ਹਾਂ ਪੰਗਤੀਆਂ ਦੀ ਹੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੋਦ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਗੁਰਬਾਣੀ ਦੇ ਭਾਵਾਂ ਨੂੰ ਮੁਖ ਰਖ ਕੇ ਇਉਂ ਹੀ ਅਨੁਭਵ ਕਰਨਾ ਯੋਗ ਹੈ ਕਿ) ਗੁਰਮੁਖਾਂ ਨੂੰ ਸੁਖ ਫਲ ਤੇ ਪਿਰਮ ਰਸ, ਗੁਰੂ ਨਾਲ ਮਿਲਾਪ ਹੋਣ ਮਗਰੋਂ ਹੀ ਪ੍ਰਾਪਤ ਹੁੰਦਾ ਹੈ।

(੨) ਸ਼ਬਦ ਤੇ ਸੁਰਤਿ ਵਿਚ ਪਰਚ ਕੇ (ਭਾਵ ਲਗ ਕੇ ਗੁਰਸਿਖ ਦਾ) ਪ੍ਰੇਮ ਤੇ ਪ੍ਰੀਤੀ ਨਿੱਤ ਨਵੀਂ ਨਵੇਲੀ ਹੁੰਦੀ ਜਾਂਦੀ ਹੈ (ਭਾਵ ਵਧਦੀ ਜਾਂਦੀ ਹੈ)।

ਪ੍ਰ: ਕਿਉਂ ਜੀ ! ਆਖ਼ਰ ਗੁਰ ਸਿਖ ਦੀ ਸੁਰਤਿ ਦਾ ਚੜ੍ਹਾਉ ਕਿਸ ਮੰਜ਼ਲ ਪਰ ਜਾ ਟਿਕਦਾ ਹੈ ?

ਉ: (੩) (ਹੇ ਭਾਈ! ਇਹ) ਸੰਸਾਰ ਵੀਹ ਤੇ ਇਕੀਹ ਈਸਵਰ ਤਕ ਚੜ੍ਹਾਉ ਚੜ੍ਹ ਕੇ, ਸਿਖ ਗੁਰੂ ਤੇ ਗੁਰੂ ਚੇਲਾ ਦੀ ਹਾਲਤ ਪੈਦਾ ਹੋ ਜਾਂਦੀ ਹੈ (ਭਾਵ ਗੁਰੂ ਸਿਖ ਨੂੰ ਆਪਣੇ ਜਿਹਾ ਬਣਾ ਲੈਂਦਾ ਹੈ ਇਸ ਤਰ੍ਹਾਂ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਆਪਣਾ ਰੂਪ ਧਾਰ ਕੇ ਪੰਜ ਪੈਸੇ ਨਲੀਏਰ ਰੱਖ ਕੇ ਮੱਥਾ ਟੇਕ ਕੇ ਗੁਰੂ ਥਾਪ ਦਿਤਾ)।

ਪ੍ਰ: ਕਿਉ ਜੀ। ਇਸ ਪਦਵੀ 'ਤੇ ਪੁੱਜ ਕੇ ਕੀ ਉਸਨੂੰ ਹੰਕਾਰ ਨਹੀਂ ਹੋ ਜਾਂਦਾ ?

ਉ: (੪) (ਹੇ ਭਾਈਓ! ਸਚਾਈ ਤਾਂ ਇਹੋ ਹੀ ਹੈ ਕਿ) ਸਿਖ ਇਸ ਪਦਵੀ ਤੇ (ਪੁੱਜ ਕੇ ਵੀ) ਅੰਮ੍ਰਿਤ ਰਸ ਹੀ ਪੀਂਦਾ ਹੈ ਤੇ ਅਜਰ ਨੂੰ ਜਰੀ ਜਾਂਦਾ ਹੈ। (ਜਿਵੇ) ਸਿਖ ਗੁਰੂ ਰੂਪ ਲਹਿਣਾ ਜੀ ਤੋਂ (ਗੁਰੂ ਅੰਗਦ ਦੇਵ ਬਣ ਕੇ) ਗੁਰੂ ਸੇਵਾ ਵਿਚ ਹੀ ਆਪਣੇ ਆਪ ਨੂੰ ਸੁਹੇਲਾ ਜਾਣਦਾ ਹੈ।

(੫) (ਉਹ ਜੀਉਂਦੇ ਹੀ) ਸਭ ਮਾਣ ਮਹੱਤ ਨੂੰ ਤਿਆਗ (ਕੇ) ਮਰ ਚਲਣਾ ਹੈ (ਭਾਵ ਹਾਰ ਕੇ ਜਿੱਤਣਾ ਹੈ ਇਸ ਸੰਸਾਰ ਨੂੰ)।

ਪ੍ਰ: ਭਾਈ ਸਾਹਿਬ ਜੀਉ! ਇਸ ਮਾਰਗ ਪਰ ਵਧੇਰੇ ਲੋਕ ਕਿਉਂ ਨਹੀਂ ਚਲਦੇ ?

ਉ: (੬) (ਹੇ ਭਾਈਓ! ਇਹ ਨਿਸ਼ਕਾਮ ਭਗਤੀ ਦਾ ਮਾਰਗ ਕੋਈ ਸੋਖਾ ਨਹੀਂ ਹੈ) ਅਲੂਣੀ ਸਿਲ ਚੱਟਣੀ ਹੈ, (ਭਾਵ ਮਨ ਨੂੰ ਰਸਾਂ ਕਸਾਂ ਵਲੋਂ ਮਾਰ ਦੇਣਾ ਹੈ ਤਾਂ ਫਿਰ ਆਤਮਕ ਮੰਡਲਾਂ ਦੇ ਜੀਵਨ ਵਿਚ ਦਾਖ਼ਲ ਹੋ ਕੇ ਹੀ) ਇਹ ਔਖੀ ਘਾਲ ਘਾਲ ਕੇ (ਉਸ ਸੁਖ ਪਿਰਮ ਰਸ) ਦੀ ਪ੍ਰਾਪਤੀ ਹੁੰਦੀ ਹੈ, ਜਿਸਦਾ ਸੁਆਦ ਲੱਖਾਂ ਅੰਮ੍ਰਿਤਾਂ ਦੇ ਰਸਾਂ ਨੂੰ ਪਰੇ ਸੁਟਦਾ ਹੈ।੧੪।

*ਭਾਵਾਰਥ :* ਇਸ ਪਉੜੀ ਵਿਚ ਭਾਈ ਸਾਹਿਬ ਜੀ ਇਹ ਜ਼ਿਕਰ ਕਰਦੇ ਹਨ ਕਿ ਇਸ ਪ੍ਰੇਮਾ-ਭਗਤੀ ਦੇ ਮਾਰਗ ਵੱਲ ਨੂੰ ਟੁਰਨ ਦਾ ਉੱਦਮ ਤਾਂ ਬਹੁਤ ਲੋਕ ਕਰਦੇ ਹਨ ਪਰ ਉਨ੍ਹਾਂ ਵਿਚੋਂ (ਕੋਟਨ ਮੈ ਨਾਨਕ ਕੋਊ) ਦੇ ਹੁਕਮ ਅਨੁਸਾਰ ਕੋਈ ਕੋਈ ਹੀ ਇਸ ਸਫ਼ਰ ਨੂੰ ਤਹਿ ਕਰਕੇ ਸਿਖ਼ਰਾਂ 'ਤੇ ਪੁੱਜਦਾ ਹੈ ਨਹੀਂ ਤਾਂ ਬਹੁਤੇ ਰਾਹ ਵਿਚ ਹੀ ਦਮ ਤੋੜ ਜਾਂਦੇ ਹਨ, ਕਿਉਂਕਿ ਇਹ ਪ੍ਰੇਮ ਦਾ ਮਾਰਗ ਬੜਾ ਹੀ ਕਠਿਨ ਹੈ ਕਿਉਂਕਿ ਇਸ ਮਾਰਗ ਦੇ ਪਾਂਧੀ ਨੂੰ ਲਬ, ਲੋਭ, ਅਹੰਕਾਰ ਅਤੇ ਤ੍ਰਿਸ਼ਨਾ ਆਦਿ ਵਿਕਾਰਾਂ ਦਾ ਤਿਆਗ ਕਰਨਾ ਪੈਂਦਾ ਹੈ ਜੋ ਹਰ ਮਨੁੱਖ ਲਈ ਬਹੁਤ ਕਠਿਨ ਹੈ। ਇਸ ਮਾਰਗ

'ਤੇ ਚੱਲਣ ਵਾਲੇ ਲਈ ਇਹ ਸੰਕੇਤ ਹੈ ਕਿ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥ *(ਪੰਨਾ ੧੪੧੨)*

## ੧੫. ਬਿਰਦ ਦੀ ਲੱਜਿਆ

**੧. ਪਾਣੀ ਕਾਠ ਨ ਡੋਬਈ**
**ਪਾਲੇ ਦੀ ਲੱਜੈ।**
**੨. ਸਿਰਿ ਕਲਵੱਤ ਧਰਾਇ ਕੈ**
**ਸਿਰਿ ਚੜ੍ਹਿਆ ਭੱਜੈ।**
**੩. ਲੋਹੇ ਜੜੀਐ ਬੋਹਿਥਾ**
**ਭਾਰਿ ਭਰੇ ਨ ਤੱਜੈ।**
**੪. ਪੇਟੈ ਅੰਦਰ ਅੱਗਿ ਰਖਿ**
**ਤਿਸੁ ਪੜਦਾ ਕੱਜੈ।**
**੫. ਅਗਰੇ ਡੋਬੈ ਜਾਣਿ ਕੈ**
**ਨਿਰਮੋਲਕ ਧੱਜੈ।**
**੬. ਗੁਰਮੁਖ ਮਾਰਗਿ ਚੱਲਣਾ**
**ਛਡਿ ਖੱਬੇ ਸੱਜੇ ॥੧੫॥**

***ਪਦ ਅਰਥ :*** ਲੱਜੈ—ਸ਼ਰਮ ਕਰਕੇ। ਕਲਵੱਤ—ਆਰਾ। ਬੋਹਿਥਾ—ਜਹਾਜ਼, ਬੇੜਾ। ਧੱਜੈ—ਨਿਸ਼ਾਨ, (ਧੁਜਾ)। ਖੱਬੈ ਸੱਜੈ—ਆਸ ਪਾਸ, ਪਗਡੰਡੀਆਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਵੇਖਣ ਵਿਚ ਆਉਂਦਾ ਹੈ ਕਿ ਭਗਤਾਂ ਦਾ ਲਿਬਾਸ ਪਹਿਨ ਕੇ ਬੜੇ ਬੜੇ ਡੇਰੇਦਾਰ ਸੰਤ ਮਹੰਤ ਰੱਬੀ ਮਾਰਗ ਪਰ ਟੁਰਦੇ ਰਹਿਣ ਦਾ ਦਾਅਵਾ ਤਾਂ ਬਹੁਤ ਲੋਕ ਕਰਦੇ ਹਨ ਅਤੇ ਬਹੁਤ ਭੋਲੇ ਭਾਲੇ ਲੋਕ ਵੀ ਉਨ੍ਹਾਂ ਨੂੰ ਪੂਰਨ ਸੰਤ ਸਮਝ ਕੇ ਉਨ੍ਹਾਂ ਦੀ ਪੂਜਾ ਕਰਦੇ ਵੇਖਣ ਵਿਚ ਆਉਂਦੇ ਹਨ, ਪਰ ਕੀ ਉਹ ਰੱਬੀ ਦਰਬਾਰ ਵਿਚ ਭੀ ਸਾਰੇ ਕਬੂਲੇ ਜਾਣਗੇ ?

ਉ: ਹੇ ਭਾਈਓ ! ਟੁਰਨਾ ਦੋ ਤਰ੍ਹਾਂ ਦਾ ਹੈ ਇਕ ਤਾਂ ਹੈ ਸਰੀਰ ਕਰਕੇ ਜੋ ਭਗਤਾਂ ਦਾ ਪਹਿਰਾਵਾ ਪਹਿਨ ਲੈਣਾ, ਪਰ ਮਨ ਕਰਕੇ ਸੰਸਾਰ ਦੀਆਂ ਵਾਸ਼ਨਾਂ ਵਿਚ ਹੀ ਗਲਤਾਨ ਰਹਿਣਾ ਹੈ, ਅਜਿਹੇ ਲੋਕ ਲੋਕਾਂ ਵਿਚ ਤਾਂ ਭਾਵੇਂ ਪੂਜਾ ਕਰਵਾ ਲੈਂਦੇ ਹਨ, ਪਰ ਉਹ ਰੱਬੀ ਦਰਬਾਰ ਵਿਚ ਗਏ ਕਬੂਲ ਨਹੀਂ ਹੁੰਦੇ, ਰੱਬੀ ਦਰਬਾਰ ਵਿਚ ਤਾਂ ਓਹੀ ਮਾਣ ਹਾਸਲ ਕਰਦੇ ਹਨ ਜੋ ਮਨ ਕਰਕੇ ਪ੍ਰਭੂ ਦੇ ਭਗਤੀ ਮਾਰਗ 'ਤੇ ਦਿਨੇ ਰਾਤ ਸਫ਼ਰ ਕਰਦੇ ਹਨ, ਜਿਨ੍ਹਾਂ ਦੀ ਮਾਨਸਕ ਕ੍ਰਿਆ ਦੀ ਰੂਪ ਰੇਖਾ ਅਜਿਹੀ ਬਣ ਗਈ ਹੈ ਕਿ ਉਹ ਮਨ ਬਾਣੀ ਸਰੀਰ ਕਰਕੇ ਸਦਾ ਹੀ ਗੁਰੂ ਦੇ ਹੁਕਮ ਦੀ ਪਾਲਣਾ ਕਰਦੇ ਹਨ, ਅਜਿਹੇ ਭਗਤਾਂ ਦੀ ਉਹ ਪ੍ਰਭੂ ਸਮੇਂ ਸਮੇਂ ਪਰ ਖ਼ੁਦ ਪੁਜ ਕੇ ਲਾਜ, ਪਤ, ਇੱਜ਼ਤ ਰਖਦਾ ਆਇਆ ਹੈ, ਇਸ ਬਾਰੇ ਗੁਰੂ ਫ਼ੁਰਮਾਨ ਭੀ ਇਉਂ ਆਉਂਦਾ ਹੈ :

ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ
ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ
ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ
ਅੰਤਿ ਲਏ ਛਡਾਇਆ ॥੪॥

*(ਆਸਾ ਮ: ੪, ਪੰਨਾ ੪੫੧)*

ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥
ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥੩॥
ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥
ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ ॥
ਹਰਣਾਖਸੁ ਨਖੀ ਬਿਦਾਰਿਆ
ਪ੍ਰਹਲਾਦੁ ਲੀਆ ਉਬਾਰਿ ॥੪॥

*(ਭੈਰਉ ਮ: ੩, ਪੰਨਾ ੧੧੩੩)*

ਦੁਰਮਤਿ ਹਰਣਾਖਸੁ ਦੁਰਾਚਾਰੀ ॥
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥
ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥

*(ਗਉੜੀ ਮਹਲਾ ੧, ਪੰਨਾ ੨੨੪)*

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ
ਤਤਕਾਲ ਹੋਇ ਆਵੈ ॥ *(ਆਸਾ ਮ: ੫, ਪੰਨਾ ੪੦੩)*

ਇਸ ਤਰ੍ਹਾਂ ਬਾਣੀ ਵਿਚ ਹੋਰ ਭੀ ਅਨੇਕਾਂ ਉਦਾਹਰਣ ਮਿਲਦੇ ਹਨ ਕਿ ਉਸ ਪਰੀਪੂਰਨ ਪ੍ਰਮੇਸ਼ਰ ਨੇ ਆਪਣੇ ਪਿਆਰੇ ਭਗਤਾਂ ਦੀ ਹਰ ਜੁਗ ਵਿਚ ਹਰ ਸਮੇਂ ਪੁੱਜ ਕੇ ਆਪਣੇ ਬਿਰਦ ਦੀ ਪਾਲਨਾ ਕਰਦਿਆਂ ਪੈਜ ਸਵਾਰੀ, ਜਿਵੇਂ ਪਾਣੀ ਲੱਕੜ ਨੂੰ ਡੁੱਬਣ ਨਹੀਂ ਦੇਂਦਾ ਕਿਉਂਕਿ ਉਸਨੂੰ ਉਸਦੇ ਪਾਲਣ ਦੀ ਲਾਜ ਹੈ। ਬਾਣੀ ਦੀਆਂ ਇਨ੍ਹਾਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਕੁਝ ਕੁ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਵੇਖੋ) ਪਾਣੀ ਲੱਕੜ ਨੂੰ ਡੋਬਦਾ ਨਹੀਂ; (ਕਿਉਂਕਿ ਉਸਨੂੰ ਉਸਦੇ) ਪਾਲਣ ਦੀ ਲਾਜ (ਹੁੰਦੀ ਹੈ)।

(੨) (ਹੋਰ ਵੇਖੋ) ਜਦ ਲੱਕੜ ਦੇ ਸਿਰ ਤੇ (ਆਰੇ ਦੇ ਸੌਖਿਆਂ ਚਲਣ ਲਈ, ਆਰੇ ਦੇ ਰਸਤੇ ਨੂੰ ਸੌਖਾ ਕਰਨ ਲਈ ਉਪਰ ਫਰਨਾਹੀ ਦਿਤੀ ਜਾਂਦੀ ਹੈ, (ਭਾਵ ਚੀਰ ਕੇ ਜਹਾਜ਼ ਬਣਾਉਂਦੇ ਹਨ ਤਦੋਂ ਪਾਣੀ ਦੇ) ਸਿਰ ਪੁਰ ਚੜ੍ਹ ਕੇ ਦੌੜਦਾ ਹੈ (ਅਥਵਾਂ ਜਹਾਜ਼ ਜਦ ਚਲਦਾ ਹੈ, ਪਾਣੀ ਨੂੰ ਚੀਰਦਾ ਜਾਂਦਾ ਹੈ, ਇਹ ਮਾਨੋ ਪਾਣੀ ਨੂੰ ਸਿਰ 'ਤੇ 'ਕਲਵੱਤ' ਆਰਾ ਧਰਾਯਾ ਹੈ, ਜਹਾਜ ਚੀਰਦਾ ਹੋਇਆ ਦੌੜਦਾ ਫਿਰਦਾ ਹੈ, ਪਰ ਪਾਣੀ ਫੇਰ ਵੀ ਨਹੀਂ ਡੋਲਦਾ)।

(੩) (ਜਹਾਜ਼ਾਂ ਨੂੰ ਬਨਾਉਣ ਵਾਲੇ) ਜੜੀਏ, ਲੋਹਾ ਲਾ ਲਾ ਜਦ ਜਹਾਜ ਤਿਆਰ ਕਰਦੇ ਹਨ ਤਾਂ ਉਸਨੂੰ (ਮਾਲ ਅਸਬਾਬ ਤੇ ਮਨੁੱਖਾਂ ਨਾਲ) ਭਰ ਦੇਈਦਾ ਹੈ, ਤਦ ਵੀ (ਸਮੁੰਦ੍ਰ) ਆਪਣੇ ਬਿਰਦ ਦੀ ਲਾਜ ਨੂੰ ਛੱਡਦਾ ਨਹੀਂ।

(੪) (ਹੋਰ ਵੇਖੋ, ਜਹਾਜ ਦੇ) ਪੇਟ ਦੇ ਅੰਦਰ ਅੱਗ ਬਲਦੀ ਹੈ, ਜੋ ਕਿ ਪਾਣੀ ਦੀ ਵੈਰਨ ਹੈ, ਪਰ ਸਮੁੰਦਰ ਪੜਦਾ ਕੱਜ ਲੈਂਦਾ ਹੈ।

(੫) ਅਗਰ ਵੀ ਪਾਣੀ ਦੀ ਪੈਦਾਇਸ਼ ਹੈ। (ਇਕ ਖ਼ਾਸ ਤਰ੍ਹਾਂ ਦੀ ਲੱਕੜ ਹੈ, ਜੋ ਕਿ ਪਾਣੀ ਵਿਚ ਡੁੱਬੇ ਰਹਿਣ ਨਾਲ ਹੀ ਵੱਡੀ ਕੀਮਤ ਵਾਲੀ ਬਣਦੀ ਹੈ, ਇਸ ਲਈ ਉਸਨੂੰ) ਪਾਣੀ ਜਾਣ ਕੇ ਡੋਬਦਾ ਹੈ, ਤਾਕਿ ਉਸਦੀ ਕੀਮਤ ਹੋਰ ਵਧੇ, ਇਹ ਵੀ ਉਸਦਾ ਅੰਗ ਪਾਲਣ ਦਾ ਇਕ ਬਿਰਦ ਹੀ ਸਮਝੋ।

(੬) (ਤਾਂ ਤੇ ਹੇ ਭਾਈਓ!) ਗੁਰਮੁਖ ਮਾਰਗ ਉਤੇ ਚਲਣਾ ਹੀ ਸ੍ਰੇਸ਼ਟ (ਹੈ) ਅਰ ਗੁਰਮੁਖ ਸੱਜੇ ਖੱਬੇ (ਦੀਆਂ ਪਗ ਡੰਡੀਆਂ ਨੂੰ ਛੱਡ ਕੇ ਗੁਰਮੁਖੀ) ਮਾਰਗ 'ਤੇ ਚਲਣਾ ਹੀ ਠੀਕ ਸਮਝਦਾ ਹੈ।੧੫।

*ਭਾਵਾਰਥ :* ਭਾਈ ਸਾਹਿਬ ਨੇ ਏਥੇ ਪਾਣੀ ਨੂੰ ਗੁਰਮੁਖ ਦਾ ਰੂਪਕ ਬਣਾ ਕੇ ਵਰਣਨ ਕੀਤਾ ਹੈ; ਅਰ ਅਨਯੋਕਤੀ ਅਲੰਕਾਰ ਦੁਆਰਾ ਪਾਣੀ ਦੀ ਅੰਗ ਪਾਲਣਾ ਤੋਂ ਗੁਰਮੁਖਾਂ ਦੀ ਅੰਗ ਪਾਲਣਾ ਪ੍ਰਗਟ ਕੀਤੀ ਹੈ, ਗੁਰਮੁਖ ਆਪਣੇ ਸੰਗ ਲਾਏ ਜਗਿਆਸੂ ਨੂੰ ਕਦੇ ਨਹੀਂ ਭੌਜਲ ਵਿਚ ਡੁੱਬਣ ਦੇਂਦੇ। ਉਸ ਦੀਆਂ ਭੁੱਲਾਂ ਸਹਾਰਦੇ ਤੇ ਸੋਧਦੇ ਹਨ, ਉਸਦੇ ਖੋਟਾਂ ਨੂੰ ਪਿਆਰ ਨਾਲ ਕੱਜਦੇ ਹਨ, ਉਸਦੇ ਕਾਰਜ ਹੋਰ ਹਜ਼ਾਰਾਂ ਜੀਆਂ ਨੂੰ ਆਤਮ ਲਾਭ ਦੇਂਦੇ ਹਨ। ਇਸੇ ਪ੍ਰਕਾਰ ਜੋ ਜਗਿਆਸੂ ਅਗਰ ਦੀ ਨਿਆਈਂ ਨਿਰੇ ਪੂਰੇ ਨਿੱਗਰ ਹੋ ਜਾਂਦੇ ਹਨ ਉਨ੍ਹਾਂ ਨੂੰ ਡੋਬਦੇ ਭਾਵ ਕਿ ਸੰਸਾਰ ਦੇ ਮਾਯਾ ਦੇ ਪਸਾਰੇ ਵਿਚ ਸੰਸਾਰ ਉਧਾਰ ਨਮਿੱਤ ਛੱਡ ਦੇਂਦੇ ਹਨ, ਉਹ ਇਉਂ ਜਾਪਦੇ ਹਨ ਕਿ ਮਾਨੋਂ ਸੰਸਾਰ ਵਿਚ ਆ ਵੱਸੇ ਹਨ, ਪਰ ਉਨ੍ਹਾਂ ਦਾ ਆਉਣਾ ਉਪਕਾਰ ਵਾਸਤੇ ਹੁੰਦਾ ਹੈ, ਅਰ ਮੁਕਤਿ ਰੂਪ ਹੋ ਕੇ ਸੰਸਾਰ ਦੇ ਬਖੇੜਾਂ ਵਿਚ ਵੱਸਣਾ ਉਪਕਾਰ ਨਮਿੱਤ ਇਹ ਉਨ੍ਹਾਂ ਦੀ ਬਜ਼ੁਰਗੀ ਦੀ ਨਿਸ਼ਾਨੀ ਹੈ। ਸੋ, ਗੁਰਮੁਖ ਮਾਰਗ 'ਤੇ ਤੁਰੇ ਜੋ ਹੋਰ ਰਸਤੇ : ਦੇਵੀ ਦੇਵ, ਮਨੁੱਖ ਪੂਜਯ ਅਰ ਜਗ੍ਯਾ ਪੂਜਯ ਸਥਾਪਨ ਕਰਕੇ ਬਣੇ ਪਏ ਹਨ ਇਹ ਪਰਮ ਪਦ ਤਕ ਨਹੀਂ ਪਹੁੰਚਣ ਦੇਂਦੇ। ਕੇਵਲ ਇਕ ਗੁਰਮੁਖ ਮਾਰਗ ਹੀ ਅਡੋਲ ਮਾਰਗ ਹੈ।

## ੧੬. ਹੀਰੇ ਦੀ ਪਰਖ

੧. ਖਾਣ ਉਖਣਿ ਕਢਿ ਆਣਦੇ
ਨਿਰਮੋਲਕ ਹੀਰਾ।
੨. ਜਉਹਰੀਆਂ ਹਥਿ ਆਵਦਾ
ਉਇ ਗਹਿਰ ਗੰਭੀਰਾ
੩. ਮਜਲਸ ਅੰਦਰ ਦੇਖਦੇ
ਪਤਿਸ਼ਾਹ ਵਜ਼ੀਰਾ।
੪. ਮੁੱਲ ਕਰਨਿ ਅਜਮਾਇ ਕੈ
ਸ਼ਾਹਾਂ ਮਨ ਧੀਰਾ।
੫. ਅਹਰਣਿ ਉੱਤੇ ਰਖਿ ਕੈ
ਘਣ ਘਾਉ ਸਰੀਰਾ।
੬. ਵਿਰਲਾ ਹੀ ਠਹਿਰਾਂਵਦਾ
ਦਰਗਹ ਗੁਰ ਪੀਰਾ ॥੧੬॥

***ਪਦ ਅਰਥ :*** ਖਾਣ ਉਖਣਿ—ਖਾਣ ਤੋਂ ਉਖੇੜ ਕੇ, ਪੁੱਟ ਕੇ ਜਾਂ ਖਾਣ ਤੋਂ ਖੱਣ ਕੇ, ਪੱਟ ਕੇ। ਗਹਿਰ ਗੰਭੀਰਾ—ਗੰਭੀਰਤਾ ਵਾਲਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਹ ਸਾਡੇ ਦੇਖਣ ਵਿਚ ਆਮ ਹੀ ਆਉਂਦਾ ਹੈ ਕਿ ਆਮ ਸੰਸਾਰੀ ਲੋਕਾਂ ਨਾਲੋਂ ਜੋ ਗੁਰਮੁਖ ਰੱਬੀ ਮਾਰਗ ਵੱਲ ਟੁਰਨ ਵਾਲੇ ਹਨ, ਉਨ੍ਹਾਂ ਨੂੰ ਜੀਵਨ ਵਿਚ ਹਰ ਪਖੋਂ ਹੀ ਦੁੱਖ, ਕਲੇਸ਼, ਸੰਕਟਾਂ ਦਾ ਚੱਕਰ ਚਕਰਾਈ ਰੱਖਦਾ ਹੈ, ਕਿਉਂ ਜੀ! ਦੱਸੋਗੇ ਕਿ ਐਸਾ ਇਹ ਕਿਉਂ ਹੈ?

ਉ: ਹੇ ਭਾਈਓ! ਇਸ ਸੰਬੰਧ ਵਿਚ ਜੋ ਬਾਣੀ ਦੀ ਵੀਚਾਰ ਕਰਦਿਆਂ ਮੈਨੂੰ ਜਾਣਕਾਰੀ ਮਿਲੀ ਹੈ ਉਸ ਤੋਂ ਇਹੋ ਸਾਬਤ ਹੋਇਆ ਹੈ ਕਿ ਗੁਰਮੁਖਾਂ ਦੇ ਜੀਵਨ ਸਫ਼ਰ ਵਿਚ ਜੋ ਔਖਿਆਈਆਂ ਆਉਂਦੀਆਂ ਹਨ ਉਹ ਕੋਈ ਉਨ੍ਹਾਂ ਨੂੰ ਰੱਬੀ ਮਾਰਗ ਵਿਚ ਸਫ਼ਰ ਕਰਨ ਦੀ ਸਜ਼ਾ ਨਹੀ ਉਹ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਸਹੀ ਮੰਜਲ ਪਰ ਪਹੁੰਚਾਣ ਦਾ ਇਕ ਸਾਧਨ ਹੈ ਜਾਂ ਇਉਂ ਕਹਿ ਲਵੋ ਕਿ ਜਿਸ ਤਰ੍ਹਾਂ ਕਿਸੇ ਵਿਦਿਆਰਥੀ ਦੇ ਪੜ੍ਹਨ ਸਮੇਂ ਉਸਦਾ ਹਰ ਸਾਲ (ਟੈਸਟ) ਇਮਤਿਹਾਨ ਲਿਆ ਜਾਂਦਾ ਹੈ ਕਿ ਇਸਨੇ ਸਾਲ ਭਰ ਵਿਚ ਕਿਤਨੀ ਕੁ ਮਿਹਨਤ ਕੀਤੀ ਹੈ, ਜਿਸਨੇ ਦਿਨੇ ਰਾਤ ਮਨ ਦੇ ਕੇ ਮਸ਼ੱਕਤ ਕੀਤੀ ਹੈ ਉਹ ਪਰਖ ਸਮੇਂ ਚੰਗੇ ਨੰਬਰ ਲੈ ਕੇ ਪਾਸ ਹੁੰਦਾ ਹੈ, ਪਰ ਜੋ ਲੜਕਾ ਸਕੂਲ ਵਿਚ ਬੈਠ ਕੇ ਕੇਵਲ ਕਿਤਾਬਾਂ ਦੀ ਫੋਲਾ ਫਾਲੀ ਹੀ ਕਰਦਾ ਰਿਹਾ ਹੋਵੇ ਉਹ ਆਖ਼ਰ ਨੂੰ ਟੈਸਟ ਵਿਚ ਫ਼ੇਹਲ ਹੋ ਜਾਂਦਾ ਹੈ।

ਇਸੇ ਤਰ੍ਹਾਂ ਜੋ ਰੱਬੀ ਮਾਰਗ 'ਤੇ ਟੁਰਨ ਵਾਲਾ ਪਾਂਧੀ ਹੈ ਉਸਦੇ ਜੀਵਨ ਵਿਚ ਭੀ ਜੋ ਸੰਕਟ ਆਉਂਦਾ ਹੈ ਇਹ ਭੀ ਜਾਣੋਂ ਉਸਦੀ ਮਾਨਸਕ ਅਵੱਸਥਾ ਦੀ ਪਰਖ ਹੈ ਜੇ ਉਹ ਦੁੱਖਾਂ ਵਿਚ ਥਿੜਕ ਜਾਂਦਾ ਹੈ ਤਾਂ ਸਮਝੋ ਉਹ ਗੁਰਮਤ ਦੀ ਸਹੀ ਪੜ੍ਹਾਈ ਵਿਚ ਕਮਜ਼ੋਰ ਹੈ, ਕਿਉਂਕਿ ਗੁਰਮਤ ਦੀ ਸਹੀ ਪੜ੍ਹਾਈ ਤਾਂ ਗੁਰਮੁਖ ਨੂੰ ਇਥੇ ਪਹੁੰਚਾਂਦੀ ਹੈ, ਜਿਥੇ ਉਹ ਇਉਂ ਕਹਿ ਉਠਦਾ ਹੈ ਕਿ :

ਸੁਖੁ ਦੁਖੁ ਤੇਰੀ ਆਗਿਆ ਪਿਆਰੇ
ਦੂਜੀ ਨਾਹੀ ਜਾਇ ॥੩॥ *(ਪੰਨਾ ੪੩੨)*

ਜਾਂ ਇਉਂ ਭੀ ਕਹਿ ਲਵੋ ਕਿ ਸੁਇਨੇ ਨੂੰ ਬਾਰਾਂ ਵੰਨੀ ਦਾ ਸ਼ੁਧ ਸੁਇਨਾ ਬਨਾਉਣ ਲਈ ਉਸਨੂੰ ਬਾਰ ਬਾਰ ਅਗਨੀ ਵਿਚ ਤਾਉਣਾ ਪੈਂਦਾ ਹੈ, ਇਹ ਅੱਗ ਵਿਚ ਤਾਉਣਾ ਉਸਨੂੰ ਕੋਈ ਸਜਾ ਨਹੀਂ ਦਿੱਤੀ ਜਾਂਦੀ ਇਹ ਤਾਂ ਉਸਦੀ ਕੀਮਤ ਵਧਾਉਣ ਦਾ ਇਕ ਸਾਧਨ ਹੈ, ਜੋ ਸਰਾਫ਼ਾਂ ਦੀ ਨਜ਼ਰ ਵਿਚ ਉਸਨੂੰ ਕਬੂਲ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਬਾਣੀ ਵਿਚ ਹੀਰੇ ਦਾ ਉਦਾਹਰਣ ਆਉਂਦਾ ਹੈ ਜਿਸਨੂੰ ਲੋਹਾਰ ਦੀ ਅਹਿਰਣ ਉਤੇ ਹਥੌੜੇ ਦੀਆਂ ਸੱਟਾਂ ਸਹਾਰਨੀਆਂ ਪੈਂਦੀਆਂ ਹਨ, ਉਨ੍ਹਾਂ ਸੱਟਾਂ ਨੂੰ ਸਹਾਰ ਕੇ ਕੋਈ ਵਿਰਲਾ ਹੀਰਾ ਹੀ ਪਰਖ ਵਿਚ ਪੂਰਾ ਉਤਰਦਾ ਹੈ। ਪਰ ਬਾਣੀ ਅੰਦਰ ਇਸ ਮਨੁੱਖਾ-ਜਨਮ ਨੂੰ ਨਿਰਮੋਲਕ ਹੀਰਾ ਦਰਸਾਇਆ ਗਿਆ ਹੈ, ਜਿਵੇਂ ਕਿ :

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥
ਨਾਮੁ ਨ ਜਨਿਆ ਰਾਮ ਕਾ ॥
ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥
*(ਗਉੜੀ ਮ: ੧, ਪੰਨਾ ੧੫੬)*

ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥
*(ਕੇਦਾਰਾ ਕਬੀਰ ਜੀ, ਪੰਨਾ ੧੧੨੩)*

ਹੀਰੇ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥
*(ਮ: ੧, ਪੰਨਾ ੧੦੪੦)*

ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥
*(ਆਸਾ ਕਬੀਰ ਜੀ, ਪੰਨਾ ੪੮੩)*

ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥
*(ਸ੍ਰੀ ਰਾਗੁ ਮ: ੪, ਪੰਨਾ ੪੦)*

ਹੀਰਾ ਕਿਸ ਕਾ ਬਾਪੁਰਾ
ਪੁਜਹਿ ਨ ਰਤਨ ਕਰੋੜਿ ॥੧੫੩॥
*(ਸਲੋਕ ਕਬੀਰ ਜੀ, ਪੰਨਾ ੧੩੭੨)*

ਹੀਰਾ ਨਾਮੁ ਜਵੇਹਰ ਲਾਲੁ ॥
ਮਨੁ ਮੋਤੀ ਹੈ ਤਿਸ ਕਾ ਮਾਲੁ ॥
*(ਆਸਾ ਮ: ੧, ਪੰਨਾ ੪੧੪)*

ਹੀਰਾ ਰਤਨ ਜਵੇਹਰ ਮਾਣਕ
ਬਹੁ ਸਾਗਰ ਭਰਪੂਰੁ ਕੀਆ ॥
*(ਰਾਮਕਲੀ ਮ: ੪, ਪੰਨਾ ੮੮੦)*

ਹੀਰਾ ਲਾਲੁ ਅਮੋਲੁ ਜਨਮੁ ਹੈ
ਕਉਡੀ ਬਦਲੈ ਹਾਰਿਓ ਰੇ ॥ *(ਗਉੜੀ, ਪੰਨਾ ੩੩੫)*

ਹੀਰਾ ਲਾਲੁ ਅਮੋਲਕੁ ਹੈ ਭਾਰੀ
ਬਿਨੁ ਗਾਹਕ ਮੀਕਾ ਕਾਖਾ ॥
ਰਤਨ ਗਾਹਕੁ ਗੁਰੁ ਸਾਧੂ ਦੇਖਿਓ
ਤਬ ਰਤਨੁ ਬਿਕਾਨੋ ਲਾਖਾ ॥੧॥

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ॥
ਦੀਨ ਦਇਆਲਿ ਮਿਲਾਇਓ ਗੁਰੁ ਸਾਧੂ
ਗੁਰਿ ਮਿਲਿਐ ਹੀਰੁ ਪਰਾਖਾ॥ਰਹਾਉ॥

*(ਜੈਤਸਰੀ ਮ: ੪, ਪੰਨਾ ੬੯੬)*

***ਭਾਵਾਰਥ :*** ਜਿਵੇਂ ਇਕ ਬਹਿਰੂਨੀ ਹੀਰੇ ਨੂੰ ਸੰਸਾਰੀ ਲੋਕਾਂ ਦੀਆਂ ਨਜ਼ਰਾਂ ਨੇ ਅਮੋਲਕ ਮੰਨਿਆ ਹੈ, ਪਰ ਬਾਣੀ ਵਿਚ ਵਧੇਰੇ ਮਹਾਨਤਾ ਇਸ ਮਨੁਖ ਜਾਮੇ ਨੂੰ ਦਿਤੀ ਗਈ ਹੈ, ਜਿਨ੍ਹਾਂ ਨੇ ਆਪਣੇ ਮਨ ਰੂਪੀ ਹੀਰੇ ਨੂੰ ਉਸ ਪ੍ਰਭੂ ਦੇ ਨਾਮ ਰੂਪੀ ਹੀਰੇ ਨਾਲ ਅਭੇਦ ਕਰ ਲਿਆ ਹੈ, ਉਨ੍ਹਾਂ ਦੇ ਮੁਕਾਬਲੇ ਵਿਚ ਇਕ ਹੀਰਾ ਕੀ ਕਰੋੜਾਂ ਰਤਨ ਭੀ ਸਦਰਸ਼ਤਾ ਨਹੀਂ ਕਰ ਸਕਦੇ। ਇਨ੍ਹਾਂ ਬਾਣੀ ਦੀਆਂ ਪੰਗਤੀਆਂ ਤੋਂ ਮੈਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਚੇਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ :

(੧) ਹੇ ਭਾਈਓ ! ਜਿਵੇਂ ਖਾਣ ਨੂੰ ਪੁੱਟਣ ਵਾਲੇ ਨਿਰਮੋਲਕ ਹੀਰੇ ਨੂੰ ਲੱਭ ਕੇ ਲੈ ਆਉਂਦੇ ਹਨ।

(੨) (ਉਸਨੂੰ ਸਾਫ਼ ਸੁਥਰਾ ਕਰਕੇ) ਫਿਰ ਉਹ ਗਹਿਰ ਗੰਭੀਰ ਹੀਰਾ ਜੌਹਰੀਆਂ (ਪਛਾਣ ਕਰਨ ਵਾਲਿਆਂ ਦੇ) ਹੱਥ ਵਿਚ ਆਉਂਦਾ ਹੈ।

(੩) (ਜੌਹਰੀ ਉਸਨੂੰ ਵੇਚਣ ਲਈ) ਪਾਤਿਸ਼ਾਹ ਤੇ ਵਜ਼ੀਰਾਂ ਦੀਆਂ ਭਰੀਆਂ ਮਜਲਸਾਂ (ਦਰਬਾਰਾਂ) ਵਿਚ ਵਿਖਾਉਣ ਲਈ ਲੈ ਆਉਂਦੇ ਹਨ, ਜਿਥੇ ਹੀਰੇ ਨੂੰ ਸਾਰੇ ਦੇਖਦੇ ਹਨ।

(੪) ਪਰ ਪੂਰਾ ਮੁੱਲ ਪਾਉਣ ਲਈ ਹੀਰੇ ਦੀ ਪਰਖ ਹੁੰਦੀ ਹੈ ਤਾਂ ਜਾ ਕੇ ਸਾਹਾਂ ਦਾ ਮਨ ਧੀਰਜ ਵਿਚ ਆਉਂਦਾ ਹੈ (ਕਿ ਸਚ ਮੁੱਚ ਇਹ ਹੀਰਾ, ਹੀਰਾ ਹੀ ਹੈ)।

(੫) ਪਰ ਪ੍ਰੀਖਿਆ ਕਰਨ ਲਈ ਹੀਰੇ ਨੂੰ (ਲੋਹੇ ਦੇ) ਅਹਿਰਣ ਉਤੇ ਰੱਖ ਕੇ, ਹਥੌੜੇ ਹੀਰੇ ਉਪਰ ਮਾਰ ਮਾਰ ਕੇ ਉਸਦੀ ਪਰਖ ਕੀਤੀ ਜਾਂਦੀ ਹੈ। (ਖੋਟੇ ਤੇ ਕੱਚੇ ਪਰਖ ਵੇਲੇ ਦੋ ਟੂੱਕ ਹੋ ਜਾਂਦੇ ਹਨ, ਪਰ ਸ਼ੁਧ ਹੀਰੇ ਨੂੰ ਆਂਚ ਭੀ ਨਹੀਂ ਲਗਦੀ)।

(੬) (ਇਸੇ ਤਰ੍ਹਾਂ) ਗੁਰੂ ਪੀਰਾਂ ਦੇ ਦਰਬਾਰਾਂ ਵਿਚ (ਵੀ ਪਰਖ ਹੁੰਦੀ ਹੈ, ਪਰ ਕੋਈ) ਵਿਰਲਾ ਹੀ ਸਾਬਤ ਨਿਕਲਦਾ ਹੈ (ਪੂਰਾ ਉੱਤਰਦਾ ਹੈ)।੧੬।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਇਹ ਸਾਬਤ ਕਰਦੇ ਹਨ ਕਿ ਕੋਈ ਹੀਰਾ ਹੀ ਸਾਬਤ ਰਹਿੰਦਾ ਹੈ, ਕੱਚੇ ਖੋਟੇ ਹੀਰੇ ਦੇ ਟੁਕੜੇ ਹੋ ਜਾਂਦੇ ਹਨ, ਸ਼ੁੱਧ ਹੀਰੇ ਭਾਵੇਂ ਕਿਤਨੀਆਂ ਹੀ ਸੱਟਾਂ ਖਾਣ ਉਹ ਤਾਂ ਭੀ ਜਿਉਂ ਦੇ ਤਿਉਂ ਹੀ ਰਹਿੰਦੇ ਹਨ। ਅੰਤ੍ਰੀਵ ਅਰਥ ਵਿਚ ਖਾਣ ਤੋਂ ਭਾਵ ਸੰਸਾਰ ਹੈ, ਖਾਣ ਖੋਦਣ ਵਾਲੇ ਗੁਰਮੁਖ ਲੋਕ ਹਨ। ਜਗਿਆਸੂ ਹੀਰਾ ਹੈ, ਸਤਿਗੁਰੂ ਜੌਹਰੀ। ਗੁਰਮੁਖ ਲੋਕ ਜਗਿਆਸੂਆਂ ਨੂੰ ਸਤਿਗੁਰੂ ਜੀ ਦੇ ਪਾਸ ਲਿਆਉਂਦੇ ਹਨ, ਜੋ ਅਨੇਕਾਂ ਪ੍ਰਕਾਰ ਦੀਆਂ ਸੰਸਾਰ ਦੀਆ ਵਾਸ਼ਨਾ ਅਤੇ ਦੁਖ ਕਲੇਸ਼ਾਂ ਰੂਪੀ ਅਜਮਾਇਸ਼ਾਂ ਵਿਖੇ ਸਿਖ ਅਡੋਲ ਰਹੇ, ਭਾਵ ਮਨ ਵਿਖੇ ਕੋਈ ਛਿੱਦ੍ਰ ਨ ਹੋਵੇ, ਤਾਂ ਉਸਦਾ ਮਿਲਾਪ ਸੱਚੇ ਪਾਤਿਸ਼ਾਹ ਅਕਾਲ ਪੁਰਖ ਨਾਲ ਗੁਰੂ ਜੀ ਕਰਾ ਦੇਂਦੇ ਹਨ, ਫਿਰ ਜਨਮ ਮਰਨ ਤੋਂ ਰਹਿਤ ਹੋ ਕੇ ਅਡੋਲ ਪਦਵੀ ਨੂੰ ਪ੍ਰਾਪਤ ਹੋ ਜਾਂਦਾ ਹੈ।

ਪਰ ਅਜਿਹੇ ਗੁਰਮੁਖ ਹੀਰੇ ਸੰਸਾਰ ਵਿਚ ਬਹੁਤੇ ਨਹੀਂ ਥੋੜੇ ਹੀ ਹਨ, ਹੁਕਮ ਹੈ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥੧੨॥

*(ਵਾਰਾਂ ਵਧੀਕ ਮ: ੧, ਪੰਨਾ ੧੪੧੧)*

## ੧੭. ਗੁਰਮੁਖ ਦੀ ਸੁਹਾਵੜੀ ਚਾਲ

੧. ਤਰਿ ਡੁੱਬੈ ਡੁੱਬਾ ਤਰੈ
ਪੀ ਪਿਰਮ ਪਿਆਲਾ।
੨. ਜਿਣਿ ਹਾਰੈ ਹਾਰੈ ਜਿਣੈ
ਏਹੁ ਗੁਰਮੁਖ ਚਾਲਾ।
੩. ਮਾਰਗੁ ਖੰਡੇ ਧਾਰ ਹੈ
ਭਵਜਲ ਭਰਨਾਲਾ।
੪. ਵਾਲਹੁ ਨਿੱਕਾ ਆਖੀਐ
ਗੁਰ ਪੰਥ ਨਿਰਾਲਾ।
੫. ਹਉਮੈਂ ਬੱਜਰ ਭਾਰ ਹੈ
ਦੁਰਮਤਿ ਦੁਰਾਲਾ।
੬. ਗੁਰਮਤਿ ਆਪੁ ਗਵਾਇ ਕੈ
ਸਿੱਖ ਜਾਇ ਸੁਖਾਲਾ॥੧੭॥

***ਪਦ ਅਰਥ :*** ਜਿਣਿ—ਜਿੱਤਣਾ। ਦੁਰਾਲਾ—ਦੁਖਾਂ ਦਾ ਘਰ।

*ਅਰਥ :*

੧: ਭਾਈ ਸਾਹਿਬ ਜੀਉ ! ਜਦੋਂ ਆਮ ਸੰਸਾਰੀ ਲੋਕਾਂ ਵੱਲ

ਅਸੀਂ ਨਜ਼ਰ ਮਾਰਦੇ ਹਾਂ ਤਾਂ ਹਰ ਮਨੁੱਖ ਦੀ ਸਰੀਰਕ ਕ੍ਰਿਆ ਖਾਣਾ, ਪਹਿਨਣਾ, ਉੱਠਣਾ, ਬੈਠਣਾ ਆਦਿ ਇਕੋ ਸਮਾਨ ਨਜ਼ਰ ਆਉਂਦਾ ਹੈ, ਪਰ ਇਨ੍ਹਾਂ ਵਿਚੋਂ ਗੁਰਮੁਖ ਦੀ ਪਛਾਣ ਕਿਵੇਂ ਹੋ ਸਕਦੀ ਹੈ, ਆਪ ਜੀ ਗੁਰਮਤ ਦੁਆਰੇ ਇਸ ਦੀ ਜਾਣਕਾਰੀ ਦਿਓ, ਤਾਂ ਕਿ ਅਸੀਂ ਨਿਰਸੰਸੇ ਹੋ ਸਕੀਏ ?

ਉ: ਹੇ ਭਾਈਓ ! ਜਦੋਂ ਅਸੀਂ ਗੁਰਬਾਣੀ ਦੁਆਰੇ ਵੀਚਾਰ ਕਰਦੇ ਹਾਂ ਤਾਂ ਸਾਨੂੰ ਸਰੀਰ ਕਰਕੇ ਤਾਂ ਭਾਵੇਂ ਮਨੁੱਖ-ਮਾਤ੍ਰ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਬਾਕੀ ਦੇ ਲੋਕਾਂ ਨਾਲੋਂ ਗੁਰਮੁਖਾਂ ਦੀ ਮਾਨਸਕ ਕ੍ਰਿਆ ਵਿਚ ਬੜਾ ਹੀ ਅੰਤਰਾ ਹੈ ਭਾਵ ਉਨ੍ਹਾਂ ਦੀ ਮਾਨਸਕ ਚਾਲ ਅਤੀ ਸੁਹਾਵਣੀ ਹੈ ਜੋ ਕਿ ਆਮ ਸੰਸਾਰੀ ਲੋਕਾਂ ਨਾਲ ਤਾਲ-ਮੇਲ ਨਹੀਂ ਕਰਦੀ ਇਹ ਸੂਝ-ਬੂਝ ਭੀ ਉਨ੍ਹਾਂ ਦੇ ਨੇੜੇ ਹੋ ਸੰਗਤ ਕਰਨ ਨਾਲ ਹੀ ਹੋ ਸਕਦੀ ਹੈ, ਮੈਨੂੰ ਗੁਰਬਾਣੀ ਦੀ ਪੜਚੋਲ ਕਰਨ ਸਮੇਂ ਇਸ ਭਾਵ ਨੂੰ ਪ੍ਰਗਟਾਉਣ ਵਾਲੀਆਂ ਬਹੁਤ ਸਾਰੀਆਂ ਪੰਗਤੀਆਂ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਜਿਵੇਂ ਕਿ :

ਗੁਰਮੁਖਿ ਮਰੈ ਨ ਜਨਮੈ ਗੁਰਮੁਖਿ
ਗੁਰਮੁਖਿ ਸਬਦਿ ਸਮਾਹਾ ਹੇ ॥੧੦॥
ਗੁਰਮੁਖਿ ਨਾਮਿ ਸਬਦਿ ਸਾਲਾਹੇ ॥......
ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥
ਗੁਰਮੁਖਿ ਹਿਰਦੈ ਨਾਮੁ ਵਸਾਏ ॥
ਗੁਰਮੁਖਿ ਹੋਵੈ ਸੋ ਨਾਮੁ ਬੂਝੈ
ਕਾਟੇ ਦੁਰਮਤਿ ਫਾਹਾ ਹੇ ॥੧੨॥
ਗੁਰਮੁਖਿ ਉਪਜੈ ਸਾਚਿ ਸਮਾਵੈ ॥
ਨਾ ਮਰਿ ਜੰਮੈ ਨ ਜੂਨੀ ਪਾਵੈ ॥
ਗੁਰਮੁਖਿ ਸਦਾ ਰਹਹਿ ਰੰਗਿ ਰਾਤੇ
ਅਨਦਿਨੁ ਲੈਦੇ ਲਾਹਾ ਹੇ ॥੧੩॥
ਗੁਰਮੁਖਿ ਭਗਤ ਸੋਹਹਿ ਦਰਬਾਰੇ ॥
ਸਚੀ ਬਾਣੀ ਸਬਦਿ ਸਵਾਰੇ ॥

*(ਮਾਰੂ ਮ: ੩, ਪੰਨਾ ੧੦੫੫)*

ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥
ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥
ਧੰਨੁ ਗਿਰਹੀ ਉਦਾਸੀ ਗੁਰਮੁਖਿ
ਗੁਰਮੁਖਿ ਕੀਮਤਿ ਪਾਏ ਜੀਉ ॥੫॥
ਹਉਮੈ ਬਾਧਾ ਗੁਰਮੁਖਿ ਛੂਟਾ ॥
ਗੁਰਮੁਖਿ ਆਵਣੁ ਜਾਵਣੁ ਤੂਟਾ ॥
ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ
ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥
ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ
ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥
ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨੁ ਗਾਏ ਜੀਉ ॥੮॥

*(ਮਾਝ ਮ: ੫, ਪੰਨਾ ੧੩੧)*

ਗੁਰਮੁਖਿ ਉਬਰੇ ਹਰਿ ਸਰਣਾਈ ॥
ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥
ਭਗਤਿ ਕਰੇ ਜਨੁ ਵਡਿਆਈ ਪਾਏ ॥
ਸਾਚਿ ਰਤੇ ਸੁਖ ਸਹਜਿ ਸਮਾਏ ॥੨॥

*(ਧਨਾਸਰੀ ਮ: ੩, ਪੰਨਾ ੬੬੪)*

ਗੁਰਮੁਖਿ ਵਿਚਹੁ ਹਉਮੈ ਜਾਇ ॥
ਗੁਰਮੁਖਿ ਮੈਲੁ ਨ ਲਾਗੈ ਆਇ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥
ਗੁਰਮੁਖਿ ਕਰਮ ਧਰਮ ਸਚਿ ਹੋਈ ॥
ਗੁਰਮੁਖਿ ਅਹੰਕਾਰੁ ਜਲਾਏ ਦੋਈ ॥

*(ਗਉੜੀ ਮ: ੩, ਪੰਨਾ ੨੩੦)*

ਆਵਹਿ ਸਚੇ ਜਾਵਹਿ ਸਚੇ
ਫਿਰਿ ਜੂਨੀ ਮੂਲਿ ਨ ਪਾਹਿ ॥
ਗੁਰਮੁਖਿ ਦਰਿ ਸਾਚੈ ਸਚਿਆਰ ਹਹਿ
ਸਾਚੇ ਮਾਹਿ ਸਮਾਹਿ ॥੫॥ *(ਵਡਹੰਸੁ ਮ: ੩, ਪੰਨਾ ੫੬੫)*

ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥
ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ ॥

*(ਮ: ੪, ਪੰਨਾ ੧੩੧੭)*

ਗੁਰਮੁਖਿ ਮਿਲੈ ਮਿਲਾਏ ਆਪੇ ॥
ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥
ਹਉਮੈ ਮਾਰਿ ਬੰਧਨ ਸਭ ਤੋੜੈ
ਗੁਰਮੁਖਿ ਸਬਦਿ ਸੁਹਾਵਣਿਆ ॥੧॥
ਹਉ ਵਾਰੀ ਜੀਉ ਵਾਰੀ
ਹਰਿ ਹਰਿ ਨਾਮਿ ਸੁਹਾਵਣਿਆ ॥
ਗੁਰਮੁਖਿ ਗਾਵੈ ਗੁਰਮੁਖਿ ਨਾਚੈ
ਹਰਿ ਸੇਤੀ ਚਿਤੁ ਲਾਵਣਿਆ ॥੧॥ਰਹਾਉ॥

ਗੁਰਮੁਖਿ ਜੀਵੈ ਮਰੈ ਪਰਵਾਣੁ ॥
ਆਰਜਾ ਨ ਛੀਜੈ ਸਬਦੁ ਪਛਾਣੁ ॥
ਗੁਰਮੁਖਿ ਮਰੈ ਨ ਕਾਲੁ ਨ ਖਾਏ
ਗੁਰਮੁਖਿ ਸਚਿ ਸਮਾਵਣਿਆ ॥੨॥
ਗੁਰਮੁਖਿ ਹਰਿ ਦਰਿ ਸੋਭਾ ਪਾਏ ॥
ਗੁਰਮੁਖਿ ਵਿਚਹੁ ਆਪੁ ਗਵਾਏ ॥
ਆਪਿ ਤਰੈ ਕੁਲ ਸਗਲੇ ਤਾਰੇ
ਗੁਰਮੁਖਿ ਜਨਮੁ ਸਵਾਰਣਿਆ ॥੩॥
ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰ ॥
ਗੁਰਮੁਖਿ ਹਉਮੈ ਚੂਕੈ ਪੀਰ ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ
ਗੁਰਮੁਖਿ ਸਹਜਿ ਸਮਾਵਣਿਆ ॥੪॥
ਗੁਰਮੁਖਿ ਨਾਮੁ ਮਿਲੈ ਵਡਿਆਈ ॥
ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ
ਗੁਰਮੁਖਿ ਸਬਦੁ ਕਰਾਵਣਿਆ ॥੫॥
ਗੁਰਮੁਖਿ ਅਨਦਿਨੁ ਸਬਦੇ ਰਾਤਾ ॥
ਗੁਰਮੁਖਿ ਜੁਗ ਚਾਰੇ ਹੈ ਜਾਤਾ ॥
ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ
ਸਬਦੇ ਭਗਤਿ ਕਰਾਵਣਿਆ ॥੬॥

*(ਮਾਝ ਮ: ੩, ਪੰਨਾ ੧੨੪)*

ਇਸੇ ਭਾਵ ਦੀਆਂ ਹੋਰ ਵੀ ਅਨੇਕਾਂ ਪੰਗਤੀਆਂ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪੜ੍ਹਨ ਅਤੇ ਸੁਣਨ ਵਿਚ ਆਉਂਦੀਆਂ ਹਨ, ਜਿਨ੍ਹਾਂ ਵਿਚ ਗੁਰਮੁਖਾਂ ਦੀ ਮਾਨਸਕ ਨਿਰਲੇਪ ਅਵਸਥਾ ਦਾ ਖੁਲਾਸਾ ਪ੍ਰਗਟਾਇਆ ਹੈ, ਜਿਨ੍ਹਾਂ ਦੁਆਰਾ ਉਹ ਸੰਸਾਰ ਸਾਗਰ ਦੇ ਵਿਕਾਰਾਂ ਤੋਂ ਨਿਰਲੇਪ ਜੀਵਨ ਗੁਜ਼ਾਰਦੇ ਹੋਏ ਰੱਬੀ ਦਰਬਾਰ ਵਿਚ ਕਬੂਲ ਹੁੰਦੇ ਹਨ। ਇਨ੍ਹਾਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ :

(੧) (ਹੇ ਭਾਈ! ਜੋ ਗੁਰਮੁਖ ਹੈ ਉਹ ਪ੍ਰਭੂ ਦੇ) ਪ੍ਰੇਮ ਦਾ ਅੰਮ੍ਰਿਤ ਪੀ ਕੇ (ਸੰਸਾਰ ਭਵਜਲ ਵਿਚ) ਡੁੱਬਾ ਹੋਇਆ ਤਰ ਪੈਂਦਾ ਹੈ ਤੇ ਪ੍ਰੇਮ ਪਿਆਲੇ ਦਾ ਅੰਮ੍ਰਿਤ ਰਸ ਪੀ ਕੇ ਉਸੇ ਵਿਚ (ਹੀ) ਡੁੱਬ ਜਾਂਦਾ ਹੈ।

(੨) (ਪਰ, ਸੰਸਾਰੀ ਤਾਕਤ ਦੇ ਸਹਾਰੇ ਜੋ) ਜਿੱਤਦਾ ਹੈ, (ਇਸ ਪ੍ਰਮਾਰਥਕ ਰੱਬੀ ਦਸ਼ਾ ਵਿਚ ਪੁਜ ਕੇ) ਉਹ ਹਾਰਦਾ ਹੈ ਤੇ ਹਾਰ ਕੇ ਫਿਰ ਜੇਤੂ ਬਣਦਾ ਹੈ, ਇਹੋ ਹੀ ਗੁਰਮੁਖਾਂ ਦੀ ਚਾਲ (ਤੁਰਨਾ) ਹੈ।

(੩) ਇਹ ਮਾਰਗ ਖੰਡੇ ਦੀ ਧਾਰ ਵਰਗਾ ਤਿੱਖਾ (ਔਖਾ) ਹੈ ਤੇ ਭਵਜਲ (ਦੇ ਡਰ) ਨਾਲ ਭਰਪੂਰ (ਭਾਵ ਭਵਜਲ ਵਿਚ ਡੁੱਬਣ ਦਾ ਡਰ ਹਰ ਸਮੇਂ ਬਣਿਆ ਰਹਿੰਦਾ) ਹੈ।

(੪) ਇਹ ਮਾਰਗ ਵਾਲ ਨਾਲੋਂ ਵੀ ਬਰੀਕ ਹੈ, ਐਸਾ ਇਹ ਗੁਰੂ ਦਾ ਨਿਰਾਲਾ ਪੰਥ ਹੈ। ਭਾਵ ਵੱਖਰਾ ਹੀ ਮਾਰਗ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਉ! ਇਸ ਮਾਰਗ 'ਤੇ ਸਫ਼ਰ ਕਰਨ ਵਾਲਿਆਂ ਨੂੰ ਤੱਕੀਦਾ ਹੈ ਕਿ ਉਹ ਵਧੇਰੇ ਲੋਕ ਇਸ ਦੇ ਸਿਖ਼ਰ ਤੱਕ ਨਹੀਂ ਪਹੁੰਚ ਸਕਦੇ, ਇਸਦਾ ਸਹੀ ਕਾਰਨ ਕੀ ਹੈ?

ਉ: (੫) (ਹੇ ਭਾਈਓ! ਇਸ ਮਾਰਗ ਵਿਚ ਸਫ਼ਰ ਕਰਨ ਵਾਲਿਆਂ ਦੇ ਸਾਹਮਣੇ ਇਕ) ਐਸਾ ਹਉਮੈ ਦਾ ਬਜਰ ਵਰਗਾ ਕਰੜਾ ਭਾਰ ਹੈ (ਤੇ ਜਿਸ ਉੱਤੇ ਵੀ ਇਸ ਦਾ ਭਾਰ ਪੈਂਦਾ ਹੈ ਉਹ ਲਿਫਣੋਂ ਰਹਿ ਨਹੀਂ ਸਕਦਾ) ਤੇ ਦੁਰਮਤਿ (ਖੋਟੀ ਮੱਤ) ਦੁਖਾਂ ਦਾ ਘਰ ਹੈ।

(੬) ਪਰ, ਗੁਰੂ ਦੀ ਸਿੱਖਿਆ ('ਤੇ ਚਲ ਕੇ) ਤੇ ਆਪਾ ਭਾਵ (ਹਉਮੈ) ਨੂੰ ਗਵਾ ਕੇ, ਸਿਖ (ਇਨ੍ਹਾਂ ਔਖੇ ਰਸਤਿਆਂ ਤੋਂ) ਸੁਖੈਨ ਹੀ ਲੰਘ ਜਾਂਦਾ ਹੈ।੧੭।

*ਭਾਵਾਰਥ :* ਇਸ ਪਉੜੀ ਵਿਚ ਭਾਈ ਸਾਹਿਬ ਜੀ ਉਸ ਰੱਬੀ ਮਾਰਗ ਨੂੰ ਵਾਲ ਤੋਂ ਭੀ ਬਰੀਕ ਦਰਸਾ ਰਹੇ ਹਨ, ਜਿਵੇਂ ਕਿ ਵਾਲ ਤੇ ਟੁਰਨਾ ਬੜਾ ਹੀ ਔਖਾ ਹੈ, ਇਸੇ ਹੀ ਤਰ੍ਹਾਂ ਉਸ ਰੱਬੀ ਮਾਰਗ ਪਰ ਸਫ਼ਰ ਕਰਨਾ ਅਤਿਅੰਤ ਕਠਨ ਹੈ, ਜਿਸ 'ਤੇ ਹਰ ਬੰਦਾ ਟੁਰ ਨਹੀਂ ਸਕਦਾ ਕਿਉਂਕਿ ਇਸ ਮਾਰਗ ਵਿਚ ਹਉਮੈ, ਹੰਕਾਰ ਅਤੇ ਮਾਣ ਪਤਿਸ਼ਟਾ ਦੇ ਬੜੇ ਬੜੇ ਟੋਏ ਟਿੱਬੇ ਆਉਂਦੇ ਹਨ, ਜਿਨ੍ਹਾਂ ਨੂੰ ਪਾਰ ਕਰਨਾ ਹਰ ਮਨੁੱਖ ਲਈ ਅਸੰਭਵ ਹੀ ਨਹੀਂ ਔਖਾ ਹੈ। ਪਰ ਇਸ ਮਾਰਗ 'ਤੇ ਸਫ਼ਰ ਕਰਨ ਲਈ ਗੁਰਮੁਖਾ ਨੇ ਗੁਰੂ ਦੀ ਸਿੱਖਿਆ ਨੂੰ ਅਪਨਾਇਆ ਹੈ, ਜਿਸਦੇ ਆਸਰੇ ਉਹ ਸੁਖੈਨ ਹੀ ਆਪਣੀ ਸਹੀ ਮੰਜ਼ਲ ਤੇ ਪੁੱਜ ਕੇ ਸਦੀਵੀ ਖ਼ੁਸ਼ੀਆਂ ਹਾਸਲ ਕਰਦੇ ਹਨ।

## ੧੮. ਬੋਹੜ ਤੋਂ ਸਿੱਖਿਆ

**੧. ਧਰਤਿ ਵੜੈ ਵੜਿ ਬੀਉ ਹੋਇ**
**ਜੜ੍ਹ ਅੰਦਰ ਜੰਮੈ।**
**੨. ਹੋਇ ਬਰੂਟਾ ਚੁਹਚੁਹਾ**
**ਮੂਲ ਡਾਲ ਧਰੰਮੈ।**

੩. ਬਿਰਖ ਅਕਾਰ ਬਿਥਾਰ ਕਰਿ
ਬਹੁ ਜਟਾ ਪਲੰਮੈ।
੪. ਜਟਾਂ ਲਟਾ ਮਿਲਿ ਧਰਤਿ ਵਿੱਚ
ਹੋਇ ਮੂਲ ਅਗੰਮੈ।
੫. ਛਾਂਵ ਘਣੀ ਪੱਤ ਸੋਹਣੇ
ਫਲ ਲੱਖ ਲਖੰਮੈ।
੬. ਫਲ ਫਲ ਅੰਦਰ ਬੀਜ ਬਹੁ
ਗੁਰਸਿੱਖ ਮਰੰਮੈ ॥੧੮॥

*ਪਦ ਅਰਥ :* ਵੜਿ—ਬੋਹੜ। ਬਰੂਟਾ—ਪੌਦਾ, ਬੂਟਾ। ਚੁਹਚੁਹਾ—ਲਿਸ਼ਕੀਲਾ, ਬੂਟਾ ਲਿਸ਼ਕ ਵਾਲਾ। ਧਰੰਮੈ—ਧਰਦਾ ਹੈ। ਪਲੰਮੈ—ਲਮਕਦੀਆਂ। ਲਟਾ—ਲੱਤਾਂ, ਡਾਲੀਆਂ। ਅਗੰਮੈ—ਉੱਠਦਾ, ਉਚਾਈ। ਲਖੰਮੈ—ਲੱਖਾਂ, ਬਹੁਤ। ਮਰੰਮੈ—ਭੇਤ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਵੇਖ ਹੀ ਰਹੇ ਹੋ ਕਿ ਜਿਹੋ ਜਿਹੇ ਸਾਡੇ ਅਸਥੂਲ ਕਾਰੋਬਾਰ ਹਨ, ਇਸੇ ਤਰ੍ਹਾਂ ਦੀ ਸਾਡੀ ਵੀਚਾਰ ਦ੍ਰਿਸ਼ਟੀ ਭੀ ਅਸਥੂਲ ਉਦਾਹਰਣਾ ਨੂੰ ਹੀ ਸਮਝ ਸਕਦੀ ਹੈ, ਇਸ ਲਈ ਆਪ ਸਾਨੂੰ ਕੋਈ ਪ੍ਰਤੱਖਸ਼ ਪ੍ਰਮਾਨ ਦਿਓ, ਜਿਸ ਦੁਆਰੇ ਸਾਨੂੰ ਗੁਰਸਿੱਖੀ ਦੇ ਮਾਰਗ ਪਰ ਚਲਦੇ ਰਹਿਣ ਦੀ ਪ੍ਰੇਰਨਾ ਮਿਲ ਸਕੇ?

ਉ: ਹੇ ਭਾਈਓ! ਗੁਰਸਿਖ ਲਈ ਗੁਰਮਤ ਅਨੁਸਾਰ ਗੁਰਸਿੱਖੀ ਦੇ ਮਾਰਗ ਪਰ ਚਲਦੇ ਰਹਿਣ ਲਈ ਉਸ ਕਾਦਰ ਦੀ ਸੂਖਮ ਤੇ ਅਸਥੂਲ ਹਰ ਸ਼ੈਅ ਤੋਂ ਹੀ ਪ੍ਰੇਰਨਾ ਮਿਲ ਸਕਦੀ ਹੈ, ਜਿਵੇਂ ਕਿ ਅਹੁ ਤੱਕੋ ਸਾਡੇ ਸਾਹਮਣੇ ਪ੍ਰਤੱਖ ਇਕ ਬਹੁਤ ਵੱਡੇ ਵਿਸਥਾਰ ਵਾਲਾ ਬੋਹੜ ਦਾ ਬ੍ਰਿਛ ਖਲੋਤਾ ਹੈ, ਇਸ ਤੋਂ ਭੀ ਸਿਖ ਨੂੰ ਸਿੱਖੀ ਮਾਰਗ ਪਰ ਚਲਦੇ ਰਹਿਣ ਲਈ ਬਹੁਤ ਵੱਡੀ ਪ੍ਰੇਰਨਾ ਮਿਲਦੀ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਉ! ਇਸ ਬੋਹੜ ਦੇ ਦਰੱਖ਼ਤ ਤੋਂ ਜੋ ਪ੍ਰੇਰਨਾ ਮਿਲਦੀ ਹੈ, ਕੀ ਉਸਨੂੰ ਵਿਸਥਾਰ ਰੂਪ ਵਿਚ ਦਰਸਾਓਗੇ?

ਉ: ਹੇ ਭਾਈ! ਵੇਖੋਂ, ਇਸ ਬੋਹੜ ਦੇ ਬੀਜ ਦਾ ਅਕਾਰ ਤਾਂ ਪਹਿਲੇ ਹੀ ਸੂਖਮ ਸੀ, ਪਰ ਉਸਨੇ ਆਪਣੇ ਸੂਖਮ ਆਕਾਰ ਨੂੰ ਭੀ ਮਿੱਟੀ ਵਿਚ ਮਿਲਾ ਕੇ ਆਪਣੇ ਆਪ ਨੂੰ ਹੀ ਮਿਟਾ ਦਿੱਤਾ, ਜਿਸਦਾ ਸਦਕਾ ਉਹ ਸੂਖਮ ਬੀਜ ਭੀ ਇਹ ਕਿਤਨੇ ਵਡੇਰੇ ਅਕਾਰ ਵਿਚ ਫੈਲ ਗਿਆ ਹੈ। ਇਸੇ ਤਰ੍ਹਾਂ ਹੀ ਜੋ ਮਨੁੱਖ ਦੇ ਅੰਤਰ ਆਤਮੇ ਸੂਖਮ ਹਉਮੈ, ਹੰਗਤਾ ਤੇ ਹੰਕਾਰ ਹੈ ਜਿਤਨਾ ਚਿਰ ਇਹ ਉਸਨੂੰ ਮਿਟਾ ਨਹੀਂ ਦੇਂਦਾ ਉਤਨਾ ਚਿਰ ਇਸਦਾ ਇਸ ਸਿੱਖੀ ਮਾਰਗ ਪਰ ਸਫ਼ਰ ਕਰਨਾ ਅਤੀ ਕਠਿਨ ਹੈ, ਕਿਉਂਕਿ ਬਾਣੀ ਵਿਚ ਇਸ ਹਉਮੈ ਨੂੰ ਇਕ ਬਹੁਤ ਵੱਡਾ ਰੋਗ ਦਰਸਾਇਆ ਹੈ, ਜਿਵੇਂ ਕਿ ਇਕ ਦੇਰਕਾਲ ਦਾ ਦੀਰਘ ਰੋਗੀ ਟੁਰਨ ਵਲੋਂ ਅਸਮਰਥ ਹੈ, ਇਸੇ ਤਰ੍ਹਾਂ ਹਉਮੈ ਰੋਗ ਦਾ ਗ੍ਰਸਿਆ ਹੋਇਆ ਮਨੁੱਖ ਵੀ ਇਸ ਗੁਰਸਿੱਖੀ ਦੇ ਮਾਰਗ ਪਰ ਚਲਣ ਵਲੋਂ ਅਸਮਰਥ ਹੈ, ਕਿਉਂਕਿ ਬਾਣੀ ਅੰਦਰ ਹਉਮੈ ਦਾ ਕਈ ਰੂਪਾਂ ਵਿਚ ਜ਼ਿਕਰ ਕੀਤਾ ਹੈ ਜਿਸਦਾ ਫਲ ਸਦਾ ਹੀ ਸੰਸਾਰ ਦੇ ਜਨਮ ਮਰਨ ਦੇ ਚੱਕ੍ਰ ਵਿਚ ਆਉਂਦੇ ਜਾਂਦੇ ਰਹਿਣਾ ਪੈਂਦਾ ਹੈ। ਬਾਣੀ ਵਿਚ ਭੀ ਇਹੋ ਭਾਵ ਦਰਸਾਇਆ ਹੈ ਜਿਵੇਂ ਕਿ :

ਹਉਮੈ ਆਵੈ ਜਾਈ ॥
ਮਨੁ ਟਿਕਣੁ ਨ ਪਾਵੈ ਰਾਈ ॥
*(ਮਾਰੂ ਮ: ੫, ਪੰਨਾ ੧੦੦੩)*

ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥
*(ਸੂਹੀ ਮ: ੧, ਪੰਨਾ ੭੫੨)*

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥.....
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
*(ਮ: ੨, ਪੰਨਾ ੪੬੬)*

ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥
*(ਰਾਮਕਲੀ ਕੀ ਵਾਰ, ਪੰਨਾ ੯੪੭)*

ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥
ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥
*(ਸ੍ਰੀ ਰਾਗੁ ਮ: ੩, ਪੰਨਾ ੩੬)*

ਹਉਮੈ ਕਰਿ ਕਰਿ ਜਾਇ ਘਣੇਰੀ
ਕਰਿ ਅਵਗਣ ਪਛੋਤਾਵਣਿਆ ॥੨॥
*(ਮਾਝ ਮ: ੧, ਪੰਨਾ ੧੦੯)*

ਹਉਮੈ ਕਰੈ ਕਰਾਵੈ ਹਉਮੈ
ਪਾਪ ਕੋਇਲੇ ਆਨਿ ਜਮਾਵੈਗੋ ॥
*(ਕਾਨੜਾ ਮ: ੪, ਪੰਨਾ ੧੩੧੧)*

ਹਉਮੈ ਕਰਤਿਆ ਨਹ ਸੁਖੁ ਹੋਇ ॥
ਮਨ ਮਤਿ ਝੂਠੀ ਸਚਾ ਸੋਇ ॥
*(ਗਉੜੀ ਮ: ੧, ਪੰਨਾ ੨੨੨)*

ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥
*(ਸ੍ਰੀ ਰਾਗੁ ਮ: ੩, ਪੰਨਾ ੩੪)*

ਹਉਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥
ਬੂਝਹੁ ਗਿਆਨੀ ਬੂਝਣਾ
ਏਹ ਅਕਥ ਕਥਾ ਮਨ ਮਾਹਿ ॥
*(ਸਲੋਕ ਮ: ੧, ਪੰਨਾ ੧੦੯੨)*

ਹਉਮੈ ਕਰਤ ਭੇਖੀ ਨਹੀ ਜਾਨਿਆ ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥......
ਹਉਮੈ ਕਰਿ ਰਾਜੇ ਬਹੁ ਧਾਵਹਿ ॥
ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
*(ਗਉੜੀ ਮ: ੧, ਪੰਨਾ ੨੨੬)*

ਹਉਮੈ ਕਰਤਾ ਭਵਜਲਿ ਪਰਿਆ ॥
ਬਿਨੁ ਗੁਰ ਪਾਰੁ ਨ ਪਾਵੈ ਕੋਈ
ਹਰਿ ਜਪੀਐ ਪਾਰਿ ਉਤਾਰਾ ਹੇ ॥੧॥
*(ਮਾਰੂ ਮ: ੧, ਪੰਨਾ ੧੦੩੦)*

ਹਉਮੈ ਕਰਦਿਆ ਜਨਮੁ ਗਵਾਇਆ ॥
ਆਗੈ ਮੋਹੁ ਨ ਚੂਕੈ ਮਾਇਆ ॥
*(ਮਾਰੂ ਮ: ੩, ਪੰਨਾ ੧੦੬੩)*

ਮਨਮੁਖਿ ਹਰਿ ਰਸੁ ਚਾਖਿਆ ਨ ਜਾਇ ॥
ਹਉਮੈ ਕਰੈ ਬਹੁਤੀ ਮਿਲੈ ਸਜਾਇ ॥੩॥
*(ਸੂਹੀ ਮ: ੪, ਪੰਨਾ ੭੩੩)*

ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ ॥
ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥੧॥
*(ਗਉੜੀ ਮ: ੩, ਪੰਨਾ ੧੬੨)*

ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ ਆਇ ॥
*(ਸਿਰੀ ਰਾਗੁ ਮ: ੩, ਪੰਨਾ ੬੫)*

ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ ॥
*(ਰਾਮਕਲੀ ਮ: ੫, ਪੰਨਾ ੯੩੭)*

ਇਸ ਹਉਮੈ ਦੇ ਦੀਰਘ ਰੋਗ ਬਾਰੇ ਬਾਣੀ ਵਿਚ ਹੋਰ ਭੀ ਅਨੇਕਾਂ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਤੋਂ ਸਿਖਿਆ ਮਿਲਦੀ ਹੈ ਕਿ ਸਿਖ ਜਿਤਨਾ ਚਿਰ ਇਸ ਬੋਹੜ ਦੇ ਬੀਜ ਦੀ ਤਰ੍ਹਾਂ ਆਪਣੇ ਅੰਦਰੋਂ ਇਸ ਹਉਮੈ ਦਾ ਅਭਾਵ ਨਹੀਂ ਕਰਦਾ ਉਤਨਾ ਚਿਰ ਸਿਖ ਦਾ ਸਿੱਖੀ ਮਾਰਗ 'ਤੇ ਚਲਣਾ ਬਹੁਤ ਕਠਿਨ ਹੈ, ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ ! ਵੇਖੋ) ਬੋਹੜ ਧਰਤੀ ਵਿਚ ਧਸਦਾ ਹੈ, ਫਿਰ ਬੀਜ ਹੀ ਹੁੰਦਾ ਹੈ, ਜੜ੍ਹਾਂ (ਧਰਤੀ) ਅੰਦਰ ਹੀ ਜੰਮਦੀਆਂ ਹਨ।

(੨) (ਫਿਰ ਉਹ ਧਰਤੀ ਤੋਂ ਬਾਹਰ) ਲਿਸ਼ਕਣ ਵਾਲਾ ਬੂਟਾ ਬਣ ਨਿਕਲਦਾ ਹੈ, (ਫਿਰ) ਮੁਢ ਵਧ ਜਾਂਦਾ ਤੇ ਡਾਲ ਬਣ ਕੇ ਬੋਹੜ ਆਪਣਾ ਅਕਾਰ ਵਧਾਉਂਦਾ ਹੈ।

(੩) (ਹੌਲੀ ਹੌਲੀ ਵੱਡੇ) ਬ੍ਰਿਛ ਦਾ ਅਕਾਰ ਤੇ ਵਿਸਥਾਰ (ਫੈਲਾਅ) ਕਰਕੇ ਉਸਦੇ ਸਿਰ ਦੀਆਂ ਜਟਾਂ ਉਪਰੋਂ ਥੱਲੇ (ਧਰਤੀ ਵਲ) ਲਮਕਣ ਲੱਗ ਪੈਂਦੀਆਂ ਹਨ।

(੪) (ਇਸ ਤਰ੍ਹਾਂ ਹੋ ਗਿਆ ਕਿ) ਜੜ੍ਹਾਂ (ਤੋਂ ਉੱਗੀਆਂ) ਡਾਲੀਆਂ (ਜੜ੍ਹਾਂ ਨਾਲ) ਮਿਲਕੇ (ਫਿਰ ਧਰਤੀ ਵਿਚੋਂ ਹੀ) ਜਿਵੇਂ (ਜੜ੍ਹਾਂ ਵੱਡੀਆਂ ਹੋ) ਉਗਮ ਖਲੋਂਦੀਆਂ।

(੫) ਇਸ ਕਰਕੇ, ਬੋਹੜ ਸੋਹਣੇ ਪੱਤਿਆਂ ਨਾਲ ਸੰਘਣੀ ਛਾਂ ਕਰ ਦਿੰਦਾ ਹੈ, ਲੱਖਾਂ ਹੀ ਫਲ (ਗੋਹਲਾਂ) ਵੇਖੇ ਜਾਂਦੇ ਹਨ। (ਇਸੇ ਤਰ੍ਹਾਂ ਹੀ) ਗੁਰਸਿਖ ਦੇ ਭੇਤ ਨੂੰ ਜਾਣੋ। ਸਿਖ ਵੀ ਬੋਹੜ ਵਾਂਗ ਵੱਡਾ ਹੋ ਕੇ ਨਿਰਮਾਣਤਾ ਧਾਰਦਾ ਹੈ, ਤਾਂ ਉਹ ਗੁਰਸਿੱਖੀ ਦਾ ਬੀਜ ਵੱਡੇ ਵਿਸਥਾਰ ਵਾਲੇ ਬੋਹੜ ਦੇ ਨਿਕੇ ਜਿਹੇ ਬੀਜ ਵਾਂਗੂ ਹੈ ਤੇ ਅਜੇਹੇ ਗੁਰਸਿਖ ਤੋਂ ਅਗਾਹਾਂ ਹੋਰ ਅਨੇਕਾਂ ਗੁਰਸਿਖ ਬਣਦੇ ਤੇ ਵਰੋਸਾਉਂਦੇ ਹਨ।੧੮।

***ਭਾਵਾਰਥ :*** ਇਸ ਦ੍ਰਿਸ਼ਟਾਂਤ ਦਾ ਭਾਵ ਇਹ ਹੈ ਕਿ ਜੋ ਸਿਖ ਦੇਹ ਅਭਿਮਾਨ ਨੂੰ ਛੱਡ ਕੇ ਬੋਹੜ ਦੇ ਬੀਜ ਵਾਂਙੂ ਫਲੀਭੂਤ ਹੁੰਦਾ ਹੈ, ਜੇ ਉਹ ਫਿਰ ਭੀ ਨਿੰਮ੍ਰੀਭੂਤ ਹੋਵੇ, ਤਾਂ ਇਕ ਬੋਹੜ ਦੇ ਜਿਵੇਂ ਕਈ ਬੋਹੜ ਹੋ ਕੇ ਫਲਦਾ ਹੈ, ਭਾਵ ਉਸ ਤੋਂ ਅਨੇਕਾਂ ਜਗਿਆਸੂ ਸੁਖੀਏ ਹੋ ਕੇ ਲੋਕਾਂ ਨੂੰ ਛਾਇਆ ਆਦਿ ਕਰਕੇ ਸੁਖ ਦਿੰਦੇ ਹਨ, ਅਰ ਹਰ ਜਗਿਆਸੂ ਤੋਂ ਅਗੇ ਲੱਖਾਂ ਗੁਣਾਂ ਦਾ ਬੀਜ ਫੈਲਦਾ ਹੈ। ਪਰ ਇਹ ਏਡੀ ਵਡੇਰੀ ਸੁਖਦਾਈ ਸੁਗਾਤ ਉਨ੍ਹਾਂ ਨੂੰ ਹੀ ਹਾਸਲ ਹੁੰਦੀ ਹੈ ਜਿਨ੍ਹਾਂ ਨੇ ਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਨਿਰਹੰਕਾਰ ਜੀਵਨ ਗੁਜ਼ਾਰਿਆ ਹੈ।

## ੧੯. ਗੁਰਸਿੱਖੀ ਦਾ ਹੋਰ ਦ੍ਰਿਸ਼ਟਾਂਤ

੧. ਇੱਕ ਸਿੱਖ ਦੁਇ ਸਾਧ ਸੰਗ
ਪੰਜੀਂ ਪਰਮੇਸ਼ੁਰ।
੨. ਨਉਂ ਅੰਗ ਨੀਲ ਅਨੀਲ ਸੁੰਨ
ਅਵਤਾਰ ਮਹੇਸ਼ੁਰ।

੩. ਵੀਹ ਇਕੀਹ ਅਸੰਖ ਸੰਖ
ਮੁਕਤੇ ਮੁਕਤੇਸ਼ੁਰ।
੪. ਨਗਰ ਨਗਰ ਮੈ ਸਹੰਸ ਸਿਖ
ਦੇਸ ਦੇਸ ਲਖੇਸ਼ੁਰ।
੫. ਇਕਦੂੰ ਬਿਰਖਹੁੰ ਲੱਖ ਫਲ
ਫਲ ਬੀਅ ਲੁਮੇਸ਼ੁਰ।
੬. ਭੋਗ ਭੁਗਤਿ ਰਾਜੇਸੁਰਾਂ
ਜੋਗ ਜੁਗਤਿ ਜੋਗੇਸ਼ੁਰ ॥੧੯॥

*ਪਦ ਅਰਥ :* ਨੀਲ ਅਨੀਲ—ਗਿਣਤੀ ਤੋਂ ਬਾਹਰ। ਮੁਕਤੇਸ਼ੁਰ—ਮੁਕਤੀ ਦੇ ਸਿਰਮੌਰ। ਲਖੇਸ਼ੁਰ—ਲੱਖਾਂ ਹੀ ਸਿਖ। ਲੁਮੇਸ਼ੁਰ—ਮਿਲੇ ਹੋਏ। ਭੋਗ ਭੁਗਤਿ—ਭੋਗਾਂ ਦੇ ਭੋਗਣ ਹਾਰ। ਜੋਗੇਸ਼ੁਰ—ਜੋਗੀਆਂ ਦੇ ਰਾਜੇ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਉ ! ਇਹ ਦੱਸਣ ਦੀ ਕ੍ਰਿਪਾ ਕਰੋਗੇ ਕਿ ਇਕ ਸਿਖ ਤੇ ਸਾਧ ਸੰਗ ਵਿਚ ਪ੍ਰਸਪਰ ਕੀ ਅੰਤਰਾ ਹੈ, ਕਿਉਂਕਿ ਅਸੀਂ ਗੁਰਮਤ ਦੇ ਗੂਹੜ ਭਾਵਾਂ ਨੂੰ ਵਧੇਰੇ ਸਮਝਣ ਦੀ ਸਿਆਣਪ ਨਹੀਂ ਰਖਦੇ, ਇਸ ਲਈ ਅਸੀਂ ਆਪ ਤੋਂ ਜਾਣਕਾਰੀ ਲੈਣਾ ਚਾਹੁੰਦੇ ਹਾਂ ?

ਉ: ਹੇ ਭਾਈਓ ! ਉਂਝ ਤਾ ਸਮੂਹ ਸਿੱਖਾ ਦੇ ਇਕੱਠ ਨੂੰ ਹੀ ਸਾਧ ਸੰਗ ਕਿਹਾ ਜਾਂਦਾ ਹੈ, ਪਰ ਇਸ ਵਿਚ ਇਤਨਾ ਕੁ ਅੰਤਰਾ ਜ਼ਰੂਰ ਮੰਨਿਆ ਜਾ ਸਕਦਾ ਹੈ ਕਿ ਜੋ ਗੁਰੂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਗੁਜ਼ਾਰਦਾ ਹੈ ਉਹ ਇਕ ਸਿਖ ਕਿਹਾ ਜਾ ਸਕਦਾ ਹੈ, ਪਰ ਜਦੋਂ ਦੋ ਸਿਖ ਇਕੱਠੇ ਹੋ ਕੇ ਪਰਮਾਰਥ ਦੀਆਂ ਵੀਚਾਰਾਂ ਕਰਦੇ ਹਨ ਤਾਂ ਉਸਨੂੰ ਸਾਧ ਸੰਗ ਕਿਹਾ ਜਾਂਦਾ ਹੈ। ਗੁਰਬਾਣੀ ਅੰਦਰ ਵੀ ਇਹੋ ਇਸ਼ਾਰਾ ਆਉਂਦਾ ਹੈ, ਜਿਵੇਂ ਕਿ :

ਸਤਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥
*(ਸ੍ਰੀ ਰਾਗੁ ਮ: ੧, ਪੰਨਾ ੭੨)*

ਭਾਵ, ਵਧੇਰੇ ਮਨੁੱਖਾਂ ਦੇ ਇਕੱਠ ਨੂੰ ਸਾਧ ਸੰਗਤ ਨਹੀ ਕਿਹਾ ਜਾਂਦਾ, ਸਾਧ ਸੰਗਤ ਉਸੇ ਸਾਦਕਾਂ ਦੀ ਇਕੱਤ੍ਰਤਾ ਨੂੰ ਕਿਹਾ ਜਾਂਦਾ ਹੈ ਜਿਥੇ ਸਤ ਅਸੱਤ ਦੀ ਵੀਚਾਰ ਹੋਵੇ। ਅਜਿਹੇ ਸਾਧ ਸੰਗ ਦੀ ਬਾਣੀ ਵਿਚ ਅਨੇਕਾਂ ਥਾਵਾਂ 'ਤੇ ਮਹਿਮਾ ਆਉਂਦੀ ਹੈ, ਜਿਵੇਂ ਕਿ :

ਸਾਧ ਸੰਗਿ ਹਰਿ ਕੀਰਤਨੁ ਗਾਈਐ ॥
ਇਹ ਅਸਥਾਨੁ ਗੁਰੂ ਤੇ ਪਾਈਐ ॥
*(ਆਸਾ ਮ: ੫, ਪੰਨਾ ੩੮੫)*

ਰੋਗ ਸੋਗ ਦੂਖ ਤਿਸੁ ਨਾਹੀ ॥
ਸਾਧ ਸੰਗਿ ਹਰਿ ਕੀਰਤਨੁ ਗਾਹੀ ॥
*(ਮਾਰੂ ਮ: ੫, ਪੰਨਾ ੧੦੮੫)*

ਸਾਧ ਸੰਗਿ ਹਰਿ ਕੀਰਤਨੁ ਗਾਈਐ ॥
ਕਹੁ ਨਾਨਕ ਵਡਭਾਗੀ ਪਾਈਐ ॥੪॥
*(ਗਉੜੀ ਮ: ੫, ਪੰਨਾ ੧੭੯)*

ਜਮਦੂਤ ਤਿਸੁ ਨਿਕਟਿ ਨ ਆਵੈ ॥
ਸਾਧ ਸੰਗਿ ਹਰਿ ਕੀਰਤਨੁ ਗਾਵੈ ॥
*(ਮਾਰੂ ਮ: ੫, ਪੰਨਾ ੧੦੭੯)*

ਸਾਧੂ ਸੰਗਿ ਹੋਵੈ ਉਧਾਰੁ ॥
ਸੋਭਾ ਪਾਵੈ ਪ੍ਰਭ ਕੈ ਦੁਆਰ ॥
*(ਭੈਰਉ ਮ: ੫, ਪੰਨਾ ੧੧੩੮)*

ਸਾਧ ਸੰਗਿ ਕੀਰਤਨ ਫਲੁ ਪਾਇਆ ॥
ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥੨॥
*(ਗਉੜੀ ਮ: ੫, ਪੰਨਾ ੧੯੭)*

ਇਸੇ ਭਾਵ ਦੀਆਂ ਹੋਰ ਭੀ ਅਨੇਕਾਂ ਪੰਗਤੀਆਂ ਬਾਣੀ ਵਿਚ ਆਉਂਦੀਆਂ ਹਨ, ਜਿਨ੍ਹਾਂ ਵਿਚ ਸਾਧ ਸੰਗਤ ਦੀ ਮਹਿਮਾ ਉਚਾਰਨ ਕੀਤੀ ਗਈ ਹੈ, ਇਨ੍ਹਾਂ ਉਪ੍ਰੋਕਤ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਲਾਇਨਾਂ ਅੰਕਤ ਕੀਤੀਆਂ ਹਨ, ਜਿਵੇਂ ਕਿ :

(੧) (ਹੇ ਭਾਈ ! ਜੇ) ਇਕ ਹੋਵੇ ਤਾਂ ਉਹ ਸਿਖ, ਪਰ ਜੇ ਦੋ ਸਿਖ ਹੋਣ ਤਾਂ ਉਹ ਸਾਧ ਸੰਗਤ ਹਨ ਤੇ ਪੰਜਾਂ (ਸਿੱਖਾਂ ਦੀ ਸੰਗਤ) ਵਿਚ ਪ੍ਰਮੇਸ਼ਰ ਦਾ ਵਾਸਾ ਜਾਣੋ।

(੨) ਇਕ ਤੋਂ ਨੌ ਅੰਗ ਸੁੰਨ (ਬਿੰਦੀ ੦) ਲੱਗਣ ਨਾਲ ਗਿਣਤੀ ਦਸ ਗੁਣਾਂ ਵਧਦੀ ਵਧਦੀ ਅਣਗਿਣਤੀ ਤੱਕ ਜਾ ਪੁਜਦੀ ਹੈ। ਸੁੰਨ ਨੂੰ ਪ੍ਰਮੇਸ਼ਰ ਤੇ ਉਸਦੇ ਅਵਤਾਰ ਦੱਸਿਆ ਹੈ, ਜੋ ਬੇਅੰਤ ਤੇ ਅਗਮ ਅਗੋਚਰ ਪਦਵੀਆਂ ਵਾਲੇ ਮਹੇਸ਼ਰ (ਮਹਾਂ ਈਸ਼ਰ) ਹਨ।

(੩) ਵੀਹ ਇਕੀਹ (ਸੰਸਾਰੀ ਪੁਣੇ ਤੋਂ ਉਪਰ ਉਠ, ਪ੍ਰਭੂ ਦੇ ਮੰਡਲ-ਇਕੀਹ ਵਿਚ ਦਾਖ਼ਲ ਹੋਣ ਵਾਲੇ) ਸੰਖਾਂ ਤੋਂ ਅਸੰਖਾਂ (ਭਾਵ ਅਣਗਿਣਤੀ) ਸਿਖ ਹਨ, ਜੋ ਮੁਕਤੀ ਪੰਥ ਨੂੰ ਪਹੁੰਚ ਚੁਕੇ ਤੇ ਅਗੋਂ ਮੁਕਤੇਸੁਰ, ਭਾਵ ਮੁਕਤੀ

ਕਰਨ ਵਾਲੀਆਂ ਸ਼ਕਤੀਆਂ ਤੇ ਕਰਣੀ ਦੇ ਮਾਲਕ ਹਨ।

ਪ੍ਰ: ਕਿਉਂ ਜੀ! ਉਨ੍ਹਾਂ ਦੀ ਕੋਈ ਗਿਣਤੀ ਜਾਂ ਕੋਈ ਥਾਂ ਭੀ ਹੈ, ਜਿਥੇ ਕਿ ਉਹ ਰਹਿੰਦੇ ਹਨ?

ਉ: (੪) (ਹੇ ਭਾਈ! ਉਹ) ਨਗਰ ਨਗਰ ਵਿਚ ਹਜ਼ਾਰਾਂ ਹੀ ਸਿਖ ਹਨ, (ਦੂਰ ਦੂਰ ਦੇਸਾਂ) ਦਿਸਾਂਤ੍ਰਾਂ ਵਿਚ ਲੱਖਾਂ ਹਨ, (ਜਿਨ੍ਹਾਂ ਨੂੰ ਇਕੋ ਗੁਰੂ ਕਾ ਸਿਖ, ਜੋ ਮੁਕਤੇਸ਼ੁਰ ਦੀ ਪਦਵੀ ਤਕ ਹੋਵੇ) ਉਹ ਇਕੋ ਹੀ ਸਭ ਨੂੰ ਤਾਰ ਸਕਦਾ ਹੈ।

(੫) (ਜਿਵੇਂ) ਇਕ ਬ੍ਰਿਛ ਤੇ ਲੱਖਾਂ ਫਲ ਤੇ ਫਲਾਂ ਵਿਚ ਬੇਅੰਤ ਹੀ ਬੀਜ ਮਿਲੇ ਹੋਏ ਹਨ, (ਭਾਵ, ਸਿਖ ਫਲ ਹਨ ਤੇ ਉਨ੍ਹਾਂ ਫਲਾਂ ਵਿਚ ਗੁਰੂ ਸਿੱਖਿਆ ਰੂਪ ਹੋ) ਬੀਜ ਰੂਪ ਮਿਲੇ ਹੋਏ ਹਨ।

(੬) (ਇਸ ਲਈ ਜੋ ਗੁਰਸਿਖ) ਭੋਗਾਂ ਨੂੰ ਭੋਗਦੇ ਹਨ, ਉਹ ਰਾਜਿਆਂ ਦੇ ਸੁਆਮੀਆਂ ਦੀ ਨਿਆਈਂ ਹਨ ਤੇ ਜਿਹੜੇ ਸਿਖ ਜੋਗ ਵਿਚ ਜੁੜਦੇ ਹਨ ਉਹ ਜੋਗੀਆਂ (ਧਿਆਨ ਲੌਣ ਵਾਲਿਆਂ ਦੇ) ਜਗਤ ਦੇ ਵੀ ਮਾਲਕ ਤੇ ਸਿਰਮੌਰ (ਜੋਗੀਸੁਰ) ਆਖੇ ਜਾਂਦੇ ਹਨ।੧੯।

*ਭਾਵਾਰਥ:* ਗੁਰੂ ਦੇ ਪਾਏ ਪੂਰਨਿਆਂ ਪਰ ਚਲਦਾ ਹੋਇਆ ਜੋ ਜੀਵਨ ਗੁਜ਼ਾਰਦਾ ਹੈ ਉਹ ਇਕ ਸਿਖ ਭੀ ਆਪਣੇ ਥਾਂ ਬਹੁਤ ਵੱਡੀ ਮਹਾਨਤਾ ਰਖਦਾ ਹੈ, ਪਰ ਜਦੋਂ ਹਮ-ਖ਼ਿਆਲੀ ਦੋ ਸਿਖ ਮਿਲਕੇ ਪ੍ਰਸਪਰ ਗੁਰਮੱਤ ਦੀਆਂ ਵੀਚਾਰਾਂ ਵੀਚਾਰਦੇ ਹਨ ਅਤੇ ਨਾਮ ਚਿੰਤਨ ਕਰਦੇ ਰਹਿਣ ਦੇ ਉਪਰਾਲੇ ਕਰਦੇ ਹਨ ਇਹੋ ਮਾਨੋ ਸਾਧ ਸੰਗਤ ਹੈ, ਜਿਸਦਾ ਸਦਕਾ ਉਨ੍ਹਾਂ ਦਾ ਜੀਵਨ ਸਫਲ ਹੋ ਜਾਂਦਾ ਹੈ।

## ੨੦. ਗੁਰੂ ਸ਼ਾਹਨ ਸ਼ਾਹ ਹੈ

**੧. ਪੀਰ ਮੁਰੀਦਾਂ ਪਿਰਹੜੀ**
**ਵਣਜਾਰੇ ਸ਼ਾਹੈ।**
**੨. ਸਉਦਾ ਇੱਕਤੁ ਹੱਟਿ ਹੈ**
**ਸੈਂਸਾਰ ਵਿਸਾਹੈ।**
**੩. ਕੋਈ ਵੇਚੈ ਕਉਡੀਆਂ**
**ਕੋ ਦੰਮ ਉਗਾਹੈ।**
**੪. ਕੋਈ ਰੁਪਯੇ ਵਿਕਣੈ**
**ਸੁਨਈਏ ਕੋ ਡਾਹੈ।**
**੫. ਕੋਈ ਰਤਨ ਵਣੰਜਦਾ**
**ਕਰਿ ਸਿਫਤ ਸਲਾਹੈ।**
**੬. ਵਣਜ ਸੁਪੱਤਾ ਸ਼ਾਹ ਨਾਲਿ**
**ਵੇਸਾਹੁ ਨਿਬਾਹੈ ॥੨੦॥**

*ਪਦ ਅਰਥ:* ਪਿਰਹੜੀ—ਪ੍ਰੀਤ। ਵਣਜਾਰੇ—ਗਾਹਕ, ਖ਼ਰੀਦਦਾਰ। ਵਿਸਾਹੈ—ਖ਼ਰੀਦਣਾ। ਸੁਨਈਏ—ਮੋਹਰਾਂ ਜਾਂ ਸੋਨਾ। ਡਾਹੈ—ਸੁੱਧ ਕਰਨਾ। ਸੁਪੱਤਾ—ਪ੍ਰਸਿੱਧ ਤੇ ਇਤਬਾਰ ਯੋਗ। ਵੇਸਾਹੁ—ਭਰੋਸਾ। ਨਿਬਾਹੈ—ਨਿਬਾਹੁਣਾ, ਪੂਰਾ ਕਰਨਾ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਵਿਚ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਲੋਕੀ ਅਨੇਕਾਂ ਪ੍ਰਕਾਰ ਦੇ ਵੱਖ ਵੱਖ ਵਣਜ ਕਰਦੇ ਹਨ, ਪਰ ਤੁਸੀਂ ਗੁਰਮਤ ਅਨੁਸਾਰ ਸੱਚਾ ਵਣਜ ਕਿਹੜਾ ਮੰਨਦੇ ਹੋ, ਜਿਸ ਤੋਂ ਸਿਖ ਨੂੰ ਪੂਰਨ ਲਾਭ ਮਿਲ ਸਕਦਾ ਹੋਵੇ?

ਉ: ਹੇ ਭਾਈਓ! ਇਹ ਠੀਕ ਹੈ ਕਿ ਸੰਸਾਰੀ ਲੋਕਾਂ ਦੇ ਭਿੰਨ ਭਿੰਨ ਵਣਜ ਹਨ, ਜਿਨ੍ਹਾਂ ਵਿਚੋਂ ਉਨ੍ਹਾਂ ਨੂੰ ਕਿਸੇ ਨੂੰ ਮਾਇਕੀ ਲਾਭ ਮਿਲਦਾ ਹੈ ਕਿਸੇ ਨੂੰ ਤੋਟਾ। ਪਰ ਮੈਨੂੰ ਜੋ ਬਾਣੀ ਦੀ ਵੀਚਾਰ ਕਰਨ ਤੋਂ ਸੋਝੀ ਮਿਲੀ ਹੈ ਉਹ ਹੈ ਸੱਚਾ ਵਣਜ, ਵਪਾਰ, ਸਿਖ ਦਾ ਗੁਰੂ ਨਾਲ। ਜਿਸ ਵਿਚ ਸਿਖ ਵਣਜਾਰੇ ਨੂੰ ਕਦੀ ਭੀ ਤੋਟਾ ਨਹੀਂ ਆਉਂਦਾ ਸਦਾ ਲਾਭ ਹੀ ਪ੍ਰਾਪਤ ਹੁੰਦਾ ਹੈ, ਇਸ ਲਈ ਹਰ ਮਨੁੱਖ-ਮਾਤ੍ਰ ਨੂੰ ਬਾਣੀ ਵਿਚ ਸੱਚਾ ਵਣਜ ਕਰਨ ਲਈ ਹੀ ਬਾਰ ਬਾਰ ਪ੍ਰੇਰਨਾ ਦਿਤੀ ਗਈ ਹੈ, ਜਿਵੇਂ ਕਿ:

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥
ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ
ਸਹੁ ਦੇਖੈ ਪਤੀਆਇ ॥੧॥ਰਹਾਉ॥
ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥

(ਸ੍ਰੀ ਰਾਗੁ ਮ: ੧, ਪੰਨਾ ੨੨)

ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥

ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥
*(ਆਸਾ ਮ: ੧, ਪੰਨਾ ੪੧੮)*

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥
ਸੁਰਤਿ ਸੋਚ ਕਰਿ ਭਾਂਡਸਾਲ
ਤਿਸੁ ਵਿਚਿ ਤਿਸ ਨੋ ਰਖੁ ॥
ਵਣਜਾਰਿਆ ਸਿਉ ਵਣਜੁ ਕਰਿ
ਲੈ ਲਾਹਾ ਮਨ ਹਸੁ ॥੨॥ *(ਸੋਰਠਿ ਮ: ੧, ਪੰਨਾ ੫੯੫)*

ਵਸਤੁ ਲਹੈ ਘਰਿ ਅਪਣੈ ਚਲੈ ਕਾਰਜੁ ਸਾਰਿ ॥
ਵਣਜਾਰਿਆ ਸਿਉ ਵਣਜੁ ਕਰਿ
ਗੁਰਮੁਖਿ ਬ੍ਰਹਮੁ ਬੀਚਾਰਿ ॥੩॥
*(ਸ੍ਰੀ ਰਾਗੁ ਮ: ੧, ਪੰਨਾ ੫੬)*

ਵਣਜਾਰੇ ਇਕ ਭਾਤੀ ਆਵਹਿ
ਲਾਹਾ ਹਰਿ ਨਾਮੁ ਲੈ ਜਾਹੇ ॥
ਨਾਨਕ ਮਨੁ ਤਨੁ ਅਰਪਿ ਗੁਰ ਆਗੈ
ਜਿਸੁ ਪ੍ਰਾਪਤਿ ਸੋ ਪਾਏ ॥੩॥ *(ਆਸਾ ਮ: ੪, ਪੰਨਾ ੪੪੨)*

ਧੰਨੁ ਧੰਨੁ ਸੋ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥
ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ ॥
*(ਮ: ੪, ਪੰਨਾ ੩੧੩)*

ਨਾਮੁ ਧਨੁ ਗੁਣ ਗਾਉ ਲਾਭੁ ਪੂਰੈ ਗੁਰਿ ਦਿਤਾ ॥
ਵਣਜਾਰੇ ਸੰਤ ਨਾਨਕਾ ਪ੍ਰਭੁ ਸਾਹੁ ਅਮਿਤਾ ॥੪॥
*(ਆਸਾ ਮ: ੫, ਪੰਨਾ ੩੯੯)*

ਵਣਜਾਰਾ ਜਗੁ ਆਪਿ ਹੈ ਪਿਆਰਾ,
ਆਪੇ ਸਾਚਾ ਸਾਹੁ ॥
ਆਪੇ ਵਣਜੁ ਵਾਪਾਰੀਆ ਪਿਆਰਾ
ਆਪੇ ਸਚੁ ਵੇਸਾਹੁ ॥੧॥ *(ਸੋਰਠਿ ਮ: ੪, ਪੰਨਾ ੬੦੪)*

ਵਣਜੁ ਵਾਪਾਰੁ ਵਣਜੈ ਵਾਪਾਰੀ ॥
ਵਿਣੁ ਨਾਵੈ ਕੈਸੀ ਪਤਿ ਸਾਰੀ ॥੧੬॥
*(ਰਾਮਕਲੀ ਮ: ੧, ਪੰਨਾ ੯੩੧)*

ਇਸ ਤਰ੍ਹਾਂ ਹੋਰ ਭੀ ਬਹੁਤ ਸਾਰੀਆਂ ਪੰਗਤੀਆਂ ਬਾਣੀ ਵਿਚੋਂ ਪੜ੍ਹਨ ਨੂੰ ਮਿਲਦੀਆਂ ਹਨ ਜਿਨ੍ਹਾਂ ਵਿਚ ਇਸ ਜੀਵ ਨੂੰ ਵਣਜਾਰਾ ਮੰਨ ਕੇ ਇਸ ਸੰਸਾਰ ਵਿਚ ਸੱਚੇ ਨਾਮ ਦਾ ਵਣਜ ਕਰਨ ਦੀ ਪ੍ਰੇਰਨਾ ਮਿਲਦੀ ਹੈ ਕਿਉਂਕਿ ਇਹ ਜੀਵ ਇਸ ਜੀਵਨ ਵਿਚ ਸੱਚੇ ਨਾਮ ਦਾ ਸੱਚਾ ਲਾਹਾ ਲੈਣ ਲਈ ਹੀ ਆਇਆ ਹੈ, ਇਹ ਗੱਲ ਵੱਖਰੀ ਹੈ ਕਿ ਜੋ ਜੀਵ ਮਾਇਕੀ ਪਦਾਰਥਾਂ ਦਾ ਵਣਜ ਕਰਦੇ ਹਨ, ਉਨ੍ਹਾਂ ਦੀਆਂ ਮੈਲੀਆਂ ਨਜ਼ਰਾਂ ਇਸ ਸੱਚੇ ਨਾਮ ਦੇ ਵਣਜ ਨੂੰ ਅਨੁਭਵ ਨਹੀਂ ਕਰ ਸਕਦੀਆਂ ਪਰ ਕੋਈ ਗੁਰਮੁਖ ਹੀ ਸੱਚਾ ਵਣਜਾਰਾ ਹੈ ਜੋ ਕਿ ਇਸ ਸੱਚੇ ਨਾਮ ਦੇ ਵਣਜ ਨੂੰ ਹੀ ਇਸ ਲੋਕ ਤੇ ਪ੍ਰਲੋਕ ਵਿਚ ਹਰ ਸਮੇਂ ਸਹਾਇਤਾ ਕਰਨ ਵਾਲਾ ਅਨੁਭਵ ਕਰਦਾ ਹੈ, ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਹ ਪਉੜੀ ਦੀਆਂ ਚੰਦ ਲਾਇਨਾਂ ਉੱਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ ! ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਨਾਲ ਤੱਕਦੇ ਹਾਂ ਤਾਂ ਸਾਨੂੰ) ਪੀਰ ਅਤੇ ਮੁਰੀਦਾਂ (ਭਾਵ ਗੁਰੂ ਤੇ ਚੇਲੇ) ਦੀ ਪ੍ਰੀਤੀ ਸ਼ਾਹੂਕਾਰ ਅਤੇ ਖ਼ਰੀਦਾਰਾਂ ਵਾਲੀ ਨਜ਼ਰ ਆਉਂਦੀ ਹੈ।

(੨) (ਹੇ ਪਿਆਰੇ ! ਪ੍ਰਭੂ ਦੇ) ਨਾਮ ਦਾ ਸੌਦਾ ਤਾਂ ਇਕੋ ਹੱਟੀ (ਗੁਰ ਦਰਬਾਰ) ਹੀ ਹੈ, ਜਿਥੋਂ ਆ ਕੇ ਸੰਸਾਰੀ ਲੋਕ ਖ਼ਰੀਦਾਰੀ ਕਰਦੇ ਹਨ।

(੩) (ਪਰ ਜਦੋਂ ਆਮ ਲੋਕਾਂ ਵੱਲ ਤਕਦੇ ਹਾਂ ਤਾਂ) ਕੋਈ ਕੌਡਾਂ ਵੇਚਦਾ ਹੈ ਤੇ ਕੋਈ ਰੁਪਏ ਉਗਰਾਹੁੰਦਾ ਹੈ।

(੪) ਕੋਈ ਰੁਪਏ ਵੇਚ ਕੇ (ਸੋਨਾ ਲੈਂਦਾ) ਹੈ ਤੇ ਸੁਨਿਆਰੇ ਕੋਲ ਜਾ ਕੇ ਪਰਖ ਕਰਾਉਂਦਾ ਹੈ, ਜੋ ਅੱਗ ਵਿਚ ਡਾਹ ਕੇ (ਭਾਵ ਤਾਉ ਦੇ ਕੇ) ਉਸਦੀ ਪਰਖ ਕਰਦਾ ਹੈ।

(੫) ਕੋਈ ਰਤਨ ਖ਼ਰੀਦਦਾ ਹੈ ਤੇ ਫਿਰ ਉਨ੍ਹਾਂ ਦੀਆਂ ਸਿਫ਼ਤਾਂ ਕਰਦਾ ਹੈ (ਕਿ ਇਹ ਵੱਡੀ ਚਮਕ ਵਾਲਾ ਤੇ ਭਾਰੀ ਅਮੁਲ ਵਸਤੂ ਹੈ)।

(੬) ਵਣਜ ਜਾਂ ਹੋਰ ਕਾਰ-ਵਿਹਾਰ, ਇਤਬਾਰ ਯੋਗ ਤੇ ਭਰੋਸੇ ਵਾਲੇ ਸ਼ਾਹ ਨਾਲ ਹੀ ਕਰਨਾ ਚਾਹੀਦਾ ਹੈ, ਜੋ ਵੇਸਾਹੁ (ਆਪਣੇ ਕੀਤੇ ਕੌਲ, ਕਰਾਰਾਂ ਅਨੁਸਾਰ) ਪੂਰਾ ਕਰ ਵਿਖਾਉਂਦਾ ਹੈ (ਕੋਈ ਠੱਗੀ ਜਾਂ ਧੋਖੇ ਫਰੇਬ ਵਾਲੀ ਗੱਲ ਨਹੀਂ ਕਰਦਾ) ਭਾਵ ਇਕ ਸਤਿਗੁਰੂ ਹੀ ਸੱਚਾ ਸ਼ਾਹ ਹੈ, ਜਿਸ ਨਾਲ ਸਿਖ ਨੂੰ ਆਪਣਾ ਸੰਬੰਧ ਜੋੜਨਾ ਚਾਹੀਦਾ ਹੈ।੨੦।

*ਭਾਵਾਰਥ :* ਜਦੋਂ ਸਾਰੇ ਹੀ ਸੰਸਾਰ ਵਿਖੇ ਅਸੀਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਕਈ ਗ਼ਰੀਬ ਅਤੇ ਕਈ ਸ਼ਾਹੂਕਾਰ ਵੇਖਣ ਵਿਚ ਆਉਂਦੇ ਹਨ, ਉਨ੍ਹਾਂ ਵਿਚ ਕਈ ਸੁਪੱਤੇ ਅਰ ਕਈ ਕੁਪੱਤੇ ਸ਼ਾਹ ਹਨ, ਵਿਹਾਰ ਭੀ ਕਈ ਕੌਡਾਂ ਅਤੇ ਰਤਨ ਆਦਿਕਾਂ ਦੇ ਹੋ ਰਹੇ ਹਨ, ਪਰ ਨਾਮ ਦਾ ਖਰਾ ਸੌਦਾ ਇਕ ਖਰੇ ਸੌਦੇ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਦੀ ਸਤਿਸੰਗਤ ਰੂਪੀ ਹੱਟੀ ਪੁਰ ਹੀ ਵਿਕਦਾ ਹੈ, ਪਰ ਉਸ ਹੱਟੀ ਤੋਂ ਕੇਵਲ ਸ਼ਰਧਾਲੂ ਲੋਕ ਹੀ ਖ਼ਰੀਦਦੇ ਹਨ ਕਿਉਂਕਿ ਉਨ੍ਹਾ ਦੇ ਭਰੋਸੇ

ਪੂਰੇ ਹਨ, ਉਹੀ ਪੂਰੇ ਸਾਦਕ ਲੋਕ, ਪ੍ਰਲੋਕ ਵਿਚ ਸੱਚਾ ਲਾਭ ਪ੍ਰਾਪਤ ਕਰਕੇ ਜੀਵਨ ਨੂੰ ਸਫਲ ਕਰਦੇ ਹਨ।

## ੨੧. ਸੱਚਾ ਸ਼ਾਹ ਪੂਰਾ ਸਤਿਗੁਰੂ

**੧. ਸਉਦਾ ਇਕੱਤੁ ਹੱਟਿ ਹੈ**
**ਸ਼ਾਹੁ ਸਤਿਗੁਰ ਪੂਰਾ।**
**੨. ਅਉਗੁਣ ਲੈ ਗੁਣ ਵਿੱਕਣੈ**
**ਵਚਨੈ ਦਾ ਸੂਰਾ।**
**੩. ਸਫਲ ਕਰੈ ਸਿੰਮਲ ਬਿਰਖ**
**ਸੋਵਰਨ ਮਨੂਰਾ।**
**੪. ਵਾਸ ਸੁਵਾਸ ਨਿਵਾਸ ਕਰਿ**
**ਕਾਉਂ ਹੰਸ ਨ ਊਰਾ।**
**੫. ਘੁੱਘੂ ਸੁੱਝ ਸੁਝਾਇੰਦਾ**
**ਸੰਖ ਮੋਤੀ ਚੂਰਾ।**
**੬. ਵੇਦ ਕਤੇਬਹੁੰ ਬਾਹਰਾ**
**ਗੁਰ ਸ਼ਬਦ ਹਜੂਰਾ ॥੨੧॥**

*ਪਦ ਅਰਥ :* ਹੱਟਿ—ਗੁਰੂ ਦਾ ਦੁਆਰਾ, ਭਾਵ ਸਾਧ ਸੰਗਤ। ਵਿੱਕਣੈ—ਵੇਚਣਾ। ਊਰਾ—ਘੱਟ। ਘੁੱਘੂ—ਉੱਲੂ। ਸੁੱਝ—ਸੂਝ, ਗਿਆਨ-ਦ੍ਰਿਸ਼ਟੀ, ਚਾਨਣ। ਚੂਰਾ—ਧੂੜੀ ਜਾਂ ਮੋਤੀ ਚੂਰ, ਸ਼ਿਰੋਮਣੀ ਭੂਖਨ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਵਿਚ ਵੱਖ ਵੱਖ ਹੱਟਾਂ ਪਰ ਵੱਖ ਵੱਖ ਸੌਦਾਗਰ ਲੋਕ ਭਿੰਨ ਭਿੰਨ ਸੌਦੇ ਕਰਦੇ ਵੇਖਣ ਵਿਚ ਆਉਂਦੇ ਹਨ, ਪਰ ਤੁਸੀਂ ਇਨ੍ਹਾਂ ਸਭਨਾਂ ਵਿਚ ਕਿਸ ਹੱਟ 'ਤੇ ਸੱਚਾ ਸੌਦਾ ਹੋ ਰਿਹਾ ਅਨੁਭਵ ਕਰਦੇ ਹੋ, ਦੱਸਣ ਦੀ ਕ੍ਰਿਪਾ ਕਰੋ ਤਾਂ ਕਿ ਅਸੀਂ ਭੀ ਉਸੇ ਸੱਚੇ ਸੌਦੇ ਵੱਲ ਝੁਕਾਉ ਕਰੀਏ?

ਉ: ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਦੀ ਪੜਚੋਲ ਕਰਦਿਆਂ ਇਸੇ ਭਾਵ ਦੀਆਂ ਪੰਗਤੀਆ ਪੜ੍ਹਨ ਵਿਚ ਆਈਆਂ ਹਨ, ਜਿਨ੍ਹਾਂ ਰਾਹੀਂ ਇਹੋ ਸਾਬਤ ਹੁੰਦਾ ਹੈ ਕਿ ਇਸ ਸੰਸਾਰ ਵਿਚ ਉਹ ਕਿਹੜੀ ਹੱਟ ਹੈ ਜਿਥੇ ਨਿਰੋਲ ਸੱਚਾ ਸੌਦਾ ਹੋ ਰਿਹਾ ਹੈ, ਜਿਸਦਾ ਲਾਭ ਲੋਕ ਪ੍ਰਲੋਕ ਵਿਚ ਸਦੀਵੀ ਕਾਲ ਪ੍ਰਾਪਤ ਹੁੰਦਾ ਹੋਵੇ, ਇਸ ਭਾਵ ਨੂੰ ਹੇਠ ਅੰਕਤ ਕੀਤੀਆਂ ਕੁਝ ਪੰਗਤੀਆਂ ਪ੍ਰਗਟਾਉਂਦੀਆਂ ਹਨ, ਜਿਵੇਂ ਕਿ:

ਸਚਾ ਸਉਦਾ ਸਚੁ ਵਾਪਾਰਾ ॥
ਨ ਤਿਥੈ ਭਰਮੁ ਨ ਦੂਜਾ ਪਸਾਰਾ ॥
ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ
ਬੂਝੈ ਕੋ ਵੀਚਾਰੀ ਹੇ ॥੨॥ *(ਮਾਰੂ ਮ: ੩, ਪੰਨਾ ੧੦੫੦)*

ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥
*(ਮ: ੩, ਪੰਨਾ ੬੪੬)*

ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ ॥
ਗੁਰਮਤੀ ਹਰਿ ਨਾਮੁ ਵਣਜੀਐ
ਅਤਿ ਮੋਲੁ ਅਫਾਰਾ ਰਾਮ ॥
ਅਤਿ ਮੋਲੁ ਅਫਾਰਾ ਸਚ ਵਾਪਾਰਾ
ਸਚਿ ਵਾਪਾਰਿ ਲਗੇ ਵਡਭਾਗੀ।
*(ਵਡਹੰਸੁ ਮ: ੩, ਪੰਨਾ ੫੭੦)*

ਵਖਰੁ ਨਾਮੁ ਸਦਾ ਲਾਭੁ ਹੈ
ਜਿਸ ਨੋ ਏਤੁ ਵਾਪਾਰਿ ਲਾਏ ॥
ਰਤਨ ਪਦਾਰਥ ਵਣਜੀਅਹਿ
ਜਾਂ ਸਤਿਗੁਰੁ ਦੇਇ ਬੁਝਾਏ ॥੧॥
ਮਾਇਆ ਮੋਹੁ ਸਭੁ ਦੁਖੁ ਹੈ
ਖੋਟਾ ਇਹੁ ਵਾਪਾਰਾ ਰਾਮ ॥ *(ਵਡਹੰਸੁ ਮ: ੩, ਪੰਨਾ ੫੭੦)*

ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ ॥
ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥
ਨਾਨਕ ਨਾਮ ਰਤੇ ਸੇ ਧਨਵੰਤ ਹੈਨਿ
ਨਿਰਧਨੁ ਹੋਰੁ ਸੰਸਾਰੁ ॥ *(ਸਲੋਕ ਮ: ੩, ਪੰਨਾ ੧੩੧੫)*

ਨੀਕੇ ਸਾਚੇ ਕੇ ਵਾਪਾਰੀ ॥
ਸਚੁ ਸਉਦਾ ਲੈ ਗੁਰ ਵੀਚਾਰੀ ॥
ਸਚਾ ਵਖਰੁ ਜਿਸੁ ਧਨੁ ਪਲੈ
ਸਬਦਿ ਸਚੈ ਓਮਾਹਾ ਹੇ ॥੯॥
ਕਾਚੀ ਸਉਦੀ ਤੋਟਾ ਆਵੈ ॥
ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ ॥
ਪੂੰਜੀ ਸਾਬਤੁ ਰਾਸਿ ਸਲਾਮਤਿ
ਚੂਕਾ ਜਮ ਕਾ ਫਾਹਾ ਹੇ ॥੧੦॥
*(ਮਾਰੂ ਮ: ੧, ਪੰਨਾ ੧੦੩੨)*

ਪ੍ਰੇਮ ਪਦਾਰਥੁ ਲਹੈ ਅਮੋਲੋ ॥
ਕਬਹੀ ਨ ਘਾਟਸਿ ਪੂਰਾ ਤੋਲੋ ॥
ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥
ਸਚਾ ਸਉਦਾ ਵਿਰਲਾ ਕੋ ਪਾਏ ॥
ਪੂਰਾ ਸਤਿਗੁਰੁ ਮਿਲੈ ਮਿਲਾਏ ॥

*(ਮਾਰੂ ਮ: ੧, ਪੰਨਾ ੧੦੩੬)*

ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥
ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥

*(ਪਉੜੀ, ਪੰਨਾ ੧੪੦)*

ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ ॥
ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥

*(ਸੂਹੀ ਮ: ੩, ਪੰਨਾ ੭੫੬)*

ਗੁਰਮੁਖਿ ਵਣਜੁ ਕਰਹਿ ਪਰੁ ਆਪੁ ਪਛਾਣਹਿ ॥
ਏਕਸ ਬਿਨੁ ਕੋ ਅਵਰੁ ਨ ਜਾਣਹਿ ॥
ਸਚਾ ਸਾਹੁ ਸਚੇ ਵਣਜਾਰੇ
ਪੂੰਜੀ ਨਾਮੁ ਵਿਸਾਹਾ ਹੇ ॥੪॥

*(ਮਾਰੂ ਮ: ੩, ਪੰਨਾ ੧੦੫੩)*

ਸਚੁ ਸਾਹੁ ਹਮਾਰਾ ਤੂੰ ਧਣੀ
ਸਭੁ ਜਗਤੁ ਵਣਜਾਰਾ ਰਾਮ ਰਾਜੇ ॥

*(ਆਸਾ ਮ: ੪, ਪੰਨਾ ੪੪੯)*

ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਭਾਈ ਸਾਹਿਬ ਨੇ ਇਹ ਸਿਧਾਂਤ ਅੰਕਤ ਕੀਤਾ ਹੈ ਕਿ ਇਸ ਸੰਸਾਰ ਵਿਚ ਸੱਚਾ ਵਣਜ ਵਪਾਰ ਕੇਵਲ ਨਾਮ ਦਾ ਹੀ ਹੈ ਜੋ ਕਿ ਹਰ ਜੀਵ ਰੂਪ ਵਣਜਾਰੇ ਦੇ ਕਰਨ ਯੋਗ ਹੈ ਇਹੋ ਨਾਮ ਦਾ ਵਣਜ ਮਨੁੱਖ ਦੀ ਲੋਕ ਪ੍ਰਲੋਕ ਵਿਚ ਸਹਾਇਤਾ ਕਰਦਾ ਹੈ, ਪਰ ਇਹ ਸੱਚੇ ਨਾਮ ਦਾ ਵਣਜ ਸੱਚੇ ਗੁਰੂ ਦੀ ਹੱਟ ਇਸ ਸਾਧ ਸੰਗਤ ਦੁਆਰੇ ਹੀ ਹੁੰਦਾ ਹੈ, ਇਸ ਭਾਵ ਨੂੰ ਭਾਈ ਸਾਹਿਬ ਇਸ ਪਉੜੀ ਦੀਆਂ ਚੰਦ ਸਤਰਾਂ ਦੁਆਰੇ ਪ੍ਰਗਟ ਕਰਦੇ ਹਨ, ਜਿਵੇਂ ਕਿ :

(੧) (ਹੇ ਭਾਈਓ ! ਰੱਬੀ ਦਰਬਾਰ ਵਿਚ ਸਚਿਆਰ ਹੋਣ ਲਈ ਸੱਚੇ ਪ੍ਰਮਾਰਥ ਦਾ) ਸੌਦਾ ਖ਼ਰੀਦਣ ਲਈ ਇਕੋ ਹੀ ਹੱਟ (ਗੁਰੂ ਦਾ ਦਰ) ਸਾਧ ਸੰਗਤ ਹੀ ਹੈ, ਜਿਸ ਵਿਚ ਸ਼ਾਹੂਕਾਰਾ ਪੂਰੇ ਸਤਿਗੁਰੂ ਜੀ ਦਾ ਹੀ ਚਲਦਾ ਹੈ।

ਪ੍ਰ: ਕਿਉਂ ਜੀ! ਹੱਟਾਂ ਤਾਂ ਹੋਰ ਬਹੁਤ ਹਨ, ਕੀ ਇਹ ਪ੍ਰਮਾਰਥ ਦਾ ਸੌਦਾ ਕਿਸੇ ਹੋਰ ਦੁਕਾਨ ਤੋਂ ਨਹੀਂ ਮਿਲ ਸਕਦਾ ?

ਉ: (੨) (ਹੇ ਭਾਈਓ ! ਮੈਂ ਤਸੱਲੀ ਕਰ ਲਈ ਹੈ ਕਿ ਇਹ ਪ੍ਰਮਾਰਥਕ ਸੌਦਾ ਆਮ ਸੰਸਾਰੀ ਹੱਟਾਂ ਤੋਂ ਨਹੀ ਮਿਲ ਸਕਦਾ। ਕਿਉਂਕਿ ਅਸੀਂ ਵੇਖਦੇ ਹਾਂ ਕਿ ਅਜਿਹਾ ਕੌਣ ਹੈ) ਜੋ ਅਉਗਣ ਲੈ ਕੇ ਭਾਵ ਅਵਗੁਣਾਂ ਨੂੰ ਕੱਢ ਕੇ ਗੁਣ ਦੇਵੇ ਫੇਰ (ਸਤਿਗੁਰੂ ਵੀ ਉਹ ਹੈ ਜੋ) ਬਚਨਾਂ ਦਾ ਪੂਰਾ ਹੈ।

(੩) (ਫਿਰ) ਸਤਿਗੁਰੂ ਵਿਚ ਇਹ ਸਿਫ਼ਤ ਹੈ ਕਿ ਉਹ ਸਿੰਮਲ ਰੁੱਖ (ਭਾਵ, ਗੁਣਾਂ ਤੋਂ ਖ਼ਾਲੀ ਮਨੁੱਖਾਂ ਨੂੰ) ਜਿਨ੍ਹਾਂ ਨੂੰ ਫਲ ਨਹੀਂ ਲੱਗ ਸਕਦੇ, (ਗੁਰੂ ਅਜਿਹੇ ਮਨੁੱਖਾਂ ਨੂੰ ਭੀ) ਦੈਵੀ ਗੁਣਾਂ ਦੇ ਫਲਾਂ ਨਾਲ ਮਾਲਾਮਾਲ ਕਰ ਦੇਂਦੇ ਹਨ। ਫਿਰ ਪਾਪਾਂ ਨਾਲ ਸੜੇ (ਮਨੂਰ ਹੋਏ ਮਨੁੱਖ ਮਨ ਨੂੰ) ਸ਼ੁੱਧ ਸੋਨੇ ਵਰਗਾ ਕਰ ਦੇਂਦੇ ਹਨ।

(੪) ਬਾਂਸ (ਦੀ ਨਿਆਈਂ ਸਾਕਤ ਪੁਰਸ਼ਾਂ ਨੂੰ) ਵਾਸ਼ਨਾ ਸਹਿਤ (ਗੁਣਵਾਨ) ਕਰ ਦੇਂਦੇ ਹਨ ਤੇ ਕਾਉਂ ਵਰਗੇ ਪੁਰਸ਼ਾਂ ਨੂੰ ਹੰਸਾਂ ਵਰਗੇ (ਗੁਰਮੁਖ) ਬਣਾ ਦੇਂਦੇ ਹਨ।

(੫) ਉੱਲੂ ਵਰਗੇ (ਅਗਿਆਨੀਆਂ ਨੂੰ) ਗਿਆਨੀ ਤੇ ਸੁਝਵਾਨ (ਗਿਆਨਵਾਨ) ਕਰ ਦੇਂਦੇ ਹਨ, ਸੰਖ ਵਰਗੇ ਗੁਣਾਂ ਤੋਂ ਖ਼ਾਲੀ ਪੁਰਸ਼ਾਂ ਨੂੰ ਮੋਤੀ ਚੂਰਾ (ਗਹਿਣਿਆਂ 'ਚੋਂ ਸ਼ਿਰੋਮਣੀ) ਬਣਾ ਦੇਂਦੇ ਹਨ।

(੬) (ਹੇ ਭਾਈ ! ਇਉਂ ਨਿਸਚਾ ਕਰੋ ਕਿ) ਵੇਦਾਂ ਕਤੇਬਾਂ ਵਿਚੋਂ ਜੋ (ਪ੍ਰਭੂ) ਨਹੀਂ ਮਿਲ ਸਕਦਾ, ਉਹ ਗੁਰੂ ਸ਼ਬਦ ਦੇ ਅਭਿਆਸ ਨਾਲ ਹਾਜਰ ਪ੍ਰਤੀਤ ਹੋਣ ਲੱਗ ਪੈਂਦਾ ਹੈ।੨੧।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਪੂਰੇ ਸਤਿਗੁਰੂ ਜੀ ਨੂੰ ਉਪ੍ਰੋਕਤ ਗੁਣਾਂ ਦੇ ਭੰਡਾਰ ਦਰਸਾ ਰਹੇ ਹਨ। ਜੋ ਮਨੁੱਖ ਭਰੋਸਾ ਕਰਕੇ ਗੁਰੂ ਜੀ ਪਾਸੋਂ ਨਾਮ ਦਾ ਅਮੋਲਕ ਰਤਨ ਖ਼ਰੀਦਦੇ ਹਨ, ਉਹ ਪਹਿਲੋਂ ਭਾਵੇਂ ਸਿੰਮਲ ਰੁਖ ਦੀ ਨਿਆਈਂ ਸਨ, ਪਰ ਗੁਰੂ ਦੀ ਸ਼ਰਨ ਵਿਚ ਪੁੱਜ ਕੇ ਦੈਵੀ ਗੁਣਾਂ ਦੇ ਫਲਾਂ ਨਾਲ ਫਲੀ-ਭੂਤ ਹੋ ਗਏ ਅਤੇ ਮਨੂਰ ਤੋਂ ਕੰਚਨ ਦੀ ਤਰ੍ਹਾਂ ਸ਼ੁੱਧ ਹੋ ਗਏ ਭਾਵ ਦੈਵੀ ਸੰਪਤਾ ਵਾਲੇ ਗੁਣਾਂ ਦੇ ਭੰਡਾਰੇ ਬਣਕੇ ਰੱਬੀ ਦਰਬਾਰ ਵਿਚ ਸੋਭਾ ਸਹਿਤ ਜਾ ਪੁੱਜੇ।

## ੨੨. ਪ੍ਰਮੇਸ਼ਰ ਦੀ ਬੇਅੰਤਤਾ

੧. ਲੱਖ ਉਪਮਾਂ ਉਪਮਾਂ ਕਰੈ
ਉਪਮਾਂ ਨ ਵਖਾਣੈ।
੨. ਲੱਖ ਮਹਿਮਾਂ ਮਹਿਮਾਂ ਕਰੈ
ਮਹਿਮਾਂ ਨ ਹੈਰਾਣੈ।
੩. ਲੱਖ ਮਹਾਤਮ ਮਹਾਤਮਾਂ
ਨ ਮਹਾਤਮ ਜਾਣੈ।
੪ ਲੱਖ ਉਸਤਤਿ ਉਸਤਤਿ ਕਰੈ
ਉਸਤਤਿ ਨ ਸਿਞਾਣੈ।
੫. ਆਦਿ ਪੁਰਖ ਆਦੇਸ਼ ਹੈ
ਮੈਂ ਮਾਣ ਨਿਮਾਣੈ ॥੨੨॥

*ਪਦ ਅਰਥ :* ਉਪਮਾਂ—ਉਪਮਾ ਕਰਨਹਾਰ। ਉਪਮਾਂ—ਮਹਿਮਾ। ਮਹਿਮਾਂ ਹੈਰਾਣੈ—ਅਚਰਜ ਮਹਿਮਾ ਹੈ। ਆਦਿ ਪੁਰਖ—ਸਤਿਗੁਰੂ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਤਕਰੀਬਨ ਸਾਰੇ ਪੁਰਾਤਨ ਧਾਰਮਿਕ ਪੁਸਤਕਾਂ ਦੀ ਪੜਚੋਲ ਕੀਤੀ ਹੈ, ਜਿਵੇਂ ਕਿ ਚਾਰ ਵੇਦ, ਛੇ ਸ਼ਾਸਤ੍ਰ ਅਤੇ ਅਠਾਰਾਂ ਪੁਰਾਣ ਆਦਿਕਾਂ ਵਿਚੋਂ ਤੁਸੀਂ ਕਿਸ ਪਰ ਨਿਸਚਾ ਕੀਤਾ ਹੈ, ਜੋ ਉਸ ਪ੍ਰਮੇਸ਼ਰ ਦੀ ਉਪਮਾ ਦਾ ਸਹੀ ਚਿੱਤ੍ਰਨ ਉੱਕਰਦਾ ਹੋਵੇ, ਇਸ ਸੰਬੰਧੀ ਤੁਸੀਂ ਕੁਝ ਗੁਰਮਤ ਅਨੁਸਾਰ ਆਪਣੇ ਵੀਚਾਰ ਦਰਸਾਓ?

ਉ: ਹੇ ਭਾਈਓ! ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਨੂੰ ਪੁਰਾਤਨ ਧਾਰਮਿਕ ਸ਼ਾਸਤ੍ਰਾਂ ਦੀ ਵੀਚਾਰ ਕਰਦੇ ਰਹਿਣ ਦਾ ਵਧੇਰੇ ਸਮਾਂ ਮਿਲਿਆ ਹੈ, ਪਰ ਉਨ੍ਹਾਂ ਵਿਚੋਂ ਜੋ ਮੈਨੂੰ ਵੀਚਾਰ ਮਿਲੇ ਹਨ, ਉਨ੍ਹਾਂ ਦੇ ਪ੍ਰਗਟ ਕਰਨ ਨਾਲੋਂ ਮੈਂ ਤੁਹਾਨੂੰ ਗੁਰਬਾਣੀ ਵਿਚ ਆਏ ਹੁਕਮਾਂ ਬਾਰੇ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਸਾਰੇ ਵੇਦ ਸ਼ਾਸਤ੍ਰ ਉਸ ਪ੍ਰਮੇਸ਼ਰ ਦੀ ਮਹਿਮਾ ਨੂੰ ਕਥਨ ਕਰਨ ਵਲੋਂ ਅਸਮਰੱਥ ਹਨ, ਕਿਉਂਕਿ ਉਸ ਪ੍ਰਭੂ ਦੀ ਉਪਮਾ ਬੇਅੰਤ ਹੈ, ਇਸ ਭਾਵ ਦੀਆਂ ਪੰਗਤੀਆਂ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਾਨੂੰ ਅਨੇਕਾਂ ਪੜ੍ਹਨ ਵਿਚ ਆਉਂਦੀਆਂ ਹਨ, ਜਿਵੇਂ ਕਿ:

ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ
ਉਪਮਾ ਜਾਤ ਨ ਕਹੀ॥
ਤਜਿ ਆਨ ਸਰਣਿ ਗਹੀ॥੧॥
*(ਬਿਲਾਵਲੁ ਮ: ੫, ਪੰਨਾ ੮੩੨)*

ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ॥
ਗੁਰ ਪਾਰਬ੍ਰਹਮ ਪਰਮੇਸੁਰ
ਅਪਰੰਪਰ ਅਲਖ ਅਭੇਵ॥੧੬॥ *(ਮ: ੫, ਪੰਨਾ ੫੨੨)*

ਮਹਿਮਾ ਜਾ ਕੀ ਗਹਿਰ ਗੰਭੀਰ॥
ਹੋਇ ਨਿਹਾਲੁ ਦੇਇ ਜਿਸੁ ਧੀਰ॥
*(ਰਾਮਕਲੀ ਮ: ੫, ਪੰਨਾ ੮੮੭)*

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥
ਪਰਮੇਸਰੁ ਪਾਰਬ੍ਰਹਮ ਬੇਅੰਤੁ॥੧॥
ਅਪਨੀ ਗਤਿ ਆਪਿ ਜਾਨੈ॥
ਸੁਣਿ ਸੁਣਿ ਅਵਰ ਵਖਾਨੈ॥੧॥ਰਹਾਉ॥
ਸੰਕਰਾ ਨਹੀ ਜਾਨਹਿ ਭੇਵ॥
ਖੋਜਤ ਹਾਰੇ ਦੇਵ॥
ਦੇਵੀਆ ਨਹੀ ਜਾਨੈ ਮਰਮ॥
ਸਭ ਊਪਰਿ ਅਲਖ ਪਾਰਬ੍ਰਹਮ॥੨॥
*(ਰਾਮਕਲੀ ਮ: ੫, ਪੰਨਾ ੮੯੪)*

ਬਸੁਧਾ ਕਾਗਦ ਬਨਰਾਜ ਕਲਮਾ
ਲਿਖਣ ਕਉ ਜੇ ਹੋਇ ਪਵਨ॥
ਬੇਅੰਤ ਅੰਤੁ ਨ ਜਾਇ ਪਾਇਆ
ਗਹੀ ਨਾਨਕ ਚਰਣ ਸਰਨ॥੪॥
*(ਆਸਾ ਮ: ੫, ਪੰਨਾ ੪੫੮)*

ਨਾਨਕ ਦਾਸ ਤੇਰੈ ਕੁਰਬਾਣੁ॥
ਬੇਅੰਤ ਸਾਹਿਬੁ ਮੇਰਾ ਮਿਹਰਵਾਣੁ॥੪॥
*(ਰਾਮਕਲੀ ਮ: ੫, ਪੰਨਾ ੮੯੪)*

ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ॥
*(ਆਸਾ ਮ: ੫, ਪੰਨਾ ੪੫੩)*

ਬੇਅੰਤ ਮਹਿਮਾ ਤਾ ਕੀ ਕੇਤਕ ਬਰਨ॥
ਬਲਿ ਬਲਿ ਜਾਈਐ ਤਾ ਕੇ ਚਰਨ॥੨॥
*(ਰਾਮਕਲੀ ਮ: ੫, ਪੰਨਾ ੮੮੮)*

ਬੇਸੁਮਾਰ ਬੇਅੰਤ ਸੁਆਮੀ ਊਚੋ ਗੁਨੀ ਗਹੇਰੋ॥
*(ਸੋਰਠਿ ਮ: ੫, ਪੰਨਾ ੬੧੮)*

ਜਿਹਵਾ ਏਕ ਕਵਨ ਗੁਨ ਕਹੀਐ॥
ਬੇਸੁਮਾਰ ਬੇਅੰਤ ਸੁਆਮੀ
ਤੇਰੋ ਅੰਤੁ ਨ ਕਿਨਹੀ ਲਹੀਐ॥

*(ਧਨਾਸਰੀ ਮ: ੫, ਪੰਨਾ ੬੭੪)*

ਬੇਸੁਮਾਰ ਬੇਅੰਤ ਸੁਆਮੀ
ਨਾਨਕ ਬਲਿ ਬਲਿ ਜਾਈ॥੧੭॥

*(ਰਾਮਕਲੀ ਮ: ੫, ਪੰਨਾ ੯੧੬)*

ਬੇਸੁਮਾਰ ਬੇਅੰਤੁ ਬਡ ਦਾਤਾ
ਮਨਹਿ ਗਹੀਰਉ ਪੇਖਿ ਪ੍ਰਭ ਕਉ॥੨॥

*(ਜੈਤਸਰੀ ਮ: ੫, ਪੰਨਾ ੭੦੦)*

ਉਪਮਾ ਸੁਨਹੁ ਰਾਜਨ ਕੀ ਸੰਤਹੁ ਕਹਤ ਜੇਤ ਪਾਹੂਚਾ॥
ਬੇਸੁਮਾਰ ਵਡ ਸਾਹ ਦਾਤਾਰਾ ਊਚੇ ਹੀ ਤੇ ਊਚਾ॥੨॥

*(ਸਾਰਗ ਮ: ੫, ਪੰਨਾ ੧੨੩੫)*

ਇਸੇ ਭਾਵ ਦੀਆਂ ਹੋਰ ਭੀ ਅਨੇਕਾਂ ਪੰਗਤੀਆਂ ਬਾਣੀ ਵਿਚ ਅੰਕਤ ਹੈਨ, ਜਿਨ੍ਹਾਂ ਵਿਚ ਉਸ ਪ੍ਰਭੂ ਨੂੰ ਬੇਅੰਤ ਕਥਨ ਕੀਤਾ ਗਿਆ ਹੈ ਜਿਤਨੇ ਭੀ ਧਾਰਮਿਕ ਸ਼ਾਸਤ੍ਰ ਤੇ ਉਨ੍ਹਾਂ ਦੇ ਕਰਤਾ ਹੋ ਚੁੱਕੇ ਹਨ, ਉਹ ਪ੍ਰਮੇਸ਼ਰ ਨੂੰ ਆਪਣੀ ਆਪਣੀ ਗੰਮਤਾ ਅਨੁਸਾਰ ਕਥਨ ਤਾਂ ਕਰਦੇ ਰਹੇ ਪਰ, ਆਖ਼ਰ ਉਨ੍ਹਾਂ ਨੂੰ ਭੀ ਇਹੋ ਕਥਨ ਕਰਨਾ ਪਿਆ ਕਿ ਉਹ ਪ੍ਰਮੇਸ਼ਰ (ਬੇਅੰਤ ਅੰਤੁ ਨ ਜਾਇ ਪਾਇਆ) ਭਾਵ ਉਸ ਪ੍ਰਮੇਸ਼ਰ ਨੂੰ ਸਹੀ ਰੂਪ ਵਿਚ ਕਥਨ ਨਹੀਂ ਕੀਤਾ ਜਾ ਸਕਦਾ। ਸੋ, ਮੈਂ ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਇਸ ਤਰ੍ਹਾਂ ਉਚਾਰਨ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਜਿਵੇਂ ਕਿ ਅਸੀਂ ਵੇਖਦੇ ਤੇ ਪੜ੍ਹਦੇ ਹਾਂ ਕਿ) ਲੱਖਾਂ ਉਪਮਾਂ (ਵਾਲਿਆਂ ਦੀਆਂ) ਉਪਮਾਂ ਹੁੰਦੀਆਂ ਹਨ, (ਪਰ ਉਸ ਬੇਅੰਤ ਪ੍ਰਮੇਸ਼ਰ ਦੀ) ਉਪਮਾ ਕਿਸੇ ਤੋਂ ਭੀ ਹੋ ਨਹੀਂ ਸਕਦੀ (ਜੇ ਕੋਈ ਕਰਨਾ ਭੀ ਚਾਹੇ ਤੇ ਉਹ) ਕੀ ਆਖ ਕੇ ਉਪਮਾ ਕਰੇਗਾ, (ਭਾਵ, ਉਸ ਪਾਸ ਅਜਿਹੀ ਸ਼ਬਦਾਵਲੀ ਹੀ ਨਹੀਂ ਜਿਸ ਰਾਹੀਂ ਉਹ ਉਪਮਾ ਕਰੇ)।

(੨) (ਇਸੇ ਤਰ੍ਹਾਂ) ਮਹਿਮਾ ਵਾਲਿਆਂ ਦੀ ਮਹਿਮਾ ਕੀਤੀ ਜਾਂਦੀ ਹੈ (ਪਰ ਜਿਸ ਪ੍ਰਭੂ ਦੀ ਵੱਡੀ ਤੇ ਵਚਿੱਤ੍ਰ) ਮਹਿਮਾ ਨੂੰ ਵੇਖ ਕੇ ਹੈਰਾਨ ਰਹਿ ਜਾਈਦਾ ਹੈ (ਉਸਦੀ ਮਹਿਮਾ ਕੋਈ ਕਿਵੇਂ ਕਰੇ, ਭਾਵ ਕੀਤੀ ਹੀ ਨਹੀਂ ਜਾਂਦੀ)।

(੩) (ਲੱਖਾਂ ਲੋਕ) ਮਹਾਤਮ (ਵਡਿਆਈਆਂ) ਦੇ ਮਹਾਤਮ ਆਖਦੇ ਹਨ, (ਪਰ ਵੱਡੇ ਪ੍ਰਭੂ ਦੇ) ਮਹਾਤਮ ਨੂੰ ਤਾਂ ਕੋਈ ਜਾਣ ਹੀ ਨਹੀਂ ਸਕਦਾ (ਤੇ ਉਹ ਦੱਸੇ ਵੀ ਕੀ)?

(੪) ਲੱਖਾਂ ਉਸਤਤਾਂ, ਉਸਤਤਾਂ (ਕਰਨ ਵਾਲਿਆਂ ਦੀਆਂ) ਲੋਕ ਕਰਦੇ ਹਨ, (ਪਰ ਪ੍ਰਮੇਸ਼ਰ ਦੀ) ਸੱਚੀ ਤੇ ਪੂਰੀ ਉਸਤਤ ਨੂੰ ਕੋਈ ਪਛਾਣ ਹੀ ਨਹੀਂ ਸਕਦਾ।

(੫) ਸੋ, ਐਸੇ ਆਦਿ ਪੁਰਖ (ਜਾਂ ਆਦਿ ਸਤਿਗੁਰੂ ਨਾਨਕ ਦੇਵ ਜੀ ਨੂੰ ਮੇਰੀ) ਨਮਸਕਾਰ ਹੈ ਜਿਨ੍ਹਾਂ ਨੇ ਮੇਰੇ ਜਿਹੇ ਨਿਮਾਣੇ ਨੂੰ ਮਾਣ ਬਖ਼ਸ਼ਿਆ ਹੈ।੨੨।

***ਭਾਵਾਰਥ :*** ਬ੍ਰਹਮਾ ਨੇ ਵੇਦਾਂ ਦੁਆਰਾ ਬੜੀ ਜਾਣਕਾਰੀ ਦਿਤੀ ਹੈ ਪਰ ਪ੍ਰਮੇਸ਼ਰ ਦੇ ਬਾਰੇ ਆਖ਼ਰ ਉਸਨੂੰ ਭੀ ਇਹੋ ਆਖਣਾ ਪਿਆ ਕਿ (ਨੇਤ ਨੇਤ ਕਥੰਤ ਵੇਦਾ) ਕਿ ਉਹ ਪ੍ਰਭੂ ਬੇਅੰਤ, ਬੇਅੰਤ ਹੈ।

## *੨੩. ਸਤਿਗੁਰੂ ਦਾ ਪ੍ਰਤਾਪ*

**੧. ਲੱਖ ਮੱਤਿ ਲੱਖ ਬੁੱਧਿ ਸੁੱਧਿ
ਲੱਖ ਲੱਖ ਚਤੁਰਾਈ।
੨. ਲੱਖ ਲੱਖ ਉਕਤਿ ਸਿਆਣਪਾਂ
ਲੱਖ ਸੁਰਤਿ ਸਮਾਈ।
੩. ਲੱਖ ਗਿਆਨ ਧਿਆਨ ਲੱਖ
ਲੱਖ ਸਿਮਰਣ ਚਾਈ।
੪. ਲੱਖ ਵਿੱਦਿਆ ਲੱਖ ਇਸ਼ਟ ਜਪ
ਤੰਤ ਮੰਤ ਕਮਾਈ।
੫. ਲੱਖ ਭੁਗਤਿ ਲੱਖ ਲੱਖ ਭਗਤ
ਲੱਖ ਮੁਕਤਿ ਮਿਲਾਈ।
੬. ਜਿਉਂ ਤਾਰੇ ਦਿਹ ਉਗਵੇ
ਆਨ੍ਹੇਰ ਗਵਾਈ।
੭. ਗੁਰਮੁਖ ਸੁਖ ਫਲ ਅਗਮ ਹੈ
ਹੋਇ ਪਿਰਮ ਸਖਾਈ॥੨੩॥**

***ਪਦ ਅਰਥ :*** ਸਮਾਈ—ਸਮਾਉਣਾ। ਪਿਰਮ ਸਖਾਈ—ਵੱਡਾ ਸਹਾਈ।

**ਅਰਥ :**

**ਪ੍ਰ:** ਭਾਈ ਸਾਹਿਬ ਜੀਉ ! ਆਪ ਜੀ ਨੇ ਪਿਛਲੀ ਪਉੜੀ ਵਿਚ ਗੁਰਬਾਣੀ ਦੇ ਭਾਵਾਂ ਨੂੰ ਮੁੱਖ ਰਖਦਿਆਂ ਉਸ ਪਰੀਪੂਰਨ ਪ੍ਰਮੇਸ਼ਰ ਦੀ ਬੇਅੰਤਤਾ ਦਾ ਜ਼ਿਕਰ ਕੀਤਾ ਹੈ, ਜਿਸਦਾ ਆਦਿ ਤੋਂ ਲੈ ਕੇ ਅੱਜ ਤੱਕ ਕਿਸੇ ਵਿਅਕਤੀ ਨੇ ਭੀ ਅੰਤ ਨਹੀਂ ਪਾਇਆ। ਪਰ, ਕਿਉਂ ਜੀ ! ਇਹ ਭੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਉਸ ਪਰੀਪੂਰਨ ਪ੍ਰਮੇਸ਼ਰ ਨਾਲ ਗੁਰੂ ਦੀ ਕਿਤਨੀ ਕੁ ਅਭੇਦਤਾ ਹੈ ?

**ਉ:** ਹੇ ਭਾਈਓ ! ਭਾਵੇਂ ਮੇਰੀ ਸਮਝ ਤਾਂ ਇਸ ਬਾਰੇ ਕੋਈ ਵਧੇਰੇ ਜਾਣਕਾਰੀ ਨਹੀਂ ਰੱਖਦੀ, ਪਰ ਜੋ ਮੈਨੂੰ ਬਾਣੀ ਦੀ ਵੀਚਾਰ ਕਰਦਿਆਂ ਸੋਝੀ ਹਾਸਲ ਹੋ ਸਕੀ ਹੈ, ਉਸ ਦੇ ਅਧਾਰਤ ਹੀ ਮੈਂ ਗੁਰਬਾਣੀ ਦੇ ਭਾਵਾਂ ਨੂੰ ਮੁਖ-ਰੱਖਦਿਆਂ ਕੁਝ ਵੀਚਾਰ ਆਪ ਜੀ ਦੇ ਦ੍ਰਿਸ਼ਟੀ-ਗੋਚਰ ਕਰਨ ਦਾ ਯਤਨ ਕਰਦਾ ਹਾਂ ਕਿ ਗੁਰੂ ਤੇ ਪ੍ਰਮੇਸ਼ਰ ਦਾ ਪ੍ਰਸਪਰ ਕਿਤਨਾ ਕੁ ਤਾਲ-ਮੇਲ ਹੈ, ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਭਾਵ ਨੂੰ ਇਉਂ ਪ੍ਰਗਟਾਇਆ ਹੈ, ਜਿਵੇਂ ਕਿ :

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥

*(ਸ੍ਰੀ ਰਾਗੁ ਮ: ੫, ਪੰਨਾ ੫੩)*

ਗੁਰੁ ਕਰਤਾ ਗੁਰੁ ਕਰਣੈ ਜੋਗੁ ॥
ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥

*(ਗੋਂਡ ਮ: ੫, ਪੰਨਾ ੮੬੪)*

ਗੁਰ ਪਰਮੇਸੁਰ ਸਗਲ ਨਿਵਾਸ ॥
ਘਟਿ ਘਟਿ ਰਵਿ ਰਹਿਆ ਗੁਣਤਾਸ ॥

*(ਰਾਮਕਲੀ ਮ: ੫, ਪੰਨਾ ੯੦੦)*

ਸਤਿਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥

*(ਮਲਾਰ ਮ: ੫, ਪੰਨਾ ੧੨੭੧)*

ਗੁਰੁ ਦਾਤਾ ਸਮਰਥੁ ਗੁਰੁ
ਗੁਰੁ ਸਭ ਮਹਿ ਰਹਿਆ ਸਮਾਇ ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨।

*(ਸ੍ਰੀ ਰਾਗੁ ਮ: ੫, ਪੰਨਾ ੪੯)*

ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥

*(ਗੋਂਡ ਮ: ੫, ਪੰਨਾ ੮੬੪)*

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥
ਗੁਰੁ ਕਰਤਾ ਗੁਰੁ ਸਦ ਬਖਸੰਦੁ ॥

*(ਮਾਰੂ ਮ: ੫, ਪੰਨਾ ੧੦੮੦)*

ਹੇ ਭਾਈਓ ! ਇਸ ਤਰ੍ਹਾਂ ਬਾਣੀ ਵਿਚ ਗੁਰੂ ਤੇ ਪ੍ਰਮੇਸ਼ਰ ਦੀ ਏਕਤਾ ਨੂੰ ਦਰਸਾਉਣ ਵਾਲੀਆਂ ਹੋਰ ਭੀ ਅਨੇਕਾਂ ਪੰਗਤੀਆਂ ਪੜ੍ਹਨ ਵਿਚ ਆਉਂਦੀਆਂ ਹਨ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ ! ਜਿਵੇਂ ਅਸੀਂ ਵੇਖਦੇ ਹਾਂ ਕਿ) ਲੱਖਾਂ ਹੀ ਮੱਤਾਂ, ਲੱਖਾਂ ਹੀ ਬੁਧੀਆਂ, ਸੁਧਾਂ (ਸਮਝ) ਤੇ ਲੱਖਾਂ ਹੀ ਚਤਰਾਈਆਂ (ਜੋ ਭੁਲੇਖਾ ਜਾਂ ਧੋਖਾ ਖਾਣੋਂ ਬਚਾਉਣ ਦੇ ਸਮਰੱਥ ਹਨ)।

(੨) ਲੱਖਾਂ ਹੀ ਯੁਕਤੀਆਂ ਤੇ ਸਿਆਣਪਾਂ (ਦੂਰ ਦੀ ਗੱਲ ਨੂੰ ਸਮਝਣਾ), ਲੱਖਾਂ ਹੀ ਸਮਝ ਦੀਆਂ ਸਮਝਉਤੀਆਂ ਵਿਚ ਆ ਜਾਣ ਵਾਲੀਆਂ ਸੁਰਤਾਂ (ਧਿਆਨ) ਹਨ।

(੩) ਲੱਖਾਂ ਹੀ ਗਿਆਨ ਤੇ ਲੱਖਾਂ ਹੀ ਧਿਆਨ ਹਨ, ਲੱਖਾਂ ਹੀ ਤਰ੍ਹਾਂ ਨਾਲ (ਦੇਵੀ ਦੇਵਤਿਆਂ ਜਾਂ ਅਵਤਾਰਾਂ ਦੇ) ਸਿਮਰਨ ਕੀਤੇ ਜਾਂ ਅਰਾਧਨਾ ਕੀਤੀਆਂ ਜਾਂਦੀਆਂ ਹਨ।

(੪) ਲੱਖਾਂ (ਪ੍ਰਕਾਰ ਦੀ) ਵਿੱਦਿਆ (ਜੋ ਬੁੱਧੀ ਨੂੰ ਚਮਕਾਂਦੀ ਹੈ) ਲੱਖਾਂ ਹੀ ਇਸ਼ਟ (ਜਿਨ੍ਹਾਂ ਤੇ ਯਕੀਨ ਹੁੰਦਾ ਹੈ ਕਿ ਇਹ ਸਾਡਾ ਮੁਕਤੀ ਦਾਤਾ ਹੈ) ਤੇ ਜਪ ਹਨ। ਲੱਖਾਂ ਤੰਤ੍ਰ ਮੰਤ੍ਰ (ਤੇ ਇਨ੍ਹਾਂ ਦੀ) ਕਮਾਈ ਦੇ ਸਾਧਨ ਹਨ।

(੫) ਲੱਖਾਂ ਹੀ ਭੋਗ (ਸੁਖਦਾਈ ਵਸਤੂਆਂ ਦੀ ਵਰਤੋਂ ਹੈ) ਲੱਖਾਂ ਹੀ ਭਗਤੀਆਂ (ਪ੍ਰਮਾਰਥਕ ਸਿੱਧੀਆਂ ਲਈ) ਤੇ ਲੱਖਾਂ ਹੀ ਮੁਕਤੀਆਂ ਨੂੰ ਇਨ੍ਹਾਂ ਉਪ੍ਰੋਕਤ ਗੱਲਾਂ ਨਾਲ ਮੇਲ ਲਵੋ।

(੬) (ਪਰ) ਜਿਵੇਂ ਦਿਨ ਚੜ੍ਹਦੇ ਹੀ ਤਾਰੇ ਅਤੇ ਹਨੇਰਾ ਮਿਟ ਜਾਂਦਾ ਹੈ।

(੭) (ਇਵੇਂ ਹੀ) ਗੁਰਮੁਖ ਦੇ ਸੁਖ ਫਲ ਦੀ ਅਗਮ ਅਗਾਧ (ਕਥਾ ਹੈ, ਉਪ੍ਰੋਕਤ ਸਭ ਚੀਜ਼ਾਂ ਇਸਦੇ ਟਾਕਰੇ ਹੇਠ ਹਨ) ਪਿਆਰੇ ਦਾ ਮੇਲ ਕਰਾਉਣ ਵਿਚ ਕੇਵਲ ਪੂਰਾ ਗੁਰੂ ਹੀ ਸਹਾਈ ਹੁੰਦਾ ਹੈ।੨੩।

***ਭਾਵਾਰਥ :*** ਅਸੀਂ ਵੇਖਦੇ ਹਾਂ ਕਿ ਸੰਸਾਰ ਵਿਚ ਲੱਖਾਂ ਮੱਤਾਂ ਲੱਖਾਂ ਬੁਧੀ ਦੀਆਂ ਸਿਆਣਪਾਂ ਵਾਲੇ ਲੱਖਾਂ ਹੀ ਲੋਕ

ਹਨ, ਪਰ ਇਨ੍ਹਾਂ ਵਿਚੋਂ ਕੋਈ ਭੀ ਉਸ ਪ੍ਰਭੂ ਦੇ ਪ੍ਰੇਮ ਦਾ ਮਾਰਗ ਦਰਸਾਉਣ ਵਾਲਾ ਨਹੀਂ ਦਿਸਦਾ, ਪਰ ਇਕ ਪੂਰਨ ਗੁਰੂ ਹੀ ਹੈ ਜੋ ਜਗਯਾਸੂ ਨੂੰ ਰੱਬੀ ਮਾਰਗ ਦਰਸਾ ਕੇ ਰੱਬੀ ਦਰਬਾਰ ਵਿਚ ਪੁਚਾਉਣ ਦੀ ਸਮਰਥਾ ਰਖਦਾ ਹੈ। ਇਸ ਲਈ ਗੁਰਬਾਣੀ ਦੇ ਦਰਸਾਏ ਮਾਰਗ ਪਰ ਚੱਲ ਕੇ ਸਚੇ ਪ੍ਰਮੇਸ਼ਰ ਦੇ ਸਰੂਪ ਦੀ ਖੋਜ ਕਰਦੇ ਰਹਿਣਾ ਚਾਹੀਦਾ ਹੈ, ਜਿਸਦਾ ਸਦਕਾ ਅਸੀਂ ਆਪਣੇ ਸੱਚੇ ਸਰੂਪ ਵਿਚ ਅਭੇਦ ਹੋ ਸਕੀਏ।

## ੨੪. ਕਾਦਰ ਦੀ ਮਹਿਮਾ

**੧. ਲੱਖ ਅਚਰਜ ਅਚਰਜ**
**ਹੋਇ ਅਚਰਜ ਹੈਰਾਣਾ।**
**੨. ਵਿਸਮ ਹੋਇ ਵਿਸਮਾਦ ਲੱਖ**
**ਲੱਖ ਚੋਜ ਵਿਡਾਣਾ।**
**੩. ਲੱਖ ਅਦਭੁਤ ਪਰਮਦਭੁਤੀ**
**ਪਰਮਦਭੁਤ ਭਾਣਾ।**
**੪. ਅਬਿਗਤਿ ਗਤਿ ਅਗਾਧ ਬੋਧ**
**ਅਪਰੰਪਰ ਬਾਣਾ।**
**੫. ਅਕੱਥ ਕਥਾ ਅਜਪਾ ਜਪਣ**
**ਨੇਤਿ ਨੇਤਿ ਵਖਾਣਾ।**
**੬. ਆਦਿ ਪੁਰਖ ਆਦੇਸ ਹੈ**
**ਕੁਦਰਤਿ ਕੁਰਬਾਣਾ॥੨੪॥**

*ਪਦ ਅਰਥ :* ਚੋਜ ਵਿਡਾਣਾ—ਅਸਚਰਜ ਕੌਤਕ। ਅਚਰਜ—ਹੈਰਾਣ ਹੋਣਾ। ਪਰਮਦਭੁਤ—ਅਤੀ ਅਸਚਰਜ। ਭਾਣਾ—ਭਾਵੀ। ਬਾਣਾ—ਸਰੂਪ। ਕੁਰਬਾਣਾ—ਬਲਿਹਾਰ ਹੋਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਅਸੀਂ ਵੇਖ ਰਹੇ ਹਾਂ ਕਿ ਸੰਸਾਰ ਵਿਚ ਹਰ ਸ਼ੈਅ ਦੀ ਕੀਮਤ ਨੀਅਤ ਹੈ, ਉਸਨੂੰ ਵੱਡੀ ਤੋਂ ਵੱਡੀ ਕੀਮਤ ਦੇ ਕੇ ਖ਼ਰੀਦ ਸਕੀਦਾ ਹੈ, ਪਰ ਕੀ ਇਹ ਦੱਸਣ ਦੀ ਕ੍ਰਿਪਾ ਕਰੋਗੇ ਕਿ ਇਸ ਦਿਸ ਰਹੀ ਕੁਦਰਤ ਦੇ ਮਾਲਕ ਕਾਦਰ ਦੀ ਵੱਧ ਤੋਂ ਵੱਧ ਕੀ ਕੀਮਤ ਹੈ, ਜਿਸ ਰਾਹੀਂ ਉਸ ਨੂੰ ਖ਼ਰੀਦ ਸਕੀਏ?

ਉ: ਹੇ ਭਾਈਓ! ਪੁਰਾਤਨ ਹੋ ਗੁਜ਼ਰੇ ਪੀਰ, ਪੈਗੰਬਰ, ਔਲੀਏ, ਅਵਤਾਰਾਂ ਦੀਆਂ ਜੀਵਨ ਕਥਾਵਾਂ ਪੜ੍ਹਨ ਦਾ ਮੈਨੂੰ ਜਿਤਨਾ ਭੀ ਸਮਾਂ ਮਿਲਿਆ ਹੈ, ਉਨ੍ਹਾਂ ਬਜ਼ੁਰਗਾਂ ਵਿਚੋਂ ਕਿਸੇ ਭੀ ਮਹਾਨ ਤੋਂ ਮਹਾਨ ਵਿਅਕਤੀ ਨੇ ਉਸ ਕਾਦਰ ਦੀ ਕੋਈ ਕੀਮਤ ਨੀਅਤ ਨਹੀਂ ਕੀਤੀ ਅਤੇ ਨਾ ਹੀ ਕੋਈ ਭਵਿਖਤ ਵਿਚ ਕਰ ਹੀ ਸਕੇਗਾ। ਪਰ ਤੁਸੀਂ ਆਪ ਹੀ ਦੱਸੋ ਕਿ ਉਸ ਕਾਦਰ ਦੀ ਕੀਮਤ ਦੇ ਪਾਉਣ ਬਾਰੇ ਮੇਰੇ ਵਿਚ ਕੀ ਸ਼ਕਤੀ ਹੈ ਜੋ ਕੁਝ ਕਹਿ ਸੱਕਾਂ। ਪਰ ਹਾਂ, ਸਾਡੇ ਸਤਿਗੁਰਾਂ ਨੇ ਸਾਨੂੰ ਗੁਰੂ ਗ੍ਰੰਥ ਸਾਹਿਬ ਦਾ ਇਕ ਬਹੁਤ ਵੱਡਾ ਅਜਿਹਾ ਧੁਰਾ ਬਖ਼ਸ਼ਿਆ ਹੈ ਜਿਸ ਵਿਚੋਂ ਸਾਨੂੰ ਹਰ ਪ੍ਰਕਾਰ ਦੀ ਜਾਣਕਾਰੀ ਮਿਲ ਸਕਦੀ ਹੈ, ਇਸ ਤੁਹਾਡੇ ਪ੍ਰਸ਼ਨ ਦੇ ਉੱਤਰ ਵਿਚ ਜੋ ਮੈਨੂੰ ਗੁਰਬਾਣੀ ਵਿਚੋਂ ਪੰਗਤੀਆਂ ਪੜ੍ਹਨ ਵਿਚ ਆਈਆਂ ਹਨ, ਉਹ ਮੈਂ ਤੁਹਾਡੀ ਸੇਵਾ ਵਿਚ ਹਾਜ਼ਰ ਕਰਦਾ ਹਾਂ ਕਿ ਉਸ ਕਾਦਰ ਦੀ ਕੀਮਤ ਕੋਈ ਭੀ ਨਹੀਂ ਕਹਿ ਸਕਦਾ, ਜਿਵੇਂ ਕਿ :

ਸਾਚਾ ਸਾਹਿਬੁ ਸਚੁ ਦਰਬਾਰੁ॥
ਕੀਮਤਿ ਕਉਣੁ ਕਹੈ ਬੀਚਾਰੁ॥
*(ਧਨਾਸਰੀ ਮ: ੫, ਪੰਨਾ ੬੭੭)*

ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥
*(ਤੁਖਾਰੀ ਮ: ੧, ਪੰਨਾ ੧੧੦੮)*

ਕੀਮਤਿ ਕਉਣੁ ਕਰੈ ਤੇਰੀ ਕਰਤੇ
ਪ੍ਰਭ ਅੰਤੁ ਨ ਪਾਰਾਵਾਰੀ॥੭॥
*(ਰਾਮਕਲੀ ਮ: ੫, ਪੰਨਾ ੯੧੬)*

ਕੀਮਤਿ ਕਉਣੁ ਕਰੇ ਪ੍ਰਭ ਤੇਰੀ
ਤੂ ਆਪੇ ਸਹਜਿ ਸਮਾਇਆ॥੮॥
*(ਮਾਰੂ ਮ: ੩, ਪੰਨਾ ੧੦੬੭)*

ਕੀਮਤਿ ਕਉਣੁ ਕਰੇ ਪ੍ਰਭ ਤੇਰੀ
ਤੂ ਸਰਬ ਜੀਆ ਦਇਆਲਾ॥
*(ਸੋਰਠਿ ਮ: ੫, ਪੰਨਾ ੬੦੮)*

ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ॥
ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ॥
*(ਮਾਝ ਮ: ੫, ਪੰਨਾ ੧੩੭)*

ਕੀਮਤਿ ਕੋਇ ਨ ਜਾਣੈ ਦੂਜਾ॥
ਆਪੇ ਆਪਿ ਨਿਰੰਜਨ ਪੂਜਾ॥ *(ਮਾਰੂ ਮ: ੫, ਪੰਨਾ ੧੦੮੧)*

ਆਪੇ ਹੋਵਹਿ ਗੁਪਤੁ ਆਪੇ ਪਰਗਟੀਐ ॥
ਕੀਮਤਿ ਕਿਸੈ ਨ ਪਾਇ ਤੇਰੀ ਥਟੀਐ ॥
(ਪਉੜੀ, ਪੰਨਾ ੯੬੬)

ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ ॥
ਕੀਮਤਿ ਕਹਣੁ ਨ ਜਾਈਐ ਅੰਤੁ ਨ ਪਾਰਾਵਾਰੁ ॥
(ਮ: ੫, ਪੰਨਾ ੯੬੨)

ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ ॥
ਸਿਧ ਸਾਧਿਕ ਗਿਆਨੀ ਧਿਆਨੀਆ
ਕਉਣੁ ਤੁਧੁਨੋ ਤੋਲੈ ॥ (ਪੰਨਾ ੧੧੦੨)

ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ ॥
(ਸ੍ਰੀ ਰਾਗੁ ਮ: ੫, ਪੰਨਾ ੪੯)

ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥
(ਮਾਝ ਮ: ੫, ਪੰਨਾ ੧੩੭)

ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥
(ਬਿਲਾਵਲੁ ਮ: ੫, ਪੰਨਾ ੮੦੮)

ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ ॥
ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ ॥੨॥
(ਬਿਲਾਵਲੁ ਮ: ੫, ਪੰਨਾ ੮੧੩)

ਕੀਮਤਿ ਕਹੀ ਨ ਜਾਈ ਠਾਕੁਰ
ਤੇਰਾ ਮਹਲੁ ਅਪਾਰਾ ॥
(ਤੁਖਾਰੀ ਮ: ੫, ਪੰਨਾ ੧੧੧੭)

ਕੀਮਤਿ ਕਾਗਦ ਕਹੀ ਨ ਜਾਈ ॥
ਕਹੁ ਨਾਨਕ ਬੇਅੰਤ ਗੁਸਾਈ ॥
(ਮਾਰੂ ਮ: ੫, ਪੰਨਾ ੧੦੮੨)

ਕੀਮਤਿ ਕਿਛੁ ਕਹਣੁ ਨ ਜਾਈ
ਸਾਚੇ ਸਚੁ ਅਲਖ ਅਭੇਵਾ ॥
(ਰਾਮਕਲੀ ਮ: ੫, ਪੰਨਾ ੮੯੬)

ਕੀਮਤਿ ਕਿਨੈ ਨ ਪਾਈਆ
ਸਭਿ ਸੁਣਿ ਸੁਣਿ ਆਖਹਿ ਸੋਇ ॥੨॥
(ਸ੍ਰੀ ਰਾਗੁ ਮ: ੧, ਪੰਨਾ ੫੩)

ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥
ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥
(ਸ੍ਰੀ ਰਾਗੁ ਮ: ੧, ਪੰਨਾ ੧੫)

ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥
(ਸਲੋਕ ਮ: ੩, ਪੰਨਾ ੫੫੫)

ਕੀਮਤਿ ਕਿਨੈ ਨ ਪਾਈਆ ਬੇਅੰਤੁ ਪ੍ਰਭੂ ਹਰਿ ਸੋਇ ॥
(ਸਲੋਕ ਮ: ੪, ਪੰਨਾ ੧੩੧੩)

ਕੀਮਤਿ ਕਿਨੈ ਨ ਪਾਈਐ
ਰਿਦ ਮਾਣਕ ਮੋਲਿ ਅਮੋਲਿ ॥੧॥
(ਸ੍ਰੀ ਰਾਗੁ ਮ: ੧, ਪੰਨਾ ੨੨)

ਰਤਨੁ ਅਮੋਲਕੁ ਅਗਮ ਅਪਾਰਾ ॥
ਕੀਮਤਿ ਕਵਣੁ ਕਰੇ ਵੇਚਾਰਾ ॥
(ਮਾਰੂ ਮ: ੩, ਪੰਨਾ ੧੦੫੩)

ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
(ਆਸਾ ਮ: ੧, ਪੰਨਾ ੮)

ਹੇ ਭਾਈਓ! ਇਸ ਤੋਂ ਬਾਅਦ ਹੋਰ ਭੀ ਅਨੇਕਾਂ ਪੰਗਤੀਆਂ ਮੇਰੇ ਪੜ੍ਹਨ ਵਿਚ ਆਈਆਂ ਹਨ, ਜਿਨ੍ਹਾਂ ਤੋਂ ਇਹੋ ਸਿੱਧ ਹੁੰਦਾ ਹੈ ਕਿ ਉਸ ਕੁਦਰਤ ਦੇ ਮਾਲਕ ਕਾਦਰ ਦੀ ਕਿਸੇ ਨੇ ਭੀ ਕੀਮਤ ਨਹੀਂ ਪਾਈ, ਜੇ ਕੋਈ ਉਸ ਦੇ ਸੰਬੰਧ ਵਿਚ ਕੁਝ ਕਹਿੰਦਾ ਭੀ ਹੈ ਤਾਂ ਉਹ ਸੀਨੇ-ਬ-ਸੀਨੇ ਚਲੀ ਆ ਰਹੀ ਸਰੋਤ ਨੂੰ ਸੁਣ ਸੁਣ ਕੇ ਹੀ ਕਹਿੰਦਾ ਹੈ, ਉਹ ਭੀ ਪੂਰੀ ਨਹੀਂ ਅਧੂਰੀ ਹੀ ਕਹਿੰਦਾ ਸੁਣੀਦਾ ਹੈ। ਇਸ ਲਈ ਹੇ ਭਾਈਓ! ਮੈਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਉਸ ਕਾਦਰ ਦੀ ਬੇਅੰਤਤਾਈ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈ! ਅਸੀਂ ਆਮ ਹੀ ਵੇਖ ਰਹੇ ਹਾਂ ਕਿ) ਲੱਖਾਂ ਹੀ ਆਪ ਅਸਚਰਜਤਾ ਪੈਦਾ ਕਰਨ ਵਾਲੇ (ਪ੍ਰਭੂ ਦੀ ਅਸਚਰਜਤਾ ਨੂੰ ਦੇਖ) ਅਸਚਰਜ ਹੋ ਰਹੇ ਹਨ।
(੨) (ਇਸੇ ਤਰ੍ਹਾਂ) ਲੱਖਾਂ ਵਿਸਮਾਦੀ ਲੋਕ, ਲੱਖਾਂ ਹੀ ਵੱਡੇ ਕੌਤਕਾਂ ਨੂੰ ਕਰਨ ਵਾਲੇ (ਪ੍ਰਭੂ ਦੀ ਵਿਸਮਾਦਤਾ ਨੂੰ ਵੇਖ) ਵਿਸਮ ਰਹੇ ਹਨ।
(੩) ਲੱਖਾਂ ਹੀ ਅਦਭੁਤ (ਚਰਿਤਰਾਂ ਵਾਲੇ ਤੇ ਹੋਰਨਾਂ ਨੂੰ) ਕੌਤਕਾਂ ਨਾਲ ਅਸਚਰਜਤਾ ਫੈਲਾਉਣ ਵਾਲੇ ਆਪ (ਪ੍ਰਮੇਸ਼ਰ ਦੇ) ਅਸਚਰਜ ਭਾਣੇ ਨੂੰ ਤੱਕ (ਅਸਚਰਜ ਹੋ ਰਹੇ ਹਨ)।
(੪) (ਉਸ ਪ੍ਰਭੂ ਦੀ) ਗਤੀ (ਹਾਲਤ) ਅਬਿਗਤਿ (ਨ ਕਥੀ ਜਾਣ ਵਾਲੀ) ਹੈ ਉਹ ਪ੍ਰਭੂ ਸਮਝ ਦੇ ਘੇਰੇ ਤੋਂ ਪਾਰ ਹੈ।

(੫) (ਉਸਦੀ ਕਥਾ ਵੀ ਕਥਨੀ ਵਿਚ ਨ ਆਉਣ ਵਾਲੀ) ਹੈ ਤੇ ਜਪਣ ਤੋਂ ਵੀ ਪਰੇ (ਅਜਪਾ) ਹੈ।

(੬) (ਇਸੇ ਲਈ ਉਸਨੂੰ ਸਭ ਸਿਆਣੇ ਤੇ ਵੇਦ ਕਤੇਬ) ਬੇਅੰਤ ਹੈ, ਬੇਅੰਤ ਹੈ ਆਖਦੇ ਹਨ। ਹੇ ਭਾਈਓ! ਮੈਂ ਤਾਂ ਇਤਨਾ ਹੀ ਕਹਿ ਸਕਦਾ ਹਾਂ ਕਿ ਉਸ ਆਦਿ ਪੁਰਖ ਪ੍ਰਭੂ ਪ੍ਰਮੇਸ਼ਰ ਨੂੰ ਆਦੇਸ (ਮੇਰੀ ਪ੍ਰਨਾਮ ਹੈ) ਤੇ ਉਸਦੀ ਕੁਦਰਤ (ਰਚਨਾ) ਤੋਂ ਵੀ ਮੈਂ ਬਲਿਹਾਰ ਤੇ ਕੁਰਬਾਨ ਹਾਂ।੨੪।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਉਸ ਕਾਦਰ ਦੀ ਕੁਦਰਤ ਦੀ ਮਹਿਮਾ ਕਰਦਿਆਂ ਉਸ ਦੀ ਅਸਚਰਜਤਾ ਵਲ ਇਸ਼ਾਰਾ ਕੀਤਾ ਹੈ, ਜੋ ਵੇਦਾਂ ਕਤੇਬਾਂ ਦੀ ਲਖਤਾ ਤੋਂ ਪਰੇ ਵਿਸਮਾਦ ਰੂਪ ਹੈ, ਜੋ ਸਾਰਿਆਂ ਵਿਚ ਵਿਆਪਕ ਹੁੰਦਾ ਹੋਇਆ ਭੀ ਸਭ ਤੋਂ ਨਿਰਲੇਪ ਰਹਿੰਦਾ ਹੈ।

ਜਦੋਂ ਅਸੀਂ ਭਾਈ ਸਾਹਿਬ ਜੀ ਦੀ ਸੰਪੂਰਨ ਰਚਨਾ ਵੱਲ ਧਿਆਨ ਮਾਰਦੇ ਹਾਂ ਤਾਂ ਸਾਨੂੰ ਹੈਰਾਨੀ ਦੇ ਕਈ ਦਰਜੇ ਨਜ਼ਰ ਆਉਂਦੇ ਹਨ, ਜਿਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਅਕਸਰ ਵਾਹਿਗੁਰੂ ਦੀ ਪ੍ਰਾਪਤੀ ਦੀਆਂ ਮੰਜ਼ਲਾਂ ਪਰਥਾਇ ਹੀ ਆਪ ਜੀ ਨੇ ਵਰਤਿਆ ਹੈ, ਉਨ੍ਹਾਂ ਦੇ ਕਰਮ ਦੀ ਰੂਪ ਰੇਖਾ ਭੀ ਇਸ ਤਰ੍ਹਾਂ ਪ੍ਰਤੀਤ ਹੁੰਦੀ ਹੈ। ਜਿਵੇਂ ਕਿ :

(੧) ਹੈਰਾਨੀ, (੨) ਅਸਚਰਜ, (੩) ਵਿਸਮਾਦ, (੪) ਅਦਭੁਤ, (੫) ਪਰਮਦਭੁਤ, (੬) ਪਰਮਾਦਭੁਤ।

## ੨੫. ਛੇ ਸਤਿਗੁਰਾਂ ਦੀ ਆਰਾਧਨਾ

**੧. ਪਾਰਬ੍ਰਹਮ ਪੂਰਣ ਬ੍ਰਹਮ**
**ਗੁਰ ਨਾਨਕ ਦੇਉ।**
**੨. ਗੁਰ ਅੰਗਦ ਗੁਰ ਅੰਗ ਤੇ**
**ਸਚ ਸ਼ਬਦ ਸਮੇਉ।**
**੩. ਅਮਰਾ ਪਦੁ ਗੁਰ ਅੰਗਦਹੁ**
**ਅਤਿ ਅਲਖ ਅਭੇਉ।**
**੪. ਗੁਰ ਅਮਰਹੁ ਗੁਰੁ ਰਾਮਦਾਸ**
**ਗਤਿ ਅਛਲ ਅਛੇਉ।**
**੫. ਰਾਮਦਾਸ ਅਰਜਨ ਗੁਰੂ**
**ਅਬਿਚਲ ਅਰਖੇਉ।**
**੬. ਹਰਿਗੋਵਿੰਦ ਗੋਵਿੰਦ ਗੁਰੁ**
**ਕਾਰਣ ਕਰਣੇਉ ॥੨੫॥੧੩॥**

***ਪਦ ਅਰਥ :*** ਸਮੇਉ—ਸਮਾਏ ਜਾਂ ਰਚ ਗਏ। ਅਛੇਉ—ਦਾਗ ਰਹਿਤ। ਅਰਖੇਉ—ਲਿਵਲੀਨ, ਮਸਤ, ਅਲੱਖ ਰੂਪ। ਕਾਰਣ ਕਰਣੇਉ—ਕਰਣ ਕਾਰਣ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਆਦਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੇਂ ਸਤਿਗੁਰੂ ਹਰਿਗੋਵਿੰਦ ਸਾਹਿਬ ਜੀ ਤੱਕ ਆਪ ਜੀ ਦਾ ਕੀ ਵਿਸ਼ਵਾਸ ਹੈ, ਗੁਰਮਤ ਅਨੁਸਾਰ ਇਸ ਬਾਰੇ ਜਾਣਕਾਰੀ ਦਿਓ ਤਾਕਿ ਸਾਡੇ ਮਨਾਂ ਵਿਚ ਭੀ ਛਿਆਂ ਸਤਿਗੁਰਾਂ ਦੇ ਸੰਬੰਧ ਵਿਚ ਪੂਰਨ ਨਿਸਚਾ ਹੋ ਸਕੇ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ! ਜਦੋਂ ਮੈਂ ਗੁਰਬਾਣੀ ਦੇ ਭਾਵਾਂ ਨੂੰ ਵੀਚਾਰਦਾ ਹਾਂ ਤਾਂ ਮੈਨੂੰ ਛੇ ਵਿਅਕਤੀਆਂ ਤਾਂ ਭਾਵੇਂ ਵਖੋ ਵਖ ਦਿਸਦੀਆਂ ਹਨ, ਪਰ ਅੰਤਰ ਆਤਮੇ ਜੋਤ ਇਕ ਹੀ ਨਜ਼ਰ ਆਉਂਦੀ ਹੈ, ਇਸੇ ਭਾਵ ਨੂੰ ਰਾਮਕਲੀ ਦੀ ਵਾਰ ਵਿਚ ਰਾਇ ਬਲਵੰਡ ਤੇ ਸਤੇ ਡੂਮ ਨੇ ਪ੍ਰਗਟਾਇਆ ਹੈ, ਜਿਵੇਂ ਕਿ :

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ॥
*(ਰਾਮਕਲੀ ਕੀ ਵਾਰ, ਪੰਨਾ ੯੬੬)*

ਭਾਵ, ਰੂਪ ਤਾਂ ਭਾਵੇਂ ਛੇ ਭਿੰਨ ਭਿੰਨ ਦਿਸਦੇ ਹਨ, ਪਰ ਉਨ੍ਹਾਂ ਦੇ ਅੰਦਰ ਜੋਤੀ ਸਰੂਪ ਦੀ ਜੋਤ ਇਕੋ ਹੀ ਹੈ। ਗੁਰੂ ਨਾਨਕ ਦੇਵ ਜੀ ਦੇ ਬਾਰੇ ਵਿਚ ਭੀ ਭੱਟਾਂ ਨੇ ਆਪਣੇ ਵੀਚਾਰ ਅੰਕਤ ਕੀਤੇ ਹਨ :

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
*(ਸਵਈਏ, ਪੰਨਾ ੧੪੦੮)*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਸਾਡੇ ਪੜ੍ਹਨ ਵਿਚ ਉਦਾਹਰਣ ਆਉਂਦੇ ਹਨ, ਜਿਨ੍ਹਾਂ ਤੋਂ ਪ੍ਰੇਰਤ ਹੋ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆ ਹਨ, ਜਿਵੇਂ ਕਿ :

(੧) (ਹੇ ਭਾਈਓ! ਮੈਨੂੰ ਤਾਂ ਪੂਰਨ ਭਰੋਸਾ ਹੈ ਕਿ) ਗੁਰੂ ਨਾਨਕ ਦੇਉ ਪਾਰਬ੍ਰਹਮ ਅਤੇ ਪੂਰਨ ਬ੍ਰਹਮ (ਸਰੂਪ)-

ਹਨ, (ਭਾਵ, ਨਿਰਗੁਣ ਅਤੇ ਸਰਗੁਣ ਆਪ ਹੀ ਹਨ . ਬਾਣੀ ਵਿਚ ਭੀ ਇਹੋ ਫੁਰਮਾਨ ਆਇਆ ਹੈ ਜਿਵੇਂ ਕਿ:

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾਧਾਰਿ ਜਿਨਿ ਸਗਲੀ ਮੋਹੀ॥

(੨) ਗੁਰੂ ਅੰਗਦ ਦੇਵ ਜੀ ਗੁਰੂ ਅੰਗ ਤੋਂ ਬਣ ਕੇ ਸੱਚੇ ਸ਼ਬਦ ਵਿਚ ਸਮਾ, ਭਾਵ ਲੀਨ ਹੋ ਗਏ ਹਨ।

(੩) ਗੁਰੂ ਅੰਗਦ ਦੇਵ ਜੀ ਤੋਂ ਅਮਰ ਪਦਵੀ (ਪ੍ਰਾਪਤ ਕਰਕੇ ਗੁਰੂ ਅਮਰ ਦਾਸ ਜੀ) ਹੋਏ, ਜਿਨ੍ਹਾਂ ਦੀ ਗਤੀ ਅਤੀ ਅਲੱਖ ਤੇ ਅਭੇਉ ਹੈ।

(੪) ਗੁਰੂ ਅਮਰਦਾਸ ਜੀ ਤੋਂ ਗੁਰੂ ਰਾਮਦਾਸ ਜੀ ਹੋਏ, ਜਿਨ੍ਹਾ ਦੀ ਗਤੀ (ਨਾ ਛਲੇ ਜਾਣ ਵਾਲੀ ਹੈ ਤੇ ਨਾ ਹੀ ਉਸ ਵਿਚ ਕੋਈ) ਦਾਗ਼ ਹੈ।

(੫) ਰਾਮਦਾਸ ਜੀ ਤੋਂ ਗੁਰੂ ਅਰਜਨ ਦੇਵ ਜੀ ਹੋਏ, ਜੋ ਅਚੱਲ (ਗੁਰੂ ਮੂਰਤੀ ਦੇ ਪ੍ਰਕਾਸ਼ ਵਿਚ) ਮਸਤ ਹੋ, ਲਿਵਲੀਨ ਹੋ ਗਏ।

(੬) (ਪੰਜਵੇਂ ਸਤਿਗੁਰੂ ਤੋਂ ਛੇਵੇਂ ਗੁਰੂ) ਹਰਿਗੋਬਿੰਦ ਜੀ (ਪ੍ਰਭੂ) ਦਾ ਰੂਪ ਤੇ (ਸਰਬ ਕਲਾ ਸਮਰਥ) ਕਾਰਨਾਂ ਦੇ ਕਰਨਹਾਰ (ਭਾਵ ਮਾਲਕ ਬਣ ਗੁਰਗੱਦੀ 'ਤੇ ਸੁਭਾਇਮਾਨ ਹੋਏ)।੨੫।੧੩।

ਭਾਵ, ਪਹਿਲੇ ਗੁਰੂ ਨਾਨਕ ਦੇਵ ਜੀ ਦੀ ਜੋਤ ਹੀ ਮੀਰੀ ਪੀਰੀ ਦੇ ਮਾਲਕ ਹੋ ਹਰਿ ਗੋਬਿੰਦ ਸਾਹਿਬ ਛੇਵੀਂ ਗੱਦੀ ਪਰ ਬਿਰਾਜਮਾਨ ਹੋਏ, ਭਾਵ ਛੇਆਂ ਜਾਮਿਆਂ ਵਿਚ ਇਕੋ ਹੀ ਜੋਤ ਬਿਰਾਜਮਾਨ ਸੀ, ਹਰ ਗੁਰੂ ਨਾਨਕ ਨਾਮ-ਲੇਵਾ ਸਿਖ ਨੂੰ ਇਹੋ ਹੀ ਭਰੋਸਾ ਹੋਣਾ ਚਾਹੀਦਾ ਹੈ।

(ਤੇਰ੍ਹਵੀਂ ਵਾਰ ਸਮਾਪਤ)

# ਵਾਰ ੧੪

ੴ ਸਤਿਗੁਰ ਪ੍ਰਸਾਦਿ॥

## ੧. ਸੱਚਾ ਗੁਰੂ ਨਿਮਾਣਿਆਂ ਦਾ ਮਾਣ ਹੈ

੧. ਸਤਿਗੁਰ ਸੱਚਾ ਨਾਉਂ
ਗੁਰਮੁਖ ਜਾਣੀਐ।
੨. ਸਾਧਸੰਗਤਿ ਸਚ ਥਾਉਂ
ਸ਼ਬਦ ਵਖਾਣੀਐ।
੩. ਦਰਗਹ ਸੱਚ ਨਿਆਉਂ
ਜਲ ਦੁਧ ਛਾਣੀਐ।
੪. ਗੁਰ ਸਰਣੀ ਅਸਰਾਉ
ਸੇਵ ਕਮਾਣੀਐ।
੫. ਸ਼ਬਦ ਸੁਰਤਿ ਸੁਣਿ ਗਾਉਂ
ਅੰਦਰ ਆਣੀਐ।
੬. ਤਿਸ ਕੁਰਬਾਨੀ ਜਾਉਂ
ਮਾਣ ਨਿਮਾਣੀਐ ॥੧॥

*ਪਦ ਅਰਥ :* ਅਸਰਾਉ—ਆਸਰਾ ਹੈ। ਅੰਦਰ ਆਣੀਐ—ਅਭਿਆਸ ਕਰਕੇ, ਨਿੱਧਿਆਸਨ ਕਰਨਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਭਰ ਵਿਚ ਅਨੇਕਾਂ ਹੀ ਲੋਕ ਵੇਖਣ ਵਿਚ ਆਉਂਦੇ ਹਨ, ਜੋ ਕਿ ਭਿੰਨ ਭਿੰਨ ਦੇਵੀ ਦੇਵਤਿਆਂ ਦੇ ਨਾਵਾਂ ਦੀ ਅਰਾਧਨਾ ਕਰਦੇ ਹਨ, ਪਰ ਗੁਰਮਤ ਅਨੁਸਾਰ ਤੁਹਾਡਾ ਆਪਣਾ ਕੀ ਨਿਸਚਾ ਹੈ, ਕਿ ਸੱਚਾ ਨਾਮ ਕਿਸਦਾ ਮੰਨਣਾ ਚਾਹੀਦਾ ਹੈ? ਜਿਸ ਦੀ ਮਾਨਤਾ ਕਰਨ ਨਾਲ ਮਨੁੱਖ ਨੂੰ ਸਦੀਵੀ ਸੁਖ ਪ੍ਰਾਪਤ ਹੋ ਸਕੇ?

ਉ: ਹੇ ਭਾਈਓ! ਮੈਨੂੰ ਤਾਂ ਰੱਬੀ ਬਾਣੀ ਦੀ ਵੀਚਾਰ ਕਰਦੇ ਰਹਿਣ ਨਾਲ ਇਹੋ ਹੀ ਸੁਝ-ਬੂਝ ਮਿਲ ਸਕੀ ਹੈ ਕਿ ਸੱਚੇ ਸਤਿਗੁਰੂ ਦੇ ਬਖ਼ਸ਼ੇ ਹੋਏ ਸੱਚੇ ਨਾਮ ਤੋਂ ਸੱਖਣਾ ਮਨੁੱਖ ਭਾਵੇਂ ਕਿਤਨੇ ਭੀ ਦੇਵੀ ਦੇਵਤਿਆਂ ਦੇ ਨਾਮਾਂ ਦੀ ਅਰਾਧਨਾ ਕਰਦਾ ਰਵੇ ਉਸ ਨੂੰ ਕਦੇ ਭੀ ਅਬਿਨਾਸ਼ੀ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ਉਹ ਸਾਰੇ ਦੇਵਤੇ ਖ਼ੁਦ ਭੀ ਅਚੱਲ ਸੁਖ ਤੋਂ ਸੱਖਣੇ ਹਨ, ਇਸ ਲਈ ਗੁਰਮਤ ਨੇ ਹਰ ਮਨੁੱਖ-ਮਾਤ੍ਰ ਲਈ ਸਦੀਵੀ ਸੁਖ ਪ੍ਰਾਪਤੀ ਦਾ ਵੱਡਾ ਸਾਧਨ ਕੇਵਲ ਸਤਿਗੁਰੂ ਦੀ ਸ਼ਰਨ ਵਿਚ ਰਹਿ ਕੇ ਇਕੋ ਨਾਮ ਦਾ ਚਿੰਤਨ ਕਰਦੇ ਰਹਿਣਾ ਦਰਸਾਇਆ ਹੈ। ਪਰ ਜਿਥੇ ਸੱਚੇ ਸਤਿਗੁਰੂ ਦੇ ਬਾਣੀ ਵਿਚ ਗੁਣਾਂ ਦਾ ਜ਼ਿਕਰ ਕੀਤਾ ਹੈ ਉਥੇ ਸਤਿਗੁਰੂ ਦੀ ਸ਼ਰਨ ਵਿਚ ਰਹਿ ਕੇ ਸੇਵਕ ਨੂੰ ਕੀ ਕਰਨਾ ਯੋਗ ਹੈ, ਇਹ ਭੀ ਬਾਰ ਬਾਰ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕਿ :

ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ॥
ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ॥
*(ਪਉੜੀ, ਪੰਨਾ ੧੪੫)*

ਸਤਿਗੁਰ ਕੀ ਓਹੁ ਦੀਖਿਆ ਲੇਇ॥
ਸਤਿਗੁਰ ਆਗੈ ਸੀਸੁ ਧਰੇਇ॥
*(ਮਾਰੂ ਮ: ੩, ਪੰਨਾ ੧੨੬੧)*

ਸਤਿਗੁਰ ਆਗੈ ਸੀਸੁ ਭੇਟ ਦੇਉ
ਜੇ ਸਤਿਗੁਰ ਸਾਚੇ ਭਾਵੈ॥
ਆਪੇ ਦਇਆ ਕਰਹੁ ਪ੍ਰਭ ਦਾਤੇ
ਨਾਨਕ ਅੰਕਿ ਸਮਾਵੈ ॥੪॥
*(ਤੁਖਾਰੀ ਮ: ੪, ਪੰਨਾ ੧੧੧੪)*

ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ॥
ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ॥
*(ਸਲੋਕ ਮ: ੩, ਪੰਨਾ ੬੪੬)*

ਸਤਿਗੁਰੁ ਸੇਵੇ ਆਪੁ ਗਵਾਇ॥
ਮਿਲਿ ਪ੍ਰੀਤਮ ਸਬਦਿ ਸੁਖੁ ਪਾਏ॥

(ਮਾਰੂ ਮ: ੩, ਪੰਨਾ ੧੦੪੪)

ਸਤਿਗੁਰੁ ਸੇਵੇ ਆਪਣਾ ਸੋ ਸਿਰੁ ਲੇਖੈ ਲਾਇ॥
ਵਿਚਹੁ ਆਪੁ ਗਵਾਇ ਕੈ ਰਹਨਿ ਸਚਿ ਲਿਵ ਲਾਇ॥
ਸਤਿਗੁਰੁ ਜਿਨੀ ਨ ਸੇਵਿਓ
ਤਿਨਾ ਬਿਰਥਾ ਜਨਮੁ ਗਵਾਇ॥

(ਸਲੋਕ ਮ: ੩, ਪੰਨਾ ੮੮)

ਸਤਿਗੁਰੁ ਸੇਵੇ ਸੋ ਸੁਖੁ ਪਾਏ
ਜਿਸ ਨੋ ਕਿਰਪਾ ਕਰੇ ਰਜਾਈ।੨੦॥

(ਪਉੜੀ, ਪੰਨਾ ੧੨੮੭)

ਸਤਿਗੁਰੁ ਸੇਵੇ ਚੂਕੈ ਜੰਜਾਲਾ॥
ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ॥੬॥

(ਗਉੜੀ ਮ: ੧, ਪੰਨਾ ੨੨੨)

ਸਤਿਗੁਰ ਸੇਵਾ ਨ ਕਰਹਿ ਫਿਰਿ ਫਿਰਿ ਪਛੁਤਾਣੇ॥
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ॥

(ਗਉੜੀ ਮ: ੩, ਪੰਨਾ ੧੬੩)

ਸਤਿਗੁਰ ਕੀ ਸੇਵ ਨ ਕੀਤੀਆ ਸਬਦਿ ਨ ਲਗੋ ਭਾਉ॥
ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ॥

(ਸਲੋਕ ਮ: ੩, ਪੰਨਾ ੮੫੦)

ਇਸ ਤਰ੍ਹਾਂ ਹੋਰ ਭੀ ਗੁਰਬਾਣੀ ਵਿਚੋਂ ਬਹੁਤ ਸਾਰੇ ਪ੍ਰਮਾਨ ਮਿਲਦੇ ਹਨ, ਜਿਨ੍ਹਾਂ ਵਿਚ ਹਰ ਮਨੁੱਖ-ਮਾਤ੍ਰ ਨੂੰ ਪ੍ਰੇਰਨਾ ਦਿਤੀ ਗਈ ਹੈ ਕਿ ਉਸ ਪ੍ਰਭੂ ਦੇ ਸੱਚੇ ਨਾਮ ਦੀ ਪ੍ਰਾਪਤੀ ਸਤਿਗੁਰਾਂ ਦੇ ਰਾਹੀਂ ਗੁਰਮੁਖ ਬਣ ਕੇ ਹੀ ਹਾਸਲ ਹੁੰਦੀ ਹੈ, ਇਸ ਸੱਚੇ ਨਾਮ ਦੀ ਪ੍ਰਾਪਤੀ ਦਾ ਸੱਚਾ ਅਸਥਾਨ ਗੁਰੂ ਦੀ ਕਾਇਮ ਕੀਤੀ ਸਾਧ ਸੰਗਤ ਹੈ ਜਿਥੋਂ ਨਾਮ ਦਾ ਸਿਮਰਨ ਕਰਨ ਦੀ ਸਦਾ ਹੀ ਪ੍ਰੇਰਨਾ ਮਿਲਦੀ ਹੈ। ਸੋ, ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ:

(੧) (ਹੇ ਭਾਇਓ! ਗੁਰਬਾਣੀ ਦੁਆਰੇ ਇਹ ਸੋਝੀ ਮਿਲਦੀ ਹੈ ਕਿ) ਸਤਿਗੁਰੂ ਜੀ ਦਾ (ਬਖਸ਼ਿਆ ਹੋਇਆ) ਨਾਮ ਹੀ ਸੱਚਾ ਹੈ, ਪਰ ਇਸਨੂੰ ਗੁਰਮੁਖ ਲੋਕ ਹੀ ਜਾਣਦੇ ਹਨ।

(੨) (ਪਰ, ਇਸ ਸੱਚੇ ਨਾਮ ਨੂੰ ਪ੍ਰਾਪਤ ਕਰਨ ਦਾ) ਸਾਧ ਸੰਗਤ ਹੀ ਸੱਚਾ ਅਸਥਾਨ ਹੈ, (ਜਿਥੇ ਗੁਰੂ ਦੇ ਸ਼ਬਦ ਦਾ ਹੀ ਸਦਾ ਵਖਿਆਨ ਹੁੰਦਾ ਰਹਿੰਦਾ ਹੈ)।

(੩) (ਉਸ ਗੁਰੂ ਦੇ ਸ਼ਬਦ ਵਿਚ ਪ੍ਰਭੂ ਦੀ ਸਿਫ਼ਤ ਸਾਲਾਹ ਹੈ ਕਿ ਪ੍ਰਭੂ ਦੀ) ਦਰਗਾਹ (ਦਰਬਾਰ) ਵਿਚ ਸੱਚਾ ਨਿਆਉਂ ਹੁੰਦਾ ਹੈ (ਜਲ ਤੇ ਦੁਧ ਨੂੰ ਛਾਣ) ਭਾਵ ਸੱਚ ਤੇ ਝੂਠ ਦਾ ਨਿਰਣਾ ਕੀਤਾ ਜਾਂਦਾ ਹੈ।

(੪) ਗੁਰੂ ਦੀ ਸਰਨ ਦਾ ਸਹਾਰਾ ਲੈ ਕੇ ਹੀ ਸੇਵਾ ਕਮਾਉਣੀ ਚਾਹੀਦੀ ਹੈ।

(੫) (ਗੁਰੂ ਦੇ) ਸ਼ਬਦ ਨੂੰ (ਸੁਰਤਿ ਧਿਆਨ) ਲਾ ਕੇ ਸੁਣੇ, ਤੇ ਗਾਵੇ ਤੇ ਫਿਰ ਹਿਰਦੇ ਵਿਚ ਟਿਕਾ ਕੇ (ਪੂਰਨ ਸਬਦ ਅਭਿਆਸੀ ਬਣਨ ਦਾ ਯਤਨ ਕਰੇ।)

(੬) (ਹੇ ਭਾਈ! ਮੈਂ) ਐਸੇ ਸਤਿਗੁਰੂ ਦੇ ਕੁਰਬਾਨ ਜਾਂਦਾ ਹਾਂ (ਜਿਨ੍ਹਾਂ ਨੇ ਸਹਾਰਾ ਦੇ ਕੇ ਮੇਰੇ ਵਰਗੇ) ਨਿਮਾਣੇ ਨੂੰ ਮਾਣ (ਸਤਿਕਾਰ) ਵਾਲਾ (ਗੁਰ ਸਿਖ) ਬਣਾ ਦਿਤਾ ਹੈ।੧।

***ਭਾਵਾਰਥ :*** ਸੱਚੇ ਨਾਮ ਦੁਆਰੇ ਹੀ ਰੱਬੀ ਦਰਬਾਰ ਵਿਚ ਮਾਣ ਪ੍ਰਾਪਤ ਹੁੰਦਾ ਹੈ।

## ੨. ਗੁਰ ਸੰਗਤ ਦਾ ਵਰਣਨ

**੧. ਚਾਰਿ ਵਰਨ ਗੁਰ ਸਿੱਖ**
**ਸੰਗਤਿ ਆਵਣਾ।**
**੨. ਗੁਰਮੁਖ ਮਾਰਗੁ ਵਿੱਖ**
**ਅੰਤੁ ਨ ਪਾਵਣਾ।**
**੩. ਤੁਲਿ ਨ ਅੰਮ੍ਰਿਤ ਇੱਖ**
**ਕੀਰਤਨੁ ਗਾਵਣਾ।**
**੪. ਚਾਰਿ ਪਦਾਰਥ ਭਿੱਖ**
**ਭਿਖਾਰੀ ਪਾਵਣਾ।**
**੫. ਲੇਖ ਅਲੇਖ ਅਲਿੱਖ**
**ਸ਼ਬਦ ਕਮਾਵਣਾ।**
**੬. ਸੁੱਝਨਿ ਭੂਤ ਭਵਿੱਖ**
**ਨ ਆਪੁ ਜਣਾਵਣਾ॥੨॥**

***ਪਦ ਅਰਥ :*** ਵਿੱਖ—ਕਦਮ, ਵਿਖਮ ਕਠਿਨ। ਇੱਖ—ਗੰਨੇ ਦਾ ਰਸ। ਭਿੱਖ—ਭਿਖਿਆ। ਭੂਤ—ਗੁਜ਼ਰਿਆ ਸਮਾ। ਅਲੇਖ ਅਲਿੱਖ—ਲੇਖੇ ਤੇ ਲਿਖਤ ਤੋਂ ਰਹਿਤ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸਾਨੂੰ ਇਹ ਭੀ ਜਾਣਕਾਰੀ ਦਿਓ ਕਿ ਗੁਰੂ ਨਾਨਕ ਦੇਵ ਜੀ ਦੇ ਆਉਣ ਤੋਂ ਪਹਿਲੇ ਭੀ ਧਰਮ ਮੰਦਰਾਂ ਵਿਚ ਸਾਰੇ ਸੰਸਾਰ ਵਿਚ ਇਕੱਠ ਹੁੰਦੇ ਤੇ ਧਰਮ ਪੁਸਤਕਾਂ ਦੀ ਕਥਾ ਭੀ ਹੋਇਆ ਕਰਦੀ, ਪਰ ਜੋ ਸੰਗਤ ਗੁਰੂ ਨਾਨਕ ਦੇਵ ਜੀ ਨੇ ਕਾਇਮ ਕੀਤੀ ਇਸ ਵਿਚ ਕੀ ਵਿਸ਼ੇਸ਼ਤਾ ਹੈ ?

ਉ: ਹੇ ਭਾਈ! ਜਦੋਂ ਅਸੀਂ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਦੇਣ ਬਾਰੇ ਪੁਰਾਤਨ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਸੋਝੀ ਮਿਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲੇ ਧਰਮ ਮੰਦਰਾਂ ਵਿਚ ਇਕੱਠ ਤਾਂ ਜ਼ਰੂਰ ਹੁੰਦੇ ਸਨ, ਪਰ ਉਨ੍ਹਾਂ ਨੂੰ ਸੰਗਤ ਨਹੀਂ ਕਿਹਾ ਜਾ ਸਕਦਾ ਕੇਵਲ ਵਰਣ ਵੰਡ ਹੀ ਕਹਿ ਸਕਦੇ ਹਾਂ, ਕਿਉਂਕਿ ਉਹ ਇਕੱਤ੍ਰਤਾ ਸਿਰਫ਼ ਖ਼ਾਸ ਖ਼ਾਸ ਵਰਣਾਂ ਦੇ ਲੋਕਾਂ ਵਾਸਤੇ ਹੀ ਸੀ, ਉਸ ਇਕੱਠ ਵਿਚ ਸਾਰੇ ਵਰਣਾਂ ਦੇ ਲੋਕ ਸ਼ਾਮਲ ਨਹੀਂ ਸਨ ਹੋ ਸਕਦੇ। ਇਸ ਗੱਲ ਦੀ ਗਵਾਹੀ ਪੁਰਾਤਨ ਇਤਿਹਾਸ ਭਰਦਾ ਹੈ ਕਿ ਪੁਰਾਤਨ ਧਰਮ ਮੰਦਰਾਂ ਦੇ ਦਰਵਾਜ਼ੇ ਹਜ਼ਾਰਾਂ ਸਾਲ ਸ਼ੂਦਰ ਲੋਕਾਂ ਵਾਸਤੇ ਬੰਦ ਰਹੇ, ਉਹ ਉਸ ਇਕੱਠ ਦੇ ਨੇੜੇ ਭੀ ਨਹੀਂ ਸੀ ਢੁੱਕ ਸਕਦੇ। ਗੁਰੂ ਨਾਨਕ ਦੇਵ ਜੀ ਨੇ ਜਦੋਂ ਇਹ ਵਿਤਕਰੇ ਭਰੀ ਵਰਣ-ਵੰਡ ਤੱਕੀ ਤਾਂ ਆਪ ਜੀ ਨੇ ਸਾਰੇ ਵਰਣਾ ਦੇ ਲੋਕਾਂ ਨੂੰ ਸਾਂਝੀ ਅਵਾਜ਼ ਦਿਤੀ ਕਿ ਹੇ ਭਾਈਓ! ਆਓ, ਗੁਰਸਿੱਖਾਂ ਦੀ ਸੰਗਤ ਵਿਚ ਸਾਰੇ ਲੋਕ ਹੀ ਆਉਣ ਦਾ ਹੱਕ ਰੱਖਦੇ ਹਨ, ਕਿਸੇ ਲਈ ਭੀ ਕੋਈ ਮੱਤ ਭੇਦ ਨਹੀਂ ਹੈ ਕਿਉਂਕਿ ਬਾਣੀ ਵਿਚ ਭੀ ਇਹੋ ਫ਼ੁਰਮਾਨ ਆਇਆ ਹੈ, ਜਿਵੇਂ ਕਿ :

ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥
ਨਿਰਤਿ ਨ ਪਾਈਆ ਗਣੀ ਸਹੰਸ ॥

*(ਰਾਮਕਲੀ ਮ: ੧, ਪੰਨਾ ੯੨੮)*

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ
ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ
ਘਟਿ ਘਟਿ ਨਾਨਕ ਮਾਝਾ ॥੪॥ *(ਸੂਹੀ ਮ: ੫, ਪੰਨਾ ੭੪੭)*

ਖਤ੍ਰੀ ਬ੍ਰਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ
ਜੋ ਸੁਨੈ ਸੋ ਪਾਰਿ ਪਰਾਨਥ ॥੪॥

*(ਮਾਰੂ ਮ: ੫, ਪੰਨਾ ੧੦੦੧)*

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ
ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥

*(ਬਿਲਾਵਲੁ ਮ: ੪, ਪੰਨਾ ੮੦੦)*

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥
ਜਿਨਿ ਜਾਨਿਓ ਪ੍ਰਭੁ ਆਪਨਾ
ਨਾਨਕ ਤਿਸਹਿ ਰਵਾਲ ॥੧੭॥ *(ਸਲੋਕ, ਪੰਨਾ ੩੦੦)*

ਇਸ ਲਈ ਹੇ ਭਾਈਓ! ਸਤ ਸੰਗਤ ਦੀ ਰੂਪ ਰੇਖਾ ਭੀ ਬਾਣੀ ਵਿਚ ਅੰਕਤ ਹੈ, ਜਿਵੇਂ ਫ਼ੁਰਮਾਨ ਆਇਆ ਹੈ ਕਿ :

ਸਤਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

*(ਸ੍ਰੀ ਰਾਗੁ ਮ: ੧, ਪੰਨਾ ੭੨)*

ਸਤਸੰਗਤਿ ਬਹਿ ਹਰਿ ਗੁਣ ਗਾਇਆ ॥
ਅਨਦਿਨੁ ਹਰਿ ਸਾਲਾਹਹਿ ਸਾਚਾ
ਨਿਰਮਲ ਨਾਦੁ ਵਜਾਵਣਿਆ ॥੬॥

*(ਮਾਝ ਮ: ੩, ਪੰਨਾ ੧੧੫)*

ਸਤਸੰਗਤਿ ਮਹਿ ਹਰਿ ਉਸਤਤਿ ਹੈ
ਸੰਗਿ ਸਾਧੂ ਮਿਲੇ ਪਿਆਰਿਆ ॥

*(ਸਲੋਕ ਮ: ੩, ਪੰਨਾ ੩੧੧)*

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਕਾਇਮ ਕੀਤੀ ਸੰਗਤ ਜੋ ਹੈ, ਇਸ ਦੀ ਮਹਿਮਾ ਬਾਣੀ ਵਿਚ ਬਹੁਤ ਵਿਸਥਾਰ ਰੂਪ ਵਿਚ ਕਾਇਮ ਹੈ ਕਿਉਂਕਿ ਇਸ ਸੰਗਤ ਵਿਚ ਕੋਈ ਵਰਣ-ਵੰਡ ਨਹੀਂ, ਕਿਸੇ ਲਈ ਵਿਤਕਰਾ ਨਹੀਂ, ਇਸ ਵਿਚ ਸਾਰਿਆਂ ਲਈ ਸਾਂਝੀਵਾਲਤਾ ਹੈ, ਇਸ ਲਈ ਇਹ ਪੁਰਾਤਨ ਮੰਦਰਾਂ ਵਿਚ ਹੋਣ ਵਾਲੇ ਇਕੱਠਾਂ ਤੋਂ ਵਧੇਰੇ ਵਿਸ਼ੇਸ਼ਤਾ ਰੱਖਦੀ ਹੈ। ਸੋ, ਮੈਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸੱਤਰਾਂ ਉੱਕਰੀਆਂ ਹਨ ਜਿਵੇਂ, ਕਿ :

(੧) (ਹੇ ਭਾਈ! ਜਿਵੇਂ ਕਿ) ਚਾਰੇ ਵਰਨ (ਖਤ੍ਰੀ, ਬ੍ਰਾਹਮਣ, ਸੂਦਰ ਤੇ ਵੈਸ਼ ਇਹ ਸਾਰੇ ਹੀ) ਗੁਰਸਿੱਖਾਂ ਦੀ ਸੰਗਤ ਵਿਚ ਆਉਂਦੇ ਹਨ।

(੨) (ਪਰ ਜੇ ਵੀਚਾਰ ਕਰਕੇ ਵੇਖੀਏ ਤਾਂ ਸੋਝੀ ਹੋ ਆਉਂਦੀ ਹੈ ਕਿ) ਗੁਰਮੁਖਾਂ ਦਾ ਮਾਰਗ ਕਠਿਨ ਤੇ ਬਿਖੜਾ ਹੈ

ਜਿਸਦੇ ਇਕ ਕਦਮ ਚੱਲੇ ਦਾ ਹਿਸਾਬ ਵੀ ਨਹੀਂ ਲੱਗ ਸਕਦਾ (ਇਹ ਮਾਰਗ ਵੱਡੀ ਤਪੱਸਿਆ ਤੇ ਘਾਲ ਕਮਾਈ ਵਾਲਾ ਹੈ)।

(੩) ਕੀਰਤਨ ਗਾਉਣਾ (ਜਾਂ ਸੁਣਨਾ) ਇਸ (ਰੱਬੀ ਰਸ) ਅੰਮ੍ਰਿਤ ਦੇ ਬਰਾਬਰ (ਹੋਰ ਕੋਈ ਰਸ) ਨਹੀਂ ਹੈ।

(੪) ਚਾਰੇ ਪਦਾਰਥਾਂ ਦੀ ਭਿਖਿਆ (ਸਾਧ ਸੰਗਤ ਵਿਚੋਂ ਆਪਾ ਭਾਵ ਮਿਟਾ ਕੇ) ਮੰਗਤਾ ਬਣਕੇ ਪਾਈ ਜਾ ਸਕਦੀ ਹੈ।

(੫) (ਹੇ ਭਾਈ! ਗੁਰ) ਸ਼ਬਦ ਦੀ ਕਮਾਈ (ਗੁਰਸਿੱਖਾਂ ਨੂੰ) ਲੇਖੇ ਤੇ ਲਿਖਤ ਰਹਿਤ ਸਰੂਪ ਵਾਲੇ ਬਣਾ ਦੇਂਦੀ ਹੈ।

(੬) (ਗੁਰਮੁਖਾਂ ਨੂੰ) ਤਿੰਨੇ ਕਾਲਾਂ-ਭੂਤ, ਭਵਿੱਖ ਤੇ ਵਰਤਮਾਨ ਵਿਚ (ਹੋਣ ਵਾਲੇ ਕਾਰਜਾਂ ਦੀ) ਸੋਝੀ ਹੋ ਜਾਂਦੀ ਹੈ (ਪਰ ਉਹ ਇਸ ਉੱਚ ਅਵਸਥਾ ਦਾ ਹੰਕਾਰ ਨਹੀਂ ਕਰਦੇ (ਭਾਵ, ਤ੍ਰਿਕਾਲ ਗਿਆਤਾ ਹੋ ਕੇ ਭੀ) ਆਪਣਾ ਆਪ ਨਹੀਂ ਜਣਾਉਂਦੇ, ਕਿ ਅਸੀਂ ਐਹ ਜਾਣਦੇ ਹਾਂ, ਜਾਂ ਐਹ ਕੁਝ ਕਰ ਸਕਦੇ ਹਾਂ।੨।

*ਭਾਵਾਰਥ :* ਜੇ ਕੋਈ ਸਾਧਨਾ ਕਰਕੇ ਕੁਝ ਪ੍ਰਾਪਤ ਭੀ ਕਰਦਾ ਹੈ, ਜੇ ਉਸ ਪ੍ਰਾਪਤੀ ਦਾ ਉਹ ਹੰਕਾਰ ਕਰਦਾ ਹੈ ਤੇ ਆਪਣੇ ਆਪ ਨੂੰ ਪ੍ਰਗਟਾਉਂਦਾ ਹੈ ਤਾਂ ਉਸਨੂੰ ਗੁਰਮਤ ਨੇ ਅਨਜਾਣ ਦਸਿਆ ਹੈ, ਜਿਵੇਂ ਕਿ ਫ਼ੁਰਮਾਨ ਹੈ ਕਿ :

ਸੋਈ ਅਜਾਣੁ ਕਹੈ ਮੈ ਜਾਨਾ
ਜਾਨਣਹਾਰੁ ਨ ਛਾਨਾ ਰੇ ॥ *(ਆਸਾ ਮ: ੫, ਪੰਨਾ ੩੮੨)*

ਭਾਵ ਉਹ ਬੰਦਾ ਤਾਂ ਬਹੁਤ ਹੀ ਭੁਲਿਆ ਹੋਇਆ ਅਜਾਣ ਹੈ ਜਿਸ ਨੂੰ ਕਿ ਇਹ ਭੀ ਸੋਝੀ ਨਹੀਂ ਕਿ ਜਿਸਨੇ ਜਾਣ ਲਿਆ ਹੈ ਉਹ ਤਾਂ ਕਦੀ ਜੇ ਆਪਣੇ ਆਪ ਨੂੰ ਛੁਪਾਉਂਦਾ ਹੈ ਫਿਰ ਭੀ ਉਹ ਛੁੱਪ ਨਹੀਂ ਸਕਦਾ, ਆਖ਼ਰ ਉਹ ਪ੍ਰਗਟ ਹੋ ਹੀ ਜਾਂਦਾ ਹੈ। ਕਿਉਂਕਿ :

ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ ॥੪॥
*(ਪੰਨਾ ੬੦੮)*

## ੩. ਅਗਮ ਪ੍ਰਭੂ ਨੂੰ ਨਮਸ਼ਕਾਰ

**੧. ਆਦਿ ਪੁਰਖ ਆਦੇਸ**
**ਅਲਖ ਲਖਾਇਆ।**
**੨. ਅਨਹਦ ਸ਼ਬਦ ਅਵੇਸਿ**
**ਅਘੜ ਘੜਾਇਆ।**
**੩. ਸਾਧਸੰਗਤਿ ਪਰਵੇਸਿ**
**ਅਪਿਉ ਪੀਆਇਆ।**
**੪. ਗੁਰ ਪੂਰੈ ਉਪਦੇਸ਼**
**ਸੱਚ ਦ੍ਰਿੜ੍ਹਾਇਆ।**
**੫. ਗੁਰਮੁਖ ਭੂਪਤਿ ਵੇਸਿ ਨ ਵਿਆਪੈ ਮਾਇਆ।**
**੬. ਬ੍ਰਹਮੇ ਬਿਸ਼ਨ ਮਹੇਸ਼ ਨ ਦਰਸ਼ਨ ਪਾਇਆ ॥੩॥**

*ਪਦ ਅਰਥ :* ਆਦੇਸ—ਪ੍ਰਣਾਮ, ਨਮਸ਼ਕਾਰ, ਡੰਡਉਤ। ਅਵੇਸਿ—ਸਥਾਨ। ਅਪਿਉ—ਅੰਮ੍ਰਿਤ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਹਰ ਰਚਨਹਾਰ ਕਰਤਾ ਜਦੋਂ ਭੀ ਕੋਈ ਆਪਣੀ ਨਵੀਨ ਰਚਨਾ ਰਚਨੀ ਅਰੰਭ ਕਰਦਾ ਹੈ ਤਾਂ ਉਹ ਆਪਣੇ ਕਿਸੇ ਨ ਕਿਸੇ ਇਸ਼ਟ ਦੇਵ ਨੂੰ ਨਮਸ਼ਕਾਰ ਜ਼ਰੂਰ ਕਰਦਾ ਹੈ, ਪਰ ਆਪ ਕਿਸ ਦੇਵਤੇ ਨੂੰ ਨਮਸ਼ਕਾਰ ਕਰਨ ਵਿਚ ਵਿਸ਼ਵਾਸ ਰਖਦੇ ਹੋ, ਦੱਸਣ ਦੀ ਖੇਚਲ ਕਰੋ?

ਉ: ਹੇ ਭਾਈਓ! ਗੁਰਬਾਣੀ ਦੀ ਵੀਚਾਰ ਕਰਨ ਸਮੇਂ ਮੈਨੂੰ ਇਹੋ ਸੂਝ-ਬੂਝ ਮਿਲ ਸਕੀ ਹੈ ਕਿ ਉਸ ਆਦਿ ਪੁਰਖ ਪ੍ਰਮੇਸ਼ਰ ਤੋਂ ਬਿਨਾਂ ਜਿਤਨੇ ਭੀ ਹੋਰ ਸਭ ਦੇਵੀ ਦੇਵਤੇ ਹਨ, ਇਨ੍ਹਾਂ ਦਾ ਸੰਸਾਰ ਵਿਚ ਸਦਾ ਹੀ ਆਵਾਗਵਨ ਬਣਿਆ ਰਹਿੰਦਾ ਹੈ, ਭਾਵੇਂ ਇਨ੍ਹਾਂ ਦੇ ਸੰਸਾਰ ਵਿਚ ਰਹਿਣ ਦਾ ਸਮਾਂ ਜ਼ਰੂਰ ਘੱਟ ਵੱਧ ਹੈ, ਪਰ ਇਨ੍ਹਾਂ ਵਿਚੋਂ ਸਦੀਵੀ ਸਥਿਰ ਕੋਈ ਭੀ ਨਹੀਂ ਰਹਿ ਸਕਦਾ। ਹਾਂ, ਇਨ੍ਹਾਂ ਦਾ ਜੋ ਮੁੱਢ ਰੂਪ ਪ੍ਰਮੇਸ਼ਰ ਹੈ ਉਹੀ ਇਕ ਸਦਾ ਕਾਇਮ ਰਹਿਣ ਵਾਲਾ ਸਥਿਰ ਰੂਪ ਹੈ, ਉਸੇ ਬਾਰੇ ਹੀ ਬਾਣੀ ਦੇ ਅਰੰਭ ਵਿਚ ਜ਼ਿਕਰ ਕਰ ਦਿਤਾ ਹੈ ਕਿ ਉਹ ਆਦਿ ਪੁਰਖ :

੧ਓ, ਹੀ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਹੈ।

ਇਸੇ ਆਦਿ ਪੁਰਖ ਦੇ ਸਥਿਰ ਹੋਣ ਬਾਰੇ ਬਾਣੀ ਵਿਚ ਅਨੇਕਾਂ ਥਾਵਾਂ 'ਤੇ ਜ਼ਿਕਰ ਆਉਂਦਾ ਹੈ ਜੋ ਬਾਣੀ ਦੀ ਖੋਜ ਕਰਨ ਨਾਲ ਹੀ ਜਾਣਕਾਰੀ ਮਿਲਦੀ ਹੈ, ਜਿਵੇਂ ਕਿ :

ਆਦਿ ਅੰਤਿ ਦਇਆਲ ਪੂਰਨ
ਤਿਸੁ ਬਿਨਾ ਨਹੀ ਕੋਇ ॥
ਜਨਮ ਮਰਣ ਨਿਵਾਰਿ ਹਰਿ ਜਪਿ
ਸਿਮਰਿ ਸੁਆਮੀ ਸੋਇ ॥੨॥
*(ਧਨਾਸਰੀ ਮ: ੫, ਪੰਨਾ ੬੭੫)*

ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਨਿਆ॥
ਬ੍ਰਹਮੁ ਪਸਰਿਆ ਬ੍ਰਹਮ ਲੀਲਾ
ਗੋਵਿੰਦ ਗੁਣ ਨਿਧਿ ਜਨਿ ਕਹਿਆ॥

*(ਆਸਾ ਮ: ੫, ਪੰਨਾ ੪੫੮)*

ਆਦਿ ਅੰਤਿ ਮਧਿ ਹੋਇ ਰਹਿਆ ਥੀਰ॥
ਸੁਖ ਸਾਗਰ ਮਹਿ ਰਮਹਿ ਕਬੀਰ॥੧੬॥

*(ਗਉੜੀ ਕਬੀਰ ਜੀ, ਪੰਨਾ ੩੪੪)*

ਆਦਿ ਅੰਤੇ ਮਧਿ ਤੂਹੈ ਪ੍ਰਭ ਬਿਨਾ ਨਾਹੀ ਕੋਇ॥
ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ॥੧॥

*(ਮਾਲੀ ਗਉੜਾ ਮ: ੫, ਪੰਨਾ ੯੮੮)*

ਆਦਿ ਅੰਤਿ ਮਧਿ ਪ੍ਰਭੁ ਸੋਈ॥
ਆਪੇ ਕਰਤਾ ਕਰੇ ਸੁ ਹੋਈ॥

*(ਮਾਰੂ ਮ: ੫, ਪੰਨਾ ੧੦੮੫)*

ਆਦਿ ਅੰਤਿ ਮਧਿ ਪ੍ਰਭੁ ਰਵਿਆ
ਜਲਿ ਥਲਿ ਮਹੀਅਲਿ ਸੋਈ॥

*(ਸੂਹੀ ਮ: ੫, ਪੰਨਾ ੭੮੪)*

ਆਦਿ ਅੰਤਿ ਮਧਿ ਪ੍ਰਭੁ ਸੋਈ
ਦੂਜਾ ਲਵੈ ਨ ਲਾਈ ਜੀਉ॥੩॥

*(ਮਾਝ ਮ: ੫, ਪੰਨਾ ੧੦੭)*

ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ॥ *(ਜਪੁਜੀ, ਪੰਨਾ ੭)*

ਆਦਿ ਜੁਗਾਦੀ ਹੈ ਭੀ ਹੋਸੀ
ਸਭ ਜੀਆ ਕਾ ਸੁਖਦਾਈ ਸੰਤਹੁ॥
ਆਪਿ ਬੇਅੰਤੁ ਅੰਤੁ ਨਹੀ ਪਾਈਐ
ਪੂਰਿ ਰਹਿਆ ਸਭ ਠਾਈ ਸੰਤਹੁ॥

*(ਰਾਮਕਲੀ ਮ: ੫, ਪੰਨਾ ੯੧੬)*

ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ॥੨॥
ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ॥

*(ਆਸਾ ਮ: ੧, ਪੰਨਾ ੪੨੦)*

ਇਸ ਤਰ੍ਹਾਂ ਬਾਣੀ ਵਿਚ ਹੋਰ ਭੀ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਇਸ ਸੰਸਾਰ ਦੀ ਰਚਨਾ ਨੂੰ ਰਚਨ ਵਾਲਾ ਕੇਵਲ ਇਕੋ ਹੀ ਪਰੀ ਪੂਰਨ ਪ੍ਰਮੇਸ਼ਰ ਅਚੱਲ ਹੈ, ਉਸ ਦੇ ਰਚੇ ਹੋਏ ਦੇਵੀ ਦੇਵਤੇ ਸਭ ਨਾਸਵੰਤ ਹਨ, ਇਸ ਲਈ ਮੈਂ ਬਾਣੀ ਦੁਆਰਾ ਨਿਸਚਾ ਕਰਕੇ ਹਮੇਸ਼ਾ ਹੀ ਉਸ ਨਿਰੰਕਾਰ ਨੂੰ ਨਮਸ਼ਕਾਰ ਕਰਦਾ ਹਾਂ, ਇਨ੍ਹਾਂ ਬਾਣੀ ਦੀਆਂ ਪੰਗਤੀਆ ਤੋਂ ਮੈਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆ ਚੋਦ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਮੈਂ ਤਾਂ ਉਸੇ ਪ੍ਰਮੇਸ਼ਰ) ਆਦਿ ਪੁਰਖ ਨੂੰ ਨਮਸ਼ਕਾਰ ਕਰਦਾ ਹਾਂ, ਜੋ ਅਲੱਖ ਹੈ (ਪਰ ਜਿਸਨੇ ਕੁਦਰਤ ਦੇ ਪਸਾਰੇ ਨਾਲ) ਆਪਣਾ ਆਪ ਲਖਾ ਦਿਤਾ, ਭਾਵ ਆਪਣੇ ਆਪ ਨੂੰ ਦਿਖਾ ਦਿਤਾ ਹੈ।

ਪ੍ਰ: ਕਿਉਂ ਜੀ! ਮਨ ਤਾਂ ਬੜਾ ਅਘੜ, ਚੰਚਲ ਹੈ, ਇਸਨੂੰ ਕਿਵੇਂ ਘੜਿਆ ਜਾਏ?

(੨) ਉ: ਹੇ ਭਾਈ! ਉਸ ਅਨਹਦ ਸ਼ਬਦ ਦਾ ਉਸ ਪ੍ਰਭੂ ਨੇ ਹਿਰਦੇ ਵਿਚ ਟਿਕਾਣਾ ਬਣਾ ਕੇ ਉਸ ਅਘੱੜ ਮਨ ਨੂੰ ਘੜ ਦਿਤਾ (ਭਾਵ ਸੰਵਾਰ ਦਿਤਾ ਹੈ)।

(੩) ਹੇ ਭਾਈਓ! ਉਹ ਪ੍ਰਭੂ ਸਾਧ ਸੰਗਤ ਵਿਚ ਪ੍ਰਵੇਸ਼, (ਭਾਵ ਦਾਖ਼ਲ ਕਰਕੇ) ਅੰਮ੍ਰਿਤ ਦੇ ਪਿਲਾਉਣ ਵਾਲੇ ਹਨ।

(੪) (ਇਹ) ਸੱਚਾ ਉਪਦੇਸ਼ ਪੂਰੇ ਗੁਰੂ (ਨਾਨਕ ਦੇਵ ਜੀ ਨੇ ਗੁਰਮੁਖ ਦੇ ਹਿਰਦੇ ਵਿਚ) ਸੱਚਾ ਕਰਕੇ ਦ੍ਰਿੜ੍ਹ ਕਰਾ ਦਿੱਤਾ ਹੈ।

ਪ੍ਰ: ਕਿਉਂ ਜੀ! ਉਸ ਗੁਰਮੁਖ ਦੀ ਪਛਾਣ ਕੀ ਹੈ?

(੫) ਉ: ਹੇ ਪਿਆਰੇ! ਉਨ੍ਹਾਂ ਗੁਰਮੁਖਾਂ ਦਾ ਭੇਸ (ਪਹਿਰਾਵਾ) ਭਾਵੇਂ ਰਾਜਿਆਂ ਵਰਗਾ (ਭਾਵ ਸੁੰਦਰ ਤੇ ਚਮਕੀਲਾ ਹੈ) ਪਰ ਉਹ ਮਾਇਕੀ ਪਦਾਰਥਾਂ ਤੋਂ ਨਿਰਲੇਪ ਹੁੰਦੇ ਹਨ, ਭਾਵ ਮਾਇਆ ਉਨ੍ਹਾਂ ਨੂੰ ਨਹੀ ਵਿਆਪਦੀ (ਤੰਗ) ਨਹੀਂ ਕਰਦੀ।

ਪ੍ਰ: ਕਿਉਂ ਜੀ! ਬ੍ਰਹਮਾ ਆਦਿ ਦੇਵਤੇ ਜੋ ਵੱਡੀਆਂ ਵੱਡੀਆਂ ਸ਼ਕਤੀਆਂ ਰਖਦੇ ਹਨ ਕੀ ਉਨ੍ਹਾਂ ਨੂੰ ਉਸ ਕਰਤਾ ਪੁਰਖ ਦੇ ਦਰਸ਼ਨ ਹੁੰਦੇ ਹਨ?

(੬) ਉ: (ਹੇ ਭਾਈਓ! ਗੁਰੂ ਦੀ ਬਾਣੀ ਤਾਂ ਇਹੋ ਹੁਕਮ ਕਰਦੀ ਹੈ ਕਿ ਉਨ੍ਹਾਂ) ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਨੇ (ਉਸ ਪ੍ਰਭੂ ਦਾ) ਦਰਸ਼ਨ ਨਹੀਂ ਪਾਇਆ।੩।

***ਭਾਵਾਰਥ :*** ਬਾਣੀ ਦੀ ਪੜਚੋਲ ਕਰਨ ਤੋਂ ਇਹੋ ਭਾਵ ਸਿੱਧ ਹੁੰਦਾ ਹੈ ਕਿ ਉਸ ਪ੍ਰਭੂ ਨੇ ਇਨ੍ਹਾਂ ਤਿੰਨਾਂ ਦੇਵਤਿਆਂ (ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਨੂੰ ਬਣਾ ਕੇ ਇਸ ਸੰਸਾਰ ਦੇ ਉਤਪਤ, ਪਾਲਨਾ ਅਤੇ ਸੰਘਾਰ ਕਰਨ ਦੀ ਕਾਰ-ਗੁਜ਼ਾਰੀ ਸੌਂਪੀ ਹੈ, ਪਰ ਵੱਡੀ ਅਸਚਰਜਤਾ ਇਹ ਹੈ ਕਿ ਇਹ ਤਿੰਨੇ ਹੀ ਦੇਵਤੇ ਉਸ ਪ੍ਰਭੂ ਦੇ ਚੇਲੇ ਹਨ ਭਾਵ ਉਸ ਮਾਲਕ ਦੇ ਅਧੀਨ ਹਨ, ਸੁਤੰਤ੍ਰ ਨਹੀਂ, ਪਤੰਤ੍ਰ ਹਨ, ਉਹ ਇਨ੍ਹਾਂ ਤਿੰਨਾ ਹੀ ਦੇਵਤਿਆਂ ਦੀ ਕਾਰ-ਗੁਜ਼ਾਰੀ ਨੂੰ ਤੱਕਦਾ ਹੈ, ਪਰ ਉਹ ਆਦਿ ਪੁਰਖ ਇਨ੍ਹਾਂ ਦੇਵਤਿਆਂ ਨੂੰ ਨਜ਼ਰ ਨਹੀਂ ਆਉਂਦਾ ਕਿਉਂਕਿ ਇਹ ਬਾਣੀ ਵਿਚ ਸੰਕੇਤ ਅੰਕਤ ਕੀਤਾ ਪੜ੍ਹਨ ਵਿਚ ਆਉਂਦਾ ਹੈ, ਜਿਵੇਂ ਕਿ:

ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ ॥ *(ਜਪੁਜੀ, ਪੰਨਾ ੭)*

ਇਸ ਲਈ ਹੇ ਭਾਈਓ! ਮੈਂ ਤਾਂ ਸਦਾ ਉਸੇ ਨੂੰ ਹੀ ਨਮਸ਼ਕਾਰ ਕਰਦਾ ਹਾਂ, ਜੋ:

ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥੭॥ *(ਜਪੁਜੀ, ਪੰਨਾ ੭)*

## ੪. *ਗੁਰਮੁਖਾਂ ਤੇ ਤਿੰਨ ਦੇਵਤਿਆਂ ਵਿੱਚ ਅੰਤਰਾ*

੧. ਬਿਸ਼ਨੈ ਦੱਸ ਅਵਤਾਰ
ਨਾਵ ਗਣਾਇਆ।
੨. ਕਰਿ ਕਰਿ ਅਸੁਰ ਸੰਘਾਰ
ਵਾਦੁ ਵਧਾਇਆ।
੩. ਬ੍ਰਹਮੈ ਵੇਦ ਵੀਚਾਰਿ
ਆਖਿ ਸੁਣਾਇਆ।
੪. ਮਨ ਅੰਦਰ ਅਹੰਕਾਰ
ਜਗਤੁ ਉਪਾਇਆ।
੫. ਮਹਾਂਦੇਉ ਲਾਇ ਤਾਰ
ਤਾਮਸ ਤਾਇਆ।
੬. ਗੁਰਮੁਖ ਮੋਖ ਦੁਆਰ
ਆਪੁ ਗਵਾਇਆ ॥੪॥

***ਪਦ ਅਰਥ:*** ਨਾਵ ਗਣਾਇਆ—ਅਪਣਾ ਹੀ ਨਾਮ ਜਪਾਇਆ। ਅਸੁਰ—ਰਾਖਸ਼। ਵਾਦੁ—ਝਗੜਾ, ਬਖੇੜਾ। ਤਾਮਸ—ਕਰੋਧ, ਤਮੋਗੁਣ।

***ਅਰਥ:***

ਪ੍ਰ: ਭਾਈ ਸਾਹਿਬ ਜੀਓ! ਆਪ ਜੀ ਨੇ ਗੁਰਮਤ ਤੇ ਹਿੰਦੂ ਮੱਤ ਨੂੰ ਚੰਗੀ ਤਰ੍ਹਾਂ ਘੋਖਿਆ ਹੈ, ਪਰ ਤਿੰਨ ਦੇਵਤੇ ਅਤੇ ਗੁਰਮੁਖਾਂ ਦੀ ਜੀਵਨ ਸ਼ੈਲੀ ਵਿਚ ਆਪ ਨੂੰ ਕੀ ਅੰਤਰਾ ਪ੍ਰਤੀਤ ਹੋਇਆ ਹੈ, ਇਸ ਪੱਖ ਬਾਰੇ ਤੁਸੀਂ ਗੁਰਮਤ ਅਨੁਸਾਰ ਆਪਣੇ ਵੀਚਾਰ ਦਿਓ?

ਉ: ਹੇ ਭਾਈਓ! ਮੈਨੂੰ ਤਾਂ ਬਾਣੀ ਦੀ ਵੀਚਾਰ ਕਰਦਿਆ ਤਿੰਨ ਦੇਵਤੇ ਅਤੇ ਗੁਰਮੁਖਾਂ ਦੀ ਜੀਵਨ ਸ਼ੈਲੀ ਵਿਚ ਬਹੁਤ ਅੰਤਰਾ ਪ੍ਰਤੀਤ ਹੋਇਆ ਹੈ। ਕਿਉਂਕਿ ਇਨ੍ਹਾਂ ਤਿੰਨੇ ਹੀ ਦੇਵਤਿਆਂ ਨੂੰ ਆਪੋ ਆਪਣੀ ਕੀਤੀ ਕਿਰਤ ਦਾ ਬਹੁਤ ਵੱਡਾ ਮਾਣ, ਹੰਕਾਰ ਹੈ, ਪਰ ਗੁਰਮੁਖਾਂ ਨੇ ਗਿਆਨ ਪ੍ਰਾਪਤ ਕਰਕੇ ਭੀ ਕਦੀ ਆਪਣੇ ਆਪ ਨੂੰ ਜਣਾਇਆ ਨਹੀਂ, ਉਹ ਸਦਾ ਆਪਾ-ਭਾਵ ਗਵਾ ਕੇ ਹੀ ਜੀਵਨ ਗੁਜ਼ਾਰਦੇ ਹਨ ਇਸ ਲਈ ਕਹਿ ਸਕਦੇ ਹਾਂ ਕਿ ਗੁਰਮੁਖ ਮੋਖ ਦੇ ਦਰਵਾਜ਼ੇ ਹਨ, ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਹੈ, ਜਿਵੇਂ ਕਿ:

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ
ਤਿਨ ਕਉ ਮੋਹੁ ਭਯਾ ਮਨ ਮਦ ਕਾ ॥
*(ਸਵਈਏ, ਪੰਨਾ ੧੪੦੩)*

ਮਾਇਆ ਮੋਹਿ ਸਭੁ ਜਗਤੁ ਉਪਾਇਆ ॥
ਬ੍ਰਹਮਾ ਬਿਸਨੁ ਦੇਵ ਸਬਾਇਆ ॥
*(ਮਾਰੂ ਮ: ੩, ਪੰਨਾ ੧੦੫੨)*

ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਦਾ ॥੧੪॥
*(ਮਾਰੂ ਮ: ੧, ਪੰਨਾ ੧੦੩੬)*

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥
ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
*(ਪਉੜੀ, ਪੰਨਾ ੧੨੭੯)*

ਬ੍ਰਹਮਾ ਬਿਸਨੁ ਮਹੇਸਰ ਬੇਧੇ ॥
ਬਡੇ ਭੂਪਤਿ ਰਾਜੇ ਹੈ ਛੇਧੇ ॥੪॥ *(ਗੋਂਡ, ਪੰਨਾ ੮੭੨)*

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥
ਤ੍ਰੈਗੁਣ ਬਧਕ ਮੁਕਤਿ ਨਿਰਾਰੀ ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ
ਅਨਦਿਨੁ ਨਾਮੁ ਰਵੀਜੈ ਹੇ ॥੧੩॥
*(ਮਾਰੂ ਮ: ੩, ਪੰਨਾ ੧੦੪੯)*

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ
ਸਿਰਿ ਧੰਧੈ ਲਾਇਆ ॥ *(ਸਲੋਕ ਮ: ੩, ਪੰਨਾ ੫੦੯)*

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਨਵ ਖੰਡ ਪ੍ਰਿਥਮੀ ਸਜਿ ਹਰਿ ਰੰਗ ਸਵਾਰਿਆ ॥
*(ਮਾਰੂ ਮ: ੫, ਪੰਨਾ ੧੦੯੪)*

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ
ਤ੍ਰਿਗੁਣਿ ਭਰਮਿ ਭੁਲਾਈ ॥
*(ਰਾਮਕਲੀ ਮ: ੩, ਪੰਨਾ ੯੦੯)*

ਪਾਇ ਠਗਉਲੀ ਸਭੁ ਜਗੁ ਜੋਹਿਆ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ॥੨॥

*(ਆਸਾ ਮ: ੫, ਪੰਨਾ ੩੯੪)*

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ
ਹਉਮੈ ਮੋਹੁ ਵਧਾਇਆ॥
ਪੰਡਿਤ ਪੜਿ ਪੜਿ ਮੋਨੀ ਭੁਲੇ
ਦੂਜੈ ਭਾਇ ਚਿਤੁ ਲਾਇਆ॥

*(ਸਲੋਕ ਮ: ੩, ਪੰਨਾ ੮੫੨)*

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ
ਵਿਚਿ ਹਉਮੈ ਕਾਰ ਕਮਾਈ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ
ਹਰਿ ਗੁਰਮੁਖਿ ਸੋਝੀ ਪਾਈ॥੨॥

*(ਸੂਹੀ ਮ: ੪, ਪੰਨਾ ੭੩੫)*

ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥
ਅੰਤਰਿ ਤਾਮਸੁ ਆਪੁ ਨ ਪਛਾਣੈ॥

*(ਗਉੜੀ ਮ: ੩, ਪੰਨਾ ੨੩੧)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚ ਅਨੇਕਾਂ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਇਨ੍ਹਾਂ ਤਿੰਨਾਂ ਹੀ ਦੇਵਤਿਆਂ ਦੀ ਜੀਵਨ ਗਾਥਾ ਉੱਕਰੀ ਹੈ ਕਿ ਇਨ੍ਹਾਂ ਨੇ ਆਪਣੀ ਜੀਵਨ-ਸ਼ੈਲੀ ਆਪੋ ਆਪਣੀ ਕਿਰਤ ਕੀਤੀ ਤੇ ਹਉਮੈ ਹੰਕਾਰ ਵਿਚ ਹੀ ਗੁਜ਼ਾਰੀ ਹੈ, ਜਿਸਦਾ ਸਦਕਾ ਇਨ੍ਹਾਂ ਨੂੰ ਉਸ ਕਰਤਾ ਪੁਰਖ ਦੀ ਨੇੜਤਾ ਹਾਸਲ ਨਹੀਂ ਹੋ ਸਕੀ, ਪਰ ਇਨ੍ਹਾਂ ਦੇ ਟਾਕਰੇ ਵਿਚ ਜਦੋਂ ਗੁਰਮੁਖਾਂ ਦੀ ਜੀਵਨ-ਸ਼ੈਲੀ ਵੱਲ ਨਜ਼ਰ ਮਾਰਦੇ ਹਾਂ ਤਾਂ ਇਨ੍ਹਾਂ ਦਾ ਸਾਰਾ ਜੀਵਨ ਆਪਾ-ਭਾਵ ਦੇ ਮਿਟਾਉਣ ਵਿਚ ਹੀ ਗੁਜ਼ਰਿਆ ਹੈ, ਜਿਸ ਦੀ ਬਰਕਤ ਦਾ ਸਦਕਾ ਇਹ ਸੰਸਾਰ ਵਿਚ ਰਹਿੰਦਿਆਂ ਹੀ ਜੀਵਨ-ਮੁਕਤੀ ਦੀ ਪਦਵੀ ਨੂੰ ਪ੍ਰਾਪਤ ਕਰਕੇ ਉਸ ਰੱਬੀ ਦਰਬਾਰ ਵਿਚ ਸੁਰਖ਼ਰੂ ਹੋ ਜਾ ਪਹੁੰਚੇ, ਇਸ ਭਾਵ ਨੂੰ ਗੁਰਬਾਣੀ ਅੰਦਰ ਬਾਰ ਬਾਰ ਦੁਹਰਾਇਆ ਗਿਆ ਹੈ, ਜਿਸਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ! ਪੁਰਾਤਨ ਇਤਿਹਾਸ ਅਤੇ ਗੁਰਬਾਣੀ ਦੀ ਪੜਚੋਲ ਕਰਨ ਤੋਂ ਇਹੋ ਹੀ ਸਿੱਧ ਹੁੰਦਾ ਹੈ ਕਿ) ਵਿਸ਼ਨੂੰ ਜੀ ਨੇ ੧੦ ਅਵਤਾਰ ਧਾਰ ਕੇ ਆਪਣਾ ਹੀ ਨਾਮ ਜਪਾਇਆ (ਪ੍ਰਭੂ ਦੀ ਵਡਿਆਈ ਦਾ ਪ੍ਰਕਾਸ਼ ਨਹੀਂ ਕੀਤਾ)।

(੨) (ਵਿਸ਼ਨੂੰ ਨੇ ਅਵਤਾਰ ਲੈ ਕੇ) ਵੱਡੇ ਵੱਡੇ ਦੈਂਤ ਰਾਖਸ਼ਾਂ ਦਾ ਸੰਘਾਰ (ਨਾਸ) ਕੀਤਾ ਤੇ ਵਿਰੋਧ, ਵੈਰ-ਭਾਵ ਨੂੰ ਵਧਾ ਲਿਆ।

(੩) (ਅਤੇ) ਬ੍ਰਹਮਾ ਜੀ ਨੇ ਵੇਦਾਂ ਦੀ ਵੀਚਾਰ ਕਰਕੇ, (ਸੰਸਾਰ ਦੇ ਲੋਕਾਂ ਨੂੰ) ਆਖ ਕੇ ਸੁਣਾਇਆ।

(੪) (ਇਤਿਹਾਸ ਕਹਿੰਦਾ ਹੈ ਕਿ ਉਸ ਬ੍ਰਹਮਾ ਦੇ) ਮਨ ਅੰਦਰ ਇਹ ਹੰਕਾਰ ਘਰ ਕਰ ਚੁੱਕਾ ਸੀ ਕਿ ਇਸ ਜਗਤ ਦੀ ਉਤਪਤੀ ਮੈਂ ਹੀ ਕੀਤੀ ਹੈ (ਇਸ ਤੋਂ ਸਾਬਤ ਹੁੰਦਾ ਹੈ ਕਿ ਵਿਸ਼ਨੂੰ ਸਤੋਗੁਣੀ ਤੇ ਬ੍ਰਹਮਾ ਰਜੋਗੁਣੀ ਦਾ ਧਾਰਨੀ ਹੈ ਪਰ ਹੁਣ ਅਗੇ ਤਮੋਗੁਣੀ ਧਾਰਨ ਕਰਨ ਵਾਲੇ ਦਾ ਹਾਲ ਸੁਣੋ।)

(੫) ਸ਼ਿਵਜੀ (ਮਹਾਦੇਉ) ਤਾਰ ਲਾ ਮਸਤ ਹੋ ਤਾਮਸੀ (ਤਮੋਗੁਣ) ਦੇ ਨਾਲ ਤਪਦੇ (ਤਪ ਜਾਂਦੇ) ਤੇ ਸੰਸਾਰ ਨੂੰ ਖ਼ਤਮ ਕਰੀ ਜਾਂਦੇ ਹਨ।

(੬) (ਪਰ ਜਦੋਂ ਗੁਰਮੁਖਾਂ ਦੀ ਜੀਵਨ-ਸ਼ੈਲੀ ਵਲ ਤੱਕਦੇ ਹਾਂ ਤਾਂ) ਉਹ (ਸ਼ਾਂਤ ਚਿਤ) ਕੇਵਲ ਮੋਖ ਦੇ ਦਰਵਾਜ਼ੇ ਹਨ ਉਨ੍ਹਾਂ ਨੇ ਆਪਾ-ਭਾਵ (ਦ੍ਵੈਤ) ਨੂੰ ਖ਼ਤਮ ਕਰ ਦਿਤਾ।੪।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਗੁਰਬਾਣੀ ਦੀ ਇਸ ਪੰਗਤੀ ਦੇ ਸਿਧਾਂਤ ਨੂੰ ਦਰਸਾਇਆ ਹੈ ਕਿ :

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ॥

*(ਤਿਲੰਗ ਮ: ੧, ਪੰਨਾ ੭੨੨)*

ਭਾਵ ਹੈ ਕਿ ਉਸ ਪਤੀ ਪ੍ਰਮੇਸ਼ਰ ਦੇ ਮਿਲਾਪ ਦਾ ਵੱਡਾ ਸਾਧਨ ਕੇਵਲ ਆਪਾ-ਭਾਵ ਨੂੰ ਹੀ ਮਿਟਾ ਦੇਣਾ ਹੈ ਹੋਰ ਕੋਈ ਭੀ ਚਤਰਾਈ ਕੰਮ ਨਹੀਂ ਆਉਂਦੀ। ਜਿਨ੍ਹਾਂ ਨੇ ਹੰਕਾਰ ਨਾਲ ਕੋਈ ਭੀ ਸ਼ੁਭ ਕੰਮ ਕੀਤਾ ਹੈ, ਉਹ ਗੁਰਮੁਖਾਂ ਦੇ ਕੀਤੇ ਕੰਮਾਂ ਦੇ ਮੁਕਾਬਲੇ ਵਿਚ ਕੁਝ ਭੀ ਨਹੀਂ। ਗੁਰਮੁਖ ਚੜ੍ਹਦੀ ਕਲਾ ਵਿਚ ਜਾ ਕੇ ਭੀ ਹਉਮੈ ਅਤੀਤ ਹੋ ਕੇ ਸ਼ੁਭ ਕਰਮ ਕਰਦੇ ਹੋਏ ਸਦਾ ਹੀ ਅਲੇਪ ਹੋ ਜੀਵਨ ਗੁਜਾਰਦੇ ਹਨ! ਇਸ ਲਈ ਵੱਡੇ ਵੱਡੇ ਦੇਵਤਿਆਂ ਨਾਲੋਂ ਗੁਰਮੁਖਾਂ ਦਾ ਜੀਵਨ ਹਰ ਪਖੋਂ ਹੀ ਉਚੇਰਾ ਹੈ।

## ੫. ਨਾਰਦ ਆਦਿਕ ਮੁਨੀ

੧. ਨਾਰਦ ਮੁਨੀ ਅਖਾਇ
ਗੱਲ ਸੁਣਾਇਆ।
੨. ਲਾਇਤਬਾਰੀ ਖਾਇ
ਚੁਗਲ ਸਦਾਇਆ।
੩. ਸਨਕਾਦਿਕ ਦਰਿ ਜਾਇ
ਤਾਮਸ ਆਇਆ।
੪. ਦਸ ਅਵਤਾਰ ਕਰਾਇ
ਜਨਮ ਗਲਾਇਆ।
੫. ਜਿਨਿ ਸੁਕ ਜਣਿਆਂ ਮਾਇ
ਦੁੱਖ ਸਹਾਇਆ।
੬. ਗੁਰਮੁਖ ਸੁਖ ਫਲ ਖਾਇ
ਅਜਰ ਜਰਾਇਆ ॥੫॥

***ਪਦ ਅਰਥ :*** ਮੁਨੀ—ਮਾਨਤਾ ਯੋਗ, ਮੰਨਨ ਸ਼ੀਲ। ਲਾਇਤਬਾਰੀ—ਜਿਸਦਾ ਇਤਬਾਰ ਨ ਹੋਵੇ, ਗੁਣਾਂ ਵਿਚੋਂ ਦੋਖਾਂ ਦਾ ਅਰੋਪਨਾ ਚੁਗਲੀ ਹੈ, ਬੇਇਤਬਾਰਾ। ਦੁਖ ਸਹਾਇਆ—ਦੁੱਖ ਸਿਹਾ, ਦੁੱਖ ਦਿੱਤਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਨਾਰਦ ਮੁਨੀ ਨੂੰ ਭੀ ਨਾਰਦ ਦੇ ਸੇਵਕਾਂ ਨੇ ਭਗਤਾਂ ਦੀ ਸ਼ਰੇਣੀ ਵਿਚ ਗਿਣਿਆ ਹੈ, ਪਰ ਇਸ ਬਾਰੇ ਆਪ ਜੀ ਦੀ ਖੋਜ ਕੀ ਹੈ, ਜਾਣਕਾਰੀ ਦਿਓ?

ਉ: ਹੇ ਭਾਈਓ! ਜਦੋਂ ਨਿਰਪੱਖ ਹੋ ਵੀਚਾਰ ਕਰੀਏ ਤਾਂ ਬਾਣੀ ਅਨੁਸਾਰ ਨਾਰਦ ਨੂੰ ਗੁਰਮੁਖਾਂ ਦੀ ਸਮਾਨਤਾ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਬਾਣੀ ਵਿਚ ਇਸ ਬਾਰੇ ਗਵਾਹੀ ਮਿਲਦੀ ਹੈ, ਜਿਵੇਂ ਕਿ:

ਨਾਰਦੁ ਨਾਚੈ ਕਲਿ ਕਾ ਭਾਉ॥
ਜਤੀ ਸਤੀ ਕਹ ਰਾਖਹਿ ਪਾਉ॥੧॥

*(ਆਸਾ ਮ: ੧, ਪੰਨਾ ੩੪੯)*

ਇਤਿਹਾਸ ਵਿਚ ਭੀ ਨਾਰਦ ਮੁਨੀ ਦੇ ਜੀਵਨ ਬਾਰੇ ਗਵਾਹੀ ਮਿਲਦੀ ਹੈ ਕਿ ਇਹ ਆਪਣੇ ਆਪ ਨੂੰ ਪ੍ਰਮੇਸ਼ਰ ਦਾ ਭਗਤ ਅਖਵਾਉਂਦਾ ਸੀ, ਪਰ ਇਸਦੇ ਸੁਭਾਉ ਵਿਚ ਵਧੇਰੇ ਚੰਚਲਤਾ ਅਤੇ ਬੇ-ਇਤਬਾਰੀ, ਚੁਗਲੀ ਕਰਨ ਦੀ ਆਦਤ ਸ਼ਾਮਲ ਸੀ, ਇਸ ਲਈ ਮੈਂ ਇਸਦੀ ਆਦਤ ਤੋਂ ਪਰਭਾਵਤ ਹੋ ਇਸ ਪਉੜੀ ਦੀਆ ਚੰਦ ਪੰਗਤੀਆ ਉੱਕਰੀਆ ਹਨ, ਜਿਵੇਂ ਕਿ:

(੧) (ਹੇ ਭਾਈਓ! ਇਹ ਠੀਕ ਹੈ ਕਿ) ਨਾਰਦ ਨੇ ਆਪਣੇ ਆਪ ਨੂੰ ਪ੍ਰਮੇਸ਼ਰ ਦਾ (ਮੁਨੀ) ਭਗਤ ਅਖਵਾਇਆ (ਭਾਵ ਇਹ ਉਸਨੇ ਗੱਪ ਹੀ ਮਾਰੀ) ਸੱਚ ਨਹੀਂ ਕੀਤਾ।

(੨) (ਕਿਉਂਕਿ ਜਿਹੜੀਆਂ) ਗੱਲਾਂ ਕੀਤੀਆਂ ਜਾਂ ਸੁਣਾਈਆਂ ਇਹ ਬੇਇਤਬਾਰੇ ਵਾਲੀਆਂ ਹੀ ਸਨ। (ਭਾਵ ਕਿਸੇ ਨੂੰ ਕੁਝ ਕਹਿ ਦਿਤਾ, ਕਿਸੇ ਨੂੰ ਕੁਝ, ਇਉਂ ਇਕ ਦੂਜੇ ਵਿਚ ਵਿਰੋਧ ਪੈਦਾ ਕਰਨ ਵਾਲਾ) ਬੇਇਤਬਾਰਾ, ਚੁਗਲੀਆਂ (ਇਕ ਦੂਜੇ ਦੀਆਂ) ਖਾਣ ਵਾਲਾ ਚੁਗਲ ਹੀ ਸਦਵਾਇਆ।

(੩) (ਹੋਰ ਸੁਣੋ, ਜਦੋਂ ਇਹ) ਭਗਵਾਨ ਦੇ ਬੂਹੇ ਅਗੇ ਗਿਆ, ਤਾਂ ਸਨਕਾਦਿਕ ਜੋ ਦਰ ਦੇ ਅਗੇ ਪਹਿਰੇਦਾਰ ਸਨ (ਉਨ੍ਹਾਂ ਮਹਾਰਾਜ ਦੀ ਆਗਿਆ ਬਿਨਾ ਅੱਗੇ ਲੰਘਣ ਨ ਦਿਤਾ) ਤਾਂ ਤਾਮਸੀ (ਭਾਵ ਕ੍ਰੋਧ) ਵਿਚ ਆ ਗਿਆ। (ਉਨ੍ਹਾਂ ਨੂੰ ਰਾਖ਼ਸ਼ ਹੋਣ ਦਾ ਸਰਾਪ ਦਿਤਾ। ਸਰਾਪ ਦੇ ਕੇ ਫਿਰ ਭਗਵਾਨ ਕੋਲ ਇਨ੍ਹਾਂ ਦਾ ਉਧਾਰ ਕਰਨ ਦੀ ਸਿਫ਼ਾਰਸ਼ ਕੀਤੀ।)

(੪) ਭਗਵਾਨ ਨੂੰ ਉਨ੍ਹਾਂ ਦੇ ਉੱਧਾਰ ਵਾਸਤੇ ਹੀ (ਦਸ ਅਵਤਾਰ) ਕੱਛ, ਮੱਛ, ਰਾਮ, ਕ੍ਰਿਸ਼ਨ ਆਦਿਕ ਧਾਰਨੇ ਪਏ। (ਨਾਰਦ ਨੂੰ ਇਹੋ ਜਿਹਾ ਪ੍ਰੇਮਾ-ਭਗਤੀ ਵਾਲਾ ਮੰਨਦੇ ਹਨ) ਇਉਂ ਦਸ ਅਵਤਾਰਾਂ ਨੇ ਭੀ ਵੈਰ ਵਿਰੋਧ ਵਿਚ ਹੀ ਸਾਰਾ ਸਮਾਂ ਇਸ ਕੰਮ 'ਤੇ ਲਾਇਆ ਭਾਵ ਸਮਾਂ ਗਾਲ (ਗਵਾ) ਦਿਤਾ।

(੫) ਜਿਸ ਮਾਂ ਨੇ ਇਨ੍ਹਾਂ ਨੂੰ ਸੁਖ ਪ੍ਰਾਪਤ ਕਰਨ ਲਈ ਜਣਿਆ, ਉਲਟਾ ਦੁੱਖ ਹੀ ਸਹਾਰੇ (ਸ੍ਰੀ ਰਾਮ ਚੰਦ ਜੀ ਦੀ ਮਾਤਾ ਤੇ ਕ੍ਰਿਸ਼ਨ ਜੀ ਦੀ ਮਾਤਾ ਦੇ ਦੁੱਖਾਂ ਦਾ ਹਾਲ ਰਾਮਾਇਣ ਤੇ ਕ੍ਰਿਸ਼ਨਾ ਅਵਤਾਰ ਵਿਚ ਲੱਭ ਸਕਦਾ ਹੈ)।

(੬) ਪਰ ਇਸਦੇ ਮੁਕਾਬਲੇ ਵਿਚ ਗੁਰਮੁਖਾਂ ਨੇ ਸੁਖ ਫਲ ਪ੍ਰਾਪਤ ਕਰਕੇ ਖਾਧਾ ਤੇ ਅਜਰ ਅਵਸਥਾ ਨੂੰ ਜਰ ਲਿਆ। (ਮਾਣ ਨਹੀਂ ਕੀਤਾ) ।੫।

***ਭਾਵਾਰਥ :*** ਭਾਈ ਸਾਹਿਬ ਜੀ ਨਾਰਦ ਮੁਨੀ ਨੂੰ ਚੁਗਲ ਖੋਰ, ਤਮੋਗੁਣੀ ਤੇ ਵੈਰ ਵਿਰੋਧ ਦੇ ਕਾਰਨਾਂ ਕਰਕੇ ਗੁਰਮੁਖਾ ਦੀ ਪਦਵੀ ਤੋਂ ਨੀਵਾਂ ਦਸਦੇ ਹਨ, ਕਿਉਂਕਿ ਇਹ ਨਾਰਦ ਸਿੱਧੀਆਂ ਪ੍ਰਾਪਤ ਹੋਣ 'ਤੇ ਉਹ ਸਿੱਧੀਆਂ ਦਿਖਾਉਣ ਲਈ ਹੀ ਉੱਦਮ ਕਰਦਾ ਰਿਹਾ, ਪਰ ਉਨ੍ਹਾਂ ਰਿੱਧੀਆਂ ਸਿੱਧੀਆਂ

ਨੂੰ ਗੁਰਮਤ ਨੇ ਰੱਬੀ ਮਾਰਗ 'ਤੇ ਟੁਰਨ ਵਾਲਿਆਂ ਲਈ ਇਕ ਬਹੁਤ ਵੱਡੀ ਰੋਕ ਦਰਸਾਇਆ ਹੈ, ਪਰ ਨਾਰਦ ਨੇ ਇਹ ਵੀਚਾਰ ਹੀ ਨ ਕੀਤੀ ਕਿ ਮੈਂ ਤ੍ਰੈਗੁਣਾਂ ਵਿਚ ਹੀ ਖੇਡਦਾ ਹਾਂ। ਪਰ ਗੁਰਮੁਖ ਸਿੱਧ ਪਦ ਵਿਚ ਪਹੁੰਚ ਕੇ ਭੀ ਉਸ ਅਜਰ ਪਦਵੀ ਨੂੰ ਜਰਦੇ ਹਨ, ਉਹ ਕੇਵਲ ਪਦ ਨੂੰ ਪਹੁੰਚ ਕੇ ਭੀ ਤ੍ਰੈਗੁਣਾਂ-ਅਤੀਤ ਅਵਸਥਾ ਵਿਚ ਵਰਤਦੇ ਹਨ, ਇਸ ਕਰਕੇ ਨਾਰਦਾਦਿ ਰਿਖੀ ਮੁਨੀਆਂ ਤੋਂ ਗੁਰਮੁਖ ਵਡੇਰੇ ਹਨ, ਕਿਉਂਕਿ ਉਨ੍ਹਾਂ ਦਾ ਜੀਵਨ ਨਿਰ-ਅਭਿਮਾਨ ਹੈ।

## ੬. ਧਰਤੀ ਦੀ ਧੀਰਜਤਾ

੧. ਧਰਤੀ ਨੀਵੀਂ ਹੋਇ
ਚਰਣ ਚਿਤ ਲਾਇਆ।
੨. ਚਰਣ ਕਵਲ ਰਸ ਭੋਇ
ਆਪੁ ਗਵਾਇਆ।
੩. ਚਰਣ ਰੇਣੁ ਤਿਹੁ ਲੋਇ
ਇੱਛ ਇਛਾਇਆ।
੪. ਧੀਰਜ ਧਰਮ ਸਮੋਇ
ਸੰਤੋਖ ਸਮਾਇਆ।
੫. ਜੀਵਣ ਜੁਗਤ ਪਰੋਇ
ਰਿਜਕ ਪੁਜਾਇਆ।
੬. ਮੰਨੇ ਹੁਕਮ ਰਜਾਇ
ਗੁਰਮੁਖ ਜਾਇਆ ॥੬॥

*ਪਦ ਅਰਥ :* ਚਰਣ ਚਿਤ ਲਾਇਆ—ਭਾਵ ਧਰਤੀ ਚਰਨਾਂ ਦੇ ਹੇਠ ਰਹਿੰਦੀ ਹੈ। ਰਸ ਭੋਇ—ਰਸ ਨਾਲ ਮਿਲੀ ਹੋਈ ਹੈ। ਪਰੋਇ—ਧਾਰਨ ਕਰਕੇ। ਜਾਇਆ—ਜਨਮ ਦਿੱਤਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜਿਨ੍ਹਾਂ ਗੁਰਮੁਖਾਂ ਦੇ ਉਚੇਰੇ ਜੀਵਨ ਦੀ ਆਪ ਜੀ ਪ੍ਰਸੰਸਾ ਕਰਦੇ ਆ ਰਹੇ ਹੋ, ਉਨ੍ਹਾਂ ਵਿਚ ਉਹ ਕੇਹੜੇ ਉਚੇਰੇ ਗੁਣ ਹਨ, ਜਿਨ੍ਹਾਂ ਦਾ ਸਦਕਾ ਉਹ ਰੱਬੀ ਮਾਰਗ ਪਰ ਸਫ਼ਰ ਕਰਦੇ ਹੋਏ ਆਪਣੀ ਸੁਰਤਿ ਨੂੰ ਇਤਨੀ ਉਚੇਰੀ ਲੈ ਗਏ ਜਿਥੇ ਹਰ ਮਨੁੱਖ ਦਾ ਪੁੱਜਣਾ ਬਹੁਤ ਕਠਿਨ ਹੈ, ਪਰ ਉਨ੍ਹਾਂ ਨੂੰ ਅਜਿਹੇ ਦੈਵੀ ਗੁਣਾਂ ਦੇ ਧਾਰਨ ਕਰਨ ਦੀ ਪ੍ਰੇਰਨਾ ਕਿਥੋਂ ਮਿਲੀ ਹੈ ਕੀ ਇਸ ਪੱਖ ਸੰਬੰਧੀ ਕੁਝ ਆਪ ਜਾਣਕਾਰੀ ਦਿਓਗੇ ?

ਉ: ਹੇ ਭਾਈਓ ! ਮੈਂ ਤਾਂ ਜਦੋਂ ਉਨ੍ਹਾਂ ਗੁਰਮੁਖਾਂ ਦੇ ਜੀਵਨਾਂ ਵਲ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਉਨ੍ਹਾਂ ਦੀ ਬਿਰਤੀ ਸਾਰ ਗਰਾਹੀ ਨਜ਼ਰ ਆਉਂਦੀ ਹੈ, ਭਾਵ ਉਹ ਹਰ ਸ਼ੈਅ ਤੋਂ ਹੀ ਗੁਣ ਗ੍ਰਹਿਣ ਕਰਦੇ ਹਨ, ਜਿਵੇਂ ਕਿ ਇਕ ਮਾਖਿਓਂ ਦੀ ਮੱਖੀ ਹਰ ਬੂਟੇ 'ਤੇ ਬੈਠਦੀ ਹੈ ਉਹ ਹਰ ਫੁਲ ਤੋਂ ਉਸ ਦਾ ਸਾਰ ਜੋ ਸ਼ਹਿਤ ਹੈ ਉਹ ਉਸੇ ਨੂੰ ਹੀ ਦਿਨ ਭਰ ਇਕੱਠਾ ਕਰਦੀ ਹੈ, ਇਸੇ ਤਰ੍ਹਾਂ ਜਿਥੇ ਗੁਰਮੁਖ ਸਦਾ ਸੰਗਤ ਵਿਚੋਂ ਦੈਵੀ ਗੁਣਾਂ ਦੇ ਧਾਰਨੀ ਹੁੰਦੇ ਹਨ ਉਥੇ ਉਹ ਕਾਦਰ ਦੀ ਹਰ ਸ਼ੈ ਵਿਚੋਂ ਵਿਸ਼ੇਸ਼ ਗੁਣ ਵੇਖ ਕੇ ਉਸਦੇ ਵੀ ਧਾਰਨੀ ਹੁੰਦੇ ਹਨ, ਜਦੋਂ ਉਹ ਧਰਤੀ ਵਲ ਨਜ਼ਰ ਮਾਰਦੇ ਹਨ ਤਾਂ ਉਹ ਧਰਤੀ ਦਾ ਵਿਸ਼ੇਸ਼ ਗੁਣ ਧਾਰਦੇ ਹਨ, ਧਰਤੀ ਦਾ ਵਿਸ਼ੇਸ਼ ਗੁਣ ਹੈ, ਜਿਵੇਂ ਕਿ :

ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ
ਭੀ ਸੋ ਕਿਰਤੁ ਨ ਹਾਰੈ ॥ *(ਤੁਖਾਰੀ ਮ: ੧, ਪੰਨਾ ੧੧੦੮)*

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥
ਧਰਤੀ ਭਾਰਿ ਨ ਬਿਆਪਈ
ਉਨ ਕਉ ਲਾਹੂ ਲਾਹਿ ॥੧॥
*(ਸਲੋਕ ਕਬੀਰ ਜੀ, ਪੰਨਾ ੧੩੬੫)*

ਭਾਵ ਹੈ ਬਾਣੀ ਵਿਚ ਧਰਤੀ ਦੇ ਹੋਰ ਭੀ ਕਈ ਗੁਣਾਂ ਵਲ ਇਸ਼ਾਰਾ ਕੀਤਾ ਹੈ, ਪਰ ਸਭ ਤੋਂ ਵੱਡਾ ਗੁਣ ਉਸ ਵਿਚ ਨਿੰਮ੍ਰਤਾ ਤੇ ਧੀਰਜਤਾ ਦਾ ਹੈ, ਇਸ ਧੀਰਜਤਾ ਦੇ ਗੁਣ ਨੂੰ ਹੀ ਗੁਰਮੁਖਾਂ ਨੇ ਵਿਸ਼ੇਸ਼ ਕਰਕੇ ਅਪਨਾਇਆ ਹੈ, ਸੋ ਮੈਂ ਭੀ ਇਸ ਧਰਤੀ ਦੀ ਧੀਰਜਤਾ ਤੋਂ ਪ੍ਰੇਰਤ ਹੋ ਕੇ ਚੰਦ ਪੰਗਤੀਆਂ ਵਿਚ ਇਸ ਦੇ ਗੁਣਾਂ ਨੂੰ ਅੰਕਤ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈ ! ਦੇਖੋ) ਧਰਤੀ ਨੇ ਨੀਵੀਂ ਹੋ ਕੇ (ਭਾਵ ਨਿੰਮ੍ਰਤਾ ਧਾਰਨ ਕਰਕੇ ਸਭ ਦੇ) ਚਰਨਾਂ ਦੇ ਨਾਲ ਹੀ ਚਿੱਤ ਨੂੰ ਜੋੜਿਆ ਹੋਇਆ ਹੈ। (ਭਾਵ ਨੀਚ ਊਚ ਹਰ ਇਕ ਜੀਵ ਜੰਤ ਦੇ ਪੈਰਾਂ ਹੇਠ ਰਹਿੰਦੀ ਹੈ : ਇਸੇ ਤਰ੍ਹਾਂ ਗੁਰਮੁਖ ਲੋਕ ਧਰਤੀ ਵਾਂਙੂ ਨਿੰਮ੍ਰਤਾ ਧਾਰਦੇ ਹਨ)।

(੨) (ਧਰਤੀ ਨੇ) ਚਰਣ ਕਮਲਾਂ ਦੇ ਰਸ (ਪ੍ਰੇਮ) ਵਿਚ ਭਿੱਜ

ਕੇ ਆਪਾ (ਭਾਵ) ਆਪਣੀ ਹੋਂਦ ਨੂੰ ਹੀ ਮਿਟਾ ਦਿਤਾ ਹੈ।

(੩) (ਇਹ ਧਰਤੀ) ਤਿੰਨਾਂ ਲੋਕਾਂ ਦੇ ਚਰਣਾਂ ਦੀ ਧੂੜੀ ਬਣੀ ਹੋਈ ਹੈ (ਜਿਸਦੀ) ਇੱਛਾ (ਸਾਰੇ ਹੀ ਕਰਦੇ ਹਨ

(੪) ਧੀਰਜ ਅਤੇ ਸੰਤੋਖ (ਸਬਰ) ਦੇ ਨਿਯਮਾਂ ਵਾਲਾ ਧਰਮ (ਧਰਤੀ ਦੇ) ਅੰਦਰ ਰਚਿਆ ਹੋਇਆ ਹੈ।

(੫) ਜੀਵਨ ਜੁਗਤੀ ਦੀ ਧਾਰਨਾ ਨੂੰ ਪਰੋ ਕੇ (ਹਿਰਦੇ ਵਿਚ ਧਾਰਨ ਕਰਕੇ ਧਰਤੀ ਹੀ) ਸਭ ਜੀਵ ਜੰਤੂਆਂ ਦੇ ਖਾਣ ਲਈ ਰਿਜ਼ਕ (ਪਦਾਰਥ) ਪੁਚਾਉਂਦੀ ਹੈ ਭਾਵ ਪੈਦਾ ਕਰਦੀ ਹੈ।

(੬) (ਪ੍ਰਭੂ ਦੇ) ਹੁਕਮ ਤੇ ਉਸ ਦੀ ਰਜ਼ਾ (ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲੇ) ਗੁਰਮੁਖ (ਧੰਨਤਾ ਜੋਗ ਤੇ ਭਾਗਾਂ ਵਾਲੇ ਜੀਵ ਇਸ ਧਰਤੀ ਤੇ ਹੀ) ਜੰਮੇ ਹਨ।੬

**ਭਾਵਾਰਥ:** ਧਰਤੀ ਦੀ ਤਰ੍ਹਾਂ ਨਿੰਮ੍ਰਤਾ ਭਾਵ ਵਾਲੇ ਹੋ ਕੇ ਜਿਨ੍ਹਾਂ ਨੇ ਮਾਇਆ ਨੂੰ ਜਿੱਤ ਲਿਆ ਤੇ ਸੁਰਤਿ ਨੂੰ ਚੜ੍ਹਾ ਕੇ ਜੀਉਂਦੇ ਆਤਮ ਜੀਵਨ ਵਾਲੇ ਹੋਏ ਹਨ ਉਹੀ ਸੰਸਾਰ ਵਿਚ ਧੰਨ ਜਨਮੇ ਹਨ, ਹੋਰ ਬਾਕੀ ਲੋਕਾਂ ਦਾ ਜੀਵਣਾ ਪਸ਼ੂਆਂ ਦੇ ਤੁਲ ਹੈ।

ਇਸ ਧਰਤੀ ਦੇ ਵਿਸ਼ੇਸ਼ ਗੁਣ ਹੋਰ ਭੀ ਬਾਣੀ ਵਿਚ ਅੰਕਤ ਹਨ, ਜਿਵੇਂ ਕਿ:

ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ
ਮਨਿ ਨ ਮਨੀ ਬਿਪਰੀਤਿ ॥੩॥
ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥
ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥
*(ਮਾਰੂ ਮ: ੫, ਪੰਨਾ ੧੦੧੮)*

ਭਾਵ ਹੈ ਗੁਰਮੁਖਾਂ ਨੇ ਧਰਤੀ ਦੇ ਇਹ ਸਾਰੇ ਗੁਣਾਂ ਨੂੰ ਧਾਰਨ ਕਰ ਰਖਿਆ ਹੈ, ਜਿਵੇਂ ਧਰਤੀ ਦੀ ਕੋਈ ਚੰਦਨ ਅਗਰ, ਕਪੂਰ ਆਦਿ ਸੁਗੰਧੀਆਂ ਨਾਲ ਪੂਜਾ ਕਰੇ ਉਸ ਨਾਲ ਪ੍ਰੀਤ ਨਹੀਂ ਕਰਦੇ ਅਤੇ ਜੋ ਉਸ ਉਪਰ ਵਿਸਟਾ, ਮੂਤ੍ਰ ਆਦਿ ਸੁਟਦਾ ਹੈ ਜਾਂ ਤਿਲ ਤਿਲ ਕਰਕੇ ਪੁਟਦਾ ਹੈ ਉਸਨੂੰ ਕੋਈ ਸਰਾਪ ਨਹੀਂ ਦੇਂਦੀ, ਇਸੇ ਤਰ੍ਹਾਂ ਗੁਰਮੁਖਾਂ ਦੀ ਮਾਨਸਕ ਅਵਸਥਾ ਹੈ ਜੋ ਉਨ੍ਹਾਂ ਦੀ ਪੂਜਾ ਕਰਦਾ ਹੈ ਉਨ੍ਹਾਂ 'ਤੇ ਉਹ ਕਦੀ ਪ੍ਰਸੰਨ ਨਹੀਂ ਹੁੰਦੇ ਜੇ ਕੋਈ ਉਨ੍ਹਾਂ ਦੇ ਸਰੀਰ ਨੂੰ ਕਟਦਾ ਹੈ ਤਾਂ ਉਨ੍ਹਾਂ ਲਈ ਉਨ੍ਹਾਂ ਦੇ ਅੰਦਰੋਂ ਕੋਈ ਸਰਾਪ ਦਾ ਭੈੜਾ ਸ਼ਬਦ ਨਹੀਂ ਨਿਕਲਦਾ, ਭਾਵ ਉਨ੍ਹਾਂ ਦੀ ਸਦਾ ਹੀ ਸਮ-ਦ੍ਰਿਸ਼ਟੀ ਹੈ।

## ੭. ਪਾਣੀ ਦੇ ਉਪਕਾਰ

੧. ਪਾਣੀ ਧਰਤੀ ਵਿੱਚ
ਧਰਤਿ ਵਿੱਚ ਪਾਣੀਐ।
੨. ਨੀਚਹੁ ਨੀਚ ਨ ਹਿੱਚ
ਨਿਰਮਲ ਜਾਣੀਐ।
੩. ਸਹਿੰਦਾ ਬਾਹਲੀ ਖਿੱਚ
ਨਿਵੈ ਨਿਵਾਣੀਐ।
੪. ਮਨ ਮੇਲੀ ਘੁਲ ਮਿੱਚ
ਸਭ ਰੰਗ ਮਾਣੀਐ।
੫. ਵਿਛੁੜੇ ਨਾਹਿੰ ਵਿਰੱਚਿ
ਦਰਿ ਪਰਵਾਣੀਐ।
੬. ਪਰਉਪਕਾਰ ਸਰੱਚਿ
ਭਗਤਿ ਨੀਸਾਣੀਐ ॥੭॥

***ਪਦ ਅਰਥ:*** ਹਿੱਚ—ਹੱਠ, ਆਕੀ, ਅੜਨਾ ਜਾਂ ਝਿਜਕਣਾ। ਖਿੱਚ—ਤੀਵਰਤਾ, ਤਕਲੀਫ। ਬਾਹਲੀ—ਬਹੁਤ। ਨਿਵਾਣੀਐ—ਨੀਵੀਂ ਥਾਉਂ। ਘੁਲ ਮਿੱਚ—ਘੁਲ ਮਿਲ, ਯਕਰੰਗ। ਵਿਰੱਚਿ—ਨਾਲ ਮਿਲਕੇ। ਸਰੱਚਿ—ਚੰਗਾ ਮਿਲਾਪ ਕਰਨ ਵਾਲਾ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਆਪ ਜੀ ਨੇ ਇਹ ਜਾਣਕਾਰੀ ਦਿਤੀ ਹੈ ਕਿ ਗੁਰਮੁਖਾਂ ਨੇ ਧਰਤੀ ਤੋਂ ਨਿੰਮ੍ਰਤਾ ਆਦਿ ਗੁਣਾਂ ਦੀ ਪ੍ਰੇਰਨਾ ਲੈ ਕੇ ਦੈਵੀ ਗੁਣਾਂ ਦੀ ਧਾਰਨਾ ਕੀਤੀ ਹੈ, ਕੀ ਇਸੇ ਤਰ੍ਹਾਂ ਉਹ ਪਾਣੀ ਦੇ ਗੁਣਾਂ ਤੋਂ ਭੀ ਕੁਝ ਪ੍ਰੇਰਨਾ ਲੈਂਦੇ ਹਨ, ਇਸ ਬਾਰੇ ਭੀ ਕੁਝ ਸੋਝੀ ਦਿਓ, ਧੰਨਵਾਦੀ ਹੋਵਾਂਗੇ?

ਉ: ਹੇ ਭਾਈਓ! ਮੈਂ ਤਾਂ ਜਦੋਂ ਗੁਰਮੁਖਾਂ ਦੇ ਸਮੁੱਚੇ ਜੀਵਨਾਂ ਵਲ ਨਜ਼ਰ ਮਾਰਦਾ ਹਾਂ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਗੁਰਮੁਖਾਂ ਦੇ ਸਾਹਮਣੇ ਕੋਈ ਭੀ ਸ਼ੈ ਆਉਂਦੀ ਹੈ, ਉਹ ਹਰ ਸ਼ੈ ਤੋਂ ਗੁਣਾਂ ਦੀ ਹੀ ਪ੍ਰੇਰਨਾ ਲੈਂਦੇ ਹਨ, ਕਿਸੇ ਸ਼ੈ ਦੇ ਅਵਗੁਣਾਂ ਨਾਲ ਉਨ੍ਹਾਂ ਦਾ ਕੋਈ ਭੀ ਸੰਬੰਧ ਨਹੀਂ, ਕਿਉਂਕਿ ਉਨ੍ਹਾਂ ਦੀ ਹੰਸਾਂ ਵਾਂਗ ਸਾਰਗ੍ਰਾਹੀ ਬਿਰਤੀ ਹੈ। ਜਿਵੇਂ ਕਿਸੇ ਹੰਸ ਦੇ ਸਾਹਮਣੇ ਦੁੱਧ ਤੇ ਪਾਣੀ ਨੂੰ ਮਿਲਾ ਕੇ ਰੱਖ ਦਿਤਾ ਜਾਵੇ ਤਾਂ:

ਹੰਸ ਦੀ ਚੁੰਜ ਵਿਚ ਖਟਾਈ ਹੈ ਉਹ ਪਾਣੀ ਤੇ ਦੁੱਧ ਨੂੰ ਵਖੋ ਵਖ ਕਰ ਦੇਂਦੀ ਹੈ, ਤਾਂ ਹੰਸ ਪਾਣੀ ਦਾ ਤਿਆਗ ਕਰਕੇ ਦੁੱਧ ਦਾ ਧਾਰਨੀ ਹੋ ਜਾਂਦਾ ਹੈ।

ਇਸੇ ਤਰ੍ਹਾਂ ਗੁਰਮੁਖ ਜਦੋਂ ਪਾਣੀ ਵਲ ਨਜ਼ਰ ਮਾਰਦੇ ਹਨ ਤਾ ਉਨ੍ਹਾ ਨੂੰ ਪਾਣੀ ਵਿਚ ਕਈ ਵਿਸ਼ੇਸ਼ ਗੁਣ ਨਜ਼ਰ ਆਉਂਦੇ ਹਨ, ਜਿਵੇਂ ਕਿ ਪਾਣੀ ਹਮੇਸ਼ਾਂ ਹੀ ਨਿਵਾਣ ਵੱਲ ਜਾਂਦਾ ਹੈ, ਫਿਰ ਉਹ ਠੰਢਾ ਤੇ ਨਿਰਮਲ ਹੈ ਭਾਵ ਉਸਨੂੰ ਮੈਲ ਨਹੀਂ ਪੋਹ ਸਕਦੀ, ਕਿਉਂਕਿ ਬਾਣੀ ਦਾ ਫੁਰਮਾਨ ਹੈ (ਜੈਸੇ ਮੈਲ ਨ ਲਾਗੈ ਜਲਾ)। ਗੁਰੂ ਗ੍ਰੰਥ ਸਾਹਿਬ ਜੀ ਨੇ ਕਈ ਥਾਵਾਂ 'ਤੇ ਪਾਣੀ ਦੀ ਪ੍ਰਸੰਸਾ ਕੀਤੀ ਹੈ, ਜਿਵੇਂ ਕਿ:

ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰਸੁ ਖੇਹ॥ *(ਜਪੁਜੀ, ਪੰਨਾ ੪)*

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
*(ਜਪੁਜੀ ਸਲੋਕ, ਪੰਨਾ ੮)*

ਪਾਣੀ ਪਿਤਾ ਜਗਤ ਕਾ
ਫਿਰਿ ਪਾਣੀ ਸਭੁ ਖਾਇ॥੨॥ *(ਸਲੋਕ ਮ: ੧, ਪੰਨਾ ੧੨੪੦)*

ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥
*(ਸਲੋਕ ਮ: ੧, ਪੰਨਾ ੧੫੦)*

ਇਸ ਤੋਂ ਆਦਿ ਹੋਰ ਭੀ ਕਈ ਥਾਵਾਂ 'ਤੇ ਪਾਣੀ ਦੀ ਮਹੱਤਤਾ ਉਚਾਰਨ ਕੀਤੀ ਹੈ, ਜਿਸ ਤੋਂ (ਉਸ ਪਾਣੀ ਦੇ ਗੁਣਾਂ ਤੋਂ) ਗੁਰਮੁਖਾਂ ਨੇ ਪ੍ਰੇਰਨਾ ਲੈ ਕੇ ਆਪਣੇ ਅੰਤਰ ਆਤਮੇ ਦੈਵੀ ਗੁਣਾਂ ਨੂੰ ਧਾਰਨ ਕੀਤਾ ਹੈ, ਜਿਸ ਦਾ ਸਦਕਾ ਗੁਰਮੁਖਾਂ ਦਾ ਜੀਵਨ ਸੁੱਚਾ, ਪਵਿੱਤ੍ਰ ਤੇ ਨਿਰਮਲਤਾ ਦੀ ਧਾਰਨਾ ਦਾ ਆਦੀ ਹੋ ਰੱਬੀ ਦਰਬਾਰ ਦੀ ਨੇੜਤਾ ਹਾਸਲ ਕਰ ਬੈਠਾ ਹੈ। ਇਸ ਤਰ੍ਹਾਂ ਪਾਣੀ ਦੇ ਗੁਣਾਂ ਤੇ ਪਰਉਪਕਾਰਾਂ ਨੂੰ ਸਾਹਮਣੇ ਰੱਖ ਕੇ ਮੈਂ ਇਸ ਪਉੜੀ ਦੀਆਂ ਚੰਦ ਸੱਤਰਾਂ ਉੱਕਰੀਆ ਹਨ ਜਿਵੇਂ ਕਿ:

(੧) (ਹੇ ਭਾਈ! ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਪਾਣੀ ਧਰਤੀ ਦੇ ਵਿਚ ਹੈ ਤੇ ਧਰਤੀ ਪਾਣੀ ਦੇ ਵਿਚ ਹੈ (ਦੋਵੇਂ ਹੀ ਇਕੱਠੇ ਰਹਿ ਕੇ, ਧਰਮ ਪਾਲਦੇ ਹਨ, ਭਾਵ ਪਾਣੀ ਆਪ ਸੀਤਲ ਸੁਭਾਵ ਰਹਿੰਦਾ ਹੈ)।

(੨) (ਪਾਣੀ) ਨੀਵੀਂ ਤੋਂ ਨੀਵੀਂ ਥਾਂ ਵੱਲ ਜਾਣ ਤੋਂ ਝਿਜਕਦਾ ਜਾਂ ਅੜੀ ਨਹੀਂ ਕਰਦਾ (ਤੇ ਮਿੱਟੀ ਘੱਟੇ ਵਿਚ ਰਲ ਫੇਰ ਮਿੱਟੀਓਂ ਨਿਤਰ ਕੇ ਬਾਹਰ ਨਿਕਲ ਆਉਂਦਾ) ਤੇ ਨਿਰਮਲ ਜਾਣਿਆ ਜਾਂਦਾ ਹੈ।

(੩) (ਪਾਣੀ ਤਰਲ ਪਦਾਰਥ ਹੋਣ ਕਰਕੇ) ਬਹੁਤੀ ਖਿੱਚ (ਕੁਦਰਤੀ ਤੌਰ 'ਤੇ) ਸਹਿੰਦਾ ਤੇ ਨੀਵਾਣ ਵੱਲ ਧਾਈ ਕਰਕੇ ਜਾਂਦਾ ਹੈ (ਰੋਕਿਆਂ ਭੀ ਘਟ ਹੀ ਰੁਕਦਾ ਹੈ)।

(੪) ਮਨ ਦਾ ਮੇਲੀ (ਐਸਾ ਮਿਲਾਪੜਾ ਹੈ ਕਿ) ਝੱਟ ਹੀ ਘੁਲ ਮਿਲ ਜਾਂਦਾ ਹੈ ਜੋ ਵੀ ਪਦਾਰਥ ਇਸ ਨਾਲ ਮਿਲੇ, ਸਭ ਰੰਗ ਮਾਣਦਾ ਹੈ, (ਭਾਵ, ਹਰ ਰੰਗ ਦਾ ਪੀਲਾ, ਕਾਲਾ, ਨੀਲਾ, ਲਾਲ ਮਿਲੇ, ਉਹੋ ਰੰਗ ਧਾਰਨ ਕਰ ਲੈਂਦਾ ਹੈ)।

(੫) ਜਿਸ ਵਿਚ ਮਿਲਦਾ ਹੈ ਤਾਂ ਮਿਲਕੇ ਵਿਛੜਦਾ ਨਹੀਂ, (ਇਸੇ ਕਾਰਨ ਇਹ) ਦਰਗਾਹ ਵਿਚ ਵੀ ਪ੍ਰਵਾਨ (ਭਾਵ ਪ੍ਰਮਾਣੀਕ ਹੈ)।

(੬) ਪਰਉਪਕਾਰ ਲਈ ਹੀ (ਇਹ ਹੋਰਨਾਂ) ਵਿਚ ਮਿਲਦਾ ਹੈ, (ਇਹੋ ਹੀ) ਭਗਤੀ ਭਾਵ ਦੀ (ਵੱਡੀ) ਨਿਸ਼ਾਨੀ ਹੈ।੭।

***ਭਾਵਾਰਥ :*** ਗੁਰਮੁਖ ਲੋਕ ਪਾਣੀ ਤੋਂ ਕਈ ਤਰ੍ਹਾਂ ਦੀ ਪ੍ਰੇਰਨਾ ਲੈਂਦੇ ਹਨ, ਜਿਵੇਂ ਪਾਣੀ ਹਮੇਸ਼ਾਂ ਨਿਵਾਣ ਵੱਲ ਨੂੰ ਹੀ ਵਗਦਾ ਹੈ, ਇਸੇ ਤਰ੍ਹਾ ਗੁਰਮੁਖ ਸਦਾ ਹੀ ਨਿੰਮ੍ਰਤਾ ਧਾਰਨ ਦੇ ਆਦੀ ਹਨ, ਪਾਣੀ ਦੀ ਤਰ੍ਹਾਂ ਸਦਾ ਸੀਤਲ ਸੁਭਾ ਦੇ ਧਾਰਨੀ ਰਹਿੰਦੇ ਹਨ ਅਤੇ ਜਿਵੇਂ ਪਾਣੀ ਨਿਰਮਲ ਤੇ ਸੁਧ ਰਹਿੰਦਾ ਹੈ ਤੇ ਧੁੱਪ ਵਿਚ ਤੱਤਾ ਅਤੇ ਛਾਂ ਵਿਚ ਸੀਤਲ ਹੋ ਵਰਤਦਾ ਹੈ, ਇਸੇ ਤਰ੍ਹਾਂ ਗੁਰਮੁਖ ਜਲ ਵਾਂਗੂੰ ਵਰਤਾਉ ਕਰਕੇ ਸਦਾ ਹੀ ਪਰੋਪਕਾਰ ਕਰਨ ਲਈ ਤੱਤਪਰ ਰਹਿੰਦੇ ਹਨ, ਅਜਿਹੇ ਗੁਰਮੁਖਾਂ ਦੇ ਜੀਵਨਾਂ ਬਾਰੇ ਹੀ ਬਾਣੀ ਵਿਚ ਜ਼ਿਕਰ ਆਇਆ, ਜਿਵੇਂ ਕਿ:

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ॥੨॥
*(ਸੂਹੀ ਮ: ੫, ਪੰਨਾ ੭੪੯)*

ਇਸ ਤਰ੍ਹਾਂ ਗੁਰਮੁਖਾਂ ਦੇ ਪਰਉਪਕਾਰੀ ਜੀਵਨਾਂ ਦੇ ਸੰਬੰਧੀ ਬਾਣੀ ਵਿਚ ਕਈ ਉਦਾਹਰਣ ਮਿਲਦੇ ਹਨ।

## ੮. ਬ੍ਰਿਛ ਦੀ ਧੀਰਜਤਾ

੧. ਧਰਤੀ ਉਤੇ ਰੁੱਖ
ਸਿਰ ਤਲਵਾਇਆ।
੨. ਆਪਿ ਸਹੰਦਾ ਦੁੱਖ
ਜਗੁ ਵਰੁਸਾਇਆ।

**੩. ਫਲ ਦੇ ਲਾਹਨਿ ਭੁੱਖ**
**ਵੱਟ ਵਗਾਇਆ।**
**੪. ਛਾਵ ਘਣੀ ਬਹੁ ਸੁੱਖ**
**ਮਨ ਪਰਚਾਇਆ।**
**੫. ਵੱਢਨਿ ਆਇ ਮਨੁੱਖ**
**ਆਪੁ ਤਛਾਇਆ।**
**੬. ਵਿਰਲੇ ਹੀ ਸਨਮੁੱਖ**
**ਭਾਣਾ ਭਾਇਆ ॥੮॥**

***ਪਦ ਅਰਥ :*** ਰੁੱਖ-ਬਿਛ। ਸਿਰ ਤਲਵਾਇਆ—ਸਿਰ ਪਰਨੇ ਹੋ, ਉਲਟਾ। ਵਰੁਸਾਇਆ—ਨਿਹਾਲ ਕੀਤਾ, ਉਪਕਾਰ ਕਰਨਾ। ਤਛਾਇਆ—ਕਟਵਾਉਣਾ, ਚਿਰਾਇਆ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਆਪ ਜੀ ਨੇ ਗੁਰਮੁਖਾਂ ਦੀ ਸਾਰਗ੍ਰਾਹੀ ਬ੍ਰਿਤੀ ਦਾ ਜ਼ਿਕਰ ਕਰਦਿਆਂ ਇਹ ਦਰਸਾਇਆ ਹੈ ਕਿ ਗੁਰਮੁਖਾਂ ਨੇ ਧਰਤੀ ਤੋਂ ਧੀਰਜਤਾ ਤੇ ਪਾਣੀ ਤੋਂ ਨਿੰਮ੍ਰਤਾ ਆਦਿ ਗੁਣਾਂ ਦੇ ਧਾਰਨੀ ਹੋਣ ਦੀ ਪ੍ਰੇਰਨਾ ਲਈ ਹੈ, ਪਰ ਕੀ ਦਸੋਗੇ ਕਿ ਉਹ ਬ੍ਰਿਛ ਦੇ ਦਰੱਖ਼ਤ ਤੋਂ ਭੀ ਕੋਈ ਪ੍ਰੇਰਨਾ ਲੈਂਦੇ ਹਨ?

ਉ: ਹੇ ਭਾਈਓ! ਮੈਂ ਤਾਂ ਵੇਖਦਾ ਹਾਂ ਕਿ ਗੁਰਮੁਖ ਤਾਂ ਆਪਣਾ ਜੀਵਨ ਗੁਰਬਾਣੀ ਦੇ ਹੀ ਅਨਕੂਲ ਹੋ ਗੁਜ਼ਾਰਦੇ ਹਨ, ਭਾਵ ਬਾਣੀ ਦੁਆਰੇ ਜੋ ਉਨ੍ਹਾਂ ਨੂੰ ਪ੍ਰੇਰਨਾ ਮਿਲਦੀ ਹੈ ਉਹ ਉਸੇ ਤੇ ਅਮਲ ਕਰਦੇ ਹਨ, ਜਿਵੇਂ ਉਨ੍ਹਾਂ ਨੇ ਧਰਤੀ ਅਤੇ ਪਾਣੀ ਦੇ ਗੁਣਾਂ ਨੂੰ ਧਾਰਿਆ ਹੈ, ਇਸੇ ਤਰ੍ਹਾਂ ਉਹ ਜਦੋਂ ਦਰੱਖ਼ਤ ਵੱਲ ਤੱਕਦੇ ਹਨ ਤਾਂ ਉਸ ਤੋਂ ਭੀ ਉਹ ਬਾਣੀ ਰਾਹੀਂ ਗੁਣਾਂ ਦੀ ਪ੍ਰੇਰਨਾ ਲੈਂਦੇ ਹਨ, ਬ੍ਰਿਛ ਦੇ ਨਿਰਵੈਰਤਾ ਦੇ ਗੁਣ ਨੂੰ ਬਾਣੀ ਅੰਦਰ ਦਰਸਾਇਆ ਹੈ, ਜਿਵੇਂ ਕਿ:

ਸਸਤ੍ਰਿ ਤੀਖਣਿ ਕਾਟਿ ਡਾਰਿਓ
ਮਨਿ ਨ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ
ਤਿਲੁ ਨ ਦੀਨੋ ਦੋਸੁ ॥੧॥
ਮਨ ਮੇਰੇ ਰਾਮ ਰਉ ਨਿਤ ਨੀਤਿ ॥
ਦਇਆਲ ਦੇਵ ਕ੍ਰਿਪਾਲ ਗੋਬਿੰਦ
ਸੁਨਿ ਸੰਤਨਾ ਕੀ ਰੀਤਿ ॥੧॥ਰਹਾਉ॥
ਚਰਣ ਤਲੈ ਉਗਾਹਿ ਬੈਸਿਓ
ਸ੍ਰਮੁ ਨ ਰਹਿਓ ਸਰੀਰਿ ॥
ਮਹਾ ਸਾਗਰੁ ਨਹ ਵਿਆਪੈ
ਖਿਨਹਿ ਉਤਰਿਓ ਤੀਰਿ ॥੨॥

*(ਮਾਰੂ ਮ: ੫, ਪੰਨਾ ੧੦੧੭)*

ਭਾਵ ਜਦੋਂ ਗੁਰਮੁਖ, ਸੰਤਜਨ, ਸਾਹਮਣੇ ਤੱਕਦੇ ਹਨ ਕਿ ਕਿਸੇ ਨੇ ਤਿੱਖੇ ਸ਼ਸਤ੍ਰ ਨਾਲ ਇਕ ਦਰੱਖ਼ਤ ਨੂੰ ਕੱਟਿਆ ਹੈ, ਪਰ ਦਰੱਖ਼ਤ ਨੇ ਮਨ ਵਿਚ ਜ਼ਰਾ ਮਾਤ੍ਰ ਭੀ ਰੋਸ ਨਹੀਂ ਕੀਤਾ, ਸਗੋਂ ਉਸ ਕੱਟਣ ਵਾਲੇ ਦਾ ਕਾਜ ਸਵਾਰ ਦਿਤਾ, ਪਰ ਉਸ ਨੂੰ ਤਿਲ-ਮਾਤ੍ਰ ਭੀ ਦੋਸ਼ੀ ਨਹੀ ਠਹਿਰਾਇਆ, ਇਹੋ ਰੀਤੀ ਗੁਰਮੁਖਾਂ ਦੀ ਹੈ। ਇਥੇ ਹੀ ਬੱਸ ਨਹੀ, ਉਸ ਦਰੱਖ਼ਤ ਕੱਟਣ ਵਾਲੇ ਨੇ ਉਸੇ ਦਰੱਖ਼ਤ ਦੀ ਬੇੜੀ ਬਣਾਈ ਜਿਥੇ ਉਹ ਬੇੜੀ ਹੋਰਨਾਂ ਲੋਕਾਂ ਨੂੰ ਸਾਗਰ ਤੋਂ ਪਾਰ ਕਰਦੀ ਹੈ, ਉਥੇ ਉਸ ਕੱਟਣ ਵਾਲੇ ਨੂੰ ਭੀ ਪਾਰ ਕਰਦੀ ਹੈ, ਭਾਵ ਉਸ ਕੱਟਣ ਵਾਲੇ ਨੂੰ ਦੋਸ਼ੀ ਸਮਝ ਕੇ ਸਮੁੰਦਰ ਵਿਚ ਡਬੋਂਦੀ ਨਹੀਂ, ਕਿਉਂਕਿ ਉਸਦੇ ਅੰਦਰ ਨਿਰਵੈਰਤਾ ਹੈ, ਜਿਸ ਕਰਕੇ ਉਸ ਦੇ ਅੰਦਰ ਬਦਲਾ ਲੈਣ ਦੀ ਭਾਵਨਾ ਨਹੀਂ।

ਇਸੇ ਤਰ੍ਹਾਂ ਹੋਰ ਬੁਧੀ ਜੀਵੀਆਂ ਨੇ ਭੀ ਇਸ ਦੇ ਸੰਬੰਧ ਵਿਚ ਉਦਾਹਰਣ ਦਿਤਾ ਹੈ ਕਿ ਜਿਵੇਂ ਇਕ ਕੁਹਾੜਾ ਚੰਦਨ ਦੇ ਦਰੱਖ਼ਤ ਨੂੰ ਕੱਟਦਾ ਹੈ, ਪਰ ਉਹ ਕੱਟਣ ਵਾਲੇ ਕੁਹਾੜੇ ਦੇ ਮੁਖ ਨੂੰ ਭੀ ਸੁਗੰਧੀ ਦੇਂਦਾ ਹੈ, ਇਸੇ ਤਰ੍ਹਾਂ ਗੁਰਮੁਖ ਭੀ ਦਰੱਖ਼ਤ ਤੋਂ ਨਿਰਵੈਰਤਾ ਦਾ ਗੁਣ ਧਾਰਨ ਕਰਦੇ ਹਨ, ਭਾਵ ਉਹ ਕਿਸੇ ਦੋਸ਼ੀ ਦੇ ਦੋਸ਼ ਵੱਲ ਨਹੀਂ ਤੱਕਦੇ, ਕਿਉਂਕਿ ਉਨ੍ਹਾਂ ਦੇ ਮਨ ਵਿਚ ਬਦਲੇ ਦੀ ਭਾਵਨਾ ਨਹੀ, ਉਨ੍ਹਾਂ ਦੀ ਸਮ-ਦ੍ਰਿਸ਼ਟੀ ਹੈ ਜਿਸ ਦਾ ਸਦਕਾ ਉਨ੍ਹਾਂ ਦਾ ਜੀਵਨ ਹਮੇਸ਼ਾਂ ਹੀ ਉਪਕਾਰ ਕਰਨ ਵਿਚ ਤੱਤਪਰ ਰਹਿੰਦਾ ਹੈ। ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਦਰੱਖ਼ਤ ਦੇ ਸੰਬੰਧ ਵਿਚ ਮੈਂ ਚੰਦ ਲਾਇਨਾਂ ਉੱਕਰੀਆਂ ਹਨ:

(੧) (ਹੇ ਭਾਈਓ! ਜਿਵੇਂ ਅਸੀਂ ਵੇਖਦੇ ਹਾਂ ਕਿ) ਧਰਤੀ ਉੱਤੇ ਰੁੱਖ (ਬ੍ਰਿਛ) ਸਿਰ ਥੱਲੇ ਤੇ (ਪੈਰ ਉਤੇ ਕਰਕੇ ਉੱਗਦਾ ਹੈ।)

(੨) (ਪਰ ਆਪ ਕਸ਼ਟ) ਦੁਖ ਤੇ ਤਕਲੀਫ਼ਾਂ ਸਹਿੰਦਾ ਹੈ, ਪਰ ਜਗਤ ਨੂੰ ਫਲ ਦੇਂਦਾ ਤੇ ਪ੍ਰਸੰਨ ਕਰਦਾ ਹੈ।

(੩) ਫਲ ਦੇ ਕੇ ਭੁਖਿਆਂ ਦੀ ਭੁਖ ਦੂਰ ਕਰਦਾ ਹੈ। ਭੁਖੇ

(ਕੀ ਕਰਦੇ ਹਨ ? ਉਹ ਰੁੱਖ ਨੂੰ) ਵੱਟੇ ਜਾਂ ਪੱਥਰ ਮਾਰਦੇ ਹਨ।

(੪) (ਰਾਹ ਜਾਂਦੇ ਰਾਹੀ ਰੁੱਖ ਥੱਲੇ) ਬਹਿ ਕੇ ਘਣੀ ਛਾਂ ਦਾ ਸੁਖ ਪ੍ਰਾਪਤ ਕਰਦੇ ਤੇ (ਜਿੰਨਾਂ ਚਿਰ) ਬੈਠਦੇ, ਮਨ ਪਰਚਾਉਂਦੇ ਹਨ।

(੫) (ਜੇ ਰੁੱਖ ਨੂੰ) ਵੱਢਣ ਲਈ ਮਨੁੱਖ, (ਤਰਖਾਣ ਆ ਗਿਆ, ਤਾਂ ਰੁੱਖ ਨੇ) ਆਪਣਾ ਆਪ ਵਢਵਾ ਲਿਆ।

(੬) (ਇਸੇ ਤਰ੍ਹਾਂ ਜਿਵੇਂ ਪ੍ਰਮੇਸ਼ਰ ਦੇ ਭਾਣੇ ਨੂੰ ਮੰਨਣ ਵਾਲਾ) ਸਨਮੁਖ (ਗੁਰਮੁਖ) ਵਿਰਲਾ ਹੀ ਹੁੰਦਾ ਹੈ, ਜਿਸਨੂੰ ਭਾਣਾ ਭਾਉਂਦਾ ਹੈ।੮।

*ਭਾਵਾਰਥ :* ਇਸ ਗੱਲ ਦੀ ਸਿਖ ਇਤਿਹਾਸ ਸਾਹਦੀ ਭਰਦਾ ਹੈ ਕਿ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਗੁਰਸਿੱਖਾਂ ਨੇ ਆਪਣੇ ਸਰੀਰਾਂ ਨੂੰ ਚਰਵਾ ਲਿਆ ਅਤੇ ਬੰਦ ਬੰਦ ਕਟਵਾ ਲਏ, ਅਡੋਲ ਰਹਿ ਕੇ ਸਿਖੀ ਸਿਦਕ ਨੂੰ ਕਾਇਮ ਰੱਖਿਆ ਪਰ ਕਸ਼ਟ ਦੇਣ ਵਾਲੇ ਜ਼ਾਲਮਾਂ ਨੂੰ ਦੋਸ਼ੀ ਠਹਿਰਾ ਕੇ ਕੋਈ ਕੌੜਾ ਬਚਨ ਜਾਂ ਸਰਾਪ ਨਹੀਂ ਦਿਤਾ ਕਿਉਂਕਿ ਉਨ੍ਹਾਂ ਨੇ ਗੁਰੂ ਦੀ ਬਾਣੀ ਦੁਆਰੇ ਆਪਣੇ ਮਨ ਨੂੰ ਘੜ ਲਿਆ ਸੀ, ਉਨ੍ਹਾਂ ਦੇ ਸਾਹਮਣੇ ਹਰ ਵਕਤ ਇਹੋ ਪੰਗਤੀਆਂ ਸਨ ਕਿ :

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥੧॥

*(ਕਾਨੜਾ ਮ: ੫, ਪੰਨਾ ੧੨੯੯)*

ਨਾ ਕੋ ਮੇਰਾ ਦੁਸਮਨੁ ਰਹਿਆ
ਨਾ ਹਮ ਕਿਸ ਕੇ ਬੈਰਾਈ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ
ਸਤਿਗੁਰ ਤੇ ਸੋਝੀ ਪਾਈ॥੨॥

*(ਧਨਾਸਰੀ ਮ: ੫, ਪੰਨਾ ੬੭੧)*

## ੯. ਬ੍ਰਿਛ ਦਾ ਹੀ ਹੋਰ ਉਦਾਹਰਣ

**੧. ਰੁੱਖਹੁ ਘਰ ਛਾਵਾਇ**
**ਥੰਮ੍ਹ ਥੰਮ੍ਹਾਇਆ।**
**੨. ਸਿਰਿ ਕਰਵੱਤ ਧਰਾਇ**
**ਬੇੜ ਘੜਾਇਆ।**
**੩. ਲੋਹੇ ਨਾਲਿ ਜੜਾਇ**
**ਪੂਰ ਤਰਾਇਆ।**
**੪. ਲੱਖ ਲਹਰ ਦਰੀਆਇ**
**ਪਾਰਿ ਲਘਾਇਆ।**
**੫. ਗੁਰਸਿੱਖਾਂ ਭੈ ਭਾਇ**
**ਸ਼ਬਦ ਕਮਾਇਆ।**
**੬. ਇੱਕਸ ਪਿੱਛੈ ਲਾਇ**
**ਲੱਖ ਛਡਾਇਆ॥੯॥**

*ਪਦ ਅਰਥ :* ਛਾਵਾਇ—ਛੱਤ ਪਾਵਣੀ। ਥੰਮ੍ਹਾਇਆ—ਥੰਮ੍ਹੀ ਦਾ ਸਹਾਰਾ ਦਿਤਾ। ਭੈ ਭਾਇ—ਡਰ ਵਾਲੇ ਸਤਿਕਾਰ ਤੇ ਪਿਆਰ ਵਾਲੇ ਪ੍ਰੇਮ ਨਾਲ।

*ਅਰਥ :*

ਪ੍ਰ: ਕਿਉਂ ਭਾਈ ਸਾਹਿਬ ਜੀਉ ! ਕੀ ਬ੍ਰਿਛ ਦਾ ਕੋਈ ਹੋਰ ਭੀ ਉਪਕਾਰ ਗਿਣਿਆ ਜਾਂਦਾ ਹੈ, ਜਿਸ ਤੋਂ ਗੁਰਮੁਖ ਪ੍ਰੇਰਨਾ ਲੈਂਦੇ ਹਨ ?

ਉ: ਹੇ ਭਾਈਓ ! ਜੇ ਦੂਰ ਦ੍ਰਿਸ਼ਟੀ ਨਾਲ ਤੱਕੀਏ ਤਾਂ ਇਉਂ ਭੀ ਪ੍ਰਤੀਤ ਹੁੰਦਾ ਹੈ ਕਿ ਪਹਿਲੋਂ :

(੧) ਰੁੱਖ (ਦੇ ਡਾਹਣਿਆਂ ਨੂੰ ਚੀਰ ਕੇ, ਮੋਟੇ ਤਣੇ) ਨਾਲ, ਥੰਮ੍ਹੀਆਂ ਤੇ ਸ਼ਤੀਰ (ਮੋਟਾ ਥੰਮ੍ਹ) ਰੱਖ ਕੇ ਘਰ ਛਤਾਇਆ ਜਾਂਦਾ ਹੈ।

(੨) (ਫਿਰ ਉਹ ਰੁੱਖ) ਸਿਰ ਉਤੇ ਆਰਾ ਧਰਵਾ ਕੇ (ਭਾਵ ਆਰੇ ਨਾਲ ਚੀਰ ਕੇ ਫੱਟੇ ਬਣਦੇ ਤੇ ਫੱਟੇ ਨੂੰ ਜੋੜ ਜੋੜ ਫੇਰ) ਬੇੜੇ ਨੂੰ ਬਣਾਇਆ ਜਾਂਦਾ ਹੈ।

(੩) (ਫੇਰ ਉਹ ਪੱਤ੍ਰੀਆਂ ਤੇ) ਲੋਹੇ ਦੇ ਹੋਰ ਸਾਮਾਨ ਨੂੰ ਨਾਲ ਜੋੜ ਕੇ (ਬੇੜੇ ਵਿਚ ਮਨੁੱਖਾਂ ਦਾ ਪੂਰ ਭਰ ਕੇ) ਪੂਰ ਨੂੰ (ਤਾਰ ਕੇ) ਪਾਰ ਕਰ ਦਿੱਤਾ।

(੪) ਡੂੰਘੇ ਦਰਿਆਵਾਂ ਤੇ ਸਮੁੰਦਰ ਵਿਚ ਲੱਖਾਂ ਲਹਿਰਾਂ (ਵਿਚੋਂ ਬੇੜਾ ਤਰਕੇ) ਪਾਰ ਲੰਘਾ ਦੇਂਦਾ ਹੈ।

(੫) (ਇਸੇ ਤਰ੍ਹਾਂ ਹੀ ਜਿਨ੍ਹਾਂ) ਗੁਰਸਿੱਖਾਂ ਨੇ ਗੁਰੂ ਦੇ ਭੈ ਅਤੇ ਪ੍ਰੇਮ ਵਿਚ ਲਗ ਕੇ ਸ਼ਬਦ ਦੀ ਕਮਾਈ ਕੀਤੀ ਹੈ।

(੬) ਉਨ੍ਹਾਂ ਨੇ ਇਕ ਨਾਮ ਦੇ ਬੇੜੇ 'ਤੇ ਚੜ੍ਹਾ ਕੇ ਲੱਖਾਂ ਜੀਵਾ ਨੂੰ ਡੁੱਬਣ ਤੋਂ ਬਚਾ ਲਿਆ ਹੈ।੯।

*ਭਾਵਾਰਥ :* ਜਿਵੇਂ ਬੇੜਾ ਆਪ ਤਾਂ ਦਰਯਾ 'ਤੇ ਤਰ ਕੇ ਪਾਰ ਹੁੰਦਾ ਹੈ, ਪਰ ਉਹ ਹੋਰ ਭੀ ਹਜ਼ਾਰਾਂ ਮੁਸਾਫ਼ਰਾਂ ਨੂੰ ਪਾਰ ਕਰ ਦੇਂਦਾ ਹੈ, ਇਸੇ ਤਰ੍ਹਾਂ ਗੁਰਮੁਖ ਸ਼ਬਦ ਦੀ ਕਮਾਈ

ਕਰਕੇ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ ਪਰ ਜੋ ਉਨ੍ਹਾ ਦੀ ਸੰਗਤ ਕਰਦੇ ਹਨ ਉਹ ਭੀ ਸੰਸਾਰ ਸਾਗਰ ਤੋਂ ਪਾਰ ਹੋ ਰੱਬੀ ਦਰਬਾਰ ਵਿਚ ਜਾ ਪੁੱਜਦੇ ਹਨ।

## ੧੦. ਤਿਲ ਦਾ ਦ੍ਰਿਸ਼ਟਾਂਤ

੧. ਘਾਣੀ ਤਿਲ ਪੀੜਾਇ
ਤੇਲ ਕਢਾਇਆ।
੨. ਦੀਵੈ ਤੇਲ ਜਲਾਇ
ਅਨ੍ਹੇਰ ਗਵਾਇਆ।
੩. ਮਸੁ ਮਸਵਾਣੀ ਪਾਇ
ਸ਼ਬਦ ਲਿਖਾਇਆ।
੪. ਸੁਣਿ ਸਿਖਿ ਲਿਖਿ ਲਿਖਾਇ
ਅਲੇਖੁ ਸੁਣਾਇਆ।
੫. ਗੁਰਮੁਖ ਆਪੁ ਗਵਾਇ
ਸ਼ਬਦ ਕਮਾਇਆ।
੬. ਗਿਆਨ-ਅੰਜਨ ਲਿਵ ਲਾਇ
ਸਹਜ ਸਮਾਇਆ॥੧੦॥

*ਪਦ ਅਰਥ :* ਘਾਣੀ—ਬਹੁਤ ਸਾਰੇ ਤਿਲ ਜੋ ਕੋਹਲੂ ਵਿਚ ਪਾਏ ਜਾਣ, ਕੋਹਲੂ ਵਿਚ ਤਿਲਾਂ ਦਾ ਢੇਰ। ਮਸੁ—ਸਿਆਹੀ। ਮਸਵਾਣੀ—ਦੁਵਾਤ। ਅੰਜਨ—ਸੁਰਮਾ। ਲਿਵ ਲਾਇ—ਸਮਾਧੀ ਲਾ ਕੇ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਗੁਰਮੁਖ ਲੋਕ ਉਸ ਕਾਦਰ ਦੀ ਰਚਨਾ ਵਿਚੋਂ ਵੱਡੀਆਂ ਵੱਡੀਆਂ ਸ਼ੈਆਂ ਤੋਂ ਗੁਣਾਂ ਦੀ ਪ੍ਰੇਰਨਾ ਲੈਂਦੇ ਹਨ, ਕੀ ਇਸੇ ਤਰ੍ਹਾਂ ਕਿਸੇ ਛੋਟੀ ਵਸਤੂ ਵੱਲ ਤੱਕ ਕੇ ਭੀ ਉਸ ਤੋਂ ਗੁਣ ਧਾਰਨ ਕਰਨ ਦੀ ਸੋਚਣੀ ਸੋਚਦੇ ਹਨ ? ਜਿਵੇਂ ਕਿ ਇਕ ਛੋਟੇ ਅਕਾਰ ਦਾਂ ਤਿਲ ਹੈ ਉਸ ਤੋਂ ਉਹ ਗੁਰਮੁਖ ਕਿਸ ਗੁਣ ਧਾਰਨ ਕਰਨ ਦੀ ਪ੍ਰੇਰਨਾ ਲੈਂਦੇ ਹਨ, ਕੀ ਜਾਣਕਾਰੀ ਦਿਓਗੇ ?

ਉ: ਹੇ ਭਾਈਓ! ਗੁਰਮੁਖਾਂ ਦੀ ਸੋਚਣ ਸ਼ਕਤੀ ਗੁਰਬਾਣੀ ਦੀ ਇਸ ਪੰਗਤੀ (ਦੇ ਲੰਮੀ ਨਦਰਿ ਨਿਹਾਲੀਐ) ਦੇ ਅਨੁਸਾਰ ਦੂਰ-ਦਰਸ਼ੀ ਹੈ, ਉਹ ਹਰ ਸੂਖਮ ਤੇ ਅਸਥੂਲ ਵਸਤੂ ਨੂੰ ਹਰ ਪਖੋਂ ਪੜਚੋਲ ਕੇ ਉਸ ਵਿਚੋਂ ਗੁਣ ਗ੍ਰਹਿਣ ਕਰਦੇ ਹਨ ਜਿਵੇਂ ਕਿ ਉਹ ਜਦੋਂ ਇਕ ਨਿੱਕੇ ਜਿਹੇ ਤਿਲ ਵੱਲ ਤੱਕਦੇ ਹਨ, ਤਾਂ ਉਸਦੇ ਵੱਡੇ ਉਪਕਾਰ ਵੱਲ ਨਜ਼ਰ ਮਾਰਦੇ ਹਨ ਕਿ ਵੇਖੋ! ਇਸਨੇ ਆਪਣੇ ਆਪ ਨੂੰ ਘਾਣੀ ਵਿਚ ਪਿੜਵਾ ਕੇ ਆਪਣੇ ਤਨ ਵਿਚੋਂ ਤੇਲ ਕਢਵਾ ਲਿਆ ਜਿਸ ਤੇਲ ਦਾ ਸਦਕਾ ਲੋਕਾਂ ਦਾ ਅੰਧੇਰਾ ਦੂਰ ਹੋ ਗਿਆ ਉਸੇ ਦੇ ਪ੍ਰਕਾਸ਼ ਦਾ ਸਦਕਾ ਲੋਕਾਂ ਨੂੰ ਸੁਖ ਹਾਸਲ ਹੋਇਆ, ਇਸੇ ਗੁਰਮੁਖਾਂ ਦੀ ਸੋਚਣੀ ਵੱਲ ਤੱਕ ਕੇ ਮੈਂ ਇਹ ਚੰਦ ਪੰਗਤੀਆਂ ਉੱਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ ! ਤੱਕੋ ਜਿਵੇਂ) ਤਿਲ ਨੇ ਕੋਹਲੂ ਦੀ ਘਾਣੀ ਵਿਚ (ਆਪਣੇ ਆਪ ਨੂੰ) ਪੀੜਾਇ (ਮਿੱਧ ਮਧੋਲ ਕੇ, ਚਿਥੇ ਜਾ ਕੇ ਆਪਣਾ) ਤੇਲ ਕਢਾ ਲਿਆ।

(੨) (ਤਿਲ ਨੇ ਆਪਣੇ ਆਪ ਨੂੰ ਖ਼ਤਮ ਕਰ) ਤੇਲ ਰੂਪ ਹੋ (ਦੀਵੇ ਵਿਚ ਪੈ) ਦੀਵੇ ਨੂੰ ਜਗਾ ਕੇ, ਹਨੇਰੇ ਨੂੰ ਮਿਟਾ ਦਿੱਤਾ।

(੩) ਇਥੇ ਹੀ ਬੱਸ ਨਹੀਂ ਦੀਵੇ ਦੀ ਲਾਟ ਤੋਂ ਉਹ ਤਿਲ ਫਿਰ ਸ਼ਾਹੀ ਬਣ ਕੇ ਦਵਾਤ ਵਿਚ ਪਿਆ, ਜਿਸ ਨਾਲ (ਸਿੱਖਾਂ ਨੇ ਗੁਰੂ ਦਾ) ਸ਼ਬਦ ਲਿਖਿਆ।

(੪) (ਉਸੇ ਸ਼ਬਦ ਨੂੰ) ਸੁਣ ਕੇ (ਜੋ) ਸਿੱਖਿਆ (ਸੀ ਉਸਨੂੰ) ਲਿਖਿਆ ਤੇ ਲਿਖਾਇਆ ਗਿਆ। (ਫਿਰ ਲੇਖੇ ਤੇ ਲਿਖਤ ਵਿਚ ਪੂਰਨ ਤੌਰ 'ਤੇ ਨਾ ਆ ਸਕਣ ਵਾਲੇ) ਨਿਰੰਕਾਰ ਪ੍ਰਭੂ ਦੀ (ਮਹਾਨ ਮਹਿਮਾ ਤੇ ਸਿਫਤ ਸਾਲਾਹ) ਨੂੰ ਕਹਿ ਕੇ ਸੁਣਾਇਆ। (ਇਹ ਤਿਲ ਦੀ ਕੁਰਬਾਨ ਹੋ ਕੇ ਪ੍ਰਭੂ ਪ੍ਰਤੀ ਸੱਚੀ ਸ਼ਰਧਾਂਜਲੀ ਸੀ)।

(੫) (ਇਸੇ ਤਰ੍ਹਾਂ ਹੀ ਅਗੋਂ) ਗੁਰਮੁਖ ਭੀ ਆਪਾ (ਹਉਮੈ ਭਾਵ ਨੂੰ) ਗਵਾ ਕੇ (ਪੂਰੇ ਗੁਰੂ ਦੇ ਪੂਰੇ) ਸ਼ਬਦ ਦੀ ਕਮਾਈ ਕਰਦੇ ਹਨ।

(੬) ਉਹ (ਅਜਿਹੇ) ਗੁਰਮੁਖ ਗਿਆਨ ਰੂਪੀ ਸੁਰਮੇ ਵਿਚ ਲਿਵ ਲਾ ਕੇ ਸਹਿਜ ਅਵਸਥਾ ਵਿਚ ਸਮਾ ਗਏ।੧੦।

*ਭਾਵਾਰਥ :* ਗੁਰਮੁਖਾਂ ਨੇ ਤਿਲ ਵਾਂਙੂ ਤਤਿਖਸ਼ਾ ਸਹਾਰੀ, ਆਪਣਾ ਆਪ ਗੁਆ ਕੇ ਗੁਰੂ ਦੇ ਸ਼ਬਦ ਦਾ ਅਭਿਆਸ ਕੀਤਾ, ਤੇਲ ਦਾ ਰੂਪ ਹੋ ਜਗਤ ਦੇ ਪਾਪਾਂ ਦਾ ਅੰਧੇਰਾ ਦੂਰ ਕੀਤਾ ਅਤੇ ਗੁਰਮੁਖਾਂ ਨੇ ਆਪਣੇ ਆਪ ਨੂੰ ਛੋਟਾ ਕਿਹਾ, ਤਿਲ ਵਾਂਙੂ ਕਸ਼ਟ ਸਹਾਰ ਕੇ ਲੋਕਾਂ ਦੇ ਲਈ ਅਨੰਤ ਹੀ ਲਾਭ ਪੁਚਾਇਆ ਅਰ ਅਗਯਾਨਤਾ ਦਾ ਅੰਧੇਰਾ ਦੂਰ ਕਰਕੇ ਜਨਮ ਮਰਨ ਤੋਂ ਲੋਕਾਂ ਨੂੰ ਖਲਾਸੀ ਬਖ਼ਸ਼ੀ।

## ੧੧. ਪਸ਼ੂਆਂ ਦੀ ਉੱਤਮਤਾ

੧. ਦੁੱਧ ਦੇਇ ਖੜ ਖਾਇ
ਨ ਆਪੁ ਗਣਾਇਆ।
੨. ਦੁੱਧਹੁ ਦਹੀਂ ਜਮਾਇ
ਘਿਉ ਨਿਪਜਾਇਆ।
੩. ਗੋਹਾ ਮੂਤ ਲਿੰਬਾਇ
ਪੂਜ ਕਰਾਇਆ।
੪. ਛੱਤੀਹ ਅੰਮ੍ਰਿਤ ਖਾਇ
ਕੁਚੀਲ ਕਰਾਇਆ॥
੫. ਸਾਧਸੰਗਤਿ ਚਲ ਜਾਇ
ਸਤਿਗੁਰੁ ਧਿਆਇਆ।
੬. ਸਫਲ ਜਨਮ ਜੱਗਿ ਆਇ
ਸੁਖ ਫਲ ਪਾਇਆ॥੧੧॥

***ਪਦ ਅਰਥ :*** ਖੜ—ਘਾਹ ਤੇ ਪੱਠੇ। ਨਿਪਜਾਇਆ—ਕੱਢਿਆ। ਲਿੰਬਾਇ—ਲੋਂਬੀ ਜਾਂ ਪੋਚਾ ਪਾਉਣਾ। ਕੁਚੀਲ—ਵਿਸ਼ਟਾ, ਗੰਦਗੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਤੁਸੀ ਗੁਰੂ ਅਰਜਨ ਦੇਵ ਜੀ ਦੀ ਚਰਨ ਸ਼ਰਨ ਵਿਚ ਰਹਿਕੇ ਜਿਥੇ ਸੰਪੂਰਨ ਬਾਣੀ ਲਿਖਣ ਦੀ ਸੇਵਾ ਕਰਦੇ ਰਹੇ ਹੋ ਉਥੇ ਬਾਣੀ ਦੀ ਵਿਚਾਰ ਭੀ ਕੀਤੀ ਹੈ, ਪਰ ਤੁਸੀਂ ਗੁਰਮਤ ਅਨੁਸਾਰ ਮਨੁੱਖ ਅਤੇ ਪਸ਼ੂ ਸ਼ਰੇਣੀ ਵਿਚ ਪਰਸਪਰ ਕਿਤਨਾ ਕੁ ਅੰਤਰ, ਭੇਦ ਅਨੁਭਵ ਕਰਦੇ ਹੋ, ਆਪ ਇਸ ਦੀ ਵੀਚਾਰ ਦਿਓ?

ਉ: ਹੇ ਭਾਈਓ! ਗੁਰਬਾਣੀ ਦੀ ਵੀਚਾਰ ਕਰਦਿਆਂ ਜੋ ਮੈਨੂੰ ਤੁਹਾਡੇ ਇਸ ਪ੍ਰਸ਼ਨ ਦੇ ਉੱਤਰ ਸੰਬੰਧੀ ਵੀਚਾਰ ਹਾਸਲ ਹੋਏ ਹਨ, ਉਨ੍ਹਾਂ ਦੀ ਰੂਪ ਰੇਖਾ ਇਸ ਤਰ੍ਹਾਂ ਹੈ, ਬਾਣੀ ਅੰਦਰ ਜਿਥੇ ਮਨੁੱਖ ਨੂੰ ਸਾਰੀਆਂ ਜੂਨਾਂ ਵਿਚੋਂ ਉੱਤਮ ਪਦਵੀ ਦਿੱਤੀ ਹੈ ਉਥੇ ਇਸਨੂੰ ਅਤਿ ਨੀਵਾਂ ਦਰਜਾ ਭੀ ਦਿੱਤਾ ਗਿਆ ਹੈ, ਇਸ ਮਨੁੱਖ ਜਾਮੇ ਦੀ ਉੱਤਮਤਾਈ ਬਾਣੀ ਵਿਚ ਕਈ ਥਾਵਾਂ 'ਤੇ ਦਰਸਾਈ ਗਈ ਹੈ, ਜਿਵੇਂ ਕਿ:

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ॥੨॥
*(ਮਾਰੂ ਮ: ੫, ਪੰਨਾ ੧੦੭੫)*

ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ
ਦਾਰਾ ਸੁਖ ਭਇਓ ਦੀਨੁ ਪਗਹੁ ਪਰੀ ਬੇਰੀ॥੧॥
*(ਜੈਜਾਵੰਤੀ ਮ: ੯, ਪੰਨਾ ੧੩੫੨)*

ਮਾਨਸ ਜਨਮ ਅਕਾਰਥ ਖੋਵਤ
ਲਾਜ ਨ ਲੋਕ ਹਸਨ ਕੀ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ
ਕੁਮਤਿ ਬਿਨਾਸੈ ਤਨ ਕੀ॥੨॥
*(ਆਸਾ ਮ: ੯, ਪੰਨਾ ੪੧੧)*

ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ॥
*(ਗਉੜੀ ਮ: ੯, ਪੰਨਾ ੨੧੯)*

ਮਾਨਸ ਜਨਮਿ ਸਤਿਗੁਰੂ ਨ ਸੇਵਿਆ
ਬਿਰਥਾ ਜਨਮੁ ਗਵਾਇਆ॥
*(ਪ੍ਰਭਾਤੀ ਮ: ੩, ਪੰਨਾ ੧੩੩੪)*

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥੧॥
ਭਜਹੁ ਗੋੁਬਿੰਦ ਭੂਲਿ ਮਤ ਜਾਹੁ॥
ਮਾਨਸ ਜਨਮ ਕਾ ਏਹੀ ਲਾਹੁ॥
*(ਕਬੀਰ ਜੀ, ਪੰਨਾ ੧੧੫੯)*

ਲਖ ਚਉਰਾਸੀਹ ਆਪਿ ਉਪਾਏ॥
ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ॥
*(ਮਾਰੂ ਮ: ੩, ਪੰਨਾ ੧੦੬੧)*

ਮਾਨਸ ਜਨਮੁ ਦੀਓ ਜਿਹ ਠਾਕੁਰਿ
ਸੋ ਤੈ ਕਿਉ ਬਿਸਰਾਇਓ॥
ਮੁਕਤੁ ਹੋਤ ਨਰ ਜਾ ਕੈ ਸਿਮਰੈ
ਨਿਮਖ ਨ ਤਾ ਕੋ ਗਾਇਓ॥੨॥
*(ਰਾਮਕਲੀ ਮ: ੯, ਪੰਨਾ ੯੦੨)*

ਬਹੁਤੁ ਜਨਮ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ॥

ਮਾਨਸ ਦੇਹ ਪਾਇ ਪਦ ਹਰਿ ਭਜੁ
ਨਾਨਕ ਬਾਤ ਬਤਾਈ ॥੩॥
*(ਸੋਰਠਿ ਮ: ੯, ਪੰਨਾ ੬੩੨)*

ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ ॥
ਨਾਨਕ ਕਹਤ ਗਾਇ ਕਰੁਨਾ ਮੈ
ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥
*(ਗਉੜੀ ਮ: ੯, ਪੰਨਾ ੨੨੦)*

ਇਨ੍ਹਾਂ ਉਪ੍ਰੋਕਤ ਪੰਗਤੀਆਂ ਵਿਚ ਸਤਿਗੁਰਾਂ ਨੇ ਮਨੁੱਖ ਸ਼ਰੇਣੀ ਨੂੰ ਉੱਤਮ ਦਰਜਾ ਦਿਤਾ ਹੈ, ਬਾਕੀ ਦੀ ਜਿਤਨੀ ਭੀ ਚਵਰਾਸੀ ਲੱਖ ਜੂਨ ਮੰਨੀ ਗਈ ਹੈ ਇਸ ਵਿਚ ਕੇਵਲ ਇਕ ਮਨੁੱਖ ਜਾਮਾ ਹੀ ਅਮੋਲਕ ਪਦਵੀ ਹੈ, ਪਰ ਇਹ ਉੱਤਮਤਾ ਇਸ ਵਿਚ ਤਦ ਹੀ ਮੰਨੀ ਗਈ ਹੈ, ਕਿ ਜਿਸ ਕਾਰਜ ਕਰਨ ਲਈ ਇਸ ਨੂੰ ਇਸ ਮਨੁੱਖ ਸ਼ਰੇਣੀ ਵਿਚ ਪੈਦਾ ਕੀਤਾ ਗਿਆ ਹੈ ਉਸਦੀ ਸੰਭਾਲ ਕਰੇ ਉਹ ਇਸਦਾ ਮੁਖ ਕਾਰਜ ਕਰਨਾ ਉਸ ਪ੍ਰਮੇਸ਼ਰ ਦੀ ਬੰਦਗੀ ਹੈ, ਪਰ ਜੇ ਇਹ ਮਨੁੱਖ ਆਪਣੇ ਮੁਖ ਕਾਰਜ ਬੰਦਗੀ ਕਰਨ ਵਲੋਂ ਕੁਤਾਹੀ ਕਰਦਾ ਹੈ ਤਾਂ ਫਿਰ ਇਸ ਨੂੰ ਪਸ਼ੂ ਸ਼ਰੇਣੀਆਂ ਵਿਚੋਂ ਭੀ ਅਤਿ ਨੀਵਾਂ ਦਰਸਾਇਆ ਗਿਆ ਹੈ, ਜਿਵੇਂ ਕਿ ਬਾਣੀ ਦਾ ਫ਼ੁਰਮਾਨ ਹੈ:

ਪਸੂ ਮਿਲਹਿ ਚੰਗਿਆਈਆ
ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ
ਧ੍ਰਿਗੁ ਜੀਵਣ ਕਰਮ ਕਰੇਹਿ ॥੩॥
*(ਗੂਜਰੀ ਮ: ੧, ਪੰਨਾ ੪੮੯)*

ਨਰੂ ਮਰੈ ਨਰੁ ਕਾਮਿ ਨ ਆਵੈ ॥
ਪਸੂ ਮਰੈ ਦਸ ਕਾਜ ਸਵਾਰੈ ॥੧॥
*(ਗੋਂਡ ਬਾਣੀ ਕਬੀਰ ਜੀ, ਪੰਨਾ ੮੭੦)*

ਜਿਹਵਾ ਇੰਦ੍ਰੀ ਸਾਦਿ ਲੋੁਭਾਨਾ ॥
ਪਸੂ ਭਏ ਨਹੀ ਮਿਟੈ ਨੀਸਾਨਾ ॥੬॥
*(ਰਾਮਕਲੀ ਮ: ੧, ਪੰਨਾ ੯੦੩)*

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥
*(ਮ: ੫, ਪੰਨਾ ੧੨੮੪)*

ਸੂਕਰ ਸੁਆਨ ਗਰਧਭ ਮੰਜਾਰਾ ॥
ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥
ਬੰਧਨਿ ਬਾਧਿਆ ਆਈਐ ਜਾਈਐ ॥੫॥
*(ਬਿਲਾਵਲੁ ਮ: ੧, ਪੰਨਾ ੮੩੨)*

ਇਸ ਤੋਂ ਆਦਿ ਹੋਰ ਭੀ ਕਈ ਥਾਵਾਂ 'ਤੇ ਗੁਰਬਾਣੀ ਵਿਚ ਫ਼ੁਰਮਾਨ ਆਉਂਦਾ ਹੈ ਕਿ ਜੋ ਮਨੁੱਖ ਇਸ ਮਨੁੱਖ ਦੀ ਉੱਚੀ ਪਦਵੀ ਨੂੰ ਪ੍ਰਾਪਤ ਕਰਕੇ ਉਸ ਸਿਰਜਨਹਾਰ ਦੀ ਬੰਦਗੀ ਕਰਨ ਵਲੋਂ ਅਵੇਸਲਾ ਰਹਿੰਦਾ ਹੈ ਉਸਨੂੰ ਪਸ਼ੂ ਸ਼ਰੇਣੀ ਤੋਂ ਭੀ ਅਤਿ ਨੀਵਾਂ ਦਰਸਾਇਆ ਗਿਆ ਹੈ। ਕਿਉਂਕਿ ਮਨੁੱਖ ਵਿਚ ਪਸ਼ੂਆਂ ਨਾਲੋਂ ਕੇਵਲ ਇਕੋ ਹੀ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਸ੍ਵੈ-ਸਰੂਪ ਦੀ ਸੋਝੀ ਹਾਸਲ ਕਰੇ, ਜੇ ਉਹ ਇਸ ਗਿਆਨ ਤੋਂ ਸੱਖਣਾ ਹੈ ਤਾ ਫਿਰ ਬੁੱਧੀ-ਜੀਵੀਆਂ ਨੂੰ ਇਸ ਬਾਰੇ ਇਉਂ ਹੀ ਕਹਿਣਾ ਪਿਆ ਹੈ ਕਿ (ਗਿਆਨ ਬਿਨਾ ਪਸ਼ੂ ਜਾਨ)। ਸੋ ਮੈਂ ਉਪ੍ਰੋਕਤ ਵੀਚਾਰ ਨੂੰ ਮੁਖ ਰੱਖ ਕੇ ਚੰਦ ਸਤਰਾਂ ਉਲੀਕੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਤੱਕੋ ਜਿਵੇਂ ਅਸੀਂ ਵੇਖਦੇ ਹਾਂ ਕਿ) ਘਾਹ-ਪੱਠਾ ਖਾ ਕੇ (ਗਊ ਅੰਮ੍ਰਿਤ ਵਰਗਾ) ਦੁੱਧ ਦੇਂਦੀ ਹੈ, ਪਰ ਉਹ (ਇਹ ਆਪਣਾ ਵਾਧਾ) ਕਿਸੇ ਨੂੰ ਜਤਾਉਂਦੀ ਨਹੀਂ (ਭਾਵ, ਗ਼ਰੀਬ ਰਹਿੰਦੀ ਹੈ)।
(੨) (ਫਿਰ ਉਸੇ) ਦੁੱਧ ਤੋਂ ਦਹੀਂ ਜਮਾਇਆ ਜਾਂਦਾ, (ਤੇ ਉਸ ਵਿਚੋਂ) ਘਿਉ ਕੱਢ ਲਈਦਾ ਹੈ।
(੩) (ਉਸਦੇ) ਗੋਹੇ ਨਾਲ ਲੇਪਣ ਹੁੰਦਾ ਹੈ, ਪੋਚਾ ਪਾਉਂਦੇ (ਹਿੰਦੂ ਲੋਕ ਮੂਤਰ ਦਾ ਪੰਚਾਮ੍ਰਿਤ ਬਣਾਂਦੇ ਤੇ) ਪੂਜਾ ਕਰਦੇ ਹਨ।
(੪) (ਅਗੇ ਮਨੁੱਖ ਦਾ ਹਾਲ ਦੱਸਦੇ ਹਨ, ਕਿ ਮਨੁੱਖ ਇਨ੍ਹਾਂ ਤੋਂ) ਛਤੀਹ ਤਰ੍ਹਾਂ ਦੇ ਅੰਮ੍ਰਿਤ ਪਦਾਰਥ ਬਣਾ ਕੇ ਖਾਂਦਾ ਤੇ ਪੇਟ ਵਿਚ ਪਾ ਕੁਚੀਲ ਕਰ ਦਿੰਦਾ ਹੈ।
(੫) (ਪਰ ਜਿਹੜਾ ਗੁਰਸਿਖ ਘਰੋਂ) ਚਲ ਕੇ ਸਾਧ ਸੰਗਤ ਵਿਚ ਜਾਂਦਾ (ਤੇ ਪੂਰੇ) ਸਤਿਗੁਰੂ ਦਾ ਧਿਆਨ ਧਰਦਾ ਹੈ।
(੬) (ਉਸਦਾ ਖਾਧਾ ਪੀਤਾ ਤੇ) ਜਗਤ ਵਿਚ ਆਉਣਾ ਸਫਲਾ ਹੈ (ਕਿਉਂਕਿ ਉਸਨੂੰ ਗੁਰਮੁਖਾਂ ਵਾਲਾ) ਸੁਖ ਫਲ ਪ੍ਰਾਪਤ ਹੋ ਗਿਆ ਹੈ।੧੧।

***ਭਾਵਾਰਥ:*** ਜਿਨ੍ਹਾਂ ਮਨੁੱਖਾਂ ਨੇ ਇਸ ਮਨੁੱਖ ਜਾਮੇ ਵਿਚ ਆ ਕੇ ਇਸ ਦੇ ਮੁਖ ਪ੍ਰਯੋਜਨ ਨੂੰ ਨਹੀਂ ਸਮਝਿਆ ਉਨ੍ਹਾਂ ਨਾਲੋਂ ਪਸ਼ੂ ਚੰਗੇ ਹਨ, ਜਿਨ੍ਹਾਂ ਦੇ ਸਾਰੇ ਸਰੀਰ ਦੇ ਅੰਗ ਕੰਮ ਆਉਂਦੇ ਹਨ, ਪਰ ਮਨੁੱਖ ਨੇ ਜੇ ਇਸ ਜਾਮੇ ਵਿਚ ਆ ਕੇ ਇਸਦੇ ਮੁਖ ਪ੍ਰਯੋਜਨ ਨੂੰ ਨਹੀਂ ਸਮਝਿਆ ਤਾਂ ਇਉਂ ਹੀ ਕਹਿਣਾ ਪਵੇਗਾ ਕਿ ਉਸ ਮਨੁੱਖ ਨਾਲੋ ਪਸ਼ੂ ਵਧੇਰੇ ਚੰਗੇਰੇ ਤੇ ਉਪਕਾਰੀ ਹਨ:

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥
ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥੧॥
*(ਪਉੜੀ, ਪੰਨਾ ੨੫੧)*

## ੧੨. ਕਪਾਹ ਦਾ ਉਦਾਹਰਣ

੧. ਦੁੱਖ ਸਹੈ ਕਾਪਾਹਿ
ਭਾਣਾ ਭਾਇਆ।
੨. ਵੇਲਣਿ ਵੇਲ ਵੇਲਾਹਿ
ਤੁੰਬਿ ਤੁੰਬਾਇਆ।
੩. ਪਿੰਵਨ ਪਿੰਵ ਫਿਰਾਹਿ
ਸੂਤੁ ਕਤਾਇਆ।
੪. ਨਲੀ ਜੁਲਾਹੇ ਵਾਹਿ
ਚੀਰੁ ਵਣਾਇਆ।
੫. ਖੁੰਬ ਚੜ੍ਹਾਇਨਿ ਬਾਹਿ
ਨੀਰਿ ਧੁਵਾਇਆ।
੬. ਪੈਨ੍ਹਿ ਸ਼ਾਹਿ ਪਾਤਿਸ਼ਾਹਿ
ਸਭਾ ਸੁਹਾਇਆ॥੧੨॥

***ਪਦ ਅਰਥ :*** ਵੇਲਣਿ—ਵੜੇਵਿਆਂ ਨੂੰ ਵੇਲ ਕੇ ਅੱਡ ਕਰਨਾ। ਵੇਲ ਵੇਲਾਹਿ—ਵੜੇਵੇਂ ਅੱਡ ਕਰਨਾ। ਪਿੰਵਨ—ਪੇਂਜਾ। ਵਾਹਿ—ਚਲਾ ਕੇ। ਚੀਰੁ—ਕੱਪੜਾ। ਬਾਹਿ—ਨਦੀ ਜਾਂ ਨਾਲੇ ਦੇ ਕਿਨਾਰੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਆਪ ਜੀ ਨੇ ਪਿੱਛੇ ਬ੍ਰਿਛ ਤੇ ਤਿਲਾਂ ਦਾ ਦ੍ਰਿਸਟਾਂਤ ਦੇ ਕੇ ਇਹ ਜਣਾਇਆ ਹੈ ਕਿ ਗੁਰਮੁਖ ਭੀ ਆਪਾ-ਭਾਵ ਮਿਟਾ ਕੇ ਸਦਾ ਹੀ ਲੋਕਾਂ ਪਰ ਉਪਕਾਰ ਕਰਦੇ ਹੋਏ ਕਦੇ ਭੀ ਆਪ ਨੂੰ ਨਹੀਂ ਜਣਾਉਂਦੇ, ਕੀ ਉਹ ਇਸੇ ਤਰ੍ਹਾਂ ਕਪਾਹ ਤੋਂ ਭੀ ਕੋਈ ਪ੍ਰੇਰਨਾ ਲੈਂਦੇ ਹਨ, ਜਾਣਕਾਰੀ ਦਿਓ ?

ਉ: ਹੇ ਭਾਈਓ! ਗੁਰਮੁਖਾਂ ਦੇ ਜੀਵਨ ਦਾ ਆਧਾਰ ਗੁਰਬਾਣੀ ਹੈ, ਉਹ ਹਰ ਤਰ੍ਹਾਂ ਦੀ ਪ੍ਰੇਰਨਾ ਗੁਰਬਾਣੀ ਤੋਂ ਹੀ ਲੈਂਦੇ ਹਨ, ਜਦੋਂ ਉਹ ਗੁਰਬਾਣੀ ਦਾ ਪਾਠ ਕਰਦੇ ਹਨ ਤਾਂ ਉਨ੍ਹਾਂ ਨੂੰ ਗੁਰਬਾਣੀ ਰਾਹੀਂ ਕਪਾਹ ਤੋਂ ਭੀ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ :

ਵੇਲਿ ਪਿੰਞਾਇਆ ਕਤਿ ਵੁਣਾਇਆ॥
ਕਟਿ ਕੁਟਿ ਕਰਿ ਖੁੰਬਿ ਚੜਾਇਆ॥
ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ॥
ਇਉ ਪਤਿ ਪਾਟੀ ਸਿਫਤੀ ਸੀਪੈ
ਨਾਨਕ ਜੀਵਤ ਜੀਵੈ॥ *(ਸਲੋਕ ਮ: ੧, ਪੰਨਾ ੯੫੫)*

ਭਾਵ ਹੈ ਕਿ ਗੁਰਮੁਖ ਜਦੋਂ ਕਪਾਹ ਵਲ ਨਜ਼ਰ ਮਾਰਦੇ ਹਨ ਕਿ ਇਹ ਕਪਾਹ ਆਪਣੇ ਸਰੀਰ ਤੇ ਅਨੇਕਾਂ ਤਰ੍ਹਾਂ ਦੇ ਦੁੱਖ ਸਹਾਰ ਕੇ ਭੀ ਲੋਕਾਂ ਪਰ ਉਪਕਾਰ ਕਰਦੀ ਹੈ, ਇਸੇ ਤਰ੍ਹਾਂ ਗੁਰਮੁਖ ਭੀ ਅਨੇਕਾਂ ਤਰ੍ਹਾਂ ਦੇ ਕਸ਼ਟ ਸਹਾਰ ਕੇ ਦੁਖੀਆ ਲੋਕਾਂ ਦੇ ਦੁਖਾਂ ਨੂੰ ਨਵਿਰਤ ਕਰਦੇ ਹਨ ਪਰ ਉਹ ਕਦੇ ਆਪਾ-ਭਾਵ ਨਹੀਂ ਜਣਾਉਂਦੇ, ਸਿਫ਼ਤ ਕਰਦੇ ਹੋਏ ਹੀ ਜੀਵਨ ਗੁਜ਼ਾਰਦੇ ਹਨ। ਜਿਸਦਾ ਸਦਕਾ ਉਹ ਰੱਬੀ ਦਰਬਾਰ ਵਿਚ ਇੱਜ਼ਤ ਸਹਿਤ ਜਾਂਦੇ ਹਨ, ਮੈਂ ਭੀ ਗੁਰਬਾਣੀ ਦੀਆ ਉਪ੍ਰੋਕਤ ਪੰਗਤੀਆ ਤੋਂ ਪ੍ਰੇਰਨਾ ਲੈ ਕੇ ਚੰਦ ਪੰਗਤੀਆਂ ਉਲੀਕੀਆਂ ਹਨ, ਜਿਵੇਂ ਕਿ :

(੧) (ਹੇ ਭਾਈ ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਕਪਾਹ ਦੁਖ ਸਹਾਰਦੀ ਹੈ (ਮਾਨੋਂ ਉਸ ਨੂੰ ਰੱਬ ਦਾ) ਭਾਣਾ ਚੰਗਾ ਲੱਗਦਾ ਹੈ।
(੨) (ਕਪਾਹ ਨੂੰ) ਵੇਲਣੇ ਵਿਚ ਪਾ ਕੇ ਵੜੇਵਾਂ ਅੱਡ ਕੀਤਾ ਜਾਂਦਾ ਹੈ (ਹੱਥਾਂ ਨਾਲ) ਤੂੰਬਾ ਤੂੰਬਾ (ਰਤੀ ਰਤੀ) ਕੀਤਾ ਜਾਂਦਾ ਹੈ।
(੩) ਪੇਂਜਾ ਪਿੰਵਣ ਵਿਚੋਂ ਕੱਢਦਾ, (ਤੇ ਫੇਰ ਚਰਖਿਆਂ ਵਿਚ) ਸੂਤ ਕੱਤੀਦਾ ਹੈ।
(੪) ਜੁਲਾਹਾ ਨਲੀਆਂ ਵਿਚ ਚਲਾ ਕੇ ਕੱਪੜਾ ਉਣਦਾ ਹੈ, (ਧੋਬੀ ਲੋਕ)
(੫) ਖੁੰਬ ਪਰ ਚੜ੍ਹਾਉਂਦੇ ਹਨ (ਫਿਰ) ਵਗਦੇ ਨਦੀ ਨਾਲਿਆਂ ਪੁਰ ਪਾਣੀ ਨਾਲ ਸਾਫ਼ ਕਰਦੇ ਹਨ।
(੬) ਪਾਤਿਸ਼ਾਹ ਤੇ ਅਮੀਰ ਵਜ਼ੀਰ ਫਿਰ ਇਸੇ ਕੱਪੜੇ ਨੂੰ ਪਹਿਨ ਕੇ ਹੀ ਸਭਾ ਸਭਾਵਾਂ ਤੇ ਦਰਬਾਰਾਂ ਵਿਚ ਸੁਭਾਇਮਾਨ ਹੁੰਦੇ ਹਨ।੧੨।

***ਭਾਵਾਰਥ :*** ਕਪਾਹ ਤਾਂ ਇਕੋ ਹੈ, ਪਰ ਉਸ ਤੋਂ ਬਣੇ ਕੱਪੜੇ ਤੋਂ ਪ੍ਰੇਰਨਾ ਲੈਣ ਵਾਲੇ ਦੋ ਮਨੁੱਖ ਹਨ, ਜਿਨ੍ਹਾਂ ਵਿਚ ਇਕ ਗੁਰਮੁਖ ਹੈ ਦੂਜਾ ਮਨਮੁਖ ਹੈ। ਗੁਰਮੁਖ ਨੇ ਕਪਾਹ ਦੇ ਬਣੇ ਕੱਪੜੇ ਤੋਂ ਨਿਮ੍ਰਤਾ ਧਾਰਨ ਕੀਤੀ ਅਤੇ ਸਰੀਰ ਪੁਰ ਅਨੇਕਾਂ ਤਰ੍ਹਾਂ ਦੇ ਕਸ਼ਟ ਸਹਾਰ ਕੇ ਲੋਕਾਂ ਨੂੰ ਅਰਾਮ ਦਿੱਤਾ। ਪਰ ਉਸੇ ਕੱਪੜੇ ਨੂੰ ਪਹਿਨ ਕੇ ਪਾਤਿਸ਼ਾਹ ਲੋਕ ਅਭਿਮਾਨੀ

ਬਣ ਬੈਠੇ ਕਿਉਂਕਿ ਉਨ੍ਹਾਂ ਨੂੰ ਬਾਣੀ ਅਨੁਸਾਰ (ਦਾਤਿ ਪਿਆਰੀ ਵਿਸਰਿਆ ਦਾਤਾਰਾ) ਭਾਵ ਆਪਣੇ ਆਪ ਨੂੰ ਹੀ ਸਭਾ ਦਾ ਸ਼ਿੰਗਾਰ ਕਹਾਉਣ ਲਗ ਪਏ, ਉਸ ਦੇਣਹਾਰ ਅਕਾਲ ਪੁਰਖ ਵੱਲ ਧਿਆਨ ਹੀ ਨਾ ਦਿਤਾ। ਅਜਿਹੇ ਲੋਕਾਂ ਨੂੰ ਹੀ ਬਾਣੀ ਵਿਚ ਮਨਮੁਖ ਕਿਹਾ ਗਿਆ ਹੈ: ਕਿਉਂਕਿ ਉਨ੍ਹਾਂ ਨੇ ਦੇਣ ਵਾਲੇ ਦਾਤਾਰ ਨਾਲੋਂ ਉਸਦੇ ਦਿਤੇ ਹੋਏ ਪਦਾਰਥ ਨੂੰ ਚੰਗਾ ਜਾਣ ਲਿਆ ਹੈ, ਜਿਵੇਂ ਕਿ :

ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥
ਸੁਰਤਿ ਮਤਿ ਚਤੁਰਾਈ ਤਾ ਕੀ
ਕਿਆ ਕਰਿ ਆਖਿ ਵਖਾਣੀਐ॥

*(ਮ: ੨, ਪੰਨਾ ੧੩੮)*

## ੧੩. ਮਜੀਠ ਤੇ ਕਮਾਦ

੧. ਜਾਣ ਮਜੀਠੈ ਰੰਗ
ਆਪੁ ਪੀਹਾਇਆ।
੨. ਕਦੇ ਨ ਛੱਡੈ ਸੰਗ
ਬਣਤ ਬਣਾਇਆ।
੩. ਕੱਟਿ ਕਮਾਦ ਨਿਸੰਗ
ਆਪੁ ਪੀੜਾਇਆ।
੪. ਕਰੈ ਨ ਮਨ ਰਸ ਭੰਗ
ਅਮਿਉ ਚੁਆਇਆ।
੫. ਗੁੜ ਸ਼ੱਕਰ ਖੰਡ ਸੁਚੰਗ
ਭੋਗ ਭੁਗਾਇਆ।
੬. ਸਾਧ ਨ ਮੋੜਨ ਅੰਗ
ਜੱਗ ਪਰਚਾਇਆ॥੧੩॥

***ਪਦ ਅਰਥ :*** ਪੀਹਾਇਆ—ਚੱਕੀ ਵਿਚ ਪੀਸਾਇਆ। ਅਮਿਉ—ਅੰਮ੍ਰਿਤ ਰਸ। ਸੁਚੰਗ—ਸਭ ਤੋਂ ਚੰਗਾ, ਜਿਸ ਤੋਂ ਹੋਰ ਚੰਗਾ ਨਾ ਹੋਵੇ। ਅੰਗ—ਸਰੀਰ ਦਾ ਕੋਈ ਹਿੱਸਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਸਾਰੇ ਹੀ ਸੰਸਾਰ ਅੰਦਰ ਨਜ਼ਰ ਮਾਰਦੇ ਹਾਂ ਤਾਂ ਸਾਰੀ ਦੁਨੀਆ ਵਿਚ ਸਾਧੂਆਂ ਦੀਆਂ ਅਨੇਕਾਂ ਮੰਡਲੀਆਂ ਵੇਖਣ ਵਿਚ ਆਉਂਦੀਆ ਹਨ. ਜਿਨ੍ਹਾਂ ਵੱਲ ਤੱਕ ਕੇ ਸਾਡਾ ਕਮਜ਼ੋਰ ਮਨ ਭਰਮ ਭੁਲੇਖੇ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਇਹ ਸਮਝਣ ਵਲੋਂ ਅਸਮਰੱਥ ਹੋ ਨਿਰਾਸ ਹੋ ਕੇ ਇਸੇ ਵਹਿਣ ਵਿਚ ਵਹਿ ਤੁਰਦਾ ਹੈ ਕਿ ਇਨ੍ਹਾਂ ਵਿਚੋਂ ਸਹੀ ਸਾਧੂ ਕਿਸ ਨੂੰ ਮੰਨਿਆ ਜਾਵੇ, ਕਿਉਂ ਜੀ, ਦਸੋਗੇ ਕਿ ਗੁਰਮਤ ਅਨੁਸਾਰ ਸਹੀ ਸਾਧੂ ਦੀ ਕੀ ਧਾਰਨਾ ਮੰਨੀ ਗਈ ਹੈ?

ਉ: ਹੇ ਭਾਈਓ! ਗੁਰਮਤ ਨੇ ਤਾਂ ਸਹੀ ਸਾਧੂ ਉਸੇ ਨੂੰ ਹੀ ਮੰਨਿਆ ਹੈ ਜਿਸਨੇ ਗੁਰਬਾਣੀ ਵਿਚੋਂ ਸਹੀ ਪ੍ਰੇਰਨਾ ਲੈ ਕੇ ਮਜੀਠ ਅਤੇ ਕਮਾਦ ਦੇ ਉਪਕਾਰੀ ਸੁਭਾਉ ਦੀ ਧਾਰਨਾ ਧਾਰੀ ਹੈ, ਕਿਉਂਕਿ ਮਜੀਠ ਤੇ ਕਮਾਦ ਦੀ ਕੁਰਬਾਨੀ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਉੱਕਰਿਆ ਹੈ, ਜਿਵੇਂ ਕਿ :

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ
ਕਹੁ ਰਵਿਦਾਸ ਚਮਾਰ॥੪॥

*(ਗਉੜੀ ਰਵਿਦਾਸ ਜੀ, ਪੰਨਾ ੩੪੬)*

ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥
ਗੁਰਿ ਤੁਠੈ ਹਰਿ ਰੰਗੁ ਚਾੜਿਆ
ਫਿਰਿ ਬਹੁੜਿ ਨ ਹੋਵੀ ਭੰਙੁ॥੧॥

*(ਸੂਹੀ ਮ: ੪, ਪੰਨਾ ੭੩੧)*

ਤੇਰਾ ਏਕੋ ਨਾਮੁ ਮੰਜੀਠੜਾ
ਰਤਾ ਮੇਰਾ ਚੋਲਾ ਸਦ ਰੰਗ ਢੋਲਾ॥

*(ਸੂਹੀ ਮ: ੧, ਪੰਨਾ ੭੨੯)*

ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ॥
ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ॥
ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ॥

*(ਸਲੋਕ ਮ: ੧, ਪੰਨਾ ੧੪੨)*

ਭਾਵ ਹੈ ਕਿ ਮਜੀਠ ਆਪ ਪੀਪੂ ਹੋ ਗਈ ਪਰ ਉਸਨੇ ਰੰਗ ਨਾ ਛੱਡਿਆ ਕੱਪੜੇ ਨੂੰ ਅਜਿਹਾ ਰੰਗਿਆ ਕਿ ਉਹ ਭਾਵੇਂ ਪਾਟ ਜਾਵੇ ਪਰ ਰੰਗ ਵਿਚ ਭੰਗ ਨ ਪਵੇ, ਇਸੇ ਹੀ ਤਰ੍ਹਾਂ ਉਸ ਪ੍ਰਮੇਸਰ ਦੇ ਨਾਮ ਦਾ ਅਜਿਹਾ ਪੱਕਾ ਰੰਗ ਹੈ ਜਿਨ੍ਹਾਂ ਦੇ ਮਨ ਰੂਪ ਕੱਪੜੇ ਨੂੰ ਚੜ੍ਹ ਜਾਂਦਾ ਹੈ ਉਹ ਕਦੇ ਭੀ ਉਸ ਰੰਗ ਨੂੰ ਉਤਰਨ ਨਹੀ ਦੇਂਦੇ ਉਹ ਲੁਕਾਈ 'ਤੇ ਉਪਕਾਰ ਕਰਨ ਲਈ ਆਪਣੇ ਸਰੀਰ ਰੂਪ ਕੱਪੜੇ ਦੇ ਅੰਗ ਅੰਗ ਕਟਵਾ ਲੈਂਦੇ ਹਨ ਪਰ ਆਪਣੇ ਨਿਯਮ ਦੀ ਪਾਲਣਾ ਕਰਦੇ ਹੋਏ ਕੁਰਬਾਨ ਹੋ ਜਾਂਦੇ ਹਨ।

ਇਸੇ ਤਰ੍ਹਾਂ ਹੋਰ ਵੇਖੋ ਕਿ ਪਹਿਲੋਂ ਗੰਨੇ ਨੂੰ ਵੱਢਿਆ ਜਾਂਦਾ ਹੈ, ਫਿਰ ਉਸਨੂੰ ਛਿਲ ਛਿਲ ਕੇ ਰੱਸੀ ਪਾ ਕੇ ਬੰਨ੍ਹ ਲਈਦਾ ਹੈ, ਫਿਰ ਉਸਨੂੰ ਵੇਲਣੇ ਵਿਚ ਪਾ ਕੇ ਜਿਮੀਦਾਰ ਪੀੜਦੇ ਹਨ. ਇਸ ਤਰ੍ਹਾਂ ਉਸਨੂੰ ਸਜ਼ਾ ਦੇਂਦੇ ਹਨ। ਸਾਰੀ ਰਹੁ ਖਿੱਚ ਕੇ ਕੜਾਹੇ ਵਿਚ ਪਾਉਂਦੇ ਹਨ, ਹੇਠਾਂ ਅੱਗ ਬਲਦੀ ਹੈ ਉਹ ਉਤੇ ਤਪਦਾ ਹੈ ਤੇ ਉਬਲਦਾ ਹੈ, ਉਹ ਇਤਨੇ ਕਸ਼ਟ ਸਹਾਰ ਕੇ ਭੀ ਕਸ਼ਟ ਦੇਣ ਵਾਲਿਆਂ ਪਰ ਉਪਕਾਰ ਕਰਦਾ ਹੈ, ਭਾਵ ਉਨ੍ਹਾਂ ਨੂੰ ਖਾਣ ਲਈ ਗੁੜ, ਸ਼ੱਕਰ ਤੇ ਖੰਡ ਹੀ ਦੇਂਦਾ ਹੈ। ਇਸੇ ਤਰ੍ਹਾਂ ਹੀ ਸਾਧੂ ਲੋਕਾਂ ਨੂੰ ਜੋ ਸਤਾਣ ਵਾਲੇ ਹਨ, ਉਹ ਉਪਕਾਰੀ ਸਾਧੂ ਉਨ੍ਹਾਂ ਦੋਸ਼ੀਆਂ 'ਤੇ ਭੀ ਉਪਕਾਰ ਕਰਨ ਵਲੋਂ ਮੂੰਹ ਨਹੀਂ ਮੋੜਦੇ, ਅਜਿਹੇ ਪਰਉਪਕਾਰੀ ਸਾਧੂਆਂ ਦੇ ਜੀਵਨਾਂ ਵੱਲ ਤੱਕ ਕੇ ਹੀ ਮੈਂ ਇਹ ਚੰਦ ਸਤਰਾਂ ਉਲੀਕੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ !) ਜਾਣ ਲਵੋ (ਕਿ ਜਿਵੇਂ) ਮਜੀਠ ਰੰਗ (ਦੀ ਗੰਢੀ) ਨੇ ਆਪਣੇ ਆਪ ਨੂੰ ਚੱਕੀ ਵਿਚ ਪਿਸਵਾ ਲਿਆ।

(੨) ਪੀਸਣ ਮਗਰੋਂ ਕੁਝ ਕੁ ਉਸਨੇ ਪਹਿਲੇ ਰੰਗ ਨੂੰ ਬਦਲਿਆ, ਪਰ ਮਜੀਠ ਦਾ ਜੋ ਅਸਲ ਰੰਗ ਹੈ ਉਸਨੇ ਉਸਨੂੰ ਨਹੀਂ ਛਡਿਆ।

(੩) ਇਸੇ ਤਰ੍ਹਾਂ ਹੀ ਕਮਾਦ ਵੱਲ ਵੇਖੋ—ਗੰਨਿਆਂ ਦੇ ਟੋਟੇ ਹੋ ਕੇ ਕਮਾਦ ਆਪਣੇ ਆਪ ਨੂੰ (ਨਿਸੰਗ) ਬੇ-ਫ਼ਿਕਰ ਹੋ ਪੀੜਾਉਂਦਾ ਹੈ।

(੪) ਪਰ ਮਨ ਦੇ ਰਸ ਨੂੰ ਬੇ-ਰਸ ਨਹੀਂ ਕਰਦਾ, ਅੰਮ੍ਰਿਤ (ਵਰਗਾ ਮਿੱਠਾ ਰਸ ਉਸ ਵਿਚੋਂ) ਚੋਇਆ ਹੈ।

(੫) (ਜਿਸ ਦੇ) ਗੁੜ, ਸ਼ੱਕਰ, ਖੰਡ, (ਨਾਲੋਂ ਮਿਠਾਸ ਵਾਲਾ ਹੋਰ) ਚੰਗਾ ਰਸ ਹੈ ਹੀ ਨਹੀਂ, (ਲੋਕਾਂ ਤਾਈਂ ਦੇਂਦਾ ਹੈ, ਜਿਸਨੂੰ ਤਰ੍ਹਾਂ ਤਰ੍ਹਾਂ ਦੇ ਰਸ ਭੋਜਨਾਂ ਵਿਚ ਪਾ ਕੇ ਉਹ) ਭੋਗਾਂ ਨੂੰ ਭੋਗਦੇ (ਤੇ ਅਨੰਦ ਮਾਣਦੇ ਹਨ)।

(੬) ਇਸੇ ਤਰ੍ਹਾਂ ਪ੍ਰਭੂ ਦੇ ਸੱਚੇ ਗੁਰਮੁਖ (ਸੰਤ) ਸਾਧੂ ਆਪਣੇ ਅੰਗਾਂ (ਭਾਵ ਸਰੀਰ ਨੂੰ) ਪਿਛਾਹਾਂ ਨਹੀਂ ਹਟਾਉਂਦੇ, ਜੇ ਜਗਤ ਦੇ ਪਰਚੇ ਵਾਸਤੇ (ਭਾਵ ਹਿਤ ਲਈ) ਲੋੜ ਪੈ ਜਾਏ।੧੩।

*ਭਾਵਾਰਥ :* ਗੁਰਮਤ ਨੇ ਕਿਸੇ ਦੇ ਸਰੀਰ 'ਤੇ ਪਹਿਰੇ ਹੋਏ ਸਾਧੂ ਦੇ ਲਿਬਾਸ ਨੂੰ ਮਹਾਨਤਾ ਨਹੀਂ ਦਿਤੀ ਜਿਤਨਾ ਚਿਰ ਕਿਸੇ ਨੇ ਆਪਣੇ ਅੰਤਰ ਆਤਮੇ ਰੱਬੀ ਗੁਣਾਂ ਦੀ ਧਾਰਨਾ ਨ ਧਾਰਨ ਕੀਤੀ ਹੋਵੇ, ਕਿਉਂਕਿ ਬਾਹਰਲੇ ਪਹਿਰਾਵੇ ਨੂੰ ਵੇਖ ਕੇ ਸਰਲ ਚਿੱਤ ਲੋਕ ਭਲੇਖਾ ਖਾ ਹੀ ਜਾਂਦੇ ਹਨ। ਜਿਵੇਂ ਸਾਡੇ ਸਾਹਮਣੇ ਖੰਡ, ਚੂਨਾਂ, ਆਟਾ ਵੇਖਣ ਵਿਚ ਸਮਾਨ ਹੀ ਚਿੱਟੇ ਨਜ਼ਰ ਆਉਂਦੇ ਹਨ, ਪਰ ਜਿਤਨਾ ਚਿਰ ਜ਼ਬਾਨ 'ਤੇ ਨ ਰਖੀਏ ਉਤਨਾ ਚਿਰ ਭੁਲੇਖਾ ਬਣਿਆ ਹੀ ਰਹਿੰਦਾ ਹੈ, ਉਨ੍ਹਾ ਨੂੰ ਰਸਨਾ 'ਤੇ ਰੱਖਣ ਨਾਲ ਹੀ ਉਨ੍ਹਾ ਦੇ ਰਸ ਤੇ ਕੁਰਸ ਦੀ ਜਾਣਕਾਰੀ ਹੁੰਦੀ ਹੈ।

ਜਾਂ ਇਉ ਕਹਿ ਲਵੋ ਕਿ ਸਾਡੇ ਸਾਹਮਣੇ ਸੋਨੇ ਤੇ ਪਿੱਤਲ ਦੇ ਬਣੇ ਗਹਿਣੇ ਦੂਰੋਂ ਵੇਖਣ ਵਿਚ ਪੀਲੇ ਰੰਗ ਦੇ ਸਮਾਨ ਹੀ ਦਿਸਦੇ ਹਨ, ਪਰ ਕਿਸੇ ਸਰਾਫ਼ ਦੀ ਨਜ਼ਰ ਹੀ ਸਹੀ ਪਰਖ ਕਰਦੀ ਹੈ ਕਿ ਸੋਨੇ ਦੇ ਸਹੀ ਗਹਿਣੇ ਕੇਹੜੇ ਅਤੇ ਪਿੱਤਲ ਦੇ ਨਕਲੀ ਕੌਣ ਹਨ।

ਜੇ ਕਿਸੇ ਦਰੱਖ਼ਤ 'ਤੇ ਕਾਲੇ ਰੰਗ ਦੇ ਦੋ ਪੰਛੀ ਕਾਂ ਤੇ ਕੋਇਲ ਬੈਠੇ ਹਨ ਤਾਂ ਉਨ੍ਹਾਂ ਨੂੰ ਵੇਖਕੇ ਵੇਖਣ ਵਾਲੇ ਨੂੰ ਉਤਨਾ ਚਿਰ ਭਰਮ ਭੁਲੇਖਾ ਬਣਿਆ ਹੀ ਰਹਿੰਦਾ ਹੈ ਕਿ ਇਨ੍ਹਾਂ ਵਿਚ ਕਾਂ ਕੌਣ ਤੇ ਕੋਇਲ ਕਿਹੜੀ ਹੈ, ਪਰ ਉਨ੍ਹਾ ਦੀ ਅਵਾਜ਼ ਸੁਣਕੇ ਹੀ ਸੰਸਾ ਦੂਰ ਹੁੰਦਾ ਹੈ, ਕਿਉਂਕਿ ਕਾਂ ਦੀ ਅਵਾਜ਼ ਕੁਰੱਖਤ ਤੇ ਕੋਇਲ ਦੀ ਅਵਾਜ਼ ਰਸੀਲੀ ਹੈ।

ਇਸੇ ਤਰ੍ਹਾਂ ਸਾਨੂੰ ਸਾਧੂ ਤੇ ਅਸਾਧੂ ਵੇਖਣ ਵਿਚ ਬਾਹਰਲੇ ਪਹਿਰਾਵੇ ਤੋਂ ਇਕੋ ਸਮਾਨ ਨਜ਼ਰ ਆਉਂਦੇ ਹਨ. ਪਰ ਉਨ੍ਹਾਂ ਦੀ ਮਾਨਸਕ ਕ੍ਰਿਆ ਤੋਂ ਹੀ ਸਾਨੂੰ ਸਹੀ ਜਾਣਕਾਰੀ ਹੁੰਦੀ ਹੈ ਕਿ ਇਨ੍ਹਾ ਵਿਚ ਗੁਰਮਤ ਅਨੁਸਾਰ ਦੈਵੀ ਗੁਣਾਂ ਦੀ ਧਾਰਨਾ ਕਰਨ ਵਾਲਾ ਸਹੀ ਪਵਿਤ੍ਰ ਸਾਧੂ ਕਿਹੜਾ ਹੈ ਇਸ ਦਾ ਬਾਣੀ ਵਿਚ ਜਿਕਰ ਆਉਂਦਾ ਹੈ ਕਿ ਕੇਵਲ ਬਾਹਰਲਾ ਨਿਰਮਲ ਪਹਿਰਾਵਾ ਹੀ ਸਹੀ ਸੰਤ ਦੀ ਪਛਾਣ ਨਹੀਂ, ਬਾਣੀ ਨੇ ਤਾਂ ਅਸਲ ਸੰਤ, ਸਾਧੂ ਉਸੇ ਨੂੰ ਮੰਨਿਆ ਹੈ :

ਸਾਧ ਨਾਮ ਨਿਰਮਲ ਤਾ ਕੇ ਕਰਮ॥ *(ਪੰਨਾ ੨੯੬)*

## ੧੪. ਲੋਹੇ ਦਾ ਦ੍ਰਿਸ਼ਟਾਂਤ

੧. ਲੋਹਾ ਆਰਿਣ ਪਾਇ
ਤਾਵਣਿ ਤਾਇਆ।
੨. ਘਣ ਅਹਿਰਣ ਹਣਵਾਇ
ਦੁੱਖੁ ਸਹਾਇਆ।
੩. ਆਰਸੀਆਂ ਘੜਵਾਇ
ਮੁੱਲ ਕਰਾਇਆ।
੪. ਖਹੁਰੀ ਸਾਣ ਧਰਾਇ
ਅੰਗੁ ਹਛਾਇਆ।

੫. ਪੈਰਾਂ ਹੇਠ ਰਖਾਇ
ਸਿਕਲ ਕਰਾਇਆ।
੬. ਗੁਰਮੁਖ ਆਪੁ ਗਵਾਇ
ਆਪੁ ਦਿਖਾਇਆ ॥੧੪॥

*ਪਦ ਅਰਥ :* ਆਰਣਿ—ਲੁਹਾਰ ਦੀ ਤਪਦੀ ਭੱਠੀ। ਅਹਿਰਣ—ਵੱਡਾ ਲੋਹਾ, ਲੋਹੇ ਦਾ ਇਕ ਵੱਡਾ ਟੋਟਾ ਜਿਸ ਤੇ ਲੋਹਾ ਰੱਖ ਕੇ ਘੜਦੇ ਹਨ। ਤਾਵਣਿ—ਅਗਨੀ। ਘਣ—ਹਥੌੜਾ। ਹਣਵਾਇ—ਸੱਟਾਂ ਮਰਵਾ ਕੇ। ਖਹੁਰੀ—ਖੁਰਦਰੀ। ਸਿਕਲ—ਮਾਂਜਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਕਿ ਆਪ ਜੀ ਪਿਛੇ ਜਾਣਕਾਰੀ ਦੇਂਦੇ ਆ ਰਹੇ ਹੋ ਕਿ ਗੁਰਮੁਖ ਕਪਾਹ, ਮਜੀਠ ਤੇ ਕਮਾਦ ਆਦਿਕ ਸੈਆਂ ਤੋਂ ਸ਼ੁਭ ਗੁਣਾਂ ਦੀ ਪ੍ਰੇਰਨਾ ਲੈਂਦੇ ਹਨ ਕੀ ਉਹ ਇਸੇ ਤਰ੍ਹਾਂ ਲੋਹੇ ਤੋਂ ਭੀ ਕੋਈ ਗੁਣਾਂ ਦੀ ਪ੍ਰੇਰਨਾ ਲੈਂਦੇ ਹਨ, ਕਿਉਂਕਿ ਲੋਹਾ ਤਾਂ ਅਤਿਅੰਤ ਹੀ ਕਠੋਰ ਤੇ ਸਖ਼ਤ ਹੈ, ਉਹ ਉਸ ਤੋਂ ਕੀ ਧਾਰਨਾ ਲੈਂਦੇ ਹਨ?

ਉ: ਹੇ ਭਾਈਓ! ਗੁਰਮੁਖ ਆਪਣੀ ਸਾਰ ਗ੍ਰਾਹੀ ਬ੍ਰਿਤੀ ਦੇ ਧਾਰਨੀ ਹੋਣ ਦੇ ਹੀ ਆਦੀ ਹਨ, ਉਹ ਲੋਹੇ ਦੀ ਕਠੋਰਤਾ ਵੱਲ ਧਿਆਨ ਨਹੀਂ ਦੇਂਦੇ, ਉਹ ਉਸ ਲੋਹੇ ਤੋਂ ਭੀ ਗੁਣਾਂ ਦੀ ਧਾਰਨਾ ਲੈਂਦੇ ਹਨ, ਕਿਉਂਕਿ ਉਨ੍ਹਾਂ ਨੂੰ ਗੁਰੂ ਦੀ ਸੰਗਤ ਵਿਚੋਂ ਇਹੋ ਉਪਦੇਸ਼ ਮਿਲਦਾ ਹੈ ਜਿਸਦਾ ਸਦਕਾ ਉਹ ਆਪਣੇ ਮਨ ਨੂੰ ਇਉਂ ਹੀ ਸੰਬੋਧਨ ਕਰਦੇ ਹਨ ਕਿ ,ਹੇ ਮੇਰੇ ਮਨ! ਤੂੰ ਸਦਾ ਸਤਿਗੁਰੂ ਦੀ ਸ਼ਰਨ ਵਿਚ ਪੁੱਜ ਜਿਥੇ ਤੂੰ ਲੋਹੇ ਵਾਂਗ ਕਠੋਰਤਾ ਦਾ ਤਿਆਗ ਕਰਕੇ ਸੋਨੇ ਵਾਂਗ ਸ਼ੁੱਧ ਹੋ ਜਾਵੇਂਗਾ, ਬਾਣੀ ਦਾ ਫ਼ੁਰਮਾਨ ਹੈ, ਜਿਵੇਂ ਕਿ:

ਮਨੁ ਸਤਿਗੁਰ ਸਰਨਿ ਧਿਆਵੈਗੋ ॥
ਲੋਹਾ ਹਿਰਨੁ ਹੋਵੈ ਸੰਗਿ ਪਾਰਸ
ਗੁਨੁ ਪਾਰਸ ਕੋ ਹੋਇ ਆਵੈਗੋ ॥੧॥

*(ਕਾਨੜਾ ਮ: ੪, ਪੰਨਾ ੧੩੧੧)*

ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥
ਪਾਹਣ ਮਾਣਕ ਕਰੈ
ਗਿਆਨੁ ਗੁਰ ਕਹਿਅਉ ਬੀਚਾਰੈ ॥

*(ਸਵਈਏ ਮ: ੪ ਕੇ, ਪੰਨਾ ੧੩੯੯)*

ਲੋਹਾ ਕੰਚਨੁ ਹਿਰਨ ਹੋਇ ਕੈਸੇ
ਜਉ ਪਾਰਸਹਿ ਨ ਪਰਸੈ ॥੧॥

*(ਰਾਮਕਲੀ ਰਵਿਦਾਸ ਜੀ, ਪੰਨਾ ੯੭੩)*

ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥
ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ
ਮਿਲਿ ਨਾਮੁ ਧਿਆਇਆ ॥

*(ਪਉੜੀ, ਪੰਨਾ ੧੨੪੫)*

ਲੋਹ ਮਨੂਰ ਕੰਚਨੁ ਮਿਲਿ ਸੰਗਤਿ
ਹਰਿ ਉਰਧਾਰਿਓ ਗੁਰਿ ਹਰਿਭਾ ॥੨॥

*(ਪ੍ਰਭਾਤੀ ਮ: ੪, ਪੰਨਾ ੧੩੩੭)*

ਹੇ ਭਾਈਓ! ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਦੁਆਰੇ ਗੁਰਮੁਖ ਲੋਹੇ ਤੋਂ ਹਮੇਸ਼ਾ ਗੁਰੂ ਦੀ ਸੰਗਤ ਕਰਦੇ ਰਹਿਣ ਦੀ ਪ੍ਰੇਰਨਾ ਲੈਂਦੇ ਹਨ, ਕਿਉਂਕਿ ਗੁਰਮੁਖ ਵੇਖਦੇ ਹਨ ਕਿ ਲੋਹਾ ਭਾਵੇਂ ਖ਼ੁਦ ਕਿਤਨਾ ਹੀ ਕਠੋਰ ਹੈ ਪਰ ਪਾਰਸ ਦੀ ਸੰਗਤ ਕਰਕੇ ਉਹ ਭੀ ਸੋਨਾ ਬਣ ਜਾਂਦਾ ਹੈ। ਜਿਤਨਾ ਚਿਰ ਲੋਹਾ ਪਾਰਸ ਨੂੰ ਸਪਰਸ ਨਹੀ ਕਰੇਗਾ ਉਹ ਸੋਨਾ ਬਣ ਹੀ ਨਹੀਂ ਸਕਦਾ, ਇਸੇ ਤਰ੍ਹਾਂ ਗੁਰਮੁਖ ਆਪਣੇ ਮਨ ਰੂਪੀ ਲੋਹੇ, ਮਨੂਰ ਨੂੰ ਗੁਰੂ ਦੀ ਸੰਗਤ ਵਿਚ ਲਿਆਉਣ ਦੀ ਸਦਾ ਹੀ ਪ੍ਰੇਰਨਾ ਕਰਦੇ ਹਨ ਜਿਸ ਸੰਗਤ ਦਾ ਸਦਕਾ ਇਹ ਲੋਹੇ ਸਮਾਨ ਕਠੋਰ ਮਨ ਬਾਰਾਂ ਵੰਨੀ ਦੇ ਸੋਨੇ ਵਾਂਗ ਸ਼ੁਧ ਹੋ ਆਪਣਾ ਸਹੀ ਸ਼ੁੱਧ ਸਰੂਪ ਬਣ ਜਾਂਦਾ ਹੈ, ਇਸ ਤਰ੍ਹਾਂ ਗੁਰਮੁਖ ਗੁਰੂ ਦੀ ਸੰਗਤ ਰਾਹੀਂ ਆਪਾ-ਭਾਵ ਗਵਾ ਕੇ ਲੋਕਾਈ ਦੀ ਭਲਾਈ ਲਈ ਲੋਹੇ ਵਾਂਗ ਉਪਕਾਰੀ ਸੁਭਾ ਦੇ ਧਾਰਨੀ ਹੋ ਜੀਵਨ ਗੁਜਾਰਦੇ ਹਨ। ਸੋ, ਮੈਂ ਭੀ ਲੋਹੇ ਦੇ ਕੁਝ ਕੁ ਉਪਕਾਰਾਂ ਨੂੰ ਤੱਕ ਕੇ ਚੰਦ ਪੰਗਤੀਆਂ ਉੱਕਰੀਆਂ ਹਨ, ਜਿਵੇਂ ਕਿ:

(੧) (ਹੇ ਭਾਈ! ਜਿਵੇਂ ਅਸੀਂ ਵੇਖਦੇ ਹਾ ਕਿ) ਲੋਹੇ ਨੂੰ (ਲੁਹਾਰ ਦੀ) ਭੱਠੀ ਵਿਚ ਪਾ ਕੇ ਅੱਗ ਵਾਂਗ ਲਾਲ ਕਰ ਦਿਤਾ ਜਾਂਦਾ ਹੈ।
(੨) (ਉਸ ਤਪੇ ਹੋਏ ਲੋਹੇ ਨੂੰ) ਅਹਿਰਣ ਤੇ ਰੱਖ ਕੇ, ਹਥੋੜੇ ਨਾਲ (ਸੱਟਾ ਮਾਰ ਮਾਰ ਕੇ) ਘੜਦੇ ਹਨ। ਇਸ ਤਰ੍ਹਾਂ ਲੋਹਾ ਵੱਡਾ ਦੁੱਖ ਸਹਿੰਦਾ ਹੈ।
(੩) ਸ਼ੀਸ਼ੇ ਦੀ ਤਰ੍ਹਾਂ ਘੜ ਕੇ (ਸਾਫ ਕਰਕੇ ਫਿਰ) ਮੁੱਲ ਕੀਤਾ ਜਾਂਦਾ ਹੈ।
(੪) ਖੁਰਦਰੀ ਸਾਣ ਉਤੇ ਰੱਖ ਕੇ (ਲੋਹੇ ਦੇ) ਅੰਗ ਛਿੱਲ ਰਗੜ ਰਗੜ ਕੇ (ਤੇਜ ਕੈਂਚੀਆ, ਚਾਕੂ ਤੇ ਤਲਵਾਰਾਂ ਨੂੰ) ਤੇਜ਼ ਕੀਤਾ ਜਾਂਦਾ ਹੈ।

(੫) (ਫੇਰ) ਪੈਰਾਂ ਹੇਠਾਂ ਰੱਖ ਕੇ (ਤੇਜ਼ ਧਾਰ ਵਾਲੇ ਹਥਿਆਰਾਂ ਨੂੰ) ਸਿਕਲ ਕੀਤਾ ਜਾਂਦਾ ਹੈ।

(੬) (ਹੁਣ ਅੰਤਲੀ ਤੁਕ ਵਿਚ ਲੋਹੇ ਦੇ ਆਪਾ ਗਵਾ ਕੇ ਦੁੱਖ ਸਹਿ ਕੇ ਕੁਝ ਬਣ ਨਿਕਲਣ ਦੀ ਮਿਸਾਲ ਨੂੰ ਗੁਰਮੁਖ ਉਤੇ ਘਟਾ ਕੇ ਦਸਿਆ ਹੈ ਕਿ ਗੁਰਮੁਖ ਨੇ ਵੀ) ਆਪਣਾ ਆਪ ਗਵਾ ਕੇ (ਹਉਮੈ ਤੇ ਮੈਂ ਮੇਰੀ ਦਾ ਭਾਵ ਮਿਟਾ ਕੇ ਆਪਣੇ ਮਨ ਨੂੰ ਜਪਾਂ ਤਪਾਂ ਤੇ ਗਿਆਨ ਦੇ ਤਾਅ ਦੇ ਕੇ, ਅਭਿਆਸ ਦੀਆਂ ਸੱਟਾਂ ਮਾਰ ਮਾਰ ਕੇ) ਦੇਖਿਆ ਜਾਂ ਪ੍ਰਗਟ ਹੋਇਆ (ਦਿਖਾਇਆ) ਹੈ।੧੪।

*ਭਾਵਾਰਥ :* ਗੁਰਮੁਖ ਲੋਹੇ ਤੋਂ ਪ੍ਰੇਰਨਾ ਲੈਂਦੇ ਹਨ ਕਿ ਜਿਵੇਂ ਲੋਹਾ ਪਾਰਸ ਦੀ ਸੰਗਤ ਕਰਕੇ ਸੋਨਾ ਬਣ ਜਾਂਦਾ ਹੈ, ਪਰ ਉਹ ਲੋਹਾ ਖ਼ੁਦ ਪਾਰਸ ਨਹੀਂ ਬਣ ਸਕਦਾ। ਗੁਰੂ ਦੀ ਸੰਗਤ ਪਰਮ ਪਾਰਸ ਹੈ ਜੋ ਉਸ ਸੰਗਤ ਵਿਚ ਮਿਲਦਾ ਹੈ ਉਹ ਸੰਗਤ ਉਸ ਸਤਿਸੰਗੀ ਨੂੰ ਭੀ ਆਪਣਾ ਹੀ ਪਾਰਸ ਰੂਪ ਬਣਾ ਲੈਂਦੀ ਹੈ। ਇਸੇ ਲਈ ਬੁਧੀ ਜੀਵੀ ਲੋਕ ਪਾਰਸ ਤੋਂ ਭੀ ਸਤਿਸੰਗ ਨੂੰ ਉਚਾ ਦਰਜਾ ਦੇਂਦੇ ਹਨ, ਜਿਵੇਂ ਕਿ

ਪਾਰਸ ਅਰ ਸਤਿਸੰਗ ਮਹਿ ਬਡੋ ਅੰਤਰਾ ਜਾਨ॥
ਉਹ (ਪਾਰਸ) ਲੋਹਾ ਕੰਚਨ ਕਰੇ ਇਹ ਕਰੇ ਆਪ ਸਮਾਨ॥

## ੧੫. ਰਬਾਬ ਦਾ ਉਦਾਹਰਣ

੧. ਚੰਗਾ ਰੁਖ ਵਢਾਇ
ਰਬਾਬੁ ਘੜਾਇਆ।
੨. ਛੇਲੀ ਹੋਇ ਕੁਹਾਇ
ਮਾਸੁ ਵੰਡਾਇਆ।
੩. ਆਂਦਹੁ ਤਾਰ ਬਣਾਇ
ਚੰਮਿ ਮੜ੍ਹਾਇਆ।
੪. ਸਾਧ ਸੰਗਤਿ ਵਿਚ ਆਇ
ਨਾਦ ਵਜਾਇਆ।
੫. ਰਾਗ ਰੰਗ ਉਪਜਾਇ
ਸ਼ਬਦ ਸੁਣਾਇਆ।
੬. ਸਤਿਗੁਰੁ ਪੁਰਖੁ ਧਿਆਇ
ਸਹਜਿ ਸਮਾਇਆ॥੧੫॥

*ਪਦ ਅਰਥ :* ਰੁੱਖ—ਬ੍ਰਿਛ। ਛੇਲੀ—ਪਠੋਰੀ, ਬੱਕਰੀ ਦਾ ਜਵਾਨ ਹੋ ਰਿਹਾ ਬੱਚਾ। ਆਂਦਹੁ—ਆਂਦਰਾਂ ਤੋਂ। ਨਾਦ—ਧੁਨੀ। ਉਪਜਾਇ—ਪੈਦਾ ਕਰਕੇ।

### ਅਰਥ :

ਪ੍ਰ: ਕਿਉਂ ਭਾਈ ਸਾਹਿਬ ਜੀਉ! ਕੀ ਰੱਬੀ ਮਾਰਗ 'ਤੇ ਸਫਰ ਕਰਨ ਵਾਲੇ ਗੁਰਮੁਖ ਮੁਸਾਫਰ ਕਿਸੇ ਰਬਾਬ ਦੀ ਰਮਣੀਕ ਧੁਨੀ ਨੂੰ ਸੁਣਕੇ ਉਸ ਤੋਂ ਭੀ ਕਿਸੇ ਗੁਣ ਧਾਰਨ ਕਰਨ ਦੀ ਪ੍ਰੇਰਨਾ ਲੈਂਦੇ ਹਨ?

ਉ: ਹੇ ਭਾਈਓ! ਮੈਂ ਤਾਂ ਜਦੋਂ ਗੁਰਮੁਖਾਂ ਦੀ ਸਾਰਗਰਾਹੀ ਦੂਰ-ਦਰਸ਼ੀ ਸੋਚਨੀ ਵੱਲ ਤੱਕਦਾ ਹਾਂ ਕਿ ਉਹ ਗੁਰਮੁਖ ਹਰ ਸ਼ੈ ਤੋਂ ਹੀ ਉਸਦੇ ਚੰਗੇ ਗੁਣ ਧਾਰਨ ਕਰਦੇ ਰਹਿਣ ਦੀ ਪ੍ਰੇਰਨਾ ਲੈਂਦੇ ਹਨ। ਜਦ ਉਹ ਕਿਸੇ ਰਬਾਬ ਵੱਜਦੀ ਵੱਲ ਤੱਕ ਕੇ ਕਿਸੇ ਦਰੱਖ਼ਤ ਦੀ ਕੁਰਬਾਨੀ ਵੱਲ ਨਜ਼ਰ ਮਾਰਦੇ ਹਨ ਕਿ ਕਿਸੇ ਰੁੱਖ ਨੇ ਉਸ ਰਬਾਬ ਦੀ ਰੂਪ-ਰੇਖਾ ਤਿਆਰ ਕਰਨ ਲਈ ਆਪਣੇ ਆਪ ਨੂੰ ਵਢਵਾਇਆ ਹੈ। ਨਾਲ ਹੀ ਉਸ ਛੇਲੀ ਵੱਲ ਵੀ ਤੱਕਦੇ ਹਨ ਜਿਸ ਨੇ ਆਪਣੇ ਆਪ ਨੂੰ ਕੁਰਬਾਨ ਕਰਕੇ ਆਪਣੀਆਂ ਆਂਦਰਾਂ ਦੀ ਤੰਦ ਬਣਵਾ ਕੇ ਰਬਾਬ ਵਿਚੋਂ ਸੰਗੀਤ ਜੈਸੀ ਕੋਮਲ ਕਲਾ ਨੂੰ ਜਨਮ ਦਿੱਤਾ ਹੈ, ਜਦੋਂ ਉਹ ਗੁਰਬਾਣੀ ਦਾ ਪਾਠ ਕਰਦੇ ਹਨ ਤਾਂ ਉਨ੍ਹਾਂ ਦੇ ਪੜ੍ਹਨ ਵਿਚ ਇਹ ਭੀ ਪੰਗਤੀਆਂ ਆਉਂਦੀਆਂ ਹਨ ਜਿਸ ਤੋਂ ਉਨ੍ਹਾਂ ਦੇ ਮਨ ਨੂੰ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ:

ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ॥
ਰਬਾਬੁ ਪਖਾਵਜ ਤਾਲ ਘੁੰਘਰੂ
ਅਨਹਦ ਸਬਦੁ ਵਜਾਵੈ॥ *(ਆਸਾ ਮ: ੫, ਪੰਨਾ ੩੮੧)*

ਭਾਵ ਗੁਰਮੁਖ ਇਨ੍ਹਾਂ ਰਬਾਬ ਆਦਿਕ ਸਾਜ਼ਾਂ ਦੀ ਧੁਨੀ ਨੂੰ ਸੁਣ ਕੇ ਆਪਣੇ ਮਨ ਨੂੰ ਉਸ ਪ੍ਰਮੇਸ਼ਰ ਦੇ ਗੁਣ ਗਾਉਂਦੇ ਰਹਿਣ ਦੀ ਨਿਰਤਕਾਰੀ ਕਰਨ ਦੀ ਪ੍ਰੇਰਨਾ ਲੈਂਦੇ ਹਨ। ਜਿਸਦਾ ਸਦਕਾ ਉਹ ਦਰੱਖ਼ਤ ਤੇ ਛੇਲੀ ਵਾਂਗ ਆਪਾ-ਭਾਵ ਮਿਟਾ ਕੇ ਆਪਣੇ ਸਹਿਜ ਸਰੂਪ ਵਿਚ ਸਹਿਜੇ ਹੀ ਸਮਾ ਜਾਂਦੇ ਹਨ।

ਮੈਂ ਭੀ ਇਨ੍ਹਾਂ ਹੀ ਗੁਰਮੁਖਾਂ ਦੀ ਉਚੇਰੀ ਮਾਨਸਕ ਅਵਸਥਾ ਨੂੰ ਤੱਕ ਕੇ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਇਕ ਰਬਾਬ ਅਤੇ ਛੇਲੀ ਦਾ ਦ੍ਰਿਸ਼ਟਾਂਤ ਵਰਤਿਆ ਹੈ, ਜਿਵੇਂ ਕਿ :

(੧) (ਹੇ ਭਾਈਓ! ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਕਿਸੇ ਨੇ) ਚੰਗੀ ਕਿਸਮ (ਤੂਣ ਆਦਿ) ਦਾ ਬ੍ਰਿਛ ਵਢਾ ਕੇ ਰਬਾਬ ਘੜਵਾਇਆ।

(੨) ਅਤੇ ਛੋਟੀ ਬੱਕਰੀ ਨੇ ਮਾਸ ਕੁਹਾਇ (ਭਾਵ ਮਰ ਕੇ) ਮਾਸ ਨੂੰ ਵੰਡਵਾ ਦਿਤਾ।

(੩) ਉਸ ਦੀਆਂ ਆਂਦਰਾਂ ਦੀਆਂ ਬਾਰੀਕ ਨਾੜਾਂ ਦੀਆਂ ਤਾਰਾਂ ਬਣਵਾਈਆਂ ਤੇ ਚੰਮ ਨਾਲ (ਰਬਾਬ ਨੂੰ) ਮੜ੍ਹਿਆ (ਗਿਆ)

(੪) (ਫਿਰ) ਸਾਧ ਸੰਗਤ ਵਿਚ ਆ ਕੇ (ਰਬਾਬੀਆਂ ਨੇ) ਰਬਾਬ ਨੂੰ ਵਜਾਇਆ ਤੇ ਧੁਨੀ ਪੈਦਾ ਕੀਤੀ।

(੫) (ਤਰ੍ਹਾਂ ਤਰ੍ਹਾਂ ਦੇ ਤਾਲਾਂ ਤੇ ਪਲਟਿਆਂ ਨਾਲ) ਰਾਗ ਰੰਗ ਪੈਦਾ ਕਰਕੇ (ਉਨ੍ਹਾਂ ਨਾਲ ਗੁਰੂ ਦੇ) ਸ਼ਬਦ ਨੂੰ ਸੁਣਾਇਆ।

(੬) ਰਬਾਬ ਵਾਂਗ ਪ੍ਰੇਮ ਨਾਲ ਖਿੜੇ ਮੱਥੇ ਦੁਖ ਤੇ ਤਸੀਹੇ ਸਹਾਰ ਕੇ (ਜਿਨ੍ਹਾਂ ਗੁਰਮੁਖਾਂ ਨੇ) ਸਤਿਗੁਰੂ (ਪੂਰੇ) ਪੁਰਖ ਨੂੰ ਧਿਆਇਆ ਜਾਂ ਚੇਤੇ ਕੀਤਾ ਹੈ, (ਓਹੀ ਲੋਕ) ਸਹਿਜ ਪਦ ਵਿਖੇ ਸਮਾਏ ਹਨ। (ਭਾਵ ਸਰੂਪ ਵਿਚ ਮਗਨ ਹੋ ਗਏ) ਕੇਵਲ ਨਿਰੇ ਕਥਾ ਵਖਿਆਨਾਂ ਨਾਲ ਕੁਝ ਭੀ ਨਹੀਂ ਮਿਲਦਾ।੧੫।

***ਭਾਵਾਰਥ :*** ਰੱਬੀ ਮਾਰਗ ਪਰ ਸਫ਼ਰ ਕਰਨਾ ਇਕ ਅਉਘਟ ਘਾਟੀ ਹੈ ਜਿਸ ਤੇ ਹਰ ਬੰਦਾ ਸਫ਼ਲ ਨਹੀਂ ਹੋ ਸਕਦਾ, ਕਿਉਂਕਿ ਇਸ ਰੱਬੀ ਰਾਹ 'ਤੇ ਚਲਣ ਲਈ ਦਰੱਖ਼ਤ ਤੇ ਛੇਲੀ ਵਾਂਗ ਆਪਣੇ ਆਪ ਦੀ ਕੁਰਬਾਨੀ ਦੇਣੀ ਪੈਂਦੀ ਹੈ ਜੋ ਕਿ ਹਰ ਬੰਦਾ ਇਸ ਕੁਰਬਾਨੀ ਦੇਣ ਵਲੋਂ ਵਿਡਕ ਜਾਂਦਾ ਹੈ, ਪਰ ਗੁਰੂ ਦੇ ਸਾਦਕ ਸਿਖ ਹੀ ਆਪਾ-ਭਾਵ ਮਿਟਾ ਕੇ ਆਪਣੀ ਸਹੀ ਮੰਜ਼ਲ 'ਤੇ ਪੁੱਜ ਕੇ ਸਦੀਵੀ ਸੁਖ ਹਾਸਲ ਕਰਦੇ ਤੇ ਬਾਕੀ ਦੇ ਸਾਦਕਾਂ ਲਈ ਭੀ ਇਕ ਚਾਨਣ ਮੁਨਾਰਾ ਸਾਬਤ ਹੁੰਦੇ ਹਨ।

## ੧੬. ਚੰਦਨ ਦੇ ਰੁੱਖ ਦਾ ਦ੍ਰਿਸ਼ਟਾਂਤ

੧. ਚੰਨਣੁ ਰੁੱਖ ਉਪਾਇ
ਵਣਖੰਡਿ ਰੱਖਿਆ।

੨. ਪਵਣੁ ਗਵਣੁ ਕਰਿ ਜਾਇ
ਅਲਖ ਨ ਲੱਖਿਆ।

੩. ਵਾਸੁ ਬਿਰਖ ਬੁਹਾਇ
ਸੱਚ ਪਰੱਖਿਆ।

੪. ਸੱਭੇ ਵਰਨ ਗਵਾਇ
ਭੱਖਿ ਅਭੱਖਿਆ

੫. ਸਾਧ ਸੰਗਤਿ ਭੈ ਭਾਇ
ਅਪਿਉ ਪੀ ਚੱਖਿਆ।

੬. ਗੁਰਮੁਖ ਸਹਜਿ ਸੁਭਾਇ
ਪ੍ਰੇਮ ਪ੍ਰਤੱਖਿਆ ॥੧੬॥

***ਪਦ ਅਰਥ :*** ਚੰਨਣੁ—ਚੰਦਨ ਸੁਗੰਧੀ ਵਾਲਾ। ਵਾਸੁ—ਵਾਸ਼ਨਾ। ਬੁਹਾਇ—ਸੁਗੰਧਿਤ। ਭੱਖਿ ਅਭੱਖਿਆ—ਭਲੇ ਬੁਰੇ। ਵਣਖੰਡਿ—ਸੰਘਣਾ ਵਣ। ਅਪਿਉ—ਅੰਮ੍ਰਿਤ। ਪ੍ਰਤੱਖਿਆ—ਪ੍ਰਤੱਖ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਸਾਧ ਸੰਗਤ ਵਿਚ ਜਿਤਨੀ ਭੀ ਲੁਕਾਈ ਆਉਂਦੀ ਹੈ, ਉਨ੍ਹਾਂ ਵਿਚ (ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ) ਦੇ ਮਹਾਂਵਾਕ ਅਨੁਸਾਰ ਉਹ ਗੁਰਮੁਖ ਬੰਦੇ ਬਹੁਤ ਹੀ ਘਟ ਹਨ ਜਿਨ੍ਹਾਂ ਦੇ ਅੰਤਰ ਆਤਮੇ ਰੋਮ ਰੋਮ ਵਿਚ ਉਸ ਪ੍ਰਭੂ ਦਾ ਪ੍ਰੇਮ ਰਸ ਸਮਾਇਆ ਹੋਵੇ, ਉਹ ਭਾਵੇਂ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਪ੍ਰਦਰਸ਼ਨੀ ਭੀ ਨਹੀਂ ਕਰਦੇ ਉਹ ਫਿਰ ਭੀ ਸੁਭਾਵਕ ਸੰਸਾਰ ਵਿਚ ਪ੍ਰਗਟ ਹੋ ਹੀ ਜਾਂਦੇ ਹਨ ਇਸਦਾ ਸਹੀ ਕਾਰਨ ਕੀ ਹੈ, ਦਸੋਗੇ ?

ਉ: ਹੇ ਭਾਈਚੋ! ਜਦੋਂ ਅਸੀਂ ਬ੍ਰੀਕਬੀਨੀ ਨਜ਼ਰਾਂ ਨਾਲ ਤੱਕਾਂਗੇ ਤਾਂ ਸਾਨੂੰ ਸੁਭਾਵਕ ਹੀ ਇਹ ਦਿਸ ਆਵੇਗਾ ਕਿ ਉਸ ਕਾਦਰ ਨੇ ਜੋ ਆਪਣੀ ਕੁਦਰਤ ਰਾਹੀਂ ਸੰਸਾਰ ਦੀ ਇਹ ਰਚਨਾ ਰਚੀ ਹੈ ਇਸ ਵਿਚ ਚੰਗੇ ਦਰਜੇ ਦੀਆ ਵਸਤੂਆਂ ਬਹੁਤ ਘਟ ਰਚੀਆ ਹਨ, ਜਿਵੇਂ ਕਿ ਅਸੀਂ ਸਾਧਾਰਨ ਪੱਥਰਾਂ ਦੀ ਗਿਣਤੀ ਆਮ ਵੇਖਦੇ ਹਾਂ, ਪਰ ਹੀਰੇ ਮੋਤੀ ਤੇ ਮਾਣਕ, ਲਾਲਾਂ ਨੂੰ ਵਧੇਰੇ ਨਹੀਂ ਤੱਕਦੇ। ਜਿਵੇ ਹੀਰੇ, ਮੋਤੀਆ ਨੂੰ ਪ੍ਰਗਟ ਕਰਨ ਲਈ ਕੋਈ ਵਧੇਰੇ ਨੁਮਾਇਸ਼ ਕਰਨ ਦੀ ਲੋੜ ਨਹੀ ਪੈਂਦੀ, ਇਸੇ ਤਰ੍ਹਾਂ ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਉਸ ਪ੍ਰਭੂ ਦਾ ਪ੍ਰੇਮ ਪਿਆਰ ਉਪਜ ਆਇਆ ਹੈ, ਉਹ ਸੁਤੇ ਹੀ ਪ੍ਰਗਟ ਹੋ ਆਉਂਦੇ ਹਨ, ਉਹ ਜੋ ਆਪਣੇ

ਆਪ ਨੂੰ ਗੁਪਤ ਭੀ ਰਖਣਾ ਚਾਹੁਣ ਤਾਂ ਭੀ ਉਹ ਲੁਕੇ ਛਿਪੇ ਨਹੀਂ ਰਹਿ ਸਕਦੇ ਬਾਣੀ ਵਿਚ ਜ਼ਿਕਰ ਆਇਆ ਜਿਵੇਂ ਕਿ :

ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ॥
ਅਨਿਕ ਜਤਨ ਕਰਿ ਹਿਰਦੈ ਰਾਖਿਆ
ਰਤਨੁ ਨ ਛਪੈ ਛਪਾਇਆ॥੧॥
*(ਸੋਰਠਿ ਭਗਤ ਭੀਖਨ, ਪੰਨਾ ੬੫੯)*

ਇਸੇ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਅਨੇਕਾਂ ਜੰਗਲਾਂ ਵਿਚ ਬੇਸ਼ੁਮਾਰ ਰੁੱਖ ਖਲੋਤੇ ਹਨ, ਪਰ ਚੰਦਨ ਦਾ ਰੁੱਖ ਕਿਸੇ ਵਿਰਲੇ ਜੰਗਲ ਵਿਚ ਹੀ ਕੁਦਰਤ ਨੇ ਪੈਦਾ ਕੀਤਾ ਹੈ, ਉਸ ਵਿਚ ਇਕੋ ਹੀ ਇਕ ਸੁਗੰਧੀ ਦੀ ਵਾਸ਼ਨਾ ਹੈ, ਜਿਸਦਾ ਸਦਕਾ ਉਹ ਸਾਰਿਆਂ ਤੋਂ ਛੋਟਾ ਹੁੰਦਾ ਹੋਇਆ ਭੀ ਸਾਰਿਆਂ ਤੋਂ ਸ਼ਿਰੋਮਣੀ ਮੰਨਿਆ ਗਿਆ ਹੈ, ਕਿਉਂਕਿ ਉਸ ਦੀ ਸੰਗਤ ਕਰਨ ਵਾਲੇ ਜਿਤਨੇ ਭੀ ਦਰੱਖ਼ਤ ਖਲੋਤੇ ਹਨ, ਉਹ ਭੀ ਸਾਰੇ ਚੰਦਨ ਹੀ ਬਣ ਜਾਂਦੇ ਹਨ, ਬਾਣੀ ਵਿਚ ਇਸਦਾ ਖੁਲਾਸਾ ਕੀਤਾ ਗਿਆ ਹੈ, ਜਿਵੇਂ ਕਿ :

ਕਬੀਰ ਚੰਦਨ ਕਾ ਬਿਰਵਾ ਭਲਾ
ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥
*(ਸਲੋਕ ਕਬੀਰ ਜੀ, ਪੰਨਾ ੧੩੬੫)*

ਇਸੇ ਹੀ ਤਰ੍ਹਾਂ ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਵਿਚ ਉਸ ਪ੍ਰਭੂ ਦੇ ਪ੍ਰੇਮ ਦਾ ਨਿਵਾਸ ਹੋ ਆਇਆ ਹੈ, ਉਸਦੀ ਭਗਤੀ ਦੀ ਵਾਸ਼ਨਾ ਦਾ ਸਦਕਾ ਉਨ੍ਹਾਂ ਦਾ ਪ੍ਰਗਟਾਵਾ ਸੰਸਾਰ ਦੇ ਕੋਨੇ ਕੋਨੇ ਵਿਚ ਹੋ ਜਾਇਆ ਕਰਦਾ ਹੈ।

ਜੋ ਲੋਕ ਆਪਣੇ ਆਪ ਦਾ ਪ੍ਰਗਟਾਵਾ ਕਰਨ ਵਾਲੇ ਹਨ, ਉਨ੍ਹਾਂ ਨੂੰ ਬਾਣੀ ਦੇ ਫ਼ੁਰਮਾਨ ਅਨੁਸਾਰ ਖਾਲੀ ਘੜੇ ਦੀ ਅਵਾਜ਼ ਵਾਂਗੂ ਹਰ ਪਖੋਂ ਸੱਖਣੇ ਹੀ ਸਮਝ ਲੈਣਾ ਚਾਹੀਦਾ ਹੈ, ਕਿਉਂਕਿ ਜੋ ਗੁਰਮੁਖ ਰੱਬੀ ਗੁਣਾਂ ਨਾਲ ਲਬਾ ਲਬ ਭਰਪੂਰ ਹੈ, ਉਹ ਤਾਂ ਸਦਾ ਖਾਮੋਸ਼ ਤੇ ਅਡੋਲ ਰਹਿੰਦਾ ਹੈ, ਬਾਣੀ ਦਾ ਫ਼ੁਰਮਾਨ ਭੀ ਇਹੋ ਹੈ, ਜਿਵੇਂ ਕਿ :

ਕਹੁ ਕਬੀਰ ਛੂਛਾ ਘਟੁ ਬੋਲੈ॥
ਭਰਿਆ ਹੋਇ ਸੁ ਕਬਹੁ ਨ ਡੋਲੈ॥੪॥ *(ਪੰਨਾ ੮੭੦)*

ਸੋ, ਮੈਂ ਭੀ ਗੁਰਬਾਣੀ ਦੇ ਭਾਵਾਂ ਨੂੰ ਧਾਰਨ ਕਰਨ ਵਾਲੇ ਗੁਰਮੁਖਾਂ ਦੇ ਜੀਵਨਾਂ ਤੋਂ ਪ੍ਰਭਾਵਤ ਹੋ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ ! ਉਸ ਪ੍ਰਮੇਸਰ ਨੇ) ਚੰਦਨ ਦਾ ਬ੍ਰਿਛ ਪੈਦਾ ਕਰਕੇ, ਗਾਹਣੇ ਤੇ ਘਣੇ ਜੰਗਲਾਂ ਵਿਚ ਰੱਖਿਆ ਹੈ।

(੨) ਹਵਾ ਉਸ ਵਿਚੋਂ (ਸੁਗੰਧੀ ਵਾਲੀ ਹੋ ਕੇ) ਲੰਘ, ਭਾਵ ਚਲੀ ਜਾਂਦੀ ਹੈ (ਜੇ ਇਤਨੀ ਪਛਾਣ ਹਵਾ ਨ ਕਰਾਏ ਤਾਂ) ਉਸ ਅਲੱਖ (ਬਾਵਨ ਚੰਦਨ ਦੀ) ਪਛਾਣ ਕੌਣ ਕਰ ਸਕਦਾ ? (ਭਾਵ ਨਹੀਂ ਕਰ ਸਕਦਾ)।

(੩) (ਉਹ) ਆਪਣੀ ਵਾਸ਼ਨਾ ਨਾਲ ਹੋਰ ਬ੍ਰਿਛਾਂ ਨੂੰ ਵੀ ਸੁਗੰਧੀ ਵਾਲਾ ਕਰ ਦੇਂਦਾ ਹੈ ਇਸ ਸਚਾਈ ਤੋਂ ਭੀ ਇਸਦੀ ਪਰਖ ਕੀਤੀ ਜਾਂਦੀ ਹੈ।

(੪) ਸਾਰੇ ਹੀ ਵਰਨ ਭੱਖ ਤੇ ਅਭੱਖ (ਭਲੇ, ਬੁਰੇ, ਅੱਕ, ਕਿੱਕਰ, ਨਿੰਮ, ਕਰੀਰ) ਸਭ ਆਪਣੇ ਵਰਨ ਗਵਾ ਚੰਦਨ ਹੀ ਬਣ ਜਾਂਦੇ ਹਨ।

(੫) (ਇਸੇ ਤਰ੍ਹਾਂ ਹੀ) ਸਾਧ ਸੰਗਤ ਨਾਲ ਜਿਨ੍ਹਾਂ ਨੇ ਪ੍ਰੇਮ ਕੀਤਾ ਹੈ (ਉਨ੍ਹਾਂ) ਅੰਮ੍ਰਿਤ ਰਸ ਪੀ ਕੇ ਚਖਿਆ ਹੈ।

(੬) (ਤੇ ਉਹਨਾਂ) ਗੁਰਮੁਖਾਂ ਦੇ ਪ੍ਰੇਮ ਦਾ ਸਹਿਜ ਸੁਭਾਅ ਹੀ ਪਤਾ ਲੱਗ ਜਾਂਦਾ ਹੈ (ਉਹ ਚੰਦਨ ਦੀ ਸੁਗੰਧੀ ਵਾਂਗ) ਆਪੇ ਹੀ ਪ੍ਰਤੱਖ ਹੋ ਜਾਂਦੇ ਹਨ।੧੬।

ਪ੍ਰ: ਭਾਈ ਸਾਹਿਬ ਜੀਉ ! ਪਿੱਛੇ ਆਪ ਜ਼ਿਕਰ ਕਰ ਆਏ ਹੋ ਕਿ ਕਬੀਰ ਸਾਹਿਬ ਜੀ ਦੇ ਕਥਨ ਅਨੁਸਾਰ ਜੋ ਭੀ ਰੁੱਖ ਚੰਦਨ ਦੇ ਬ੍ਰਿਛ ਕੋਲ ਹੁੰਦਾ ਹੈ ਉਹ ਸਾਰਿਆਂ ਬ੍ਰਿਛਾਂ ਨੂੰ ਆਪਣੀ ਵਾਸ਼ਨਾ ਰਾਹੀਂ ਆਪਣਾ ਰੂਪ ਚੰਦਨ ਹੀ ਬਣਾ ਲੈਂਦਾ ਹੈ, ਪਰ ਇਸ ਤਰ੍ਹਾਂ ਸਾਰੇ ਹੀ ਸੰਗਤ ਵਿਚ ਵੱਸਣ ਵਾਲੇ ਲੋਕ ਪ੍ਰਭੂ ਦੀ ਪ੍ਰੇਮਾ-ਭਗਤੀ ਨੂੰ ਧਾਰਨ ਕਰਕੇ ਗੁਰਮੁਖ ਕਿਉਂ ਨਹੀਂ ਬਣ ਜਾਂਦੇ ਕੀ ਇਸ ਵਿਚ ਭੀ ਕੋਈ ਗੁਪਤ ਰਾਜ਼ ਹੈ ?

ਉ: ਹੇ ਭਾਈਓ ! ਜੇ ਅਸੀਂ ਦੂਰ-ਦਰਸ਼ੀ ਨਜ਼ਰਾਂ ਰਾਹੀਂ ਤੱਕਾਂਗੇ ਤਾਂ ਜਿਥੇ ਸਾਨੂੰ ਕਬੀਰ ਸਾਹਿਬ ਜੀ ਦੇ ਇਹ ਵੀਚਾਰ ਪੜ੍ਹਨ ਵਿਚ ਆਉਂਦੇ ਹਨ ਕਿ ਚੰਦਨ ਦੇ ਬੂਟੇ ਕੋਲ ਵੱਸਣ ਵਾਲੇ ਰੁੱਖ ਸਾਰੇ ਹੀ ਚੰਦਨ ਦਾ ਰੂਪ ਬਣ ਜਾਂਦੇ ਹਨ, ਉਥੇ ਉਨ੍ਹਾਂ ਨੇ ਨਾਲ ਹੀ ਕੁਝ ਹੋਰ ਖ਼ਿਆਲ ਭੀ ਅੰਕਿਤ ਕੀਤੇ ਹਨ, ਜਿਵੇਂ ਕਿ :

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥੧੨॥
*(ਸਲੋਕ ਕਬੀਰ ਜੀ, ਪੰਨਾ ੧੩੬੫)*

ਭਾਵ ਚੰਦਨ ਦੇ ਬੂਟੇ ਦੀ ਨੇੜਤਾ ਸਭ ਤੋਂ ਵਧੇਰੇ ਬਾਂਸ ਦੀ ਮੰਨੀ ਗਈ ਹੈ, ਪਰ ਬਾਂਸ ਚੰਦਨ ਦੀ ਸੁਗੰਧੀ ਤੋਂ ਸੱਖਣਾ ਹੀ ਰਹਿ ਜਾਂਦਾ ਹੈ, ਕਿਉਂਕਿ ਉਸਨੂੰ ਆਪਣੇ ਆਪ ਵਿਚ ਵੱਡਾ ਹੋਣ ਦਾ ਹੰਕਾਰ ਹੈ, ਜਿਸ

ਕਰਕੇ ਉਹ ਆਪਣੇ ਬਾਂਸ ਦੇ ਰੂਪ ਵਿਚ ਬਦਲ ਨਹੀਂ ਲਿਆ ਸਕਦਾ।

ਬਾਂਸ ਵਿਚ ਸਿਆਣੇ ਪੜਚੋਲੀਆਂ ਨੇ ਪੰਜ ਦੋਸ ਮੰਨੇ ਹਨ, ਜਿਸ ਕਰਕੇ ਉਸ ਵਿਚ ਚੰਦਨ ਦੀ ਸੁਗੰਧੀ ਪ੍ਰਵੇਸ਼ ਨਹੀਂ ਕਰਦੀ ਉਹ ਸੁਗੰਧੀ ਵੱਲੋਂ ਸਦਾ ਹੀ ਸੱਖਣਾ ਰਹਿੰਦਾ ਹੈ:

### *ਬਾਂਸ ਦੇ ਪੰਜ ਦੋਸ਼*

੧. ਬਾਸ ਨੂੰ ਇਹ ਹੰਕਾਰ ਹੈ ਕਿ ਮੈਂ ਚੰਦਨ ਦੇ ਨਿੱਕੇ ਜਿਹੇ ਬੂਟੇ ਤੋਂ ਬਹੁਤ ਉਚਾ ਤੇ ਵੱਡਾ ਹਾਂ।

੨. ਦੂਜਾ ਉਹ ਵਿਚੋਂ ਪੋਲਾ ਹੈ ਇਕ ਪਾਸਿਓਂ ਫੂਕ ਮਾਰੋ ਤਾਂ ਦੂਸਰੇ ਪਾਸੇ ਸ਼ੀਘਰ ਹੀ ਨਿਕਲ ਜਾਂਦੀ ਹੈ।

੩. ਤੀਸਰਾ ਉਸ ਦੇ ਸਾਰੇ ਸਰੀਰ 'ਤੇ ਗੰਢਾਂ ਹੀ ਗੰਢਾਂ ਨਜ਼ਰ ਆਉਂਦੀਆਂ ਹਨ, ਜੋ ਉਸਨੂੰ ਕੋੜਾ ਤੇ ਬਾਕੀ ਲੋਕਾਂ ਨੂੰ ਭੀ ਦੁੱਖ ਦਾ ਕਾਰਨ ਹਨ।

੪. ਚੌਥਾ ਉਸਦੇ ਸਾਰੇ ਬਦਨ ਪਰ ਸ਼ਿਲਤਾਂ ਹਨ, ਜੋ ਉਸਦੀ ਸੰਗਤ ਕਰਨ ਵਾਲੇ ਨੂੰ ਦੁਖੀਆ ਕਰਦੀਆਂ ਹਨ।

੫. ਪੰਜਵਾਂ ਉਹ ਕੁਲਘਾਤੀ ਹੈ, ਜਦੋਂ ਹਵਾ ਦਾ ਤੇਜ਼ ਵੇਗ ਵੱਗਦਾ ਹੈ, ਤਾਂ ਉਸ ਨਾਲ ਪ੍ਰਸਪਰ ਰਗੜ ਖਾ ਕੇ ਅੱਗ ਪੈਦਾ ਕਰਦਾ ਹੈ, ਜਿਸ ਨਾਲ ਉਹ ਆਪ ਭੀ ਸੜਦਾ ਤੇ ਦੂਸਰੇ ਸਾਰੇ ਆਪਣੇ ਸਾਥੀ ਜੰਗਲ ਨੂੰ ਭੀ ਸਾੜ ਦੇਣ ਦਾ ਕਾਰਨ ਬਣਦਾ ਹੈ।

### *ਮਨੁੱਖ ਵਿਚ ਪੰਜ ਦੋਸ਼*

ਮਨੋਵਿਗਿਆਨੀਆਂ ਦੇ ਵੀਚਾਰ ਹਨ ਕਿ ਮਨੁੱਖ ਵਿਚ ਭੀ ਪੰਜ ਦੋਸ਼ ਪਾਏ ਜਾਂਦੇ ਹਨ, ਜਿਸ ਵਿਚ ਇਹ ਦੋਸ਼ ਹੋਣ ਉਹ ਭਾਵੇਂ ਸਾਰੀ ਜਿੰਦਗੀ ਸੰਗਤ ਵਿਚ ਰਵੇ ਉਸਨੂੰ ਕੋਈ ਭੀ ਲਾਭ ਨਹੀਂ ਹੋ ਸਕਦਾ।

੧. ਜੋ ਕਿਸੇ ਨੂੰ ਆਪਣੇ ਆਪ ਵਿਚ ਵੱਡਾ ਮੰਨਣ ਦਾ ਹੰਕਾਰ ਹੈ ਇਹ ਭੀ ਇਕ ਵੱਡਾ ਦੋਸ ਹੈ।

੨. ਗੁਰੂ ਦੇ ਉਪਦੇਸ਼ ਨੂੰ ਇਕ ਕੰਨ ਰਾਹੀਂ ਸੁਣ ਕੇ ਦੂਜੇ ਕੰਨ ਦੁਆਰੇ ਨਿਕਾਲ ਦੇਣਾ ਇਹ ਭੀ ਮਨੁੱਖ ਵਿਚ ਪੋਲਾ ਪਣ ਹੋਣ ਦਾ ਦੋਸ ਹੈ।

੩. ਤੀਸਰਾ ਜੋ ਚਾਰ ਵਰਣ (ਖੱਤ੍ਰੀ, ਬ੍ਰਾਹਮਣ, ਸੂਦ, ਵੈਸ਼) ਦੇ ਬੰਧਨਾਂ ਵਿਚ ਜਕੜਿਆ ਹੋਇਆ ਹੈ। ਇਹ ਭੀ ਮਾਨੋ ਇਕ ਤਰ੍ਹਾਂ ਦੀਆਂ ਕਰੜੀਆਂ ਗੰਢਾਂ ਹਨ।

੪. ਜਿਸ ਦੇ ਅੰਦਰ ਹਰ ਇਕ ਨੂੰ ਵੇਖ ਕੇ ਨਫ਼ਰਤ ਰਹਿੰਦੀ ਹੈ ਇਹ ਸ਼ਿਲਤਾਂ ਹਰ ਪ੍ਰਾਣੀ ਨੂੰ ਦੁਖੀ ਕਰਦੀਆਂ ਹਨ। ਉਹ ਆਪ ਭੀ ਸਦਾ ਕਲਪਦਾ ਰਹਿੰਦਾ ਹੈ।

੫. ਜੋ ਬਾਂਸ ਵਾਂਗੂੰ ਕੁਲਘਾਤੀ ਹੈ, ਭਾਵ ਆਪਣੇ ਅੰਦਰੋਂ ਈਰਖਾ ਦੀ ਅਗਨੀ ਨਾਲ ਦੈਵੀ ਗੁਣਾ ਨੂੰ ਸਾੜਦੇ ਰਹਿਣ ਦਾ ਦੋਸੀ ਹੈ।

ਇਨ੍ਹਾਂ ਪੰਜਾਂ ਦੋਸ਼ਾਂ ਵਾਲਾ ਮਨੁੱਖ ਭਾਵੇਂ ਹਮੇਸ਼ਾਂ ਹੀ ਸੰਗਤ ਵਿਚ ਵੱਸਦਾ ਹੈ ਉਹ ਆਪਣਾ ਸਾਰਾ ਹੀ ਜੀਵਨ ਅਜਾਈਂ ਗਵਾ ਜਾਂਦਾ ਹੈ।

## *੧੭. ਸੇਵਾ-ਭਾਵ ਦਾ ਵਰਣਨ*

**੧. ਗੁਰ ਸਿੱਖਾਂ ਗੁਰ ਸਿੱਖ**
**ਸੇਵ ਕਮਾਵਣੀ।**
**੨. ਚਾਰਿ ਪਦਾਰਥ ਭਿੱਖ**
**ਫ਼ਕੀਰਾਂ ਪਾਵਣੀ।**
**੩. ਲੇਖ ਅਲੇਖ ਅਲਿੱਖ**
**ਬਾਣੀ ਗਾਵਣੀ।**
**੪. ਭਾਇ ਭਗਤਿ ਰਸ ਇੱਖ**
**ਅਮਿਉ ਚੁਆਵਣੀ।**
**੫. ਤੁੱਲ ਨ ਭੂਤ ਭਵਿੱਖ**
**ਨ ਕੀਮਤਿ ਪਾਵਣੀ।**
**੬. ਗੁਰਮੁਖ ਮਾਰਗ ਵਿੱਖ**
**ਲਵੈ ਨ ਲਾਵਣੀ॥੧੭॥**

*ਪਦ ਅਰਥ :* ਭਿੱਖ—ਭਿਖਿਆ। ਭੂਤ ਭਵਿੱਖ—ਭਾਵ ਤਿੰਨ ਕਾਲਾਂ ਭੂਤ, ਭਵਿੱਖਤ, ਵਰਤਮਾਨ ਦੇ (ਪਦਾਰਥ)। ਵਿੱਖ—ਇਕ ਉਲਾਂਘ। ਭਾਇ ਭਗਤਿ—ਪ੍ਰੇਮਾ ਭਗਤੀ। ਤੁੱਲ—ਬਰਾਬਰ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਪੁਰਾਤਨ ਪੁਸਤਕਾਂ ਪੜ੍ਹਨ ਸੁਣਨ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਪੁਰਾਣੇ ਸਮੇਂ ਦੇ ਲੋਕ ਸੰਸਾਰ ਦੇ ਬੰਧਨਾਂ ਤੋਂ ਨਿਰਬੰਧ ਹੋਣ ਲਈ ਆਪਣਾ ਘਰ ਬਾਰ ਤੇ ਪਰਵਾਰ ਤਿਆਗ ਕੇ ਉਹ ਜੰਗਲ ਵਾਸੀ ਹੋ ਅਨੇਕ ਤਰ੍ਹਾਂ ਦੇ ਜਪ, ਤਪ ਆਦਿਕ ਸਾਧਨ ਕਰਦੇ, ਪਰ ਉਹ ਫਿਰ ਭੀ ਇਨ੍ਹਾਂ ਮਾਇਕੀ ਬੰਧਨਾਂ ਵਲੋਂ ਛੁਟਕਾਰਾ ਨਹੀਂ ਸਨ ਪਾ ਸਕਦੇ, ਕਿਉਂਕਿ ਇਹ ਜੀਵ ਜਨਮ ਦਰ ਜਨਮ ਐਸਾ ਬੰਧਨਾਂ

ਵਿਚ ਜਕੜਿਆ ਆ ਰਿਹਾ ਹੈ, ਇਹ ਜੇ ਇਕ ਬੰਧਨ ਤੋੜਨ ਦਾ ਜਤਨ ਕਰਦਾ ਹੈ ਤਾ ਚਾਰ ਸੰਗਲ ਇਸਦੇ ਗਲ ਹੋਰ ਆ ਪੈਂਦੇ ਹਨ। ਉਨ੍ਹਾਂ ਚੌਹਾਂ ਨੂੰ ਤੋੜਨ ਦਾ ਉਪਰਾਲਾ ਕਰਦਾ ਹੈ ਤੇ ਅਨੇਕਾਂ ਬੰਧਨ ਇਸਨੂੰ ਹੋਰ ਆ ਜਕੜ ਲੈਂਦੇ ਹਨ। ਕਿਉਂ ਜੀ! ਦਸੋਗੇ ਕਿ ਗੁਰੂ ਦੀ ਸੰਗਤ ਵਿਚ ਸਦੀਵੀ ਰਹਿਣ ਵਾਲੇ ਗੁਰਮੁਖ ਲੋਕ ਨਿਰਬੰਧ ਹੋਣ ਲਈ ਉਹ ਵਡੇਰਾ ਸਾਧਨ ਕਿਹੜਾ ਹੈ, ਜਿਸਨੂੰ ਕਿ ਉਹ ਹਰ ਸਮੇਂ ਹੀ ਕਰਦੇ ਰਹਿੰਦੇ ਹਨ?

ਉ: ਹੇ ਭਾਈਓ! ਮੈਂ ਤਾਂ ਵੇਖਦਾ ਹਾਂ ਕਿ ਹਮੇਸ਼ਾਂ ਸੰਗਤ ਵਿਚ ਰਹਿਣ ਵਾਲੇ ਗੁਰਮੁਖਾਂ ਨੇ ਆਪਣਾ ਜੀਵਨ ਗੁਰਬਾਣੀ ਦੇ ਅਨਕੂਲ ਢਾਲਿਆ ਹੈ ਭਾਵ ਜੋ ਗੁਰਬਾਣੀ ਫ਼ੁਰਮਾਨ ਕਰਦੀ ਹੈ ਉਹ ਉਹੋ ਸਾਧਨ ਕਰਨ ਲਈ ਹਰ ਸਮੇਂ ਤਤਪਰ ਰਹਿੰਦੇ ਹਨ। ਬਾਣੀ ਵਿਚ ਨਿਰਬੰਧ ਹੋਣ ਲਈ ਪਰਵਾਰ ਨੂੰ ਤਿਆਗ ਕੇ ਜੰਗਲ ਵਾਸੀ ਹੋਣ ਦੀ ਆਗਿਆ ਨਹੀਂ ਦਿਤੀ ਗਈ, ਸਗੋਂ ਗ੍ਰਿਹਸਤ ਵਿਚ ਰਹਿਕੇ ਸੰਗਤ ਕਰਦਿਆਂ ਵੱਧ ਤੋਂ ਵੱਧ ਸੇਵਾ ਕਰਦੇ ਰਹਿਣ ਦੀ ਪ੍ਰੇਰਨਾ ਕੀਤੀ ਗਈ ਹੈ, ਇਸ ਲਈ ਸਭ ਤੋਂ ਉੱਤਮ ਸਾਧਨ ਸੇਵਾ ਹੈ, ਜਿਸ ਨੂੰ ਕਰਦੇ ਰਹਿਣ ਲਈ ਬਾਣੀ ਵਿਚ ਬਾਰ ਬਾਰ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ:

ਸੇਵਕ ਜਨ ਸੇਵਹਿ ਸੇ ਵਡਭਾਗੀ
ਰਿਦ ਮਨਿ ਤਨਿ ਪ੍ਰੀਤਿ ਲਗਾਵੈ॥
ਬਿਨੁ ਪ੍ਰੀਤੀ ਕਰਹਿ ਬਹੁ ਬਾਤਾ
ਕੂੜੁ ਬੋਲਿ ਕੂੜੋ ਫਲੁ ਪਾਵੈ॥੩॥

(ਰਾਮਕਲੀ ਮ: ੪, ਪੰਨਾ ੮੮੧)

ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ॥

(ਸੂਹੀ ਮ: ੩, ਪੰਨਾ ੭੫੭)

ਸੇਵਕ ਜਨ ਸੇਵਹਿ ਤੇ ਪਰਵਾਣੁ
ਜਿਨ ਸੇਵਿਆ ਗੁਰਮਤਿ ਹਰੇ॥

(ਤੁਖਾਰੀ ਮ: ੪, ਪੰਨਾ ੧੧੧੫)

ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ॥
ਨਾਨਕ ਕੀ ਬੇਨੰਤੀ ਸੁਆਮੀ
ਤੇਰੇ ਜਨ ਦੇਖਣੁ ਪਾਵਾ॥੨॥

(ਬਿਲਾਵਲੁ ਮ: ੫, ਪੰਨਾ ੮੦੨)

ਸੇਵਕ ਭਾਇ ਮਿਲੇ ਵਡਭਾਗੀ
ਜਿਨ ਗੁਰ ਚਰਨੀ ਮਨੁ ਲਾਗਾ।

ਵਡਹੰਸੁ ਮ: ੪, ਪੰਨਾ ੫੭੨)

ਸੇਵਾ ਕਰਉ ਦਾਸ ਦਾਸਨ ਕੀ
ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥
ਤੁਲਾਧਾਰਿ ਤੋਲੇ ਸੁਖ ਸਗਲੇ
ਬਿਨੁ ਹਰਿ ਦਰਸ ਸਭੋ ਹੀ ਥੋਰਾ॥੧॥

(ਗਉੜੀ ਮ: ੫, ਪੰਨਾ ੨੦੪)

ਸੇਵਕੁ ਲਾਗੋ ਚਰਣ ਸੇਵ॥
ਆਦਿ ਪੁਰਖ ਅਪਰੰਪਰ ਦੇਵ॥

(ਬਸੰਤੁ ਮ: ੫, ਪੰਨਾ ੧੧੮੧)

ਸੇਵਾ ਗੁਰ ਚਰਨਿ ਹਾਂ॥
ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ॥

(ਆਸਾ ਮ: ੫, ਪੰਨਾ ੪੦੯)

ਸੇਵਾ ਤੇ ਸਦਾ ਸੁਖੁ ਪਾਇਆ
ਗੁਰਮੁਖਿ ਸਹਜਿ ਸਮਾਵਣਿਆ॥੭॥

(ਮਾਝ ਮ: ੩, ਪੰਨਾ ੧੨੫)

ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ॥

(ਵਡਹੰਸੁ ਮ: ੩, ਪੰਨਾ ੫੭੧)

ਸੇਵਕ ਕਉ ਸੇਵਾ ਬਨਿ ਆਈ॥
ਹੁਕਮੁ ਬੂਝਿ ਪਰਮ ਪਦੁ ਪਾਈ॥

(ਸੁਖਮਨੀ, ਪੰਨਾ ੨੯੨)

ਇਸੇ ਸੇਵਾ ਭਾਵ ਦੀਆਂ ਹੋਰ ਭੀ ਵਧੇਰੇ ਪੰਗਤੀਆ ਬਾਣੀ ਵਿਚ ਅੰਕਤ ਹਨ ਜਿਨ੍ਹਾਂ ਦਾ ਭਾਵ ਕੇਵਲ ਸੇਵਾ ਕਰਦੇ ਰਹਿਣ ਦੀ ਹੀ ਪ੍ਰੇਰਨਾ ਮਿਲਦੀ ਹੈ, ਗੁਰਮੁਖਾਂ ਨੇ ਇਨ੍ਹਾਂ ਉਪਰੋਕਤ ਪੰਗਤੀਆਂ ਦੇ ਭਾਵ ਨੂੰ ਮੁਖ ਰੱਖ ਕੇ ਕੇਵਲ ਸੇਵਾ ਭਾਵ ਨੂੰ ਹੀ ਅਪਨਾਇਆ ਹੈ ਇਸੇ ਸੇਵਾ ਕਰਦੇ ਰਹਿਣ ਦੇ ਹੁਕਮ ਦੀ ਪਾਲਣਾ ਕਰਕੇ ਉਨ੍ਹਾਂ ਨੇ ਇਸ ਜੀਵਨ ਦਾ ਮੁਖ ਪ੍ਰਜੋਜਨ ਜੋ ਜੀਵਨ ਮੁਕਤ ਹੋਣਾ ਹੈ ਉਸਨੂੰ ਹਾਸਲ ਕਰ ਲਿਆ ਹੈ, ਅਜਿਹੇ ਸੇਵਕ ਨੂੰ ਕਿਸੇ ਹੋਰ ਜਪ, ਤਪ ਆਦਿਕ ਸਾਧਨ ਕਰਨ ਦੀ ਲੋੜ ਹੀ ਨਹੀਂ ਰਹਿ ਜਾਂਦੀ। ਸੋ, ਮੈਂ ਅਜਿਹੇ ਨਿਸ਼ਕਾਮ ਸੇਵਕਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਮੈਂ ਵੇਖਦਾ ਹਾਂ ਕਿ) ਗੁਰੂ ਦੇ ਸਿੱਖਾਂ ਦੀ ਸੇਵਾ ਗੁਰੂ ਦੇ ਸਿਖ (ਬੜੇ ਪਿਆਰ ਨਾਲ) ਕਰਦੇ ਹਨ।

(੨) (ਉਨ੍ਹਾਂ ਸਿੱਖਾਂ ਨੇ ਆਪਣਾ ਮੁਖ ਪ੍ਰਜੋਜਨ ਇਹੋ ਅਨੁਭਵ ਕੀਤਾ ਹੈ ਕਿ) ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ) ਦੀ ਭਿਖਿਆ (ਇਹ ਗੁਰੂ ਦੇ ਸਿੱਖ, ਸੱਚੇ ਪ੍ਰਮੇਸਰ

ਦੇ) ਸੱਚੇ ਫ਼ਕੀਰਾਂ ਨੂੰ ਦੇਣੀ ਹੈ।

(੩) (ਉਨ੍ਹਾਂ ਦੀ ਹੋਰ ਧਾਰਨਾ ਇਹ ਹੈ ਕਿ) ਲੇਖੇ ਤੋਂ ਅਲੇਖ (ਅਨਗਿਣਤ) ਤੇ ਅਲੱਖ (ਨਾ ਲਖੇ ਜਾਣ ਵਾਲਾ ਜੋ ਪ੍ਰਮੇਸ਼ਰ ਹੈ) ਉਸਦੀ ਬਾਣੀ ਨੂੰ (ਸਦਾ) ਗਾਵਣਾ ਹੈ, (ਭਾਵ, ਗੁਰੂ ਦੇ ਸਿਖ ਉਚਾਰਨ ਕਰਦੇ ਰਹਿੰਦੇ ਹਨ)।

(੪) ਪ੍ਰੇਮਾ-ਭਗਤੀ ਦਾ ਅੰਮ੍ਰਿਤ ਰਸ (ਜੋ ਗੰਨੇ ਵਾਂਗ ਮਿੱਠਾ ਤੇ ਰਸੀਲਾ ਰਸ ਹੈ, ਜਿਥੇ ਉਹ ਉਸ ਰਸ ਨੂੰ ਆਪ ਪੀਂਦੇ ਹਨ ਉਥੇ ਉਹ) ਗੁਰਸਿੱਖਾਂ ਦੇ ਮੁਖ ਵਿਚ ਭੀ ਦੇਂਦੇ ਹਨ, (ਭਾਵ ਗੁਰਸਿੱਖਾਂ ਨੂੰ ਭੀ ਪਿਆਉਂਦੇ ਹਨ)।

ਪ੍ਰ: ਕਿਉਂ ਜੀ! ਕੀ ਇਹ ਅੰਮ੍ਰਿਤ ਨਾਮ ਰਸ ਕਿਸੇ ਕੀਮਤ ਦੁਆਰੇ ਖ਼ਰੀਦਿਆ ਨਹੀਂ ਜਾ ਸਕਦਾ?

ਉ: (੫) (ਹੇ ਭਾਈਓ! ਮੈਂ ਤਾਂ ਚੰਗੀ ਤਰ੍ਹਾਂ ਪੜਚੋਲ ਕਰਕੇ ਵੇਖਿਆ ਹੈ ਕਿ) ਇਸ ਅੰਮ੍ਰਿਤ ਸ਼ਬਦ (ਬਾਣੀ ਦੇ ਰਸ ਦੀ) ਬਰਾਬਰੀ ਭੂਤ, ਭਵਿੱਖ (ਸਮੇਂ) ਵਿਚ ਕੋਈ ਨਹੀ ਕਰ ਸਕਦਾ, ਨਾ ਹੀ ਕਿਸੇ ਕੋਲੋਂ (ਇਸਦੀ) ਕੀਮਤ ਹੀ ਪਾਈ ਜਾ ਸਕਦੀ ਹੈ।

(੬) (ਹੇ ਪਿਆਰੇ! ਜੇ ਇਉਂ ਭੀ ਕਿਹਾ ਜਾਵੇ ਕਿ) ਗੁਰਮੁਖਾਂ ਦੇ ਮਾਰਗ ਦੀ ਇਕ ਉਲਾਂਘ (ਵਰਗੀ ਭਗਤੀ ਵੀ) ਕਿਸੇ ਨੂੰ ਨੇੜੇ ਨਹੀਂ ਲਗਣ ਦੇਂਦੀ (ਭਾਵ ਹੈ ਕਿ ਗੁਰਮੁਖਾਂ ਦੇ ਸਮੁੱਚੇ ਮਾਰਗ ਦੀ (ਤਾਂ) ਗੱਲ ਹੀ ਛੱਡੋ, ਗੁਰਮੁਖਾਂ ਦੇ ਇਕ ਕਦਮ ਜਿੰਨੀ ਵੀ ਸਰੇਸ਼ਟਤਾਈ ਕਿਸੇ ਕੋਲ ਨਹੀਂ ਹੈ)।੧੭।

ਪ੍ਰ: ***ਭਾਵਾਰਥ:*** ਭਾਈ ਸਾਹਿਬ ਜੀਉ! ਆਪ ਜੀ ਨੇ ਗੁਰਬਾਣੀ ਰਾਹੀਂ ਸੇਵਾ ਕਰਨ ਵਾਲੇ ਸੇਵਕਾਂ ਦਾ ਜਿਕਰ ਕੀਤਾ ਹੈ ਕਿ ਸੰਗਤ ਵਿਚ ਗੁਰਸਿੱਖਾਂ ਦੀ ਸੇਵਾ ਕਰਨ ਵਾਲੇ ਸੇਵਕ ਵਡਭਾਗੀ ਪਰਮ ਪਦਵੀ ਹਾਸਲ ਕਰਨ ਦੇ ਹੱਕਦਾਰ ਹਨ, ਪਰ ਵੇਖਣ ਵਿਚ ਆਉਂਦਾ ਹੈ ਕਿ ਸੰਸਾਰ ਵਿਚ ਸੇਵਾ ਕਰਨ ਵਾਲੇ ਹਜ਼ਾਰਾਂ ਹੀ ਨਹੀ ਸਗੋਂ ਲੱਖਾਂ ਦੀ ਗਿਣਤੀ ਵਿਚ ਨਜ਼ਰ ਆਉਂਦੇ ਹਨ ਕੀ ਉਹ ਸਾਰੇ ਹੀ ਪਰਮ ਪਦਵੀ ਨੂੰ ਪ੍ਰਾਪਤ ਕਰਨ ਦੇ ਅਧਿਕਾਰੀ ਹਨ। ਇਸ ਬਾਰੇ ਗੁਰਬਾਣੀ ਅਨੁਸਾਰ ਆਪ ਜੀ ਕੀ ਕਹਿਣਾ ਚਾਹੋਗੇ?

ਉ: ਹੇ ਭਾਈਓ! ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਰੇ ਸੰਸਾਰ ਵਿਚ ਲੱਖਾਂ ਹੀ ਸੇਵਕ ਨਹੀਂ ਸਗੋਂ ਇਸ ਤੋਂ ਭੀ ਵਧੇਰੇ ਕਰੋੜਾਂ ਵੇਖਣ ਵਿਚ ਆਉਂਦੇ ਹਨ, ਪਰ ਗੁਰਬਾਣੀ ਦੀ ਚੋਣ ਅਨੁਸਾਰ ਉਨ੍ਹਾਂ ਕਰੋੜਾਂ ਵਿਚ ਕੋਈ ਵਿਰਲਾ ਹੀ ਗੁਰਮਤ ਅਨੁਸਾਰ ਸੇਵਕ ਮੰਨਿਆ ਜਾ ਸਕਦਾ ਹੈ ਬਾਕੀ ਦੇ ਤਾਂ ਸਭ ਵਪਾਰੀ ਲੋਕ ਹਨ, ਜਿਵੇਂ ਕਿ:

ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ ॥੧॥

*(ਸੂਹੀ ਮ: ੫, ਪੰਨਾ ੭੪੮)*

ਕਿਉਂਕਿ ਉਹ ਗੁਰੂ ਨਾਲ ਤੇ ਸੰਗਤ ਨਾਲ ਸੌਦਾ ਕਰਦੇ ਹਨ, ਕਿ ਐ ਗੁਰੂ! ਮੈਂ ਤੇਰੇ ਦਰ 'ਤੇ ਪੁੱਜ ਕੇ ਤੇਰੀ ਸੰਗਤ ਦੀ ਸੇਵਾ ਕਰਦਾ ਹਾਂ ਜਿਨਦੇ ਇਵਜ਼ ਵਿਚ ਮੈਨੂੰ ਲੱਖਾਂ ਦਾ ਲਾਭ ਮਿਲਣਾ ਚਾਹੀਦਾ ਹੈ, ਭਾਵੇਂ ਗੁਰੂ ਦਰ 'ਤੇ ਦੇਗ ਸਵਾ ਰੁਪਏ ਦੀ ਭੇਟਾ ਕੀਤੀ ਹੈ, ਪਰ ਮੰਗ ਲੱਖਾਂ ਤੋਂ ਘਟ ਨਹੀਂ, ਇਸ ਮਨੁੱਖ ਬਾਰੇ ਹੀ ਬਾਣੀ ਵਿਚ ਆਇਆ ਹੈ ਕਿ:

ਸੇਵਾ ਥੋਰੀ ਮਾਗਨੁ ਬਹੁਤਾ ॥
ਮਹਲੁ ਨ ਪਾਵੈ ਕਹਤੋ ਪਹੁਤਾ ॥

*(ਸੂਹੀ ਮਹਲਾ ੫, ਪੰਨਾ ੭੩੮)*

ਗੁਰੂ ਦਰਬਾਰ ਦੀ ਸੇਵਾ ਕਰਕੇ ਇਕ ਤਾਂ ਵਡੇਰੀ ਮੰਗ ਹੈ ਦੂਜਾ ਇਹ ਵੀ ਇੱਛਾ ਹੈ ਕਿ ਮੇਰੀ ਲੋਕ ਸੋਭਾ ਮਾਣ ਵਡਿਆਈ ਕਰਨ ਅਜਿਹੇ ਸੇਵਕ ਨੂੰ ਤਾਂ ਬਾਣੀ ਨੇ ਸੇਵਕ ਹੀ ਨਹੀਂ ਮੰਨਿਆ ਉਸਨੂੰ ਸੁਆਮੀ ਦੇ ਦਰ ਦੀ ਪ੍ਰਾਪਤੀ ਹੋਣੀ ਤਾਂ ਦੂਰ ਦੀ ਗੱਲ ਹੈ। ਸੁਆਮੀ ਦੇ ਦਰ ਵਿਚ ਕੌਣ ਕਬੂਲ ਹੁੰਦਾ ਹੈ ਉਸਦੀ ਧਾਰਨਾ ਬਾਰੇ ਗੁਰਬਾਣੀ ਵਿਚ ਇਹ ਸੰਕੇਤ ਕੀਤਾ ਗਿਆ ਹੈ ਜਿਸਦੀ ਧਾਰਨਾ ਤੋਂ ਸੱਖਣੇ ਮਨੁੱਖ ਨੂੰ ਉਸ ਸੁਆਮੀ ਦੀ ਪ੍ਰਾਪਤੀ ਨਹੀਂ ਹੋ ਸਕਦੀ, ਜਿਵੇਂ ਕਿ ਗੁਰੂ ਦਾ ਫ਼ੁਰਮਾਨ ਹੈ:

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥

*(ਸੁਖਮਨੀ, ਪੰਨਾ ੨੮੬)*

## ੧੮. ਸੇਵਾ ਦਾ ਫਲ

੧. ਇੰਦ੍ਰ ਪੁਰੀ ਲੱਖ ਰਾਜ
ਨੀਰ ਭਰਾਵਣੀ।
੨ ਲੱਖ ਸੁਰਗ ਸਿਰਤਾਜ
ਗਲਾ ਪੀਹਾਵਣੀ।

**੩. ਰਿਧਿ ਸਿਧਿ ਨਿਧਿ ਲੱਖ ਸਾਜ**
**ਚੁੱਲਿ ਝੁਕਾਵਣੀ।**
**੪. ਸਾਧ ਗਰੀਬ ਨਿਵਾਜ**
**ਗਰੀਬੀ ਆਵਣੀ।**
**੫. ਅਨਹਦ ਸ਼ਬਦ ਅਗਾਜ**
**ਬਾਣੀ ਗਾਵਣੀ॥੧੮॥**

***ਪਦ ਅਰਥ :*** ਨੀਰ ਭਰਾਵਣੀ—ਪਾਣੀ ਢੋਣਾ। ਗਲਾ ਪੀਹਾਵਣੀ—ਦਾਣੇ ਪੀਹਣੇ। ਚੁੱਲਿ ਝੁਕਾਵਣੀ—ਚੁਲ੍ਹੇ ਵਿਚ ਬਾਲਣ ਝੋਕਣਾ, ਲੰਗਰ ਲਈ ਅੱਗ ਬਾਲਣੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਸੰਗਤ ਦੀ ਸੇਵਾ ਕਰਨ ਵਾਲੇ ਸੇਵਕਾਂ ਦਾ ਜਿਕਰ ਕਰਦੇ ਆ ਰਹੇ ਹੋ, ਪਰ ਸੇਵਕ ਤਾਂ ਕਈ ਤਰ੍ਹਾਂ ਦੀ ਸੇਵਾ ਕਰਦੇ ਨਜ਼ਰ ਆਉਂਦੇ ਹਨ, ਕੀ ਇਨ੍ਹਾਂ ਵਿਚੋਂ ਕਿਸਨੂੰ ਸਵਰਗ ਮਿਲਦਾ ਹੈ, ਕਿਉਂਕਿ ਵੇਖਦੇ ਹਾਂ ਕਿ ਕੋਈ ਪਾਣੀ ਭਰਨ ਦੀ ਕੋਈ ਚੱਕੀ ਪੀਹਣ ਦੀ ਕੋਈ ਚੁਲ੍ਹਾ ਹੀ ਝੋਂਕਦੇ ਰਹਿਣ ਦੀ ਸੇਵਾ ਵਿਚ ਤਤਪਰ ਰਹਿੰਦਾ ਹੈ। ਪਰ ਇਨ੍ਹਾਂ ਵਿਚੋਂ ਕਿਸਨੂੰ ਕਿਸ ਪੁਰੀ ਵਿਚ ਨਿਵਾਸ ਹੁੰਦਾ ਹੈ, ਇਸ ਬਾਰੇ ਗੁਰਮਤ ਦੀ ਰੌਸ਼ਨੀ ਵਿਚ ਆਪ ਜੀ ਕੀ ਕਹਿਣਾ ਚਾਹੋਗੇ?

**ਉ:** ਹੇ ਭਾਈ! ਜੋ ਸੇਵਕ ਬਾਣੀ ਦੇ ਸਿਧਾਂਤ ਨੂੰ ਮੁਖ ਰੱਖ ਕੇ ਸੰਗਤ ਦੀ ਸੇਵਾ ਕਰਦਾ ਹੈ ਉਸਦੇ ਅੰਤਰ ਆਤਮੇ ਤਾਂ ਕਿਸੇ ਸਵਰਗ ਪੁਰੀ ਵਿਚ ਜਾਣ ਦੀ ਲਾਲਸਾ ਹੀ ਨਹੀਂ ਹੁੰਦੀ ਉਹ ਤਾਂ ਕੇਵਲ ਉਸ ਪ੍ਰਭੂ ਦੇ ਚਰਨ ਕਵਲਾਂ ਵਿਚ ਹੀ ਨਿਵਾਸ ਕਰਨ ਦੀ ਇੱਛਾ ਰੱਖਦਾ ਹੈ, ਕਿਉਂਕਿ ਉਸਨੂੰ ਇਨ੍ਹਾਂ ਪੁਰੀਆਂ ਬਾਰੇ ਬਾਣੀ ਅਨੁਸਾਰ ਸੋਝੀ ਹਾਸਲ ਹੋ ਚੁੱਕੀ ਹੈ, ਜਿਵੇਂ ਕਿ:

ਇੰਦ੍ਰ ਪੁਰੀ ਮਹਿ ਸਰਪਰ ਮਰਣਾ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥
ਸਿਵ ਪੁਰੀ ਕਾ ਹੋਇਗਾ ਕਾਲਾ॥
ਤ੍ਰੈਗੁਣ ਮਾਇਆ ਬਿਨਸਿ ਬਿਤਾਲਾ॥

*(ਗਉੜੀ ਮ: ੫, ਪੰਨਾ ੨੩੭)*

ਇੰਦ੍ਰ ਲੋਕ ਸਿਵਲੋਕਹਿ ਜੈਬੋ॥
ਓਛੇ ਤਪ ਕਰਿ ਬਾਹੁਰਿ ਐਬੋ॥

*(ਧਨਾਸਰੀ ਕਬੀਰ ਜੀ, ਪੰਨਾ ੬੯੨)*

ਇਸ ਤਰ੍ਹਾਂ ਗੁਰਮੁਖਾਂ ਦੇ ਸਾਹਮਣੇ ਅਜਿਹੀਆਂ ਹੋਰ ਭੀ ਬਹੁਤ ਸਾਰੀਆਂ ਪੰਗਤੀਆਂ ਆਈਆਂ ਹਨ, ਜਿਨ੍ਹਾਂ ਤੋਂ ਗੁਰਮੁਖ ਸੇਵਕਾਂ ਨੂੰ ਇਹ ਸੋਝੀ ਹੋ ਆਈ ਹੈ ਕਿ ਜਦੋਂ ਇਨ੍ਹਾਂ ਦੇਵਤਿਆਂ ਦੀਆਂ ਪੁਰੀਆਂ ਹੀ ਨਾਸ ਹੋ ਜਾਣ ਵਾਲੀਆਂ ਹਨ ਤਾਂ ਇਨ੍ਹਾਂ ਵਿਚ ਜਾਣ ਵਾਲੇ ਕਿਵੇਂ ਅਚੱਲ ਹੋ ਸਕਦੇ ਹਨ, ਇਸ ਲਈ ਉਨ੍ਹਾਂ ਦੀ ਮਾਨਸਕ ਧਾਰਨਾ ਬਾਣੀ ਅਨੁਸਾਰ ਇਹੋ ਪ੍ਰਪੱਕ ਹੋ ਆਈ ਹੈ ਕਿ ਹੇ ਭਾਈਓ! ਸੁਣੋ:

ਕਬੀਰ ਸੁਰਗ ਨਰਕ ਤੇ ਮੈ ਰਹਿਓ
ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ॥੧੨੦॥

*(ਸਲੋਕ ਕਬੀਰ ਜੀ, ਪੰਨਾ ੧੩੭੦)*

ਕਬੀਰ ਚਰਨ ਕਮਲ ਕੀ ਮਉਜ ਕੋ
ਕਹਿ ਕੈਸੇ ਉਨਮਾਨ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥

*(ਸਲੋਕ ਕਬੀਰ ਜੀ, ਪੰਨਾ ੧੩੭੦)*

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥੧॥

*(ਗਉੜੀ, ਪੰਨਾ ੩੩੭)*

ਭਾਵ ਹੈ ਗੁਰੂ ਦੇ ਸੇਵਕ ਤਾਂ ਸੁਰਗ ਨਰਕ ਬਾਰੇ ਕਦੇ ਸੋਚਦੇ ਹੀ ਨਹੀਂ ਉਹ ਤਾਂ ਕੇਵਲ ਪ੍ਰਭੂ ਦੇ ਚਰਨਾਂ ਵਿਚ ਸਦਾ ਹੀ ਨਿਵਾਸ ਕਰਨ ਦੇ ਇੱਛਕ ਹਨ, ਕਿਉਂਕਿ ਉਨ੍ਹਾਂ ਨੂੰ ਇਹ ਸੋਝੀ ਆ ਗਈ ਹੈ ਕਿ ਜੋ ਮੌਜ ਉਸ ਪ੍ਰਭੂ ਦੇ ਚਰਨਾਂ ਵਿਚ ਵੱਸਣ ਦੀ ਹੈ ਉਹ ਹੋਰ ਕਿਸੇ ਵੀ ਦੇਵਤੇ ਦੀ ਪੁਰੀ ਵਿਚ ਵੱਸਣ ਨਾਲ ਹਾਸਲ ਨਹੀਂ ਹੁੰਦੀ, ਉਨ੍ਹਾਂ ਨੂੰ ਬਾਣੀ ਵਿਚੋਂ ਇਹ ਜਾਣਕਾਰੀ ਹੋ ਚੁੱਕੀ ਹੈ, ਜਿਸ 'ਤੇ ਉਹ ਪੂਰਨ ਦ੍ਰਿੜ ਵਿਸ਼ਵਾਸ ਕਰਦੇ ਆ ਰਹੇ ਹਨ, ਜਿਵੇਂ ਕਿ:

ਸੁਰਗ ਮਿਰਤ ਪਇਆਲ ਭੂ ਮੰਡਲ
ਸਗਲ ਬਿਆਪੇ ਮਾਇ॥

*(ਧਨਾਸਰੀ ਮ: ੫, ਪੰਨਾ ੬੭੬)*

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ
ਤਿਉ ਕੰਚਨ ਅਰੁ ਪੈਸਾ॥
ਉਸਤਤਿ ਨਿੰਦਾ ਏ ਸਮ ਜਾ ਕੈ
ਲੋਭੁ ਮੋਹੁ ਫੁਨਿ ਤੈਸਾ॥੨॥

*(ਗਉੜੀ ਮ: ੯, ਪੰਨਾ ੨੨੦)*

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ
ਨਿਤਿ ਆਸਾ ਆਸ ਕਰੀਜੈ ॥
ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ
ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥੧॥

*(ਕਲਿਆਨ ਮ: ੪, ਪੰਨਾ ੧੩੨੪)*

ਇਨ੍ਹਾਂ ਤੋਂ ਆਦਿ ਹੋਰ ਭੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਫ਼ੁਰਮਾਨ ਆਉਂਦੇ ਹਨ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖ ਸੇਵਕਾਂ ਨੇ ਆਪਣੇ ਜੀਵਨ ਨੂੰ ਨਿਸਕਾਮ ਸੇਵਾ ਕਰਦੇ ਰਹਿਣ ਲਈ ਪ੍ਰੇਰਿਆ ਹੈ, ਉਨ੍ਹਾਂ ਨੂੰ ਕਿਸੇ ਦੇਵਤੇ ਦੀ ਪੁਰੀ ਵਿਚ ਜਾ ਕੇ ਨਿਵਾਸ ਕਰਨ ਦੀ ਇੱਛਾ ਹੀ ਨਹੀਂ ਕਿਉਂਕਿ ਉਨ੍ਹਾਂ ਦੇ ਮਨ ਵਿਚ ਸਦੀਵੀ ਤ੍ਰਿਪਤੀ ਹੋ ਆਈ ਹੈ, ਉਨ੍ਹਾਂ ਦੇ ਤ੍ਰਿਪਤ ਹੋਏ ਜੀਵਨ ਤੋਂ ਮੈਂ ਪ੍ਰੇਰਨਾ ਲੈ ਕੇ ਇਹ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਉਨ੍ਹਾਂ ਸੇਵਕਾਂ ਦੇ ਮਨ ਵਿਚ ਇਹ ਪੂਰਨ ਨਿਸਚਾ ਹੈ ਕਿ ਜੋ ਸਾਧ ਸੰਗਤ ਵਿਚ ਜਾ ਕੇ) ਪਾਣੀ ਭਰਨ ਦੀ (ਸੇਵਾ) ਕਰਨੀ ਹੈ ਉਹ ਇੰਦ੍ਰ ਪੁਰੀ ਦੇ ਲੱਖਾਂ ਰਾਜਾਂ (ਤੋਂ ਭੀ ਸ੍ਰੇਸ਼ਟ) ਹੈ।

(੨) (ਜੋ ਸਾਧ ਸੰਗਤ ਵਾਸਤੇ) ਕਣਕ ਪੀਹਣ ਦੀ ਸੇਵਾ ਹੈ ਉਹ ਭੀ ਲੱਖਾਂ ਸੁਰਗਾਂ ਦੀ ਸਿਰਤਾਜ ਹੈ।

(੩) ਸਾਧ ਸੰਗਤ ਦੇ ਪ੍ਰਸ਼ਾਦੇ ਛਕਾਉਣ ਦੀ ਜੋ ਸੇਵਾ ਹੈ ਇਸ ਲਈ ਭੀ ਜੋ ਚੁੱਲ੍ਹਾ ਝੋਕਣਾ ਹੈ ਇਸਦਾ ਫਲ ਭੀ ਲੱਖਾਂ ਸੁਰਗਾਂ ਦੇ ਸੁਖਾਂ ਤੋਂ ਭੀ ਵੱਡਾ ਜਾਣੋ। ਭਾਵ ਰਿਧੀਆਂ, ਸਿਧੀਆਂ ਤੇ ਨਿਧੀਆਂ ਦੇ ਲੱਖਾਂ ਹੀ ਸਾਜੋ ਸਮਾਨ ਤੋਂ ਭੀ ਸਰੇਸ਼ਟ ਹੈ, ਅਰਥਾਤ ਸਾਧ ਸੰਗਤ ਦੀ ਸੇਵਾ ਸਭ ਤੋਂ ਉੱਤਮ ਹੈ।

(੪) (ਇਹੋ) ਸਾਧ ਸੰਗਤ ਦੀ ਸੇਵਾ ਮਨ ਵਿਚ ਗ਼ਰੀਬੀ (ਨਿੰਮ੍ਰਤਾ) ਪੈਦਾ ਕਰਦੀ ਹੈ (ਹਉਮੈ ਵਾਲਾ ਸੇਵਾ ਕਰ ਹੀ ਨਹੀਂ ਸਕਦਾ) ਇਸ ਲਈ ਸਾਧ ਸੰਗਤ ਹੀ ਗ਼ਰੀਬਾਂ ਨੂੰ ਨਿਵਾਜਣ ਵਾਲੀ ਹੈ ਤੇ ਗ਼ਰੀਬੀ (ਨਿੰਮ੍ਰਤਾ) ਲਿਆਉਣ ਵਾਲੀ ਹੈ।

(੫) (ਹੇ ਭਾਈਓ)! ਗੁਰੂ ਦੇ ਦਰ 'ਤੇ ਜਾ ਕੇ ਜੋ ਗੁਰਬਾਣੀ ਦਾ ਰਸਭਿੰਨਾ ਕੀਰਤਨ ਸੁਣਨਾ ਹੈ। ਇਹੋ ਹੀ ਅਨਹਦ ਸ਼ਬਦ ਦੀ ਗੂੰਜ ਹੈ। ਜੋ ਗੁਰੂ ਦੇ ਦੁਆਰੇ 'ਤੇ (ਸਦਾ) ਪੈਂਦੀ ਹੀ ਰਹਿੰਦੀ ਹੈ।੧੮।

***ਭਾਵਾਰਥ :*** ਇਸ ਵਿਚ ਕੋਈ ਸ਼ੱਕ ਨਹੀਂ, ਕਿਉਂਕਿ ਸੇਵਕਾਂ ਦੇ ਰੂਪ ਵਿਚ ਹੋ ਅਨੇਕਾਂ ਹੀ ਸੇਵਕ ਸੇਵਾ ਕਰਦੇ ਨਜ਼ਰ ਆਉਂਦੇ ਹਨ, ਪਰ ਗੁਰਮਤ ਅਨੁਸਾਰ ਬਾਣੀ ਦੇ ਖੋਜੀਆਂ ਨੇ ਇਨ੍ਹਾਂ ਸੇਵਕਾਂ ਨੂੰ ਦੋ ਰੂਪਾਂ ਵਿਚ ਵੰਡਿਆ ਹੈ ਇਕ ਤਾਂ ਉਹ ਹਨ ਜੋ ਕਿ ਸੰਸਾਰਕ ਵਾਸ਼ਨਾ ਦੀ ਪੂਰਤੀ ਵਾਸਤੇ ਸੇਵਾ ਕਰਦੇ ਹਨ, ਉਨ੍ਹਾਂ ਦੀਆਂ ਸੰਸਾਰੀ ਇੱਛਾ ਤਾ ਭਾਵੇਂ ਪੂਰੀਆਂ ਹੋ ਜਾਂਦੀਆਂ ਹਨ, ਪਰ ਸੇਵਾ ਦਾ ਸਹੀ ਫਲ ਜੋ ਸੁਆਮੀ ਦੀ ਪ੍ਰਾਪਤੀ ਹੈ ਉਸ ਵੱਲੋਂ ਉਹ ਸੱਖਣੇ ਰਹਿ ਜਾਂਦੇ ਹਨ ਕਿਉਂਕਿ ਮਨੁੱਖ ਦੀਆ ਮਾਨਸਕ ਸਮੱਸਿਆਵਾ ਤਾਂ ਅਨੇਕਾਂ ਹੀ ਹਨ ਜੋ ਕਿ ਪੂਰੀਆਂ ਹੋ ਹੀ ਨਹੀਂ ਸਕਦੀਆਂ। ਪਰ ਬੁਧੀਜੀਵੀਆਂ ਨੇ ਮਨੁੱਖ ਦੀਆਂ ਤਿੰਨ ਇੱਛਾਵਾਂ ਵਡੇਰੀਆਂ ਦੱਸੀਆਂ ਹਨ, ਜਿਵੇਂ ਕਿ:

(ਸੁਤ, ਬਿਤ, ਲੋਕ ਈਖਣਾ ਤੀਨੇ)

ਭਾਵ, ਪੁੱਤ ਦੀ ਪ੍ਰਾਪਤੀ, ਧਨ ਵਧੇਰੇ ਹੋਣ ਦੀ ਇੱਛਾ ਅਤੇ ਲੋਕਾਂ ਵਿਚ ਮਾਣ, ਵਡਿਆਈ ਪ੍ਰਾਪਤ ਕਰਨ ਦੀ ਲਾਲਸਾ ਇਹ ਤਿੰਨੇ ਵਾਸ਼ਨਾ ਮਨੁੱਖ ਨੂੰ ਰੱਬੀ ਮਾਰਗ ਵੱਲ ਟੁਰਨ ਹੀ ਨਹੀਂ ਦੇਂਦੀਆਂ, ਇਸ ਲਈ ਉਨ੍ਹਾਂ ਦੀ ਸੇਵਾ ਅਧੂਰੀ ਹੀ ਰਹਿ ਜਾਂਦੀ ਹੈ, ਉਨ੍ਹਾਂ ਨੂੰ ਰੱਬੀ ਦਰਬਾਰ ਵਿਚ ਪੁਜਣਾ ਨਸੀਬ ਨਹੀਂ ਹੁੰਦਾ।

ਦੂਜੇ ਹਨ ਨਿਸ਼ਕਾਮ ਸੇਵਕ ਜਿਨ੍ਹਾਂ ਦੀ ਮਾਨਸਕ ਅਵਸੱਥਾ ਇਹ ਹੈ ਕਿ:

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥

*(ਦੇਵਗੰਧਾਰੀ ੫, ਪੰਨਾ ੫੩੪)*

ਭਾਵ, ਉਨ੍ਹਾਂ ਨੂੰ ਦੁਨੀਆ ਦੇ ਰਾਜ ਪ੍ਰਾਪਤੀ ਤੇ ਮੁਕਤਿ ਹਾਸਲ ਕਰਨ ਦੀ ਭੀ ਕੋਈ ਇੱਛਾ ਨਹੀਂ ਕਿਉਂਕਿ ਉਨ੍ਹਾਂ ਨੂੰ ਇਹ ਸੋਝੀ ਹੈ ਕਿ ਜੋ ਚਾਰ ਪ੍ਰਕਾਰ ਦੀ ਮੁਕਤੀ ਹੈ ਇਹ ਪ੍ਰਾਪਤ ਕਰਕੇ ਭੀ ਮਨੁੱਖ ਦਾ ਆਵਾਗਵਨ ਨਹੀਂ ਮਿਟਦਾ, ਗ੍ਰੰਥ ਕਾਰਾਂ ਨੇ ਚਾਰ ਤਰ੍ਹਾਂ ਦੀ ਮੁਕਤਿ ਇਹ ਮੰਨੀ ਹੈ:

ਸਲੋਕ, ਸਮੀਪ, ਸਰੂਪ, ਸਾਜੁਜ ਭਾਵ ਕਿਸੇ ਦੇਵਤੇ ਦੀ ਪੁਰੀ ਵਿਚ ਜਾ ਵੱਸਣਾ, ਦੇਵਤੇ ਦਾ ਨਿਕਟ ਵਾਸੀ ਹੋ ਜਾਣਾ, ਦੇਵਤੇ ਜੈਸਾ ਸਰੂਪ ਬਣ ਜਾਣਾ ਜਾਂ ਇਉਂ ਪ੍ਰਤੀਤ ਹੋਣਾ ਕਿ ਇਹ ਆਪਣੇ ਇਸ਼ਟ ਵਿਚ ਲੀਨ ਹੋ ਗਿਆ ਹੈ ਪਰ ਹੋਣਾ ਵੱਖਰਾ ਹੀ, ਜਿਵੇਂ ਪਾਣੀ ਵਿਚ ਡੁਬਕੀ ਮਾਰਨ ਵਾਲਾ ਪਾਣੀ ਤੋਂ ਵੱਖਰਾ ਹੀ ਹੋਇਆ ਕਰਦਾ ਹੈ। ਇਸ ਤਰ੍ਹਾਂ ਇਹ ਚਾਰ ਤਰ੍ਹਾਂ ਦੇ ਉਪਾਸ਼ਕ ਜਿਤਨਾ ਜਿਤਨਾ ਕਿਸੇ ਨੇ ਜਪ, ਤਪ ਕੀਤਾ ਹੈ ਉਹ ਉਤਨਾ ਨੀਅਤ ਸਮਾ ਹੀ ਉਸ ਪੁਰੀ ਵਿਚ ਰਹਿ ਸਕਦਾ ਹੈ, ਆਖਰ ਉਸ ਨੂੰ ਉਸ ਦੇਵ ਪੁਰੀ ਤੋ ਗਿਰਾਇਆ ਜਾਂਦਾ ਹੈ, ਇਸ ਲਈ ਗਿਆਨੀ

ਲੋਕ ਅਜਿਹੀ ਮੁਕਤੀ ਦੀ ਇੱਛਾ ਹੀ ਨਹੀਂ ਕਰਦੇ, ਚਾਹਤ ਹੀ ਨਹੀਂ ਕਰਦੇ ਉਨ੍ਹਾਂ ਨੂੰ ਪ੍ਰਭੂ ਦੇ ਚਰਨਾ ਵਿਚ ਹੀ ਸੁਖ ਸਾਂਤੀ ਪ੍ਰਤੀਤ ਹੁੰਦੀ ਹੈ, ਇਸ ਕਰਕੇ ਉਹ ਸੇਵਕ ਸਹੀ ਸਿਧਾਂਤ ਨੂੰ ਅਨੁਭਵ ਕਰਕੇ :

ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥

*(ਮਾਰੂ ਮ: ੫, ਪੰਨਾ ੧੦੭੮)*

ਉਨ੍ਹਾਂ ਦੇ ਅੰਦਰ ਆਤਮੇ ਸਿਰਫ ਕੇਵਲ ਮੁਕਤੀ ਦੀ ਹੀ ਚਾਹਤ ਹੈ, ਜਿਸ ਦਾ ਰੂਪ ਇਹੋ ਹੈ ਕਿ :

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥

*(ਸੁਖਮਨੀ, ਪੰਨਾ ੨੭੮)*

## *੧੯. ਨਿੰਮ੍ਰਤਾ ਭਰੀ ਸੇਵਾ ਦਾ ਫਲ*

**੧. ਹੋਮ ਜੱਗ ਲੱਖ ਭੋਗ**
**ਚਣੇ ਚਬਾਵਣੀ।**
**੨. ਤੀਰਥ ਪੁਰਬ ਸੰਜੋਗ**
**ਪੈਰ ਧੁਵਾਵਣੀ।**
**੩. ਗਿਆਨ ਧਿਆਨ ਲੱਖ ਜੋਗ**
**ਸ਼ਬਦ ਸੁਨਾਵਣੀ।**
**੪. ਰਹੇ ਨ ਸਹਸਾ ਸੋਗ**
**ਝਾਤੀ ਪਾਵਣੀ।**
**੫. ਭਉਜਲ ਵਿੱਚ ਅਰੋਗ**
**ਨ ਲਹਿਰ ਡਰਾਵਣੀ।**
**੬. ਲੰਘਿ ਸੰਜੋਗ ਵਿਜੋਗ**
**ਗੁਰਮਤਿ ਆਵਣੀ॥੧੯॥**

*ਪਦ ਅਰਥ :* ਚਣੇ ਚਬਾਵਣੇ—ਛੋਲੇ ਚਬਾਵਣੇ ਦੀ ਸੇਵਾ। ਪੈਰ ਧੁਆਵਣੀ—ਚਰਣ ਧੋਣ ਦੀ ਸੇਵਾ। ਸ਼ਬਦ ਸੁਨਾਵਣੀ—ਕੀਰਤਨ ਦੀ ਸੇਵਾ। ਝਾਤੀ ਪਾਵਣੀ—ਦਰਸ਼ਨ ਦੀ ਕਰਨਾ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਕਈ ਸੇਵਾ ਕਰਨ ਵਾਲੇ ਸੇਵਕ ਤਾਂ ਵੇਖਣ ਵਿਚ ਆਉਂਦੇ ਹਨ ਜਿਨ੍ਹਾਂ ਦੀ ਉਠਣ, ਬੈਠਣ, ਬੋਲਣ, ਚੱਲਣ ਦੀ ਹਰ ਕ੍ਰਿਆ ਨਿੰਮ੍ਰਤਾ ਸਹਿਤ ਹੋਇਆ ਕਰਦੀ ਹੈ, ਕਿਉਂ ਜੋ! ਅਜਿਹੇ ਨਿੰਮ੍ਰਤਾ ਧਾਰੀ ਸੇਵਕਾਂ ਨੂੰ ਕੀ ਫਲ ਪ੍ਰਾਪਤ ਹੋਵੇਗਾ, ਦੱਸੋਗੇ?

ਉ: ਹੇ ਭਾਈਓ! ਬੁਧੀਜੀਵੀਆਂ ਦੀ ਵੀਚਾਰ ਵਿਚ ਇਹ ਨਿੰਮ੍ਰਤਾ ਦਾ ਗੁਣ ਇਕ ਬਹੁਤ ਵੱਡਾ ਉੱਤਮ ਪਦਾਰਥ ਹੈ ਤੇ ਇਸਨੂੰ ਧਾਰਨ ਕਰਨ ਵਾਲਾ ਭੀ ਬਹੁਤ ਵੱਡਾ ਵਡਭਾਗੀ ਹੈ। ਪਰ ਜੇ ਅਸੀਂ ਇਸਨੂੰ ਦੂਰ ਦਰਸ਼ੀ ਨਜ਼ਰਾ ਰਾਹੀ ਵੇਖੀਏ ਤਾ ਸਾਨੂੰ ਇਸ ਨਿੰਮ੍ਰਤਾ ਦੇ ਦੋ ਰੂਪ ਵੇਖਣ ਵਿਚ ਆਉਣਗੇ। ਇਕ ਤਾਂ ਉਹ ਲੋਕ ਹਨ ਜੋ ਕਿ ਆਪਣੀ ਬਾਹਰਲੀ ਨਿੰਮ੍ਰਤਾ ਨੂੰ ਵਿਖਾ ਕੇ ਆਪਣੀ ਮਾਨ, ਪ੍ਰਤਿਸ਼ਟਾ ਅਤੇ ਵਡਿਆਈ ਕਰਾਉਣ ਦੀ ਚਾਹਤ ਰੱਖਦੇ ਹਨ, ਪਰ ਇਸ ਤਰ੍ਹਾਂ ਦੇ ਲੋਕ ਜੋ ਕੇਵਲ ਆਪਣੀ ਵਡਿਆਈ ਕਰਾਉਣ ਦੇ ਚਾਹਵਾਨ ਹਨ ਉਨ੍ਹਾਂ ਨੂੰ ਗੁਰਬਾਣੀ ਨੇ ਹਉਮੈ ਦੇ ਗ੍ਰਸੇ ਹੋਏ ਦੀਰਘ ਰੋਗੀ ਦਸਿਆ ਹੈ ਕਿਉਂਕਿ (ਹਉਮੈ ਦੀਰਘ ਰੋਗ ਹੈ) ਭਾਵ ਹੈ ਕਿ ਜੋ ਅੰਦਰੋਂ ਹਉਮੈ ਦਾ ਧਾਰਨੀ ਹੈ, ਉਸਦੀ ਬਾਹਰੋਂ ਧਾਰਨ ਕੀਤੀ ਨਿੰਮ੍ਰਤਾ ਨੂੰ ਗੁਰਮਤ ਨੇ ਨਿਸਫਲ ਮੰਨਿਆ ਹੈ।

ਪਰ, ਜੋ ਗੁਰਮਤ ਦੇ ਧਾਰਨੀ ਗੁਰੂ ਦੀ ਸੰਗਤ ਵਿਚ ਪੁੱਜ ਕੇ ਕਿਸੇ ਪ੍ਰਕਾਰ ਦੀ ਭੀ ਸੇਵਾ ਕਰਦੇ ਹਨ ਉਨ੍ਹਾਂ ਦੇ ਅੰਦਰ ਆਤਮੇਂ ਉਸ ਸੇਵਾ ਦਾ ਰੰਚਕ ਮਾਤ੍ਰ ਭੀ ਅਭਿਮਾਨ ਨਹੀਂ। ਉਹ ਛੋਟੀ ਤੋਂ ਥੋੜੀ ਸੇਵਾ ਨੂੰ ਭੀ ਸੰਸਾਰ ਦੇ ਹੋਮ ਤੇ ਜੱਗ ਆਦਿਕ ਕਰਮਾਂ ਧਰਮਾਂ ਤੋਂ ਉੱਤਮ ਅਨੁਭਵ ਕਰਦੇ ਹਨ, ਕਿਉਂਕਿ ਉਨ੍ਹਾ ਨੂੰ ਗੁਰਬਾਣੀ ਦੁਆਰੇ ਇਹ ਸੂਝ ਬੂਝ ਮਿਲ ਚੁੱਕੀ ਹੈ ਕਿ :

ਹੋਮ ਜਗ ਉਰਧ ਤਪ ਪੂਜਾ॥
ਕੋਟਿ ਤੀਰਥ ਇਸਨਾਨੁ ਕਰੀਜਾ॥
ਚਰਨ ਕਮਲ ਨਿਮਖ ਰਿਦੈ ਧਾਰੇ॥
ਗੋਬਿੰਦ ਜਪਤ ਸਭਿ ਕਾਰਜ ਸਾਰੇ॥੬॥

*(ਪ੍ਰਭਾਤੀ ਮ: ੫, ਪੰਨਾ ੧੩੪੯)*

ਹੋਮ ਜਗ ਅਰੁ ਪਾਠ ਪੁਰਾਣ॥
ਜੋ ਤਿਸੁ ਭਾਵੈ ਸੋ ਪਰਵਾਣੁ॥੩॥

*(ਮਲਾਰ ਮ: ੧, ਪੰਨਾ ੧੨੫੭)*

ਹੋਮ ਜਗ ਸਭਿ ਤੀਰਥਾ ਪੜਿ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹੁ ਨ ਮਿਟਈ
ਵਿਚਿ ਹਉਮੈ ਆਵਣੁ ਜਾਣੁ ।

(ਸਲੋਕ ਮ: ੩, ਪੰਨਾ ੧੪੧੭)

ਹੋਮ ਜਪਾ ਨਹੀ ਜਾਣਿਆ
ਗੁਰਮਤੀ ਸਾਚੁ ਪਛਾਣੁ ॥
ਨਾਮ ਬਿਨਾ ਨਾਹੀ ਦਰਿ ਢੋਈ
ਝੂਠਾ ਆਵਣ ਜਾਣੁ ॥੩॥ (ਮਾਰੂ ਮ: ੧, ਪੰਨਾ ੯੯੩)

ਇਸ ਤੋਂ ਆਦਿ ਹੋਰ ਭੀ ਅਨੇਕਾਂ ਸਾਧਨ ਹਨ ਜੋ ਗੁਰਬਾਣੀ ਵਿਚ ਦਰਸਾਏ ਗਏ ਹਨ, ਪਰ ਜੋ ਨਿਰ-ਅਭਿਮਾਨ ਹੋ ਨਿੰਮ੍ਰਤਾ ਸਹਿਤ ਸੰਗਤ ਵਿਚ ਗੁਰਸਿੱਖਾਂ ਦੀ ਸੇਵਾ ਕੀਤੀ ਜਾਂਦੀ ਹੈ ਇਸ ਦੇ ਮੁਕਾਬਲੇ ਵਿਚ ਲੱਖਾਂ ਹੀ ਜੋਗ, ਜੱਗ, ਤਪ, ਹੋਮ, ਆਦਿਕ ਨਹੀਂ ਮੰਨੇ ਜਾ ਸਕਦੇ ਕਿਉਂਕਿ ਇਹ ਪੁਰਾਤਨ ਜੁੱਗਾਂ ਦੇ ਕਰਮ ਧਰਮ ਮਨੁੱਖ ਦੇ ਮਨ ਵਿਚ ਹਉਮੈ ਦਾ ਦੀਰਘ ਰੋਗ ਪੈਦਾ ਕਰਦੇ ਹਨ, ਜੋ ਕਿ ਮਨੁੱਖ ਦੇ ਰੱਬੀ ਮਾਰਗ ਵਿਚ ਇਕ ਬਹੁਤ ਵੱਡੀ ਰੁਕਾਵਟ ਪੈਦਾ ਕਰਨ ਦਾ ਕਾਰਨ ਸਾਬਤ ਹੁੰਦੇ ਹਨ, ਇਸੇ ਲਈ ਗੁਰਬਾਣੀ ਨੇ ਇਹ ਫ਼ੁਰਮਾਨ ਕਰ ਦਿਤਾ ਹੈ ਕਿ ਹੇ ਭਾਈਓ ! ਸੁਣੋ :

ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ ॥

(ਸੋਰਠਿ ਮ: ੫, ਪੰਨਾ ੬੪੧)

ਇਸ ਤਰ੍ਹਾਂ ਗੁਰਬਾਣੀ ਦੇ ਭਾਵ ਨੂੰ ਮੁਖ ਰਖ ਕੇ ਜੋ ਸਿਖ ਸੇਵਾ ਕਰਦੇ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਦੇ ਨਿਰਮਾਣ ਜੀਵਨਾਂ ਵੱਲ ਤੱਕ ਕੇ ਮੈਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ :

(੧) ਹੇ ਭਾਈਓ ! ਮੈਨੂੰ ਤਾ ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ ਗੁਰਸਿੱਖਾਂ ਦੇ ਮਨ ਵਿਚ ਇਹੋ ਹੀ ਨਿਸਚਾ ਹੈ ਕਿ ਗੁਰਸਿੱਖਾਂ ਤਾਈਂ ਜੋ) ਛੋਲੇ ਚਬਾਉਣ (ਦੀ ਸੇਵਾ ਕਰਨੀ ਹੈ ਇਹ) ਲੱਖਾਂ ਹੋਮ ਤੇ ਜੱਗਾਂ ਦਾ ਜੋ ਫਲ ਤੇ ਲੱਖਾਂ ਭੋਗ ਹਨ, (ਉਨ੍ਹਾਂ ਸਭ ਤੋਂ ਸ੍ਰੇਸ਼ਟ ਹੈ)।

(੨) ਫਿਰ ਉਨ੍ਹਾਂ ਗੁਰਸਿੱਖਾ ਦਾ ਇਹ ਭੀ ਵਿਸ਼ਵਾਸ ਹੈ ਕਿ ਘਰ ਆਏ ਗੁਰਸਿੱਖਾਂ ਦੇ) ਪੈਰ ਧੁਆਉਣ ਦੀ ਸੇਵਾ ਦਾ ਫਲ ਤੀਰਥਾਂ ਦੀਆਂ ਪੁਰਬੀਆ ਦੇ ਸੰਜੋਗਾ ਦਾ (ਮੰਨੇ ਹੋਏ ਫਲਾ ਨਾਲੋ ਵਧੀਕ) ਫਲ ਹੈ।

(੩) ਲੱਖਾਂ ਹੀ ਗਿਆਨ ਲੱਖਾਂ ਹੀ ਧਿਆਨ ਤੇ ਲੱਖਾਂ ਹੀ ਜੋਗ ਦੇ ਫਲ ਨਾਲੋ ਸ੍ਰੇਸ਼ਟ ਫਲ ਹੈ। (ਜੋ ਗੁਰੂ ਦੇ ਸਿੱਖਾ ਨੂੰ) ਸਬਦ ਕੀਰਤਨ ਕਰਕੇ ਸੁਣਾਉਣ ਦੀ ਸੇਵਾ ਹੈ।

(੪) ਸਹਿਸਾ ਤੇ ਸੋਗ ਉਸ ਗੁਰਸਿਖ ਦੇ (ਨੇੜੇ ਹੀ ਨਹੀ ਰਹਿੰਦੇ (ਜੋ ਪ੍ਰੇਮ ਵਿਚ ਮਗਨ ਹੋ, ਸਾਧ ਸੰਗਤ ਦੀ ਹਜ਼ੂਰੀ ਵਿਚ ਜਾ ਕੇ) ਝਾਤੀ ਪਾ ਆਉਂਦਾ ਹੈ।

(੫) (ਸਤਿਗੁਰੂ ਦੀ ਸ਼ਰਨ ਵਿਚ ਰਹਿਣਾ) ਭਉਜਲ ਵਿਚ (ਗੁਰਸਿੱਖਾਂ ਨੂੰ) ਅਰੋਗ ਰਖਦੀ ਹੈ ਤੇ ਕੋਈ ਡਰਾਉਣੀ ਲਹਿਰ ਦਾ ਡਰ ਵੀ ਨਹੀਂ ਭਾਸਦਾ।

(੬) (ਗੁਰੂ ਦੇ ਸਿੱਖਾਂ ਨੂੰ) ਸੰਜੋਗਾਂ ਵਿਜੋਗਾਂ ਦੇ ਦੁਖ (ਨਹੀਂ ਪੋਂਹਦੇ) ਗੁਰੂ ਦੀ ਮਤ ਦੇ ਆ ਜਾਣ ਨਾਲ (ਦੁਖ ਸੁਖ ਸਹਿਜੇ ਹੀ) ਲੰਘ ਜਾਂਦੇ ਹਨ।੧੯।

***ਭਾਵਾਰਥ :*** ਜੋ ਗੁਰਸਿਖ ਹਉਮੈ ਤੋਂ ਰਹਿਤ ਹੋ ਨਿੰਮ੍ਰਤਾ ਸਹਿਤ ਗੁਰਸਿੱਖਾਂ ਦੀ ਸੇਵਾ ਕਰਦੇ ਹਨ, ਉਹ ਸੇਵਾ ਗੁਰਸਿੱਖਾ ਨੂੰ ਪ੍ਰਸੰਨ ਕਰਦੀ ਹੈ, ਉਹ ਪ੍ਰਸੰਨਤਾ ਸੇਵਾ ਕਰਨ ਵਾਲੇ ਸਿੱਖਾਂ ਦੇ ਮਨ ਤੋਂ ਜਨਮ ਜਨਮਾਤ੍ਰਾਂ ਦੀ ਹਉਮੈ ਦੀ ਮੈਲ ਨੂੰ ਧੋ ਕੇ ਉਸਨੂੰ ਅਰੋਗ ਕਰਦੀ ਤੇ ਉੱਚਤਾ ਦੇਂਦੀ ਹੈ, ਇਹ ਉੱਚਤਾ ਪ੍ਰੇਮ-ਹੀਨ ਕਰਮ-ਕਾਂਡ ਦੀ ਕ੍ਰਿਆ ਵਿਚ ਨਹੀਂ ਹੈ ਪ੍ਰੇਮ ਤੋਂ ਸੱਖਣੇ ਜੋ ਕਰਮ ਧਰਮ ਹਨ ਉਹ ਸੇਵਕ ਨੂੰ ਰੱਬੀ ਦਰਬਾਰ ਤਕ ਨਹੀਂ ਪੁਚਾ ਸਕਦੇ, ਕਿਉਂਕਿ ਇਨ੍ਹਾਂ ਬਾਰੇ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ ॥੧॥

(ਸੂਹੀ ਮ: ੫, ਪੰਨਾ ੭੪੭)

ਭਾਵ ਹੈ ਜਿਨ੍ਹਾਂ ਧਰਮ ਦੇ ਕਰਮਾਂ ਵਿਚ ਪਖੰਡ ਦਿਸਦਾ ਹੈ ਇਨ੍ਹਾਂ ਨੂੰ ਰੱਬੀ ਮਾਰਗ ਵਿਚ ਜੋ ਮਸੂਲੀਏ ਜਗਾਤ ਲੈਣ ਵਾਲੇ ਜਮ ਹਨ ਉਹ ਉਨ੍ਹਾਂ ਨੂੰ ਲੁੱਟ ਲੈਂਦੇ ਹਨ। ਇਸ ਲਈ ਸਿਖ ਨੂੰ ਉਸ ਪ੍ਰਭੂ ਦਾ ਨਿਰਬਾਣ ਕੀਰਤਨ ਗਾਉਣ ਦੀ ਹੀ ਆਗਿਆ ਹੈ, ਜਿਸ ਰਾਹੀ ਇਸਦਾ ਜੰਮਣ ਮਰਨ ਦੇ ਚੱਕ੍ਰ ਤੋਂ ਛੁਟਕਾਰਾ ਹੋ ਸਕਦਾ ਹੈ।

## ੨੦. ਸੇਵਕ ਨੂੰ ਸੇਵਾ ਦਾ ਵਿਸ਼ੇਸ਼ ਫਲ

੧. ਧਰਤੀ ਬੀਉ ਬੀਜਾਇ
ਸਹਸ ਫਲਾਇਆ।
੨. ਗੁਰਸਿਖ ਮੁਖਿ ਪਵਾਇ
ਨ ਲੇਖ ਲਿਖਾਇਆ।
੩. ਧਰਤੀ ਦੇਇ ਫਲਾਇ
ਜੋਇ ਫਲ ਪਾਇਆ।
੪. ਗੁਰਸਿਖ ਮੁਖਿ ਸਮਾਇ
ਸਭ ਫਲ ਪਾਇਆ।
੫. ਬੀਜੇ ਬਾਝੁ ਨ ਖਾਇ
ਨ ਧਰਤਿ ਜਮਾਇਆ।
੬. ਗੁਰਮੁਖਿ ਚਿੱਤਿ ਵਸਾਇ
ਇੱਛਿ ਪੁਜਾਇਆ ॥੨੦॥੧੪॥

*ਪਦ ਅਰਥ :* ਬੀਉ ਬੀਜਾਇ—ਬੀਜ ਪਾਉਣ ਨਾਲ। ਸਹਸ—ਹਜ਼ਾਰ। ਮੁਖਿ ਪਵਾਇ—ਭੋਜਨ ਛਕਾਣਾ। ਇੱਛਿ ਪੁਜਾਇਆ—ਇੱਛਾ ਪੂਰਨ ਹੋਣੀ, ਭਾਵਨਾ ਪੂਰਨ ਹੋਣੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜੋ ਸੇਵਕ ਗੁਰਸਿੱਖਾਂ ਦੀ ਸੇਵਾ ਕਰਦੇ ਹਨ ਉਨ੍ਹਾਂ ਵਿਚ ਖ਼ਾਸ ਖਾਸ ਕਿਹੜੇ ਗੁਣ ਪਾਏ ਜਾਂਦੇ ਹਨ ਉਨ੍ਹਾਂ ਬਾਰੇ ਆਪ ਜੀ ਸਾਨੂੰ ਕੁਝ ਜਾਣਕਾਰੀ ਦਿਉ, ਕਿਉਂਕਿ ਆਪ ਜੀ ਨੂੰ ਤਾਂ ਅਜਿਹੇ ਸੇਵਕਾਂ ਦੇ ਸੰਬੰਧ ਵਿਚ ਵਧੇਰੇ ਸੋਝੀ ਹੈ?

ਉ: ਹੇ ਭਾਈਓ! ਮੇਰੀਆਂ ਨਜ਼ਰਾਂ ਤਾਂ ਇਉਂ ਹੀ ਅਨੁਭਵ ਕਰਦੀਆਂ ਹਨ ਕਿ ਗੁਰਸਿੱਖਾਂ ਦੀ ਸੇਵਾ ਕਰਨ ਵਾਲੇ ਸੇਵਕ ਗੁਣਾਂ ਦੇ ਅਨੰਤ ਭੰਡਾਰ ਹੁੰਦੇ ਹਨ, ਕਿਉਂਕਿ ਉਹ ਕੁਦਰਤ ਦੀ ਪੈਦਾ ਕੀਤੀ ਹੋਈ ਹਰ ਵਸਤੂ ਵਿਚੋਂ ਗੁਣ ਹੀ ਗ੍ਰਹਿਣ ਕਰਦੇ ਹਨ, ਪਰ ਉਹ ਵਧੇਰੇ ਗੁਣ ਧਰਤੀ ਦੇ ਧਾਰਨ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਬਾਣੀ ਦੁਆਰੇ ਧਰਤੀ ਦੇ ਗੁਣ ਧਾਰਨ ਕਰਨ ਦੀ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ:

ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ
ਮਨਿ ਨ ਮਨੀ ਬਿਪਰੀਤਿ ॥੩॥
ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥
ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥
*(ਮਾਰੂ ਮ: ੫, ਪੰਨਾ ੧੦੧੮)*

ਭਾਵ ਹੈ ਜਿਵੇਂ ਧਰਤੀ ਦਾ ਗੁਣ ਹੈ ਕਿ ਉਹ ਚੰਦਨ ਆਦਿਕ ਸੁਗੰਧੀਆਂ ਦਾ ਲੇਪਨ ਕਰਨ ਵਾਲੇ ਨਾਲ ਪ੍ਰੀਤ ਨਹੀਂ ਕਰਦੀ ਤੇ ਵਿਸ਼ਟਾ ਮੂਤ੍ਰ ਆਦਿ ਸੁੱਟਣ ਵਾਲੇ ਜਾਂ ਉਸਨੂੰ ਤਿਲ ਤਿਲ ਕਰਕੇ ਕੱਟਣ ਵਾਲੇ ਪਰ ਰੋਸ ਨਹੀਂ ਕਰਦੀ ਇਸੇ ਤਰ੍ਹਾਂ ਗੁਰਸਿੱਖਾਂ ਦੀ ਸੇਵਾ ਕਰਨ ਵਾਲੇ ਸੇਵਕ ਦੀ ਊਚ ਨੀਚ ਮਨੁੱਖ ਪਰ ਸਮਾਨ ਦ੍ਰਿਸ਼ਟੀ ਹੋਇਆ ਕਰਦੀ ਹੈ ਉਹ ਕਿਸੇ ਨੂੰ ਵਧੇਰੇ ਮਿਤ੍ਰ ਜਾ ਸ਼ਤਰੂ ਨਹੀਂ ਤੱਕਦੇ। ਇਸ ਤਰ੍ਹਾਂ ਧਰਤੀ ਦੇ ਗੁਣਾਂ ਦੀ ਧਾਰਨਾ ਵਾਲੇ ਸੇਵਕਾਂ ਦੀ ਜੋ ਸੇਵਾ ਕਰਨੀ ਹੈ ਉਨ੍ਹਾਂ ਦੀ ਥੋੜੀ ਜਿਹੀ ਸੇਵਾ ਕਰਨ ਦਾ ਭੀ ਅਨੰਤ ਗੁਣਾਂ ਫਲ ਹਾਸਲ ਹੁੰਦਾ ਹੈ, ਜਿਨ੍ਹਾਂ ਦੇ ਧਰਤੀ ਵਾਂਗ ਧਾਰਨ ਕੀਤੇ ਗੁਣਾਂ ਨੂੰ ਤੱਕ ਕੇ ਮੈਂ ਚੰਦ ਸਤਰਾਂ ਅੰਕਤ ਕੀਤੀਆ ਹਨ, ਜਿਵੇਂ ਕਿ:

(੧) (ਹੇ ਭਾਈਓ! ਧਰਤੀ ਦੇ ਵਿਸ਼ੇਸ਼ ਗੁਣ ਵੱਲ ਨਜ਼ਰ ਮਾਰੋ ਜਿਵੇਂ) ਧਰਤੀ ਵਿਚ (ਇਕ ਨਿੱਕਾ ਜਿਹਾ) ਬੀਜ ਬੀਜੀਦਾ ਹੈ, ਜੋ ਹਜ਼ਾਰ ਗੁਣਾਂ ਵਾਧੇ ਵਾਲਾ ਹੋ ਕੇ ਫੈਲਦਾ ਹੈ।

(੨) (ਹੇ ਪਿਆਰੇ! ਇਸੇ ਤਰ੍ਹਾਂ ਇਕ) ਗੁਰੂ ਦੇ ਸਿਖ ਦੇ ਮੂੰਹ ਵਿਚ ਭੋਜਨ ਪਾਉਣ (ਨਾਲ ਏਨਾ ਕੁਝ ਫਲ ਪ੍ਰਾਪਤ ਹੁੰਦਾ ਹੈ ਕਿ) ਉਸਦਾ ਲੇਖਾ ਨਹੀਂ ਲਿਖਿਆ ਜਾ ਸਕਦਾ।

(੩) (ਪਰ ਹੋਰ ਤੱਕੋ) ਧਰਤੀ ਤਾਂ ਓਹੀ ਫਲ ਦੇਵੇਗੀ, ਜੋ ਬੀਜ ਪਾਓਗੇ।

(੪) ਪਰ ਗੁਰੂ ਦੇ ਸਿਖ ਦੇ ਮੂੰਹ ਵਿਚ (ਇਕ) ਭੋਜਨ (ਪ੍ਰਸ਼ਾਦ ਛਕਾਉਣ) ਪਾਉਣ ਨਾਲ ਸਭ ਤਰ੍ਹਾਂ ਦੇ (ਮਨ ਇੱਛੇ) ਫਲ ਪ੍ਰਾਪਤ ਹੁੰਦੇ ਹਨ।

(੫) ਹੇ ਭਾਈਓ! ਇਕ ਹੋਰ ਭੀ ਤੱਕੋ ਕਿ ਬੀਜੇ ਬਿਨਾ ਕਿਸੇ ਨੂੰ ਕੁਝ ਭੀ ਪ੍ਰਾਪਤ ਨਹੀਂ ਹੋ ਸਕਦਾ, ਨਾ ਧਰਤੀ ਹੀ ਬੀਜੇ ਬਿਨਾਂ ਫਲ ਦੇਂਦੀ ਹੈ।

(੬) ਪਰ ਗੁਰਸਿੱਖਾਂ ਦੀ ਸੇਵਾ ਦਾ ਵਿਸ਼ੇਸ਼ ਫਲ ਹੈ ਕਿ ਜੇ ਕੋਈ) ਦਿਲ ਵਿਚ ਉਤਸ਼ਾਹ ਤੇ ਚਾਉ ਨਾਲ ਇਹ ਗੱਲ ਵਸਾ ਲਵੇ ਕਿ ਮੈਂ ਗੁਰੂ ਸਿੱਖਾਂ ਦੀ ਸੇਵਾ ਜ਼ਰੂਰ

ਕਰਨੀ ਹੈ, ਪਰ ਐਸਾ ਕਰਨ ਦਾ ਮੌਕਾ ਉਸ ਨੂੰ ਨਾ ਭੀ ਮਿਲੇ, ਪਰ ਇਹ ਸੇਵਾ ਭਾਵ ਮਨ ਵਿਚ ਆਉਣ ਨਾਲ ਹੀ) ਇੱਛਾ ਪੂਰਨ ਹੋ ਜਾਂਦੀਆਂ ਹਨ।

ਭਾਵ ਇਹ ਪ੍ਰੇਮ ਭਾਵਨਾ ਦੀ ਮਹਿਮਾ ਕਥਨ ਕੀਤੀ ਹੈ।੨੦।੧੪।

*ਭਾਵਾਰਥ:* ਜਿਥੇ ਸੇਵਕ ਨੇ ਧਰਤੀ ਦੇ ਗੁਣ, ਧੀਰਜਤਾ, ਖਿਮਾਂ, ਸਮਦ੍ਰਿਸ਼ਟੀ, ਨਿਰਵੈਰਤਾ, ਨਿਰਖੋਭਤਾ ਧਾਰਨ ਕੀਤੇ ਹਨ, ਉਥੇ ਉਸਨੇ ਧਰਤੀ ਦਾ ਸੱਚ ਬੋਲਣ ਦਾ ਵਿਸ਼ੇਸ਼ ਗੁਣ ਭੀ ਧਾਰਨ ਕੀਤਾ ਹੈ, ਜਿਵੇਂ ਅਸੀਂ ਵੇਖਦੇ ਹਾਂ ਕਿ ਧਰਤੀ ਕਦੇ ਭੀ ਝੂਠ ਨਹੀਂ ਬੋਲਦੀ, ਇਸ ਧਰਤੀ ਦੇ ਗੁਣ ਦਾ ਸਾਨੂੰ ਪ੍ਰਤੱਖ ਸਬੂਤ ਮਿਲਦਾ ਹੈ, ਜਿਵੇਂ ਕਿਸੇ ਦੀ ਮੁੱਠੀ ਵਿਚ ਛੋਲਿਆਂ ਦਾ ਬੀਜ ਹੈ ਜੇ ਉਸਨੂੰ ਕੋਈ ਪੁੱਛੇ ਕਿ ਤੇਰੀ ਮੁੱਠੀ ਵਿਚ ਕਿਸਦਾ ਬੀਜ ਹੈ ਤਾਂ ਉਹ ਝੂਠ ਬੋਲ ਸਕਦਾ ਹੈ ਕਿ ਇਹ ਬੀਜ ਕਣਕ ਦਾ ਹੈ, ਪਰ ਜਦੋਂ ਉਸ ਬੀਜ ਨੂੰ ਧਰਤੀ ਵਿਚ ਬੀਜ ਦਿਤਾ ਜਾਏ ਤਾਂ ਫਿਰ ਕੋਈ ਇਹ ਝੂਠ ਨਹੀਂ ਕਹਿ ਸਕਦਾ ਕਿ ਇਹ ਬੀਜ ਕਣਕ ਦਾ ਹੈ ਕਿਉਂਕਿ ਧਰਤੀ ਦਾ ਜਦੋਂ ਮੂੰਹ ਖੁਲ੍ਹਿਆ ਤਾਂ ਉਸਨੇ ਸੱਚ ਹੀ ਬੋਲਣਾ ਹੈ, ਝੂਠ ਨਹੀਂ। ਇਸੇ ਤਰ੍ਹਾਂ ਗੁਰੂ ਦੀ ਸੰਗਤ ਵਿਚ ਰਹਿਣ ਵਾਲੇ ਸੇਵਕ ਭੀ ਕਦੀ ਝੂਠ ਨਹੀਂ ਬੋਲਦੇ। ਕਿਉਂਕਿ ਉਨ੍ਹਾਂ ਨੂੰ ਬਾਣੀ ਵਿਚੋਂ ਸੱਚ ਬੋਲਣ ਦੀ ਹੀ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ ਕਿ:

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥

*(ਆਸਾ ਸ਼ੇਖ ਫਰੀਦ ਜੀ, ਪੰਨਾ ੪੮੮)*

ਭਾਵ ਹੈ, ਕਿ ਸੇਵਕ ਨੂੰ ਪ੍ਰੇਰਨਾ ਦਿਤੀ ਗਈ ਹੈ ਕਿ ਹੇ ਸੇਵਕ ! ਸਦਾ ਸੱਚ ਹੀ ਬੋਲਦੇ ਰਹੀਏ ਝੂਠ ਕਦੇ ਭੀ ਨਾ ਬੋਲੀਏ, ਕਿਉਂਕਿ ਸੱਚ ਬੋਲਣਾ ਹੀ ਤਾਂ ਸੇਵਕ ਦਾ ਧਰਮ ਹੈ, ਇਸ ਲਈ ਸੇਵਕ ਨੂੰ ਹਿਦਾਇਤ ਹੈ ਕੇ ਹੇ ਸੇਵਕ ! ਜੋ ਗੁਰੂ ਨੇ ਸੱਚ ਬੋਲਣ ਦਾ ਮਾਰਗ ਦਸਿਆ ਹੈ ਉਸੇ ਪਰ ਹੀ ਸਦਾ ਜੀਵਨ ਗੁਜ਼ਾਰਦੇ ਰਹਿਣਾ ਚਾਹੀਦਾ ਹੈ।

ਗੁਰੂ ਨਾਨਕ ਪਾਤਿਸ਼ਾਹ ਨੇ ਵੀ ਧਰਤੀ ਨੂੰ ਮਾਤਾ ਦਾ ਦਰਜਾ ਦਿਤਾ ਹੈ, ਜਿਵੇਂ ਕਿ (ਮਾਤਾ ਧਰਤਿ ਮਹਤੁ) ਭਾਵ ਧਰਤੀ ਇਕ ਪੂਜਨੀਕ ਮਾਤਾ ਦੇ ਸਮਾਨ ਹੈ, ਜੋ ਮਾਤਾ ਵਾਂਗ ਸਾਰਿਆਂ ਦੀ ਪਾਲਣਾ ਕਰਦੀ ਹੈ, ਹੋ ਸਕਦਾ ਹੈ ਕਿ ਸੰਸਾਰੀ ਮਾਤਾ ਬੱਚੇ ਦੇ ਵਿਸ਼ਟਾ, ਮੂਤਰ ਆਦਿਕ ਨਾਲ ਆਪਣੇ ਕੱਪੜੇ ਗਲੀਜ ਹੋਏ ਤੱਕ ਕੇ ਕਦੀ ਘਿਰਨਾ ਭੀ ਕਰੇ ਪਰ ਧਰਤੀ ਮਾਂ ਤਾਂ ਵਿਸ਼ਟਾ ਆਦਿ ਗਲੀਜ਼ਤਾ ਤੋਂ ਭੀ ਘਿਰਨਾ ਨਹੀਂ ਕਰਦੀ। ਅਜਿਹੇ ਹੋਰ ਭੀ ਧਰਤੀ ਦੇ ਗੁਣ ਹਨ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਸੇਵਕ ਹਮੇਸ਼ਾਂ ਹੀ ਰੱਬੀ ਮਾਰਗ 'ਤੇ ਟੁਰੇ ਰਹਿਣ ਦਾ ਉੱਦਮ ਕਰਦਾ ਹੈ, ਜਿਸ ਤੋਂ ਹੋਰ ਵੀ ਕਈ ਸਾਧਕਾਂ ਨੂੰ ਪ੍ਰੇਰਨਾ ਮਿਲਦੀ ਰਹਿੰਦੀ ਹੈ।

ਇਕ ਸੇਵਕ ਨੂੰ ਧਰਤੀ ਤੋਂ ਹੋਰ ਭੀ ਪ੍ਰੇਰਨਾ ਮਿਲਦੀ ਹੈ, ਧਰਤੀ ਸੇਵਕ ਨੂੰ ਇਹ ਭੀ ਸੰਬੋਧਨ ਕਰਦੀ ਹੈ ਕਿ ਹੇ ਸੇਵਕ ! ਜਿਵੇਂ ਕੋਈ ਜਿਮੀਦਾਰ ਕਿਸੇ ਬੀਜ ਨੂੰ ਮੇਰੇ ਸੀਨੇ ਨੂੰ ਚੀਰ ਕੇ ਮੇਰੇ ਅੰਦਰ ਛੁਪਾ ਨਹੀਂ ਦੇਂਦਾ ਉਤਨਾ ਚਿਰ ਮੇਰੇ ਉਪਰ ਪਿਆ ਬੀਜ ਉੱਗਦਾ ਨਹੀਂ ਇਸੇ ਤਰ੍ਹਾਂ ਜੇ ਤੂੰ ਆਪਣੀ ਕੀਤੀ ਸੇਵਾ ਨੂੰ ਗੁਪਤ ਰੱਖਣ ਦਾ ਜਤਨ ਨਹੀਂ ਕਰਦਾ ਤਾਂ ਤੇਰੀ ਕੀਤੀ ਹੋਈ ਸੇਵਾ ਨਿਸਫਲ ਚਲੀ ਜਾਵੇਗੀ, ਇਸ ਲਈ ਗੁਰੂ ਦੇ ਸੇਵਕ ਨੂੰ ਹਰ ਪ੍ਰਕਾਰ ਦੀ ਸੇਵਾ ਕਰਕੇ ਉਸਨੂੰ ਗੁਪਤ ਰੱਖਣ ਦਾ ਉਪਰਾਲਾ ਕਰਦੇ ਰਹਿਣਾ ਜੋਗ ਹੈ, ਉਸ ਦੀ ਨੁਮਾਇਸ਼ ਕਰਨਾ ਉਸ ਸੇਵਾ ਨੂੰ ਵਿਅਰਥ ਗਵਾਉਣਾ ਹੈ।

(ਚੌਧਵੀਂ ਵਾਰ ਸਮਾਪਤ)

# ਵਾਰ ੧੫

ੴ ਸਤਿਗੁਰ ਪ੍ਰਸਾਦਿ॥

## ੧. ਸਤਿਗੁਰੂ ਜੀ ਦੀ ਮਹਿਮਾ

੧. ਸਤਿਗੁਰੁ ਸੱਚਾ ਪਾਤਿਸ਼ਾਹੁ
ਹੋਰ ਕੂੜੇ ਬਾਦਿਸ਼ਾਹ ਦੁਨੀਆਵੇ।
੨. ਸਤਿਗੁਰੁ ਨਾਥਾ ਨਾਥੁ ਹੈ
ਹੋਰਿ ਨਉਂ ਨਾਥ ਅਨਾਥ ਨਿਥਾਵੇ।
੩. ਸਤਿਗੁਰੁ ਸੱਚੁ ਦਾਤਾਰ ਹੈ
ਹੋਰੁ ਦਾਤੇ ਫਿਰਦੇ ਪਾਛਾਵੇ।
੪. ਸਤਿਗੁਰੁ ਕਰਤਾ ਪੁਰਖੁ ਹੈ
ਕਰਿ ਕਰਤੂਤਿ ਨਿਨਾਵਨਿ ਨਾਵੇ।
੫. ਸਤਿਗੁਰੁ ਸੱਚਾ ਸ਼ਾਹੁ ਹੈ
ਹੋਰੁ ਸ਼ਾਹ ਅਵਿਸਾਹ ਉਚਾਵੇ।
੬. ਸਤਿਗੁਰੁ ਸੱਚਾ ਵੈਦੁ ਹੈ
ਹੋਰੁ ਵੈਦੁ ਸਭ ਵੈਦ ਕੂੜਾਵੇ।
੭. ਵਿਣੁ ਸਤਿਗੁਰੁ ਸਭਿ ਨਿਗੋਸਾਵੇ॥੧॥

***ਪਦ ਅਰਥ:*** ਦੁਨੀਆਵੇ—ਦੁਨੀਆਂ ਦੇ, ਸੰਸਾਰਕ। ਪਾਛਾਵੇ—ਪਿੱਛੇ ਪਿੱਛੇ। ਨਿਨਾਵਨਿ ਨਾਵੇ—ਜਿਨ੍ਹਾਂ ਨੂੰ ਕੋਈ ਜਾਣਦਾ ਨਹੀਂ, ਉਨ੍ਹਾਂ ਨੂੰ ਉੱਘੇ ਕਰਦੇ। ਉਚਾਵੇ—ਚਲਾਇਮਾਨ, ਚਲਾਊ, ਖਾਨਾ-ਬਦੋਸ਼ਾਂ ਵਾਂਗੂ ਜੋ ਰਹਿੰਦੇ। ਨਿਗੋਸਾਵੇ—ਨਿਗੁਰੇ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੂੰ ਗੁਰੂ ਅਰਜਨ ਦੇਵ ਜੀ ਦੀ ਚਰਨ ਸ਼ਰਨ ਵਿਚ ਰਹਿ ਕੇ ਸੰਪੂਰਨ ਗੁਰਬਾਣੀ ਲਿਖਣ ਤੇ ਵੀਚਾਰ ਕਰਦੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਪਰ ਦਸੋ ਆਪ ਜੀ ਨੂੰ ਸਤਿਗੁਰ ਪਾਤਿਸ਼ਾਹ ਤੇ ਦੁਨਿਆਵੀ ਪਾਤਿਸ਼ਾਹ ਦੀ ਜੀਵਨ ਸ਼ੈਲੀ ਵਿਚ ਕੀ ਅੰਤਰਾ ਪ੍ਰਤੀਤ ਹੋਇਆ ਹੈ, ਇਸ ਬਾਰੇ ਤੁਸੀਂ ਆਪਣੇ ਵੀਚਾਰ ਦਿਓ?

ਉ: ਹੇ ਭਾਈਓ! ਮੇਰੀ ਇਸ ਬਾਰੇ ਆਪਣੀ ਤਾਂ ਵਧੇਰੇ ਸੋਚਣੀ ਭਾਵੇਂ ਨਹੀਂ, ਪਰ ਗੁਰੂ ਅਰਜਨ ਦੇਵ ਜੀ ਨੇ ਇਸ ਸੰਬੰਧ ਵਿਚ ਜੋ ਵੀਚਾਰ ਪ੍ਰਗਟ ਕੀਤੇ ਹਨ ਉਨ੍ਹਾਂ ਦੇ ਅਧਾਰਤ ਹੋ ਮੈਂ ਚੰਦ ਸ਼ਬਦ ਜ਼ਰੂਰ ਕਹਿ ਸਕਦਾ ਹਾਂ, ਗੁਰੂ ਅਰਜਨ ਦੇਵ ਜੀ ਨੇ ਜੋ ਸੱਚੇ ਸਤਿਗੁਰੂ ਪਾਤਿਸ਼ਾਹ ਦੇ ਸੰਬੰਧ ਵਿਚ ਕਿਹਾ ਹੈ ਉਸ ਨੂੰ ਆਪ ਜੀ ਨੇ ਬਾਣੀ ਰਾਹੀਂ ਇਉਂ ਉੱਕਰਿਆ ਹੈ ਕਿ ਗੁਰੂ ਪਾਤਿਸ਼ਾਹ ਵਿਚ ਮੈਨੂੰ ਜੋ ਵਿਸ਼ੇਸ਼ਤਾਈਆਂ ਨਜ਼ਰ ਆਈਆਂ ਹਨ ਉਹ ਇਹ ਹਨ, ਜਿਵੇਂ ਕਿ:

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥
ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥
ਨਾਨਕ ਸਤਿਗੁਰੁ ਤਿਨਾ ਮਿਲਾਇਆ
ਜਿਨਾ ਧੁਰੇ ਪਇਆ ਸੰਜੋਗੁ॥੧॥

*(ਸਲੋਕ ਮ: ੫, ਪੰਨਾ ੯੫੭)*

ਭਾਵ ਹੈ ਕਿ ਹੇ ਭਾਈਓ! ਮੈਂ ਗੁਰੂ ਦੇ ਸੰਬੰਧ ਵਿਚ ਜੋ ਸੁਣਿਆ ਸੀ ਉਸੇ ਰੂਪ ਵਿਚ ਮੈਨੂੰ ਨਜ਼ਰ ਆਇਆ ਹੈ ਕਿ ਉਹ ਮੇਰਾ ਗੁਰੂ ਸੱਚਾ ਪਾਤਿਸ਼ਾਹ ਜਨਮ ਜਨਮ ਤੋਂ ਵਿਛੜੇ ਹੋਏ ਜੀਵਾਂ ਨੂੰ ਮਿਲਾਉਣ ਵਾਲਾ ਹੈ ਤੇ ਹਰੀ ਦੀ ਦਰਗਾਹ ਵਿਚ ਭੀ ਬਸੀਠਗੀ, ਵਿਚੋਲਗੀ ਕਰਦਾ ਹੈ, ਅਤੇ ਹਰੀ ਨਾਮ ਦਾ ਮੰਤ੍ਰ ਦ੍ਰਿੜ ਕਰਵਾ ਕੇ ਹਉਮੈ ਰੋਗ ਦੇ ਗ੍ਰਸੇ ਹੋਏ ਦੀਰਘ ਰੋਗੀਆਂ ਨੂੰ ਅਰੋਗ ਕਰਨ ਵਾਲਾ ਹੈ। ਪਰ ਅਜਿਹੇ ਗੁਰੂ ਸੱਚੇ ਪਾਤਿਸ਼ਾਹ ਦਾ ਮਿਲਾਪ ਧੁਰ ਦੇ ਲਿਖੇ ਸੰਜੋਗਾਂ ਨਾਲ ਹੀ ਹੁੰਦਾ ਹੈ। ਇਸ ਤਰ੍ਹਾਂ ਹੋਰ ਭੀ ਗੁਰੂ ਵਿਚ ਅਨੇਕ ਵਿਸੇਸ਼ਤਾ ਹਨ, ਜਿਵੇਂ ਕਿ:

ਸਤਿਗੁਰੁ ਮੇਰਾ ਸਦਾ ਸਹਾਈ
ਜਿਨਿ ਦੁਖ ਕਾ ਕਾਟਿਆ ਕੇਤੁ ॥

*(ਧਨਾਸਰੀ ਮ: ੫, ਪੰਨਾ ੬੭੫)*

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ ॥੧੩॥

*(ਸੂਹੀ ਮ: ੪, ਪੰਨਾ ੭੫੯)*

ਸਤਿਗੁਰੁ ਮੇਰਾ ਸਦਾ ਹੈ ਦਾਤਾ ਜੋ ਇਛੈ ਸੋ ਫਲੁ ਪਾਏ ॥
ਨਾਨਕ ਨਾਮੁ ਮਿਲੈ ਵਡਿਆਈ
ਗੁਰ ਸਬਦੀ ਸਚੁ ਪਾਏ ॥੪॥

*(ਪ੍ਰਭਾਤੀ ਮ: ੩, ਪੰਨਾ ੧੩੩੩)*

ਸਤਿਗੁਰੁ ਮੇਰਾ ਸਦਾ ਦਇਆਲਾ
ਮੋਹਿ ਦੀਨ ਕਉ ਰਾਖਿ ਲੀਆ ॥
ਕਾਟਿਆ ਰੋਗੁ ਮਹਾ ਸੁਖੁ ਪਾਇਆ
ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ ॥

*(ਆਸਾ ਮ: ੫, ਪੰਨਾ ੩੮੩)*

ਸਤਿਗੁਰੁ ਮੇਰਾ ਸਭਸ ਕਾ ਦਾਤਾ ॥
ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥

*(ਭੈਰਉ ਮ: ੫, ਪੰਨਾ ੧੧੪੨)*

ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥੪॥

*(ਭੈਰਉ ਮ: ੫, ਪੰਨਾ ੧੧੪੨)*

ਇਸ ਤਰ੍ਹਾਂ ਗੁਣਾ ਦੇ ਭੰਡਾਰ ਸਤਿਗੁਰੂ ਜੀ ਸੱਚੇ ਪਾਤਿਸਾਹ ਹਨ, ਜਿਨ੍ਹਾਂ ਦੀ ਸਮਤਾ ਸੰਸਾਰ ਦੇ ਦੁਨਿਆਵੀ ਰਾਜੇ, ਮਹਾਰਾਜੇ, ਪਾਤਿਸਾਹ ਨਹੀਂ ਕਰ ਸਕਦੇ ਕਿਉਂ ਕਿ ਜਦੋਂ ਉਨ੍ਹਾਂ ਦੇ ਜੀਵਨਾ ਵਲ ਨਜਰ ਮਾਰੀਏ ਤਾਂ ਇਉਂ ਹੀ ਵੇਖਣ ਵਿਚ ਆਵੇਗਾ ਕਿ ਦੁਨਿਆਵੀ ਪਾਤਿਸਾਹ ਕੂੜੇ ਤੇ ਥੋੜੇ ਦਿਨਾ ਦੇ ਹੀ ਮਹਿਮਾਨ ਹਨ, ਜਿਵੇਂ ਕਿ

ਨਾਨਕ ਹੋਰਿ ਪਾਤਿਸਾਹੀਆ ਕੂੜੀਆ
ਨਾਮਿ ਰਤੇ ਪਾਤਿਸਾਹ ॥੧॥

*(ਸਲੋਕ ਮ: ੩, ਪੰਨਾ ੧੪੧੩)*

ਭਾਵ ਹੈ ਕਿ ਉਸ ਪ੍ਰਭੂ ਦੇ ਨਾਮ ਰੰਗ ਵਿਚ ਰੱਤੇ ਹੋਏ ਹੀ ਸੱਚੇ ਪਾਤਿਸ਼ਾਹ ਹਨ, ਹੋਰ ਜੋ ਵੀ ਦੁਨੀਆਂ ਦੇ ਪਾਤਿਸਾਹ ਨਜ਼ਰ ਆਉਂਦੇ ਹਨ ਇਹ ਸਭ ਕੂੜੇ ਹਨ, ਕਿਉਂਕਿ ਇਹ ਸਾਰੇ ਹੀ ਕੂੜੇ ਪਦਾਰਥਾ ਵਿਚ ਰੱਤੇ ਹੋਏ ਵੇਖੀਦੇ ਹਨ।

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥

*(ਸ੍ਰੀ ਰਾਗੁ ਮ: ੧, ਪੰਨਾ ੧੪)*

ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥...
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥

*(ਪਉੜੀ, ਪੰਨਾ ੧੧੦੦)*

ਬਾਦਿਸਾਹ ਸਾਹ ਵਾਪਾਰੀ ਮਰਨਾ ॥
ਜੋ ਦੀਸੈ ਸੋ ਕਾਲਹਿ ਖਰਨਾ ॥੨॥
ਕੂੜੈ ਮੋਹਿ ਲਪਟਿ ਲਪਟਾਨਾ ॥
ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥੩॥

*(ਸੂਹੀ ਮ: ੫, ਪੰਨਾ ੭੪੦)*

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥

*(ਪੰਨਾ ੯੩੬)*

ਇਨ੍ਹਾਂ ਉਪਰੋਕਤ ਗੁਰਬਾਣੀ ਦੀਆਂ ਪੰਗਤੀਆਂ ਰਾਹੀਂ ਸਿੱਧ ਹੁੰਦਾ ਹੈ ਕਿ ਸੱਚਾ ਸਤਿਗੁਰੂ ਹੀ ਸੱਚਾ ਪਾਤਿਸਾਹ ਹੈ, ਹੋਰ ਦੁਨੀਆਂ ਦੇ ਬਾਦਿਸਾਹ ਸਭ ਕੂੜੇ ਹਨ. ਸੋ, ਮੈਂ ਭੀ ਇਨ੍ਹਾ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ:

(੧) (ਹੇ ਭਾਈਓ! ਮੈਂ ਤਾਂ ਇਹੋ ਨਿਸਚਾ ਕੀਤਾ ਹੈ ਕਿ) ਸਤਿਗੁਰੂ ਸੱਚੇ ਪਾਤਿਸ਼ਾਹ ਹੀ ਸੱਚੇ ਪਾਤਿਸ਼ਾਹ ਹਨ, ਹੋਰ ਦੁਨੀਆ ਦੇ ਬਾਦਸਾਹ ਝੂਠੇ ਹੀ ਜਾਣੋ।

(੨) (ਮੈਂ ਤਾ ਇਉਂ ਭੀ ਨਿਸਚਾ ਕੀਤਾ ਹੈ ਕਿ) ਸਤਿਗੁਰੂ ਜੀ ਹੀ ਅਨਾਥਾਂ ਦੇ ਨਾਥ ਸੱਚੇ (ਮਾਲਕ) ਹਨ, (ਜਿਹੜੇ ਹੋਰ) ਨਉਂ ਨਾਥ (ਕਹੀਦੇ ਹਨ) ਉਹ ਅਨਾਥ (ਗਰੀਬ) ਨਿਥਾਵੇ (ਫਿਰਦੇ) ਹਨ (ਭਾਵ ਉਹ ਤਾਂ ਨਿਰੇ ਖੱਪਰ ਫੜ ਮੰਗ ਖਾਣੇ ਹੀ ਸਨ)।

(੩) ਸਤਿਗੁਰੂ ਜੀ ਹੀ ਸੱਚੇ ਦਾਤੇ ਹਨ, ਹੋਰ ਦਾਤੇ ਤਾ (ਮੰਗਤੇ ਬਣ) ਪਿਛੇ ਪਿਛੇ ਤੁਰਦੇ ਹਨ (ਜਾਂ ਪਰਛਾਵੇਂ ਵਾਂਗ ਖ਼ਤਮ ਹੋ ਜਾਣ ਵਾਲੇ ਹਨ। (ਭਾਵ ਸਤਿਗੁਰੂ ਜੀ ਆਪ ਵੀ ਸੱਚੇ ਤੇ ਉਨ੍ਹਾ ਦੀਆਂ ਦਾਤਾ ਭੀ ਸੱਚੀਆਂ ਦਿਤੀਆਂ ਹੋਈਆਂ ਮੁਕਦੀਆਂ ਨਹੀਂ)।

(੪) ਸਤਿਗੁਰੂ ਜੀ ਸੱਚੇ ਕਰਤੇ ਪੁਰਖ ਹਨ (ਪਰ) ਫੋਕਟ ਕਰਮ ਕਰ ਕਰ, ਨਾਮ ਪੈਦਾ ਕਰਨ ਵਾਲੇ ਨਿਨਾਵੇਂ ਹੀ ਰਹਿ ਜਾਂਦੇ (ਭਾਵ, ਸਤਿਗੁਰੂ ਜੀ ਦਾ ਉਪਦੇਸ ਕਮਾਉਣ ਵਾਲਾ ਚਾਰੇ ਕੁੰਟਾਂ ਵਿਚ ਉੱਘਾ ਹੋ ਜਾਂਦਾ ਹੈ)।

(੫) ਸਤਿਗੁਰੂ ਜੀ ਹੀ ਸੱਚੇ ਸ਼ਾਹ ਹਨ, ਹੋਰ ਸ਼ਾਹ ਬੇਇਤਬਾਰੇ ਤੇ ਬੇਲਿਹਾਜੇ ਹਨ ਜੋ ਆਪਣੇ ਸ਼ਾਹੂਕਾਰੇ ਨੂੰ ਮੋਢਿਆਂ ਤੇ ਚੁਕੀ ਫਿਰਦੇ ਹਨ।

(੬) ਸਤਿਗੁਰੂ ਜੀ ਸੱਚੇ ਵੈਦ ਹਨ ਹੋਰ ਵੈਦ (ਤਾਂ ਆਪ ਜਨਮ ਮਰਨ ਦੀ) ਕੈਦ ਵਿਚ ਹਨ ਤੇ ਝੂਠੇ ਹਨ।

(੭) ਸਤਿਗੁਰੂ ਜੀ ਤੋਂ ਬਿਨਾਂ ਸਾਰੇ ਹੀ ਨਿਗੁਰੇ (ਭਾਵ ਪ੍ਰਮੇਸ਼ਰ ਦੀ ਹਸਤੀ ਤੋਂ ਭੁੱਲੇ ਬੇਮੁਖਾਂ ਵਰਗੇ) ਹਨ।੧।

*ਭਾਵਾਰਥ :* ਸੱਚਾ ਪਾਤਿਸ਼ਾਹ ਤਾਂ ਕੇਵਲ ਸਤਿਗੁਰੂ ਜੀ ਹੈ, ਉਨ੍ਹਾਂ ਤੋਂ ਬੇਮੁਖ ਹੋ ਕੇ ਜੋ ਕੂੜੇ ਲੋਕਾਂ ਦੇ ਮਗਰ ਲੱਗੇ ਫਿਰਦੇ ਹਨ ਤੇ ਉਨ੍ਹਾਂ ਤੋਂ ਮਨ ਘੜਤ ਕੂੜੇ ਮੰਤ੍ਰ ਲੈ ਕੇ ਉਨ੍ਹਾਂ ਤੇ ਵਿਸ਼ਵਾਸ ਕਰ ਲੈਂਦੇ ਹਨ, ਉਹ ਆਪਣਾ ਸਾਰਾ ਜਨਮ ਭਰਮ ਭੁਲੇਖਿਆਂ ਵਿਚ ਭਟਕਦੇ ਹੀ ਗਵਾ ਲੈਂਦੇ ਹਨ ਕਿਉਂਕਿ ਬਾਣੀ ਵਿਚ ਸੰਕੇਤ ਅੰਕਤ ਹੈ ਕਿ :

ਸਤਿਗਰ ਬਾਝਹੁ ਗੁਰੁ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ ॥੧੩॥

*(ਆਸਾ ਮ: ੩, ਪੰਨਾ ੪੩੫)*

ਭਾਵ ਸੱਚੇ ਸਤਿਗੁਰੂ ਤੋਂ ਬਿਨਾਂ ਤਾਂ ਗੁਰੂ ਹੀ ਕੋਈ ਨਹੀਂ, ਪਰ ਉਸ ਸੱਚੇ ਗੁਰੂ ਨੂੰ ਛੱਡ ਕੇ ਜੋ ਨਿਗੁਰਾ ਭਟਕਦਾ ਹੈ ਉਸਦਾ ਤਾਂ ਨਾਮ ਲੈਣਾ ਹੀ ਬੁਰਾ ਹੈ, ਉਸ ਨਿਗੁਰੇ ਬਾਰੇ ਬਾਣੀ ਵਿਚ ਜ਼ਿਕਰ ਆਇਆ ਹੈ ਕਿ :

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ
ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ
ਕਾਕਹ ਸਰਪਨਹ ਤੁਲਿ ਖਲਹ ॥੩੩॥

*(ਪੰਨਾ ੧੩੫੬)*

ਅਰਥਾਤ ਨਿਗੁਰਾ ਪ੍ਰਾਣੀ ਕੁੱਤੇ, ਸੂਰ, ਖੋਤੇ, ਕਾਂ ਅਰ ਸੱਪ ਦੇ ਬਰਾਬਰ ਹੈ, ਇਥੇ ਹੀ ਬੱਸ ਨਹੀਂ ਕਬੀਰ ਜੀ ਦਾ ਵੀਚਾਰ ਹੈ ਕਿ :

ਕਬੀਰ ਨਿਗੁਸਾਂਏ ਬਹਿ ਗਏ ਥਾਂਘੀ ਨਾਹੀ ਕੋਇ ॥

*(ਸਲੋਕ ਕਬੀਰ ਜੀ, ਪੰਨਾ ੧੩੬੭)*

ਅਰਥਾਤ ਨਿਗੁਰੇ ਸੰਸਾਰ ਸਮੁੰਦਰ ਵਿਖੇ ਹੀ ਡੁਬਦੇ ਹਨ, ਕਿਉਂਕਿ ਉਨ੍ਹਾਂ ਦਾ ਮਲਾਹ (ਗੁਰੂ) ਕੋਈ ਨਹੀਂ। ਇਸ ਲਈ ਜ਼ਰੂਰੀ ਹੈ ਕਿ ਹਰ ਮਨੁੱਖ ਨੂੰ ਗੁਰੂ ਵਾਲਾ ਹੋਣਾ ਜਰੂਰੀ ਹੈ, ਪਰ ਗੁਰੂ ਭੀ ਕਿਸੇ ਪਖੰਡੀ ਨੂੰ ਨਹੀਂ। ਗੁਰਮਤ ਅਨੁਸਾਰ ਸੱਚੇ ਗੁਰੂ ਦੀ ਹੀ ਭਾਲ ਕਰਨੀ ਯੋਗ ਹੈ।

## ੨. ਸਤਿਗੁਰੂ ਦੀ ਮਹਾਨ ਮਹਿਮਾ

**੧. ਸਤਿਗੁਰੁ ਤੀਰਥ ਜਾਣੀਐ**
**ਅਠਸਠਿ ਤੀਰਥ ਸਰਣੀ ਆਏ।**
**੨. ਸਤਿਗੁਰ ਦੇਉ ਅਭੇਉ ਹੈ**
**ਹੋਰੁ ਦੇਵ ਗੁਰੁ ਸੇਵ ਤਰਾਏ।**
**੩. ਸਤਿਗੁਰ ਪਾਰਸਿ ਪਰਸਿਐ**
**ਲੱਖ ਪਾਰਸ ਪਾ-ਖਾਕੁ ਸੁਹਾਏ।**
**੪. ਸਤਿਗੁਰੁ ਪੂਰਾ ਪਾਰਜਾਤੁ**
**ਪਾਰਜਾਤ ਲੱਖ ਸਫਲਿ ਧਿਆਏ।**
**੫. ਸੁਖਸਾਗਰੁ ਸਤਿਗੁਰੁ ਪੁਰਖੁ**
**ਰਤਨ ਪਦਾਰਥ ਸਿੱਖ ਸੁਣਾਏ।**
**੬. ਚਿੰਤਾਮਣਿ ਸਤਿਗੁਰ ਚਰਣ**
**ਚਿੰਤਾਮਣੀ ਅਚਿੰਤ ਕਰਾਏ।**
**੭. ਵਿਣੁ ਸਤਿਗੁਰੁ ਸਭਿ ਦੂਜੈ ਭਾਏ ॥੨॥**

***ਪਦ ਅਰਥ*** : ਅਭੇਉ—ਭੇਦ-ਰਹਿਤ। ਪਾਰਸ—ਜਿਸ ਧਾਤ ਨੂੰ ਲੱਗੇ ਸੋਨਾ ਕਰੇ। ਪਾਰਜਾਤੁ—ਕਲਪ ਬ੍ਰਿਛ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਬਹੁਤੇ ਸਨਾਤਨੀ ਖ਼ਿਆਲਾਂ ਦੇ ਲੋਕ ਜੋ ਕਿ ਪੁਰਾਣਾਂ ਦੇ ਪੁਜਾਰੀ ਹਨ, ਉਹ ਗੰਗਾ ਆਦਿਕ ਤੀਰਥਾਂ 'ਤੇ ਇਸ਼ਨਾਨ ਕਰਦੇ ਰਹਿਣ ਨੂੰ ਇਕ ਬਹੁਤ ਵੱਡਾ ਪ੍ਰਭੂ ਪ੍ਰਾਪਤੀ ਦਾ ਸਾਧਨ ਮੰਨਦੇ ਹਨ, ਪਰ ਕਈ ਗੁਰੂ ਦੇ ਸਿਖ ਅਖਵਾਉਣ ਵਾਲੇ ਭੀ ਤੀਰਥਾਂ ਦੇ ਇਸ਼ਨਾਨ ਕਰਨ ਵਿਚ ਵਿਸ਼ਵਾਸ ਰਖਦੇ ਹਨ, ਪਰ ਜਦੋਂ ਉਨ੍ਹਾਂ ਦੇ ਨਾਲ ਵੀਚਾਰ ਵਿਟਾਂਦਰਾ ਕਰਦੇ ਹਾਂ ਤਾਂ ਉਹ ਸਾਨੂੰ ਅਗੋਂ ਬਾਣੀ ਦੀ ਪੰਗਤੀ ਪੜ੍ਹ ਕੇ ਇਹ ਸਿੱਧ ਕਰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਭੀ ਤਾਂ ਇਹੋ ਹੁਕਮ ਕਰਦੇ ਹਨ ਕਿ :

ਤੀਰਥਿ ਨਾਵਣ ਜਾਉ ॥ *(ਧਨਾਸਰੀ ਮ: ੧, ਪੰਨਾ ੬੮੭)*

ਸੋ, ਇਸ ਦਾ ਇਹੋ ਭਾਵ ਹੈ ਕਿ ਤੀਰਥਾਂ 'ਤੇ ਇਸ਼ਨਾਨ ਕਰਨ ਜ਼ਰੂਰ ਜਾਓ ? ਕਿਉ ਜੀ ! ਤੁਸੀ ਤਾ ਬਾਣੀ ਨੂੰ ਦੇਰ ਕਾਲ ਤੋਂ ਵੀਚਾਰਦੇ ਆ ਰਹੇ ਹੋ, ਆਪ ਜੀ ਸਾਡੀ ਤਸੱਲੀ ਵਾਸਤੇ ਗੁਰਮਤ ਅਨੁਸਾਰ

ਕੀ ਵੀਚਾਰ ਦੇਣਾ ਚਾਹੋਗੇ ?

ਉ: ਹੇ ਭਾਈਓ ! ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਦਿਆਂ ਸਾਨੂੰ ਬਹੁਤ ਸ਼ਬਦ ਤੇ ਵਧੇਰੇ ਪੰਗਤੀਆਂ ਅਜਿਹੀਆਂ ਪੜ੍ਹਨ ਵਿਚ ਆਉਂਦੀਆਂ ਹਨ, ਜਿਨ੍ਹਾਂ ਦੀ ਬਾਹਰੋਂ ਰੂਪ ਰੇਖਾ ਕੁਝ ਹੋਰ ਅਤੇ ਅੰਤ੍ਰੀਵ ਭਾਵ ਕੁਝ ਹੋਰ ਹੋਇਆ ਕਰਦਾ ਹੈ। ਪਰ ਜੇ ਅਸੀਂ ਆਪਣੀ ਮੋਟੀ ਬੁਧੀ ਰਾਹੀਂ ਉਸਦੇ ਅਰਥ ਉਹੀ ਕਰੀਏ ਜੋ ਸਾਨੂੰ ਪ੍ਰਤੀਤ ਹੁੰਦੇ ਹਨ ਤਾਂ ਅਸੀਂ ਸਹੀ ਅਰਥਾਂ ਦੇ ਅਨਰਥ ਕਰਨ ਦਾ ਘੋਰ ਅਪਰਾਧ ਕਰਾਂਗੇ ਜੋ ਕਿ ਨਾ ਬਖ਼ਸ਼ਣ ਵਾਲਾ ਹੋਵੇਗਾ। ਜਿਵੇਂ ਕਿ ਅਸੀਂ ਕਬੀਰ ਜੀ ਦਾ ਇਕ ਸਲੋਕ ਪੜ੍ਹਦੇ ਹਾਂ :

ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥
ਪਾਵਹੁ ਤੇ ਪਿੰਗੁਲ ਭਇਆ
ਮਾਰਿਆ ਸਤਿਗੁਰ ਬਾਨ॥੧੯੩॥

*(ਸਲੋਕ ਕਬੀਰ ਜੀ, ਪੰਨਾ ੧੩੭੪)*

ਇਸਦੇ ਪਾਠ ਕਰਨ ਨਾਲ ਸਾਨੂੰ ਇਸਦਾ ਅਰਥ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਕਬੀਰ ਜੀ ਕਹਿੰਦੇ ਹਨ ਕਿ ਸਤਿਗੁਰੂ ਜੀ ਨੇ ਮੇਰੇ ਅੰਦਰ ਸ਼ਬਦ ਦਾ ਬਾਣ ਅਜਿਹਾ ਮਾਰਿਆ ਕਿ ਮੈਂ ਗੂੰਗਾ, ਬਾਵਰਾ, ਬੋਲਾ ਤੇ ਪਿੰਗਲਾ ਹੋ ਗਿਆ ਹਾਂ। ਜੇ ਅਸੀਂ ਇਸਦੇ ਅਰਥ ਆਪਣੀ ਮੋਟੀ ਬੁਧੀ ਅਨੁਸਾਰ ਇਹੋ ਹੀ ਕਰੀਏ ਕਿ ਕਬੀਰ ਜੀ ਗੁਰੂ ਦੀ ਬਾਣੀ ਦੇ ਤੀਰ ਵੱਜਣ ਨਾਲ ਗੂੰਗੇ, ਬਾਵਰੇ, ਬੋਲੇ ਤੇ ਪਿੰਗਲੇ ਹੋ ਗਏ ਸਨ ਤਾਂ ਇਹ ਅਸੀਂ ਕਬੀਰ ਸਾਹਿਬ ਜੀ ਨਾਲ ਇਕ ਬਹੁਤ ਵੱਡੀ ਬੇਇਨਸਾਫ਼ੀ ਕਰਾਂਗੇ, ਕਿਉਂਕਿ ਆਪ ਜੀ ਦੀ ਜੀਵਨੀ ਪੜ੍ਹਨ ਤੋਂ ਸੋਝੀ ਮਿਲਦੀ ਹੈ ਕਿ ਕਬੀਰ ਜੀ ਗੂੰਗੇ, ਬਾਵਰੇ, ਬੋਲੇ ਤੇ ਪਿੰਗਲੇ ਨਹੀਂ ਸਨ, ਇਸ ਲਈ ਸਾਨੂੰ ਉਨ੍ਹਾਂ ਦੇ ਅੰਤ੍ਰੀਵ ਭਾਵਾਂ ਨੂੰ ਸਮਝਣਾ ਪਵੇਗਾ ਕਿ ਆਪ ਜੀ ਦਾ ਇਹ ਸ਼ਬਦ ਕਹਿਣ ਤੋਂ ਸਹੀ ਭਾਵ ਕੀ ਹੈ ? ਅਸਲ ਵਿਚ ਇਨ੍ਹਾਂ ਦੋ ਪੰਗਤੀਆਂ ਦੁਆਰੇ ਕਬੀਰ ਜੀ ਆਪਣੀਆਂ ਅੰਦਰੂਨੀ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਨ ਕਿ ਮੈਂ ਮਿਥਿਆ ਸ਼ਬਦ ਬੋਲਣ ਵਲੋਂ ਗੂੰਗਾ ਹੋ ਗਿਆ ਹਾਂ, ਅੰਦਰੋਂ ਬਾਹਰੋਂ ਇਕ ਹਾਂ ਭਾਵ ਜੋ ਮੇਰੇ ਅੰਦਰ ਭਾਵ ਹਨ ਮੈਂ ਬਾਹਰ ਭੀ ਉਹੀ ਬੋਲਦਾ ਹਾਂ ਕਿਸੇ ਦੀ ਨਿੰਦਾ ਚੁਗਲੀ ਦੇ ਵਾਕ-ਸੁਣਨ ਵਲੋਂ ਭੀ ਮੈਂ ਬੋਲਾ ਹੋ ਗਿਆ ਹਾਂ ਅਤੇ ਸੰਗਤ ਦਾ ਸੱਚਾ ਮਾਰਗ ਛੱਡ ਕੇ ਕੁਸੰਗਤ ਦੇ ਰਸਤੇ ਪਰ ਟੁਰਨ ਵਲੋਂ ਮੈਂ ਪਿੰਗਲਾ ਹੋ ਗਿਆ, ਇਹ ਮੇਰੇ 'ਤੇ ਸਤਿਗੁਰੂ ਦੀ ਬਾਣੀ ਦੇ ਬਾਣ ਦਾ ਹੀ ਪ੍ਰਤਾਪ ਹੈ।

ਇਸੇ ਹੀ ਤਰ੍ਹਾਂ ਇਸ (ਤੀਰਥਿ ਨਾਵਣ ਜਾਉ) ਵਾਲੀ ਪੰਗਤੀ ਦਾ ਸੰਪੂਰਨ ਭਾਵ ਅਸੀਂ ਤਦ ਹੀ ਸਮਝਾਂਗੇ ਜਦੋਂ ਅਸੀਂ ਇਸ ਪੰਗਤੀ ਦਾ ਅਗਲਾ ਭਾਗ ਪੜ੍ਹਾਂਗੇ, ਕਿਉਂਕਿ, ਅਗਲਾ ਭਾਗ ਹੈ ਕਿ (ਤੀਰਥਿ ਨਾਮ ਹੈ) ਭਾਵ ਸੱਚਾ ਤੀਰਥ ਦਾ ਇਸ਼ਨਾਨ ਕਰਨਾ ਕੇਵਲ ਉਸ ਪਰੀਪੂਰਨ ਪ੍ਰਮੇਸ਼ਰ ਦਾ ਨਾਮ ਚਿੰਤਨ ਕਰਨਾ ਹੈ, ਕਿਉਂਕਿ ਗੁਰਬਾਣੀ ਨੇ ਬਾਹਰਲੇ ਤੀਰਥਾਂ ਵਿਚ ਇਸ਼ਨਾਨ ਕਰਨ ਨੂੰ ਕੋਈ ਵਧੇਰੇ ਮਹਾਨਤਾ ਨਹੀਂ ਦਿੱਤੀ, ਇਸ ਸੰਬੰਧ ਵਿਚ ਮੈਨੂੰ ਬਾਣੀ ਦੀਆਂ ਅਨੇਕਾਂ ਪੰਗਤੀਆਂ ਪੜ੍ਹਨ ਤੇ ਵੀਚਾਰਨ ਵਿਚ ਆਈਆਂ ਹਨ, ਜਿਵੇਂ ਕਿ :

ਤੀਰਥੁ ਹਮਰਾ ਹਰਿ ਕੋ ਨਾਮੁ॥
ਗੁਰਿ ਉਪਦੇਸਿਆ ਤਤੁ ਗਿਆਨੁ॥

*(ਭੈਰਉ ਮ: ੫, ਪੰਨਾ ੧੧੪੨)*

ਤੀਰਥ ਕਰੈ ਬ੍ਰਤ ਫੁਨਿ ਰਾਖੈ
ਨਹ ਮਨੂਆ ਬਸਿ ਜਾ ਕੋ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ
ਸਾਚੁ ਕਹਤ ਮੈ ਯਾ ਕਉ॥੧॥
ਜੈਸੇ ਪਾਹਨੁ ਜਲ ਮਹਿ ਰਾਖਿਓ
ਭੇਦੈ ਨਾਹਿ ਤਿਹ ਪਾਨੀ॥
ਤੈਸੇ ਹੀ ਤੁਮ ਤਾਹਿ ਪਛਾਨਹੁ
ਭਗਤਿ ਹੀਨ ਜੋ ਪ੍ਰਾਨੀ॥੨॥

*(ਬਿਲਾਵਲੁ ਮ: ੯, ਪੰਨਾ ੮੩੧)*

ਤੀਰਥਿ ਜਾਉ ਤ ਹਉ ਹਉ ਕਰਤੇ॥
ਪੰਡਿਤ ਪੂਛਉ ਤ ਮਾਇਆ ਰਾਤੇ॥੧॥

*(ਆਸਾ ਮ: ੫, ਪੰਨਾ ੩੮੫)*

ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ
ਹਰਿ ਕਾ ਨਾਮੁ ਨ ਭਾਇਆ॥
ਰਤਨ ਪਦਾਰਥੁ ਪਰਹਰਿ ਤਿਆਗਿਆ
ਜਤ ਕੋ ਤਤ ਹੀ ਆਇਆ॥

*(ਮਲਾਰ ਮ: ੧, ਪੰਨਾ ੧੨੫੫)*

ਤੀਰਥ ਦੇਖਿ ਨ ਜਲ ਮਹਿ ਪੈਸਉ
ਜੀਅ ਜੰਤ ਨ ਸਤਾਵਉਗੋ॥
ਅਠਸਠਿ ਤੀਰਥ ਗੁਰੂ ਦਿਖਾਏ
ਘਟ ਹੀ ਭੀਤਰਿ ਨ੍ਹਾਉਗੋ॥੩॥

*(ਰਾਮਕਲੀ ਨਾਮਦੇਉ, ਪੰਨਾ ੯੭੩)*

ਤੀਰਥਿ ਨਾਇ ਅਰੁ ਧਰਨੀ ਭ੍ਰਮਤਾ
ਆਗੈ ਠਉਰ ਨ ਪਾਵੈ ॥
ਊਹਾ ਕਾਮਿ ਨ ਆਵੈ ਇਹ ਬਿਧਿ
ਓਹੁ ਲੋਗਨ ਹੀ ਪਤੀਆਵੈ ॥੨॥

*(ਗਉੜੀ ਮ: ੫, ਪੰਨਾ ੨੧੬)*

ਤੀਰਥਿ ਨਾਇ ਕਹਾ ਸੁਚਿ ਸੈਲੁ ॥
ਮਨ ਕਉ ਵਿਆਪੈ ਹਉਮੈ ਮੈਲੁ ॥

*(ਭੈਰਉ ਮ: ੫, ਪੰਨਾ ੧੧੪੯)*

ਤੀਰਥ ਨਾਇ ਨ ਉਤਰਸਿ ਮੈਲੁ ॥
ਕਰਮ ਧਰਮ ਸਭਿ ਹਉਮੈ ਫੈਲੁ ॥

*(ਰਾਮਕਲੀ ਮ: ੫, ਪੰਨਾ ੮੯੦)*

ਤੀਰਥ ਨਾਤਾ ਕਿਆ ਕਰੇ
ਮਨ ਮਹਿ ਮੈਲੁ ਗੁਮਾਨੁ ॥ *(ਸ੍ਰੀ ਰਾਗੁ ਮ: ੧, ਪੰਨਾ ੬੧)*

ਤੀਰਥਿ ਨਾਵਹਿ ਅਰਚਾ ਪੂਜਾ
ਅਗਰ ਵਾਸੁ ਬਹਕਾਰੁ ॥ *(ਸਲੋਕ ਮ: ੧, ਪੰਨਾ ੪੬੫)*

ਤੀਰਥਿ ਭਰਮੈ ਰੋਗੁ ਨ ਛੂਟਸਿ
ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ
ਮਾਇਆ ਕਾ ਮੁਹਤਾਜੁ ਭਇਆ ॥੮॥

*(ਭੈਰਉ ਮ: ੧, ਪੰਨਾ ੧੧੫੩)*

ਇਸ ਤੋਂ ਆਦਿ ਹੋਰ ਭੀ ਬਹੁਤ ਪੰਗਤੀਆਂ ਬਾਣੀ ਵਿਚ ਆਉਂਦੀਆਂ ਹਨ, ਜਿਨ੍ਹਾ ਵਿਚ ਬਾਹਰਲੇ ਤੀਰਥ ਇਸ਼ਨਾਨ ਨੂੰ ਗੁਰਮਤ ਨੇ ਉੱਕਾ ਹੀ ਨਹੀਂ ਅਪਨਾਇਆ। ਕੇਵਲ ਸਤਿਗੁਰੂ ਨੂੰ ਹੀ ਵਡੇਰਾ ਤੀਰਥ ਦਰਸਾਇਆ ਹੈ ਜਿਸ ਦੁਆਰੇ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਉਹੀ ਸਤਿਗੁਰੂ ਜੀ ਹੀ ਅਨੇਕਾਂ ਗੁਣਾਂ ਦੇ ਭੰਡਾਰ ਹਨ ਜਿਸਦੀ ਸ਼ਰਨ ਵਿਚ ਅਠਾਹਠ ਤੀਰਥ ਵੱਸਦੇ ਹਨ, ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਹ ਚੰਦ ਸਤਰਾਂ ਉੱਕਰੀਆਂ ਹਨ :

(੧) (ਹੇ ਭਾਈਓ ! ਮੇਰਾ ਤਾਂ ਇਹ ਪੱਕਾ ਨਿਸਚਾ ਹੈ ਕਿ) ਸਤਿਗੁਰੂ ਜੀ ਹੀ ਸੱਚੇ ਤੀਰਥ ਜਾਣੇ ਜਾਂਦੇ ਹਨ (ਕਿਉਂਕਿ) ਅਠਾਹਠ ਤੀਰਥ (ਆਪਣੀ ਕਲਿਆਣ ਵਾਸਤੇ) ਉਨ੍ਹਾਂ ਦੀ ਸ਼ਰਨ ਆਏ ਹਨ।

(੨) ਸਤਿਗੁਰੂ ਜੀ ਹੀ ਸੱਚੇ ਦੈਵੀ ਸਰੂਪ (ਪ੍ਰਕਾਸ਼) ਵਾਲੇ ਤੇ ਭੇਦ-ਰਹਿਤ (ਸਮਝ ਦੀ ਪਹੁੰਚ ਤੋਂ ਪਰੇ) ਹਨ, ਹੋਰ ਦੇਵ ਤਾ ਗੁਰੂ ਜੀ ਦੀ ਗੁਰੂ ਸੇਵਾ ਨਾਲ ਹੀ ਤਰਦੇ ਹਨ।

(੩) ਸਤਿਗੁਰੂ ਸੱਚੇ ਪਾਰਸ ਨਾਲ ਪਰਸ ਕੇ (ਬੁਧੀ ਤੇ ਸੁਰਤੀ ਦੇ ਏਨੇ ਉੱਚੇ ਹੋ ਜਾਂਦੇ ਹਨ ਕਿ) ਪਾਰਸ ਵਰਗੇ ਕੀਮਤੀ ਪਦਾਰਥ (ਉਨ੍ਹਾਂ ਨੂੰ ਗੁਰੂ ਜੀ ਦੀ) ਚਰਨ ਧੂੜੀ ਵਿਚ ਹੀ ਸੁਹਾਉਂਦੇ ਦਿਸਦੇ ਹਨ।

(੪) ਸਤਿਗੁਰੂ ਜੀ ਸੱਚੇ ਪਾਰਜਾਤ (ਮੂੰਹ ਮੰਗੇ ਫਲਾਂ ਦੇ ਦਾਤੇ) ਹਨ ਤੇ ਲੱਖਾਂ ਪਾਰਜਾਤ ਵਰਗੇ ਪਦਾਰਥ ਗੁਰੂ ਜੀ ਦੀ ਅਰਾਧਨਾ ਕਰਕੇ ਸਫਲੇ ਹੁੰਦੇ ਹਨ।

(੫) ਸਤਿਗੁਰੂ ਜੀ ਹੀ ਸੱਚੇ ਸੁਖਾਂ ਦੇ ਸਾਗਰ ਹਨ, ਜੋ ਰਤਨਾ (ਸੁੱਚੇ ਮੋਤੀਆਂ ਤੇ ਹੀਰਿਆਂ ਵਰਗੇ) ਪਦਾਰਥਾਂ ਰੂਪ (ਉਪਦੇਸ਼) ਸਿੱਖਾਂ ਪ੍ਰਤੀ ਸੁਣਾਉਂਦੇ ਹਨ।

(੬) ਸਤਿਗੁਰੂ ਜੀ ਦੇ ਚਰਨ ਹੀ ਚਿੰਤਾਮਣੀ (ਮਨ-ਇੱਛੇ ਫਲ ਦੇਣ ਵਾਲੇ) ਹਨ, ਜੋ ਚਿੰਤਾਮਣੀ ਨੂੰ ਵੀ ਚਿੰਤਾ ਰਹਿਤ (ਭਾਵ ਮਣੀ ਨੂੰ ਚਿੰਤਾ ਲਗੀ ਰਹਿੰਦੀ ਹੈ ਕਿ ਕੀ ਕਿਸਨੂੰ ਦੇਵਾਂ ਤੇ ਕੀ ਕਿਸਨੂੰ ?) ਕਰ ਦੇਂਦੀ ਹੈ।

(੭) ਸਤਿਗੁਰੂ ਜੀ ਤੋਂ ਬਿਨਾ ਹੋਰ ਸਭ ਪਦਾਰਥ ਦੂਜੇ ਭਾਵ (ਦੁਜੈਗੀ) ਵਿਚ ਹਨ।੨।

*ਭਾਵਾਰਥ :* ਬਾਣੀ ਵਿਚ ਹੋਰ ਭੀ ਗੰਗਾ ਆਦਿ ਅਠਾਹਠ ਤੀਰਥਾਂ ਦੇ ਸੰਬੰਧ ਵਿਚ ਜ਼ਿਕਰ ਆਉਂਦਾ ਹੈ ਕਿ ਜੋ ਲੋਕ ਇਨ੍ਹਾਂ ਬਾਹਰਲੇ ਤੀਰਥਾਂ ਵਿਚ ਇਸ਼ਨਾਨ ਕਰਕੇ ਜੋ ਆਪਣੇ ਅੰਦਰ ਦੇ ਪਾਪਾਂ ਦੀ ਨਵਿਰਤੀ ਹੋ ਜਾਣ ਦਾ ਖ਼ਿਆਲ ਕਰੀ-ਬੈਠੇ ਹਨ ਕਿ ਆਖ਼ਰ ਨੂੰ ਅਸੀਂ ਬੈਕੁੰਠ ਵਾਸੀ ਹੋ ਜਾਵਾਂਗੇ ਇਹ ਉਨ੍ਹਾਂ ਦੀ ਅਗਿਆਨਤਾ ਹੈ, ਕਿਉਂਕਿ ਗੁਰਬਾਣੀ ਦਾ ਫ਼ੁਰਮਾਨ ਹੈ ਕਿ :

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥
ਪੂਜਹੁ ਰਾਮੁ ਏਕੁ ਹੀ ਦੇਵਾ ॥
ਸਾਚਾ ਨਾਵਣੁ ਗੁਰ ਕੀ ਸੇਵਾ ॥੧॥ਰਹਾਉ॥
ਜਲ ਕੈ ਮਜਨਿ ਜੇ ਗਤਿ ਹੋਵੈ
ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ
ਫਿਰਿ ਫਿਰਿ ਜੋਨੀ ਆਵਹਿ ॥੨॥

*(ਆਸਾ ਕਬੀਰ ਜੀ, ਪੰਨਾ ੪੮੪)*

ਇਸ ਲਈ ਮਨੁੱਖ ਦੇ ਮਨ ਨੂੰ ਜਨਮ ਜਨਮਾਂਤਰਾਂ ਦੀ ਜੋ ਵਿਕਾਰਾਂ ਦੀ ਮੈਲ ਲੱਗੀ ਹੋਈ ਹੈ, ਇਸਨੂੰ ਉਤਾਰਨ ਦਾ ਸਾਧਨ ਤੀਰਥਾਂ ਦਾ ਇਸ਼ਨਾਨ ਨਹੀਂ ਕੇਵਲ ਇਕ ਗੁਰੂ ਦੀ ਸੇਵਾ ਕਰਦੇ ਰਹਿਣਾ ਹੈ। ਅਗੇ ਹਜ਼ੂਰ ਹੋਰ ਭੀ ਖੁਲਾਸਾ ਕਰਦੇ ਹਨ ਕਿ :

ਪਾਪ ਕਰਹਿ ਪੰਚਾਂ ਕੇ ਬਸਿ ਰੇ॥
ਤੀਰਥ ਨਾਇ ਕਹਹਿ ਸਭਿ ਉਤਰੇ॥
ਬਹੁਰਿ ਕਮਾਵਹਿ ਹੋਇ ਨਿਸੰਕ॥
ਜਮਪੁਰਿ ਬਾਂਧਿ ਖਰੇ ਕਾਲੰਕ॥੨॥

*(ਪ੍ਰਭਾਤੀ ਮ: ੫, ਪੰਨਾ ੧੩੪੮)*

ਜੋ ਮਨੁੱਖ ਪੰਜ ਕਾਮਾਦਿਕਾਂ ਦੇ ਵੱਸ ਹੋਇਆ ਦਿਨੇ ਰਾਤ ਪਾਪ ਕਰਮ ਕਰੀ ਜਾਂਦਾ ਹੈ ਅਤੇ ਤੀਰਥਾਂ ਵਿਚ ਇਸ਼ਨਾਨ ਕਰਕੇ ਇਹ ਨਿਸਚਾ ਕਰ ਲੈਂਦਾ ਹੈ ਕਿ ਪਿਛਲੇ ਕੀਤੇ ਪਾਪ ਸਾਰੇ ਉਤਰ ਗਏ ਹਨ, ਅਗੇ ਲਈ ਨਿਸੰਕ ਹੋ ਕੇ ਫਿਰ ਪਾਪ ਕਰਦਾ ਹੈ ਕਿ ਤੀਰਥ ਇਸਨਾਨ ਕਰਨ ਨਾਲ ਫਿਰ ਲਹਿ ਜਾਣਗੇ। ਅਜਿਹੇ ਪਾਪੀ ਨੂੰ ਤਾਂ ਗੁਰੂ ਅਰਜਨ ਦੇਵ ਜੀ ਦੇ ਕਥਨ ਅਨੁਸਾਰ ਜਮਾਂ ਦੀ ਪੁਰੀ ਨੂੰ ਬੰਨ੍ਹ ਕੇ ਲੈ ਜਾਇਆ ਜਾਵੇਗਾ।

ਕਬੀਰ ਜੀ ਇਸ ਤੋਂ ਭੀ ਅਗੇ ਆਪਣੇ ਹੋਰ ਵੀਚਾਰ ਅੰਕਤ ਕਰਦੇ ਹਨ ਕਿ ਜੇ ਕੋਈ:

ਕਬੀਰ ਗੰਗਾ ਤੀਰ ਜੁ ਘਰੁ ਕਰਹਿ
ਪੀਵਹਿ ਨਿਰਮਲ ਨੀਰੁ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ
ਇਉ ਕਹਿ ਰਮੇ ਕਬੀਰ॥੫੪॥

*(ਸਲੋਕ ਕਬੀਰ ਜੀ, ਪੰਨਾ ੧੩੬੭)*

ਭਾਵ ਹੈ ਕਿ ਕੋਈ ਮਨੁੱਖ ਗੰਗਾ ਤੀਰਥ 'ਤੇ ਜਾ ਕੇ ਹੀ ਅਪਨਾ ਘਰ ਬਣਾ ਕੇ ਰਹਿਣ ਲਗ ਜਾਵੇ ਅਤੇ ਗੰਗਾ ਦਾ ਹੀ ਪਾਣੀ ਪੀਂਦਾ ਰਵੇ, ਪਰ ਭਗਤ ਜੀ ਸਚਾਈ ਭਰੀ ਵੀਚਾਰ ਅੰਕਤ ਕਰਦੇ ਹਨ ਕਿ ਇਸ ਤਰ੍ਹਾਂ ਕਰਨ ਵਾਲੇ ਨੂੰ ਭੀ ਮੁਕਤਿ ਹਾਸਲ ਨਹੀਂ ਹੋਵੇਗੀ, ਉਹ ਇਸ ਸੰਸਾਰ ਦੇ ਚੱਕ੍ਰ ਵਿਚ ਸਦਾ ਹੀ ਭਟਕਦਾ ਰਵੇਗਾ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਕਿਹਾ ਸੀ ਕਿ ਸਿੱਧੋ:

ਤੀਰਥਿ ਨਾਵਾ ਜੇ ਤਿਸੁ ਭਾਵਾ
ਵਿਣੁ ਭਾਣੇ ਕਿ ਨਾਇ ਕਰੀ॥ *(ਜਪੁਜੀ, ਪੰਨਾ ੨)*

ਭਾਵ ਹੈ ਕਿ ਹੇ ਸਿੱਧੋ! ਤੀਰਥਾਂ ਵਿਚ ਜਾ ਕੇ ਤਾਂ ਮੈਂ ਤਦ ਹੀ ਇਸ਼ਨਾਨ ਕਰਾਂ ਜੇ ਉਹ ਮੇਰਾ ਕੀਤਾ ਇਸਨਾਨ ਮੇਰੇ ਉਸ ਪ੍ਰਭੂ ਨੂੰ ਕਬੂਲ ਹੋ ਜਾਵੇ, ਪਰ ਜੇ ਉਸ ਸੱਚੇ ਕਰਤਾਰ ਦੀ ਦਰਗਾਹ ਵਿਚ ਕਬੂਲਿਆ ਹੀ ਨਹੀਂ ਜਾਣਾ ਤਾਂ ਦੱਸੋ ਉਸ ਤੀਰਥ ਵਿਚ ਇਸ਼ਨਾਨ ਕਰਕੇ ਮੈਨੂੰ ਕੀ ਲਾਭ ਹੋਵੇਗਾ? ਭਾਵ ਹੈ ਕੁਝ ਭੀ ਲਾਭ ਨਹੀਂ, ਜਦ ਕਿ ਲਾਭ ਹੀ ਕੋਈ ਨਹੀਂ ਤਾਂ ਫਿਰ ਦਸੋ ਮੈਂ ਤੀਰਥਾਂ ਪਰ ਕਿਉਂ ਭਟਕਦਾ ਫਿਰਾਂ? ਇਸ ਲਈ ਰੱਬੀ ਮਾਰਗ 'ਤੇ ਸਫਰ ਕਰਨ ਵਾਲੇ ਪਾਂਧੀ ਨੂੰ ਕੇਵਲ ਨਾਮ ਸਿਮਰਨ ਕਰਦੇ ਰਹਿਣ ਦਾ ਹੀ ਸੱਚਾ ਇਸ਼ਨਾਨ ਕਰਦੇ ਰਹਿਣਾ ਚਾਹੀਦਾ ਹੈ।

## ੩. ਮਨੁੱਖਾ-ਦੇਹੀ ਦੀ ਉੱਤਮਤਾ

੧. ਲਖ ਚਉਰਾਸੀਹ ਜੂਨਿ ਵਿੱਚ
ਉੱਤਮ ਜੂਨਿ ਸੁ ਮਾਣਸ ਦੇਹੀ।
੨. ਅੱਖੀਂ ਦੇਖੈ ਨਦਰਿ ਕਰਿ
ਜਿਹਬਾ ਬੋਲੈ ਬਚਨ ਬਿਦੇਹੀ।
੩. ਕੰਨੀਂ ਸੁਣਦਾ ਸੁਰਤਿ ਕਰਿ
ਵਾਸ ਲਏ ਨਕਿ ਸਾਸ ਸਨੇਹੀ।
੪. ਹੱਥੀਂ ਕਿਰਤਿ ਕਮਾਵਣੀ
ਪੈਰੀਂ ਚੱਲਣ ਜੋਤਿ ਇਵੇਹੀ।
੫. ਗੁਰਮੁਖ ਜਨਮੁ ਸਕਾਰਥਾ
ਮਨਮੁਖ ਮੂਰਖ ਮਤਿ ਕਿਨੇਹੀ।
੬. ਕਰਤਾ ਪੁਰਖ ਵਿਸਾਰਿ ਕੈ
ਮਾਣਸ ਦੀ ਮਨਿ ਆਸ ਧਰੇਹੀ।
੭. ਪਸੂ ਪਰੇਤਹੁ ਬੁਰੀ ਬੁਰੇਹੀ॥੩॥

***ਪਦ ਅਰਥ:*** ਬਿਦੇਹੀ—ਲਿੰਗ ਸਰੀਰ। ਸੁਰਤਿ—ਗਿਆਤ, ਧਿਆਨ। ਜੋਤਿ—ਸ਼ਕਤੀ। ਸਕਾਰਥਾ—ਸਫਲਾ। ਕਿਨੇਹੀ—ਕੈਸੀ ਹੈ, ਭਾਵ ਭੈੜੀ ਹੈ। ਬੁਰੀ ਬੁਰੇਹੀ—ਬੁਰੀ ਤੋਂ ਬੁਰੀ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਹਿੰਦੂ ਮੱਤ ਦੀਆਂ ਪੁਰਾਤਨ ਪੁਸਤਕਾਂ, ਪੁਰਾਣਾਂ ਆਦਿ ਨੂੰ ਪੜ੍ਹਦੇ ਸੁਣਦੇ ਹਾਂ ਤਾਂ ਉਨ੍ਹਾਂ ਵਿਚ ਇਸ ਸੰਸਾਰਕ ਰਚਨਾ ਬਾਰੇ ਭਿੰਨ ਭਿੰਨ ਪੁਰਾਣਾਂ ਵਿਚ ਵੱਖੋ ਵਖ ਵੀਚਾਰ ਮਿਲਦੇ ਹਨ ਜੋ ਕਿ ਇਕ ਦੂਜੇ ਨਾਲ ਉੱਕਾ ਹੀ ਤਾਲ-ਮੇਲ ਨਹੀਂ ਰਖਦੇ, ਪਰ ਅਸੀਂ ਜਦੋਂ ਜਪੁਜੀ ਸਾਹਿਬ ਦਾ ਪਾਠ ਕਰਦੇ ਹਾਂ ਤਾਂ ਸਾਨੂੰ ਤਾਂ ਇਹੋ ਬੋਧ ਮਿਲਦਾ ਹੈ ਕਿ:

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

*(ਜਪੁਜੀ, ਪੰਨਾ ੪)*

ਪਰ ਆਪ ਜੀ ਨੂੰ ਤਾਂ ਸੰਪੂਰਨ ਬਾਣੀ ਦਾ ਬੋਧ ਹਾਸਲ ਹੈ ਕੀ ਦਸੋਗੇ ਕਿ ਇਸ ਸੂਖਮ ਤੇ ਅਸਥੂਲ ਰਚਨਾ ਦੀ ਕਿਤਨੀ ਕੁ ਗਿਣਤੀ ਮੰਨੀ ਗਈ ਹੈ ਅਤੇ ਇਸ ਵਿਚ ਉੱਤਮਤਾ ਦਾ ਦਰਜਾ ਕਿਸਨੂੰ ਦਿੱਤਾ ਗਿਆ ਹੈ?

ਉ: ਹੇ ਭਾਈਓ! ਇਸ ਪੱਖ ਨੂੰ ਸਮਝਣ ਬਾਰੇ ਮੇਰੀ ਆਪਣੀ ਤਾਂ ਭਾਵੇਂ ਦੂਰ-ਦਰਸ਼ੀ ਨਜ਼ਰ ਨਹੀਂ ਹੈ, ਪਰ ਜੋ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵੀਚਾਰ ਦਿਤੇ ਗਏ ਹਨ, ਉਨ੍ਹਾਂ ਦੇ ਆਧਾਰਤ ਹੋ ਮੈਂ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਇਸ ਸੰਪੂਰਨ ਸੂਖਮ ਤੇ ਅਸਥੂਲ ਰਚਨਾ ਨੂੰ ਚੌਰਾਸੀ ਲੱਖ ਜੂਨਾਂ ਵਿਚ ਵੰਡਿਆ ਗਿਆ ਹੈ। ਪਰ ਇਸ ਸਾਰੀ ਰਚਨਾ ਵਿਚ ਉੱਤਮ ਦਰਜਾ ਕੇਵਲ ਮਨੁੱਖ ਨੂੰ ਹੀ ਦਿਤਾ ਗਿਆ ਹੈ, ਜਿਵੇਂ ਕਿ ਮੇਰੇ ਪੜ੍ਹਨ ਵਿਚ ਆਇਆ ਹੈ:

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ॥੨॥

*(ਮਾਰੂ ਮ: ੫, ਪੰਨਾ ੧੦੭੫)*

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ
ਦੁਲਭ ਜਨਮੁ ਅਬ ਪਾਇਓ॥੧॥

*(ਮਾਰੂ ਮ: ੫, ਪੰਨਾ ੧੦੧੭)*

ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ॥ *(ਗਉੜੀ ਮ: ੯, ਪੰਨਾ ੨੧੯)*

ਮਾਨਸ ਜਨਮਿ ਸਤਿਗੁਰੂ ਨ ਸੇਵਿਆ
ਬਿਰਥਾ ਜਨਮੁ ਗਵਾਇਆ॥

*(ਪ੍ਰਭਾਤੀ ਮ: ੩, ਪੰਨਾ ੧੩੩੪)*

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ॥੩੦॥

*(ਸਲੋਕ ਕਬੀਰ ਜੀ, ਪੰਨਾ ੧੩੬੬)*

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ॥
ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ॥੬॥

*(ਵਡਹੰਸੁ ਮ: ੩, ਪੰਨਾ ੫੬੫)*

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥
ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥੧॥

*(ਸੂਹੀ ਮ: ੧, ਪੰਨਾ ੭੫੧)*

ਬਾਣੀ ਨੇ ਇਸ ਮਾਣਸ ਦੇਹੀ ਨੂੰ ਇਥੇ ਤਕ ਉੱਚਤਾਈ ਦਿਤੀ ਹੈ ਕਿ ਬਾਕੀ ਦੀਆਂ ਜੂਨੀਆਂ ਇਸ ਦੀਆਂ ਪਾਣੀ ਭਰਨ ਵਾਲੀਆਂ ਦਾਸੀਆਂ ਹਨ ਇਹ ਸਭਨਾਂ ਦੀ ਸ਼੍ਰੋਮਣੀ ਸਰਦਾਰ ਹੈ। ਜਿਵੇਂ ਕਿ ਹੁਕਮ ਆਇਆ ਹੈ ਕਿ:

ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

*(ਆਸਾ ਮ: ੫, ਪੰਨਾ ੩੭੪)*

ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥੧॥

*(ਭੈਰਉ ਕਬੀਰ ਜੀ, ਪੰਨਾ ੧੧੫੯)*

ਭਾਵ ਹੈ ਕਿ ਇਸ ਮਨੁੱਖਾ-ਦੇਹੀ ਨੂੰ ਦੇਵਤੇ ਭੀ ਮੁੜ ਪ੍ਰਾਪਤ ਕਰਨ ਲਈ ਤਰਸਦੇ ਹਨ ਜੋ ਸਾਨੂੰ ਮਿਲੀ ਹੋਈ ਹੈ। ਕਿਉਂਕਿ ਸਨਾਤਨ ਹਿੰਦੂ ਮੱਤ ਦੀਆਂ ਪੁਰਾਤਨ ਪੁਸਤਕਾਂ ਵਿਚ ਜ਼ਿਕਰ ਆਉਂਦਾ ਹੈ ਕਿ ਜਿਸ ਕਿਸੇ ਮਨੁੱਖ ਦਾ ਜਿਤਨਾ ਜੋਗ, ਜਪ, ਤਪ ਕੀਤਾ ਹੋਇਆ ਹੈ ਉਸਨੂੰ ਉਸ ਦੇ ਅਨੁਸਾਰ ਨੀਅਤ ਸਮੇਂ ਤਕ ਹੀ ਉਸ ਦੇਵ-ਲੋਕ ਵਿਚ ਰਹਿਣਾ ਪੈਂਦਾ ਹੈ, ਆਖ਼ਰ ਉਸ ਤੋਂ ਬਾਅਦ ਉਸਨੂੰ ਫਿਰ ਉਸੇ ਚੌਰਾਸੀ ਜੂਨ ਦੇ ਚੱਕ੍ਰ ਵਿਚ ਪੈਣਾ ਪੈਂਦਾ ਹੈ। ਇਸ ਲਈ ਹਰ ਦੇਵ ਲੋਕ ਵਿਚ ਗਏ ਦੇਵਤੇ ਨੂੰ ਪਛੋਤਾਪ ਰਹਿੰਦਾ ਹੈ ਕਿ ਮੈਂ ਉਸ ਮਨੁੱਖਾ-ਦੇਹੀ ਨੂੰ ਦੁਬਾਰੇ ਪ੍ਰਾਪਤ ਕਰਕੇ ਉਸ ਨਿਰੰਕਾਰ ਦਾ ਚਿੰਤਨ ਕਰਾਂ ਤੇ ਅਬਿਨਾਸ਼ੀ ਤੇ ਅਚੱਲ ਪਦਵੀ ਨੂੰ ਪ੍ਰਾਪਤ ਹੋਵਾਂ ਜਿਸਦਾ ਸਦਕਾ ਮੇਰਾ ਸੰਸਾਰ ਵਿਚ ਬਾਰ ਬਾਰ ਆਉਣ ਜਾਣ ਦਾ ਚੱਕ੍ਰ ਮੁੱਕ ਜਾਵੇ। ਇਹ ਇਸਦਾ ਇਕ ਉਚੇਰਾ ਪੱਖ ਹੈ, ਪਰ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਮਨੁੱਖ ਜਾਮੇ ਦਾ ਦੂਸਰਾ ਪੱਖ ਭੀ ਅੰਕਤ ਕੀਤਾ ਹੈ, ਭਾਵ ਹੈ:

ਜੋ ਮਨੁੱਖ ਇਸ ਮਨੁੱਖਾ-ਜਾਮੇ ਦੀ ਉਚੇਰੀ ਪਦਵੀ ਨੂੰ ਪ੍ਰਾਪਤ ਕਰਕੇ ਆਪਣੇ ਫ਼ਰਜ਼ ਦੀ ਸੰਭਾਲ ਨਹੀਂ ਕਰਦਾ ਉਸ ਨੂੰ ਪਸ਼ੂਆਂ ਤੋਂ ਭੀ ਨੀਵਾਂ ਅਤੇ ਪਰੇਤਾਂ ਦੀ ਜੋਨ ਤੋਂ ਭੀ ਘਟੀਆ ਦਰਜਾ ਦਿਤਾ ਹੈ, ਜਿਵੇਂ ਕਿ:

ਪਸੂ ਪਰੇਤ ਮੁਗਧ ਤੇ ਬੁਰੀ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ॥੩॥

*(ਰਾਮਕਲੀ ਮ: ੫, ਪੰਨਾ ੮੯੦)*

ਭਾਵ ਹੈ ਜਿਸ ਸਿਰਜਨਹਾਰ ਕਰਤਾਰ ਨੇ ਇਸ ਉੱਤਮ ਦੇਹੀ ਨੂੰ ਸਿਰਜਿਆ, ਸਵਾਰਿਆ ਤੇ

ਸਿੰਗਾਰਿਆ ਹੈ, ਜੋ ਮਨੁੱਖ ਉਸਨੂੰ ਨਹੀ ਸਮਝਦਾ ਤਾਂ ਉਹ ਦੇਹੀ ਬਾਣੀ ਅਨੁਸਾਰ ਪਸੂ, ਪ੍ਰੇਤ ਤੇ ਮੂਰਖਾ ਤੋਂ ਭੀ ਨੀਵੀਂ ਤੇ ਬੁਰੀ ਹੈ।

ਪੁਰਾਤਨ ਬੁਧੀ ਜੀਵੀਆਂ ਨੇ ਤਾਂ ਆਪਣੇ ਵੀਚਾਰ ਅੰਕਤ ਕੀਤੇ ਹਨ ਕਿ:

ਨਿੰਦ੍ਰਾ, ਭੋਜਨ, ਭੋਗ, ਭੈ ਇਹ ਪਸੁ ਪੁਰਖ ਸਮਾਨ।
ਨਰਕ ਗਿਆਨ ਨਿਜ ਅਧਕਤਾ
ਗਿਆਨ ਬਿਨਾ ਪਸੂ ਜਾਨ॥ *(ਸਾਰਕੁਤਾਵਲੀ)*

ਭਾਵ ਹੈ, ਸੌਣਾ, ਭੋਜਨ, ਭੋਗ ਭੋਗਣੇ ਤੇ ਭੈ ਹੋਣਾ ਇਹ ਚਾਰ ਸ਼ੈਆਂ ਮਨੁੱਖ ਤੇ ਪਸ਼ੂਆਂ ਦੀਆਂ ਇਕੋ ਸਮਾਨ ਹਨ, ਪਰ ਮਨੁੱਖ ਵਿਚ ਆਪਣੇ ਸ੍ਵੈ-ਸਰੂਪ ਦਾ ਗਿਆਨ ਹੋਣਾ ਹੀ ਅਧਿਕਤਾ ਭਾਵ ਵਿਸ਼ੇਸ਼ਤਾ ਹੈ, ਪਰ ਜੇ ਇਸਨੂੰ ਆਪਣੇ ਆਪ ਦੀ ਸੋਝੀ ਹੀ ਨਹੀਂ ਤਾਂ ਇਸ ਗਿਆਨ ਤੋਂ ਸੱਖਣੇ ਮਨੁੱਖ ਨੂੰ ਤਾਂ ਪਸ਼ੂ ਹੀ ਜਾਨਣਾ ਪਵੇਗਾ।

ਪਰ ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਅਜਿਹੇ ਗਿਆਨ ਤੋਂ ਸੱਖਣੇ ਮਨੁੱਖ ਤੋਂ ਪਸੂਆਂ ਨੂੰ ਭੀ ਚੰਗੇ ਦਰਸਾਇਆ ਹੈ, ਜਿਵੇਂ ਕਿ:

ਪਸੂ ਮਿਲਹਿ ਚੰਗਿਆਈਆ
ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ
ਧ੍ਰਿਗੁ ਜੀਵਣ ਕਰਮ ਕਰੇਹਿ॥੩॥
*(ਗੂਜਰੀ ਮ: ੧, ਪੰਨਾ ੪੮੯)*

ਨਰੂ ਮਰੈ ਨਰੁ ਕਾਮਿ ਨ ਆਵੈ॥
ਪਸੂ ਮਰੈ ਦਸ ਕਾਜ ਸਵਾਰੈ॥੧॥
*(ਗੋਂਡ ਕਬੀਰ ਜੀ, ਪੰਨਾ ੮੭੦)*

ਭਾਵ ਹੈ ਪਸੂਆਂ ਨੂੰ ਸਾਰੇ ਹੀ ਚੰਗਾ ਕਹਿੰਦੇ ਹਨ ਕਿਉਂਕਿ ਉਹ ਘਾਹ ਖਾ ਕੇ ਅੰਮ੍ਰਿਤ ਸਰੀਖਾ ਦੁੱਧ ਦੇਂਦੇ ਹਨ, ਪਰ ਨਾਮ ਤੋਂ ਸੱਖਣੇ ਮਨੁੱਖ ਉਸ ਦੁੱਧ ਤੋਂ ਬਣੇ ਨਾਨਾ ਪ੍ਰਕਾਰ ਦੇ ਪਦਾਰਥਾਂ ਨੂੰ ਖਾ ਕੇ ਵਿਸ਼ਟਾ ਰੂਪ ਵਿਚ ਬਦਲ ਦੇਂਦੇ ਹਨ ਉਨ੍ਹਾਂ ਦਾ ਜੀਵਨ ਤੇ ਕੀਤੇ ਸਾਰੇ ਕਰਮ ਧ੍ਰਿਕਾਰ ਹਨ, ਜਿਨ੍ਹਾ ਨੇ ਐਸੇ ਅਮੋਲਕ ਜਨਮ ਨੂੰ ਵਿਅਰਥ ਹੀ ਗਵਾ ਲਿਆ ਹੈ।

ਇਸ ਤੋਂ ਅਗੇ ਹੋਰ ਭੀ ਕਹਿੰਦੇ ਹਨ ਕਿ ਵੇਖੋ ਨਰ ਮਰ ਜਾਂਦਾ ਹੈ ਉਹ ਕਿਸੇ ਭੀ ਕੰਮ ਨਹੀਂ ਆਉਂਦਾ ਪਰ ਪਸ਼ੂ ਮਰ ਕੇ ਭੀ ਕਈ ਕੰਮ ਸਵਾਰਦਾ ਹੈ। ਸੋ, ਮੈਂ ਮਨੁੱਖ ਦੇ ਦੋਹਾਂ ਪੱਖਾਂ ਨੂੰ ਪੜਚੋਲ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ ਕਿ ਇਹ ਮਨੁੱਖ ਚੌਰਾਸੀ ਲੱਖ ਜੂਨ ਦਾ ਤਦੋਂ ਹੀ ਸਰਦਾਰ ਕਹਾਉਣ ਦਾ ਹੱਕਦਾਰ ਹੈ ਜੇਕਰ ਇਹ ਆਪਣੇ ਮਨੁੱਖ ਜਾਮੇ ਵਿਚ ਆਉਣ ਦੇ ਮੁਖ ਪ੍ਰਯੋਜਨ ਨੂੰ ਅਨੁਭਵ ਕਰਕੇ ਭਜਨ ਸਿਮਰਨ ਕਰਦਾ ਹੋਇਆ ਆਪਣੇ ਜੀਵਨ ਨੂੰ ਸਫਲਾ ਕਰੇ। ਅਜਿਹੇ ਮਨੁੱਖਾਂ ਵਾਸਤੇ ਹੀ ਬਾਣੀ ਵਿਚ ਉੱਤਮਤਾ ਦਾ ਦਰਜਾ ਦਿਤਾ ਹੈ।

(੧) (ਹੇ ਭਾਈਓ! ਗੁਰੂ ਗ੍ਰੰਥ ਸਾਹਿਬ ਜੀ ਨੇ) ਚੌਰਾਸੀ ਲੱਖ ਜੂਨਾਂ ਵਿਚ (ਕੇਵਲ) ਇਕ ਮਨੁੱਖਾ-ਦੇਹੀ ਨੂੰ ਹੀ ਸਭ ਤੋਂ ਉੱਤਮ ਜੂਨ (ਮੰਨਿਆ) ਹੈ।

(੨) (ਕਿਉਂਕਿ) ਇਹ ਅੱਖਾਂ ਨਾਲ, ਨਜ਼ਰ ਨੂੰ ਇਧਰ ਉਧਰ ਕਰਕੇ ਵੇਖਦਾ ਹੈ। ਜੀਭਾ ਬਚਨ ਬੋਲਦੀ ਹੈ (ਪਰ ਅਵਾਜ਼) ਬਿਦੇਹੀਆਂ ਵਾਂਗੂ ਹੈ।

(੩) ਕੰਨਾਂ ਨਾਲ ਸੁਰਤੀ ਵਿਚ ਧਿਆਨ ਨਾਲ ਸੁਣਦਾ ਹੈ। ਨੱਕ ਨਾਲ ਸੁਗੰਧੀ ਤੇ (ਆਪਣੇ) ਸਨੇਹੀ ਸੁਆਸਾਂ ਨੂੰ ਲੈਂਦਾ ਹੈ।

(੪) ਹੱਥਾਂ ਨਾਲ ਕਿਰਤ ਕਮਾਈ ਕਰਦਾ ਹੈ, ਪੈਰਾਂ ਨਾਲ ਚਲਦਾ ਹੈ, (ਪ੍ਰਭੂ ਦੀ ਬਖ਼ਸ਼ੀ ਸ਼ਕਤੀ) ਜੋਤਿ ਇਹੋ ਜਿਹੀ (ਓਤਪੋਤ) ਹੈ।

(੫) ਗੁਰਮੁਖ (ਤਾਂ ਪ੍ਰਭੂ ਦੀਆਂ ਬਖ਼ਸ਼ੀਆਂ ਦਾਤਾਂ ਨੂੰ ਚੰਗੀ ਵਰਤੋਂ ਤੇ ਨਾਮ ਸਿਮਰਨ ਵਿਚ ਲਗ ਕੇ) ਆਪਣੇ ਜੀਵਨ ਨੂੰ ਸਫਲਾ ਕਰਦਾ ਹੈ, ਪਰ ਮੂਰਖ ਮਨਮੁਖ ਦੀ ਮੱਤ ਕਿਹੋ ਜਿਹੀ ਹੈ (ਕਿ ਉਹ ਖੋਟੀ ਸੰਗਤ ਕਰਕੇ ਜਨਮ ਬਿਰਥਾ ਗਵਾ ਲੈਂਦਾ ਹੈ। (ਕਿਉਂਕਿ ਉਹ)—

(੬) ਕਰਤਾ ਪੁਰਖ ਪ੍ਰਭੂ ਨੂੰ ਭੁੱਲ ਜਾਂਦਾ ਹੈ ਤੇ ਕੇਵਲ ਮਨੁੱਖਾਂ ਦਾ ਹੀ ਓਟ-ਆਸਰਾ ਮਨ ਵਿਚ ਧਰ ਲੈਂਦਾ ਹੈ।

(੭) (ਇਸ ਲਈ ਮਨਮੁਖ ਦੀ ਦੇਹ) ਪਸ਼ੂ ਪ੍ਰੇਤਾਂ ਤੋਂ ਬੁਰੀ ਅਤੇ ਬੁਰੀ ਤੋਂ ਭੀ ਬੁਰੀ ਹੈ।੩।

***ਭਾਵਾਰਥ:*** ਮਨਮੁਖ ਦੀ ਮਨੁੱਖਾ ਦੇਹ ਹੁੰਦਿਆਂ ਭੀ ਪਸ਼ੂ ਪ੍ਰੇਤ ਆਦਿਕਾਂ ਤੋਂ ਬੁਰੀ ਇਸ ਲਈ ਹੈ ਕਿ ਪਸ਼ੂ ਸ਼੍ਰੇਣੀ ਅਗਿਆਤ ਹੈ, ਪਰ ਇਹ ਗਿਆਤ ਵਾਲਾ ਹੋ ਕੇ ਫੇਰ ਵੀ ਏਡਾ ਵੱਡਾ ਪਾਪ ਕਰਦਾ ਹੈ, ਜਿਵੇਂ ਕਿ:

ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥
*(ਸਲੋਕ ਕਬੀਰ ਜੀ, ਪੰਨਾ ੧੩੭੬)*

ਭਾਵ ਜਿਵੇਂ ਕਿਸੇ ਦੇ ਹੱਥ ਪਰ ਰੱਖਿਆ ਦੀਵਾ ਪ੍ਰਕਾਸ਼ ਕਰ ਰਿਹਾ ਹੋਵੇ ਉਹ ਫਿਰ ਭੀ ਅਗੇ ਦਿਸ ਰਹੇ ਕੂਏਂ ਵਿਚ ਗਿਰ ਪਵੇ ਇਸ ਤੋਂ ਵੱਡੀ ਬੇਸਮਝੀ ਹੋਰ ਕੀ ਕਹੀ ਜਾ ਸਕਦੀ ਹੈ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦਾ

ਪ੍ਰਕਾਸ਼ ਸਾਨੂੰ ਸਤਿਗੁਰੂ ਜੀ ਨੇ ਬਖ਼ਸ਼ਿਆ ਹੈ, ਜਿਸ ਦੀ ਰੋਸ਼ਨੀ ਵਿਚ ਅਸੀਂ ਵੇਖ ਰਹੇ ਹਾਂ ਕਿ ਇਸ ਮਨੁੱਖ ਨੂੰ ਬਾਣੀ ਰਾਹੀ ਬਾਰ ਬਾਰ ਇਸ ਮਨੁੱਖਾ-ਜਨਮ ਬਾਰੇ ਸੰਬੋਧਨ ਕੀਤਾ ਗਿਆ ਹੈ ਕਿ ਐ ਭੋਲੇ! ਇਹ ਮਨੁੱਖ-ਜਾਮਾਂ ਤੈਨੂੰ ਬਾਰ ਬਾਰ ਨਹੀਂ ਮਿਲਣਾ ਇਸ ਲਈ ਤੂੰ ਇਸਦੇ ਮੁਖ ਪ੍ਰਜੋਜਨ ਨੂੰ ਸਮਝਣ ਦਾ ਯਤਨ ਕਰ, ਸੋ ਇਸਦਾ ਮੁੱਖ ਧਰਮ ਬੰਦਗੀ ਕਰਨਾ ਹੀ ਹੈ।

## ੪. ਮਨਮੁਖ ਦੀ ਦਸ਼ਾ

੧. ਸਤਿਗੁਰੁ ਸਾਹਿਬ ਛੱਡਿ ਕੈ
ਮਨਮੁਖੁ ਹੋਇ ਬੰਦੇ ਦਾ ਬੰਦਾ।
੨. ਹੁਕਮੀ ਬੰਦਾ ਹੋਇ ਕੈ
ਨਿਤ ਉੱਠਿ ਜਾਇ ਸਲਾਮੁ ਕਰੰਦਾ।
੩. ਆਠ ਪਹਿਰ ਹੱਥ ਜੋੜਿ ਕੈ
ਹੋਇ ਹਜੂਰੀ ਖੜਾ ਰਹੰਦਾ।
੪. ਨੀਂਦ ਨ ਭੁੱਖ ਨ ਸੁਖ ਤਿਸ
ਸੂਲੀ ਚੜ੍ਹਿਆ ਰਹੈ ਡਰੰਦਾ।
੫. ਪਾਣੀ ਪਾਲਾ ਧੁੱਪ ਛਾਉਂ
ਸਿਰ ਉਤੇ ਝਲਿ ਦੁੱਖ ਸਹੰਦਾ।
੬. ਆਤਸ਼ਬਾਜ਼ੀ ਸਾਰੁ ਵੇਖਿ
ਰਣ ਵਿਚ ਘਾਇਲ ਹੋਇ ਮਰੰਦਾ।
੭. ਗੁਰੁ ਪੂਰੇ ਵਿਣ ਜੂਨਿ ਭਵੰਦਾ॥੪॥

*ਪਦ ਅਰਥ :* ਬੰਦਾ—ਦਾਸ, ਗ਼ੁਲਾਮ। ਹਜ਼ੂਰੀ—ਹਰ ਸਮੇਂ ਦੀ ਹਾਜ਼ਰੀ। ਆਤਸ਼ਬਾਜ਼ੀ—ਤੋਪਾਂ ਦੀਆਂ ਛਲਕਾਂ। ਸਾਰੁ—ਤਲਵਾਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਨ ਸਮੇਂ 'ਗੁਰਮੁਖ' ਤੇ 'ਮਨਮੁਖ' ਇਨ੍ਹਾਂ ਦੋਵੇਂ ਸ਼ਬਦਾਂ ਦੀ ਬਹੁਤ ਥਾਵਾਂ 'ਤੇ ਵਰਤੋਂ ਕੀਤੀ ਹੋਈ ਮਿਲਦੀ ਹੈ, ਪਰ ਆਪ ਜੀ ਸਾਨੂੰ ਇਨ੍ਹਾਂ ਦੋਵੇਂ ਸ਼ਬਦਾਂ ਦੇ ਸੁਖੈਨ ਰੂਪ ਵਿਚ ਅਰਥ ਸਮਝਾਉਣ ਦੀ ਕ੍ਰਿਪਾ ਕਰੋ ਕਿ ਇਨ੍ਹਾ ਦੇ ਅੱਖਰੀ ਅਰਥ ਕੀ ਹਨ?

ਉ: ਹੇ ਭਾਈਓ! ਜੇ ਅਸੀਂ ਆਪਣੀ ਅਸਥੂਲ ਦ੍ਰਿਸ਼ਟੀ ਦੁਆਰੇ ਤੱਕੀਏ ਤਾਂ ਸਾਨੂੰ ਇਨ੍ਹਾਂ ਦੋਵਾਂ ਸ਼ਬਦਾਂ ਦੇ ਸੁਭਾਵਕ ਅਰਥ ਇਉਂ ਹੀ ਭਾਸਦੇ ਹਨ। ਭਾਵ 'ਗੁਰਮੁਖ' ਉਹ ਹੈ ਜੋ ਆਪਣਾ ਮੁਖ ਹਰ ਵਕਤ ਗੁਰੂ ਵੱਲ ਹੀ ਰੱਖਦਾ ਹੈ ਅਰਥਾਤ ਜੋ ਗੁਰੂ ਦੇ ਮੁਖੋਂ ਨਿਕਲਿਆ ਉਪਦੇਸ਼ ਹੈ ਉਸੇ ਦੇ ਅਨੁਸਾਰੀ ਹੋ ਆਪਣਾ ਜੀਵਨ ਗੁਜ਼ਾਰਦਾ ਹੈ। ਪਰ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਸਦਾ ਖੁਲਾਸਾ ਕਰਵਾਉਂਦੇ ਹਾਂ ਤਾਂ ਆਪ ਜੀ ਸਾਨੂੰ ਇਉਂ ਸੰਬੋਧਨ ਕਰਦੇ ਹਨ ਕਿ ਗੁਰਮੁਖ ਕੌਣ ਹੈ:

ਗੁਰਮੁਖਿ ਉਦਾਸੀ ਸੋ ਕਰੇ ਜਿ ਸਚਿ ਰਹੈ ਲਿਵ ਲਾਇ॥
ਚਿੰਤਾ ਮੂਲਿ ਨ ਹੋਵਈ ਹਰਿ ਨਾਮਿ ਰਜਾ ਅਘਾਇ॥
*(ਮ: ੩, ਪੰਨਾ ੫੮੯)*

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨੁ ਗਾਏ ਜੀਉ॥੮॥
*(ਮਾਝ ਮ: ੫, ਪੰਨਾ ੧੩੧)*

ਗੁਰਮੁਖਿ ਵਿਚਹੁ ਹਉਮੈ ਜਾਇ॥
ਗੁਰਮੁਖਿ ਮੈਲੁ ਨ ਲਾਗੈ ਆਇ॥
ਗੁਰਮੁਖਿ ਨਾਮੁ ਵਸੈ ਮਨਿ ਆਇ॥੨॥
ਗੁਰਮੁਖਿ ਅਹੰਕਾਰੁ ਜਲਾਏ ਦੋਈ॥
ਗੁਰਮੁਖਿ ਨਾਮਿ ਰਤੇ ਸੁਖੁ ਹੋਈ॥੩॥
*(ਗਉੜੀ ਮ: ੩, ਪੰਨਾ ੨੩੦)*

ਗੁਰਮੁਖਿ ਅੰਤਰਿ ਸਹਜੁ ਹੈ
ਮਨੁ ਚੜਿਆ ਦਸਵੈ ਆਕਾਸਿ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ
ਜਿਥੈ ਆਤਮਰਾਮ ਪ੍ਰਗਾਸੁ॥੧੬॥
*(ਸਲੋਕ ਮ: ੧, ਪੰਨਾ ੧੪੧੪)*

ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ॥
ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ॥
ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ॥
*(ਪੰਨਾ ੧੩੧੭)*

ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ॥
*(ਸਲੋਕ ਮ: ੩, ਪੰਨਾ ੬੪੬)*

ਗੁਰਮੁਖਿ ਮਰੈ ਨ ਕਾਲੁ ਨ ਖਾਏ
ਗੁਰਮੁਖਿ ਸਚਿ ਸਮਾਵਣਿਆ ॥੨॥
ਗੁਰਮੁਖਿ ਹਰਿ ਦਰਿ ਸੋਭਾ ਪਾਏ ॥
ਗੁਰਮੁਖਿ ਵਿਚਹੁ ਆਪੁ ਗਵਾਏ ॥
ਆਪਿ ਤਰੈ ਕੁਲ ਸਗਲੇ ਤਾਰੇ
ਗੁਰਮੁਖਿ ਜਨਮੁ ਸਵਾਰਣਿਆ ॥੩॥

*(ਮਾਝ ਮ: ੩, ਪੰਨਾ ੧੨੫)*

ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥
ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ ॥

*(ਬਿਲਾਵਲੁ ਮ: ੪, ਪੰਨਾ ੮੪੪)*

ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ ॥ *(ਮ: ੩, ਪੰਨਾ ੮੭)*

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥ *(ਮਾਝ ਮ: ੩, ਪੰਨਾ ੧੧੮)*

ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ
ਹਉਮੈ ਸਬਦਿ ਜਲਾਇ ॥੨॥ *(ਸਲੋਕ ਮ: ੩, ਪੰਨਾ ੬੫੦)*

ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥
ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥

*(ਆਸਾ ਮ: ੧, ਪੰਨਾ ੪੧੫)*

ਗੁਰਮੁਖਿ ਏਕਸੁ ਸਿਉ ਲਿਵ ਲਾਏ ॥
ਤ੍ਰਿਬਿਧਿ ਮਨਸਾ ਮਨਹਿ ਸਮਾਏ ॥ *(ਮਾਰੂ ਮ: ੩, ੧੦੬੬)*

ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੧॥

*(ਸੂਹੀ ਮ: ੩, ਪੰਨਾ ੭੫੭)*

ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥
ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਪਹਿਰਾਇਆ ॥

*(ਮਾਰੂ ਮ: ੫, ਪੰਨਾ ੧੦੭੩)*

ਹੇ ਭਾਈਓ ! ਇਸੇ ਤਰ੍ਹਾਂ ਹੋਰ ਭੀ ਬਾਣੀ ਦੀ ਪੜਚੋਲ ਕਰਦਿਆ ਮੈਨੂੰ ਬਹੁਤ ਸਾਰੇ ਸ਼ਬਦ ਪੜ੍ਹਨ ਵਿਚ ਆਏ ਹਨ ਜੋ ਇਥੇ ਸਾਰੇ ਅੰਕਤ ਕਰਨੇ ਕਠਨ ਹਨ, ਪਰ ਇਹ ਲਿਖਣਾ ਭੀ ਜ਼ਰੂਰੀ ਹੈ ਕਿ ਅਜਿਹੇ ਗੁਰਮੁਖਿ ਸੰਸਾਰ ਵਿਚ (ਹੈਨਿ ਵਿਰਲੇ ਨਾਹੀ ਘਣੇ) ਭਾਵ ਵਧੇਰੇ ਨਹੀਂ ਬਹੁਤ ਘਟ ਹੀ ਵੇਖਣ ਵਿਚ ਆਉਂਦੇ ਹਨ।

ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਗੁਰਮੁਖਾ ਤੋਂ ਦੂਜੇ ਦਰਜੇ ਦੇ ਉਹ ਲੋਕ ਭੀ ਦਰਸਾਏ ਹਨ ਜਿਨ੍ਹਾਂ ਨੂੰ ਮਨਮੁਖ ਕਿਹਾ ਜਾਂਦਾ ਹੈ, ਭਾਵ ਜਿਨ੍ਹਾਂ ਨੇ ਆਪਣੇ ਮਨ ਨੂੰ ਹੀ ਮੁਖੀਆ ਬਣਾ ਰੱਖਿਆ ਹੈ, ਅਰਥਾਤ ਜੋ ਉਨ੍ਹਾ ਦਾ ਮਨ ਉਨ੍ਹਾ ਨੂੰ ਪ੍ਰੇਰਨਾ ਦੇਂਦਾ ਹੈ ਉਹ ਉਸੇ ਦੇ ਹੀ ਮਗਰ ਟੁਰਦੇ ਰਹਿੰਦੇ ਹਨ, ਇਸ ਤਰ੍ਹਾਂ ਉਨ੍ਹਾਂ ਦਾ ਸਾਰਾ ਜੀਵਨ ਹੀ ਭਟਕਣਾ ਵਿਚ ਗੁਜ਼ਰ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਨਮੁਖਾਂ ਦੀ ਰੂਪ ਰੇਖਾ ਇਉਂ ਜਾਣੀ ਜਾਂਦੀ ਹੈ, ਜਿਵੇਂ ਕਿ :

ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥

*(ਮ: ੩, ਪੰਨਾ ੫੧੧)*

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥
ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥

*(ਸ੍ਰੀ ਰਾਗੁ ਮ: ੩, ਪੰਨਾ ੬੬)*

ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ ॥
ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ ॥

*(ਸਲੋਕ ਮ: ੩, ਪੰਨਾ ੧੪੧੭)*

ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
ਉਦਰੁ ਨੈ ਸਾਣੁ ਨ ਭਰੀਐ ਕਬਹੂ
ਤ੍ਰਿਸਨਾ ਅਗਨਿ ਪਚਾਏ ॥੧॥

*(ਭੈਰਉ ਮ: ੩, ਪੰਨਾ ੧੧੩੧)*

ਮਨਮੁਖ ਅਗਿਆਨੀ ਅੰਧੁਲੇ
ਜਨਮਿ ਮਰਹਿ ਫਿਰਿ ਆਵੈ ਜਾਏ ॥
ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ ॥

*(ਸਲੋਕ ਮ: ੩, ਪੰਨਾ ੮੫੧)*

ਮਨਮੁਖ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਰਿਆ ਬਹੁ ਕਰਮ ਦ੍ਰਿੜਾਏ ॥

*(ਗਉੜੀ ਮ: ੩, ਪੰਨਾ ੨੩੧)*

ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ
ਤਿਨ੍ ਬੂਝ ਨ ਕਾਈ ਪਾਇ ॥
ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ ॥

*(ਸਲੋਕ ਮ: ੩, ਪੰਨਾ ੫੧੧)*

ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ ॥
ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤ੍ਰਿਖ ਤਤੇ ॥

*(ਪਉੜੀ, ੧੦੯੩)*

ਮਨਮੁਖ ਅੰਧੁ ਐਸੇ ਕਰਮ ਕਮਾਏ ॥
ਹਲਤਿ ਨ ਸੋਭਾ ਪਲਤਿ ਨ ਢੋਈ
ਬਿਰਥਾ ਜਨਮੁ ਗਵਾਵਣਿਆ ॥੭॥

*(ਮਾਝ ਮ: ੩, ਪੰਨਾ ੧੨੭)*

ਮਨਮੁਖੁ ਅੰਧਾ ਅੰਧੁ ਕਮਾਏ॥
ਬਹੁ ਸੰਕਟ ਜੋਨੀ ਭਰਮਾਏ॥
ਜਮ ਕਾ ਜੇਵੜਾ ਕਦੇ ਨ ਕਾਟੈ
ਅੰਤੇ ਬਹੁ ਦੁਖੁ ਪਾਇਆ॥੪॥
(ਮਾਰੂ ਮ: ੩, ਪੰਨਾ ੧੦੬੯)

ਮਨਮੁਖੁ ਅੰਧਾ ਆਵੈ ਜਾਇ॥
ਬਿਨੁ ਸਤਿਗੁਰ ਭੇਟੇ ਥਾਇ ਨ ਪਾਇ॥ (ਪੰਨਾ ੩੧੪)

ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ॥
(ਮ: ੩, ਪੰਨਾ ੩੧੪)

ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ॥
ਮਨਮੁਖਿ ਅੰਧਾ ਆਵੈ ਜਾਇ॥੩॥
(ਗਉੜੀ ਮ: ੩, ਪੰਨਾ ੧੬੧)

ਮਨਮੁਖ ਅੰਧੇ ਸੂਝੈ ਨਾਹੀ
ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥੪॥
(ਮਾਝ ਮ: ੩, ਪੰਨਾ ੧੨੪)

ਮਨਮੁਖਿ ਅੰਧੇ ਸੁਧਿ ਨ ਕਾਈ॥
ਆਤਮ ਘਾਤੀ ਹੈ ਜਗਤੁ ਕਸਾਈ॥ (ਪੰਨਾ ੧੧੮)

ਮਨਮੁਖੁ ਰੋਗੀ ਹੈ ਸੰਸਾਰਾ॥
ਸੁਖਦਾਤਾ ਵਿਸਰਿਆ ਅਗਮ ਅਪਾਰਾ॥
(ਮਾਝ ਮ: ੩, ਪੰਨਾ ੧੧੮)

ਮਨਮੁਖਿ ਆਵੈ ਮਨਮੁਖਿ ਜਾਵੈ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ॥੧੨॥
(ਮਾਰੂ ਮ: ੫, ਪੰਨਾ ੧੦੭੩)

ਭਾਵ ਹੈ ਅਜਿਹੇ ਮਨਮੁਖ ਸੰਸਾਰ ਦੇ ਚੱਕ੍ਰ ਜਨਮ ਮਰਨ ਵਿਚ ਸਦਾ ਹੀ ਆਉਂਦੇ ਜਾਂਦੇ ਰਹਿੰਦੇ ਹਨ ਅਤੇ ਜਮਾਂ ਦੀਆਂ ਦੁਖਦਾਈ ਸੱਟਾਂ ਸਹਾਰਦੇ ਹਨ, ਪਰ ਗੁਰਮੁਖਾਂ ਨੂੰ ਸੰਸਾਰ ਦਾ ਕੋਈ ਭੀ ਦੁੱਖ ਨਹੀਂ ਸਤਾਉਂਦਾ ਉਹ ਸਦਾ ਹੀ ਆਪਣਾ ਨਿਰਲੇਪ ਜੀਵਨ ਜੀਉਂਦੇ ਹਨ।

ਇਸੇ ਭਾਵ ਨੂੰ ਪ੍ਰਗਟ ਕਰਨ ਵਾਲੀਆਂ ਹੋਰ ਭੀ ਬਹੁਤ ਸਾਰੀਆਂ ਪੰਗਤੀਆਂ ਮੇਰੇ ਵੀਚਾਰਨ ਵਿਚ ਆਈਆਂ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਮਨਮੁਖ ਬੰਦਿਆਂ ਦਾ ਜ਼ਿਕਰ ਹੈ ਕਿ ਬਾਣੀ ਵਿਚ ਮਨਮੁਖ ਕਿਸਨੂੰ ਕਿਹਾ ਜਾਂਦਾ ਹੈ:

(੧) (ਗੁਰਮਤ ਵਿਚ ਮਨਮੁਖ ਬੰਦਾ ਉਸੇ ਨੂੰ ਹੀ ਆਖਿਆ ਜਾਂਦਾ ਹੈ ਜੋ) ਸਤਿਗੁਰੂ ਸੱਚੇ ਮਾਲਕ ਨੂੰ ਛੱਡ ਕੇ, ਮਨਮੁਖ ਨੌਕਰਾਂ ਦਾ ਵੀ ਨੌਕਰ (ਭਾਵ ਦਾਸਾਂ ਦਾ ਭੀ ਦਾਸ ਜਾ ਬਣਦਾ ਹੈ)।

(੨) (ਉਹ) ਹੁਕਮ ਦਾ ਤਾਬੇਦਾਰ ਹੋ ਕੇ ਹਰ ਰੋਜ਼ (ਸਵੇਰੇ) ਉੱਠ ਕੇ ਸਲਾਮ (ਕਰਦਾ ਹੈ) (ਉਸਨੂੰ ਨਾ ਪ੍ਰਭੂ ਦਾ ਚੇਤਾ ਨਾਹੀਂ ਗੁਰੂ ਦਾ ਹੀ ਖ਼ਿਆਲ ਹੈ)।

(੩) (ਬੱਸ ਉਸਨੂੰ ਤਾਂ ਖਾਣ ਪੀਣ ਤੋਂ ਬਿਨਾਂ ਜਾਂ ਨੀਂਦ ਦੇ ਸਮੇਂ ਤੋਂ ਬਚਦਾ ਸਮਾਂ) ਅੱਠੇ ਪਹਿਰ ਹੀ ਹੱਥ ਜੋੜ ਕੇ (ਜਿਸਨੂੰ ਮਾਲਕ ਸਮਝ ਲੈਂਦਾ ਹੈ) ਉਸਦੀ ਹਜ਼ੂਰੀ ਵਿਚ ਹਾਜ਼ਰ ਤੇ ਖੜਾ ਰਹਿੰਦਾ ਹੈ।

(੪) ਉਸਨੂੰ ਨਾ ਭੁੱਖ, ਨਾ ਕੋਈ ਹੋਰ ਸੁਖ (ਅਰਾਮ, ਇਥੋਂ ਤਕ ਕਿ ਜੇ ਉਸਨੂੰ ਮਾਲਕ ਸੂਲੀ, ਭਾਵ ਔਖੇ ਤੋਂ ਔਖਾ ਕੰਮ, 'ਤੇ ਵੀ ਟੰਗ ਦੇਵੇ) ਤਾਂ ਉਹ ਸੂਲੀ 'ਤੇ ਚੜ੍ਹਿਆ ਭੀ ਡਰਦਾ ਰਹਿੰਦਾ ਹੈ (ਕਿ ਮਤਾਂ ਇਸ ਤੋਂ ਵੀ ਹੋਰ ਸਖ਼ਤ ਹੁਕਮ ਨ ਹੋ ਜਾਵੇ।)

(੫) (ਬਰਸਾਤ ਦੇ ਮੀਂਹ ਦਾ) ਪਾਣੀ (ਸਰਦੀ ਦਾ) ਪਾਲਾ (ਗਰਮੀ ਦੀਆਂ) ਧੁੱਪਾਂ (ਸਿਆਲ ਦੀਆਂ) ਛਾਵਾਂ ਸਿਰਾਂ ਪਰ ਝੱਲ ਕੇ ਦੁੱਖ ਭੋਗਦਾ ਹੈ।

(੬) (ਲੜਨ ਦਾ ਹੁਕਮ ਮਿਲਦੇ ਹੀ) ਤੋਪਾਂ ਦੀ ਗੋਲਾਬਾਰੀ (ਆਤਸ਼ਬਾਜ਼ੀ) ਤਲਵਾਰਾਂ ਦੀ ਕਟਾ ਵਢ ਵੇਖਦਾ ਤੇ ਰਣ ਵਿਚ ਹੀ ਘਾਵਾਂ ਨਾਲ ਜ਼ਖ਼ਮੀ ਹੋ ਮਰ ਜਾਂਦਾ ਹੈ।

(੭) (ਇਸ ਤਰ੍ਹਾਂ) ਪੂਰੇ ਗੁਰੂ (ਦੀ ਸ਼ਰਨੀ) ਨਾ ਆਉਣ ਕਰਕੇ, ਮਰ ਕੇ ਜੂਨਾਂ ਵਿਚ ਭੌਂਦਾ ਫਿਰਦਾ ਹੈ।੪।

**ਭਾਵਾਰਥ :** ਗੁਰਮਤ ਦੀ ਤਾਂ ਹਰ ਮਨੁੱਖ-ਮਾਤ੍ਰ ਲਈ ਇਹੋ ਹੀ ਪ੍ਰੇਰਨਾ ਹੈ ਕਿ ਹੇ ਬੰਦੇ! ਰੋਜ਼ੀ ਦੇਣ ਵਾਲਾ ਤਾਂ ਇਕੋ ਰੋਜ਼ੀ ਦਹਿੰਦ ਪਰੀਪੂਰਨ ਪ੍ਰਮੇਸ਼ਰ ਹੈ ਤੂੰ ਉਸ ਦੀ ਸ਼ਰਣ ਛੱਡ ਕੇ ਹੋਰ ਕਿਸੇ ਦਾ ਜਾਚਕ ਨਾ ਬਣ ਕਿਉਂਕਿ ਤੂੰ ਜਿਸ ਕਿਸੇ ਦਾ ਭੀ ਮੰਗਤਾ ਬਣੇਂਗਾ ਉਹ ਤਾਂ ਖ਼ੁਦ ਹੀ ਉਸ ਮਾਲਕ ਤੋਂ ਮੰਗਦਾ ਹੈ, ਮੰਗਤਿਆਂ ਤੋਂ ਮੰਗਣ ਜਾਣਾ ਤਾਂ ਬਹੁਤ ਹੀ ਨੀਵੀਂ ਦ੍ਰਿਸ਼ਟੀ ਹੈ ਇਸ ਲਈ ਤੂੰ ਉਸੇ ਦਾਤੇ ਦਾ ਮੰਗਤਾ ਬਣ ਜਿਸ ਤੋਂ ਸਾਰੇ ਹੀ ਬੰਦੇ ਮੰਗਾਂ ਮੰਗਦੇ ਹਨ। ਜੋ ਬੰਦਾ ਸਿਰਫ ਗੁਰੂ ਦਾ ਹੀ ਬੰਦਾ ਹੋ ਜਾਂਦਾ ਹੈ ਫਿਰ ਉਸਨੂੰ ਹੋਰ ਕਿਸੇ ਦੀ ਕਲੋਂਡ ਹੀ ਨਹੀਂ ਰਹਿ ਜਾਂਦੀ ਤੇ ਉਸਨੂੰ ਫਿਰ ਜੀਵਨ ਵਿਚ ਕਿਸੇ ਵੀ ਪਦਾਰਥ ਦੀ ਘਾਟ ਨਹੀਂ ਆਉਂਦੀ।

## ੫. ਕੰਨ ਪਾਟੇ ਜੋਗੀਆਂ ਦੀ ਹਾਲਤ

੧. ਨਾਥਾਂ ਨਾਥ ਨ ਸੇਵਨੀ
ਹੋਇ ਅਨਾਥ ਗੁਰੂ ਬਹੁ ਚੇਲੇ।
੨. ਕੰਨ ਪੜਾਇ ਬਿਭੂਤਿ ਲਾਇ,
ਖਿੰਥਾ ਖੱਪਰ ਡੰਡਾ ਹੇਲੇ।
੩. ਘਰਿ ਘਰਿ ਟੁੱਕਰ ਮੰਗਦੇ
ਸਿੰਙੀ ਨਾਦ ਵਜਾਇਨਿ ਭੇਲੇ।
੪. ਭੁਗਤਿ ਪਿਆਲਾ ਵੰਡੀਐ
ਸਿਧ ਸਾਧਿਕ ਸ਼ਿਵਰਾਤੀ ਮੇਲੇ।
੫. ਬਾਰਹ ਪੰਥ ਚਲਾਇੰਦੇ
ਬਾਰਹ ਵਾਟੀ ਖਰੇ ਦੁਹੇਲੇ।
੬. ਵਿਣੁ ਗੁਰੁ ਸ਼ਬਦ ਨ ਸਿੱਝਨੀ,
ਬਾਜੀਗਰ ਕਰਿ ਬਾਜੀ ਖੇਲੇ।
੭. ਅੰਨ੍ਹੇ ਅੰਨ੍ਹਾ ਖੂਹੇ ਠੇਲੇ॥੫॥

***ਪਦ ਅਰਥ :*** ਨਾਥਾਂ ਨਾਥ—ਨਾਥਾਂ ਦੇ ਨਾਥ, ਮਾਲਕ ਪ੍ਰਮੇਸ਼ਰ। ਹੇਲੇ—ਹਿਲਾਉਣਾ। ਭੇਲੇ—ਰਲ ਕੇ। ਦੁਹੇਲੇ—ਦੁਖੀ ਹੋਣਾ। ਠੇਲੇ—ਰੇੜਨਾ।

ਪ੍ਰ: ਭਾਈ ਸਾਹਿਬ ਜੀਓ! ਬਹੁਤ ਸਾਰੇ ਉਹ ਜੋਗੀ ਲੋਕ ਭੀ ਮਿਲਦੇ ਹਨ ਜਿਨ੍ਹਾਂ ਦੇ ਸਰੀਰ ਪਰ ਜੋਗ ਦੇ ਚਿੰਨ੍ਹ ਧਾਰਨ ਕੀਤੇ ਹੋਏ ਵੇਖਣ ਵਿਚ ਆਉਂਦੇ ਹਨ, ਜਿਵੇਂ ਕਿ—ਸਿਰ 'ਤੇ ਜਟਾਂ, ਗਲ ਵਿਚ ਖਿੰਥਾ, ਕੰਨਾਂ ਵਿਚ ਮੁੰਦਰਾਂ ਤੇ ਸਾਰੇ ਸਰੀਰ ਪਰ ਸੁਆਹ ਮਲੀ ਹੋਈ ਵੇਖਣ ਵਿਚ ਆਉਂਦੀ ਹੈ, ਪਰ ਜਦੋਂ ਉਨ੍ਹਾਂ ਨਾਲ ਵੀਚਾਰ ਕਰਦੇ ਹਾਂ ਕਿ ਇਨ੍ਹਾਂ ਚਿੰਨ੍ਹਾਂ ਦੇ ਧਾਰਨ ਕਰਨ ਦਾ ਲਾਭ ਕੀ ਹੈ? ਤਾਂ ਉਨ੍ਹਾਂ ਵਲੋਂ ਇਹੋ ਉੱਤਰ ਹੁੰਦਾ ਹੈ ਕਿ ਜੋਗ ਮਤ ਧਾਰਨ ਤੋਂ ਬਿਨਾਂ ਮਨੁੱਖ ਦੀ ਕਲਿਆਣ ਨਹੀਂ ਹੁੰਦੀ। ਇਸ ਲਈ ਹਰ ਮਨੁੱਖ ਨੂੰ ਜੋਗ ਮਤ ਧਾਰਨ ਕਰਨਾ ਜ਼ਰੂਰੀ ਹੈ। ਕਿਉਂ ਜੀ! ਇਸ ਬਾਰੇ ਆਪ ਜੀ ਗੁਰਮਤ ਅਨੁਸਾਰ ਕੀ ਕਹਿਣਾ ਚਾਹੋਗੇ, ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਜੇ ਗੁਰਮਤ ਅਨੁਸਾਰ ਜੋਗ ਸ਼ਬਦ ਦੇ ਅੰਤ੍ਰੀਵ ਭਾਵ ਨੂੰ ਸਮਝਿਆ ਜਾਵੇ ਤਾਂ ਇਸਦਾ ਸਹੀ ਅਰਥ ਹੈ 'ਜੁੜਨਾ' ਭਾਵ ਹੈ ਜਿਸਦਾ ਟੁੱਟਾ ਹੋਇਆ ਮਨ ਉਸ ਪ੍ਰਭੂ ਨਾਲ ਜੁੜ ਜਾਵੇ ਉਹ ਅਸਲ ਜੋਗੀ ਕਹਾਉਣ ਦਾ ਹੱਕਦਾਰ ਹੈ, ਜੋ ਕੇਵਲ ਜੋਗ ਦੇ ਚਿੰਨ੍ਹਾਂ ਨਾਲ ਹੀ ਜੁੜਿਆ ਹੋਇਆ ਹੈ ਉਸਨੂੰ ਜੋਗੀ ਨਹੀਂ ਕਿਹਾ ਜਾ ਸਕਦਾ, ਉਹ ਤਾਂ ਸੰਸਾਰ ਨਾਲ ਹੀ ਜੁੜਿਆ ਹੋਇਆ ਕਹਿਣਾ ਪਵੇਗਾ।

ਹੇ ਭਾਈ! ਗੁਰਬਾਣੀ ਲਿਖਣ ਤੇ ਵੀਚਾਰ ਕਰਦੇ ਰਹਿਣ ਨਾਲ ਜਿਥੇ ਮੈਨੂੰ ਹੋਰ ਮੱਤ ਮਤਾਂਤ੍ਰਾਂ ਦੀ ਜਾਣਕਾਰੀ ਮਿਲੀ ਹੈ, ਉਥੇ ਇਸ ਜੋਗ ਮਤ ਬਾਰੇ ਭੀ ਬਹੁਤ ਸਾਰੀ ਸੋਝੀ ਮਿਲੀ ਹੈ ਜਿਸ ਵਿਚੋਂ ਮੈਂ ਬਾਣੀ ਦੇ ਉਦਾਹਰਣ ਅੰਕਤ ਕਰਦਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਕੇਵਲ ਬਾਹਰਲੇ ਜੋਗ ਦੇ ਚਿੰਨਾਂ ਨੂੰ ਕੋਈ ਵਧੇਰੇ ਮਹਾਨਤਾ ਨਹੀਂ ਦਿੱਤੀ ਜਿੰਨਾ ਚਿਰ ਤਕ ਕਿਸੇ ਦਾ ਆਂਤ੍ਰਕ ਸੰਜੋਗ ਨਹੀਂ ਹੋ ਜਾਂਦਾ, ਭਾਵ ਹੈ ਕਿ ਉਸ ਪਰੀਪੂਰਨ ਪ੍ਰਮੇਸ਼ਰ ਨਾਲ ਜਦ ਕਿਸੇ ਦਾ ਮਾਨਸਕ ਸੰਜੋਗ ਹੋ ਜਾਵੇ, ਉਸੇ ਨੂੰ ਹੀ ਗੁਰਮੱਤ ਨੇ ਅਸਲ ਜੋਗੀ ਕਿਹਾ ਹੈ। ਜਿਵੇਂ ਕਿ:

ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ॥੬॥

*(ਸੋਰਠਿ ਮ: ੫, ਪੰਨਾ ੬੪੨)*

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ॥

*(ਸਲੋਕ ਮ: ੩, ਪੰਨਾ ੧੦੮੯)*

ਜੋਗੀ ਗਿਰਹੀ ਜਟਾ ਬਿਭੂਤ॥
ਆਗੈ ਪਾਛੈ ਰੋਵਹਿ ਪੂਤ॥
ਜੋਗੁ ਨ ਪਾਇਆ ਜੁਗਤਿ ਗਵਾਈ॥
ਕਿਤੁ ਕਾਰਣਿ ਸਿਰਿ ਛਾਈ ਪਾਈ॥

*(ਸਲੋਕ ਮ: ੧, ਪੰਨਾ ੯੫੧)*

ਜੋਗੀ ਜੁਗਤਿ ਗਵਾਈ ਹੰਢੈ
ਪਾਖੰਡਿ ਜੋਗੁ ਨ ਪਾਈ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ
ਗੁਰ ਸਬਦੀ ਜੋਗੁ ਪਾਈ॥੧੧॥

*(ਰਾਮਕਲੀ ਮ: ੩, ਪੰਨਾ ੯੦੯)*

ਸੋ ਜੋਗੀ ਜੋ ਜੁਗਤਿ ਪਛਾਣੈ॥
ਗੁਰ ਪਰਸਾਦੀ ਏਕੋ ਜਾਣੈ॥

*(ਧਨਾਸਰੀ ਮ: ੧, ਪੰਨਾ ੬੬੨)*

ਜੋਗ ਜਗ ਨਿਹਫਲ ਤਿਹ ਮਾਨਉ
ਜੋ ਪ੍ਰਭ ਜਸੁ ਬਿਸਰਾਵੈ ॥

*(ਬਿਲਾਵਲ ਮ: ੯, ਪੰਨਾ ੮੩੧)*

ਜੋਗੀ ਜੰਗਮ ਸੰਨਿਆਸੀ ਭੁਲੇ
ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ
ਮਨਹਠਿ ਜਨਮੁ ਗਵਾਇਆ ॥

*(ਸਲੋਕ ਮ: ੩, ਪੰਨਾ ੫੧੩)*

ਕਾਜੀ ਮੁਲਾਂ ਹੋਵਹਿ ਸੇਖ ॥
ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥
ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥

*(ਬਸੰਤੁ ਮ: ੧, ਪੰਨਾ ੧੧੬੯)*

ਜੋਗੀ ਜਤੀ ਜੁਗਤਿ ਮਹਿ ਰਹਤੇ
ਕਰਿ ਕਰਿ ਭਗਵੇ ਭੇਖ ਭਏ ॥

*(ਆਸਾ ਮ: ੪, ਪੰਨਾ ੩੫੮)*

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥

*(ਬਿਹਾਗੜਾ ਮ: ੯, ਪੰਨਾ ੫੩੭)*

ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ
ਤਉ ਸਭ ਬਿਧਿ ਬਨਿ ਆਈ ॥੨॥

*(ਗਉੜੀ ਮ: ੯, ਪੰਨਾ ੨੧੯)*

ਹੋਇ ਅਉਧੂਤ ਬੈਠੇ ਲਾਇ ਤਾਰੀ ॥
ਜੋਗੀ ਜਤੀ ਪੰਡਿਤ ਬੀਚਾਰੀ ॥
ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ
ਊਠਿ ਤਿਨਾ ਕੈ ਲਾਗੀ ਪਲੀਆ ॥੪॥

*(ਮਾਰੂ ਮ: ੫, ਪੰਨਾ ੧੦੦੪)*

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥...
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥

*(ਸੂਹੀ ਮ: ੧, ਪੰਨਾ ੭੩੦)*

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥
ਨਾਨਕ ਘਰਿ ਬੈਠਿਆ ਜੋਗੁ ਪਾਈਐ
ਸਤਿਗੁਰ ਕੈ ਉਪਦੇਸਿ ॥੬੪॥

*(ਸਲੋਕ ਮ: ੩, ਪੰਨਾ ੧੪੨੧)*

ਇਸ ਤਰ੍ਹਾਂ ਹੋਰ ਭੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੇ ਸ਼ਬਦ ਆਉਂਦੇ ਹਨ, ਜਿਨ੍ਹਾਂ ਵਿਚ ਨਾਮ ਤੋਂ ਸੱਖਣੇ ਫੋਕਟ ਜੋਗ ਦੇ ਚਿੰਨ੍ਹਾਂ ਨੂੰ ਗੁਰਮਤ ਨੇ ਕਬੂਲ ਨਹੀਂ ਕੀਤਾ। ਕਿਉਂਕਿ ਇਨ੍ਹਾਂ ਸਰੀਰਕ ਚਿੰਨ੍ਹਾਂ ਦੀ ਰੱਬੀ ਦਰਬਾਰ ਵਿਚ ਗਿਆਂ ਕੋਈ ਭੀ ਕੀਮਤ ਨਹੀਂ ਹੈ, ਇਸ ਲਈ ਮੈਂ ਇਨ੍ਹਾਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਕੰਨ ਪਾਟੇ ਜੋਗੀਆਂ ਦੀ ਪੋਪ ਲੀਲ੍ਹਾ ਦਾ ਹੀ ਜ਼ਿਕਰ ਕੀਤਾ ਹੈ ਜਿਵੇਂ ਕਿ ਵੇਖਣ ਵਿਚ ਆਉਂਦਾ ਹੈ ਕਿ ਨਾਮ ਧਰੀਕ ਜੋਗੀ ਲੋਕ ਸੱਚੇ ਪ੍ਰਮੇਸ਼ਰ ਦਾ ਪੱਖ ਛਡ ਕੇ ਦਰ-ਬ-ਦਰ ਜਾਚਕ ਬਣ ਕੇ ਆਪਣਾ ਅਮੋਲਕ ਜੀਵਨ ਨਿਸਫਲ ਗਵਾ ਰਹੇ ਹਨ, ਜਿਵੇਂ ਕਿ :

(੧) (ਹੇ ਭਾਈਓ! ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਲੋਕ ਉਸ) ਨਾਥਾਂ ਦੇ ਨਾਥ (ਪ੍ਰਮੇਸ਼ਰ ਮਾਲਕ) ਨੂੰ ਸਿਮਰਦੇ ਨਹੀਂ (ਪਰ ਉਂਝ) ਬਥੇਰੇ ਗੁਰੂ ਤੇ ਬਥੇਰੇ ਚੇਲੇ ਬਣੇ ਬੈਠੇ ਹਨ (ਪਰ ਇਹ ਸਭ ਨਿਰੇ) ਅਨਾਥ ਹੀ ਹਨ।

(੨) (ਇਹ ਲੋਕ) ਕੰਨਾਂ ਨੂੰ ਪੜਵਾ ਕੇ (ਸਰੀਰ ਨੂੰ) ਸਵਾਹ ਮਲਕੇ, ਖਿੰਥਾ (ਖਫਣੀ) ਗਲ ਪਾ, ਇਕ ਹੱਥ ਵਿਚ ਖੱਪਰ ਤੇ ਦੂਜੇ ਵਿਚ ਡੰਡਾ ਫੜ ਕੇ, ਹਿਲਾਉਂਦੇ ਫਿਰਦੇ ਹਨ।

(੩) ਘਰਿ ਘਰਿ ਰੋਟੀਆਂ (ਖੈਰ ਦਾਨ) ਮੰਗਦੇ ਹਨ ਤੇ ਸਿੰਙੀ ਦਾ ਨਾਦ ਮਿਲ ਮਿਲ ਵਜਾਂਦੇ ਫਿਰਦੇ ਹਨ।

(੪) ਭੋਜਨ ਵਿਚ ਪਿਆਲਾ (ਸ਼ਰਾਬ ਦਾ) ਵੰਡਦੇ ਅਤੇ ਸ਼ਿਵ ਰਾਤਰੀ ਦੇ ਮੇਲੇ ਸਿਧ ਸਾਧਿਕ (ਜੋਗੀ) ਤੇ ਉਨ੍ਹਾਂ ਦੇ ਚੇਲੇ ’ਕੱਠੇ ਹੁੰਦੇ ਹਨ।

(੫) ਜੋਗੀਆਂ ਦੇ ੧੨ ਫਿਰਕੇ ਹਨ ਸੋ ਸਾਰੇ ਆਪੋ ਆਪਣੇ ਫਿਰਕਿਆਂ ਦੇ ਰਾਹਾਂ ’ਤੇ ਬੜੇ ਦੁਖੀ ਤੇ ਔਖੇ ਹੋ ਹੋ ਚਲਦੇ ਹਨ।

(੬) (ਇਨ੍ਹਾਂ ਨੂੰ) ਪੂਰੇ ਗੁਰੂ (ਨਾਨਕ ਦੇ) ਸ਼ਬਦ ਤੋਂ ਬਿਨਾ, ਨਾ ਸਮਝ ਆਉਣੀ ਹੈ ਤੇ ਨਾ ਹੀ ਖਲਾਸੀ (ਮੁਕਤੀ) ਹੋਣੀ ਹੈ ਬਾਕੀ ਦੇ ਇਨ੍ਹਾਂ ਦੇ ਕਰਮ ਬਾਜ਼ੀਗਰ ਦੇ ਬਾਜ਼ੀਆਂ ਪਾਉਣ ਵਾਂਗ ਖੇਡਾਂ ਹੀ ਹਨ।

(੭) (ਜਾਂ ਇਉਂ ਸਮਝ ਲਵੋ ਜਿਵੇਂ) ਅੰਨ੍ਹਿਆਂ ਨੂੰ ਅੰਨ੍ਹਾ ਖੂਹ ਵੱਲ ਠੇਲ੍ਹੀ (ਤੋਰੀ) ਜਾਂਦਾ ਹੋਵੇ।੫।

***ਭਾਵਾਰਥ :*** ਦੁਨੀਆ ਦਾ ਪੁਰਾਤਨ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਅਜੇਹੇ ਝੂਠੇ ਜੋਗੀ ਲੋਕ ਆਪਣੇ ਸਰਲ ਚਿਤ ਚੇਲਿਆ ਨੂੰ ਅਨਜਮਤਾਂ ਦੇ ਖਾਤਿਆਂ

ਵਿਚ ਸੁੱਟਦੇ ਰਹੇ ਅਤੇ ਅਜੋਕੇ ਸਮੇਂ ਵਿਚ ਭੀ ਇਹੋ ਜਿਹਾ ਪਾਖੰਡ ਆਮ ਸੰਸਾਰ ਵਿਚ ਚਲਦਾ ਹੈ। ਪਰ ਸਚੇ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਤੋਂ ਬਿਨਾਂ ਛੁਟਕਾਰਾ ਨਹੀਂ ਹੈ। ਅਸਲੀਅਤ ਇਹੋ ਹੈ ਕਿ—(ਬਾਝੁ ਗੁਰੂ ਡੁਬਾ ਜੱਗ ਸਾਰਾ)।

## ੬. ਪੂਰੇ ਗੁਰੂ ਨੂੰ ਵਿਸਾਰਨ ਨਾਲ ਰੋਣਾ ਹੀ ਹੈ

੧. ਸੱਚ ਦਾਤਾਰ ਵਿਸਾਰਿ ਕੈ,
ਮੰਗਤਿਆਂ ਨੋਂ ਮੰਗਣ ਜਾਹੀਂ।
੨. ਢਾਢੀ ਵਾਰਾਂ ਗਾਂਵਦੇ
ਵੈਰ ਵਿਰੋਧ ਜੋਧ ਸਾਲਾਹੀਂ।
੩. ਨਾਈ ਗਾਵਨਿ ਸੱਦੜੇ
ਕਰਿ ਕਰਤੂਤਿ ਮੂਏ ਬਦ ਰਾਹੀਂ।
੪. ਪੜ੍ਹਦੇ ਭੱਟ ਕਬਿੱਤ ਕਰਿ
ਕੂੜ ਕੁਸੱਤ ਮੁਖਹੁ ਆਲਾਹੀਂ।
੫. ਹੋਇ ਅਸ ਰੀਤਿ ਪੁਰੋਹਤਾਂ
ਪ੍ਰੀਤਿ ਪਰੀਤੈ ਵਿਰਤਿ ਮੰਗਾਹੀਂ।
੬. ਛੁਰੀਆਂ ਮਾਰਨਿ ਪੰਖੀਏ
ਹਟਿ ਹਟਿ ਮੰਗਦੇ ਭਿੱਖ ਭਵਾਹੀਂ।
੭. ਗੁਰ ਪੂਰੇ ਵਿਣੁ ਰੋਵਣਿ ਧਾਹੀਂ ॥੬॥

***ਪਦ ਅਰਥ :*** ਸੱਚ ਦਾਤਾਰ—ਸੱਚਾ ਦਾਤਾ। ਵਾਰਾਂ—ਸਿਫਤਾਂ ਦੀ ਕਵੀਸ਼ਰੀ। ਜੋਧ—ਸੂਰਮੇ। ਸੱਦੜੇ—ਸਿਫਤਾਂ ਕਰਦੇ, ਸੱਦੇ ਦਿੰਦੇ। ਬਦਰਾਹੀਂ—ਮੰਦੇ ਹਾਲੀਂ। ਪ੍ਰੀਤਿ ਪਰੀਤੈ—ਪਰਸਪਰ ਪ੍ਰੀਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਵਿਚ ਅਜਿਹੇ ਲੋਕ ਵੇਖਣ ਤੇ ਸੁਣਨ ਵਿਚ ਬਹੁਤ ਆਉਂਦੇ ਹਨ ਜੋ ਆਪਣੇ ਆਪ ਨੂੰ ਵੱਡੇ ਦਾਤੇ ਅਖਵਾਉਣ ਦੇ ਦਾਅਵੇਦਾਰ ਹਨ, ਉਹ ਇਸ ਵੱਡੇ ਦਾਤੇ ਸਦਵਾਉਣ ਦੀ ਸੱਧਰ ਪੂਰੀ ਕਰਨ ਲਈ ਵੱਡੇ ਵੱਡੇ ਧਰਮ ਮੰਦਰਾਂ ਵਿਚ ਭੋਜਨ ਖਵਾਉਣ ਲਈ ਭੰਡਾਰੇ ਭੀ ਕਰਵਾਉਂਦੇ ਹਨ ਅਤੇ ਲੱਖਾਂ ਰੁਪਇਆਂ ਦਾ ਦਾਨ ਕਰਕੇ ਥਾਂ ਥਾਂ ਆਪਣੀ ਚਰਚਾ ਭੀ ਕਰਵਾਂਦੇ ਹਨ। ਉਨ੍ਹਾਂ ਦੇ ਦਰਾਂ ਅਗੇ ਮੰਗਤਿਆਂ ਦੀ ਸਦਾ ਹੀ ਭੀੜ ਵੀ ਬਣੀ ਰਹਿੰਦੀ ਹੈ, ਕਿਉਂ ਜੀ! ਅਜਿਹੇ ਦੁਨੀਆਂ ਦਾਰ ਦਾਤਿਆਂ ਬਾਰੇ ਆਪ ਜੀ ਗੁਰਮਤ ਅਨੁਸਾਰ ਕੀ ਵੀਚਾਰ ਰਖਦੇ ਹੋ, ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਜੇ ਦੂਰਦਰਸ਼ੀ ਦੀਆਂ ਨਜ਼ਰਾਂ ਨਾਲ ਵੇਖਿਆ ਜਾਵੇ ਤਾਂ ਦਾਨ ਦੇਣ ਦਾ ਉੱਦਮ ਕਰਨਾ ਭੀ ਇਹ ਇੱਕ ਚੰਗਾ ਉਪਰਾਲਾ ਹੈ, ਪਰ ਜੇ ਇਸ ਦੇ ਪਿਛੇ ਉਸਦੀ ਕੋਈ ਸੰਸਾਰੀ ਲੋਕਾਂ ਵਿਚ ਆਪਣੀ ਮਾਣ ਵਡਿਆਈ ਕਰਵਾਉਣ ਦੀ ਚਾਹਤ ਨਾ ਹੋਵੇ ਇਹ ਠੀਕ ਹੈ ਕਿ ਉਹ ਲੱਖਾਂ ਦਾ ਦਾਨ ਕਰਕੇ ਲੋਕਾਂ ਵਿਚ ਆਪਣੀ ਬੱਲੇ ਬੱਲੇ ਤਾਂ ਕਰਵਾ ਲਵੇਗਾ, ਪਰ ਉਸਨੂੰ ਇਸ ਤੋਂ ਵਧੇਰੇ ਹੋਰ ਕੋਈ ਮਾਨਸਕ ਉਚਾਈ ਹੋਣ ਦਾ ਫਲ ਨਹੀਂ ਮਿਲ ਸਕਦਾ। ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਕਿਸੇ ਜ਼ਿਮੀਂਦਾਰ ਦਾ ਬੀਜਿਆ ਹੋਇਆ ਬੀਜ ਉਹੀ ਫਲਦਾਰ ਬੂਟਾ ਬਣ ਕੇ ਫੈਲਦਾ ਹੈ, ਜਿਸ ਬੀਜ ਨੂੰ ਉਸਨੇ ਧਰਤੀ ਦੇ ਪੜਦੇ ਅੰਦਰ ਗੁਪਤ ਰੂਪ ਵਿਚ ਛੁਪਾ ਕੇ ਰੱਖਿਆ ਹੈ ਬਾਕੀ ਦੇ ਬੀਜ ਸਾਰੇ ਹੀ ਸੜ ਸੁਕ ਜਾਂਦੇ ਹਨ ਜਾਂ ਉਨ੍ਹਾਂ ਨੂੰ ਜਾਨਵਰ ਚੁਗ ਜਾਂਦੇ ਹਨ, ਇਸੇ ਤਰ੍ਹਾਂ ਜੋ ਹੰਕਾਰ ਭਰੇ ਹਿਰਦੇ ਰਾਹੀਂ ਦਾਨ ਆਦਿ ਕੀਤਾ ਹੋਇਆ ਚੰਗਾ ਕਰਮ ਹੈ, ਇਹ ਭੀ ਗੁਰੂ ਤੇਗ ਬਹਾਦਰ ਜੀ ਦੇ ਹੁਕਮ ਮੁਤਾਬਕ ਕਿਸੇ ਹਾਥੀ ਦੇ ਇਸ਼ਨਾਨ ਕਰਵਾਉਣ ਵਾਂਗੂ ਵਿਅਰਥ ਹੀ ਜਾਂਦਾ ਹੈ :

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ
ਜਿਉ ਕੁੰਚਰ ਇਸਨਾਨੁ ॥੪੬॥

*(ਸਲੋਕ ਮ: ੯, ਪੰਨਾ ੧੪੨੮)*

ਇਸ ਤਰ੍ਹਾਂ ਜਦ ਭੀ ਕੋਈ ਕਿਸੇ ਲੋੜਵੰਦ ਨੂੰ ਕੁਝ ਦਾਤ ਅਰਪਨ ਕਰਦਾ ਹੈ ਤਾਂ ਉਸਨੂੰ ਆਪਣੇ ਆਪ ਨੂੰ ਦਾਤਾ ਨਹੀਂ ਸਮਝ ਲੈਣਾ ਚਾਹੀਦਾ ਸਗੋਂ ਇਉਂ ਹੀ ਅਨੁਭਵ ਕਰਦੇ ਰਹਿਣਾ ਚਾਹੀਦਾ ਹੈ ਕਿ ਦਾਤਾ ਮੈਂ ਨਹੀਂ ਇਹ ਤਾਂ ਜੋ ਮੈਨੂੰ ਪ੍ਰਮੇਸ਼ਰ ਦਾਤੇ ਨੇ ਦਾਤ ਬਖ਼ਸ਼ੀ ਹੈ ਉਸੇ ਦੇ ਹੁਕਮ ਦੁਆਰਾ ਉਸ ਦੀ ਦਾਤ ਅਗੇ ਦੇ ਰਿਹਾ ਹਾਂ, ਮੇਰਾ ਤਾਂ ਇਸ ਵਿਚ ਕੁਝ ਭੀ ਨਹੀਂ, ਕਬੀਰ ਜੀ ਨੇ ਭੀ ਇਸੇ ਭਾਵ ਨੂੰ ਅੰਕਤ ਕੀਤਾ ਹੈ :

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥

*(ਸਲੋਕ ਕਬੀਰ ਜੀ, ਪੰਨਾ ੧੩੭੫)*

ਇਸ ਤਰ੍ਹਾ ਦੀ ਭਾਵਨਾ ਸਹਿਤ ਕੀਤਾ ਹੋਇਆ ਚੰਗਾ ਕਰਮ ਉਸ ਦੇ ਅੰਤਰ ਆਤਮੇ ਨਿਰਮਾਣਤਾ ਨੂੰ ਜਨਮ ਦੇਂਦਾ ਹੈ, ਜੋ ਕਿ ਰੱਬੀ ਦਰਬਾਰ ਵਿਚ ਕਬੂਲਿਆ ਜਾਂਦਾ ਹੈ।

ਇਸ ਪੱਖ ਨੂੰ ਜਦੋਂ ਮੈਂ ਗੁਰਬਾਣੀ ਦੁਆਰੇ ਵੀਚਾਰਨ ਦਾ ਉਪਰਾਲਾ ਕੀਤਾ ਹੈ ਤਾਂ ਮੇਰੇ ਦ੍ਰਿਸ਼ਟੀ-ਗੋਚਰ ਤਾਂ ਇਹੋ ਭਾਵ ਪ੍ਰਗਟ ਹੋਏ ਹਨ ਕਿ ਦਾਤਿਆਂ ਦਾ ਵੱਡਾ ਦਾਤਾ ਤਾਂ ਇਕੋ ਪ੍ਰਮੇਸ਼ਰ ਹੈ ਹੋਰ ਤਾਂ ਸਾਰਾ ਜਗਤ ਹੀ ਭਿਖਾਰੀ ਹੈ, ਜਿਵੇਂ ਕਿ:

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ॥
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ॥੪੦॥
*(ਸਲੋਕ ਮ: ੯, ਪੰਨਾ ੧੪੨੮)*

ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥
ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ॥
*(ਮ: ੨, ਪੰਨਾ ੧੨੩੯)*

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕਿ ਜਾਗੰਦੇ ਨਾ ਲਹੰਨਿ
ਇਕਨ੍ਹਾ ਸੁਤਿਆ ਦੇਇ ਉਠਾਲਿ॥੧੧੩॥
*(ਸਲੋਕ ਫਰੀਦ ਜੀ, ਪੰਨਾ ੧੩੮੪)*

ਦਾਤਿ ਕਰੈ ਨਹੀ ਪਛੁਤਾਵੈ॥
ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ॥੩॥
*(ਪ੍ਰਭਾਤੀ ਮ: ੫, ਪੰਨਾ ੧੩੩੭)*

ਦਾਤੇ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ॥
ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ॥
*(ਸੋਰਠਿ ਮ: ੩, ਪੰਨਾ ੬੦੪)*

ਦਾਤਿ ਪਿਆਰੀ ਵਿਸਰਿਆ ਦਾਤਾਰਾ॥
ਜਾਣੈ ਨਾਹੀ ਮਰਣੁ ਵਿਚਾਰਾ॥੨॥
*(ਧਨਾਸਰੀ ਮ: ੫, ਪੰਨਾ ੬੭੬)*

ਦਾਤਾ ਭੁਗਤਾ ਦੇਨਹਾਰੁ
ਤਿਸੁ ਬਿਨੁ ਅਵਰੁ ਨ ਜਾਇ॥
ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ॥੧॥
*(ਗਉੜੀ ਮ: ੫, ਪੰਨਾ ੨੯੬)*

ਦਾਤਾਰੁ ਸਦਾ ਦਇਆਲੁ ਸੁਆਮੀ
ਕਾਇ ਮਨਹੁ ਵਿਸਾਰੀਐ॥...
ਬਿਨਵੰਤਿ ਨਾਨਕ ਸਦਾ ਭਜੀਐ
ਪ੍ਰਭੁ ਏਕੁ ਕਰਣੈਹਾਰਾ॥੨॥
*(ਆਸਾ ਮ: ੫, ਪੰਨਾ ੪੬੧)*

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥
ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥
*(ਪੰਨਾ ੫੯੦)*

ਤੂ ਦਾਤਾ ਸਭਨਾ ਜੀਆ ਕਾ ਆਪਨ ਕੀਆ ਪਾਲਨਾ॥੭॥
*(ਰਾਮਕਲੀ ਮ: ੫, ਪੰਨਾ ੯੧੫)*

ਤੂੰ ਦਾਤਾ ਸਭ ਜਾਚਿਕ ਤੇਰੇ ਤੁਧੁ ਬਿਨੁ ਕਿਸੁ ਸਾਲਾਹੀ॥
ਅਣਮੰਗਿਆ ਦਾਨੁ ਦੀਜੈ ਦਾਤੇ
ਤੇਰੀ ਭਗਤਿ ਭਰੇ ਭੰਡਾਰਾ॥
*(ਆਸਾ ਮ: ੧, ਪੰਨਾ ੪੩੭)*

ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ॥
ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ॥
*(ਪਉੜੀ, ਪੰਨਾ ੧੨੮੬)*

ਤੂ ਅੰਤਰਜਾਮੀ ਜੀਅ ਸਭਿ ਤੇਰੇ॥
ਤੂ ਦਾਤਾ ਹਮ ਸੇਵਕ ਤੇਰੇ॥
*(ਮਾਰੂ ਮ: ੧, ਪੰਨਾ ੧੦੩੮)*

ਤੂੰ ਦਾਤਾ ਜੀਆ ਸਭਨਾ ਕਾ
ਤੇਰਾ ਦਿਤਾ ਪਹਿਰਹਿ ਖਾਇ॥੨॥
*(ਆਸਾ ਮ: ੫, ਪੰਨਾ ੪੩੨)*

ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ॥
*(ਪਉੜੀ, ਪੰਨਾ ੬੫੨)*

ਤੂ ਦਾਤਾ ਮਾਗਨ ਕਉ ਸਗਲੀ
ਦਾਨੁ ਦੇਹਿ ਪ੍ਰਭੁ ਭਾਨੈ॥੨॥
*(ਸੋਰਠਿ ਮ: ੫, ਪੰਨਾ ੬੧੩)*

ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਸਾਨੂੰ ਸਾਰਿਆਂ ਨੂੰ ਹੀ ਬੋਧ ਮਿਲਦਾ ਹੈ ਕਿ ਸਾਰੇ ਸੰਸਾਰ ਦੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਕੇਵਲ ਇਕੋ ਰੋਜ਼ੀ ਦਹਿੰਦ ਪ੍ਰਮੇਸ਼ਰ ਹੈ ਜੋ ਸਮੇਂ ਸਮੇਂ ਸਾਰਿਆਂ ਨੂੰ ਰੋਜ਼ੀ ਪੁਚਾ ਕੇ ਸਭ ਦੀ ਪਾਲਨਾ ਕਰਦਾ ਹੈ। ਮੈਂ ਭੀ ਇਨ੍ਹਾਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ। ਪਰ ਵੇਖਣ ਵਿਚ ਇਉਂ ਭੀ ਆਉਂਦਾ ਹੈ ਕਿ ਬਹੁਤੇ ਲੋਕ ਉਸ ਦਾਤਾਰ ਨੂੰ ਭੁੱਲ ਕੇ ਮੰਗਤਿਆਂ ਤੋਂ ਮੰਗਣ ਜਾਂਦੇ ਹਨ।

(੧) (ਹੇ ਭਾਈ! ਵੇਖੋ ਲੋਕ) ਸੱਚੇ ਪ੍ਰਭੂ ਨੂੰ ਵਿਸਾਰ ਕੇ, ਮੰਗਤਿਆਂ ਕੋਲੋਂ ਹੀ ਮੰਗਣ ਜਾਂਦੇ ਹਨ।

(੨) (ਜਿਵੇਂ) ਢਾਢੀ ਵਾਰਾਂ ਗਾ ਕੇ (ਨਿੱਜੀ) ਵੈਰ ਵਿਰੋਧ

ਕਰਕੇ ਜਿਹੜੇ ਸੂਰਮਤਾਈਆ ਜਾਂ ਬਹਾਦਰੀਆਂ ਕਰਦੇ, ਉਨ੍ਹਾਂ ਦਾ ਜਸ ਗਾਉਂਦੇ ਹਨ।
(੩) ਨਾਈ ਵੀ (ਮਰਨ ਵਾਲੇ ਦੇ) ਸੱਦੇ ਦੇਂਦੇ (ਉਸ ਦੀਆਂ) ਸਿਫ਼ਤਾਂ ਕਰਦੇ ਹਨ, ਜਿਹੜੇ ਕਰਤੂਤਾਂ (ਮੰਦੇ ਕੰਮ) ਕਰ, ਭੈੜੇ ਰਾਹਾਂ 'ਤੇ ਚਲਦੇ ਹੀ ਮਰ ਗਏ ਹਨ।
(੪) (ਇਸੇ ਤਰ੍ਹਾਂ) ਭੱਟ ਲੋਕ (ਬਾਦਸ਼ਾਹ ਉਮਰਾਵਾਂ ਦੇ) ਕਵਿਤਾ ਬਣਾ ਬਣਾ ਕੇ (ਝੂਠੀਆਂ ਸਿਫ਼ਤਾਂ ਦੇ ਪੁਲ ਬੰਨ੍ਹ) ਝੂਠ ਤੇ ਨਿਰਾ ਹੀ ਝੂਠ ਮੂੰਹ ਤੋਂ ਬੋਲੀ ਜਾਂਦੇ ਹਨ।
(੫) (ਦੂਜੇ ਪਾਸੇ) ਪੁਰੋਹਤਾ ਦੀ ਇਹੋ ਜਿਹੀ ਰੀਤੀ ਹੈ ਕਿ ਪਹਿਲੇ ਬਰਾਬਰ ਦੀ ਪਰਸਪਰ ਪ੍ਰੀਤੀ ਵਧਾ ਲੈਂਦੇ ਹਨ ਤੇ ਮਗਰੋਂ ਦਾਨ ਦੇ ਅਧਿਕਾਰੀ ਬਣ ਕੇ, ਦਾਨ ਮੰਗਣ ਲੱਗ ਪੈਂਦੇ ਹਨ।
(੬) ਕਈ ਛੁਰੀ ਮਾਰ ਕੇ ਬੂਹੇ ਅਗੇ ਮਰ ਜਾਣ ਦਾ ਡਰ ਦੇ ਕੇ ਮੰਗਦੇ ਹਨ, ਕਈ ਪੰਖੀਆਂ ਵਾਂਗ ਭੌਂਦੇ ਭੌਂਦੇ ਹੱਟੀ ਹੱਟੀ ਤੋਂ ਭਿਖਿਆ ਮੰਗਦੇ ਫਿਰਦੇ ਹਨ।
(੭) (ਪਰ) ਪੂਰੇ ਗੁਰੂ ਦੀ (ਸ਼ਰਣ ਆਏ) ਬਿਨਾ (ਇਨ੍ਹਾ ਸਭਨਾਂ ਨੂੰ) ਧਾਹੀਂ ਮਾਰ ਮਾਰ ਕੇ ਰੋਣਾ ਪੈਂਦਾ ਹੈ।੬।

***ਭਾਵਾਰਥ :*** ਬਾਣੀ ਤਾਂ ਸਾਨੂੰ ਬਾਰ ਬਾਰ ਇਹੋ ਪ੍ਰੇਰਨਾ ਕਰਦੀ ਹੈ ਕਿ ਹੇ ਮਨੁੱਖ! ਤੂੰ (ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨ) ਕਿਉਂਕਿ ਹਰ ਮਨੁੱਖ ਨੂੰ ਰੋਜ਼ੀ ਦੇਣ ਵਾਲਾ ਇਕੋ ਪ੍ਰਮੇਸ਼ਰ ਹੈ, ਉਸ ਨੇ ਜੀਵ-ਜੰਤ ਸਭ ਪਿਛੋਂ ਬਣਾਏ ਹਨ ਉਨ੍ਹਾਂ ਦੇ ਰਿਜ਼ਕ ਦਾ ਪ੍ਰਬੰਧ ਪਹਿਲੋਂ ਹੀ ਕਰ ਦਿਤਾ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਬੱਚਾ ਪਿਛੋਂ ਜਨਮ ਲੈਂਦਾ ਹੈ, ਪਰ ਉਸਦੀ ਖ਼ੁਰਾਕ ਦੁੱਧ ਮਾਤਾ ਦੇ ਅਸਥਨਾਂ ਵਿਚ ਪਹਿਲੋਂ ਹੀ ਆ ਜਾਂਦੀ ਹੈ।

## ੭. ਸੰਸਾਰ ਦੇ ਝੂਠੇ ਸੰਬੰਧ

**੧. ਕਰਤਾ ਪੁਰਖ ਨ ਚੇਤਿਓ**
**ਕੀਤੇ ਨੋਂ ਕਰਤਾ ਕਰਿ ਜਾਣੈ।**
**੨. ਨਾਰਿ ਭਤਾਰਿ ਪਿਆਰ ਕਰਿ**
**ਪੁੱਤ ਪੋਤੇ ਪਿਉ ਦਾਦ ਵਖਾਣੈ।**
**੩. ਧੀਆਂ ਭੈਣਾਂ ਮਾਣ ਕਰਿ**
**ਤੁੱਸਨਿ ਰੁੱਸਨਿ ਸਾਕ ਬਬਾਣੈ।**
**੪. ਸੀਹਰੁ ਪੀਹਰੁ ਨਾਨਕੈ,**
**ਪਰਵਾਰੈ ਸਾਧਾਰ ਧਿਙਾਣੈ।**
**੫. ਚੱਜ ਅਚਾਰ ਵੀਚਾਰ ਵਿਚ**
**ਪੰਚਾ ਅੰਦਰ ਪਤਿ ਪਰਵਾਣੈ।**
**੬. ਅੰਤ ਕਾਲ ਜਮ ਜਾਲ ਵਿਚ**
**ਸਾਥੀ ਕੋਇ ਨ ਹੋਇ ਸਿਞਾਣੈ।**
**੭. ਗੁਰ ਪੂਰੇ ਵਿਣੁ ਜਾਇ ਜਮਾਣੈ ॥੭॥**

***ਪਦ ਅਰਥ :*** ਕੀਤੇ ਨੋਂ—ਪੈਦਾ ਹੋਏ ਜੀਵ ਨੂੰ। ਭਤਾਰਿ—ਪਤੀ, ਭਰਤਾ। ਤੁੱਸਨਿ—ਪ੍ਰਸੰਨਤਾ। ਰੁੱਸਨਿ—ਰੁੱਸਣਾ, ਗੁੱਸੇ ਹੋਣਾ। ਬਬਾਣੈ—ਬਾਬੇ ਦੇ ਸਾਕ, ਭਾਵ ਦਾਦਕੇ। ਸੀਹਰੁ—ਸਹੁਰੇ। ਪੀਹਰੁ—ਪੇਕੇ। ਸਾਧਾਰ—ਸਾਕ। ਧਿਙਾਣੈ—ਕਲਪੇ ਹੋਏ। ਚੱਜ—ਪੂਜਾ। ਅਚਾਰ—ਸਰਾਧ, ਵਿਆਹ ਆਦਿ ਕਰਮ। ਜਮਾਣੈ—ਜਮ ਦੀ ਪੁਰੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਤਨੇ ਭੀ ਸੰਸਾਰ ਵਿਚ ਦੇਵੀ ਦੇਵਤਿਆਂ ਦੇ ਧਰਮ ਮੰਦਰ ਵੇਖਦੇ ਹਾਂ, ਉਸ ਵਿਚ ਪੂਜਾ ਕਰਨ ਵਾਲਾ ਪੁਜਾਰੀ ਪੰਡਿਤ ਆਪੋ ਆਪਣੇ ਦੇਵਤੇ ਨੂੰ ਹੀ ਕਰਤਾ ਪੁਰਖ ਮੰਨਣ ਦਾ ਦਾਅਵਾ ਕਰਦਾ ਤੇ ਉਸੇ ਦਾ ਹੀ ਦਿਨੇ ਰਾਤ ਚਿੰਤਨ ਕਰਦਾ ਹੈ, ਪਰ ਅਜਿਹੇ ਲੋਕਾਂ ਬਾਰੇ ਆਪ ਜੀ ਗੁਰਮਤ ਅਨੁਸਾਰ ਕੀ ਕਹਿਣਾ ਚਾਹੋਗੇ, ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਜਿਥੇ ਸਾਨੂੰ ਗੁਰਬਾਣੀ ਦੁਆਰੇ ਇਹ ਬੋਧ ਮਿਲਦਾ ਹੈ ਕਿ ਇਸ ਸੂਖਮ ਤੇ ਅਸਥੂਲ ਸ੍ਰਿਸ਼ਟੀ ਦਾ ਕਰਤਾ ਕੇਵਲ ਪ੍ਰਮੇਸ਼ਰ ਹੀ ਹੈ ਉਥੇ ਇਹ ਭੀ ਸੋਝੀ ਮਿਲਦੀ ਹੈ ਕਿ ਜਿਤਨੇ ਭੀ ਛੋਟੇ ਵੱਡੇ ਦੇਵਤੇ ਹਨ ਇਨ੍ਹਾਂ ਦਾ ਰਚਨਹਾਰ ਭੀ ਉਹ ਕਰਤਾਰ ਹੀ ਹੈ, ਭਾਵ ਇਹ ਖ਼ੁਦ ਕਰਤੇ ਨਹੀਂ ਕਾਰਜ ਰੂਪ ਹਨ। ਸੋ, ਕਿਸੇ ਕ੍ਰਿਤ ਨੂੰ ਕਰਤਾ ਪੁਰਖ ਜਾਣ ਕੇ ਪੂਜਾ ਕਰਨ ਦੀ ਗੁਰਮਤ ਆਗਿਆ ਨਹੀਂ ਦੇਂਦੀ, ਇਸ ਸੰਬੰਧੀ ਬਾਣੀ ਦੀ ਵੀਚਾਰ ਕਰਦਿਆਂ ਬਹੁਤ ਸਾਰੇ ਉਦਾਹਰਣ ਮੇਰੇ ਪੜ੍ਹਨ ਵਿਚ ਆਏ ਹਨ ਕਿ ਇਹ ਸਾਰੇ ਦੇਵਤੇ ਭੁਲਣਹਾਰ ਹਨ, ਅਭੁਲ ਤਾਂ ਕਰਤਾਰ ਹੀ ਹੈ:

ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ॥
*(ਪਉੜੀ, ਪੰਨਾ ੧੪੫)*

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥
*(ਸ੍ਰੀ ਰਾਗੁ ਮ: ੧, ਪੰਨਾ ੬੧)*

ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥

*(ਪ੍ਰਭਾਤੀ ਮ: ੧, ਪੰਨਾ ੧੩੪੪)*

ਭਾਵ ਹੈ ਜਦੋਂ ਇਨ੍ਹਾਂ ਬ੍ਰਹਮਾ ਆਦਿਕ ਦੇਵਤਿਆਂ ਦੀ ਜੀਵਨ ਕਥਾ ਪੁਰਾਣਾਂ ਵਿਚ ਪੜ੍ਹੀਏ ਸੁਣੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਇਹ ਜਿਤਨੇ ਵੱਡੇ ਵੱਡੇ ਦੇਵਤੇ ਹਨ ਇਨ੍ਹਾਂ ਪਾਸੋਂ ਭੁਲਾਂ ਭੀ ਵੱਡੀਆਂ ਵੱਡੀਆਂ ਹੋਈਆਂ ਹਨ। ਸੋ, ਜੋ ਆਗੂ ਆਪ ਹੀ ਭੁੱਲਾਂ ਕਰਨ ਵਾਲਾ ਹੈ, ਉਸਨੂੰ ਕਰਤਾ ਪੁਰਖ ਜਾਣ ਕੇ ਉਸ ਦੀ ਪੂਜਾ ਕਰਨ ਵਾਲਾ ਜੋ ਪੁਜਾਰੀ ਹੈ ਉਸ ਨੂੰ ਰੱਬੀ ਮਾਰਗ ਦੀ ਸੂਝ-ਬੂਝ ਕਿਵੇਂ ਮਿਲ ਸਕਦੀ ਹੈ, ਉਸ ਬਾਰੇ ਤਾਂ ਇਉਂ ਹੀ ਕਿਹਾ ਜਾ ਸਕਦਾ ਹੈ ਕਿ:

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥
ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ॥

*(ਸੂਹੀ ਮ: ੧, ਪੰਨਾ ੭੬੭)*

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥

*(ਸਲੋਕ ਮ: ੨, ਪੰਨਾ ੯੫੪)*

ਇਨ੍ਹਾਂ ਪੰਗਤੀਆਂ ਤੋਂ ਸਿੱਧ ਹੁੰਦਾ ਹੈ ਕਿ ਜੋ ਲੋਕ ਅੰਧਿਆਂ ਨੂੰ ਆਗੂ ਬਣਾ ਕੇ ਉਨ੍ਹਾਂ ਦੇ ਦਸੇ ਮਾਰਗ 'ਤੇ ਚਲਣ ਵਾਲੇ ਹਨ ਉਹ ਸਦਾ ਹੀ ਆਪਣਾ ਜੀਵਨ ਅਗਿਆਨਤਾ ਦੇ ਅੰਧੇਰੇ ਵਿਚ ਗੁਜ਼ਾਰ ਜਾਂਦੇ ਹਨ। ਜੋ ਕਰਤਾ ਪੁਰਖ ਨੂੰ ਭੁਲਾ ਕੇ ਉਸ ਦੀ ਕਿਰਤ ਦੇਵਤਿਆਂ ਦੇ ਪੂਜਕ ਬਣਕੇ ਸਦਾ ਉਨ੍ਹਾਂ ਦਾ ਹੀ ਚਿੰਤਨ ਕਰਦੇ ਹਨ, ਉਨ੍ਹਾਂ ਦੇ ਇਸ ਭਰਮ ਭੁਲੇਖੇ ਨੂੰ ਤਕ ਕੇ ਮੈਂ ਇਹ ਚੰਦ ਸਤਰਾਂ ਉੱਕਰੀਆਂ ਹਨ:

(੧) (ਹੇ ਭਾਈਓ! ਵੇਖੋ ਲੋਕੀ) ਕਰਤਾ ਪੁਰਖ (ਕਰਤਾਰ) ਨੂੰ ਤਾਂ ਚੇਤੇ ਨਹੀਂ ਕਰਦੇ (ਪਰ ਪ੍ਰਭੂ ਦੇ) ਕੀਤੇ ਹੋਏ ਜੀਵ ਨੂੰ ਹੀ ਕਰਤਾ ਕਰਕੇ ਜਾਣਦੇ ਹਨ।
(੨) (ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ) ਇਸਤ੍ਰੀ ਪਤੀ ਨਾਲ ਹੀ ਪਿਆਰ ਕਰਦੀ ਅਤੇ ਪੁਤ੍ਰ ਪਿਤਾ ਅਤੇ ਬਾਬਾ ਪੋਤਰੇ ਨੂੰ ਹੀ ਪਿਆਰਦਾ ਹੈ।
(੩) ਧੀਆਂ (ਪਿਉਆਂ 'ਤੇ) ਭੈਣਾਂ (ਭਰਾਵਾਂ 'ਤੇ) ਮਾਣ ਕਰਦੀਆਂ ਹਨ, (ਇਹੋ ਹੀ ਸਭ) ਸਾਕ ਸੰਬੰਧੀਆਂ ਦੀ ਬਾਣ (ਆਦਤ) ਬਣੀ ਹੋਈ ਹੈ।
(੪) ਸਹੁਰੇ, ਪੇਕੇ, ਨਾਨਕੇ ਸਭ ਸਾਕ ਪਰਵਾਰ ਆਦਿ ਬਦੋ ਬਦੀ (ਧਿਙਾਣੇ) ਦੇ ਹਨ।
(੫) ਲੋਕਾਂ ਦੇ ਵਰਤੋਂ-ਵਿਹਾਰ ਤੇ ਚੱਜ-ਅਚਾਰ, (ਇਸ ਬਾਰੇ ਦਿਤੇ) ਵਿਚਾਰ ਸਭ ਪੰਚਾਂ ਤੇ ਪੰਚਾਇਤਾਂ ਵਿਚ ਹੀ ਪੱਤ ਵਾਲੇ ਤੇ ਪਰਵਾਣ ਮੰਨੇ ਜਾਂਦੇ ਹਨ (ਕੋਈ ਡਰਦਾ ਤੇ ਕੋਈ ਸੋਭਾ ਦੀ ਖ਼ਾਤਰ) ਸਾਰੇ ਹੀ ਮੰਨਦੇ ਹਨ।
(੬) (ਪਰ) ਅੰਤ ਦੇ ਸਮੇਂ ਜਮਕਾਲ ਦੇ ਆ ਜਾਣ ਤੇ ਨਾ ਕੋਈ ਸਾਥੀ ਹੀ ਬਣਦਾ ਤੇ ਨਾ ਸਿਞਾਣਦਾ ਹੀ ਹੈ।
(੭) (ਇਸ ਲਈ ਬਾਣੀ ਦੁਆਰਾ ਸਿੱਧ ਹੁੰਦਾ ਹੈ ਕਿ) ਪੂਰੇ ਗੁਰੂ ਤੋਂ ਬਿਨਾਂ (ਅਜਿਹੇ ਦੁਨੀਆਂਦਾਰ ਲੋਕ) ਜਮਾਂ ਦੀ ਪੁਰੀ (ਨਰਕਾਂ) ਨੂੰ ਹੀ ਜਾ ਰਹੇ ਹਨ।੭।

***ਭਾਵਾਰਥ:*** ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਸਹੀ ਬੋਧ ਮਿਲਦਾ ਹੈ ਕਿ ਜੋ ਲੋਕ ਉਸ ਕਰਤਾ ਪੁਰਖ ਦੀ ਕ੍ਰਿਤ ਬ੍ਰਹਮਾਦਿਕ ਦੇਵਤਿਆਂ ਦੀ ਪੂਜਾ ਕਰਦੇ ਹਨ ਉਹ ਤਾਂ ਸੱਚੇ ਮਾਰਗ ਤੋਂ ਬਹੁਤ ਹੀ ਦੂਰ ਹਨ, ਕਿਉਂਕਿ ਉਹ ਦੇਵਤੇ ਤਾਂ ਖ਼ੁਦ ਹੀ ਉਸ ਆਪਣੇ ਕਰਤਾਰ ਦੀ ਸਿਫ਼ਤ-ਸਾਲਾਹ ਕਰਦੇ ਹਨ ਤੇ ਉਹ ਆਪੋ ਆਪਣੀਆਂ ਕੀਤੀਆਂ ਭੁੱਲਾਂ ਦੇ ਬਖ਼ਸ਼ਾਉਣ ਦਾ ਯਤਨ ਕਰਦੇ ਹਨ। ਸਿਆਣੇ ਲੋਕ ਕਹਿੰਦੇ ਹਨ ਕਿ ਜਿਤਨਾ ਵੱਡਾ ਕੋਈ ਮਨੁੱਖ ਹੈ ਉਹ ਭੁੱਲ ਭੀ ਵਡੇਰੀ ਹੀ ਕਰਦਾ ਹੈ, ਇਨ੍ਹਾਂ ਦੇਵਤਿਆਂ ਦੀਆਂ ਕੀਤੀਆਂ ਜੀਵਨ ਵਿਚ ਭੁੱਲਾਂ ਦੀ ਜਾਣਕਾਰੀ ਪੁਰਾਣਾਂ ਵਿਚੋਂ ਹੁੰਦੀ ਹੈ ਜਿਨ੍ਹਾਂ ਨੂੰ ਪੜ੍ਹ ਸੁਣਕੇ ਪਾਠਕ ਬੜੇ ਹੈਰਾਨ ਹੁੰਦੇ ਹਨ। ਇਸ ਲਈ ਹਰ ਮਨੁੱਖ ਨੂੰ ਬਾਣੀ ਦੁਆਰੇ ਇਹੋ ਹੀ ਪ੍ਰੇਰਨਾ ਮਿਲਦੀ ਹੈ ਕਿ ਇਹ ਬ੍ਰਹਮਾਦਿਕ ਜਿਸਦੀ ਅਰਾਧਨਾ ਕਰਦੇ ਹਨ ਉਸੇ ਦਾ ਹੀ ਚਿੰਤਨ ਕਰਦੇ ਰਹੋ, ਇਸ ਬਾਰੇ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਰ ਬਾਰ ਇਹੋ ਹੀ ਪ੍ਰੇਰਨ ਮਿਲਦੀ ਹੈ, ਜਿਵੇਂ ਕਿ:

ਬ੍ਰਹਮੇ ਤੁਧੁ ਧਿਆਇਨਿ੍ ਇੰਦ੍ਰ ਇੰਦ੍ਰਾਸਣਾ॥
ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ॥

*(ਪਉੜੀ, ਪੰਨਾ ੫੧੮)*

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ
ਰਸਕਿ ਰਸਕਿ ਠਾਕੁਰ ਗੁਨ ਗਾਵਤ॥
ਇੰਦ੍ਰ ਮੁਨਿੰਦ੍ਰ ਖੋਜਤੇ
ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ॥
ਸਿਧ ਮਨੁਖ੍ਯ ਦੇਵ ਅਰੁ ਦਾਨਵ
ਇਕੁ ਤਿਲੁ ਤਾ ਕੋ ਮਰਮੁ ਨ ਪਾਵਤ॥

*(ਸਵਈਏ ਮ: ੫ ਕੇ, ਪੰਨਾ ੧੩੮੮)*

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹੀ ਜਾਨਹਿ ਭੇਦ॥

ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥

*(ਰਾਮਕਲੀ ਮ: ੫, ਪੰਨਾ ੮੯੪)*

ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥

*(ਗਉੜੀ ਮ: ੫, ਪੰਨਾ ੨੩੭)*

ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥
ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥

*(ਪਉੜੀ, ਪੰਨਾ ੧੨੭੯)*

ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥
ਅੰਤਰਿ ਤਾਮਸੁ ਆਪੁ ਨ ਪਛਾਣੈ ॥

*(ਗਉੜੀ ਮ: ੩, ਪੰਨਾ ੨੩੧)*

ਇਸ ਤੋਂ ਆਦਿ ਹੋਰ ਭੀ ਅਨੇਕਾਂ ਪੰਗਤੀਆਂ ਬਾਣੀ ਵਿਚ ਪੜ੍ਹਨ ਵਿਚ ਆਈਆਂ ਹਨ, ਜਿਨ੍ਹਾਂ ਵਿਚ ਬ੍ਰਹਮਾ ਆਦਿ ਦੇਵਤਿਆਂ ਨੂੰ ਉਸੇ ਕਰਤਾ ਪੁਰਖ ਦੀ ਮਹਿਮਾ ਕਰਦੇ ਦਰਸਾਇਆ ਹੈ, ਇਨ੍ਹਾਂ ਦੀਆਂ ਪੁਰੀਆਂ ਭੀ ਇਨ੍ਹਾਂ ਦੇ ਸਮੇਤ ਨਾਸ ਹੋ ਜਾਣ ਵਾਲੀਆਂ ਦਰਸਾ ਕੇ ਇਨ੍ਹਾਂ ਦੇ ਜੀਵਨਾਂ ਵਿਚ ਜੋ ਹੰਕਾਰ ਆਦਿ ਰੋਗ ਹੈ ਇਨ੍ਹਾਂ ਵੱਲ ਇਸ਼ਾਰਾ ਕਰਕੇ ਹਰ ਮਨੁੱਖ-ਮਾਤਰ ਨੂੰ ਕਿਰਤ ਦੀ ਪੂਜਾ ਕਰਨ ਵਲੋਂ ਵਰਜ ਕੇ ਕੇਵਲ ਪ੍ਰਮੇਸ਼ਰ ਪਰਾਇਣ ਹੋਣ ਦੀ ਪ੍ਰੇਰਨਾ ਕੀਤੀ ਹੈ।

## ੮. ਕੂੜੇ ਵਪਾਰੀਆਂ ਦੀ ਹਾਲਤ

**੧. ਸਤਿਗੁਰ ਸ਼ਾਹੁ ਅਥਾਹੁ ਛਡਿ**
**ਕੂੜੇ ਸ਼ਾਹੁ ਕੂੜੇ ਵਣਜਾਰੇ।**
**੨. ਸਉਦਾਗਰ ਸਉਦਾਗਰੀ**
**ਘੋੜੇ ਵਣਜ ਕਰਨਿ ਅਤਿ ਭਾਰੇ।**
**੩. ਰਤਨਾਂ ਪਰਖ ਜਵਾਹਰੀ**
**ਹੀਰੇ ਮਾਣਕ ਵਣਜ ਪਸਾਰੇ।**
**੪. ਹੋਇ ਸਰਾਫ ਬਜਾਜ਼ ਬਹੁ**
**ਸੁਇਨਾ ਰੁੱਪਾ ਕੱਪੜੁ ਤਾਰੇ।**
**੫. ਕਿਰਸਾਣੀ ਕਿਰਸਾਣ ਕਰਿ**
**ਬੀਜ ਲੁਣਨ ਬੋਹਲ ਵਿਸਥਾਰੇ।**
**੬. ਲਾਹਾ ਤੋਟਾ ਵਰ ਸਰਾਪ**
**ਕਰਿ ਸੰਜੋਗ ਵਿਜੋਗ ਵਿਚਾਰੇ।**
**੭. ਗੁਰ ਪੂਰੇ ਵਿਣ ਦੁਖ ਸੈਂਸਾਰੇ ॥੮॥**

***ਪਦ ਅਰਥ :*** ਅਥਾਹੁ—ਗਹਿਰ ਗੰਭੀਰ। ਤਾਰੇ—ਇਕ ਤਾਰੇ ਮਲਮਲਾਂ ਦੀ ਕਿਸਮ। ਲੁਣਨ—ਕੱਟਣਾ। ਕਿਰਸਾਣੀ—ਖੇਤੀ। ਬੋਹਲ—ਖਲਵਾਰ। ਸੰਜੋਗ ਵਿਜੋਗ—ਮੇਲ ਤੇ ਵਿਛੋੜਾ।

### *ਅਰਥ :*

ਪ੍ਰ: ਭਾਈ ਸਾਹਿਬ ਜੀਓ! ਕਈ ਸੰਸਾਰ ਵਿਚ ਸ਼ਾਹ ਤੇ ਵਣਜਾਰੇ ਵੇਖਣ ਵਿਚ ਆਉਂਦੇ ਹਨ ਜਿਨ੍ਹਾਂ ਵਿਚੋਂ ਕਈ ਘੋੜਿਆਂ ਦਾ ਵਣਜ ਕਰਦੇ ਹਨ ਤੇ ਕਈ ਹੀਰਿਆਂ ਰਤਨਾਂ ਦੇ ਵਣਜਾਰੇ ਹਨ, ਪਰ ਤੁਹਾਡੀਆਂ ਨਜ਼ਰਾਂ ਵਿਚ ਗੁਰਮਤ ਅਨੁਸਾਰ ਕੌਣ ਵੱਡਾ ਸ਼ਾਹ ਤੇ ਵਣਜਾਰਾ ਹੈ?

ਉ: ਹੇ ਭਾਈ! ਮੈਂ ਤਾਂ ਜਦੋਂ ਗੁਰਮਤ ਦੀਆਂ ਨਜ਼ਰਾਂ ਰਾਹੀਂ ਤੱਕਦਾ ਹਾਂ ਤਾਂ ਮੈਨੂੰ ਕੇਵਲ ਸੱਚੇ ਸਤਿਗੁਰੂ ਹੀ ਵਡੇਰੇ ਸ਼ਾਹ ਨਜ਼ਰ ਆਉਂਦੇ ਹਨ, ਉਨ੍ਹਾਂ ਰਾਹੀਂ ਜੋ ਵਣਜ ਕਰਦੇ ਹਨ ਉਹ ਸਿਖ ਭੀ ਸੱਚੇ ਵਣਜਾਰੇ ਹਨ, ਉਨ੍ਹਾਂ ਤੋਂ ਬਿਨਾਂ ਹੋਰ ਸਾਰੇ ਹੀ ਸ਼ਾਹ ਵਣਜਾਰੇ ਕੂੜੇ ਹਨ, ਇਸ ਭਾਵ ਨੂੰ ਗੁਰਬਾਣੀ ਸਿੱਧ ਕਰਦੀ ਹੈ, ਜਿਵੇਂ ਕਿ:

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥੧॥
ਹਰਿ ਕੇ ਨਾਮ ਕੇ ਬਿਆਪਾਰੀ ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥

*(ਰਾਗੁ ਕੇਦਾਰਾ ਕਬੀਰ ਜੀ, ਪੰਨਾ ੧੧੨੩)*

ਭਾਵ ਹੈ ਕਿ ਅਸੀਂ ਵੇਖਦੇ ਹਾਂ ਕਿ ਕਿਸੇ ਨੇ ਕਾਂਸੀ ਤਾਂਬਾ ਕਿਸੇ ਨੇ ਲੌਂਗ ਸੁਪਾਰੀ ਦਾ ਵਣਜ ਕੀਤਾ ਹੈ, ਪਰ ਜੋ ਸਚਾ ਵਣਜ ਗੋਬਿੰਦ ਦਾ ਨਾਮ ਹੈ ਸੰਤਾਂ ਨੇ ਤਾਂ ਇਹੋ ਵਣਜਿਆ ਹੈ, ਜਿਸ ਕਰਕੇ ਉਨ੍ਹਾਂ ਨੂੰ ਅਜਿਹੇ ਅਮੋਲਕ ਨਾਮ ਰੂਪੀ ਹੀਰੇ ਦੀ ਪ੍ਰਾਪਤੀ ਹੋ ਗਈ ਹੈ ਜਿਸ ਦਾ ਸਦਕਾ ਉਨ੍ਹਾਂ ਦਾ ਸੰਸਾਰ ਵਲੋਂ ਛੁਟਕਾਰਾ ਹੋ ਗਿਆ ਹੈ।

ਜੇ ਇਸ ਤੋਂ ਅਗੇ ਹੋਰ ਨਜ਼ਰ ਮਾਰੀਏ ਤਾਂ ਇਹ ਭੀ ਸੋਝੀ ਮਿਲਦੀ ਹੈ ਕਿ ਜਿਵੇ ਵੱਡੇ ਸਾਹ ਆਪਣੇ

ਵਲੋਂ ਵਣਜਾਰਿਆਂ ਨੂੰ ਪ੍ਰਦੇਸ ਵਿਚ ਭੇਜਦੇ ਹਨ ਕਿ ਤੁਸੀਂ ਬਿਦੇਸ਼ ਵਿਚ ਜਾਓ ਤੇ ਲਾਭਦਾਇਕ ਵਣਜ ਕਰਕੇ ਆਓ, ਇਸ ਤਰ੍ਹਾਂ ਸ਼ਾਹ ਵਲੋਂ ਵਣਜਾਰਿਆਂ ਨੂੰ ਲੋੜੀਂਦੀ ਪੂੰਜੀ ਦੇ ਕੇ ਭੇਜ ਦਿਤਾ ਜਾਂਦਾ ਹੈ। ਇਸੇ ਤਰ੍ਹਾਂ ਉਸ ਪ੍ਰਮੇਸ਼ਰ ਵੱਡੇ ਸ਼ਾਹ ਨੇ ਇਸ ਜੀਵ ਰੂਪੀ ਵਣਜਾਰੇ ਨੂੰ ਸੁਵਾਸਾਂ ਦੀ ਪੂੰਜੀ ਦੇ ਕੇ ਇਸ ਸੰਸਾਰ ਰੂਪ ਬਿਦੇਸ਼ ਵਿਚ ਭੇਜਿਆ ਕਿ ਤੂੰ ਸੱਚੇ ਸਤਿਗੁਰੂ ਦੁਆਰੇ ਸੱਚਾ ਨਾਮ ਖ਼ਰੀਦਣ ਦਾ ਸੱਚਾ ਵਣਜ ਕਰਕੇ ਆ, ਇਸ ਲਈ ਇਹੋ ਸਚਾ ਵਣਜ ਹੈ, ਪਰ ਇਹ ਵਣਜ ਸੱਚੇ ਸਤਿਗੁਰੂ ਰਾਹੀਂ ਹੀ ਹੋ ਸਕਦਾ ਹੈ ਇਸ ਜੀਵ ਨੂੰ ਇਹੋ ਸਚਾ ਲਾਭਦਾਇਕ ਵਣਜ ਕਰਨ ਲਈ ਬਾਣੀ ਵਿਚ ਬਾਰ ਬਾਰ ਪ੍ਰੇਰਨਾ ਦਿਤੀ ਗਈ ਹੈ, ਜਿਵੇਂ ਕਿ :

ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥

*(ਆਸਾ ਮ: ੧, ਪੰਨਾ ੪੧੮)*

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥
ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ਰਹਾਉ॥
ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥

*(ਸ੍ਰੀ ਰਾਗੁ ਮ: ੧, ਪੰਨਾ ੨੨)*

ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥

*(ਸੋਰਠਿ ਮ: ੧, ਪੰਨਾ ੫੯੫)*

ਵਣਜਾਰਿਆ ਸਿਉ ਵਣਜੁ ਕਰਿ
ਗੁਰਮੁਖਿ ਬ੍ਰਹਮੁ ਬੀਚਾਰਿ ॥੩॥

*(ਸ੍ਰੀ ਰਾਗੁ ਮ: ੧, ਪੰਨਾ ੫੬)*

ਵਣਜਾਰੇ ਇਕ ਭਾਤੀ ਆਵਹਿ
ਲਾਹਾ ਹਰਿ ਨਾਮੁ ਲੈ ਜਾਹੇ ॥
ਨਾਨਕ ਮਨੁ ਤਨੁ ਅਰਪਿ ਗੁਰ ਆਗੈ
ਜਿਸੁ ਪ੍ਰਾਪਤਿ ਸੋ ਪਾਏ ॥੩॥

*(ਆਸਾ ਮ: ੪, ਪੰਨਾ ੪੪੨)*

ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥
ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ ॥

*(ਸਲੋਕ ਮ: ੪, ਪੰਨਾ ੩੧੩)*

ਨਾਮੁ ਧਨੁ ਗੁਣ ਗਾਉ ਲਾਭੁ ਪੂਰੈ ਗੁਰਿ ਦਿਤਾ ॥
ਵਣਜਾਰੇ ਸੰਤ ਨਾਨਕਾ ਪ੍ਰਭੁ ਸਾਹੁ ਅਮਿਤਾ ॥੪॥

*(ਆਸਾ ਮ: ੫, ਪੰਨਾ ੩੯੯)*

ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ ॥
ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ ॥੧॥

*(ਸੋਰਠਿ ਮ: ੪, ਪੰਨਾ ੬੦੪)*

ਵਣਜੁ ਵਾਪਾਰੁ ਵਣਜੈ ਵਾਪਾਰੀ ॥
ਵਿਣੁ ਨਾਵੈ ਕੈਸੀ ਪਤਿ ਸਾਰੀ ॥੧੬॥

*(ਰਾਮਕਲੀ ਮ: ੧, ਪੰਨਾ ੯੩੧)*

ਇਸ ਤੋਂ ਆਦਿ ਹੋਰ ਭੀ ਬਹੁਤ ਪੰਗਤੀਆਂ ਗੁਰਬਾਣੀ ਵਿਚ ਅੰਕਤ ਹਨ ਜਿਨ੍ਹਾਂ ਤੋਂ ਪ੍ਰੇਰਨਾ ਮਿਲਦੀ ਹੈ ਕਿ ਇਹ ਮਨੁੱਖ ਪ੍ਰਮੇਸ਼ਰ ਦੀ ਕ੍ਰਿਪਾ ਦਾ ਸਦਕਾ ਇਸ ਸੰਸਾਰ ਵਿਚ ਕੇਵਲ ਸਤਿਗੁਰੂ ਦੁਆਰੇ ਸੱਚੇ ਨਾਮ ਦਾ ਹੀ ਵਣਜ ਕਰਨ ਆਇਆ ਹੈ, ਮੈਂ ਭੀ ਇਨ੍ਹਾਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਚੰਦ ਸਤਰਾਂ ਉੱਕਰੀਆਂ ਹਨ ਜਿਵੇਂ ਕਿ :

(੧) (ਹੇ ਭਾਈ! ਮੈਨੂੰ ਤਾਂ ਗੁਰਬਾਣੀ ਦੀ ਵੀਚਾਰ ਕਰਨ ਤੋਂ ਇਹੋ ਨਜ਼ਰ ਆਇਆ ਹੈ ਕਿ ਜਿਹੜੇ ਲੋਕ) ਸਤਿਗੁਰੂ ਬੇਅੰਤ ਵਡੇ ਸ਼ਾਹ ਨੂੰ ਛੱਡਕੇ, ਝੂਠੇ ਸ਼ਾਹਾਂ ਦੇ ਮਗਰ ਲਗਦੇ ਹਨ, ਉਹ ਵਣਜਾਰੇ ਭੀ ਝੂਠੇ ਹੀ ਜਾਣੋ।

(੨) (ਵੇਖਣ ਵਿਚ ਆਉਂਦਾ ਹੈ ਕਿ) ਸੌਦਾਗਰ ਜੋ ਸੌਦਾਗਰੀਆਂ ਹੀ ਕਰਦੇ ਘੋੜਿਆਂ ਦਾ ਲੈਣ ਦੇਣ ਤੇ ਹੋਰ ਭਾਰੇ ਵਣਜ ਵਾਪਾਰ ਕਰਦੇ ਹਨ।

(੩) (ਅਤੇ) ਰਤਨਾਂ (ਹੀਰਿਆਂ) ਦੇ ਪਾਰਖੂ (ਜਵਾਹਰੀ) ਜੋ ਵਡੇ ਪਸਾਰ ਵਾਲਾ ਹੀਰਿਆਂ ਮਾਣਕਾਂ ਦਾ ਵਣਜ ਕਰਦੇ ਹਨ।

(੪) (ਸੋਨੇ ਦੇ ਵਪਾਰੀ) ਸਰਾਫ਼ ਬਣਕੇ ਜਾਂ ਕੱਪੜੇ ਦੇ ਵਪਾਰੀ (ਬਜਾਜ) ਬਣਕੇ, ਕਪੜੇ ਤੇ ਮਲਮਲਾਂ ਆਦਿਕ ਸੋਨੇ ਦਾ ਕੰਮ ਕਰਦੇ ਹਨ।

(੫) ਜ਼ਿਮੀਦਾਰ ਜ਼ਮੀਨਾਂ ਬੀਜਦੇ, ਪੱਕਣ ਤੇ ਵੱਢਦੇ, ਵਡੇ ਬੋਹਲ (ਦਾਣਿਆਂ ਦਾ ਸਮੂੰਹ) ਕਰਦੇ ਹਨ।

(੬) (ਵਪਾਰੀਆਂ ਨੂੰ) ਵਾਧਾ ਘਾਟਾ, (ਸਿਧ ਸਾਧਕਾਂ ਨੂੰ) ਵਰ ਤੇ ਸਰਾਪ ਦੇਣੇ, ਆਮ ਸੰਸਾਰੀ ਲੋਕਾਂ ਨੂੰ (ਰਿਸ਼ਤੇਦਾਰੀਆਂ ਵਿਚ) ਕਦੇ ਸੰਜੋਗ ਤੇ ਕਦੇ ਵਿਜੋਗ ਦਾ ਵਿਚਾਰ (ਭਾਵ ਕਾਰਣ) ਬਣਿਆ ਹੀ ਰਹਿੰਦਾ ਹੈ।

(੭) (ਇਸ ਤਰ੍ਹਾਂ) ਸਾਰੇ ਸੰਸਾਰ ਨੂੰ ਹੀ ਗੁਰ ਪੂਰੇ (ਦੀ

ਪ੍ਰਾਪਤੀ) ਬਿਨਾਂ (ਸੰਸਿਆਂ ਤੇ ਭਰਮਾਂ ਦਾ ਉਤਾਰ ਚੜ੍ਹਾ) ਆਉਂਦਾ ਹੀ ਰਹਿੰਦਾ ਹੈ।੮।

*ਭਾਵਾਰਥ :* ਗੁਰਮਤ ਇਹੋ ਸੋਝੀ ਦੇਂਦੀ ਹੈ ਕਿ ਪੂਰਨ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਸੰਸਾਰ ਵਿਚ ਕਸ਼ਟ ਤੇ ਕਸ਼ਟ ਹੀ ਬਣਿਆ ਰਹਿੰਦਾ ਹੈ। ਜਿਤਨੇ ਵਾਪਾਰ ਹਨ ਇਹ ਸਾਰੇ ਹੀ ਮਨੁੱਖ ਨੂੰ ਜੰਜਾਲਾਂ ਵਿਚ ਫਸੌਂਦੇ ਹਨ। ਪਰ ਹਾਂ ਜੇਕਰ ਵਾਹਿਗੁਰੂ ਨਾਲ ਪ੍ਰੇਮ ਹੋਵੇ, ਸਤਿਗੁਰੂ ਸ਼ਾਹ ਨਾਲ ਸੱਚਾ ਵਾਪਾਰ ਹੋਵੇ, ਸਰੀਰ ਨਿਰਬਾਹ ਅਰਥ ਹੋਰ ਵਪਾਰ ਕੀਤੇ ਜਾਣ ਤਾਂ ਇਸ ਵਿਚ ਕੋਈ ਦੋਸ਼ ਨਹੀਂ, ਪਰ ਗੁਰੂ ਤੋਂ ਬੇਮੁਖ ਰਹਿ ਕੇ ਸਾਰੇ ਹੀ ਵਪਾਰ ਕੀਤੇ ਫਸੌਤੀ ਦਾ ਹੀ ਕਾਰਨ ਹੈ, ਜਿਸ ਤੋਂ ਮਨੁੱਖ ਦਾ ਸਾਰੇ ਦਾ ਸਾਰਾ ਜੀਵਨ ਦੁਖਾਂ ਵਿਚ ਵਿਲਕਦੇ ਦਾ ਹੀ ਬੀਤ ਜਾਂਦਾ ਹੈ।

## ੯. ਝੂਠੇ ਵੈਦ ਦੀ ਝੂਠੀ ਵੈਦਗੀ

**੧. ਸਤਿਗੁਰੁ ਵੈਦ ਨ ਸੇਵਿਓ,**
**ਰੋਗੀ ਵੈਦ ਨ ਰੋਗ ਮਿਟਾਵੈ।**
**੨. ਕਾਮ ਕ੍ਰੋਧ ਵਿਚ ਲੋਭ ਮੋਹ**
**ਦੁਬਿਧਾ ਕਰਿ ਕਰਿ ਧ੍ਰੋਹ ਵਧਾਵੈ।**
**੩. ਆਧਿ ਬਿਆਧਿ ਉਪਾਧਿ ਵਿਚ**
**ਮਰਿ ਮਰਿ ਜੰਮੈ ਦੁੱਖ ਵਿਹਾਵੈ।**
**੪. ਆਵੈ ਜਾਇ ਭਵਾਈਐ**
**ਭਵਜਲ ਅੰਦਰ ਪਾਰਿ ਨ ਪਾਵੈ।**
**੫. ਆਸਾ ਮਨਸਾ ਮੋਹਣੀ**
**ਤਾਮਸ ਤ੍ਰਿਸ਼ਨਾਂ ਸਾਂਤਿ ਨ ਆਵੈ।**
**੬. ਬਲਦੀ ਅੰਦਰ ਤੇਲ ਪਾਇ**
**ਕਿਉਂ ਮਨ ਮੂਰਖ ਅੱਗ ਬੁਝਾਵੈ।**
**੭. ਗੁਰੁ ਪੂਰੇ ਵਿਣ ਕਉਣ ਛਡਾਵੈ ॥੯॥**

*ਪਦ ਅਰਥ :* ਧ੍ਰੋਹ—ਧੋਖਾ, ਛਲ ਫਰੇਬ। ਵਿਹਾਵੈ—ਗੁਜ਼ਾਰਨਾ। ਆਧਿ—ਚਿੰਤਾਵਾਂ ਦੇ ਦੁਖ। ਬਿਆਧਿ—ਸਰੀਰ ਪੀੜਾਂ ਦੇ ਦੁਖ। ਉਪਾਧਿ—ਅਨਜਾਣੇ ਦੁਖ ਤੇ ਗ਼ਮ। ਬਲਦੀ—ਭਾਵ ਅੱਗ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਅਨੇਕਾਂ ਲੋਕ ਅਜਿਹੇ ਰੋਗੀ ਵੇਖਣ ਵਿਚ ਆਉਂਦੇ ਹਨ ਜੋ ਇਸ ਜ਼ਿੰਦਗੀ ਦਾ ਸਮਾਂ ਸਾਲਾਂ ਬੱਧੀ ਰੋਗਾਂ ਵਿਚ ਹੀ ਗ੍ਰਸੇ ਹੋਏ ਗੁਜ਼ਾਰਦੇ ਆ ਰਹੇ ਹਨ, ਪਰ ਉਨ੍ਹਾਂ ਨੇ ਅਨੇਕਾਂ ਵੈਦਾਂ ਤੇ ਹਕੀਮਾਂ ਪਾਸੋਂ ਬੜੇ ਇਲਾਜ ਕਰਵਾਏ ਹਨ ਫਿਰ ਭੀ ਉਹ ਅਰੋਗ ਨਹੀਂ ਹੋ ਸਕੇ, ਕਿਉਂ ਜੀ! ਦਸੋਗੇ ਕਿ ਇਸਦਾ ਅਸਲ ਕਾਰਣ ਕੀ ਹੈ?

ਉ: ਹੇ ਭਾਈਓ! ਜੇ ਇਸ ਤੁਹਾਡੇ ਪ੍ਰਸ਼ਨ ਦੇ ਉੱਤਰ ਸੰਬੰਧੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਤਰ ਦੀ ਜਾਚਨਾ ਕਰੀਏ ਤਾਂ ਆਪ ਜੀ ਵਲੋਂ ਇਹੋ ਹੀ ਹੁਕਮ ਮਿਲਦਾ ਹੈ ਕਿ ਐ ਦੁਨੀਆਂ ਦੇ ਲੋਕੋ! ਸਾਰੇ ਹੀ ਸੰਸਾਰ ਦੇ ਲੋਕਾਂ ਵੱਲ ਵੀਚਾਰ ਦ੍ਰਿਸ਼ਟੀ ਦੁਆਰੇ ਤਕੋ ਤਾਂ ਇਹੋ ਹੀ ਨਜ਼ਰ ਆਵੇਗਾ ਕਿ:

ਜੋ ਜੋ ਦੀਸੈ ਸੋ ਸੋ ਰੋਗੀ ॥ *(ਭੈਰਉ ਮ: ੫, ਪੰਨਾ ੧੧੪੦)*

ਇਸ ਸ਼ਬਦ ਵਿਚ ਹਜ਼ੂਰ ਨੇ ਸਾਰੇ ਹੀ ਚਰਾਚਰ ਜੀਵਾਂ ਨੂੰ ਵੱਖੋ ਵੱਖ ਰੋਗਾਂ ਵਿਚ ਗ੍ਰਸੇ ਹੋਏ ਦਰਸਾਇਆ ਹੈ, ਇਸ ਲਿਸਟ ਵਿਚ ਸਾਰੇ ਹੀ ਵੈਦ ਤੇ ਹਕੀਮ ਭੀ ਰੋਗੀਆਂ ਦੀ ਲਿਸਟ ਵਿਚ ਆ ਜਾਂਦੇ ਹਨ, ਜੋ ਖ਼ੁਦ ਹੀ ਰੋਗੀ ਹਨ ਉਹ ਕਿਸੇ ਰੋਗੀ ਨੂੰ ਕਿਵੇਂ ਅਰੋਗ ਕਰ ਸਕਦੇ ਹਨ। ਇਥੇ ਹੀ ਬੱਸ ਨਹੀਂ, ਗੁਰੂ ਗ੍ਰੰਥ ਸਾਹਿਬ ਜੀ ਤਾਂ ਇਸ ਤੋਂ ਭੀ ਅਗੇ ਨਾ ਦਿਸਣ ਵਾਲੇ ਵਡੇ ਵਡੇ ਦੇਵਤਿਆਂ ਨੂੰ ਭੀ ਰੋਗੀਆਂ ਦੀ ਲਿਸਟ ਵਿਚ ਦਰਸਾ ਰਹੇ ਹਨ, ਜਿਵੇਂ:

ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥
ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥੨
ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਰੋਗੀ ਸਾਤ ਸਮੁੰਦ ਸਨਦੀਆ
ਖੰਡ ਪਾਤਾਲ ਸਿ ਰੋਗਿ ਭਰੇ ॥.......
ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥
*(ਭੈਰਉ ਮ: ੧, ਪੰਨਾ ੧੧੫੩)*

ਇਸ ਤੋਂ ਭਾਵ ਸਿੱਧ ਹੁੰਦਾ ਹੈ ਕਿ ਜਦੋਂ ਇਸ ਸੰਸਾਰ ਦੇ ਰਚਨ ਵਾਲੇ ਦੇਵੀ ਦੇਵਤੇ ਭੀ ਰੋਗੀ ਹਨ, ਉਹ ਕਿਸੇ ਰੋਗੀ ਦਾ ਰੋਗ ਦੂਰ ਨਹੀਂ ਕਰ ਸਕਦੇ ਤਾਂ ਬਾਕੀ ਦੇ ਵੈਦ ਹਕੀਮਾਂ ਦੀ ਤਾਂ ਜੁਰਤ ਹੀ ਕੋਈ ਨਹੀਂ ਕਿ ਉਹ ਕਿਸੇ ਨੂੰ ਅਰੋਗ ਕਰ ਸਕਣ।

ਪ੍ਰ: ਭਾਈ ਸਾਹਿਬ ਜੀਉ! ਇਹ ਤਾਂ ਠੀਕ ਹੈ ਕਿ ਗ਼ਰੀਬ

ਲੋਕ ਤਾਂ ਭਾਵੇਂ ਕਿਸੇ ਇਕ ਵੈਦ ਨੂੰ ਭੀ ਨਹੀ ਬੁਲਾ ਸਕਦੇ ਪਰ ਧਨਾਢ ਲੋਕ ਤਾਂ ਵੈਦਾਂ ਦਾ ਸਮੂਹ ਇਕੱਠਾ ਕਰਕੇ ਉਨ੍ਹਾਂ ਤੋਂ ਦਵਾਈਆਂ ਦੁਵਾਉਂਦੇ ਹਨ, ਪਰ ਉਨ੍ਹਾਂ ਦੀਆਂ ਦਵਾਈਆਂ ਭੀ ਰਾਸ ਨਹੀਂ ਆਉਂਦੀਆਂ ਇਸ ਦਾ ਕਾਰਨ ਕੀ ਹੈ ?

ਉ: ਹੇ ਭਾਈਓ! ਇਹ ਠੀਕ ਹੈ ਕਿ ਸਰਮਾਏਦਾਰ ਲੋਕ ਆਪਣੇ ਸਰਮਾਏ ਦੇ ਜ਼ੋਰ ਨਾਲ ਬਹੁਤ ਸਾਰੇ ਵੈਦਾਂ ਦਾ ਸਮੂਹ ਇਕੱਠਾ ਕਰ ਲੈਂਦੇ ਹਨ, ਜਿਵੇਂ ਕਿ :

ਵੈਦਾ ਸੰਦਾ ਸੰਗੁ ਇਕਠਾ ਹੋਇਆ ॥
ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥

*(ਫੁਨਹੇ ਮ: ੫, ਪੰਨਾ ੧੩੬੩)*

ਪਰ ਉਨ੍ਹਾਂ ਦੇ ਦਿਤੇ ਹੋਏ ਅਉਖਦ ਤਦੋਂ ਹੀ ਰਾਸ ਆਉਂਦੇ ਹਨ ਜੇ ਉਨ੍ਹਾਂ ਦੇ ਵਿਚਕਾਰ ਕਰਤਾ ਪੁਰਖ ਆਪ ਆ ਖਲੋਵੇ। ਨਹੀਂ ਤਾਂ ਸਾਰੇ ਉਪਰਾਲੇ ਵਿਅਰਥ ਹੀ ਜਾਂਦੇ ਹਨ। ਅਜਿਹੇ ਵੈਦਾਂ ਨੂੰ ਹੀ ਗੁਰੂ ਗ੍ਰੰਥ ਸਾਹਿਬ ਜੀ ਨੇ ਸੰਬੋਧਨ ਕੀਤਾ ਹੈ ਕਿ :

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥

*(ਸਲੋਕ ਮ: ੧, ਪੰਨਾ ੧੨੭੯)*

ਵੈਦਾ ਵੈਦੁ ਸੁਵੈਦ ਤੂ ਪਹਿਲਾਂ ਰੋਗੁ ਪਛਾਣੁ ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥

*(ਮ: ੨, ਪੰਨਾ ੧੨੭੯)*

ਸੋ, ਮੈਂ ਭੀ ਇਨ੍ਹਾਂ ਉਪਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਚੰਦ ਸਤਰਾਂ ਅੰਕਤ ਕੀਤੀਆਂ ਹਨ ਕਿ ਸੰਸਾਰ ਤਾਂ ਸਾਰਾ ਹੀ ਰੋਗੀ ਹੈ, ਪਰ ਇਸ ਰੋਗ ਦੀ ਨਵਿਰਤੀ ਦਾ ਸਾਧਨ ਤਾਂ ਕੇਵਲ ਸਤਿਗੁਰੂ ਵੈਦ ਹੀ ਹੈ, ਪਰ ਜੋ ਸੰਸਾਰ ਦੇ ਵੈਦ ਖ਼ੁਦ ਹੀ ਰੋਗੀ ਹਨ ਉਹ ਕਿਸੇ ਦਾ ਰੋਗ ਕਿਵੇਂ ਮਿਟਾ ਸਕਦੇ ਹਨ, ਜਿਵੇਂ ਕਿ :

(੧) (ਵੇਖਦੇ ਹਾਂ ਕਿ ਸੰਸਾਰੀ ਲੋਕਾਂ ਨੇ) ਸਤਿਗੁਰ ਸਚੇ ਵੈਦ ਦੀ ਸੇਵਾ ਭਾਵ ਅਰਾਧਨਾ ਨਹੀਂ ਕੀਤੀ ਚੇਤੇ ਨਾ ਕੀਤਾ (ਭੁਲੜ ਲੋਕ) ਵੈਦ ਕੋਲ ਇਲਾਜ (ਕਰਾਉਣ) ਲਈ ਗਏ (ਜੋ ਆਪ ਹੀ ਰੋਗੀ ਸੀ। ਸੋ ਦਸੋ) ਐਸਾ ਰੋਗੀ ਕਿਸੇ ਦਾ ਕੀ ਰੋਗ ਮਿਟਾਇਗਾ ?।

(੨) (ਇਉਂ ਹੀ ਸਮਝਣਾ ਪਵੇਗਾ ਕਿ) ਕਾਮ, ਕ੍ਰੋਧ, ਲੋਭ, ਮੋਹ (ਦਾ ਰੋਗੀ ਵੈਦ) ਦੁਚਿਤੀ ਨੂੰ ਪੈਦਾ ਕਰਕੇ (ਲੋਕਾਂ ਨਾਲ) ਧ੍ਰੋਹ ਹੀ ਕਮਾਉਂਦਾ ਹੈ।

(੩) (ਕਿਉਂਕਿ ਰੋਗੀ ਵੈਦ ਨੂੰ ਕੀ ਪਤਾ ਹੈ ਕਿ) ਆਧੀਆਂ, ਬਿਆਧੀਆਂ ਤੇ ਉਪਾਧੀਆਂ ਦੇ ਰੋਗਾਂ ਵਿਚ (ਪਿਆ ਸੰਸਾਰ) ਮਰ ਮਰ ਕੇ ਜੰਮਦਾ (ਤੇ ਫਿਰ ਮਰਨ ਦਾ) ਦੁੱਖ ਸਹਾਰ ਰਿਹਾ ਹੈ।

(੪) (ਇਸ) ਆਵਾਗਵਨ ਦੇ ਚੱਕਰ ਵਿਚ ਪੈ (ਸੰਸਾਰ) ਭਟਕ ਰਿਹਾ (ਤੇ ਇਸ ਤਰ੍ਹਾਂ ਭਟਕਦੇ ਨੂੰ) ਪਾਰ ਦਾ ਕਿਨਾਰਾ ਨਜ਼ਰ ਹੀ ਨਹੀਂ ਆਉਂਦਾ।

(੫) (ਕਿਉਂਕਿ) ਆਸਾ ਮਨਸਾ ਮਨ ਨੂੰ ਮੋਹ ਰਹੀਆਂ ਹਨ, ਤੇ ਤਾਮਸ ਅਤੇ ਤ੍ਰਿਸ਼ਨਾ ਮਨ ਨੂੰ ਸ਼ਾਂਤੀ ਨਹੀਂ ਆਉਣ ਦੇਂਦੀ।

(੬) (ਕਿਉਂਕਿ ਹੋਰ ਹੋਰ ਦੇ ਚੱਕਰ ਵਿਚ ਪਿਆ ਮਨੁੱਖ) ਬਲਦੀ ਉਤੇ ਤੇਲ ਪਾਈ ਜਾ ਰਿਹਾ ਹੈ (ਭਾਵ ਤ੍ਰਿਸ਼ਨਾ ਦਿਨੋ ਦਿਨ ਵਧ ਰਹੀ) ਹੈ। (ਇਉਂ ਕਰਨ ਨਾਲ) ਮੂਰਖ ਦਾ ਮਨ ਕਿਵੇਂ ਸ਼ਾਂਤੀ ਕਰੇ, ਜਿੰਨਾ ਚਿਰ ਅਗਨੀ ਨਾ ਬੁਝਾਵੇ।

(੭) (ਇਸ ਤਰ੍ਹਾਂ ਆਪੇ ਫਾਥੇ ਨੂੰ) ਪੂਰੇ ਗੁਰੂ ਤੋਂ ਬਿਨਾ ਕੌਣ ਹੈ ਜੋ ਛੁਡਾਵੇ ? ।੯।

***ਭਾਵਾਰਥ :*** ਜਿਥੇ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਨੇ ਇਹ ਸੋਝੀ ਦਿਤੀ ਹੈ ਕਿ ਇਹ ਸਾਰਾ ਸੰਸਾਰ ਹੀ ਰੋਗਾਂ ਨਾਲ ਗ੍ਰਸਿਆ ਹੋਇਆ ਹੈ, ਉਥੇ ਇਹ ਭੀ ਗਿਆਤ ਮਿਲਦੀ ਹੈ ਕਿ ਇਹ ਰੋਗ ਭੀ ਦੋ ਪ੍ਰਕਾਰ ਦੇ ਹਨ ਜਿਵੇਂ ਕਿ ਇਕ ਸਰੀਰਕ ਰੋਗ ਹੈ, ਦੂਜੇ ਮਾਨਸਕ ਰੋਗ ਜੋ ਬੜੀ ਸ਼ਕਤੀ ਰਖਦੇ ਹਨ। ਇਹ ਠੀਕ ਹੈ ਕਿ ਜੋ ਸਰੀਰਕ ਰੋਗ ਸਾਰੇ ਹੀ ਸਾਡੇ ਵੇਖਣ ਵਿਚ ਨਹੀਂ ਆਉਂਦੇ ਤਾਂ ਕੁਝ ਫੋੜਾ, ਫਿਣਸੀ, ਬੁਖ਼ਾਰ ਆਦਿਕ ਰੋਗ ਤਾਂ ਸਾਡੀ ਦ੍ਰਿਸ਼ਟੀਗੋਚਰ ਹੁੰਦੇ ਹਨ, ਪਰ ਜੋ ਮਾਨਸਕ ਰੋਗ ਮਨੁੱਖ ਨੂੰ ਗੁਪਤ ਰੂਪ ਵਿਚ ਕਲਪਾਉਂਦੇ ਹਨ, ਜਿਵੇਂ ਕਿ ਆਸਾ, ਤ੍ਰਿਸ਼ਨਾ, ਈਰਖਾ, ਬਖੀਲੀ, ਨਿੰਦਾ, ਚੁਗਲੀ ਇਹ ਭਾਵੇਂ ਦਿਸਦੇ ਨਹੀ ਪਰ ਇਹ ਮਨੁੱਖ ਨੂੰ ਬਾਹਰਲੇ ਰੋਗਾਂ ਤੋਂ ਭੀ ਵਧੇਰੇ ਕਲਪਾਉਂਦੇ ਹਨ, ਇਨ੍ਹਾਂ ਰੋਗਾਂ ਵਿਚੋਂ ਬਾਣੀ ਨੇ ਵੱਡਾ ਰੋਗ ਹਉਮੈਂ ਨੂੰ ਕਿਹਾ ਹੈ, ਜਿਵੇਂ ਕਿ :

ਹਉਮੈ ਰੋਗੁ ਮਾਨੁਖ ਕਉ ਦੀਨਾ ॥

*(ਭੈਰਉ ਮ: ੫, ਪੰਨਾ ੧੧੪੦)*

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥

*(ਧਨਾਸਰੀ ਮ: ੧, ਪੰਨਾ ੬੮੭)*

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥

*(ਮ: ੨, ਪੰਨਾ ੪੬੬)*

ਭਾਵ ਇਨ੍ਹਾਂ ਮਾਨਸਕ ਰੋਗਾਂ ਦੀ ਨਵਿਰਤੀ ਕਿਸੇ ਸੰਸਾਰਕ ਵੈਦ ਹਕੀਮ ਰਾਹੀਂ ਨਹੀਂ ਹੋ ਸਕਦੀ, ਕਿਉਂਕਿ ਇਨ੍ਹਾਂ ਪਾਸ ਨਾਮ ਦੀ ਦਵਾਈ ਨਹੀਂ, ਇਸ ਵੱਡੇ ਹਉਮੈ ਦੇ ਰੋਗ ਨੂੰ ਮਿਟਾਉਣ ਦਾ ਸਹੀ ਸਾਧਨ ਤਾਂ ਗੁਰਬਾਣੀ ਨੇ ਇਹੋ ਦਰਸਾਇਆ ਹੈ ਕਿ :

ਮੇਰਾ ਬੈਦੁ ਗੁਰੂ ਗੋਵਿੰਦਾ॥

ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ
ਕਾਟੈ ਜਮ ਕੀ ਫੰਧਾ॥੧॥

*(ਸੋਰਠਿ ਮ: ੫, ਪੰਨਾ ੬੧੮)*

ਭਾਵ ਹੈ ਕਿ ਮੇਰਾ ਵੈਦ ਗੋਬਿੰਦ ਦਾ ਰੂਪ ਗੁਰੂ ਹੈ ਜੋ ਨਾਮ ਦੀ ਔਸ਼ਧੀ ਦੇ ਕੇ ਜਮਾਂ ਦੇ ਬੰਧਨ ਭੀ ਕੱਟ ਦੇਂਦਾ ਹੈ। ਇਸ ਤਰ੍ਹਾਂ ਬਾਣੀ ਨੇ ਸੰਸਾਰ ਦੇ ਵੈਦਾਂ, ਹਕੀਮਾਂ ਨੂੰ ਤਿਆਗ ਕੇ ਕੇਵਲ ਗੁਰੂ ਵੈਦ ਤੋਂ ਹੀ ਨਾਮ ਦੀ ਜਾਚਨਾ ਕਰਦੇ ਰਹਿਣ ਦੀ ਪ੍ਰੇਰਨਾ ਕੀਤੀ ਹੈ ਜਿਸ ਨਾਮ ਦਾ ਸਦਕਾ ਸਾਰੇ ਸਰੀਰਕ ਤੇ ਮਾਨਸਕ ਰੋਗਾਂ ਦੀ ਸਦੀਵੀ ਨਵਿਰਤੀ ਹੋ ਜਾਂਦੀ ਹੈ।

## ੧੦. ਤੀਰਥਾਂ ਦੀ ਝੂਠੀ ਮਨੌਤ

**੧. ਸਤਿਗੁਰ ਤੀਰਥ ਛੱਡਿ ਕੈ**
**ਅਠਸਠਿ ਤੀਰਥ ਨ੍ਹਾਵਣ ਜਾਹੀਂ।**
**੨. ਬਗੁਲ ਸਮਾਧਿ ਲਗਾਇਕੈ**
**ਜਿਉਂ ਜਲ ਜੰਤਾਂ ਘੁਟ ਘੁਟ ਖਾਹੀਂ।**
**੩. ਹਸਤੀ ਨੀਰ ਨਵਾਲੀਅਨਿ**
**ਬਾਹਰ ਨਿਕਲ ਖੇਹ ਉਡਾਹੀਂ।**
**੪. ਨਦੀ ਨ ਡੁੱਬੈ ਤੂੰਬੜੀ**
**ਤੀਰਥ ਵਿੱਸ ਨਿਵਾਰੈ ਨਾਹੀਂ।**
**੫. ਪੱਥਰ ਨੀਰ ਪਖਾਲੀਐ**
**ਚਿੱਤ ਕਠੋਰ ਨ ਭਿੱਜੈ ਕਾਹੀਂ।**
**੬. ਮਨਮੁਖ ਭਰਮ ਨ ਉਤਰੈ**
**ਭੰਭਲਭੂਸੇ ਖਾਇ ਭਵਾਹੀਂ।**
**੭. ਗੁਰੂ ਪੂਰੇ ਵਿਣ ਪਾਰ ਨ ਪਾਹੀਂ॥੧੦॥**

***ਪਦ ਅਰਥ :*** ਜਲ ਜੰਤਾਂ—ਜਲ ਵਿਚ ਰਹਿਣ ਵਾਲੇ ਜੀਵਾਂ ਨੂੰ। ਘੁਟ ਘੁਟ—ਫੜ ਫੜ। ਹਸਤੀ—ਹਾਥੀ। ਨੀਰ—ਪਾਣੀ। ਪਖਾਲੀਐ—ਧੋਣਾ। ਕਾਹੀ—ਕਿਤੇ ਵੀ। ਭੰਭਲਭੂਸੇ—ਅਵਾਰਾ-ਗਰਦੀ, ਬਿਰਥਾ ਭੌਣਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਬਹੁਤੇ ਸਾਧਾਰਨ ਲੋਕ ਐਸੇ ਵੇਖਣ ਵਿਚ ਆਉਂਦੇ ਹਨ ਜੋ ਹਮੇਸ਼ਾ ਤੀਰਥਾਂ ਵਿਚ ਇਸ਼ਨਾਨ ਕਰਨ ਦੇ ਆਦੀ ਹਨ, ਜਦੋਂ ਉਨ੍ਹਾਂ ਨਾਲ ਪਰਸਪਰ ਵੀਚਾਰ ਵਿਟਾਂਦਰਾ ਕਰਨ ਦਾ ਸਮਾਂ ਬਣਦਾ ਹੈ ਤਾਂ ਉਹ ਲੋਕ ਆਪਣਾ ਵਿਸ਼ਵਾਸ ਇਉਂ ਹੀ ਰਖਦੇ ਹਨ, ਕਿ ਤੀਰਥਾਂ ਵਿਚ ਇਸ਼ਨਾਨ ਕਰਦੇ ਰਹਿਣ ਨਾਲ ਪਾਪਾਂ ਦੀ ਮੈਲ ਉਤਰ ਜਾਂਦੀ ਹੈ ਇਸ ਲਈ ਤੀਰਥਾਂ ਵਿਚ ਇਸ਼ਨਾਨ ਕਰਨ ਦਾ ਬਹੁਤ ਵਡਾ ਮਹਾਤਮ ਹੈ, ਕਿਉਂ ਜੀ! ਆਪ ਜੀ ਇਸ ਪੱਖ ਵਿਚ ਆਪਣੇ ਵੀਚਾਰ ਕਿਵੇਂ ਰੱਖਦੇ ਹੋ, ਦਸਣ ਦੀ ਖੇਚਲ ਕਰੋ ?

ਉ: ਹੇ ਭਾਈਓ! ਅਸਲ ਵਿਚ ਜਿਤਨੇ ਭੀ ਤੁਹਾਡੇ ਵਲੋਂ ਪ੍ਰਸ਼ਨ ਹੁੰਦੇ ਹਨ, ਮੈਂ ਉਨ੍ਹਾਂ ਸੰਬੰਧੀ ਆਪਣੇ ਵੀਚਾਰ ਕਦੇ ਭੀ ਨਹੀਂ ਦਿਆ ਕਰਦਾ। ਪਰ ਹਾਂ! ਜੋ ਵੀਚਾਰ ਮੈਨੂੰ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਮਿਲੇ ਹਨ ਉਨ੍ਹਾਂ ਦੇ ਅਧਾਰਤ ਹੋ ਮੈਂ ਆਪ ਜੀ ਨੂੰ ਕੁਝ ਵੀਚਾਰ ਜ਼ਰੂਰ ਹਾਜ਼ਰ ਕਰਦਾ ਆ ਰਿਹਾ ਹਾਂ, ਇਹ ਜੋ ਤੀਰਥਾਂ ਦੇ ਇਸ਼ਨਾਨ ਬਾਰੇ ਤੁਸਾਂ ਪੁੱਛ ਕੀਤੀ ਹੈ, ਇਸ ਪੱਖ ਵਿਚ ਜੋ ਮੈਨੂੰ ਗੁਰਬਾਣੀ ਰਾਹੀਂ ਬੋਧ ਮਿਲਿਆ ਹੈ, ਉਹ ਮੈਂ ਤੁਹਾਨੂੰ ਹਾਜ਼ਰ ਕਰਨ ਦਾ ਉਪਰਾਲਾ ਜ਼ਰੂਰ ਕਰਦਾ ਹਾਂ।

ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਇਹੋ ਉਦੇਸ਼ ਮਿਲਦਾ ਹੈ ਕਿ ਨਾਮ ਸਿਮਰਨ ਤੋਂ ਸੱਖਣੇ ਤੀਰਥਾਂ ਦੇ ਇਸ਼ਨਾਨ ਕਰਦੇ ਰਹਿਣ ਨੂੰ ਗੁਰਮਤ ਨੇ ਕਬੂਲ ਹੀ ਨਹੀਂ ਕੀਤਾ, ਇਸ ਸੰਬੰਧ ਵਿਚ ਸਾਨੂੰ ਬਹੁਤ ਸਾਰੇ ਉਦਾਹਰਣ ਪੜ੍ਹਨ ਵਿਚ ਆਉਂਦੇ ਹਨ, ਜਿਵੇਂ ਕਿ :

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥
ਨਿਹਫਲ ਧਰਮ ਤਾਹਿ ਤੁਮ ਮਾਨਹੁ
ਸਾਚ ਕਹਤ ਮੈ ਯਾ ਕਉ॥੧॥
ਜੈਸੇ ਪਾਹਨੁ ਜਲ ਮਹਿ ਰਾਖਿਓ
ਭੇਦੈ ਨਾਹਿ ਤਿਹ ਪਾਨੀ॥
ਤੈਸੇ ਹੀ ਤੁਮ ਤਾਹਿ ਪਛਾਨਹੁ
ਭਗਤਿ ਹੀਨ ਜੋ ਪ੍ਰਾਨੀ॥੨॥

*(ਬਿਲਾਵਲੁ ਮ: ੯, ਪੰਨਾ ੮੩੧)*

ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥੧॥
*(ਆਸਾ ਮ: ੫, ਪੰਨਾ ੩੮੫)*

ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ
ਹਰਿ ਕਾ ਨਾਮੁ ਨ ਭਾਇਆ ॥
ਰਤਨ ਪਦਾਰਥੁ ਪਰਹਰਿ ਤਿਆਗਿਆ
ਜਤ ਕੋ ਤਤ ਹੀ ਆਇਆ ॥
*(ਮਲਾਰ ਮ: ੧, ਪੰਨਾ ੧੨੫੫)*

ਤੀਰਥ ਦੇਖਿ ਨ ਜਲ ਮਹਿ ਪੈਸਉ
ਜੀਅ ਜੰਤ ਨ ਸਤਾਵਉਗੋ ॥
ਅਠਸਠਿ ਤੀਰਥ ਗੁਰੂ ਦਿਖਾਏ
ਘਟ ਹੀ ਭੀਤਰਿ ਨ੍ਹਾਉਗੋ ॥੩॥
*(ਰਾਮਕਲੀ ਨਾਮਦੇਉ, ਪੰਨਾ ੯੭੩)*

ਤੀਰਥਿ ਨਾਇ ਅਰੁ ਧਰਨੀ ਭ੍ਰਮਤਾ
ਆਗੈ ਠਉਰ ਨ ਪਾਵੈ ॥
ਊਹਾ ਕਾਮਿ ਨ ਆਵੈ ਇਹ ਬਿਧਿ
ਓਹੁ ਲੋਗਨ ਹੀ ਪਤੀਆਵੈ ॥੨॥
*(ਗਉੜੀ ਮ: ੫, ਪੰਨਾ ੨੧੬)*

ਤੀਰਥਿ ਨਾਇ ਕਹਾ ਸੁਚਿ ਸੈਲੁ ॥
ਮਨ ਕਉ ਵਿਆਪੈ ਹਉਮੈ ਮੈਲੁ ॥
ਕੋਟਿ ਕਰਮ ਬੰਧਨ ਕਾ ਮੂਲੁ ॥
ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥
*(ਭੈਰਉ ਮ: ੫, ਪੰਨਾ ੧੧੪੯)*

ਹੋਮ ਜਗ ਉਰਧ ਤਪ ਪੂਜਾ ॥
ਕੋਟਿ ਤੀਰਥ ਇਸਨਾਨੁ ਕਰੀਜਾ ॥
ਚਰਨ ਕਮਲ ਨਿਮਖ ਰਿਦੈ ਧਾਰੇ ॥
ਗੋਬਿੰਦ ਜਪਤ ਸਭਿ ਕਾਰਜ ਸਾਰੇ ॥੬॥
*(ਪ੍ਰਭਾਤੀ ਮ: ੫, ਪੰਨਾ ੧੩੪੯)*

ਪਾਪ ਕਰਹਿ ਪੰਚਾਂ ਕੇ ਬਸਿ ਰੇ ॥
ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮਪੁਰਿ ਬਾਂਧਿ ਖਰੇ ਕਾਲੰਕ ॥੨॥
*(ਪ੍ਰਭਾਤੀ ਮ: ੫, ਪੰਨਾ ੧੩੪੮)*

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥
*(ਸ੍ਰੀ ਰਾਗੁ ਮ: ੧, ਪੰਨਾ ੬੧)*

ਤੀਰਥ ਨਾਇ ਨ ਉਤਰਸਿ ਮੈਲੁ ॥
ਕਰਮ ਧਰਮ ਸਭਿ ਹਉਮੈ ਫੈਲੁ ॥
*(ਰਾਮਕਲੀ ਮ: ੫, ਪੰਨਾ ੮੯੦)*

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥
*(ਸਲੋਕ ਮ: ੯, ਪੰਨਾ ੧੪੨੮)*

ਜਿਸੁ ਜੀਉ ਅੰਤਰੁ ਮੈਲਾ ਹੋਇ ॥
ਤੀਰਥ ਭਵੈ ਦਿਸੰਤਰ ਲੋਇ ॥
*(ਬਸੰਤੁ ਮ: ੧, ਪੰਨਾ ੧੧੬੯)*

ਇਸ ਤੋਂ ਆਦਿ ਹੋਰ ਭੀ ਅਨੇਕਾਂ ਪੰਗਤੀਆਂ ਬਾਣੀ ਵਿਚ ਆਉਂਦੀਆਂ ਹਨ, ਜਿਨ੍ਹਾਂ ਵਿਚ ਨਾਮ ਸਿਮਰਨ ਤੋਂ ਬਿਨਾਂ ਤੀਰਥ ਆਦਿ ਸਾਰੇ ਕਰਮ-ਕਾਂਡ ਕਰਨ ਦਾ ਨਿਖੇਧ ਕੀਤਾ ਗਿਆ ਹੈ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਚੰਦ ਸਤਰਾਂ ਉਲੀਕੀਆਂ ਹਨ, ਜਿਵੇਂ ਕਿ :

(੧) (ਜਿਵੇਂ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਭੋਲਾ ਮਨੁੱਖ) ਸੱਚੇ ਤੀਰਥ, ਸਤਿਗੁਰੂ ਨੂੰ ਛੱਡ ਕੇ ਅਠਾਹਠ ਤੀਰਥਾਂ 'ਤੇ ਨ੍ਹਾਉਣ ਲਈ ਜਾਂਦਾ ਹੈ।
(੨) (ਉਥੇ ਜਾ ਕੇ) ਬਗਲੇ (ਦੀ ਨਿਆਈਂ) ਅੱਖਾਂ ਮੀਚਦਾ (ਆਪਣੇ ਵਲੋਂ ਦਿਖਾਵੇ ਦੀ ਸਮਾਧੀ ਲਾਉਂਦਾ) ਪਰ ਜਲ ਦੇ ਜੀਵਾਂ (ਮੱਛੀਆਂ) ਨੂੰ ਘੁਟ ਘੁਟ ਫੜਦਾ ਤੇ ਖਾਈ ਜਾਂਦਾ ਹੈ।
(੩) (ਜਿਵੇਂ) ਹਾਥੀ ਨੂੰ ਪਾਣੀ ਨਾਲ ਨੁਵਾਉ (ਤੇ ਉਸਨੂੰ ਸਾਫ਼-ਸੁਥਰਾ ਕਰੋ) ਪਰ ਉਹ ਪਾਣੀ ਤੋਂ ਬਾਹਰ ਨਿਕਲਦੇ ਹੀ ਖੇਹ ਉਡਾ ਕੇ ਆਪਣੇ 'ਤੇ ਪਾ ਲੈਂਦਾ ਹੈ (ਭਾਵ ਫਿਰ ਲਿਬੜ ਜਾਂਦਾ ਹੈ) ਤਿਵੇਂ ਹੀ ਤੀਰਥਾਂ 'ਤੇ ਜਾਣ ਵਾਲਿਆਂ ਦਾ ਹਾਲ ਹੈ। ਜੋ ਇਕ ਪਾਪ ਨੂੰ ਉਤਾਰ ਕੇ ਆਉਂਦੇ ਹਨ ਤਾਂ ਦਸ ਪਾਪ ਆਉਂਦੇ ਹੀ ਫੇਰ ਚੜ੍ਹਾ ਲੈਂਦੇ ਹਨ।
(੪) (ਜਿਵੇਂ) ਨਦੀ ਦੇ ਪਾਣੀ ਵਿਚ ਤੂੰਬੜੀ ਡੁਬਦੀ ਨਹੀਂ, ਤੀਰਥ ਉਸਦੇ ਅੰਦਰ ਭਰੀ (ਕੁੜੱਤਣ-ਭਾਵ ਪਾਪਾਂ ਦੀ ਵਿਹੁ) ਦੂਰ ਨਹੀਂ ਕਰਦੇ।
(੫) (ਹੋਰ ਤੱਕੋ) ਪੱਥਰ ਨੂੰ ਪਾਣੀ ਨਾਲ ਕਿੰਨਾ ਹੀ ਨੁਵਾ ਲਓ, (ਜਾਂ ਜਿੰਨਾ ਚਿਰ ਮਰਜ਼ੀ ਪਾਣੀ ਵਿਚ ਪਿਆ ਰਹਿਣ ਦਿਓ) ਜਿਵੇਂ ਉਸ 'ਤੇ ਪਾਣੀ ਦਾ ਅਸਰ ਨਹੀਂ ਇਸੇ ਤਰ੍ਹਾਂ ਕਠੋਰ ਮਨ ਵਾਲੇ ਦਾ ਮਨ ਨਹੀਂ ਭਿੱਜ ਸਕਦਾ।
(੬) ਇਸੇ ਤਰ੍ਹਾਂ ਮਨੁੱਖ ਦੇ ਮਨ ਦੇ ਭਰਮ ਵੀ ਦੂਰ ਨਹੀਂ ਹੁੰਦੇ, ਉਹ ਭੰਭਲ-ਭੂਸੇ ਖਾਂਦਾ, ਏਧਰ ਉਧਰ ਭੌਂਦਾ ਫਿਰਦਾ ਹੈ।

(੭) (ਇਸ ਲਈ) ਪੂਰੇ ਗੁਰੂ ਦੀ (ਸਰਨ) ਬਿਨਾਂ ਪਾਰ ਹੋਣਾ ਨਸੀਬ ਨਹੀਂ ਹੁੰਦਾ।੧੦।

***ਭਾਵਾਰਥ :*** ਜਦੋਂ ਅਸੀਂ ਭਾਰਤ ਦੇ ਸਮੂੰਹ ਧਾਰਮਕ ਮੱਤਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਪੜਚੋਲ ਕਰਨ ਤੋਂ ਸਾਨੂੰ ਇਹੋ ਜਾਣਕਾਰੀ ਮਿਲਦੀ ਹੈ ਕਿ ਜਿਥੇ ਜਾ ਕੇ ਇਹ ਸਨਾਤਨ ਮੱਤ ਖਲੋ ਜਾਂਦੇ ਹਨ ਉਥੋਂ ਅਗੇ ਗੁਰੂ ਨਾਨਕ ਦਾ ਨਵੀਨ ਮੱਤ ਅਰੰਭ ਹੁੰਦਾ ਹੈ, ਕਿਉਂਕਿ ਹਰ ਇਕ ਧਰਮ ਦੀ ਪੂਜਾ ਕਾਰਣ ਰੂਪ ਪ੍ਰਮੇਸ਼ਰ ਨੂੰ ਭੁਲਾ ਕੇ ਉਸਦੇ ਕਾਰਜ ਤੱਤਾਂ, ਦੇਵਤਿਆਂ ਜਾਂ ਅਵਤਾਰਾਂ ਦੀ ਪੂਜਾ ਕਰਦੇ ਰਹਿਣ 'ਤੇ ਜਾ ਖਲੋਂਦੀ ਹੈ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਇਹੋ ਕਹਿ ਕੇ ਦਰਸਾਇਆ ਹੈ ਕਿ ਐ ਭੋਲੇ ਲੋਕੋ ! ਜਿਨ੍ਹਾਂ ਦੀ ਪੂਜਾ, ਕਰਨ ਵਿਚ ਤੁਸੀਂ ਉਲਝੇ ਹੋ ਇਹ ਤਾਂ ਉਸ ਕਾਰਣ ਰੂਪ ਨੂੰ ਵੇਖ ਹੀ ਨਹੀ ਸਕਦੇ ਤੁਸੀਂ ਉਨ੍ਹਾਂ ਦੀ ਪੂਜਾ ਤੋਂ ਕੀ ਫਲ ਹਾਸਲ ਕਰ ਸਕਦੇ ਹੋ ? ਕਿਉਂਕਿ (ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ) (ਜਪੁਜੀ ਪੰਨਾ ੭)।

ਜੋ ਲੋਕ ਤੀਰਥਾਂ ਵਿਚ ਇਸ਼ਨਾਨ ਕਰਨ ਨਾਲ ਆਪਣੇ ਕੀਤੇ ਪਾਪਾਂ ਦੀ ਨਵਿਰਤੀ ਦੀ ਆਸ ਕਰਦੇ ਹਨ ਤੇ ਇਸੇ ਢਾਰਸ ਨੂੰ ਮੁਖ ਰੱਖ ਕੇ ਜੋ ਪਾਪ ਕਰਮ ਕਰੀ ਜਾਂਦੇ ਹਨ, ਉਹ ਤਾਂ ਕਲੰਕੀ ਲੋਕ ਆਖ਼ਰ ਨੂੰ ਜਮਾਂ ਦੀ ਪੁਰੀ ਨੂੰ ਹੀ ਬੱਧੇ ਹੋਏ ਜਾਣਗੇ ਅਜਿਹੇ ਲੋਕਾਂ ਨੂੰ ਤੱਕ ਕੇ ਹੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਨ ਕੀਤਾ ਹੈ ਕਿ :

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥

*(ਮ: ੧, ਪੰਨਾ ੭੮੯)*

ਅਜਿਹੇ ਲੋਕ ਜਿਨ੍ਹਾਂ ਦੇ ਮਨ ਵਿਚ ਵਿਕਾਰਾਂ ਦੀ ਖੋਟ ਹੈ ਸਰੀਰ ਚੋਰੀ ਕਰਦੇ ਰਹਿਣ ਦਾ ਦੋਸ਼ੀ ਹੈ, ਜੇ ਉਹ ਬਾਹਰੋਂ ਤੂੰਬੜੀ ਦੀ ਨਿਆਈਂ ਤੀਰਥਾਂ ਵਿਚ ਨ੍ਹਾਂਦੇ ਭੀ ਰਹਿਣ ਤਾਂ ਉਨ੍ਹਾਂ ਦੇ ਅੰਦਰੋਂ ਵਿਕਾਰਾਂ ਦੀ ਕੁੜੱਤਣ ਨਹੀਂ ਜਾਂਦੀ, ਉਨ੍ਹਾਂ ਚੋਰਾਂ ਨੇ ਤਾਂ ਸਦਾ ਚੋਰ ਹੀ ਰਹਿਣਾ ਹੈ। ਜਿਨ੍ਹਾਂ ਸਾਧੂਆਂ ਨੇ ਆਪਣੇ ਮਨ ਨੂੰ ਸ਼ਬਦ ਦੀ ਕਮਾਈ ਕਰਕੇ ਸ਼ੁੱਧ ਕਰ ਲਿਆ ਹੈ ਉਹ ਮਾਨਸਕ ਇਸ਼ਨਾਨ ਕਰਕੇ ਸਦਾ ਹੀ ਇਸਨਾਨੀ ਮੰਨੇ ਜਾਣਗੇ ਕਬੀਰ ਜੀ ਭੀ ਇਹੋ ਸਿਧਾਂਤ ਦ੍ਰਿੜ੍ਹ ਕਰਵਾਉਂਦੇ ਹਨ, ਜਿਵੇਂ ਕਿ :

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥
ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ॥੪॥

*(ਗਉੜੀ ਕਬੀਰ ਜੀ, ਪੰਨਾ ੩੩੬)*

ਭਾਵ ਹੈ ਨ੍ਹਾਉਣ ਲਈ ਤੀਰਥ ਬਹੁਤ ਹਨ, ਪੂਜਾ ਕਰਦੇ ਰਹਿਣ ਵਾਲਿਆਂ ਲਈ ਦੇਵਤੇ ਭੀ ਅਣਗਿਣਤ ਹਨ, ਪਰ ਹੇ ਬਉਰੇ ਮਨ ! ਇਨ੍ਹਾਂ ਦੀ ਸੇਵਾ ਕਰਨ ਨਾਲ ਤੇਰਾ ਸੰਸਾਰ ਦੇ ਜੰਮਣ ਮਰਨ ਤੋਂ ਛੁਟਕਾਰਾ ਨਹੀਂ ਹੋਵੇਗਾ, ਛੁੱਟਣ ਦਾ ਉੱਤਮ ਸਾਧਨ ਕੇਵਲ ਇਕੋ ਹਰੀ ਦੀ ਸੇਵਨਾ ਹੈ।

## ੧੧. ਸੱਚਾ ਪਾਰਸ ਸਤਿਗੁਰੂ ਹੈ

੧. ਸਤਿਗੁਰੁ ਪਾਰਸੁ ਪਰਹਰੈ,
ਪੱਥਰੁ ਪਾਰਸੁ ਢੂੰਢਣ ਜਾਏ।
੨. ਅਸਟ ਧਾਤ ਇਕ ਧਾਤ ਕਰਿ
ਲੁਕਦਾ ਫਿਰੇ ਨ ਪ੍ਰਗਟੀਆਏ।
੩. ਲੈਵਣ ਵਾਸ ਉਦਾਸ ਹੋਇ
ਮਾਇਆਧਾਰੀ ਭਰਮਿ ਭੁਲਾਏ।
੪. ਹੱਥੀਂ ਕਾਲਖ ਛੁੱਥਿਆਂ
ਅੰਦਰ ਕਾਲਖ ਲੋਭ ਲੁਭਾਏ।
੫. ਰਾਜ ਦੰਡ ਤਿਸ ਪਕੜਿਆ
ਜਮ ਪੁਰਿ ਭੀ ਜਮ ਡੰਡੁ ਸਹਾਏ।
੬. ਮਨਮੁਖ ਜਨਮ ਅਕਾਰਥਾ
ਦੂਜੇ ਭਾਇ ਕੁਦਾਇ ਹਰਾਏ।
੭. ਗੁਰੁ ਪੂਰੇ ਵਿਣੁ ਭਰਮੁ ਨ ਜਾਏ ॥੧੧॥

***ਪਦ ਅਰਥ :*** ਪਰਹਰੈ—ਛੱਡਦਾ ਹੈ। ਵਾਸ—ਜੰਗਲ ਦਾ ਵੱਸਣਾ। ਛੁੱਥਿਆਂ—ਛੁਹਣ ਨਾਲ। ਕਾਲਖ—ਸਿਆਹੀ। ਅਕਾਰਥਾ—ਵਿਅਰਥ। ਕੁਦਾਇ—ਖੋਟੀ ਮੱਤ ਕਾਰਣ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਬਹੁਤੇ ਅਜਿਹੇ ਲੋਕ ਵੇਖਣ ਵਿਚ ਆਉਂਦੇ ਹਨ ਜੋ ਬਹੁਤ ਵੱਡੇ ਮਾਇਆ ਧਾਰੀ ਹੋਣ ਦੀ ਚਾਹਤ ਪੂਰੀ ਕਰਨ ਲਈ ਇਸ ਅਮੋਲਕ

ਜੀਵਨ ਦਾ ਅਮੋਲਕ ਸਮਾਂ ਪਹਾੜਾਂ ਦੀ ਖੋਜ ਕਰਦਿਆ ਗੁਜਾਰ ਦੇਂਦੇ ਹਨ ਕਿ ਸਾਨੂੰ ਪਾਰਸ ਦੀ ਬੱਟੀ ਹਾਸਲ ਹੋ ਸਕੇ ਜਿਸ ਰਾਹੀਂ ਅਸੀਂ ਮਨ ਮਰਜ਼ੀ ਦਾ ਸੋਨਾ ਬਣਾ ਕੇ ਦੁਨੀਆਂ ਵਿਚ ਮਾਣ ਵਡਿਆਈ ਕਰਵਾ ਸਕੀਏ, ਕਿਉਂ ਜੀ! ਤੁਸੀਂ ਅਜਿਹੇ ਲੋਕਾਂ ਬਾਰੇ ਕੀ ਵੀਚਾਰ ਰੱਖਦੇ ਹੋ?

ਉ: ਹੇ ਭਾਈਓ! ਜਦੋਂ ਅਸੀਂ ਇਸ ਤੁਹਾਡੇ ਪ੍ਰਸ਼ਨ ਦਾ ਸਮਾਧਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਤੋਂ ਮੰਗਦੇ ਹਾਂ ਤਾਂ ਸਾਨੂੰ ਇਹ ਬੋਧ ਮਿਲਦਾ ਹੈ ਕਿ ਬਾਣੀ ਵਿਚ ਦੋ ਤਰ੍ਹਾਂ ਦੇ ਪਾਰਸ ਮੰਨੇ ਹਨ, ਇਕ ਪਾਰਸ ਉਹ ਹੈ ਜੋ ਪਹਾੜਾਂ ਦੇ ਢੂੰਡਾਊ ਦਿਨੇ ਰਾਤ ਪਹਾੜਾਂ ਦੀ ਭਾਲ ਕਰਦੇ ਹੋਏ ਲੱਭਦੇ ਹਨ। ਇਹ ਤਾਂ ਠੀਕ ਮੰਨਣਾ ਹੀ ਪਵੇਗਾ ਕਿ ਪਹਾੜਾਂ ਵਿਚੋਂ ਭਾਲ ਕੀਤਾ ਪਾਰਸ ਮਨੁੱਖ ਨੂੰ ਦੁਨਿਆਵੀ ਦੌਲਤ ਦੇ ਭੰਡਾਰਿਆਂ ਦਾ ਮਾਲਕ ਤਾਂ ਬਣਾ ਦੇਂਦਾ ਹੈ, ਪਰ ਉਸਦੇ ਹਿਰਦੇ ਦਾ ਭੰਡਾਰਾ ਸ਼ੁਭ ਗੁਣਾਂ ਦੀ ਦੌਲਤ ਵਲੋਂ ਸਦਾ ਹੀ ਸਖਣਾ ਰਹਿੰਦਾ ਹੈ ਕਿਉਂਕਿ ਇਸ ਸੰਸਾਰੀ ਧਨ ਨੂੰ ਇਕੱਤ੍ਰ ਕਰਨ ਵਾਲੇ ਲੋਕਾ ਨੂੰ ਬਾਣੀ ਵਿਚ ਮੂਰਖ ਗਵਾਰ ਦੀ ਪਦਵੀ ਦਿਤੀ ਹੈ, ਜਿਵੇਂ ਕਿ:

ਕਾਚਾ ਧਨੁ ਸੰਚਹਿ ਮੂਰਖ ਗਵਾਰ॥
ਮਨਮੁਖ ਭੂਲੇ ਅੰਧ ਗਵਾਰ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ॥
ਨਾ ਸਾਥਿ ਜਾਇ ਨ ਪਰਾਪਤਿ ਹੋਇ॥੧॥

*(ਧਨਾਸਰੀ ਮ: ੩, ਪੰਨਾ ੬੬੫)*

ਇਹ ਭੀ ਸਾਡੇ ਵੇਖਣ ਵਿਚ ਆਉਂਦਾ ਹੈ ਕਿ ਇਹ ਪਹਾੜੀ ਪਾਰਸ ਲੋਹੇ ਨੂੰ ਤਾਂ ਸੋਨਾ ਬਣਾ ਦੇਂਦਾ ਹੈ ਪਰ ਉਹ ਸੋਨਾ ਅਗੋ ਕਿਸੇ ਲੋਹੇ ਨੂੰ ਸੋਨਾ ਬਣਾਉਣ ਦੀ ਸਮਰੱਥਾ ਨਹੀਂ ਰੱਖਦਾ। ਇਸ ਲਈ ਇਸਨੂੰ ਅਸਲੀ ਸੱਚਾ ਪਾਰਸ ਨਹੀਂ ਮੰਨਿਆ ਜਾ ਸਕਦਾ।

ਇਸ ਦੇ ਮੁਕਾਬਲੇ ਵਿਚ ਦੂਜਾ ਸੱਚਾ ਪਾਰਸ ਸਤਿਗੁਰੂ ਹੈ ਜਿਸ ਦੇ ਸੰਬੰਧ ਵਿਚ ਗੁਰਬਾਣੀ ਨੇ ਕਈ ਥਾਵਾਂ 'ਤੇ ਜਾਣਕਾਰੀ ਦਿਤੀ ਹੈ, ਜਿਵੇਂ ਕਿ:

ਪਾਰਸੁ ਜਬ ਭੇਟੈ ਗੁਰੁ ਪੂਰਾ
ਤਾ ਪਾਰਸੁ ਪਰਸਿ ਦਿਖਾਇਣਾ॥੭॥

*(ਮਾਰੂ ਮ: ੫, ਪੰਨਾ ੧੦੭੮)*

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥
ਜਿਨ ਕਉ ਪੂਰਬਿ ਲਿਖਿਆ
ਤਿਨ ਸਤਗੁਰੁ ਮਿਲਿਆ ਆਇ॥੪॥

*(ਸ੍ਰੀ ਰਾਗੁ ਮ: ੩, ਪੰਨਾ ੨੭)*

ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ॥

*(ਧਨਾਸਰੀ ਮ: ੧, ਪੰਨਾ ੬੮੮)*

ਪਾਰਸ ਪਰਸਿਐ ਪਾਰਸੁ ਹੋਵੈ
ਸਚਿ ਰਹੇ ਲਿਵ ਲਾਇ॥
ਜਿਸੁ ਪੂਰਬਿ ਹੋਵੈ ਲਿਖਿਆ
ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ॥

*(ਸਲੋਕੁ ਮ: ੩, ਪੰਨਾ ੬੪੯)*

ਪਰਚੈ ਰਾਗੁ ਰਵੈ ਜਉ ਕੋਈ॥
ਪਾਰਸੁ ਪਰਸੈ ਦੁਬਿਧਾ ਨ ਹੋਈ॥

*(ਭੈਰਉ ਰਵਿਦਾਸ ਜੀ, ਪੰਨਾ ੧੧੬੭)*

ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥
ਭਨਿ ਮਥੁਰਾ ਮੂਰਤਿ ਸਦਾ ਥਿਰੁ
ਲਾਇ ਚਿਤੁ ਸਨਮੁਖ ਰਹਹੁ॥

*(ਸਵਈਏ ਮ: ੫ ਕੇ, ਪੰਨਾ ੧੪੦੮)*

ਗਗਨਿ ਨਿਵਾਸਿ ਸਮਾਧਿ ਲਗਾਵੈ॥
ਪਾਰਸੁ ਪਰਸਿ ਪਰਮ ਪਦੁ ਪਾਵੈ॥੨॥

*(ਆਸਾ ਮ: ੧, ਪੰਨਾ ੪੧੧)*

ਪਾਰਸ ਪਰਸੇ ਫਿਰਿ ਪਾਰਸੁ ਹੋਏ
ਹਰਿ ਜੀਉ ਅਪਣੀ ਕਿਰਪਾ ਧਾਰੀ॥੨॥

*(ਰਾਮਕਲੀ ਮ: ੩, ਪੰਨਾ ੯੧੧)*

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ॥
ਪਾਰਸੁ ਪਰਸਿ ਲੋਹਾ ਕੰਚਨੁ ਸੋਈ॥੩॥

*(ਆਸਾ, ਪੰਨਾ ੪੮੧)*

ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ॥੧੦॥

*(ਪ੍ਰਭਾਤੀ ਮ: ੩, ਪੰਨਾ ੧੩੪੬)*

ਪਾਰਸੁ ਭੇਟਿ ਭਏ ਸੇ ਪਾਰਸ
ਨਾਨਕ ਹਰਿ ਗੁਰਿ ਸੰਗਿ ਥੀਏ॥੪॥

*(ਬਸੰਤੁ ਮ: ੧, ਪੰਨਾ ੧੧੭੨)*

ਅਜਿਹੀਆਂ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੋਰ ਭੀ ਬਹੁਤ ਸਾਰੀਆਂ ਸੱਚੇ ਪੈਗਾਮ ਦੇਣ ਵਾਲੀਆਂ ਪੰਗਤੀਆਂ ਪੜ੍ਹਨ ਵਿਚ ਆਉਂਦੀਆਂ ਹਨ, ਜਿਨ੍ਹਾਂ ਦੁਆਰੇ ਸੱਚੇ ਪਾਰਸ ਗੁਰੂ ਦਾ ਬੋਧ ਮਿਲਦਾ ਹੈ ਕਿ ਇਨ੍ਹਾਂ ਦੇ ਭੇਟਣ ਰਾਹੀਂ ਮਨੁੱਖ ਆਪ ਹੀ ਪਾਰਸ ਨਹੀਂ ਬਣਦਾ, ਉਹ ਅਗੋ ਤੋਂ ਅਗੋ ਪਾਰਸ ਬਣਾਉਂਦੇ ਰਹਿਣ

ਦੀ ਸਮਰਥਾ ਹਾਸਲ ਕਰ ਲੈਂਦਾ ਹੈ। ਜਿਵੇਂ ਕਿ ਪਾਰਸ ਰੂਪ ਗੁਰੂ ਨਾਨਕ ਦੇਵ ਜੀ ਦੀ ਛੋਹ ਪ੍ਰਾਪਤ ਕਰਕੇ ਭਾਈ (ਲਹਿਣਾ ਜੀ) ਗੁਰੂ ਅੰਗਦ ਦੇਵ ਜੀ ਪਾਰਸ ਰੂਪ ਬਣੇ, ਜਿਨ੍ਹਾਂ ਤੋਂ ਅਗੋਂ ਪਾਰਸ ਹੀ ਬਣਦੇ ਗਏ, ਪਰ ਇਹ ਗੁਰੂ ਰੂਪ ਸੱਚਾ ਪਾਰਸ ਹਰੇਕ ਪ੍ਰਾਣੀ ਨੂੰ ਪ੍ਰਾਪਤ ਨਹੀਂ ਹੁੰਦਾ ਇਹ ਦਾਤ ਤਾਂ ਉਨ੍ਹਾਂ ਵਡਭਾਗੀਆਂ ਨੂੰ ਮਿਲਦੀ ਹੈ ਜਿਨ੍ਹਾਂ ਨੂੰ ਧੁਰ ਦਰਗਾਹ ਤੋਂ ਹੀ ਬਖ਼ਸ਼ਸ਼ ਹੋਈ ਹੈ। ਸੋ, ਮੈਂ ਭੀ ਇਨ੍ਹਾਂ ਉਪਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਚੰਦ ਪੰਗਤੀਆਂ ਉੱਕਰੀਆਂ, ਜਿਨ੍ਹਾਂ ਵਿਚ ਇਹੋ ਭਾਵ ਅੰਕਤ ਕੀਤਾ ਹੈ ਕਿ ਕੂੜੀ ਮਾਇਆ ਦੇ ਪ੍ਰਭਾਵ ਹੇਠ ਦਬੇ ਲੋਕ ਸੱਚੇ ਪਾਰਸ ਗੁਰੂ ਨੂੰ ਤਿਆਗ ਕੇ ਝੂਠੇ ਪਾਰਸਾਂ ਨੂੰ ਢੂੰਢਣ ਵਿਚ ਆਪਣਾ ਅਮੋਲ ਜੀਵਨ ਵਿਅਰਥ ਗਵਾ ਰਹੇ ਹਨ:

(੧) (ਇਹ ਸਾਡੇ ਵੇਖਣ ਵਿਚ ਆਮ ਹੀ ਆਉਂਦਾ ਹੈ ਕਿ ਸੱਚੇ) ਸਤਿਗੁਰੂ ਪਾਰਸ ਨੂੰ ਛੱਡ ਕੇ (ਆਮ ਲੋਕ) ਪੱਥਰ ਦੇ ਪਾਰਸ ਨੂੰ ਲੱਭਣ ਲਈ ਜਾਂਦੇ ਹਨ।

(੨) ਅੱਠਾਂ ਧਾਤਾਂ (ਅਰਥਾਤ ਚਾਰ ਵਰਣ ਤੇ ਚਾਰ ਆਸ਼ਰਮਾਂ) ਨੂੰ ਇਕ (ਸੋਨਾ) ਧਾਤ ਕਰਨ ਵਾਲਾ (ਗੁਰਮੁਖ ਬਣਾਉਣ ਵਾਲਾ) ਪਾਰਸ ਛਿਪਦਾ ਫਿਰਦਾ ਹੈ ਪ੍ਰਗਟ (ਹੋ ਕੇ) ਨਹੀਂ ਵਿਚਰਦਾ।

(੩) ਭਰਮ ਵਿਚ ਪਿਆ ਮਾਇਆ ਧਾਰੀ ਭੁਲ ਕੇ (ਘਰ ਬਾਰ ਛੱਡ ਕੇ) ਜੰਗਲਾਂ ਵਿਚ ਬਨਵਾਸ ਚਲਾ ਜਾਂਦਾ ਹੈ।

(੪) ਮਨਮੁਖ ਦੇ ਮਾਇਆ ਨਾਲ ਹੱਥ ਵੀ ਕਾਲੇ (ਰੁਪਏ ਗਿਣੋਂ ਤਾਂ ਹੱਥ ਕਾਲੇ ਹੋ ਜਾਂਦੇ ਹਨ) ਤੇ ਇਸ ਮਾਇਆ ਦੇ ਮੋਹ ਦੀ (ਚਿਤਵਨੀ ਦੀ) ਕਾਲਖ ਨਾਲ ਅੰਦਰ (ਮਨ) ਵੀ ਕਾਲਾ ਹੋ ਜਾਂਦਾ ਹੈ।

(੫) ਇਸ ਤਰ੍ਹਾਂ ਦਾ ਲੋਭੀ (ਚੋਰ) ਜੇ ਫੜਿਆ ਜਾਂਦਾ ਹੈ ਤਾਂ (ਏਥੇ ਦੇਸ਼ ਦੇ) ਰਾਜੇ ਦਾ ਦੰਡ ਸਹਾਰਦਾ ਹੈ ਤੇ ਜਮ ਪੁਰੀ ਵਿਚ ਭੀ ਜਮਾਂ ਦੇ ਡੰਡ ਨੂੰ ਸਹਾਰਦਾ ਹੈ।

(੬) (ਇਸ ਤਰ੍ਹਾਂ) ਮਨਮੁਖ ਦਾ ਜਨਮ ਬਿਰਥਾ ਜਾਂਦਾ ਹੈ, ਦੂਜੇ ਭਾਵ (ਦੁਬਿਧਾ) ਵਿਚ ਪਿਆ ਖੋਟੇ ਦਾਵਾਂ ਵਿਚ ਹੀ (ਅਮੋਲਕ ਜਨਮ ਨੂੰ) ਹਾਰ ਦੇਂਦਾ ਹੈ।

(੭) ਪੂਰੇ ਗੁਰੂ ਤੋਂ ਬਿਨਾਂ ਕਿਸੇ ਦਾ ਭਰਮ ਦੂਰ ਨਹੀਂ ਹੁੰਦਾ।੧੧।

*ਭਾਵਾਰਥ :* ਸਾਲਾਂ ਬੱਧੀ ਖੋਜ ਕਰਦਿਆਂ ਕਦੀ ਕਦਾਈਂ ਪਹਾੜਾਂ ਵਿਚੋਂ ਕਿਸੇ ਢੂੰਢਾਊ ਨੂੰ ਪਾਰਸ ਲੱਭਦਾ ਹੈ ਜਿਸ ਤੋਂ ਕੇਵਲ ਕਿਸੇ ਮਨੁੱਖ ਨੂੰ ਸੰਸਾਰ ਦਾ ਕੱਚਾ ਧਨ ਹੀ ਮਿਲ ਸਕਦਾ ਹੈ ਜਿਸ ਧਨ ਬਾਰੇ ਬਾਣੀ ਦਾ ਫੁਰਮਾਨ ਹੈ ਕਿ :

ਕਾਚਾ ਧਨੁ ਫੁਨਿ ਆਵੈ ਜਾਏ॥

*(ਧਨਾਸਰੀ ਮ: ੩, ਪੰਨਾ ੬੬੫)*

ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ॥

*(ਸਲੋਕ ਮ: ੩, ਪੰਨਾ ੧੨੮੨)*

ਭਾਵ ਇਹ ਪਹਾੜ ਦੇ ਪਾਰਸ ਰਾਹੀ ਜੋ ਕੱਚਾ ਧਨ ਪ੍ਰਾਪਤ ਹੁੰਦਾ ਹੈ ਇਹ ਤਾਂ ਉਸ ਕਰਤੇ ਦੀ ਖੇਡ ਹੈ, ਪੁੰਨਾਂ ਦੇ ਪ੍ਰਤਾਪ ਦੁਆਰੇ ਆ ਜਾਂਦਾ ਹੈ ਪੁੰਨ ਮੁਕ ਗਏ ਤਾਂ ਇਹ ਕੱਚਾ ਧਨ ਭੀ ਜਾਂਦਿਆਂ ਦੇਰ ਨਹੀਂ ਲਗਦੀ। ਪਰ ਇਕ ਸੱਚਾ ਨਾਮ ਰੂਪੀ ਧਨ ਹੈ ਜਿਸਦੀ ਪ੍ਰਾਪਤੀ ਕੇਵਲ ਸੱਚੇ ਪਾਰਸ ਸਤਿਗੁਰੂ ਤੋਂ ਹੀ ਹੋ ਸਕਦੀ ਹੈ ਇਸ ਧਨ ਬਾਰੇ ਹੀ ਗੁਰੂ ਫ਼ੁਰਮਾਨ ਆਇਆ ਹੈ ਕਿ ਹੇ ਭਾਈਓ! ਤੁਸੀਂ ਕੇਵਲ ਸੱਚੇ ਗੁਰੂ ਦੁਆਰੇ :

ਇਹੁ ਧਨੁ ਸੰਚਹੁ ਹੋਵਹੁ ਭਗਵੰਤ॥

*(ਸੁਖਮਨੀ ਸਾਹਿਬ, ਪੰਨਾ ੨੮੮)*

ਇਸੇ ਨਾਮ ਰੂਪੀ ਧਨ ਨੂੰ ਇਕੱਠਾ ਕਰੋ ਜਿਸਦਾ ਸਦਕਾ ਤੁਸੀਂ ਭਗਵੰਤ ਰੂਪ ਹੋ ਜਾਓਗੇ। ਕਿਉਂਕਿ ਗੁਰਮਤ ਨੇ ਕੇਵਲ ਇਸੇ ਧਨ ਬਾਰੇ ਹੁਕਮ ਕੀਤਾ ਹੈ ਕਿ :

ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ॥੪॥

*(ਪ੍ਰਭਾਤੀ ਮ: ੧, ਪੰਨਾ ੧੩੩੧)*

ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੇ ਹਰ ਪ੍ਰਾਣੀ ਮਾਤ੍ਰ ਲਈ ਇਹੋ ਸੋਝੀ ਦਿਤੀ ਹੈ ਕਿ ਹੇ ਭਾਈਓ! ਗੁਰੂ ਦੁਆਰੇ ਸੱਚੇ ਨਾਮ ਨੂੰ ਹੀ ਹਿਰਦੇ ਵਿਚ ਇਕੱਤ੍ਰ ਕਰੋ ਜੋ ਲੋਕ ਪ੍ਰਲੋਕ ਵਿਚ ਸਦਾ ਹੀ ਸਾਥ ਦੇਂਦਾ ਹੈ।

## ੧੨. ਸੱਚਾ ਪਾਰਜਾਤ ਸਤਿਗੁਰੂ ਹੈ

੧. ਪਾਰਜਾਤ ਗੁਰ ਛੱਡਿ ਕੈ
ਮੰਗਣ ਕਲਪਤਰੋਂ ਫਲ ਕੱਚੇ।
੨. ਪਾਰਜਾਤ ਲਖ ਸੁਰਗ ਸਣ
ਆਵਾਗਵਣ ਭਵਣ ਵਿਚ ਪੱਚੇ।
੩. ਮਰਦੇ ਕਰਿ ਕਰਿ ਕਾਮਨਾ
ਦਿਤਿ ਭੁਗਤਿ ਵਿਚ ਰੱਚਿ ਵਿਰੱਚੇ।
੪. ਤਾਰੇ ਹੋਇ ਅਗਾਸ਼ ਚੜ੍ਹਿ
ਓੜਕਿ ਤੁਟਿ ਤੁਟਿ ਥਾਨ ਹਲੱਚੇ।

੫. ਮਾਂ ਪਿਉ ਹੋਏ ਕੇਤੜੇ
ਕੇਤੜਿਆਂ ਦੇ ਹੋਏ ਬੱਚੇ।
੬. ਪਾਪ ਪੁੰਨ ਬੀਉ ਬੀਜਦੇ
ਦੁਖ ਸੁਖ ਫਲ ਅੰਦਰ ਚਹਮੱਚੇ।
੭. ਗੁਰ ਪੂਰੇ ਵਿਣੁ ਹਰਿ ਨ ਪਰੱਚੇ ॥੧੨॥

*ਪਦ ਅਰਥ :* ਪਾਰਜਾਤ—ਕਲਪ ਬ੍ਰਿਛ। ਕੱਚੇ—ਕੂੜੇ, ਝੂਠੇ। ਪੱਚੇ—ਸੜਦੇ ਹਨ। ਦਿਤਿ—ਦਿੱਤੇ ਹੋਏ। ਭੁਗਤਿ—ਭੋਗ। ਰੱਚਿ ਵਿਰੱਚੇ—ਆਪ ਰਚ ਕੇ ਹੋਰਾਂ ਨੂੰ ਵਿਰਚਾਉਂਦੇ ਭਾਵ ਫਸਾਉਂਦੇ ਹਨ, (ਆਪ ਗਏ ਅਉਰਨ ਹੂੰ ਖੋਵਹਿ)। ਹਲੱਚੇ—ਹਲਚਲੀ, ਭਾਵ ਡਿੱਗਦੇ। ਚਹਮੱਚੇ—ਖ਼ੁਸ਼ੀ ਕਰਨੀ। ਹਰਿ ਨ ਪਰੱਚੇ—ਪ੍ਰਮੇਸ਼ਰ ਨਹੀਂ ਪਤੀਜਦਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਕਈ ਸਨਾਤਨੀ ਖ਼ਿਆਲਾਂ ਦੇ ਲੋਕ 'ਪਾਰਜਾਤ ਬ੍ਰਿਛ' ਦੀ ਸੇਵਨਾ ਕਰਦੇ ਹਨ, ਜਿਨ੍ਹਾਂ ਦਾ ਵਿਸ਼ਵਾਸ ਹੈ ਕਿ ਇਸ ਬ੍ਰਿਛ ਦੁਆਰੇ ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ, ਤੁਸੀਂ ਇਸ ਬਾਰੇ ਕੀ ਵੀਚਾਰ ਰੱਖਦੇ ਹੋ?
ਦੂਜੇ ਲੋਕ ਅਜਿਹੇ ਭੀ ਹਨ ਜੋ ਕਲਪਤਰ ਬ੍ਰਿਛ ਨੂੰ ਸਭ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲਾ ਮੰਨ ਕੇ ਉਸਦੀ ਸੇਵਨਾ ਕਰਦੇ ਹਨ, ਪਰ ਇਨ੍ਹਾਂ ਦੋਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ, ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਇਨ੍ਹਾਂ ਦੋਹਾਂ ਦੇ ਸੰਬੰਧ ਵਿਚ ਜਦੋਂ ਪੁਰਾਣਾਂ ਦੀ ਪੜਚੋਲ ਕਰਦੇ ਹਾਂ ਤਾਂ ਪਾਰਜਾਤ ਬ੍ਰਿਛ ਨੂੰ ਸਵਰਗ ਦੇ ਪੰਜਾਂ ਬ੍ਰਿਛਾਂ ਵਿਚੋਂ ਇਕ ਮੰਨਿਆ ਹੈ ਜੋ ਦੇਵਤਿਆਂ ਦੇ ਸਮੁੰਦਰ ਰਿੜਕਨ ਵੇਲੇ ਨਿਕਲਿਆ ਸੀ ਅਤੇ ਇਹ ਇੰਦ੍ਰ ਨੂੰ ਦਿੱਤਾ ਗਿਆ ਸੀ।

ਦੂਜਾ ਹੈ 'ਕਲਪਤਰ ਬ੍ਰਿਛ' ਇਹ ਭੀ ਪੁਰਾਣਾਂ ਅਨੁਸਾਰ ਸਮੁੰਦਰ ਮੰਥਨ ਵੇਲੇ ਨਿਕਲੇ ੧੪ ਰਤਨਾਂ ਵਿਚੋਂ ਇਕ ਸੀ ਅਤੇ ਜੋ ਸਭ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲਾ ਮੰਨਿਆ ਜਾਂਦਾ ਹੈ। ਪਰ ਇਨ੍ਹਾਂ ਬਾਰੇ ਜਦੋਂ ਅਸੀਂ ਗੁਰਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਜਾਣਕਾਰੀ ਮਿਲਦੀ ਹੈ ਕਿ ਸੱਚਾ ਪਾਰਜਾਤ ਤੇ ਕਾਮਧੇਨ ਗਾਂ ਕੌਣ ਹੈ?

ਪਾਰਜਾਤੁ ਇਹੁ ਹਰਿ ਕੋ ਨਾਮ॥
ਕਾਮਧੇਨ ਹਰਿ ਹਰਿ ਗੁਣ ਗਾਮ॥
*(ਸੁਖਮਨੀ, ਪੰਨਾ ੨੬੫)*

ਭਾਵ ਹੈ ਕਿ ਸੱਚਾ ਪਾਰਜਾਤ ਕੇਵਲ ਇਕੋ ਹਰੀ ਦਾ ਨਾਮ ਹੈ ਅਤੇ ਹਰੀ ਦੇ ਹਰ ਸਮੇਂ ਗੁਣ ਗਾਉਂਦੇ ਰਹਿਣਾ ਇਹੋ ਕਾਮਧੇਨ ਗਾਂ ਹੈ ਜੋ ਸਰਬ ਫਲਾਂ ਦੀ ਦਾਤਾ ਹੈ।

ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ॥
*(ਗੂਜਰੀ ਮ: ੧, ਪੰਨਾ ੫੦੩)*

ਚਾਰਿ ਪਦਾਰਥ ਹਰਿ ਕੀ ਸੇਵਾ॥
ਪਾਰਜਾਤੁ ਜਪਿ ਅਲਖ ਅਭੇਵਾ॥
*(ਮਾਝ ਮ: ੫, ਪੰਨਾ ੧੦੮)*

ਪਾਰਜਾਤੁ ਲੋੜਹਿ ਮਨ ਪਿਆਰੇ॥
ਕਾਮਧੇਨੁ ਸੋਹੀ ਦਰਬਾਰੇ॥ *(ਮਾਰੂ ਮ: ੫, ਪੰਨਾ ੧੦੭੮)*

ਇਸੇ ਤਰ੍ਹਾਂ ਕੀਰਤਿ ਕਲ ਸਹਾਰ ਭੱਟ ਗੁਰੂ ਅੰਗਦ ਦੇਵ ਜੀ ਦੀ ਮਹਿਮਾ ਕਰਦੇ ਹੋਏ ਸਵਈਆਂ ਵਿਚ ਉਚਾਰਨ ਕਰਦੇ ਹਨ ਕਿ ਹੇ ਗੁਰੂ ਅੰਗਦ ਦੇਵ ਜੀ! ਤੁਸੀਂ ਤਾਂ ਕਲਪਤਰ ਬ੍ਰਿਛ ਵਾਂਗ ਕਾਮਨਾ ਪੂਰੀਆਂ ਕਰਨ ਵਾਲੇ ਤੇ ਸੰਸਾਰ ਦੇ ਆਧੀ ਬਿਆਧੀ ਉਪਾਧੀ ਰੋਗਾਂ ਦੇ ਦੂਰ ਕਰਨ ਵਾਲੇ ਹੋ ਤੇ ਤਿੰਨਾਂ ਗੁਣਾਂ ਵਾਲੇ ਸੰਸਾਰੀ ਜੀਵ ਤੇਰੀ ਲਿਵ ਵਿਚ ਮਗਨ ਹਨ। ਜਿਵੇਂ ਕਿ:

ਕਲਿਪ ਤਰੁ ਰੋਗ ਬਿਦਾਰੁ ਸੰਸਾਰ
ਤਾਪ ਨਿਵਾਰੁ ਆਤਮਾ ਤ੍ਰਿਬਿਧਿ
ਤੇਰੈ ਏਕ ਲਿਵ ਤਾਰ॥
*(ਸਵਈਏ ਮਹਲੇ ਦੂਜੇ ਕੇ, ਪੰਨਾ ੧੩੯੧)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚ ਉਦਾਹਰਣ ਮਿਲਦੇ ਹਨ ਜਿਨ੍ਹਾਂ ਤੋਂ ਬੋਧ ਮਿਲਦਾ ਹੈ ਕਿ ਸੱਚਾ 'ਪਾਰਜਾਤ' ਅਤੇ 'ਕਲਪ ਬ੍ਰਿਛ' ਕੇਵਲ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਤੋਂ ਧਰਮ, ਅਰਥ, ਕਾਮ, ਮੋਖ, ਸਾਰੇ ਹੀ ਪਦਾਰਥ ਹਾਸਲ ਹੁੰਦੇ ਹਨ, ਪਰ ਵੇਖਣ ਵਿਚ ਆਮ ਹੀ ਆਉਂਦਾ ਹੈ ਕਿ ਲੋਕ ਸੱਚੇ ਪਾਰਜਾਤ ਗੁਰੂ ਨੂੰ ਛੱਡ ਕੇ, ਕਲਪਤਰ ਬ੍ਰਿਛ ਤੋਂ ਕੱਚੇ ਨਾਸਵੰਤ ਫਲਾਂ ਨੂੰ ਮੰਗਣ ਜਾਂਦੇ ਹਨ, ਜਿਨ੍ਹਾਂ ਤੋਂ ਸੱਚਾ ਸੁਖ ਪ੍ਰਾਪਤ ਨਹੀਂ ਹੁੰਦਾ। ਅਜਿਹੇ ਭਰਮ ਭੁਲੇਖਿਆਂ ਵਿਚ ਭਰਮਦੇ ਲੋਕਾਂ ਨੂੰ ਤੱਕ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ:

(੧) (ਵੇਖਦੇ ਹਾਂ ਕਿ ਗੁਰੂ ਨਾਨਕ ਦੀ ਗੁਰਮਤ ਤੋਂ ਅਗਿਆਤ ਬਹੁਤ) ਕੱਚੇ ਲੋਕ (ਗੁਰਦੇਵ ਜੀ ਸਾਖਯਾਤ) ਕਲਪ ਬ੍ਰਿਛ (ਮਨ ਭਾਉਂਦੇ ਪਦਾਰਥ ਦੇਣ ਵਾਲੇ) ਨੂੰ ਛੱਡ ਕੇ (ਸਵਰਗੀ) ਕਲਪ ਬ੍ਰਿਛ ਦੇ ਝੂਠੇ

ਪਦਾਰਥਾਂ ਨੂੰ ਮੰਗਦੇ ਹਨ।

(੨) (ਵੇਖਦੇ ਹਾਂ ਕਿ) ਲੱਖਾਂ ਪਾਰਜਾਤ, ਸੁਰਗ ਪੁਰੀ ਸਮੇਤ ਆਵਾਗਵਣ ਦੇ ਚੱਕਰ ਵਿਚ ਪਏ ਪਚੇ (ਭਾਵ ਨਾਸ ਹੋ ਗਏ) ਹਨ।

(੩) ਕਾਮਨਾ (ਇਛਾਵਾਂ) ਕਰਨ ਵਾਲੇ ਕਾਮਨਾ ਕਰਦੇ ਮਰ ਗਏ (ਪ੍ਰਭੂ ਦੀ ਬਿਭੂਤੀ ਪਦਾਰਥਾਂ) ਵਿਚ ਹੀ ਲੱਥ ਪੱਥ ਹੋ ਹੋਰਨਾਂ ਨੂੰ ਆਪਣੇ ਪਿਛੇ ਲਾ ਸਭੇ ਹੀ ਨਾਸ ਹੋ ਗਏ ਹਨ।

(੪) ਕਈ ਤਾਂ ਏਨੇ ਲੋਭੀ ਹਨ ਕਿ ਉਹ ਤਾਰਿਆਂ ਵਾਂਗ ਉਪਰ ਚੜ੍ਹ ਕੇ (ਪੁੰਨਾਂ ਦਾ ਫਲ) ਭੋਗਣਾ ਲੋੜਦੇ ਹਨ (ਪਰ ਇਹ ਨਹੀਂ ਜਾਣਦੇ ਕਿ ਤਾਰੇ ਵੀ) ਹਿਲ ਹਿਲ ਜਾਂਦੇ ਤੇ ਰੋਜ਼ ਟੁੱਟ ਟੁੱਟ ਥੱਲੇ ਡਿੱਗਦੇ ਜਾਂਦੇ ਹਨ (ਭਾਵ ਮਨ ਕਲਪਤ ਸਵਰਗ ਭੀ ਸਦਾ ਲਈ ਪ੍ਰਾਪਤ ਨ ਹੋਏ ਉਥੋਂ ਭੀ ਸਦਾ ਆਵਾਗਵਨ ਹੀ ਹੋਇਆ)।

(੫) (ਉਹ) ਉਪਰੋਂ ਡਿੱਗ ਕੇ ਕਈਆਂ ਦੇ ਮਾਂ ਪਿਉ ਤੇ ਕਈਆਂ ਦੇ ਬਾਲਕ ਬਣਦੇ ਹਨ।

(੬) ਪਾਪਾਂ ਤੇ ਪੁੰਨਾਂ ਦੇ ਬੀਜ ਬੀਜਦੇ ਤੇ ਦੁੱਖਾਂ ਸੁਖਾਂ ਦੇ ਫਲ ਪ੍ਰਾਪਤ ਕਰਨ ਵਿਚ ਹੀ ਉਹ ਖ਼ੁਸ਼ ਹੋ ਰਹੇ ਹਨ।

(੭) ਪੂਰੇ ਗੁਰੂ ਨੂੰ ਪ੍ਰਾਪਤ ਕੀਤੇ ਬਿਨਾ ਹਰੀ ਪ੍ਰਭੂ ਕਿਸੇ 'ਤੇ ਵੀ ਪਤੀਜਦਾ ਨਹੀਂ, (ਭਾਵ ਉਸ ਨੂੰ ਕਿਸੇ 'ਤੇ ਯਕੀਨ ਨਹੀਂ ਆਉਂਦਾ।) ।੧੨।

***ਭਾਵਾਰਥ:*** ਹਿੰਦੂ ਮੱਤ ਦੇ ਪੁਰਾਣਾਂ ਦੀ ਕਥਾ ਸੀਨੇ-ਬ-ਸੀਨੇ ਚਲੀ ਆ ਰਹੀ ਆਮ ਲੋਕਾਂ ਵਿਚ ਪ੍ਰਚਲਤ ਹੈ, ਜਿਸ ਵਿਚ ਪਾਪਾਂ ਤੇ ਪੁੰਨਾਂ ਦੀ ਕਹਾਣੀ ਨੂੰ ਵਧੇਰੇ ਵਿਸਥਾਰ ਰੂਪ ਵਿਚ ਅੰਕਤ ਕੀਤਾ ਗਿਆ ਹੈ। ਪੁਰਾਣਕ ਮੱਤ ਅਨੁਸਾਰ ਜੋ ਲੋਕ ਇਸ ਮਾਤ ਲੋਕ ਵਿਚ ਪਾਪ ਤੇ ਪੁੰਨ ਕਿਰਿਆ ਕਰਦੇ ਹਨ ਉਨ੍ਹਾਂ ਨੂੰ ਉਨ੍ਹਾਂ ਦਾ ਫਲ ਪ੍ਰਲੋਕ ਵਿਚ ਨਰਕ ਤੇ ਸੁਰਗ ਦਾ ਦੁਖ ਤੇ ਸੁਖ ਭੋਗਣ ਲਈ ਮਿਲਦਾ ਹੈ। ਕਹਿੰਦੇ ਹਨ ਕਿ ਜਿਸ ਮਨੁੱਖ ਨੇ ਇਸ ਲੋਕ ਵਿਚ ਜਿਤਨੇ ਭੀ ਪੁੰਨ ਕਰਮ ਕੀਤੇ ਹਨ ਉਸ ਦਾ ਫਲ ਉਸਨੂੰ ਸੁਰਗ ਵਿਚ ਉਤਨੇ ਸਾਲ ਹੀ ਰਹਿਣਾ ਪੈਂਦਾ ਹੈ, ਜਿਤਨੇ ਸਾਲਾਂ ਦਾ ਸੁਖ ਉਸਨੂੰ ਮਿਲਿਆ ਹੈ ਉਤਨੇ ਫੁੱਲਾਂ ਦੀ ਮਾਲਾ ਉਸਦੇ ਗਲੇ ਵਿਚ ਪਾਈ ਜਾਂਦੀ ਹੈ, ਉਸਦਾ ਹਰ ਸਾਲ ਮੁੱਕਣ ਤੋਂ ਇਕ ਫੁਲ ਸੁੱਕ ਜਾਂਦਾ ਹੈ, ਇਸ ਤਰ੍ਹਾਂ ਜਿਉਂ ਜਿਉਂ ਫੁੱਲ ਸੁੱਕਦੇ ਡਿੱਗੀ ਜਾਂਦੇ ਹਨ, ਉਸ ਦਾ ਗ਼ਮ, ਚਿੰਤਾ, ਸੋਗ, ਗ਼ਮਗੀਨਤਾ ਵਧਦੀ ਜਾਂਦੀ ਹੈ ਕਿ ਜਦੋਂ ਸਾਰੇ ਫੁੱਲ ਸੁੱਕ ਕੇ ਡਿੱਗ ਪਏ ਉਪ੍ਰੰਤ ਮੈਨੂੰ ਭੀ ਇਥੋਂ ਡੇਗਿਆ ਜਾਵੇਗਾ ਤੇ ਫਿਰ ਉਸੇ ਜੰਮਣ ਮਰਨ ਦੇ ਚੱਕਰ ਵਿਚ ਆਉਂਦੇ ਜਾਂਦੇ ਰਹਿਣਾ ਪਵੇਗਾ।

ਪਰ ਜਦੋਂ ਅਸੀਂ ਨਿਰਪੱਖ ਹੋ ਸਾਰੇ ਸੰਸਾਰ ਭਰ ਦੇ ਮੱਤ ਮਤਾਂਤ੍ਰਾਂ ਦੀ ਹੋਂਦ ਵੱਲ ਤੱਕਦੇ ਹਾਂ ਤਾਂ ਸਾਨੂੰ ਇਹੋ ਬੋਧ ਮਿਲਦਾ ਹੈ ਕਿ ਜਿਥੋਂ ਜਾ ਕੇ ਸਾਰੇ ਮੱਤ ਖਲੋ ਜਾਂਦੇ ਹਨ, ਗੁਰੂ ਦੀ ਮੱਤ ਉਥੋਂ ਅਗੇ ਅਰੰਭ ਹੁੰਦੀ ਹੈ, ਕਿਉਂਕਿ ਗੁਰੂ ਦੀ ਗੁਰਮਤ ਸਾਨੂੰ ਸਿਖ਼ਰਾਂ ਤੇ ਲੈ ਜਾਂਦੀ ਹੈ ਤੇ ਬਾਕੀ ਦੇ ਮੱਤ ਉਰਾਰ ਹੀ ਰਹਿ ਜਾਂਦੇ ਹਨ। ਕਿਉਂਕਿ ਜਿਨ੍ਹਾਂ ਪਾਪ ਪੁੰਨ ਤੇ ਨਰਕ ਸੁਰਗ ਦੀ ਗੱਲ ਪੁਰਾਣ ਕਰਦੇ ਹਨ ਗੁਰਮਤ ਨੇ ਉਨ੍ਹਾਂ ਨੂੰ ਕੇਵਲ ਇਕ ਆਮ ਕਹਾਵਤ ਦਸਿਆ ਹੈ, ਜਿਵੇਂ ਕਿ:

ਪਾਪੁ ਪੁੰਨ ਤਹ ਭਈ ਕਹਾਵਤ ॥
ਕੋਊ ਨਰਕ ਕੋਊ ਸੁਰਗ ਬੰਛਾਵਤ ॥

*(ਸੁਖਮਨੀ, ਪੰਨਾ ੨੯੧)*

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥੧॥

*(ਗਉੜੀ, ਪੰਨਾ ੩੩੭)*

ਕਬੀਰ ਸੁਰਗ ਨਰਕ ਤੇ ਮੈ ਰਹਿਓ
ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ ॥੧੨੦॥

*(ਸਲੋਕ ਕਬੀਰ ਜੀ, ਪੰਨਾ ੧੩੭੦)*

ਭਾਵ ਹੈ ਜੋ ਗੁਰੂ ਦੀ ਦਰਸਾਈ ਹੋਈ ਗੁਰਮਤ ਹੈ, ਉਸ ਮਾਰਗ 'ਤੇ ਸਫ਼ਰ ਕਰਨ ਵਾਲੇ ਜੋ ਗੁਰਮਤੀਏ ਸਿਖ਼ਰਾਂ 'ਤੇ ਜਾ ਪੁਜਦੇ ਹਨ, ਉਨ੍ਹਾਂ ਦੀ ਮਾਨਸਕ ਅਵਸਥਾ ਉਥੇ ਪੁੱਜ ਜਾਂਦੀ ਹੈ ਜਿਥੇ ਪਾਪ ਪੁੰਨ ਤੇ ਨਰਕ ਸੁਰਗ ਦੀ ਹੋਂਦ ਮੁੱਕ ਜਾਂਦੀ ਹੈ ਭਾਵ ਉਨ੍ਹਾਂ ਨੂੰ ਨਾ ਨਰਕ ਦਾ ਡਰ ਅਤੇ ਨਾ ਹੀ ਸੁਰਗ ਵਿਚ ਵੱਸਣ ਦੀ ਵਾਸ਼ਨਾ ਹੀ ਰਹਿੰਦੀ ਹੈ, ਉਹ ਤਾਂ ਸਤਿਗੁਰਾਂ ਦੀ ਕ੍ਰਿਪਾ ਦਾ ਸਦਕਾ ਉਸ ਪ੍ਰਭੂ ਦੇ ਚਰਨਾਂ ਕਮਲਾਂ ਦੀ ਮੌਜ ਵਿਚ ਰਹਿੰਦੇ ਸਦਾ ਜੀਵਨ ਗੁਜ਼ਾਰ ਜਾਂਦੇ ਹਨ, ਉਨ੍ਹਾਂ ਦਾ ਸੰਸਾਰ ਵਿਚ ਆਉਣ ਜਾਣ ਦਾ ਚੱਕ੍ਰ ਭੀ ਸਦਾ ਲਈ ਮੁੱਕ ਜਾਂਦਾ ਹੈ। ਗੁਰੂ ਦੇ ਸੱਚੇ ਮਾਰਗ 'ਤੇ ਚਲ ਕੇ ਜੋ ਰੱਬੀ ਦਰਬਾਰ ਤਕ ਪੁਜ ਗਏ ਹਨ, ਆਖ਼ਰ ਉਨ੍ਹਾਂ ਨੂੰ ਇਉਂ ਹੀ ਕਹਿਣਾ ਪਿਆ ਕਿ ਐ ਭਾਈਓ! ਮੈਂ ਕਬੀਰ ਤਾਂ ਹੁਣ ਏਥੇ ਜਾ ਪੁੱਜਾ ਹਾਂ:

ਅਬ ਤਉ ਜਾਇ ਚਢੇ ਸਿੰਘਾਸਨਿ
ਮਿਲੇ ਹੈ ਸਾਰਿੰਗ ਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥

*(ਰਾਮਕਲੀ, ਪੰਨਾ ੯੬੯)*

## ੧੩. ਸੁਖ ਸਾਗਰ ਕੇਵਲ ਗੁਰੂ ਹੈ

੧. ਸੁਖ ਸਾਗਰ ਗੁਰ ਛਡਿ ਕੈ
ਭਵਜਲ ਅੰਦਰ ਭੰਭਲ ਭੂਸੇ।
੨. ਲਹਰੀਂ ਨਾਲ ਪਛਾੜੀਅਨਿ
ਹਉਮੈਂ ਅਗਨੀ ਅੰਦਰ ਲੂਸੇ।
੩. ਜਮ ਦਰਿ ਬੱਧੇ ਮਾਰੀਅਨਿ
ਜਮਦੂਤਾਂ ਦੇ ਧੱਕੇ ਧੂਸੇ।
੪. ਗੋਇਲ ਵਾਸਾ ਚਾਰਿ ਦਿਨ
ਨਾਉਂ ਧਰਾਇਨਿ ਈਸੇ ਮੂਸੇ।
੫. ਘੱਟ ਨ ਕੋਇ ਅਖਾਇੰਦਾ
ਆਪੋ ਧਾਪੀ ਹੈਰਤ ਹੂਸੇ।
੬. ਸਾਇਰ ਦੇ ਮਰਜੀਵੜੇ
ਕਰਨਿ ਮਜੂਰੀ ਖੇਚਲ ਖੂਸੇ।
੭. ਗੁਰ ਪੂਰੇ ਵਿਣੁ ਡਾਂਗ ਡੰਗੂਸੇ ॥੧੩॥

*ਪਦ ਅਰਥ :* ਭਵਜਲ—ਸੰਸਾਰ ਸਮੁੰਦਰ, ਦੁਖਾਂ ਦਾ ਸਾਗਰ। ਭੰਭਲਭੂਸੇ—ਭਟਕਣਾ। ਲੂਸੇ—ਝੁਲਸਣਾ, ਸੜਨਾ। ਧੱਕੇ ਧੂਸੇ—ਧੱਕਿਆਂ ਨਾਲ ਧਰੂਹੀਦੇ। ਹੈਰਤ ਹੂਸੇ—ਹੈਰਾਨੀ ਭਰੀ ਚਿੰਤਾ। ਡਾਂਗ ਡੰਗੂਸੇ—ਡਾਂਗ ਤੇ ਸੋਟੇ ਦੇ ਸਹਾਰੇ, ਭਾਵ ਲੰਡੇ। ਖੇਚਲ ਖੂਸੇ—ਖੇਚਲਾਂ ਤੇ ਮੁਸ਼ੱਕਤਾਂ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਦੋਂ ਅਸੀਂ ਆਮ ਸੰਸਾਰੀ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਹਰ ਮਨੁੱਖ ਆਪਣੇ ਆਪ ਨੂੰ ਸਦੀਵੀ ਕਾਲ ਸੁਖੀਆ ਵੇਖਣਾ ਚਾਹੁੰਦਾ ਹੈ, ਇਸ ਸੁਖ ਦੀ ਚਾਹਤ ਪੂਰੀ ਕਰਨ ਲਈ ਦਿਨੇ ਰਾਤ ਭੱਜ ਦੌੜ ਭੀ ਕਰਦਾ ਹੈ, ਪਰ ਫਿਰ ਭੀ ਹਰ ਮਨੁੱਖ ਦੁਖ ਵਿਚ ਕਲਪਦਾ ਹੀ ਵੇਖਣ ਵਿਚ ਆਉਂਦਾ ਹੈ, ਕਿਉਂ ਜੀ! ਇਸਦਾ ਅਸਲ ਕਾਰਣ ਤੁਸੀਂ ਕੀ ਮੰਨਦੇ ਹੋ?

ਉ: ਹੇ ਭਾਈਓ! ਇਹ ਠੀਕ ਹੈ ਕਿ ਹਰ ਮਨੁੱਖ ਚਾਹੁੰਦਾ ਤਾਂ ਸਦਾ ਹੀ ਸੁਖ ਹੈ, ਪਰ ਕਰਤੱਬ ਉਹ ਕਰਦਾ ਹੈ ਜਿਸਦਾ ਫਲ ਇਸਨੂੰ ਦੁਖ ਮਿਲੇ, ਇਹ ਸੁਖਾਂ ਦੀ ਪ੍ਰਾਪਤੀ ਲਈ ਆਪਣੀ ਅਕਲ, ਸਿਆਣਪ ਵਰਤਦਾ ਹੈ ਜੋ ਇਸਨੂੰ ਸਦੀਵੀ ਦੁਖਾਂ ਦਾ ਕਾਰਣ ਸਾਬਤ ਹੁੰਦੀ ਹੈ, ਇਹ ਆਪਣੀ ਗ਼ਲਤ ਸੋਚਣੀ ਦੀ ਹੀ ਵਰਤੋਂ ਕਰਦਾ ਹੈ ਕਿ ਮੈਨੂੰ ਵਧੇਰੇ ਧਨ, ਦੌਲਤ, ਮਹਿਲ, ਮਾੜੀਆਂ ਤੇ ਅਟਾਰੀਆਂ ਮਿਲ ਜਾਣ ਤਾਂ ਮੈਂ ਸਦਾ ਸੁਖੀ ਰਹਿ ਸਕਦਾ ਹਾਂ, ਪਰ ਇਸਨੇ ਗੁਰਮਤ ਦੁਆਰੇ ਕਦੀ ਵੀਚਾਰ ਹੀ ਨਹੀਂ ਕੀਤੀ ਕਿ ਜਿਸਨੂੰ ਮੈਂ ਸੁਖਾਂ ਦਾ ਸਾਧਨ ਮੰਨਦਾ ਹਾਂ ਇਹ ਤਾਂ ਦੁਖਾਂ ਦੇ ਭੰਡਾਰੇ ਹਨ, ਇਸੇ ਭਾਵ ਨੂੰ ਗੁਰੂ ਤੇਗ ਬਹਾਦਰ ਜੀ ਬਾਣੀ ਦੁਆਰੇ ਫੁਰਮਾਉਂਦੇ ਹਨ:

ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ ॥੧॥ਰਹਾਉ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ
ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ ॥੧॥

*(ਆਸਾ ਮਹਲਾ ੯, ਪੰਨਾ ੪੧੧)*

ਭਾਵ ਹੈ, ਧਨ ਪ੍ਰਾਪਤੀ ਦੀ ਸੱਧਰ ਪੂਰੀ ਕਰਨ ਲਈ ਲੋਭੀ ਮਨੁੱਖ ਦਰਾਂ ਦਰਾਂ 'ਤੇ ਕੂਕਰ ਦੀ ਨਿਆਈਂ ਭਟਕਦਾ ਫਿਰਦਾ ਧਨੀਆਂ ਦੀ ਸੇਵਾ ਕਰਦਾ ਹੈ। ਪਰ, ਜਿਸ ਰਾਮ ਦੇ ਨਾਮ ਦਾ ਭਜਨ ਕਰਨ ਨਾਲ ਸੁਖ ਮਿਲਣਾ ਹੈ, ਉਹ ਇਸ ਨੂੰ ਸੁੱਧ ਹੀ ਨਹੀਂ। ਸੁੱਖਾਂ ਦੀ ਚਾਹਤ ਰੱਖਣ ਵਾਲਿਆਂ ਲੋਕਾਂ ਲਈ ਗੁਰੂ ਤੇਗ ਬਹਾਦਰ ਜੀ ਨੇ ਇਕ ਸੰਕੇਤ ਕਾਇਮ ਕਰ ਦਿੱਤਾ ਹੈ, ਕਿ ਇਸ ਨਿਯਮ ਨੂੰ ਧਾਰਨ ਕਰਨ ਨਾਲ ਹੀ ਸੁਖ ਪ੍ਰਾਪਤ ਹੋ ਸਕਦਾ ਹੈ, ਜਿਵੇਂ ਕਿ:

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥

*(ਸਲੋਕ ਮ: ੯, ਪੰਨਾ ੧੪੨੭)*

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥

*(ਗਉੜੀ ਮ: ੫, ਪੰਨਾ ੨੧੦)*

ਸੁਖੁ ਨਾਹੀ ਬਹੁਤੈ ਧਨਿ ਖਾਟੇ ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥
ਸੁਖੁ ਨਾਹੀ ਬਹੁ ਦੇਸ ਕਮਾਏ ॥
ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥

*(ਭੈਰਉ ਮ: ੫, ਪੰਨਾ ੧੧੪੭)*

ਇਸ ਤਰ੍ਹਾਂ ਜਦੋਂ ਸਮੱਗਰ ਗੁਰਬਾਣੀ ਦੀ ਵੀਚਾਰ ਕਰੀਏ ਤਾਂ ਸੁਖਾਂ ਦੀ ਪ੍ਰਾਪਤੀ ਦਾ ਸਾਧਨ ਕੇਵਲ ਸੁਖਾਂ ਦਾ ਸਾਗਰ ਗੁਰੂ ਜਾਂ ਗੁਰੂ ਦਾ ਬਖ਼ਸ਼ਿਆ ਹਰੀ ਦਾ ਨਾਮ ਹੀ ਹੈ, ਜਿਵੇਂ ਕਿ ਬਾਣੀ ਵਿਚ ਕਈ ਥਾਵਾਂ 'ਤੇ ਹੁਕਮ ਆਇਆ ਹੈ:

ਸੁਖ ਦਾਤਾ ਹਰਿ ਏਕੁ ਹੈ ਹੋਰਥੈ ਸੁਖੁ ਨ ਪਾਹਿ॥
ਸਤਿਗੁਰੁ ਜਿਨੀ ਨ ਸੇਵਿਆ ਦਾਤਾ
ਸੇ ਅੰਤਿ ਗਏ ਪਛੁਤਾਹਿ॥੩॥

*(ਭੈਰਉ ਮ: ੩, ਪੰਨਾ ੧੧੩੨)*

ਸੁਖ ਦਾਤਾ ਗੁਰੁ ਸੇਵੀਐ
ਸਭਿ ਅਵਗਣ ਕਢੈ ਧੋਇ॥੨॥

*(ਸ੍ਰੀ ਰਾਗੁ ਮ: ੫, ਪੰਨਾ ੪੩)*

ਸੁਖ ਦਾਤਾ ਦੁਖੁ ਮੇਟਣਹਾਰਾ॥
ਅਵਰੁ ਨ ਸੂਝਸਿ ਬੀਜੀ ਕਾਰਾ॥

*(ਪ੍ਰਭਾਤੀ ਮ: ੧, ਪੰਨਾ ੧੩੪੩)*

ਸੁਖ ਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ॥੩॥

*(ਸ੍ਰੀ ਰਾਗੁ ਮ: ੧, ਪੰਨਾ ੫੯)*

ਸੁਖ ਦਾਤਾ ਭੈ ਭੰਜਨੋ ਤਿਸੁ
ਆਗੈ ਕਰਿ ਅਰਦਾਸਿ॥
ਮਿਹਰ ਕਰੇ ਜਿਸੁ ਮਿਹਰਵਾਨੁ
ਤਾਂ ਕਾਰਜੁ ਆਵੈ ਰਾਸਿ॥੩॥ *(ਸ੍ਰੀ ਰਾਗੁ ਮ: ੫, ਪੰਨਾ ੪੪)*

ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ॥

*(ਪਉੜੀ, ਪੰਨਾ ੩੧੯)*

ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ॥
ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ॥

*(ਮਾਰੂ ਮ: ੪, ਪੰਨਾ ੯੯੮)*

ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ॥
ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ॥

*(ਸ੍ਰੀ ਰਾਗੁ ਮ: ੩, ਪੰਨਾ ੨੯)*

ਸੁਖ ਸਾਗਰ ਗੋਬਿੰਦ ਸਿਮਰਣੁ
ਭਗਤ ਗਾਵਹਿ ਗੁਣ ਤੇਰੇ ਰਾਮ॥
ਅਨਦ ਮੰਗਲ ਗੁਰ ਚਰਣੀ ਲਾਗੇ
ਪਾਇ ਸੂਖ ਘਨੇਰੇ ਰਾਮ॥

*(ਰਾਮਕਲੀ ਮ: ੫, ਪੰਨਾ ੯੨੫)*

ਸੁਖ ਸਾਗਰੁ ਗੁਰੁ ਪਾਇਆ॥
ਤਾ ਸਹਸਾ ਸਗਲ ਮਿਟਾਇਆ॥੧॥

*(ਸੋਰਠਿ ਮ: ੫, ਪੰਨਾ ੬੨੬)*

ਸੁਖ ਸਾਗਰ ਪ੍ਰੀਤਮ ਮਿਲੇ ਉਪਜੇ ਮਹਾ ਅਨੰਦ॥
ਕਹੁ ਨਾਨਕ ਸਭ ਦੁਖ ਮਿਟੇ ਪ੍ਰਭ ਭੇਟੇ ਪਰਮਾਨੰਦ॥੮॥

*(ਆਸਾ ਮ: ੫, ਪੰਨਾ ੪੩੧)*

ਸੁਖ ਸਾਗਰ ਮੇਰੇ ਗੁਰ ਗੋਪਾਲਾ॥
ਕਰਿ ਕਿਰਪਾ ਨਾਨਕੁ ਗੁਣ ਗਾਵੈ
ਰਾਖਹੁ ਸਰਮ ਅਸਾੜੀ ਜੀਉ॥੪॥

*(ਮਾਝ ਮ: ੫, ਪੰਨਾ ੧੦੫)*

ਇਸ ਤਰ੍ਹਾਂ ਹੋਰ ਭੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦੀ ਪੜਚੋਲ ਕਰਦਿਆਂ ਮਨੁੱਖ ਨੂੰ ਬਾਰ ਬਾਰ ਇਹੋ ਹੀ ਪ੍ਰੇਰਨਾ ਮਿਲਦੀ ਹੈ ਕਿ ਸੁਖਾਂ ਦੇ ਸਾਗਰ ਗੁਰੂ ਦੇ ਬਖ਼ਸ਼ੇ ਹੋਏ ਉਸ ਪ੍ਰਮੇਸ਼ਰ ਦੇ ਨਾਮ ਨੂੰ ਹਿਰਦੇ ਅੰਦਰ ਧਾਰਨ ਕੀਤੇ ਬਿਨਾਂ ਅੱਜ ਤਕ ਕਿਸੇ ਭੀ ਵੱਡੇ ਤੋਂ ਵੱਡੇ ਧਨਪਤੀ ਨੂੰ ਨਾ ਹੀ ਸੁਖ ਪ੍ਰਾਪਤ ਹੋਇਆ ਹੈ ਅਤੇ ਨਾ ਹੀ ਅਗੇ ਲਈ ਹਾਸਲ ਹੋ ਸਕਦਾ ਹੈ। ਪਰ ਜਦੋਂ ਕਲਜੁਗੀ ਜੀਵਾਂ ਦੀ ਟੇਡੀ ਕਿਰਤ ਵੱਲ ਤੱਕਦੇ ਹਾਂ ਤਾਂ ਇਹੋ ਨਜ਼ਰ ਆਉਂਦਾ ਹੈ ਕਿ ਵਧੇਰੇ ਲੋਕ ਸੁਖਾਂ ਦੇ ਸਾਗਰ ਗੁਰੂ ਨੂੰ ਛੱਡ ਕੇ ਦੇਵੀ ਦੇਵਤਿਆਂ ਦੀ ਉਪਾਸਨਾ ਵਿਚ ਮਗਨ ਹੋਏ ਸਦਾ ਭਵਜਲ ਅੰਦਰ ਹੀ ਭਟਕਦੇ ਰਹਿੰਦੇ ਹਨ। ਸੋ, ਮੈਂ ਭੀ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਵੇਂ ਕਿ :

(੧) (ਵੇਖਦੇ ਹਾਂ ਕਿ) ਅਗਿਆਨੀ ਲੋਕ (ਗੁਰੂ ਨਾਨਕ ਦਾ ਘਰ) ਜੋ ਕਿ ਸੁਖਾਂ ਦਾ ਸੁਮੰਦਰ ਹੈ, ਉਸਨੂੰ ਛੱਡ ਕੇ ਸੰਸਾਰ ਦੇ (ਡਰ ਤੇ ਭਰਮਾਂ ਦੇ) ਸਮੁੰਦਰ ਵਿਚ ਡਕੋ ਡੋਲੇ ਖਾਂਦੇ ਭਟਕ ਰਹੇ ਹਨ।

(੨) (ਗ਼ਮਾਂ ਤੇ ਸੋਗਾਂ ਦੀਆਂ) ਲਹਿਰਾਂ ਨਾਲ ਪਛਾੜੀਦੇ ਹਨ ਤੇ ਹਉਮੈ ਦੀ ਅਗਨੀ ਵਿਚ ਲੂਸਦੇ ਜਾਂਦੇ ਹਨ।

(੩) (ਉਹ) ਜਮਾਂ ਦੇ ਦਰ 'ਤੇ ਖੜੇ ਕਰਕੇ ਮਾਰੇ ਜਾਂਦੇ ਹਨ ਤੇ ਧੱਕੇ ਮਾਰ ਮਾਰ, ਧੂਹ ਧੂਹ, ਅਗੇ ਮਾਰ ਵਾਲੀ ਥਾਂ ਲਿਜਾਏ ਜਾ ਰਹੇ ਹਨ।

(੪) (ਪਰ ਉਨ੍ਹਾਂ ਨੇ ਕਦੀ ਇਹ ਸੋਚਿਆ ਹੀ ਨਹੀਂ ਕਿ ਇਹ) ਸੰਸਾਰ ਤਾਂ ਚਾਰ ਦਿਨਾਂ ਦਾ, ਝੌਂਪੜੀਆਂ ਵਿਚ ਰਹਿਣ ਵਾਲਿਆਂ ਵਾਂਗ ਵਸੇਬਾ ਹੈ, ਪਰ (ਮੂਰਖ ਲੋਕ) ਵੱਡੇ ਬਣਦੇ ਹਨ ਤੇ ਵੱਡੇ ਵੱਡੇ ਨਾਮ ਈਸਾ ਮੂਸਾ ਧਰਾਉਂਦੇ ਫਿਰਦੇ ਹਨ।

(੫) (ਵੇਖਦੇ ਹਾਂ ਕਿ) ਆਪਣੇ ਆਪ ਨੂੰ ਘੱਟ ਕੋਈ ਨਹੀਂ ਅਖਵਾਉਂਦਾ, ਸਭ ਆਪੋ ਆਪਣੀ (ਕੁਝ ਬਣਨ ਤੇ ਕੁਝ ਪ੍ਰਾਪਤ ਕਰਨ ਦੀ) ਹੈਰਾਨੀ ਵਿਚ ਹੀ ਹਾਰ ਹੁੱਟ ਗਏ ਹਨ।

(੬) ਸਮੁੰਦਰ ਦੇ ਮਰਜੀਵੜਿਆਂ ਵਾਂਗ, ਮਜੂਰੀਆਂ ਦੀਆਂ ਖੇਚਲਾਂ ਵਿਚ ਹੀ ਖੁਸ (ਟੁੱਟ ਹਾਰ) ਜਾਂਦੇ ਹਨ।

(੭) (ਪਰ) ਗੁਰ ਪੂਰੇ ਬਿਨਾ ਸਭ ਡੰਗੋ ਡੰਗੀ ਵਾਲੀ ਹਾਲਤ, ਜਾਂ ਡਾਂਗ ਸੋਟੇ ਦੇ ਸਹਾਰੇ ਬਿਨਾ, ਨ ਚੱਲ ਸੱਕਣ ਵਾਲੇ ਹੀ ਬਣ ਰਹੇ।੧੩।

*ਭਾਵਾਰਥ :* ਜਦੋਂ ਪੁਰਾਤਨ ਹੋ ਗੁਜਰੇ ਧਨਵੰਤਾਂ ਵਲ ਨਜ਼ਰ ਮਾਰਦੇ ਹਾਂ ਤਾਂ ਪੁਰਾਤਨ ਇਤਿਹਾਸ ਉਗਾਹੀ ਭਰਦਾ ਹੈ ਕਿ ਕਾਰੂ ਜੈਸੇ ਲੋਕ ਜਿਨ੍ਹਾਂ ਨੇ ਮੁਰਦਿਆਂ ਦੇ ਮੂੰਹਾਂ ਵਿਚੋਂ ਟਕੇ ਕਢਵਾ ਕੇ ਚਾਲੀ ਗੰਜ ਜੋੜੇ, ਜਿਸਨੂੰ ਆਖ਼ਰ ਹੈਰਾਨ ਤੇ ਪਰੇਸ਼ਾਨ ਹੀ ਹੋਣਾ ਪਿਆ, ਜਿਵੇਂ ਕਿ :

ਚਾਲੀ ਗੰਜ ਜੋੜ ਰਖਿਓ ਨ ਇਮਾਨ॥
ਦੇਖੋ ਰੇ ਲੋਕੋ ਕਾਰੂ ਹੋਇਆ ਪਰੇਸ਼ਾਨ॥

ਇਸੇ ਤਰ੍ਹਾਂ ਪਤਾ ਨਹੀਂ ਸਿਕੰਦਰ ਨੇ ਲੱਖਾਂ ਲੋਕਾਂ ਨੂੰ ਵਿਲਕਾ ਵਿਲਕਾ ਕੇ ਮਾਰਿਆ ਅਤੇ ਹੀਰੇ ਜਵਾਹਰਾਤਾਂ ਦੇ ਖ਼ਜ਼ਾਨੇ ਭਰ ਲਏ ਪਰ ਮਰਨ ਵੇਲੇ ਕਹਿ ਰਿਹਾ ਸੀ ਕਿ ਮੇਰਾ ਜਨਾਜਾ ਲੈ ਜਾਣ ਸਮੇਂ ਮੇਰੇ ਹੱਥ ਕਫਨ ਤੋਂ ਬਾਹਰ ਰੱਖਣੇ ਕਿਉਂਕਿ ਲੋਕ ਵੇਖ ਲੈਣ ਕਿ ਜਿਸ ਦੌਲਤ ਲਈ ਮੈਂ ਇਤਨੇ ਜੁਲਮ ਕੀਤੇ ਸਨ ਉਸਨੂੰ ਇਥੇ ਹੀ ਛੱਡ ਕੇ ਖ਼ਾਲੀ ਹੱਥ ਜਾ ਰਿਹਾ ਹਾਂ।

ਇਸੇ ਤਰ੍ਹਾਂ ਈਸਾ ਕਹਿੰਦਾ ਸੀ ਕਿ ਮੈਂ ਹੀ ਸੰਸਾਰ ਦਾ ਰਸਤਾ ਹਾਂ ਤੇ ਮੂਸਾ ਕਹਿੰਦਾ ਸੀ ਕਿ ਮੈਂ ਹੀ ਰੱਬ ਨਾਲ ਗੱਲਾਂ ਕਰਦਾ ਹਾਂ। ਪਰ ਜੇ ਕਦੀ ਇਨ੍ਹਾਂ ਨੂੰ ਸੁਖਾਂ ਦੇ ਸਾਗਰ ਗੁਰ-ਦੁਆਰੇ ਨਾਮ ਦੀ ਦਾਤ ਪ੍ਰਾਪਤ ਹੋ ਜਾਂਦੀ ਤਾਂ ਇਨ੍ਹਾਂ ਦੇ ਅੰਦਰੋਂ ਹਉਮੈ ਦੀ ਕਾਈ ਦੂਰ ਹੋ ਜਾਂਦੀ ਜਿਸ ਦਾ ਸਦਕਾ ਮਨੁੱਖ ਨੂੰ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ। ਇਸ ਲਈ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਹਰ ਮਨੁੱਖ ਮਾਤ੍ਰ ਨੂੰ ਸੁਖਾਂ ਦੇ ਸਾਗਰ ਗੁਰੂ ਦੀ ਸ਼ਰਨ ਪ੍ਰਾਪਤ ਕਰਨੀ ਚਾਹੀਦੀ ਹੈ, ਜਿਸ ਦਾ ਸਦਕਾ ਮਨੁੱਖ ਨੂੰ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ।

## ੧੪. ਸੱਚੀ ਚਿੰਤਾਮਣੀ ਕੇਵਲ ਗੁਰੂ ਹੈ

੧. ਚਿੰਤਾਮਣਿ ਗੁਰੁ ਛਡਿ ਕੈ
ਚਿੰਤਾਮਣਿ ਚਿੰਤਾ ਨ ਗਵਾਏ।
੨. ਚਿੰਤਾਵਣੀਆਂ ਲੱਖ ਰਾਤਿ ਦਿਹੁ
ਤ੍ਰਾਸ ਨ ਤ੍ਰਿਸ਼ਨਾ ਅਗਨਿ ਬੁਝਾਏ।
੩. ਸੁਇਨਾ ਰੁਪਾ ਅੱਗਲਾ
ਮਾਣਕ ਮੋਤੀ ਅੰਗ ਹੰਢਾਏ।
੪. ਪਾਟ ਪਟੰਬਰ ਪੈਨ੍ਹ ਕੇ
ਚੋਆ ਚੰਦਨ ਮਹ ਮਹਿਕਾਏ।
੫. ਹਾਥੀ ਘੋੜੇ ਪਾਖਰੇ
ਮਹਿਲ ਬਗੀਚੇ ਸੁਫਲ ਫਲਾਏ।
੬. ਸੁੰਦਰ ਨਾਰੀ ਸੇਜ ਸੁਖ
ਮਾਯਾ ਮੋਹ ਧੋਹ ਲਪਟਾਏ।
੭. ਬਲਦੀ ਅੰਦਰ ਤੇਲ ਜਿਉਂ
ਆਸਾ ਮਨਸਾ ਦੁੱਖਿ ਵਿਹਾਏ।
੮. ਗੁਰ ਪੂਰੇ ਵਿਣ ਜਮ ਪੁਰਿ ਜਾਏ ॥੧੪॥

*ਪਦ ਅਰਥ :* ਚਿੰਤਾਮਣਿ—ਚਿਤਵਨੀ ਅਨੁਸਾਰ ਫਲ ਦੇਣ ਵਾਲੀ। ਤ੍ਰਾਸ—ਡਰ, ਭੈ। ਅੱਗਲਾ—ਬਹੁਤ ਹੀ, ਅਗਾਹਾਂ ਤੋਂ ਅਗਾਹਾਂ ਦਾ। ਮਹ ਮਹਿਕਾਏ—ਮਹਿਕ ਮਹਿਕਾਉਣੀ, ਧਰਤੀ ਸੁਗੰਧਤ ਕਰ ਦੇਵੇ। ਪਾਖਰੇ—ਕਾਠੀਆਂ ਵਾਲੇ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਸੀਨੇ-ਬ-ਸੀਨੇ ਇਹ ਵਾਰਤਾ ਸੁਣਦੇ ਆ ਰਹੇ ਹਾਂ ਕਿ ਕੋਈ ਚਿੰਤਾਮਣੀ ਨਾਮ ਦਾ ਇਕ ਪੱਥਰ ਹੈ, ਇਹ ਜਿਸ ਪਾਸ ਹੋਵੇ ਉਸਦੀ ਸਾਰੀ ਚਿੰਤਾ ਮਿਟ ਜਾਂਦੀ ਹੈ। ਕਿਉਂ ਜੀ! ਦਸੋਗੇ ਕਿ ਬਾਣੀ ਦੁਆਰੇ ਆਪ ਜੀ ਨੇ ਇਸ ਬਾਰੇ ਕੀ ਬੋਧ ਹਾਸਲ ਕੀਤਾ ਹੈ ਤਾਂ ਕਿ ਸਾਨੂੰ ਭੀ ਜਾਣਕਾਰੀ ਹੋ ਸਕੇ ?

ਉ: ਹੇ ਭਾਈਓ! ਇਹ ਠੀਕ ਹੈ ਕਿ ਮੈਨੂੰ ਸਨਾਤਨ ਮੱਤ ਦੇ ਪੁਰਾਤਨ ਪੁਸਤਕਾਂ ਦੇ ਪੜ੍ਹਨ ਸੁਣਨ ਦਾ ਅਵਸਰ ਜ਼ਰੂਰ ਮਿਲਿਆ ਹੈ, ਜਿਥੇ ਉਨ੍ਹਾਂ ਵਿਚੋਂ ਨੌਂ ਨਿਧਾਂ, ਅਠਾਰਾਂ ਸਿੱਧੀਆਂ ਅਤੇ ਚੌਦਾਂ ਰਤਨਾਂ ਦਾ ਜਿਕਰ ਆਉਂਦਾ ਹੈ ਉਥੇ ਚਿੰਤਾਮਣੀ ਬਾਰੇ ਭੀ ਜਾਣਕਾਰੀ ਦਿਤੀ ਹੈ ਕਿ ਇਹ ਇਕ ਕਲਪਿਤ ਰਤਨ, ਭਾਵ ਪੱਥਰ ਮੰਨਿਆ ਹੈ ਇਸ ਬਾਰੇ ਇਹ ਭੀ ਕਿਹਾ ਜਾਂਦਾ ਹੈ ਕਿ ਇਸ ਤੋਂ ਜੋ ਕਾਮਨਾ ਕਰੋ ਉਹ ਪੂਰੀ ਹੋ ਜਾਂਦੀ ਹੈ ਇਸਨੂੰ ਚਿੰਤਾ ਪੂਰਨ ਕਰਨ ਵਾਲਾ ਮੰਨਿਆ ਹੈ। ਪਰ ਜਦੋਂ ਇਸ ਸਨਾਤਨ ਵੀਚਾਰਧਾਰਾ ਨੂੰ ਗੁਰਮਤ ਸਿਧਾਂਤ ਨਾਲ ਪਰਖੀਏ ਤਾਂ ਇਸਦਾ ਤਾਲਮੇਲ ਗੁਰਮਤ ਨਾਲ ਵਾਰਾ ਨਹੀ ਖਾਦਾ ਕਿਉਂਕਿ ਗੁਰਮਤ ਦੀ ਵੀਚਾਰਧਾਰਾ

ਉਥੋਂ ਅਡੋ ਅਰੰਭ ਹੁੰਦੀ ਹੈ ਜਿਥੇ ਸਾਰੇ ਸੰਸਾਰ ਦੇ ਮੱਤ ਜਾ ਕੇ ਰੁੱਕ ਜਾਂਦੇ ਹਨ, ਇਹ ਜੋ ਹਿੰਦੂ ਸਨਾਤਨ ਮੱਤ ਚਿੰਤਾਮਣੀ ਬਾਰੇ ਇਹ ਕਹਿੰਦਾ ਹੈ ਕਿ ਇਹ ਸਾਰੀਆਂ ਚਿੰਤਾਵਾਂ ਨੂੰ ਦੂਰ ਕਰਦਾ ਹੈ ਇਸ ਖ਼ਿਆਲ ਨਾਲ ਗੁਰੂ ਦੀ ਗੁਰਮਤ ਸਹਿਮਤ ਨਹੀਂ ਕਿਉਂਕਿ ਗੁਰਬਾਣੀ ਤਾਂ ਇਹ ਕਹਿੰਦੀ ਹੈ ਕਿ :

ਚਿੰਤਤ ਹੀ ਦੀਸੈ ਸਭੁ ਕੋਇ ॥
ਚੇਤਹਿ ਏਕੁ ਤਹੀ ਸੁਖੁ ਹੋਇ ॥
ਚਿਤਿ ਵਸੈ ਰਾਚੈ ਹਰਿ ਨਾਇ ॥
ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥੨੩॥

*(ਰਾਮਕਲੀ ਮ: ੧, ਪੰਨਾ ੯੩੨)*

ਭਾਵ ਸਾਰਾ ਸੰਸਾਰ ਹੀ ਚਿੰਤਾ ਵਿਚ ਗ੍ਰਸਿਆ ਵੇਖਣ ਵਿਚ ਆਉਂਦਾ ਹੈ ਪਰ ਜੋ, ਇਕ ਪ੍ਰਮੇਸ਼ਰ ਦਾ ਚਿੰਤਨ ਕਰਦਾ ਹੈ ਸੁਖ ਦੀ ਪ੍ਰਾਪਤੀ ਉਸੇ ਨੂੰ ਹੀ ਹੁੰਦੀ ਹੈ ਉਹੀ ਸੰਸਾਰ ਦੀਆਂ ਚਿੰਤਾ ਵਲੋਂ ਅਚਿੰਤ ਹੋ ਇੱਜਤ ਨਾਲ ਆਪਣੇ ਸ੍ਵੈ-ਸਰੂਪ ਦੇ ਘਰ ਵਿਚ ਜਾ ਪੁੱਜਦਾ ਹੈ। ਪਰ ਸਹੀ ਚਿੰਤਾਮਣੀ ਕੌਣ ਹੈ ? ਉਸਦਾ ਜਿਕਰ ਭੀ ਬਾਣੀ ਵਿਚ ਇਉਂ ਆਇਆ ਹੈ, ਜਿਵੇਂ ਕਿ :

ਚਿੰਤਾਮਣਿ ਕਰੁਣਾ ਮਏ ॥੧॥ਰਹਾਉ॥
ਦੀਨ ਦਇਆਲਾ ਪਾਰਬ੍ਰਹਮ ॥
ਜਾ ਕੈ ਸਿਮਰਣਿ ਸੁਖ ਭਏ ॥੧॥

*(ਗਉੜੀ ਮ: ੫, ਪੰਨਾ ੨੧੨)*

ਭਾਵ ਹੈ ਅਸਲੀ ਚਿੰਤਾਮਣੀ ਕ੍ਰਿਪਾਲੂ ਸਰੂਪ ਦੀਨ ਦਇਆਲ ਪਾਰਬ੍ਰਹਮ ਹੈ ਜਿਸਦੇ ਸਿਮਰਨ ਦਾ ਸਦਕਾ ਸਾਰੇ ਸੁਖ ਪ੍ਰਾਪਤ ਹੁੰਦੇ ਹਨ। ਉਸਦਾ ਸਿਮਰਨ ਕਰਦਿਆਂ ਕਦੀ ਉੱਕਾ ਹੀ ਚਿੰਤਾ ਨਹੀਂ ਹੁੰਦੀ, ਜਿਵੇਂ ਕਿ :

ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥
ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥

*(ਸਲੋਕ ਮ: ੩, ਪੰਨਾ ੫੮੭)*

ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ ॥
ਗੁਰ ਪ੍ਰਸਾਦੀ ਬੁਝੀਐ ਸਾ ਧਨ ਸੁਤੀ ਨਿਚਿੰਦ ॥

*(ਸਲੋਕ ਮ: ੩, ਪੰਨਾ ੧੪੧੫)*

ਚਿੰਤਾ ਰੋਗੁ ਗਈ ਹਉ ਪੀੜਾ
ਆਪਿ ਕਰੇ ਪ੍ਰਤਿਪਾਲਾ ਜੀਉ ॥੨॥

*(ਮਾਝ ਮ: ੫, ਪੰਨਾ ੯੯)*

ਆਜੁ ਹਮਾਰੈ ਮਹਾ ਅਨੰਦੁ ॥
ਚਿੰਤ ਲਥੀ ਭੇਟੇ ਗੋਬਿੰਦ ॥੧॥

*(ਬਸੰਤੁ ਮ: ੫, ਪੰਨਾ ੧੧੮੦)*

ਇਸ ਤੋਂ ਆਦਿ ਬਾਣੀ ਵਿਚੋ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਮਨੁੱਖ ਦੀਆਂ ਸਾਰੀਆਂ ਚਿੰਤਾ ਦੂਰ ਕਰਨ ਵਾਲਾ ਇਕ ਗੁਰੂ ਜਾਂ ਗੁਰੂ ਦਾ ਬਖ਼ਸ਼ਿਆ ਹਰੀ ਦਾ ਨਾਮ ਹੈ, ਪਰ ਮਨੁੱਖ ਦੇ ਮਨ ਵਿਚ ਇਹ ਗ਼ਲਤ ਸੰਸਕਾਰ ਉੱਕਰਿਆ ਹੋਇਆ ਵੇਖਣ ਵਿਚ ਆਉਂਦਾ ਹੈ ਕਿ ਇਹ ਸੰਸਾਰ ਦੇ ਵਧੇਰੇ ਮਾਇਕੀ ਪਦਾਰਥਾਂ ਨੂੰ ਪ੍ਰਾਪਤ ਕਰਕੇ ਆਪਣੇ ਆਪ ਨੂੰ ਅਚਿੰਤ ਵੇਖਣਾ ਚਾਹੁੰਦਾ ਹੈ, ਇਸੇ ਵਾਸ਼ਨਾ ਦੀ ਪੂਰਤੀ ਲਈ ਚਿੰਤਾਮਣੀ ਆਦਿ ਕਲਪਿਤ ਪੱਥਰਾ ਦਾ ਆਸਰਾ ਲੈਂਦਾ ਹੈ, ਪਰ ਸੱਚੀ ਚਿੰਤਾਮਣੀ ਗੁਰੂ ਨੂੰ ਛੱਡ ਕੇ ਚਿੰਤਾ ਦੇ ਵੇਗ ਵਿਚ ਵਹਿੰਦਾ ਜਾ ਰਿਹਾ ਹੈ, ਅਜਿਹੇ ਚਿੰਤਾਤੁਰ ਲੋਕਾਂ ਵੱਲ ਤੱਕ ਕੇ ਮੈਂ ਇਸ ਪਉੜੀ ਦੀਆ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ ਕਿ :

(੧) (ਇਹ ਸਾਡੇ ਵੇਖਣ ਵਿਚ ਆਮ ਹੀ ਆਉਂਦਾ ਹੈ ਕਿ ਮਨਮੁਖ ਨੇ ਪੂਰੇ) ਗੁਰੂ ਰੂਪ ਚਿੰਤਾਮਣੀ ਨੂੰ ਛੱਡ ਤਾਂ ਦਿਤਾ, (ਪਰ ਚਿੰਤਾ ਨੂੰ ਦੂਰ ਕਰਨ ਵਾਲੀ ਪੱਥਰ ਵਰਗੀ ਮਣੀ ਦੇ ਮਗਰ ਲੱਗਾ ਰਿਹਾ) ਪਰ ਚਿੰਤਾ ਦੂਰ ਨ ਹੋਈਆਂ, (ਕਿਉਂਕਿ) ਚਿੰਤਾਮਣੀ ਚਿੱਤ ਦੀ ਚਿੰਤਾ ਨਹੀਂ ਹਟਾਉਂਦੀ।

(੨) (ਵੇਖਣ ਵਿਚ ਆਉਂਦਾ ਹੈ ਕਿ ਮਨੁੱਖ ਦੇ ਮਨ ਵਿਚ) ਲੱਖਾਂ ਹੀ ਚਿੰਤਾਵਾਂ ਰਾਤ ਦਿਨੇ ਉਪਜਦੀਆਂ ਹਨ। ਪਰ ਚਿੰਤਾਮਣੀ ਨਾ ਡਰ ਦੂਰ ਕਰਦੀ ਹੈ ਤੇ ਨਾ ਪਦਾਰਥਾਂ ਦੀ ਤ੍ਰਿਸ਼ਨਾ ਦੀ ਅੱਗ ਨੂੰ ਹੀ ਬੁਝਾਉਂਦੀ ਹੈ।

(੩) (ਇਸ ਅੱਗ ਨੂੰ ਬੁਝਾਉਣ ਲਈ) ਸੋਨੇ ਚਾਂਦੀ ਨੂੰ ਅਗਲੇ ਸਮੇਂ ਲਈ ਜਮ੍ਹਾ ਕਰਦਾ ਹੈ ਕਿ ਸੁਖ ਲਵਾਂਗਾ, ਮੋਤੀ ਤੇ ਹੀਰੇ ਸਰੀਰ ਤੇ (ਸਜਾ ਕੇ, ਉਨ੍ਹਾਂ ਨੂੰ) ਹੰਢਾਉਂਦਾ ਹੈ।

(੪) ਰੇਸ਼ਮ ਦੇ ਕੱਪੜੇ ਪਹਿਨਦਾ ਤੇ ਸੁਗੰਧੀਆਂ ਨਾਲ (ਛਿੜਕਾ ਕੇ) ਸਭ ਪਾਸੇ ਮਹਿਕ ਹੀ ਮਹਿਕ ਕਰ ਦਿੰਦਾ ਹੈ।

(੫) (ਇਥੇ ਹੀ ਬੱਸ ਨਹੀਂ) ਹਾਥੀ ਘੋੜੇ ਸਾਜਾਂ ਸਮੇਤ, ਮਹਿਲ ਤੇ ਬਗੀਚਿਆਂ ਦੇ ਵਡੇ ਫਲਾਂ ਵਾਲੇ ਸੁਖ ਮਾਣਦਾ ਹੈ।

(੬) ਸੁੰਦਰ ਨਾਰੀਆਂ ਦੀਆਂ ਸੇਜਾ ਦੇ ਸੁਖ (ਭੋਗ, ਵਿਸ਼ੇ ਵਿਕਾਰ) ਤੇ ਮਾਇਆ ਦੇ ਮੋਹ ਨਾਲ (ਭਾਵ ਇਹ ਸੁਖ ਜੀਵਨ ਨੂੰ ਧੋਖਾ ਦੇਣ ਵਾਲੇ ਹਨ, ਪਰ ਮਨੁੱਖ ਇਨ੍ਹਾਂ ਵਿਚ ਰਚ ਕੇ) ਲਿਪਟ ਜਾਂਦਾ ਹੈ।

(੭) (ਵੇਖਣ ਵਿਚ ਇਹੋ ਹੀ ਆਉਂਦਾ ਹੈ ਕਿ) ਬਲਦੀ ਉਤੇ ਤੇਲ ਪਾਉਣ ਵਾਂਗ, ਜਿੰਨੇ ਵਧੀਕ ਮਾਇਆ ਦੇ ਸੁਖ ਮਿਲਦੇ ਹਨ ਉਤਨੀ ਹੀ ਸੁਖ ਲੈਣ ਦੀ ਆਸਾ ਅਗਨੀ

ਵਾਂਗ ਭਾਂਬੜ ਬਣ ਕੇ ਹੋਰ ਵਧਦੀ ਜਾਂਦੀ ਹੈ ਤੇ ਮਨਮੁਖ ਦੁਖ ਹੀ ਵਿਹਾਝੀ ਜਾਂਦੇ ਹਨ।

(੮) ਮਨਮੁਖ ਪੂਰੇ ਗੁਰੂ ਦੀ ਸ਼ਰਨ ਲੈਣ ਤੋਂ ਬਿਨਾਂ (ਆਖ਼ਰ) ਅੰਤ ਨੂੰ ਜਮਪੁਰੀ ਵਿਚ ਜਾਂਦੇ ਹਨ।੧੪।

***ਭਾਵਾਰਥ :*** ਮਨੁੱਖ ਦਾ ਤ੍ਰਿਸ਼ਨਾਲੂ ਮਨ ਸੰਸਾਰ ਦੇ ਵਧੇਰੇ ਪਦਾਰਥਾਂ ਦੀ ਚਾਹਤ ਪੂਰੀ ਕਰਨ ਲਈ ਚਿੰਤਾਮਣੀ ਜੈਸੇ ਪੱਥਰਾਂ ਦਾ ਆਸਰਾ ਲੈ ਕੇ ਬਹੁਤੇ ਮਾਇਕੀ ਭੋਗਾਂ ਨੂੰ ਭੋਗ ਕੇ ਆਪਣੇ ਆਪ ਨੂੰ ਅਚਿੰਤ ਤੇ ਸੁਖੀਆ ਹੋਣ ਦੀ ਇੱਛਾ ਕਰਦਾ ਹੈ, ਪਰ ਇਸ ਦੀ ਇਹ ਵਾਸ਼ਨਾ ਇਸਨੂੰ ਸੁਖੀ ਨਹੀਂ ਸਗੋਂ ਚਿੰਤਾਤੁਰ ਤੇ ਦੁਖੀਆ, ਰੋਗਾਂ ਦਾ ਕਾਰਣ ਬਣਦੀ ਹੈ ਇਸ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਬਾਰ ਬਾਰ ਦ੍ਰਿੜ੍ਹ ਕਰਵਾਇਆ ਹੈ, ਜਿਵੇਂ ਕਿ :

ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ॥
ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥੨॥

*(ਮ: ੧, ਪੰਨਾ ੧੨੮੭)*

ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ॥
ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ॥੨॥

*(ਆਸਾ ਮ: ੫, ਪੰਨਾ ੩੯੮)*

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥
ਭੋਗਹੁ ਰੋਗ ਸੁ ਅੰਤਿ ਵਿਗੋਵੈ॥

*(ਮਾਰੂ ਮ: ੧, ਪੰਨਾ ੧੦੩੪)*

ਭੋਗੀ ਕਉ ਦੁਖੁ ਰੋਗ ਵਿਆਪੈ॥

*(ਬਸੰਤੁ ਮ: ੧, ਪੰਨਾ ੧੧੮੯)*

ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ
ਬਿਨੁ ਹਰਿ ਕਹਾ ਅਘਾਈ॥

*(ਧਨਾਸਰੀ ਮ: ੫, ਪੰਨਾ ੬੭੨)*

ਭਾਵ ਹੈ ਕਿ ਪਦਾਰਥਾਂ ਦੇ ਭੋਗ ਭੋਗਦਿਆਂ ਅੱਜ ਤਕ ਕਿਸੇ ਨੇ ਭੀ ਤ੍ਰਿਪਤੀ ਨਹੀਂ ਪਾਈ, ਜਿਵੇਂ ਪਾਵਕ ਨੂੰ ਲੱਕੜਾਂ ਰਾਹੀਂ ਰਜਾਇਆ ਨਹੀਂ ਜਾ ਸਕਦਾ, ਉਸਨੂੰ ਬੁਝਾਉਣ ਦਾ ਕਾਰਣ ਕੇਵਲ ਪਾਣੀ ਹੈ। ਇਸੇ ਤਰ੍ਹਾਂ, ਮਨੁੱਖ ਦੇ ਮਨ ਅੰਦਰ ਜੋ ਪਦਾਰਥਾਂ ਦੇ ਭੋਗਣ ਦਾ ਵੇਗ ਵਗ ਰਿਹਾ ਹੈ ਇਸ ਦੀ ਰੋਕ ਥਾਮ ਕਰਨ ਦਾ ਸਾਧਨ ਕੇਵਲ ਪੂਰੇ ਗੁਰੂ ਦਾ ਬਖ਼ਸ਼ਿਆ ਕੇਵਲ ਉਸ ਪਰੀ ਪੂਰਨ ਪ੍ਰਮੇਸ਼ਰ ਦਾ ਨਾਮ ਹੀ ਹੈ ਜੋ ਇਸ ਮਨ ਨੂੰ ਸਦੀਵੀ ਸੁਖੀ ਤੇ ਤ੍ਰਿਪਤ ਕਰ ਸਕਦਾ ਹੈ। ਇਸ ਲਈ ਹਰ ਮਨੁੱਖ-ਮਾਤ੍ਰ ਨੂੰ ਕੇਵਲ ਗੁਰੂ ਦੁਆਰੇ ਨਾਮ ਦੀ ਪ੍ਰਾਪਤੀ ਕਰਕੇ ਉਸ ਪ੍ਰਭੂ ਦੇ ਰੱਬੀ ਦਰਬਾਰ ਵਿਚ ਪੁੱਜਣ ਦਾ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ।

## ੧੫. ਕਾਦਰ ਦੀਆਂ ਬੇਅੰਤ ਦਾਤਾਂ

**੧. ਲੱਖ ਤੀਰਥ ਲੱਖ ਦੇਵਤੇ**
**ਪਾਰਸ ਲੱਖ ਰਸਾਇਣ ਜਾਣੈ।**
**੨. ਲੱਖ ਚਿੰਤਾਮਣਿ ਪਾਰਜਾਤ**
**ਕਾਮਧੇਨ ਲੱਖ ਅੰਮ੍ਰਿਤ ਆਣੈ।**
**੩. ਰਤਨਾਂ ਸਣ ਸਾਇਰ ਘਣੇ**
**ਰਿਧਿ ਸਿਧਿ ਨਿਧਿ ਸੋਭਾ ਸੁਲਤਾਣੈ।**
**੪. ਲੱਖ ਪਦਾਰਥ ਲੱਖ ਫਲ**
**ਲੱਖ ਨਿਧਾਨ ਅੰਦਰ ਫੁਰਮਾਣੈ।**
**੫. ਲੱਖ ਸ਼ਾਹ ਪਾਤਿਸ਼ਾਹ ਲੱਖ**
**ਲੱਖ ਨਾਥ ਅਵਤਾਰ ਸੁਹਾਣੈ।**
**੬. ਦਾਨੈ ਕੀਮਤਿ ਨਾ ਪਵੈ**
**ਦਾਤੇ ਕਉਣ ਸੁਮਾਰ ਵਖਾਣੈ।**
**੭. ਕੁਦਰਤਿ ਕਾਦਰ ਨੋਂ ਕੁਰਬਾਣੈ॥੧੫॥**

***ਪਦ ਅਰਥ :*** ਰਸਾਇਣ—ਸੋਨਾ ਬਨਾਉਣ ਦੀ ਵਿਧੀ। ਸੁਲਤਾਣੈ—ਪਾਤਿਸ਼ਾਹ, ਚਕਰਵਰਤੀ। ਨਿਧਾਨ—ਖ਼ਜ਼ਾਨਾ। ਦਾਨੈ—ਦਾਤਾਂ ਦੀ। ਸੁਮਾਰ—ਗਿਣਤੀ। ਕਾਦਰ—ਸਿਰਜਨਹਾਰ ਪ੍ਰਭੂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਤਾਂ ਸਨਾਤਨ ਪੁਸਤਕਾਂ ਦਾ ਬਹੁਤ ਅਧਿਯਨ ਕੀਤਾ ਹੈ, ਕੀ ਦੱਸੋਗੇ ਉਸ ਕਾਦਰ ਨੇ ਜੋ ਕੁਦਰਤ ਦੁਆਰਾ ਇਸ ਸੰਸਾਰ ਦੀ ਵਿਸ਼ਾਲ ਰਚਨਾ ਰਚੀ ਹੈ ਇਸ ਵਿਚ ਕੁਝ ਪਦਾਰਥਾਂ ਦੀ ਗਿਣਤੀ ਮਿਣਤੀ ਦਾ ਭੀ ਕਿਤੇ ਜ਼ਿਕਰ ਆਉਂਦਾ ਹੈ, ਜੇ ਤੁਹਾਡੀ ਪੜਚੋਲ ਵਿਚ ਇਸ ਸੰਬੰਧੀ ਕੁਝ ਬੋਧ ਮਿਲ ਸਕਿਆ ਹੋਵੇ ਤਾਂ ਸਾਨੂੰ ਭੀ ਜਾਣਕਾਰੀ ਕਰਾਓ?

ਉ: ਹੇ ਭਾਈਓ! ਜਦੋਂ ਅਸੀਂ ਪੁਰਾਤਨ ਪੁਸਤਕਾਂ ਪੜ੍ਹਦੇ ਹਾਂ ਤਾਂ ਸਾਨੂੰ ਸੋਝੀ ਤਾਂ ਜ਼ਰੂਰ ਮਿਲਦੀ ਹੈ ਕਿ ਉਨ੍ਹਾਂ ਲਿਖਾਰੀਆਂ ਨੂੰ ਜਿਤਨਾ ਜਿਤਨਾ ਬੋਧ ਸੀ ਉਸ ਦੇ ਅਧਾਰਤ ਹੀ ਉਨ੍ਹਾਂ ਨੇ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ, ਜਿਵੇਂ ਕਿ ਤੇਤੀ ਕ੍ਰੋੜ ਦੇਵਤੇ, ਚੌਦਾਂ ਰਤਨ, ਨੌ ਨਿਧਾਂ, ਅਠਾਰਾਂ ਸਿੱਧੀਆਂ ਅਤੇ ਕਾਮਧੇਨ,

ਪਾਰਜਾਤ ਆਦਿਕਾਂ ਦਾ ਜ਼ਿਕਰ ਕੀਤਾ ਹੈ, ਪਰ ਉਹ ਇਉਂ ਹੀ ਸਮਝਣਾ ਪਵੇਗਾ ਕਿ ਜਿਵੇਂ ਜਿਸ ਪੰਛੀ ਦੇ ਖੰਭਾਂ ਵਿਚ ਜਿਤਨੀ ਤਾਕਤ ਹੈ ਉਹ ਅਕਾਸ਼ ਵਿਚ ਉਤਨਾ ਹੀ ਉੱਡ ਕੇ ਜਾ ਸਕਦਾ ਹੈ ਪਰ ਅਕਾਸ਼ ਦੀ ਉਡਾਣ ਬਹੁਤ ਦੂਰ ਹੈ, ਇਸੇ ਤਰ੍ਹਾਂ ਉਸ ਬੇਅੰਤ ਪ੍ਰਮੇਸ਼ਰ ਦੀਆਂ ਦਿਤੀਆਂ ਹੋਈਆਂ ਦਾਤਾਂ ਬੇਅੰਤ ਹਨ ਉਨ੍ਹਾਂ ਦੀ ਗਿਣਤੀ ਮਿਣਤੀ ਨਹੀਂ ਕੀਤੀ ਜਾ ਸਕਦੀ, ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਅੰਕਤ ਕੀਤਾ ਗਿਆ ਹੈ, ਜਿਵੇਂ ਕਿ :

ਤੇਰੇ ਦਾਨੈ ਕੀਮਤਿ ਨਾ ਪਾਵੈ ਤਿਸੁ ਦਾਤੇ ਕਵਣੁ ਸੁਮਾਰੁ ॥
*(ਗਉੜੀ ਮ: ੧, ਪੰਨਾ ੧੨)*

ਜਦੋਂ ਉਸ ਦੇਣ ਵਾਲੇ ਦਾਤੇ ਦੀ ਕੋਈ ਗਿਣਤੀ ਨਹੀਂ ਕੀਤੀ ਜਾ ਸਕਦੀ ਤਾਂ ਉਸ ਦੀਆਂ ਦਿਤੀਆਂ ਹੋਈਆਂ ਦਾਤਾਂ ਦੀ ਕੀਮਤ ਭੀ ਕੌਣ ਪਾ ਸਕਦਾ ਹੈ, ਕਿਉਂਕਿ ਜੋ ਭੀ ਉਸਨੇ ਆਰੰਭਤਾ ਵਿਚ ਕਿਰਤ ਕੀਤੀ ਹੈ ਉਸ ਵਿਚ ਉਸਦੀ ਆਪਣੀ ਸੁਤੰਤ੍ਰਤਾ ਹੈ, ਕਿਸੇ ਦਾ ਸਲਾਹ ਮਸਵਰਾ ਨਹੀਂ ਲਿਆ ਗਿਆ, ਜਿਵੇਂ ਕਿ:

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ ॥
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ
ਜਾਂ ਅਵਰੁ ਨ ਦੂਜਾ ਕੀਆ ॥ *(ਪਉੜੀ, ਪੰਨਾ ੫੫੧)*

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥
ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥
*(ਸੂਹੀ ਰਾਗੁ ਮ: ੧, ਪੰਨਾ ੫੩)*

ਜੋ ਕਿਛੁ ਕਰੇ ਸੁ ਆਪੇ ਆਪਿ ॥
ਏਕ ਘੜੀ ਮਹਿ ਥਾਪਿ ਉਥਾਪਿ ॥
*(ਆਸਾ ਮ: ੩, ਪੰਨਾ ੩੬੪)*

ਬੀਓ ਪੂਛਿ ਨ ਮਸਲਤਿ ਧਰੈ ॥
ਜੋ ਕਿਛੁ ਕਰੈ ਸੁ ਆਪਹਿ ਕਰੈ ॥੨॥
*(ਗੌਂਡ ਮ: ੫, ਪੰਨਾ ੮੬੩)*

ਭਾਵ ਹੈ ਜਦੋਂ ਕੋਈ ਕਿਸੇ ਕਾਰਜ ਦੀ ਅਰੰਭਤਾ ਕਰਦਾ ਹੈ ਉਹ ਦੂਸਰੇ ਨੂੰ ਤਦੇ ਹੀ ਪੁੱਛਦਾ ਹੈ ਜੇ ਉਸਨੂੰ ਇਹ ਸੱਕ ਹੋਵੇ ਕਿ ਮੈਥੋਂ ਕੋਈ ਗਲਤੀ ਨ ਹੋ ਜਾਏ ਪਰ ਇਸ ਸੰਸਾਰ ਦੀ ਰਚਨਾ ਸਮੇਂ ਤਾਂ ਦੂਜਾ ਕੋਈ ਹੈ ਹੀ ਨਹੀਂ ਸੀ (ਆਪੇ ਆਪਿ ਨਿਰੰਜਨ ਹੀ ਸੀ)। ਸੋ ਉਸ ਸਮੇਂ ਬਾਰੇ ਕੋਈ ਕੀ ਦੱਸ ਸਕਦਾ ਹੈ ਕਿਉਂਕਿ ਜੇ ਕੋਈ ਦੂਸਰਾ ਹੁੰਦਾ ਤਦੋਂ ਹੀ ਉਸ ਦੀ ਕਿਰਤ ਬਾਰੇ ਕੋਈ ਕੁਝ ਦਸ ਸਕਦਾ ਸੀ, ਪਰ ਗੁਰੂ ਗ੍ਰੰਥ ਸਾਹਿਬ ਤਾਂ ਇਹ ਹੁਕਮ ਕਰਦੇ ਹਨ ਕਿ :

ਤਾ ਕੀ ਗਤਿ ਮਿਤਿ ਕਹੀ ਨ ਜਾਇ ॥
ਦੂਸਰ ਹੋਇ ਤ ਸੋਝੀ ਪਾਇ ॥
*(ਸੁਖਮਨੀ, ਪੰਨਾ ੨੮੪)*

ਸੋ, ਅਰੰਭਤਾ ਵਿਚ ਉਸ ਪਰੀਪੂਰਨ ਪ੍ਰਮੇਸ਼ਰ ਕਾਦਰ ਕਰੀਮ ਨੇ ਜਦੋਂ ਕੁਦਰਤ ਰਾਹੀਂ ਇਹ ਤਿੰਨ ਦੇਵਤਿਆਂ ਦੇ ਰੂਪ ਵਿਚ ਤਿੰਨ ਸ਼ਕਤੀਆਂ ਕਾਇਮ ਕੀਤੀਆਂ, ਜਿਨ੍ਹਾਂ ਦੇ ਬਾਰੇ ਬਾਣੀ ਵਿਚੋਂ ਬੋਧ ਮਿਲਦਾ ਹੈ ਕਿ :

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥
*(ਜਪੁਜੀ, ਪੰਨਾ ੭)*

ਭਾਵ ਇਕ ਸੰਸਾਰ ਨੂੰ ਪੈਦਾ ਕਰਨ ਵਾਲਾ ਬ੍ਰਹਮਾ, ਦੂਜਾ ਭੰਡਾਰਚੀ ਵਿਸਨੂੰ, ਤੀਜਾ ਨਾਸ ਕਰਨ ਵਾਲਾ ਸ਼ਿਵਜੀ, ਪਰ ਇਨ੍ਹਾਂ ਨੂੰ ਭੀ ਏਡੀਆਂ ਵੱਡੀਆਂ ਸ਼ਕਤੀਆਂ ਦੇ ਕੇ ਸੁਤੰਤ੍ਰ ਨਹੀਂ ਕੀਤਾ ਆਪਣੇ ਅਧੀਨ ਹੀ ਰੱਖਿਆ ਹੈ, ਭਾਵ ਜਿਵੇਂ ਉਸਨੂੰ ਭਾਉਂਦਾ ਹੈ, ਤਿਵੇਂ ਹੁਕਮ ਕਰਦਾ ਹੈ ਉਹ ਭੀ ਉਸੇ ਤਰ੍ਹਾਂ ਕ੍ਰਿਆ ਕਰਦੇ ਹਨ, ਪਰ ਇਕ ਅਸਚਰਜਤਾ ਇਹੋ ਹੈ ਕਿ ਉਹ ਕਰਤਾ ਇਨ੍ਹਾਂ ਦੀ ਹਰ ਕ੍ਰਿਤ ਨੂੰ ਵੇਖਦਾ ਹੈ ਪਰ ਉਨ੍ਹਾਂ ਨੂੰ ਉਹ ਵੇਖਣ ਵਲੋਂ ਅਸਮੱਰਥ ਹਨ। ਸੋ, ਜਦੋਂ ਇਤਨੀਆਂ ਵੱਡੀਆਂ ਸ਼ਕਤੀਆਂ ਉਸਨੂੰ ਤੇ ਉਸ ਦੀ ਕਿਰਤ ਨੂੰ ਅਨੁਭਵ ਨਹੀਂ ਕਰ ਸਕਦੀਆਂ ਤਾਂ ਇਤਰ ਅਲਪੱਗ ਜੀਵਾਂ ਨੂੰ ਤਾਂ ਉਸ ਦੀ ਸੂਝ ਬੂਝ ਕਿਵੇਂ ਆ ਸਕਦੀ ਹੈ। ਸੋ, ਮੈਂ ਉਸ ਅਗਮ ਅਗੋਚਰ ਪ੍ਰਭੂ ਦੀ ਜੋ ਪੜਚੋਲ ਕੀਤੀ ਹੈ ਉਸ ਨੂੰ ਗੁਰਬਾਣੀ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ, ਜਿਨ੍ਹਾਂ ਵਿਚ ਉਸ ਕਾਦਰ ਦੀ ਰਚੀ ਹੋਈ ਰਚਨਾ ਨੂੰ ਬੇਅੰਤਤਾ ਰੂਪ ਵਿਚ ਦਰਸਾਇਆ ਹੈ, ਜਿਵੇਂ ਕਿ :

(੧) (ਹੇ ਭਾਈਓ ! ਜਦੋਂ ਦੂਰ ਦਰਸੀ ਨਜ਼ਰਾ ਰਾਹੀਂ ਵੇਖਿਆ ਜਾਏ ਤਾਂ ਸੋਝੀ ਪੈਂਦੀ ਹੈ ਕਿ) ਲੱਖਾਂ ਹੀ ਤੀਰਥ, ਲੱਖਾਂ ਹੀ ਦੇਵਤੇ ਲੱਖਾਂ ਹੀ ਪਾਰਸ ਤੇ ਲੱਖਾਂ ਹੀ ਰਸਾਇਣੀ (ਲੋਕ ਹਨ ਜੋ ਰਸਾਇਣ ਦਾ ਕੰਮ) ਜਾਣਦੇ ਹਨ।

(੨) ਲੱਖਾਂ ਚਿੰਤਾ ਮਣੀਆਂ, ਪਾਰਜਾਤ (ਕਲਪ ਬ੍ਰਿਛ)

ਕਾਮਧੇਨ (ਗਊਆਂ) ਤੇ ਅੰਮ੍ਰਿਤ (ਸਰੀਰ ਨੂੰ) ਅਮਰ ਕਰ ਦੇਣ ਵਾਲੇ ਹਨ।

(੩) ਰਤਨਾਂ ਨਾਲ ਭਰੇ ਡੂੰਘੇ ਸਮੁੰਦਰ, ਲੱਖਾਂ ਹੀ ਰਿਧੀਆਂ, ਸਿਧੀਆਂ ਤੇ ਨਿਧੀਆਂ ਵਾਲੇ ਚਕਰਵਰਤੀ ਪਾਤਿਸ਼ਾਹ ਸੁਲਤਾਨ ਹਨ।

(੪) (ਜਿਨ੍ਹਾਂ ਦੇ ਹੁਕਮ ਵਿਚ) ਲੱਖਾਂ ਹੀ ਪਦਾਰਥ, ਲੱਖਾਂ ਹੀ ਕਿਸਮ ਦੇ ਫਲ, ਲੱਖਾਂ ਹੀ ਖ਼ਜ਼ਾਨੇ (ਮਾਲ ਦੌਲਤ) ਹਨ।

(੫) ਲੱਖਾਂ ਹੀ ਸ਼ਾਹ, ਲੱਖਾਂ ਪਾਤਿਸ਼ਾਹ, ਲੱਖਾਂ ਨਾਥ (ਜੋਗੀ) ਤੇ ਅਵਤਾਰ (ਕੁਦਰਤ ਦੀ ਰਚਨਾ ਵਿਚ) ਸੋਭ ਰਹੇ ਹਨ।

(੬) (ਪ੍ਰਭੂ ਦੀਆਂ ਏਨੀਆਂ ਵੱਡੀਆਂ) ਦਾਤਾਂ ਹਨ ਕਿ ਜਿਨ੍ਹਾਂ ਦੀ ਕੀਮਤ ਨਹੀਂ ਪੈ ਸਕਦੀ (ਤਾਂ ਕਿਤਨੀ ਅਸੰਭਵ ਗੱਲ ਹੈ ਕਿ ਇਨ੍ਹਾਂ ਦਾਤਾਂ ਦੇ ਪੈਦਾ ਕਰਨ ਵਾਲੇ) ਦਾਤਾਰ ਦੀ ਕੀਮਤ ਦੀ ਗਿਣਤੀ ਨੂੰ ਕੌਣ ਦਸ ਸਕਦਾ ਜਾਂ ਕਹਿ ਸਕਦਾ ਹੈ?

(੭) (ਬੱਸ ਏਥੇ ਤਾਂ ਇਹੋ ਗੱਲ ਸੋਭਦੀ ਹੈ ਕਿ ਬੇਅੰਤ) ਕੁਦਰਤ ਤੇ ਕੁਦਰਤ ਦੇ ਮਾਲਕ ਤੋਂ ਕੁਰਬਾਨ ਜਾਈਏ।੧੫।

*ਭਾਵਾਰਥ :* ਉਹ ਰਚਨਹਾਰ ਕਰਤਾਰ ਧੰਨ ਹੈ: ਜਿਨਿ ਦਿਨ ਕਰਿਕੈ ਕੀਤੀ ਰਾਤਿ॥ ਖਸਮ ਵਿਸਾਰਹਿ ਤੇ ਕਮਜਾਤਿ॥। ਵੇਖਦੇ ਹਾਂ ਕਿ ਉਸ ਸਿਰਜਨਹਾਰ ਨੇ ਦਿਨ ਦਾ ਦੀਵਾ ਸੂਰਜ ਅਤੇ ਰਾਤ ਦਾ ਚੰਦ੍ਰਮਾ ਦੀਪਕ ਰਚਿਆ ਹੈ, ਜੇ ਰਾਤ ਨਾ ਹੁੰਦੀ ਤਾਂ ਸਾਰੇ ਲੋਕ ਹਾਰ ਕੇ ਮਰ ਜਾਂਦੇ। ਸੋ, ਉਸ ਵਾਹਿਗੁਰੂ ਨੇ ਬੇਅੰਤ ਕੁਦਰਤ ਰਚੀ ਹੈ, ਸੋ ਜਦੋਂ ਇਹ ਕੁਦਰਤ ਹੀ ਗਿਣੀ ਨਹੀਂ ਜਾ ਸਕਦੀ ਤਾਂ ਉਸ ਕੁਦਰਤ ਦੇ ਮਾਲਕ ਨੂੰ ਕੌਣ ਗਿਣ ਸਕਦਾ ਹੈ, ਤਾਂ ਤੇ ਕੁਦਰਤ ਨੂੰ ਦੇਖ ਕੇ ਉਸ ਕਾਦਰ ਤੋਂ ਪਿਆਰ ਨਾਲ ਆਪਣੇ ਆਪ ਨੂੰ ਸਦਕੇ ਕਰਨਾ ਚਾਹੀਦਾ ਹੈ ਜਿਸ ਪ੍ਰਭੂ ਨੇ ਮਨੁੱਖ ਲਈ ਅਨੰਤ ਪ੍ਰਕਾਰ ਦੇ ਪਦਾਰਥ ਰਚ ਕੇ ਇਸ ਨੂੰ ਸੁਖੀ ਰੱਖਣ ਦਾ ਉਪਰਾਲਾ ਕੀਤਾ ਹੈ ਜੇ ਕਦੀ ਮਨੁੱਖ ਉਸ ਪ੍ਰਭੂ ਦੀਆਂ ਦਿਤੀਆਂ ਹੋਈਆਂ ਦਾਤਾਂ ਨੂੰ ਸਾਹਮਣੇ ਰੱਖ ਕੇ ਵੀਚਾਰ ਕਰੇ ਤਾਂ ਇਸਨੂੰ ਸੋਝੀ ਮਿਲ ਸਕੇਗੀ ਕਿ ਉਸ ਦਾਤੇ ਦੀਆਂ ਦਿਤੀਆਂ ਹੋਈਆਂ ਦਾਤਾਂ ਕਿਤਨੀਆਂ ਅਮੋਲਕ ਹਨ ਜੋ ਦੁਨਿਆਵੀ ਮਾਇਆ ਨਾਲ ਖ਼ਰੀਦੀਆਂ ਨਹੀਂ ਜਾ ਸਕਦੀਆ, ਅੱਖਾਂ, ਕੰਨ, ਹੱਥ, ਪੈਰ, ਅਸੀਂ ਬਾਜ਼ਾਰੋਂ ਨਹੀ ਖ਼ਰੀਦ ਸਕਦੇ, ਜੇ ਅਸੀਂ ਖ਼ਰੀਦਦੇ ਭੀ ਹਾਂ ਤਾਂ ਉਹ ਕੁਦਰਤ ਵਲੋਂ ਦਿਤੀਆਂ ਹੋਈਆਂ ਦਾਤਾਂ ਦੀ ਨਕਲ ਹੈ, ਅਸਲ ਨਹੀ ਕਿਉਂਕਿ ਉਹ ਸਾਨੂੰ ਸਹੀ ਰੂਪ ਵਿਚ ਵਰਤਣ ਦੇ ਕੰਮ ਨਹੀ ਆ ਸਕਦੀਆ। ਇਸ ਲਈ ਉਸ ਸੱਚੇ ਦਾਤੇ ਨੂੰ ਸਦਾ ਹੀ ਸਿਮਰਦੇ ਰਹਿਣਾ ਚਾਹੀਦਾ ਹੈ।

## ੧੬. ਗੁਰੂ ਤੇ ਚੇਲੇ ਦੀ ਮਹਾਨਤਾ

**੧. ਰਤਨਾਂ ਦੇਖੈ ਸਭ ਕੋ**
**ਰਤਨ ਪਾਰਖੂ ਵਿਰਲਾ ਕੋਈ।**
**੨. ਰਾਗ ਨਾਦ ਸਭ ਕੋ ਸੁਣੈ**
**ਸ਼ਬਦ ਸੁਰਤਿ ਸਮਝੈ ਵਿਰਲੋਈ।**
**੩. ਗੁਰਸਿਖ ਰਤਨ ਪਦਾਰਥਾ**
**ਸਾਧ ਸੰਗਤਿ ਮਿਲਿ ਮਾਲ ਪਰੋਈ।**
**੪. ਹੀਰੈ ਹੀਰਾ ਬੇਧਿਆ**
**ਸ਼ਬਦ ਸੁਰਤਿ ਮਿਲਿ ਪਰਚਾ ਹੋਈ।**
**੫. ਪਾਰਬ੍ਰਹਮ ਪੂਰਨ ਬ੍ਰਹਮੁ**
**ਗੁਰੁ ਗੋਵਿੰਦ ਸਿਞਾਣੈ ਸੋਈ।**
**੬. ਗੁਰਮੁਖ ਸੁਖ ਫਲ ਸਹਜਿ ਘਰੁ**
**ਪਿਰਮ ਪਿਆਲਾ ਜਾਣੁ ਜਣੋਈ।**
**੭. ਗੁਰ ਚੇਲਾ ਚੇਲਾ ਗੁਰ ਹੋਈ॥੧੬॥**

*ਪਦ ਅਰਥ :* ਪਾਰਖੂ—ਪਰਖ ਕਰਨ ਵਾਲਾ ਪਰੀਖਕ, ਜਗਯਾਸੂ। ਰਾਗ ਨਾਦ—ਰਾਗਾਂ ਦੇ ਸ਼ਬਦ। ਵਿਰਲੋਈ—ਵਿਰਲਾ ਕੋਈ। ਪਰਚਾ—ਤਸੱਲੀ ਹੋਣੀ ਜਾਂ ਨਿਸ਼ਾ ਹੋਣੀ। ਜਾਣੁ ਜਣੋਈ—ਆਪ ਜਾਨਣਾ ਤੇ ਅਗੋਂ ਹੋਰਾਂ ਨੂੰ ਜਣਾਉਣਾ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਸੰਗਤ ਵਿਚ ਗੁਰਮਤ ਦੀਆਂ ਵਿਚਾਰਾਂ ਸੁਣਾਉਂਦਿਆਂ ਕਈ ਵਾਰ ਚੌਦਾਂ ਰਤਨਾਂ ਦਾ ਜ਼ਿਕਰ ਭੀ ਕੀਤਾ ਹੈ, ਪਰ ਕੀ ਇਹ ਭੀ ਜਾਣਕਾਰੀ ਦੇਣ ਦੀ ਕ੍ਰਿਪਾ ਕਰੋਗੇ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਨ੍ਹਾਂ ਰਤਨਾਂ ਨੂੰ ਕਿਤਨੀ ਕੁ ਮਹਾਨਤਾ ਦਿਤੀ ਗਈ ਹੈ?

ਉ: ਹੇ ਭਾਈਓ! ਮੈਨੂੰ ਹਿੰਦੂ ਮੱਤ ਦੀਆਂ ਪੁਰਾਤਨ ਪੁਸਤਕਾਂ ਪੜ੍ਹਨ ਤੋਂ ਇਹ ਤਾਂ ਬੋਧ ਜ਼ਰੂਰ ਮਿਲਿਆ ਹੈ ਕਿ ਜਦੋਂ ਦੇਵਤੇ, ਦੈਂਤਾਂ ਨੇ ਮਿਲ ਕੇ ਸਮੁੰਦਰ ਨੂੰ ਮਥਨ ਕੀਤਾ ਹੈ ਉਸ ਵਿਚੋਂ ਚੌਦਾਂ ਰਤਨ ਨਿਕਲੇ ਸਨ—(ਅਸ਼ਵ ਵਿਸੇਸ, ਕਾਮਧੇਨ, ਕਲਪ ਬ੍ਰਿਛ, ਰੰਭਾ ਅਪਸਰਾਂ, ਲਛਮੀ, ਅੰਮ੍ਰਿਤ, ਕਾਲਕੂਟ, ਸ਼ਰਾਬ, ਚੰਦ੍ਰਮਾ, ਧਨੰਤ੍ਰੀ ਵੈਦ, ਸੰਖ, ਕੌਸਤੁਭ ਮਣੀ, ਸਾਰੰਗ

ਧਨਖ, ਐਰਾਵਤ ਹਾਥੀ)। ਇਨ੍ਹਾ ਚੌਦਾਂ ਰਤਨਾ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਰਾਇ ਬਲਵੰਡਿ ਸਤੈ ਡੂਮਿ' ਨੇ ਭੀ ਜ਼ਿਕਰ ਕੀਤਾ ਹੈ, ਜਿਵੇਂ ਕਿ:

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ
ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ
ਕਰਿ ਆਵਾਗਉਣੁ ਚਿਲਕਿਓਨੁ ॥

*(ਰਾਮਕਲੀ ਕੀ ਵਾਰ, ਪੰਨਾ ੯੬੭)*

ਇਹ ਠੀਕ ਹੈ ਕਿ ਇਨ੍ਹਾਂ ਚੌਦਾਂ ਰਤਨਾਂ ਦੀ ਆਮ ਸੰਸਾਰੀ ਲੋਕਾਂ ਦੀਆਂ ਨਜ਼ਰਾਂ ਵਿਚ ਭਾਵੇਂ ਕੋਈ ਭੀ ਕੀਮਤ ਹੋਵੇ ਪਰ ਗੁਰੂ ਗ੍ਰੰਥ ਸਾਹਿਬ ਜੀ ਨੇ ਇਨ੍ਹਾਂ ਰਤਨਾਂ ਨੂੰ ਕੋਈ ਵਧੇਰੇ ਮਹਾਨਤਾ ਨਹੀਂ ਦਿੱਤੀ ਕਿਉਂਕਿ ਇਹ ਚੌਦਾਂ ਰਤਨ ਭੀ ਆਮ ਪ੍ਰਕ੍ਰਿਤੀ ਵਾਂਗ ਸਦੀਵੀ ਰਹਿਣ ਵਾਲੇ ਨਹੀਂ, ਕਿਉਂਕਿ ਇਸ ਪ੍ਰਕ੍ਰਿਤੀ ਦਾ ਕਈ ਵਾਰ ਪਸਾਰਾ ਪਸਰਿਆ ਗਿਆ ਹੈ, ਇਹ ਕਈ ਵਾਰ ਕੁਝ ਸਮੇਂ ਲਈ ਪਹਿਲੋਂ ਬਣਦਾ ਹੈ, ਫਿਰ ਨੀਅਤ ਸਮੇਂ ਲਈ ਟਿਕਦਾ ਹੈ, ਆਖ਼ਰ ਮਿਟ ਜਾਂਦਾ ਹੈ, ਇਨ੍ਹਾਂ ਰਤਨਾਂ ਦੀ ਹੋਂਦ ਭੀ ਇਉਂ ਹੀ ਨਜ਼ਰ ਆਉਂਦੀ ਹੈ, ਪਰ ਜਿਸ ਰਤਨ ਦੀ ਗੁਰੂ ਗ੍ਰੰਥ ਸਾਹਿਬ ਜੀ ਮਹਾਨਤਾ ਦਰਸਾਉਂਦੇ ਹਨ ਉਹ ਰਤਨ ਕੋਈ ਹੋਰ ਸਦੀਵੀ ਰਹਿਣ ਵਾਲਾ ਸੱਚਾ ਤੇ ਸੁੱਚਾ ਅਮੋਲਕ ਰਤਨ ਹੈ ਜਿਸਨੂੰ ਇਸ ਸੰਸਾਰ ਦੀ ਕੂੜੀ ਮਾਇਆ ਦੁਆਰੇ ਨਹੀਂ ਖ਼ਰੀਦਿਆ ਜਾ ਸਕਦਾ, ਇਸ ਰਤਨ ਦਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰ ਬਾਰ ਜ਼ਿਕਰ ਆਉਂਦਾ ਹੈ, ਜਿਵੇਂ ਕਿ:

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥
ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥

*(ਅਨੰਦੁ ਸਾਹਿਬ, ਪੰਨਾ ੯੨੦)*

ਗੁਰ ਕਾ ਸਬਦੁ ਰਤੰਨੁ ਹੈ
ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥

*(ਪਉੜੀ, ਪੰਨਾ ੧੨੪੦)*

ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥

*(ਸਲੋਕ ਮ: ੩, ਪੰਨਾ ੮੩)*

ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥

*(ਸਲੋਕ ਮ: ੩, ਪੰਨਾ ੫੮੯)*

ਰਤਨ ਜਵਾਹਰ ਹਰਿ ਮਾਣਕ ਲਾਲਾ ॥
ਸਿਮਰਿ ਸਿਮਰਿ ਪ੍ਰਭ ਭਏ ਨਿਹਾਲਾ ॥੨॥

*(ਵਡਹੰਸੁ ਮ: ੫, ਪੰਨਾ ੫੬੩)*

ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥

*(ਰਾਮਕਲੀ ਮ: ੫, ਪੰਨਾ ੮੯੩)*

ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥
ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥

*(ਸ੍ਰੀ ਰਾਗੁ ਮ: ੫, ਪੰਨਾ ੪੮)*

ਰਤਨ ਜਵੇਹਰ ਲਾਲ ਅਪਾਰਾ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ
ਪ੍ਰੇਮ ਪਦਾਰਥੁ ਪਾਇਦਾ ॥੭॥

*(ਮਾਰੂ ਮ: ੧, ਪੰਨਾ ੧੦੩੬)*

ਹੀਰਾ ਰਤਨ ਜਵੇਹਰ ਮਾਣਕ
ਬਹੁ ਸਾਗਰ ਭਰਪੂਰ ਕੀਆ ॥.....
ਰਤਨੁ ਜਵੇਹਰੁ ਲਾਲੁ ਹਰਿ ਨਾਮਾ
ਗੁਰਿ ਕਾਢਿ ਤਲੀ ਦਿਖਲਾਇਆ ॥
ਭਾਗ ਹੀਣ ਮਨਮੁਖਿ ਨਹੀ ਲੀਆ
ਤ੍ਰਿਣ ਓਲੈ ਲਾਖੁ ਛਪਾਇਆ ॥੩॥

*(ਰਾਮਕਲੀ ਮ: ੪, ਪੰਨਾ ੮੮੦)*

ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥

*(ਬਾਰਹ ਮਾਹਾ, ਪੰਨਾ ੧੩੫)*

ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ ॥

*(ਸਵਈਏ ਮ: ੫ ਕੇ, ਪੰਨਾ ੧੩੮੬)*

ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥
ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥

*(ਗਉੜੀ ਮ: ੫, ਪੰਨਾ ੨੧੭)*

ਰਤਨੁ ਰਾਮੁ ਘਟ ਹੀ ਕੇ ਭੀਤਰਿ
ਤਾ ਕੋ ਗਿਆਨੁ ਨ ਪਾਇਓ ॥

*(ਜੈਤਸਰੀ ਮ: ੯, ਪੰਨਾ ੭੦੨)*

ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਭੀ ਬਹੁਤ ਸਾਰੀਆਂ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਇਹੋ ਭਾਵ ਅੰਕਤ ਕੀਤਾ ਗਿਆ ਹੈ ਕਿ ਇਹ ਬਾਹਰਲੇ ਹੀਰੇ ਰਤਨ ਆਦਿਕ ਕੱਚੇ ਨਾਸ ਹੋ ਜਾਣ ਵਾਲੇ ਹਨ, ਪਰ ਸੱਚਾ ਰਤਨ ਇਕੋ ਗੁਰੂ ਦਾ ਸ਼ਬਦ ਜਾਂ ਨਾਮ ਹੈ ਜੋ ਸਦੀਵੀ ਕਾਲ ਸਥਿਰ ਰਹਿਣ ਵਾਲਾ

ਹੈ। ਇਨ੍ਹਾਂ ਉਪਰੋਕਤ ਪੰਗਤੀਆਂ ਦੀ ਪ੍ਰੇਰਨਾ ਦੁਆਰੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਕਿ ਜਿਵੇਂ ਬਾਹਰਲੇ ਕੱਚੇ ਰਤਨਾਂ ਨੂੰ ਦੇਖਣ ਵਾਲੇ ਤਾਂ ਬਹੁਤ ਲੋਕ ਹਨ, ਪਰ ਉਨ੍ਹਾਂ ਦੀ ਪਰਖ ਕਰਨ ਵਾਲਾ ਕੋਈ ਕੋਈ ਵਿਰਲਾ ਮਨੁੱਖ ਹੀ ਹੋਇਆ ਕਰਦਾ ਹੈ, ਇਸੇ ਤਰ੍ਹਾਂ ਗੁਰੂ ਦੇ ਸ਼ਬਦ ਰੂਪ ਰਤਨ ਦੀ ਪਰਖ ਕਰਨ ਵਾਲੇ (ਹੈਨਿ ਵਿਰਲੇ ਨਾਹੀ ਘਣੇ) ਭਾਵ ਵਧੇਰੇ ਨਹੀਂ (ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ) ਹੀ ਵੇਖਣ ਵਿਚ ਆਉਂਦੇ ਹਨ :

(੧) (ਜਿਵੇਂ ਕਿ ਵੇਖਣ ਵਿਚ ਆਮ ਹੀ ਆਉਂਦਾ ਹੈ ਕਿ) ਰਤਨਾਂ ਨੂੰ ਵੇਖਦੇ ਤਾਂ ਸਾਰੇ ਹੀ ਹਨ (ਪਰ ਚੰਗਾ ਹੈ ਜਾਂ ਨਹੀਂ) ਇਹ ਪਰਖ ਤਾਂ ਰਤਨਾਂ ਦਾ ਕੋਈ ਵਿਰਲਾ ਪਾਰਖੂ ਹੀ ਕਰਦਾ ਹੈ।

(੨) (ਇਸੇ ਤਰ੍ਹਾਂ) ਰਾਗ ਤੇ ਸ਼ਬਦ ਦੀ ਧੁਨੀ ਨੂੰ ਸਾਰੇ ਹੀ ਸੁਣਦੇ ਹਨ, ਪਰ ਸ਼ਬਦ ਨੂੰ (ਧਿਆਨ) ਸੁਰਤੀ ਵਿਚ ਲਿਜਾ ਕੇ ਸਮਝਣ ਵਾਲਾ ਕੋਈ ਵਿਰਲਾ ਹੀ (ਗੁਰਸਿਖ) ਹੈ।

(੩) ਜੇ ਅਸੀਂ ਗੁਰਸਿੱਖਾਂ ਬਾਰੇ ਵੀਚਾਰ ਕਰੀਏ ਤਾਂ ਇਹੋ ਸਮਝ ਆਉਂਦੀ ਹੈ ਕਿ (ਗੁਰਸਿਖ ਰਤਨਾਂ ਵਰਗੇ ਪਦਾਰਥ ਹਨ (ਜੋ ਸ਼ਬਦ ਦੀ ਮਹਾਨਤਾ ਨੂੰ ਸਮਝਦੇ ਹਨ ਤੇ) ਸਾਧ ਸੰਗਤ ਵਿਚ ਮਿਲੇ ਉਹ ਮਾਲਾ ਵਿਚ ਪਰੋਤੇ ਮਣਕੇ ਵਾਂਗ ਹੁੰਦੇ ਹਨ।

(੪) (ਜਿਵੇਂ ਅਸੀਂ ਵੇਖਦੇ ਹਾਂ ਕਿ) ਹੀਰੇ ਨੂੰ ਹੀਰੇ ਦੀ ਕਣੀ (ਨੋਕ) ਨਾਲ ਹੀ ਵਿੰਨ੍ਹਿਆ ਜਾ ਸਕਦਾ ਹੈ (ਗੁਰਸਿਖ ਵੀ ਹੀਰਾ ਤੇ ਗੁਰ ਸ਼ਬਦ ਭੀ ਹੀਰਾ ਸੋ ਗੁਰ ਸ਼ਬਦ ਨੇ ਗੁਰਸਿਖ ਦੇ ਮਨ ਨੂੰ ਵਿੰਨ੍ਹ ਦਿਤਾ, ਤਾਂ ਗੁਰਸਿਖ ਦੀ) ਗੁਰ ਸ਼ਬਦ ਤੇ ਸੁਰਤੀ ਦਾ ਮਿਲਾਪ ਹੁੰਦਾ ਹੈ ਤੇ ਮਿਲਾਪ ਹੀ ਤਸੱਲੀ ਕਰ ਦਿੰਦਾ ਹੈ।

(੫) ਉਹ ਫਿਰ ਪਾਰਬ੍ਰਹਮ, ਪੂਰਨ ਬ੍ਰਹਮ, ਗੁਰੂ ਅਤੇ ਗੋਬਿੰਦ (ਪ੍ਰਮੇਸਰ) ਦੀ ਪਛਾਣ ਕਰ ਲੈਂਦਾ ਹੈ।

(੬) ਬੱਸ, ਇਹੀ ਗੁਰਸਿਖ ਦਾ ਸਹਿਜ ਘਰ, ਜਿਥੇ ਮਸਤੀ ਹੈ, (ਗੁਰਮੁਖ) ਆਪ ਮਸਤ ਹੁੰਦਾ ਹੈ ਤੇ ਏਹੀ (ਪ੍ਰਭੂ ਨਾਲ ਅਭੇਦ ਹੈ, ਸਹਿਜ ਘਰ ਦੀ ਮੰਜਲ ਤੇ ਪੁੱਜਣ ਦੇ) ਪਿਆਲੇ ਭਰ ਭਰ ਹੋਰਨਾਂ ਨੂੰ ਪਿਲਾਉਂਦਾ ਹੈ, ਜਿਸ ਭੇਦ ਨੇ ਆਪ ਜਾਣ ਲੈਂਦਾ ਹੈ ਅਗੋਂ ਹੋਰਨਾਂ ਨੂੰ ਵੀ ਉਸ ਭੇਦ ਤੋਂ ਜਾਣੂ ਕਰਾਉਂਦਾ ਹੈ।

(੭) (ਭਾਈ ਸਾਹਿਬ ਕਹਿੰਦੇ ਹਨ ਕਿ) ਅਜਿਹਾ ਸਿਖ ਹੀ ਗੁਰ ਦਾ ਚੇਲਾ ਹੈ ਤੇ ਅਜਿਹਾ ਚੇਲਾ ਹੀ ਗੁਰੂ ਹੁੰਦਾ ਹੈ (ਭਾਵ ਦੋਵੇਂ ਇਕ ਰੂਪ ਹੋ ਜਾਂਦੇ ਹਨ, ਜਿਵੇਂ ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਅਭੇਦ ਹੋ ਗਏ ਸਨ)।੧੬।

*ਭਾਵਾਰਥ :* ਜੇ ਇਸ ਤੋਂ ਅਗੇ ਹੋਰ ਭੀ ਵੀਚਾਰ ਕਰੀਏ ਤਾਂ ਇਹ ਭੀ ਬੋਧ ਮਿਲਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਮਨੁੱਖਾ-ਜਨਮ ਨੂੰ ਭੀ ਹੀਰਾ ਰੂਪ ਦਰਸਾਇਆ ਹੈ, ਜਿਵੇਂ ਕਿ :

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥
*(ਗਉੜੀ ਮ: ੧, ਪੰਨਾ ੧੫੬)*

ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ ॥
*(ਗਉੜੀ, ਪੰਨਾ ੨੩੫)*

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥੧੩॥
*(ਸਲੋਕ ਕਬੀਰ ਜੀ, ਪੰਨਾ ੧੩੬੫)*

ਭਾਵ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਨੇ ਗੁਰੂ ਦੇ ਸ਼ਬਦ ਜਾਂ ਪ੍ਰਭੂ ਦੇ ਨਾਮ ਨੂੰ ਇਨ੍ਹਾਂ ਮਾਇਕੀ ਹੀਰੇ, ਰਤਨ, ਲਾਲਾਂ ਤੋਂ ਸ਼ਿਰੋਮਣੀ ਤੇ ਅਮੋਲਕ ਦਰਸਾਇਆ ਹੈ, ਉਥੇ ਇਸ ਮਨੁੱਖ ਦੇ ਸਰੀਰ ਨੂੰ ਭੀ ਇਤਨੀ ਮਹਾਨਤਾ ਦਿਤੀ ਹੈ ਕਿ ਇਸ ਸੰਸਾਰੀ ਹੀਰੇ ਵਿਚਾਰੇ ਦੀ ਤਾਂ ਗੱਲ ਹੀ ਕੀ ਕਰਦੇ ਹੋ ਇਸ ਦੀ ਬਰਾਬਰੀ ਤਾਂ ਕਰੋੜਾਂ ਰਤਨ ਭੀ ਨਹੀਂ ਕਰ ਸਕਦੇ। ਪਰ ਹਾਂ ਇਹ ਮਹਾਨਤਾ ਉਸੇ ਮਨੁੱਖ ਨੂੰ ਮਿਲਦੀ ਹੈ ਜਿਸਨੇ ਕਿ ਜਨਮ ਤੋਂ ਹੀ ਆਪਣੇ ਫਰਜ ਨੂੰ ਪਛਾਣਿਆ ਹੋਵੇ।

## ੧੭. ਮਨੁੱਖ ਦੇ ਅੰਗਾਂ ਦੀ ਸਫਲਤਾ

**੧. ਮਾਣਸ ਜਨਮ ਅਮੋਲ ਹੈ**
**ਹੋਇ ਅਮੋਲ ਸਾਧ ਸੰਗ ਪਾਏ।**
**੨. ਅਖੀਂ ਦੁਇ ਨਿਰਮੋਲਕਾ**
**ਸਤਿਗੁਰ ਦਰਸੁ ਧਿਆਨ ਲਿਵਲਾਏ।**
**੩. ਮਸਤਕ ਸੀਸ ਅਮੋਲ ਹੈ**
**ਚਰਣ ਸਰਣ ਗੁਰੁ ਧੂੜਿ ਸੁਹਾਏ।**
**੪. ਜਿਹਬਾ ਸ੍ਰਵਣ ਅਮੋਲਕਾ**
**ਸ਼ਬਦ ਸੁਰਤਿ ਸੁਣਿ ਸਮਝਿ ਸੁਣਾਏ।**

**੫. ਹਸਤ ਚਰਣ ਨਿਰਮੋਲਕਾ**
**ਗੁਰਮੁਖ ਮਾਰਗਿ ਸੇਵ ਕਮਾਏ।**
**੬. ਗੁਰਮੁਖ ਰਿਦਾ ਅਮੋਲੁ ਹੈ**
**ਅੰਦਰ ਗੁਰੁ ਉਪਦੇਸੁ ਵਸਾਏ।**
**੭. ਪਤਿ ਪਰਵਾਣੈ ਤੋਲਿ ਤੁਲਾਏ॥੧੭॥**

*ਪਦ ਅਰਥ :* ਨਿਰਮੋਲਕਾ—ਜਿਸਦਾ ਮੁੱਲ ਨਾ ਪਵੇ। ਗੁਰੁ ਧੂੜਿ—ਗੁਰੂ ਦੀ ਚਰਣ ਧੂੜੀ। ਅੰਦਰਿ—ਹਿਰਦੇ ਵਿਚ। ਪਤਿ ਪਰਵਾਣੈ—ਇੱਜ਼ਤ ਦਾ ਵੱਟਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਗਾਹੇ ਬਗਾਹੇ ਸੰਗਤ ਵਿਚ ਇਹ ਵੀਚਾਰ ਦਿਆ ਕਰਦੇ ਹੋ ਕਿ ਉਸ ਕਰਤਾਰ ਨੇ ਜੋ ਇਹ ਸੰਸਾਰ ਦੀ ਕਿਰਤ ਰਚੀ ਹੈ ਇਸ ਵਿਚ ਚਉਰਾਸੀ ਲੱਖ ਜੂਨ ਪੈਦਾ ਕੀਤੀ ਹੈ, ਪਰ ਇਸ ਸਾਰੀ ਕਾਇਨਾਤ ਦਾ ਸ਼ਿਰੋਮਣੀ ਸਰਦਾਰ ਮਨੁੱਖ ਨੂੰ ਬਣਾਇਆ ਹੈ, ਕਿਉਂ ਜੀ! ਕੀ ਇਹ ਤੁਹਾਡੇ ਆਪਣੇ ਵੀਚਾਰ ਹਨ, ਜਾਂ ਕਿ ਗੁਰਮਤ ਭੀ ਇਸ ਨਾਲ ਸਹਿਮਤ ਹੈ?

ਉ: ਹੇ ਭ੍ਰਾਈਓ! ਅਸਲ ਵਿਚ ਜੋ ਵੀਚਾਰ ਮੈਂ ਸੰਗਤ ਦੀ ਸੇਵਾ ਵਿਚ ਅਰਪਨ ਕਰਦਾ ਹਾਂ ਉਸ ਵਿਚ ਮੇਰੇ ਆਪਣੇ ਵੀਚਾਰ ਕੋਈ ਭੀ ਨਹੀਂ ਹੋਇਆ ਕਰਦੇ ਜੋ ਵੀਚਾਰ ਮੈਨੂੰ ਗੁਰਬਾਣੀ ਵਿਚੋਂ ਮਿਲਦੇ ਹਨ ਉਸੇ ਦੇ ਅਨੁਸਾਰ ਮੈਂ ਗੁਰਮਤ ਦੇ ਭਾਵਾਂ ਨੂੰ ਮੁਖ ਰੱਖ ਕੇ ਸੰਗਤ ਦੀ ਸੇਵਾ ਵਿਚ ਅਰਪਨ ਕਰਦਾ ਹਾਂ, ਜਿਵੇਂ ਕਿ ਇਸ ਮਨੁੱਖ ਨੂੰ ਚੌਰਾਸੀ ਲੱਖ ਜੂਨ ਦਾ ਸਰਦਾਰ ਬਣਾਇਆ ਹੈ। ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਦੁਹਰਾਇਆ ਗਿਆ ਹੈ, ਜਿਸ ਤਰ੍ਹਾਂ ਅਸੀਂ ਪੜ੍ਹਦੇ ਹਾਂ :

ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

*(ਆਸਾ ਮ: ੫, ਪੰਨਾ ੩੭੪)*

ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥੧॥

*(ਭੈਰਉ ਭਗਤ ਕਬੀਰ ਜੀ, ਪੰਨਾ ੧੧੫੯)*

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ॥੨॥

*(ਮਾਰੂ ਮ: ੫, ਪੰਨਾ ੧੦੭੫)*

ਪ੍ਰ: ਭਾਈ ਸਾਹਿਬ ਜੀਉ! ਮਨੁੱਖਾਂ ਦੇ ਸਰੀਰ ਤਾਂ ਵੇਖਣ ਵਿਚ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਜਿਨ੍ਹਾਂ ਨੂੰ ਗੁਰਮਤ ਨੇ ਕਬੂਲ ਕੀਤਾ ਹੈ ਅਤੇ ਜੋ ਰੱਬੀ ਦਰਬਾਰ ਵਿਚ ਪ੍ਰਵਾਣ ਹੁੰਦੇ ਹਨ ਉਨ੍ਹਾਂ ਦੀ ਕੀ ਪਛਾਣ ਹੈ?

ਉ: ਹੇ ਭਾਈਓ! ਜੋ ਮੈਨੂੰ ਗੁਰਬਾਣੀ ਦੁਆਰੇ ਪ੍ਰੇਰਨਾ ਮਿਲੀ ਹੈ ਉਸ ਦੇ ਅਧਾਰਤ ਹੋ ਮੈਂ ਇਸ ਪਉੜੀ ਦੀਆਂ ਚੰਦ ਸਤਰਾ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਮਨੁੱਖਾ ਦੇ ਅੰਗਾਂ ਦੀ ਸਫਲਤਾ ਦਰਸਾਈ ਹੈ, ਜਿਵੇਂ ਕਿ :

(੧) (ਗੁਰਬਾਣੀ ਅਨੁਸਾਰ ਭਾਵੇਂ ਇਹ) ਮਨੁੱਖਾ ਜਨਮ ਕਿਸੇ ਮੁੱਲ ਤੋਂ (ਭੀ) ਨਾ ਮਿਲਣ ਵਾਲੀ ਦਾਤ ਹੈ—ਪਰ ਜੇ ਇਸਨੂੰ ਸਾਧ ਸੰਗਤ ਪ੍ਰਾਪਤ ਹੋ ਜਾਏ, ਤਾਂ ਫਿਰ ਠੀਕ ਹੀ ਇਹ ਅਮੋਲਕ ਹੋ ਜਾਂਦਾ ਹੈ।

(੨) (ਜਿਵੇਂ ਅਸੀਂ ਵੇਖਦੇ ਹਾਂ ਕਿ ਇਹ) ਦੋਵੇਂ ਅੱਖਾਂ ਨਿਰਮੋਲਕ (ਵੱਡੀਆਂ ਕੀਮਤੀ) ਹਨ, (ਪਰ ਇਹ ਤਾਂ ਹੀ ਨਿਰਮੋਲਕ ਹਨ ਜੇ ਇਹ) ਸਤਿਗੁਰੂ ਜੀ ਦੇ ਦਰਸ਼ਨ ਕਰਨ ਤੇ ਧਿਆਨ ਜੋੜ ਕੇ ਲਿਵਲੀਨ (ਮਗਨ) ਹੋਣ।

(੩) ਮੱਥਾ ਤੇ ਸਿਰ ਵੀ ਤਾਂ ਹੀ ਬੇਮੁਲੇ ਪਦਾਰਥ ਜਾਣੋ, ਜੇ ਇਹ ਗੁਰੂ ਦੀ ਸ਼ਰਨ ਜਾ ਕੇ ਚਰਨ ਧੂੜੀ ਨੂੰ ਮੱਥੇ 'ਤੇ ਸੋਭਨੀਕ ਕਰੇ (ਭਾਵ, ਲਾਵੇ)।

(੪) ਜੀਭਾ ਤੇ ਕੰਨ ਭੀ ਤਾਂ ਹੀ ਅਮੋਲਕ (ਵੱਡੇ ਮੁੱਲ ਦੇ ਜਾਣੋ) ਜੇ ਇਹ ਗੁਰੂ ਸ਼ਬਦ ਨੂੰ ਸੁਣਨ ਤੇ ਸਮਝਣ, ਜੀਭ (ਅਗੋਂ ਹੋਰ ਨੂੰ) ਸੁਣਾਏ।

(੫) ਹੱਥਾਂ ਤੇ ਪੈਰਾਂ (ਨੂੰ ਵੀ ਤਾਂ ਹੀ) ਨਿਰਮੋਲਕ (ਸਮਝੋ ਜੇ ਪੈਰ) ਗੁਰੂ ਦੇ ਰਾਹ 'ਤੇ ਚਲਣ (ਤੇ ਹੱਥ ਗੁਰੂ ਕੀ) ਸੇਵਾ ਕਰਨ।

(੬) (ਅਤੇ) ਗੁਰਮੁਖ ਦਾ ਹਿਰਦਾ (ਇਸੇ ਲਈ) ਅਮੋਲਕ ਹੈ ਕਿ ਉਸਦੇ ਅੰਦਰ ਗੁਰੂ ਦੇ ਉਪਦੇਸ਼ (ਸਿਖਿਆ) ਦਾ ਵਾਸਾ ਹੋ ਗਿਆ ਹੈ।

(੭) (ਇਸੇ ਲਈ ਗੁਰਮੁਖ ਦੀ) ਪਤਿ (ਇੱਜ਼ਤ ਤੇ ਸਨਮਾਨ ਰੂਪ) ਦਾ ਵੱਟਾ ਪਾ ਕੇ (ਉਸ ਨੂੰ ਰੱਬ ਦੀ ਦਰਗਾਹ ਵਿਚ) ਤੋਲਿਆ ਜਾਂਦਾ ਹੈ (ਤੇ ਐਸਾ ਗੁਰਮੁਖ ਹੀ) ਪਰਵਾਣ ਪਤ ਵਾਲਾ ਮੰਨਿਆ ਜਾਂਦਾ ਹੈ।੧੭।

*ਭਾਵਾਰਥ :* ਬਾਣੀ ਵਿਚ ਜਿਥੇ ਇਸ ਮਨੁੱਖ ਨੂੰ ਸਾਰੀਆ ਜੂਨਾਂ ਤੋਂ ਅਮੋਲਕ ਦਰਸਾਇਆ ਹੈ, ਉਥੇ ਇਸ ਦੀ ਅਮੋਲਕਤਾ ਦੇ ਸਾਧਨ ਭੀ ਦਰਸਾਏ ਗਏ ਹਨ, ਜਿਨ੍ਹਾਂ ਦਾ ਸਦਕਾ ਇਸ ਸਰੀਰ ਦੇ ਸਾਰੇ ਅੰਗ ਸਫਲ ਹੋ ਸਕਦੇ ਹਨ, ਜਿਵੇਂ ਕਿ ਬਾਣੀ ਦਾ ਫੁਰਮਾਨ ਹੈ :

ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ
ਸੀਸੁ ਸੁਹਾਵਾ ਚਰਣੀ ॥
ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ
ਜੀਉ ਪਇਆ ਤਉ ਸਰਣੀ ॥੨॥ *(ਮ: ੫, ਪੰਨਾ ੯੬੪)*

ਹਸਤ ਪੁਨੀਤ ਹੋਹਿ ਤਤਕਾਲ ॥
ਬਿਨਸਿ ਜਾਹਿ ਮਾਇਆ ਜੰਜਾਲ ॥
ਰਸਨਾ ਰਮਹੁ ਰਾਮ ਗੁਣ ਨੀਤ ॥
ਸੁਖੁ ਪਾਵਹੁ ਮੇਰੇ ਭਾਈ ਮੀਤ ॥੧॥
*(ਗਉੜੀ ਮ: ੫, ਪੰਨਾ ੧੮੫)*

ਕਰਨੀ ਸੁਨੀਐ ਜਸੁ ਗੋਪਾਲ ॥
ਨੈਨੀ ਪੇਖਤ ਸਾਧ ਦਇਆਲ ॥
ਰਸਨਾ ਗੁਨ ਗਾਵੈ ਬੇਅੰਤ ॥
ਮਨ ਮਹਿ ਚਿਤਵੈ ਪੂਰਨ ਭਗਵੰਤ ॥
ਹਸਤ ਚਰਨ ਸੰਤ ਟਹਲ ਕਮਾਈਐ ॥
ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥੧੦॥
*(ਪਉੜੀ, ਪੰਨਾ ੨੯੮)*

ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥
ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ
ਗੁਰ ਅਮਰਦਾਸੁ ਨਿਜ ਜਗਤ ਪਿਤ ॥
ਸਕਯਥੁ ਸੁ ਸਿਰੁ ਜਾਲਪੁ ਭਣੈ
ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥
*(ਸਵਈਏ ਮ: ੩ ਕੇ, ਪੰਨਾ ੧੩੯੪)*

ਸੋ, ਜੋ ਕੋਈ ਮਨੁੱਖ ਦੇਹ ਇਨ੍ਹਾਂ ਉੱਪਰ ਦੱਸੇ ਗੁਣਾਂ ਤੋਂ ਸੱਖਣੀ ਹੈ ਤਾਂ ਉਸਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਅਤਯੰਤ ਨੀਵਾਂ ਦਰਜਾ ਦਿਤਾ ਹੈ, ਜਿਵੇਂ ਕਿ ਫੁਰਮਾਨ ਹੈ ਕਿ :

ਚਿਰੰਕਾਲ ਪਾਈ ਦ੍ਰੁਲਭ ਦੇਹ ॥
ਨਾਮ ਬਿਹੂਣੀ ਹੋਈ ਖੇਹ ॥
ਪਸੂ ਪਰੇਤ ਮੁਗਧ ਤੇ ਬੁਰੀ ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥
*(ਰਾਮਕਲੀ ਮ: ੫, ਪੰਨਾ ੮੯੦)*

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥
*(ਪਉੜੀ, ਪੰਨਾ ੧੨੮੪)*

ਨਰੂ ਮਰੈ ਨਰੁ ਕਾਮਿ ਨ ਆਵੈ ॥
ਪਸੂ ਮਰੈ ਦਸ ਕਾਜ ਸਵਾਰੈ ॥੧॥ *(ਗੋਂਡ, ਪੰਨਾ ੮੭੦)*

ਪਸੂ ਮਿਲਹਿ ਚੰਗਿਆਈਆ
ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥
*(ਗੂਜਰੀ ਮ: ੧, ਪੰਨਾ ੪੮੯)*

ਸੂਕਰ ਸੁਆਨ ਗਰਧਭ ਮੰਜਾਰਾ ॥
ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ਹ ਜੋਨਿ ਭਵਾਈਐ ॥
ਬੰਧਨਿ ਬਾਧਿਆ ਆਈਐ ਜਾਈਐ ॥੫॥
*(ਬਿਲਾਵਲੁ ਮ: ੧, ਪੰਨਾ ੮੩੨)*

ਸੋ, ਇਸ ਤੋਂ ਆਦਿ ਹੋਰ ਭੀ ਬਾਣੀ ਵਿਚ ਬਹੁਤ ਪ੍ਰਮਾਣ ਆਉਂਦੇ ਹਨ ਕਿ ਜਿਥੇ ਮਨੁੱਖ ਆਪਣਾ ਨਾਮ ਸਿਮਰਨ ਦਾ ਪਰਮ ਪ੍ਰਯੋਜਨ ਅਨੁਭਵ ਕਰਦਾ ਹੋਇਆ ਪ੍ਰਭੂ ਦੀ ਯਾਦ ਵਿਚ ਜੀਵਨ ਗੁਜ਼ਾਰਦਾ ਹੈ, ਉਹ ਸਾਰਿਆਂ ਦਾ ਸ਼ਿਰੋਮਣੀ ਸਰਦਾਰ ਹੋਣ ਦਾ ਦਰਜਾ ਹਾਸਲ ਕਰਦਾ ਹੈ, ਪਰ ਜੋ ਬੰਦਗੀ ਵਲੋਂ ਸੱਖਣਾ ਹੈ, ਉਹ ਪਸ਼ੂ ਸ੍ਰੇਣੀ ਤੋਂ ਭੀ ਨੀਵਾਂ ਸਮਝੋ।

## ੧੮. ਰੱਬ ਦੀਆਂ ਅਨੰਤ ਦਾਤਾਂ ਤੇ ਮਨੁੱਖ ਦੀਆਂ ਭੁੱਲਾਂ

੧. ਰਕਤ ਬਿੰਦ ਕਰਿ ਨਿੰਮਿਆ
ਚਿੱਤ੍ਰ ਚਲਿੱਤ੍ਰ ਬਚਿੱਤ੍ਰ ਬਣਾਯਾ।
੨. ਗਰਭ ਕੁੰਡ ਵਿਚ ਰੱਖਿਆ
ਜੀਉ ਪਾਇ ਤਨੁ ਸਾਜਿ ਸੁਹਾਯਾ।
੩. ਮੂੰਹ ਅੱਖੀਂ ਤੇ ਨੱਕ ਕੰਨ
ਹੱਥ ਪੈਰ ਦੰਦ ਵਾਲ ਗਣਾਯਾ।
੪. ਦਿਸਟਿ ਸ਼ਬਦ ਗਤਿ ਸੁਰਤਿ ਲਿਵ
ਰਾਗ ਰੰਗ ਰਸ ਪਰਸ ਲੁਭਾਯਾ।
੫. ਉੱਤਮ ਕੁੱਲ ਉੱਤਮ ਜਨਮ
ਰੋਮ ਰੋਮ ਗਣ ਅੰਗ ਸਬਾਯਾ।
੬. ਬਾਲ ਬੁਧਿ ਮੁਹਿ ਦੁਧ ਦੇ ਕਰ
ਮਲ ਮੂਤ੍ਰ ਸੂਤ੍ਰ ਵਿਚ ਆਯਾ।

## ੭. ਹੋਇ ਸਿਆਣਾ ਸਮਝਿਆ
## ਕਰਤਾ ਛਡਿ ਕੀਤੇ ਲਪਟਾਯਾ।
## ੮. ਗੁਰ ਪੂਰੇ ਵਿਣ ਮੋਹਿਆ ਮਾਯਾ ॥੧੮॥

***ਪਦ ਅਰਥ :*** ਨਿੰਮਿਆ—ਹੋਂਦ ਕਾਇਮ ਹੋਈ, ਸਥਿਤ ਹੋਇਆ। ਚਿੱਤ੍ਰ—ਨਕਸ਼ਾ, ਸੂਰਤ। ਚਲਿੱਤ੍ਰ—ਕੌਤਕ, ਅਸਚਰਜ। ਬਚਿੱਤ੍ਰ—ਨਾਨਾ ਪ੍ਰਕਾਰ ਦੇ। ਗਰਭ ਕੁੰਡ—ਮਾਂ ਦੇ ਪੇਟ ਵਿਚ ਦਾ ਮੱਟ। ਦਿਸਟਿ—ਰੂਪ, ਨਜ਼ਰ। ਸਬਾਯਾ—ਸੰਪੂਰਣ।

*ਅਰਥ :*

ਪ੍ਰ: ਭਾਈ ਸਾਹਿਬ ਜੀ! ਇਹ ਦਸੋ ਕਿ ਮਾਤਾ ਦੇ ਉਦਰ ਵਿਚ ਬੱਚੇ ਦੀ ਹੋਂਦ ਕਿਵੇਂ ਅਰੰਭਤਾ ਵਿਚ ਆਈ ਇਸ ਸੰਬੰਧ ਵਿਚ ਤੁਸੀਂ ਪੁਰਾਤਨ ਪੁਸਤਕਾਂ ਵਿਚ ਤਾਂ ਬਹੁਤ ਕੁਝ ਪੜ੍ਹਿਆ ਹੋਵੇਗਾ, ਪਰ ਅਸੀ ਚਾਹੁੰਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਬਾਰੇ ਕੀ ਜਾਣਕਾਰੀ ਦਿੱਤੀ ਹੈ, ਕਿਉਂਕਿ ਸਾਨੂੰ ਗੁਰਬਾਣੀ ਬਾਰੇ ਵਧੇਰੇ ਬੋਧ ਨਹੀਂ ?

ਉ: ਹੇ ਭਾਈਓ! ਸਨਾਤਨ ਪੁਸਤਕਾਂ ਦੀ ਪੜਚੋਲ ਕਰਦਿਆ ਇਸ ਸੰਬੰਧੀ ਮੈਨੂੰ ਪੁਰਾਤਨ ਗ੍ਰੰਥਾਂ ਦੇ ਕਰਤਿਆਂ ਦੀਆਂ ਵਧੇਰੇ ਪੁਸਤਕਾਂ ਪੜ੍ਹਨ ਦਾ ਚਾਨਸ ਬਣਿਆ ਹੈ, ਪਰ ਇਸ ਪੱਖ ਵਿਚ ਸਾਰਿਆਂ ਦੇ ਭਿੰਨ ਭਿੰਨ ਵੀਚਾਰ ਪੜ੍ਹਨ ਵਿਚ ਆਏ ਹਨ, ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਵੀਚਾਰ ਸਾਰਿਆਂ ਤੋਂ ਵੱਖਰੇ ਤੇ ਅਸਲੀਅਤ ਨੂੰ ਦਰਸਾਉਂਦੇ ਵਾਚਣ ਵਿਚ ਆਏ ਹਨ, ਜਿਵੇਂ ਕਿ :

ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥
*(ਮਾਰੂ ਮ: ੧, ਪੰਨਾ ੧੦੨੨)*

ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥
ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥
*(ਸ੍ਰੀ ਰਾਗੁ ਮ: ੧, ਪੰਨਾ ੬੩)*

ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥
ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥
ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰਧਾਰਿ ॥
ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥
*(ਪਉੜੀ, ਪੰਨਾ ੭੦੬)*

ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
ਰਕਤ ਕਿਰਮ ਮਹਿ ਨਹੀ ਸੰਘਾਰਿਆ ॥
*(ਮਾਰੂ ਮ: ੫, ਪੰਨਾ ੧੦੫੪)*

ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
*(ਸੁਖਮਨੀ, ਪੰਨਾ ੨੬੬)*

ਗਰਭ ਕੁੰਟ ਮਹਿ ਉਰਧ ਤਪ ਕਰਤੇ ॥
ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥
*(ਗਉੜੀ ਮ: ੫, ਪੰਨਾ ੨੫੧)*

ਗਰਭ ਕੁੰਟ ਮਹਿ ਜਿਨਹਿ ਧਾਰਿਓ ਨਹੀ ਬਿਖੈ ਬਨ ਮਹਿ ਹੋਰ ॥
ਹਰਿ ਸਕਤ ਸਰਨ ਸਮਰਥ ਨਾਨਕ ਆਨ ਨਹੀ ਨਿਹੋਰ ॥੨॥
*(ਕੇਦਾਰਾ ਮ: ੫, ਪੰਨਾ ੧੧੨੧)*

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥
*(ਗਉੜੀ ਮ: ੫, ੨੧੦)*

ਗਰਭ ਕੁੰਡਲ ਮਹਿ ਉਰਧ ਧਿਆਨੀ ॥
ਆਪੇ ਜਾਣੈ ਅੰਤਰਜਾਮੀ ॥
ਸਾਸਿ ਸਾਸਿ ਸਚੁ ਨਾਮੁ ਸਮਾਲੇ
ਅੰਤਰਿ ਉਦਰ ਮਝਾਰਾ ਹੇ ॥੫॥
*(ਮਾਰੂ ਮ: ੧, ਪੰਨਾ ੧੦੨੬)*

ਗਰਭ ਘੋਰ ਮਹਿ ਰਾਖਨਹਾਰੁ ॥
ਤਿਸੁ ਠਾਕੁਰ ਕਉ ਸਦਾ ਨਮਸਕਾਰੁ ॥੧॥
*(ਗੋਂਡ ਮ: ੫, ਪੰਨਾ ੮੬੩)*

ਜਿਨਿ ਕੀਤਾ ਮਾਟੀ ਤੇ ਰਤਨੁ ॥
ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ ॥੧॥
*(ਗਉੜੀ ਮ: ੫, ਪੰਨਾ ੧੭੭)*

ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥
ਨਾਨਕ ਸੋ ਧਣੀ ਕਿਉ ਵਿਸਾਰਿਓ
ਉਧਰਹਿ ਜਿਸ ਦੈ ਨਾਇ ॥੨॥ *(ਸਲੋਕ, ਪੰਨਾ ੭੦੬)*

ਮਾਤ ਗਰਭ ਦੁਖ ਸਾਗਰੋ ਪਿਆਰੇ
ਤਹ ਅਪਣਾ ਨਾਮੁ ਜਪਾਇਆ ॥
*(ਸੋਰਠਿ ਮ: ੫, ਪੰਨਾ ੬੪੦)*

ਮਾਤ ਗਰਭ ਮਹਿ ਆਪਨ ਸਿਮਰਨੁ ਦੇ
ਤਹ ਤੁਮ ਰਾਖਨਹਾਰੇ ॥
ਪਾਵਕ ਸਾਗਰ ਅਥਾਹ ਲਹਰਿ ਮਹਿ
ਤਾਰਹੁ ਤਾਰਨਹਾਰੇ ॥੧॥ *(ਸੋਰਠਿ ਮ: ੫, ਪੰਨਾ ੬੧੩)*

ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ ॥
ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ ॥

*(ਮਾਰੂ ਸੋਲਹੇ ਮ: ੫, ਪੰਨਾ ੧੦੭੧)*

ਇਸੇ ਭਾਵ ਨੂੰ ਬਾਣੀ ਵਿਚ ਅਨੇਕਾਂ ਥਾਵਾਂ ਤੇ ਦਰਸਾਇਆ ਗਿਆ ਹੈ ਕਿ ਉਸ ਸਿਰਜਨਹਾਰ ਨੇ ਮਾਤਾ ਦੇ ਉਦਰ ਵਿਚ ਮਾਂ ਪਿਉ ਦੇ ਰਕਤ ਬਿੰਦ ਨੂੰ ਇਕੱਠਾ ਕਰਕੇ ਸਹਿਜੇ ਸਹਿਜੇ ਬੱਚੇ ਦੇ ਰੂਪ ਨੂੰ ਮੁਕੰਮਲ ਕੀਤਾ ਅਤੇ ਇਸ ਦੇ ਸਰੀਰਕ ਇੰਦ੍ਰਿਆਂ ਨੂੰ ਆਪਣੀ ਗੁਪਤ ਸ਼ਕਤੀ ਦੁਆਰਾ ਯੋਗ ਥਾਵਾਂ 'ਤੇ ਅਸਥਾਪਨ ਕਰ ਦਿੱਤਾ, ਇਨ੍ਹਾਂ ਸਾਰੇ ਸਰੀਰਕ ਅੰਗਾਂ ਨੂੰ ਇਸ ਤਰ੍ਹਾਂ ਦੀ ਵਿਧੀ ਵਿਧਾਨ ਅਨੁਸਾਰ ਥਾਂ ਪਰ ਥਾਂ ਦੀ ਯੋਗਤਾ ਵਰਤੀ ਹੈ ਜਿਸ ਨੂੰ ਤੱਕ ਕੇ ਮਨੁਖ ਦੀ ਸੁਰਤਿ ਚਕ੍ਰਤ ਹੋ ਜਾਂਦੀ ਹੈ, ਇਸੇ ਲਈ ਬਾਣੀ ਵਿਚ ਹੁਕਮ ਆਇਆ ਹੈ ਕਿ :

ਪੁਤਰੀ ਤੇਰੀ ਬਿਧਿ ਕਰਿ ਥਾਟੀ ॥
ਜਾਨੁ ਸਤਿ ਕਰਿ ਹੋਇਗੀ ਮਾਟੀ ॥੧॥

*(ਆਸਾ ਮ: ੫, ਪੰਨਾ ੩੭੪)*

ਭਾਵ ਇਸ ਸਰੀਰ ਦੀ, ਜੋ ਕਿ ਇੱਕ ਮਿੱਟੀ ਦਾ ਹੀ ਪੁਤਲਾ ਹੈ ਇਸਦੀ ਇਸ ਸਿਆਣਪ ਨਾਲ ਵੰਡ ਕੀਤੀ ਹੈ, ਜਿਸ ਵਿਚ ਜ਼ਰਾ ਮਾਤ੍ਰ ਭੀ ਉਕਾਈ ਨਜ਼ਰ ਨਹੀਂ ਆਉਂਦੀ, ਇਸ ਸਰੀਰ ਦੇ ਅੰਗਾਂ ਨੂੰ ਉਸ ਰਚਨਹਾਰ ਦੀ ਗੁਪਤ ਸ਼ਕਤੀ ਨੇ ਪਤਾ ਨਹੀਂ ਕਿਵੇਂ ਰਚਿਆ ਹੈ ਜੇ ਉਸ ਦੇ ਰਚੇ ਹੋਏ ਇਕ ਇਕ ਅੰਗ ਦੀ ਸ਼ੁਕਰ ਗੁਜ਼ਾਰੀ ਕਰੀਏ ਤਾਂ ਭਾਵੇਂ ਕਈ ਜਨਮ ਧਾਰ ਕੇ ਸਿਫਤੋ-ਸਾਲਾਹ ਕਰਦੇ ਰਹੀਏ ਫਿਰ ਭੀ ਨਹੀਂ ਕਰ ਸਕਦੇ, ਪਰ ਉਹ ਪ੍ਰਮੇਸ਼ਰ ਇਤਨਾ ਬਖ਼ਸ਼ਸ਼ ਭੰਡਾਰ ਹੈ ਉਹ ਇਸ ਮਨੁੱਖ ਦੀਆਂ ਅਨੰਤ ਭੁੱਲਾਂ ਨੂੰ ਤਕ ਕੇ ਫਿਰ ਭੀ ਦਿਨੇ ਰਾਤ ਬੇਅੰਤ ਦਾਤਾਂ ਬਖ਼ਸ਼ੀ ਜਾ ਰਿਹਾ ਹੈ। ਗੁਰਬਾਣੀ ਦੀਆਂ ਉਪਰੋਕਤ ਪੰਗਤੀਆਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਹੇ ਭਾਈਓ ! ਵੇਖੋ ਇਹ ਇਕ ਪ੍ਰਭੂ ਦਾ ਹੀ ਅਸਚਰਜ ਖੇਲ ਹੈ ਕਿ) ਰਕਤ (ਲਹੂ) ਤੇ ਬਿੰਦ (ਬੀਰਜ ਦੀ ਬੂੰਦ) ਵਿਚੋਂ ਪੁਤਲਾ (ਸਰੀਰ) ਬਣ ਉਤਪਤ ਹੋਇਆ ਹੈ, (ਜਿਵੇਂ ਉਸਨੇ ਇਹ ਇਕ ਸੁੰਦਰ ਮਨੁੱਖਾ ਸਰੀਰ ਬਣਾਇਆ ਹੈ, ਇਹ ਭੀ ਸੁੰਦਰ ਤੇ ਅਸਚਰਜ ਹੀ ਖੇਲ ਹੈ)।

(੨) (ਵੇਖੋ ! ਪਹਿਲੇ) ਮਾਂ ਦੇ ਪੇਟ (ਗਰਭ ਕੁੰਡ) ਵਿਚ ਰੱਖਿਆ (ਤੇ ੯ ਮਹੀਨੇ ਮਗਰੋਂ) ਜੀਉ (ਜਿੰਦ) ਪਾ ਕੇ ਤਨ ਨੂੰ ਸਾਜ ਕੇ ਸੋਭਨੀਕ ਕੀਤਾ।

(੩) (ਜਿਵੇਂ) ਮੂੰਹ, ਅੱਖਾਂ, ਨੱਕ, ਕੰਨ, ਹੱਥ, ਪੈਰ, ਦੰਦ ਤੇ ਵਾਲ (ਗਿਣ ਕੇ) ਸਾਰੇ ਅੰਗ (ਇੰਦ੍ਰੇ, ਕੰਮ ਕਰਨ ਵਾਲੇ) ਪੂਰੇ ਕਰ ਦਿਤੇ।

(੪) (ਉਸ ਪ੍ਰਭੂ ਨੇ ਕਿਵੇਂ ਤੇ ਕਿਸ ਤੌਰ ਤਰੀਕੇ ਨਾਲ ਜੀਵ ਨੂੰ ਜੀਵਨ ਦੇ ਕੇ ਹੋਂਦ ਵਿਚ ਲਿਆਂਦਾ ਤੇ ਫਿਰ) ਅੱਖਾਂ ਨੂੰ ਦੇਖਣ ਦੀ ਸ਼ਕਤੀ, ਕੰਨਾਂ ਨੂੰ ਉਹ ਸ਼ਕਤੀ ਦਿੱਤੀ ਜੋ ਅਵਾਜ਼ ਨੂੰ ਸੁਣਦੀ, ਅੰਗਾਂ ਨੂੰ ਹਿਲਣ ਜੁਲਣ (ਹਰਕਤ ਕਰਨ) ਦੀ ਸ਼ਕਤੀ ਤੇ ਸੁਰਤ ਸਮਝਣ ਤੇ ਸਮਝਾਉਣ ਦੀ ਬੁੱਧੀ) ਜੋ ਸਮਝਣ ਤੇ ਅਨੁਭਵ ਕਰਨ ਪਿਛੋਂ ਧਿਆਨ (ਲਿਵ) ਲਾਉਂਦੀ ਹੈ।

(੫) ਉੱਤਮ ਕੁਲ (ਸਭ ਜੀਵਾਂ ਵਿਚੋਂ ਉੱਤਮ ਦੇਹੀ ਮਨੁੱਖ ਦੀ ਹੈ ਤੇ ਫਿਰ ਉਪ੍ਰੋਕਤ ਪ੍ਰਭੂ ਦੀਆਂ ਦਾਤਾਂ ਵਾਲਾ) ਮਨੁੱਖ ਜਨਮ ਵੀ ਉੱਤਮ ਸੀ, ਜਿਸਦੇ ਰੋਮ ਰੋਮ ਤੇ ਅੰਗ (ਪ੍ਰਮੇਸ਼ਰ ਨੇ) ਗਿਣ ਕੇ ਬਣਾਏ ਸਨ।

(੬) ਬਾਲਪਨ ਦੇ ਸਮੇਂ ਮੂੰਹ ਵਿਚ ਦੁੱਧ ਦਿਤਾ, ਤੇ ਮਲ ਮੂਤਰ ਦੀ ਮਾਂ ਕੋਲੋਂ ਸੇਵਾ ਕਰਵਾਈ।

(੭) ਪਰ ਜਦੋਂ ਸਿਆਣਾ (ਤੇ ਤਕੜਾ ਜੁਆਨ) ਹੋਇਆ ਤਾਂ ਆਪਣੇ ਕਰਨਹਾਰ (ਕਰਤੇ) ਨੂੰ ਛਡ ਕੇ ਪ੍ਰਭੂ ਦੀਆਂ ਬਣਾਈਆਂ ਵਸਤੂਆਂ (ਪਦਾਰਥਾਂ) ਦੇ ਰਸਾਂ ਨੂੰ ਲਪਟ ਗਿਆ।

(੮) (ਆਖ਼ਰ ਇਉਂ ਹੀ ਨਜ਼ਰ ਆਉਂਦਾ ਹੈ ਕਿ ਇਹ ਮਨੁੱਖ) ਪੂਰੇ ਗੁਰੂ ਦੀ ਕ੍ਰਿਪਾ (ਪ੍ਰਾਪਤ ਕੀਤੇ) ਬਿਨਾ (ਪ੍ਰਭੂ ਦੀ ਪਰਬਲ) ਮਾਇਆ ਨੇ ਹੀ ਮੋਹ ਲਿਆ (ਭਾਵ, ਕਰਤੇ ਨੂੰ ਛੱਡ ਕੇ ਮਾਇਆ ਦਾ ਪੁਜਾਰੀ ਬਣ ਗਿਆ)।੧੮।

***ਭਾਵਾਰਥ :*** ਮਨੁੱਖ ਨੂੰ ਇਨ੍ਹਾਂ ਰੱਬੀ ਸ਼ਕਤੀਆਂ ਨੂੰ ਪ੍ਰਾਪਤ ਕਰਕੇ ਇਨ੍ਹਾਂ ਦਾਤਾਂ ਦੇ ਦੇਣ ਵਾਲੇ ਪ੍ਰਭੂ ਦਾ ਸ਼ੁਕਰ-ਗੁਜ਼ਾਰ ਹੋਣਾ ਚਾਹੀਦਾ ਸੀ ਤੇ ਉਸਦੀ ਸਿਫ਼ਤੋ-ਸਾਲਾਹ ਕਰਕੇ ਉਸੇ ਦਾਤਾਰ ਦਾ ਰਿਣੀ ਹੋਣਾ ਸੀ, ਪਰ ਮਨੁੱਖ ਨੂੰ ਪ੍ਰਭੂ ਦੀ ਮਾਇਆ ਦੇ ਲੋਭ ਨੇ ਪੁੱਠੇ ਪਾਸੇ ਤੋਰ ਦਿਤਾ, ਕਿਉਂਕਿ ਇਹ ਮਨੁੱਖ ਪੰਜਾਂ ਕਾਮਾਦਿਕਾਂ ਦੇ ਵਹੇ ਚੜ੍ਹ ਗਿਆ। ਅੱਖਾਂ ਰੂਪ 'ਤੇ ਮਸਤ ਹੋ ਗਈਆਂ, ਕੰਨ ਰਾਗਾਂ (ਮਿੱਠੀ ਅਵਾਜ਼) ਦੇ ਮੋਹ ਵਿਚ ਫਸ ਗਏ, ਜਿਸ ਹਰਕਤ ਨੂੰ ਸੇਵਾ ਤੇ ਸਿਮਰਨ ਵੱਲ ਲਾਉਣਾ ਸੀ, ਉਹ ਵਿਸ਼ੇ ਵਿਕਾਰਾਂ ਵੱਲ ਝੁਕ ਗਈ, ਜੀਭ ਸੁਆਦਾਂ ਦੇ ਰਸ ਵਿਚ, ਅੱਖਾਂ ਰੂਪ ਦੇਖਣ ਵਿਚ ਹੀ ਮਸਤ ਹੋ ਗਈਆਂ ਤੇ ਕਾਮ ਨੇ ਸਪਰਸ਼ਤਾ ਦੇ ਔਗੁਣਾਂ ਵਿਚ ਰੋਹੜ ਦਿਤਾ, ਭਾਵ ਮਨੁੱਖ ਰਸਾਂ ਦਾ ਸੁਆਦ (ਲੋਭੀ) ਹੋ ਗਿਆ। ਇਸ ਤਰ੍ਹਾਂ ਇਹ ਜੀਵ ਪ੍ਰਭੂ ਦੇ ਉਪਕਾਰ ਭੁਲਾ ਕੇ ਅਕ੍ਰਿਤਘਣ ਬਣ ਜਾਂਦਾ ਹੈ, ਪਰ ਜਿਨ੍ਹਾਂ ਮਨੁੱਖਾਂ ਪਰ ਪੂਰੇ ਗੁਰੂ ਮਹਾਰਾਜ ਦੀ ਕਿਰਪਾ ਹੈ, ਉਹ ਇਸ ਪਾਪ ਤੋਂ

ਬਚੇ ਰਹਿੰਦੇ ਹਨ, ਉਹ ਗੁਰੂ ਦੇ ਸਬਦ ਦੀ ਕਮਾਈ ਕਰਕੇ ਉਸੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਜਾ ਕੇ ਅਭੇਦ ਹੁੰਦੇ ਹਨ।

## ੧੯. ਮਨੁੱਖ ਜਾਮੇ ਦੀ ਉੱਤਮਤਾ

੧. ਮਨਮੁਖ ਮਾਣਸ ਦੇਹ ਤੇ
ਪਸੂ ਪਰੇਤ ਅਚੇਤ ਚੰਗੇਰੇ।
੨. ਹੋਇ ਸੁਚੇਤ ਅਚੇਤ ਹੋਇ
ਮਾਣਸ ਮਾਣਸ ਦੇ ਵਲ ਹੇਰੇ।
੩. ਪਸੂ ਨ ਮੰਗੈ ਪਸੂ ਤੇ
ਪੰਖੇਰੂ ਪੰਖੇਰੂ ਘੇਰੇ।
੪. ਚਉਰਾਸੀ ਲੱਖ ਜੂਨਿ ਵਿਚ
ਉੱਤਮ ਮਾਣਸ ਜੂਨਿ ਭਲੇਰੇ।
੫. ਉੱਤਮ ਮਨ ਬਚ ਕਰਮ ਕਰਿ
ਜਨਮ ਮਰਨ ਭਵਜਲ ਲੱਖ ਫੇਰੇ।
੬. ਰਾਜਾ ਪਰਜਾ ਹੋਇ ਕੈ
ਸੁਖ ਵਿਚ ਦੁਖ ਹੋਇ ਭਲੇ ਭਲੇਰੇ।
੭. ਕੁੱਤਾ ਰਾਜ ਬਹਾਲੀਐ
ਚੱਕੀ ਚੱਟਣ ਜਾਇ ਅਨ੍ਹੇਰੇ।
੮. ਗੁਰੁ ਪੂਰੇ ਵਿਣ ਗਰਭ ਵਸੇਰੇ ॥੧੯॥

***ਪਦ ਅਰਥ :*** ਅਚੇਤ—ਬੇ-ਖ਼ਬਰ, ਅਗਿਆਨੀ। ਹੇਰੇ—ਦੇਖਣਾ, ਤੱਕਣਾ। ਭਲੇ ਭਲੇਰੇ—ਭਲਿਆਂ ਤੋਂ ਭਲੇ, ਭਾਵ ਵੱਡਿਆਂ ਤੋਂ ਵੱਡੇ। ਗਰਭ ਵਸੇਰੇ—ਗਰਭਾਂ ਵਿਚ ਵਾਸਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਕਈ ਵਾਰ ਸੰਗਤਾਂ ਵਿਚ ਵੀਚਾਰ ਦਿਆ ਕਰਦੇ ਹੋ ਕਿ ਮਨੁੱਖ ਦੀ ਸ੍ਰੇਣੀ ਸਾਰਿਆਂ ਦਰਿੰਦਿਆਂ ਪਰਿੰਦਿਆਂ ਤੋਂ ਉੱਤਮ ਦਰਜਾ ਰਖਦੀ ਹੈ। ਪਰ ਦੇਖਣ ਵਿਚ ਇਉਂ ਆਉਂਦਾ ਹੈ ਕਿ ਮਨੁੱਖ ਦੇ ਮੁਕਾਬਲੇ ਵਿਚ ਕਈ ਪਸੂ, ਪੰਛੀ ਸਰਕਸਾਂ ਵਿਚ ਅਜਿਹਾ ਕੰਮ ਕਰਦੇ ਹਨ ਜਿਨ੍ਹਾਂ ਨੂੰ ਤੱਕ ਕੇ ਮਨੁੱਖ ਭੀ ਹੈਰਾਨ ਰਹਿ ਜਾਂਦੇ ਹਨ ਕਿ ਇਹ ਸਾਡੇ ਨਾਲੋਂ ਭੀ ਸਿਆਣੇ ਹਨ। ਕਿਉਂ ਜੀ! ਦਸੋਗੇ ਕਿ ਮਨੁੱਖ ਵਿਚ ਖ਼ਾਸ ਵਿਸ਼ੇਸ਼ਤਾ ਕੇਹੜੀ ਹੈ?

ਉ: ਹੇ ਭਾਈਓ! ਜੇ ਕਦੀ ਅਸੀਂ ਵੀਚਾਰ ਦ੍ਰਿਸ਼ਟੀ ਰਾਹੀ ਤੱਕਾਂਗੇ ਤਾਂ ਸਾਨੂੰ ਆਖ਼ਰ ਇਹੋ ਹੀ ਮੰਨਣਾ ਪਵੇਗਾ ਕਿ ਜਿਤਨੇ ਭੀ ਜਾਨਵਰ ਸਰਕਸਾਂ ਵਿਚ ਕ੍ਰਿਆ ਕਰਦੇ ਨਜ਼ਰ ਆਉਂਦੇ ਹਨ, ਇਹ ਸਿਆਣਪ ਉਨ੍ਹਾਂ ਦੀ ਆਪਣੀ ਨਹੀ ਇਹ ਭੀ ਉਨ੍ਹਾ ਨੂੰ ਮਨੁੱਖ ਦੀ ਦੇਣ ਹੈ, ਕਿਉਂਕਿ ਮਨੁੱਖ ਨੇ ਸਾਲਾਂ ਬੱਧੀ ਮਸ਼ੱਕਤ ਕਰਵਾ ਕੇ ਉਨ੍ਹਾਂ ਜਾਨਵਰਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਖੇਡਾਂ ਕਰਨ ਦੀ ਅਕਲ ਪ੍ਰਦਾਨ ਕੀਤੀ ਹੈ, ਇਸ ਪੱਖ ਨੂੰ ਲੈ ਕੇ ਭੀ ਮਨੁੱਖਤਾ ਨੂੰ ਹੀ ਉੱਤਮ ਦਰਜਾ ਦਿਤਾ ਜਾਵੇਗਾ।

ਪਰ ਜੇ ਅਸੀਂ ਇਸ ਤੋਂ ਭੀ ਅਗੇ ਬਾਣੀ ਦੁਆਰੇ ਵੀਚਾਰ ਕਰੀਏ ਤਾਂ ਮਨੁੱਖ ਭੀ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ ਜਿਸਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ 'ਗੁਰਮੁਖ' ਤੇ 'ਮਨਮੁਖ' ਦੇ ਨਾਮ ਨਾਲ ਪੁਕਾਰਿਆ ਹੈ, ਇਨ੍ਹਾਂ ਦੋਹਾਂ ਦਾ ਬਾਣੀ ਵਿਚ ਕਈ ਥਾਵਾਂ 'ਤੇ ਨਿਰਣਾ ਕੀਤਾ ਗਿਆ ਹੈ, ਜੋ ਕਿ ਮੇਰੇ ਪੜ੍ਹਨ ਤੇ ਵੀਚਾਰਨ ਵਿਚ ਇਉਂ ਆਇਆ ਹੈ, ਜਿਵੇਂ ਕਿ ਗੁਰਮੁਖ ਬਾਰੇ ਜਿਕਰ ਹੈ:

ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨੁ ਗਾਏ ਜੀਉ ॥੮॥

[illegible] ਪੰਨਾ ੭੩੦

ਗੁਰਮੁਖਿ ਉਬਰੇ ਹਰਿ ਸਰਣਾਈ ॥
ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ

ਧਨਾਸਰੀ ਮ: ੩, ਪੰਨਾ ੬੬੬

ਗੁਰਮੁਖਿ ਵਿਚਹੁ ਹਉਮੈ ਜਾਇ ॥
ਗੁਰਮੁਖਿ ਮੈਲੁ ਨ ਲਾਗੈ ਆਇ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥
ਗੁਰਮੁਖਿ ਕਰਮ ਧਰਮ ਸਚਿ ਹੋਈ ॥
ਗੁਰਮੁਖਿ ਅਹੰਕਾਰੁ ਜਲਾਏ ਦੋਈ ॥......
ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥੪॥

ਗਉੜੀ ਮ: ੩, ਪੰਨਾ ੨੩੦

ਗੁਰਮੁਖਿ ਧਿਆਨ ਸਹਜ ਧੁਨਿ ਉਪਜੈ
ਸਚਿ ਨਾਮਿ ਚਿਤੁ ਲਾਇਆ ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ
ਹਰਿ ਕਾ ਨਾਮੁ ਮਨਿ ਭਾਇਆ ॥
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ
ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥

ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ
ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ
ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥
*(ਸਲੋਕ ਮ: ੩, ਪੰਨਾ ੫੧੨)*

ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥
ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ ॥
*(ਬਿਲਾਵਲੁ ਮ: ੪, ਪੰਨਾ ੮੪੪)*

ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ ॥ *(ਮ: ੩, ਪੰਨਾ ੮੭)*

ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥੧੧॥
*(ਰਾਮਕਲੀ ਮ: ੩, ਪੰਨਾ ੯੧੦)*

ਗੁਰਮੁਖਿ ਅਲਿਪਤੁ ਰਹੇ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥
*(ਮਾਝ ਮ: ੩, ਪੰਨਾ ੧੧੮)*

ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ
ਹਉਮੈ ਸਬਦਿ ਜਲਾਇ ॥੨॥
*(ਸਲੋਕ ਮ: ੩, ਪੰਨਾ ੬੫੦)*

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਗੁਰਮੁਖਾਂ ਦੀ ਮਾਨਸਿਕ ਅਵਸਥਾ ਦਾ ਕਈ ਪੰਨਿਆਂ 'ਤੇ ਜ਼ਿਕਰ ਆਉਂਦਾ ਹੈ, ਜਿਨ੍ਹਾਂ ਤੋਂ ਉਨ੍ਹਾਂ ਦੀਆਂ ਮਾਨਸਕ ਉੱਚੀਆਂ ਉਡਾਣਾਂ ਦਾ ਬੋਧ ਮਿਲਦਾ ਹੈ ਕਿ ਉਹ ਸੰਸਾਰ ਸਾਗਰ ਵਿਚ ਰਹਿੰਦੇ ਹੋਏ ਭੀ ਇਸ ਦੀਆਂ ਵਿਖਮ ਲਹਿਰਾਂ ਤੋਂ ਨਿਰਲੇਪ ਰਹਿੰਦੇ ਹੋਏ ਜੀਵਨ ਗੁਜ਼ਾਰਦੇ ਹਨ।

**ਮਨਮੁਖ** : ਦੂਸਰੇ ਦਰਜੇ ਦੇ ਮਨੁੱਖ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਮਨਮੁਖਾਂ ਦਾ ਦਰਜਾ ਦਿਤਾ ਹੈ, ਇਨ੍ਹਾਂ ਦੀ ਜਾਣ-ਪਛਾਣ ਭੀ ਬਾਣੀ ਵਿਚ ਬਾਰ ਬਾਰ ਦਿਤੀ ਗਈ ਹੈ, ਜਿਵੇਂ ਕਿ :

ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥
ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ ॥
ਓਇ ਧਰਮਿ ਰਲਾਏ ਨਾ ਰਲਨਿ੍
ਓਨਾ ਅੰਦਰਿ ਕੂੜੁ ਸੁਆਉ ॥
ਨਾਨਕ ਕਰਤੈ ਬਣਤ ਬਣਾਈ
ਮਨਮੁਖ ਕੂੜੁ ਬੋਲਿ ਬੋਲਿ ਡੁਬੇ
ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥
*(ਮ: ੩, ਪੰਨਾ ੫੧੧)*

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥
ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥
ਕਟੀਅਹਿ ਤੈ ਨਿਤ ਜਾਲੀਅਹਿ
ਓਨਾ ਸਬਦੁ ਨ ਨਾਉ ॥੪॥ *(ਸ੍ਰੀ ਰਾਗੁ ਮ: ੩, ਪੰਨਾ ੬੬)*

ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
ਉਦਰੁ ਨੈ ਸਾਣੁ ਨ ਭਰੀਐ ਕਬਹੂ
ਤ੍ਰਿਸਨਾ ਅਗਨਿ ਪਚਾਏ ॥੧॥
*(ਭੈਰਉ ਮ: ੩, ਪੰਨਾ ੧੧੩੧)*

ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ ॥
ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ ॥
*(ਸਲੋਕ ਮ: ੪, ਪੰਨਾ ੩੦੧)*

ਮਨਮੁਖ ਅਗਿਆਨੀ ਅੰਧੁਲੇ
ਜਨਮਿ ਮਰਹਿ ਫਿਰਿ ਆਵੈ ਜਾਏ ॥
ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ ॥
*(ਸਲੋਕ ਮ: ੩, ਪੰਨਾ ੮੫੧)*

ਮਨਮੁਖ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥ *(ਗਉੜੀ ਮ: ੩, ਪੰਨਾ ੨੩੧)*

ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ
ਡੁਬੇ ਹਰਿ ਨਾਮੁ ਵਿਸਾਰਿ ॥
ਭਲਕੇ ਉਠਿ ਬਹੁ ਕਰਮ ਕਮਾਵਹਿ
ਦੂਜੈ ਭਾਇ ਪਿਆਰੁ । *(ਮ: ੩, ਪੰਨਾ ੮੯)*

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ
ਬਖਸੇ ਸਿਫਤਿ ਭੰਡਾਰ ॥ *(ਪਉੜੀ, ਪੰਨਾ ੧੨੮੦)*

ਜੰਮਣੁ ਮਰਣਾ ਹੈ ਸੰਸਾਰੁ ॥
ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ ॥
ਪਰਨਿੰਦਾ ਬਹੁ ਕੂੜੁ ਕਮਾਵੈ ॥
ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥੩॥
*(ਆਸਾ ਮ: ੩, ਪੰਨਾ ੩੬੪)*

ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥

ਕੂੜੁ ਕੁਸਤੁ ਓਹੁ ਪਾਪ ਕਮਾਵੈ॥
ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ॥
ਅੰਨਾ ਬੋਲਾ ਖੁਇ ਉਝੜਿ ਪਾਇ॥
ਮਨਮੁਖੁ ਅੰਧਾ ਆਵੈ ਜਾਇ॥
ਬਿਨੁ ਸਤਿਗੁਰ ਭੇਟੇ ਥਾਇ ਨ ਪਾਇ॥

*(ਮ: ੩, ਪੰਨਾ ੩੧੪)*

ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ॥
ਮਨਮੁਖਿ ਅੰਧਾ ਆਵੈ ਜਾਇ॥੩॥

*(ਗਉੜੀ ਮ: ੩, ਪੰਨਾ ੧੬੧)*

ਇਸ ਤਰ੍ਹਾਂ ਮਨਮੁਖਾਂ ਬਾਰੇ ਹੋਰ ਭੀ ਬਾਣੀ ਵਿਚ ਬਹੁਤ ਉਦਾਹਰਣ ਮਿਲਦੇ ਹਨ, ਪਰ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਹ ਪੁੱਛ ਕਰੀਏ ਕਿ ਇਨ੍ਹਾਂ ਦੋਵਾਂ ਸ਼ਰੇਣੀਆਂ ਨੂੰ ਆਖ਼ਰ ਫਲ ਕੀ ਮਿਲਦਾ ਹੈ, ਤਾਂ ਆਪ ਜੀ ਵਲੋਂ ਇਹੋ ਉੱਤਰ ਮਿਲਦਾ ਹੈ ਕਿ:

ਮਨਮੁਖਿ ਆਵੈ ਮਨਮੁਖਿ ਜਾਵੈ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ॥੧੨॥ *(ਪੰਨਾ ੧੦੭੩)*

ਇਸ ਲਈ ਮੈਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਮਨਮੁਖਾਂ ਦੀ ਦਸ਼ਾ ਅੰਕਤ ਕੀਤੀ ਹੈ ਕਿ ਇਹ ਮਨਮੁਖ ਵੇਖਣ ਵਿਚ ਤਾਂ ਭਾਵੇਂ ਮਨੁੱਖਾਂ ਦਾ ਹੀ ਅਕਾਰ ਨਜ਼ਰ ਆਉਂਦੇ ਹਨ, ਪਰ ਜਦੋਂ ਵੀਚਾਰ ਦ੍ਰਿਸ਼ਟੀ ਰਾਹੀਂ ਤੱਕੀਏ ਤਾਂ ਇਹ ਪਸੂ ਪ੍ਰੇਤਾਂ ਤੋਂ ਭੀ ਨੀਵਾਂ ਦਰਜਾ ਨਜ਼ਰ ਆਉਂਦੇ ਹਨ:

(੧) (ਜਦੋਂ ਅਸੀਂ ਦੀਰਘ ਦ੍ਰਿਸ਼ਟੀ ਰਾਹੀਂ ਤੱਕਦੇ ਹਾਂ ਤਾ ਸਾਨੂੰ ਨਜ਼ਰ ਆਉਂਦਾ ਹੈ ਕਿ) ਮਨਮੁਖ ਦੀ ਮਨੁੱਖਾ ਦੇਹ ਤਾਂ ਹੈ, ਪਰ ਇਸ ਦੇਹ ਨਾਲੋਂ ਪਸ਼ੂ ਤੇ ਪ੍ਰੇਤ (ਭੀ) ਚੰਗੇ ਹਨ।

(੨) (ਕਿਉਂਕਿ ਮਨਮੁਖ) ਗਿਆਨ-ਹੀਨਾਂ ਵਾਂਗ (ਅਚੇਤ) ਹੋ ਜਾਂਦਾ ਹੈ। ਉਹ ਮਨੁੱਖ ਹੋ ਕੇ (ਆਪਣੇ ਜੇਹੇ) ਮਨੁੱਖ ਵੱਲ ਹੀ ਦੇਖਦਾ (ਪ੍ਰਭੂ ਦੀ ਟੇਕ ਛੱਡ ਕੇ ਮਨੁੱਖ 'ਤੇ ਆਸ ਰਖਦਾ) ਹੈ।

(੩) (ਅਸੀਂ ਵੇਖਦੇ ਹਾਂ ਕਿ) ਪਸ਼ੂ ਪਸ਼ੂ ਤੋਂ ਮੰਗਦਾ ਨਹੀਂ, ਨਾ ਹੀ ਪੰਖੇਰੂ (ਮੰਗਣ ਲਈ) ਕਿਸੇ-ਪੰਖੇਰੂ ਨੂੰ ਘੇਰਦਾ ਹੈ।

(੪) (ਸਿਆਣੇ ਸਾਰੇ ਹੀ ਮੰਨਦੇ ਹਨ ਕਿ) ਚੌਰਾਸੀ ਲੱਖ ਜੂਨੀਆਂ ਵਿਚ ਮਨੁੱਖ ਜੂਨੀ (ਸਭ ਤੋਂ) ਉੱਤਮ ਅਤੇ ਭਲੇਰੀ ਹੈ।

(੫) ਮਨ, ਬਚਨ ਤੇ ਕਰਮਾਂ ਕਰਕੇ ਵੀ (ਮਨੁੱਖ) ਉੱਤਮ ਹੈ (ਪਰ ਮਨਮੁਖ ਬਣਕੇ) ਮਨੁੱਖਾ ਦੇਹੀ (ਵਿਚ ਵੀ) ਜਨਮ ਮਰਨ ਵਾਲੇ ਸੰਸਾਰ ਭਵਜਲ ਵਿਚ, ਲੱਖਾਂ ਫੇਰਿਆਂ (ਚੱਕਰਾਂ) ਵਿਚ ਪੈ ਜਾਂਦਾ ਹੈ।

(੬) ਰਾਜਾ (ਭਾਵ ਵੱਡਾ) ਹੋਵੇ, ਤਦ ਵੀ ਤੇ ਜੇ ਪਰਜਾ (ਛੋਟਾ ਗ਼ਰੀਬ) ਹੋਵੇ ਤਦ ਵੀ ਉਹ ਸੁਖਾਂ ਵਿਚ ਹੀ ਵੱਡੇ ਤੋਂ ਵੱਡਾ ਦੁੱਖ ਪਾਉਂਦਾ ਹੈ।

(੭) ਮਨਮੁਖ ਦੀ ਇਹ ਦਸ਼ਾ ਹੈ ਕਿ ਜਿਵੇਂ ਕੁੱਤੇ ਨੂੰ ਰਾਜ ਗੱਦੀ 'ਤੇ ਬਿਠਾ ਦੇਈਏ, ਉਹ ਫਿਰ ਵੀ ਰਾਤ ਨੂੰ ਚੱਕੀ ਚੱਟਣ ਲਈ ਜਾਂਦਾ ਹੈ। ਭਾਵ ਮਨਮੁਖ ਉੱਤਮ ਰੱਬੀ ਦਾਤਾਂ ਨੂੰ ਛੱਡ ਕੇ ਵਿਸ਼ੇ ਵਿਕਾਰਾਂ ਮਗਰ ਦੌੜਦਾ ਹੈ।

(੮) ਪੂਰੇ ਗੁਰੂ ਤੋਂ ਬਿਨਾਂ (ਆਖ਼ਰ) ਗਰਭ ਵਿਚ ਹੀ ਵਾਸਾ ਹੋਵੇਗਾ।੧੯।

***ਭਾਵਾਰਥ :*** ਮਨੁੱਖਾ ਦੇਹੀ ਹੋਰ ਸਾਰੀਆਂ ਚੌਰਾਸੀ ਲੱਖ ਜੂਨਾਂ ਵਿਚੋਂ ਉੱਤਮ ਦਰਜਾ ਰੱਖਦੀ ਹੈ, ਪਰ ਜੇ ਇਹ ਪ੍ਰਭੂ ਦੇ ਸਿਮਰਨ ਕਰਨ ਦੇ ਫ਼ਰਜ਼ ਨੂੰ ਨਿਭਾਉਂਦੀ ਹੈ, ਨਹੀਂ ਤਾਂ ਗ੍ਰੰਥ ਕਾਰਾਂ ਨੇ ਇਸਨੂੰ ਪਸ਼ੂਆਂ ਤੋਂ ਭੀ ਨੀਵਾਂ ਦਰਜਾ ਦਿਤਾ ਹੈ, ਜਿਵੇਂ ਕਿ:

ਨਿੰਦ੍ਰਾ, ਭੋਜਨ, ਭੋਗ, ਭੈ ਇਹ ਪਸ ਪੁਰਖ ਸਮਾਨ॥
ਨਰਨ ਗਿਆਨ ਨਿਜ ਅਧਕਤਾ
ਗਿਆਨ ਬਿਨਾ ਪਸੂ ਜਾਨ॥ *ਸਾਰਕੁਤਾਵਲੀ*

## ੨੦. ਗੁਰਮੁਖ ਦੀ ਸਰੇਸ਼ਟਤਾਈ

**੧. ਵਣਿ ਵਣਿ ਵਾਸ ਵਣਾਸਪਤਿ**
**ਚੰਦਨ ਬਾਝੁ ਨ ਚੰਦਨ ਹੋਈ।**
**੨. ਪਰਬਤਿ ਪਰਬਤਿ ਅਸ਼ਟ ਧਾਤ**
**ਪਾਰਸ ਬਾਝੁ ਨ ਕੰਚਨੁ ਸੋਈ।**
**੩. ਚਾਰਿ ਵਰਨਿ ਛਿਅ ਦਰਸ਼ਨਾ**
**ਸਾਧਸੰਗਤਿ ਵਿਣੁ ਸਾਧ ਨ ਕੋਈ।**
**੪. ਗੁਰ ਉਪਦੇਸ਼ ਅਵੇਸ ਕਰਿ**
**ਗੁਰਮੁਖ ਸਾਧ ਸੰਗਤਿ ਜਾਣੋਈ।**

੫. ਸ਼ਬਦ ਸੁਰਤਿ ਲਿਵਲੀਣ ਹੋਇ
ਪ੍ਰੇਮ-ਪਿਆਲਾ ਅਪਿਉ ਪੀਓਈ।
੬. ਮਨਿ ਉਨਮਨਿ ਤਨਿ ਦੁੱਬਲੇ
ਦੇਹ ਬਿਦੇਹ ਸਨੇਹ ਸਥੋਈ।
੭. ਗੁਰਮੁਖ ਸੁਖ ਫਲ ਅਲਖ ਲਖੋਈ ॥੨੦॥

*ਪਦ ਅਰਥ :* ਵਣਿ ਵਣਿ—ਬ੍ਰਿਛ ਬ੍ਰਿਛ। ਅਵੇਸ—ਪ੍ਰਵੇਸ਼। ਅਪਿਉ—ਅੰਮ੍ਰਿਤ। ਉਨਮਨਿ—ਸਹਿਜ ਅਵਸਥਾ, ਤੁਰੀਆ ਪਦ। ਸਥੋਈ—ਸਾਖੀ। ਅਲਖ ਲਖੋਈ—ਨਾ ਲਖੇ ਜਾਣ ਵਾਲੇ ਪ੍ਰਭੂ ਨੂੰ ਲਖ ਲੈਂਦੇ ਹਨ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਕਈ ਵਾਰ ਸੰਗਤ ਵਿਚ ਗੁਰਮਤ ਦੀਆਂ ਵੀਚਾਰਾਂ ਸਰਵਣ ਕਰਾਉਂਦੇ ਹੋਏ ਭਗਤ ਕਬੀਰ ਜੀ ਦੇ ਖ਼ਿਆਲ ਭੀ ਦਿਆ ਕਰਦੇ ਹੋ, ਕਬੀਰ ਜੀ ਲਿਖਦੇ ਹਨ ਕਿ:

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥
*(ਸਲੋਕ ਕਬੀਰ ਜੀ, ਪੰਨਾ ੧੩੬੫)*

ਭਾਵ, ਚੰਦਨ ਦੇ ਬੂਟੇ ਵਿਚ ਇਹ ਇਕ ਵਿਸ਼ੇਸ਼ਤਾ ਹੈ ਕਿ ਉਸਦੇ ਚੌਗਿਰਦੇ ਜਿਤਨੇ ਭੀ ਢੱਕ, ਪਲਾਸ ਦੇ ਬ੍ਰਿਛ ਹਨ ਉਹ ਸਾਰੇ ਦੇ ਸਾਰੇ ਚੰਦਨ ਦੀ ਸੁਗੰਧੀ ਨਾਲ ਸੁਗੰਧਤ ਹੋ ਚੰਦਨ ਦਾ ਰੂਪ ਹੀ ਬਣ ਜਾਂਦੇ ਹਨ, ਇਸੇ ਤਰ੍ਹਾਂ ਬਾਣੀ ਵਿਚ ਹੋਰ ਭੀ ਉਦਾਹਰਣ ਮਿਲਦੇ ਹਨ:

ਕੇਸਰਿ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥
*(ਤਿਲੰਗ ਮ: ੧, ਪੰਨਾ ੭੨੧)*

ਚੰਦਨ ਬਾਸੁ ਭਏ ਮਨ ਬਾਸਨ
ਤਿਆਗਿ ਘਟਿਓ ਅਭਿਮਾਨਾਨਾ ॥੨॥
*(ਗਉੜੀ, ਪੰਨਾ ੩੩੯)*

ਸੋ, ਭਾਈ ਸਾਹਿਬ ਜੀਉ! ਇਸ ਤੋਂ ਆਦਿ ਹੋਰ ਭੀ ਵੀਚਾਰਾਂ ਸਰਵਣ ਕਰਦੇ ਹੋਏ ਜਦੋਂ ਅਸੀਂ ਆਪਣੇ ਅੰਤਰ ਆਤਮੇ ਝਾਤ ਮਾਰਦੇ ਹਾਂ ਕਿ ਸਾਨੂੰ ਜੀਵਨ ਦਾ ਬਹੁਤ ਹਿੱਸਾ ਸੰਗਤ ਵਿਚ ਆ ਕੇ ਕੀਰਤਨ, ਕਥਾ ਸੁਣਦਿਆਂ ਹੀ ਗੁਜ਼ਰ ਗਿਆ ਹੈ, ਪਰ ਸਾਡੀ ਜੀਵਨ ਸ਼ੈਲੀ ਵਿਚ ਅਜੇ ਤਕ ਕੋਈ ਭੀ ਬਦਲ ਨਹੀਂ ਆਈ। ਕਿਉਂ ਜੀ! ਦਸੋਗੇ ਇਸਦਾ ਅਸਲ ਕਾਰਣ ਕੀ ਹੈ, ਜਦ ਕਿ ਚੰਦਨ ਦੇ ਬੂਟੇ ਦੀ ਸੰਗਤ ਕਰਕੇ ਸਾਰਾ ਜੰਗਲ ਹੀ ਚੰਦਨ ਬਣ ਜਾਂਦਾ ਹੈ, ਤਾਂ ਸੰਗਤ ਕਰਦਿਆਂ ਸਾਡੇ ਆਦੀ ਸੁਭਾਵਾਂ ਵਿਚ ਹੁਣ ਤਕ ਕਿਉਂ ਨਹੀਂ ਤਬਦੀਲੀ ਆਈ?

ਉ: ਹੇ ਭਾਈਓ! ਹੋ ਸਕਦਾ ਹੈ ਕਿ ਤੁਸੀਂ ਕਬੀਰ ਜੀ ਦੇ ਉਪ੍ਰੋਕਤ ਸਲੋਕ ਤੋਂ ਅਗਲੇ ਸਲੋਕ ਵੱਲ ਧਿਆਨ ਨਾ ਦਿਤਾ ਹੋਵੇ, ਜਿਸ ਵਿਚ ਆਪ ਜੀ ਇਸ ਸਲੋਕ ਦੇ ਟਾਕਰੇ ਵਿਚ ਦੂਜਾ ਸਲੋਕ ਕਹਿ ਰਹੇ ਹਨ ਕਿ ਹੇ ਭਾਈਓ! ਸੁਣੋ:

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥੧੨॥
*(ਸਲੋਕ ਕਬੀਰ ਜੀ, ਪੰਨਾ ੧੩੬੫)*

ਹੇ ਪਿਆਰਿਓ! ਇਹ ਠੀਕ ਹੈ ਕਿ ਚੰਦਨ ਦਾ ਬੂਟਾ ਆਪਣੀ ਸੁਗੰਧੀ ਨਾਲ ਸਾਰਿਆਂ ਜੰਗਲ ਦੇ ਬੂਟਿਆਂ ਨੂੰ ਆਪਣੇ ਸਮਾਨ ਚੰਦਨ ਹੀ ਬਣਾ ਲੈਂਦਾ ਹੈ, ਪਰ ਉਸਦੇ ਬਹੁਤ ਨੇੜੇ ਵੱਸਦਾ ਹੋਇਆ ਬਾਂਸ ਚੰਦਨ ਦੀ ਸੁਗੰਧੀ ਤੋਂ ਸੱਖਣਾ ਹੀ ਰਹਿ ਜਾਂਦਾ ਹੈ, ਕਿਉਂਕਿ ਉਸਨੂੰ ਆਪਣੇ ਅੰਦਰ ਚੰਦਨ ਦੇ ਛੋਟੇ ਜਿਹੇ ਬੂਟੇ ਨਾਲੋਂ ਵੱਡਾ ਹੋਣ ਦਾ ਹੰਕਾਰ ਹੈ ਉਹ ਇਸੇ ਹੰਕਾਰ ਵਿਚ ਡੁੱਬਿਆ ਹੋਇਆ ਚੰਦਨ ਦੀ ਸੁਗੰਧੀ ਤੋਂ ਖ਼ਾਲੀ ਹੀ ਰਹਿ ਜਾਂਦਾ ਹੈ, ਇਸ ਵਿਚ ਚੰਦਨ ਦਾ ਕੋਈ ਦੋਸ਼ ਨਹੀਂ, ਉਸਦੀ ਤਾਂ ਸਾਰਿਆਂ ਤੇ ਸਮਾਨ ਦ੍ਰਿਸ਼ਟੀ ਹੈ, ਪਰ ਬਾਂਸ ਵਿਚ ਸਿਆਣਿਆਂ ਨੇ ਪੰਜ ਦੋਸ਼ ਮੰਨੇ ਹਨ, ਜਿਸ ਕਰਕੇ ਬਾਂਸ ਵਿਚ ਚੰਦਨ ਦੀ ਸੁਗੰਧੀ ਪ੍ਰਵੇਸ਼ ਨਹੀਂ ਕਰਦੀ, ਜਿਵੇਂ ਕਿ ਬਾਂਸ:

(੧. ਲੰਮਾ। ੨. ਪੋਲਾ। ੩. ਗੰਢਾਂ। ੪. ਸ਼ਿਲਤਾਂ। ਤੇ ੫. ਅੱਗ ਹੈ)।
ਇਹ ਹਨ ਪੰਜ ਦੋਸ਼ ਬਾਂਸ ਵਿਚ ਜਿਸ ਦੇ ਕਾਰਨ ਉਹ ਚੰਦਨ ਦੀ ਸੁਗੰਧੀ ਤੋਂ ਸੱਖਣਾ ਰਹਿ ਜਾਂਦਾ ਹੈ।

(੧) ਪਹਿਲਾ ਦੋਸ਼ ਉਸ ਵਿਚ ਇਹ ਹੈ ਕਿ ਉਹ ਆਪਣੇ ਆਪ ਨੂੰ ਚੰਦਨ ਦੇ ਬ੍ਰਿਛ ਤੋਂ ਉੱਚਾ ਸਮਝਦਾ ਹੈ, ਇਹ ਹੰਕਾਰ ਉਸ ਦੇ ਅੰਦਰ ਸਦਾ ਹੀ ਬਣਿਆ ਰਹਿੰਦਾ ਹੈ।
(੨) ਦੂਜਾ ਉਹ ਅੰਦਰੋਂ ਪੋਲਾ ਹੈ ਇਕ ਪਾਸਿਓਂ ਫੂਕ ਮਾਰੋ ਦੂਜੇ ਪਾਸੇ ਨਿਕਲ ਜਾਂਦੀ ਹੈ।
(੩) ਤੀਜਾ ਉਸਦੇ ਸਾਰੇ ਸਰੀਰ ਤੇ ਗੰਢਾਂ ਹਨ।
(੪) ਚੌਥਾ ਉਹ ਸ਼ਿਲਤਾਂ ਰਾਹੀਂ ਸਾਰਿਆਂ ਨੂੰ ਪੀੜਤ ਕਰਦਾ ਹੈ।

(੫) ਪੰਜਵਾਂ ਉਹ ਆਪਣੇ ਅੰਦਰੋਂ ਹੀ ਅਗਨ ਪੈਦਾ ਕਰਕੇ ਸਾਰੇ ਹੀ ਜੰਗਲ ਨੂੰ ਸਾੜ ਦੇਂਦਾ ਹੈ।

ਇਸੇ ਤਰ੍ਹਾਂ ਮਨੁੱਖ ਦੇ ਪੰਜ ਦੋਸ਼:

(੧) ਜੋ ਬਾਂਸ ਦੀ ਤਰ੍ਹਾਂ ਆਪਣੇ ਆਪ ਨੂੰ ਸਾਰਿਆਂ ਤੋਂ ਵੱਡਾ, ਉੱਚਾ ਸਮਝਦਾ ਹੈ। ਜਿਵੇਂ ਕਿ:

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ ॥੨॥

*(ਰਾਮਕਲੀ ਬਾਣੀ ਰਵਿਦਾਸ ਜੀ, ਪੰਨਾ ੯੭੪)*

(੨) ਜੋ ਬਾਂਸ ਦੀ ਤਰ੍ਹਾਂ ਅੰਦਰੋਂ ਪੋਲਾ, ਧਾਰਨਾ ਤੋਂ ਸੱਖਣਾ ਹੈ, ਭਾਵ ਗੁਰੂ-ਉਪਦੇਸ਼ ਨੂੰ ਇਕ ਕੰਨ ਰਾਹੀਂ ਸੁਣ ਕੇ ਦੂਸਰੇ ਕੰਨ ਦੁਆਰੇ ਨਿਕਾਲ ਦੇਂਦਾ ਹੈ, ਜਿਵੇਂ ਕਿ:

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ ॥੧੫੮॥

*(ਸਲੋਕ ਕਬੀਰ ਜੀ, ਪੰਨਾ ੧੩੭੨)*

(੩) ਜਿਸਦੇ ਅੰਦਰ ਚਾਰ ਵਰਣ ਚਾਰ ਆਸ਼੍ਰਮਾਂ ਦੀਆਂ ਗੰਡਾਂ ਹਨ, ਭਾਵ ਜੋ ਉਚ ਨੀਚਤਾ ਦੀਆਂ ਗੰਡਾਂ ਵਿਚ ਗੰਡਿਆ ਹੋਇਆ ਸਦਾ ਹੀ ਦੁਖੀਆ ਰਹਿੰਦਾ ਹੈ।

(੪) ਜੋ ਈਰਖਾ ਦੀਆਂ ਸ਼ਿਲਤਾਂ ਦੁਆਰਾ ਸਾਰੇ ਲੋਕਾਂ ਨੂੰ ਹੀ ਦਿਨੇ ਰਾਤ ਸਤਾਉਂਦਾ ਰਹਿੰਦਾ ਹੈ, ਭਾਵ ਬਿਨਾਂ ਕਾਰਨ ਤੋਂ ਹੀ ਹਰ ਬੰਦੇ ਨਾਲ ਈਰਖਾ ਕਰਕੇ ਆਪ ਭੀ ਸੜਦਾ ਤੇ ਹੋਰਨਾਂ ਨੂੰ ਭੀ ਸਾੜਦਾ ਹੈ।

(੫) ਉਸਦੇ ਅੰਦਰ ਤ੍ਰਿਸ਼ਨਾ ਦੀ ਅੱਗ ਹੈ ਜਿਸ ਨਾਲ ਉਹ ਆਪ ਭੀ ਸੜਦਾ ਹੈ ਅਤੇ ਹੋਰਨਾਂ ਨੂੰ ਭੀ ਦਗਧ ਕਰਦੇ ਰਹਿਣ ਦਾ ਵਿਅਰਥ ਕੋਸ਼ਸ਼ ਯਤਨ ਕਰਦਾ ਰਹਿੰਦਾ ਹੈ।

ਭਾਵ ਹੈ, ਜੋ ਬਾਂਸ ਦੀ ਤਰ੍ਹਾਂ ਉਪ੍ਰੋਕਤ ਪੰਜਾਂ ਦੋਸ਼ਾਂ ਦੇ ਧਾਰਨੀ ਹਨ, ਉਹ ਲੋਕ ਭਾਵੇਂ ਸਾਰੇ ਜੀਵਨ ਭਰ ਹੀ ਸੰਗਤ ਵਿਚ ਆ ਕੇ ਕਥਾ, ਕੀਰਤਨ, ਦਾਨ, ਪੁੰਨ, ਸੇਵਾ ਕਰਦੇ ਰਹਿਣ ਉਨ੍ਹਾਂ ਦੀ ਜੀਵਨ ਸ਼ੈਲੀ ਵਿਚ ਕੋਈ ਭੀ ਬਦਲ ਨਹੀਂ ਆਵੇਗੀ। ਇਸ ਵਿਚ ਸੰਗਤ ਦਾ ਕੋਈ ਭੀ ਦੋਸ਼ ਨਹੀਂ। ਕਿਉਂਕਿ ਗੁਰੂ ਦੀ ਸਤਿਸੰਗਤ ਵਿਚ ਤਾਂ ਸਾਰਿਆਂ ਨੂੰ ਸਮਾਨਤਾ ਭਰਿਆ ਸਾਂਝਾ ਉਪਦੇਸ਼ ਮਿਲਦਾ ਹੈ। ਪਰ ਜੇ ਕੋਈ ਘੜਾ ਮੂੰਧਾ ਪਿਆ ਹੈ ਤਾਂ ਬਰਖਾ ਤਾਂ ਸਾਰਿਆਂ ਥਾਵਾਂ ਪਰ ਸਮਾਨ ਬਰਸਦੀ ਹੈ, ਪਰ ਉਹ ਘੜਾ ਬਾਰਸ਼ ਦੇ ਪਾਣੀ ਤੋਂ ਖ਼ਾਲੀ ਰਹਿ ਜਾਂਦਾ ਹੈ। ਸੋ, ਜਿਵੇਂ ਹਰੇਕ ਬਣ ਵਿਚ ਚੰਦਨ ਨਹੀਂ ਹੁੰਦਾ ਚੰਦਨ ਤੋਂ ਬਿਨਾ ਕੋਈ ਭੀ ਬ੍ਰਿਛ ਚੰਦਨ ਨਹੀਂ ਬਣ ਸਕਦਾ। ਇਸੇ ਤਰ੍ਹਾਂ, ਇਕੱਠ ਤਾਂ ਸੰਸਾਰ ਵਿਚ ਬਹੁਤ ਹੁੰਦੇ ਹਨ, ਪਰ ਗੁਰੂ ਦੀ ਸੰਗਤ ਤੋਂ ਸੱਖਣੇ ਮਨੁੱਖ ਵਿਚ ਭਗਤੀ ਦੀ ਸੁਗੰਧੀ ਨਿਵਾਸ ਨਹੀਂ ਕਰ ਸਕਦੀ, ਇਸੇ ਭਾਵ ਨੂੰ ਮੁਖ ਰੱਖ ਕੇ ਮੈਂ ਗੁਰਬਾਣੀ ਦੇ ਭਾਵਾਂ ਨੂੰ ਚੰਦ ਪੰਗਤੀਆਂ ਵਿਚ ਉੱਕਰਿਆ ਹੈ, ਜਿਵੇਂ:

(੧) (ਅਸੀਂ ਵੇਖਦੇ ਹਾਂ ਕਿ) ਬਨਾਸਪਤੀ ਦੇ ਬ੍ਰਿਛ ਬੂਟੇ ਜੰਗਲਾਂ ਵਿਚ ਥਾਂ ਪਰ ਥਾਂ ਹੁੰਦੇ ਹਨ, ਪਰ ਚੰਦਨ ਬਿਨਾਂ ਇਨ੍ਹਾਂ ਨੂੰ ਕੋਈ ਚੰਦਨ ਨਹੀਂ ਬਣਾ ਸਕਦਾ।

(੨) (ਹੋਰ ਵੇਖੋ ਜਿਵੇਂ) ਹਰ ਪਹਾੜ ਵਿਚ ਅੱਠੇ ਧਾਤਾਂ (ਲੋਹਾ, ਪਿਤਲ, ਸੋਨਾ, ਚਾਂਦੀ, ਤਾਂਬਾ ਆਦਿ) ਮੌਜੂਦ ਹੁੰਦੀਆਂ ਹਨ, ਪਰ ਪਾਰਸ ਦੀ ਛੋਹ ਤੋਂ ਬਿਨਾ ਇਹ ਸੋਨਾ ਨਹੀਂ ਬਣ ਸਕਦੀਆਂ।

(੩) (ਇਸੇ ਤਰ੍ਹਾਂ ਸੰਸਾਰ ਵਿਚ) ਚਾਰ ਵਰਣ ਤੇ ਛੇ ਦਰਸ਼ਨ (ਧਰਮ ਮੌਜੂਦ) ਹਨ, ਪਰ ਸਾਧ ਸੰਗਤ (ਸਾਧੂ ਦੀ ਸੰਗਤ) ਤੋਂ ਬਿਨਾਂ ਕੋਈ ਸਾਧੂ ਬਣ ਨਹੀਂ ਸਕਦਾ।

(੪) ਗੁਰੂ ਦੇ ਉਪਦੇਸ਼ ਵਿਚ ਪ੍ਰਵੇਸ਼ ਕਰਕੇ (ਭਾਵ ਮਨ ਵਿਚ ਗੁਰੂ ਦੀ ਸਿਖਿਆ ਦ੍ਰਿੜ ਕਰਕੇ) ਗੁਰਮੁਖ ਸਾਧ ਸੰਗਤ ਨੂੰ ਮੰਨਦੇ ਤੇ ਜਾਣਦੇ ਹਨ।

(੫) ਗੁਰਮੁਖ (ਗੁਰ) ਸ਼ਬਦ ਨੂੰ ਸੁਰਤ ਵਿਚ ਰਖ, ਪ੍ਰੇਮ ਦਾ ਪਿਆਲਾ ਪੀ, ਅੰਮ੍ਰਿਤ ਰਸ ਦੇ ਸੁਆਦ ਵਿਚ ਲਿਵਲੀਣ (ਮਗਨ) ਹੋ ਜਾਂਦੇ ਹਨ।

(੬) ਮਨ ਉਨ੍ਹਾਂ ਦਾ ਤੁਰੀਆ ਪਦ (ਚੌਥੀ ਅਵਸਥਾ) ਵਿਚ ਚਲਾ ਜਾਂਦਾ ਹੈ ਸਰੀਰਕ ਤੌਰ ਤੇ ਉਹ ਦੁਬਲੇ (ਨਿਰਬਲ) ਹੋ ਜਾਂਦੇ ਹਨ। ਦੇਹ ਤੋਂ ਬਿਦੇਹ ਹੋਣ ਕਰਕੇ, ਸਰੀਰ ਨੂੰ ਸਥਿਰ ਰਖਣ ਦਾ ਉਨ੍ਹਾਂ ਨੂੰ ਪਿਆਰ ਹੀ ਨਹੀਂ ਰਹਿੰਦਾ।

(੭) ਗੁਰਮੁਖ ਦਾ ਸੁਖ ਫਲ ਅਲਖ ਨਾ ਲਖੇ ਜਾਣ ਵਾਲੇ (ਪ੍ਰਮੇਸ਼ਰ) ਦੀ ਲਖਤਾ ਹੋਣਾ ਹੀ ਹੈ (ਇਸ ਲਈ ਉਹ ਅਲੱਖ ਪ੍ਰਭੂ ਨਾਲ ਅਭੇਦ ਹੋ ਸਦੀਵੀ ਸੁਖ ਮਾਣਦੇ ਹਨ।)।੨੦।

***ਭਾਵਾਰਥ :*** ਜਦੋਂ ਅਸੀਂ ਆਪੋ ਆਪਣੇ ਗੁਜ਼ਰ ਚੁਕੇ ਜੀਵਨਾਂ ਵੱਲ ਨਜ਼ਰ ਮਾਰੀਏ ਤਾਂ ਸਾਨੂੰ ਇਹੋ ਦਿੱਸ ਆਵੇਗਾ ਕਿ ਸਾਡੇ ਵਿਚੋਂ ਕਿਸੇ ਨੂੰ ਚਾਲੀ ਸਾਲ ਕਿਸੇ ਨੂੰ ਇਸ ਤੋਂ ਭੀ ਵਧੇਰੇ ਸਮਾਂ ਬੀਤ ਚੁੱਕਾ ਹੈ, ਅਸੀਂ ਹਰ ਰੋਜ਼ ਕਥਾ ਕੀਰਤਨ ਕਰਦੇ ਸੁਣਦੇ ਆ ਰਹੇ ਹਾਂ, ਪਰ ਸਾਡੀ ਜੀਵਨ ਸ਼ੈਲੀ ਵਿਚ ਕੋਈ ਭੀ ਬਦਲ ਨਹੀਂ ਆਈ, ਕਿਉਂਕਿ ਅਸੀਂ

ਹਮੇਸ਼ਾ ਗੁਰੂ ਦੇ ਦਰ 'ਤੇ ਆਉਣ ਦੇ ਤਾਂ ਨਿਯਮੀ ਰਹੇ ਹਾ, ਪਰ ਸੁਣਕੇ ਧਾਰਨ ਕਰਨ ਦੇ ਆਦੀ ਨਹੀਂ ਹੋ ਸਕੇ। ਜੇ ਕਦੀ ਗੁਰ ਦੇ ਦਰ 'ਤੇ ਆ ਜਾਣਾ ਹੀ ਕਾਫ਼ੀ ਹੁੰਦਾ ਤਾਂ ਦੁਨੀਆ ਦੇ ਸਾਰੇ ਧਰਮ ਅਸਥਾਨਾਂ ਵਿਚ ਲੱਖਾਂ ਦੀ ਗਿਣਤੀ ਦੇ ਲੋਕ ਆਉਂਦੇ ਹਨ ਉਹ ਸਾਰੇ ਹੀ ਰੱਬੀ ਦਰਬਾਰ ਵਿਚ ਜਾ ਪੁਜਦੇ, ਪਰ ਐਸਾ ਹੁੰਦਾ ਨਜ਼ਰ ਨਹੀਂ ਆਉਂਦਾ। ਕਿਉਂਕਿ ਉਨ੍ਹਾਂ ਹਮੇਸ਼ਾਂ ਆਉਣ ਵਾਲੇ ਲੋਕਾਂ ਨੇ ਗੁਰੂ ਦੇ ਨਿਯਮ ਦੀ ਪਾਲਣਾ ਨਹੀਂ ਕੀਤੀ, ਗੁਰੂ ਗ੍ਰੰਥ ਸਾਹਿਬ ਜੀ ਨੇ ਹਮੇਸ਼ਾਂ ਦੇ ਆਉਣ ਵਾਲੇ ਸਿਖ ਸੇਵਕਾਂ ਲਈ ਇਕ ਅਸੂਲ ਕਾਇਮ ਕਰ ਦਿਤਾ ਹੈ ਕਿ:

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ॥੧॥

*(ਧਨਾਸਰੀ ਮ: ੪, ਪੰਨਾ ੬੬੯)*

ਭਾਵ, ਗੁਰੂ ਦੇ ਸੇਵਕ ਸਿਖ ਸਦਾਉਣ ਵਾਲੇ ਗੁਰੂ ਦੇ ਦਰ 'ਤੇ ਪੂਜਾ ਕਰਨ ਲਈ ਤਾਂ ਬਹੁਤ ਆਉਂਦੇ ਹਨ, ਗੁਰੂ ਦੀ ਬਾਣੀ ਗਾਉਂਦੇ ਤੇ ਸੁਣਦੇ ਭੀ ਹਨ, ਪਰ, ਗੁਰੂ ਤਾਂ ਉਨ੍ਹਾਂ ਦਾ ਗਾਵਿਆ ਸੁਣਿਆ ਹੀ ਕਬੂਲ ਕਰਦਾ ਹੈ ਜਿਨ੍ਹਾਂ ਸੇਵਕਾਂ ਨੇ ਗੁਰੂ ਦੀ ਆਗਿਆ ਨੂੰ ਸਤਿ ਕਰਕੇ ਅੰਤਰ ਆਤਮੇ ਧਾਰਨ ਕਰ ਲਿਆ ਹੈ। ਜੋ ਲੋਕ ਬਾਂਸ ਦੀ ਤਰ੍ਹਾਂ ਗੁਰੂ ਦੀ ਸੰਗਤ ਰੂਪ ਚੰਦਨ ਪਾਸ ਰਹਿੰਦੇ ਭੀ ਰਹੇ, ਉਹ ਪ੍ਰਭੂ ਦੀ ਭਗਤੀ ਰੂਪ ਸੁਗੰਧੀ ਤੋਂ ਸੱਖਣੇ ਹੀ ਰਹਿ ਗਏ, ਉਨ੍ਹਾਂ ਦਾ ਸਾਰਾ ਜੀਵਨ ਡੱਡੂ ਦੀ ਤਰ੍ਹਾਂ ਹੀ ਕਵਲ ਫੁਲ ਦੀਆਂ ਜੜ੍ਹਾਂ ਵਿਚ ਰਹਿੰਦਿਆਂ ਵਿਸ਼ੇ ਵਿਕਾਰਾਂ ਦਾ ਜਾਲਾ ਖਾਂਦਿਆਂ ਹੀ ਵਿਅਰਥ ਗੁਜ਼ਰ ਗਿਆ, ਜਿਨ੍ਹਾਂ ਬਾਰੇ ਹਜ਼ੂਰ ਨੇ ਬਾਣੀ ਵਿਚ ਫੁਰਮਾਨ ਕੀਤਾ ਹੈ ਕਿ:

ਦਾਦਰ ਤੂ ਕਬਹਿ ਨ ਜਾਨਸਿ ਰੇ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ
ਅੰਮ੍ਰਿਤੁ ਨ ਲਖਸਿ ਰੇ॥ *(ਮਾਰੂ ਮ: ੧, ਪੰਨਾ ੯੯੦)*

ਅਜਿਹੇ ਧਾਰਨ ਤੋਂ ਖ਼ਾਲੀ ਲੋਕ ਜੋ ਡੱਡੂ ਦੀ ਤਰ੍ਹਾਂ ਗੁਰੂ ਦੀ ਸੰਗਤ ਵਿਚ ਰਹਿੰਦੇ ਹਨ, ਉਹ ਭਾਵੇਂ ਵੇਖਣ ਵਿਚ ਤਾਂ ਰੱਬ ਪ੍ਰਸਤ ਨਜ਼ਰ ਆਉਂਦੇ ਹਨ, ਪਰ ਉਹ ਅਜਿਹੇ ਕਾਗ਼ਜ਼ੀ ਫੁਲ ਹਨ, ਜਿਨ੍ਹਾਂ ਵਿਚ ਸੁਗੰਧੀ ਨਹੀਂ ਹੋਇਆ ਕਰਦੀ, ਉਨ੍ਹਾਂ ਦਾ ਫੋਕਾ ਜੀਵਨ ਲੋਕਾਂ ਦੇ ਮਨਾਂ ਵਿਚ ਨਾਸਤਕਤਾ ਦਾ ਬੀਜ ਬੋਂਦਾ ਹੈ, ਜਿਥੇ ਉਹ ਆਪਣਾ ਜੀਵਨ ਵਿਅਰਥ ਗਵਾ ਜਾਂਦੇ ਹਨ, ਬਾਕੀ ਲੋਕਾਂ ਦੇ ਜੀਵਨਾਂ ਪਰ ਭੀ ਉਹ ਆਪਣੇ ਫੋਕੇ ਜੀਵਨ ਦਾ ਭੈੜਾ ਹੀ ਅਸਰ ਪਾਉਂਦੇ ਹਨ।

## ੨੧. ਮਾਇਆ ਵਿਚ ਰਹਿੰਦਿਆਂ ਹੀ ਉਦਾਸ

੧. ਗੁਰਮੁਖ ਸੁਖ ਫਲ ਸਾਧ ਸੰਗ
ਮਾਯਾ ਅੰਦਰ ਕਰਨਿ ਉਦਾਸੀ।
੨. ਜਿਉਂ ਜਲ ਅੰਦਰ ਕਵਲ ਹੈ
ਸੂਰਜ ਧਿਆਨ ਅਗਾਸ ਨਿਵਾਸੀ।
੩. ਚੰਦਨੁ ਸੱਪੀਂ ਵੇੜ੍ਹਿਆ
ਸੀਤਲ ਸਾਂਤਿ ਸੁਗੰਧਿ ਵਿਗਾਸੀ।
੪. ਸਾਧਸੰਗਤਿ ਸੰਸਾਰ ਵਿਚ
ਸ਼ਬਦ ਸੁਰਤਿ ਲਿਵ ਸਹਜਿ ਬਿਲਾਸੀ।
੫. ਜੋਗ ਜੁਗਤਿ ਭੋਗ ਭੁਗਤਿ ਜਿਣਿ
ਜੀਵਨ ਮੁਕਤਿ ਅਛਲ ਅਬਿਨਾਸੀ।
੬. ਪਾਰਬ੍ਰਹਮ ਪੂਰਣ ਬ੍ਰਹਮ
ਗੁਰ ਪਰਮੇਸ਼ਰ ਆਸ ਨਿਰਾਸੀ।
੭. ਅਕਥ ਕਥਾ ਅਬਿਗਤਿ ਪਰਗਾਸੀ॥੨੧॥੧੫॥

***ਪਦ ਅਰਥ:*** ਉਦਾਸੀ—ਉਦਾਸ ਰਹਿਣਾ। ਸੱਪੀਂ—ਸੱਪਾਂ ਨਾਲ। ਵਿਗਾਸੀ—ਖੇੜੇ ਵਿਚ, ਖਿੜਿਆ ਹੋਇਆ। ਬਿਲਾਸੀ—ਪ੍ਰਸੰਨ ਚਿੱਤ। ਆਸ ਨਿਰਾਸੀ—ਆਸਾ ਤੋਂ ਬੇਪਰਵਾਹ, ਆਸਾ ਤੋਂ ਨਿਰਾਸ।

*ਅਰਥ:*

ਪ੍ਰ: ਭਾਈ ਸਾਹਿਬ ਜੀਓ! ਆਪ ਜੀ ਕਈ ਵਾਰ ਮਾਇਆ ਦੀ ਪ੍ਰਬਲ ਸ਼ਕਤੀ ਦਾ ਜ਼ਿਕਰ ਕਰਿਆ ਕਰਦੇ ਹੋ ਕਿ ਇਸ ਮਾਇਆ ਨੇ ਕਈ ਰੂਪ ਧਾਰ ਕੇ ਇਸ ਕਲਿਜੁਗ ਦੇ ਵੱਡੇ ਵੱਡੇ ਸ਼ਕਤੀਸ਼ਾਲੀ ਦੇਵਤਿਆਂ, ਰਿਖੀ, ਮੁਨੀਆਂ ਜੋਗੀਸ੍ਵਰਾਂ 'ਤੇ ਜਦੋਂ ਆਪਣਾ ਵਾਰ ਕੀਤਾ ਉਹ ਆਪਣਾ ਆਪ ਹੀ ਭੁਲਾ ਬੈਠੇ। ਬ੍ਰਹਮਾ ਜੋ ਵੱਡਾ ਦੇਵਤਾ ਸੰਸਾਰ ਦੀ ਉਤਪਤੀ ਕਰਨ ਦੀ ਸ਼ਕਤੀ ਰਖਦਾ ਹੈ, ਉਹ ਆਪਣੀ ਪੁਤ੍ਰੀ ਸੁਰਸਵਤੀ ਦੇ ਰੂਪ ਨੂੰ ਵੇਖ ਕੇ ਹੀ ਡੋਲ ਗਿਆ। ਜੋਗਮੱਤ ਨੂੰ ਜਨਮ ਦੇਣ

ਵਾਲਾ ਮਛਿੰਦ੍ਰ ਨਾਥ ਅੱਸੀ ਵਰ੍ਹਿਆਂ ਦੀ ਉਮਰ ਵਿਚ ਅਜਿਹਾ ਮਾਇਆ ਦੇ ਵੇਗ ਨੇ ਚਕ੍ਰਾਇਆ ਜੋ ਇਕ ਵੇਸਵਾ ਨਾਲ ਵਿਆਹ ਕਰਵਾ ਕੇ ਉਸਦਾ ਨਿਰਤ ਦੇਖਣ ਵਿਚ ਤੇ ਸ਼ਰਾਬ ਪੀਣ ਵਿਚ ਅਜਿਹਾ ਮਸਤ ਹੋਇਆ ਕਿ ਜੋਗ ਸਾਧਨਾ ਹੀ ਭੁਲਾ ਬੈਠਾ, ਇਸੇ ਤਰ੍ਹਾਂ ਹੋਰ ਭੀ ਸ੍ਰਿੰਗੀ ਰਿਖੀ ਤੇ ਇੰਦ੍ਰ, ਚੰਦ੍ਰਮਾ ਆਦਿਕਾਂ ਦੀਆਂ ਆਪ ਕਥਾ ਸੁਣਾਇਆ ਕਰਦੇ ਹੋ, ਪਰ ਐਸੀ ਮਾਇਆ ਦੀ ਪ੍ਰਬਲ ਸ਼ਕਤੀ ਤੋਂ ਬਚਣ ਲਈ ਗੁਰਮਤ ਨੇ ਕੇਹੜਾ ਸਾਧਨ ਦਰਸਾਇਆ ਹੈ, ਇਸ ਸੰਬੰਧੀ ਕੁਝ ਬਾਣੀ ਦੁਆਰੇ ਬੋਧ ਕਰਵਾਉਣ ਦੀ ਕ੍ਰਿਪਾ ਕਰੋ ?

ਉ: (ਹੇ ਭਾਈਓ ! ਮੈਨੂੰ ਬਾਣੀ ਦੇ ਪੜ੍ਹਨ ਤੇ ਵੀਚਾਰ ਕਰਨ ਸਮੇਂ ਅਨੇਕਾਂ ਥਾਵਾਂ 'ਤੇ ਮਾਇਆ ਦੀ ਪ੍ਰਬਲ ਸ਼ਕਤੀ ਦਾ ਗਿਆਨ ਹੋਇਆ ਹੈ, ਕਿ ਇਸ ਮਾਇਆ ਨੇ ਸਾਰੇ ਸੰਸਾਰ ਦੇ ਜੀਵਾਂ ਨੂੰ ਹੀ ਆਪਣੇ ਅਧੀਨ ਕਰ ਰੱਖਿਆ ਹੈ, ਜਿਵੇਂ ਕਿ ਫ਼ੁਰਮਾਨ ਹੈ :

ਮਾਇਆ ਐਸੀ ਮੋਹਨੀ ਭਾਈ॥
ਜੇਤੇ ਜੀਅ ਤੇਤੇ ਡਹਕਾਈ॥
*(ਭੈਰਉ ਬਾਣੀ ਕਬੀਰ ਜੀ, ਪੰਨਾ ੧੧੬੦)*

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ
ਕਰਤੈ ਖੇਲੁ ਰਚਾਇਆ॥ *(ਅਨੰਦੁ, ਪੰਨਾ ੯੨੧)*

ਮਾਇਆ ਅਗਨਿ ਜਲੈ ਸੰਸਾਰੇ॥
ਗੁਰਮੁਖਿ ਨਿਵਾਰੈ ਸਬਦਿ ਵੀਚਾਰੇ॥
*(ਮਾਰੂ ਮ: ੩, ਪੰਨਾ ੧੦੪੯)*

ਮਾਇਆ ਅੰਤਰਿ ਭੀਨੇ ਦੇਵ॥
ਸਾਗਰ ਇੰਦ੍ਰਾ ਅਰੁ ਧਰਤੇਵ॥ *(ਮ: ੫, ਪੰਨਾ ੧੧੬੦)*

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
*(ਮ: ੩, ਪੰਨਾ ੫੧੦)*

ਇਸ ਤੋਂ ਆਦਿ ਹੋਰ ਭੀ ਬਹੁਤ ਸਾਰੇ ਪ੍ਰਮਾਣ ਬਾਣੀ ਵਿਚ ਆਉਂਦੇ ਹਨ ਜਿਨ੍ਹਾਂ ਤੋਂ ਇਹ ਸੋਝੀ ਮਿਲਦੀ ਹੈ ਕਿ ਇਸ ਮਾਇਆ ਨੇ ਆਪਣੇ ਮੋਹ ਦੇ ਵੇਗ ਵਿਚ ਬੜੇ ਬੜੇ ਤਿਆਗੀਆਂ ਵੈਰਾਗੀਆਂ ਨੂੰ ਰੋੜ੍ਹ ਦਿਤਾ ਹੈ, ਪਰ ਇਸ ਦੇ ਮੋਹ ਜਾਲ ਤੋਂ ਬਚਣ ਲਈ ਕੇਵਲ ਗੁਰੂ ਨੇ ਸੰਗਤ ਕਾਇਮ ਕੀਤੀ ਹੈ ਜੋ ਇਸਦੀ ਸ਼ਰਨ ਵਿਚ ਆ ਗਿਆ ਉਸਨੂੰ ਇਹ ਮਾਇਆ ਪੋਹ ਨਹੀਂ ਸਕਦੀ। ਜਿਵੇਂ ਕਿ ਹੁਕਮ ਹੈ :

ਮਾਇਆ ਮੋਹੁ ਸਬਦਿ ਜਲਾਇਆ॥
ਸਚੁ ਮਨਿ ਵਸਿਆ ਜਾ ਤੁਧੁ ਭਾਇਆ॥
*(ਮਾਰੂ ਮ: ੩, ਪੰਨਾ ੧੦੫੦)*

ਮਾਇਆ ਮੋਹੁ ਸਬਦਿ ਜਲਾਇਆ
ਗਿਆਨਿ ਤਤਿ ਬੀਚਾਰੀ॥੭॥
*(ਰਾਮਕਲੀ ਮ: ੩, ਪੰਨਾ ੯੧੧)*

ਭਾਵ ਹੈ ਗੁਰੂ ਦੀ ਬਾਣੀ ਵਿਚ ਮਾਇਆ ਦੇ ਮੋਹ ਨੂੰ ਜਲਾਉਣ ਦਾ ਸੁਖੈਨ ਸਾਧਨ ਕੇਵਲ ਗੁਰੂ ਦੀ ਸਾਧ ਸੰਗਤ ਹੈ, ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਹੇ ਭਾਈਓ ! ਇਹ ਸਾਡੇ ਵੇਖਣ ਵਿਚ ਆਮ ਹੀ ਆਉਂਦਾ ਹੈ ਕਿ) ਗੁਰਮੁਖ ਜਨ ਸਾਧ ਸੰਗਤ ਵਿਖੇ ਆਪਣੇ ਸੁਖ ਫਲ (ਸ੍ਵੈ-ਸਰੂਪ) ਵਿਚ ਮਿਲ ਕੇ ਮਾਇਆ ਵਿਚ ਰਹਿ ਕੇ ਨਿਰਲੇਪ (ਭਾਵ ਉਦਾਸ) ਰਹਿੰਦੇ ਹਨ।
(੨) (ਵੇਖੋ ! ਜਿਵੇਂ) ਕੇਵਲ ਫੁਲ ਜਲ ਵਿਚ ਰਹਿੰਦਾ ਹੈ ਤੇ ਉਚਾ ਹੋ ਕੇ ਅਕਾਸ਼ (ਦੇ ਵਾਸੀ) ਚਮਕਦੇ ਸੂਰਜ ਦਾ ਹੀ ਧਿਆਨ ਧਰਦਾ ਹੈ।
(੩) (ਹੋਰ ਸੁਣੋ, ਜਿਵੇਂ) ਚੰਦਨ ਦੇ ਬ੍ਰਿਛ ਨੂੰ (ਜ਼ਹਿਰ ਦੀ ਤਪਸ਼ ਨਾਲ ਸੜਦੇ ਅਨੇਕਾਂ) ਸੱਪ ਜਾ ਲਿਪਟਦੇ ਹਨ ਤੇ ਸੁਖ ਮਾਣਦੇ ਹਨ ਪਰ ਚੰਦਨ ਉਨ੍ਹਾਂ ਨੂੰ ਵੇਖ ਕੇ ਆਪਣੇ ਸੁਗੰਧੀ ਤੇ ਸੀਤਲਤਾ ਵਾਲੇ ਸੁਭਾਉ ਨੂੰ ਨਹੀਂ ਛੱਡਦਾ ਉਹ ਖੇੜੇ ਵਿਚ ਹੀ ਰਹਿੰਦਾ ਹੈ।
(੪) (ਇਸੇ ਤਰ੍ਹਾਂ ਗੁਰਮੁਖ) ਸੰਸਾਰ ਵਿਚ ਰਹਿੰਦੇ ਹਨ ਤੇ ਸਾਧ ਸੰਗਤ ਵਿਚ ਸ਼ਬਦ ਨੂੰ ਸੁਰਤ ਵਿਚ ਜੋੜ ਕੇ ਸਦਾ ਹੀ ਸਹਿਜ ਅਨੰਦਤਾ ਵਿਚ ਖਿੜੇ ਰਹਿੰਦੇ ਹਨ।
(੫) (ਉਹ) ਜੋਗ ਦੀ ਜੁਗਤ ਵਿਚ ਰਹਿ ਕੇ, ਸੰਸਾਰੀ ਭੋਗਾਂ ਨੂੰ ਜਿੱਤ ਲੈਂਦੇ ਹਨ ਤੇ ਜੀਵਨ ਮੁਕਤੀ ਦੇ ਪਦ ਵਿਚ ਨਿਵਾਸ ਰੱਖ ਕੇ ਅਛਲ ਤੇ ਅਬਿਨਾਸ਼ੀ ਪ੍ਰਭੂ (ਨਾਲ ਜੁੜੇ ਰਹਿੰਦੇ) ਹਨ।
(੬) ਪਾਰਬ੍ਰਹਮ ਪੂਰਨ (ਹਰ ਥਾਂ ਪਸਰਿਆ) ਬ੍ਰਹਮ ਹੈ। ਆਸਾ ਵਿਚ ਨਿਰਾਸ਼ ਗੁਰੂ ਤੇ ਪ੍ਰਮੇਸ਼ਰ ਇਕ ਹਨ।
(੭) ਗੁਰੂ ਤੇ ਪ੍ਰਮੇਸ਼ਰ (ਦੋਵੇਂ ਹੀ) ਅਕਥ ਕਥਾ ਵਾਲੇ ਅਬਿਗਤ ਅਬਿਨਾਸ਼ੀ ਤੇ ਪ੍ਰਕਾਸ਼ ਰੂਪ ਹਨ।੨੧।੧੫।

***ਭਾਵਾਰਥ :*** ਸਾਧ ਸੰਗਤ ਦੇ ਆਸਰੇ ਹੀ ਇਸ ਮਾਇਆ ਦੀ ਪ੍ਰਬਲਤਾ ਤੋਂ ਬਚਿਆ ਜਾ ਸਕਦਾ ਹੈ।

(ਪੰਦਰਵੀਂ ਵਾਰ ਸਮਾਪਤ)

# ਵਾਰ ੧੬

ੴ ਸਤਿਗੁਰ ਪ੍ਰਸਾਦਿ॥

## ੧. *ਜੋ ਧਰਤੀ ਵਿਚ ਬੀਜ ਬੀਜੋਗੇ, ਤੇਹਾ ਫਲ ਮਿਲੇਗਾ*

੧. ਸਭ ਦੂੰ ਨੀਵੀਂ ਧਰਤਿ ਹੋਇ
ਦਰਗਹ ਅੰਦਰ ਮਿਲੀ ਵਡਾਈ।
੨. ਕੋਈ ਗੋਡੈ ਵਾਹਿ ਹਲੁ
ਕੋ ਮਲ ਮੂਤ ਕੁਸੂਤ ਕਰਾਈ।
੩. ਲਿੰਬਿ ਰਸੋਈ ਕੋ ਕਰੈ
ਚੋਆ ਚੰਦਨ ਪੂਜ ਚੜਾਈ।
੪. ਜੇਹਾ ਬੀਜੈ ਸੋ ਲੁਣੈ
ਜੇਹਾ ਬੀਉ ਤੇਹਾ ਫਲ ਪਾਈ।
੫. ਗੁਰਮੁਖ ਸੁਖਫਲ ਸਹਜ ਘਰੁ
ਆਪੁ ਗਵਾਇ ਨ ਆਪੁ ਗਣਾਈ।
੬. ਜਾਗ੍ਰਤ ਸੁਪਨ ਸੁਖੋਪਤੀ
ਉਨਮਨਿ ਮਗਨ ਰਹੈ ਲਿਵ ਲਾਈ।
੭. ਸਾਧਸੰਗਤਿ ਗੁਰ ਸ਼ਬਦ ਕਮਾਈ ॥੧॥

*ਪਦ ਅਰਥ :* ਗੋਡੈ—ਗੋਡੀ ਕਰਨੀ, ਵਿਚੋਂ ਵਾਧੂ ਘਾਹ ਬੂਟ ਕੱਢਣਾ। ਲੁਣੈ—ਵੱਢਣਾ। ਕੁਸੂਤ—ਮੈਲਾ ਕਰਨਾ। ਆਪੁ—ਆਪਾ ਭਾਵ, ਮੈਂ ਮੇਰੀ। ਲਿੰਬਿ—ਲੇਪਨ। ਉਨਮਨਿ—ਚੌਥਾ ਪਦ, ਤੁਰੀਆ, ਪ੍ਰਮਾਤਮਾ, ਸਹਿਜ ਅਵਸਥਾ। ਕਮਾਈ—ਕਮਾਉਂਦੇ ਹਨ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਸੰਗਤ ਵਿਚ ਗੁਰਮਤ ਦੀਆਂ ਵੀਚਾਰਾਂ ਸਰਵਣ ਕਰਾਉਂਦੇ ਹੋਏ ਕਈ ਵਾਰ ਨਿੰਮ੍ਰਤਾ ਤੇ ਨਿਰਮਾਣਤਾ ਦੇ ਗੁਣ ਨੂੰ ਧਾਰਨ ਕਰਨ ਦੀ ਵਧੇਰੇ ਪ੍ਰੇਰਨਾ ਕਰਦੇ ਹੋ, ਕੀ ਆਪ ਹੋਰ ਦੈਵੀ ਗੁਣਾਂ ਨਾਲੋਂ ਇਸ ਨਿਰਮਾਣਤਾ ਦੇ ਗੁਣ ਵਿਚ ਕੁਝ ਖ਼ਾਸ ਵਿਸ਼ੇਸ਼ਤਾ ਅਨੁਭਵ ਕਰਦੇ ਹੋ ? ਇਸ ਸੰਬੰਧ ਵਿਚ ਆਪ ਜੀ ਕੁਝ ਗੁਰਬਾਣੀ ਦੇ ਉਦਾਹਰਣ ਦੇਣ ਦੀ ਖੇਚਲ ਕਰੋ, ਤਾਂ ਕਿ ਸਾਨੂੰ ਭੀ ਬੋਧ ਹੋ ਸਕੇ ?

ਉ: ਹੇ ਭਾਈਓ ! ਉਂਝ ਤਾਂ ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲੇ ਪਾਂਧੀ ਨੂੰ ਸੰਪੂਰਣ ਦੈਵੀ ਗੁਣਾਂ ਦੇ ਧਾਰਨੀ ਹੋਣ ਦਾ ਉਪਰਾਲਾ ਕਰਦੇ ਰਹਿਣਾ ਅਤਿ ਜ਼ਰੂਰੀ ਹੈ, ਪਰ ਨਿੰਮ੍ਰਤਾ ਦਾ ਗੁਣ ਤਾਂ ਇਕ ਜ਼ਰਖ਼ੇਜ਼ ਧਰਤੀ ਦੀ ਨਿਆਈਂ ਹੈ, ਜੋ ਬਾਕੀ ਦੇ ਦੈਵੀ ਗੁਣਾਂ ਨੂੰ ਪਰਫੁਲਤ ਕਰਨ ਦਾ ਸਾਧਨ ਬਣਦਾ ਹੈ। ਜੇ ਇਉਂ ਭੀ ਮੰਨ ਲਿਆ ਜਾਵੇ ਕਿ ਇਹ ਨਿੰਮ੍ਰਤਾ ਦਾ ਗੁਣ ਪ੍ਰਮੇਸ਼ਰ ਦੇ ਮਿਲਾਪ ਕਰਵਾਉਣ ਦਾ ਮੁਖ ਸਾਧਨ ਹੈ ਤਾਂ ਇਹ ਭੀ ਕੋਈ ਅਤਿ ਕਥਨੀ ਨਹੀਂ।

ਜਿਵੇਂ ਕਿਸੇ ਦੁਨਿਆਵੀ ਇਸਤ੍ਰੀ ਨੂੰ ਆਪਣੇ ਪਤੀ ਦੀ ਪ੍ਰਸੰਨਤਾ ਵਾਸਤੇ ਗੁਣਾਂ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੈ, ਉਨ੍ਹਾਂ ਗੁਣਾਂ ਵਿਚ ਭੀ ਪਹਿਲ ਨਿੰਮ੍ਰਤਾ ਨੂੰ ਦਿਤੀ ਗਈ ਹੈ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥
*(ਸਲੋਕ ਫਰੀਦ ਜੀ, ਪੰਨਾ ੧੩੮੪)*

ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ॥
ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥
*(ਬਿਲਾਵਲੁ ਮ: ੪, ਪੰਨਾ ੮੪੪)*

ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ॥
ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ॥
*(ਸ੍ਰੀ ਰਾਗੁ ਮ: ੪, ਪੰਨਾ ੪੧)*

ਨਿਮਾਣੇ ਕਉ ਪ੍ਰਭ ਦੇਤੋ ਮਾਨੁ ॥
ਮੂੜ ਮੁਗਧੁ ਹੋਇ ਚਤੁਰ ਸੁਗਿਆਨੁ ॥
*(ਭੈਰਉ ਮ: ੫, ਪੰਨਾ ੧੧੪੬)*

ਨਿਮਾਣੇ ਮਾਣੁ ਕਰਹਿ ਤੁਧੁ ਭਾਵੈ ॥
ਹੋਰਿ ਕੇਤੀ ਝਖਿ ਝਖਿ ਆਵੈ ਜਾਵੈ ॥
*(ਮਾਰੂ ਮ: ੪, ਪੰਨਾ ੧੦੭੧)*

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ ॥ *(ਤਿਲੰਗ ਮ: ੧, ਪੰਨਾ ੭੨੨)*

ਆਪੁ ਗਵਾਇਆ ਤਾ ਪਿਰੁ ਪਾਇਆ
ਗੁਰ ਕੈ ਸਬਦਿ ਸਮਾਇਆ ॥ *(ਵਡਹੰਸੁ ਮ: ੩, ਪੰਨਾ ੫੬੭)*

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ
ਲਗਾ ਸੋ ਪਰਵਾਨੁ ॥੧॥
*(ਸਲੋਕ ਮ: ੨, ਪੰਨਾ ੪੭੪)*

ਇਸ ਤੋਂ ਆਦਿ ਹੋਰ ਭੀ ਬਹੁਤ ਸਾਰੇ ਪ੍ਰਮਾਣ ਗੁਰਬਾਣੀ ਵਿਚੋਂ ਮਿਲਦੇ ਹਨ, ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਰੱਬੀ ਦਰਬਾਰ ਵਿਚ ਪੁੱਜ ਕੇ ਮਾਣ-ਸਤਿਕਾਰ ਪ੍ਰਾਪਤ ਕਰਨ ਦਾ ਇਕ ਇਹੋ ਵਡੇਰਾ ਸਾਧਨ ਹੈ ਕਿ ਇਹ ਜੀਵ-ਰੂਪ ਇਸਤ੍ਰੀ ਉਸ ਪ੍ਰਭੂ ਪਤੀ ਦੀ ਪ੍ਰਸੰਨਤਾ ਹਾਸਲ ਕਰਨ ਲਈ ਆਪਾ-ਭਾਵ ਗਵਾ ਕੇ ਨਿੰਮ੍ਰਤਾ ਦੇ ਗੁਣ ਦੀ ਧਾਰਨੀ ਹੋ ਸਦਾ ਹੀ ਜੀਵਨ ਗੁਜ਼ਾਰਦੀ ਰਵੇ। ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆ ਉਲੀਕੀਆ ਹਨ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਧਰਤੀ ਸਭ ਤੋਂ ਨਿਰਮਾਣ (ਨੀਵੀਂ) ਹੈ, ਪਰ ਦਰਗਾਹ (ਪ੍ਰਭੂ ਦੇ ਦਰਬਾਰ) ਵਿਚ (ਨਿੰਮ੍ਰਤਾ ਨੂੰ ਹੀ) ਵਡਿਆਈ ਪ੍ਰਾਪਤ ਹੁੰਦੀ ਹੈ (ਭਾਵ ਇਸੇ ਧਰਤੀ ਦੇ ਦੁਖ ਹਰਨ ਲਈ ਦਰਗਾਹ ਤੋਂ ਅਵਤਾਰ ਭੇਜੇ ਜਾਦੇ ਹਨ)।
(੨) (ਪ੍ਰਤੱਖ ਵੇਖਣ ਵਿਚ ਆਉਂਦਾ ਹੈ ਕਿ ਧਰਤੀ ਨੂੰ) ਕੋਈ ਗੋਡਦਾ ਹੈ, ਕੋਈ ਹਲ ਵਾਹੁੰਦਾ ਹੈ, ਕੋਈ ਮਲ ਮੂਤ ਨਾਲ ਇਸਨੂੰ ਮੈਲਾ ਕਰਦਾ ਹੈ।
(੩) (ਕੋਈ ਇਸ ਉਤੇ ਬੈਠ ਕੇ) ਚੋਆ ਚੰਦਨ ਦੀ ਮਹਿਕ ਕਰਕੇ ਪੂਜਾ ਕਰਦਾ ਹੈ ਤੇ ਚੜ੍ਹਾਵੇ ਚੜ੍ਹਾਉਂਦਾ ਹੈ।
(੪) ਜਿਹੋ ਜਿਹਾ ਧਰਤੀ ਵਿਚ ਕੋਈ ਬੀਜ ਬੀਜਦਾ ਹੈ ਉਹੋ ਜਿਹਾ ਹੀ ਫਲ ਪਾਉਂਦਾ ਹੈ।
(੫) (ਪਰ) ਗੁਰਮੁਖਾ ਦਾ ਸੁਖ ਫਲ ਇਹੋ ਹੈ ਕਿ ਉਹ ਸਹਿਜ ਅਵਸਥਾ ਵਿਚ ਆਪਾ-ਭਾਵ ਸੁਆਰ ਕੇ ਟਿਕਦੇ ਹਨ, ਫਿਰ ਉਹ ਇਸ ਉੱਚ ਅਵਸਥਾ ਦਾ ਭੇਤ ਵੀ ਕਿਸੇ ਨੂੰ ਜਣਾਉਂਦੇ ਨਹੀਂ।
(੬) ਜਾਗ੍ਰਤ, ਸੁਪਨ ਤੇ ਸਖੋਪਤੀ (ਭਾਵ ਹਰ ਸਮੇਂ ਇਕੋ) ਸਹਿਜ ਅਵਸਥਾ ਵਿਚ ਲਿਵ ਜੋੜ ਕੇ ਮਗਨ ਹੋਏ ਰਹਿੰਦੇ ਹਨ।
(੭) (ਪਰ) ਇਸ ਅਵਸਥਾ ਦੀ ਪ੍ਰਾਪਤੀ ਸਾਧ ਸੰਗਤ ਵਿਚ ਮਿਲਕੇ ਹੀ ਗੁਰੂ ਦੇ ਸ਼ਬਦ ਦਾ ਅਭਿਆਸ ਕਰਨ ਨਾਲ ਹੁੰਦੀ ਹੈ।੧।

***ਭਾਵਾਰਥ :*** ਗੁਰੂ ਗ੍ਰੰਥ ਸਾਹਿਬ ਜੀ ਨੇ ਧਰਤੀ ਨੂੰ ਮਾਤਾ ਦੀ ਤੁਲਨਾ ਦਿਤੀ ਹੈ, ਭਾਵ ਇਸਨੂੰ (ਮਾਤਾ ਧਰਤਿ ਮਹਤੁ) ਕਹਿਕੇ ਪੁਕਾਰਿਆ ਹੈ, ਅਰਥਾਤ ਧਰਤੀ ਨੂੰ ਪੂਜਨੀਕ ਮਾਤਾ ਕਿਹਾ ਗਿਆ ਹੈ, ਕਿਉਂਕਿ ਇਸ ਧਰਤੀ ਵਿਚ ਮਾਤਾ ਦੀ ਨਿਆਈਂ ਬਹੁਤ ਗੁਣ ਪਾਏ ਜਾਂਦੇ ਹਨ, ਜਿਵੇਂ ਮਾਂ ਬੱਚੇ ਨੂੰ ਪਾਲਦੀ ਹੈ ਇਸੇ ਤਰ੍ਹਾਂ ਧਰਤੀ ਆਪਣੀ ਗੋਦ ਵਿਚ ਰੱਖ ਕੇ ਜੀਵਾਂ ਨੂੰ ਪਾਲਦੀ ਹੈ, ਜਿਵੇਂ ਮਾਂ ਬੱਚੇ ਦੇ ਮਲ-ਮੂਤ੍ਰ ਨਾਲ ਬਸਤ੍ਰ ਗਲੀਜ਼ ਕਰਨ ਤੋਂ ਭੀ ਨਰਾਜ਼ ਨਹੀਂ ਹੁੰਦੀ, ਇਸੇ ਤਰ੍ਹਾਂ ਧਰਤੀ ਦਾ ਗੁਣ ਹੈ, ਜਿਵੇਂ ਕਿ :

ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
*(ਸੁਖਮਨੀ, ਪੰਨਾ ੨੭੨)*

ਭਾਵ ਧਰਤੀ ਵਿਚ ਕਿਤਨੀ ਧੀਰਜਤਾ ਹੈ ਉਸਨੂੰ ਭਾਵੇਂ ਕੋਈ ਖੋਦਦਾ ਹੈ ਭਾਵੇਂ ਕੋਈ ਚੰਦਨ ਦਾ ਲੇਪਨ ਕਰਕੇ ਪੂਜਦਾ ਹੈ, ਇਨ੍ਹਾਂ ਦੋਹਾਂ ਵਿਚ ਧਰਤੀ ਦੀ ਸਮਾਨ ਦ੍ਰਿਸ਼ਟੀ ਹੈ। ਧਰਤੀ ਵਿਚ ਹੋਰ ਭੀ ਗੁਣ ਹੈ ਕਿ ਉਹ ਕਦੇ ਝੂਠ ਨਹੀਂ ਬੋਲਦੀ, ਜਿਵੇਂ ਕਿਸੇ ਦੀ ਮੁੱਠੀ ਵਿਚ ਚਣੇ ਹੋਣ ਅਸੀਂ ਉਸਨੂੰ ਪੁੱਛੀਏ ਕਿ ਤੇਰੀ ਮੁੱਠੀ ਵਿਚ ਕਿਹੜਾ ਬੀਜ ਹੈ ਤਾਂ ਸਾਨੂੰ ਕਹਿ ਸਕਦਾ ਹੈ ਕਿ ਮੇਰੇ ਕੋਲ ਕਣਕ ਦਾ ਬੀਜ ਹੈ, ਪਰ ਇਹ ਉਤਨਾ ਚਿਰ ਹੀ ਛੁਪਿਆ ਰਹਿ ਸਕਦਾ ਹੈ ਜਿਤਨਾ ਚਿਰ ਉਸ ਬੀਜ ਨੂੰ ਧਰਤੀ ਵਿਚ ਨਹੀਂ ਬੀਜ ਦੇਂਦੇ, ਪਰ ਜਦੋਂ ਉਸ ਬੀਜ ਨੂੰ ਧਰਤੀ ਦੇ ਅੰਦਰ ਬੀਜ ਦਿਤਾ ਜਾਵੇ ਫਿਰ ਧਰਤੀ ਨੇ ਸੱਚ ਕਹਿ ਦੇਣਾ ਹੈ ਕਿ ਅਸਲ ਵਿਚ ਬੀਜ ਚਣਿਆਂ ਦਾ ਹੀ ਸੀ। ਕਿਉਂਕਿ ਧਰਤੀ ਦਾ ਸੁਭਾਅ ਸੱਚ ਬੋਲਣ ਦਾ ਹੈ।

ਇਸੇ ਤਰ੍ਹਾਂ ਰੱਬੀ ਮਾਰਗ 'ਤੇ ਚੱਲਣ ਵਾਲੇ ਨਿੰਮ੍ਰਤਾ ਦੇ ਧਾਰਨੀ ਸਾਧਕਾਂ ਵਿਚ ਇਸ ਧਰਤੀ ਦੇ ਸਮ-ਦ੍ਰਿਸ਼ਟੀ ਤੇ ਸੱਚ ਬੋਲਣ ਆਦਿਕ ਦੇ ਗੁਣਾਂ ਨੂੰ ਸਦਾ ਹੀ ਵੇਖਿਆ ਜਾਂਦਾ ਹੈ।

## ੨. ਪਾਣੀ ਤੋਂ ਪ੍ਰੇਰਨਾ

੧. ਧਰਤੀ ਅੰਦਰ ਜਲ ਵਸੈ
ਜਲ ਬਹੁ ਰੰਗੀ ਰਸੀਂ ਮਿਲੰਦਾ।
੨. ਜਿਉਂ ਜਿਉਂ ਕੋਇ ਚਲਾਇੰਦਾ
ਨੀਵਾਂ ਹੁਇ ਨੀਵਾਣ ਚਲੰਦਾ।
੩. ਧੁੱਪੇ ਤੱਤਾ ਹੋਇ ਕੈ
ਛਾਵੇਂ ਠੰਢਾ ਹੋਇ ਰਹੰਦਾ।
੪. ਨ੍ਹਾਵਣ ਜੀਵਦਿਆਂ ਮੁਇਆਂ
ਪੀਤੇ ਸ਼ਾਂਤਿ ਸੰਤੋਖ ਹੋਵੰਦਾ।
੫. ਨਿਰਮਲ ਕਰਦਾ ਮੈਲਿਆਂ
ਨੀਵੈ ਸਰਵਰ ਜਾਇ ਟਿਕੰਦਾ।
੬. ਗੁਰਮੁਖ ਸੁਖ ਫਲ ਭਾਉ ਭਉ
ਸਹਜ ਬੈਰਾਗ ਸਦਾ ਵਿਗਸੰਦਾ।
੭. ਪੂਰਨ ਪਰਉਪਕਾਰ ਕਰੰਦਾ॥੨॥

*ਪਦ ਅਰਥ :* ਨੀਵਾਣ—ਨੀਵੀਂ ਥਾਂ ਵੱਲ। ਨਿਰਮਲ—ਸਾਫ਼ ਸੁਥਰਾ। ਸਰਵਰ—ਤਲਾਉ। ਵਿਗਸੰਦਾ—ਪ੍ਰਸੰਨ ਹੁੰਦਾ, ਖਿੜਦਾ ਹੈ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਆਪ ਜੀ ਨੇ ਪਿਛੇ ਧਰਤੀ ਨੂੰ ਮਾਤਾ ਦਾ ਰੂਪ ਦਰਸਾ ਕੇ ਉਸਦੇ ਧੀਰਜਤਾ, ਨਿਰਖੋਭਤਾ, ਸਮਾਨ-ਦ੍ਰਿਸ਼ਟੀ ਤੇ ਸੱਚ ਬੋਲਣ ਦੇ ਆਦਿ ਗੁਣਾਂ ਨੂੰ ਦਰਸਾ ਕੇ, ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲੇ ਪਾਂਧੀ ਨੂੰ ਇਨ੍ਹਾਂ ਗੁਣਾਂ ਦੇ ਧਾਰਨ ਕਰਨ ਦੀ ਪ੍ਰੇਰਨਾ ਕੀਤੀ ਹੈ, ਕੀ ਇਸੇ ਤਰ੍ਹਾਂ ਪਾਣੀ ਤੋਂ ਭੀ ਕੁਝ ਪ੍ਰੇਰਨਾ ਮਿਲਦੀ ਹੈ?

ਉ: ਹੇ ਭਾਈਓ! ਜਿਥੇ ਗੁਰੂ ਨਾਨਕ ਦੇਵ ਜੀ ਨੇ ਧਰਤੀ ਨੂੰ ਮਾਤਾ ਦੇ ਰੂਪ ਵਿਚ ਦਰਸਾਇਆ ਹੈ, ਉਥੇ ਪਾਣੀ ਨੂੰ ਭੀ ਪਿਤਾ ਰੂਪ ਦਿਤਾ ਹੈ, ਜਿਵੇਂ ਕਿ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
*(ਜਪੁਜੀ, ਪੰਨਾ ੮)*

ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥੨॥
*(ਮ: ੧, ਪੰਨਾ ੧੨੮੦)*

ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥
*(ਸਲੋਕ ਮ: ੧, ਪੰਨਾ ੧੫੦)*

ਇਥੇ ਹੀ ਬੱਸ ਨਹੀਂ ਪਾਣੀ ਵਿਚ ਇਕ ਹੋਰ ਪਿਆਰ ਦਾ ਗੁਣ ਭੀ ਦਰਸਾਇਆ ਹੈ ਕਿ ਹਰੀ ਪ੍ਰਭੂ ਨਾਲ ਸਾਦਕ ਨੂੰ ਪਾਣੀ ਵਾਂਗ ਆਪਣਾ ਆਪ ਮਿਟਾ ਕੇ ਪਿਆਰ ਕਰਨਾ ਚਾਹੀਦਾ ਹੈ, ਜਿਵੇਂ ਕਿ:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਜਲ ਦੁਧ ਹੋਇ॥
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥
*(ਸ੍ਰੀ ਰਾਗੁ ਮ: ੧, ਪੰਨਾ ੬੦)*

ਭਾਵ ਪਾਣੀ ਦਾ ਦੁੱਧ ਨਾਲ ਅਜਿਹਾ ਪਿਆਰ ਹੈ, ਪਾਣੀ ਤੇ ਦੁੱਧ ਨੂੰ ਮਿਲਾ ਕੇ ਜਦੋਂ ਅੱਗ ਉਤੇ ਰੱਖ ਦਿਤਾ ਜਾਇ ਤਾਂ ਪਾਣੀ ਅੱਗ ਦਾ ਸੇਕ ਆਪਣੇ ਉਤੇ ਸਹਾਰਦਾ ਹੈ, ਪਰ ਦੁੱਧ ਨੂੰ ਸੇਕ ਨਹੀਂ ਲੱਗਣ ਦੇਂਦਾ, ਇਸੇ ਤਰ੍ਹਾਂ ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲਾ ਪਾਂਧੀ ਇਸ ਭਗਤੀ ਦੇ ਮਾਰਗ ਵਿਚ ਜੋ ਅਨੇਕਾਂ ਕਸ਼ਟ ਆਉਂਦੇ ਹਨ, ਉਹ ਉਨ੍ਹਾਂ ਨੂੰ ਖ਼ੁਦ ਸਹਾਰਦਾ ਹੈ, ਪਰ ਰੱਬ ਵਿਚ ਕੋਈ ਦੋਸ਼ ਨਹੀਂ ਅਰੋਪਦਾ।

ਇਸ ਤਰ੍ਹਾਂ ਜੋ ਬਾਣੀ ਨੇ ਪਾਣੀ ਵਿਚ ਨਿਮ੍ਰਤਾ ਆਦਿ ਦੇ ਗੁਣ ਅੰਕਤ ਕੀਤੇ ਹਨ, ਉਨ੍ਹਾਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਅੰਦਰ ਗੁਰਮੁਖਾਂ ਦੇ ਪਰ-ਉਪਕਾਰਾਂ ਦੇ ਧਾਰਨ ਕਰਨ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ:

(੧) (ਹੇ ਭਾਈਓ! ਵੇਖੋ ਜਿਵੇਂ) ਧਰਤੀ ਵਿਚ ਪਾਣੀ ਰਹਿੰਦਾ ਹੈ (ਜਿਸ ਕਰਕੇ) ਪਾਣੀ ਬਹੁਤੇ ਕਿਸਮ ਦਾ ਤੇ ਵਖੋ ਵਖਰੇ ਸੁਆਦਾਂ ਵਾਲਾ ਮਿਲਦਾ ਹੈ। (ਕਿਤੇ ਮਿੱਠਾ, ਕਿਤੇ ਖਾਰਾ, ਕਿਤੇ ਲੂਣਾ ਆਦਿ)।
(੨) (ਪਾਣੀ ਨੂੰ) ਜਿਵੇਂ ਕੋਈ ਚਲਾਉਂਦਾ (ਭਾਵ ਵਗਾਉਂਦਾ) ਹੈ, ਉਹ ਨੀਵੇਂ ਪਾਸੇ ਨੀਵਾਂ ਹੋ ਚਲਾ ਜਾਂਦਾ ਹੈ।
(੩) ਧੁਪੇ ਹੋਵੇ ਤਾਂ ਤੱਤਾ ਹੋ ਜਾਂਦਾ ਹੈ, ਜੇ ਛਾਂ ਵਿਚ ਹੋਵੇ ਤਾਂ ਠੰਢਾ ਹੋ ਰਹਿੰਦਾ ਹੈ।
(੪) ਜੀਵਦਿਆਂ ਤੇ ਮਰਨ 'ਤੇ ਵੀ ਪਾਣੀ (ਹੀ ਮਨੁੱਖ ਨੂੰ) ਨੁਵਾਉਂਦਾ ਹੈ। ਪੀਣ ਨਾਲ ਸ਼ਾਂਤੀ ਤੇ (ਘਾਬਰੇ ਹੋਏ ਨੂੰ) ਸੰਤੋਖ ਹੁੰਦਾ ਹੈ।
(੫) (ਇਹ ਪਾਣੀ) ਮੈਲਿਆਂ (ਕੱਪੜਿਆਂ ਜਾਂ ਹੋਰ ਵਸਤਾਂ) ਨੂੰ ਸੁਫ਼ਛ ਕਰਦਾ ਤੇ ਫਿਰ ਨੀਵੀਂ ਥਾਂ ਵੱਲ ਰਿੜ੍ਹ ਰਿੜ੍ਹ ਕਿਸੇ ਤਲਾਅ (ਸਰੋਵਰ ਜਾਂ ਛਪੜ ਆਦਿ) ਵਿਚ ਜਾ ਇਕੱਠਾ ਹੁੰਦਾ ਹੈ।

(੬) (ਤਿਵੇਂ ਹੀ) ਗੁਰਮੁਖ ਆਪਣੇ (ਰੱਬੀ) ਪ੍ਰੇਮ ਤੇ (ਰੂਹਾਨੀ) ਡਰ ਸਹਿਤ ਸਹਿਜ ਘਰ (ਵੈਰਾਗ) ਵਿਚ ਸਦਾ ਹੀ ਅਨੰਦ ਪ੍ਰਸੰਨ ਤੇ ਖਿੜਿਆ ਰਹਿੰਦਾ ਹੈ।

(੭) ਪਾਣੀ ਵਾਂਗ ਪ੍ਰਮੇਸ਼ਰ ਦੇ ਹੁਕਮ ਵਿਚ ਪਰਉਪਕਾਰੀ ਬਣਿਆ ਰਹਿੰਦਾ ਹੈ।੨।

*ਭਾਵਾਰਥ :* ਗੁਰਮੁਖ ਜਲ ਵਾਂਗੂੰ ਸੀਤਲ, ਨਿੰਮ੍ਰਤਾ, ਮੈਲ ਹਰਨ ਵਾਲੇ ਤੇ ਸਭ ਤਰ੍ਹਾਂ ਸੁਖਦਾਈ ਤੇ ਪਰਉਪਕਾਰੀ ਹੁੰਦੇ ਹਨ, ਉਹ ਅਚੱਲ ਹੋ ਸਦਾ ਹੀ ਟਿਕੇ ਰਹਿੰਦੇ ਹਨ।

## ੩. ਗੁਰਮੁਖਾਂ ਦੀ ਨਿਰਲੇਪਤਾ

**੧. ਜਲ ਵਿਚ ਕਵਲ ਅਲਿਪਤ ਹੈ**
**ਸੰਗ ਦੋਖ ਨਿਰਦੋਖ ਰਹੰਦਾ।**
**੨. ਰਾਤੀ ਭਵਰੁ ਲੁਭਾਇੰਦਾ**
**ਸੀਤਲ ਹੋਇ ਸੁਗੰਧਿ ਮਿਲੰਦਾ।**
**੩. ਭਲਕੇ ਸੂਰਜ ਧਿਆਨ ਧਰਿ**
**ਪਰਫੁੱਲਤ ਹੋਇ ਮਿਲੈ ਹਸੰਦਾ।**
**੪. ਗੁਰਮੁਖ ਸੁਖ ਫਲ ਸਹਜ ਘਰ**
**ਵਰਤਮਾਨ ਅੰਦਰ ਵਰਤੰਦਾ।**
**੫. ਲੋਕਾਚਾਰੀ ਲੋਕ ਵਿੱਚ**
**ਵੇਦ ਵੀਚਾਰੀ ਕਰਮ ਕਰੰਦਾ।**
**੬. ਸਾਵਧਾਨ ਗੁਰ ਗਿਆਨ ਵਿਚ**
**ਜੀਵਨ ਮੁਕਤਿ ਜੁਗਤਿ ਵਿਚਰੰਦਾ।**
**੭. ਸਾਧ ਸੰਗਤਿ ਗੁਰੁ ਸ਼ਬਦ ਵਸੰਦਾ ॥੩॥**

*ਪਦ ਅਰਥ :* ਨਿਰਦੋਖ—ਦੋਸ਼ ਰਹਿਤ, ਕਲੰਕ ਰਹਿਤ। ਵਰਤੰਦਾ—ਵਰਤਦੇ ਹਨ। ਹਸੰਦਾ—ਖਿੜੇ ਮੱਥੇ। ਸਹਜ ਘਰ—ਤੁਰੀਆ ਪਦ, ਸ਼ਾਂਤ ਘਰ, ਆਤਮਾ ਦੀ ਆਪਣੀ ਸੁਭਾਵਕ ਅਵਸਥਾ। ਵਿਚਰੰਦਾ—ਵਿਚਰਦੇ ਹਨ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਕਈ ਵਾਰ ਸੰਗਤ ਵਿੱਚ ਗੁਰਮਤ ਦੀਆਂ ਵੀਚਾਰਾਂ ਸਰਵਣ ਕਰਾਉਂਦੇ ਹੋਏ ਇਹ ਭੀ ਜ਼ਿਕਰ ਕਰਿਆ ਕਰਦੇ ਹੋ ਕਿ ਗੁਰਮੁਖ ਇਸ ਸੰਸਾਰ ਵਿਚ ਰਹਿੰਦੇ ਹੋਏ ਹੀ ਇਸ ਦੇ ਮਾਇਕੀ ਪਦਾਰਥਾਂ ਤੋਂ ਨਿਰਲੇਪ ਰਹਿੰਦੇ ਹੋਏ ਜੀਵਨ ਨੂੰ ਨਿਰਦੋਖ ਗੁਜ਼ਾਰ ਜਾਂਦੇ ਹਨ, ਪਰ ਜਦੋਂ ਅਸੀਂ ਪੁਰਾਤਨ ਕਥਾਵਾਂ ਸੁਣਦੇ ਜਾਂ ਪੜ੍ਹਦੇ ਹਾਂ ਤਾਂ ਉਨ੍ਹਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਇਸ ਮਾਇਕੀ ਪਦਾਰਥਾਂ ਨੇ ਵੱਖੋ ਵੱਖ ਰੂਪ ਧਾਰ ਕੇ ਜਦੋਂ ਭੀ ਕਿਸੇ 'ਤੇ ਵਾਰ ਕੀਤਾ ਇਸ ਦੇ ਵਾਰ ਤੋਂ ਵੱਡੇ ਵੱਡੇ ਰਿਖੀ, ਮੁਨੀ, ਜੋਗੀ, ਤਪੀਏ ਭੀ ਨਹੀਂ ਬਚ ਸਕੇ, ਆਖ਼ਰ ਇਨ੍ਹਾਂ ਸਾਰਿਆਂ ਨੂੰ ਹੀ ਹਾਰਨਾ ਪਿਆ। ਪਰ ਗੁਰਮੁਖਾਂ ਪਾਸ ਉਹ ਕੇਹੜੀ ਸ਼ਕਤੀ ਹੈ, ਜਿਸਦਾ ਸਦਕਾ ਉਹ ਨਿਰਲੇਪ ਜੀਵਨ ਗੁਜ਼ਾਰਦੇ ਹਨ?

ਉ: ਹੇ ਭਾਈਓ! ਇਹ ਠੀਕ ਹੈ ਕਿ ਮੈਨੂੰ ਭੀ ਸਨਾਤਨ ਪੁਸਤਕਾਂ ਵਿਚ ਪੁਰਾਤਨ ਕਥਾਵਾਂ ਪੜ੍ਹਨ ਦਾ ਸਮਾਂ ਮਿਲਿਆ ਹੈ ਕਿ ਮਾਇਆ ਦੇ ਪਰਬਲ ਵੇਗ ਨੇ ਬਹੁਤ ਤਪੀਸਰਾਂ ਨੂੰ ਆਪਣੇ ਵੇਗ ਵਿਚ ਬਹਾ ਦਿਤਾ ਹੈ, ਪਰ ਇਸ ਮਾਇਆ ਦੀ ਪਰਬਲ ਸ਼ਕਤੀ ਦਾ ਗੁਰਬਾਣੀ ਵਿਚ ਭੀ ਕਈ ਥਾਵਾਂ 'ਤੇ ਬੋਧ ਮਿਲਦਾ ਹੈ, ਜਿਵੇਂ ਕਿ :

ਚਾਰਿ ਬਰਨ ਚਉਹਾ ਕੇ ਮਰਦਨ
ਖਟੁ ਦਰਸਨ ਕਰ ਤਲੀ ਰੇ॥
ਸੁੰਦਰ ਸੁਘਰ ਸਰੂਪ ਸਿਆਨੇ
ਪੰਚਹੁ ਹੀ ਮੋਹਿ ਛਲੀ ਰੇ॥੧॥
*(ਆਸਾ ਮ: ੫, ਪੰਨਾ ੪੦੪)*

ਅਵਰਿ ਪੰਚ ਹਮ ਏਕ ਜਨਾ
ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ॥੧॥
*(ਗਉੜੀ ਮ: ੧, ਪੰਨਾ ੧੫੫)*

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥
ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥੧੨੫॥
*(ਸਲੋਕ ਸ਼ੇਖ ਫਰੀਦ ਜੀ, ਪੰਨਾ ੧੩੮੪)*

ਇਸੁ ਤਨ ਮਨ ਮਧੇ ਮਦਨ ਚੋਰ॥
ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ॥
ਮੈ ਅਨਾਥੁ ਪ੍ਰਭ ਕਹਉ ਕਾਹਿ॥
ਕੋ ਕੋ ਨ ਬਿਗੂਤੋ ਮੈ ਕੋ ਆਹਿ॥
*(ਬਸੰਤੁ ਬਾਣੀ ਕਬੀਰ ਜੀ, ਪੰਨਾ ੧੧੯੪)*

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ
ਕੋਇ ਨ ਸੁਣੈ ਪੂਕਾਰਾ॥ *(ਸੋਰਠਿ ਮ: ੩, ਪੰਨਾ ੬੦੦)*

ਇਸ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਭੀ ਅਨੇਕਾਂ ਪ੍ਰਮਾਣ ਮਿਲਦੇ ਹਨ ਕਿ ਇਸ ਸੰਸਾਰ ਰੂਪੀ ਸਰਵੋਰ 'ਤੇ ਇਹ ਜੀਵ ਰੂਪੀ ਪੰਛੀ ਕੇਵਲ ਇਕੱਲਾ ਹੀ ਹੈ, ਜਿਸਨੂੰ ਪਕੜਨ ਵਾਲੇ ਸ਼ਿਕਾਰੀਆਂ ਦੇ ਰੂਪ ਵਿਚ ਪੰਜਾਹ ਸ਼ਿਕਾਰੀ ਆਪੋ ਆਪਣਾ ਨਿਸ਼ਾਨਾ ਲਗਾਕੇ ਬੈਠੇ ਹਨ, ਜਦੋਂ ਭੀ ਕਿਸੇ ਦਾ ਦਾਅ ਲੱਗ ਜਾਂਦਾ ਹੈ ਉਹੀ ਆਪਣਾ ਕੋਝਾ ਵਾਰ ਕਰਕੇ ਇਸ ਕਮਜ਼ੋਰ ਜੀਵ-ਰੂਪੀ ਪੰਛੀ ਨੂੰ ਆਪਣੇ ਜਾਲ ਵਿਚ ਫਸਾ ਕੇ ਕਾਬੂ ਕਰ ਲੈਂਦਾ ਹੈ। ਇਨ੍ਹਾਂ ਵਿਕਾਰਾਂ ਦੇ ਜਾਲ ਤੋਂ ਬਚਣ ਲਈ ਬਹੁਤ ਤਪੀਆਂ ਨੇ ਹਜ਼ਾਰਾਂ ਸਾਲ ਤਪ ਕੀਤਾ, ਆਖ਼ਰ ਉਨ੍ਹਾਂ ਨੂੰ ਭੀ ਇਨ੍ਹਾਂ ਵਿਕਾਰਾਂ ਦੀ ਮਾਰ ਤੋਂ ਬਚਣ ਦਾ ਕੋਈ ਭੀ ਉਪਾਉ ਨਜ਼ਰ ਨ ਆਇਆ।

ਅਖੀਰ ਜਦੋਂ ਅਸੀਂ ਇਨ੍ਹਾ ਵਿਕਾਰਾਂ ਤੋਂ ਬਚਣ ਲਈ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰਦੇ ਹਾਂ ਕਿ ਇਨ੍ਹਾਂ ਵਿਕਾਰਾਂ ਦੀ ਮਾਰ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਤਾਂ ਆਪ ਜੀ ਵਲੋਂ ਇਕੋ ਹੀ ਇਕ ਸਾਧਨ ਦਸਿਆ ਗਿਆ ਹੈ ਕਿ ਜੋ ਮਨੁੱਖ ਸਾਧ ਸੰਗਤ ਵਿਚ ਜੀਵਨ ਗੁਜ਼ਾਰਦੇ ਰਹਿਣ ਦਾ ਧਾਰਨੀ ਹੋ ਜਾਂਦਾ ਹੈ ਉਹ ਇਨ੍ਹਾਂ ਵਿਕਾਰਾਂ ਦੀ ਮਾਰ ਤੋਂ ਬਚਿਆ ਰਹਿੰਦਾ ਹੈ। ਜਿਵੇਂ ਕਿ ਗੁਰੂ ਫ਼ੁਰਮਾਨ ਹੈ:

ਕਹੁ ਨਾਨਕ ਤਿਨਿ ਜਨਿ ਨਿਰਦਲਿਆ
ਸਾਧ ਸੰਗਤਿ ਕੈ ਝਲੀ ਰੇ॥ *(ਆਸਾ ਮ: ੫, ਪੰਨਾ ੪੦੪)*

ਭਾਵ ਉਨ੍ਹਾਂ ਸਤਿਸੰਗੀਆਂ ਨੇ ਇਨ੍ਹਾਂ ਮਾਇਆ ਦੇ ਹਮਲਿਆਂ ਤੋਂ ਆਪਣੇ ਆਪ ਨੂੰ ਬਚਾ ਲਿਆ ਹੈ ਜੋ ਇਸ ਗੁਰੂ ਦੀ ਸੰਗਤ ਵਿਚ ਸਦਾ ਹੀ ਆਪਣੇ ਆਪ ਨੂੰ ਛੁਪਾਈ ਰਖਦੇ ਹਨ, ਉਨ੍ਹਾਂ ਦਾ ਜੀਵਨ ਕਵਲ ਫੁਲ ਦੀ ਤਰ੍ਹਾਂ ਨਿਰਲੇਪ ਗੁਜ਼ਰਦਾ ਹੈ:

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ
ਤਿਉ ਵਿਚੇ ਗਿਰਹ ਉਦਾਸੁ॥ *(ਮ: ੩, ਪੰਨਾ ੯੪੯)*

ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ ਬਣਤ ਬਣਾਇ॥
ਸੇ ਸੁਖੀਏ ਸਦਾ ਸੋਹਣੇ ਜਿਨ੍ਹ ਵਿਚਹੁ ਆਪੁ ਗਵਾਇ॥
*(ਪਉੜੀ, ਪੰਨਾ ੧੨੮੧)*

ਭਾਵ ਜਿਨ੍ਹਾਂ ਗੁਰਮੁਖਾਂ ਦਾ ਜੀਵਨ ਗ੍ਰਿਸਤ ਵਿਚ ਰਹਿੰਦਿਆ ਹੀ ਪਦਾਰਥਾਂ ਦੇ ਪਾਣੀ ਤੋਂ ਨਿਰਲੇਪ ਰਹਿੰਦਾ ਹੈ ਉਹ ਸੰਸਾਰ ਵਿਚ ਰਹਿੰਦੇ ਹੀ ਸਦੀਵੀ ਸੁਖ ਸਾਂਤੀ ਤੇ ਖੇੜੇ ਵਿਚ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਨੂੰ ਸੰਸਾਰ ਵਿਚ ਕੋਈ ਮਾਇਆ ਦਾ ਮਨ-ਮੋਹਣਾ ਰੂਪ ਲੁਭਾਇਮਾਨ ਨਹੀਂ ਕਰ ਸਕਦਾ, ਅਜਿਹੇ ਗੁਰਮੁਖਾਂ ਦੇ ਨਿਰਲੇਪ ਜੀਵਨ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ:

(੧) (ਗੁਰਮੁਖਾਂ ਦਾ ਜੀਵਨ ਇਸੇ ਤਰ੍ਹਾਂ ਨਿਰਲੇਪ ਹੈ ਜਿਵੇਂ) ਪਾਣੀ ਵਿਚ ਕੰਵਲ ਫੁਲ ਅਲਿਪਤ ਹੈ, ਅਤੇ ਉਹ ਪਾਣੀ ਵਿਚ ਰਹਿਣ ਵਾਲੇ ਚਿੱਕੜ, ਡੱਡੂ ਤੇ ਜਾਲੇ ਆਦਿਕਾਂ ਦੇ ਸੰਗ ਦੋਸ਼ ਵਿਚ ਵੀ ਨਿਰਦੋਖ ਹੋ ਕੇ ਰਹਿੰਦਾ ਹੈ।
(੨) ਰਾਤ ਸਮੇਂ (ਸੂਰਜ ਡੁਬੇ 'ਤੇ ਇਹ ਕੁਮਲਾ ਜਾਂਦਾ ਹੈ।) ਭੰਵਰੇ ਲੋਭਾਇਮਾਨ ਹੁੰਦੇ, ਸੀਤਲਤਾ ਤੇ ਸੁਗੰਧੀ ਲੈਂਦੇ ਹਨ।
(੩) ਪਰ ਦਿਨੇ (ਸੂਰਜ ਨਿਕਲਦੇ ਹੀ) ਸੂਰਜ ਵੱਲ ਮੂੰਹ ਕਰਕੇ ਇਹ ਖਿੜ ਜਾਂਦਾ ਹੈ ਤੇ ਉਸਨੂੰ ਹੱਸਦਾ ਹੀ ਮਿਲਦਾ ਹੈ।
(੪) ਗੁਰਮੁਖ (ਰੂਪੀ ਕੰਵਲ) ਸੁਖ ਫਲ ਦੇ ਘਰ ਵਿਚ ਨਿਵਾਸ ਕਰਦੇ ਹਨ ਤੇ ਜੋ ਪ੍ਰਭੂ ਦੇ ਭਾਣੇ ਅੰਦਰ ਵਰਤੋਂ ਵਰਤਦੀ ਹੈ ਉਸੇ ਦੇ ਅਨੁਸਾਰ ਹੀ ਵਰਤਦੇ ਹਨ, ਅਤੇ ਵਰਤਮਾਨ ਵਿਖੇ ਵਰਤ ਕੇ ਪ੍ਰਸੰਨ ਰਹਿੰਦੇ ਹਨ। ਭਾਵ ਕਮਲ ਚਾਰ ਪਹਿਰ ਖਿੜਦਾ ਹੈ ਇਹ ਅੱਠੇ ਪਹਿਰ ਭਜਨਾਂ ਨੰਦ ਵਿਖੇ ਪ੍ਰਸੰਨ ਰਹਿੰਦੇ ਹਨ, ਉਹ ਜਾਣਦੇ ਹਨ ਕਿ ਭੂਤਕਾਲ ਦੇ ਪਦਾਰਥ ਸੁਪਨ ਸਮਾਨ ਹਨ ਅਤੇ ਭਵਿੱਖਤ ਦੇ ਪਦਾਰਥ ਸਾਡੇ ਵੱਸ ਤੋਂ ਬਾਹਰ ਹਨ, ਇਸ ਲਈ ਵਰਤਮਾਨ ਕਾਲ ਦੇ ਪਦਾਰਥਾਂ ਵਿਖੇ (ਜਥਾ ਲਾਭ ਤਥਾ ਸੰਤੁਸ਼ਟ) ਹਨ।
(੫) ਲੋਕਾਂ ਦੇ ਭਾਣੇ ਉਹ ਲੋਕਾਚਾਰੀ ਕਰਮ ਕਰਦੇ ਹੀ ਦਿਸਦੇ ਹਨ, ਵੇਦਾਂ ਦੇ ਵੀਚਾਰਨ ਵਾਲੇ ਉਨ੍ਹਾਂ ਨੂੰ ਵੇਦ ਰੀਤੀ ਵਾਲੇ, ਤੇ ਹੋਰ ਕਰਮ-ਕਾਂਡੀ ਉਨ੍ਹਾਂ ਨੂੰ ਆਪਣੇ ਵਰਗੇ ਕਰਮ ਕਰਨ ਵਾਲੇ ਹੀ ਸਮਝਦੇ ਹਨ।
(੬) (ਪਰ ਗੁਰਮੁਖ) ਗੁਰੂ ਦੇ ਬਖ਼ਸ਼ੇ ਗਿਆਨ ਅਨੁਸਾਰ ਸਾਵਧਾਨ (ਹੁਸ਼ਿਆਰ) ਰਹਿੰਦੇ ਹੋਏ ਜੀਵਨ ਮੁਕਤੀ ਦੀ ਜੁਗਤੀ ਵਿਚ ਵਿਚਰਦੇ (ਭਾਵ, ਤੁਰਦੇ ਹਨ।
(੭) ਉਹ ਸਾਧ ਸੰਗਤ ਵਿਚ ਜਿਥੇ ਗੁਰ ਸ਼ਬਦ ਦਾ ਵਾਸਾ ਹੈ (ਉਸ ਨਾਲ ਆਪਣਾ ਚਿਤ ਜੋੜੀ ਰੱਖਦੇ ਹਨ)।੩।

*ਭਾਵਾਰਥ :* ਬਹੁਤ ਲੋਕ ਅਜਿਹੇ ਵੇਖਣ ਵਿਚ ਆਉਂਦੇ ਹਨ ਜਿਨ੍ਹਾਂ ਨੇ ਘਰ ਬਾਰ ਤੇ ਪ੍ਰਵਾਰ ਦਾ ਤਿਆਗ ਕਰਕੇ ਜੰਗਲਾਂ ਵਿਚ ਜਾ ਵੱਸਣ ਨੂੰ ਹੀ ਨਿਰਲੇਪ ਜੀਵਨ

ਗੁਜ਼ਾਰਨਾ ਮੁਖ ਸਾਧਨ ਮੰਨਿਆ ਹੈ, ਪਰ ਇਸ ਸਾਧਨ ਨੂੰ ਗੁਰੂ ਦੀ ਗੁਰਮਤ ਨੇ ਨਹੀਂ ਕਬੂਲ ਕੀਤਾ ਕਿਉਂਕਿ ਵੇਖਣ ਵਿਚ ਆਉਂਦਾ ਹੈ ਕਿ ਕਈ ਲੋਕ ਘਰ ਬਾਰ ਤਾਂ ਛੱਡ ਜਾਂਦੇ ਹਨ, ਪਰ ਬਾਹਰ ਜਾ ਕੇ ਕਿਸੇ ਵੱਡੇ ਡੇਰੇ ਦਾ ਬੰਧਨ ਗਲ ਪਾ ਲੈਂਦੇ ਹਨ, ਕਈ ਨਿੱਕੇ ਨਿੱਕੇ ਬਚਿਆਂ ਦਾ ਤਿਆਗ ਤਾਂ ਕਰ ਜਾਂਦੇ ਹਨ ਪਰ ਉਸ ਤੋਂ ਵਧੇਰੇ ਚੇਲੇ ਚੇਲੀਆਂ ਦੇ ਬੰਧਨ ਵਿਚ ਬੱਝੇ ਜਾਂਦੇ ਹਨ, ਸਰੀਰ ਕਰਕੇ ਤਾਂ ਉਹ ਭਾਵੇਂ ਆਪਣੇ ਆਪ ਨੂੰ ਤਿਆਗੀ ਮੰਨਦੇ ਹਨ, ਪਰ ਉਨ੍ਹਾਂ ਦੀ ਮਾਨਸਕ ਕ੍ਰਿਆ ਗ੍ਰਿਸਤੀਆਂ ਤੋਂ ਭੀ ਕਮਜ਼ੋਰ ਵੇਖਣ ਵਿਚ ਆਉਂਦੀ ਹੈ। ਇਹ ਠੀਕ ਹੈ ਉਨ੍ਹਾਂ ਨੇ ਪ੍ਰਤੱਖ ਪ੍ਰਵਾਹ ਦੇ ਅਸਥੂਲ ਅਕਾਰਾਂ ਨੂੰ ਵੇਖਣਾ ਬੰਦ ਕਰ ਲਿਆ ਹੈ, ਪਰ ਉਹ ਨਿੱਕੇ ਨਿੱਕੇ ਬਚਿਆਂ ਦੇ ਸੂਖਮ ਆਕਾਰਾਂ ਨੂੰ ਆਪਣੇ ਮਨ ਦੇ ਉਦਾਲੇ ਚਕ੍ਰਾਉਂਦੇ ਸਦਾ ਹੀ ਵੇਖਦੇ ਹਨ, ਇਸ ਲਈ ਜਦੋਂ ਤੀਕ ਉਸ ਦੀ ਮਾਨਸਕ ਕ੍ਰਿਆ ਵਿਚ ਨਿਰਮੋਹਤਾ ਨਹੀਂ ਆਈ ਉਤਨਾ ਚਿਰ ਉਸਨੂੰ ਆਤਮਕ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ, ਇਸ ਲਈ ਮਾਨਸਕ ਸ਼ਾਂਤੀ ਤੋਂ ਸੱਖਣੇ ਕਿਸੇ ਮਨੁੱਖ ਦਾ ਘਰ ਬਾਰ ਤਿਆਗ ਕੇ ਜੰਗਲ ਵਾਸੀ ਹੋ ਜਾਣ ਨੂੰ ਹੀ ਨਿਰਲੇਪਤਾ ਸਮਝ ਲੈਣਾ ਇਹ ਇਕ ਬਹੁਤ ਵੱਡਾ ਭਰਮ ਭੁਲੇਖਾ ਹੈ।

## ੪. ਬ੍ਰਿਛ ਤੋਂ ਸਮਦਰਸ਼ੀ ਤੇ ਅਡੋਲਤਾ

੧. ਧਰਤੀ ਅੰਦਰ ਬਿਰਖ ਹੋਇ
ਪਹਿਲੋਂ ਦੇ ਜੜ੍ਹ ਪੈਰ ਟਿਕਾਈ।
੨. ਉਪਰ ਝੂਲੈ ਝੱਟੁਲਾ
ਠੰਢੀ ਛਾਉਂ ਸੁ ਥਾਉਂ ਸਹਾਈ।
੩. ਪਵਣ ਪਾਣੀ ਪਾਲਾ ਸਹੈ
ਸਿਰ ਤਲਵਾਯਾ ਨਿਹਚਲੁ ਜਾਈ।
੪. ਫਲ ਦੇ ਵੱਟ ਵਗਾਇਆ
ਸਿਰਿ ਕਲਵੱਤ ਲੈ ਲੋਹ ਤਰਾਈ।
੫. ਗੁਰਮੁਖ ਜਨਮ ਸਕਾਰਥਾ
ਪਰਉਪਕਾਰੀ ਸਹਜਿ ਸੁਭਾਈ।
੬. ਮਿੱਤ੍ਰ ਨ ਸੱਤ੍ਰ ਨ ਮੋਹ ਧ੍ਰੋਹ
ਸਮਦਰਸੀ ਗੁਰ ਸ਼ਬਦ ਸਮਾਈ।
੭. ਸਾਧ ਸੰਗਤਿ ਗੁਰਮਤਿ ਵਡਿਆਈ ॥੪॥

***ਪਦ ਅਰਥ :*** ਝੱਟੁਲਾ—ਖਿਲਰੇ ਝਾਟੇ (ਵਾਲਾਂ) ਵਾਲਾ। ਸਿਰ ਤਲਵਾਯਾ—ਉਲਟਾ, ਸਿਰ ਪਰਨੇ। ਨਿਹਚਲੁ ਜਾਈ—ਇਕ ਨਿਹਚਲ ਥਾਂ। ਕਲਵੱਤ—ਆਰਾ। ਲੋਹ ਤਰਾਈ—ਜਹਾਜ਼ ਬਣ ਕੇ, ਨਾਲ ਲੋਹੇ ਨੂੰ ਭੀ ਤਾਰਦਾ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਮ ਲੋਕਾਂ ਦੇ ਰਵੱਈਏ ਵੱਲ ਜਦ ਨਜ਼ਰ ਮਾਰਦੇ ਹਾਂ ਤਾਂ ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ ਜਦ ਭੀ ਕੋਈ ਮਨੁੱਖ ਕਿਸੇ ਨਾਲ ਬੁਰਾਈ ਕਰਦਾ ਹੈ, ਉਸ ਤੋਂ ਦੂਸਰਾ ਸੱਜਨ ਬਦਲਾ ਲੈਣ ਲਈ ਜ਼ਰੂਰ ਉਪਰਾਲਾ ਕਰਦਾ ਹੈ, ਉਸਨੂੰ ਕਦੀ ਭੀ ਮੁਆਫ਼ ਨਹੀਂ ਕਰਦਾ, ਪਰ ਇਕ ਗੁਰਮੁਖਾਂ ਦੀ ਸ਼ਰੇਣੀ ਹੈ ਜੋ ਬੁਰਾਈ ਕਰਨ ਵਾਲੇ ਨਾਲ ਭੀ ਕਦੇ ਬੁਰਾ ਵਰਤਾ ਨਹੀਂ ਕਰਦੀ, ਕਿਉਂ ਜੀ! ਇਹ ਸ਼ੁਭ ਪ੍ਰੇਰਨਾ ਉਨ੍ਹਾਂ ਨੂੰ ਕਿਥੋਂ ਪ੍ਰਾਪਤ ਹੋਈ ਹੈ?

ਉ: ਹੇ ਭਾਈਓ! ਇਹ ਪ੍ਰੇਰਨਾ ਉਨ੍ਹਾਂ ਨੇ ਗੁਰਮੱਤ ਰਾਹੀਂ ਬ੍ਰਿਛ ਤੋਂ ਗ੍ਰਹਿਣ ਕਰੀ ਹੈ, ਕਿਉਂਕਿ ਗੁਰਮੁਖਾਂ ਦਾ ਇਹ ਸੁਭਾਉ ਹੈ ਕਿ ਉਹ ਸਾਰਗ੍ਰਾਹੀ ਬ੍ਰਿਤੀ ਰੱਖਦੇ ਹਨ, ਭਾਵ ਹਰ ਸ਼ੈ ਤੋਂ ਹੀ ਉਹ ਗੁਣ ਗ੍ਰਹਿਣ ਕਰਦੇ ਹਨ, ਜਦ ਉਹ ਵੇਖਦੇ ਹਨ ਕਿ ਇਕ ਜੜ੍ਹ ਬ੍ਰਿਛ ਭੀ ਪੱਥਰ ਇੱਟਾਂ ਮਾਰਨ ਵਾਲੇ ਨੂੰ ਆਪਣਾ ਵੈਰੀ ਨਹੀਂ ਸਮਝਦਾ ਸਗੋਂ ਉਸਨੂੰ ਮਿੱਤ੍ਰ ਜਾਣ ਕੇ ਖਾਣ ਲਈ ਫਲ ਦਿੰਦਾ ਹੈ, ਮੈਂ ਤਾਂ ਉਸ ਬ੍ਰਿਛ ਤੋਂ ਉਚੇਰੀ ਪਦਵੀ ਰੱਖਦਾ ਹਾਂ। ਇਸ ਲਈ ਮੈਨੂੰ ਤਾਂ ਇਸ ਸ਼ੁਭ ਗੁਣ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੈ, ਕਿਸੇ ਨੇ ਆਮ ਲੋਕਾਂ ਦੇ ਵਰਤਾਰੇ ਵੱਲ ਤੱਕ ਕੇ ਉਨ੍ਹਾਂ ਦੇ ਮੁਕਾਬਲੇ ਵਿਚ ਗੁਰੂ ਨਾਨਕ ਨਾਮ ਲੇਵਾ ਗੁਰਮੁਖਾਂ ਦੇ ਉਪਕਾਰੀ ਵਰਤਾਵੇ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ:

ਬੁਰੇ ਨਾਲ ਸਭ ਕਰਨ ਬੁਰਾਈ ਮਾਫ਼ ਕਰਨ ਕਈ ਸਿਆਣੇ।
ਬੁਰੇ ਨਾਲ ਭਲਿਆਈ ਕਰਨੀ ਇਹ ਗੁਰੂ ਨਾਨਕ ਜਾਣੇ।

ਗੁਰੂ ਨਾਨਕ ਦੇਵ ਦੇ ਪਾਏ ਪੂਰਨਿਆਂ ਪਰ ਟੁਰਨ ਵਾਲੇ ਗੁਰਮੁਖ ਸਿੱਖਾਂ ਦਾ ਜਦੋਂ ਪੁਰਾਤਨ ਇਤਿਹਾਸ ਪੜ੍ਹਦੇ ਸੁਣਦੇ ਹਾਂ ਤਾਂ ਬੋਧ ਮਿਲਦਾ ਹੈ ਕਿ ਜਦੋਂ ਸਿੱਖਾਂ ਨੂੰ ਦੇਗਾਂ ਵਿਚ ਉਬਾਲਿਆ ਗਿਆ, ਆਰਿਆਂ ਨਾਲ ਤਨ ਚੀਰਿਆ, ਬੰਦ ਬੰਦ ਕਟੇ ਗਏ, ਜੀਉਂਦੇ ਜੀਅ ਖੋਪਰ ਲਹਾਏ ਗਏ, ਪਰ ਗੁਰਸਿੱਖਾਂ ਦੀ ਕਰਨੀ ਨੂੰ ਮੁਖ ਰਖ ਕੇ ਸਿੱਖੀ ਸਿਦਕ ਵਲੋਂ ਮੁਖ ਨਹੀਂ ਭਵਾਇਆ, ਪਰ ਅਜਿਹੇ ਕਸ਼ਟ ਦੇਣ ਵਾਲਿਆਂ ਜ਼ਾਲਮਾਂ ਨੂੰ ਭੀ ਕੋਈ ਸਰਾਪ ਨਹੀਂ ਦਿੱਤਾ ਇਹ ਗੁਰੂ ਨਾਨਕ ਦੇਵ ਜੀ

ਦਾ ਹੀ ਉਪਦੇਸ਼ ਸੀ, ਜਿਸਨੂੰ ਗੁਰਮੁਖਾਂ ਨੇ ਅਪਣਾਇਆ ਹੈ, ਹੁਣ ਭੀ ਅਪਣਾਉਂਦੇ, ਤੇ ਅਪਣਾਉਂਦੇ ਰਹਿਣਗੇ, ਮੈਂ ਭੀ ਗੁਰਮੁਖਾਂ ਦੀ ਕਰਨੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਅਸੀਂ ਵੇਖਦੇ ਹਾਂ ਕਿ) ਬ੍ਰਿਛ ਧਰਤੀ ਵਿਚੋਂ ਜੰਮ ਕੇ (ਉੱਗ ਕੇ) ਪਹਿਲੇ ਜੜ੍ਹਾਂ ਦੇ ਉਪਰ ਪੈਰ ਟਿਕਾਉਂਦਾ, ਭਾਵ ਉੱਚਾ ਉਠਦਾ ਹੈ।

(੨) ਉਪਰ ਪਤਰਾਂ ਤੇ ਟਾਹਣੀਆਂ ਦਾ ਖਿਲਾਰ, ਝੂਟੇ ਝੂਟਦਾ, ਠੰਡੀ ਛਾਂ ਕਰਕੇ ਉਹ ਸੋਹਣੀ ਥਾਂ ਵਾਲਾ ਲਗਦਾ ਹੈ।

(੩) ਹਵਾ, ਪਾਣੀ (ਮੀਂਹ) ਪਾਲਾ (ਕੱਕਰ) ਸਹਾਰਦਾ ਹੈ। ਸਿਰ ਨੂੰ ਉਲਟਾ ਰੱਖ, ਇਕੋ ਥਾਂ ਨਿਹਚਲ ਟਿਕਿਆ ਰਹਿੰਦਾ ਹੈ।

(੪) ਫਲ ਲਾਹੁਣ ਵਾਲੇ ਢੀਮਾਂ ਮਾਰਦੇ ਹਨ ਤੇ ਉਹ (ਅਗੋਂ) ਫਲ ਦੇਂਦਾ ਹੈ, ਲੋਹੇ ਦੇ ਆਰੇ ਨਾਲ ਕੱਟਿਆ ਜਾਂਦਾ ਹੈ, ਪਰ ਬੇੜਾ ਬਣ ਲੋਹਾ ਭੀ ਤਾਰਦਾ ਹੈ, (ਭਾਵ, ਇਹ ਨਹੀਂ ਚਿਤਵਦਾ ਕਿ ਲੋਹਾ ਤਾਂ ਮੇਰਾ ਜਾਨੀ ਦੁਸ਼ਮਣ ਹੈ ਕਿ ਇਸ ਨੇ ਹੀ ਤੇਸੇ ਤੇ ਆਰੇ ਦੇ ਰੂਪ ਵਿਚ ਮੈਨੂੰ ਕੱਟਿਆ ਵੱਢਿਆ ਹੈ)।

(੫) ਗੁਰਮੁਖਾਂ ਦਾ ਜਨਮ ਵੀ (ਇਸੇ ਤਰ੍ਹਾਂ ਬ੍ਰਿਛ ਵਾਂਗ) ਸਕਾਰਥਾ (ਸਫਲਾ) ਹੈ, ਜੋ ਸਹਿਜ ਸੁਭਾਵ ਹੀ ਪਰਉਪਕਾਰੀ ਹੁੰਦੇ ਹਨ।

(੬) ਮਿਤ੍ਰਤਾ, ਦੁਸ਼ਮਨੀ, ਪਿਆਰ ਜਾਂ (ਕਿਸੇ ਨਾਲ) ਧੋਖਾ (ਇਨ੍ਹਾਂ ਸਭ ਔਗੁਣਾਂ ਨੂੰ ਮਨ ਤੋਂ ਦੂਰ ਕਰ) ਸਭ ਨੂੰ ਇਕ (ਰੱਬ) ਦੀ (ਪੈਦਾਇਸ਼) ਸਮਝਦੇ ਹਨ, ਇਕ ਗੁਰ ਸ਼ਬਦ ਵਿਚ ਹੀ ਤੇ ਉਸ ਵਿਚ ਸਮਾਏ (ਭਾਵ ਮਗਨ) ਰਹਿੰਦੇ ਹਨ।

(੭) (ਪਰ ਇਹ ਸਭ) ਗੁਰਮਤ ਦੀਆਂ ਵਡਿਆਈਆਂ ਸਾਧ ਸੰਗਤ ਵਿਚੋਂ ਹੀ ਪ੍ਰਾਪਤ ਹੁੰਦੀਆਂ ਹਨ।੪।

***ਭਾਵਾਰਥ:*** ਗੁਰਮੁਖ ਬ੍ਰਿਛ ਵਾਂਗ ਪਰਉਪਕਾਰੀ ਹੁੰਦੇ ਹਨ, ਉਸਦਾ ਉਪਕਾਰ ਪ੍ਰਤੱਖ ਵੇਖਦੇ ਹਾਂ ਕਿ ਉਸ ਬ੍ਰਿਛ ਨੂੰ ਲੱਗੇ ਫਲਾਂ ਨੂੰ ਉਹ ਆਪ ਨਹੀਂ ਖਾਂਦਾ ਉਹ ਭੁਖੇ ਪੰਛੀਆਂ ਤੇ ਰਾਹੀਆਂ ਵਾਸਤੇ ਸਾਂਭ ਕੇ ਰੱਖਦਾ ਹੈ। ਸਮ-ਦਰਸ਼ੀ ਦ੍ਰਿਸ਼ਟੀ ਉਨ੍ਹਾਂ ਵਿਚ ਇਤਨੀ ਹੈ ਕਿ ਪੱਥਰ ਵੱਟੇ ਮਾਰਨ ਵਾਲਿਆਂ 'ਤੇ ਭੀ ਉਪਕਾਰ ਕਰਦਾ ਹੈ, ਪਰ ਗੁਰਮੁਖਾਂ ਨੂੰ ਇਹ ਜਾਚ ਗੁਰਮਤ ਹੀ ਸਿਖਾਲਦੀ ਹੈ, ਇਹ ਗੁਰਮਤ ਕੇਵਲ ਸਾਧ ਸੰਗਤ ਵਿਚੋਂ ਹੀ ਹਾਸਲ ਹੁੰਦੀ ਹੈ। ਜਿਸ ਸਾਧ ਸੰਗਤ ਕਰਦੇ ਰਹਿਣ ਦੀ ਬਾਣੀ ਵਿਚ ਕਈ ਥਾਂਵਾਂ 'ਤੇ ਪ੍ਰੇਰਨਾ ਕੀਤੀ ਗਈ ਹੈ, ਜਿਵੇਂ ਕਿ:

> ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥
> ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥੨॥
> *(ਸੋਰਠਿ ਮ: ੯, ਪੰਨਾ ੬੩੧)*

## ੫. ਗੁਰਮੁਖ ਪਰਉਪਕਾਰੀ ਮਲਾਹ ਰੂਪ

**੧. ਸਾਗਰ ਅੰਦਰ ਬੋਹਿਥਾ**
**ਵਿੱਚ ਮੁਹਾਣਾ ਪਰਉਪਕਾਰੀ।**
**੨. ਭਾਰ ਅਥਰਬਣ ਲੱਦੀਐ**
**ਲੈ ਵਾਪਾਰੁ ਚੜ੍ਹਨਿ ਵਾਪਾਰੀ।**
**੩. ਸਾਇਰ ਲਹਰ ਨ ਵਿਆਪਈ**
**ਅਤਿ ਅਸਗਾਹ ਅਥਾਹ ਅਪਾਰੀ।**
**੪. ਬਾਹਲੇ ਪੂਰ ਲੰਘਾਇੰਦਾ**
**ਸਹੀ ਸਲਾਮਤਿ ਪਾਰਿ ਉਤਾਰੀ।**
**੫. ਦੂਣੇ ਚਉਣੇ ਦੰਮ ਹੋਣ**
**ਲਾਹਾ ਲੈ ਲੈ ਕਾਜ ਸਵਾਰੀ।**
**੬. ਗੁਰਮੁਖ ਸੁਖ ਫਲ ਸਾਧ ਸੰਗਿ**
**ਭਵਜਲ ਅੰਦਰ ਦੁੱਤਰੁ ਤਾਰੀ।**
**੭. ਜੀਵਨ ਮੁਕਤਿ ਜੁਗਤਿ ਨਿਰੰਕਾਰੀ ॥੫॥**

***ਪਦ ਅਰਥ:*** ਬੋਹਿਥਾ—ਜਹਾਜ਼। ਮੁਹਾਣਾ—ਮਲਾਹ। ਅਥਰਬਣ—ਬੇਅੰਤ। ਸਾਇਰ—ਸਾਗਰ। ਪੂਰ—ਜਹਾਜ਼ ਦੇ ਯਾਤਰੀ, ਜਿੰਨੇ ਵੀ ਜਹਾਜ਼ ਵਿਚ ਚੜ੍ਹ ਸਕਦੇ ਹੋਣ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸੰਗਤ ਵਿਚ ਗੁਰਮਤ ਦੇ ਵੀਚਾਰ ਸਰਵਣ ਕਰਾਉਂਦੇ ਹੋਏ ਆਮ ਲੋਕਾਂ ਨਾਲੋਂ ਗੁਰਮੁਖਾਂ ਦੇ ਜੀਵਨਾਂ ਦਾ ਵਧੇਰੇ ਜ਼ਿਕਰ ਕਰਦੇ ਹੋ, ਪਰ ਕੀ ਦਸੋਗੇ ਕਿ ਬਾਕੀ ਦੇ ਹੋਰ ਮਨੁੱਖਾਂ ਨਾਲੋਂ ਉਨ੍ਹਾਂ ਵਿਚ ਵਿਸ਼ੇਸ਼ ਗੁਣ ਕਿਹੜਾ ਹੈ, ਜਿਸ ਗੁਣ ਨੂੰ ਕਿ ਅਸੀਂ ਅਲਪੱਗ ਜੀਵ ਅਨੁਭਵ ਨਹੀਂ ਕਰ ਸਕਦੇ?

ਉ: ਹੇ ਭਾਈਓ! ਸਾਰੇ ਸੰਸਾਰ ਦੇ ਲੋਕਾਂ ਦੀ ਬਾਹਰਲੀ ਕ੍ਰਿਆ ਤਾਂ ਭਾਵੇਂ ਵੇਖਣ ਵਿਚ ਸਮਾਨ ਹੀ ਨਜ਼ਰ ਆਉਂਦੀ ਹੈ ਪਰ ਅੰਦਰੂਨੀ ਭਾਵਨਾ ਹਰ ਮਨੁੱਖ ਦੀ ਵਖੋ ਵਖ ਹੋਇਆ ਕਰਦੀ ਹੈ ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਕਈ ਲੋਕ ਕੇਵਲ ਆਪਣੇ ਸਰੀਰ ਦੀ ਪਾਲਣਾ ਪੋਸਨਾ, ਖਾਣ ਪੀਣ ਦੇ ਆਹਰ ਵਿਚ ਹੀ ਲਗੇ ਰਹਿੰਦੇ ਹਨ ਉਨ੍ਹਾ ਨੂੰ ਹੋਰ ਕਿਸੇ ਨਾਲ ਕੋਈ ਗ਼ਰਜ਼ ਨਹੀਂ। ਪਰ ਕੁਝ ਸੱਜਨ ਅਜਿਹੇ ਭੀ ਵੇਖਣ ਵਿਚ ਆਉਂਦੇ ਹਨ, ਜੋ ਆਪਣੇ ਪ੍ਰਵਾਰ ਦੀ ਪਾਲਨਾ ਕਰਦੇ ਰਹਿਣ ਦਾ ਉਪਰਾਲਾ ਕਰਦੇ ਹਨ, ਪਰ ਸੰਸਾਰੀ ਲੋਕਾਂ ਦੇ ਟਾਕਰੇ ਵਿਚ ਇਕੋ ਗੁਰਮੁਖਾਂ ਦੀ ਸ਼ਰੇਣੀ ਹੈ ਜੋ ਕਿ ਸਾਰੇ ਸੰਸਾਰ ਦੇ ਜੀਵਾਂ ਦੀ ਭਲਾਈ ਕਰਦੇ ਰਹਿਣ ਦਾ ਉਪਕਾਰ ਕਰਦੇ ਹਨ ਉਨ੍ਹਾਂ ਗੁਰਮੁਖ ਲੋਕਾਂ ਦਾ ਬਾਣੀ ਵਿਚ ਬਾਰ ਬਾਰ ਜ਼ਿਕਰ ਆਉਂਦਾ ਹੈ, ਜਿਵੇਂ ਕਿ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ॥੨॥

*(ਸੂਹੀ ਮ: ੫, ਪੰਨਾ ੭੪੯)*

ਭਾਵ, ਉਹ ਗੁਰਮੁਖ ਗੁਰੂ ਦੇ ਦਿੱਤੇ ਉਪਦੇਸ਼ ਦੀ ਕਮਾਈ ਕਰਕੇ ਆਪ ਤਾਂ ਜਨਮ ਮਰਣ ਤੋਂ ਰਹਿਤ ਹੋ ਗਏ, ਪਰ ਉਹ ਬਾਕੀ ਜੀਵਾਂ ਦਾ ਉਧਾਰ ਕਰਨ ਲਈ ਭੀ ਸਦਾ ਭਗਤੀ ਕਰਦੇ ਰਹਿਣ ਦਾ ਪਰਉਪਕਾਰ ਕਰਦੇ ਰਹਿੰਦੇ ਹਨ:

ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ॥
*(ਦੇਵਗੰਧਾਰੀ ਮ: ੫, ਪੰਨਾ ੫੩੩)*

ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥੨॥
*(ਬਿਲਾਵਲੁ ਮ: ੫, ਪੰਨਾ ੮੧੫)*

ਪਰਉਪਕਾਰ ਬੋਲਹਿ ਬਹੁ ਗੁਣੀਆ
ਮੁਖਿ ਸੰਤ ਭਗਤ ਹਰਿ ਦੀਜੈ॥੭॥
*(ਕਲਿਆਨ ਮ: ੪, ਪੰਨਾ ੧੩੨੬)*

ਇਸੇ ਤਰ੍ਹਾਂ ਹੋਰ ਭੀ ਬਾਣੀ ਵਿਚ ਗੁਰਮੁਖਾਂ ਦੇ ਉਪਕਾਰ ਕਰਨ ਦੇ ਸੰਬੰਧ ਵਿਚ ਕਈ ਉਦਾਹਰਣ ਮਿਲਦੇ ਹਨ, ਜਿਵੇਂ ਅਸੀਂ ਵੇਖਦੇ ਹਾਂ ਕਿ ਸਮੁੰਦਰ ਵਿਚੋਂ ਹੀਰੇ ਮੋਤੀਆਂ ਦਾ ਜਨਮ ਹੁੰਦਾ ਹੈ, ਪਰ ਉਹ ਸਮੁੰਦਰ ਹੀਰੇ ਮੋਤੀਆਂ ਨੂੰ ਆਪਣੇ ਲਈ ਨਹੀ ਵਰਤਦਾ ਉਸਦਾ ਭੀ ਉਪਕਾਰੀ ਸੁਭਾਉ ਹੈ ਉਹ ਇਤਨੀ ਉਚੀ ਸੁਗਾਤ ਨੂੰ ਹੰਸਾਂ ਤੇ ਮਰਜੀਵੜਿਆਂ ਲਈ ਸਾਂਭ ਕੇ ਰੱਖਦਾ ਹੈ, ਸੋ ਮੈਂ ਭੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰੇਰਨਾ ਲੈ ਕੇ ਚੰਦ ਸਤਰਾਂ ਉੱਕਰੀਆਂ ਹਨ:

(੧) ਜਿਵੇਂ ਸਮੁੰਦਰ ਵਿਚ ਜਹਾਜ਼ (ਚਲ ਰਿਹਾ) ਹੈ ਜਿਸ ਵਿਚ ਮੁਹਾਣਾ (ਜਹਾਜ਼ ਨੂੰ ਚਲਾਣ ਵਾਲਾ ਵੱਡੇ) ਪਰਉਪਕਾਰੀ (ਖ਼ਿਆਲਾਂ ਵਾਲਾ) ਹੈ।
(੨) (ਜਹਾਜ਼ ਵਿਚ) ਬਹੁਤਾ ਭਾਰ ਲੱਦੀਦਾ ਹੈ, (ਜੋ ਵਪਾਰੀ) ਲੋਕ ਵਪਾਰ ਕਰਨ ਲਈ ਨਾਲ ਲੈ ਕੇ ਚੜ੍ਹਦੇ ਹਨ।
(੩) (ਜਹਾਜ਼ ਵਿਚ ਬੈਠਿਆਂ ਨੂੰ) ਅਥਾਹ ਸਮੁੰਦਰ ਦੀਆਂ ਲਹਿਰਾਂ ਦਾ ਕੋਈ ਦੁੱਖ ਨਹੀ ਹੁੰਦਾ, ਭਾਵੇਂ ਸਮੁੰਦਰ ਕਿੰਨਾ ਹੀ ਡੂੰਘਾ, ਲੰਮਾ ਤੇ ਚੌੜਾਈ ਵਾਲਾ ਹੁੰਦਾ ਹੈ।
(੪) (ਜਹਾਜ਼ ਦਾ ਪਰਉਪਕਾਰੀ ਤੇ ਸਿਆਣਾ ਮਲਾਹ) ਕਿੰਨੇ ਹੀ (ਮੁਸਾਫ਼ਰਾਂ ਦੇ) ਪੂਰ ਭਰ (ਸਮੁੰਦਰ ਦੀਆਂ ਲਹਿਰਾ ਵਿਚੋਂ ਲੰਘ) ਸਹੀ ਸਲਾਮਤ (ਠੀਕ-ਠਾਕ) ਸਭ ਨੂੰ (ਪਾਰਲੇ ਕਿਨਾਰੇ) ਪੁਚਾ ਦੇਂਦਾ ਹੈ।
(੫) ਵਪਾਰੀ ਲੋਕ (ਆਪਣਾ ਮਾਲ ਵੇਚ ਕੇ) ਦੂਣਾ ਚੌਣਾ ਨਫ਼ਾ ਲੈ ਕੇ (ਵਾਪਸ ਆ ਕੇ) ਫਿਰ ਆਪਣੇ (ਨਿਜੀ) ਕੰਮ ਕਾਜਾਂ ਨੂੰ ਸੁਆਰਦੇ ਹਨ।
(੬) ਇਸੇ ਤਰ੍ਹਾਂ ਗੁਰਮੁਖਾਂ ਦਾ ਸੁਖ ਫਲ (ਜਹਾਜ਼ ਸਾਧ ਸੰਗਤ ਹੀ) ਹੈ ਜਿਸ ਵਿਚ (ਸੰਸਾਰੀ ਲੋਕਾਂ ਨੂੰ ਬਿਠਾ ਕੇ ਗੁਰ ਸ਼ਬਦ ਦੇ ਸਹਾਰੇ) ਇਸ ਔਖੇ ਸਮੁੰਦਰ (ਭਵਜਲ) ਤੋਂ ਤਾਰ ਕੇ ਪਾਰ ਲੰਘਾ ਦੇਂਦੇ ਹਨ।
(੭) ਗੁਰਮੁਖ ਜੀਵਨ ਮੁਕਤ ਹੋ ਨਿਰੰਕਾਰੀ (ਸਤਿਗੁਰੂ ਦੀ ਦੱਸੀ ਹੋਈ ਤਤ੍ਵ-ਗਿਆਨ) ਜੁਗਤੀ ਨਾਲ (ਨਾਮ ਰੂਪੀ ਜਹਾਜ਼ ਦੇ) ਮਲਾਹ ਬਣਦੇ ਹਨ।੫।

***ਭਾਵਾਰਥ:*** ਸੰਸਾਰ ਭੀ ਇਕ ਮਹਾਂ ਭਿਆਨਕ ਅਥਾਹ ਸਾਗਰ ਹੈ, ਜਿਵੇਂ ਪ੍ਰਤੱਖ ਸਮੁੰਦਰ ਨੂੰ ਪਾਰ ਕਰਨ ਲਈ ਜਹਾਜ਼ ਤੇ ਸਿਆਣੇ ਮਲਾਹ ਦੀ ਲੋੜ ਹੈ, ਇਸੇ ਤਰ੍ਹਾਂ ਇਸ ਸੰਸਾਰ ਸਮੁੰਦਰ ਦੀਆਂ ਜੋ ਭਿਆਨਕ ਵਾਸ਼ਨਾਵਾਂ ਦੀਆਂ ਅਥਾਹ ਲਹਿਰਾਂ ਹਨ ਇਨ੍ਹਾਂ ਤੋਂ ਬਚਕੇ ਪਾਰ ਹੋਣ ਲਈ ਭੀ ਇਕੋ ਇਕ ਸਾਧ ਸੰਗਤ ਹੈ ਜਿਸ ਵਿਚੋਂ ਨਾਮ ਸਿਮਰਨ ਦਾ ਜਹਾਜ਼ ਪ੍ਰਾਪਤ ਹੁੰਦਾ ਹੈ, ਜੋ ਸ਼ਰਧਾਲੂ ਇਸ ਵਿਚ ਅਸਵਾਰ ਹੋ ਜਾਂਦੇ ਹਨ ਉਹ ਸਹਿਜੇ ਹੀ ਇਸ ਸੰਸਾਰ ਸਾਗਰ ਦੀਆਂ ਭਿਆਨਕ ਲਹਿਰਾਂ ਤੋਂ ਬਚ ਕੇ ਪਾਰ ਹੋ ਜਾਂਦੇ ਹਨ, ਜਿਵੇਂ ਕਿ ਕਿਸੇ ਨੇ ਆਪਣੇ ਵੀਚਾਰ ਅੰਕਤ ਕੀਤੇ ਹਨ ਕਿ:

ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੋ ਉਤਰੇ ਪਾਰ।
ਜੋ ਸਰਧਾ ਕਰ ਸੇਵਦੇ ਗੁਰ ਪਾਰ ਉਤਾਰਨ ਹਾਰ।

## ੬. ਗੁਰਮੁਖ ਬਾਵਨ ਚੰਦਨ ਦੇ ਰੂਪ ਵਿਚ

੧. ਬਾਵਨ ਚੰਦਨ ਬਿਰਖੁ ਹੋਇ
ਵਣਖੰਡ ਅੰਦਰ ਵੱਸੈ ਉਜਾੜੀ।
੨. ਪਾਸਿ ਨਿਵਾਸੁ ਵਣਾਸਪਤਿ
ਨਿਹਚਲ ਲਾਇ ਉਰਧ ਤਪ ਤਾੜੀ।
੩. ਪਵਨ ਗਵਣ ਸਨਬੰਧੁ ਕਰਿ
ਗੰਧ ਸੁਗੰਧ ਉਲਾਸ ਉਘਾੜੀ।
੪. ਅਫਲ ਸਫਲ ਸਮਦਰਸ ਹੋਇ
ਕਰੇ ਵਣਸਪਤਿ ਚੰਦਨ ਵਾੜੀ।
੫. ਗੁਰਮੁਖ ਸੁਖ ਫਲ ਸਾਧ ਸੰਗ
ਪਤਿਤ ਪੁਨੀਤ ਕਰੈ ਦਿਉਹਾੜੀ।
੬. ਅਉਗਣ ਕੀਤੇ ਗੁਣ ਕਰੈ
ਕੱਚ ਪਕਾਈ ਉਪਰਿ ਵਾੜੀ।
੭. ਨੀਰੁ ਨ ਡੋਬੈ ਅੱਗਿ ਨ ਸਾੜੀ ॥੬॥

*ਪਦ ਅਰਥ :* ਵਣਖੰਡ—ਬਣ, ਜੰਗਲ। ਤਾੜੀ—ਸਮਾਧੀ। ਉਲਾਸ—ਖੁਸ਼ੀ ਹੋ ਕੇ। ਉਘਾੜੀ—ਪਰਗਟ ਕਰ ਦਿੱਤੀ। ਦਿਉਹਾੜੀ—ਇਕੋ ਦਿਨ, ਭਾਵ ਤੁਰੰਤ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਸੰਸਾਰ ਦੇ ਆਮ ਮਨੁੱਖਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਵਿਚ ਜੋ ਗੁਰਮੁਖਾਂ ਦੀ ਸ਼੍ਰੇਣੀ ਹੈ, ਉਹ ਭਾਵੇਂ ਇਸੇ ਜਗਤ ਵਿਚ ਪੈਦਾ ਹੋਏ ਹਨ ਤੇ ਉਹ ਵੇਖਣ ਵਿਚ ਭੀ ਆਮ ਲੋਕਾਂ ਵਾਂਗੂ ਕ੍ਰਿਤ ਕਰਦੇ, ਖਾਦੇ, ਪਹਿਨਦੇ ਦਿਸਦੇ ਹਨ, ਪਰ ਜੋ ਵਿਸ਼ੇਸ਼ ਸੁਖ ਉਨ੍ਹਾਂ ਗੁਰਮੁਖਾਂ ਦੇ ਜੀਵਨ ਵਿਚ ਪਾਇਆ ਜਾਂਦਾ ਹੈ, ਉਹ ਆਮ ਮਨੁੱਖਾਂ ਵਿਚ ਨਹੀਂ ਵੇਖੀਦਾ। ਕਿਉਂ ਜੀ ! ਉਨ੍ਹਾਂ ਗੁਰਮੁਖਾਂ ਵਿਚ ਖ਼ਾਸ ਕਿਹੜੀ ਵਿਸ਼ੇਸ਼ਤਾ ਹੈ ਜੋ ਉਨ੍ਹਾਂ ਦੇ ਜੀਵਨ ਵਿਚ ਸਦੀਵੀ ਖ਼ੁਸ਼ੀ ਤੇ ਖੇੜਾ ਕਾਇਮ ਰੱਖਦੀ ਹੈ, ਇਸ ਬਾਰੇ ਆਪ ਜੀ ਕੁਝ ਆਪਣੇ ਵੀਚਾਰ ਦਿਓ ?

ਉ: ਹੇ ਭਾਈਓ ! ਮੈਂ ਅਨੁਭਵ ਕਰਦਾ ਹਾਂ ਕਿ ਜੇ ਤੁਹਾਡੇ ਇਸ ਪ੍ਰਸ਼ਨ ਦੇ ਉੱਤਰ ਸੰਬੰਧੀ ਕੋਈ ਪ੍ਰਤੱਖਸ਼ ਉਦਾਹਰਣ ਵਰਤਿਆ ਜਾਵੇ ਤਾਂ ਸ਼ੀਘਰ ਹੀ ਸਮਝ ਆ ਜਾਏਗੀ, ਵੇਖੋ ! ਜਿਵੇਂ ਇਕ ਚੰਦਨ ਦਾ ਬ੍ਰਿਛ ਹੈ ਉਹ ਜਿਸ ਜੰਗਲ ਵਿਚ ਪੈਦਾ ਹੋਇਆ ਹੈ ਉੱਥੇ ਹੋਰ ਭੀ ਅਨੇਕਾਂ ਦਰੱਖ਼ਤ ਪੈਦਾ ਹੁੰਦੇ ਹਨ, ਪਰ ਜੋ ਮਹਾਨਤਾ ਉਸ ਚੰਦਨ ਦੇ ਬੂਟੇ ਨੂੰ ਹੈ ਉਹ ਹੋਰ ਕਿਸੇ ਭੀ ਦਰੱਖ਼ਤ ਨੂੰ ਨਹੀਂ ਦਿੱਤੀ ਜਾਂਦੀ, ਕਿਉਂਕਿ ਜੋ ਬਾਵਨ ਚੰਦਨ ਦੇ ਬ੍ਰਿਛ ਵਿਚ ਸੁਗੰਧੀ ਹੈ ਉਹ ਹੋਰ ਕਿਸੇ ਵੀ ਦਰੱਖ਼ਤ ਵਿਚੋਂ ਪਾਈ ਨਹੀਂ ਜਾਂਦੀ, ਉਸ ਵਿਚ ਏਡਾ ਵੱਡਾ ਗੁਣ ਹੈ ਕਿ ਉਹ ਆਪਣੀ ਸੁਗੰਧੀ ਦਾ ਸਦਕਾ ਸਾਰੇ ਜੰਗਲ ਨੂੰ ਹੀ ਆਪਣਾ ਰੂਪ ਬਣਾ ਲੈਂਦਾ ਹੈ।

ਇਸੇ ਤਰ੍ਹਾਂ ਜੇ ਇਸ ਸਾਰੇ ਸੰਸਾਰ ਨੂੰ ਇਕ ਜੰਗਲ ਮੰਨ ਲਿਆ ਜਾਵੇ ਤਾਂ ਇਸ ਵਿਚ ਅਨੇਕਾਂ ਮਨੁੱਖ ਵੱਖੋ ਵੱਖ ਸਕਲਾਂ ਤੇ ਭਿੰਨ ਭਿੰਨ ਰੂਪਾਂ ਰੰਗਾਂ ਦੇ ਵੇਖਣ ਵਿਚ ਆਉਂਦੇ ਹਨ, ਪਰ ਜੋ ਵਿਸ਼ੇਸ਼ਤਾ ਭਗਤੀ ਰੂਪ ਸੁਗੰਧੀ ਦੀ ਗੁਰਮੁਖਾਂ ਵਿਚ ਹੈ ਉਹ ਹੋਰ ਮਨੁੱਖ-ਮਾਤ੍ਰ ਵਿਚ ਨਹੀਂ ਪਾਈ ਜਾਂਦੀ। ਇਸੇ ਭਗਤੀ ਦੀ ਸੁਗੰਧੀ ਦੇ ਕਾਰਨ ਗੁਰਮੁਖਾਂ ਦੇ ਜੀਵਨ ਵਿਚ ਸਦੀਵੀ ਖੇੜਾ ਬਣਿਆ ਰਹਿੰਦਾ ਹੈ ਅਤੇ ਜੋ ਹੋਰ ਲੋਕ ਭੀ ਉਨ੍ਹਾਂ ਦੀ ਸੰਗਤ ਕਰਦੇ ਹਨ, ਉਨ੍ਹਾਂ ਦੇ ਅਫਲ ਜੀਵਨਾਂ ਵਿਚ ਭੀ ਸਫਲਤਾ ਆ ਜਾਂਦੀ ਹੈ, ਭਾਵ ਉਨ੍ਹਾਂ ਦੇ ਪਤਿਤ ਜੀਵਨ ਭੀ ਪਵਿੱਤ੍ਰ ਹੋ ਜਾਂਦੇ ਹਨ। ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਦਰਸਾਇਆ ਗਿਆ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕਣ ਦਾ ਯਤਨ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ ! ਵੇਖੋ, ਜਿਵੇਂ) ਬਵਿੰਜਾ ਡਾਣਾਂ ਵਾਲਾ ਹੋ ਕੇ ਚੰਦਨ ਦਾ ਰੁਖ, ਉਜਾੜ ਬੀਆਬਾਨ ਜੰਗਲ ਵਿਚ ਪੈਦਾ ਹੁੰਦਾ ਹੈ।

(੨) (ਉਸ ਦੇ) ਆਸ ਪਾਸ ਜਿੰਨੀ ਵਣਸਪਤੀ (ਵਣ ਤ੍ਰਿਣ ਤੇ ਦਰੱਖ਼ਤ) ਹਨ, ਉਨ੍ਹਾਂ ਵਿਚ ਟਿਕ ਕੇ ਉਰਧ (ਘੋਰ) ਤਪ ਤੇ ਤਾੜੀ (ਸਮਾਧੀ) ਲਾਉਂਦਾ ਹੈ।

(੩) ਹਵਾ ਦੇ ਇਧਰ ਉਧਰ ਚੱਲਣ ਦੇ ਸੰਬੰਧ ਨਾਲ (ਚੰਦਨ ਆਪਣੀ) ਮਹਿਕ ਦੀ ਸੁਗੰਧਤਾ ਖ਼ੁਸ਼ੀ ਖ਼ੁਸ਼ੀ ਏਧਰ ਉਧਰ ਭੇਜ ਕੇ ਸੁਗੰਧਤਾ ਨੂੰ ਪ੍ਰਗਟ ਕਰ ਦੇਂਦਾ ਹੈ।

(੪) ਅਫਲ ਹੋਵੇ ਜਾਂ ਸਫਲ (ਫਲ ਵਾਲਾ ਜਾਂ ਫਲ ਤੋਂ ਬਗੈਰ) ਸਭ ਨੂੰ ਇਕੋ ਜੇਹੀ ਸਮਦਰਸ਼ੀ (ਇਕੋ ਭਾਵਨਾ ਨਾਲ) ਸੁਗੰਧੀ ਬਖ਼ਸ਼ ਕੇ ਆਲੇ ਦੁਆਲੇ ਚੰਦਨ ਦੀ ਵਾੜੀ (ਬਗੀਚਾ) ਬਣਾ ਦੇਂਦਾ ਹੈ।

(੫) (ਇਸੇ ਤਰ੍ਹਾਂ) ਗੁਰਮੁਖਾਂ ਦਾ ਸੁਖ ਫਲ ਸਾਧ ਸੰਗਤ ਵੀ

ਚੰਦਨ ਵਾਂਗ ਝਟ ਹੀ ਸੁਗੰਧੀ ਕਰ ਦੇਣ ਦੇ ਦ੍ਰਿਸ਼ਟਾਂਤ ਅਨੁਸਾਰ ਪਤਿਤਾਂ ਤੇ ਪਾਪੀਆਂ ਨੂੰ (ਸਾਧ ਸੰਗਤ ਦੇ ਦ੍ਰਿੜ ਕਰਾਏ ਗੁਰ ਉਪਦੇਸ਼ਾਂ ਦੇ ਸਿਧਾਂਤਾਂ ਨਾਲ) ਪਵਿੱਤ੍ਰ ਕਰ ਦੇਂਦਾ ਹੈ।

(੬) (ਗੁਰਮੁਖ) ਅਉਗੁਣਾਂ ਵਾਲਿਆਂ ਨਾਲ ਗੁਣ ਕਰਦੇ, (ਤੇ ਇਉਂ) ਕੱਚੀ ਬੁਧੀ ਨੂੰ (ਦ੍ਰਿੜ) ਕਰਾ ਕੇ, ਸਾਧ ਸੰਗਤ (ਵਾੜੀ) ਵਿਚ ਲਿਆ ਕੇ ਪੱਕੀ (ਸਹਿਨਸ਼ੀਲਤਾ ਵਾਲੀ ਕਰ ਦੇਂਦੇ ਹਨ।)

(੭) ਐਨਾ ਦ੍ਰਿੜ ਕਰ ਦਿੰਦੇ ਹਨ ਕਿ ਜਿਸਨੂੰ ਨ ਪਾਣੀ ਡੋਬਦਾ ਹੈ ਤੇ ਨਾ ਅੱਗ ਹੀ ਸਾੜ ਸਕਦੀ ਹੈ।੬।

*ਭਾਵਾਰਥ :* ਜਿਵੇਂ ਨਿੰਮ ਆਦਿਕ ਕੌੜੇ ਦਰੱਖ਼ਤ ਭੀ ਚੰਦਨ ਦੀ ਸੰਗਤ ਕਰਕੇ ਸੁਗੰਧੀ ਵਾਲੇ ਹੋ ਜਾਂਦੇ ਹਨ, ਇਸੇ ਤਰ੍ਹਾਂ ਪਤਿਤ ਲੋਕ ਭੀ ਸੰਗਤ ਕਰਕੇ ਪਵਿੱਤ੍ਰ ਹੋ ਜਾਣ ਦਾ ਮਾਣ ਪ੍ਰਾਪਤ ਕਰ ਲੈਂਦੇ ਹਨ। ਕਿਉਂਕਿ ਉਨ੍ਹਾਂ ਦੇ ਅੰਤਰ ਆਤਮੇ ਗੁਰੂ ਦਾ ਉਪਦੇਸ ਵੱਸ ਗਿਆ ਹੈ, ਜੋ ਗੁਰੂ ਦੇ ਉਪਦੇਸ ਨੂੰ ਧਾਰਨ ਕਰਨ ਵਾਲੇ ਭਗਤ ਜਨ ਹੈਨ ਉਹ ਇਸ ਸਿਖ਼ਰ 'ਤੇ ਪੁੱਜ ਜਾਂਦੇ ਹਨ, ਜਿਵੇਂ ਕਿ ਗੁਰੂ ਫੁਰਮਾਨ ਹੈ :

ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ
ਭਾਹਿ ਨ ਸਾਕੈ ਜਾਲੇ॥

*(ਧਨਾਸਰੀ ਮ: ੫, ਪੰਨਾ ੬੭੯)*

ਭਾਵ ਨਾ ਉਨ੍ਹਾਂ ਨੂੰ ਜਲ ਵਿਚ ਡੋਬਿਆ ਜਾ ਸਕਦਾ ਹੈ ਅਤੇ ਨਾ ਹੀ ਕੋਈ ਉਨ੍ਹਾਂ ਨੂੰ ਅੱਗ ਵਿਚ ਹੀ ਜਲਾ ਸਕਦਾ ਹੈ।

ਜਲ ਅਗਨੀ ਵਿਚਿ ਘੱਤਿਆ
ਜਲੈ ਨ ਡੁੱਬੈ ਗੁਰ ਪਰਸਾਦ॥

*(ਵਾਰ ੧੦, ਪਉੜੀ ੨)*

## ੭. ਗੁਰਮੁਖ ਸੂਰਜ ਸਮਾਨ ਪਰਉਪਕਾਰੀ

**੧. ਰਾਤ ਅਨ੍ਹੇਰੀ ਅੰਧਕਾਰ**
**ਲੱਖ ਕਰੋੜ ਚਮੱਕਨ ਤਾਰੇ।**
**੨. ਘਰ ਘਰ ਦੀਵੇ ਬਾਲੀਅਨਿ**
**ਪਰ ਘਰ ਤੱਕਨਿ ਚੋਰ ਚਕਾਰੇ।**
**੩. ਹਟ ਪਟਣ ਘਰਬਾਰੀਏ**
**ਦੇ ਦੇ ਤਾਕ ਸਵਨਿ ਨਰ ਨਾਰੇ।**
**੪. ਸੂਰਜ ਜੋਤਿ ਉਦੋਤੁ ਕਰਿ**
**ਤਾਰੇ ਰਾਤਿ ਅਨ੍ਹੇਰ ਨਿਵਾਰੇ।**
**੫. ਬੰਧਨ ਮੁਕਤਿ ਕਰਾਇੰਦਾ**
**ਨਾਮੁ ਦਾਨੁ ਇਸ਼ਨਾਨ ਵਿਚਾਰੇ।**
**੬. ਗੁਰਮੁਖ ਸੁਖ ਫਲ ਸਾਧ ਸੰਗੁ**
**ਪਸੂ ਪਰੇਤ ਪਤਿਤ ਨਿਸਤਾਰੇ।**
**੭. ਪਰਉਪਕਾਰੀ ਗੁਰੂ ਪਿਆਰੇ ॥੭॥**

*ਪਦ ਅਰਥ :* ਚੋਰ ਚਕਾਰੇ—ਚੋਰ ਉਚੱਕੇ ਲੋਕ। ਨਰ ਨਾਰੇ—ਮਨੁੱਖ ਤੇ ਇਸਤ੍ਰੀਆਂ। ਉਦੋਤ—ਚੜ੍ਹਦੇ ਹੀ। ਹਟ ਪਟਣ—ਦੁਕਾਨਦਾਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਸੰਗਤ ਵਿਚ ਗੁਰਮਤ ਦੀਆਂ ਵੀਚਾਰਾਂ ਸਰਵਣ ਕਰਾਉਂਦੇ ਹੋਏ ਕਈ ਵਾਰ ਗੁਰਮੁਖਾਂ ਦੇ ਜੀਵਨ 'ਤੇ ਵੀਚਾਰ ਦਿਆ ਕਰਦੇ ਹੋ ਕਿ ਗੁਰਮੁਖਾਂ ਦਾ ਜੀਵਨ ਚੰਦ ਤੇ ਸੂਰਜ ਦੀ ਰੋਸ਼ਨੀ ਨਾਲੋਂ ਭੀ ਸੰਸਾਰ ਵਿਚ ਵਧੇਰੇ ਉਜਾਲਾ ਕਰਦਾ ਵੇਖਣ ਵਿਚ ਆਉਂਦਾ ਹੈ, ਕਿਉਂ ਜੀ ! ਕੀ ਜਾਣਕਾਰੀ ਦਿਓਗੇ ਕਿ ਉਹ ਕਿਹੜਾ ਉਜਾਲਾ ਹੈ ਜਿਸਨੂੰ ਅਸੀ ਨਹੀਂ ਅਨੁਭਵ ਕਰ ਸਕਦੇ, ਕਿਉਂਕਿ ਚੰਦ੍ਰਮਾ ਤੇ ਸੂਰਜ ਜਦੋਂ ਭੀ ਪ੍ਰਗਟ ਹੁੰਦੇ ਹਨ ਤਾਂ ਉਨ੍ਹਾਂ ਦੀ ਜਾਣਕਾਰੀ ਤਾਂ ਸਾਰੇ ਸੰਸਾਰ ਨੂੰ ਹੋ ਜਾਂਦੀ ਹੈ, ਉਨ੍ਹਾਂ ਦਾ ਉਜਾਲਾ ਰਾਤ ਦੇ ਅੰਧਕਾਰ ਨੂੰ ਮਿਟਾ ਦੇਂਦਾ ਹੈ, ਪਰ ਗੁਰਮੁਖਾਂ ਦਾ ਜੀਵਨ ਕਿਸ ਅੰਧੇਰੇ ਨੂੰ ਦੂਰ ਕਰਦਾ ਹੈ, ਇਸ ਪੱਖ ਵਿਚ ਕੁਝ ਆਪਣੇ ਵੀਚਾਰ ਦਿਓ ਤਾਂ ਕਿ ਸਾਨੂੰ ਭੀ ਬੋਧ ਮਿਲ ਸਕੇ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਉਸ ਰਚਨਹਾਰ ਕਰਤਾਰ ਨੇ ਜੋ ਇਸ ਸਾਰੇ ਬ੍ਰਹਿਮੰਡ ਦੀ ਰਚਨਾ ਰਚੀ ਹੈ ਇਸ ਦੇ ਅੰਧੇਰੇ ਵਿਚ ਪ੍ਰਕਾਸ਼ ਕਰਨ ਲਈ ਉਸ ਨੇ ਦੋ ਦੀਵੇ ਅਰੰਭ ਵਿਚ ਹੀ ਕਾਇਮ ਕਰ ਦਿਤੇ ਹਨ, ਜਿਨ੍ਹਾਂ ਬਾਰੇ ਬਾਣੀ ਵਿਚ ਭੀ ਜ਼ਿਕਰ ਆਉਂਦਾ ਹੈ ਕਿ :

ਦੁਇ ਦੀਵੇ ਚਉਦਹ ਹਟਨਾਲੇ॥
ਜੇਤੇ ਜੀਅ ਤੇਤੇ ਵਣਜਾਰੇ॥

*(ਸਲੋਕ ਮ: ੧, ਪੰਨਾ ੧੨੯੦)*

ਸੂਰਜ ਚੰਦੁ ਕਰਹਿ ਉਜੀਆਰਾ ॥
ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥
(ਗਉੜੀ ਕਬੀਰ ਜੀ, ਪੰਨਾ ੩੨੯)

ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥
(ਪਉੜੀ, ਪੰਨਾ ੧੨੭੯)

ਸੂਰਜੁ ਚੰਦੁ ਸਿਰਜਿਅਨੁ
ਅਹਿਨਿਸਿ ਚਲਤੁ ਵੀਚਾਰੋ ॥੧॥
(ਵਡਹੰਸੁ ਮ: ੧, ਪੰਨਾ ੫੮੦)

ਇਸ ਤੋਂ ਆਦਿ ਹੋਰ ਭੀ ਉਦਾਹਰਣ ਮਿਲਦੇ ਹਨ ਕਿ ਉਸ ਪਰੀਪੂਰਨ ਪ੍ਰਮੇਸ਼ਰ ਨੇ ਇਸ ਸੰਸਾਰ ਦੇ ਬਾਹਰਲੇ ਅੰਧਕਾਰ ਨੂੰ ਮਿਟਾਉਣ ਲਈ ਚੰਦ ਤੇ ਸੂਰਜ ਦੋਏ ਦੀਵੇ ਕਾਇਮ ਕਰ ਦਿਤੇ ਹਨ, ਪਰ ਇਸ ਬਾਹਰਲੇ ਅੰਧੇਰੇ ਦੇ ਟਾਕਰੇ ਵਿਚ ਇਕ ਹੋਰ ਅੰਦਰੂਨੀ ਅਗਿਆਨਤਾ ਦਾ ਅੰਧੇਰਾ ਹੈ, ਜਿਸਨੂੰ ਦੂਰ ਕਰਨ ਲਈ ਇਹ ਬਾਹਰਲੇ ਦੋਏ ਚੰਦ ਸੂਰਜ ਦੀਵੇ ਭਾਵੇਂ ਕਿਤਨੀ ਭੀ ਰੋਸ਼ਨੀ ਦੇਣ ਦੀ ਸਮਰੱਥਾ ਰਖਦੇ ਹਨ, ਪਰ ਉਸ ਅਗਿਆਨਤਾ ਦੇ ਅੰਧਕਾਰ ਨੂੰ ਦੂਰ ਕਰਨ ਦੀ ਇਨ੍ਹਾਂ ਵਿਚ ਸ਼ਕਤੀ ਨਹੀਂ ਹੈ ਇਸ ਭਾਵ ਨੂੰ ਭੀ ਗੁਰੂ ਅੰਗਦ ਦੇਵ ਜੀ ਨੇ ਬਾਣੀ ਵਿਚ ਇਉਂ ਪ੍ਰਗਟਾਇਆ ਹੈ, ਜਿਵੇਂ ਕਿ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥
(ਮ: ੨, ਪੰਨਾ ੪੬੩)

ਭਾਵ ਜਿਵੇਂ ਹਰ ਘਰ ਦੇ ਅੰਧੇਰੇ ਨੂੰ ਮਿਟਾ ਦੇਣ ਲਈ ਕੇਵਲ ਇਕੋ ਹੀ ਦੀਵੇ ਦਾ ਪ੍ਰਕਾਸ਼ ਕਾਫ਼ੀ ਹੈ। ਇਸੇ ਤਰ੍ਹਾਂ ਹੀ ਲੱਖਾਂ ਖੰਡ ਬ੍ਰਹਿਮੰਡ ਹਨ ਜਿਨ੍ਹਾਂ ਦੇ ਅੰਧਕਾਰ ਨੂੰ ਮਿਟਾ ਦੇਣ ਦੀ ਸਮਰੱਥਾ ਭਿੰਨ ਭਿੰਨ ਸੂਰਜ ਤੇ ਚੰਦ੍ਰਮਾ ਵਿਚ ਪਾਈ ਜਾਂਦੀ ਹੈ, ਪਰ ਇਕ ਗੁਪਤ ਅੰਧਕਾਰ ਅਗਿਆਨਤਾ ਦਾ, ਹਰ ਮਨੁੱਖ ਦੇ ਅੰਤਰ ਆਤਮੇ ਵਿਚ ਕਾਇਮ ਹੈ, ਜਿਸ ਨੂੰ ਮਿਟਾਉਣ ਲਈ ਸੈਂਕੜੇ ਚੰਦ੍ਰਮਾ ਤੇ ਹਜ਼ਾਰਾਂ ਸੂਰਜ ਜੇ ਇਕੋ ਹੀ ਵਕਤ ਵਿਚ ਉਦੇ ਹੋ ਆਉਣ ਤਾਂ ਭੀ ਗੁਰੂ ਦੇ ਗਿਆਨ ਤੋਂ ਬਿਨਾਂ ਇਹ ਅੰਧਕਾਰ ਦੂਰ ਨਹੀਂ ਹੋ ਸਕਦਾ। ਜਿਵੇਂ ਬਾਹਰਲੇ ਪ੍ਰਤੱਖ ਅੰਧੇਰੇ ਵਿਚ ਹਰ ਬੰਦਾ ਹੀ ਠੋਕਰਾਂ ਖਾਂਦਾ, ਬੇਜ਼ਾਰ ਤੇ ਦੁਖੀ ਹੁੰਦਾ ਹੈ, ਜਿਸ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ ਕਿ:

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥
ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥੧॥
(ਗਉੜੀ ਕਬੀਰ ਜੀ, ਪੰਨਾ ੩੨੫)

ਭਾਵ ਅੰਧੇਰੇ ਵਿਚ ਭਾਵੇਂ ਕੋਈ ਰਾਜਾ ਹੈ ਜਾਂ ਕੰਗਾਲ ਹੈ ਹਰ ਬੰਦਾ ਹੀ ਬੇਚੈਨ ਰਹਿੰਦਾ ਹੈ, ਇਸੇ ਤਰ੍ਹਾਂ ਇਸ ਅਗਿਆਨਤਾ ਦੇ ਅੰਧਕਾਰ ਵਿਚ ਪੜ੍ਹਿਆ ਅਨਪੜ੍ਹਿਆ ਹਰ ਮਨੁੱਖ ਹੀ ਦੁਖੀਆ ਹੋ ਵਿਲਕਦਾ ਰਹਿੰਦਾ ਹੈ, ਇਸ ਅੰਧਕਾਰ ਤੋਂ ਬਚਣ ਲਈ ਗੁਰੂ ਗ੍ਰੰਥ ਸਾਹਿਬ ਜੀ ਨੇ ਕੇਵਲ ਕਲਿਜੁਗ ਦੇ ਜੀਵਾਂ ਲਈ ਇਕੋ ਹੀ ਸਾਧਨ ਕਾਇਮ ਕੀਤਾ ਹੈ, ਜਿਵੇਂ ਕਿ:

ਗੁਰ ਕੀ ਸਰਣਿ ਰਹਉ ਕਰ ਜੋਰਿ ॥
ਗੁਰੂ ਬਿਨਾ ਮੈ ਨਾਹੀ ਹੋਰੁ ॥੨॥
ਗੁਰੁ ਬੋਹਿਥੁ ਤਾਰੇ ਭਵ ਪਾਰਿ ॥
ਗੁਰ ਸੇਵਾ ਜਮ ਤੇ ਛੁਟਕਾਰਿ ॥
ਅੰਧਕਾਰ ਮਹਿ ਗੁਰਮੰਤ੍ਰੁ ਉਜਾਰਾ ॥
ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥
(ਗੋਂਡ ਮ: ੫, ਪੰਨਾ ੮੬੪)

ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥
ਅੰਧਕਾਰ ਮਹਿ ਭਇਆ ਪ੍ਰਗਾਸ ॥
(ਗੋਂਡ ਮ: ੫, ਪੰਨਾ ੮੬੪)

ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥
(ਆਸਾ ਮ: ੫, ਪੰਨਾ ੪੦੨)

ਅੰਧਕਾਰੁ ਮਿਟਿਓ ਤਿਹ ਤਨ ਤੇ
ਗੁਰਿ ਸਬਦਿ ਦੀਪਕੁ ਪਰਗਾਸਾ ॥
ਭ੍ਰਮ ਕੀ ਜਾਲੀ ਤਾ ਕੀ ਕਾਟੀ
ਜਾ ਕਉ ਸਾਧ ਸੰਗਤਿ ਬਿਸ੍ਵਾਸਾ ॥੧॥
(ਗਉੜੀ ਮ: ੫, ਪੰਨਾ ੨੦੮)

ਇਸ ਭਾਵ ਦੇ ਉਦਾਹਰਣ ਬਾਣੀ ਵਿਚ ਹੋਰ ਭੀ ਅਨੇਕਾਂ ਮਿਲਦੇ ਹਨ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਸੰਸਾਰ ਦਾ ਅੰਧੇਰਾ ਬਾਹਰਲੇ ਚੰਦ, ਸੂਰਜ ਤੇ ਦੀਵਿਆਂ ਦੇ ਪ੍ਰਕਾਸ਼ ਨਾਲ ਦੂਰ ਹੋ ਜਾਂਦਾ ਹੈ, ਪਰ ਹਿਰਦੇ ਵਿਚੋਂ ਅਗਿਆਨਤਾ ਦਾ ਅੰਧਕਾਰ ਗੁਰੂ ਦੇ ਦਿਤੇ ਗਿਆਨ ਤੋਂ ਬਿਨਾਂ ਮਿਟ ਨਹੀਂ ਸਕਦਾ। ਇਸ ਲਈ ਮੈਂ ਇਨ੍ਹਾਂ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾ ਅੰਕਤ ਕੀਤੀਆ ਹਨ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਅੰਧੇਰੀ ਰਾਤ ਸਮੇਂ ਲੱਖਾਂ

ਤੇ ਕੁੜ੍ਹਾਂ ਹੀ ਤਾਰੇ (ਅਕਾਸ਼ ਵਿਚ) ਚਮਕਦੇ ਹਨ।

(੨) ਘਰਾਂ ਘਰਾਂ ਵਿਚ ਦੀਵੇ ਬਾਲ ਕੇ ਚਾਨਣ ਕੀਤਾ ਜਾਂਦਾ ਹੈ, (ਕਿਉਂਕਿ) ਚੋਰ ਉਚੱਕੇ ਘਰ ਘਰ ਤੱਕਦੇ (ਫਿਰਦੇ ਹਨ ਕਿ ਕਿਤੇ ਦਾਅ ਲਗ ਜਾਏ।)

(੩) ਦੁਕਾਨਾਂ ਵਾਲੇ ਸ਼ਹਿਰ ਵਿਚ ਤੇ ਘਰਾਂ ਵਿਚ, ਘਰਾਂ ਵਾਲੇ ਬੂਹੇ ਮਾਰ ਮਾਰ ਕੇ ਇਸਤ੍ਰੀਆਂ ਤੇ ਪੁਰਸ਼ ਸੌਂਦੇ ਹਨ।

(੪) (ਪਰ ਜਿਸ ਵੇਲੇ ਰਾਤ ਮੁੱਕਣ 'ਤੇ) ਸੂਰਜ ਚੜ੍ਹਦਾ ਹੈ ਤਾਂ (ਆਪਣੇ ਚਾਨਣ ਨਾਲ) ਤਾਰਿਆਂ ਨੂੰ ਲੁਕਾ ਕੇ ਰਾਤ ਦਾ ਅੰਧੇਰਾ ਖ਼ਤਮ ਕਰ ਦਿੰਦਾ ਹੈ।

(੫) (ਅੰਧੇਰੇ ਤੋਂ ਡਰ ਕੇ ਘਰ ਵਿਚ ਬੰਦ ਹੋਏ ਲੋਕਾਂ ਨੂੰ) ਬੰਧਨਾਂ ਤੋਂ ਛੁਡਾਉਂਦਾ ਹੈ ਤੇ ਨਾਮ, ਦਾਨ ਤੇ ਇਸ਼ਨਾਨ ਕਰਨ ਦਾ ਸਮਾਂ ਵਿਚਾਰੇ (ਲੋਕਾਂ ਨੂੰ) ਦਿੰਦਾ ਹੈ।

(੬) (ਇਸੇ ਤਰ੍ਹਾਂ) ਗੁਰਮੁਖ ਦਾ ਸੁਖ ਫਲ ਸਾਧੂ ਦਾ ਸੰਗ ਹੈ (ਜਿਸ ਨਾਲ) ਉਹ ਪਸ਼ੂ ਪ੍ਰੇਤ ਵਰਗੇ ਪਤਿਤ (ਭੁਲੜਾਂ) ਨੂੰ ਸਿੱਧੇ ਰਸਤੇ ਲਾ ਕੇ ਮੁਕਤ (ਨਿਸਤਾਰਾ) ਕਰਦਾ ਹੈ।

(੭) ਸੋ ਗੁਰੂ ਦੇ ਪਿਆਰੇ (ਗੁਰਮੁਖ) ਵੱਡੇ ਪਰਉਪਕਾਰੀ ਹਨ।੭।

*ਭਾਵਾਰਥ :* ਜਦੋਂ ਉਸ ਕਰਤਾਰ ਦੀ ਰਚੀ ਹੋਈ ਇਸ ਸੁਧਾਰਕ ਰਚਨਾ ਵਲ ਨਜ਼ਰ ਮਾਰਦੇ ਹਾਂ ਤਾਂ ਬਹੁਤ ਘੱਟ ਉਹ ਲੋਕ ਵੇਖਣ ਵਿਚ ਆਉਂਦੇ ਹਨ ਜੋ ਕਿਸੇ ਦੂਸਰੇ ਲੋੜਵੰਦ ਤੇ ਉਪਕਾਰ ਕਰਨ ਦਾ ਆਪਣੇ ਅੰਤਰ ਆਤਮੇ ਜਜ਼ਬਾ ਰਖਦੇ ਹੋਣ ਪਰ ਜੋ ਭੀ ਕੋਈ ਲੁਕਾਈ 'ਤੇ ਉਪਕਾਰ ਕਰਨ ਦੀ ਭਾਵਨਾ ਰਖਦਾ ਹੈ ਉਨ੍ਹਾਂ ਵਿਚੋਂ ਭੀ ਵਧੇਰੇ ਲੋਕ ਉਹ ਹਨ ਜੋ ਆਪਣੇ ਕੀਤੇ ਉਪਕਾਰ ਦੇ ਬਦਲੇ ਵਿਚ ਕਿਸੇ ਦੂਸਰੇ ਪਾਸੋਂ ਵਧੇਰੇ ਆਪਣੇ ਉਪਰ ਉਪਕਾਰ ਕਰਾਉਣ ਦੀ ਇੱਛਾ ਰਖਦੇ ਹਨ, ਅਤੇ ਜ਼ਿੰਦਗੀ ਭਰ ਉਸ ਮਨੁੱਖ ਨੂੰ ਆਪਣੇ ਅਹਿਸਾਨ ਹੇਠ ਦਬਾਈ ਰੱਖਣ ਦਾ ਅਹਿਸਾਸ ਕਰਦੇ ਹਨ। ਇਸ ਭਾਵ ਨੂੰ ਗੁਰਬਾਣੀ ਵਿਚ ਇਉਂ ਅੰਕਤ ਕੀਤਾ ਹੈ, ਜਿਵੇਂ :

ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਫਾਵੈ ॥
ਏਤੇ ਗੁਣ ਏਤੀਆ ਚੰਗਿਆਈਆ ਦੇਇ ਨ ਪਛੋਤਾਵੈ ॥੩॥

*(ਪ੍ਰਭਾਤੀ ਮ: ੧, ਪੰਨਾ ੧੩੨੮)*

ਭਾਵ, ਜਦੋਂ ਭੀ ਕੋਈ ਕਿਸੇ ਪਰ ਇਕ ਉਪਕਾਰ ਕਰਦਾ ਹੈ ਤਾਂ ਉਹ ਆਪਣੇ ਮਨ ਵਿਚ ਬੜਾ ਹੁੱਬਦਾ ਹੈ, ਅਰਥਾਤ ਆਪਣੇ ਆਪ ਵਿਚ ਵੱਡਾ ਉਪਕਾਰੀ ਹੋਣ ਦਾ ਅਹਿਸਾਸ ਕਰਦਾ ਹੈ, ਪਰ ਜਿਸ ਕਰਤਾਰ ਨੇ ਇਸ ਮਨੁੱਖ ਪਰ ਇਤਨੇ ਉਪਕਾਰ ਕੀਤੇ ਹਨ ਉਸਨੂੰ ਕਦੇ ਚੇਤੇ ਹੀ ਨਹੀਂ ਕਰਦਾ, ਇਹ ਜੀਵ ਆਪਣੇ ਆਪ ਨੂੰ ਤਾਂ ਨਿਰਦੋਸ਼ ਮੰਨਦਾ ਹੈ ਪਰ ਜਿਸ 'ਤੇ ਇਸਨੇ ਇਕ ਭੀ ਉਪਕਾਰ ਕੀਤਾ ਹੈ ਉਸਨੂੰ ਹਮੇਸ਼ਾ ਹੀ ਆਪਣੇ ਅਹਿਸਾਨ ਹੇਠ ਦਬਾਈ ਰੱਖਣ ਦੀ ਭਾਵਨਾ ਰੱਖਦਾ ਹੈ, ਪਰ ਕਈ ਵਾਰ ਤਾਂ ਜਦ ਕੋਈ ਇਸਦੇ ਕੀਤੇ ਉਪਕਾਰ ਦਾ ਬਦਲਾ ਨਹੀਂ ਚੁਕਾਉਂਦਾ ਤਾਂ ਪਛਤਾਵਾ ਭੀ ਕਰਦਾ ਹੈ ਕਿ ਮੈਂ ਇਸ 'ਤੇ ਉਪਕਾਰ ਕਰਨ ਦੀ ਗ਼ਲਤੀ ਕੀਤੀ ਹੈ। ਪਰ ਗੁਰਮੁਖਾਂ ਦੀ ਕਿਸੇ ਪਰ ਉਪਕਾਰ ਕਰਕੇ ਬਦਲੇ ਦੀ ਭਾਵਨਾ ਨਹੀਂ ਹੁੰਦੀ ਉਹ ਤਾਂ ਨਿਰਿੱਛਤ ਆਪਣਾ ਮਨੁੱਖੀ ਫ਼ਰਜ਼ ਸਮਝ ਕੇ ਹਰ ਪਸ਼ੂ, ਪਰਿੰਦੇ, ਜੀਅ, ਜੰਤੂਆਂ ਪਰ ਉਪਕਾਰ ਕਰਦੇ ਹੋਏ ਜੀਵਨ ਗੁਜ਼ਾਰਦੇ ਹਨ, ਪਰ ਅਜਿਹੇ ਪਰਉਪਕਾਰੀ ਮਨੁੱਖ ਸੰਸਾਰ ਵਿਚ ਵਧੇਰੇ ਨਹੀਂ, ਬਾਣੀ ਦੇ ਫ਼ੁਰਮਾਨ ਅਨੁਸਾਰ :

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥

*(ਮ: ੫, ਪੰਨਾ ੫੧੭)*

## ੮. ਸਾਧ ਸੰਗਤ ਸੱਚਾ ਮਾਨ-ਸਰੋਵਰ ਹੈ

੧. ਮਾਨ ਸਰੋਵਰ ਆਖੀਐ
ਉਪਰਿ ਹੰਸ ਸੁਵੰਸ ਵਸੰਦੇ।
੨. ਮੋਤੀ ਮਾਣਕ ਮਾਨਸਰਿ
ਚੁਣਿ ਚੁਣਿ ਹੰਸ ਅਮੋਲ ਚੁਗੰਦੇ।
੩. ਖੀਰ ਨੀਰ ਨਿਰਵਾਰਦੇ
ਲਹਰੀਂ ਅੰਦਰ ਫਿਰਨਿ ਤਰੰਦੇ।
੪. ਮਾਨ ਸਰਵੋਰ ਛਡਿ ਕੈ
ਹੋਰਤੁ ਥਾਇ ਨ ਜਾਇ ਬਹੰਦੇ।
੫. ਗੁਰਮੁਖ ਸੁਖ ਫਲ ਸਾਧ ਸੰਗ
ਪਰਮ ਹੰਸ ਗੁਰਸਿਖ ਸੁਹੰਦੇ।
੬. ਇਕ ਮਨ ਇਕ ਧਿਆਇੰਦੇ
ਦੂਜੇ ਭਾਇ ਨ ਜਾਇ ਫਿਰੰਦੇ।
੭. ਸ਼ਬਦ ਸੁਰਤਿ ਲਿਵ ਅਲੱਖ ਲਖੰਦੇ ॥੮॥

*ਪਦ ਅਰਥ :* ਸੁਵੰਸ—ਉੱਤਮ ਵੰਸ ਵਾਲੇ, ਹੰਸ ਰੂਪ ਸੰਤ। ਖੀਰ ਨੀਰ—ਦੁਧ ਪਾਣੀ। ਲਹਰੀ ਅੰਦਰਿ—ਮਾਨ ਸਰੋਵਰ ਦੀਆਂ ਲਹਿਰਾਂ (ਤ੍ਰੰਗਾਂ) ਵਿਚ। ਸੁਹੰਦੇ—ਸੋਭਦੇ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਪੁਰਾਤਨ ਪੁਸਤਕਾਂ ਵਿਚ ਮਾਨ ਸਰੋਵਰ ਦਾ ਕਈ ਥਾਵਾਂ 'ਤੇ ਜ਼ਿਕਰ ਆਉਂਦਾ ਹੈ ਕੀ ਇਸ ਬਾਰੇ ਕੁਝ ਜਾਣਕਾਰੀ ਦਿਓਗੇ ਕਿ ਇਹ ਕਿਥੇ ਮੰਨਿਆ ਗਿਆ ਹੈ, ਅਤੇ ਇਸ ਵਿਚ ਆਮ ਸਰੋਵਰਾਂ ਨਾਲੋਂ ਵਧੇਰੇ ਵਿਸ਼ੇਸ਼ਤਾ ਕੀ ਮੰਨੀ ਗਈ ਹੈ ?

ਉ: ਹੇ ਭਾਈਓ ! ਕਈ ਪੁਸਤਕਾਂ ਦੀ ਪੜਚੋਲ ਕਰਨ ਤੋਂ ਇਹ ਬੋਧ ਮਿਲਿਆ ਹੈ ਕਿ ਇਹ 'ਤਿੱਬਤ' ਦੀ ਇਕ ਪ੍ਰਸਿੱਧ ਝੀਲ ਹੈ ਜਿਸਨੂੰ ਮਾਨ ਸਰੋਵਰ ਕਿਹਾ ਜਾਂਦਾ ਹੈ, ਇਸ ਵਿਚ ਮਾਣਕ ਮੋਤੀ ਮੰਨੇ ਜਾਂਦੇ ਹਨ, ਜਿਸ ਦੇ ਇਰਦ ਗਿਰਦ ਰਹਿਣ ਵਾਲੇ ਹੰਸ ਇਨ੍ਹਾਂ ਮਾਣਕ ਮੋਤੀਆਂ ਨੂੰ ਚੁਣ ਚੁਣ ਕੇ ਖਾਂਦੇ ਤੇ ਤ੍ਰਿਪਤ ਹੁੰਦੇ ਹਨ। ਪਰ ਜਦੋਂ ਗੁਰਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਇਸ ਬਾਹਰਲੇ ਸਰੋਵਰ ਤੋਂ ਭਿੰਨ ਇਕ ਸੱਚਾ ਮਾਨ ਸਰੋਵਰ ਦਿਸ ਆਉਂਦਾ ਹੈ, ਜਿਸ ਬਾਰੇ ਜ਼ਿਕਰ ਆਉਂਦਾ ਹੈ, ਜਿਵੇਂ ਕਿ :

ਮਾਨ ਸਰੋਵਰਿ ਕਰਿ ਇਸਨਾਨੁ ॥

*(ਭੈਰਉ ਕਬੀਰ ਜੀ, ਪੰਨਾ ੧੧੬੨)*

ਸਤਿਗੁਰੁ ਸਰਵਰੁ ਰਤਨੀ ਭਰਪੂਰੇ ਜਿਸੁ ਪ੍ਰਾਪਤਿ ਸੋ ਪਾਵੈ ॥
ਸਿਖ ਹੰਸ ਸਰਵਰਿ ਇਕਠੇ ਹੋਏ
ਸਤਿਗੁਰ ਕੈ ਹੁਕਮਾਵੈ ॥
ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ
ਖਾਇ ਖਰਚਿ ਰਹੇ ਤੋਟਿ ਨ ਆਵੈ ॥
ਸਰਵਰ ਹੰਸੁ ਦੂਰਿ ਨ ਹੋਈ ਕਰਤੇ ਏਵੈ ਭਾਵੈ ॥
ਜਨ ਨਾਨਕ ਜਿਸ ਦੈ ਮਸਤਕਿ ਭਾਗੁ
ਧੁਰਿ ਲਿਖਿਆ ਸੋ ਸਿਖੁ ਗੁਰੂ ਪਹਿ ਆਵੈ ॥

*(ਮ: ੪, ਪੰਨਾ ੯੬੦)*

ਭਾਵ ਹੈ ਜਿਸ ਮਾਨ ਸਰੋਵਰ ਵਿਚ ਇਸ਼ਨਾਨ ਕਰਨ ਦੀ ਸਾਨੂੰ ਬਾਣੀ ਵਿਚੋਂ ਪ੍ਰੇਰਨਾ ਮਿਲਦੀ ਹੈ, ਉਹ ਹੈ ਸਤਿਗੁਰੂ ਜਾਂ ਸਤਿਗੁਰੂ ਦੀ ਕਾਇਮ ਕੀਤੀ ਹੋਈ ਸਾਧ ਸੰਗਤ, ਇਹ ਸਤਿਗੁਰੂ ਦਾ ਕਾਇਮ ਕੀਤਾ ਹੋਇਆ ਸਾਧ ਸੰਗਤ ਰੂਪੀ ਸਰੋਵਰ ਹੈ ਜਿਸ ਵਿਚ ਸਤਿ, ਸੰਤੋਖ, ਦਇਆ, ਧਰਮ, ਵੀਚਾਰ ਦੈਵੀ ਗੁਣਾਂ ਦੇ ਮਾਣਕ ਮੋਤੀਆਂ ਦੇ ਅਮੁੱਕ ਭੰਡਾਰ ਭਰੇ ਹੋਏ ਹਨ, ਜਿਨ੍ਹਾਂ ਨੂੰ ਗੁਰਸਿੱਖਾਂ ਰੂਪ ਹੰਸ ਦਿਨੇ ਰਾਤ ਧਾਰਨ ਕਰਨ ਰੂਪ ਛਕਦੇ ਰਹਿੰਦੇ ਹਨ ਤੇ ਇਸ ਵਿਚ ਮਾਨਸਕ ਇਸ਼ਨਾਨ ਕਰਕੇ ਜਨਮ ਜਨਮਾਤ੍ਰਾਂ ਦੀ ਵਿਕਾਰਾਂ ਦੀ ਮਲੀਨਤਾ ਦੂਰ ਕਰਦੇ ਹਨ, ਗੁਰਸਿੱਖਾਂ ਰੂਪੀ ਹੰਸ ਇਸ ਸਾਧ ਸੰਗਤ ਰੂਪ ਮਾਨ ਸਰੋਵਰ ਤੋਂ ਕਦੇ ਭੀ ਦੂਰ ਨਹੀਂ ਹੁੰਦੇ। ਪਰ ਇਸ ਸਾਧ ਸੰਗਤ ਰੂਪੀ ਸਰੋਵਰ ਵਿਚ ਇਸ਼ਨਾਨ ਕਰਨ ਦਾ ਸੁਭਾਗ ਵਡਭਾਗੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਪਰ ਉਸ ਅਕਾਲ ਪੁਰਖ ਦੀ ਰਹਿਮਤ ਹੋਈ ਹੈ। ਮੈਂ ਭੀ ਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕਣ ਦਾ ਉਦਮ ਕੀਤਾ ਹੈ, ਜਿਵੇਂ ਕਿ :

(੧) ਜਿਸਨੂੰ ਮਾਨ ਸਰੋਵਰ ਆਖਦੇ ਹਨ, ਉਥੇ ਚੰਗੀ ਵੰਸ ਵਾਲੇ ਹੰਸਾਂ ਦਾ ਵਾਸਾ ਹੈ।
(੨) ਹੰਸ ਅਮੋਲਕ ਮੋਤੀ ਹੀਰੇ ਚੁਗਦੇ ਤੇ ਦਾਣਿਆਂ ਵਾਂਗ ਖਾਂਦੇ ਹਨ (ਕਿਉਂਕਿ ਉਨ੍ਹਾਂ ਦੀ ਖ਼ੁਰਾਕ ਹੀ ਹੀਰੇ ਮੋਤੀ ਹੈ।)
(੩) ਦੁਧ ਤੇ ਪਾਣੀ ਦਾ (ਹੰਸ) ਨਿਖੇੜਾ ਕਰਦੇ ਹਨ। ਉਹ ਮਾਨ ਸਰੋਵਰ ਦੇ ਲਹਿਰਾਂ ਮਾਰਦੇ ਪਾਣੀ ਵਿਚ ਤੁਰਦੇ ਰਹਿੰਦੇ ਹਨ।
(੪) ਇਹ (ਹੰਸ) ਮਾਨ ਸਰੋਵਰ ਨੂੰ ਛੱਡ ਕੇ ਹੋਰ ਕਿਸੇ ਥਾਂ 'ਤੇ ਜਾ ਕੇ ਨਹੀਂ ਬੈਠਦੇ।
(੫) (ਇਸੇ ਤਰ੍ਹਾਂ) ਸਾਧ ਸੰਗਤ ਸੁਖਾਂ ਦਾ ਫਲ ਗੁਰਮੁਖਾਂ ਲਈ ਮਾਨ ਸਰੋਵਰ ਹੈ ਜਿਥੇ ਪਰਮ ਹੰਸ ਗੁਰੂ ਦੇ ਸਿਖ ਬੈਠ ਕੇ ਸੋਭਾ ਪਾਉਂਦੇ ਹਨ।
(੬) ਇਕ ਮਨ ਹੋ ਇਕ ਪ੍ਰਭੂ ਦੀ ਆਰਾਧਨਾ ਕਰਦੇ ਹਨ। ਅਤੇ ਦੂਜੇ ਭਾਵ ਦੇ (ਭਰਮਾਂ ਵਿਚ ਫਸ) ਕਿਸੇ ਹੋਰ ਦੂਜੇ ਪਾਸੇ ਜਾਂਦੇ ਨਹੀਂ ਅਤੇ ਨਾ ਫੇਰਾ ਹੀ ਪਾਉਂਦੇ ਹਨ।
(੭) ਸ਼ਬਦ ਨੂੰ ਸੁਰਤੀ ਵਿਚ ਜੋੜ ਕੇ ਅਲੱਖ (ਪ੍ਰਭੂ) ਵਿਚ ਲਿਵ ਜੋੜਦੇ ਤੇ ਉਸੇ ਦੇ ਹੀ ਦਰਸ਼ਨ ਕਰਦੇ ਹਨ।੮।

*ਭਾਵਾਰਥ :* ਮਾਨ ਸਰੋਵਰ ਦੇ ਹੰਸ ਤਾਂ ਕੇਵਲ ਮਾਣਕ, ਮੋਤੀ ਚੁਗਦੇ ਹਨ, ਪਰ ਇਹ ਜੋ ਗੁਰਮੁਖਾਂ ਰੂਪ ਹੰਸ ਹਨ ਇਹ ਸੰਗਤ ਰੂਪ ਮਾਨ ਸਰੋਵਰ ਵਿਚੋਂ ਵੈਰਾਗ ਅਤੇ ਸਰਵਣ, ਮਨਣ, ਨਿਧਾਸਨ ਰੂਪ ਗੁਣਾਂ ਦੇ ਮੋਤੀ ਮਾਣਕ ਚੁਗਦੇ ਹਨ, ਇਹ ਬਹਿਰੂਨੀ ਹੰਸ ਤਾਂ ਦੁੱਧ ਪਾਣੀ ਨੂੰ ਅੱਡ ਕਰਦੇ ਹਨ, ਪਰ ਗੁਰਮੁਖ ਤੱਤ ਮਿਥਿਆ ਦਾ ਵਿਵੇਚਨ ਕਰਕੇ ਸਾਰ ਵਸਤੂ ਨੂੰ ਗ੍ਰਹਿਣ ਕਰਦੇ ਤੇ ਮਿਥਿਆ ਵਸਤੂ ਦਾ ਤਿਆਗ ਕਰਨ ਦਾ ਉਪਰਾਲਾ ਕਰਦੇ ਹਨ, ਇਸੇ ਲਈ ਗੁਰਮੁਖਾਂ ਨੂੰ ਪਰਮ ਹੰਸ ਦੀ ਪਦਵੀ ਦਿੱਤੀ ਗਈ ਹੈ।

## ੯. ਪਾਰਸ ਰੂਪ ਗੁਰਮੁਖ ਦੀ ਮਹਿਮਾ

੧. ਪਾਰਸ ਪੱਥਰ ਆਖੀਐ
ਲੁਕਿਆ ਰਹੈ ਨ ਆਪੁ ਜਣਾਏ।
੨. ਵਿਰਲਾ ਕੋਈ ਸਿਵਾਣਦਾ
ਖੋਜੀ ਖੋਜਿ ਲਏ ਸੋ ਪਾਏ।
੩. ਪਾਰਸੁ ਪਰਸਿ ਅਪਰਸੁ ਹੋਇ
ਅਸ਼ਟ ਧਾਤ ਇਕ ਧਾਤ ਕਰਾਏ।
੪. ਬਾਰਹ ਵੰਨੀ ਹੋਇ ਕੈ
ਕੰਚਨ ਮੁੱਲ ਅਮੁੱਲ ਵਿਕਾਏ।
੫. ਗੁਰਮੁਖ ਸੁਖਫਲ ਸਾਧਸੰਗ
ਸ਼ਬਦ ਸੁਰਤਿ ਲਿਵ ਅਘੜ ਘੜਾਏ।
੬. ਚਰਣਿ ਸਰਣਿ ਲਿਵ ਲੀਨ ਹੋਇ
ਸੈਂਸਾਰੀ ਨਿਰੰਕਾਰੀ ਭਾਏ।
੭. ਘਰਬਾਰੀ ਹੋਇ ਨਿਜ ਘਰਿ ਜਾਏ॥੯॥

*ਪਦ ਅਰਥ :* ਖੋਜੀ—ਖੋਜ ਕਰਨ ਵਾਲਾ, ਭਾਵ ਰਸਾਇਣੀ। ਅਪਰਸੁ—ਵਿਗੜੀ ਧਾਤ, ਨੀਚ ਧਾਤ। ਕੰਚਨ—ਸੋਨਾ। ਬਾਰਹ ਵੰਨੀ—ਸ਼ੁੱਧ। ਅਘੜ—ਨ ਘੜਿਆ ਹੋਇਆ, ਜੋ ਨ ਘੜਿਆ ਜਾਵੇ। ਸੈਂਸਾਰੀ—ਸੈਸਾਰਾਕਾਰ। ਘਰਬਾਰੀ—ਗ੍ਰਿਹਸਤੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਮਨੁੱਖ ਸ਼ਰੇਣੀ ਵਿਚ ਵੇਖਣ ਨੂੰ ਮਨੁੱਖ ਤਾਂ ਸਾਰੇ ਇਕੋ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਜਿਨ੍ਹਾਂ ਮਨੁੱਖਾਂ ਦੀ ਮਾਨਸਕ ਉਡਾਣ ਸਿਖ਼ਰਾਂ 'ਤੇ ਜਾ ਪੁੱਜੀ ਹੈ ਉਨ੍ਹਾਂ ਨੂੰ ਕਿਵੇਂ ਪਛਾਣਿਆ ਜਾ ਸਕਦਾ ਹੈ, ਇਸ ਸੰਬੰਧ ਵਿਚ ਕੋਈ ਉਦਾਹਰਣ ਦਿਓ?

ਉ: ਹੇ ਭਾਈਓ! ਬਾਣੀ ਦੀ ਵੀਚਾਰ ਕਰਦਿਆਂ ਮੈਨੂੰ ਇਸ ਭਾਵ ਨੂੰ ਪ੍ਰਗਟਾਉਣ ਵਾਲੀਆਂ ਬਹੁਤ ਸਾਰੀਆਂ ਪੰਗਤੀਆਂ ਪੜ੍ਹਨ ਵਿਚ ਆਈਆਂ ਹਨ, ਜਿਨ੍ਹਾਂ ਵਿਚ ਸਤਿਗੁਰੂ ਜੀ ਨੇ ਪਾਰਸ ਦਾ ਉਦਾਹਰਣ ਦੇ ਕੇ ਇਸ ਭਾਵ ਨੂੰ ਖੁਲਾਸੇ ਨਾਲ ਪ੍ਰਗਟਾਇਆ ਹੈ। ਜਿਵੇਂ ਕਿ ਪਾਰਸ ਭੀ ਇਕ ਪੱਥਰ ਹੀ ਹੈ, ਪਰ ਉਹ ਬਾਕੀ ਦੇ ਪੱਥਰਾਂ ਵਿਚ ਹੀ ਲੁੱਕਿਆ ਰਹਿੰਦਾ ਹੈ ਭਾਵੇਂ ਉਹ ਆਪਣੇ ਆਪ ਨੂੰ ਪ੍ਰਗਟਾਉਣ ਦਾ ਕਦੀ ਭੀ ਯਤਨ ਨਹੀਂ ਕਰਦਾ, ਪਰ ਕੋਈ ਵਿਰਲਾ ਖੋਜੀ ਹੈ ਜੋ ਉਸਦੀ ਪਛਾਣ ਕਰਦਾ ਹੈ।

ਇਸੇ ਤਰ੍ਹਾਂ ਉਹ ਮਹਾਂ ਪੁਰਸ਼ ਭਾਵੇਂ ਸੰਸਾਰੀ ਲੋਕਾਂ ਵਿਚ ਹੀ ਰਹਿੰਦੇ ਹਨ, ਪਰ ਉਨ੍ਹਾਂ ਨੇ ਸਾਧ ਸੰਗਤ ਵਿਚ ਮਿਲ ਕੇ ਆਪਣੇ ਅਘੜ ਮਨ ਨੂੰ ਅਜਿਹਾ ਘੜ ਲਿਆ ਹੈ ਕਿ ਉਹ ਮਨ ਕਰਕੇ ਸਦਾ ਹੀ ਸੰਸਾਰ ਦੇ ਮਾਇਕੀ ਪਦਾਰਥਾਂ ਤੋਂ ਨਿਰਲੇਪ ਰਹਿੰਦੇ ਹਨ, ਜਿਨ੍ਹਾਂ ਦੀ ਪਛਾਣ ਕਰਨੀ ਆਮ ਸੰਸਾਰੀ ਲੋਕਾਂ ਦੇ ਵੱਸ ਦੀ ਗੱਲ ਨਹੀਂ ਹੈ, ਪਰ ਕੋਈ ਗੁਰਮਤ ਦਾ ਢੂੰਡਾਊ ਹੀ ਉਨ੍ਹਾਂ ਦੀ ਪਛਾਣ ਕਰਦਾ ਹੈ, ਉਹ ਪਾਰਸ ਰੂਪ ਗੁਰਮੁਖਾਂ ਨੂੰ ਪਰਸਣ ਵਾਲੇ ਭੀ ਇਸੇ ਤਰ੍ਹਾਂ ਪਾਰਸ ਦਾ ਰੂਪ ਬਣ ਜਾਂਦੇ ਹਨ, ਜਿਵੇਂ ਕਿ ਬਾਣੀ ਵਿਚ ਫੁਰਮਾਨ ਆਇਆ ਹੈ:

ਪਾਰਸੁ ਭੇਟਿ ਭਏ ਸੇ ਪਾਰਸ
ਨਾਨਕ ਹਰਿ ਗੁਰਿ ਸੰਗਿ ਥੀਏ॥੪॥
*(ਬਸੰਤੁ ਹਿੰਡੋਲ ਮ: ੧, ਪੰਨਾ ੧੧੭੨)*

ਪਾਰਸੁ ਜਬ ਭੇਟੈ ਗੁਰੁ ਪੂਰਾ
ਤਾ ਪਾਰਸੁ ਪਰਸਿ ਦਿਖਾਇਦਾ॥੭॥
*(ਮਾਰੂ ਮਹਲਾ ੫, ਪੰਨਾ ੧੦੭੯)*

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥
*(ਸ੍ਰੀ ਰਾਗੁ ਮ: ੩, ਪੰਨਾ ੨੭)*

ਪਾਰਸਿ ਪਰਸਿਐ ਪਾਰਸੁ ਹੋਇ ਜਾ ਤੇਰੈ ਮਨਿ ਭਾਣੇ॥
ਅਮਰਾ ਪਦੁ ਪਾਇਆ ਆਪੁ ਗਵਾਇਆ
ਵਿਰਲਾ ਗਿਆਨ ਵੀਚਾਰੀ॥
*(ਧਨਾਸਰੀ ਮ: ੧, ਪੰਨਾ ੬੮੮)*

ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ॥
ਜਿਸੁ ਪੂਰਬਿ ਹੋਵੈ ਲਿਖਿਆ
ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ॥
*(ਸਲੋਕ ਮ: ੩, ਪੰਨਾ ੬੪੯)*

ਇਸ ਗੁੱਝੇ ਭੇਦ ਨੂੰ ਪ੍ਰਗਟਾਉਣ ਵਾਲੀਆਂ ਬਾਣੀ ਵਿਚ ਹੋਰ ਭੀ ਅਨੇਕਾਂ ਪਵਿੱਤ੍ਰ ਪੰਗਤੀਆਂ ਮੇਰੇ ਪੜ੍ਹਨ ਵਿਚ ਆਈਆਂ ਹਨ, ਜਿਨ੍ਹਾਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਜਿਵੇਂ ਅਸੀਂ ਵੇਖਦੇ ਹਾਂ ਕਿ) ਪਾਰਸ (ਭੀ) ਪੱਥਰ (ਦਾ ਇਕ ਰੋੜਾ ਹੀ) ਆਖੀਦਾ ਹੈ (ਉਹ ਪੱਥਰਾਂ ਵਿਚ ਹੀ) ਲੁੱਕਿਆ ਰਹਿੰਦਾ ਹੈ, (ਪਰ) ਆਪਣਾ ਆਪ (ਉਹ ਕਦੀ) ਪ੍ਰਗਟ ਨਹੀਂ ਕਰਦਾ।

(੨) ਪਰ ਕੋਈ ਵਿਰਲਾ (ਪਾਰਖੂ) ਪਛਾਣ (ਹੀ) ਲੈਂਦਾ ਹੈ, ਖੋਜੀ ਬਣਕੇ ਜੋ ਲੱਭਣ ਲਗੇ, ਉਸੇ ਨੂੰ ਹੀ ਮਿਲਦਾ ਹੈ।
(੩) ਪਾਰਸ ਨੂੰ ਛੁਹ ਕੇ ਅਪਰਸ (ਨ ਪਰਸੇ ਜਾਣ ਦੇ ਯੋਗ) ਵੀ ਜੇ ਕੋਈ ਹੋਵੇ, ਤਾਂ ਉਹ ਭੀ ਪਾਰਸ ਨਾਲ ਪਰਸ ਕੇ ਇਕੋ ਧਾਤ (ਭਾਵ ਸੋਨਾ) ਬਣ ਜਾਂਦੀ ਹੈ।
(੪) ਬਾਰਹ ਵੰਨੀ ਦਾ ਸ਼ੁੱਧ ਸੋਨਾ ਬਣ ਕੇ, ਸੋਨੇ ਦੇ ਮੁੱਲ ਤੋਂ ਭੀ ਅਮੁੱਲ ਹੋ ਕੇ ਵਿਕਦਾ ਹੈ।
(੫) ਗੁਰਮੁਖ ਨੂੰ ਸਾਧ ਸੰਗਤ ਰੂਪ ਸੁਖ ਫਲ ਪ੍ਰਾਪਤ ਹੁੰਦਾ ਹੈ, ਜਿਥੇ ਉਹ ਸ਼ਬਦ ਨੂੰ ਸੁਰਤ ਵਿਚ ਲਿਆ ਕੇ ਲਿਵ ਲਾਉਣ ਨਾਲ ਅਘੜ (ਬੇਘੜ) ਵੀ ਘੜਿਆ ਜਾਂਦਾ ਹੈ। (ਵੱਸ ਵਿਚ ਨਾ ਆ ਸਕਣ ਵਾਲਾ ਮਨ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ)।
(੬) (ਪ੍ਰਮੇਸ਼ਰ ਦੇ) ਚਰਨਾਂ ਦੀ ਸ਼ਰਨ ਵਿਚ ਲਿਵਲੀਨ ਹੋਣ ਵਾਲਾ, ਸੰਸਾਰੀ ਵਰਤੋਂ ਵਿਹਾਰ ਵਿਚ ਰਹਿੰਦਾ ਹੋਇਆ ਵੀ ਨਿਰੰਕਾਰ ਨੂੰ ਚੰਗਾ ਲਗ ਜਾਂਦਾ ਹੈ।
(੭) ਉਹ ਗ੍ਰਿਹਸਥੀ ਹੁੰਦਾ ਵੀ (ਆਪਣੇ) ਨਿਜ ਘਰ (ਸ੍ਵੈ-ਸਰੂਪ) ਵਿਚ ਜਾ ਪੁੱਜਦਾ ਹੈ।੯।

***ਭਾਵਾਰਥ :*** ਪਾਰਸ ਵਿਚ ਇਤਨਾ ਗੁਣ ਤਾਂ ਜ਼ਰੂਰ ਵੇਖਣ ਵਿਚ ਆਉਂਦਾ ਹੈ ਕਿ ਉਹ ਲੋਹੇ ਨੂੰ ਪਰਸਣ ਨਾਲ ਸੋਨਾ ਬਣਾ ਦੇਂਦਾ ਹੈ, ਪਰ ਉਹ ਸੋਨਾ ਹੋਰ ਅਗੇ ਲੋਹੇ ਨੂੰ ਸੋਨਾ ਨਹੀਂ ਬਣਾ ਸਕਦਾ, ਪਰ ਗੁਰਮੁਖਾਂ ਦੀ ਸੰਗਤ ਪਰਮ ਪਾਰਸ ਹੈ ਜੋ ਨੀਵੇਂ ਤੋਂ ਨੀਵੇਂ ਜੀਵਨ ਵਾਲਿਆਂ ਨੂੰ ਭੀ ਅਗੇ ਤੋਂ ਅਗੇ ਬਾਰਾਂ ਵੰਨੀ ਦੇ ਸੋਨੇ ਵਾਂਗ ਸ਼ੁੱਧ ਸਰੂਪ ਬਣਾ ਦੇਣ ਦੀ ਸਮਰੱਥਾ ਰੱਖਦੀ ਹੈ। ਅਜਿਹੇ ਗੁਰਮੁਖ ਭਾਵੇ ਗ੍ਰਿਹਸਥਾਸ਼ਰਮ ਵਿਚ ਰਹਿੰਦੇ ਹਨ, ਪਰ ਗੁਰਮਤ ਅਨੁਸਾਰ ਉਹ ਜੀਵਨ ਮੁਕਤ ਹਨ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ, ਖੇਲੰਦਿਆ, ਪੈਨੰਦਿਆ, ਖਾਵੰਦਿਆ
ਵਿਚੇ ਹੋਵੈ ਮੁਕਤਿ ॥੨॥ *(ਮ: ੫, ਪੰਨਾ ੫੨੨)*

## ੧੦. ਗੁਰਮੁਖਾਂ ਦੀ ਵਿਸ਼ੇਸ਼ਤਾਈ

**੧. ਚਿੰਤਾਮਣਿ ਚਿੰਤਾ ਹਰੈ**
**ਕਾਮਧੇਨੁ ਕਾਮਨਾ ਪੁਜਾਏ।**
**੨. ਫਲ ਫੁਲਿ ਦੇਂਦਾ ਪਾਰਜਾਤੁ**
**ਰਿੱਧਿ ਸਿੱਧਿ ਨਵ ਨਾਥ ਲੁਭਾਏ।**
**੩. ਦਸ ਅਵਤਾਰ ਅਕਾਰ ਕਰਿ**
**ਪੁਰਖਾਰਥ ਕਰਿ ਨਾਂਵ ਗਣਾਏ।**
**੪. ਗੁਰਮੁਖ ਸੁਖ ਫਲ ਸਾਧਸੰਗੁ**
**ਚਾਰਿ ਪਦਾਰਥ ਸੇਵਾ ਲਾਏ।**
**੫. ਸ਼ਬਦ ਸੁਰਤਿ ਲਿਵ ਪਿਰਮ ਰਸ**
**ਅਕਥ ਕਹਾਣੀ ਕਥੀ ਨ ਜਾਏ।**
**੬. ਪਾਰਬ੍ਰਹਮ ਪੂਰਨ ਬ੍ਰਹਮ**
**ਭਗਤ ਵਛਲ ਹੁਇ ਅਛਲ ਛਲਾਏ।**
**੭. ਲੇਖ ਅਲੇਖ ਨ ਕੀਮਤਿ ਪਾਏ ॥੧੦॥**

***ਪਦ ਅਰਥ :*** ਚਿੰਤਾ—ਮਨ ਦਾ ਰੋਗ। ਕਾਮਨਾ—ਚਿੱਤ ਦੀ ਇੱਛਾ, ਪਦਾਰਥ ਵਾਸ਼ਨਾ। ਫਲ ਫੁਲਿ—ਫਲ ਖਾਣ ਵਾਲੇ, ਫੁਲ ਖ਼ੁਸ਼ਬੋ ਵਾਲੇ। ਪੁਰਖਾਰਥ—ਤਾਕਤ ਦਿਖਾ ਕੇ। ਅਛਲ ਛਲਾਏ—ਨ ਛਲੇ ਜਾਣ ਵਾਲਾ ਹੋ ਕੇ ਵੀ ਆਪੇ ਹੀ ਛਲਿਆ ਜਾਂਦਾ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸਨਤਾਨ ਪੁਸਤਕਾਂ ਵਿਚ, ਚਿੰਤਾਮਣੀ, ਕਾਮਧੇਨ, ਪਾਰਜਾਤ, ਨੌਂ ਨਾਥਾਂ ਅਤੇ ਦਸ ਅਵਤਾਰਾਂ ਦੇ ਭਿੰਨ ਭਿੰਨ ਗੁਣ ਦਰਸਾਏ ਗਏ ਹਨ, ਕੀ ਦਸੋਗੇ ਕਿ ਗੁਰਮੁਖਾਂ ਵਿਚ ਖ਼ਾਸ ਕੋਹੜੀ ਵਿਸ਼ੇਸ਼ਤਾ ਹੈ, ਜੋ ਇਨ੍ਹਾਂ ਉਪ੍ਰੋਕਤ ਸ਼ੈਆਂ ਵਿਚ ਨਹੀਂ ਪਾਈ ਜਾਂਦੀ ?

ਉ: ਹੇ ਭਾਈਓ! ਇਹ ਜੋ ਚਿੰਤਾਮਣੀ, ਕਾਮਧੇਨਿਕਾਂ ਦਾ ਸਨਾਤਨ ਪੁਸਤਕਾਂ ਵਿਚ ਜ਼ਿਕਰ ਆਉਂਦਾ ਹੈ, ਇਹ ਠੀਕ ਹੈ ਕਿ ਇਹ ਮਨੁੱਖ ਦੇ ਮਨ ਦੀਆਂ ਕਾਮਨਾ ਪੂਰਨ ਕਰਦੀਆਂ ਹਨ, ਜਿਨ੍ਹਾਂ ਦਾ ਸੰਬੰਧ ਮਾਇਕੀ ਪਦਾਰਥਾਂ ਨਾਲ ਹੀ ਹੈ, ਇਹ ਮਨੁੱਖ ਦੀ ਕਲਿਆਣ ਕਰਨ ਦਾ ਸਾਧਨ ਨਹੀਂ ਹਨ। ਪਰ ਜਦੋਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸੋਝੀ ਮਿਲਦੀ ਹੈ ਕਿ ਗੁਰਮੁਖਾਂ ਨੂੰ ਸਾਧ ਸੰਗਤ ਰਾਹੀਂ ਨਾਮ ਦਾ ਚਿੰਤਨ ਕਰਕੇ ਉਹ ਅਸਵਥਾ ਪ੍ਰਾਪਤ ਹੁੰਦੀ ਹੈ ਜੋ ਮਨੁੱਖ ਨੂੰ ਸਦੀਵੀ ਅਚਿੰਤ ਪਦਵੀ ਵਿਚ ਲੀਨ ਰੱਖਦੀ ਹੈ, ਬਾਣੀ ਵਿਚ ਤਾਂ ਅਸਲੀ ਚਿੰਤਾਮਣੀ ਦੀਨ ਦਇਆਲ ਪ੍ਰਮੇਸ਼ਰ ਨੂੰ ਹੀ ਮੰਨਿਆ ਗਿਆ ਹੈ, ਜਿਵੇਂ ਕਿ :

ਚਿੰਤਾਮਣਿ ਕਰੁਣਾ ਮਏ ॥੧॥ਰਹਾਉ॥
ਦੀਨ ਦਇਆਲ ਪਾਰਬ੍ਰਹਮ ॥
ਜਾ ਕੈ ਸਿਮਰਣਿ ਸੁਖ ਭਏ ॥੧॥
*(ਗਉੜੀ ਮ: ੫, ਪੰਨਾ ੨੧੨)*

ਇਸੇ ਤਰ੍ਹਾਂ ਪਾਰਜਾਤ ਅਤੇ ਕਾਮਧੇਨ ਦਾ ਜ਼ਿਕਰ ਆਉਂਦਾ ਹੈ, ਜਿਵੇਂ ਕਿ :

ਪਾਰਜਾਤੁ ਲੋੜਹਿ ਮਨ ਪਿਆਰੇ॥
ਕਾਮਧੇਨੁ ਸੋਹੀ ਦਰਬਾਰੇ॥

*(ਮਾਰੂ ਸੋਲਹੇ ਮ: ੫, ਪੰਨਾ ੧੦੭੮)*

ਪਾਰਜਾਤੁ ਇਹੁ ਹਰਿ ਕੋ ਨਾਮ॥
ਕਾਮਧੇਨ ਹਰਿ ਹਰਿ ਗੁਣ ਗਾਮ॥
ਸਭ ਤੇ ਊਤਮ ਹਰਿ ਕੀ ਕਥਾ॥
ਨਾਮੁ ਸੁਨਤ ਦਰਦ ਦੁਖ ਲਥਾ॥

*(ਸੁਖਮਨੀ, ਪੰਨਾ ੨੬੫)*

ਭਾਵ ਹੈ ਕਿ ਪਾਰਜਾਤ ਜੋ ਦੇਵ-ਲੋਕ ਵਿਚ ਮੰਨਿਆ ਹੈ, ਇਨ੍ਹਾਂ ਦੁਆਰੇ ਮਨੁੱਖ ਦੇ ਜੰਮਣ ਮਰਨ ਦਾ ਦੁਖ ਦੂਰ ਨਹੀਂ ਹੁੰਦਾ, ਇਸ ਦੁਖ ਦੀ ਨਵਿਰਤੀ ਕੇਵਲ ਪ੍ਰਭੂ ਦੇ ਨਾਮ ਸਿਮਰਨ ਰਾਹੀਂ ਹੁੰਦੀ ਹੈ।

ਇਸ ਤੋਂ ਆਦਿ ਹੋਰ ਭੀ ਅਨੇਕਾਂ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਵੇਂ :

(੧) (ਹੇ ਭਾਈਓ! ਜਿਵੇਂ ਕਿ ਹਿੰਦੂ ਮੱਤ ਦੀਆਂ ਪੁਸਤਕਾਂ ਵਿਚ ਜ਼ਿਕਰ ਆਉਂਦਾ ਹੈ ਕਿ) ਚਿੰਤਾਮਣੀ ਚਿੰਤਾ ਹਟਾਉਂਦੀ ਹੈ, ਤੇ ਕਾਮਧੇਨ ਕਾਮਨਾ ਪੂਰਨ ਕਰਦੀ ਹੈ।

(੨) ਕਲਪ ਬ੍ਰਿਛ ਆਪਣੇ ਫਲ ਜਾ ਫੁੱਲ ਹੀ ਦੇਂਦਾ ਹੈ, ਅਤੇ ਨੌਂ ਨਾਥ (ਆਪ ਹੀ ਖ਼ੁਦ) ਰਿਧੀਆਂ ਸਿਧੀਆਂ ਦੇ ਲੋਭ ਵਿਚ ਲੁਭਾਏ ਗਏ ਹਨ (ਜਦੋਂ ਵੀਚਾਰ ਕਰਕੇ ਵੇਖੀਏ ਤਾਂ ਸੋਝੀ ਆਉਂਦੀ ਹੈ ਕਿ ਉਨ੍ਹਾਂ ਨੇ ਸੇਵਕਾਂ ਦਾ ਕੀ ਸਵਾਰਨਾ ਹੈ, ਤੇ ਕੀ ਦੇਣਾ ਹੈ?)

(੩) ਦਸ ਅਵਤਾਰਾਂ ਨੇ ਜਨਮ ਪ੍ਰਾਪਤ ਕਰਕੇ, ਰੂਪ ਧਾਰ ਕੇ, ਪੁਰਖਾਰਥ (ਵੱਡੇ ਵੱਡੇ ਕੰਮ) ਕੀਤੇ, ਪਰ ਸਭ ਕੁਝ ਕਰਕੇ ਇਹੋ ਹੀ ਕਿਹਾ ਕਿ (ਇਹ ਮੈਂ ਕੀਤੇ ਹਨ) ਭਾਵ ਆਪਣਾ ਆਪ ਹੀ ਗਿਣਾਇਆ ਹੈ।

ਪ੍ਰ: ਕਿਉਂ ਜੀ! ਆਖ਼ਰ ਗੁਰਮੁਖ ਨੂੰ ਕੀ ਫਲ ਪ੍ਰਾਪਤ ਹੁੰਦਾ ਹੈ?

(੪) ਉ: ਹੇ ਭਾਈ! ਗੁਰਮੁਖ ਨੂੰ ਸਾਧ ਸੰਗ ਦਾ ਸੁਖ ਫਲ ਇਹ ਮਿਲਦਾ ਹੈ ਕਿ (ਪ੍ਰਮੇਸ਼ਰ ਨੇ) ਚਾਰੇ ਪਦਾਰਥ ਧਰਮ, ਅਰਥ, ਕਾਮ, ਮੋਖਸ਼) ਉਨ੍ਹਾਂ ਦੀ ਸੇਵਾ ਵਿਚ ਲਾ ਦਿਤੇ ਹਨ।

(੫) (ਅਤੇ ਉਹ) ਗੁਰਮੁਖ ਸਬਦ ਨੂੰ ਸੁਰਤ ਵਿਚ ਲਿਵਲੀਨ ਕਰਕੇ ਪ੍ਰੇਮ ਰਸ ਨੂੰ ਪੀਂਦੇ ਹਨ ਜਿਸ ਦੀ ਅਕਥ ਕਥਾ ਕਹੀ ਨਹੀਂ ਜਾਂਦੀ।

(੬) ਪਾਰਬ੍ਰਹਮ (ਪ੍ਰਮੇਸ਼ਰ) ਪੂਰਨ ਤੌਰ 'ਤੇ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ, ਭਗਤ ਵਛਲ ਹੋਣ ਦੇ ਨਾਤੇ ਆਪਣੇ ਭਗਤਾਂ ਕੋਲੋਂ ਛਲਿਆ, ਭਾਵ ਉਨ੍ਹਾਂ ਦੇ ਵੱਸ ਹੋ ਜਾਂਦਾ ਹੈ।

(੭) (ਇਸ ਲਈ ਗੁਰਮੁਖ) ਲੇਖੇ ਤੋਂ ਅਲੇਖ ਹਨ, ਉਨ੍ਹਾਂ ਦੀ ਕੀਮਤ ਕੋਈ ਨਹੀਂ ਪਾ ਸਕਦਾ।੧੦।

***ਭਾਵਾਰਥ :*** ਪਿਛੇ ਕਥਨ ਕੀਤੇ ਚਿੰਤਾਮਣੀ, ਕਾਮਧੇਨ, ਨੌਂ ਨਾਥ ਆਦਿਕਾਂ ਤੋਂ ਗੁਰਮੁਖ ਉਚੇਰੇ ਤੇ ਨਿਰਲੇਪ ਹਨ, ਕਿਉਂਕਿ ਉਹ ਨਾਸਵੰਤ ਪਦਾਰਥਾਂ ਦੇ ਦਾਤੇ ਨਹੀਂ ਉਹ ਮਨੁੱਖਾਂ ਨੂੰ (ਜੀਵਨ ਦਾਨ) ਦੇਣ ਵਾਲੇ ਹਨ, ਉਹ ਆਪ ਪ੍ਰਭੂ ਨਾਲ ਜੁੜੇ ਹੋਏ ਹਨ ਅਤੇ ਹੋਰਨਾਂ ਨੂੰ ਭੀ ਜੋੜਦੇ ਹਨ।

ਕਾਮਨਾ ਭੋਗਾਂ ਤੇ ਮਾਇਕੀ ਪਦਾਰਥਾਂ ਨਾਲ ਅਪੂਰਨ ਰਹਿੰਦੀਆਂ ਹਨ, ਉਹ ਆਪਣੇ ਆਪ ਦੇ ਰਸ ਵਿਚ ਰਚ ਕੇ ਹੀ ਸੰਤੁਸ਼ਟ ਹੁੰਦੀਆਂ ਹਨ। ਇਸ ਲਈ ਗੁਰਮੁਖ ਇਨ੍ਹਾਂ ਸੰਸਾਰ ਦੇ ਰਸਾਂ ਨੂੰ ਫਿਕੇ ਜਾਣ ਕੇ ਸਦਾ ਹੀ ਸੱਚੇ ਨਾਮ ਰਸ ਵਿਚ ਲਿਵਲੀਨ ਰਹਿੰਦੇ ਹਨ।

## *੧੧. ਕਾਦਰ ਦੀ ਬੇਅੰਤ ਕੁਦਰਤ*

**੧. ਇੱਕ ਕਵਾਉ ਪਸਾਉ ਕਰਿ**
**ਨਿਰੰਕਾਰਿ ਆਕਾਰੁ ਬਣਾਯਾ।**
**੨. ਤੋਲਿ ਅਤੋਲੁ ਨ ਤੋਲੀਐ**
**ਤੁੱਲਿ ਨ ਤੁਲਾਧਾਰਿ ਤੋਲਾਯਾ।**
**੩. ਲੇਖ ਅਲੇਖੁ ਨ ਲਿਖੀਐ**
**ਅੰਗ ਨ ਅੱਖਰ ਲੇਖ ਲਖਾਯਾ।**
**੪. ਮੁੱਲਿ ਅਮੁੱਲੁ ਨ ਮੋਲੀਐ**
**ਲੱਖ ਪਦਾਰਥ ਲਵੈ ਨ ਲਾਯਾ।**
**੫. ਬੋਲਿ ਅਬੋਲੁ ਨ ਬੋਲੀਐ**
**ਸੁਣਿ ਸੁਣਿ ਆਖਣੁ ਆਖਿ ਸੁਣਾਯਾ।**
**੬. ਅਗਮੁ ਅਥਾਹੁ ਅਗਾਧ ਬੋਧ**
**ਅੰਤ ਨ ਪਾਰਾਵਾਰੁ ਨ ਪਾਯਾ।**

੭. ਕੁਦਰਤਿ ਕੀਮ ਨ ਜਾਣੀਐ
ਕੇਵਡੁ ਕਾਦਰ ਕਿਤੁ ਘਰਿ ਆਯਾ।
੮. ਗੁਰਮੁਖ ਸੁਖ ਫਲ ਸਾਧ ਸੰਗ
ਸ਼ਬਦ ਸੁਰਤਿ ਲਿਵ ਅਲਖ ਲਖਾਯਾ।
੯. ਪਿਰਮ ਪਿਆਲਾ ਅਜਰ ਜਰਾਯਾ ॥੧੧॥

*ਪਦ ਅਰਥ :* ਕਵਾਉ—ਬਚਨ, ਵਾਕ। ਆਕਾਰੁ—ਸਰੂਪ, ਰੂਪਵਾਨ ਸੂਰਤ, ਸ਼ਕਲ। ਤੁਲਾਧਾਰਿ—ਤੋਲਣ ਵਾਲਾ ਤੱਕੜ। ਲਵੈ—ਨੇੜੇ, ਬਰਾਬਰ। ਕੀਮ—ਕੀਮਤ। ਬੋਲਿ ਅਬੋਲੁ—ਬੋਲਣ ਤੋਂ ਅਬੋਲ ਹੈ। ਕਿਤੁ—ਕਿਹੜੇ। ਪਿਰਮ ਪਿਆਲਾ—ਪ੍ਰੇਮ ਰਸ ਦਾ ਪਿਆਲਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਇਸ ਅਥਾਹ ਸੰਸਾਰ ਦੇ ਪਸਾਰੇ, ਪਸਰਨ ਸੰਬੰਧੀ ਪੁਰਾਣਾ ਵਿਚ ਸ਼ਾਸਤ੍ਰ ਕਾਰਾਂ ਦੇ ਭਿੰਨ ਭਿੰਨ ਵੀਚਾਰ ਪੜ੍ਹਨ ਵਿਚ ਆਉਂਦੇ ਹਨ, ਪਰ ਗੁਰਮਤ ਅਨੁਸਾਰ ਇਸ ਸੰਸਾਰ ਦੇ ਪਸਰਨ ਦੀ ਰੂਪ ਰੇਖ ਤੁਸੀਂ ਕੀ ਅਨੁਭਵ ਕਰਦੇ ਹੋ, ਇਹ ਜਾਣਕਾਰੀ ਦੇਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਮੈਨੂੰ ਭੀ ਸਨਾਤਨ ਪੁਸਤਕਾਂ ਪੜ੍ਹਨ ਤੋਂ ਇਸ ਸੰਸਾਰ ਦੇ ਪਸਾਰੇ ਪਸਰਨ ਬਾਰੇ ਬਹੁਤ ਸੂਝ-ਬੂਝ ਮਿਲੀ ਹੈ, ਪਰ ਜੋ ਵੀਚਾਰ ਗੁਰਮਤ ਨੇ ਅੰਕਤ ਕੀਤੇ ਹਨ ਇਹ ਵੀਚਾਰ ਸਾਰਿਆਂ ਤੋਂ ਸਰਬੋਤਮ ਮੰਨਣ ਵਿਚ ਆਏ ਹਨ, ਬਾਣੀ ਦਾ ਆਖ਼ਰ ਵਿਚ ਇਹੋ ਫ਼ੈਸਲਾਕੁੰਨ ਹੁਕਮ ਹੈ ਕਿ :

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
*(ਜਪੁਜੀ, ਪੰਨਾ ੪)*

ਭਾਵ ਹੈ ਜੋ ਕਰਤਾ ਇਸ ਸੰਸਾਰ ਦੀ ਰਚਨਾ ਨੂੰ ਰਚਨ ਵਾਲਾ ਹੈ, ਇਸ ਬਾਰੇ ਓਹੀ ਜਾਣਦਾ ਹੈ ਕਿ ਇਸ ਪਸਾਰੇ ਨੂੰ ਉਸਨੇ ਕਿਵੇਂ ਆਰੰਭ ਕੀਤਾ ਹੈ, ਕਿਉਂਕਿ :

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ ॥
*(ਪਉੜੀ, ਪੰਨਾ ੫੫੧)*

ਭਾਵ ਜਦੋਂ ਇਸ ਸੰਸਾਰ ਦਾ ਠਾਠ ਅਰੰਭ ਕੀਤਾ ਹੈ ਉਸ ਵੇਲੇ ਕਿਸੇ ਦੂਸਰੇ ਨੂੰ ਪੁੱਛਿਆ ਹੀ ਨਹੀਂ ਕਿ ਤੇਰੀ ਇਸ ਪਸਾਰੇ ਨੂੰ ਪਸਰਨ ਬਾਰੇ ਕੀ ਵੀਚਾਰ ਹੈ, ਪਰ ਪੁਛਿਆ ਤਾਂ ਤਦੋਂ ਹੀ ਜਾਂਦਾ, ਜਦ ਕੋਈ ਦੂਸਰਾ ਉਸ ਤੋਂ ਭਿੰਨ ਹੁੰਦਾ, ਭਾਵ ਉਸ ਵੇਲੇ ਤਾਂ ਦੂਸਰਾ ਕੋਈ ਹੋਰ ਹੈ ਹੀ ਨਹੀਂ ਸੀ, ਇਸ ਲਈ ਉਸ ਸਮੇਂ ਬਾਰੇ ਕੋਈ ਕੁਝ ਭੀ ਨਹੀਂ ਕਹਿ ਸਕਦਾ, ਜੋ ਕੁਝ ਉਸ ਸਮੇਂ ਬਾਰੇ ਕਿਸੇ ਨੇ ਕੁਝ ਲਿਖਿਆ ਭੀ ਹੈ ਉਹ ਉਸਦੇ ਆਪਣੇ ਮਨ-ਉਕਤ ਵੀਚਾਰ ਹਨ। ਇਸ ਲਈ ਬਾਣੀ ਦਾ ਇਹ ਸਿਧਾਂਤ ਹੈ ਕਿ :

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥ *(ਜਪੁਜੀ, ਪੰਨਾ ੩)*

ਸੋ ਮੈਂ ਇਨ੍ਹਾਂ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਇਹ ਪਉੜੀ ਉਚਾਰਨ ਕੀਤੀ ਹੈ, ਜਿਵੇਂ ਕਿ

(੧) ਹੇ ਭਾਈਓ ! ਉਸ ਨਿਰੰਕਾਰ ਨੇ ਇਕ ਵਾਕ ਕਹਿ ਕੇ ਹੀ ਇਹ ਕੁਦਰਤ ਦਾ ਸਾਰਾ ਪਸਾਰਾ ਕਰ ਦਿਤਾ।

(੨) (ਇਹ ਏਡਾ ਬੇਅੰਤ ਪਸਾਰਾ ਹੈ ਕਿ) ਜਿਸਨੂੰ ਤੋਲਣ ਤੋਂ ਅਤੋਲ ਸਮਝੋ, ਨਾ ਛੋਟੀ ਤੱਕੜੀ ਨਾ ਵੱਡਾ ਤੱਕੜ ਹੀ ਤੋਲ ਸਕਦਾ ਹੈ।

(੩) (ਉਹ ਏਨੇ ਪਸਾਰੇ ਵਾਲਾ ਹੈ ਕਿ) ਜਿਸਦਾ ਲੇਖਾ ਵੀ ਅਲੇਖ ਹੈ, ਨਾ ਅੰਗਾਂ (ਹਿੰਦਸਿਆਂ) ਤੇ ਨਾ ਹੀ ਅੱਖਰਾਂ ਵਿਚ ਲਿਖਿਆ ਜਾ ਸਕਦਾ ਹੈ।

(੪) (ਉਸਦਾ) ਮੁੱਲ ਵੀ ਨਹੀਂ ਪੈ ਸਕਦਾ, ਅਮੁੱਲ ਹੈ। ਲੱਖਾਂ ਪਦਾਰਥ ਵੀ ਉਸਦੀ ਨੇੜਤਾ ਜਾਂ ਬਰਾਬਰੀ ਨਹੀਂ ਕਰ ਸਕਦੇ।

(੫) (ਦੱਸੋ) ਬੋਲਕੇ ਵੀ ਫਿਰ ਕੀ ਦੱਸੀਏ, (ਜੋ ਲੇਖੇ ਤੇ ਤੋਲ ਵਿਚ ਨਹੀਂ ਆਉਂਦਾ) ਹਾਂ ਸੁਣ ਸੁਣ ਕੇ, ਜਿੰਨਾ ਕੁ ਕਿਸੇ ਦੱਸਿਆ, ਬੱਸ ਉਹ ਸੁਣਾ ਦਿੱਤਾ।

(੬) ਉਹ ਗੰਮਤਾ ਰਹਿਤ, ਡੂੰਘੇ ਤੋਂ ਡੂੰਘਾ, ਅਥਾਹ, ਅਗਾਧ ਬੋਧ (ਸਮਝ ਤੋਂ ਪਰ੍ਹੇ ਹੈ) ਜਿਸਦਾ ਅੰਤ ਤੇ ਪਾਰਾਵਾਰ ਨਹੀਂ ਪੈਂਦਾ।

(੭) ਪ੍ਰਭੂ ਦੀ ਬਣਾਈ ਕੁਦਰਤ ਦੀ ਕੋਈ ਕੀਮਤ ਨਹੀਂ ਜਾਣ ਸਕਦਾ, ਫਿਰ ਪ੍ਰਮੇਸ਼ਰ ਕਿੱਡਾ ਤੇ ਕਿਸ ਘਰੋਂ ਆਇਆ ਹੈ (ਇਹ ਕੌਣ ਜਾਣ ਸਕਦਾ ਹੈ) ?

ਪ੍ਰ: ਕਿਉਂ ਜੀ ! ਆਖ਼ਰ ਗੁਰਮੁਖ ਨੂੰ ਕੀ ਫਲ ਪ੍ਰਾਪਤ ਹੁੰਦਾ ਹੈ ?

(੮) ਉ: (ਹੇ ਭਾਈ !) ਗੁਰਮੁਖ ਨੂੰ ਸੁਖ ਫਲ ਸਾਧ ਸੰਗਤ ਦਾ ਮਿਲਿਆ ਹੈ, ਜਿਸ ਵਿਚ ਸ਼ਬਦ ਨੂੰ ਸੁਰਤ ਵਿਚ ਜੋੜ ਕੇ (ਲਿਵਲੀਨ ਹੋ, ਉਹੋ ਜਿਹੇ) ਅਲੱਖ ਪ੍ਰਭੂ ਨੂੰ ਲਖਦਾ, ਭਾਵ ਜਾਣ ਜਾਂਦਾ ਹੈ।

(੯) (ਉਸਦੀ ਮਾਨਸਕ ਅਵਸਥਾ ਅਜਿਹੀ ਉਚੇਰੀ ਹੋ ਜਾਂਦੀ ਹੈ ਕਿ ਉਹ) ਇਸ ਪ੍ਰੇਮ ਪਿਆਲੇ ਨੂੰ ਅਜਰ ਕਰਕੇ ਜਰਦਾ ਹੈ (ਭਾਵ ਉਹ ਐਵੇਂ ਹਉਂ ਹਉਂ ਨਹੀਂ ਕਰਦਾ ਫਿਰਦਾ)।੧੧।

*ਭਾਵਾਰਥ :* ਉਹ ਗੁਰਮੁਖ ਉਸ ਨਾਮ ਰਸ ਵਿਚ ਅਜਿਹੇ ਮਗਨ ਹੁੰਦੇ ਹਨ ਉਹ ਉਸ ਅਕਹਿ ਰਸ ਬਾਰੇ ਕੁਝ ਕਹਿ ਵੀ ਨਹੀਂ ਸਕਦੇ ਕਿਉਂਕਿ ਉਨ੍ਹਾਂ ਦੀ ਮਾਨਸਕ ਅਵਸਥਾ ਅਜਿਹੀ ਹੋ ਜਾਂਦੀ ਹੈ ਜਿਵੇਂ ਕਿ ਗੂੰਗਾ ਗੁੜ ਖਾ ਕੇ ਕੁਝ ਦੱਸ ਹੀ ਨਹੀਂ ਸਕਦਾ। (ਗੂੰਗੇ ਕੀ ਮਿਠਿਆਈ)

## ੧੨. ਸਾਧ ਸੰਗਤ ਦੁਆਰੇ ਹੀ ਸਭ ਕੁਝ ਜਾਣੀਦਾ ਹੈ

੧. ਸਾਦਹੁੰ ਸ਼ਬਦਹੁੰ ਬਾਹਰਾ
ਅਕਥ ਕਥਾ ਕਿਉਂ ਜਿਹਬਾ ਜਾਣੈ।
੨. ਉਸਤਤਿ ਨਿੰਦਾ ਬਾਹਰਾ
ਕਥਨੀ ਬਦਨੀ ਵਿੱਚ ਨ ਆਣੈ।
੩. ਗੰਧ ਸਪਰਸ ਅਗੋਚਰਾ
ਨਾਸ-ਸਾਸ ਹੈਰਤਿ ਹੈਰਾਣੈ।
੪. ਵਰਨਹੁੰ ਚਿਹਨਹੁੰ ਬਾਹਰਾ
ਦਿਸਟਿ ਅਦਿਸਟਿ ਨ ਧਯਾਨ ਧਿਙਾਣੈ।
੫. ਨਿਰਾਲੰਬੁ ਅਵਲੰਬ ਵਿਣੁ
ਧਰਤਿ ਅਗਾਸਿ ਨਿਵਾਸ ਵਿਡਾਣੈ।
੬. ਸਾਧ ਸੰਗਤਿ ਸਚਖੰਡਿ ਹੈ
ਨਿਰੰਕਾਰ ਗੁਰੁ ਸ਼ਬਦ ਸਿਵਾਣੈ।
੭. ਕੁਦਰਤਿ ਕਾਦਰ ਨੋਂ ਕੁਰਬਾਣੈ ॥੧੨॥

*ਪਦ ਅਰਥ :* ਸਾਦਹੁੰ—ਸੁਆਦ, ਰਸ ਤੋਂ। ਸ਼ਬਦਹੁੰ—ਬਾਣੀ ਤੋਂ। ਕਥਨੀ ਬਦਨੀ—ਕਥਾ ਤੇ ਕਵਿਤਾ। ਨਾਸ ਸਾਸ—ਨੱਕ ਤੇ ਸਾਹ, ਭਾਵ ਪ੍ਰਾਣ। ਹੈਰਤਿ ਹੈਰਾਣੈ—ਅਕਲ ਦੰਗ ਹੋ ਜਾਣੀ। ਧਿਙਾਣੈ—ਧੱਕੇ ਨਾਲ। ਅਵਲੰਬ—ਆਸਰਾ। ਵਿਡਾਣੈ—ਅਸਚਰਜ ਖੇਡ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਿਸ ਕਾਦਰ ਦੀ ਕੁਦਰਤ ਬਾਰੇ ਸਾਰੇ ਵੇਦ ਸ਼ਾਸਤ੍ਰ ਅਤੇ ਮਹਾਂ ਪੁਰਸ਼ ਆਪੋ ਆਪਣੇ ਵੀਚਾਰਾਂ ਦੁਆਰੇ ਆਪਣੇ ਭਾਵਾਂ ਨੂੰ ਅੰਕਤ ਕਰਦੇ ਆ ਰਹੇ ਹਨ, ਉਸ ਸੰਬੰਧੀ ਤੁਸੀਂ ਕੁਝ ਆਪਣੇ ਖ਼ਿਆਲ ਵੀ ਪ੍ਰਗਟ ਕਰੋ, ਜਿਨ੍ਹਾਂ ਦੁਆਰੇ ਸਾਨੂੰ ਭੀ ਕੁਝ ਬੋਧ ਹੋ ਸਕੇ?

ਉ: ਹੇ ਭਾਈਓ! ਅਸਲ ਵਿਚ ਉਸ ਪਰੀਪੂਰਨ ਪ੍ਰਮੇਸ਼ਰ ਦੇ ਸੰਬੰਧ ਵਿਚ ਕੁਝ ਭੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਜੋ ਭੀ ਕੁਝ ਕਿਹਾ ਜਾਂਦਾ ਹੈ ਉਹ ਕਥਨ ਤਿੰਨਾਂ ਗੁਣਾਂ ਵਿਚ ਹੈ, ਪਰ ਉਹ ਕਾਦਰ ਤ੍ਰਿਗੁਣ ਅਤੀਤ ਹੈ ਜਿਸਨੂੰ ਬਾਣੀ ਦੁਆਰੇ ਕਥਨ ਹੀ ਨਹੀਂ ਕੀਤਾ ਜਾ ਸਕਦਾ। ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਅੰਕਤ ਕੀਤਾ ਗਿਆ ਹੈ, ਜਿਵੇਂ ਕਿ :

ਕਥਿ ਕਥਿ ਬਾਦੁ ਕਰੇ ਦੁਖੁ ਹੋਈ॥
ਕਥਿ ਕਹਣੈ ਤੇ ਰਹੈ ਨ ਕੋਈ॥
*(ਬਿਲਾਵਲੁ ਮ: ੧, ਪੰਨਾ ੮੩੧)*

ਕਥਨੀ ਕਹਹਿ ਕਹਹਿ ਸੇ ਮੂਏ॥
ਸੋ ਪ੍ਰਭੁ ਦੂਰਿ ਨਾਹਿ ਪ੍ਰਭੁ ਤੂੰ ਹੈ॥
*(ਆਸਾ ਮ: ੧, ਪੰਨਾ ੩੫੪)*

ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ॥
ਕਥਨ ਕਹਣ ਕਉ ਸੋਝੀ ਨਾਹੀ
ਜੋ ਪੇਖੈ ਤਿਸੁ ਬਣਿ ਆਵੈ॥੨॥
ਸੋਈ ਜਾਣੈ ਕਰਣੈਹਾਰਾ ਕੀਤਾ ਕਿਆ ਬੇਚਾਰਾ॥
ਆਪਣੀ ਗਤਿ ਮਿਤਿ ਆਪੇ ਜਾਣੈ
ਹਰਿ ਆਪੇ ਪੂਰ ਭੰਡਾਰਾ॥੩॥
*(ਰਾਮਕਲੀ ਮ: ੫, ਪੰਨਾ ੮੮੩)*

ਕਥਨੈ ਕਹਣਿ ਨ ਛੁਟੀਐ
ਨਾ ਪੜਿ ਪੁਸਤਕ ਭਾਰ॥
ਕਾਇਆ ਸੋਚ ਨ ਪਾਈਐ
ਬਿਨੁ ਹਰਿ ਭਗਤਿ ਪਿਆਰ॥
*(ਸ੍ਰੀ ਰਾਗੁ ਮ: ੧, ਪੰਨਾ ੫੫)*

ਕਥਨੀ ਕਥਉ ਨ ਆਵੈ ਓਰੁ॥
ਗੁਰ ਪੁਛਿ ਦੇਖਿਆ ਨਾਹੀ ਦਰੁ ਹੋਰੁ॥
*(ਗਉੜੀ ਮ: ੧, ਪੰਨਾ ੨੨੩)*

ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥
*(ਜਪੁਜੀ, ਪੰਨਾ ੨)*

ਕਥਨੁ ਨ ਜਾਇ ਅਕਥੁ ਸੁਆਮੀ
ਸਦਕੈ ਜਾਇ ਨਾਨਕੁ ਵਾਰਿਆ॥
*(ਸ੍ਰੀ ਰਾਗੁ ਮ: ੫, ਪੰਨਾ ੮੧)*

ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ॥
*(ਸਲੋਕ ਮ: ੩, ਪੰਨਾ ੬੫੦)*

ਕਥਨੀ ਬਦਨੀ ਕਹਨੁ ਕਹਾਵਨੁ॥
ਸਮਝਿ ਪਰੀ ਤਉ ਬਿਸਰਿਓ ਗਾਵਨੁ॥੩॥
*(ਆਸਾ ਕਬੀਰ ਜੀ, ਪੰਨਾ ੪੮੯)*

ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ॥
*(ਗੂਜਰੀ ਮ: ੩, ਪੰਨਾ ੪੯੨)*

ਕਥਨੀ ਬਦਨੀ ਪੜਿ ਪੜਿ ਭਾਰੁ॥
ਲੇਖ ਅਸੰਖ ਅਲੇਖੁ ਅਪਾਰੁ॥੧॥
*(ਆਸਾ ਮ: ੧, ਪੰਨਾ ੪੧੨)*

ਇਸ ਤਰ੍ਹਾਂ ਬਾਣੀ ਵਿਚ ਉਸ ਪਰੀਪੂਰਨ ਪ੍ਰਮੇਸ਼ਰ ਦੀ ਅਕੱਥ ਕਥਾ ਨੂੰ ਅਨੇਕਾਂ ਥਾਵਾਂ 'ਤੇ ਕਥਨ ਕੀਤਾ ਗਿਆ ਹੈ, ਜਿਸਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਉਸ ਪ੍ਰਮੇਸ਼ਰ ਦੀ ਕਥਾ ਅਕੱਥ ਹੈ) ਜੋ ਸੁਆਦ ਤੇ ਬੋਲਣ (ਸ਼ਬਦ) ਤੋਂ ਪਰੇ ਹੈ, ਦੱਸੋ ਜੀਹਬਾ ਉਸ ਅਕੱਥ ਕਥਾ ਦਾ ਕੀ ਹਾਲ ਦਸ ਸਕਦੀ ਹੈ।
(੨) ਉਹ ਅਵਸਥਾ ਉਸਤਤੀ ਤੇ ਨਿੰਦਾ ਦੇ ਘੇਰੇ ਤੋਂ ਭੀ ਬਾਹਰ ਹੈ, ਨ ਕਥਨ ਤੇ ਨਾ ਕਿਸੇ ਕਵੀਸ਼ਰੀ (ਕਵਿਤਾ) ਵਿਚ ਹੀ ਆ ਸਕਦੀ ਹੈ।
(੩) ਉਹ ਦਸ਼ਾ ਤਾਂ ਹੈ ਹੀ ਅਸਚਰਜਤਾ ਤੇ ਹੈਰਾਨੀ ਵਾਲੀ, ਜੋ ਨੱਕ ਦੇ ਸੁੰਘਣ, ਸੁਗੰਧ ਤੇ ਸਵਾਸ ਤੋਂ ਵੀ ਨਾਸ਼ (ਰਹਿਤ) ਹੈ (ਭਾਵ, ਪ੍ਰਾਣਾਯਾਮ ਤੋਂ ਪਰੇ ਹੈ, ਅਰਥਾਤ (ਪ੍ਰਾਣਾਂ) ਦੀ ਪਕੜ ਵਿਚ ਨਹੀਂ ਹੈ।
(੪) (ਕਿਉਂ ਜੀ! ਆਖ਼ਰ ਹੈ ਕੀ) ਹੇ ਭਾਈ! ਆਤਮਾ ਦੀ ਇਸ (ਉਚ ਅਵਸਥਾ ਦਾ) ਨਾ ਕੋਈ ਰੰਗ ਹੈ, ਨਾ ਰੂਪ ਹੈ ਤੇ ਅੱਖਾਂ ਦੀ ਨਜ਼ਰ ਵਿਚ ਭੀ ਨਹੀਂ ਆਉਂਦੀ, ਨਾ ਧਿਆਨ (ਲਿਵ) ਵਿਚ ਹੀ ਆਉਂਦੀ ਹੈ। ਜੇ ਜ਼ੋਰ ਲਾ ਕੇ (ਧਿਙਾਣੇ) ਵੇਖਣਾ ਚਾਹੀਏ, ਤਾਂ ਵੀ ਸਫਲਤਾ ਨਹੀਂ ਹੋ ਸਕਦੀ।
(੫) (ਉਸ ਸ਼ਕਤੀ ਨੂੰ ਜੋ ਮਨੁੱਖੀ ਇੰਦ੍ਰਿਆਂ ਤੋਂ ਅਗੋਚਰ ਹੈ ਤੇ ਕਿੰਨੀ ਅਸਚਰਜਤਾ ਭਰੀ ਹੈ) ਜੋ ਬਿਨਾ ਆਸਰੇ ਧਰਤੀ ਵਿਚ ਅਤੇ ਬਿਨਾ ਆਸਰੇ ਹੀ ਖੜੇ ਅਕਾਸ਼ ਵਿਚ ਵੀ ਨਿਰੰਤਰ (ਲਗਾਤਾਰ) ਵਾਸਾ ਕਰ ਰਹੀ ਹੈ (ਹਾਂ ਇਕ)।
(੬) ਸਾਧ ਸੰਗਤ ਰੂਪ ਸੱਚਖੰਡ ਹੈ, ਜਿਥੇ ਗੁਰ-ਸ਼ਬਦ ਦੀ ਸਹਾਇਤਾ ਨਾਲ (ਇਸ ਅਨੰਤ ਤੇ ਅਥਾਹ) ਪ੍ਰਭੂ ਦੀ ਕੁਝ ਸੋਝੀ ਤੇ ਸਿਞਾਣ ਪ੍ਰਾਪਤ ਹੁੰਦੀ ਹੈ।
(੭) ਪ੍ਰਭੂ ਦੀ ਇਸ ਕੁਦਰਤ ਤੋਂ ਅਸੀਂ ਬਲਿਹਾਰ ਜਾਂਦੇ ਹਾਂ।੧੨।

*ਭਾਵਾਰਥ:* ਉਹ ਪਰੀਪੂਰਨ ਪ੍ਰਮੇਸ਼ਰ ਅਕਾਸ਼ ਵਾਙੂ ਹਰ ਥਾਂ ਪੂਰਨ ਹੋ ਕੇ ਵਿਆਪਕ ਹੋ ਰਿਹਾ ਹੈ, ਪਰ ਉਹ ਫਿਰ ਭੀ ਸਾਧ ਸੰਗ ਸੱਚਖੰਡ ਵਿਖੇ ਨਿਵਾਸ ਰਖਦਾ ਹੈ ਇਸ ਲਈ ਉਸ ਤੋਂ ਸਦਾ ਹੀ ਮਨ, ਬਾਣੀ ਸਰੀਰ ਕਰਕੇ ਵਾਰਨੇ ਜਾਓ, ਜਿਵੇਂ ਕਿ ਬਾਣੀ ਦਾ ਫੁਰਮਾਨ ਹੈ:

ਸਗਲ ਸ੍ਰਿਸਟਿ ਕੋ ਧਣੀ ਕਹੀਜੈ
ਜਨ ਕੋ ਅੰਗੁ ਨਿਰਾਰੋ॥ *(ਗੂਜਰੀ ਮ: ੫, ਪੰਨਾ ੪੯੮)*

## ੧੩. ਗੁਰਮੁਖਾਂ ਦਾ ਸੱਚਾ ਮਾਰਗ

**੧. ਗੁਰਮੁਖ ਪੰਥ ਅਗੰਮ ਹੈ**
**ਜਿਉਂ ਜਲ ਅੰਦਰ ਮੀਨ ਚਲੰਦਾ।**
**੨. ਗੁਰਮੁਖ ਖੋਜ ਅਲੱਖ ਹੈ**
**ਜਿਉਂ ਪੰਛੀ ਆਕਾਸ਼ ਉਡੰਦਾ।**
**੩. ਸਾਧਸੰਗਤਿ ਰਹਰਾਸਿ ਹੈ**
**ਹਰਿਚੰਦਉਰੀ ਨਗਰ ਵਸੰਦਾ।**
**੪. ਚਾਰਿ ਵਰਨ ਤੰਬੋਲ ਰਸ**
**ਪਿਰਮ ਪਿਆਲੇ ਰੰਗ ਚੜ੍ਹੰਦਾ।**
**੫. ਸ਼ਬਦ ਸੁਰਤਿ ਲਿਵਲੀਨ ਹੋਇ**
**ਚੰਦਨ ਵਾਸ ਨਿਵਾਸ ਕਰੰਦਾ।**
**੬. ਗਯਾਨ ਧਯਾਨ ਸਿਮਰਨ ਜੁਗਤਿ**
**ਕੂੰਜ ਕੂਰਮ ਹੰਸ ਵੰਸ ਵਧੰਦਾ।**
**੭. ਗੁਰਮੁਖ ਸੁਖ ਫਲ ਅਲਖ ਲਖੰਦਾ॥੧੩॥**

*ਪਦ ਅਰਥ:* ਪੰਥ—ਰਸਤਾ, ਭਾਵ ਅਨੁਭਵ। ਰਹਰਾਸਿ—ਸੱਚੀ ਰਹੁ-ਰੀਤੀ, ਸੱਚਾ ਰਸਤਾ (ਧਰਮ ਦਾ ਮਾਰਗ)। ਹਰਿਚੰਦਉਰੀ—ਭਰਮ ਤੇ ਸ਼ੰਕਿਆਂ ਦਾ ਨਗਰ। ਤੰਬੋਲ ਰਸ—ਪਾਨ ਦਾ ਸੁਆਦ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਪੁਰਾਤਨ ਸਮੇਂ ਤੋਂ ਕਈ ਪੰਥ ਪ੍ਰਚਲਤ ਹਨ, ਜਿਵੇਂ ਕਿ ਜੋਗੀਆਂ ਦੇ ਬਾਰਾਂ ਪੰਥ ਹਨ, ਇਸੇ ਤਰ੍ਹਾਂ ਹੋਰ ਭੀ ਅਨੇਕਾਂ ਪੰਥ ਪੁਰਾਤਨ ਪੁਸਤਕਾਂ ਵਿਚ ਪੜ੍ਹਨ ਤੇ ਸੁਣਨ ਵਿਚ ਆਉਂਦੇ ਹਨ, ਪਰ ਤੁਸੀਂ ਗੁਰਮਤ ਅਨੁਸਾਰ ਕਿਸ ਪੰਥ ਨੂੰ ਉੱਤਮ ਮੰਨਦੇ ਹੋ, ਦੱਸਣ ਦੀ ਕ੍ਰਿਪਾ ਕਰੋ ਤਾਂ ਕਿ ਅਸੀਂ ਭੀ ਉਸ ਸੱਚੇ ਮਾਰਗ ਪਰ ਨਿਸਚਾ ਕਰਨ ਦਾ ਉਪਰਾਲਾ ਕਰੀਏ ?

ਉ: ਹੇ ਭਾਈਓ ! ਸਿਆਣਿਆ ਨੇ ਦੋ ਹੀ ਪੰਥ ਸਹੀ ਮੰਨੇ ਹਨ, ਇਕ ਹੈ ਨਿਰੰਕਾਰੀ ਪੰਥ ਦੂਜਾ ਹੈ ਸੰਸਾਰੀ। ਜੋ ਸੰਸਾਰੀ ਪੰਥ 'ਤੇ ਸਫ਼ਰ ਕਰਦਾ ਹੈ ਉਹ ਸੰਸਾਰ ਦੇ ਆਵਾਗਵਨ ਦੇ ਚੱਕ੍ਰ ਵਿਚ ਸਦਾ ਹੀ ਗਵਨ ਕਰਦਾ, ਜੰਮਣ ਮਰਨ ਦਾ ਕਸ਼ਟ ਭੋਗਦਾ ਹੈ, ਪਰ ਜੋ ਗੁਰਮੁਖ ਨਿਰੰਕਾਰੀ ਪੰਥ ਪਰ ਟੁਰਦਾ ਹੋਇਆ ਜੀਵਨ ਗੁਜ਼ਾਰਦਾ ਹੈ ਉਹ ਅੰਤ ਨੂੰ ਨਿਰੰਕਾਰ ਦੇ ਸਤਿ ਸਰੂਪ ਵਿਚ ਲੀਨ ਹੋ ਜਾਂਦਾ ਹੈ, ਉਸੇ ਗੁਰਮੁਖ ਪੰਥ ਦਾ ਜ਼ਿਕਰ ਬਾਣੀ ਵਿਚ ਕਈ ਥਾਵਾਂ 'ਤੇ ਆਉਂਦਾ ਹੈ ਕਿ ਉਸ ਗੁਰਮੁਖ ਨੇ ਸੱਚੇ ਸੁਰਤੀ ਦੇ ਮਾਰਗ 'ਤੇ ਚਲਦਿਆਂ ਹੋਇਆਂ ਆਪਣੀ ਨਦਰ ਨੂੰ ਸੰਸਾਰੀ ਮਾਰਗ ਤੋਂ ਉਲਟਾ ਕੇ ਨਿਰੰਕਾਰੀ ਮਾਰਗ ਵੱਲ ਟੋਰ ਲਿਆ, ਜਿਸਦਾ ਸਦਕਾ ਉਨ੍ਹਾਂ ਦੇ ਅੰਤਰ ਆਤਮੇ ਗਿਆਨ ਦਾ ਪ੍ਰਕਾਸ਼ ਹੋ ਆਇਆ ਹੈ, ਜਿਵੇਂ ਕਿ ਬਾਣੀ ਵਿਚ ਫੁਰਮਾਨ ਆਇਆ ਹੈ :

ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥

*(ਪ੍ਰਭਾਤੀ ਮ: ੧, ਪੰਨਾ ੧੩੨੯)*

ਪ੍ਰ: ਭਾਈ ਸਾਹਿਬ ਜੀਉ ! ਜੋ ਗੁਰਮੁਖ ਗੁਰਮਤ ਅਨੁਸਾਰ ਜੀਵਨ ਗੁਜ਼ਾਰਦੇ ਹਨ, ਉਨ੍ਹਾ ਦੀ ਪਛਾਣ ਕੀ ਹੈ, ਕੋਈ ਨਿਸ਼ਾਨੀ ਦੱਸੋ ਜਿਸ ਦੁਆਰੇ ਉਨ੍ਹਾਂ ਦੀ ਜਾਣਕਾਰੀ ਹੋ ਸਕੇ ?

ਉ: ਹੇ ਭਾਈਓ ! ਗੁਰਬਾਣੀ ਦੁਆਰੇ ਜੋ ਕੁਝ ਮੈਨੂੰ ਗੁਰਮੁਖਾਂ ਦੇ ਚਿੰਨ੍ਹ ਵੇਖਣ ਤੇ ਸੁਣਨ, ਪੜ੍ਹਨ ਵਿਚ ਆਏ ਹਨ, ਉਹ ਇਹ ਹਨ, ਜਿਨ੍ਹਾਂ ਵਿਚੋਂ ਮੈਂ ਕੁਝ ਬਾਣੀ ਰਾਹੀ ਅੰਕਤ ਕਰਦਾ ਹਾਂ :

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨ ਗਾਏ ਜੀਉ ॥

*(ਮਾਝ ਮ: ੫, ਪੰਨਾ ੧੩੧)*

ਗੁਰਮੁਖਿ ਉਬਰੇ ਹਰਿ ਸਰਣਾਈ ॥
ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥

*(ਧਨਾਸਰੀ ਮ: ੩, ਪੰਨਾ ੬੬੬)*

ਗੁਰਮੁਖਿ ਵਿਚਹੁ ਹਉਮੈ ਜਾਇ ॥
ਗੁਰਮੁਖਿ ਮੈਲੁ ਨ ਲਾਗੈ ਆਇ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥
ਗੁਰਮੁਖਿ ਕਰਮ ਧਰਮ ਸਚਿ ਹੋਈ ॥
ਗੁਰਮੁਖਿ ਅਹੰਕਾਰੁ ਜਲਾਏ ਦੋਈ ॥
ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥

*(ਗਉੜੀ ਮ: ੩, ਪੰਨਾ ੨੩੦)*

ਗੁਰਮੁਖਿ ਆਪੁ ਗਵਾਇਆ
ਨਿਤ ਹਰਿ ਹਰਿ ਜਾਪੈ ਰਾਮ ॥

*(ਬਿਲਾਵਲੁ ਮ: ੫, ਪੰਨਾ ੮੪੪)*

ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ ॥ *(ਮ: ੩, ਪੰਨਾ ੮੭)*

ਜਗ ਮਹਿ ਆਇਆ ਸੋ ਪਰਵਾਣੁ ॥
ਗੁਰਮੁਖਿ ਅਪਨਾ ਖਸਮੁ ਪਛਾਣੁ ॥੨॥

*(ਗੋਂਡ ਮ: ੫, ਪੰਨਾ ੮੬੭)*

ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥

*(ਸਲੋਕ ਮ: ੩, ਪੰਨਾ ੬੪੬)*

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥

*(ਮਾਝ ਮ: ੩, ਪੰਨਾ ੧੧੮)*

ਗੁਰਮੁਖਿ ਏਹੁ ਮਨੁ ਜੀਵਤੁ ਮਰੈ
ਸਚਿ ਰਹੈ ਲਿਵ ਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ
ਹਉਮੈ ਸਬਦਿ ਜਲਾਇ ॥੨॥ *(ਮ: ੩, ਪੰਨਾ ੬੫੦)*

ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੭॥

*(ਸੂਹੀ ਮ: ੩, ਪੰਨਾ ੭੫੨)*

ਇਸ ਤਰ੍ਹਾਂ ਗੁਰਬਾਣੀ ਵਿਚ ਗੁਰਮੁਖਾਂ ਦੀ ਮਾਨਸਕ ਉਡਾਣ ਦਾ ਕਈ ਥਾਵਾਂ 'ਤੇ ਜ਼ਿਕਰ ਆਉਂਦਾ ਹੈ, ਜਿਨ੍ਹਾਂ ਦੀ ਵੀਚਾਰ ਕਰਨ ਤੋਂ ਸੋਝੀ

ਮਿਲਦੀ ਹੈ ਕਿ ਸਾਰੇ ਸੰਸਾਰ ਦੇ ਮੱਤਾਂ ਦਾ ਜਿਥੇ ਜਾ ਕੇ ਅੰਤ ਹੋ ਜਾਂਦਾ ਹੈ, ਗੁਰਮਤ ਉਥੋਂ ਅੱਗੇ ਅਰੰਭ ਹੁੰਦੀ ਹੈ। ਕਿਉਂਕਿ ਬਾਕੀ ਦੇ ਮੱਤ ਸਰੀਰਕ ਕਰਮ-ਕਾਂਡ ਕਰਨ ਵਿਚ ਹੀ ਉਲਝੇ ਰਹਿੰਦੇ ਹਨ ਤੇ ਇਸੇ ਕਰਮ-ਕਾਂਡ ਵਿਚ ਖ਼ਤਮ ਹੋ ਜਾਂਦੇ ਹਨ, ਪਰ ਸੱਚੇ ਰੱਬ ਤਕ ਪੁੱਜਣ ਦਾ ਮਾਰਗ ਤਾਂ ਸਰੀਰਕ ਕਰਮ-ਕਾਂਡ ਕਰਦੇ ਰਹਿਣ ਨਾਲ ਨਹੀਂ ਮੁੱਕਦਾ, ਕਿਉਂ ਕਿ ਉਸ ਰੱਬੀ ਮਾਰਗ 'ਤੇ ਸਰੀਰ ਨੇ ਨਹੀਂ ਸਫ਼ਰ ਕਰਨਾ ਉਹ ਤਾਂ ਸੁਰਤੀ ਦਾ ਮਾਰਗ ਹੈ ਜਿਸ ਮਾਰਗ ਨੂੰ ਗੁਰਮੁਖਾਂ ਦੀ ਸੁਰਤੀ ਨੇ ਅਭਿਆਸ ਕਰਦਿਆਂ ਸਹਿਜੇ ਸਹਿਜੇ ਉਸ ਸੱਚੇ ਮਾਰਗ ਦੇ ਸਫ਼ਰ ਨੂੰ ਤਹਿ ਕਰ ਲਿਆ ਹੈ। ਉਨ੍ਹਾਂ ਗੁਰਮੁਖਾਂ ਦੀ ਮਾਨਸਕ ਅਵਸਥਾ ਨੂੰ ਮੈਂ ਬਾਣੀ ਵਿਚੋਂ ਖੋਜ ਕਰਕੇ ਇਸ ਪਉੜੀ ਵਿਚ ਇਸ਼ਾਰੇ ਮਾਤ੍ਰ ਅੰਕਤ ਕਰਨ ਦਾ ਜਤਨ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ ! ਮੈਨੂੰ ਤਾਂ ਗੁਰਬਾਣੀ ਦੁਆਰੇ ਇਹੋ ਸੋਝੀ ਆਈ ਹੈ ਕਿ) ਗੁਰਮੁਖ ਦਾ ਪੰਥ (ਰਸਤਾ) ਅਗੰਮ (ਅਨੁਭਵੀ) ਹੈ। ਜਿਸਦਾ ਅਨੁਭਵ ਕਿਸੇ ਹੋਰ ਨੂੰ ਨਹੀਂ ਹੋ ਸਕਦਾ। ਜਿਵੇਂ ਮੱਛੀ ਪਾਣੀ ਵਿਚ ਵੱਸਦੀ ਹੈ, (ਉਹ ਪਾਣੀ ਵਿਚ ਜਿਧਰ ਵੀ ਜਾਏ, ਉਹੀ ਉਸਦਾ ਰਸਤਾ ਹੈ, ਇਸੇ ਤਰ੍ਹਾਂ ਗੁਰਮੁਖ ਵੀ ਅਨੁਭਵ ਨਾਲ ਜਿਧਰ ਚਾਹੇ ਜਾ ਸਕਦਾ ਹੈ।

(੨) (ਹੇ ਪਿਆਰੇ) ਗੁਰਮੁਖ ਦਾ ਰਸਤਾ ਅਲੱਖ ਹੈ (ਨਜ਼ਰ ਨਹੀਂ ਔਂਦਾ) ਕਿਸ ਤਰ੍ਹਾਂ ? (ਮਿਸਾਲ ਦੇਂਦੇ ਹਨ) ਜਿਵੇਂ ਪੰਛੀ ਅਕਾਸ਼ ਵਿਚ ਉੱਡਦਾ ਹੈ, (ਖੁਲ੍ਹੇ ਅਕਾਸ਼ ਵਿਚ ਜਿਧਰ ਚਾਹੇ ਉੱਡ ਜਾਂਦਾ ਹੈ, ਪਰ ਉਸਦਾ ਨਿਸ਼ਾਨ ਨਹੀਂ ਲੱਭ ਸਕਦਾ।)

(੩) (ਪਰ) ਸਾਧ ਸੰਗਤ ਹੀ ਰਹੁ-ਰੀਤੀ ਦਾ ਸੱਚਾ ਮਾਰਗ ਹੈ, (ਬਾਕੀ ਸੰਸਾਰ ਤਾਂ) ਭਰਮ ਭੁਲੇਖਿਆਂ ਦੀ ਨਗਰੀ ਵਾਂਗ ਵੱਸ ਰਿਹਾ ਹੈ।

(੪) (ਜਦੋਂ ਵੀਚਾਰ ਕਰੀਏ ਤਾਂ) ਚਾਰੇ ਵਰਨਾਂ (ਦੇ ਮੱਤ ਰਸਤੇ) ਵਖੋ ਵੱਖ ਹਨ, (ਜਿਵੇਂ ਪਾਨ ਵਿਚ ਪਏ ਕੱਥਾ, ਸੁਪਾਰੀ ਤੇ ਚੂਨਾ ਆਦਿ ਵਖੋ ਵਖ ਹਨ, ਪਰ ਮਿਲ ਕੇ) ਇਕ ਲਾਲ ਰੰਗ ਬਣਦਾ ਹੈ (ਪਰ ਗੁਰਮੁਖ ਦੇ) ਪ੍ਰੇਮ ਪਿਆਲੇ ਦੇ ਰਸ ਦਾ ਰੰਗ ਚੜ੍ਹਦੇ ਤੋਂ ਚੜ੍ਹਦਾ ਹੈ (ਜਿਸਦੀ ਕੋਈ ਰੀਸ ਨਹੀਂ ਕਰ ਸਕਦਾ)। ਦ੍ਰਿਸ਼ਟਾਂਤ (ਚਾਰ ਵਰਨਾਂ ਦੇ ਮਨੁੱਖ ਸਾਧ ਸੰਗਤ ਵਿਚ ਆ ਕੇ ਇਕੋ ਹੀ ਕਹਾਉਂਦੇ ਹਨ)। ਉਨ੍ਹਾਂ ਦਾ ਕੋਈ ਜਾਤ ਵਰਣ ਨਹੀਂ ਰਹਿ ਜਾਂਦਾ।

(੫) (ਗੁਰੂ ਦੇ) ਸ਼ਬਦ ਦੀ ਸੁਰਤ ਦੀ ਲਿਵ ਵਿਖੇ ਲੀਨ ਹੋ ਕੇ ਚੰਦਨ ਦੀ ਵਾਸ਼ਨਾ ਦੇ ਨਿਵਾਸ (ਵਾਂਗ ਜਗਯਾਸੂਆਂ ਨੂੰ ਆਪਣੇ ਜਿਹਾ ਚੰਦਨ) ਕਰਦੇ ਹਨ।

(੬) (ਗੁਰਮੁਖ) ਗਿਆਨ ਧਿਆਨ ਅਤੇ ਸਿਮਰਨ ਦੀ ਜੁਗਤੀ ਨੂੰ ਕੂੰਜ, ਕੱਛੂ ਅਤੇ ਹੰਸ ਦੀ ਵੰਸ (ਵਾਙੂ) ਵਧਾਉਂਦੇ ਹਨ। (ਜਿਵੇਂ ਕੂੰਜ ਤੇ ਕਛੂ ਸਿਮਰਨ ਦੇ ਗਿਆਨ ਧਿਆਨ ਨਾਲ, ਬਿਨਾਂ ਦੁਧ ਦੇ ਆਪਣੇ ਬਚਿਆਂ ਨੂੰ ਪਾਲ ਲੈਂਦੇ, ਤੇ ਹੰਸ ਆਪਣੇ ਧਿਆਨ ਦੇ ਬਲ ਨਾਲ ਦੁੱਧ ਤੇ ਪਾਣੀ ਨੂੰ ਵਖੋ ਵਖ ਕਰ ਦਿਖਾਉਂਦੇ ਹਨ)।

(੭) (ਪਰ) ਗੁਰਮੁਖ ਦਾ ਸੁਖ ਫਲ ਇਹੋ ਹੈ ਕਿ ਉਹ ਇਨ੍ਹਾਂ ਗਿਆਨ ਧਿਆਨ ਤੇ ਸਿਮਰਨ ਦੀਆਂ ਬਰਕਤਾਂ ਦੇ ਸਹਾਰੇ ਉਸ ਅਲੱਖ (ਪ੍ਰਮੇਸ਼ਰ) ਨੂੰ ਜਾਣ ਜਾਂਦੇ ਹਨ। (ਅਤੇ) ਸਾਧ ਸੰਗਤ ਵਿਚ ਇਹ ਗਿਆਨ ਹੋਰਨਾਂ ਨੂੰ ਵੀ ਜਣਾ ਦੇਂਦੇ ਹਨ)।੧੩।

*ਭਾਵਾਰਥ :* ਸੰਸਾਰ ਦੇ ਅਰੰਭ ਕਾਲ ਤੋਂ ਹੀ ਅਨੇਕਾਂ ਵ੍ਖੋ ਵਖ ਮੱਤ ਪਰਚਲਤ ਹਨ, ਜਿਨ੍ਹਾਂ ਵਿਚੋਂ ਮੱਤ ਗਿਣਤੀ ਦੇ ਘਟੇ ਨਹੀਂ ਸਗੋਂ ਦਿਨ-ਬ-ਦਿਨ ਇਨ੍ਹਾਂ ਵਿਚ ਵਾਧਾ ਹੀ ਹੁੰਦਾ ਗਿਆ ਹੈ। ਜਿਵੇਂ ਵੀਚਾਰ ਕਰਨ ਤੋਂ ਸੋਝੀ ਹੋ ਆਉਂਦੀ ਹੈ ਕਿ ਇਕ ਇਕ ਵਰਣ ਵਿਚ ਕਈ ਕਈ ਮੱਤ ਹਨ, ਜਿਨ੍ਹਾਂ ਦਾ ਪ੍ਰਸਪਰ ਬੜਾ ਹੀ ਮੱਤ ਭੇਦ ਵੇਖਣ ਵਿਚ ਆਉਂਦਾ ਹੈ, ਇਹ ਅੰਤਰਾ ਕੇਵਲ ਇੰਡੀਆ ਵਿਚ ਹੀ ਨਹੀਂ ਸਗੋਂ ਬਾਹਰਲੀਆਂ ਕੰਟਰੀਆਂ ਦੇ ਗੋਰਿਆਂ ਵਿਚ ਭੀ ਵੇਖਣ ਵਿਚ ਆਇਆ ਹੈ। ਲੇਖਕ ਨੂੰ ਤਾਂ ਇਹ ਭੀ ਤੱਕਣ ਵਿਚ ਆਇਆ ਹੈ ਕਿ ਕਈ ਗੋਰਿਆਂ ਦੇ ਪਰਵਾਰਾਂ ਵਿਚ ਤਾਂ ਜਿਤਨੇ ਜਿਤਨੇ ਮੈਂਬਰ ਵੱਸਦੇ ਹਨ, ਉਨ੍ਹਾਂ ਦੇ ਚਰਚ ਭੀ ਵਖੋ ਵਖ ਹਨ, ਜਿਵੇਂ ਕਿ ਜਿਸ ਚਰਚ ਵਿਚ ਗੋਰਾ ਜਾਂਦਾ ਹੈ ਉਸ ਵਿਚ ਉਸਦੀ ਗੋਰੀ ਨਹੀਂ ਜਾਂਦੀ, ਉਸਦਾ ਚਰਚ ਵਖਰਾ ਹੈ। ਪਰ ਗੁਰਮਤ ਨੇ ਤਾਂ ਸਰਬ ਨੂੰ ਸਾਂਝੀ-ਵਾਲਤਾ ਦਾ ਉਪਦੇਸ਼ ਹੀ ਦਿੱਤਾ ਹੈ, ਜਿਸ ਪਰ ਜੀਵਨ ਗੁਜ਼ਾਰਦਿਆਂ ਹੋਇਆਂ ਗੁਰਮੁਖਾਂ ਨੇ ਗੁਰਮਤ ਦੇ ਸਹੀ ਮਾਰਗ ਨੂੰ ਸਮਝਿਆ ਹੈ, ਜਿਸ ਵਿਚ ਬਾਣੀ ਦਾ ਇਹ ਫੁਰਮਾਨ ਆਉਂਦਾ ਹੈ :

ਏਕੁ ਪਿਤਾ ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰ ਹਾਈ ॥

*(ਸੋਰਠਿ ਮ: ੫, ਪੰਨਾ ੬੧੧)*

## ੧੪. ਪ੍ਰਮੇਸ਼ਰ ਬੇਅੰਤ ਤੇ ਅਲੱਖ ਹੈ

੧. ਬ੍ਰਹਮਾਦਿਕ ਵੇਦਾਂ ਸਣੈ
ਨੇਤਿ ਨੇਤਿ ਕਰਿ ਭੇਦ ਨ ਪਾਯਾ।
੨. ਮਹਾਂਦੇਵ ਅਵਧੂਤ ਹੋਇ
ਨਮੋ ਨਮੋ ਕਰਿ ਧਜਾਨ ਨ ਆਯਾ।
੩. ਦੱਸ ਅਵਤਾਰ ਅਕਾਰ ਕਰਿ
ਏਕੰਕਾਰ ਨ ਅਲਖ ਲਖਾਯਾ।
੪. ਰਿਧਿ ਸਿਧਿ ਨਿਧਿ ਲੈ ਨਾਥ ਨਉਂ
ਆਦਿ ਪੁਰਖ ਆਦੇਸ ਕਰਾਯਾ।
੫. ਸਹਸ ਨਾਂਵ ਲੈ ਸਹਸ ਮੁਖ
ਸਿਮਰਨ ਸੰਖ ਨ ਨਾਉਂ ਧਿਆਯਾ।
੬. ਲੋਮਸ ਤਪ ਕਰਿ ਸਾਧਨਾ
ਹਉਮੈਂ ਸਾਧਿ ਨ ਸਾਧੁ ਸਦਾਯਾ।
੭. ਚਿਰਜੀਵਣ ਬਹੁ ਹੰਢਣਾ
ਗੁਰਮੁਖ ਸੁਖ ਫਲ ਪਲੁ ਨ ਚਖਾਯਾ।
੮. ਕੁਦਰਤਿ ਅੰਦਰ ਭਰਮ ਭੁਲਾਯਾ ॥੧੪॥

*ਪਦ ਅਰਥ:* ਨੇਤਿ—ਬੇਅੰਤ। ਆਦੇਸ—ਪ੍ਰਣਾਮ, ਨਮਸਕਾਰ। ਸਹਸ—ਹਜ਼ਾਰ। ਸੰਖ—ਗਿਣਤੀ। ਸਾਧਿ—ਜਿੱਤਣਾ। ਬਹੁ ਹੰਢਣਾ—ਬੜਾ ਸਮਾਂ ਸਰੀਰ ਨੂੰ ਹੰਢਾਉਣ ਵਾਲਾ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਤਾਂ ਹਿੰਦੂ ਮੱਤ ਦੇ ਪੁਰਾਤਨ ਪੁਸਤਕਾਂ ਨੂੰ ਹਰ ਪੱਖੋਂ ਹੀ ਪੂਰੀ ਤਰ੍ਹਾਂ ਘੋਖਿਆ ਹੈ, ਜਿਨ੍ਹਾਂ ਵਿਚ ਪੁਰਾਤਨ ਦੇਵਤਿਆਂ, ਰਿਖੀਆਂ, ਮੁਨੀਆ ਦੇ ਜੀਵਨਾਂ ਨੂੰ ਬੜੇ ਵਿਸਥਾਰ ਪੂਰਵਕ ਅੰਕਤ ਕੀਤਾ ਗਿਆ ਹੈ, ਉਨ੍ਹਾਂ ਵਿਚ ਤਾਂ ਅਜਿਹੇ ਤਪੀਏ ਭੀ ਹੋ ਗੁਜ਼ਰੇ ਹਨ, ਜਿਨ੍ਹਾਂ ਨੇ ਆਪਣੇ ਜੀਵਨ ਦੇ ਹਜ਼ਾਰਾਂ ਸਾਲ ਇਸ ਲਈ ਤਪੱਸਿਆ ਕਰਨ ਵਿਚ ਗੁਜ਼ਾਰ ਦਿਤੇ ਸਨ ਕਿ ਅਸੀਂ ਉਸ ਪ੍ਰਮੇਸ਼ਰ ਦੇ ਸਹੀ ਸਰੂਪ ਨੂੰ ਲਖ ਸਕੀਏ, ਕੀ ਦਸੋਗੇ ਕਿ ਉਨ੍ਹਾ ਵਿਚੋਂ ਕਿਸੇ ਨੂੰ ਸਫਲਤਾ ਵੀ ਪ੍ਰਾਪਤ ਹੋਈ ਹੈ?

ਉ: ਹੇ ਭਾਈਓ! ਇਹ ਠੀਕ ਹੈ ਕਿ ਮੈਨੂੰ ਹਿੰਦੂ ਮੱਤ ਦੇ ਸਨਾਤਨੀ ਬੇਦਾਂ ਸ਼ਾਸਤ੍ਰਾਂ ਦੇ ਵੀਚਾਰਨ ਦਾ ਕਾਫ਼ੀ ਸਮਾਂ ਮਿਲਿਆ ਹੈ ਤੇ ਉਨ੍ਹਾਂ ਵਿਚ ਉਹ ਪੁਰਾਣਕ ਕਥਾਵਾਂ ਭੀ ਮੇਰੇ ਵਾਚਣ ਵਿਚ ਆਈਆਂ ਹਨ, ਕਿ ਜੋ ਲੋਕ ਘਰ ਬਾਰ ਨੂੰ ਤਿਆਗ ਕੇ ਹਰੀ ਦੇ ਮਿਲਾਪ ਲਈ ਟੁਰੇ ਸਨ, ਉਹ ਰਸਤੇ ਵਿਚ ਹੀ ਉਲਝ ਗਏ ਕਿਉਂਕਿ ਉਨ੍ਹਾਂ ਦੇ ਮਨ ਵਿਚੋਂ ਵਿਕਾਰਾਂ ਦੀ ਵਾਸ਼ਨਾ ਨਹੀਂ ਸੀ ਮਿਟ ਸਕੀ, ਇਸ ਭਾਵ ਨੂੰ ਭੀ ਬਾਣੀ ਨੇ ਉਜਾਗਰ ਕੀਤਾ ਹੈ, ਜਿਵੇਂ ਕਿ:

ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥

*(ਸਲੋਕ ਕਬੀਰ ਜੀ, ਪੰਨਾ ੧੩੬੯)*

ਪਰ ਜੋ ਮੁਨੀ ਲੋਕ ਥੋੜ੍ਹੇ ਅਗੇ ਵੀ ਵਧੇ ਉਹ ਮਾਣ ਪਤਿਸ਼ਟਾ ਦੇ ਚੱਕ੍ਰ ਵਿਚ ਘਿਰ ਗਏ ਇਸ ਤੋਂ ਅਗੇ ਉਹ ਭੀ ਨਹੀਂ ਚਲ ਸਕੇ, ਇਸ ਭਾਵ ਨੂੰ ਵੀ ਬਾਣੀ ਵਿਚ ਪ੍ਰਗਟਾਇਆ ਹੈ:

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥

*(ਸਲੋਕ ਕਬੀਰ ਜੀ, ਪੰਨਾ ੧੩੭੨)*

ਪ੍ਰ: ਕਿਉਂ ਭਾਈ ਸਾਹਿਬ ਜੀਉ! ਜੋ ਆਦੀ ਦੇਵਤਾ ਬ੍ਰਹਮਾ, ਜਾਂ ਉਸਦੇ ਉਚਾਰਨ ਕੀਤੇ ਹੋਏ ਚਾਰੇ ਵੇਦ ਮੰਨੇ ਜਾਂਦੇ ਹਨ ਇਹ ਤਾਂ ਉਸ ਪ੍ਰਮੇਸ਼ਰ ਦੇ ਸਹੀ ਸਰੂਪ ਦਾ ਕਥਨ ਕਰ ਸਕਦੇ ਹੋਣਗੇ, ਇਸ ਬਾਰੇ ਆਪ ਦੇ ਕੀ ਵੀਚਾਰ ਹਨ?

ਉ: ਹੇ ਭਾਈਓ! ਇਸ ਸੰਬੰਧ ਵਿਚ ਮੇਰੇ ਆਪਣੇ ਵੀਚਾਰ ਭਾਵੇਂ ਕੁਝ ਭੀ ਨਹੀਂ ਪਰ, ਬਾਣੀ ਦੀ ਵੀਚਾਰ ਕਰਦਿਆਂ ਜੋ ਮੈਨੂੰ ਜਾਣਕਾਰੀ ਮਿਲੀ ਹੈ ਉਸ ਤੋਂ ਇਹ ਬੋਧ ਮਿਲ ਸਕਿਆ ਹੈ ਕਿ ਬ੍ਰਹਮਾ ਤੇ ਬ੍ਰਹਮੇ ਦੇ ਉਚਾਰਨ ਕੀਤੇ ਹੋਏ ਚਾਰੇ ਵੇਦ ਤਾਂ ਉਸ ਪ੍ਰਭੂ ਦਾ ਰੰਚਕ ਮਾਤ੍ਰ ਭੀ ਭੇਦ ਨਹੀਂ ਜਾਣ ਸਕਦੇ, ਜਿਵੇਂ ਕਿ ਬਾਣੀ ਵਿਚ ਫ਼ੁਰਮਾਨ ਆਇਆ ਹੈ:

ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥
ਅਪਨੀ ਗਤਿ ਆਪਿ ਜਾਨੈ ॥
ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥

ਸੰਕਰਾ ਨਹੀ ਜਾਨਹਿ ਭੇਵ॥
ਖੋਜਤ ਹਾਰੇ ਦੇਵ॥
ਦੇਵੀਆ ਨਹੀ ਜਾਨੈ ਮਰਮ॥
ਸਭ ਊਪਰਿ ਅਲਖ ਪਾਰਬ੍ਰਹਮ॥੨॥

*(ਰਾਮਕਲੀ ਮ: ੫, ਪੰਨਾ ੮੯੪)*

ਭਾਵ ਹੈ ਕਿ ਜਦ ਬ੍ਰਹਮਾ ਹੀ ਉਸਦੇ ਭੇਦ ਨੂੰ ਨਹੀ ਜਾਣ ਸਕਦਾ ਤਾਂ ਉਸਦੇ ਉਚਾਰਨ ਕੀਤੇ ਚਾਰੇ ਬੇਦ ਉਸਦੀ ਮਹਿਮਾ ਨੂੰ ਕਿਵੇਂ ਜਾਣ ਸਕਦੇ ਹਨ, ਇਸੇ ਤਰ੍ਹਾਂ ਹੋਰ ਅਵਤਾਰ, ਸ਼ਿਵਜੀ, ਦੇਵੀ ਦੇਵਤੇ ਭੀ ਉਸਦੇ ਮਰਮ ਨੂੰ ਨਹੀਂ ਜਾਣ ਸਕਦੇ, ਕਿਉਂਕਿ ਉਹ ਪਾਰਬ੍ਰਹਮ ਪ੍ਰਮੇਸ਼ਰ ਸਭ ਤੋਂ ਉਪਰ ਹੈ। ਇਸੇ ਲਈ ਬੁੱਧੀ ਜੀਵੀਆਂ ਨੇ ਕਿਹਾ ਹੈ ਕਿ (ਨੇਤ ਨੇਤ ਕਥੰਤ ਵੇਦਾ)।

ਇਸੇ ਭਾਵ ਨੂੰ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਪ੍ਰਤੀ ਪ੍ਰਗਟਾਇਆ ਸੀ, ਜਦੋਂ ਸਿੱਧਾਂ ਨੇ ਕਿਹਾ ਕਿ ਹੇ ਨਾਨਕ! ਜੇ ਤੁਸਾਂ ਉਸ ਸਤਿ ਸਰੂਪ ਨੂੰ ਜਾਣ ਲਿਆ ਹੈ ਤਾਂ ਕਹਿ ਦਿਓ, ਤਾਂ ਆਪ ਨੇ ਸਿੱਧਾਂ ਨੂੰ ਇਹੋ ਕਿਹਾ ਸੀ ਕਿ ਹੇ ਸਿੱਧੋ! ਸੁਣੋ:

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥

*(ਜਪੁਜੀ, ਪੰਨਾ ੫)*

ਹੇ ਸਿੱਧੋ! ਸੁਣੋ ਜੇ ਮੈਂ ਉਸ ਪਰੀ ਪੂਰਨ ਪ੍ਰਮੇਸ਼ਰ ਨੂੰ ਜਾਣ ਭੀ ਲਿਆ ਹੈ ਤਾਂ ਮੈਂ ਆਖਣਾ ਨਹੀਂ, ਕਿਉਂਕਿ ਉਹ ਮੇਰੇ ਕਹਿਣ ਤੇ ਕਥਨ ਵਿਚ ਆਉਂਦਾ ਹੀ ਨਹੀਂ। ਇਸੇ ਭਾਵ ਨੂੰ ਅਗੇ ਹੋਰ ਕਥਨ ਕਰਦੇ ਹਨ ਕਿ ਹੇ ਭਾਈਓ! ਸੁਣੋ:

ਕਿਆ ਹਉ ਕਥੀ ਕਥੇ ਕਥਿ ਦੇਖਾ
ਮੈ ਅਕਥੁ ਨ ਕਥਨਾ ਜਾਈ॥

*(ਬਿਲਾਵਲੁ ਮ: ੧, ਪੰਨਾ ੭੯੫)*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਜਿਨ੍ਹਾਂ ਵਿਚ ਉਸ ਪ੍ਰਮੇਸ਼ਰ ਨੂੰ ਕਹਿਣ ਤੇ ਕਥਨ ਵਲੋਂ ਅਕੱਥ ਦਰਸਾਇਆ ਹੈ, ਉਨ੍ਹਾਂ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆ ਉਚਾਰਨ ਕੀਤੀਆਂ ਹਨ:

(੧) (ਹੇ ਭਾਈਓ! ਮੈਂ ਤਾਂ ਵੇਖਦਾ ਹਾਂ ਕਿ) ਬ੍ਰਹਮਾ ਵਰਗੇ ਵੇਦਾਂ ਦੇ ਸਮੇਤ (ਭਾਵ ਵੇਦਾਂ ਦੇ ਗਿਆਨ ਨੂੰ ਲਿਖ ਲਿਖ ਕੇ ਅਖ਼ੀਰ ਇਹੋ ਗੱਲ ਕਹੀ) ਕਿ ਉਸ ਪ੍ਰਭੂ ਦਾ ਭੇਦ ਨਹੀਂ ਮਿਲਦਾ, ਉਹ ਬੇਅੰਤ ਹੈ, ਬੇਅੰਤ ਹੈ।

(੨) ਮਹਾਦੇਉ (ਸ਼ਿਵਜੀ) ਨੇ ਅਵਧੂਤ (ਵੈਰਾਗ ਤੇ ਅਤੀਤ ਬਣ) ਸਰੀਰ ਤੇ ਸੁਆਹ ਮਲ ਕੇ, ਧਿਆਨ ਵਿਚ ਜੁੜ, ਸਮਾਧੀ ਲਾ ਸਿਮਰਨ ਕੀਤਾ, (ਪਰ ਉਸਦੇ) ਧਿਆਨ ਵਿਚ ਭੀ ਪ੍ਰਭੂ ਜੀ ਨ ਆਏ।

(੩) ਦਸ ਅਵਤਾਰਾਂ ਨੇ ਅਕਾਰ (ਸਰੂਪ) ਕੀਤੇ ਜੋ ਵੱਡੀਆਂ ਸ਼ਕਤੀਆਂ ਵਾਲੇ ਤੇ ਸੂਰਮੇ ਬਹਾਦਰ ਸਨ, (ਪਰ ਉਨ੍ਹਾਂ ਨੇ ਵੀ) ਏਕੰਕਾਰ (ਪ੍ਰਮੇਸ਼ਰ) ਜੋ ਅਲੱਖ ਹੈ ਉਸਨੂੰ ਨਹੀਂ ਜਾਣਿਆ (ਸਭ ਕੁਝ ਆਪ ਹੀ ਬਣ ਬੈਠੇ ਤੇ ਲੋਕਾਂ ਕੋਲੋਂ ਆਪਣਾ ਨਾਮ ਹੀ ਜਪਾਇਆ)।

(੪) ਰਿੱਧੀਆਂ, ਸਿੱਧੀਆਂ ਤੇ ਨੌ ਨਿੱਧੀਆਂ ਪ੍ਰਾਪਤ ਕਰਕੇ (ਭਾਵ, ਸ਼ਕਤੀਆਂ ਨਾਲ ਦੇਖ ਭਾਲ ਕਰਕੇ ਵੀ, ਜਦ ਸਮਝ ਆਈ ਕਿ ਅਸੀਂ ਤਾਂ ਅਜੇ ਊਣੇ ਹੀ ਹਾਂ ਤਾਂ) ਉਨ੍ਹਾਂ ਨੇ ਪ੍ਰਭੂ (ਆਦਿ ਪੁਰਖ) ਨੂੰ ਨਮਸਕਾਰਾਂ ਕੀਤੀਆਂ।

(੫) ਸ਼ੇਸ਼ ਨਾਗ ਦੇ ਹਜ਼ਾਰ ਮੂੰਹ ਹਨ, ਤੇ ਹਰ ਮੂੰਹ ਨਾਲ, ਪ੍ਰਭੂ ਦਾ ਉਹ ਰੋਜ਼ ਨਵਾਂ ਨਾਮ ਉਚਾਰਨ ਕਰਦਾ ਹੈ, ਪਰ ਇਸ ਤਰ੍ਹਾਂ ਦੇ ਸਿਮਰਨ ਕਰਨ ਨਾਲ ਵੀ ਪ੍ਰਭੂ ਦੇ ਨਾਵਾਂ ਦੀ ਗਿਣਤੀ ਮੁੱਕੀ ਨ।

(੬) ਲੋਮਸ ਰਿਖੀ ਨੇ ਤਪ ਕੀਤਾ, ਵੱਡੀਆਂ ਸਾਧਨਾਂ ਸਾਧੀਆਂ ਜਿਸ ਨਾਲ ਉਸਦੀ ਸਗੋਂ ਹਉਮੈ ਵਧੀ। ਉਹ ਆਪਣੀ ਹਉਮੈ ਨੂੰ ਸਾਧ (ਭਾਵ ਮਾਰ ਕੇ) ਆਪਣੇ ਆਪ ਨੂੰ (ਸੱਚਾ) ਸਾਧ ਨ ਬਣਾ ਸਕਿਆ।

(੭) ਲੰਮੀ ਉਮਰ ਤੇ ਚਿਰ ਜੀਵਨ ਨੂੰ ਹੰਢਾਉਣ ਵਾਲੇ (ਦੱਤਾ ਤਰੇਅ ਤੇ ਲੋਮਸ ਰਿਖੀ) ਨੇ ਗੁਰਮੁਖਤਾਈ ਦੇ ਸੁਖ ਫਲ ਦਾ ਇਕ ਪਲ ਲਈ ਵੀ ਰਸ ਨ ਚਖਿਆ (ਭਾਵ, ਨਿਰਮਾਣਤਾ ਵਲੋਂ ਉੱਕਾ ਹੀ ਕੋਰੇ ਰਹੇ)।

(੮) (ਪਿਛੇ ਕਹੇ ਸਾਰੇ) ਕੁਦਰਤ ਦੇ ਅੰਦਰ ਹੀ ਭਰਮ ਵਿਖੇ ਭੁਲੇ ਰਹੇ (ਗੁਰਮੁਖਾਂ ਦਾ ਅਨੰਦ ਨ ਮਾਣਿਆ)।੧੪।

***ਭਾਵਾਰਥ :*** ਕਹਿੰਦੇ ਹਨ ਕਿ ਬ੍ਰਹਮਾ ਜੀ ਨੇ ਚੌਹਾਂ ਵੇਦਾਂ ਵਿਚ ਇਕ ਲੱਖ ਸਲੋਕ ਰਚਿਆ ਹੈ, ਜਿਨ੍ਹਾਂ ਵਿਚ ਅੱਸੀ ਹਜ਼ਾਰ ਸਲੋਕਾਂ ਅੰਦਰ ਕੇਵਲ ਕਰਮ-ਕਾਂਡ ਕਰਨ ਦੀ ਵਿਧੀ ਦਰਸਾਈ ਹੈ।

ਸੋਲਾਂ ਹਜ਼ਾਰ ਸਲੋਕ ਕੇਵਲ ਕਰਮ-ਕਾਂਡ ਕਰਨ ਦੇ ਸਾਧਨਾਂ ਬਾਰੇ ਹੀ ਜਾਣਕਾਰੀ ਦੇਂਦਾ ਹੈ।

ਕੇਵਲ ਚਾਰ ਹਜ਼ਾਰ ਸਲੋਕ ਬਾਕੀ ਜੋ ਰਹਿੰਦੇ ਹਨ ਉਨ੍ਹਾਂ ਵਿਚ ਗਿਆਨ ਕਾਂਡ ਬਾਰੇ ਕੁਝ ਜਾਣਕਾਰੀ ਦਿਤੀ ਗਈ ਹੈ। ਗੁਰਬਾਣੀ ਵਿਚ ਸਤਿਗੁਰੂ ਜੀ ਨੇ ਨਿਰੋਲ ਰੱਬੀ ਮਾਰਗ 'ਤੇ ਚਲਣ ਵਾਲੇ ਜਗਿਆਸੂ ਨੂੰ ਕੇਵਲ ਗਿਆਨ ਮਾਰਗ

ਪਰ ਟੁਰਦੇ ਰਹਿ ਕੇ ਰੱਬੀ ਦਰਬਾਰ ਵਿਚ ਪੁੱਜਣ ਦੀ ਪ੍ਰੇਰਨਾ ਕੀਤੀ ਹੈ। ਇਸ ਲਈ ਇਸ ਗੁਰਮਤ ਨੂੰ ਅਪਨਾਉਣ ਵਾਲੇ ਅਧਿਕਾਰੀ ਆਪਣੀ ਇਸ ਜੀਵਨ ਯਾਤਰਾ ਨੂੰ ਸਫਲ ਕਰ ਜਾਂਦੇ ਹਨ।

## ੧੫. ਮਾਯਾ ਦੇ ਅੰਧੇਰੇ ਵਿਚੋਂ ਪ੍ਰਭੂ ਦੀ ਪ੍ਰਾਪਤੀ

੧. ਗੁਰਮੁਖ ਸੁਖ ਫਲ ਸਾਧਸੰਗ
ਭਗਤ ਵਛਲ ਹੋਇ ਵਸਗਤਿ ਆਯਾ।
੨. ਕਾਰਣ ਕਰਤੇ ਵੱਸਿ ਹੈ
ਸਾਧ ਸੰਗਤਿ ਵਿਚ ਕਰੇ ਕਰਾਯਾ।
੩. ਪਾਰਬ੍ਰਹਮ ਪੂਰਨ ਬ੍ਰਹਮ
ਸਾਧ ਸੰਗਤਿ ਵਿਚ ਭਾਣਾ ਭਾਯਾ।
੪. ਰੋਮ ਰੋਮ ਵਿਚ ਰਖਿਓਨੁ
ਕਰਿ ਬ੍ਰਹਮੰਡ ਕਰੋੜਿ ਸਮਾਯਾ।
੫. ਬੀਅਹੁ ਕਰਿ ਬਿਸਥਾਰ ਵੜ
ਫਲ ਅੰਦਰ ਫਿਰਿ ਬੀਉ ਵਸਾਯਾ।
੬. ਅਪਿਉ ਪੀਵਣ ਅੱਜਰ ਜਰਣ
ਆਪੁ ਗਵਾਇ ਨ ਆਪੁ ਜਣਾਯਾ।
੭. ਅੰਜਨੁ ਵਿੱਚ ਨਿਰੰਜਨੁ ਪਾਯਾ ॥੧੫॥

***ਪਦ ਅਰਥ :*** ਵੜ—ਬੋਹੜ ਦਾ ਬ੍ਰਿਛ। ਅਪਿਉ—ਅੰਮ੍ਰਿਤ। ਆਪੁ—ਆਪਾ-ਭਾਵ, ਹਉਮੈ। ਅੰਜਨੁ—ਕਾਲਖ, ਮਾਇਆ। ਨਿਰੰਜਨੁ—ਮਾਇਆ ਰਹਿਤ ਪ੍ਰਭੂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਸੰਸਾਰ ਦਾ ਹਰ ਮਨੁੱਖ ਹੀ ਆਪਣੇ ਆਪ ਨੂੰ ਸਦੀਵੀ ਸੁਖੀਆ ਵੇਖਣਾ ਚਾਹੁੰਦਾ ਹੈ, ਪਰ ਦਿਸਦਾ ਇਸ ਤੋਂ ਉਲਟ ਹੈ ਕਿ ਹਰ ਮਨੁੱਖ ਹੀ ਦੁਖੀਆ ਨਜ਼ਰ ਆਉਂਦਾ ਹੈ, ਕਿਉਂ ਜੀ! ਇਸਦਾ ਸਹੀ ਕਾਰਨ ਕੀ ਹੈ, ਦੱਸਣ ਦੀ ਖੇਚਲ ਕਰੋ?

ਉ: ਹੇ ਭਾਈਓ! ਇਸਦਾ ਉੱਤਰ ਜਦੋਂ ਅਸੀਂ ਗੁਰੂ ਬਾਣੀ ਵਿਚੋਂ ਖੋਜ ਕਰਦੇ ਹਾਂ ਤਾਂ ਇਹੋ ਮਿਲਦਾ ਹੈ ਕਿ ਹਰ ਮਨੁੱਖ ਦੀ ਚਾਹਤ ਤਾਂ ਇਹੋ ਹੈ ਕਿ ਮੈਂ ਸਦਾ ਹੀ ਸੁਖੀ ਰਵਾਂ, ਪਰ ਇਸਦੀ ਮਾਨਸਕ ਕ੍ਰਿਆ ਦੁਖੀਆ ਰਹਿਣ ਦੀ ਹੈ, ਕਿਉਂਕਿ ਸਤਿਗੁਰਾਂ ਦੀ ਆਗਿਆ ਤਾਂ ਸਦੀਵੀ ਸੁਖੀਆ ਰਹਿਣ ਦੀ ਇਹੋ ਹੈ ਕਿ :

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥
*(ਸਲੋਕ ਮ: ੯, ਪੰਨਾ ੧੪੨੭)*

ਭਾਵ ਹੈ ਕਿ ਜੋ ਮਨੁੱਖ ਸਦਾ ਸੁਖੀ ਰਹਿਣ ਦੀ ਚਾਹਤ ਕਰਦਾ ਹੈ ਉਸਨੂੰ ਚਾਹੀਦਾ ਹੈ ਕਿ ਉਹ ਮਨ ਕਰਕੇ ਸਦਾ ਹੀ ਪ੍ਰਮੇਸ਼ਰ ਦੀ ਸ਼ਰਨ ਵਿਚ ਰਵੇ, ਪਰ ਮਨੁੱਖ ਪ੍ਰਭੂ ਦੀ ਸ਼ਰਨ ਤੋਂ ਬੇਮੁਖ ਹੋ ਕੇ ਸੁਖ ਚਾਹੁੰਦਾ ਹੈ, ਇਹ ਨ ਕਦੇ ਹੋਇਆ ਹੈ, ਨਾਹੀ ਹੋਵੇਗਾ। ਸਤਿਗੁਰੂ ਦਾ ਬਾਣੀ ਵਿਚ ਸੰਕੇਤ ਹੈ ਕਿ ਹੇ ਭਾਈਓ :

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ
ਸਾਧ ਸੰਗਤਿ ਜਪਿ ਇਕ ਖਿਨਾ॥
*(ਗਉੜੀ ਮ: ੫, ਪੰਨਾ ੨੧੦)*

ਸੁਖੁ ਨਾਹੀ ਬਿਨੁ ਨਾਮ ਧਿਆਏ॥
ਨਾਮ ਨਿਧਾਨੁ ਬਡਭਾਗੀ ਪਾਏ॥੧॥
*(ਭੈਰਉ ਮ: ੫, ਪੰਨਾ ੧੧੪੫)*

ਸੁਖੁ ਨਾਹੀ ਬਹੁਤੈ ਧਨਿ ਖਾਟੇ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ॥
ਸੁਖੁ ਨਾਹੀ ਬਹੁ ਦੇਸ ਕਮਾਏ॥
ਸਰਬ ਸੁਖਾ ਹਰਿ ਹਰਿ ਗੁਣ ਗਾਏ॥੧॥
*(ਭੈਰਉ ਮ: ੫, ਪੰਨਾ ੧੧੪੭)*

ਸੁਖ ਦਾਤਾ ਹਰਿ ਏਕੁ ਹੈ ਹੋਰਥੈ ਸੁਖੁ ਨ ਪਾਹਿ॥
ਸਤਿਗੁਰੁ ਜਿਨੀ ਨ ਸੇਵਿਆ ਦਾਤਾ
ਸੇ ਅੰਤਿ ਗਏ ਪਛੁਤਾਹਿ॥੩॥
*(ਭੈਰਉ ਮ: ੩, ਪੰਨਾ ੧੧੩੨)*

ਸੁਖ ਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ॥
*(ਸ੍ਰੀ ਰਾਗੁ ਮ: ੫, ਪੰਨਾ ੪੩)*

ਸੁਖੁ ਨ ਪਾਇਨਿ੍ ਮੂਲਿ ਨਾਮ ਵਿਹੂਣਿਆ॥੨॥
*(ਸੂਹੀ ਮ: ੫, ਪੰਨਾ ੭੬੧)*

ਸੋਧਤ ਸੋਧਤ ਸੋਧਿ ਤਤੁ ਬੀਚਾਰਿਆ॥
ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ॥੪॥
*(ਸੂਹੀ ਮ: ੫, ਪੰਨਾ ੭੬੧)*

ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ॥
ਜਲਿ ਥਲਿ ਮਹੀਅਲਿ ਪੂਰਿਆ
ਘਟਿ ਘਟਿ ਹਰਿ ਭਣਿਆ॥ *(ਪਉੜੀ, ਪੰਨਾ ੩੧੯)*

ਸੁਖ ਨਿਧਾਨ ਨਾਮੁ ਪ੍ਰਭ ਤੁਮਰਾ
ਏਹੁ ਅਬਿਨਾਸੀ ਮੰਤ੍ਰੁ ਲੀਓ॥
*(ਆਸਾ ਮ: ੫, ਪੰਨਾ ੩੮੨)*

ਇਨ੍ਹਾਂ ਤੋਂ ਆਦਿ ਹੋਰ ਭੀ ਗੁਰਬਾਣੀ ਵਿਚ ਅਨੇਕਾਂ ਫੁਰਮਾਨ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਸਾਧ ਸੰਗਤ ਵਿਚ ਜੁੜ ਕੇ ਨਾਮ ਦਾ ਸਿਮਰਨ ਕਰਦਿਆਂ ਇਹੋ ਨਿਹਚਾ ਧਾਰਨ ਕਰ ਲਿਆ ਹੈ, ਕਿ ਸਦੀਵੀ ਸੁਖ ਦੀ ਪ੍ਰਾਪਤੀ ਦਾ ਸਹੀ ਧਨ ਪ੍ਰਭੂ ਦਾ ਚਿੰਤਨ ਹੈ, ਜੋ ਕਿ ਇਹ ਦਾਤ ਗੁਰਮੁਖਾਂ ਨੂੰ ਗੁਰੂ ਦੁਆਰੇ ਗੁਰੂ ਦੀ ਸੰਗਤ ਵਿਚੋਂ ਹੀ ਪ੍ਰਾਪਤ ਹੁੰਦੀ ਹੈ।

ਸੋ ਮੈਂ ਭੀ ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ.

(੧) (ਜਦੋਂ ਸਾਰੇ ਲੋਕਾਂ ਦੇ ਜੀਵਨਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਇਉਂ ਹੀ ਸੋਝੀ ਮਿਲਦੀ ਹੈ ਕਿ) ਗੁਰਮੁਖ ਦਾ ਸੁਖ ਫਲ ਸਾਧ ਸੰਗਤ (ਹੀ) ਹੈ (ਅਰਥਾਤ ਸਾਰਿਆਂ ਸੁਖਾਂ ਦਾ ਫਲ ਰੂਪ ਹੈ) ਜਿਥੇ ਭਗਤੀ ਦੇ ਸਿਮਰਨ ਦੀਆਂ ਵਾਰਤਾਂ ਹੁੰਦੀਆਂ ਹਨ (ਇਸੇ ਲਈ) ਭਗਤ ਵਛਲ ਪ੍ਰਭੂ (ਆਪਣੇ ਬਿਰਦ ਅਨੁਸਾਰ) ਭਗਤਾਂ ਦੇ ਵੱਸ ਆਉਂਦਾ ਹੈ। (ਭਾਵ ਪ੍ਰੇਮ ਨਾਲ ਮਿਲਿਆ ਹੈ)।

(੨) (ਗੁਰਮੁਖਾਂ ਦਾ ਇਹ ਨਿਸਚਾ ਹੈ ਕਿ) ਕਾਰਣ ਭਾਵੇਂ ਸਾਰੇ ਹੀ ਕਰਤੇ ਦੇ ਵੱਸ ਵਿਚ ਹਨ, ਪਰ ਸਾਧ ਸੰਗਤ ਵਿਚ (ਸਭ ਕੁਝ ਸੰਤ ਜਨਾਂ ਦਾ) ਕਰਾਇਆ ਹੀ ਕਰਦਾ ਹੈ।

(੩) (ਉਹ) ਪਾਰਬ੍ਰਹਮ ਪੂਰਨ ਬ੍ਰਹਮ ਹੋ ਕੇ (ਰਮ ਰਿਹਾ ਹੈ ਤੇ) ਸਾਧ ਸੰਗਤ ਨੂੰ ਵੀ ਉਸਦਾ ਭਾਣਾ ਹੀ ਭਾਉਂਦਾ ਹੈ ਤੇ (ਪ੍ਰਭੂ ਨੂੰ ਸਾਧ ਸੰਗਤ ਦਾ)।

ਪ੍ਰ: ਕਿਉਂ ਜੀ! ਉਸ ਪ੍ਰਭੂ ਦੀ ਸ਼ਕਤੀ ਦਾ ਭੀ ਕੁਝ ਵਰਣਨ ਕਰੋ?

ਉ: (੪) (ਹੇ ਭਾਈ! ਉਸਦੀ ਸ਼ਕਤੀ ਬੇਅੰਤ ਹੈ) ਬੱਸ, (ਇਤਨਾ ਹੀ ਕਿਹਾ ਜਾ ਸਕਦਾ ਹੈ ਕਿ ਉਸਨੇ) ਰੋਮ ਰੋਮ ਵਿਚ ਕਰੋੜਾਂ ਬ੍ਰਹਿਮੰਡ ਬਣਾ ਕੇ ਸਮਾ (ਭਾਵ ਮਿਲਾ) ਰੱਖੇ ਹਨ।

ਪ੍ਰ: ਕਿਉਂ ਜੀ! ਕੋਈ ਉਦਾਹਰਣ ਦੇ ਕੇ ਸਮਝਾਓ?

ਉ: (੫) (ਹੇ ਭਾਈਓ! ਇਸੇ ਤਰ੍ਹਾਂ ਸਮਝੋ ਜਿਵੇਂ) ਇਕ ਬੀਜ ਤੋਂ ਵੱਡੇ ਬ੍ਰਿਛ ਬੋਹੜ ਵਿਸਥਾਰ ਕਰਕੇ ਉਸਨੂੰ ਅਨੇਕਾਂ ਫਲ ਲਾਉਂਦਾ ਹੈ, ਤੇ ਫਲ ਵਿਚ ਅਨੇਕਾਂ ਹੀ ਬੀਜ ਰੱਖ ਦੇਂਦਾ ਹੈ।

(੬) (ਇਸੇ ਤਰ੍ਹਾਂ) ਗੁਰਮੁਖ ਦਾ (ਪ੍ਰੇਮ ਰਸ ਦਾ) ਅੰਮ੍ਰਿਤ ਪੀਣਾ ਅਜਰ ਜਰਨਾ ਹੈ (ਕਿਉਂਕਿ) ਆਪਾ-ਭਾਵ ਗਵਾ ਕੇ ਪ੍ਰੇਮ ਦਾ ਅੰਮ੍ਰਿਤ ਰਸ ਪੀਂਦਾ ਤੇ ਸੁਖ ਫਲ ਦਾ ਮਾਲਕ (ਉੱਚ ਅਵਸਥਾ ਦਾ) ਬਣ ਕੇ ਫਿਰ ਇਸਦਾ ਉਹ ਮਾਣ ਨਹੀਂ ਕਰਦਾ, ਅਜਰ ਨੂੰ ਜਰਦਾ ਹੈ। (ਇਹ ਨਹੀਂ ਕਹਿੰਦਾ ਕਿ ਮੈਂ ਕੁਝ ਜਾਣ ਗਿਆ ਹਾਂ)।

(੭) ਇਉਂ ਗੁਰਮੁਖ ਮਾਇਆ ਦੀ ਕਾਲਖ ਤੋਂ ਬਚਦਾ ਹੈ ਤੇ ਨਿਰੰਜਨ (ਮਾਇਆ ਰਹਿਤ) ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।੧੫।

*ਭਾਵਾਰਥ :* ਇਸ ਉਪ੍ਰੋਕਤ ਵਾਰ ਵਿਚ ਭਾਈ ਸਾਹਿਬ ਜੀ ਨੇ ਉਨ੍ਹਾਂ ਗੁਰਮੁਖਾਂ ਦੀ ਮਾਨਸਕ ਅਵਸਥਾ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਗੁਰੂ ਦੀ ਸਾਧ ਸੰਗਤ ਦੁਆਰੇ ਨਾਮ ਦਾ ਚਿੰਤਨ ਕਰਦਿਆਂ ਹੋਇਆਂ ਗ੍ਰਿਹਸਥ ਵਿਚ ਰਹਿੰਦਿਆਂ ਹੀ ਇਸ ਮਾਇਆ ਦੀ ਕਾਲਖ ਤੋਂ ਨਿਰਲੇਪ ਰਹਿ ਕੇ ਜੀਵਨ ਸਫਲਾ ਕਰਕੇ ਸੱਚੇ ਰੱਬੀ ਦਰਬਾਰ ਵਿਚ ਜਾ ਪੁੱਜੇ ਹਨ ਅਤੇ ਹੋਰਨਾਂ ਸ਼ਰਧਾਲੂਆਂ ਨੂੰ ਭੀ ਇਸੇ ਮਾਰਗ ਪਰ ਟੁਰੇ ਰਹਿਣ ਦੀ ਪ੍ਰੇਰਨਾ ਕਰ ਗਏ ਹਨ।

## ੧੬. ਪ੍ਰਭੂ ਦੀ ਵਡਿਆਈ ਕਥਨ ਰਹਿਤ ਹੈ

੧. ਮਹਿਮਾ ਮਹਿ ਮਹਿਕਾਰ ਵਿੱਚ
ਮਹਿਮਾ ਲੱਖ ਨ ਮਹਿਮਾ ਜਾਣੈ।
੨. ਲੱਖ ਮਹਾਤਮ ਮਹਾਤਮਾਂ
ਤਿਲ ਨ ਮਹਾਤਮੁ ਆਖਿ ਵਖਾਣੈ।
੩. ਉਸਤਤਿ ਵਿਚ ਲੱਖ ਉਸਤਤੀਂ
ਪਲ ਉਸਤਤਿ ਅੰਦਰ ਹੈਰਾਣੈ।
੪. ਅਚਰਜ ਵਿਚ ਲੱਖ ਅਚਰਜਾ
ਅਚਰਜ ਅਚਰਜ ਚੋਜ ਵਿਡਾਣੈ।

**੫. ਵਿਸਮਾਦੀ ਵਿਸਮਾਦ ਲੱਖ**
**ਵਿਸਮਾਦਹੁ ਵਿਸਮਾਦ ਵਿਹਾਣੈ।**
**੬. ਅਬਿਗਤ ਗਤਿ ਅਤਿ ਅਗਮ ਹੈ**
**ਅਕਥ ਕਥਾ ਆਖਾਣੁ ਵਖਾਣੈ।**
**੭. ਲੱਖ ਪਰਵਾਣ ਪਰੈ ਪਰਵਾਣੈ ॥੧੬॥**

***ਪਦ ਅਰਥ:*** ਮਹਿਮਾ—ਸੋਭਾ, ਵਡਿਆਈ। ਮਹਿ ਮਹਿਕਾਰ—ਧਰਤੀ ਦੇ ਪਸਾਰੇ ਵਿਖੇ। ਵਿਡਾਣੈ—ਵੱਡੇ ਤੋਂ ਵੱਡੇ। ਆਖਾਣੁ ਵਖਾਣੈ—ਆਖੀ ਹੋਈ ਹੀ ਆਖਦੇ ਹਨ। ਵਿਡਾਣੈ—ਅਸਚਰਜ ਰੂਪ। ਵਿਹਾਣੈ—ਬੀਤਦੇ ਹਨ, ਪਰੇ ਹਨ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਹਜ਼ਾਰਾਂ ਰਿਖੀ ਮੁਨੀ ਅਤੇ ਅਜੋਕੇ ਸਮੇਂ ਦੇ ਲੱਖਾਂ ਲੋਕ ਵੀ ਉਸ ਪ੍ਰਮੇਸ਼ਰ ਦੀ ਮਹਿਮਾ ਉਚਾਰਨ ਕਰਦੇ ਨਜ਼ਰ ਆਉਂਦੇ ਹਨ, ਪਰ ਤੁਸੀਂ ਜੇ ਉਸਦੀ ਮਹਿਮਾ ਵਿਚ ਕੁਝ ਕਹਿਣਾ ਚਾਹੋ ਤਾਂ ਦੱਸਣ ਦੀ ਖੇਚਲ ਕਰੋ ਕਿ ਕੀ ਕਹਿਣਾ ਚਾਹੋਗੇ?

ਉ: ਹੇ ਭਾਈਓ! ਅਸਲ ਵਿਚ ਸਚਾਈ ਤਾਂ ਇਹੋ ਹੈ ਕਿ ਜੇ ਮੈਂ ਕੁਝ ਕਹਿਣਾ ਭੀ ਚਾਹਵਾਂ ਤਾਂ ਵੀ ਉਸਦੀ ਵਡਿਆਈ ਦੇ ਸੰਬੰਧ ਵਿਚ ਮੇਰੇ ਕਹਿਣ ਨਾਲ ਕੁਝ ਵਾਧਾ ਨਹੀਂ ਹੋ ਸਕਦਾ, ਕਿਉਂਕਿ ਇਸ ਭਾਵ ਨੂੰ ਗੁਰਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਗਿਆ ਹੈ ਕਿ ਉਸ ਕਰਤਾਰ ਦੀ ਵੱਧ ਤੋਂ ਵੱਧ ਸਿਫ਼ਤ ਕਰਨ ਨਾਲ ਉਸ ਦੀ ਮਹਿਮਾ ਵਿਚ ਕੁਝ ਵਿਸ਼ੇਸ਼ ਅਧਿਕਤਾ ਨਹੀਂ ਆਉਂਦੀ ਅਤੇ ਜੇ ਉਸਦੀ ਮਹਿਮਾ ਨਾ ਕੀਤੀ ਜਾ ਸਕੇ ਤਾਂ ਉਸਦੀ ਵਡਿਆਈ ਵਿਚ ਕੋਈ ਘਾਟ ਭੀ ਨਹੀਂ ਹੋ ਸਕਦੀ, ਜਿਵੇਂ ਕਿ ਗੁਰੂ ਫ਼ੁਰਮਾਨ ਹੈ:

ਸਾਚੇ ਨਾਮ ਕੀ ਤਿਲੁ ਵਡਿਆਈ॥
ਆਖਿ ਥਕੇ ਕੀਮਤਿ ਨਹੀ ਪਾਈ॥
ਜੇ ਸਭਿ ਮਿਲਿ ਕੈ ਆਖਣ ਪਾਹਿ॥
ਵਡਾ ਨ ਹੋਵੈ ਘਾਟਿ ਨ ਜਾਇ॥੨॥

*(ਆਸਾ ਮ: ੧, ਪੰਨਾ ੩੪੯)*

ਭਾਵ ਹੈ, ਜੇ ਸਾਰੇ ਲੋਕ ਇਕੱਠੇ ਹੋ ਕੇ ਉਸਦੀ ਮਹਿਮਾ ਆਖਣ ਵੀ ਤਾਂ ਭੀ ਉਸਦੀ ਤਿਲ-ਮਾਤ੍ਰ ਵਡਿਆਈ ਨਹੀਂ ਆਖ ਸਕਦੇ ਕਿਉਂਕਿ ਭੂਤ ਕਾਲ ਦੇ ਸਮੂਹ ਰਿਖੀ, ਮੁਨੀ, ਜੁਗੀਸ਼ਰ ਉਸਦੀ ਮਹਿਮਾ ਨੂੰ ਆਖ ਆਖ ਕੇ ਥੱਕ ਗਏ, ਅੱਜ ਤਕ ਕਿਸੇ ਨੇ ਭੀ ਉਸਦੀ ਪੂਰਨ ਰੂਪ ਵਿਚ ਵਡਿਆਈ ਨਹੀਂ ਆਖੀ, ਨਾ ਹੀ ਅਗੇ ਨੂੰ ਕੋਈ ਆਖ ਹੀ ਸੱਕੇਗਾ, ਕਿਉਂਕਿ ਇਹ ਬਾਣੀ ਵਿਚ ਸੰਕੇਤ ਆਇਆ ਹੈ ਕਿ ਹੇ ਭਾਈਓ! ਸੱਚ ਤਾਂ ਇਹੋ ਹੈ ਕਿ:

ਸੁਣਿ ਵਡਾ ਆਖੈ ਸਭ ਕੋਈ॥
ਕੇਵਡੁ ਵਡਾ ਡੀਠਾ ਹੋਈ॥
ਕੀਮਤਿ ਪਾਇ ਨ ਕਹਿਆ ਜਾਇ॥
ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰ ਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥

*(ਆਸਾ ਮ: ੧, ਪੰਨਾ ੩੪੮)*

ਭਾਵ ਹੈ, ਕਿ ਜਿਤਨੇ ਭੀ ਅੱਜ ਤਕ ਉਸ ਪ੍ਰਮੇਸ਼ਰ ਬਾਰੇ ਕੁਝ ਕਹਿੰਦੇ ਆ ਰਹੇ ਹਨ, ਉਹ ਇਕ ਦੂਜੇ ਤੋਂ ਸੁਣੀ ਸੁਣਾਈ ਗੱਲ ਹੀ ਅਗੇ ਕਹਿੰਦੇ ਸੁਣੇ ਜਾਂਦੇ ਹਨ, ਪਰ ਪੂਰਨ ਰੂਪ ਵਿਚ ਉਸਦਾ ਅੱਜ ਤਕ ਕੋਈ ਕਥਨ ਨਹੀਂ ਕਰ ਸਕਿਆ ਨਾ ਹੀ ਕਰ ਸਕੇਗਾ। ਕਿਉਂਕਿ ਹੁਕਮ ਹੈ:

ਮਹਿਮਾ ਜਾ ਕੀ ਗਹਿਰ ਗੰਭੀਰ॥
ਹੋਇ ਨਿਹਾਲੁ ਦੇਇ ਜਿਸੁ ਧੀਰ॥

*(ਰਾਮਕਲੀ ਮ: ੫, ਪੰਨਾ ੮੮੭)*

ਕਥਨੀ ਕਹਹਿ ਕਹਹਿ ਸੇ ਮੂਏ॥
ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥

*(ਆਸਾ ਮ: ੧, ਪੰਨਾ ੩੫੪)*

ਕਥਨ ਕਹਣ ਕਉ ਸੋਝੀ ਨਾਹੀ
ਜੋ ਪੇਖੈ ਤਿਸੁ ਬਣਿ ਆਵੈ॥

*(ਰਾਮਕਲੀ ਮ: ੫, ਪੰਨਾ ੮੮੩)*

ਕਥਨੀ ਕਥਉ ਨ ਆਵੈ ਓਰੁ॥
ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ॥

*(ਗਉੜੀ ਮ: ੫, ਪੰਨਾ ੨੨੩)*

ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥

*(ਜਪੁਜੀ, ਪੰਨਾ ੨)*

ਕਥਨੁ ਨ ਜਾਇ ਅਕਥੁ ਸੁਆਮੀ
ਸਦਕੈ ਜਾਇ ਨਾਨਕੁ ਵਾਰਿਆ ॥ *(ਡਖਣਾ, ਪੰਨਾ ੮੧)*

ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥
ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥
*(ਗੂਜਰੀ ਮ: ੩, ਪੰਨਾ ੪੯੨)*

ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥
ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥
*(ਸ੍ਰੀ ਰਾਗੁ ਮ: ੩, ਪੰਨਾ ੩੨)*

ਕਥਨ ਬਦਨੀ ਪੜਿ ਪੜਿ ਭਾਰੁ ॥
ਲੇਖ ਅਸੰਖ ਲਿਖਿ ਲਿਖਿ ਮਾਨੁ ॥
*(ਆਸਾ ਮ: ੧, ਪੰਨਾ ੪੧੨)*

ਇਸ ਤਰ੍ਹਾਂ ਉਸ ਪ੍ਰਮੇਸ਼ਰ ਦੀ ਬੇਅੰਤ ਮਹਿਮਾ ਵਿਚ ਗੁਰਬਾਣੀ ਨੇ ਬਾਰ ਬਾਰ ਤਗੀਦ ਕੀਤੀ ਹੈ, ਕਿ ਉਸ ਪ੍ਰਭੂ ਦੀ ਮਹਿਮਾ ਕਰਦੇ ਕਰਦੇ ਅਨੇਕਾਂ ਹੀ ਟੁਰ ਗਏ, ਪਰ ਉਸ ਦਾ ਸਹੀ ਰੂਪ ਵਿਚ ਕਥਨ ਨਹੀਂ ਕਰ ਸਕੇ। ਸੋ, ਮੈਂ ਭੀ ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਉਸ ਪ੍ਰਮੇਸ਼ਰ ਦੀ ਸਿਫ਼ਤੋ-ਸਾਲਾਹ ਵਿਚ ਚੰਦ ਪੰਗਤੀਆਂ ਉਚਾਰਨ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਜੇ ਵੀਚਾਰ ਦ੍ਰਿਸ਼ਟੀ ਰਾਹੀਂ ਤੱਕੀਏ ਤਾਂ ਇਉਂ ਹੀ ਅਨੁਭਵ ਹੋ ਸਕਦਾ ਹੈ ਕਿ) ਜੋ ਧਰਤੀ ਦੇ ਫੈਲਾਉ ਫੈਲਾਣ ਦੀ ਮਹਿਮਾ ਹੈ (ਇਸਦੀ ਮਹਿਮਾ ਤਾਂ ਭਾਵੇਂ ਕੋਈ ਬੁੱਧੀ ਵਾਲਾ ਜਾਣ ਹੀ ਲਵੇ) ਪਰ (ਪ੍ਰਮੇਸ਼ਰ) ਦੀ ਮਹਿਮਾ ਨੂੰ ਜਾਣ ਕੇ (ਕੋਈ ਜਾਨਣ ਦੀ) ਮਹਿਮਾ ਨੂੰ ਵੀ ਨਹੀਂ ਜਾਣ ਸਕਦਾ।

(੨) (ਪ੍ਰਤਾਪਵਾਨ ਬਣ ਕੇ) ਲੱਖਾਂ (ਬਿਆਸ ਆਦਿਕ ਰਿਖੀ) ਆਪ (ਪ੍ਰਤਾਪ ਪਾ ਕੇ) ਤਾਂ ਮਹਾਤਮਾ ਬਣ ਬੈਠੇ (ਪ੍ਰੰਤੂ ਵਾਹਿਗੁਰੂ ਦੇ) ਪ੍ਰਤਾਪ ਦਾ ਇਕ ਤਿਲ ਵੀ ਆਖ ਕੇ ਨ ਵਿਆਖਿਆਨ ਕਰ ਸਕੇ।

(੩) (ਕਿਉਂਕਿ) ਉਹ ਪਾਰਬ੍ਰਹਮ ਪੂਰਨ ਬ੍ਰਹਮ ਹੋ ਕੇ (ਰਮ ਰਿਹਾ ਹੈ ਤੇ) ਸਾਧ ਸੰਗਤ ਨੂੰ ਵੀ ਉਸਦਾ ਭਾਣਾ ਹੀ ਭਾਉਂਦਾ ਹੈ (ਪ੍ਰਭੂ ਨੂੰ ਸਾਧ ਸੰਗਤ ਦਾ)।

(੪) (ਉਸ ਪ੍ਰਭੂ ਨੇ) ਰੋਮ ਰੋਮ ਵਿਚ ਕ੍ਰੋੜਾਂ ਬ੍ਰਹਿਮੰਡ ਬਣਾ ਕੇ ਸਮਾ (ਭਾਵ ਮਿਲਾ) ਰਖੇ ਹਨ।

ਪ੍ਰ: ਕਿਉਂ ਜੀ! ਕਿਵੇਂ ਮਿਲਾ ਕੇ ਰਖੇ ਗਏ ਹਨ?

ਉ: (੫) (ਹੇ ਭਾਈ! ਜਿਵੇ) ਇਕ ਬੀਜ ਤੋਂ ਵੱਡੇ ਬ੍ਰਿਛ ਬੋਹੜ ਦਾ ਵਿਸਥਾਰ ਕਰਕੇ, ਉਸਨੂੰ ਅਨੇਕਾਂ ਫਲ ਲਾਉਂਦਾ ਤੇ ਫਲ ਵਿਚ ਅਨੇਕਾਂ ਹੀ ਬੀਜ ਰੱਖ ਦੇਂਦਾ ਹੈ।

(੬) (ਇਸੇ ਤਰ੍ਹਾਂ) ਗੁਰਮੁਖ ਦਾ (ਪ੍ਰੇਮ ਰਸ ਦਾ) ਅੰਮ੍ਰਿਤ ਪੀਣਾ ਅਜਰ ਜਰਨਾ ਹੈ, (ਕਿਉਂਕਿ) ਉਹ ਆਪਾ-ਭਾਵ ਗਵਾ ਕੇ ਪ੍ਰੇਮ ਦਾ ਅੰਮ੍ਰਿਤ ਰਸ ਪੀਂਦਾ ਤੇ ਸੁਖ ਫਲ ਦਾ ਮਾਲਕ (ਉਚ ਅਵਸਥਾ ਦਾ) ਬਣ ਕੇ ਫਿਰ ਇਸਦਾ ਮਾਣ ਨਹੀਂ ਕਰਦਾ, ਅਜਰ ਨੂੰ ਜਰਦਾ ਹੈ। (ਇਹ ਨਹੀਂ ਕਹਿੰਦਾ ਕਿ ਮੈਂ ਕੁਝ ਜਾਣ ਗਿਆ ਹਾਂ)।

(੭) ਇਉਂ ਗੁਰਮੁਖ ਮਾਇਆ ਦੀ ਕਾਲਖ ਤੋਂ ਬਚਦਾ ਹੈ ਤੇ ਨਿਰੰਜਨ (ਮਾਇਆ ਰਹਿਤ) ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।੧੬।

***ਭਾਵਾਰਥ:*** ਗੁਰਮੁਖ ਪ੍ਰਵਾਰ ਵਿਚ ਰਹਿੰਦੇ ਹੋਏ ਹੀ ਸਾਧ ਸੰਗਤ ਦੁਆਰੇ ਪ੍ਰਭੂ ਦੇ ਸਿਮਰਨ ਦਾ ਸਦਕਾ ਮਾਇਆ ਦੇ ਮੋਹ ਤੋਂ ਨਿਰਲੇਪ ਰਹਿ ਕੇ ਜੀਵਨ ਨੂੰ ਸਫਲਾ ਜਾਂਦੇ ਹਨ।

## ੧੭. ਪ੍ਰਮੇਸ਼ਰ ਪਰੇ ਤੋਂ ਪਰੇ ਹੈ

**੧. ਅਗਮਹੁ ਅਗਮ ਅਗੰਮ ਹੈ**
**ਅਗਮ ਅਗਮ ਅਤਿ ਅਗਮ ਸੁਣਾਏ।**
**੨. ਅਲਖਹੁ ਅਲਖ ਅਲੱਖ ਹੈ**
**ਅਲਖ ਅਲਖ ਲੱਖ ਅਲਖ ਧਿਆਏ।**
**੩. ਅਪਰੰਪਰ ਅਪਰੰਪਰਹੁ**
**ਅਪਰੰਪਰ ਅਪਰੰਪਰ ਭਾਏ।**
**੪. ਆਗੋਚਰ ਆਗੋਚਰਹੁ**
**ਆਗੋਚਰ ਆਗੋਚਰ ਜਾਏ।**
**੫. ਪਾਰਬ੍ਰਹਮ ਪੂਰਨ ਬ੍ਰਹਮ**
**ਸਾਧ ਸੰਗਤਿ ਆਰਾਧ ਅਲਾਏ।**
**੬. ਗੁਰਮੁਖ ਸੁਖ ਫਲ ਪ੍ਰੇਮ ਰਸ**
**ਭਗਤ ਵਛਲ ਹੋ ਅਛਲ ਛਲਾਏ।**
**੭. ਵੀਹ ਇਕੀਹ ਚੜ੍ਹਾਉ ਚੜ੍ਹਾਏ ॥੧੭॥**

***ਪਦ ਅਰਥ:*** ਅਗਮ—ਅਪਹੁੰਚ, ਮਨ ਬਾਣੀ ਤੋਂ ਪਰੇ। ਅਲਖ—ਜੋ ਇਨ੍ਹਾਂ ਸੰਸਾਰੀ ਨੇਤ੍ਰਾਂ ਨੂੰ ਨਜ਼ਰ ਨ ਆ ਸਕੇ। ਅਪਰੰਪਰ—ਪਰੇ ਤੋਂ ਪਰੇ। ਆਗੋਚਰ—ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਇਹ ਠੀਕ ਹੈ ਕਿ ਸਾਨੂੰ ਤਾਂ ਹਿੰਦੂ ਮੱਤ ਦੇ ਪੁਸਤਕ ਪੜ੍ਹਨ ਦਾ ਸਮਾਂ ਨਹੀਂ ਮਿਲ ਸਕਿਆ ਅਤੇ ਨਾ ਹੀ ਅਸੀਂ ਇਤਨੀ ਵਿਸ਼ੇਸ਼ ਬੁੱਧੀ ਹੀ ਰੱਖਦੇ ਹਾਂ ਕਿ ਸੰਸਕ੍ਰਿਤ ਦੇ ਕਠਨ ਸ਼ਾਸਤ੍ਰਾਂ ਦੇ ਡੂੰਘੇ ਭਾਵਾਂ ਨੂੰ ਸਮਝ ਸਕੀਏ, ਪਰ ਤੁਸਾਂ ਤਾਂ ਸਾਰੇ ਸਨਾਤਨ ਪੁਸਤਕਾਂ ਨੂੰ ਦੇਰ ਕਾਲ ਤੋਂ ਪੜਚੋਲ ਕਰਦੇ ਰਹਿਣ ਦੀ ਮਸ਼ੱਕਤ ਕੀਤੀ ਹੈ, ਪਰ ਕੀ ਦੱਸਣ ਦੀ ਖੇਚਲ ਕਰੋਗੇ ਕਿ ਪੁਰਾਤਨ ਪੁਸਤਕਾਂ ਦੇ ਉਸ ਪ੍ਰਮਾਤਮਾ ਬਾਰੇ ਕੀ ਵੀਚਾਰ ਹਨ, ਭਾਵ ਉਹ ਰੱਬ ਦੀ ਹੋਂਦ ਬਾਰੇ ਕੀ ਅਨੁਭਵ ਕਰਦੇ ਹਨ?

ਉ: ਹੇ ਭਾਈਓ! ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਮੈਨੂੰ ਸਨਾਤਨ ਪੁਸਤਕਾਂ ਵਾਚਣ ਦਾ ਸਮਾਂ ਮਿਲਿਆ ਹੈ ਮੈਂ ਉਨ੍ਹਾਂ ਦੇ ਭਾਵਾਂ ਨੂੰ ਭੀ ਚੰਗੀ ਤਰ੍ਹਾਂ ਅਨੁਭਵ ਕੀਤਾ ਹੈ ਪਰ, ਉਨ੍ਹਾਂ ਦੇ ਟਾਕਰੇ ਵਿਚ ਜਦੋਂ ਮੈਨੂੰ ਸਤਿਗੁਰੂ ਦੀ ਸਮੱਗਰ ਬਾਣੀ ਨੂੰ ਵੀਚਾਰਨ ਦਾ ਸੁਭਾਗ ਮਿਲਿਆ ਹੈ ਤਾਂ ਮੈਨੂੰ ਇਹ ਕਹਿਣ ਵਿਚ ਕੋਈ ਦਰੇਗ ਨਹੀਂ ਕਿ ਜਿਥੇ ਪੁਰਾਤਨ ਪੁਸਤਕਾਂ ਦੇ ਵੀਚਾਰ ਜਾ ਖਲੋਂਦੇ ਹਨ, ਉਥੋਂ ਅਗੇ ਗੁਰਬਾਣੀ ਦੀ ਵੀਚਾਰ ਧਾਰਾ ਅਰੰਭ ਹੁੰਦੀ ਹੈ, ਜੋ ਸਾਦਕ ਨੂੰ ਉਸਦੀ ਮੰਜ਼ਲ ਦੀ ਆਖ਼ਰੀ ਸਟੇਜ ਤਕ ਪੁਚਾਉਣ ਦੀ ਸਮਰੱਥਾ ਰਖਦੀ ਹੈ। ਇਹ ਕਹਿਣ ਵਿਚ ਮੇਰੀ ਕੋਈ ਪੁਰਾਤਨ ਪੁਸਤਕਾਂ ਬਾਰੇ ਤਰਕ-ਦ੍ਰਿਸ਼ਟੀ ਨਹੀਂ, ਸਚਾਈ ਇਹੋ ਹੈ ਕਿ ਪੁਰਾਤਨ ਪੁਸਤਕਾਂ ਦੇ ਕਰਤੇ ਰਿਖੀਆਂ ਮੁਨੀਆਂ ਨੇ ਆਪੋ ਆਪਣੇ ਵੀਚਾਰ ਉੱਕਰੇ ਹਨ (ਭੁੱਲਣ ਅੰਦਰਿ ਸਭੁ ਕੋ) ਦੇ ਹੁਕਮ ਅਨੁਸਾਰ ਕੋਈ ਭੁੱਲ ਭੀ ਹੋ ਸਕਦੀ ਹੈ, ਪਰ ਸਤਿਗੁਰੂ ਜੀ ਨੇ ਤਾਂ ਸੰਪੂਰਨ ਬਾਣੀ ਉਚਾਰਨ ਕਰਨ ਸਮੇਂ ਕਿਤੇ ਭੀ ਇਹ ਦਾਅਵਾ ਨਹੀਂ ਕੀਤਾ ਕਿ ਇਹ ਬਾਣੀ ਮੈਂ ਉਚਾਰਨ ਕਰਦਾ ਹਾਂ, ਸਗੋਂ ਇਉਂ ਕਿਹਾ ਹੈ ਕਿ:

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥

*(ਤਿਲੰਗ ਮ: ੧, ਪੰਨਾ ੭੨੨)*

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ॥

*(ਸੂਹੀ ਮ: ੫, ਪੰਨਾ ੭੬੩)*

ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥

*(ਸੋਰਠਿ ਮ: ੫, ਪੰਨਾ ੬੨੮)*

ਭਾਵ ਹੈ ਕਿ ਇਹ ਬਾਣੀ ਮੈਂ ਨਹੀਂ ਉਚਾਰਨ ਕਰਦਾ ਇਹ ਤਾਂ ਮੈਨੂੰ ਜੋ ਉਸ ਮਾਲਕ ਵਲੋਂ ਪ੍ਰੇਰਨਾ ਹੁੰਦੀ ਹੈ ਉਸੇ ਤਰ੍ਹਾਂ ਦੇ ਬੋਲ ਉਚਾਰਨ ਕਰਦਾ ਹਾਂ, ਇਸ ਲਈ ਜੋ ਸੰਪੂਰਨ ਬਾਣੀ ਹੈ, ਇਹ ਪ੍ਰਮੇਸ਼ਰ ਵਲੋਂ ਸਫੁਰਨ ਹੋਏ ਉੱਕਰੇ ਗਏ ਵੀਚਾਰ ਹਨ, ਇਸ ਲਈ ਮੈਂ ਇਨ੍ਹਾਂ ਬਾਣੀ ਦੇ ਬੋਲਾਂ 'ਤੇ ਪੂਰਨ ਸੱਚੇ ਹੋਣ ਦਾ ਵਿਸ਼ਵਾਸ ਰੱਖਦਾ ਹਾਂ।

ਜਿਥੇ ਵੇਦਾਂ ਸ਼ਾਸਤ੍ਰਾਂ ਨੇ ਉਸ ਪ੍ਰਭੂ ਜੀ ਦੀ ਹੋਂਦ ਬਾਰੇ ਆਪੋ ਆਪਣੇ ਵੀਚਾਰ ਦਿਤੇ ਹਨ, ਉਥੇ ਮੈਨੂੰ ਬਾਣੀ ਵਿਚ ਜੋ ਉਸ ਨਿਰੰਕਾਰ ਦੇ ਸੰਬੰਧ ਵਿਚ ਜਾਣਕਾਰੀ ਮਿਲ ਸਕੀ ਹੈ, ਉਹ ਮੈਂ ਇਥੇ ਅੰਕਤ ਕਰਨ ਦਾ ਯਤਨ ਕਰਦਾ ਹਾਂ ਕਿ ਉਸ ਪ੍ਰਭੂ ਦੀ ਹੋਂਦ ਬਾਰੇ ਗੁਰਬਾਣੀ ਵਿਚ ਗੁਰਮਤ ਕੀ ਵੀਚਾਰ ਰਖਦੀ ਹੈ, ਬਾਣੀ ਵਿਚ ਉਸ ਕਰਤਾਰ ਨੂੰ ਅਗਮ ਅਗੋਚਰ, ਮਨ, ਬਾਣੀ ਤੇ ਸਰੀਰ ਦੀ ਪਹੁੰਚ ਤੋਂ ਪਰੇ ਦਰਸਾਇਆ ਹੈ, ਇਹ ਭਾਵ ਗੁਰੂ ਗ੍ਰੰਥ ਸਾਹਿਬ ਵਿਚੋਂ ਅਨੇਕਾਂ ਥਾਵਾਂ 'ਤੇ ਪੜ੍ਹਨ ਵਿਚ ਆਉਂਦਾ ਹੈ, ਜਿਵੇਂ ਕਿ:

ਅਗਮੁ ਅਗੋਚਰੁ ਅਤਿ ਵਡਾ
ਅਤੁਲ ਨ ਤੁਲਿਆ ਜਾਇ॥
ਕੀਮਤਿ ਕਿਨੈ ਨ ਪਾਈਆ
ਕਿਤੈ ਨ ਲਇਆ ਜਾਇ॥

*(ਸਲੋਕ ਮ: ੩, ਪੰਨਾ ੫੫੫)*

ਅਗਮ ਅਗੋਚਰੁ ਅਨਾਥੁ ਅਜੋਨੀ
ਗੁਰਮਤਿ ਏਕੋ ਜਾਨਿਆ॥

*(ਸਾਰਗ ਮ: ੧, ਪੰਨਾ ੧੨੩੩)*

ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ॥
ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ॥

*(ਆਸਾ ਮ: ੧, ਪੰਨਾ ੪੩੨)*

ਅਗਮ ਅਗੋਚਰ ਅਲਖ ਅਪਾਰਾ
ਚਿੰਤਾ ਕਰਹੁ ਹਮਾਰੀ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਘਟਿ ਘਟਿ ਜੋਤਿ ਤੁਮ੍ਹਾਰੀ॥੨॥

*(ਬਿਲਾਵਲੁ ਮ: ੧, ਪੰਨਾ ੭੯੫)*

ਅਗਮ ਅਗੋਚਰੁ ਕੀਮਤਿ ਨਹੀ ਪਾਈ॥
ਜੀਅ ਜੰਤ ਤੇਰੀ ਸਰਣਾਈ॥.....
ਅਗਮ ਅਗੋਚਰੁ ਅਲਖ ਅਪਾਰਾ॥
ਕੋਇ ਨ ਜਾਣੈ ਤੇਰਾ ਪਾਰਾਵਾਰਾ॥

*(ਮਾਰੂ ਮ: ੧, ਪੰਨਾ ੧੦੬੦)*

ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥੧੧॥
*(ਪਉੜੀ, ਪੰਨਾ ੭੮੯)*

ਪਾਰਬ੍ਰਹਮ ਅਪਰੰਪਰ ਦੇਵਾ ॥
ਅਗਮ ਅਗੋਚਰ ਅਲਖ ਅਭੇਵਾ ॥
*(ਮਾਝ ਮ: ੫, ਪੰਨਾ ੯੮)*

ਅਗਮ ਅਗੋਚਰੁ ਅਲਖ ਅਪਾਰੇ ॥
ਨਾਨਕੁ ਸਿਮਰੈ ਦਿਨੁ ਰੈਨਾਰੇ ॥
*(ਸੂਹੀ ਮ: ੫, ਪੰਨਾ ੭੪੦)*

ਅਗਮੁ ਅਗੋਚਰੁ ਸਾਹਿਬੋ ਸਮਰਥੁ ਸਚੁ ਦਾਤਾਰੁ ॥
ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ ॥
*(ਸਲੋਕ ਮ: ੫, ਪੰਨਾ ੯੬੨)*

ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥
ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥੩॥੧॥
*(ਬਸੰਤ ਕੀ ਵਾਰ, ਮ: ੫, ਪੰਨਾ ੧੧੯੩)*

ਅਗਮ ਅਗੋਚਰੁ ਸਾਹਿਬੁ ਮੇਰਾ ॥
ਘਟ ਘਟ ਅੰਤਰਿ ਵਰਤੈ ਨੇਰਾ ॥
*(ਮਾਝ ਮ: ੫, ਪੰਨਾ ੧੦੬)*

ਅਗਮ ਅਗੋਚਰੁ ਸਾਹਿਬੋ ਜੀਆਂ ਕਾ ਪਰਣਾ ॥
ਹਸਤ ਦੇਇ ਪ੍ਰਤਿਪਾਲਦਾ ਭਰਣ ਪੋਖਣੁ ਕਰਣਾ ॥
*(ਸਲੋਕ ਮ: ੫, ਪੰਨਾ ੩੨੩)*

ਇਸੇ ਭਾਵ ਨੂੰ ਪ੍ਰਗਟਾਉਣ ਦੇ ਸੰਬੰਧ ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਾਨੂੰ ਹੋਰ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀ ਰਚਨਾ ਰਚੀ ਹੈ, ਜਿਵੇਂ ਕਿ :

(੧) ਹੇ ਭਾਈਓ ! ਉਹ ਪ੍ਰਮੇਸਰ ਅਗੰਮ ਤੋਂ ਭੀ ਅਗੰਮ ਹੈ। ਇਸੇ ਲਈ ਜੋ ਆਪ ਅਗੰਮ ਹਨ, ਉਹ ਪ੍ਰਮੇਸ਼ਰ ਨੂੰ ਅਤਿ ਅਗੰਮ ਆਖਦੇ ਹਨ।

(੨) (ਇਸੇ ਹੀ ਤਰ੍ਹਾਂ ਉਹ ਪ੍ਰਮੇਸ਼ਰ) ਅਲਖਾਂ ਤੋਂ ਅਲੱਖ ਹੈ (ਭਾਵ, ਨ ਲਖੇ ਜਾਣ ਵਿਚ ਭੀ ਵੱਡਾ ਹੈ) ਤੇ ਜੋ ਆਪ ਅਲਖ (ਵਡੇ ਵਡੇ ਦੇਵਤੇ ਹਨ) ਉਹ ਵੀ ਪ੍ਰਮੇਸ਼ਰ ਨੂੰ ਅਲਖ ਆਖ ਕੇ ਧਿਆਉਂਦੇ ਹਨ।

(੩) ਅਪਰੰਪਰ ਤੋਂ ਅਪਰੰਪਰ ਜੋ ਹਨ, ਵਾਹਿਗੁਰੂ ਉਨ੍ਹਾਂ ਲਈ ਵੀ ਅਪਰੰਪਰ ਹੈ, ਇਹੋ ਗੱਲ ਉਨ੍ਹਾਂ ਨੂੰ ਆਖਣੀ ਭਾਈ ਹੈ।

(੪) ਅਗੋਚਰ ਤੋਂ ਵੀ ਜੋ ਅਗੋਚਰ ਰੂਪ ਹਨ, ਪ੍ਰਮੇਸ਼ਰ ਉਨ੍ਹਾਂ ਅਗੋਚਰਾਂ ਤੋਂ ਵੀ ਅਗੋਚਰ ਥਾਂ ਵਾਲਾ ਹੈ, (ਭਾਵ ਵੱਡੀਆਂ ਤੋਂ ਵੱਡੀਆਂ ਸ਼ਕਤੀਆਂ ਵਾਲੇ ਦੇਵ ਸਰੂਪ ਵੀ ਪ੍ਰਮੇਸ਼ਰ ਦੇ ਅਸਥਾਨ ਤੀਕ ਅਪੜਨ ਵਲੋਂ ਅਸਮਰਥ ਹਨ।

(੫) (ਉਹ) ਪਾਰਬ੍ਰਹਮ ਹੀ ਪੂਰਨ (ਸਭ ਪਾਸੇ ਫੈਲਿਆ ਤੇ ਵਿਆਪਕ) ਬ੍ਰਹਮ ਹੈ, ਜਿਸਨੂੰ ਸਾਧ ਸੰਗਤ ਵੀ ਬੇਅੰਤ ਤੇ ਅਗਾਧ (ਗੰਭੀਰ) ਆਖਦੀ ਹੈ।

ਪ੍ਰ: ਕਿਉਂ ਜੀ ! ਆਖ਼ਰ ਕਿਸੇ ਨੂੰ ਉਸਦੀ ਲਖਤਾ ਭੀ ਹੁੰਦੀ ਹੈ ?

ਉ: (੬) (ਹੇ ਭਾਈ !) ਗੁਰਮੁਖ ਨੂੰ (ਵਾਹਿਗੁਰੂ) ਦੇ ਪ੍ਰੇਮ ਰਸ ਦਾ ਸੁਖ ਪ੍ਰਾਪਤ ਹੋਣ ਕਰਕੇ, ਤੇ ਵਾਹਿਗੁਰੂ ਭਗਤ ਵਛਲ ਹੋਣ ਕਰਕੇ, ਨ ਛਲਿਆ ਜਾਣ ਵਾਲਾ ਹੋਣ ਦੇ ਬਾਵਜੂਦ (ਭਗਤਾਂ ਗੁਰਮੁਖਾਂ ਦੇ ਪ੍ਰੇਮ ਬੰਧਨਾਂ ਵਿਚ ਆ) ਛਲਿਆ ਜਾਂਦਾ ਹੈ।

(੭) (ਉਹ ਆਪਣੇ ਗੁਰਮੁਖਾਂ ਸੇਵਕਾਂ ਨੂੰ) ਵੀਹ (ਸੰਸਾਰ) ਤੋਂ ਇਕੀਹ (ਈਸ਼ਵਰ) ਦੇ ਚੜ੍ਹਾਉ ਤੱਕ ਚੜ੍ਹਾ ਕੇ (ਆਪਣੇ ਵਿਚ ਸਮਾ ਲੈਂਦਾ ਹੈ)।੧੭।

***ਭਾਵਾਰਥ :*** ਉਹ ਵਾਹਿਗੁਰੂ ਅਗਮ ਅਗੋਚਰ ਸਰਵ-ਵਿਆਪੀ ਇਸੇ ਹੀ ਤਰ੍ਹਾਂ ਹੈ, ਜਿਵੇਂ ਕਿ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥
*(ਸੂਹੀ ਮ: ੫, ਪੰਨਾ ੭੮੪)*

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ ॥੧॥
*(ਸੋਰਠਿ ਮ: ੫, ਪੰਨਾ ੬੧੭)*

ਉਸ ਜੋਤੀ ਸਰੂਪ ਦੀ ਜੋਤ ਘਟਾਂ ਘਟਾਂ ਵਿਚ ਇਉਂ ਹੀ ਸਮਾਈ ਹੋਈ ਹੈ, ਜਿਵੇਂ ਸਾਰੀ ਬਨਾਸਪਤੀ ਵਿਚ ਅਗਨ ਤੇ ਸਾਰੇ ਦੁੱਧਾਂ ਵਿਚ ਘਿਉ ਹੈ। ਪਰ, ਫਿਰ ਭੀ ਪ੍ਰੇਮੀਆਂ ਦੇ ਹਿਰਦੇ ਵਿਚ ਪਿਆਰ ਦਾ ਸਦਕਾ ਉਹ ਪ੍ਰਗਟ ਹੋ ਪ੍ਰਤੱਖ ਰੂਪ ਵਿਚ ਦਰਸ਼ਨ ਦੇਣ ਲਈ ਪ੍ਰਗਟ ਹੋ ਆਉਂਦਾ ਹੈ।

## ੧੮. ਪ੍ਰਮੇਸ਼ਰ ਦਾ ਲਖਾਉਣਾ

੧. ਪਾਰਬ੍ਰਹਮ ਪੂਰਨ ਬ੍ਰਹਮ
ਨਿਰੰਕਾਰ ਆਕਾਰ ਬਣਾਯਾ।
੨. ਅਬਿਗਤਿ ਗਤਿ ਅਗਾਧਿ ਬੋਧ
ਗੁਰਮੂਰਤਿ ਹੁਇ ਅਲਖ ਲਖਾਯਾ।

**੩. ਸਾਧ ਸੰਗਤ ਸਚਖੰਡ ਵਿਚ**
**ਭਗਤ ਵਛਲ ਹੋਇ ਅਛਲ ਛਲਾਯਾ।**
**੪. ਚਾਰਿ ਵਰਨ ਇਕ ਵਰਨ ਹੁਇ**
**ਆਦਿ ਪੁਰਖ ਆਦੇਸ ਕਰਾਯਾ।**
**੫. ਧਯਾਨ ਮੂਲ ਦਰਸ਼ਨ ਗੁਰੂ**
**ਛਿਅ ਦਰਸ਼ਨ ਦਰਸ਼ਨ ਵਿਚ ਆਯਾ।**
**੬. ਆਪੇ ਆਪਿ ਨ ਆਪੁ ਜਣਾਯਾ॥੧੯॥**

*ਪਦ ਅਰਥ :* ਆਕਾਰ—ਸਾਖਯਾਤ ਸਰੂਪ। ਅਬਿਗਤਿ—ਗਤੀ ਰਹਿਤ। ਅਗਾਧਿ ਬੋਧ—ਡੂੰਘੀ ਤੇ ਗੰਭੀਰਤਾ ਵਾਲੀ ਸਮਝ। ਧਯਾਨ ਮੂਲ—ਮੁਢਲਾ ਧਿਆਨ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਦੋਂ ਸੰਸਾਰ ਦੇ ਆਮ ਪਦਾਰਥਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਹਰ ਸ਼ੈਅ ਦਾ ਕੋਈ ਨਾ ਕੋਈ ਭਿੰਨ ਭਿੰਨ ਕਰਤਾ ਨਜ਼ਰ ਆਉਂਦਾ ਹੈ, ਪਰ ਇਸ ਸਮੁੱਚੇ ਸੰਸਾਰ ਦਾ ਕਰਤਾ ਤੁਸੀਂ ਕਿਸਨੂੰ ਮੰਨਦੇ ਹੋ, ਕਿਉਂਕਿ ਜਦੋਂ ਅਸੀਂ ਪੁਰਾਤਨ ਸ਼ਾਸਤਰਾਂ ਦੀਆਂ ਕਥਾਵਾਂ ਸੁਣਦੇ ਹਾਂ ਉਨ੍ਹਾਂ ਨੇ ਤਾਂ ਇਸ ਸਾਰੇ ਵਿਸ਼ਵ ਦਾ ਕਰਤਾ ਵਖੋ ਵਖ ਮੰਨਿਆ ਹੈ, ਪਰ ਤੁਸੀਂ ਆਪਣੇ ਕਈ ਵਾਰ ਵੀਚਾਰ ਸੰਗਤ ਵਿਚ ਇਹੋ ਦਰਸਾਉਂਦੇ ਹੋ ਕਿ ਇਸ ਸਾਰੀ ਰਚਨਾ ਦਾ ਕਰਤਾ ਕਰਤਾਰ ਹੈ।

ਪਰ ਸਾਂਖ ਸ਼ਾਸਤਰ ਦਾ ਮੱਤ ਹੈ ਕਿ ਈਸ਼੍ਵਰ ਦੀ ਕੋਈ ਭੀ ਹਸਤੀ ਨਹੀਂ। ਸ੍ਰਿਸ਼ਟੀ ਦੀ ਇਹ ਰਚਨਾ, ਜੀਵ ਅਤੇ ਪ੍ਰਕ੍ਰਿਤੀ ਦੇ ਮਿਲਾਪ ਨਾਲ ਹੋਈ ਹੈ ਇਹ ਆਪੇ ਬਣੀ ਹੈ ਤੇ ਪ੍ਰਵਾਹ ਰੂਪ ਹੈ। ਇਸ ਤਰ੍ਹਾਂ ਬਾਕੀ ਦੇ ਸ਼ਾਸਤ੍ਰਾਂ ਦੇ ਭੀ ਭਿੰਨ ਭਿੰਨ ਮੱਤ ਹਨ ਜੋ ਕਿ ਇਕ ਮੱਤ ਦਾ ਦੂਸਰੇ ਨਾਲ ਕੋਈ ਭੀ ਤਾਲ-ਮੇਲ ਨਹੀਂ ਹੈ, ਪਰ ਜੇ ਤੁਹਾਡੇ ਹੀ ਵੀਚਾਰ ਮੰਨ ਲਏ ਜਾਣ ਕਿ ਇਸ ਸ੍ਰਿਸ਼ਟੀ ਦਾ ਕਰਤਾ, ਕਰਤਾ ਪੁਰਖ ਹੈ ਤਾਂ ਫਿਰ ਕੀ ਆਪ ਜੀ ਇਹ ਭੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਉਸ ਕਰਤੇ ਦਾ ਕਰਤਾ ਕੌਣ ਹੈ, ਕਿਉਂਕਿ ਜਦੋਂ ਇਹ ਨਿਯਮ ਹੈ ਕਿ ਕੋਈ ਭੀ ਕਿਰਤ ਕਰਤੇ ਤੋਂ ਬਿਨਾਂ ਹੋ ਹੀ ਨਹੀਂ ਸਕਦੀ ਤਾਂ ਫਿਰ ਉਸ ਕਰਤੇ ਦਾ ਕਰਤਾ ਭੀ ਕੋਈ ਜ਼ਰੂਰ ਹੋਵੇਗਾ?

ਉ: ਹੇ ਭਾਈਓ! ਅਸਲ ਵਿਚ ਜੋ ਭੀ ਵੀਚਾਰ ਮੈਂ ਸੰਗਤ ਵਿਚ ਦੇਂਦਾ ਹਾਂ ਉਹ ਮੇਰੇ ਆਪਣੇ ਨਹੀਂ ਸਗੋਂ ਗੁਰਬਾਣੀ ਦੇ ਹਨ, ਗੁਰਬਾਣੀ ਵਿਚ ਉਸ ਕਰਤਾ ਪੁਰਖ ਦੇ ਸੰਬੰਧ ਵਿਚ ਇਹ ਫ਼ੁਰਮਾਨ ਆਇਆ ਹੈ ਕਿ ਉਹ (ਸੈਭੰ) ਸੁਤੇ ਪ੍ਰਕਾਸ਼ ਹੈ, ਉਸਦਾ ਕਰਤਾ ਉਸ ਨੂੰ ਰਚਨ ਵਾਲਾ ਹੋਰ ਕੋਈ ਵੀ ਨਹੀਂ ਹੈ ਤੇ ਨਾ ਹੀ ਉਸ ਨੂੰ ਹੋਰ ਕੋਈ ਸਥਾਪਨ ਕਰਨ ਵਾਲਾ ਹੈ, ਜਿਵੇਂ ਕਿ ਹੁਕਮ ਆਇਆ ਹੈ ਕਿ:

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥ *(ਜਪੁਜੀ, ਪੰਨਾ ੨)*

ਕਰਣ ਕਾਰਣ ਪ੍ਰਭੁ ਏਕੁ ਹੈ
ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ
ਜਲਿ ਥਲਿ ਮਹੀਅਲਿ ਸੋਇ॥੧॥.....
ਕਰਨ ਕਰਾਵਨ ਕਰਨੈ ਜੋਗੁ॥
ਜੋ ਤਿਸੁ ਭਾਵੈ ਸੋਈ ਹੋਗੁ॥
*(ਸੁਖਮਨੀ ਮ: ੫, ਪੰਨਾ ੨੭੬)*

ਕਰਣ ਕਰਾਵਨਹਾਰ ਸੁਆਮੀ॥
ਸਗਲ ਘਟਾ ਕੇ ਅੰਤਰਜਾਮੀ॥੩॥
*(ਗਉੜੀ ਮ: ੫, ਪੰਨਾ ੧੨੮)*

ਕਰਣ ਕਰਾਵਨਹਾਰ ਦਇਆਲ॥
ਜੀਅ ਜੰਤ ਸਗਲੇ ਪ੍ਰਤਿਪਾਲ॥
ਅਗਮ ਅਗੋਚਰ ਸਦਾ ਬੇਅੰਤਾ॥
ਸਿਮਰਿ ਮਨਾ ਪੂਰੇ ਗੁਰ ਮੰਤਾ॥੨॥
*(ਗਉੜੀ ਮ: ੫, ਪੰਨਾ ੧੮੪)*

ਕਰਣ ਕਰਾਵਣਹਾਰ ਪ੍ਰਭੁ ਦਾਤਾ
ਪਾਰਬ੍ਰਹਮ ਪ੍ਰਭੁ ਸੁਆਮੀ॥
ਸਗਲੇ ਜੀਅ ਕੀਏ ਦਇਆਲਾ
ਸੋ ਪ੍ਰਭੁ ਅੰਤਰਜਾਮੀ॥੧॥
*(ਸੋਰਠਿ ਮ: ੫, ਪੰਨਾ ੬੧੫)*

ਤੁਝ ਪਹਿ ਨਉਨਿਧਿ ਤੂ ਕਰਣੈ ਜੋਗੁ॥
ਥਾਪਿ ਉਥਾਪੇ ਕਰੇ ਸੁ ਹੋਗੁ॥
*(ਰਾਮਕਲੀ ਮ: ੧, ਪੰਨਾ ੯੦੩)*

ਨਿਰੰਕਾਰਿ ਆਕਾਰੁ ਉਪਾਇਆ॥
ਮਾਇਆ ਮੋਹੁ ਹੁਕਮਿ ਬਣਾਇਆ॥
*(ਮਾਰੂ ਮ: ੩, ਪੰਨਾ ੧੦੬੬)*

ਨਿਰੰਕਾਰੁ ਆਕਾਰ ਆਪਿ ਅਛਲ ਪੂਰ ਅਬਿਨਾਸੀ॥
ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ॥
*(ਸਵਯੇ ਸ੍ਰੀ ਮੁਖਬਾਕ੍ ਮ: ੫, ਪੰਨਾ ੧੩੮੬)*

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥
*(ਸਲੋਕੁ, ਪੰਨਾ ੨੫੦)*

ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥
ਕਰਿ ਕਰਿ ਕਰਤਾ ਆਪੇ ਵੇਖੈ
ਜਿਤੁ ਭਾਵੈ ਤਿਤੁ ਲਾਏ ॥
*(ਮਲਾਰ ਮ: ੩, ਪੰਨਾ ੧੨੫੭)*

ਨਿਰੰਕਾਰੁ ਅਛਲ ਅਡੋਲੋ ॥
ਜੋਤਿ ਸਰੂਪੀ ਸਭੁ ਜਗੁ ਮਉਲੋ ॥
*(ਮਾਰੂ ਮ: ੫, ਪੰਨਾ ੧੦੮੩)*

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ
ਕਹਿ ਨ ਸਕੈ ਕੋਊ ਤੂ ਕਦ ਕਾ ॥
*(ਸਵਈਏ ਮ: ੪ ਕੇ, ਪੰਨਾ ੧੪੦੩)*

ਇਸ ਤਰ੍ਹਾਂ ਗੁਰਬਾਣੀ ਵਿਚ ਹੋਰ ਭੀ ਬਹੁਤ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਉਹ ਪ੍ਰਭੂ ਇਸ ਰਚਨਾ ਦਾ ਕਰਤਾ ਹੈ, ਪਰ ਉਸਦਾ ਕਰਤਾ ਕੋਈ ਭੀ ਨਹੀਂ। ਉਹ ਸੂਖਮ ਸਰੂਪ ਹੁੰਦਾ ਹੋਇਆ ਭੀ ਅਸਥੂਲ ਸਮਗਰੀ ਦਾ ਕਰਤਾ ਹੋ ਰਿਹਾ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਉਹ ਪ੍ਰਮੇਸ਼ਰ ਨਿਰਗੁਣ ਸਰੂਪ ਜੋ ਸੂਖਮ ਤੋਂ ਭੀ ਅਤਿ ਸੂਖਮ ਹੈ, ਉਹ ਇਤਨਾ ਵਿਸਥਾਰ ਵਾਲਾ ਸਰਗੁਣ ਸਰੂਪ ਕਿਵੇਂ ਹੋ ਗਿਆ ?

ਉ: ਹੇ ਭਾਈਓ ! ਵੇਖੋ ਜਿਸ ਤਰ੍ਹਾਂ ਇਕ ਨਿਕੇ ਜਿਹੇ ਬੋਹੜ ਦੇ ਬੀਜ ਤੋਂ ਵਡੇ ਵਿਸਥਾਰ ਵਾਲਾ ਬ੍ਰਿਛ ਉਤਪੰਨ ਹੋ ਜਾਂਦਾ ਹੈ ਉਹ ਬੀਜ ਭਾਵੇਂ ਵੇਖਣ ਵਿਚ ਨਿੱਕਾ ਜਿਹਾ ਹੁੰਦਾ ਹੈ, ਅਤੇ ਉਸ ਵਿਚ ਉਹ ਬੋਹੜ, ਉਸਦੇ ਟਾਹਣ ਤੇ ਪੱਤਰ ਨਹੀਂ ਦਿਸਦੇ, ਪਰ ਪੈਦਾ ਵਿਚੋਂ ਹੀ ਹੋਇਆ ਕਰਦੇ ਹਨ, ਉਹ ਨਿੱਕਾ ਜਿਹਾ ਬੀਜ ਕੇਵਲ ਇਕ ਬ੍ਰਿਛ ਹੀ ਪੈਦਾ ਨਹੀਂ ਕਰਦਾ ਬਲਕਿ ਉਹ ਆਪਣੇ ਜਿਹੇ ਅਨੇਕਾਂ ਬੀਜ ਭੀ ਪੈਦਾ ਕਰਦਾ ਹੈ, ਇਸੇ ਹੀ ਤਰ੍ਹਾਂ ਨਿਰਗੁਣ ਪ੍ਰਮੇਸ਼ਰ ਤੋਂ ਕ੍ਰੋੜਾਂ ਹੀ ਬ੍ਰਹਿਮੰਡਾਂ ਦੀ ਰਚਨਾ ਹੁੰਦੀ ਹੈ। ਇਹ ਸਾਰਾ ਪਸਾਰਾ ਉਸਨੇ ਇਕੋ ਕਵਾਉ ਤੋਂ ਕਰ ਦਿਤਾ ਹੈ, ਜਿਸ ਤੋਂ ਅਗੇ ਲੱਖਾਂ ਹੀ ਸੂਖਮ ਤੇ ਅਸਥੂਲ ਜੀਆਂ ਜੰਤਾਂ ਦੇ ਦਰਯਾਉ ਵਗ ਤੁਰੇ। ਹੁਕਮ ਹੈ :

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥ *(ਜਪੁਜੀ, ਪੰਨਾ ੪)*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਜਿਨ੍ਹਾਂ ਦੀ ਪ੍ਰੇਰਨਾ ਲੈ ਕੇ ਮੈਂ ਇਹ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਹੇ ਭਾਈਓ! ਇਹ ਇਲਾਹੀ ਬਾਣੀ ਦੁਆਰੇ ਸਿੱਧ ਹੁੰਦਾ ਹੈ ਕਿ ਉਸ) ਪਾਰਬ੍ਰਹਮ ਪੂਰਨ ਬ੍ਰਹਮ ਨਿਰੰਕਾਰ ਨੇ (ਇਸ ਸਾਰੇ ਸੰਸਾਰ ਦਾ) ਅਕਾਰ ਬਣਾਇਆ ਹੈ।

(੨) ਜਿਸਦੀ ਗਤਿ ਤੇ ਸਮਝ ਸੂਝ ਬੁੱਧੀ ਤੋਂ ਬਹੁਤ ਪਰ੍ਹੇ ਹੈ (ਉਸ ਪ੍ਰਭੂ ਨੇ ਹੀ) ਗੁਰੂ (ਨਾਨਕ) ਮੂਰਤਿ ਧਾਰ ਕੇ ਅਲੱਖ (ਪ੍ਰਭੂ) ਨੂੰ ਸੰਸਾਰ ਵਿਚ ਦਿਖਾ ਦਿਤਾ ਹੈ।

(੩) ਸਾਧ ਸੰਗਤ ਰੂਪੀ ਸੱਚ ਖੰਡ ਵਿਚ ਅਛੱਲ (ਪ੍ਰਭੂ ਨੇ) ਭਗਤ ਹੋ ਕੇ ਆਪਣੇ ਆਪ ਨੂੰ ਛਲਾ ਲਿਆ (ਭਾਵ ਭਗਤਾਂ ਦੇ ਵੱਸ ਹੋਇਆ)।

(੪) (ਗੁਰੂ ਜੀ ਦੇ ਪ੍ਰਤਾਪ ਨਾਲ) ਚਾਰੇ ਵਰਨਾਂ ਨੇ (ਗੁਰੂ ਜੀ ਦੀ ਚਰਣੀ ਲੱਗ ਕੇ ਹੋਰ ਦੇਵੀ ਦੇਵਤਿਆਂ, ਜੋ ਪ੍ਰਭੂ ਦੀ ਕ੍ਰਿਤ ਹਨ) ਉਨ੍ਹਾਂ ਨੂੰ ਛੱਡ ਕੇ ਆਦਿ ਪੁਰਖ (ਪ੍ਰਮੇਸ਼ਰ, ਜੋ ਸਭ ਦਾ ਕਰਤਾ ਹੈ) ਉਸਨੂੰ ਆਦੇਸ (ਨਮਸਕਾਰਾਂ) ਕੀਤੀਆਂ।

(੫) ਧਿਆਨ ਮੂਲ (ਮੁਢਲਾ ਧਿਆਨ ਤੇ ਵੀਚਾਰ) ਗੁਰੂ ਦਰਸ਼ਨ ਹੋ ਗਏ, ਜਿਸ ਵਿਚ ਛੇਆਂ ਦਰਸ਼ਨਾਂ (ਧਰਮਾਂ ਨੂੰ ਮੰਨਣ ਵਾਲੇ ਇਕ ਥਾਂ) ਤੋਂ ਗੁਰੂ ਰੂਪ ਵਿਚ ਹੀ ਆ ਇਕੱਠੇ ਹੋਏ।

(੬) (ਇਹ ਸਭ ਕੌਤਕ) ਪ੍ਰਭੂ ਦਾ ਆਪੇ ਆਪ ਹੀ ਸੀ, (ਪਰ ਇਉਂ ਕਰਕੇ ਵੀ ਉਸ (ਨੇ) ਕਿਸੇ ਨੂੰ) ਆਪਾ ਨਹੀਂ ਜਣਾਇਆ।੧੮।

***ਭਾਵਾਰਥ :*** ਪੁਰਾਤਨ ਤੇ ਅਜੋਕੇ ਸਮੇਂ ਦੇ ਜਿਤਨੇ ਭੀ ਬੁੱਧੀ-ਜੀਵੀ ਲੋਕ ਹਨ, ਉਨ੍ਹਾਂ ਨੇ ਉਸ ਨਿਰੰਕਾਰ ਦੇ ਸਤ ਸਰੂਪ ਦਾ ਕਥਨ ਤਾ ਕੀਤਾ ਹੈ, ਪਰ—ਆਪੁ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥ ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥ (ਚਉਪਈ ਪਾ: ੧੦) ਉਨ੍ਹਾਂ ਨੇ ਆਪੋ ਆਪਣੀ ਬੁਧੀ ਅਨੁਸਾਰ ਉਸ ਪ੍ਰਭੂ ਤੇ ਪ੍ਰਭੂ ਦੇ ਇਸ ਸੰਸਾਰ ਦੇ ਪਸਾਰੇ ਦਾ ਕਥਨ ਤਾਂ ਕੀਤਾ ਹੈ ਪਰ ਸਹੀ ਰੂਪ ਵਿਚ ਕਥਨ ਨਹੀਂ ਕਰ ਸਕੇ ਕਿ ਇਸ ਦਾ ਅਰੰਭ ਕਦੋਂ ਤੇ ਕਿਸ ਰੂਪ ਵਿਚ ਹੋਇਆ। ਉਨ੍ਹਾਂ ਸਿਆਣਿਆਂ ਬਾਰੇ ਇਉਂ ਹੀ ਅਨੁਮਾਨਿਆ ਜਾ ਸਕਦਾ ਹੈ ਕਿ ਜਿਵੇਂ ਆਕਾਸ਼ ਵਿਚ ਪੰਛੀ ਉੱਡਦੇ ਹਨ, ਉਹ ਉਤਨੀ ਦੂਰੀ ਤਕ ਹੀ ਜਾ ਸਕਦੇ ਹਨ, ਜਿਤਨੀ ਉਨ੍ਹਾਂ ਦੇ ਖੰਭਾਂ ਵਿਚ ਸ਼ਕਤੀ ਹੈ, ਪਰ ਅਕਾਸ਼ ਤਾਂ ਅਗੰਮ ਹੈ, ਉਸ ਦੀ ਗੰਮਤਾ ਲੈਣੀ ਨਾ-ਮੁਮਕਿਨ ਹੈ। ਇਸ ਲਈ ਬਾਣੀ ਦਾ ਗੁੱਝਾ ਭਾਵ ਇਨ੍ਹਾਂ ਸਾਰੇ ਲਿਖਾਰੀਆਂ ਤੋਂ ਅਗੇ ਅਰੰਭ ਹੁੰਦਾ ਹੈ, ਜਿਵੇਂ ਕਿ :

ਆਪੇ ਜੰਤ ਉਪਾਇਅਨੁ ਆਪੇ ਆਧਾਰੁ ॥
ਆਪੇ ਸੂਖਮੁ ਭਾਲੀਐ ਆਪੇ ਪਾਸਾਰੁ ॥

*(ਪਉੜੀ, ਪੰਨਾ ੫੫੬)*

ਅਨਿਕ ਬਨਾ ਅਨਿਕ ਫਲ ਮੂਲ ॥
ਆਪਹਿ ਸੂਖਮ ਆਪਹਿ ਅਸਥੂਲ ॥੫॥

*(ਸਾਰਗ ਮ: ੫, ਪੰਨਾ ੧੨੩੬)*

ਆਪਹਿ ਸੂਖਮ ਆਪਹਿ ਅਸਥੂਲਾ ॥
ਲਖੀ ਨ ਜਾਈ ਨਾਨਕ ਲੀਲਾ ॥੧॥

*(ਗਉੜੀ ਮ: ੫, ਪੰਨਾ ੨੫੦)*

ਉਹ ਸੂਖਮ ਸਰੂਪ ਹੀ ਅਸਥੂਲ ਰੂਪ ਹੋ ਕੇ ਸਰਵ ਥਾਵਾਂ ਵਿਚ ਪਸਰ ਰਿਹਾ ਹੈ, ਉਸਦਾ ਤੇ ਉਸਦੀ ਇਸ ਅਨੰਤ ਰਚਨਾ ਦਾ ਅੱਜ ਤਕ ਨਾਹੀ ਕੋਈ ਪੂਰਨ ਰੂਪ ਵਿਚ ਕਥਨ ਕਰ ਸਕਿਆ ਹੈ ਅਤੇ ਨਾ ਹੀ ਕੋਈ ਅਗੋਂ ਕਥਨ ਕਰ ਹੀ ਸਕੇਗਾ, ਕਿਉਂਕਿ ਉਹ ਬੇਅੰਤ ਹੈ, ਬੇਅੰਤ ਹੈ, ਬੇਅੰਤ ਹੈ।੧।

## ੧੯. ਗੁਰੂ ਦੀ ਸ਼ਰਨ ਵਿਚੋਂ ਗੁਰਮੁਖ ਨੂੰ ਸੁਖ ਫਲ

੧. ਚਰਨ ਕਵਲ ਸ਼ਰਨਾਗਤੀ
ਸਾਧ ਸੰਗਤਿ ਮਿਲਿ ਗੁਰੁਸਿਖ ਆਏ।
੨. ਅੰਮ੍ਰਿਤ ਦ੍ਰਿਸ਼ਟਿ ਨਿਹਾਲ ਕਰਿ
ਦਿੱਬ ਦ੍ਰਿਸ਼ਟਿ ਦੇ ਪੈਰੀਂ ਪਾਏ।
੩. ਚਰਣ ਰੇਣ ਮਸਤਕਿ ਤਿਲਕ
ਭਰਮ ਕਰਮ ਦਾ ਲੇਖੁ ਮਿਟਾਏ।
੪. ਚਰਣੋਦਕ ਲੈ ਆਚਮਨ
ਹਉਮੈਂ ਦੁਬਿਧਾ ਰੋਗੁ ਗਵਾਏ।
੫. ਪੈਰੀਂ ਪੈ ਪਾ-ਖਾਕ ਹੋਇ
ਜੀਵਨ ਮੁਕਤਿ ਸਹਜ ਘਰਿ ਆਏ।
੬. ਚਰਣ ਕਵਲ ਵਿਚ ਭਵਰ ਹੋਇ
ਸੁਖ ਸੰਪਟ ਮਕਰੰਦ ਲੁਭਾਏ।
੭. ਪੂਜ ਮੂਲ ਸਤਿਗੁਰ ਚਰਣ
ਦੂਤੀਆ ਨਾਸਤਿ ਲਵੈ ਨ ਲਾਏ।
੮. ਗੁਰਮੁਖ ਸੁਖ ਫਲ ਗੁਰ ਸਰਣਾਏ ॥੧੯॥

***ਪਦ ਅਰਥ :*** ਸ਼ਰਨਾਗਤੀ—ਸ਼ਰਨ ਪ੍ਰਾਪਤ ਹੋਣਾ। ਨਿਹਾਲ—ਪ੍ਰਸੰਨ। ਰੇਣੁ—ਧੂੜੀ। ਚਰਣੋਦਕ—ਚਰਣਾਂ ਦਾ ਅੰਮ੍ਰਿਤ। ਦਿਬ ਦ੍ਰਿਸ਼ਟਿ—ਦੂਰ ਦ੍ਰਿਸ਼ਟੀ। ਆਚਮਨ—ਪੀਣਾ। ਸੁਖ ਸੰਪਟ—ਸੁਖਾਂ ਦਾ ਘਰ। ਸਹਜ ਘਰਿ—ਚੌਥਾ ਪਦ। ਮਕਰੰਦ—ਰਸ। ਲਵੈ—ਬਰਾਬਰ।

### ਅਰਥ :

ਪ੍ਰ: ਭਾਈ ਸਾਹਿਬ ਜੀਉ ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਹਰ ਸੰਸਾਰੀ ਮਨੁੱਖ ਦੀ ਆਤਮਾ ਅੰਦਰ ਸਦੀਵੀ ਆਪਣੇ ਆਪ ਨੂੰ ਸੁਖੀਆ ਰਹਿਣ ਦੀ ਇੱਛਾ ਹੈ। ਇਸ ਇੱਛਾ ਦੀ ਪੂਰਤੀ ਲਈ ਹਰ ਬੰਦਾ ਹੀ ਅਨੇਕਾਂ ਤਰ੍ਹਾਂ ਦੇ ਉਪਰਾਲੇ ਕਰਦਾ ਹੈ, ਧਨ ਦੌਲਤ, ਇਕੱਤ੍ਰ ਕਰਦਾ ਹੈ, ਰਾਜ-ਭਾਗ ਦੀ ਪ੍ਰਾਪਤੀ ਦੇ ਯਤਨ ਕਰਦਾ ਹੈ, ਬਹੁਤ ਪ੍ਰਕਾਰ ਦੇ ਯੋਗ ਸਾਧਨਾ ਸਾਧਦਾ ਹੈ, ਭਾਵ ਅਨੇਕਾਂ ਤਰ੍ਹਾਂ ਦੇ ਉਪਰਾਲੇ ਕਰਦਾ ਹੈ, ਜਿਸ ਬਾਰੇ ਬਾਣੀ ਅੰਦਰ ਫ਼ੁਰਮਾਨ ਭੀ ਮਿਲਦਾ ਹੈ, ਜਿਵੇਂ ਕਿ :

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ
ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ ॥੧॥

*(ਆਸਾ ਮ: ੯, ਪੰਨਾ ੪੧੧)*

ਭਾਵ ਸੁਖ ਦੀ ਚਾਹਤ ਪੂਰੀ ਕਰਨ ਲਈ ਬੜੇ ਕਸ਼ਟ ਸਹਾਰਦਾ ਹੈ, ਵਖੋ ਵਖਰੇ ਜਨਾਂ ਦੀ ਸੇਵਾ ਕਰਦਾ ਹੈ, ਕੂਕਰ ਦੀ ਤਰ੍ਹਾਂ ਦਰ-ਬ-ਦਰ ਭਟਕਦਾ ਫਿਰਦਾ ਹੈ, ਪਰ ਜਿਸ ਰਾਮ ਦੇ ਭਜਨ ਦੁਆਰੇ ਸੁਖ ਦੀ ਚਾਹਤ ਪੂਰੀ ਹੋਣੀ ਹੈ, ਉਸ ਦੀ ਇਸਨੂੰ ਸੋਝੀ ਹੀ ਨਹੀਂ ਹੈ।

ਨਜ਼ਰ ਇਉਂ ਹੀ ਆਉਂਦਾ ਹੈ ਕਿ ਸੁਖ ਪ੍ਰਾਪਤੀ ਦੀ ਚਾਹਤ ਪੂਰੀ ਕਰਨ ਲਈ ਅਨੇਕਾਂ ਸਾਧਨ ਕਰਦੇ ਹੋਏ ਵੀ ਮਨੁੱਖ ਦੁਖੀਏ ਵੇਖੀਦੇ ਹਨ, ਪਰ ਸਾਰੀ ਹੀ ਲੁਕਾਈ ਅੰਦਰ ਇਕ ਗੁਰਮੁਖਾਂ ਦੀ ਸ਼੍ਰੇਣੀ ਹੈ, ਜਿਸ ਨੂੰ ਸਦੀਵੀ ਸੁਖੀਏ ਵੇਖੀਦਾ ਹੈ। ਕਿਉਂ ਜੀ ! ਇਸਦਾ ਸਹੀ ਕਾਰਣ ਕੀ ਹੈ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਜਦੋਂ ਗੁਰਬਾਣੀ ਰਾਹੀਂ ਵੀਚਾਰ ਕਰੀਏ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਸੁਖ ਦੇ ਸੰਬੰਧ ਵਿਚ ਆਮ ਲੁਕਾਈ ਤੇ ਗੁਰਮੁਖਾਂ ਦਾ ਨਜ਼ਰੀਆ ਵਖੋ ਵਖ ਹੈ ਕਿਉਂਕਿ ਜਿਥੇ ਆਮ ਲੋਕਾਂ ਨੇ ਸੁਖ ਪ੍ਰਾਪਤੀ ਦਾ ਸਾਧਨ ਮਾਇਕੀ ਪਦਾਰਥਾਂ ਨੂੰ ਮੰਨਿਆ ਹੈ, ਉਥੇ ਗੁਰਮੁਖਾਂ ਦੀ ਵੀਚਾਰ ਧਾਰਾ ਵਿਚ ਇਹ ਸੰਸਾਰ ਦੇ

ਸਾਰੇ ਪਦਾਰਥ ਦੁਖਾਂ ਦਾ ਹੀ ਕਾਰਨ ਹਨ। ਇਹ ਗੱਲ ਵੱਖਰੀ ਹੈ, ਕਿ ਪ੍ਰਤੀਤ ਹੁੰਦਾ ਹੈ ਕਿ ਇਹ ਸੁਖ ਦਾ ਸਾਧਨ ਹਨ, ਪਰ ਵਾਸਤਵ ਵਿਚ ਇਹ ਸਾਰੇ ਦੁੱਖਾਂ ਦੀ ਹੀ ਖਾਨ ਮੰਨਣੇ ਪੈਂਦੇ ਹਨ, ਜੋ ਸਦੀਵੀ ਆਤਮਕ ਸੁਖ ਹੈ ਉਹ ਇਨ੍ਹਾਂ ਸੰਸਾਰ ਦੇ ਸੁਖਾਂ ਤੋਂ ਅੱਗੇ ਲੰਘ ਕੇ ਹੈ, ਇਹ ਗਿਆਨ ਭੀ ਗੁਰਮੁਖਾਂ ਨੂੰ ਗੁਰਬਾਣੀ ਦੁਆਰੇ ਹਾਸਲ ਹੋਇਆ ਹੈ, ਜਿਸ ਕਰਕੇ ਗੁਰਮੁਖ ਇਨ੍ਹਾਂ ਨਾਸਵੰਤ ਮਾਇਕੀ ਪਦਾਰਥਾਂ ਦੀ ਚਾਹਤ ਹੀ ਨਹੀਂ ਕਰਦੇ। ਕਿਉਂਕਿ ਉਨ੍ਹਾਂ ਨੂੰ ਬਾਣੀ ਦੁਆਰੇ ਬੋਧ ਪ੍ਰਾਪਤ ਹੋ ਚੁੱਕਾ ਹੈ ਕਿ ਇਨ੍ਹਾਂ ਪਦਾਰਥਾਂ ਵਿਚ (ਸੁਖ ਥੋੜੇ ਦੂਖ ਅਗਲੇ) ਭਾਵ ਸੁਖ ਘੱਟ ਹੈਨ ਤੇ ਦੁਖ ਵਧੇਰੇ। ਕਬੀਰ ਜੀ ਨੇ ਇਸੇ ਲਈ ਕਹਿ ਦਿੱਤਾ ਹੈ ਕਿ ਮੈਂ ਇਹ ਪਦਾਰਥਕ ਸੁਖ ਮੰਗਦਾ ਹੀ ਨਹੀਂ, ਕਿਉਂਕਿ :

ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥
*(ਗਉੜੀ ਕਬੀਰ ਜੀ, ਪੰਨਾ ੩੩੦)*

ਭਾਵ, ਜੋ ਭੀ ਮੈਂ ਕਿਸੇ ਪਦਾਰਥ ਦੀ ਮੰਗ ਕਰਦਾ ਹਾਂ ਕਿ ਇਸ ਦੁਆਰੇ ਮੈਨੂੰ ਸੁਖ ਮਿਲ ਸਕਦਾ ਹੈ, ਤਾਂ ਵੀਚਾਰ ਕਰਨ ਤੋਂ ਸਾਬਤ ਹੁੰਦਾ ਹੈ ਕਿ ਇਸ ਅਕਸ-ਮਾਤ੍ਰ ਸੁਖਾਂ ਦੇ ਅਗੇ ਦੁਖ ਹੀ ਦੁਖ ਨਜ਼ਰ ਆਉਂਦੇ ਹਨ, ਆਖ਼ਰ ਇਹੋ ਹੀ ਸਾਬਤ ਹੁੰਦਾ ਹੈ ਕਿ ਜਿਵੇਂ ਕਿਸੇ ਦੁਖਾਂ ਦੇ ਭਰੇ ਮਕਾਨ ਦੇ ਦਰਵਾਜ਼ੇ ਤੇ ਸੁਖਾਂ ਦਾ ਸੈਨ ਬੋਰਡ ਲੱਗਾ ਹੋਵੇ। ਇਸ ਤਰ੍ਹਾਂ ਗੁਰਮੁਖਾਂ ਨੂੰ ਗੁਰਬਾਣੀ ਦੁਆਰੇ ਬੋਧ ਮਿਲ ਗਿਆ ਹੈ ਕਿ ਸਦੀਵੀ ਸੁਖ ਗੁਰੂ ਦੇ ਚਰਨਾਂ ਦੀ ਸ਼ਰਨ ਵਿਚੋਂ ਹੀ ਮਿਲ ਸਕਦਾ ਹੈ, ਜਿਵੇਂ ਕਿ ਹੁਕਮ ਹੈ :

ਸੁਖ ਸਾਗਰ ਮੇਰੇ ਗੁਰ ਗੋਪਾਲਾ ॥
*(ਮਾਝ ਮ: ੫, ਪੰਨਾ ੧੦੫)*

ਸੁਖ ਜੀਵਣੁ ਤਿਸੁ ਆਖੀਐ
ਜਿਸੁ ਗੁਰਮੁਖਿ ਵਸਿਆ ਸੋਇ ॥ *(ਸ੍ਰੀ ਰਾਗੁ ਮ: ੧, ਪੰਨਾ ੬੩)*

ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥
*(ਗਉੜੀ ਮ: ੧, ਪੰਨਾ ੨੨੨)*

ਸੁਖ ਸਾਗਰੁ ਸੁਰਤਰ ਚਿੰਤਾਮਨਿ
ਕਾਮਧੇਨੁ ਬਸਿ ਜਾ ਕੇ ॥
ਚਾਰਿ ਪਦਾਰਥ ਅਸਟ ਦਸਾ ਸਿਧਿ
ਨਵ ਨਿਧਿ ਕਰ ਤਲ ਤਾ ਕੇ ॥੧॥
*(ਰਾਗੁ ਸੋਰਠਿ ਰਵਿਦਾਸ ਜੀ, ਪੰਨਾ ੬੫੮)*

ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥
ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥
*(ਸ੍ਰੀ ਰਾਗੁ ਮ: ੩, ਪੰਨਾ ੨੯)*

ਸੁਖ ਸਾਗਰ ਗੋਬਿੰਦ ਸਿਮਰਣੁ
ਭਗਤ ਗਾਵਹਿ ਗੁਣ ਤੇਰੇ ਰਾਮ ॥
ਅਨਦ ਮੰਗਲ ਗੁਰ ਚਰਣੀ ਲਾਗੇ
ਪਾਏ ਸੂਖ ਘਨੇਰੇ ਰਾਮ ॥
*(ਰਾਮਕਲੀ ਮ: ੫, ਪੰਨਾ ੯੨੫)*

ਸੁਖ ਸਾਗਰੁ ਗੁਰੁ ਪਾਇਆ
ਤਾ ਸਹਸਾ ਸਗਲ ਮਿਟਾਇਆ ॥੧॥
*(ਸੋਰਠਿ ਮ: ੫, ਪੰਨਾ ੬੨੬)*

ਸੁਖ ਸਾਗਰੋ ਪਾਇਆ ਸਹਜ ਸੁਭਾਇਆ
ਜਨਮ ਮਰਨ ਦੁਖ ਹਾਰੇ ॥
ਕਰੁ ਗਹਿ ਲੀਨੇ ਨਾਨਕ ਦਾਸ ਅਪਨੇ
ਰਾਮ ਨਾਮ ਉਰਿਹਾਰੇ ॥੪॥੧॥
*(ਕੇਦਾਰਾ ਮ: ੫, ਪੰਨਾ ੧੧੨੨)*

ਸੁਖ ਸਾਗਰ ਪ੍ਰੀਤਮ ਮਿਲੇ ਉਪਜੇ ਮਹਾ ਅਨੰਦ ॥
ਕਹੁ ਨਾਨਕ ਸਭ ਦੁਖ ਮਿਟੇ
ਪ੍ਰਭ ਭੇਟੇ ਪਰਮਾਨੰਦ ॥੮॥
*(ਆਸਾਵਰੀ ਮ: ੫, ਪੰਨਾ ੪੩੧)*

ਇਸ ਤੋਂ ਆਦਿ ਗੁਰਬਾਣੀ ਵਿਚ ਹੋਰ ਭੀ ਬਹੁਤ ਉਦਾਹਰਣ ਆਉਂਦੇ ਹਨ ਜਿਨ੍ਹਾਂ ਦੁਆਰੇ ਗੁਰਮੁਖਾਂ ਨੂੰ ਇਹ ਪੂਰਨ ਨਿਸਚਾ ਹੋ ਆਇਆ ਹੈ ਕਿ ਸਦੀਵੀ ਸੁਖ ਮਾਇਕੀ ਪਦਾਰਥਾਂ ਵਿਚ ਨਹੀਂ ਕੇਵਲ ਸੰਗਤ ਰਾਹੀਂ ਗੁਰੂ ਦੇ ਚਰਨਾਂ ਵਿਚ ਰਹਿ ਕੇ ਹੀ ਪ੍ਰਾਪਤ ਹੋ ਸਕਦਾ ਹੈ. ਇਸ ਲਈ ਉਹ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਜੀਵਨ ਗੁਜ਼ਾਰਨਾ ਪਸੰਦ ਕਰਦੇ ਹਨ। ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ :

(੧) (ਹੇ ਭਾਈਓ! ਗੁਰੂ ਦੇ) ਚਰਨ ਕਵਲਾਂ ਦੀ ਸ਼ਰਨ ਵਿਚ, ਸਾਧ ਸੰਗਤ ਦੇ ਮੇਲ ਨਾਲ ਮਿਲ ਕੇ ਗੁਰੂ ਕੇ ਸਿਖ ਆਉਂਦੇ ਹਨ।

(੨) (ਅਗੋਂ ਗੁਰੂ ਜੀ) ਅੰਮ੍ਰਿਤ ਵਰਗੀ ਦ੍ਰਿਸ਼ਟੀ (ਨਜ਼ਰ) ਨਾਲ (ਆਏ ਗੁਰ ਸਿਖ ਨੂੰ) ਨਿਹਾਲ ਕਰਦੇ ਹਨ ਤੇ (ਸਿੱਖਾਂ ਨੂੰ) ਦੂਰ ਦ੍ਰਿਸ਼ਟੀ ਵਾਲੇ ਬਣਾ ਆਪਣੇ ਚਰਨੀ ਲਾ ਲੈਂਦੇ ਹਨ।

(੩) (ਗੁਰੂ ਦੀ) ਚਰਨ ਧੂੜੀ ਮੱਥੇ 'ਤੇ ਲਗਦੇ ਹੀ (ਗੁਰੂ ਦੇ ਸਿੱਖਾਂ ਦੇ) ਭਰਮ ਵਾਲੇ ਕਰਮਾਂ ਦੇ ਲੇਖ ਮੇਟ ਦੇਂਦੀ ਹੈ।
(੪) (ਗੁਰੂ ਦਾ) ਚਰਣਾਮ੍ਰਿਤ (ਗੁਰੂ ਦੇ ਸਿਖ) ਪੀ ਕੇ ਆਪਣੀ ਹਉਮੈਂ ਤੇ ਦੁਬਿਧਾ ਦੇ ਰੋਗਾਂ ਨੂੰ ਗਵਾ ਲੈਂਦੇ ਹਨ।
(੫) ਪੈਰੀਂ ਪੈ ਕੇ ਚਰਣਾਂ ਦੀ ਧੂੜੀ ਬਣ ਕੇ (ਗੁਰੂ ਦੇ ਸਿਖ) ਜੀਵਨ ਮੁਕਤ ਹੋ ਸਹਿਜ (ਅਵਸਥਾ) ਵਿਚ ਪੁੱਜ ਜਾਂਦੇ ਹਨ।
(੬) (ਬੱਸ ਫਿਰ) ਭਵਰੇ ਵਾਂਗੂੰ ਚਰਣਾਂ ਕਵਲਾਂ ਤੇ ਮਸਤ ਹੋ (ਅਨੰਦ) ਸੁਖਾਂ ਦੇ ਸੰਪਟ (ਖ਼ਜਾਨੇ) ਦੇ ਲੁਭਾਇਮਾਨ ਹੋ ਜਾਂਦੇ ਹਨ।
(੭) ਮੂਲ ਰੂਪ (ਧੁਰਾ) ਵਿਚ ਪੂਜਾ ਸਤਿਗੁਰੂ ਦੇ ਚਰਣਾਂ ਦੀ ਕਰਦੇ ਹਨ, ਨਾਸ ਹੋ ਜਾਣ ਵਾਲੇ ਦੂਜੇ ਭਾਵ ਨੂੰ ਨੇੜੇ ਵੀ ਨਹੀਂ ਲੱਗਣ ਦੇਂਦੇ।
(੮) ਇਉਂ ਗੁਰਮੁਖ ਸੁਖਾਂ ਦੇ ਫਲ ਨੂੰ ਗੁਰੂ ਦੀ ਸ਼ਰਨ ਵਿਚੋਂ ਪ੍ਰਾਪਤ ਕਰ ਲੈਂਦੇ ਹਨ।੧੯।

*ਭਾਵਾਰਥ :* ਗੁਰੂ ਦੇ ਚਰਨਾਂ ਕਵਲਾਂ ਵਿਚ ਰਹਿਣ ਵਾਲੇ ਗੁਰਸਿਖ ਭੌਰਿਆਂ ਨੂੰ ਇਸ ਗੁਰੂ ਦੀ ਬਾਣੀ ਦੁਆਰੇ ਇਹ ਪੂਰਨ ਬੋਧ ਹੋ ਆਉਂਦਾ ਹੈ ਕਿ ਇਹ ਮਾਇਕੀ ਪਦਾਰਥ ਜਦੋਂ ਭੀ ਕਿਸੇ ਪਾਸ ਆਉਂਦੇ ਹਨ, ਉਹ ਆਉਣ ਸਮੇਂ ਇਕੱਲੇ ਨਹੀਂ ਆਉਂਦੇ ਸੁਖਾਂ ਦੇ ਨਾਲ ਦੁਖਾਂ ਨੂੰ ਭੀ ਸਾਥ ਲੈ ਕੇ ਆਉਂਦੇ ਹਨ ਕਿਉਂਕਿ ਸੁਖ ਤੇ ਦੁਖਾਂ ਦਾ ਪ੍ਰਸਪਰ ਦਾਮਨ ਤੇ ਚੋਲੀ ਦਾ ਸੰਬੰਧ ਹੈ ਜਾਂ ਇਉਂ ਭੀ ਕਹਿ ਦੇਣਾ ਯੋਗ ਹੀ ਹੋਵੇਗਾ ਕਿ ਸੁਖ ਤਾਂ ਨਾਮ-ਮਾਤ੍ਰ ਹੀ ਹੋਇਆ ਕਰਦੇ ਹਨ, ਪਰ ਦੁਖਾਂ ਦੇ ਤਾਂ ਅੰਬਾਰ ਹੀ ਨਜ਼ਰ ਆਉਂਦੇ ਹਨ, ਇਸ ਲਈ ਗੁਰਮੁਖ ਗੁਰੂ ਦੀ ਸੰਗਤ ਵਿਚ ਸਦਾ ਹੀ ਜੀਵਨ ਗੁਜਾਰਦੇ ਹਨ, ਜਿਥੇ ਉਨ੍ਹਾ ਨੂੰ ਸਦੀਵੀ ਸੁਖ ਦੀ ਪ੍ਰਾਪਤੀ ਹੁੰਦੀ ਹੈ ਜਿਸ ਸੁਖ ਦਾ ਕਦੇ ਭੀ ਅਭਾਵ ਨਹੀਂ ਹੁੰਦਾ।

## ੨੦. ਗੁਰੂ ਦੇ ਸ਼ਬਦ ਦੀ ਵਿਸ਼ੇਸ਼ਤਾ

੧. ਸ਼ਾਸਤਰ ਸਿੰਮ੍ਰਿਤਿ ਵੇਦ ਲੱਖ
ਮਹਾਂ ਭਾਰਥ ਰਾਮਾਇਣ ਮੇਲੇ।
੨. ਸਾਰਗੀਤਾ ਲੱਖ ਭਾਗਵਤ
ਜੋਤਕ ਵੈਦ ਚਲੰਤੀ ਖੇਲੇ।
੩. ਚਉਦਹ ਵਿਦਯਾ ਸਾਅੰਗੀਤ
ਬ੍ਰਹਮੇ ਬਿਸ਼ਨ ਮਹੇਸੁਰ ਭੇਲੇ।
੪. ਸਨਕਾਦਿਕ ਲੱਖ ਨਾਰਦਾ
ਸੁਕ ਬਿਆਸ ਲੱਖ ਸ਼ੇਖ ਨਵੇਲੇ।
੫. ਗਯਾਨ ਧਯਾਨ ਸਿਮਰਣ ਘਣੇ
ਦਰਸ਼ਨ ਵਰਨ ਗੁਰੂ ਬਹੁ ਚੇਲੇ।
੬. ਪੂਰਾ ਸਤਿਗੁਰੁ ਗੁਰਾਂ ਗੁਰੁ
ਮੰਤ੍ਰ ਮੂਲ ਗੁਰ ਬਚਨ ਸੁਹੇਲੇ।
੭. ਅਕਥ ਕਥਾ ਗੁਰੁ ਸ਼ਬਦ ਹੈ
ਨੇਤਿ ਨੇਤਿ ਨਮੋ ਨਮੋ ਕੇਲੇ।
੮. ਗੁਰਮੁਖ ਸੁਖ ਫਲ ਅੰਮ੍ਰਿਤ ਵੇਲੇ ॥੨੦॥

*ਪਦ ਅਰਥ :* ਜੋਤਕ—ਜੋਤਸ਼ ਸ਼ਾਸਤ੍ਰ। ਸਾਅੰਗੀਤ—ਰਾਗ ਵਿਦਿਆ ਦੇ ਵੇਤਾ, ਗਾਇਤ੍ਰੀ ਪਾਠਕ। ਭੇਲੇ—ਇਕੱਠੇ ਕਰੀਏ। ਲੱਖ ਸ਼ੇਖ ਨਵੇਲੇ—ਲੱਖਾਂ ਸ਼ੇਖ ਨਾਗ ਤੇ ਨਵੇਂ ਤੋਂ ਨਵੇ ਨਾਮ ਨਾਲ ਸਿਮਰਨ ਕਰਨ ਵਾਲਾ। ਕੇਲੇ—ਅਨੰਦ ਸਰੂਪ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਸਾਨੂੰ ਕਦੀ ਕਦਾਈਂ ਸਨਾਤਨੀ ਲੋਕਾਂ ਨਾਲ ਵੀਚਾਰ ਵਿਟਾਂਦਰਾ ਕਰਨ ਦਾ ਸਮਾ ਬਣਦਾ ਹੈ, ਉਹ ਬੇਦ ਬਾਣੀ ਨੂੰ ਈਸ਼੍ਵਰੀ ਗਿਆਨ ਦੀ ਰਚਨਾ ਹੋਣ ਦਾ ਵਿਸ਼ਵਾਸ ਰਖਦੇ ਹਨ, ਪਰ ਉਹ ਕਈ ਵਾਰ ਆਪਣੇ ਸ਼ੱਕ ਭਰੇ ਖਿਆਲਾਂ ਨੂੰ ਇਉਂ ਭੀ ਪ੍ਰਗਟ ਕਰਿਆ ਕਰਦੇ ਹਨ ਕਿ ਜਦੋਂ ਪਹਿਲੋਂ ਬੇਦ ਬਾਣੀ ਮੌਜੂਦ ਸੀ ਜੋ ਕਿ ਮਨੁੱਖ ਦੀ ਕਲਿਆਣ ਕਰਤਾ ਹੈ, ਫਿਰ ਗੁਰੂ ਨਾਨਕ ਤੇ ਹੋਰ ਗੁਰੂਆਂ ਨੂੰ ਗੁਰਬਾਣੀ ਰਚਨੇ ਦੀ ਲੋੜ ਕਿਉਂ ਪਈ? ਕਿਉਂ ਜੀ! ਜਿਥੇ ਆਪ ਜੀ ਨੂੰ ਗੁਰਬਾਣੀ ਦਾ ਪੂਰਨ ਬੋਧ ਹੈ, ਉਥੇ ਤੁਸੀਂ ਚਾਰ ਬੇਦਾਂ ਅਤੇ ਸ਼ਾਸਤ੍ਰਾਂ ਦੇ ਵੀਚਾਰਾਂ ਤੋਂ ਭੀ ਜਾਣੂ ਹੋ, ਪਰ ਤੁਸੀਂ ਬੇਦਾਂ ਦੇ ਉਪਾਸ਼ਕਾਂ ਨੂੰ, ਗੁਰਬਾਣੀ ਦੇ ਭਾਵਾਂ ਨੂੰ ਮੁਖ ਰਖ ਕੇ ਕੀ ਉੱਤਰ ਦੇਣਾ ਚਾਹੋਗੇ?

ਉ: ਹੇ ਭਾਈਓ! ਪਹਿਲੀ ਵੀਚਾਰ ਤਾਂ ਗੁਰ-ਇਤਿਹਾਸ ਇਹੋ ਪ੍ਰਗਟ ਕਰਦਾ ਹੈ ਕਿ ਜਦੋਂ ਗੁਰੂ ਅਮਰ ਦਾਸ ਜੀ ਅਯੁਧਿਆ ਵਿਚ ਗਏ ਸਨ ਤਾਂ ਇਹੋ ਪ੍ਰਸ਼ਨ ਪੰਡਤਾਂ ਨੇ ਕੀਤਾ ਸੀ ਕਿ ਵੇਦ ਬਾਣੀ ਦੇ ਹੁੰਦਿਆ ਵੀ ਗੁਰੂਆਂ ਨੂੰ ਗੁਰਬਾਣੀ ਉੱਚਾਰਨ ਦੀ ਕਿਉਂ ਲੋੜ ਪਈ ਤਾਂ ਸਤਿਗੁਰੂ ਜੀ ਨੇ ਬਾਣੀ ਰਾਹੀ ਇਨ੍ਹਾਂ ਦਾ ਭਰਮ ਭੁਲੇਖਾ

ਦੂਰ ਕਰਨ ਲਈ ਸ਼ਬਦ ਉਚਾਰਿਆ ਸੀ ਕਿ :

ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ
ਕਿਆ ਧਰਤੀ ਮਧੇ ਪਾਣੀ ਨਾਹੀ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ
ਬਿਨੁ ਪਗਾ ਵਰਸਤ ਫਿਰਾਹੀ ॥੧॥

*(ਮ: ੩, ਗਉੜੀ ਬੈਰਾਗਣਿ, ਪੰਨਾ ੧੬੨)*

ਹੇ ਪੰਡਤੋ ! ਵੇਖੋ, ਜਿਵੇਂ ਧਰਤੀ ਉਪਰ ਮੇਘ ਬਰਖਾ ਕਰਦਾ ਹੈ, ਦਸੋ ਕੀ ਧਰਤੀ ਉਪਰ ਪਾਣੀ ਨਹੀਂ ਹੈ, ਜੈਸੇ ਧਰਤੀ ਦਾ ਪਾਣੀ ਧਰਤੀ ਹੇਠ ਹੁੰਦਿਆਂ ਭੀ ਬਾਰਸ਼ ਦੀ ਲੋੜ ਹੈ, ਕਿਉਂਕਿ ਉਸ ਪਾਣੀ ਨੂੰ ਧਰਤੀ ਵਿਚੋਂ ਕੱਢਣ ਲਈ ਬੜੀ ਮਸ਼ੱਕਤ ਕਰਨ ਦੀ ਜ਼ਰੂਰਤ ਹੈ ਅਤੇ ਬੜਾ ਸਮਾਂ ਤੇ ਬੜਾ ਧਨ ਖ਼ਰਚ ਕਰਨ ਦੀ ਲੋੜ ਹੈ ਇਸੇ ਤਰ੍ਹਾਂ ਬੇਦ ਵਿਦਿਆ ਨੂੰ ਪੜ੍ਹਨ ਦੀ ਕਲਿਜੁਗ ਦੇ ਜੀਵਾਂ ਵਿਚ ਬੁਧੀ ਦੀ ਯੋਗਤਾ ਨਹੀਂ ਸੀ, ਨਾ ਹੀ ਇਤਨੀ ਲੰਮੀ ਉਮਰ ਸੀ, ਅਤੇ ਨਾ ਹੀ ਇਤਨਾ ਧਨ ਹੀ ਸੀ, ਅਤੇ ਨਾ ਹੀ ਹਰ ਵਰਣ ਨੂੰ ਬੇਦ ਪੜ੍ਹਨ ਦਾ ਅਧਿਕਾਰ ਹੀ ਸੀ, ਕਿਉਂਕਿ ਬੇਦ ਵਿਦਿਆ 'ਤੇ ਕੇਵਲ ਬ੍ਰਾਹਮਣ ਨੇ ਹੀ ਕਬਜ਼ਾ ਕੀਤਾ ਹੋਇਆ ਸੀ। ਇਸ ਤਰ੍ਹਾਂ ਸਤਿਗੁਰੂ ਜੀ ਨੇ ਕਲਿਜੁਗ ਦੇ ਜੀਵਾਂ ਨੂੰ ਹਰ ਪਖੋਂ ਕਮਜ਼ੋਰ ਤੱਕ ਕੇ ਹਰ ਵਰਣ ਦੇ ਉਧਾਰ ਕਰਨ ਲਈ ਇਹ ਸੁਖੈਨ ਰੂਪ ਬਾਣੀ ਦਾ ਪ੍ਰਕਾਸ਼ ਕੀਤਾ ਹੈ।

ਹੇ ਭਾਈਓ! ਮੈਂ ਤਾਂ ਵੇਦ ਵਿਦਿਆ ਅਤੇ ਗੁਰਬਾਣੀ ਨੂੰ ਚੰਗੀ ਤਰ੍ਹਾਂ ਪੜਚੋਲਿਆ ਹੈ ਪਰ ਮੈਨੂੰ ਤਾਂ ਇਨ੍ਹਾਂ ਦੋਹਾਂ ਪੱਖਾਂ ਵਿਚ ਬੜਾ ਹੀ ਅੰਤਰਾ ਪ੍ਰਤੀਤ ਹੋਇਆ ਹੈ, ਭਾਵ ਜਿਥੇ ਜਾ ਕੇ ਬੇਦ, ਕਤੇਬ, ਸ਼ਾਸਤ੍ਰਾਂ ਦਾ ਗਿਆਨ ਰੁਕ ਜਾਂਦਾ ਹੈ ਗੁਰਬਾਣੀ ਦੀ ਵੀਚਾਰ ਧਾਰਾ ਉਥੋਂ ਅਗੇ ਅਰੰਭ ਹੁੰਦੀ ਹੈ, ਜੋ ਮਨੁੱਖ ਨੂੰ ਰੱਬੀ ਮਾਰਗ ਦੇ ਸਿਖਰਾਂ ਤੱਕ ਪਹੁੰਚਾਣ ਦੀ ਸਮਰੱਥਾ ਰੱਖਦੀ ਹੈ। ਸੋ, ਜਦੋਂ ਮੈਂ ਗੁਰਬਾਣੀ ਵਿਚ ਬੇਦਾਂ, ਕਤੇਬਾਂ, ਸ਼ਾਸਤ੍ਰਾਂ ਬਾਰੇ ਵੀਚਾਰ ਪੜ੍ਹਦਾ ਹਾਂ ਤਾਂ ਮੈਨੂੰ ਹੇਠ ਲਿਖੇ ਅਨੁਸਾਰ ਕਈ ਉਦਾਹਰਣ ਮਿਲਦੇ ਹਨ ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਇਨ੍ਹਾਂ ਪੁਰਾਤਨ ਧਾਰਮਕ ਪੁਸਤਕਾਂ ਦੇ ਵੀਚਾਰ ਗੁਰਬਾਣੀ ਦੇ ਸੱਚੇ ਗਿਆਨ ਤੋਂ ਬਹੁਤ ਉਰਾਰ ਹੀ ਰਹਿ ਜਾਂਦੇ ਹਨ, ਜਿਵੇਂ ਕਿ:

ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥
ਮੁਕਤਿ ਪਾਈਐ ਸਾਧ ਸੰਗਤਿ ਬਿਨਸਿ ਜਾਇ ਅੰਧਾਰੁ ॥੩॥

*(ਧਨਾਸਰੀ ਮ: ੫, ਪੰਨਾ ੬੭੫)*

ਬੇਦ ਕਤੇਬ ਇਫਤਰਾ ਭਾਈ
ਦਿਲ ਕਾ ਫਿਕਰੁ ਨ ਜਾਇ ॥

*(ਤਿਲੰਗ ਬਾਣੀ ਕਬੀਰ ਜੀ, ਪੰਨਾ ੭੨੭)*

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ
ਤਿਸ ਕੀ ਨਿਰਮਲ ਸੋਈ ॥੩॥ *(ਸੂਹੀ ਮ: ੫, ਪੰਨਾ ੭੪੭)*

ਬੇਦ ਕਤੇਬ ਕਰਹਿ ਕਹ ਬਪੁਰੇ
ਨਹ ਬੂਝਹਿ ਇਕ ਏਕਾ ॥ *(ਭੈਰਉ ਮ: ੫, ਪੰਨਾ ੧੧੫੩)*

ਬੇਦ ਕਤੇਬੀ ਭੇਦੁ ਨ ਜਾਤਾ ॥
ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥

*(ਮਾਰੂ ਸੋਲਹੇ ਮ: ੧, ਪੰਨਾ ੧੦੨੧)*

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥
ਸਾਂਕਲ ਜੇਵਰੀ ਲੈ ਹੈ ਆਈ ॥੧॥

*(ਗਉੜੀ ਕਬੀਰ ਜੀ, ਪੰਨਾ ੩੨੯)*

ਬੇਦੁ ਪੁਕਾਰੇ ਪੁੰਨ ਪਾਪੁ ਸੁਰਗ ਨਰਕ ਕਾ ਬੀਉ ॥

*(ਮ: ੧, ਪੰਨਾ ੧੨੪੩)*

ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ ॥
ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸ ॥

*(ਸ੍ਰੀ ਰਾਗੁ ਮ: ੧, ਪੰਨਾ ੫੭)*

ਬੇਦ ਪੁਰਾਣ ਸਿਮ੍ਰਿਤਿ ਭਨੇ ॥
ਸਭ ਊਚ ਬਿਰਾਜਿਤ ਜਨ ਸੁਨੇ ॥੧॥

*(ਗਉੜੀ ਮ: ੫, ਪੰਨਾ ੨੧੧)*

ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥
ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥

*(ਮਾਰੂ ਮ: ੧, ਪੰਨਾ ੧੦੦੮)*

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥
ਬੇਦ ਪੁਰਾਣ ਪੜੈ ਸੁਣਿ ਥਾਟਾ ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥

*(ਗਉੜੀ ਮ: ੧, ਪੰਨਾ ੨੨੬)*

ਬੇਦ ਪੁਰਾਨ ਸਾਸਤ੍ਰ ਆਨੰਤਾ
ਗੀਤ ਕਬਿਤ ਨ ਗਾਵਉਗੋ ॥
ਅਖੰਡ ਮੰਡਲ ਨਿਰੰਕਾਰ ਮਹਿ
ਅਨਹਦ ਬੇਨੁ ਬਜਾਵਉਗੋ ॥੧॥

*(ਬਾਣੀ ਨਾਮਦੇਉ, ਰਾਮਕਲੀ ਪੰਨਾ ੯੭੨)*

ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥
ਪਤਿਤ ਉਧਰਨ ਭੈ ਹਰਨ ਸੁਖ ਸਾਗਰ ਨਿਰੰਕਾਰ ॥
*ਗਉੜੀ ਮ: ੫, ਪੰਨਾ ੨੯੬.*

ਬੇਦ ਪੁਰਾਨ ਜਾਸ ਗੁਨ ਗਾਵਤ
ਤਾ ਕੋ ਨਾਮੁ ਹੀਐ ਮੋ ਧਰੁ ਰੇ ॥
ਪਾਵਨ ਨਾਮੁ ਜਗਤਿ ਮੈ ਹਰਿ ਕੋ
ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥
*(ਗਉੜੀ ਮ: ੯, ਪੰਨਾ ੨੨੦)*

ਬੇਦ ਪੁਰਾਨ ਪੜੇ ਕਾ ਕਿਆ ਗੁਨੁ
ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ
ਕੈਸੇ ਉਤਰਸਿ ਪਾਰਾ ॥ *(ਮਾਰੂ ਕਬੀਰ ਜੀਉ, ਪੰਨਾ ੧੧੦੩)*

ਬੇਦ ਪੜਹਿ ਸੰਪੂਰਨਾ ਤਤੁ ਸਾਰੁ ਨ ਪੇਖੰ ॥
ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥
ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥
*(ਮ: ੫, ਪੰਨਾ ੧੦੯੯)*

ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥
*(ਮਾਰੂ ਮ: ੩, ਪੰਨਾ ੧੦੫੦)*

ਬੇਦ ਪੜਹਿ ਪੜਿ ਬਾਦੁ ਵਖਾਣਹਿ ॥
ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥
*(ਮਾਰੂ ਮ: ੩, ਪੰਨਾ ੧੦੫੮)*

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ਹ ਪੜਿਆ ਮੁਕਤਿ ਨ ਹੋਈ ॥
*(ਸੂਹੀ ਮ: ੫, ਪੰਨਾ ੭੪੭)*

ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥
*(ਆਸਾ ਕਬੀਰ ਜੀ, ਪੰਨਾ ੪੭੮)*

ਬੇਦ ਪੜੇ ਪੜਿ ਬ੍ਰਹਮੇ ਹਾਰੇ
ਇਕੁ ਤਿਲੁ ਨਹੀ ਕੀਮਤਿ ਪਾਈ ॥
ਸਾਧਿਕ ਸਿਧ ਫਿਰਹਿ ਬਿਲਲਾਤੇ
ਤੇ ਭੀ ਮੋਹੇ ਮਾਈ ॥੨॥ *(ਸੂਹੀ ਮ: ੫, ਪੰਨਾ ੭੪੭)*

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ
ਤਤੈ ਸਾਰ ਨ ਜਾਣੀ ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ
ਤਤੈ ਸਾਰ ਨ ਜਾਣੀ ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ
ਸੁਤਿਆ ਰੈਣਿ ਵਿਹਾਣੀ ॥
*(ਅਨੰਦੁ, ਮ: ੩, ਪੰਨਾ ੯੨੦*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਇਨ੍ਹਾਂ ਬੇਦਾ ਸਾਸਤ੍ਰਾਂ ਨੂੰ ਰਚਨ ਵਾਲੇ ਬ੍ਰਹਮੇ ਨੇ ਭੀ ਪੜ੍ਹ ਪੜ੍ਹ ਕੇ ਆਪਣਾ ਜਨਮ ਗਵਾ ਲਿਆ ਹੈ ਤਾਂ ਦੱਸੋ ਬਾਕੀ ਦੇ ਬੇਦ ਉਪਾਸ਼ਕਾਂ ਨੂੰ ਕੀ ਲਾਭ ਪ੍ਰਾਪਤ ਹੋ ਸਕਦਾ ਹੈ, ਕਿਉਂਕਿ ਬੇਦ ਸਾਸਤ੍ਰ ਪੁੰਨ ਪਾਪ ਦੀ ਹੀ ਵੀਚਾਰ ਦਰਸਾਉਂਦੇ ਹਨ। ਤੱਤ ਸਰੂਪ ਦੀ ਵੀਚਾਰ ਵੱਲੋਂ ਤਾਂ ਇਹ ਉੱਕਾ ਹੀ ਸੱਖਣੇ ਹਨ। ਪਰ ਗੁਰੂ ਦੀ ਬਾਣੀ ਤਾਂ ਤ੍ਰੈਗੁਣਾਂ ਤੋਂ ਜੋ ਅਤੀਤ ਅਵਸਥਾ ਹੈ ਉਸ ਸਹੀ ਮੰਜ਼ਲ ਤੱਕ ਪੁਚਾਉਂਦੀ ਹੈ। ਸੋ, ਮੈਂ ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਹੀ ਇਸ ਪਉੜੀ ਦੀ ਰਚਨਾ ਰਚੀ ਹੈ ਜਿਸ ਵਿਚ ਮੈਂ ਸਨਾਤਨੀ ਮੱਤਾਂ ਦੇ ਨਾਮ ਟੂਕ-ਮਾਤ੍ਰ ਦਰਸਾਉਣ ਦਾ ਜ਼ਿਕਰ ਕਰਕੇ ਗੁਰੂ ਦੇ ਸ਼ਬਦ ਦੀ ਵੀਚਾਰ ਦੀ ਵਿਸ਼ੇਸਤਾ ਦਰਸਾਈ ਹੈ।

(੧) (ਹੇ ਭਾਈਓ! ਮੈਂ ਜਦੋਂ ਹਿੰਦੂ ਮੱਤ ਦੇ ਪੁਰਾਤਨ ਪੁਸਤਕਾਂ ਵਲ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਜੇ) ਲੱਖਾਂ ਹੀ ਸ਼ਾਸਤ੍ਰ, ਸਿੰਮ੍ਰਤੀਆਂ ਤੇ ਵੇਦਾਂ ਦੇ ਪੜ੍ਹਨ ਵਾਲੇ ਲੱਖਾਂ ਹੀ ਮਹਾਂਭਾਰਤ ਤੇ ਰਾਮਾਇਣ ਪੜ੍ਹਨ ਵਾਲੇ ਇਕੱਠੇ ਕਰ ਲਵੋ।

(੨) ਲੱਖਾਂ ਹੀ ਗੀਤਾ ਦੇ ਸਾਰ ਤੇ ਭਾਗਵਤ ਦੇ ਪਾਠੀ, ਜੋਤਸ਼ ਸ਼ਾਸਤ੍ਰਾਂ ਦੇ ਵੇਤਾ ਹਕੀਮ ਤੇ ਖੇਡਾਂ (ਚਲਿੱਤ੍ਰ) ਵਿਖਾਣ ਵਾਲੇ ਨਟ ਵੀ ਹੋਣ।

(੩) ਚੌਦਾਂ ਵਿਦਿਆ ਤੇ ਗਾਇਤ੍ਰੀ ਸੰਧਿਆ ਸਮੇਂ ਪੜ੍ਹੀ ਜਾਣ ਵਾਲੀ, ਬ੍ਰਹਮਾ ਵਿਸ਼ਨੂੰ ਤੇ ਸ਼ਿਵ ਭੀ ਜੋੜ ਦੇਵੀਏ।

(੪) ਲੱਖਾਂ ਹੀ ਸਨਕਾਦਿਕ ਤੇ ਨਾਰਦ ਵਰਗੇ, ਸੁਕਦੇਵ ਮੁਨੀ, ਬਿਆਸ ਰਿਖੀ ਤੇ ਲੱਖਾਂ ਹੀ ਸ਼ੇਸਨਾਗ ਨਿਤ ਨਵੇਂ ਤੋਂ ਨਵਾਂ ਨਾਮ ਜਪਣ ਵਾਲੇ।

(੫) ਗਿਆਨ, ਧਿਆਨ, ਸਿਮਰਨ ਬੜੇ ਹਨ, ਧਰਮ ਵਰਨ ਤੇ ਬਥੇਰੇ ਗੁਰੂ ਚੇਲੇ ਵੀ (ਜਗਤ 'ਤੇ ਮੌਜੂਦ) ਹਨ।

(੬) (ਪਰ) ਗੁਰਾਂ ਗੁਰ (ਗੁਰੂਆਂ ਦਾ ਵੱਡਾ ਗੁਰੂ) ਪੂਰਾ ਸਤਿਗੁਰੂ ਹੀ ਹੈ, ਜਿਨ੍ਹਾਂ ਦਾ ਬਚਨ ਹੀ ਮੰਤ੍ਰਾਂ ਦਾ ਮੂਲ (ਮੁੱਢ) ਸੁਖ ਦੇਣ ਵਾਲਾ ਹੈ।

(੭) ਗੁਰੂ ਦੇ ਸ਼ਬਦ ਦੀ ਅਕੱਥ ਕਥਾ ਹੈ, ਜੋ ਬੇਅੰਤ ਹੈ, ਜਿਸਨੂੰ ਨਮਸਕਾਰ ਹੈ, ਨਮਸਕਾਰ ਹੈ। (ਇਸੇ ਕਹਿਣ ਵਿਚ ਹੀ) ਅਨੰਦ ਹੈ।

(੮) ਗੁਰਮੁਖਾਂ ਦਾ ਸੁਖ ਫਲ ਇਹੀ ਅੰਮ੍ਰਿਤ ਰੂਪ ਹੈ, ਜੋ ਅੰਮ੍ਰਿਤ ਵੇਲੇ (ਸਾਧ ਸੰਗਤ ਵਿਚ ਵਰਤੀਦਾ ਹੈ)।੨੦।

***ਭਾਵਾਰਥ*** : ਬੁਧੀ-ਜੀਵੀਆ ਦੀ ਦੂਰ-ਦਰਸੀ ਨਜਰਾ ਨੇ

ਇਹੋ ਵੀਚਾਰ ਕੀਤੀ ਹੈ ਕਿ ਚੌਹਾਂ ਵੇਦਾ ਦਾ ਇਕ ਲੱਖ ਸਲੋਕ ਹੈ, ਜਿਨ੍ਹਾਂ ਵਿਚ ਅੱਸੀ ਹਜ਼ਾਰ ਸਲੋਕ ਵਿਚ ਕੇਵਲ ਕਰਮ-ਕਾਂਡ ਕਰਨ ਦਾ ਹੀ ਉਪਦੇਸ ਦਿਤਾ ਗਿਆ ਹੈ, ਅਤੇ ਸੋਲ੍ਹਾਂ ਹਜ਼ਾਰ ਸਲੋਕ ਵਿਚ ਉਪਾਸ਼ਨਾ ਕਰਨ ਦਾ ਢੰਗ ਦਰਸਾਇਆ ਹੈ, ਕੇਵਲ ਚਾਰ ਹਜਾਰ ਹੀ ਸਲੋਕ ਹੈ ਜਿਸ ਵਿਚ ਗਿਆਨ-ਕਾਂਡ ਬਾਰੇ ਜਿਕਰ ਕੀਤਾ ਗਿਆ ਹੈ। ਇਸ ਲਈ ਪਾਠਕ ਨੂੰ ਵਧੇਰੇ ਪ੍ਰੇਰਨਾ ਕਰਮ-ਕਾਂਡ ਵਿਚ ਹੀ ਪ੍ਰਵਿਰਤ ਹੋਣ ਦੀ ਮਿਲਦੀ ਹੈ। ਪਰ ਬਾਣੀ ਦਾ ਕਰਮ-ਕਾਂਡ ਬਾਰੇ ਇਹ ਵੀਚਾਰ ਹੈ ਕਿ:

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ॥

*(ਸੂਹੀ ਮ: ੫, ਪੰਨਾ ੭੪੭)*

ਭਾਵ ਜਿਨ੍ਹਾਂ ਧਰਮ ਦੇ ਕਰਮਾਂ ਵਿਚ ਪਖੰਡ ਦੀ ਮਿਲਾਵਟ ਹੈ ਉਹ ਤਾਂ ਜਮ ਜਗਾਤੀਏ ਜਮ ਮਾਰਗ ਵਿਚ ਹੀ ਲੁੱਟ ਲੈਂਦੇ ਹਨ, ਉਹ ਤਾਂ ਰੱਬੀ ਦਰਬਾਰ ਤਕ ਪੁੱਜਦੇ ਹੀ ਨਹੀਂ। ਵਧੇਰੇ ਪਾਪ ਪੁੰਨ ਦਾ ਹੀ ਬੇਦਾਂ ਸ਼ਾਸਤ੍ਰਾਂ ਵਿਚ ਵਿਸਥਾਰ ਹੈ ਜਿਨ੍ਹਾਂ ਬਾਰੇ ਬਾਣੀ ਦਾ ਫ਼ੁਰਮਾਨ ਹੈ ਕਿ ਇਹ ਪਾਪ ਪੁੰਨ ਰੱਬੀ ਦਰਬਾਰ ਵਿਚ ਪਹੁੰਚਣ ਲਈ ਕੇਵਲ ਇਕ ਕਹਾਵਤ ਹੀ ਹੈ, ਜੋ ਰੱਬੀ ਮਾਰਗ 'ਤੇ ਸਫਰ ਕਰਨ ਵਾਲਿਆਂ ਲਈ ਇਕ ਬਹੁਤ ਵੱਡੀ ਰੋਕ ਹੈ, ਕਿਉਂਕਿ ਪਾਪ ਦਾ ਫਲ ਨਰਕ ਹੈ, ਪੁੰਨ ਦਾ ਫਲ ਸੁਰਗ। ਪਰ ਰੱਬੀ ਮਾਰਗ ਦੇ ਪਾਂਧੀ ਤਾਂ ਉਸ ਪ੍ਰਭੂ ਦੇ ਚਰਨ ਕਵਲਾਂ ਦੀ ਮੌਜ ਵਿਚ ਜਾ ਪੁੱਜੇ ਹਨ, ਜਿਥੇ ਪੁੱਜ ਕੇ ਉਹ ਇਸ ਅਵਸਥਾ ਦੇ ਮਾਲਕ ਬਣ ਗਏ ਕਿ:

ਕਬੀਰ ਸੁਰਗ ਨਰਕ ਤੇ ਮੈ ਰਹਿਓ
ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ॥੧੨੦॥

*(ਸਲੋਕ ਕਬੀਰ ਜੀ, ਪੰਨਾ ੧੩੭੦)*

## ੨੧. ਗੁਰੂ ਕ੍ਰਿਪਾ ਦੀ ਪਦਾਰਥਾਂ ਤੋਂ ਵਧੇਰੇ ਵਿਸ਼ੇਸ਼ਤਾ ਹੈ

੧. ਚਾਰ ਪਦਾਰਥ ਆਖੀਅਨਿ
ਲੱਖ ਪਦਾਰਥ ਹੁਕਮੀ ਬੰਦੇ।
੨. ਰਿਧਿ ਸਿਧਿ ਨਿਧਿ ਲੱਖ ਸੇਵਕੀਂ
ਕਾਮਧੇਨ ਲੱਖ ਵੱਗ ਚਰੰਦੇ।
੩. ਲੱਖ ਪਾਰਸ ਪਥਰੋਲੀਆਂ
ਪਾਰਜਾਤ ਲੱਖ ਬਾਗ ਫਲੰਦੇ।
੪. ਚਿਤਵਣ ਲੱਖ ਚਿੰਤਾਮਣੀ
ਲੱਖ ਰਸਾਇਣ ਕਰਦੇ ਛੰਦੇ।
੫. ਲੱਖ ਰਤਨ ਰਤਨਾਗਰਾਂ
ਸਭ ਨਿਧਾਨ ਸਭ ਫਲ ਸਿਮਰੰਦੇ।
੬. ਲੱਖ ਭਗਤੀ ਲੱਖ ਭਗਤ ਹੋਇ
ਕਰਾਮਾਤ ਪਰਚੈ ਪਰਚੰਦੇ।
੭. ਸ਼ਬਦ ਸੁਰਤਿ ਲਿਵ ਸਾਧਸੰਗੁ
ਪਿਰਮ ਪਿਆਲਾ ਅਜਰੁ ਜਰੰਦੇ।
੮. ਗੁਰ ਕਿਰਪਾ ਸਤਸੰਗਿ ਮਿਲੰਦੇ॥੨੧॥੧੬॥

***ਪਦ ਅਰਥ:*** ਬੰਦੇ—ਦਾਸ, ਸੇਵਕ। ਵੱਗ—ਗਊਆਂ ਦਾ ਸਮੂਹ। ਪਥਰੋਲੀਆਂ—ਪੱਥਰ ਦੇ ਗੀਟੇ। ਚਿਤਵਣ—ਇੱਛਾ। ਛੰਦੇ—ਸਿਫ਼ਤ ਦੇ ਛੰਦ। ਰਤਨਾਗਰ—ਸਮੁੰਦਰ। ਪਰਚੈ—ਪ੍ਰੇਮ ਪਰਚਾ। ਪਰਚੰਦੇ—ਪਰਚ ਜਾਂਦੇ ਹਨ।

*ਅਰਥ:*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਆਮ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਕਈ ਲੋਕ ਅਜਿਹੇ ਭੀ ਵੇਖਣ ਵਿਚ ਆਉਂਦੇ ਹਨ, ਜਿਨ੍ਹਾਂ ਦੇ ਮਨ ਵਿਚ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਕੇ ਸੰਸਾਰ ਦੇ ਲੋਕਾਂ ਤੋਂ ਪੂਜਾ ਪਤਿਸ਼ਟਾ ਕਰਾਉਣ ਦੀ ਸਦਾ ਹੀ ਲਾਲਸਾ ਬਣੀ ਰਹਿੰਦੀ ਹੈ, ਉਹ ਇਸ ਚਾਹਤ ਨੂੰ ਪੂਰੀ ਕਰਨ ਲਈ ਕਈ ਤਰ੍ਹਾਂ ਦੇ ਜਪ, ਤਪ, ਹੱਠ, ਜੋਗ ਸਾਧਨਾ ਕਰਨ ਲਈ ਦਿਨੇ ਰਾਤ ਇਸੇ ਯਤਨ ਵਿਚ ਲੱਗੇ ਅਨੇਕਾਂ ਕਸ਼ਟ ਸਹਾਰਦੇ ਵੇਖੀਦੇ ਹਨ। ਕਿਉਂ ਜੀ! ਕੀ ਗੁਰਮਤ ਵਿਚ ਭੀ ਕੋਈ ਅਜਿਹਾ ਸੁਖੈਨ ਸਾਧਨ ਹੈ ਜਿਨ੍ਹਾਂ ਦੇ ਕਰਨ ਨਾਲ ਇਹ ਸੰਸਾਰ ਦੀਆਂ ਰਿੱਧੀਆਂ ਸਿੱਧੀਆਂ ਤੇ ਸਾਰੇ ਪਦਾਰਥ ਪ੍ਰਾਪਤ ਹੋ ਸਕਦੇ ਹੋਣ, ਜੇ ਗੁਰਬਾਣੀ ਦੁਆਰੇ ਆਪ ਜੀ ਦੀਆਂ ਨਜ਼ਰਾਂ ਵਿਚ ਕੋਈ ਅਜਿਹਾ ਸਾਧਨ ਹੋਵੇ ਤਾਂ ਜਾਣਕਾਰੀ ਦਿਓ?

ਉ: ਹੇ ਭਾਈਓ! ਜੇਕਰ ਗੁਰਬਾਣੀ ਦੀ ਰੋਸ਼ਨੀ ਵਿਚ ਵੇਖਿਆ ਜਾਵੇ ਤਾਂ ਜੋ ਗੁਰਮਤ ਦੇ ਮਾਰਗ ਪਰ ਸਫ਼ਰ ਕਰਨ ਵਾਲੇ ਪਾਂਧੀ ਹਨ, ਉਨ੍ਹਾਂ ਨੂੰ ਇਨ੍ਹਾਂ ਰਿੱਧੀਆਂ ਸਿੱਧੀਆਂ ਅਤੇ ਹੋਰ ਅਨੇਕਾਂ ਪਦਾਰਥਾਂ ਦੀ ਮਨ ਵਿਚ ਕੋਈ ਚਾਹਤ ਹੀ ਨਹੀਂ, ਕਿਉਂਕਿ ਉਨ੍ਹਾਂ ਨੂੰ ਇਹ

ਗੁਰਮਤ ਰਾਹੀਂ ਸੋਝੀ ਮਿਲ ਗਈ ਹੈ ਕਿ ਇਹ:

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
(ਮ: ੩, ਪੰਨਾ ੫੯੩)

ਰਿਧਿ ਸਿਧਿ ਨਿਧਿ ਕਰ ਤਲ
ਜਗ ਜੀਵਨ ਸ੍ਰਬ ਨਾਥ ਅਨੇਕੈ ਨਾਉ॥
(ਦੇਵਗੰਧਾਰੀ ਮ: ੫, ਪੰਨਾ ੫੩੬)

ਰਿਧਿ ਸਿਧਿ ਨਵ ਨਿਧਿ ਹਰਿ ਜਪਿ
ਜਿਨੀ ਆਤਮੁ ਜੀਤਾ॥
(ਬਿਹਾਗੜਾ ਮ: ੫, ਪੰਨਾ ੫੪੩)

ਰਿਧਿ ਬਸੈ ਬਾਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥
(ਸਵਈਏ ਮਹਲੇ ੩ ਕੇ, ਪੰਨਾ ੧੩੯੪)

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ॥
(ਸਲੋਕ ਮ: ੩, ਪੰਨਾ ੬੪੯)

ਸਿਧ ਸਾਧਿਕ ਅਰੁ ਜੋਗੀ ਜੰਗਮ
ਪੀਰ ਪੁਰਸ ਬਹੁਤੇਰੇ॥ (ਰਾਮਕਲੀ ਮ: ੧, ਪੰਨਾ ੮੭੭)

ਸਿਧ ਸਾਧਿਕ ਸਿਆਣੇ ਕੇਤੇ
ਤੁਝ ਬਿਨੁ ਕਵਣੁ ਕਹਾਏ॥ (ਸੂਹੀ ਮ: ੧, ਪੰਨਾ ੭੬੪)

ਸਿਧ ਸਾਧਿਕ ਕੇਤੇ ਮੁਨਿ ਦੇਵਾ॥
ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ॥
(ਰਾਮਕਲੀ ਮ: ੧, ਪੰਨਾ ੯੦੬)

ਸਿਧ ਸਾਧਿਕ ਗਿਆਨੀ ਧਿਆਨੀਆ
ਕਉਣੁ ਭੁਧਨੋ ਤੋਲੈ॥ (ਪਉੜੀ, ਪੰਨਾ ੧੧੦੨)

ਸਿਧ ਸਾਧਿਕ ਗਿਰਹੀ ਜੋਗੀ
ਤਜਿ ਗਏ ਘਰ ਬਾਰ॥
(ਬਿਲਾਵਲੁ ਮ: ੫, ਪੰਨਾ ੮੦੮)

ਸਿਧ ਸਾਧਿਕ ਜੇ ਕੋ ਕਹੈ ਕਹਾਏ॥
ਭਰਮੇ ਭੂਲਾ ਆਵੈ ਜਾਏ॥
(ਬਿਲਾਵਲੁ ਮ: ੩, ਪੰਨਾ ੮੪੨)

ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ॥
ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ॥
(ਸਵਯੇ ਸ੍ਰੀ ਮੁਖਬਾਕ੍ ਮ: ੫, ਪੰਨਾ ੧੩੮੬)

ਸਿਧ ਸਾਧਿਕ ਤਰਸਹਿ ਸਭਿ ਲੋਇ॥
ਪੂਰੈ ਭਾਗਿ ਪਰਾਪਤਿ ਹੋਇ॥੩॥
(ਧਨਾਸਰੀ ਮ: ੩, ਪੰਨਾ ੬੬੫)

ਸਿਧ ਸਾਧਿਕ ਦੇਵ ਮੁਨਿ ਜਨ ਬੇਦ ਕਰਹਿ ਉਚਾਰੁ॥
ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ
ਨਹੀ ਅੰਤੁ ਪਾਰਾਵਾਰੁ॥੬॥ (ਮਾਰੂ ਮ: ੫, ਪੰਨਾ ੧੦੧੭)

ਸਿਧ ਸਾਧਿਕ ਦੇਵ ਮੁਨਿ ਜਨ ਭਗਤ ਨਾਮੁ ਅਧਾਰਾ॥
ਬਿਨਵੰਤਿ ਨਾਨਕ ਸਦਾ ਭਜੀਐ
ਪ੍ਰਭੁ ਏਕੁ ਕਰਣੈਹਾਰਾ॥੨॥
(ਆਸਾ ਮ: ੫, ਪੰਨਾ ੪੬੧)

ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ
ਥਕਿ ਰਹੇ ਲਿਵ ਲਾਇ॥
ਬਿਨੁ ਸਤਿਗੁਰ ਕਿਨੈ ਨ ਪਾਇਓ
ਗੁਰਮੁਖਿ ਮਿਲੈ ਮਿਲਾਇ॥ (ਸਲੋਕ ਮ: ੩, ਪੰਨਾ ੬੫੦)

ਸਿਧ ਸਾਧਿਕ ਮੋਨਿ ਧਾਰੀ ਰਹੇ ਲਿਵ ਲਾਇ
ਤਿਨ ਭੀ ਤਨ ਮਹਿ ਮਨੁ ਨ ਦਿਖਾਇਆ॥੭॥
(ਮਾਝ ਮ: ੩, ਪੰਨਾ ੧੨੪)

ਸਿਧ ਸਮਾਧਿ ਅੰਤੁ ਨਹੀ ਪਾਇਆ
ਲਾਗਿ ਰਹੇ ਸਰਨਾਈ॥....
ਠਾਢਾ ਬ੍ਰਹਮਾ ਨਿਗਮ ਬੀਚਾਰੈ
ਅਲਖੁ ਨ ਲਖਿਆ ਜਾਈ॥
(ਪ੍ਰਭਾਤੀ ਕਬੀਰ ਜੀ, ਪੰਨਾ ੧੩੫੦)

ਸਿਧ ਸਮਾਧੀ ਅੰਤਰਿ ਜਾਚਹਿ
ਰਿਧਿ ਸਿਧਿ ਜਾਇ ਕਰਹਿ ਜੈਕਾਰ॥
(ਗੂਜਰੀ ਮ: ੧, ਪੰਨਾ ੫੦੪)

ਸਿਧ ਸਮਾਧਿ ਕਰਹਿ ਨਿਤ ਝਗਰਾ
ਦੁਹੁ ਲੋਚਨ ਕਿਆ ਹੇਰੈ॥
(ਗੂਜਰੀ ਮ: ੧, ਪੰਨਾ ੪੮੯)

ਸਿਧ ਸਮਾਧਿ ਜਪਿਓ ਲਿਵ ਲਾਈ
ਸਾਧਿਕ ਮੁਨਿ ਜਪਿਆ॥
ਜਤੀ ਸਤੀ ਸੰਤੋਖੀ ਧਿਆਇਆ
ਮੁਖਿ ਇੰਦ੍ਰਾਦਿਕ ਰਵਿਆ॥ (ਮਾਰੂ ਮ: ੪, ਪੰਨਾ ੯੯੫)

ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ॥
ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ॥੨॥
(ਆਸਾ ਮਹਲਾ ੧, ਪੰਨਾ ੪੧੮)

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ॥੩॥
(ਸ੍ਰੀ ਰਾਗੁ ਮ: ੧, ਪੰਨਾ ੧੪)

ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ॥੨॥

*(ਵਡਹੰਸੁ ਮ: ੩, ਪੰਨਾ ੫੫੮)*

ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ॥
ਤਾਜ ਕੁਲਹ ਸਿਰਿ ਛਤ੍ਰ ਬਨਾਵਉ॥
ਬਿਨੁ ਜਗਦੀਸ ਕਹਾ ਸਚੁ ਪਾਵਉ॥੬॥

*(ਗਉੜੀ ਮ: ੧, ਪੰਨਾ ੨੨੫)*

ਇਸ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਾਨੂੰ ਹੋਰ ਭੀ ਬਹੁਤ ਸਾਰੇ ਉਦਾਹਰਣ ਪੜ੍ਹਨ ਵਿਚ ਆਉਂਦੇ ਹਨ, ਜਿਨ੍ਹਾਂ ਦਾ ਮੁਖ ਪ੍ਰਯੋਜਨ ਇਹੋ ਹੈ ਕਿ ਜਿਤਨਾ ਚਿਰ ਕਿਸੇ ਦੇ ਅੰਤਰ ਆਤਮੇ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਨ ਦੀ ਚਾਹਤ ਹੈ ਉਤਨਾ ਚਿਰ ਉਸ ਹਿਰਦੇ ਅੰਦਰ ਨਾਮ ਦਾ ਨਿਵਾਸ ਨਹੀਂ ਹੋ ਸਕਦਾ, ਨਾਮ ਤੋਂ ਸੱਖਣੀ ਆਤਮਾ ਆਪਣੀ ਸਹੀ ਮੰਜ਼ਲ 'ਤੇ ਨਹੀਂ ਪੁੱਜ ਸਕਦੀ ਉਹ ਸਦਾ ਹੀ ਇਸ ਸੰਸਾਰ ਦੇ ਆਵਾਗਵਨ ਦੇ ਚੱਕ੍ਰ ਵਿਚ ਭਟਕਦੀ ਰਹਿੰਦੀ ਜੰਮਣ ਮਰਨ ਦਾ ਕਸ਼ਟ ਸਹਾਰਦੀ ਹੈ।

ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ:

(੧) (ਹੇ ਭਾਈਓ! ਗੁਰਮਤ ਦੀ ਵੀਚਾਰ ਕਰਨ ਤੋਂ ਇਹ ਬੋਧ ਮਿਲਦਾ ਹੈ ਕਿ ਜੋ ਧਰਮ, ਅਰਥ, ਕਾਮ ਤੇ ਮੋਖ) ਚਾਰੇ ਪਦਾਰਥ ਕਹੀਦੇ ਹਨ, ਤੇ (ਇਨ੍ਹਾਂ ਤੋਂ ਬਿਨਾਂ) ਹੋਰ ਜੋ ਲੱਖਾਂ ਪਦਾਰਥ ਹਨ, ਇਹ ਸਭ ਗੁਰੂ ਜੀ ਦੇ ਹੁਕਮੀ ਬੰਦੇ ਹਨ।

(੨) (ਅਤੇ) ਰਿੱਧੀਆਂ ਸਿੱਧੀਆਂ, ਨਿੱਧੀਆਂ ਆਦਿ ਲੱਖਾਂ ਹੀ ਸੇਵਕਾਂ ਵਾਂਗ ਹਨ, ਲੱਖਾਂ ਕਾਮਧੇਨਾਂ ਦੇ ਵੱਗ ਚਰ ਰਹੇ ਹਨ।

(੩) ਲੱਖਾਂ ਹੀ ਪਾਰਸ (ਪੱਥਰਾਂ ਵਰਗੇ) ਤੇ ਲੱਖਾਂ ਪਾਰਜਾਤਾਂ ਦੇ ਬਾਗ਼ ਫਲੇ ਹੋਏ ਹਨ।

(੪) ਲੱਖਾਂ ਚਿੰਤਾਮਣੀਆਂ ਚਿਤਵਣੀਆਂ, (ਪੂਰੀ ਕਰਨ ਵਾਲੀਆਂ) ਲੱਖਾਂ ਰਸਾਇਣਾਂ ਛੰਦ (ਰਚ ਰਚ) ਬਲਿਹਾਰ ਹੁੰਦੀਆਂ ਹਨ।

(੫) ਲੱਖਾਂ ਰਤਨਾਂ ਵਾਲੇ ਸਮੁੰਦਰ ਸਭ ਖ਼ਜ਼ਾਨੇ ਤੇ ਸਭ ਫਲ ਦਾਤੇ (ਗੁਰੂ ਚਰਨਾਂ ਨੂੰ ਹੀ) ਸਿਮਰਦੇ ਹਨ।

(੬) ਲੱਖਾਂ ਭਗਤੀਆਂ ਵਾਲੇ ਭਗਤ ਹੋ ਕੇ ਕਰਾਮਾਤਾਂ ਦੇ ਪਰਚੇ ਵਿਚ ਹੀ ਪਰਚਦੇ ਹਨ।

(੭) (ਪਰ ਪੂਰੇ ਗੁਰੂ ਦੇ ਸਿਖ) ਸ਼ਬਦ ਦੀ ਸੁਰਤ ਵਿਚ ਸਾਧ ਸੰਗਤ ਵਿਚ ਲਿਵਲੀਨ ਹੋਏ ਪਿਰਮ ਪਿਆਲਾ (ਪ੍ਰੇਮ ਰਸ ਪੀ ਕੇ) ਅਜਰ (ਸ਼ਕਤੀਆਂ ਨੂੰ ਪ੍ਰਾਪਤ ਕਰ ਨਿੰਮ੍ਰਤਾ ਵਿਚ ਰਹਿ ਕੇ) ਅਜਰ ਨੂੰ ਜਰਦੇ ਹਨ।

(੮) ਗੁਰਮੁਖ ਗੁਰੂ ਦੀ ਕ੍ਰਿਪਾ ਨਾਲ ਸਾਧ ਸੰਗ (ਸੱਚ ਖੰਡ) ਵਿਚ ਮਿਲਦੇ ਹਨ।੨੧।੧੬।

***ਭਾਵਾਰਥ:*** ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲੇ ਜਗਿਆਸੂ ਨੂੰ ਬਾਣੀ ਦੁਆਰੇ ਇਹੋ ਹੀ ਪ੍ਰੇਰਨਾ ਮਿਲਦੀ ਹੈ ਕਿ ਹਿਰਦੇ ਨੂੰ ਰਿੱਧੀਆਂ ਸਿੱਧੀਆਂ ਦੇ ਮੋਹ ਵਲੋਂ ਜਿਤਨਾ ਚਿਰ ਖ਼ਾਲੀ ਨਹੀਂ ਕੀਤਾ ਜਾਂਦਾ, ਉਤਨਾ ਚਿਰ ਮਨ ਵਿਚ ਨਾਮ ਨਹੀਂ ਵੱਸ ਸਕਦਾ। ਗੁਰਬਾਣੀ ਦਾ ਫ਼ੁਰਮਾਨ ਹੈ ਕਿ:

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥

*(ਮ: ੨, ਪੰਨਾ ੪੭੪)*

ਇਸ ਲਈ ਗੁਰਮਤ ਅਨੁਸਾਰ ਗੁਰੂ ਦੇ ਸਿਖ ਰਿੱਧੀਆਂ ਸਿੱਧੀਆਂ ਦੀ ਚਾਹਤ ਹੀ ਨਹੀਂ ਕਰਦੇ, ਕਿਉਂਕਿ ਉਨ੍ਹਾਂ ਨੂੰ ਬਾਣੀ ਦੁਆਰੇ ਇਹ ਸੂਝ ਮਿਲ ਗਈ ਹੈ ਕਿ ਜਿਥੇ ਮਾਇਕੀ ਪਦਾਰਥ ਮਨੁੱਖ ਨੂੰ ਰੱਬੀ ਦਰਬਾਰ ਵਿਚ ਪੁੱਜਣ ਲਈ ਇਕ ਬਹੁਤ ਵੱਡੀ ਰੋਕ ਹੈ, ਉਥੇ ਇਹ ਜਿਤਨੀਆਂ ਭੀ ਸਿੱਧੀਆਂ ਹਨ ਇਹ ਭੀ ਇਕ ਬਹੁਤ ਵੱਡੀ ਦੀਵਾਰ ਹੈ, ਜੋ ਰੱਬੀ ਦਰਬਾਰ ਵਿਚ ਜਗਿਆਸੂ ਨੂੰ ਪੁੱਜਣ ਹੀ ਨਹੀਂ ਦੇਂਦੀ।

(ਸੋਲ੍ਹਵੀਂ ਵਾਰ ਸਮਾਪਤ)

# ਵਾਰ ੧੭

ੴ ਸਤਿਗੁਰ ਪ੍ਰਸਾਦਿ॥

## ੧. ਧਾਰਨਾ ਤੋਂ ਸੱਖਣੇ ਨੂੰ ਸੰਖ ਤੋਂ ਉਪਦੇਸ਼

੧. ਸਾਗਰੁ ਅਗਮ ਅਥਾਹ ਮਥਿ
ਚਉਦਹ ਰਤਨ ਅਮੋਲ ਕਢਾਏ।
੨. ਸਸੀਅਰੁ ਸਾਰੰਗ ਧਨੁਖ ਮਦੁ
ਕਉਸਤਕ ਲੱਛ ਧਨੰਤਰ ਪਾਏ।
੩. ਆਰੰਭਾ ਕਾਮਧੇਨੁ ਲੈ
ਪਾਰਜਾਤੁ ਅਸੁ ਅਮਿਉ ਪੀਆਏ।
੪. ਐਰਾਪਤਿ ਗਜ ਸੰਖੁ ਬਿਖੁ
ਦੇਵ ਦਾਨਵ ਮਿਲਿ ਵੰਡ ਦਿਵਾਏ।
੫. ਮਾਣਕ ਮੋਤੀ ਹੀਰਿਆਂ
ਬਹੁ ਮੁੱਲੇ ਸਭ ਕੋ ਵਰਸਾਏ।
੬. ਸੰਖ ਸਮੁੰਦਹੁੰ ਸੱਖਣਾ
ਧਾਹਾਂ ਦੇ ਦੇ ਰੋਇ ਸੁਣਾਏ।
੭. ਸਾਧ ਸੰਗਤਿ ਗੁਰ ਸ਼ਬਦਿ ਸੁਣਿ
ਗੁਰ ਉਪਦੇਸ਼ ਨ ਰਿਦੈ ਵਸਾਏ।
੮. ਨਿਹਫਲ ਅਹਿਲਾ ਜਨਮੁ ਗਵਾਏ ॥੧॥

*ਪਦ ਅਰਥ :* ਮਥਿ—ਰਿੜਕ ਕੇ। ਕਢਾਏ—ਕਢਵਾਏ। ਸਸੀਅਰੁ—ਚੰਦ੍ਰਮਾ। ਮਦੁ—ਸ਼ਰਾਬ। ਕਉਸਤਕ—ਕੌਸਤਕ ਮਣੀ। ਲੱਛ—ਲਛਮੀ। ਪਰਜਾਤੁ—ਕਲਪ ਬ੍ਰਿਛ। ਅਸੁ—ਘੋੜਾ, ਉਚਸ੍ਰਵਾ ਨਾਮੇ ਸੂਰਜ ਦਾ ਘੋੜਾ। ਸੰਖੁ—ਵਿਚੋਂ ਖ਼ਾਲੀ ਲੰਮੀਆਂ ਹੇਕਾਂ ਵਾਲਾ। ਐਰਾਪਤਿ ਗਜ—ਇੰਦ੍ਰ ਦਾ ਹਾਥੀ। ਨਿਹਫਲ—ਬ੍ਰਿਥਾ। ਅਹਿਲਾ—ਸੁੰਦਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਧਰਮ ਮੰਦਰਾਂ ਵਿਚ ਆਉਣ ਜਾਣ ਵਾਲੇ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਵਧੇਰੇ ਲੋਕ ਅਜਿਹੇ ਵੇਖਣ ਵਿਚ ਆਉਂਦੇ ਹਨ, ਜਿਨ੍ਹਾ ਦੇ ਜੀਵਨ ਦਾ ਵਧੇਰੇ ਹਿੱਸਾ ਧਾਰਮਿਕ ਅਸਥਾਨਾਂ ਵਿਚ ਨਿਤਾ ਪ੍ਰਤੀ ਜਾਂਦਿਆਂ ਆਉਂਦਿਆਂ ਹੀ ਗੁਜ਼ਰ ਗਿਆ ਹੈ, ਪਰ ਉਨ੍ਹਾਂ ਦੀ ਜੀਵਨ ਸ਼ੈਲੀ ਵਿਚ ਕੋਈ ਭੀ ਬਦਲ ਨਹੀਂ ਆਈ। ਉਨ੍ਹਾਂ ਦੇ ਲੜਨ, ਝਗੜਨ ਦੇ ਕ੍ਰੋਧੀ ਸੁਭਾਉ ਵਿਚ ਜ਼ਰਾ ਮਾਤ੍ਰ ਵੀ ਫ਼ਰਕ ਨਹੀਂ ਆਇਆ। ਕਿਉਂ ਜੀ, ਤੁਸੀਂ ਇਸਦਾ ਅਸਲ ਕਾਰਨ ਕੀ ਸਮਝਦੇ ਹੋ, ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਜਦੋਂ ਅਸੀਂ ਇਸ ਪੱਖ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਤੱਕੀਏ ਤਾਂ ਸਾਨੂੰ ਇਸਦੀ ਸਹੀ ਰੂਪ ਰੇਖਾ ਦਿਸ ਆਵੇਗੀ ਕਿ ਕੇਵਲ ਕਿਸੇ ਧਰਮ ਮੰਦਰ ਵਿਚ ਹਮੇਸ਼ਾਂ ਆਉਂਦੇ ਜਾਂਦੇ ਰਹਿਣਾ ਹੀ ਕਾਫੀ ਨਹੀ, ਜਿਤਨਾ ਚਿਰ ਉਸ ਧਰਮ ਮੰਦਰ ਵਿਚ ਦਿੱਤਾ ਜਾ ਰਿਹਾ ਗੁਰੂ ਦਾ ਉਪਦੇਸ਼ ਹਿਰਦੇ ਵਿਚ ਧਾਰਨ ਨਹੀ ਕੀਤਾ ਜਾਂਦਾ। ਗੁਰੂ ਦੀ ਸ਼ਰਨ ਵਿਚ ਆਉਂਦੇ ਜਾਂਦੇ ਰਹਿਣ ਦਾ ਕੋਈ ਲਾਭ ਨਹੀਂ, ਗੁਰੂ ਬਾਣੀ ਦਾ ਫੁਰਮਾਨ ਹੈ:

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥

(ਧਨਾਸਰੀ ਮ: ੪, ਪੰਨਾ ੬੬੯)

ਭਾਵ, ਸਤਿਗੁਰੂ ਦੀ ਸਤਿਸੰਗਤ ਵਿਚ ਤਾਂ ਬਹੁਤ ਲੋਕ ਹਮੇਸ਼ਾਂ ਆਉਂਦੇ ਜਾਂਦੇ ਹਨ, ਉਹ ਗੁਰਬਾਣੀ ਗਾਉਂਦੇ ਤੇ ਸੁਣਦੇ ਭੀ ਹਨ, ਪਰ ਉਨ੍ਹਾਂ ਵਿਚੋਂ ਗਾਵਿਆ ਸੁਣਿਆ ਉਨ੍ਹਾਂ ਦਾ ਹੀ ਗੁਰੂ ਦੇ ਦਰ ਕਬੂਲ

ਹੁੰਦਾ ਹੈ ਜਿਨ੍ਹਾਂ ਨੇ ਗੁਰੂ ਵੱਲੋਂ ਦਿੱਤਾ ਉਪਦੇਸ਼ ਧਾਰਨ ਕੀਤਾ ਹੈ, ਧਾਰਨਾ ਤੋਂ ਖਾਲੀ ਲੋਕ ਸੱਖਣੇ ਹੀ ਰਹਿ ਜਾਂਦੇ ਹਨ। ਅਜਿਹੇ ਲੋਕਾਂ ਨੂੰ ਇਉਂ ਹੀ ਸਮਝਣਾ ਚਾਹੀਦਾ ਹੈ ਜਿਵੇਂ ਕਿ ਇਕ ਡੱਡੂ ਨਿਰਮਲ ਪਾਣੀ ਵਿਚ ਵੱਸਦਾ ਹੈ, ਪਰ ਉਸ ਪਵਿੱਤ੍ਰ ਪਾਣੀ ਦੀ ਉਹ ਸਾਰ ਨਹੀਂ ਜਾਣਦਾ। ਉਸ ਵਿਚ ਜੋ ਗ਼ਲੀਜ਼ ਜਾਲਾ ਹੈ, ਉਸੇ ਨੂੰ ਹੀ ਖਾਂਦਾ ਰਹਿੰਦਾ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਹੈ:

ਦਾਦਰ ਤੂ ਕਬਹਿ ਨ ਜਾਨਸਿ ਰੇ॥....
ਬਸੁ ਜਲ ਨਿਤ ਨ ਵਸਤ ਅਲੀ ਅਲ
ਮੇਰ ਚੁਚਾ ਗੁਨ ਰੇ॥ (ਮਾਰੂ ਮ: ੧, ਪੰਨਾ ੯੯੦)

ਕਬੀਰ ਸਾਹਿਬ ਦੀਆਂ ਨਜ਼ਰਾਂ ਨੇ ਅਜਿਹੇ ਲੋਕਾਂ ਨੂੰ ਬਾਂਸ ਦੀ ਤੁਲਨਾ ਦਿਤੀ ਹੈ, ਜਿਵੇਂ ਕਿ:

ਕਬੀਰ ਬਾਂਸੁ ਬਡਾਈ ਬੂਡਿਆ
ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥੧੨॥
(ਸਲੋਕ ਕਬੀਰ ਜੀ, ਪੰਨਾ ੧੩੬੫)

ਜਾਂ ਇਉਂ ਭੀ ਕਹਿ ਸਕਦੇ ਹਾਂ ਕਿ ਜਿਵੇਂ ਪੱਥਰ ਪਾਣੀ ਵਿਚ ਸਦਾ ਹੀ ਰਹਿੰਦਾ ਹੈ, ਪਰ ਉਹ ਪਾਣੀ ਵਿਚ ਭਿੱਜਦਾ ਨਹੀਂ, ਇਸੀ ਤਰ੍ਹਾਂ ਜੋ ਮਨੁੱਖ ਗੁਰੂ ਦੀ ਸੰਗਤ ਵਿਚ ਰਹਿੰਦੇ ਹੋਏ ਗੁਰੂ ਦੇ ਉਪਦੇਸ਼ ਵੱਲੋਂ ਮਨ ਕਰਕੇ ਸਦਾ ਹੀ ਅਭਿੱਜ ਰਹਿੰਦੇ ਹਨ ਉਹ ਸੰਗਤ ਵਿਚ ਰਹਿੰਦੇ ਹੋਏ ਭੀ ਸੱਖਣੇ ਰਹਿ ਜਾਂਦੇ ਹਨ। ਇਸਦਾ ਭਾਵ ਇਹ ਨਹੀਂ ਕਿ ਉਪਦੇਸ਼ ਸੁਣਨਾ ਹੀ ਨਹੀਂ, ਸੁਣਦੇ ਰਹਿਣ ਦਾ ਆਦੀ ਤਾਂ ਜ਼ਰੂਰ ਹੋਣਾ ਹੈ, ਪਰ ਸੁਣ ਕੇ ਹਿਰਦੇ ਵਿਚ ਧਾਰਨ ਦੇ ਨਿਯਮ ਦਾ ਧਾਰਨੀ ਹੋਣਾ ਭੀ ਜ਼ਰੂਰੀ ਹੈ, ਜਿਵੇਂ ਕਿ:

ਸੁਨਿ ਉਪਦੇਸੁ ਹਿਰਦੈ ਬਸਾਵਹੁ॥
ਮਨ ਇਛੇ ਨਾਨਕ ਫਲ ਪਾਵਹੁ॥੫॥
(ਸੁਖਮਨੀ, ਪੰਨਾ ੨੯੩)

ਸੁਨਿ ਉਪਦੇਸੁ ਭਏ ਮਨ ਨਿਰਮਲ
ਗੁਨ ਗਾਏ ਰੰਗਿ ਰਾਂਗੀ॥੧॥ (ਮਲਾਰ ਮ: ੫, ਪੰਨਾ ੧੨੬੭)

ਉਪਦੇਸੁ ਸੁਣਿ ਸਾਧ ਸੰਤਨ ਕਾ
ਸਭ ਚੂਕੀ ਕਾਣਿ ਜਮਾਣੀ॥ (ਸੋਰਠਿ ਮ: ੫, ਪੰਨਾ ੬੦੮)

ਉਪਦੇਸੁ ਸੁਣਹੁ ਤੁਮ ਗੁਰਸਿਖਹੁ ਸਚਾ ਇਹੈ ਸੁਆਉ॥
(ਸਲੋਕ ਮ: ੫, ਪੰਨਾ ੯੬੩)

ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ
ਗੁਰੁ ਸਤਿਗੁਰੁ ਪਰਉਪਕਾਰੀਆ ਜੀਉ॥
(ਮਾਝ ਮ: ੫, ਪੰਨਾ ੯੬)

ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ॥
(ਸਾਰਗ ਮ: ੪, ਪੰਨਾ ੧੨੦੦)

ਉਪਦੇਸੁ ਗੁਰੂ ਸੁਣਿ ਮੰਨਿਆ
ਧੁਰਿ ਮਸਤਕਿ ਪੂਰਾ ਭਾਗੁ॥
(ਬਿਲਾਵਲੁ ਮ: ੪, ਪੰਨਾ ੮੪੯)

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
(ਸਲੋਕ ਮ: ੪, ਪੰਨਾ ੩੦੫)

ਉਪਦੇਸੁ ਜਿ ਦਿਤਾ ਸਤਿਗੁਰੂ
ਸੋ ਸੁਣਿਆ ਸਿਖੀ ਕੰਨੇ॥ (ਪਉੜੀ, ਪੰਨਾ ੩੧੪)

ਜਿਥੇ ਸਤਿਗੁਰੂ ਜੀ ਨੇ ਸਿਖ ਨੂੰ ਗੁਰੂ ਦੇ ਉਪਦੇਸ਼ ਸੁਣਦੇ ਰਹਿਣ ਦੀ ਆਗਿਆ ਦਿਤੀ ਹੈ, ਉਥੇ ਸੁਣਨ ਵਾਲੇ ਸਰੋਤੇ ਲਈ ਖ਼ਾਸ ਹਿਦਾਇਤ ਭੀ ਕੀਤੀ ਹੈ, ਜਿਵੇਂ ਕਿ ਫ਼ੁਰਮਾਨ ਹੈ:

ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥
(ਸ੍ਰੀ ਰਾਗੁ ਮ: ੩, ਪੰਨਾ ੨੭)

ਜਿਨ ਸੁਣਿ ਸਿਖਾ ਗੁਰੁ ਮੰਨਿਆ
ਤਿਨਾ ਭੁਖ ਸਭ ਜਾਵੀ॥
(ਤਿਲੰਗ ਮ: ੧, ਪੰਨਾ ੭੨੬)

ਇਸੀ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਜੀ ਵਿਚ ਪਹਿਲੋਂ ਚਾਰ ਪਉੜੀਆਂ ਵਿਚ ਸੁਣਦੇ ਰਹਿਣ ਦੀ ਮਹਿਮਾ ਉਚਾਰਨ ਕੀਤੀ ਹੈ ਫਿਰ ਉਸਦੇ ਮੰਨਣ ਕਰਨ ਦੀ ਹਿਦਾਇਤ ਭੀ ਕੀਤੀ ਗਈ ਹੈ।

ਜਿਨੀ ਸੁਣਿ ਮੰਨਿਆ ਹਰਿ ਨਾਉ
ਤਿਨਾ ਹਉ ਵਾਰੀਆ॥
ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ॥
(ਪਉੜੀ, ਪੰਨਾ ੬੪੫)

ਸਤਿਗੁਰੂ ਜੀ ਉਨ੍ਹਾਂ ਤੋਂ ਹੀ ਵਾਰਨੇ ਜਾਂਦੇ ਹਨ, ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ ਨੂੰ ਸੁਣ ਕੇ ਮੰਨ ਲਿਆ ਹੈ, ਭਾਵ ਗੁਰੂ ਦੀ ਆਗਿਆ ਅਨੁਸਾਰ ਜੀਵਨ ਗੁਜ਼ਾਰਨਾ ਅਰੰਭ ਕਰ ਦਿਤਾ ਹੈ, ਜੋ ਧਾਰਨਾ ਤੋਂ ਸੱਖਣੇ ਹਨ ਉਨ੍ਹਾਂ ਦੇ ਬਾਰੇ ਕਬੀਰ ਜੀ ਆਪਣੀ ਰਾਇ ਇਉਂ ਪ੍ਰਗਟਾਉਂਦੇ

ਹਨ, ਜਿਵੇਂ ਕਿ:

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ ॥੧੫੮॥

*(ਸਲੋਕ ਕਬੀਰ ਜੀ, ਪੰਨਾ ੧੩੭੨)*

ਭਾਵ ਹੈ ਸੱਚੇ ਗੁਰੂ ਦੀ ਸੰਗਤ ਵਿਚ ਰਹਿਣ ਨਾਲ ਭੀ ਕਿਸੇ ਨੂੰ ਕੀ ਲਾਭ ਹਾਸਲ ਹੋ ਸਕਦਾ ਹੈ ? ਜਿਤਨਾ ਚਿਰ ਗੁਰੂ ਵੱਲੋਂ ਦਿਤਾ ਜਾ ਰਿਹਾ ਉਪਦੇਸ਼ ਹਿਰਦੇ ਵਿਚ ਧਾਰਨ ਨਹੀਂ ਕੀਤਾ ਜਾਂਦਾ। ਧਾਰਨਾ ਤੋਂ ਸੱਖਣੇ ਮਨੁੱਖ ਨੂੰ ਇਉਂ ਹੀ ਜਾਣੋ, ਜਿਵੇਂ ਕਿ ਕਿਸੇ ਬਾਂਸ ਵਿਚ ਇਕ ਪਾਸਿਓਂ ਮਾਰੀ ਫੂਕ ਦੂਸਰੇ ਪਾਸੇ ਨਿਕਲ ਜਾਂਦੀ ਹੈ, ਬਾਂਸ ਨੂੰ ਕੋਈ ਅਸਰ ਨਹੀਂ ਹੁੰਦਾ। ਇਸੇ ਤਰ੍ਹਾਂ ਜੇ ਕਿਸੇ ਮਨੁੱਖ ਨੇ ਸੱਚੇ ਗੁਰੂ ਦੇ ਸੱਚੇ ਉਪਦੇਸ਼ ਨੂੰ ਇਕ ਕੰਨ ਰਾਹੀਂ ਸੁਣ ਕੇ ਦੂਸਰੇ ਕੰਨ ਦੁਆਰੇ ਨਿਕਾਲ ਦਿਤਾ ਹੈ ਉਸਦਾ ਸੁਣਦੇ ਰਹਿਣਾ ਭੀ ਨਾ ਸੁਣੇ ਬਰਾਬਰ ਹੈ, ਉਸਨੂੰ ਕੋਈ ਭੀ ਲਾਭ ਨਹੀਂ।

ਇਸੇ ਮੁਖ ਭਾਵ ਨੂੰ ਪ੍ਰਗਟਾਉਣ ਵਾਲੀਆਂ ਬਾਣੀ ਵਿਚ ਸਾਨੂੰ ਹੋਰ ਭੀ ਅਨੇਕਾਂ ਪੰਗਤੀਆਂ ਪੜ੍ਹਨ ਵਿਚ ਆਉਂਦੀਆਂ ਹਨ, ਜਿਨ੍ਹਾਂ ਦਾ ਭਾਵ ਹੈ ਕਿ ਉੱਚੀ ਤੋਂ ਉੱਚੀ ਸੰਗਤ ਕਰਨ ਵਾਲਾ ਜਿਤਨਾ ਚਿਰ ਉੱਚੇ ਗੁਣਾਂ ਦਾ ਧਾਰਨੀ ਨਹੀਂ ਹੋ ਜਾਂਦਾ ਉਹ ਸਾਗਰ ਦੀ ਸੰਗਤ ਕਰਨ ਵਾਲੇ ਸੰਖ ਵਾਂਗੂ ਖ਼ਾਲੀ ਹੀ ਰਹਿ ਜਾਂਦਾ ਹੈ। ਜੋ ਹਮੇਸ਼ਾਂ ਦਰ-ਬ-ਦਰ ਧਾਹਾਂ ਹੀ ਮਾਰਦਾ ਰਹਿੰਦਾ ਹੈ।

ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ, ਜਿਵੇਂ ਕਿ ਅਗੇ ਅੰਕਤ ਕੀਤੀਆਂ ਹਨ:

(੧) (ਜਿਵੇਂ) ਸਮੁੰਦਰ, ਜੋ ਅਗਮ ਤੇ ਅਥਾਹ ਸੀ, ਉਸਨੂੰ ਰਿੜਕ ਕੇ ਉਸ ਵਿਚੋਂ ੧੪ ਅਮੋਲਕ ਰਤਨ ਕੱਢੇ ਗਏ।
(੨) (੧੪ ਰਤਨ ਇਹ ਹਨ—) ਚੰਦ੍ਰਮਾ, ਸਾਰੰਗ, ਧਨੁਖ, ਸਰਾਬ, ਕੌਸਤਕ ਮਣੀ, ਲੱਛਮੀ, ਧਨੰਤਰ ਵੈਦ ਲੱਭੇ (ਪਾਏ)।
(੩) (ਰੰਭਾ) ਅਪੱਛਰਾਂ (ਜੋ ਇੰਦ੍ਰ ਦੇ ਦਰਬਾਰ ਵਿਚ ਗਾਇਨ ਕਰਦੀ ਹੈ) ਕਾਮਧੇਨ ਗਊ, ਪਾਰਜਾਤ (ਕਲਪ) ਬ੍ਰਿਛ, ਅਸੁ (ਉਚਸਰਵਾ ਘੋੜਾ) ਅੰਮ੍ਰਿਤ (ਜੋ ਵਿਸਨੂੰ ਨੇ ਮੋਹਣੀ ਰੂਪ ਧਾਰ ਕੇ ਦੇਵਤਿਆ ਨੂੰ ਪਿਲਾ ਦਿੱਤਾ ਸੀ।
(੪) ਹਾਥੀ (ਐਰਾਪਤ), ਸੰਖ ਤੇ ਜ਼ਹਿਰ (ਕਾਲਕੂਟ) ਇਹ ੧੪ ਰਤਨ ਦੇਵਤਿਆਂ ਤੇ ਦਾਨਵਾਂ ਦੀ ਸਭਾ ਲਗਾ ਕੇ ਵੰਡੇ ਗਏ।
(੫) ਹੋਰ ਵੀ ਮਾਣਕ ਮੋਤੀ ਤੇ ਹੀਰੇ ਬਹੁ-ਮੁੱਲੇ ਨਿਕਲੇ ਜੋ ਸਭ ਲੋਕਾਂ ਨੂੰ ਵਰੋਸਾਉਂਦੇ (ਲਾਭ ਦੇਂਦੇ) ਹਨ।
(੬) ਪਰ ਸੰਖ ਸਮੁੰਦਰ ਦੇ ਵਿਚੋਂ ਨਿਕਲਿਆ, ਜੋ ਵਿਚੋਂ ਸੱਖਣਾ ਸੀ, ਹੁਣ ਤਕ ਉਹ ਧਾਹਾਂ ਮਾਰ ਮਾਰ ਕੇ ਰੋਂਦਾ ਤੇ ਸੁਣਾਉਂਦਾ ਹੈ।
(੭) (ਇਸੇ ਤਰ੍ਹਾਂ ਉਹ ਲੋਕ ਸੰਖ ਵਰਗੇ ਸੱਖਣੇ ਜੋ) ਸਾਧ ਸੰਗਤ ਰੂਪੀ ਸਮੁੰਦ੍ਰ ਵਿਚ ਰਹਿ ਕੇ ਸ਼ਬਦ ਸੁਣਕੇ ਹਿਰਦੇ ਵਿਚ ਨਹੀਂ ਵਸਾਉਂਦੇ।
(੮) ਉਹ ਆਪਣੇ ਜਨਮ ਨੂੰ ਨਿਸਫਲ ਗਵਾ ਦੇਂਦੇ ਹਨ।੧।

***ਭਾਵਾਰਥ :*** ਇਸ ਸੰਖ ਦੇ ਸੰਬੰਧ ਵਿਚ ਕਬੀਰ ਜੀ ਭੀ ਲਿਖਦੇ ਹਨ:

ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ॥
ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ ॥੧੨੬॥

*(ਸਲੋਕ ਕਬੀਰ ਜੀ, ਪੰਨਾ ੧੩੭੧)*

'ਅਨਯੋਕਤੀ' ਅਲੰਕਾਰ ਦੁਆਰੇ ਕਬੀਰ ਜੀ ਮਨਮੁਖ ਨੂੰ ਸੰਖ ਦੇ ਦ੍ਰਿਸ਼ਟਾਂਤ ਰਾਹੀਂ ਉਪਦੇਸ਼ ਕਰਦੇ ਹਨ ਕਿ, ਹੇ ਸੰਖ! (ਰੈਨਾਇਰ) ਸਮੁੰਦਰ ਵਿਖੇ ਹੀ ਰਹੁ, ਭਾਵ ਗੁਰੂ ਦੇ ਸ਼ਬਦ ਦੀ ਧਾਰਨਾ ਤੋਂ ਖ਼ਾਲੀ ਨ ਰਹੁ, ਨਹੀਂ ਤਾ ਸੂਰਜ ਚੜ੍ਹੇ ਹਰੇਕ ਦੁਆਰਿਆਂ ਵਿਖੇ ਪਿਆ ਧਾਹਾ ਮਾਰੇਗਾ ਅਰਥਾਤ, ਚੌਰਾਸੀ ਲੱਖ ਜੂਨਾਂ ਵਿਚ ਫਿਰਦਾ ਹੋਇਆ ਪਛੋਤਾਪ ਕਰੇਂਗਾ।

ਇਹ ਲੋਕ ਪ੍ਰਸਿੱਧ ਕਥਾ ਹੈ, ਕਿ ੧੪ ਰਤਨ ਸਮੁੰਦਰ ਵਿਚੋਂ ਕੱਢੇ ਥੇ। ਪਰ ਭਾਈ ਸਾਹਿਬ ਜੀ ਇਥੋਂ ਭੀ ਗੁਰਮਤ ਦਾ ਉਪਦੇਸ਼ ਲੈਣ ਦੀ ਪ੍ਰੇਰਨਾ ਕਰਦੇ ਹਨ, ਕਿ ਹੋਰ ਭੀ ਰਤਨ ਇਥੋਂ ਨਿਕਲੇ ਸਨ, ਪਰ ਸੰਖ ਖ਼ਾਲੀ ਆਇਆ, ਸੋ ਰੋਂਦਾ ਫਿਰਦਾ ਹੈ।

ਤਿਵੇਂ ਸਤਿਸੰਗ ਨੂੰ ਸਰੋਵਰ ਜਾਣੋ, ਸਾਰੇ ਰਤਨ ਇਸ ਵਿਚ ਹਨ, ਸਤਿਸੰਗਤ ਦੇ ੧੪ ਰਤਨ ਇਹ ਹਨ:

ਸਾਂਤੀ, ਧਰਮ, ਪ੍ਰੇਮ, ਭਗਤੀ, ਸੀਲਤਾਈ, ਸਾਸਤ੍ਰ, ਵਿੱਦਿਆ, ਖਿਮਾ, ਅਭਯਾਸ, ਯੋਗ, ਨਾਮ, ਸਤਿਸੰਗ, ਮਹਾਂਵਾਕ, ਪਰਵਿਰਤੀ, ਇਹ ਅੰਤ੍ਰੀਵ ਰਤਨ ਹਨ।

## ੨. ਮਨੁੱਖ ਦੀ ਦਸ਼ਾ—ਡੱਡੂ ਤੋਂ ਉਪਦੇਸ਼

੧. ਨਿਰਮਲ ਨੀਰ ਸੁਹਾਵਣਾ
ਸੁੱਭਰ ਸਰਵਰ ਕਵਲ ਫੁਲੰਦੇ।
੨. ਰੂਪ ਅਨੂਪ ਸਰੂਪ ਅਤਿ
ਗੰਧ ਸੁਗੰਧ ਹੋਇ ਮਹਿਕੰਦੇ।
੩. ਭਵਰਾਂ ਵਾਸਾ ਮੰਝ ਵਣ
ਖੋਜਹਿ ਏਕੋ ਖੋਜਿ ਲਹੰਦੇ।
੪. ਲੋਭ ਲੁਭਤ ਮਕਰੰਦ ਰਸ
ਦੂਰ ਦਿਸੰਤਰਿ ਆਇ ਮਿਲੰਦੇ।
੫. ਸੂਰਜ ਗਗਨਿ ਉਦੋਤ ਹੋਇ
ਸਰਵਰ ਕਵਲ ਧਿਆਨ ਧਰੰਦੇ।
੬. ਡੱਡੂ ਚਿੱਕੜਿ ਵਾਸ ਹੈ
ਕਵਲ ਸਿਞਾਣ ਨ ਮਾਣ ਸਕੰਦੇ।
੭. ਸਾਧ ਸੰਗਤਿ ਗੁਰੁ ਸ਼ਬਦ ਸੁਣਿ
ਗੁਰੁ ਉਪਦੇਸ਼ ਰਹਤ ਨ ਰਹੰਦੇ।
੮. ਮਸਤਕਿ ਭਾਗ ਜਿਨ੍ਹਾਂ ਦੇ ਮੰਦੇ ॥੨॥

*ਪਦ ਅਰਥ* : ਸੁੱਭਰ—ਲਬਾਲਬ, ਨਕੋਨਕ। ਮਹਿਕੰਦੇ—ਮਹਿਕ ਰਹੇ ਹਨ। ਨ ਮਾਣ ਸਕੰਦੇ—ਨਹੀਂ ਮਾਣ ਸਕਦੇ, ਭਾਵ ਸੁਗੰਧੀ ਨਹੀਂ ਮਾਣਦੇ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਧਰਮ ਦੀਆਂ ਧਰਮਸ਼ਾਲਾ ਵਿਚ ਰਹਿਣ ਵਾਲੇ ਧਰਮੀ ਬੰਦਿਆਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਦਾ ਧਾਰਮਿਕ ਲਿਬਾਸ ਤੇ ਧਰਮ ਦਾ ਉਪਦੇਸ਼ ਸੁਣ ਕੇ ਤਾਂ ਮਨ ਨੂੰ ਬਹੁਤ ਪ੍ਰਸੰਨਤਾ ਹੁੰਦੀ ਹੈ, ਉਹ ਹਮੇਸ਼ਾਂ ਹੀ ਸਾਧ ਸੰਗਤ ਵਿਚ ਗੁਰੂ ਦਾ ਸ਼ਬਦ ਸੁਣਦੇ ਤੇ ਆਮ ਲੋਕਾਂ ਨੂੰ ਸੁਣਾਉਂਦੇ ਭੀ ਵੇਖਣ ਵਿਚ ਆਉਂਦੇ ਹਨ ਤੇ ਉਹ ਵੇਖਣ ਵਿਚ ਭੀ ਪੂਰਨ ਹੀ ਗੁਰਮੁਖ ਨਜ਼ਰ ਆਉਂਦੇ ਹਨ, ਪਰ ਜਦੋਂ ਉਨ੍ਹਾਂ ਦੇ ਨੇੜੇ ਹੋ ਕੇ ਉਨ੍ਹਾਂ ਦੀ ਮਾਨਸਕ ਕ੍ਰਿਆ ਵੱਲ ਤੱਕੀਏ ਤਾਂ ਉਨ੍ਹਾਂ ਦੀ ਬਾਹਰਲੀ ਰਹਿਤ-ਬਹਿਤ ਬਿਲਕੁਲ ਉਲਟ ਹੈ, ਕਿਉਂ ਜੀ! ਇਸਦਾ ਅਸਲ ਕਾਰਨ ਕੀ ਹੈ, ਦੱਸੋਗੇ ਕਿ ਐਸਾ ਕਿਉਂ ਹੈ?

ਉ: ਹੇ ਭਾਈਓ! ਅਜਿਹੇ ਲੋਕਾਂ ਨੂੰ ਜਦੋਂ ਗੁਰਬਾਣੀ ਦੀ ਰੋਸ਼ਨੀ ਦੁਆਰੇ ਤੱਕੀਏ ਤਾਂ ਉਨ੍ਹਾਂ ਦੀ ਰੂਪ ਰੇਖਾ ਸਹੀ ਸਹੀ ਦਿਸ ਆਉਂਦੀ ਹੈ ਕਿ ਉਨ੍ਹਾਂ ਦੀ ਬਾਹਰਲੀ ਪੁਸ਼ਾਕ ਤਾਂ ਠੀਕ ਗੁਰਮੁਖਾਂ ਵਾਲੀ ਹੈ, ਪਰ ਉਨ੍ਹਾਂ ਦੇ ਮਨ ਦੀ ਕ੍ਰਿਆ ਮਨਮੁਖਾਂ ਵਾਲੀ ਹੈ। ਕਿਉਂਕਿ ਉਹ ਹਰ ਕ੍ਰਿਆ ਮਨ ਨੂੰ ਮੁਖੀਆ ਬਣਾ ਕੇ, ਭਾਵ ਮਨ ਦੇ ਪਿਛੇ ਪਿਛੇ ਟੁਰਦੇ ਹਨ। ਸੋ ਜੋ ਮਨ ਨੂੰ ਆਗੂ ਬਣਾ ਕੇ ਹੀ ਜੀਵਨ ਗੁਜ਼ਾਰਦੇ ਹਨ, ਉਹ ਭਾਵੇਂ ਸੰਗਤ ਵਿਚ ਰਹਿੰਦੇ ਹੋਏ ਗੁਰੂ ਦੇ ਉਪਦੇਸ਼ ਨੂੰ ਸੁਣਦੇ ਸਾਰਾ ਜੀਵਨ ਹੀ ਕਿਉਂ ਨਾ ਗੁਜ਼ਾਰ ਜਾਣ ਉਨ੍ਹਾਂ ਨੂੰ ਕੋਈ ਭੀ ਲਾਭ ਨਹੀਂ ਪ੍ਰਾਪਤ ਹੋ ਸਕਦਾ। ਇਸ ਭਾਵ ਨੂੰ ਪ੍ਰਗਟਾਉਣ ਵਾਲੇ ਬਾਣੀ ਵਿਚ ਮੇਰੇ ਪੜ੍ਹਨ ਤੇ ਵੀਚਾਰ ਕਰਨ ਸਮੇਂ ਇਕ ਦੋ ਨਹੀਂ ਸਗੋਂ ਅਨੇਕਾਂ ਹੀ ਉਦਾਹਰਣ ਆਏ ਹਨ, ਜਿਨ੍ਹਾਂ ਵਿਚੋਂ ਚੰਦ ਉਦਾਹਰਣ ਇਸ ਪ੍ਰਕਾਰ ਹਨ।

ਹੇ ਭਾਈਓ! ਗੁਰਬਾਣੀ ਦੇ ਆਸ਼ੇ ਅਨੁਸਾਰ ਗੁਰੂ ਦਰਬਾਰ ਵਿਚ ਸਰੀਰ ਦੀ ਹਾਜ਼ਰੀ ਨਹੀਂ, ਸਗੋਂ, ਸਨਮੁਖ ਤੇ ਗੁਰਮੁਖ ਦੇ ਮਨ ਦੀ ਹਾਜਰੀ ਪ੍ਰਵਾਨ ਹੁੰਦੀ ਹੈ, ਇਸੇ ਭਾਵ ਨੂੰ ਗੁਰ-ਇਤਿਹਾਸ ਪ੍ਰਗਟ ਕਰਦਾ ਹੈ ਕਿ—(ਹਾਜ਼ਰ, ਗ਼ੈਰ ਹਾਜ਼ਰ; ਗ਼ੈਰ ਹਾਜ਼ਰ, ਹਾਜ਼ਰ) ਭਾਵ ਜੋ ਕੇਵਲ ਸਰੀਰ ਕਰਕੇ ਹਾਜ਼ਰ ਹੈ, ਉਹ ਗ਼ੈਰ ਹਾਜ਼ਰ ਹੈ, ਪਰ ਜੋ ਮਨ ਕਰਕੇ ਹਾਜ਼ਰ ਹੈ, ਗੁਰੂ ਦਰਬਾਰ ਵਿਚ ਉਸਦੀ ਹੀ ਹਾਜ਼ਰੀ ਕਬੂਲ ਹੁੰਦੀ ਹੈ।

ਜੋ ਮਨਮੁਖ ਸਰੀਰ ਕਰਕੇ ਸੰਗਤ ਵਿਚ ਹਾਜ਼ਰ ਹਨ, ਉਨ੍ਹਾਂ ਦੀ ਦਸ਼ਾ ਗੁਰਬਾਣੀ ਵਿਚ ਅਨੇਕਾਂ ਹੀ ਥਾਵਾਂ 'ਤੇ ਉੱਕਰੀ ਹੋਈ ਮਿਲਦੀ ਹੈ, ਜਿਵੇਂ ਕਿ :

ਮਨਮੁਖ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥
ਤਿਸ ਕਾ ਅੰਦਰੁ ਚਿਤੁ ਨ ਭਿਜਈ
ਮੁਖਿ ਫੀਕਾ ਆਲਾਉ ॥
ਓਇ ਧਰਮਿ ਰਲਾਇ ਨਾ ਰਲਨਿ੍
ਓਨਾ ਅੰਦਰਿ ਕੂੜੁ ਸੁਆਉ ॥
ਨਾਨਕ ਕਰਤੈ ਬਣਤ ਬਣਾਈ
ਮਨਮੁਖ ਕੂੜੁ ਬੋਲਿ ਬੋਲਿ ਡੁਬੇ
ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥

(ਮ: ੩, ਪੰਨਾ ੫੧੧)

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥
ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥
ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥੪॥
*(ਸ੍ਰੀ ਰਾਗੁ ਮ: ੩, ਪੰਨਾ ੬੬)*

ਮਨਮੁਖਾ ਉਰਵਾਰੁ ਨ ਪਾਰੁ ਹੈ
ਅਧ ਵਿਚਿ ਰਹੇ ਲਪਟਾਇ ॥ *(ਸਲੋਕ ਮ: ੩, ਪੰਨਾ ੧੪੧੭)*

ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
ਉਦਰੁ ਨੈ ਸਾਣੁ ਨ ਭਰੀਐ ਕਬਹੂ
ਤ੍ਰਿਸਨਾ ਅਗਨਿ ਪਚਾਏ ॥੧॥
*(ਭੈਰਉ ਮ: ੩, ਪੰਨਾ ੧੧੩੧)*

ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ ।
*(ਵਡਹੰਸੁ ਮ: ੩, ਪੰਨਾ ੫੬੯)*

ਮਨਮੁਖ ਆਪਿ ਖੁਆਇਅਨੁ
ਮਾਇਆ ਮੋਹ ਨਿਤ ਕੜ ॥ *(ਪਉੜੀ, ਪੰਨਾ ੯੫੨)*

ਮਨਮੁਖੁ ਆਪੁ ਗਣਾਏ ਰੋਵੈ ॥
ਨਾਵਹੁ ਭੂਲਾ ਠਉਰ ਨ ਪਾਏ
ਆਇ ਜਾਇ ਦੁਖੁ ਪਾਇਦਾ ॥੫॥
*(ਮਾਰੂ ਮ: ੧, ਪੰਨਾ ੧੦੩੪)*

ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥
ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥
*(ਪਉੜੀ, ਪੰਨਾ ੧੨੪੪)*

ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥
*(ਮਾਰੂ ਮ: ੫, ਪੰਨਾ ੧੦੭੩)*

ਮਨਮੁਖਿ ਇਹੁ ਮਨੁ ਮੁਗਧੁ ਹੈ
ਸੋਝੀ ਕਿਛੁ ਨ ਪਾਇ ॥
ਹਰਿ ਕਾ ਨਾਮੁ ਨ ਬੁਝਈ
ਅੰਤਿ ਗਇਆ ਪਛੁਤਾਇ ॥੩॥
*(ਗੂਜਰੀ ਮ: ੩, ਪੰਨਾ ੪੯੧)*

ਮਨਮੁਖ ਸੋਇ ਰਹੇ ਸੇ ਲੂਟੇ
ਗੁਰਮੁਖਿ ਸਾਬਤੁ ਭਾਈ ਹੇ ॥੪॥ *(ਮਾਰੂ ਮ: ੧, ਪੰਨਾ ੧੦੨੪)*

ਮਨਮੁਖ ਸਚੁ ਨ ਜਾਣਨੀ
ਤਿਨ ਠਉਰ ਨ ਕਤਹੂ ਥਾਉ ॥੨॥
*(ਸ੍ਰੀ ਰਾਗੁ ਮ: ੩, ਪੰਨਾ ੬੯)*

ਮਨਮੁਖ ਸਦ ਹੀ ਕੂੜੋ ਬੋਲੈ
ਬਿਖੁ ਬੀਜੈ ਬਿਖੁ ਖਾਏ ।
ਜਮਕਾਲਿ ਬਾਧਾ ਤ੍ਰਿਸਨਾ ਦਾਧਾ
ਬਿਨੁ ਗੁਰ ਕਵਣੁ ਛਡਾਏ ॥੪॥
*(ਸੂਹੀ ਮ: ੩, ਪੰਨਾ ੭੫੩)*

ਮਨਮੁਖ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥
ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
*(ਮਾਝ ਮ: ੩, ਪੰਨਾ ੧੨੯)*

ਮਨਮੁਖ ਮੈਲੁ ਨ ਉਤਰੈ
ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥
*(ਸ੍ਰੀ ਰਾਗੁ ਮ: ੩, ਪੰਨਾ ੩੭)*

ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥
*(ਸ੍ਰੀ ਰਾਗੁ ਮ: ੩, ਪੰਨਾ ੩੩)*

ਕਾਇਆ ਕਮਲੁ ਹੈ ਕੁਮਲਾਣਾ ॥
ਮਨਮੁਖ ਸਬਦੁ ਨ ਬੁਝੈ ਇਆਣਾ ॥
*(ਮਾਰੂ ਮ: ੩, ਪੰਨਾ ੧੦੫੧)*

ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥
ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥
*(ਸਲੋਕ ਮ: ੩, ਪੰਨਾ ੧੪੨੨)*

ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥
ਮਨਮੁਖਿ ਹਉਮੈ ਪਤਿ ਗਵਾਈ ॥
*(ਬਿਲਾਵਲੁ ਮ: ੧, ਪੰਨਾ ੮੩੧)*

ਮਨਮੁਖ ਹਉਮੈ ਮਾਇਆ ਸੂਤੇ ॥
ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ
ਦੁਖੇ ਦੁਖਿ ਨਿਵਾਸੀ ਹੇ ॥੧੫॥
*(ਮਾਰੂ ਮ: ੩, ਪੰਨਾ ੧੦੪੯)*

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥
ਨਾਵਹੁ ਭੂਲੇ ਥਾਉ ਨ ਕੋਈ ॥੩॥
*(ਬਿਲਾਵਲੁ ਮ: ੧, ਪੰਨਾ ੮੩੧)*

ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਜੋ ਲੋਕ ਧਰਮ ਮੰਦਰਾਂ ਵਿਚ ਰਹਿੰਦੇ ਹੋਏ ਸ੍ਵੈ-ਧਰਮ ਦੀ ਪਾਲਣਾ ਨਹੀ ਕਰਦੇ, ਉਨ੍ਹਾ ਨੂੰ ਉਨ੍ਹਾਂ ਦੇ ਬਾਹਰਲੇ ਧਰਮ ਪੁਸ਼ਾਕੇ ਪਹਿਨਣ ਤੋਂ ਭੀ ਕੋਈ ਲਾਭ ਨਹੀਂ ਹੋ ਸਕਦਾ, ਉਨ੍ਹਾਂ ਦਾ ਬਾਹਰਲਾ ਲਿਬਾਸ ਇਉਂ ਹੀ ਜਾਣੋ ਜਿਵੇਂ ਕਿਸੇ ਬੋਤਲ ਦੇ ਬਾਹਰਲੇ ਪਾਸੇ ਅੰਮ੍ਰਿਤ ਦਾ ਲੇਬਲ ਲੱਗਾ ਹੋਵੇ ਪਰ

ਉਹ ਅੰਦਰੋਂ ਹੋਵੇ ਖ਼ਾਲੀ, ਉਸ ਤੋਂ ਕਿਸੇ ਨੂੰ ਭੀ ਕੋਈ ਲਾਭ ਨਹੀਂ ਹੋਵੇਗਾ, ਇਸੇ ਤਰ੍ਹਾਂ ਕਿਸੇ ਦੇ ਧਾਰਮਿਕ ਚਿੰਨ੍ਹ ਧਾਰਨ ਨਾਲ ਉਸ ਦੀ ਜੀਵਨ ਸ਼ੈਲੀ ਵਿਚ ਭੀ ਕੋਈ ਬਦਲ ਨਹੀਂ ਆ ਸਕਦੀ, ਉਸਦੀ ਆਤਮਾ ਅੰਦਰੋਂ ਸਦਾ ਹੀ ਕਲਪਦੀ ਰਵੇਗੀ।

ਸੋ, ਮੈਂ ਭੀ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ, ਜਿਨ੍ਹਾਂ ਵਿਚ ਇਹ ਭਾਵ ਅੰਕਤ ਕੀਤਾ ਹੈ ਕਿ ਧਾਰਨਾ ਤੋਂ ਸੱਖਣੇ ਗੁਰੂ ਦੀ ਸੰਗਤ ਵਿਚ ਰਹਿਣ ਵਾਲਿਆਂ ਨਾਲੋਂ ਜੋ ਗੁਰੂ ਦੇ ਉਪਦੇਸ਼ ਨੂੰ ਧਾਰਨ ਵਾਲੇ ਹਨ। ਭਾਵੇਂ ਦੂਰ ਭੀ ਰਹਿੰਦੇ ਹਨ ਉਹ ਧੰਨਤਾ ਯੋਗ ਹਨ ਕਿਉਂਕਿ ਉਹ ਗੁਰੂ ਦੇ ਹੁਕਮ ਅਨੁਸਾਰ ਜੀਵਨ ਗੁਜ਼ਾਰਦੇ ਹਨ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ:

(੧) ਨਿਰਮਲ ਪਾਣੀ ਦੇ ਨਕੋ ਨਕ ਭਰੇ ਤਲਾਉ ਵਿਚ ਕਵਲ ਫੁੱਲ ਫਲਦੇ ਹਨ।
(੨) ਅਨੂਪਮ ਰੂਪ ਅਤਿ ਸੁੰਦਰਤਾ ਵਾਲੇ ਤੇ ਸੁਗੰਧੀਆਂ ਵਿਚੋਂ ਸੋਹਣੀ ਮਹਿਕ ਦੇ ਕੇ ਮਹਿਕਦੇ ਹਨ।
(੩) ਭਵਰੇ ਦਾ ਵਾਸਾ ਜੰਗਲ ਵਿਚ ਹੀ ਹੈ, ਉਹ ਕੰਵਲ ਦੀ ਭਾਲ ਕਰਦੇ, ਕੰਵਲ ਨੂੰ ਲੱਭ ਹੀ ਲੈਂਦੇ ਹਨ।
(੪) ਕੰਵਲ ਦੀ ਮਹਿਕ ਦੇ ਲੋਭੀ ਮਹਿਕ ਦੇ ਰਸ (ਸੁਆਦ) ਨੂੰ ਬਹੁਤ ਦੂਰੋਂ ਆ ਮਿਲਦੇ ਹਨ।
(੫) ਕਿਥੇ ਸੂਰਜ ਦੂਰ ਅਸਮਾਨਾਂ ਵਿਚੋਂ ਨਿਕਲਦਾ ਹੈ, ਪਰ ਕੰਵਲ ਧਰਤੀ ਦੇ ਪਾਣੀ ਵਿਚ ਨੀਵੇਂ ਥਾਂ ਤੋਂ ਉਸਨੂੰ ਵੇਖਦਾ ਹੀ ਉਸਦਾ ਧਿਆਨ ਧਰ ਕੇ ਖਿੜ ਜਾਂਦਾ ਹੈ।
(੬) (ਦੂਜੇ ਪਾਸੇ) ਡੱਡੂ ਦਾ ਵੀ ਉਸੇ ਪਾਣੀ ਵਿਚ ਹੀ ਵਾਸਾ ਹੈ, ਪਰ ਕੰਵਲ ਦੀ ਪਛਾਣ ਕਰਕੇ ਉਹ (ਉਸਦੇ ਰਸ) ਮਹਿਕ ਨੂੰ ਨਹੀਂ ਮਾਣ ਸਕਦੇ।
(੭) (ਇਸੇ ਤਰ੍ਹਾਂ) ਸਾਧ ਸੰਗਤ ਵਿਚੋਂ ਜੋਹੜੇ ਗੁਰੂ ਦੇ ਸ਼ਬਦ (ਉਪਦੇਸ਼) ਨੂੰ ਸੁਣਕੇ ਵੀ ਤੇ ਅਮਲ (ਰਹੁਰੀਤੀ ਧਾਰਨਾ) ਨਹੀਂ ਕਰਦੇ।
(੮) ਉਨ੍ਹਾਂ ਦੇ ਮੱਥੇ ਦੇ ਮੰਦ ਭਾਗਾਂ ਦੀ ਹੀ ਗੱਲ ਸਮਝੋ।੨।

*ਭਾਵਾਰਥ :* ਜਗਤ ਰੂਪੀ ਤਲਾਉ ਬ੍ਰਹਮ ਸੱਤਾ ਨਿਰਮਲ ਤੇ ਸੋਹਣੇ ਪਾਣੀ ਨਾਲ ਲਬਾਲਬ ਜਾਂ ਨਕੋਨਕ ਹੋ ਰਿਹਾ ਹੈ। ਇਸੇ ਵਿਖੇ ਗੁਰਮੁਖ ਕਵਲ ਰੂਪ ਅਤੇ ਮਨਮੁਖ ਮੰਦਭਾਗੀ ਡੱਡੂ ਹਨ, ਸੂਰਜ ਗੁਰੂ ਹਨ। ਗੁਰਮੁਖ ਤਾਂ ਇਕ ਗੁਰੂ ਪ੍ਰਮਾਤਮਾ ਰੂਪ ਸੂਰਜ ਦੇ ਧਿਆਨ ਕਰਕੇ ਦੂਰੋਂ ਹੀ ਪ੍ਰਫੁੱਲਤ ਹਨ। ਡੱਡੂ ਵਿਜਿਆਂ ਦੇ ਬੂਰ ਜਾ ਜਾਲੇ ਨੂੰ ਖਾ ਕੇ ਮੋਹ ਦੇ ਚਿੱਕੜ ਵਿਖੇ ਫਸੇ ਰਹਿੰਦੇ ਹਨ। ਸੰਤਾ ਦੇ ਉਪਦੇਸ਼ ਦੀ ਰਹਿਤ ਨਹੀ ਰਖਦੇ, ਅਜਿਹੇ ਮਨਮੁਖਾ ਕਪਟੀਆਂ ਦੇ ਖੋਟੇ ਭਾਗ ਹਨ। ਜਿਵੇਂ ਕਿ ਗੁਰੂ ਫੁਰਮਾਨ ਹੈ:

ਦਾਦਰ ਤੂ ਕਬਹਿ ਨ ਜਾਨਸਿ ਰੇ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ
ਅੰਮ੍ਰਿਤੁ ਨ ਲਖਸਿ ਰੇ॥ *(ਮਾਰੂ ਮ: ੧, ਪੰਨਾ ੯੯੦)*

ਐਬ ਤਨਿ ਚਿਕੜੋ ਇਹੁ ਮਨੁ ਮੀਡਕੋ
ਕਮਲ ਕੀ ਸਾਰ ਨਹੀ ਮੂਲਿ ਪਾਈ॥
ਭਉਰੁ ਉਸਤਾਦੁ ਨਿਤ ਭਾਖਿਆ ਬੋਲੇ
ਕਿਉ ਬੂਝੈ ਜਾ ਨਹ ਬੁਝਾਈ॥੨॥

*(ਸ੍ਰੀ ਰਾਗੁ ਮ: ੧, ਪੰਨਾ ੨੪)*

ਪ੍ਰੰਤੂ ਮੰਦਭਾਗੀ ਕਪਟੀ ਰੂਪ ਡੱਡੂ ਐਬਾਂ ਦੇ ਚਿੱਕੜ ਵਿਖੇ ਫਸਿਆ ਹੋਇਆ ਅਮਲ ਨਹੀਂ ਕਰਦਾ।

## ੩. ਬਗਲ ਸਮਾਧੀ ਤੋਂ ਕਪਟੀ ਨੂੰ ਉਪਦੇਸ਼

**੧. ਤੀਰਥਿ ਪੁਰਬਿ ਸੰਜੋਗ ਲੋਗ**
**ਚਹੁੰ ਕੁੰਡਾਂ ਦੇ ਆਇ ਜੁੜੰਦੇ।**
**੨. ਚਾਰਿ ਵਰਨ ਛਿਅ ਦਰਸ਼ਨਾਂ**
**ਨਾਮ ਦਾਨੁ ਇਸ਼ਨਾਨ ਕਰੰਦੇ।**
**੩. ਜਪ ਤਪ ਸੰਜਮ ਹੋਮ ਜੱਗ**
**ਵਰਤ ਨੇਮ ਕਰਿ ਵੇਦ ਸੁਣੰਦੇ।**
**੪. ਗਿਆਨ ਧਿਆਨ ਸਿਮਰਣ ਜੁਗਤਿ**
**ਦੇਵੀ ਦੇਵ ਸਥਾਨ ਪੁਜੰਦੇ।**
**੫. ਬੱਗਾ ਬੱਗੇ ਕਪੜੇ**
**ਕਰਿ ਸਮਾਧਿ ਅਪਰਾਧਿ ਨਿਵੰਦੇ।**
**੬. ਸਾਧਸੰਗਤਿ ਗੁਰ ਸ਼ਬਦ ਸੁਣਿ**
**ਗੁਰਮੁਖ ਪੰਥ ਨ ਚਾਲ ਚਲੰਦੇ।**
**੭. ਕਪਟ ਸਨੇਹੀ ਫਲ ਨ ਲਹੰਦੇ॥੩॥**

*ਪਦ ਅਰਥ :* ਜੁੜੰਦੇ—ਇਕੱਠੇ ਹੁੰਦੇ ਹਨ। ਪੁਜੰਦੇ—ਪੂਜਾ ਕਰਦੇ ਹਨ ਸੁਣੰਦੇ—ਸੁਣਦੇ ਹਨ। ਨਿਵੰਦੇ—ਨਿਉਂਦੇ ਹਨ ਕਪਟ ਸਨੇਹੀ—ਧੋਖੇ ਬਾਜ਼ਾ ਦੀ ਪ੍ਰੀਤੀ। ਲਹੰਦੇ—ਲੈਂਦੇ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਸਨਾਤਨ ਪੁਸਤਕਾਂ ਬੇਦ, ਸਾਸਤ੍ਰ, ਸਿੰਮ੍ਰਤੀਆਂ ਪੁਰਾਣ ਆਦਿਕ ਪੜ੍ਹਦੇ ਸੁਣਦੇ ਹਾਂ ਤਾਂ ਇਹੋ ਹੀ ਪ੍ਰੇਰਨਾ ਮਿਲਦੀ ਹੈ ਕਿ ਮਨੁੱਖ ਨੂੰ ਮੁਕਤੀ ਦੀ ਪ੍ਰਾਪਤੀ ਕੇਵਲ ਤੀਰਥ ਇਸ਼ਨਾਨ ਅਤੇ ਜਪ, ਤਪ, ਸੰਜਮ, ਹੋਮ ਜਗ, ਆਦਿ ਕਰਮ ਕਰਦੇ ਰਹਿਣ ਨਾਲ ਸੁਖੈਨ ਹੀ ਪ੍ਰਾਪਤ ਹੋ ਜਾਂਦੀ ਹੈ, ਇਸ ਲਈ ਹਰ ਮਨੁੱਖ ਮਾਤ੍ਰ ਨੂੰ ਸਦਾ ਹੀ ਕਰਮ ਧਰਮ ਕਰਦੇ ਰਹਿਣਾ ਚਾਹੀਦਾ ਹੈ। ਕਿਉਂ ਜੀ ! ਇਸ ਬਾਰੇ ਤੁਸੀਂ ਗੁਰਮਤ ਅਨੁਸਾਰ ਕੀ ਕਹਿਣਾ ਚਾਹੋਗੇ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਮੈਨੂੰ ਤਾਂ ਗੁਰਬਾਣੀ ਦੇ ਪਾਠ ਤੇ ਵੀਚਾਰ ਕਰਨ ਤੋਂ ਇਹੋ ਹੀ ਸੋਝੀ ਮਿਲੀ ਹੈ ਕਿ ਨਾਮ ਸਿਮਰਨ ਤੋਂ ਸੱਖਣੇ ਜਿਤਨੇ ਭੀ ਸਰੀਰਕ ਕਰਮ ਧਰਮ ਹਨ ਜਿਨ੍ਹਾਂ ਵਿਚ ਕੇਵਲ ਪਾਖੰਡ ਹੈ—ਇਹ ਰੱਬੀ ਦਰਬਾਰ ਵਿਚ ਕਬੂਲ ਨਹੀਂ ਹੁੰਦੇ ਉਹ ਤਾਂ ਸਾਰੇ ਬਾਣੀ ਦੀ ਰੌਸ਼ਨੀ ਵਿਚ ਇਉਂ ਹੀ ਨਜ਼ਰ ਆਉਂਦੇ ਹਨ, ਜਿਵੇਂ ਕਿ (ਉਹ ਓਰੇ ਹੀ ਮੁਸੇ) ਭਾਵ ਉਹ ਰੱਬੀ ਦਰਬਾਰ ਤੱਕ ਨਹੀਂ ਪੁੱਜਦੇ ਮਾਰਗ ਵਿਚ ਹੀ ਠੱਗੇ ਜਾਂਦੇ ਹਨ ਇਸ ਭਾਵ ਨੂੰ ਬਾਣੀ ਵਿਚ ਇਉਂ ਪ੍ਰਗਟਾਇਆ ਹੈ :

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ ॥ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ ॥੩॥
ਕਨਿਕ ਕਾਮਿਨੀ ਹੈਵਰ ਗੈਵਰ
ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ
ਨਹ ਮਿਲੀਐ ਹਰਿ ਦੁਆਰਾ ॥੪॥
ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ ॥੫॥
ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ ॥੬॥

*(ਸੋਰਠਿ ਮ: ੫, ਪੰਨਾ ੬੪੧)*

ਇਸ ਉਪ੍ਰੋਕਤ ਸ਼ਬਦ ਵਿਚ ਦਰਸਾਈਆਂ ਸਾਰੇ ਕਰਮਾਂ ਧਰਮਾਂ ਦੀਆਂ ਵਿਧੀਆਂ ਬਾਰੇ ਹਜ਼ੂਰ ਨੇ ਇਹ ਸੰਕੇਤ ਕਰ ਦਿਤਾ ਹੈ ਕਿ ਹੇ ਪਿਆਰਿਓ ! ਇਨ੍ਹਾਂ ਸਾਰੇ ਕਰਮਾਂ ਦੇ ਕਰਦੇ ਰਹਿਣ ਨਾਲ ਉਸ ਪਰੀਪੂਰਨ ਪ੍ਰਮੇਸ਼ਰ ਦਾ ਮਿਲਾਪ ਨਹੀਂ ਹੋ ਸਕਦਾ। ਇਥੋਂ ਹੀ ਬੱਸ ਨਹੀਂ; ਇਸੇ ਭਾਵ ਨੂੰ ਅਗੇ ਹੋਰ ਪ੍ਰਗਟ ਕਰਦੇ ਹਨ :

ਆਚਾਰੀ ਨਹੀ ਜੀਤਿਆ ਜਾਇ ॥
ਪਾਠ ਪੜੈ ਨਹੀ ਕੀਮਤਿ ਪਾਇ ॥

*(ਆਸਾ ਮ: ੧, ਪੰਨਾ ੩੫੫)*

ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ
ਰਸਨਾ ਹਰਿ ਰਸੁ ਸਮਾਇ ॥੩॥ *(ਸ੍ਰੀ ਰਾਗੁ ਮ: ੩, ਪੰਨਾ ੬੬)*

ਪਾਠੁ ਪੜੈ ਮੁਖਿ ਝੂਠੋ ਬੋਲੈ ॥
ਨਿਗੁਰੇ ਕੀ ਮਤਿ ਓਹੈ ॥
ਨਾਮੁ ਨ ਜਪਈ ਕਿਉ ਸੁਖੁ ਪਾਵੈ
ਬਿਨੁ ਨਾਵੈ ਕਿਉ ਸੋਹੈ ॥੪॥

*(ਮਾਰੂ ਮ: ੧, ਪੰਨਾ ੧੦੧੩)*

ਹਠੁ ਅਹੰਕਾਰੁ ਕਰੈ ਨਹੀ ਪਾਵੈ ॥
ਪਾਠ ਪੜੈ ਲੇ ਲੋਕ ਸੁਣਾਵੈ ॥
ਤੀਰਥਿ ਭਰਮਸਿ ਬਿਆਧਿ ਨ ਜਾਵੈ ॥
ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥
ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥
ਮਨੂਆ ਡੋਲੈ ਨਰਕੇ ਪਾਈ ॥
ਜਮ ਪੁਰਿ ਬਾਧੋ ਲਹੈ ਸਜਾਈ ॥
ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥
ਸਿਧ ਸਾਧਿਕ ਕੇਤੇ ਮੁਨਿ ਦੇਵਾ ॥
ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ ॥

*(ਰਾਮਕਲੀ ਮ: ੧, ਪੰਨਾ ੯੦੫)*

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ
ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥
(ਸਾਰਗ ਮ: ੪, ਪੰਨਾ ੧੧੯੯)

ਹਿ੍ਦੈ ਕਪਟੁ ਮੁਖ ਗਿਆਨੀ ॥
ਝੂਠੇ ਕਹਾ ਬਿਲੋਵਸਿ ਪਾਨੀ ॥੧॥
ਕਾਂਇਆ ਮਾਂਜਸਿ ਕਉਨ ਗੁਨਾਂ ॥
ਜਉ ਘਟ ਭੀਤਰਿ ਹੈ ਮਲਨਾਂ ॥੧॥ਰਹਾਉ॥
ਲਉਕੀ ਅਠਸਠਿ ਤੀਰਥ ਨ੍ਹਾਈ ॥
ਕਉਰਾਪਨ ਤਊ ਨ ਜਾਈ ॥੨॥
(ਸੋਰਠਿ ਕਬੀਰ ਜੀ, ਪੰਨਾ ੬੫੬)

ਹਿਰਦੈ ਕਾਮ ਕਾਮਨੀ ਮਾਗਹਿ
ਰਿਧਿ ਮਾਗਹਿ ਹਾਥੁ ਪਸਾਰੇ ॥੨॥
(ਰਾਮਕਲੀ ਮ: ੪, ਪੰਨਾ ੮੮੨)

ਵਾਚਹਿ ਪੁਸਤਕ ਵੇਦ ਪੁਰਾਨਾਂ ॥
ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ
ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥
ਕਰਹਿ ਬਿਭੂਤਿ ਲਗਾਵਹਿ ਭਸਮੈ ॥
ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ
ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥
ਤੀਰਥ ਵਰਤ ਨੇਮ ਕਰਹਿ ਉਦਿਆਨਾ ॥
ਜਤੁ ਸਤੁ ਸੰਜਮੁ ਕਥਹਿ ਗਿਆਨਾ ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ
ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥
ਨਿਉਲੀ ਕਰਮ ਭੁਇਅੰਗਮ ਭਾਠੀ ॥
ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ
ਗੁਰ ਸਬਦ ਮਹਾ ਰਸੁ ਪਾਇਆ ॥੧੪॥
(ਮਾਰੂ ਮ: ੧, ਪੰਨਾ ੧੦੪੩)

ਪਾਖੰਡਿ ਕੀਨੈ ਜਮੁ ਨਹੀ ਛੋਡੈ
ਲੈ ਜਾਸੀ ਪਤਿ ਗਵਾਈ ॥੧੪॥
(ਰਾਮਕਲੀ ਮ: ੩, ਪੰਨਾ ੯੧੦)

ਬਿਨੁ ਗੁਰ ਸਬਦ ਨ ਛੂਟਸਿ ਕੋਇ ॥
ਪਾਖੰਡਿ ਕੀਨੈ ਮੁਕਤਿ ਨ ਹੋਇ ॥੨॥
(ਬਿਲਾਵਲੁ ਮ: ੧, ਪੰਨਾ ੮੩੯)

ਪਾਖੰਡਿ ਜਮਕਾਲੁ ਨ ਛੋਡਈ
ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ
ਸਚੇ ਸਿਉ ਲਿਵ ਲਾਇ ॥੨॥
(ਮ: ੩, ਪੰਨਾ ੫੮੭)

ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥
ਨਾਦੀ ਬੇਦੀ ਪੜ੍ਹਹਿ ਪੁਰਾਣ ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥
ਤਿਨ ਕੈ ਰਮਈਆ ਨੇੜਿ ਨਾਹਿ ॥੨॥
(ਬਸੰਤੁ ਮ: ੩, ਪੰਨਾ ੧੧੬੯)

ਪਾਖੰਡ ਪਾਖੰਡ ਕਰਿ ਕਰਿ ਭਰਮੇ
ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ
ਜਮਕਾਲੁ ਖੜਾ ਸਿਰਿ ਮਾਰੇ ॥੪॥
(ਨਟ ਮ: ੪, ਪੰਨਾ ੯੮੧)

ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥
ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥
(ਮ: ੩, ਪੰਨਾ ੮੮)

ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥
(ਸ੍ਰੀ ਰਾਗੁ ਮ: ੧, ਪੰਨਾ ੫੪)

ਪਾਖੰਡਿ ਭਗਤਿ ਨ ਹੋਵਈ
ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ
ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥
(ਸ੍ਰੀ ਰਾਗੁ ਮ: ੩, ਪੰਨਾ ੨੮)

ਪਾਖੰਡਿ ਭਗਤਿ ਨ ਹੋਵਈ
ਪਾਰਬ੍ਰਹਮੁ ਨ ਪਾਇਆ ਜਾਇ ॥
ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥
(ਬਿਲਾਵਲ ਕੀ ਵਾਰ, ਮ: ੪, ਪੰਨਾ ੮੪੯)

ਪਾਖੰਡਿ ਮੈਲੁ ਨ ਚੂਕਈ ਭਾਈ
ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ
ਊਂਡੀ ਸਿਰ ਕੈ ਭਾਰੀ ॥੨॥
(ਸੋਰਠਿ ਮ: ੧, ਪੰਨਾ ੬੩੫)

ਹਰਿ ਪਾਖੰਡੁ ਨ ਕੀਜਈ ਬੈਰਾਗੀਅੜੇ ॥
ਪਾਖੰਡਿ ਰਤਾ ਸਭੁ ਲੋਕੁ ਵਣਾਹੰਬੈ ॥੩॥
(ਮਾਰੂ ਕਬੀਰ ਜੀ, ਪੰਨਾ ੧੧੦੪)

ਪੜਿ ਪੁਸਤਕ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਣ ਸਾਰੰ॥
ਤ੍ਰੈਪਾਲ ਤਿਹਾਲ ਬਿਚਾਰੰ॥
ਗਲਿ ਮਾਲਾ ਤਿਲਕੁ ਲਿਲਾਟੰ।
ਦੁਇ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥
ਸਭਿ ਫੋਕਟ ਨਿਸਚਉ ਕਰਮੰ॥
ਕਹੁ ਨਾਨਕ ਨਿਹਚਉ ਧਿਆਵੈ॥
ਵਿਣੁ ਸਤਿਗੁਰ ਵਾਟ ਨ ਪਾਵੈ॥੨॥

*(ਮ: ੧, ਪੰਨਾ ੪੭੦)*

ਇਨ੍ਹਾਂ ਉਪ੍ਰਿਕਤ ਸਮੂਹ ਗੁਰਬਾਣੀ ਦੇ ਉਦਾਹਰਣਾਂ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਸਰੀਰਕ ਪਖੰਡ ਕਰਦੇ ਰਹਿਣ ਨਾਲ ਮਨੁੱਖ ਨੂੰ ਅੰਤਰ ਆਤਮੇ ਦੀ ਸ਼ੁੱਧੀ ਪ੍ਰਾਪਤ ਨਹੀਂ ਹੋ ਸਕਦੀ, ਜਿਤਨਾ ਚਿਰ ਤਕ ਉਹ ਗੁਰੂ ਦੇ ਉਪਦੇਸ਼ ਨੂੰ ਹਿਰਦੇ ਅੰਦਰ ਧਾਰਨ ਕਰਕੇ ਨਾਮ ਦਾ ਚਿੰਤਨ ਨਹੀਂ ਕਰਦਾ, ਸਿਮਰਨ ਤੋਂ ਸੱਖਣੇ ਸਾਰੇ ਸਰੀਰਕ ਕਰਮ ਧਰਮ ਕੇਵਲ ਪਾਖੰਡ ਹੈ, ਜੋ ਕਿ ਰੱਬੀ ਮਾਰਗ ਵਿਚ ਉੱਕਾ ਹੀ ਸਹਾਇਕ ਨਹੀਂ ਹੁੰਦੇ। ਸੋ, ਮੈਂ ਭੀ ਇਨ੍ਹਾਂ ਸਮੂਹ ਬਾਣੀ ਦੇ ਉਦਾਹਰਣਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ, ਜਿਨ੍ਹਾਂ ਵਿਚ ਦਿਖਲਾਵੇ ਦੇ ਜਪ ਤਪ ਦਾ ਖੰਡਨ ਕੀਤਾ ਗਿਆ ਹੈ:

(੧) (ਹੇ ਭਾਈਓ! ਮੈਂ ਇਹੋ ਹੀ ਵੇਖਦਾ ਹਾਂ ਕਿ) ਤੀਰਥਾਂ 'ਤੇ ਪੁਰਬਾਂ ਦੇ ਸੰਬੰਧ ਨਾਲ ਲੋਕੀ ਇਕੱਠੇ ਹੁੰਦੇ, ਤੇ ਚਾਰੇ ਪਾਸਿਆਂ ਤੋਂ ਆ ਕੇ ਜੋੜ ਮੇਲ ਕਰਦੇ ਹਨ।
(੨) ਚਾਰੇ ਵਰਨਾਂ ਦੇ ਲੋਕ ਤੇ ਛੇ ਧਰਮਾਂ ਦੇ ਪਾਲਨਾ ਕਰਨ ਵਾਲੇ, ਨਾਮ-ਦਾਨ ਤੇ ਇਸ਼ਨਾਨ ਆਦਿ ਕਰਦੇ ਹਨ।
(੩) ਜਪ ਤਪ ਸੰਜਮ, ਹੋਮ ਤੇ ਜਗ ਅਤੇ ਵਰਤ ਨੇਮ ਕਰਕੇ ਵੇਦਾਂ ਦਾ ਪਾਠ ਸੁਣਦੇ ਹਨ।
(੪) ਗਿਆਨੀ ਤੇ ਧਿਆਨੀ ਅਤੇ ਸਿਮਰਨ, ਜੁਗਤੀਆਂ (ਵਿਧੀਆਂ) ਸਹਿਤ ਕਰ ਕਰ ਕੇ ਫਿਰ ਦੇਵੀ ਦੇਵਤਿਆਂ ਦੇ ਅਸਥਾਨਾਂ ਦੀ ਪੂਜਾ ਕਰਦੇ ਹਨ।
(੫) (ਪਰ ਇਹ ਸਭ ਕੁਛ ਇਉਂ ਹੀ ਹੈ ਜਿਵੇਂ) ਚਿੱਟੇ ਬਗਲੇ, ਜਿਨ੍ਹਾਂ ਦੇ ਪਰ (ਕੱਪੜੇ) ਚਿੱਟੇ ਹਨ, ਉਹ ਸਮਾਧੀਆਂ ਲਾ ਲਾ ਅਪਰਾਧੀਆਂ ਵਾਂਗ ਹੀ ਨਿਉਂਦੇ ਹਨ।
(੬) ਸਾਧ ਸੰਗਤ (ਵਿਚ ਜਾ ਕੇ) ਗੁਰ ਸ਼ਬਦ ਸੁਣਦੇ ਹਨ, ਪਰ ਗੁਰ ਸ਼ਬਦ (ਉਪਦੇਸ਼ ਨੂੰ ਮੰਨਣ ਵਾਲੇ) ਗੁਰਮੁਖਾਂ ਦੇ ਰਸਤੇ ਵਾਲੀ ਚਾਲ ਨਹੀਂ ਚਲਦੇ।
(੭) (ਇਉ ਸਮਝੋ ਕਿ) ਇਹੋ ਜੇਹੇ ਕਪਟ ਸਨੇਹੀ (ਵਿਖਾਵੇ ਦੇ ਪ੍ਰੇਮੀ) ਹਨ, ਜੋ ਕੋਈ ਫਲ ਵੀ (ਸਾਧ ਸੰਗਤ ਵਿਚ ਜਾਣ ਦਾ) ਪ੍ਰਾਪਤ ਨਹੀਂ ਕਰਦੇ।੩।

***ਭਾਵਾਰਥ*** : ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਤੀਰਥ ਯਾਤਰਾ ਦੀ ਵਿਧਿ ਨਿਖੇਧੀ ਦੋਨੋਂ ਪੱਖ ਨਹੀਂ ਲਏ ਹਨ, ਕੇਵਲ ਇਕ (ਅਮਰ ਵਾਕਿਆ) ਹੋਣ ਵਾਲੀ ਬਾਤ ਤੋਂ ਸਾਡੀ ਸਮਝ ਲਈ ਉਪਦੇਸ਼ ਕਢਿਆ ਹੈ। ਜਿਵੇਂ ਕਿ ਤੀਰਥਾਂ 'ਤੇ ਵੱਸਣ ਵਾਲੇ ਲੋਕਾਂ ਵੱਲ ਤੱਕਿਆ ਤਾਂ ਆਪ ਜੀ ਦੇ ਸਾਹਮਣੇ ਇਹ ਗੁਰੂ ਫ਼ੁਰਮਾਨ ਨਜ਼ਰ ਆਇਆ, ਜਿਸ ਵਿਚ ਪੁਰਜ਼ੋਰ ਪਖੰਡ ਦਾ ਖੰਡਨ ਕੀਤਾ ਗਿਆ ਹੈ, ਜਿਵੇਂ ਕਿ:

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨ੍ਹਿ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥੪॥

*(ਸੂਹੀ ਮ: ੧, ਪੰਨਾ ੭੨੯)*

ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥

*(ਸਲੋਕ ਮ: ੫, ਪੰਨਾ ੯੬੦)*

ਤੀਰਥਾਂ ਪਰ ਲੋਕਾਂ ਦੇ ਕੱਠਾ ਹੋਣ ਤੋਂ, ਸਰ ਵਿਚ ਬਗਲੇ ਦਾ ਮੱਛੀ ਦੀ ਤਾੜ ਵਿਚ ਸਮਾਧੀ ਵਿਚ ਸਥਿਰ ਹੋਣ ਤੋਂ ਦ੍ਰਿਸ਼ਟਾਂਤ, ਸਤਿਗੁਰੂ ਜੀ ਕਪਟ-ਸਨੇਹੀਆਂ ਦੇ ਆ ਬੈਠਣ ਦਾ ਲੈਂਦੇ ਹਨ ਕਿ ਸਤਿਸੰਗਤ ਵਿਚ ਜਾ ਕੇ ਬਗਲੇ ਨਾ ਬਣੋ, ਜੇ ਬਗਲਿਆਂ ਵਾਂਗੂ ਦੇਖ ਦ੍ਰਿਸ਼ਟੀ ਹੈ ਤਾਂ ਭਾਵੇਂ ਸਦਾ ਹੀ ਤੀਰਥਾਂ 'ਤੇ ਵੱਸਦੇ ਰਹੋ ਕੋਈ ਲਾਭ ਨਹੀਂ, ਜਿਵੇਂ ਕਿ ਗੁਰੂ ਫ਼ੁਰਮਾਨ ਹੈ ਕਿ:

ਕਬੀਰ ਗੰਗਾ ਤੀਰ ਜੁ ਘਰੁ ਕਰਹਿ
ਪੀਵਹਿ ਨਿਰਮਲ ਨੀਰੁ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ
ਇਉ ਕਹਿ ਰਮੇ ਕਬੀਰ॥੫੪॥

*(ਸਲੋਕ ਕਬੀਰ ਜੀ, ਪੰਨਾ ੧੩੬੭)*

ਏਥੇ ਭਗਤ ਜੀ ਨੇ ਤਾਂ ਗੁਰਮਤ ਦਾ ਸਹੀ ਸਿਧਾਂਤ ਅੰਕਤ ਕਰ ਦਿਤਾ ਹੈ ਕਿ ਜੇ ਕੋਈ ਗੰਗਾ ਦੇ ਕਿਨਾਰੇ 'ਤੇ ਘਰ ਬਣਾ ਕੇ ਸਦਾ ਹੀ ਨਿਵਾਸ ਕਰਦਾ ਹੋਵੇ ਅਤੇ ਗੰਗਾ ਦਾ ਹੀ ਪਵਿੱਤ੍ਰ ਪਾਣੀ ਪੀਂਦਾ ਰਵੇ ਫਿਰ ਭੀ ਬੰਦਗੀ ਤੋਂ ਸੱਖਣੇ ਮਨੁੱਖ ਨੂੰ ਰੱਬੀ ਦਰਬਾਰ ਵਿਚ ਗਿਆ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਇਸ ਲਈ ਗੁਰਮਤ ਨੇ ਬਾਹਰਲੇ ਪਾਖੰਡ ਦੇ ਪਹਿਰਾਵੇ ਦਾ ਬਾਰ ਬਾਰ ਖੰਡਨ ਕਰਕੇ ਅੰਤਰ-ਆਤਮੇ ਸੱਚ ਦੇ ਧਾਰਨੀ ਹੋਣ ਦੀ ਹਰ ਪ੍ਰਾਣੀ-ਮਾਤ੍ਰ ਨੂੰ ਪ੍ਰੇਰਨਾ ਕੀਤੀ ਹੈ।

# ੪. ਮਨਮੁਖ ਘਾਟਾ, ਗੁਰਮੁਖ ਲਾਹਾ

੧. ਸਾਵਣਿ ਵਣ ਹਰੀਆਵਲੇ
ਵੁੱਠੈ ਸੁੱਕੈ ਅੱਕੁ ਜਵਾਹਾ।
੨. ਤ੍ਰਿਪਤਿ ਬਬੀਹੇ ਸ੍ਵਾਂਤਿ ਬੂੰਦ
ਸਿੱਪ ਅੰਦਰ ਮੋਤੀ ਓਮਾਹਾ।
੩. ਕਦਲੀ ਵਣਹੁ ਕਪੂਰ ਹੋਇ
ਕੱਲਰਿ ਕਵਲ ਨ ਹੋਇ ਸਮਾਹਾ।
੪. ਬਿਸੀਅਰ ਮੁਹਿ ਕਾਲਕੂਟ ਹੋਇ
ਧਾਤ ਸੁਪਾਤ੍ਰ ਕੁਪਾਤ੍ਰ ਦੁਰਾਹਾ।
੫. ਸਾਧਸੰਗਤਿ ਗੁਰ ਸ਼ਬਦ ਸੁਣਿ
ਸਾਂਤਿ ਨ ਆਵੈ ਉਭੈ ਸਾਹਾ।
੬. ਗੁਰਮੁਖ ਸੁਖ ਫਲੁ ਪਰਮ ਰਸੁ
ਮਨਮੁਖ ਬਦ ਰਾਹੀ ਬਦ ਰਾਹਾ।
੭. ਮਨਮੁਖ ਟੋਟਾ ਗੁਰਮੁਖ ਲਾਹਾ ॥੪॥

*ਪਦ ਅਰਥ :* ਵਣ—ਬ੍ਰਿਛ। ਵੁੱਠੈ—ਵਰਖਾ ਹੋਣ 'ਤੇ। ਓਮਾਹਾ—ਅਨੰਦ, ਖ਼ੁਸ਼ੀ, ਹੁਲਾਸ, ਖੇੜਾ। ਦੁਰਾਹਾ—ਦੁਚਿੱਤਾ, ਦੋਵੇਂ ਪਾਸੇ ਚਲਣਾ। ਬਦ ਰਾਹੀ ਬਦ ਰਾਹਾ—ਵਿਕਾਰੀ, ਵਿਕਾਰਾਂ ਵਿਖੇ ਫਿਰਦੇ ਹਨ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਪੁਰਾਤਨ ਪੁਸਤਕਾਂ ਪੜ੍ਹਨ ਤੇ ਸੁਣਨ ਰਾਹੀਂ ਇਹ ਜਾਣਕਾਰੀ ਮਿਲਦੀ ਹੈ ਕਿ ਆਦਿ ਕਾਲ ਤੋਂ ਹੀ ਮਹਾਂਪੁਰਸ਼ਾਂ ਦੇ ਸੰਤ ਸਮਾਗਮ ਹੁੰਦੇ ਚਲੇ ਆ ਰਹੇ ਹਨ, ਜਿਨ੍ਹਾਂ ਵਿਚ ਉਸ ਸਤਿ ਸਰੂਪ ਦੀ ਪ੍ਰਾਪਤੀ ਦਾ ਉਪਦੇਸ਼ ਭੀ ਹੁੰਦਾ ਰਿਹਾ ਹੈ ਅਤੇ ਉਸ ਉਪਦੇਸ਼ ਨੂੰ ਹਜ਼ਾਰਾਂ ਨਹੀਂ, ਸਗੋਂ ਲੱਖਾਂ ਹੀ ਲੋਕ ਸੁਣਦੇ ਆ ਰਹੇ ਹਨ, ਪਰ ਉਨ੍ਹਾਂ ਸਾਰੇ ਸਰੋਤਿਆਂ ਵਿਚੋਂ ਵਿਰਲੇ ਹੀ ਬੰਦੇ ਹਨ ਜੋ ਸੱਚ ਦੇ ਧਾਰਨੀ ਹੋ ਸਤਿ ਮਾਰਗ 'ਤੇ ਚੱਲ ਕੇ ਪ੍ਰਭੂ ਦੇ ਸੱਚੇ ਦਰਬਾਰ ਵਿਚ ਜਿਨ੍ਹਾ ਦੀ ਪਹੁੰਚ ਹੁੰਦੀ ਹੈ, ਕਿਉਂ ਜੀ ! ਉਸ ਸਤਿਸੰਗਤ ਵਿਚ ਸੁਣਨ ਵਾਲੇ ਸਾਰਿਆਂ ਹੀ ਸਰੋਤਿਆਂ ਦੇ ਮਨਾਂ ਵਿਚ ਸਮਾਨ ਅਸਰ ਕਿਉਂ ਨਹੀਂ ਹੁੰਦਾ, ਜਦ ਕਿ ਸਤਿ ਪੁਰਖਾਂ ਵਲ ਸਾਰੇ ਹੀ ਸਰੋਤਿਆਂ ਨੂੰ ਸਮਾਨ ਹੀ ਉਪਦੇਸ਼ ਦਿਤਾ ਜਾਂਦਾ ਹੈ। ਕਈ ਸਰੋਤੇ ਤਾਂ ਅਜਿਹੇ ਭੀ ਤੱਕੀਦੇ ਹਨ, ਜਿਨ੍ਹਾਂ ਦੀ ਮਾਨਸਕ ਦਸ਼ਾ ਪਹਿਲੇ ਨਾਲੋਂ ਵੀ ਨੀਵੇਂ ਪੱਧਰ 'ਤੇ ਚਲੀ ਜਾਂਦੀ ਹੈ ਕਿਰਪਾ ਜੀ ਤੁਸੀਂ ਇਸਦਾ ਸਹੀ ਕਾਰਣ ਜੋ ਅਨੁਭਵ ਕਰਦੇ ਹੋ, ਇਸ ਸੰਬੰਧੀ ਗੁਰਮਤ ਦੇ ਵੀਚਾਰ ਦਿਓ ?

ੳ: ਹੇ ਭਾਈਓ ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਜਦੋਂ ਗੁਰਬਾਣੀ ਰਾਹੀਂ ਵੀਚਾਰਿਆ ਜਾਵੇ ਤਾਂ ਇਉਂ ਹੀ ਬੋਧ ਮਿਲਦਾ ਹੈ ਕਿ ਮਹਾਂਪੁਰਸ਼ਾਂ ਦੀ ਸੰਗਤ ਵਿਚੋਂ ਸਾਰੇ ਹੀ ਸਰੋਤਿਆਂ ਨੂੰ ਸਤਿ ਦੀ ਪ੍ਰਾਪਤੀ ਦਾ ਉਪਦੇਸ਼ ਤਾਂ ਇਕੋ ਹੀ ਸਮਾਨ ਮਿਲਦਾ ਹੈ ਪਰ ਅਗੋਂ ਸਰੋਤਿਆਂ ਦੇ ਮਨਾਂ ਦਾ ਅਧਿਕਾਰ ਵੱਖੋ ਵੱਖ ਹੈ, ਇਸਦੇ ਅੰਤ੍ਰੀਵ ਭਾਵ ਨੂੰ ਸਮਝਣ ਲਈ ਅਸੀਂ ਆਮ ਲੋਕਾਂ ਵਿਚ ਵਰਤੇ ਜਾ ਰਹੇ ਇਕ ਮੋਟੇ ਜਿਹੇ ਉਦਾਹਰਣ ਦੁਆਰੇ ਸਮਝ ਸਕਦੇ ਹਾਂ।

ਜਿਵੇਂ ਕਿ ਕਿਰਸਾਨ ਇਕ ਹੈ ਉਹ ਇਕੋ ਤਰ੍ਹਾਂ ਦੇ ਬੀਜ ਵੱਖੋ ਵੱਖ ਪੈਲੀਆਂ ਵਿਚ ਬੀਜਦਾ ਹੈ, ਪਰ ਧਰਤੀ ਵੱਖੋ ਵੱਖਰੀ ਹੈ, ਇਕ ਉਹ ਜਰਖੇਜ਼ ਧਰਤੀ ਹੈ ਜਿਸਨੂੰ ਜ਼ਿਮੀਂਦਾਰ ਨੇ ਬਾਰ ਬਾਰ ਹਲ ਵਾਹ ਕੇ ਅਤੇ ਸੁਹਾਗਾ ਮਾਰ ਕੇ ਬੀਜਣ ਦੀ ਲਾਇਕ ਬਣਾ ਲਿਆ ਹੈ, ਉਸ ਵਿਚ ਬੀਜਿਆ ਬੀਜ ਸ਼ੀਘਰ ਹੀ ਫਲਦਾਰ ਹੋ ਫਲੀਭੂਤ ਹੁੰਦਾ ਹੈ। ਦੂਜਾ ਖੇਤ ਕਲਰ ਦੀ ਧਰਤੀ ਹੈ, ਉਸ ਵਿਚ ਬੀਜਿਆ ਬੀਜ, ਪਹਿਲੋਂ ਤਾ ਜੰਮਦਾ ਹੀ ਨਹੀਂ ਜੇ ਉਗਵ ਭੀ ਆਵੇ ਤਾਂ ਉਸ ਨੂੰ ਫੁਲ ਫਲ ਕੋਈ ਨਹੀਂ ਲਗਦਾ, ਉਹ ਬੀਜ ਹੀ ਨਿਸਫਲ ਚਲਾ ਜਾਂਦਾ ਹੈ। ਇਸ ਵਿਚ ਬੀਜ ਦਾ ਕਸੂਰ ਨਹੀਂ, ਕਸੂਰ ਧਰਤੀ ਦਾ ਹੈ।

ਇਸੇ ਤਰ੍ਹਾਂ ਗੁਰੂ ਦਾ ਦਿਤਾ ਬਾਣੀ ਦੁਆਰੇ ਸਤਿ ਦੀ ਪ੍ਰਾਪਤੀ ਦਾ ਉਪਦੇਸ਼ ਤਾ ਸਾਰਿਆਂ ਵਾਸਤੇ ਇਕੋ ਸਮਾਨ ਹੈ, ਪਰ ਜਿਨ੍ਹਾਂ ਦੇ ਹਿਰਦੇ ਦੀ ਧਰਤੀ ਭਾਵਨਾ ਤੇ ਸ਼ਰਧਾ ਸਹਿਤ ਲਬਾ ਲਬ ਭਰਪੂਰ ਹੈ ਉਨ੍ਹਾਂ ਦੇ ਅੰਤਰ ਆਤਮੇ ਗੁਰੂ ਦਾ ਦਿਤਾ ਉਪਦੇਸ਼ ਸ਼ੀਘਰ ਹੀ ਪ੍ਰਵੇਸ਼ ਕਰ ਜਾਂਦਾ ਹੈ ਉਨ੍ਹਾਂ ਦੀ ਮਾਨਸਕ ਅਵਸਥਾ ਸਹਿਜੇ ਸਹਿਜੇ ਸ਼ਿਖਰਾਂ 'ਤੇ ਜਾ ਪੁਜਦੀ ਹੈ। ਦੂਜੇ ਮਨਮੁਖਾਂ ਦੇ ਹਿਰਦੇ ਕੱਲਰ ਦੀ ਧਰਤੀ ਦੇ ਸਮਾਨ ਹਨ, ਜੋ ਸ਼ਰਧਾ-ਭਾਵਨਾ ਤੋਂ ਬਿਲਕੁਲ ਸੱਖਣੇ ਹਨ ਉਨ੍ਹਾਂ ਵਿਚ ਉੱਕਾ ਹੀ ਦੈਵੀਗੁਣਾ ਦੀ ਹਰਿਆਵਲਤਾ ਨਹੀਂ

ਹੁੰਦੀ, ਇਸ ਲਈ ਉਨ੍ਹਾ ਦੇ ਅੰਤਰ-ਆਤਮੇ ਗੁਰੂ ਦੇ ਉਪਦੇਸ਼ ਨੂੰ ਧਾਰਨ ਵਲੋਂ ਸੱਖਣੇ ਹੀ ਰਹਿ ਜਾਂਦੇ ਹਨ।

ਪਰ ਗੁਰਮੁਖਾਂ ਦੀ ਮਾਨਸਕ ਅਵਸਥਾ ਨੂੰ ਬਾਣੀ ਵਿਚ ਇਉਂ ਦਰਸਾਇਆ ਹੈ :

ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥
ਗੁਰਮੁਖਿ ਹਿਰਦੈ ਨਾਮੁ ਵਸਾਏ ॥
ਗੁਰਮੁਖਿ ਹੋਵੈ ਸੁ ਨਾਮੁ ਬੂਝੈ
ਕਾਟੇ ਦੁਰਮਤਿ ਫਾਹਾ ਹੇ ॥੧੨॥
ਗੁਰਮੁਖਿ ਉਪਜੈ ਸਾਚਿ ਸਮਾਵੈ ॥
ਨਾ ਮਰਿ ਜੰਮੈ ਨ ਜੂਨੀ ਪਾਵੈ ॥
ਗੁਰਮੁਖਿ ਸਦਾ ਰਹਹਿ ਰੰਗਿ ਰਾਤੇ
ਅਨਦਿਨੁ ਲੈਦੇ ਲਾਹਾ ਹੇ ॥੧੩॥
ਗੁਰਮੁਖਿ ਭਗਤਿ ਸੋਹਹਿ ਦਰਬਾਰੇ ॥
ਸਚੀ ਬਾਣੀ ਸਬਦਿ ਸਵਾਰੇ ॥
ਅਨਦਿਨੁ ਗੁਣ ਗਾਵੈ ਦਿਨੁ ਰਾਤੀ
ਸਹਜ ਸੇਤੀ ਘਰਿ ਜਾਹਾ ਹੇ ॥੧੪॥
ਸਤਿਗੁਰੁ ਪੂਰਾ ਸਬਦੁ ਸੁਣਾਏ ॥
ਅਨਦਿਨੁ ਭਗਤਿ ਕਰਹੁ ਲਿਵ ਲਾਏ ॥
ਹਰਿ ਗੁਣ ਗਾਵਹਿ ਸਦ ਹੀ ਨਿਰਮਲ
ਨਿਰਮਲ ਗੁਣ ਪਾਤਿਸਾਹਾ ਹੇ ॥੧੫॥
*(ਮਾਰੂ ਸੋਲਹੇ ਮ: ੩, ਪੰਨਾ ੧੦੫੫)*

ਇਸੇ ਤਰ੍ਹਾਂ ਮਨਮੁਖਾਂ ਦੀ ਦਸ਼ਾ ਉਚਾਰਨ ਕੀਤੀ ਹੈ, ਜਿਵੇਂ ਕਿ :

ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥
ਤਿਸ ਕਾ ਅੰਦਰੁ ਚਿਤੁ ਨ ਭਿਜਈ
ਮੁਖਿ ਫੀਕਾ ਆਲਾਉ ॥
ਓਇ ਧਰਮਿ ਰਲਾਏ ਨਾ ਰਲਨ੍ਹਿ
ਓਨਾ ਅੰਦਰਿ ਕੂੜੁ ਸੁਆਉ ॥
ਨਾਨਕ ਕਰਤੈ ਬਣਤ ਬਣਾਈ
ਮਨਮੁਖ ਕੂੜੁ ਬੋਲਿ ਬੋਲਿ ਡੁਬੇ
ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥
*(ਮ: ੩, ਪੰਨਾ ੫੧੧)*

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥
ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥
ਕਟੀਅਹਿ ਤੈ ਨਿਤ ਜਾਲੀਅਹਿ
ਓਨਾ ਸਬਦੁ ਨ ਨਾਉ ॥੪॥ *(ਸਿਰੀ ਰਾਗੁ ਮ: ੩, ਪੰਨਾ ੬੬)*

ਮਨਮੁਖਾ ਉਰਵਾਰੁ ਨ ਪਾਰੁ ਹੈ
ਅਧ ਵਿਚਿ ਰਹੇ ਲਪਟਾਇ ॥
ਜੋ ਧੁਰਿ ਲਿਖਿਆ ਸੁ ਕਮਾਵਣਾ
ਕਰਣਾ ਕਛੂ ਨ ਜਾਇ ॥ *(ਸਲੋਕ ਮ: ੩, ਪੰਨਾ ੧੪੧੭)*

ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
ਉਦਰੁ ਨੈ ਸਾਣੁ ਨ ਭਰੀਐ ਕਬਹੂ
ਤ੍ਰਿਸਨਾ ਅਗਨਿ ਪਚਾਏ ॥੧॥
*(ਭੈਰਉ ਮ: ੩, ਪੰਨਾ ੧੧੩੧)*

ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ ॥
ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ ॥੭॥
*(ਆਸਾ ਮ: ੧, ਪੰਨਾ ੪੨੦)*

ਮਨਮੁਖ ਅਹੰਕਾਰੁ ਸਲਾਹਦੇ
ਹਉਮੈ ਮਮਤਾ ਵਾਦੁ ॥
ਜਿਨ ਸਾਲਾਹਨਿ ਸੇ ਮਰਹਿ
ਖਪਿ ਜਾਵੈ ਸਭੁ ਅਪਵਾਦੁ ॥
*(ਗਉੜੀ ਕੀ ਵਾਰ ਮ: ੪, ਪੰਨਾ ੩੦੧)*

ਮਨਮੁਖੁ ਅਹੰਕਾਰੀ ਮਹਲੁ ਨ ਜਾਣੈ
ਖਿਨੁ ਆਗੈ ਖਿਨੁ ਪੀਛੈ ॥
ਸਦਾ ਬੁਲਾਈਐ ਮਹਲਿ ਨ ਆਵੈ
ਕਿਉ ਕਰਿ ਦਰਗਹ ਸੀਝੈ ॥ *(ਸਲੋਕ ਮ: ੪, ਪੰਨਾ ੩੧੪,*

ਮਨਮੁਖ ਅਗਿਆਨੀ ਅੰਧੁਲੇ
ਜਨਮਿ ਮਰਹਿ ਫਿਰਿ ਆਵੈ ਜਾਏ ॥
ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ ॥
*(ਸਲੋਕ ਮ: ੩, ਪੰਨਾ ੮੫੧)*

ਮਨਮੁਖ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥
*(ਗਉੜੀ ਮ: ੩, ਪੰਨਾ ੨੩੧)*

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥
*(ਪਉੜੀ, ਪੰਨਾ ੧੨੮੦,*

ਮਨਮੁਖ ਜਨਮੁ ਗਇਆ ਹੈ ਬਿਰਥਾ
ਅੰਤਿ ਗਇਆ ਪਛੁਤਾਵਣਿਆ ॥੬॥.....
ਮਨਮੁਖ ਅੰਧੁ ਐਸੇ ਕਰਮ ਕਮਾਏ ॥
ਹਲਤਿ ਨ ਸੋਭਾ ਪਲਤਿ ਨ ਢੋਈ
ਬਿਰਥਾ ਜਨਮੁ ਗਵਾਵਣਿਆ ॥੭॥
*(ਮਾਝ ਮ: ੩, ਪੰਨਾ ੧੨੭)*

ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਨਾ ਘਰੁ ਰਾਖੈ
ਪੰਚ ਦੂਤ ਸਬਦਿ ਪਚਾਵਣਿਆ ॥੨॥

*(ਮਾਝ ਮ: ੩, ਪੰਨਾ ੧੧੨)*

ਮਨਮੁਖ ਅੰਧ ਰਹੇ ਲਪਟਾਈ ॥
ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥

*(ਗਉੜੀ ਮ: ੩, ਪੰਨਾ ੨੩੦)*

ਇਸ ਤਰ੍ਹਾਂ ਗੁਰਮੁਖ ਤੇ ਮਨਮੁਖ ਦੀ ਮਾਨਸਕ ਅਵਸਥਾ ਦਾ ਬਾਣੀ ਵਿਚ ਅਨੇਕਾਂ ਥਾਵਾਂ 'ਤੇ ਜ਼ਿਕਰ ਆਉਂਦਾ ਹੈ ਜਿਸ ਦਾ ਭਾਵ ਹੈ ਕਿ ਗੁਰਮੁਖ ਸੰਗਤ ਵਿਚੋਂ ਉਪਦੇਸ਼ ਸੁਣ ਕੇ ਉਸਦੇ ਅਨੁਸਾਰੀ ਹੋ ਆਪਣਾ ਜੀਵਨ ਗੁਜ਼ਾਰਦੇ ਹੋਏ ਆਪਣੀ ਜੀਵਨ ਯਾਤਰਾ ਨੂੰ ਸਫਲ ਕਰ ਜਾਂਦੇ ਹਨ ਅਤੇ ਰੱਬੀ ਦਰਬਾਰ ਵਿਚ ਮਾਣ ਪ੍ਰਾਪਤ ਕਰਦੇ ਹਨ।

ਉਂਝ ਤਾਂ ਭਾਵੇਂ ਮਨਮੁਖ ਭੀ ਆਪਣਾ ਜੀਵਨ ਹਮੇਸ਼ਾ ਸੰਗਤ ਵਿਚ ਹੀ ਗੁਜ਼ਾਰਦੇ ਹਨ, ਪਰ ਉਨ੍ਹਾਂ ਨੇ ਆਪਣੀ ਜੀਵਨ ਸ਼ੈਲੀ ਨੂੰ ਬਦਲਣ ਦਾ ਉੱਕਾ ਹੀ ਉਪਰਾਲਾ ਨਹੀਂ ਕੀਤਾ, ਉਨ੍ਹਾਂ ਦਾ ਇਹ ਅਮੋਲਕ ਜੀਵਨ ਨਿਸਫਲ ਚਲਾ ਗਿਆ ਹੈ, ਮੈਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ ਕਿ ਉੱਚੀਆਂ ਸ਼ੈਆਂ ਤੋਂ ਭੀ ਸਾਰਿਆਂ ਨੂੰ ਲਾਭ ਪ੍ਰਾਪਤ ਨਹੀਂ ਹੁੰਦਾ ਜਿਵੇਂ ਕਿ:

(੧) (ਅਸੀਂ ਵੇਖਦੇ ਹਾਂ ਕਿ ਬਾਰਸ਼ ਉੱਤਮ ਸ਼ੈਅ ਹੈ) ਸਾਵਣ ਵਿਚ ਬਰਖਾ ਹੋਣ 'ਤੇ (ਸਾਰੇ) ਬ੍ਰਿਛਾਂ ਉਤੇ ਹਰਿਆਵਲਤਾ ਆਉਂਦੀ ਹੈ, ਪਰ ਇਸ ਸਮੇਂ ਅੱਕ ਅਤੇ ਜਵਾਹਾਂ ਸੁਕ ਸੜ ਜਾਂਦੇ ਹਨ।

(੨) (ਹੋਰ ਵੇਖੋ) ਪਪੀਹੇ ਦੇ ਮੂੰਹ ਵਿਚ ਜੇ ਸ੍ਵਾਂਤੀ ਬੂੰਦ ਪੈ ਜਾਏ, ਤਾਂ ਉਹ ਤ੍ਰਿਪਤੀ ਤੇ ਪ੍ਰਸੰਨਤਾ ਪ੍ਰਾਪਤ ਕਰ ਲੈਂਦਾ ਹੈ। (ਪਰ ਜੇ ਉਹ) ਸਿੱਪ ਵਿਚ ਸ੍ਵਾਂਤੀ ਬੂੰਦ ਆ ਪਵੇ ਤਾਂ ਸੁੱਚੇ ਮੋਤੀ ਦਾ ਰੂਪ ਧਾਰਨ ਕਰ ਲੈਂਦੀ ਹੈ।

(੩) (ਜੇ ਕਦੀ ਉਹ) ਸ੍ਵਾਂਤੀ ਬੂੰਦ ਕੇਲੇ ਉਤੇ ਆ ਡਿੱਗੇ ਤਾਂ ਉਹ ਵਿਅਰਥ ਚਲੀ ਜਾਂਦੀ ਹੈ। (ਕਲਰ ਵਿਚ) ਕਵਲ ਦਾ ਸਮਾਉਣਾ (ਭਾਵ ਸਮਾਈ) ਹੁੰਦੀ ਨਹੀਂ।

(੪) ਜੇ ਸ੍ਵਾਂਤੀ ਬੂੰਦ ਸੱਪ ਦੇ ਮੂੰਹ ਵਿਚ ਪਵੇ, ਤਾਂ ਉਹ ਜ਼ਹਿਰ (ਕਾਲਕੂਟ) ਬਣ ਜਾਂਦੀ ਹੈ। (ਭਾਈ ਸਾਹਿਬ ਜੀ ਏਥੇ ਦਸਦੇ ਹਨ ਕਿ) ਇਹ ਭਾਡੇ ਦਾ ਹੀ ਫ਼ਰਕ ਹੈ। ਜੇ ਚੰਗੇ ਭਾਂਡੇ ਵਿਚ (ਸ੍ਵਾਂਤੀ ਬੂੰਦ) ਪੈਂਦੀ ਹੈ ਤਾਂ ਚੰਗੀ ਬਣ ਜਾਂਦੀ ਹੈ, ਜੇ ਮੰਦੇ ਭਾਂਡੇ ਵਿਚ ਪੈਂਦੀ ਹੈ ਤਾਂ ਮੰਦੀ ਬਣ ਜਾਂਦੀ ਹੈ, ਇਹ ਤਾਂ ਭਾਂਡੇ ਕੁਭਾਂਡੇ ਦਾ ਹੀ ਫ਼ਰਕ ਹੈ।

(੫) (ਇਸੇ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜਿਵੇਂ) ਸਾਧ ਸੰਗਤ ਪ੍ਰਭੂ ਨਾਮ ਦੀ ਵਰਖਾ ਦਾ ਅਸਥਾਨ ਹੈ, ਉਥੇ ਨਾਮ ਦੀ ਬਰਖਾ ਹੁੰਦੀ ਹੈ (ਪਰ ਅੱਕ ਤੇ ਜਵਾਂਹੇ ਵਰਗੇ ਮਨਮੁਖ ਨੂੰ) ਸ਼ਾਂਤੀ ਨਹੀਂ ਆਉਂਦੀ, ਉਹ ਉਥੇ ਸਾਹ ਹੀ ਲੈਂਦੇ ਰਹਿੰਦੇ ਹਨ।

(੬) ਗੁਰਮੁਖ (ਪਪੀਹੇ ਤੇ ਸਿਖ ਵਾਂਗ) ਸੁਖ ਫਲ ਪ੍ਰਾਪਤ ਕਰਕੇ ਪ੍ਰੇਮ ਰਸ ਪੀਂਦੇ ਹਨ ਤੇ ਵਿਕਾਰੀ ਮਨਮੁਖ ਵਿਕਾਰਾਂ ਵਿਚ ਹੀ ਰੁਜ਼ੇ ਰਹਿੰਦੇ ਹਨ।

(੭) ਇਸ ਲਈ ਮਨਮੁਖ ਨੂੰ ਘਾਟਾ ਹੀ ਘਾਟਾ ਹੈ ਤੇ ਗੁਰਮੁਖ ਨੂੰ (ਸਾਧ ਸੰਗਤ ਦਾ) ਲਾਭ ਹੀ ਲਾਭ ਹੈ।੪।

***ਭਾਵਾਰਥ :*** ਗੁਰਮੁਖਾਂ ਦੀ ਰਿਦਾ ਰੂਪੀ ਭੂਮੀ ਨਿਸ਼ਕਾਮ ਕਰਮਾਂ ਨਾਲ ਸ਼ੁੱਧ ਹੋ ਜਾਣ ਦੇ ਕਾਰਨ ਉਥੇ ਗਿਆਨ ਦਾ ਬਿਰਵਾ ਫਲੀ ਭੂਤ ਹੋ ਜਾਂਦਾ ਹੈ। ਮਨਮੁਖ ਵਿਕਾਰੀਆਂ ਦੀ ਰਿਦੇ ਰੂਪ ਭੂਮੀ ਵਿਚ ਕਲਰ ਹੋਣ ਦੇ ਕਾਰਨ ਵਿਕਾਰਾਂ ਦਾ ਘਾਹ ਬੂਟ ਹੋ ਜਾਂਦਾ ਹੈ। ਇਸ ਲਈ ਹਰ ਬੰਦੇ ਨੂੰ ਜੋ ਕਿ ਸੰਗਤ ਵਿਚ ਆਉਂਦਾ ਹੈ ਉਸਨੂੰ ਨਿਸ਼ਕਾਮ ਕਰਮ ਤੇ ਦੈਵੀ ਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ, ਜਿਸ ਦਾ ਸਦਕਾ ਉਸਨੂੰ ਰੱਬੀ ਮਾਰਗ 'ਤੇ ਚਲਦੇ ਰਹਿਣ ਵਿਚ ਮਦਦ ਮਿਲਦੀ ਹੈ।

## ੫. ਗੁਰੂ ਉਪਦੇਸ਼ ਧਾਰਨ ਤੋਂ ਸੱਖਣੇ ਅਭਾਗੇ ਲੋਕ ਹਨ

੧. ਵਣ ਵਣ ਵਿੱਚ ਵਣਾਸਪਤਿ
ਇੱਕੋ ਧਰਤੀ ਇੱਕੋ ਪਾਣੀ।
੨. ਰੰਗ ਬਿਰੰਗੀ ਫੁੱਲ ਫਲ
ਸਾਦ ਸੁਗੰਧ ਸਨਬੰਧ ਵਿਡਾਣੀ।
੩. ਉਚਾ ਸਿੰਮਲੁ ਝੰਟੁਲਾ
ਨਿਹਫਲ ਚੀਲੁ ਚੜ੍ਹੇ ਅਸਮਾਣੀ।
੪. ਜਲਦਾ ਵਾਂਸ ਵਢਾਈਐ
ਵੰਝਲੀਆਂ ਵੱਜਨਿ ਬੇਬਾਣੀ।

**੫. ਚੰਦਨ ਵਾਸ ਵਣਾਸਪਤਿ**
**ਵਾਂਸ ਰਹੈ ਨਿਰਗੰਧ ਰਵਾਣੀ।**
**੬. ਸਾਧਸੰਗਤਿ ਗੁਰ ਸ਼ਬਦ ਸੁਣਿ**
**ਰਿਦੈ ਨ ਵਸੈ ਅਭਾਗ ਪਰਾਣੀ।**
**੭. ਹਉਮੈਂ ਅੰਦਰ ਭਰਮ ਭੁਲਾਣੀ॥੫॥**

***ਪਦ ਅਰਥ :*** ਵਣਾਸਪਤਿ—ਜੰਗਲਾਂ ਵਿਚ ਬਾਗ। ਸਾਦ—ਸੁਾਦ। ਵਿਡਾਣੀ—ਅਸਚਰਜ। ਝੰਟੂਲਾ—ਫੈਲਾਉ ਵਾਲਾ, ਉਪਰੋਂ ਫੈਲਿਆ ਹੋਇਆ। ਵੰਝਲੀਆਂ—ਬਾਂਸਰੀਆਂ। ਬੇਬਾਣੀ—ਬੇਅਰਥ। ਰਵਾਣੀ—ਚਲੀ ਜਾਣੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਬਾਣੀ ਦੁਆਰੇ ਇਹ ਬੋਧ ਮਿਲਦਾ ਹੈ ਕਿ ਸਾਧ ਸੰਗਤ ਦੀ ਪ੍ਰਾਪਤੀ ਪੂਰਬਲੇ ਵੱਡੇ ਪੁੰਨ ਕਰਮਾਂ ਦਾ ਸਦਕਾ ਹਾਸਲ ਹੁੰਦੀ ਹੈ, ਜਿਵੇਂ ਕਿ ਕਈ ਉਦਾਹਰਣ ਮਿਲਦੇ ਹਨ:

ਵਡਭਾਗੀ ਸੰਗਤਿ ਮਿਲੈ ਗੁਰ ਸਤਿਗੁਰ ਪੂਰਾ ਬੋਲੁ॥
*(ਪਉੜੀ, ਪੰਨਾ ੧੩੧੭)*

ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ॥
ਹਰਿ ਮੇਲਹੁ ਸਤਿਗੁਰ ਦਇਆ ਕਰਿ
ਗੁਰ ਕਉ ਬਲਿਹਾਰੀ॥੨੩॥ *(ਸਲੋਕ ਮ: ੩, ਪੰਨਾ ੬੫੧)*

ਵਡਭਾਗੀ ਸੰਗਤਿ ਮਿਲੈ ਮੇਰੀ ਜਿੰਦੁੜੀਏ
ਨਾਨਕ ਹਰਿ ਗੁਣ ਗਾਏ ਰਾਮ॥੩॥
*(ਬਿਹਾਗੜਾ ਮ: ੪, ਪੰਨਾ ੫੪੧)*

ਵਡੈ ਭਾਗਿ ਸਤਸੰਗੁ ਹੋਇ ਨਿਵਿ ਲਾਗਾ ਪਾਈ॥
ਮਨਿ ਦਰਸਨ ਕੀ ਪਿਆਸ ਹੈ
ਨਾਨਕ ਬਲਿ ਜਾਈ॥੧੫॥ *(ਪਉੜੀ, ਪੰਨਾ ੭੦੮)*

ਵਡੈ ਭਾਗਿ ਸਤਸੰਗਤਿ ਪਾਈ
ਹਰਿ ਹਰਿ ਨਾਮੁ ਰਹਿਆ ਭਰਪੂਰਿ॥
ਅਠਸਠਿ ਤੀਰਥ ਮਜਨੁ ਕੀਆ
ਸਤ ਸੰਗਤਿ ਪਗ ਨਾਏ ਧੂਰਿ॥੨॥
*(ਸਾਰਗ ਮ: ੪, ਪੰਨਾ ੧੧੯੮)*

ਵਡੈ ਭਾਗਿ ਸਤਸੰਗਤਿ ਪਾਈ
ਹਰਿ ਪਾਇਆ ਸਹਜਿ ਅਨੰਦੁ॥੨॥
*(ਸ੍ਰੀ ਰਾਗੁ ਮ: ੩, ਪੰਨਾ ੨੯)*

ਵਡੈ ਭਾਗਿ ਸਤਸੰਗਤਿ ਪਾਈ
ਗੁਰੁ ਸਤਿਗੁਰੁ ਪਰਸਿ ਭਗਵਾਨ॥
*(ਪ੍ਰਭਾਤੀ ਮ: ੪, ਪੰਨਾ ੧੩੩੫)*

ਬਿਨੁ ਭਾਗਾ ਸਤਸੰਗੁ ਨ ਪਾਈਐ
ਕਰਮਿ ਮਿਲੈ ਹਰਿ ਨਾਮੁ ਹਰੀ॥
*(ਬਸੰਤੁ ਮ: ੧, ਪੰਨਾ ੧੧੭੧)*

ਵਡਭਾਗੀ ਹਰਿ ਸੰਗਤਿ ਪਾਵਹਿ॥
ਭਾਗਹੀਨ ਭ੍ਰਮਿ ਚੋਟਾ ਖਾਵਹਿ॥
ਬਿਨੁ ਭਾਗਾ ਸਤਸੰਗੁ ਨ ਲਭੈ
ਬਿਨੁ ਸੰਗਤਿ ਮੈਲੁ ਭਰੀਜੈ ਜੀਉ॥੩॥
*(ਮਾਝ ਮ: ੪, ਪੰਨਾ ੯੫*

ਇਸ ਤਰ੍ਹਾਂ ਹੋਰ ਭੀ ਬਹੁਤ ਬਾਣੀ ਦੁਆਰੇ ਉਦਾਹਰਣ ਮਿਲਦੇ ਹਨ ਕਿ ਵਡਭਾਗੀਆਂ ਨੂੰ ਹੀ ਸੰਗਤ ਵਿਚ ਨਿਵਾਸ ਮਿਲਦਾ ਹੈ, ਪਰ ਜਦੋਂ ਦੂਸਰਾ ਪੱਖ ਵੇਖਦੇ ਹਾਂ, ਕਿ ਜਿਨ੍ਹਾਂ ਲੋਕਾਂ ਦਾ ਸਾਰਾ ਜੀਵਨ ਹੀ ਸੰਗਤ ਵਿਚ ਵੱਸਦਿਆਂ ਗੁਜ਼ਰ ਗਿਆ ਹੈ, ਉਨ੍ਹਾਂ ਦੇ ਆਦੀ ਸੁਭਾਵਾਂ ਵਿਚ ਕੋਈ ਭੀ ਤਬਦੀਲੀ ਨਹੀਂ ਆਈ, ਇਸਦਾ ਅਸਲ ਕਾਰਨ ਕੀ ਹੈ ? ਉਨ੍ਹਾਂ ਦੇ ਮਨ ਵਿਚ ਸੰਗਤ ਦੇ ਦੈਵੀ ਗੁਣਾਂ ਦਾ ਪ੍ਰਭਾਵ ਕਿਉਂ ਨਹੀਂ ਪੈ ਸਕਿਆ, ਗੁਰਮਤ ਅਨੁਸਾਰ ਇਸਦੀ ਜਾਣਕਾਰੀ ਦਿਓ ਕਿ ਐਸਾ ਕਿਉਂ ਹੈ ?

**ਉ:** ਹੇ ਭਾਈਓ! ਜਿਨ੍ਹਾਂ ਦਾ ਮਨ ਹਉਮੈ ਦੇ ਦੀਰਘ ਰੋਗ ਦਾ ਗ੍ਰਸਿਆ ਹੋਇਆ ਹੈ ਉਨ੍ਹਾਂ ਦੇ ਮਨ ਵਿਚ ਸਤਿਸੰਗਤ ਦੇ ਸ਼ੁਭ ਗੁਣਾਂ ਦਾ ਨਿਵਾਸ ਨਹੀਂ ਹੋ ਸਕਦਾ। ਬਾਣੀ ਵਿਚ ਹਉਮੈ ਨੂੰ ਦੀਰਘ ਰੋਗ ਦਸਿਆ ਗਿਆ ਹੈ, ਜਿਵੇਂ ਕਿ:

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
*(ਮ: ੨, ਪੰਨਾ ੪੬੬)*

ਭਾਵ ਹੈ, ਜਿਸ ਤਰ੍ਹਾਂ ਕਿਸੇ ਦੇ ਸਰੀਰ ਨੂੰ ਬੁਖ਼ਾਰ ਚੜ੍ਹਿਆ ਹੋਵੇ ਉਸਨੂੰ ਖਾਣ ਲਈ ਕਿਤਨੇ ਭੀ ਚੰਗੇ ਮਿੱਠੇ ਪਦਾਰਥ ਦਿਤੇ ਜਾਣ ਉਸ ਨੂੰ ਚੰਗੇ ਨਹੀਂ ਲਗਦੇ, ਇਸੇ ਤਰ੍ਹਾਂ ਜਿਸਦੇ ਮਨ ਨੂੰ ਹਉਮੈ ਦਾ ਬੁਖਾਰ ਚੜ੍ਹਿਆ ਹੋਇਆ ਹੈ ਉਸਨੂੰ ਜੋ ਸੰਗਤ ਵਿਚ ਸ਼ੁਭ ਗੁਣਾਂ ਦੀ ਖ਼ੁਰਾਕ ਵਰਤ ਰਹੀ ਹੈ ਉਹ ਚੰਗੀ ਨਹੀਂ ਲਗਦੀ, ਇਸੇ ਤਰ੍ਹਾਂ ਦੈਵੀ ਗੁਣਾਂ ਦੇ ਧਾਰਨ ਲਈ ਮਨ ਨੂੰ ਹਉਮੈ ਦੇ ਰੋਗ ਵਲੋਂ ਅਰੋਗ ਕਰਨਾ ਅਤਿ ਜ਼ਰੂਰੀ ਹੈ, ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਦਰਸਾਇਆ ਗਿਆ ਹੈ, ਜਿਵੇਂ :

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
(ਮ: ੨, ਪੰਨਾ ੪੬੬)

ਹਉਮੈ ਕਰਤਿਆ ਨਹ ਸੁਖੁ ਹੋਇ ॥
ਮਨਮਤਿ ਝੂਠੀ ਸਚਾ ਸੋਇ ॥
(ਗਉੜੀ ਮ: ੧, ਪੰਨਾ ੨੨੨)

ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥
(ਸ੍ਰੀ ਰਾਗੁ ਮ: ੩, ਪੰਨਾ ੩੪)

ਹਉਮੈ ਕਰਤ ਭੇਖੀ ਨਹੀ ਜਾਨਿਆ ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥
(ਗਉੜੀ ਮ: ੧, ਪੰਨਾ ੨੨੬)

ਹਉਮੈ ਕਰਤਾ ਭਵਜਲਿ ਪਰਿਆ ॥
ਬਿਨੁ ਗੁਰ ਪਾਰੁ ਨ ਪਾਵੈ ਕੋਈ
ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥
(ਮਾਰੂ ਮ: ੧, ਪੰਨਾ ੧੦੩੦)

ਹਉਮੈ ਕਰਦਿਆ ਜਨਮੁ ਗਵਾਇਆ ॥
ਆਗੈ ਮੋਹੁ ਨ ਚੂਕੈ ਮਾਇਆ ॥ (ਮਾਰੂ ਮ: ੩, ਪੰਨਾ ੧੦੬੩)

ਮਨਮੁਖਿ ਹਰਿ ਰਸੁ ਚਾਖਿਆ ਨ ਜਾਇ ॥
ਹਉਮੈ ਕਰੈ ਬਹੁਤੀ ਮਿਲੈ ਸਜਾਇ ॥
(ਸੂਹੀ ਮ: ੪, ਪੰਨਾ ੭੩੩)

ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ ॥
ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥੩॥
(ਆਸਾ ਮ: ੪, ਪੰਨਾ ੩੬੭)

ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥੧॥
(ਗਉੜੀ ਮ: ੩, ਪੰਨਾ ੧੬੨)

ਹਉਮੈ ਕਰਿ ਰਾਜੇ ਬਹੁ ਧਾਵਹਿ ॥
ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
(ਗਉੜੀ ਮ: ੧, ਪੰਨਾ ੨੨੬)

ਇਸ ਤਰ੍ਹਾਂ ਬਾਣੀ ਵਿਚ ਹਉਮੈ ਦੇ ਦੀਰਘ ਰੋਗ ਬਾਰੇ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ, ਜਿਸ ਤੋਂ ਇਹੋ ਸਿੱਧ ਹੁੰਦਾ ਹੈ ਕਿ ਜਿਸ ਤਰ੍ਹਾਂ ਮਾਇਕੀ ਪਦਾਰਥਾਂ ਦਾ ਰਸ ਲੈਣ ਲਈ ਸਰੀਰਕ ਬੁਖਾਰ ਦੀ ਨਵਿਰਤੀ ਕਰਨੀ ਅਤਿ ਜ਼ਰੂਰੀ ਹੈ ਇਸੇ ਤਰ੍ਹਾਂ ਨਾਮ ਰਸ ਦੀ ਪ੍ਰਾਪਤੀ ਲਈ ਭੀ ਹਉਮੈ ਦੇ ਦੀਰਘ ਰੋਗ ਤੋਂ ਬਚਣਾ ਜ਼ਰੂਰੀ ਹੈ। ਇਨ੍ਹਾਂ ਉਪੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ ਜਿਨ੍ਹਾਂ ਦਾ ਭਾਵ ਇਹੋ ਹੈ ਕਿ ਸਾਧ ਸੰਗਤ ਵਿਚ ਰਹਿੰਦੇ ਹੋਏ ਭੀ ਜੋ ਸੰਗਤ ਦੇ ਸ਼ੁਭ ਗੁਣਾਂ ਤੋਂ ਸੱਖਣੇ ਰਹਿੰਦੇ ਹਨ ਉਹ ਅਤਿ ਹੀ ਅਭਾਗੇ ਲੋਕ ਹਨ ਜੋ ਹਉਮੈ ਵਿਚ ਗ਼ਲਤਾਨ ਹੋਏ ਭਰਮ ਭੁਲੇਖਿਆਂ ਵਿਚ ਆਪਣਾ ਅਮੋਲਕ ਜਨਮ ਵਿਅਰਥ ਬਿਤਾ ਜਾਂਦੇ ਹਨ ਤੇ ਸੰਸਾਰ ਦੇ ਆਵਾਗਵਨ ਦੇ ਚੱਕ੍ਰ ਵਿਚ ਆਉਂਦੇ ਜਾਂਦੇ ਰਹਿੰਦੇ ਹਨ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਜੰਗਲ ਵਿਚ ਇਕੋ ਧਰਤੀ ਤੇ ਇਕੋ ਹੀ ਪਾਣੀ ਨਾਲ ਸਾਰੀ ਬਨਾਸਪਤੀ ਵਿਚ ਹਰਿਆਵਲ ਹੈ।
(੨) ਤਰ੍ਹਾਂ ਤਰ੍ਹਾਂ ਦੇ ਰੰਗ ਬਰੰਗੇ ਫੁਲ ਤੇ ਫਲ ਹਨ, ਜਿਨ੍ਹਾਂ ਦੇ ਸੁਆਦ ਤੇ ਸੁਗੰਧੀ ਦਾ ਸੰਬੰਧ ਵੀ ਵੱਡੀ ਅਸਚਰਜਤਾ ਵਾਲਾ ਹੈ।
(੩) ਸਿੰਮਲ ਦਾ ਰੁੱਖ ਕਿੰਨਾ ਹੀ ਉੱਚਾ ਤੇ ਸੰਘਣਾ ਹੈ, ਚੀਲ ਦਾ ਰੁੱਖ ਉਸ ਤੋਂ ਭੀ ਉੱਚਾ ਹੈ (ਪਰ ਫਲਾਂ ਤੋਂ ਬਿਨਾਂ) ਨਿਹਫਲ ਹੈ ਤੇ ਉਸਦੀ ਉਚਾਈ ਭੀ ਨਿਹਫਲ ਹੈ।
(੪) ਵਾਂਸਾਂ ਦਾ (ਉਚਾਈ ਵਾਲਾ) ਜੰਗਲ ਸੜਦਾ ਹੀ ਵੱਢਿਆ ਜਾਂਦਾ ਹੈ ਜਿਸ ਦੀਆਂ ਬੰਸਰੀਆਂ ਹੀ ਵੱਜਦੀਆਂ ਹਨ ਲੋਕ ਜੰਗਲਾਂ ਵਿਚ ਵਜਾਉਂਦੇ ਫਿਰਦੇ ਹਨ।
(੫) ਚੰਦਨ ਦੇ ਇਕ ਬ੍ਰਿਛ ਨਾਲ ਬਾਕੀ ਦੇ ਬ੍ਰਿਛ ਤੇ ਬੂਟੇ ਵੀ ਸੁਗੰਧ ਵਾਲੇ ਹੋ ਜਾਂਦੇ ਹਨ, ਪਰ ਬਾਸ ਸੁਗੰਧ ਤੋਂ ਬਿਨਾਂ ਰਹਿ ਜਾਂਦਾ ਹੈ ਤੇ ਕੇਵਲ ਹਵਾ ਦੇ ਝੋਕਿਆਂ ਨਾਲ ਇਕ ਦੂਜੇ ਨਾਲ ਖਹਿ ਖਹਿ ਕੇ ਸਾਂ ਸਾਂ ਦੀ ਆਵਾਜ਼ ਹੀ ਦੇਂਦਾ ਹੈ।
(੬) (ਇਸੇ ਤਰ੍ਹਾਂ) ਉਹ ਪ੍ਰਾਣੀ ਕਿੰਨਾ ਅਭਾਗਾ ਹੈ ਜੋ ਸਾਧ ਸੰਗਤ ਵਿਚੋਂ ਗੁਰ ਉਪਦੇਸ਼ ਸੁਣ ਕੇ ਉਸ 'ਤੇ ਅਮਲ ਨਹੀਂ ਕਰਦਾ, ਰਿਦੇ ਵਿਚ ਨਹੀਂ ਵਸਾਉਂਦਾ।
(੭) ਹਉਮੈ ਵਿਚ ਪਏ (ਅਜਿਹੇ ਲੋਕ) ਭਰਮਾਂ ਵਿਚ ਹੀ ਭੁਲੇ ਰਹਿੰਦੇ ਹਨ।੫।

***ਭਾਵਾਰਥ :*** ਸਤਿਗੁਰੂ ਜੀ ਨੇ ਸਾਰੇ ਸੰਸਾਰ ਦੇ ਦੁਖੀਏ ਹੋਣ ਦਾ ਸਭ ਤੋਂ ਵੱਡਾ ਕਾਰਨ ਕੇਵਲ ਹਉਮੈ ਨੂੰ ਹੀ ਦਰਸਾਇਆ ਹੈ ਕਿਉਂਕਿ ਹਉਮੈ ਦੁਆਰੇ ਮਨੁੱਖ ਦੇ ਮਨ ਨੂੰ ਦ੍ਵੈਤ ਭਾਵਨਾ ਦੀ ਮੈਲ ਲਗ ਰਹੀ ਹੈ, ਜਿਸ ਦੇ ਉਤਾਰਨ ਦਾ ਸਾਧਨ ਤੀਰਥਾਂ 'ਤੇ ਇਸ਼ਨਾਨ ਕਰਨਾ ਨਹੀਂ, ਕੇਵਲ ਪ੍ਰਭੂ ਦੇ ਨਾਮ ਦਾ ਚਿੰਤਨ ਕਰਨਾ ਹੀ ਹੈ।

ਜਗਿ ਹਉਮੈ ਮੈਲੁ ਦੁਖੁ ਪਾਇਆ
ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ
ਜੇ ਸਉ ਤੀਰਥ ਨਾਇ ॥ (ਸ੍ਰੀ ਰਾਗੁ ਮ: ੩, ਪੰਨਾ ੩੯)

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥
(ਵਡਹੰਸੁ ਮ: ੩, ਪੰਨਾ ੫੬੦)

ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ
ਹਉਮੈ ਸਾਕਤ ਦੁਰਜਨਾ॥
ਨਾਨਕ ਰੋਗੁ ਗਵਾਇ
ਮਿਲਿ ਸਤਿਗੁਰ ਸਾਧੂ ਸਜਣਾ॥੨੯॥
(ਸਲੋਕ ਮ: ੪, ਪੰਨਾ ੧੪੨੪)

ਭਾਵ ਹਉਮੈ ਤੇ ਨਾਮ ਦਾ ਪ੍ਰਸਪਰ ਵਿਰੋਧ ਹੈ ਇਹ ਦੋਵੇਂ ਇਕ ਥਾਂ ਨਹੀਂ ਵੱਸ ਸਕਦੇ, ਨਾਮ ਨੂੰ ਅੰਤਰ ਆਤਮੇ ਵਸਾਉਣ ਲਈ ਪਹਿਲੋਂ ਹਉਮੈ ਦਾ ਤਿਆਗ ਕਰਨਾ ਅਤਿ ਜ਼ਰੂਰੀ ਹੈ, ਪਰ ਇਸ ਹਉਮੈ ਨੂੰ ਹਿਰਦੇ ਵਿਚੋਂ ਗਵਾਉਣ ਲਈ ਸਤਿਗੁਰੂ ਸੱਜਣ ਨਾਲ ਸੰਬੰਧ ਕਰਨਾ ਵੀ ਜ਼ਰੂਰੀ ਹੈ ਜਿਨ੍ਹਾਂ ਤੋਂ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ।

## ੬. ਮਨਮੁਖ ਨੂੰ ਉੱਲੂ ਤੋਂ ਉਪਦੇਸ਼

੧. ਸੂਰਜ ਜੋਤਿ ਉਦੋਤਿ ਕਰਿ
ਚਾਨਣ ਕਰੈ ਅਨ੍ਹੇਰ ਗਵਾਏ।
੨. ਕਿਰਤਿ ਵਿਰਤਿ ਜੱਗ ਵਰਤਮਾਨ
ਸਭਨਾਂ ਬੰਧਨ ਮੁਕਤਿ ਕਰਾਏ।
੩. ਪਸੁ ਪੰਖੀ ਮਿਰਗਾਵਲੀ
ਭਾਖਿਆ ਭਾਉ ਅਲਾਉ ਸੁਣਾਏ।
੪. ਬਾਂਗਾਂ ਬੁਰਗੂ ਸਿੰਙੀਆਂ
ਨਾਦ ਬਾਦ ਨੀਸਾਣ ਬਜਾਏ।
੫. ਘੁੱਘੂ ਸੁਝ ਨ ਸੁੱਝਈ
ਜਾਇ ਉਜਾੜੀ ਝੱਥਿ ਵਲਾਏ।
੬. ਸਾਧ ਸੰਗਤ ਗੁਰ ਸ਼ਬਦ ਸੁਣਿ
ਭਾਉ ਭਗਤਿ ਮਨਿ ਭਉ ਨ ਵਸਾਏ।
੭. ਮਨਮੁਖ ਬਿਰਥਾ ਜਨਮੁ ਗਵਾਏ॥੬॥

*ਪਦ ਅਰਥ :* ਉਦੋਤਿ—ਪ੍ਰਕਾਸ਼। ਕਿਰਤਿ ਵਿਰਤਿ—ਕਾਰ ਵਿਹਾਰ। ਬੁਰਗੂ—ਮੁੱਲਾਂ, ਕਾਜ਼ੀ। ਨੀਸਾਣ—ਦਮਾਮੇ, ਨਗਾਰੇ। ਘੁੱਘੂ—ਉੱਲੂ। ਸੁੱਝ—ਸੂਰਜ। ਝੱਥਿ—ਝੱਟ, ਸਮਾਂ। ਵਲਾਏ—ਕੱਟਦਾ ਹੈ।

### ਅਰਥ :

ਪ੍ਰ: ਭਾਈ ਸਾਹਿਬ ਜੀਉ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਜਦੋਂ ਸੂਰਜ ਚੜ੍ਹਦਾ ਹੈ ਤਾਂ ਉਹ ਵਿਤਕਰੇ ਤੋਂ ਰਹਿਤ ਸਾਰਿਆਂ ਨੂੰ ਹੀ ਪ੍ਰਕਾਸ਼, ਰੋਸ਼ਨੀ ਕਰਦਾ ਹੈ ਤੇ ਸਭਨਾਂ ਦਾ ਅੰਧੇਰਾ ਦੂਰ ਕਰਕੇ ਸਾਰਿਆਂ ਨੂੰ ਹੀ ਸੁਖ ਦੇਂਦਾ ਹੈ, ਪਰ ਜਦੋਂ ਅਸੀਂ ਤੱਕਦੇ ਹਾਂ ਕਿ ਸਾਧ ਸੰਗਤ ਵਿਚ ਆਉਣ ਵਾਲੇ ਸਰੋਤਾ ਜਨ ਸਾਰੇ ਹੀ ਇਕੋ ਹੀ ਗੁਰੂ ਦਾ ਉਪਦੇਸ਼ ਸੁਣਦੇ ਤੇ ਦਰਸ਼ਨ ਕਰਦੇ ਹਨ, ਪਰ ਉਨ੍ਹਾਂ ਸਰੋਤਿਆਂ ਵਿਚੋਂ ਕਈਆਂ ਨੂੰ ਗਿਆਨ ਦਾ ਪ੍ਰਕਾਸ਼ ਹੋ ਆਉਂਦਾ ਹੈ, ਪਰ ਵਧੇਰੇ ਉਹ ਸਰੋਤੇ ਭੀ ਤੱਕਣ ਵਿਚ ਆਉਂਦੇ ਹਨ ਜੋ ਗਿਆਨ ਦੀ ਦਾਤ ਤੋਂ ਸੱਖਣੇ ਰਹਿ ਜਾਂਦੇ ਹਨ, ਕਿਉਂ ਜੀ! ਦੱਸਣਾ ਕਰੋ ਕਿ ਇਹ ਅੰਤਰਾ ਕਿਉਂ ਹੈ? ਸਾਰਿਆਂ ਦੇ ਅੰਦਰ ਗੁਰੂ ਦੇ ਗਿਆਨ ਦਾ ਪ੍ਰਕਾਸ਼ ਕਿਉਂ ਨਹੀਂ ਹੁੰਦਾ?

ਉ: ਹੇ ਭਾਈਓ! ਇਹ ਠੀਕ ਹੈ ਕਿ ਜਦੋਂ ਅਕਾਸ਼ ਮੰਡਲ ਵਿਚ ਸੂਰਜ ਚੜ੍ਹਦਾ ਹੈ ਤਾਂ ਉਸਦੀ ਰੌਸ਼ਨੀ ਸਾਰਿਆਂ ਲਈ ਵਿਤਕਰੇ ਤੋਂ ਰਹਿਤ ਸਾਂਝੀ ਹੈ, ਉਸਦੇ ਅੰਦਰ ਕਿਸੇ ਲਈ ਭੀ ਦ੍ਵੈਤ-ਭਾਵ ਨਹੀਂ, ਉਹ ਸੂਰਜ ਦੀ ਸਮ-ਦ੍ਰਿਸ਼ਟੀ ਹੈ। ਪਰ ਹਾਂ, ਕਈ ਵਿਅਕਤੀਆਂ ਅੰਦਰ ਦੋਸ਼ ਹੈ ਜਿਸਦੇ ਕਾਰਨ ਉਹ ਸੂਰਜ ਦੇ ਪ੍ਰਕਾਸ਼ ਤੋਂ ਲਾਭ ਨਹੀਂ ਉਠਾ ਸਕਦੇ, ਉਨ੍ਹਾਂ ਲਈ ਅੰਧੇਰਾ ਸਦਾ ਹੀ ਬਣਿਆ ਰਹਿੰਦਾ ਹੈ, ਮਿਸਾਲ ਦੇ ਤੌਰ ਪਰ ਜਿਵੇਂ ਇਕ ਨੇਤ੍ਰਾਂ ਤੋਂ ਹੀਣਾ ਅੰਧਾ ਹੈ, ਜਾਂ ਜਿਸਨੇ ਮਕਾਨ ਅੰਦਰ ਬੈਠ ਕੇ ਉਸਦੇ ਬੂਹੇ ਬਾਰੀਆਂ ਬੰਦ ਕਰ ਲਈਆਂ ਹਨ, ਜਾਂ ਇਨ੍ਹਾਂ ਤੋਂ ਇਲਾਵਾ ਇਕ ਉੱਲੂ ਭੀ ਹੈ, ਜਿਸਨੂੰ ਸੂਰਜ ਦੇ ਪ੍ਰਕਾਸ਼ ਹੁੰਦਿਆਂ ਭੀ ਸਦਾ ਹੀ ਅੰਨ੍ਹੇਰਾ ਬਣਿਆ ਰਹਿੰਦਾ ਹੈ।

ਇਸੇ ਤਰ੍ਹਾਂ ਗੁਰੂ ਇਕ ਸੂਰਜ ਹੈ, ਜਿਸ ਵਲੋਂ ਸੰਗਤ ਵਿਚ ਗਿਆਨ ਪ੍ਰਾਪਤੀ ਦਾ ਉਪਦੇਸ਼ ਸਾਰਿਆਂ ਲਈ ਵਿਤਕਰੇ ਤੋਂ ਰਹਿਤ ਸਾਂਝਾ ਦਿੱਤਾ ਜਾਂਦਾ ਹੈ। ਪਰ, ਜਿਨ੍ਹਾਂ ਸਰੋਤਿਆਂ ਪਾਸ ਸ਼ਰਧਾ ਤੇ ਭਾਵਨਾ ਦੇ ਕੰਨ ਨਹੀਂ, ਜਾਂ ਵੀਚਾਰ ਰੂਪੀ ਦ੍ਰਿਸ਼ਟੀ ਨਹੀਂ ਉਹ ਸੰਗਤ ਵਿਚ ਗੁਰੂ ਨੂੰ ਵੇਖਦਿਆਂ, ਉਪਦੇਸ਼ ਸੁਣਦਿਆਂ ਭੀ ਖ਼ਾਲੀ ਰਹਿ ਜਾਂਦੇ ਹਨ, ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਪ੍ਰਗਟਾਇਆ ਗਿਆ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ
ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥

*(ਸਲੋਕੁ ਮ: ੩, ਪੰਨਾ ੫੯੪)*

ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥
ਨਾਨਕ ਕਰਤਾ ਸਭੁ ਕਿਛੁ ਜਾਣਦਾ
ਜਿਦੂ ਕਿਛੁ ਗੁਝਾ ਨ ਹੋਇ ॥੨॥

*(ਗਉੜੀ ਕੀ ਵਾਰ ਮ: ੪, ਪੰਨਾ ੩੦੨)*

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ ॥੧॥

*(ਧਨਾਸਰੀ ਮ: ੪, ਪੰਨਾ ੬੬੯)*

ਭਾਵ ਹੈ ਕਿ ਜਦੋਂ ਅਸੀਂ ਦੂਰ-ਦਰਸ਼ੀ ਨਜ਼ਰਾਂ ਨਾਲ ਤੱਕੀਏ ਤਾਂ ਸਾਨੂੰ ਸੰਸਾਰ ਭਰ ਵਿਚ ਇਉਂ ਹੀ ਨਜ਼ਰ ਆਵੇਗਾ ਕਿ ਸੰਗਤ ਵਿਚ ਆ ਕੇ ਹਜ਼ਾਰਾਂ ਨਹੀਂ ਸਗੋਂ ਲੱਖਾਂ ਲੋਕ ਗੁਰੂ ਦੇ ਦਰਸ਼ਨ ਕਰਦੇ ਤੇ ਗੁਰੂ ਉਪਦੇਸ਼ ਸੁਣਦੇ ਹਨ, ਪਰ ਇਤਨਾ ਕੁਝ ਕਰਨ ਨਾਲ ਹੀ ਅੰਦਰੋਂ ਹਉਮੈ ਦੀ ਮੈਲ ਨਵਿਰਤ ਨਹੀਂ ਹੁੰਦੀ ਜਿਤਨਾ ਚਿਰ ਗੁਰੂ ਦੇ ਸ਼ਬਦ ਦੀ ਵੀਚਾਰ ਨੂੰ ਹਿਰਦੇ ਅੰਦਰ ਧਾਰਨ ਨਹੀਂ ਕੀਤਾ ਜਾਂਦਾ, ਕਿਉਂਕਿ ਜਿਹੋ ਜਿਹੀ ਭਾਵਨਾ ਰਾਹੀਂ ਕੋਈ ਸਤਿਗੁਰੂ ਦੀ ਸੰਗਤ ਵਿਚ ਆ ਕੇ ਗੁਰੂ ਨੂੰ ਵੇਖਦਾ ਹੈ, ਉਸਨੂੰ ਉਜੇਹਾ ਹੀ ਫਲ ਪ੍ਰਾਪਤ ਹੁੰਦਾ ਹੈ ਭਾਵੇਂ ਨਾਮ ਧਰੀਕ ਸਿਖ ਸੰਗਤ ਵਿਚ ਆ ਕੇ ਕਈ ਪ੍ਰਕਾਰ ਦੀ ਦਿਖਲਾਵੇ ਮਾਤ੍ਰ ਪੂਜਾ ਭੀ ਕਰਦੇ ਹਨ, ਗੁਰੂ ਦੀ ਪਵਿੱਤ੍ਰ ਬਾਣੀ ਦਾ ਕੀਰਤਨ ਭੀ ਗਾਇਨ ਕਰਦੇ ਹਨ, ਪਰ ਉਨ੍ਹਾਂ ਵਿਚੋਂ ਗਾਇਆ ਸੁਣਿਆ ਗੁਰੂ ਦੇ ਦਰਬਾਰ ਵਿਚ ਉਨ੍ਹਾਂ ਦਾ ਹੀ ਕਬੂਲ ਹੁੰਦਾ ਹੈ, ਜਿਨ੍ਹਾਂ ਨੇ ਸਤਿਗੁਰੂ ਦੀ ਸਿਖਿਆ ਨੂੰ ਸਤਿ ਕਰਕੇ ਅੰਤਰ ਆਤਮੇ ਧਾਰਨ ਕਰ ਲਿਆ ਹੈ।

ਜਿਵੇਂ ਕਿ ਕਿਸੇ ਭੁੱਖੇ ਦੀ ਭੁੱਖ ਛੱਤੀ ਪ੍ਰਕਾਰ ਦੇ ਭੋਜਨਾਂ ਨੂੰ ਵੇਖਣ ਨਾਲ ਜਾਂ ਉਨ੍ਹਾਂ ਦੀ ਸਿਫ਼ਤ ਸੁਣਦੇ ਰਹਿਣ ਨਾਲ ਦੂਰ ਨਹੀਂ ਹੁੰਦੀ ਜਿਤਨਾ ਚਿਰ ਉਸਨੂੰ ਖ਼ੁਰਾਕ ਬਣਾ ਕੇ ਪੇਟ ਅੰਦਰ ਨਹੀਂ ਪੁਚਾਇਆ ਜਾਂਦਾ। ਮੇਰੇ ਜੈਸੇ ਬਹੁਤੇ ਲੋਕ ਤਾਂ ਅਜਿਹੇ ਭੀ ਤੁਹਾਡੇ ਵੇਖਣ ਵਿਚ ਆਉਣਗੇ, ਜਿਨ੍ਹਾਂ ਦੇ ਅੰਦਰ ਕੇਵਲ ਇਹੋ ਧਾਰਨਾ ਹੁੰਦੀ ਹੈ ਕਿ ਚਲੋ ਗੁਰੂ ਦਰ ਚਲਦੇ ਹਾਂ ਇਕ ਤਾਂ ਸਾਡੀ ਗਿਣਤੀ ਗੁਰਦੁਆਰੇ ਆਉਣ ਵਾਲੇ ਸੱਜਣਾਂ ਵਿਚ ਹੋ ਜਾਵੇਗੀ, ਦੂਸਰਾ ਜੋ ਉਪਦੇਸ਼ਕਾਂ ਵੱਲੋਂ ਉਪਦੇਸ ਹੋ ਰਿਹਾ ਹੋਵੇਗਾ ਸੁਣਦੇ ਰਵਾਂਗੇ ਜੋ ਸਾਡੇ ਅਨਕੂਲ ਦੀ ਗੱਲ ਕਹੀ ਜਾਂਦੀ ਹੋਵੇਗੀ ਉਹ ਧਿਆਨ ਨਾਲ ਸੁਣ ਲਈ ਜਾਵੇਗੀ, ਬਾਕੀ ਸੁਣੀ, ਅਣਸੁਣੀ ਕਰ ਦਿਤੀ ਜਾਵੇਗੀ। ਬੱਸ ਅਜਿਹੇ ਲੋਕਾਂ ਨੂੰ ਗੁਰੂ ਦੇ ਦਰ ਵਿਚ ਆ ਕੇ ਭੀ ਕੋਈ ਲਾਭ ਨਹੀਂ ਪ੍ਰਾਪਤ ਹੁੰਦਾ। ਜਿਵੇਂ ਕਿ ਸੂਰਜ ਚੜ੍ਹਨ ਤੋਂ ਉਸਦੇ ਪ੍ਰਕਾਸ਼ ਦੀ ਨੇਤ੍ਰ-ਹੀਣਾਂ ਨੂੰ ਜਾਂ ਉੱਲੂਆਂ ਨੂੰ ਕੋਈ ਰੌਸ਼ਨੀ ਨਹੀਂ ਹੁੰਦੀ। ਇਸ ਤਰ੍ਹਾਂ ਧਾਰਨਾ ਤੋਂ ਹੀਣ ਲੋਕ ਭੀ ਸੰਗਤ ਵਿਚ ਆ ਕੇ ਸੱਖਣੇ ਰਹਿ ਜਾਂਦੇ ਹਨ, ਇਨ੍ਹਾਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਸੱਤਰਾਂ ਉਚਾਰੀਆਂ ਹਨ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਸੂਰਜ ਦੀ ਜੋਤ ਦਾ ਪ੍ਰਕਾਸ਼ ਹੁੰਦਿਆਂ ਹੀ ਚਾਨਣ ਹੋ ਜਾਂਦਾ ਹੈ ਤੇ ਹਨੇਰਾ ਗੁੰਮ ਹੋ ਜਾਂਦਾ ਹੈ।

(੨) (ਫਿਰ) ਸੰਸਾਰੀ ਲੋਕ ਆਪਣੇ ਕਾਰ-ਵਿਹਾਰਾਂ ਵਿਚ ਲੱਗ ਜਾਂਦੇ ਹਨ ਤੇ ਸੂਰਜ ਸਭ ਨੂੰ (ਹਨੇਰੇ ਨਾਲ ਪਏ) ਬੰਧਨਾਂ ਤੋਂ ਮੁਕਤ ਕਰ ਦੇਂਦਾ ਹੈ।

(੩) (ਅਤੇ) ਪਸ਼ੂ ਪੰਛੀ ਤੇ ਹਰਨਾਂ ਦੀਆਂ ਡਾਰਾਂ ਸਭ ਆਪੋ ਵਿਚ ਪ੍ਰੇਮ-ਪਿਆਰ ਬੋਲ ਬੋਲ ਕੇ ਇਕ ਦੂਜੇ ਨੂੰ ਸੁਣਾਉਂਦੇ ਹਨ।

(੪) (ਮਸੀਤਾਂ ਵਿਚ) ਮੁੱਲਾਂ ਬਾਂਗਾਂ ਦੇਂਦੇ ਹਨ (ਡੇਰਿਆਂ ਵਿਚ) ਜੋਗੀ ਸਿੰਙੀਆਂ ਦੇ ਨਾਦ ਵਜਾਉਂਦੇ ਹਨ ਤੇ (ਬਾਦਸ਼ਾਹਾਂ ਦੇ ਦਰਵਾਜ਼ਿਆਂ ਅਗੇ) ਨਗਾਰਿਆਂ ਤੇ ਚੋਬਾਂ ਲਗਦੀਆਂ ਹਨ ਤੇ ਉਹ ਖ਼ੂਬ ਵੱਜਦੇ ਹਨ।

(੫) (ਹੋਰ ਤਾਂ ਸਾਰੇ ਪ੍ਰਸੰਨਤਾ ਵਿਚ ਆਉਂਦੇ ਹਨ ਪਰ) ਉੱਲੂ ਨੂੰ ਸੂਰਜ ਨਹੀਂ ਦਿਸਦਾ (ਉਹ ਅੱਖਾਂ ਬੰਦ ਕਰ) ਝਾੜਾਂ ਵਿਚ ਲੁਕ ਕੇ ਦਿਨੇ (ਚਾਨਣ ਦਾ) ਸਮਾਂ ਮਸਾਂ ਹੀ ਟਪਾਉਂਦਾ ਹੈ।

(੬) (ਇਸੇ ਤਰ੍ਹਾਂ) ਸਾਧ ਸੰਗਤ ਵਿਚ ਜਾ ਕੇ, ਗੁਰੂ ਦੇ ਸ਼ਬਦ ਨੂੰ ਸੁਣਕੇ ਮਨਮੁਖ ਦੇ ਮਨ ਵਿਚ ਨ ਪ੍ਰੇਮਾ-ਭਗਤੀ ਪੈਦਾ ਹੁੰਦੀ ਹੈ ਤੇ ਨਾ ਹੀ ਉਹ ਮਨ ਵਿਚ (ਪ੍ਰਮੇਸ਼ਰ ਦੇ) ਡਰ ਨੂੰ ਹੀ ਲਿਆਉਂਦਾ ਹੈ।

(੭) (ਇਸ ਕਰਕੇ) ਮਨਮੁਖ ਆਪਣੇ ਜਨਮ ਨੂੰ ਬਿਰਥਾ ਹੀ ਗਵਾ ਲੈਂਦਾ ਹੈ।੬।

***ਭਾਵਾਰਥ :*** ਇਸੇ ਤਰ੍ਹਾਂ ਸੀਨੇ-ਬ-ਸੀਨੇ ਇਕ ਕਹਾਣੀ ਸੁਣਦੇ ਆ ਰਹੇ ਹਾਂ ਕਿ ਇਕ ਉੱਲੂ ਹਜ਼ਾਰ ਕੁ ਵਰ੍ਹੇ ਦਾ ਮਰਨ ਲੱਗਾ ਸੀ ਉਸ ਪਾਸੋਂ ਹੋਰ ਉੱਲੂ ਪੁੱਛਣ ਲੱਗੇ, ਕਿਉ

ਜੀ! ਤੁਸਾਂ ਕਦੇ ਸੂਰਜ ਵੇਖਿਆ ਸੀ ਕਿ ਨਹੀਂ? ਉਸ ਨੇ ਅੱਗੋਂ ਉੱਤਰ ਦਿੱਤਾ ਕਿ ਹੇ ਭਾਈਓ! ਮੈਂ ਆਪਣੇ ਬਾਬੇ ਪਾਸੋਂ ਜੋ ਕਿ ਦੋ ਹਜ਼ਾਰ ਵਰ੍ਹੇ ਦਾ ਮਰਣ ਲੱਗਾ ਸੀ ਇਹੋ ਗੱਲ ਪੁੱਛੀ ਸੀ ਉਸਨੇ ਇਹੋ ਕਿਹਾ ਸੀ ਕਿ ਲੋਕਾਂ ਨੇ ਐਵੇਂ ਹੀ ਸੂਰਜ ਦਾ ਡਰਾਵਾ ਰੱਖਿਆ ਹੋਇਆ ਹੈ, ਤੁਸੀਂ ਡਰਨਾ ਨਹੀਂ, ਸੜਾ ਸੂਰਜ ਕਿਧਰੇ ਨਹੀਂ ਹੈ। ਇਸੇ ਤਰ੍ਹਾਂ ਮਨਮੁਖ ਪ੍ਰਮੇਸਰ ਗੁਰੂ ਦੇ ਸ਼ਬਦ ਤੋਂ ਵਿਮੁਖ ਰਹਿ ਕੇ ਨਾਸਤਕ ਹੀ ਮਰ ਜਾਂਦੇ ਹਨ। ਪਰ ਗੁਰੂ ਦਾ ਤਾਂ ਸਿਖ ਲਈ ਇਹੋ ਹੀ ਉਪਦੇਸ਼ ਹੈ ਕਿ:

ਉਪਦੇਸੁ ਸੁਣਹੁ ਤੁਮ ਗੁਰਸਿਖਹੁ ਸਚਾ ਇਹੈ ਸੁਆਉ ॥
ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਾਇਹੁ ਭਾਉ ॥
*(ਸਲੋਕ ਮ: ੫, ਪੰਨਾ ੯੬੩)*

ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ ॥
*(ਸਾਰਗ ਮ: ੪, ਪੰਨਾ ੧੨੦੦)*

ਉਪਦੇਸੁ ਗੁਰੂ ਸੁਣਿ ਮੰਨਿਆ
ਧੁਰਿ ਮਸਤਕਿ ਪੂਰਾ ਭਾਗੁ ॥
*(ਬਿਲਾਵਲ ਕੀ ਵਾਰ ਮ: ੪, ਪੰਨਾ ੮੪੯)*

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
*(ਮ: ੪, ਪੰਨਾ ੩੦੫)*

ਉਪਦੇਸੁ ਜਿ ਦਿਤਾ ਸਤਿਗੁਰੂ
ਸੁ ਸੁਣਿਆ ਸਿਖੀ ਕੰਨੇ ॥ *(ਪਉੜੀ, ਪੰਨਾ ੩੧੪)*

ਭਾਵ ਹੈ ਗੁਰੂ ਦਾ ਦਿਤਾ ਉਪਦੇਸ਼ ਜਿਨ੍ਹਾਂ ਨੇ ਅੰਤਰ-ਆਤਮੇ ਧਾਰਨ ਕਰ ਲਿਆ ਹੈ ਉਨ੍ਹਾਂ ਦੇ ਜਨਮ-ਜਨਮਾਤ੍ਰਾਂ ਦੇ ਪਾਪ ਦੋਸ਼ ਲਹਿ ਗਏ, ਉਨ੍ਹਾਂ ਦਾ ਜਨਮ ਸਫਲ ਹੋ ਗਿਆ। ਪਰ ਮਨਮੁਖ ਆਪਣਾ ਜਨਮ ਅਕਾਰਥ ਗਵਾ ਗਏ ਹਨ।

## ੭. ਚੰਦ ਚਕੋਰ ਦੀ ਪ੍ਰੀਤੀ ਤੇ ਇਸ ਤੋਂ ਉਲਟਾ ਦੂਜਾ ਭਾਵ

**੧. ਚੰਦ ਚਕੋਰ ਪਰੀਤਿ ਹੈ**
**ਜਗਮਗ ਜੋਤਿ ਉਦੋਤੁ ਕਰੰਦਾ।**
**੨. ਕਿਰਖਿ ਬਿਰਖਿ ਹੁਇ ਸਫਲ ਫਲਿ**
**ਸੀਤਲ ਸ਼ਾਂਤਿ ਅਮਿਉ ਵਰਸੰਦਾ।**
**੩. ਨਾਰਿ ਭਤਾਰ ਪਿਆਰ ਕਰਿ**
**ਸਿਹਜਾ ਭੋਗ ਸੰਜੋਗ ਬਣੰਦਾ।**
**੪. ਸਭਨਾ ਰਾਤਿ ਮਿਲਾਵੜਾ**
**ਚਕਵੀ ਚਕਵਾ ਮਿਲਿ ਵਿਛੁੜੰਦਾ।**
**੫. ਸਾਧ ਸੰਗਤਿ ਗੁਰ ਸ਼ਬਦ ਸੁਣਿ**
**ਕਪਟ ਸਨੇਹਿ ਨ ਥੇਹ ਲਹੰਦਾ।**
**੬. ਮਜਲਸਿ ਆਵੈ ਲਸਣ ਖਾਇ**
**ਗੰਦੀ ਵਾਸੁ ਮਚਾਏ ਗੰਦਾ।**
**੭. ਦੂਜਾ ਭਾਉ ਮੰਦੀ ਹੂੰ ਮੰਦਾ ॥੭॥**

***ਪਦ ਅਰਥ :*** ਜਗਮਗ ਜੋਤਿ ਉਦੋਤੁ—ਜਗਮਗ ਕਰਦੀ ਜੋਤ ਦਾ ਪ੍ਰਕਾਸ਼। ਅਮਿਉ—ਅੰਮ੍ਰਿਤ। ਭਤਾਰ—ਪਤੀਦੇਵ। ਮਿਲਾਵੜਾ—ਮੇਲ-ਜੋਲ, ਮਿਲਾਪ। ਲਸਣ—ਥੋਮ। ਕਪਟ ਸਨੇਹਿ—ਝੂਠਾ ਪ੍ਰੇਮ। ਨ ਥੇਹ ਲਹੰਦਾ—ਥਹੁ ਨਹੀਂ ਲੈਂਦੇ। ਮਜਲਸਿ—ਸਭਾ ਵਿਚ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਿਵੇਂ ਕਿ ਵੇਖਦੇ ਹਾਂ ਕਿ ਸਾਧ ਸੰਗਤ ਵਿਚ ਮਿਲ ਕੇ ਬੈਠਣ ਵਾਲੇ ਸੱਜਣ ਇਕੋ ਹੀ ਗੁਰੂ ਦਾ ਸ਼ਬਦ ਸੁਣਦੇ ਹਨ, ਪਰ ਸਾਰਿਆਂ ਦੇ ਹਿਰਦੇ ਵਿਚ ਇਕ ਸਮਾਨ ਪ੍ਰਭਾਵ ਨਹੀਂ ਹੁੰਦਾ, ਕਿਉਂ ਜੀ! ਇਸਦਾ ਸਹੀ ਕਾਰਣ ਕੀ ਹੈ?

ਉ: ਹੇ ਭਾਈਓ! ਗੁਰੂ ਦਾ ਉਪਦੇਸ਼ ਤਾਂ ਸਾਰਿਆਂ ਲਈ ਬਰਾਬਰ ਹੈ, ਪਰ ਜਿਨ੍ਹਾਂ ਦੇ ਹਿਰਦੇ ਕਪਟ ਨਾਲ ਮਲੀਨ ਹਨ, ਉਹ ਭਾਵੇਂ ਗੁਰੂ ਦਾ ਸ਼ਬਦ ਸੁਣਦੇ ਭੀ ਹਨ ਤੇ ਮੁਖੋਂ ਗੁਰੂ ਦੇ ਸ਼ਬਦ ਦੀ ਵੀਚਾਰ ਭੀ ਸੁਣਦੇ ਹਨ ਉਨ੍ਹਾਂ ਦੇ ਹਿਰਦੇ ਵਿਚ ਗੁਰੂ ਦਾ ਉਪਦੇਸ਼ ਨਹੀਂ ਵੱਸ ਸਕਦਾ, ਉਹ ਲੋਕ ਸੱਖਣੇ ਹੀ ਰਹਿ ਜਾਂਦੇ ਹਨ ਇਸ ਭਾਵ ਨੂੰ ਗੁਰਬਾਣੀ ਅੰਦਰ ਕਈ ਥਾਵਾਂ 'ਤੇ ਅੰਕਤ ਕੀਤਾ ਗਿਆ ਹੈ:

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ
ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ
ਤੁਹ ਕੂਟੈ ਦੁਖ ਖਾਇ ॥੪॥
*(ਸਾਰਗ ਮ: ੪, ਪੰਨਾ ੧੧੯੯)*

ਹਿਦੈ ਕਪਟ ਮੁਖ ਗਿਆਨੀ ॥
ਝੂਠੇ ਕਹਾ ਬਿਲੋਵਸਿ ਪਾਨੀ ॥੧॥
ਕਾਂਇਆ ਮਾਂਜਸਿ ਕਉਨ ਗੁਨਾਂ ॥
ਜਉ ਘਟ ਭੀਤਰਿ ਹੈ ਮਲਨਾਂ ॥੧॥ਰਹਾਉ॥
ਲਉਕੀ ਅਠਸਠਿ ਤੀਰਥ ਨ੍ਹਾਈ ॥
ਕਉਰਾਪਨ ਤਊ ਨ ਜਾਈ ॥੨॥

*(ਸੋਰਠਿ ਕਬੀਰ ਜੀ, ਪੰਨਾ ੬੫੬)*

ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ
ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ
ਧਰਮਰਾਇ ਤਿਸੁ ਦੇਇ ਸਜਾਇ ॥੩॥

*(ਗੂਜਰੀ ਮ: ੩, ਪੰਨਾ ੪੯੧)*

ਅੰਤਰਿ ਕਪਟੁ ਮਨਮੁਖ ਅਗਿਆਨੀ
ਰਸਨਾ ਝੂਠੁ ਬੋਲਾਇ ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ
ਨਿਤ ਵੇਖੈ ਸੁਣੈ ਸੁਭਾਇ ॥
ਦੂਜੈ ਭਾਇ ਜਾਇ ਜਗੁ ਪਰਬੋਧੈ
ਬਿਖੁ ਮਾਇਆ ਮੋਹ ਸੁਆਇ ॥
ਇਤੁ ਕਮਾਣੈ ਸਦਾ ਦੁਖੁ ਪਾਵੈ
ਜੰਮੈ ਮਰੈ ਫਿਰਿ ਆਵੈ ਜਾਇ ॥
ਸਹਸਾ ਮੂਲਿ ਨ ਚੁਕਈ
ਵਿਚਿ ਵਿਸਟਾ ਪਚੈ ਪਚਾਇ ॥ *(ਮ: ੩, ਪੰਨਾ ੫੧੨)*

ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ
ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ
ਮਰਣੁ ਮਨਹੁ ਵਿਸਾਰਿਆ ॥ *(ਅਨੰਦੁ, ਪੰਨਾ ੯੧੯)*

ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥
ਅੰਤਰਿ ਮੈਲੁ ਅਗਿਆਨੀ ਅੰਧਾ
ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥

*(ਮਾਰੂ ਮ: ੩, ਪੰਨਾ ੧੦੫੦)*

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥

*(ਆਸਾ ਕਬੀਰ ਜੀ, ਪੰਨਾ ੪੮੪)*

ਅੰਤਰਿ ਮੈਲੁ ਤੀਰਥ ਭਰਮੀਜੈ ॥
ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥

*(ਰਾਮਕਲੀ ਮਹਲਾ ੧, ਪੰਨਾ ੯੦੫)*

ਅਠਸਠਿ ਮਜਨੁ ਕਰਿ ਇਸਨਾਨਾ
ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ
ਬਿਨੁ ਸਤਿਗੁਰ ਅੰਧਿਆਰੀ ॥੩॥

*(ਗੂਜਰੀ ਮ: ੫, ਪੰਨਾ ੪੯੫)*

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥

*(ਮ: ੧, ਪੰਨਾ ੪੭੩)*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਰਾਹੀਂ ਇਹੋ ਸੋਝੀ ਮਿਲਦੀ ਹੈ ਕਿ ਉਹ ਅੰਤਰਜਾਮੀ ਸਤਿਗੁਰੂ ਕੇਵਲ ਉਨ੍ਹਾਂ ਲੋਕਾਂ ਦਾ ਹੀ ਆਪਣੇ ਦਰ 'ਤੇ ਆਇਆ ਕਬੂਲ ਨਹੀਂ ਕਰਦੇ ਜੋ ਆਪਣੇ ਸਰੀਰ ਪਰ ਬਨਾਵਟੀ ਬੁਰਕਾ ਪਹਿਨ ਕੇ ਗੁਰੂ ਦਾ ਉਪਦੇਸ਼ ਸੁਣ ਕੇ ਧਾਰਨਾ ਤੋਂ ਸੱਖਣੇ ਰਹਿੰਦੇ ਹਨ। ਉਨ੍ਹਾਂ ਦਾ ਬਾਹਰਲਾ ਪਹਿਰਾਵਾ ਵੇਖ ਕੇ ਸੂਧੇ ਸਾਧੇ ਲੋਕ ਤਾਂ ਪ੍ਰਭਾਵਤ ਹੋ ਜਾਂਦੇ ਹਨ, ਪਰ ਹਰ ਘਟ ਘਟ ਦੀ ਪੀਰ ਪਛਾਨਣਹਾਰ ਸਤਿਗੁਰੂ ਦੀ ਪ੍ਰਸੰਨਤਾ ਨਹੀਂ ਹੁੰਦੀ, ਉਨ੍ਹਾਂ ਦਾ ਸੰਗਤ ਵਿਚ ਆਉਣਾ ਭੀ ਨਾ ਆਉਣ ਦੇ ਬਰਾਬਰ ਹੈ। ਕਿਉਂਕਿ ਗੁਰੂ ਦੀ ਸੱਚੀ ਦਰਗਾਹ ਵਿਚ ਕੇਵਲ ਸਰੀਰਾਂ ਦੀ ਹੀ ਹਾਜ਼ਰੀ ਨਹੀਂ ਲਗਦੀ, ਮਨਾਂ ਦੀ ਹਾਜ਼ਰੀ ਕਬੂਲੀ ਜਾਂਦੀ ਹੈ।

ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਉਪ੍ਰੋਕਤ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਨ੍ਹਾਂ ਵਿਚ ਇਹੋ ਭਾਵ ਦਰਸਾਇਆ ਹੈ ਕਿ ਜਿਨ੍ਹਾਂ ਦੇ ਅੰਤਰ-ਆਤਮੇ ਪਿਆਰ ਭਾਵਨਾ ਹੈ ਉਨ੍ਹਾਂ ਮਨੁੱਖਾਂ ਨੂੰ ਹੀ ਗੁਰੂ ਦੀ ਸੰਗਤ ਵਿਚੋਂ ਪੂਰਨ ਲਾਭ ਪ੍ਰਾਪਤ ਹੁੰਦਾ ਹੈ, ਦ੍ਵੈਤ-ਭਾਵਨਾ ਵਾਲੇ ਸੱਖਣੇ ਰਹਿ ਜਾਂਦੇ ਹਨ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਪ੍ਰੇਮ ਦੀ ਕਿਤਨੀ ਖਿੱਚ ਹੈ ਕਿ) ਚਕੋਰ ਬੜੀ ਤੀਬਰਤਾ ਦੇ ਪ੍ਰੇਮ ਵਿਚ ਆ ਕੇ, ਜਗਮਗ ਕਰ ਰਹੀ ਚੰਦ੍ਰਮਾ ਦੀ ਪ੍ਰਕਾਸ਼ ਜੋਤੀ ਵੱਲ ਵੇਖੀ ਜਾਂਦਾ ਹੈ।

(੨) (ਇਥੇ ਹੀ ਬੱਸ ਨਹੀਂ) ਖੇਤੀਆਂ ਤੇ ਬ੍ਰਿਛ ਦੇ ਫਲ ਤੇ ਫੁੱਲਾਂ ਉਤੇ ਸੀਤਲ ਅਤੇ ਸ਼ਾਂਤੀ ਦਾ (ਚੰਦ੍ਰਮਾ ਇਕ ਰਸ) ਅੰਮ੍ਰਿਤ ਵਰਸਾਉਂਦਾ ਹੈ।

(੩) (ਚੰਦ੍ਰਮਾ ਦੀ ਚਾਨਣੀ ਤੋਂ ਪ੍ਰਭਾਵਤ ਹੋ) ਇਸਤ੍ਰੀ ਪਤੀ ਪ੍ਰਤੀ ਪਿਆਰ ਜਤਾਉਂਦੀ ਹੈ, ਸੇਜਾ ਵਿਛਾਉਂਦੀ ਭੋਗਾਂ ਦੇ ਸੰਜੋਗ ਬਨਾਉਣ ਵਿਚ ਪ੍ਰੀਤੀ ਕਰਦੀ ਹੈ।

(੪) ਇਨ੍ਹਾਂ ਸਭਨਾਂ ਦਾ ਰਾਤ ਨੂੰ ਮਿਲਾਪ ਹੁੰਦਾ ਹੈ, ਪਰ ਚਕਵੀ ਤੇ ਚਕਵੇ ਦਾ ਰਾਤ ਸਮੇਂ ਵਿਛੋੜਾ ਹੋ ਜਾਂਦਾ ਹੈ।

(੫) (ਇਸੇ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਪਟੀ ਲੋਕ) ਸਾਧ ਸੰਗਤ ਵਿਚ ਗੁਰੂ ਦੇ ਸ਼ਬਦ ਨੂੰ ਸੁਣਦੇ ਹਨ, ਪਰ ਕਪਟ-ਪ੍ਰੀਤੀ ਕਾਰਨ ਪ੍ਰੇਮ ਦਾ ਥਹੁ ਨਹੀਂ ਲੈ ਸਕਦੇ (ਭਾਵ ਰਿਦੇ ਭੂਮੀ ਵਿਖੇ ਧਾਰਨਾ ਨਹੀਂ ਕਰਦੇ)।

(੬) (ਉਹ ਹੋਰਨਾਂ ਲਈ ਦੁਖਦਾਈ ਹਨ, ਜਿਵੇਂ) ਕੋਈ ਲਸਣ (ਥੋਮ) ਖਾ ਕੇ ਮਜਲਸ (ਸਭਾ) ਵਿਚ ਆ ਜਾਏ (ਤਾਂ ਉਹ ਗੰਦਾ ਗੰਦੀ ਬਦਬੋ ਹੀ ਫੈਲਾਉਂਦਾ ਹੈ। (ਭਾਵ ਹੈ ਮੰਦਾ ਪੁਰਸ਼ ਸਾਧ ਸੰਗਤ ਦੇ ਦਰਸ਼ਨ ਕਰਦਾ ਵੀ ਅੰਨ੍ਹਾ ਹੈ ਤੇ ਕੰਨਾਂ ਨਾਲ ਗੁਰੂ ਉਪਦੇਸ਼ ਸੁਣਦਾ ਵੀ ਤੇ ਗੰਦੀ ਵਾਸ਼ਨਾ ਦੀ ਉਥੇ ਗੰਦਗੀ ਆ ਮਚਾਉਂਦਾ ਹੈ। ਅਰਥਾਤ (ਬੋ ਖਲਾਰਦਾ ਹੈ)।

(੭) ਸੋ ਐਸਾ (ਕਪਟ ਸਨੇਹੀ) ਦੂਜੇ ਭਾਵ (ਦੂਜੈਗੀ ਵਾਲਾ) ਮੰਦਿਆਂ ਤੋਂ ਭੀ ਮੰਦਾ ਹੈ।੭।

*ਭਾਵਾਰਥ :* ਉਪ੍ਰੋਕਤ ਵਾਰਤਾ ਤੋਂ ਇਹੋ ਹੀ ਭਾਵ ਸਿੱਧ ਹੁੰਦਾ ਹੈ ਕਿ ਇਕ ਗੁਰੂ ਨਾਨਕ ਦੇਵ ਸ਼ਾਂਤ ਸਰੂਪ ਚੰਦ੍ਰਮਾ ਨਾਲ ਚਕੋਰ ਵਾਂਗੂੰ ਪਿਆਰ ਭਗਤੀ ਰਖਕੇ ਹੋਰ ਦੇਵੀ ਦੇਵਤਿਆਂ ਤੇ ਮਸਾਣਾਂ ਪਰ ਭਟਕਣਾ ਚੰਗਾ ਨਹੀਂ ਹੈ, ਜੋ ਭਟਕਣਗੇ ਉਹ ਸਿਖ ਤੇ ਸਿੱਖਣੀਆਂ ਚਕਵਾ ਚਕਵੀ ਵਾਂਗ ਸਾਧ ਸੰਗਤ ਦੇ ਮੇਲ-ਮਿਲਾਪ ਤੋਂ ਸਦਾ ਹੀ ਖ਼ਾਲੀ ਰਹਿਣਗੇ। ਇਸ ਲਈ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਆ ਕੇ ਗੁਰੂ ਦਾ ਉਪਦੇਸ ਸੁਣਕੇ ਦ੍ਵੈਤ-ਭਾਵ ਦਾ ਤਿਆਗ ਕਰਕੇ ਜੀਵਨ ਗੁਜ਼ਾਰਨਾ ਹੀ ਸਫਲ ਹੈ।

## ੮. *ਮਨਮੁਖ ਦਾ ਕੜਛੀ ਰਤਕਾਂ ਨਾਲ ਦ੍ਰਿਸ਼ਟਾਂਤ*

**੧. ਖਟ ਰਸ ਮਿਠ ਰਸ ਮੇਲਿ ਕੈ**
**ਛੱਤੀਹ ਭੋਜਨ ਹੋਨਿ ਰਸੋਈ।**
**੨. ਜੇਵਣਹਾਰ ਜਿਵਾਲੀਐ**
**ਚਾਰਿ ਵਰਨ ਛਿਅ ਦਰਸ਼ਨ ਲੋਈ।**
**੩. ਤ੍ਰਿਪਤਿ ਭੁਗਤਿ ਕਰਿ ਹੋਇ ਜਿਸੁ**
**ਜਿਹਬਾ ਸਾਉ ਸਿਞਾਣੈ ਸੋਈ।**
**੪. ਕੜਛੀ ਸਾਉ ਨ ਸੰਭਲੈ**
**ਛੱਤੀਹ ਬਿੰਜਨ ਵਿੱਚ ਸੰਜੋਈ।**
**੫. ਰੱਤੀ ਰੱਤਕ ਨਾ ਰਲੈ**
**ਰਤਨਾਂ ਅੰਦਰ ਹਾਰਿ ਪਰੋਈ।**
**੬. ਸਾਧਸੰਗਤਿ ਗੁਰੁ ਸ਼ਬਦ ਸੁਣਿ**
**ਗੁਰੁ ਉਪਦੇਸੁ ਅਵੇਸੁ ਨ ਹੋਈ।**
**੭. ਕਪਟ ਸਨੇਹ ਨ ਦਰਗਹ ਢੋਈ॥੮॥**

*ਪਦ ਅਰਥ :* ਜੇਵਣਹਾਰ—ਭੋਜਨ ਬਨਾਉਣ ਵਾਲਾ ਰਸੋਈਆ। ਬਿੰਜਨ—ਭੋਜਨ। ਰੱਤੀ—ਲਾਲ। ਰੱਤਕਾਂ—ਲਾਲੜੀਆਂ। ਅਵੇਸੁ—ਦ੍ਰਿੜ੍ਹ, ਉਪਦੇਸ਼ ਵਿਚ ਵਾਸਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਸ ਸੰਸਾਰ ਦੇ ਅਰੰਭ ਕਾਲ ਤੋਂ ਹੀ ਪੜ੍ਹਦੇ ਸੁਣਦੇ ਆ ਰਹੇ ਹਾਂ ਕਿ ਗੁਰੂ ਦੀ ਸਾਧ ਸੰਗਤ ਦੁਆਰਾ ਗੁਰੂ ਦਾ ਉਪਦੇਸ਼ ਸੁਣਾਇਆ ਤੇ ਸੁਣਿਆ ਜਾ ਰਿਹਾ ਹੈ, ਪਰ ਇਨ੍ਹਾਂ ਵਿਚ ਸੁਣਨ ਤੇ ਸੁਣਾਉਣ ਵਾਲਿਆਂ ਦੀ ਗਿਣਤੀ ਤਾਂ ਭਾਵੇਂ ਬਹੁਤ ਹੈ, ਤਾਂ ਭੀ ਇਨ੍ਹਾਂ ਵਿਚ ਉਹ ਲੋਕ ਬਹੁਤ ਘਟ ਹਨ ਜਿਨ੍ਹਾਂ ਦੀ ਜੀਵਨ ਸ਼ੈਲੀ ਵਿਚ ਤਬਦੀਲੀ ਆਈ ਹੋਵੇ, ਕਿਉਂਕਿ ਵੇਖਦੇ ਹਾਂ ਕਿ ਵਧੇਰੇ ਸੱਜਣ ਉਹ ਹਨ, ਜਿਨ੍ਹਾਂ ਦੇ ਜੀਵਨ ਦੇ ਚਾਲ੍ਹੀ ਜਾਂ ਪੰਜਾਹ ਸਾਲ ਗੁਜ਼ਰ ਗਏ ਪਰ ਉਨ੍ਹਾਂ ਦੇ ਪਹਿਲੇ ਸੁਭਾਉ ਵਿਚ ਰੰਚਕ ਮਾਤ੍ਰ ਭੀ ਬਦਲ ਨਹੀਂ ਆਈ, ਉਨ੍ਹਾਂ ਦਾ ਓਹੀ ਕ੍ਰੋਧੀ ਸੁਭਾਓ ਉਹੀ ਈਰਖਾਲੂ ਤੇ ਝਗੜਾਲੂ ਆਦਤ ਕਾਇਮ ਹੈ, ਕਿਉ ਜੀ, ਬਾਣੀ ਵਿਚ ਅਜਿਹੇ ਲੋਕਾਂ ਬਾਰੇ ਭੀ ਕੁਝ ਜਿਕਰ ਆਉਂਦਾ ਹੈ, ਜੋ ਤੁਹਾਡੇ ਪੜ੍ਹਨ ਵਿਚ ਆਇਆ ਹੋਵੇ ਤਾਂ ਜਾਣਕਾਰੀ ਦੇਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਅਜਿਹੇ ਲੋਕਾਂ ਦੇ ਜੀਵਨ ਜਿਨ੍ਹਾਂ ਨੇ ਸੰਗਤ ਵਿਚ ਰਹਿ ਕੇ ਗੁਰੂ ਦੇ ਉਪਦੇਸ ਨੂੰ ਸੁਣਦਿਆਂ ਤੇ ਸੁਣਾਂਦਿਆਂ ਧਾਰਨਾ ਤੋਂ ਸੱਖਣੇ ਹੀ ਗੁਜ਼ਾਰ ਦਿਤਾ ਹੈ ਉਨ੍ਹਾਂ ਦੇ ਜੀਵਨ ਨੂੰ ਗੁਰਬਾਣੀ ਨੇ ਕੇਵਲ ਕੜਛੀ ਦੀ ਤੁਲਨਾ ਹੀ ਦਿਤੀ ਹੈ, ਜਿਵੇਂ ਕਿ :

ਕੜਛੀਆ ਫਿਰੰਨਿ੍ ਸੁਆਉ ਨ ਜਾਣਨਿ੍ ਸੁਞੀਆ॥
*(ਸਲੋਕ ਮ. ੫, ਪੰਨਾ ੫੨੧)*

ਭਾਵ ਹੈ ਜਿਵੇਂ ਕੜਛੀਆਂ ਤਰ੍ਹਾਂ ਤਰ੍ਹਾਂ ਦੇ ਭੋਜਨਾਂ ਵਿਚ ਫਿਰਦੀਆਂ ਹਨ, ਪਰ ਉਹ ਖ਼ੁਦ ਕਿਸੇ ਭੀ ਭੋਜਨ ਦਾ ਰਸ ਨਹੀਂ ਜਾਣਦੀਆਂ ਅਰਥਾਤ ਉਸ ਕੜਛੀ ਨੂੰ ਕਿਸੇ ਭੀ ਬਣਾਏ ਭੋਜਨ ਦਾ ਕੋਈ ਲਾਭ ਨਹੀਂ ਹੈ, ਕਿਉਂਕਿ ਤ੍ਰਿਪਤੀ ਤਾਂ ਉਸ ਭੋਜਨ ਨੂੰ ਛਕਣ ਵਾਲਾ ਹੀ ਪ੍ਰਾਪਤ ਕਰਦਾ ਹੈ। ਇਸੇ ਹੀ ਤਰ੍ਹਾਂ ਜੋ ਬਾਣੀ ਨੂੰ ਸੁਣਦਾ ਤੇ ਸੁਣਾਉਂਦਾ ਹੋਇਆ ਧਾਰਨਾ ਤੋਂ ਸੱਖਣਾ ਜੀਵਨ ਗੁਜ਼ਾਰ ਜਾਂਦਾ ਹੈ ਉਸਨੂੰ ਭੀ ਆਤਮਕ ਉੱਨਤੀ ਦਾ ਕੋਈ ਲਾਭ ਹਾਸਲ ਨਹੀਂ ਹੁੰਦਾ, ਸਗੋਂ ਬਾਣੀ ਨੇ ਉਸ ਦੇ ਜੀਵਨ ਨੂੰ ਦੋਸ਼ੀ ਠਹਿਰਾਇਆ ਹੈ, ਜਿਵੇਂ ਕਿ :

ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥ *(ਸੁਖਮਨੀ, ਪੰਨਾ ੨੬੯)*

ਅਵਰ ਉਪਦੇਸੈ ਆਪਿ ਨ ਬੂਝੈ ॥
ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥

*(ਆਸਾ ਮ: ੫, ਪੰਨਾ ੩੭੨)*

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥੯੮॥

*(ਸਲੋਕ ਕਬੀਰ ਜੀ, ਪੰਨਾ ੧੩੬੯)*

ਭਾਵ ਹੈ, ਜੋ ਹੋਰਨਾਂ ਪ੍ਰਤੀ ਤਾਂ ਉਪਦੇਸ਼ ਕਰਦੇ ਹਨ, ਪਰ ਆਪ ਉਸ 'ਤੇ ਅਮਲ ਨਹੀਂ ਕਰਦੇ ਉਨ੍ਹਾਂ ਨੂੰ ਜੰਮਣ ਮਰਨ ਦਾ ਸਦਾ ਹੀ ਦੁਖ ਸਹਾਰਨਾ ਪੈਂਦਾ ਹੈ। ਜਾਂ, ਆਮ ਲੋਕਾਂ ਨੂੰ ਤਾਂ ਗੁਰਮਤ ਦੀ ਸਿਖਿਆ ਸੁਣਾਉਂਦੇ ਹਨ, ਪਰ ਆਪ ਉਸਤੇ ਅਮਲ ਨਹੀਂ ਕਰਦੇ, ਉਨ੍ਹਾਂ ਦੇ ਮੁਖ ਪਰ ਤਾਂ ਲਾਹ੍ਨਤਾਂ ਦੀ ਰੇਤ ਹੀ ਪੈਂਦੀ ਹੈ, ਉਨ੍ਹਾਂ ਨੂੰ ਤਾਂ ਇਉਂ ਹੀ ਸਮਝਣਾ ਪਵੇਗਾ ਕਿ ਉਨ੍ਹਾਂ ਦਾ ਆਪਣਾ ਖੇਤ ਤਾਂ, ਭਾਵ ਦੈਵੀ ਗੁਣਾਂ ਦੀ ਖੇਤੀ ਨੂੰ ਤਾਂ ਕਾਮ ਆਦਿਕ ਵਿਕਾਰ ਉਜਾੜੀ ਜਾ ਰਹੇ ਹਨ ਪਰ ਉਹ ਹੋਰਨਾਂ ਦੇ ਸ਼ੁਭ ਗੁਣਾਂ ਦੀ ਰਾਖੀ ਕਰਨ ਦਾ ਦਾਅਵਾ ਕਰਦੇ ਹਨ, ਉਨ੍ਹਾਂ ਨੂੰ ਕੋਈ ਭੀ ਲਾਭ ਪ੍ਰਾਪਤ ਨਹੀਂ ਹੋਵੇਗਾ। ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਗਿਆ ਹੈ। ਜਿਵੇਂ ਕਿ :

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ ॥੧॥

*(ਧਨਾਸਰੀ ਮ: ੪, ਪੰਨਾ ੬੬੯)*

ਇਸ ਤੋਂ ਆਦਿ ਹੋਰ ਭੀ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਸਤਿਗੁਰੂ ਦੀ ਆਗਿਆ ਦਾ ਪਾਲਣ ਕਰਨ ਵਾਲੇ ਦਾ ਗੁਰੂ ਉਪਦੇਸ਼ ਦਿਤਾ ਜਾ ਸੁਣਿਆ ਹੀ ਰੱਬੀ ਦਰਬਾਰ ਵਿਚ ਕਬੂਲ ਹੁੰਦਾ ਹੈ। ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ ਕਿ ਛੱਤੀ ਪ੍ਰਕਾਰ ਕੇ ਭੋਜਨਾਂ ਨੂੰ ਛਕਣ ਵਾਲਾ ਹੀ ਤ੍ਰਿਪਤ ਹੋ ਸਕਦਾ ਹੈ, ਬਾਕੀ ਤਾਂ ਗੱਲਾਂ ਕਰਨ ਵਾਲੇ ਖ਼ਾਲੀ ਹੀ ਰਹਿ ਜਾਂਦੇ ਹਨ :

(੧) (ਜਿਵੇਂ ਕਿ) ਖੱਟੇ ਰਸ ਤੇ ਮਿੱਠੇ ਰਸਾਂ ਨੂੰ ਮਿਲਾ ਕੇ, ਛੱਤੀ ਪ੍ਰਕਾਰ ਕੇ ਭੋਜਨ ਰਸੋਈ ਵਿਚ ਬਣਾਏ ਜਾਂਦੇ ਹਨ।
(੨) (ਭੋਜਨ ਬਣਾਉਣ ਵਾਲਾ) ਰਸੋਈਆ ਚਾਰ ਵਰਨਾਂ ਤੇ ਛੇ ਦਰਸ਼ਨਾਂ (ਧਰਮਾ) ਦੇ ਲੋਕਾਂ ਨੂੰ ਭੋਜਨ ਛਕਾਉਂਦਾ ਹੈ।
(੩) (ਪੂਰਨ ਭੋਜਨ ਖਾ ਕੇ ਜਿਸਨੂੰ ਤ੍ਰਿਪਤੀ ਹੁੰਦੀ ਹੈ ਉਸੇ ਦੀ ਰਸਨਾ (ਭੋਜਨ ਦੇ ਖਟ ਮਿਠ ਰਸਾਂ ਦੇ) ਸੁਆਦ ਨੂੰ ਜਾਣ ਜਾਂ ਪਛਾਣ ਸਕਦੀ ਹੈ।
(੪) (ਪਰ ਸਭ ਭੋਜਨਾਂ ਵਿਚ ਫਿਰਨ ਵਾਲੀ) ਕੜਛੀ ਕਿਸੇ ਵੀ ਸੁਆਦ ਨੂੰ) ਨਹੀਂ ਸੰਭਾਲ ਸਕਦੀ, ਭਾਵੇਂ ਉਹ ਸਭ ਪ੍ਰਕਾਰ ਦੇ ਭੋਜਨਾਂ ਵਿਚ ਫਿਰਦੀ ਹੈ।
(੫) (ਕੀਮਤੀ) ਲਾਲਾਂ ਅਤੇ ਲਾਲੜੀਆਂ (ਰੱਤਕਾਂ) ਦਾ ਆਪੋ ਵਿਚ ਮੇਲ ਹੀ ਕੋਈ ਨਹੀਂ ਭਾਵੇਂ ਉਨ੍ਹਾਂ ਨੂੰ ਇਕੱਠੇ ਇਕੋ ਹਾਰ ਵਿਚ ਪਰੋ ਦਿਓ।
(੬) (ਇਸੇ ਤਰ੍ਹਾਂ ਮਨਮੁਖ ਦਾ ਹਾਲ ਹੈ। ਉਹ) ਸਾਧ ਸੰਗਤ ਵਿਚੋਂ ਗੁਰੂ ਸ਼ਬਦ ਨੂੰ ਸੁਣਦਾ ਹੈ, ਪਰ ਸ਼ਬਦ ਵਿਚ ਕੀਤੇ ਗਏ ਉਪਦੇਸ਼ ਦਾ ਉਸ ਉਤੇ ਰੰਚਕ ਭਰ ਵੀ ਅਸਰ ਨਹੀਂ ਹੁੰਦਾ।
(੭) (ਆਖ਼ਰੀ ਪੰਗਤੀ ਵਿਚ ਭਾਈ ਸਾਹਿਬ ਜੀ ਦਸਦੇ ਹਨ ਕਿ ਇਹੋ ਕਾਰਨ ਹੈ ਕਿ) ਇਹੋ ਜਿਹੇ ਕਪਟ ਸਨੇਹੀਆਂ ਨੂੰ ਪ੍ਰਭੂ ਦੀ ਦਰਗਾਹ ਵਿਚ ਢੋਈ ਨਹੀਂ ਮਿਲਦੀ।੮।

***ਭਾਵਾਰਥ :*** ਕਪਟੀ ਲੋਕ ਭਾਵੇਂ ਕਿਤਨਾ ਹੀ ਗੁਰੂ ਦਾ ਉਪਦੇਸ ਸੁਣਦੇ ਤੇ ਕਰਦੇ ਰਹਿਣ ਉਹ ਲੋਕ ਕੜਛੀਆਂ ਵਾਂਗੂ ਸੁਆਦ ਤੋਂ ਖ਼ਾਲੀ ਹੀ ਰਹਿੰਦੇ ਹਨ, ਭਾਵ ਰਤਕਾਂ ਵਾਂਗੂ ਸਾਧ ਸੰਗਤ ਵਿਖੇ ਮਿਲ ਕੇ ਭੀ ਬੈਠਣ ਤਾਂ ਵੀ ਪਰਖੇ ਜਾਂਦੇ ਹਨ। ਅਰ ਗੁਰਮੁਖ ਲੋਕ ਜਿਹਬਾ ਵਾਂਗੂ ਸਤਿਗੁਰਾਂ ਦੇ ਸ਼ਬਦ ਦਾ ਰਸ ਮਾਣ ਕੇ ਅਨੰਦ ਪ੍ਰਾਪਤ ਕਰਦੇ ਹਨ।

ਛੱਤੀ ਪ੍ਰਕਾਰ ਦੇ ਭੋਜਨ ਹੇਠ ਲਿਖੇ ਅਨੁਸਾਰ ਹਨ :

੧. ਰੋਟੀ, ੨. ਪੂੜਾ, ੩. ਪੂੜੀ, ੪. ਕਚੌਰੀ, ੫. ਚਾਵਲ, ੬. ਦਾਲ, ੭. ਸਾਗ, ੮. ਭੁਰਜੀ, ੯. ਕੜ੍ਹੀ, ੧੦. ਵੜੀਆਂ,

੧੧. ਖਿਚੜੀ, ੧੨. ਸੇਵੀਆਂ, ੧੩. ਵੜੇ ਪਕੌੜੀਆਂ, ੧੪. ਚਟਣੀ, ੧੫. ਅਚਾਰ, ੧੬. ਮੁਰੱਬੇ, ੧੭. ਪਤੌੜ, ੧੮. ਰਾਇਤੇ, ੧੯. ਪਾਪੜ, ੨੦. ਕੜਾਹ, ੨੧. ਪੰਜੀਰੀ, ੨੨. ਖੀਰ, ੨੩. ਸੀਰਣੀ, ਲੱਡੂ ਜਲੇਬੀ ਆਦਿਕ, ੨੪. ਲਾਪਸੀ, ੨੫. ਰਬੜੀ, ੨੬. ਮਲਾਈ, ੨੭. ਪਨੀਰ ੨੮. ਮੱਖਣ, ੨੯. ਸਿਖਰਣੀ, ੩੦. ਅਮਰ ਰਸ ਆਦਿ ਦੁੱਧ ਵਿਚ ਬਣਾਏ ਹੋਏ ਰਸ, ੩੧. ਕਾਂਜੀ, ੩੨. ਫਲੂਦਾ, ੩੩. ਫਲ, ੩੪. ਮੱਠੀ, ੩੫. ਫੇਣੀਆਂ ੩੬. ਪਾਨ, ਲਾਚੀ ਆਦਿਕ ਸੁਗੰਧਿਤ ਵਸਤਾਂ।

## ੯. ਹਾਥੀ ਤੁੰਮੇ ਵਾਙੂੰ ਹੋਰ ਦ੍ਰਿਸ਼ਟਾਂਤ

੧. ਨਦੀਆਂ ਨਾਲੇ ਵਾਹੜੇ
ਗੰਗ ਸੰਗ ਮਿਲਿ ਗੰਗ ਹੁਵੰਦੇ।
੨. ਅਠਸਠਿ ਤੀਰਥ ਸੇਵਦੇ
ਦੇਵੀ ਦੇਵਾ ਸੇਵ ਕਰੰਦੇ।
੩. ਲੋਕ ਵੇਦ ਗੁਣ ਗਿਆਨ ਵਿਚ
ਪਤਿਤ ਉਧਾਰਣ ਨਾਉਂ ਸੁਣੰਦੇ।
੪. ਹਸਤੀ ਨੀਰਿ ਨੁਵਾਲੀਅਨਿ
ਬਾਹਰਿ ਨਿਕਲੇ ਛਾਰੁ ਛਣੰਦੇ।
੫. ਸਾਧਸੰਗਤਿ ਗੁਰ ਸ਼ਬਦ ਸੁਣਿ
ਗੁਰੁ ਉਪਦੇਸ਼ ਨ ਚਿਤਿ ਧਰੰਦੇ।
੬. ਤੁੰਮੇ ਅੰਮ੍ਰਿਤ ਸਿੰਜੀਐ
ਬੀਜੇ ਅੰਮ੍ਰਿਤ ਫਲ ਨ ਫਲੰਦੇ।
੭. ਕਪਟ ਸਨੇਹ ਨ ਸੇਹ ਪੁਜੰਦੇ ॥੯॥

*ਪਦ ਅਰਥ :* ਵਾਹੜੇ—ਛੋਟੀਆਂ ਨਦੀਆਂ। ਹਸਤੀ—ਹਾਥੀ। ਛਾਰੁ ਛਣੰਦੇ—ਸਿਰ ਵਿਚ ਮਿੱਟੀ ਘੱਟਾ ਪਾ ਲੈਂਦੇ ਹਨ। ਤੁੰਮੇ ਅੰਮ੍ਰਿਤ ਸਿੰਜੀਐ—ਕੁੜੱਤਣ ਵਿਚ ਮਿਠਾਸ ਪਾ ਕੇ ਬੀਜੀਏ। ਸੇਹ—ਸੋਧ ਜਾਂ ਠੀਕ ਜੀਵਨ ਪਦਵੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਗੁਰੂ ਦੀ ਸਤਿਸੰਗਤ ਵਿਚ ਆ ਕੇ ਗੁਰੂ ਦਾ ਸ਼ਬਦ ਸੁਣਨ ਵਾਲੇ ਤਾ ਬਹੁਤ ਲੋਕ ਆਉਣ ਦੇ ਨਿਯਮੀ ਵੇਖੀਦੇ ਹਨ, ਪਰ ਉਹ ਗੁਰੂ ਦੇ ਉਪਦੇਸ ਨੂੰ ਹਿਰਦੇ ਵਿਚ ਧਾਰਨ ਵਲੋਂ ਸੱਖਣੇ ਤੱਕਣ ਵਿਚ ਆਉਂਦੇ ਹਨ, ਕਿਉਂ ਜੀ! ਦੱਸੋਗੇ ਕਿ ਇਸਦਾ ਸਹੀ ਕਾਰਨ ਕੀ ਹੈ, ਕਿ ਐਸਾ ਕਿਉਂ ਹੋ ਰਿਹਾ ਹੈ?

ਉ: ਹੇ ਭਾਈਓ! ਜਦੋਂ ਅਸੀਂ ਇਸ ਸੰਬੰਧੀ ਗੁਰਬਾਣੀ ਦੀ ਖੋਜ ਕਰਦੇ ਹਾਂ, ਬਾਣੀ ਵਿਚ ਤਾਂ ਗੁਰੂ ਦਾ ਉਪਦੇਸ਼ ਸੁਣਨ ਵਾਲਿਆਂ ਲਈ ਇਹੋ ਹੀ ਹਿਦਾਇਤ ਕੀਤੀ ਗਈ ਹੈ ਕਿ ਹੇ ਗੁਰੂ ਦੇ ਪਿਆਰਿਓ! ਜੇ ਤੁਸੀਂ ਮਨ-ਇੱਛਤ ਫਲ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਗੁਰੂ ਦਾ ਉਪਦੇਸ਼ ਸੁਣ ਕੇ ਉਸਨੂੰ ਆਪਣੇ ਹਿਰਦੇ ਅੰਦਰ ਧਾਰਨ ਕਰੋ, ਜਿਸ ਦਾ ਸਦਕਾ ਸਾਰੇ ਫਲ ਪ੍ਰਾਪਤ ਹੋਣਗੇ। ਇਸ ਬਾਰੇ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ, ਜਿਵੇਂ ਕਿ:

ਸੁਨਿ ਉਪਦੇਸੁ ਹਿਰਦੈ ਬਸਾਵਹੁ ॥
ਮਨ ਇਛੇ ਨਾਨਕ ਫਲ ਪਾਵਹੁ ॥੫॥

*(ਸੁਖਮਨੀ ਸਾਹਿਬ, ਪੰਨਾ ੨੯੩)*

ਭਾਵ ਹੈ ਕਿ, ਹੇ ਭਾਈਓ! ਗੁਰੂ ਦਾ ਉਪਦੇਸ਼ ਸੁਣ ਕੇ ਉਸਨੂੰ ਅੰਤਰ-ਆਤਮੇ ਧਾਰਨ ਕਰੋ ਇਸੇ ਧਾਰਨਾ ਦਾ ਸਦਕਾ ਤੁਸੀਂ ਮਨ-ਇਛੇ ਫਲ ਪ੍ਰਾਪਤ ਕਰ ਲਓਗੇ। ਪਰ ਗੁਰੂ ਦੇ ਉਪਦੇਸ਼ ਨੂੰ ਹਿਰਦੇ ਅੰਦਰ ਧਾਰਨ ਲਈ ਪਹਿਲੋਂ ਮਨ ਦੀ ਮਤ ਦਾ ਤਿਆਗ ਕਰਨਾ ਭੀ ਜ਼ਰੂਰੀ ਹੈ, ਜਿਸ ਬਾਰੇ ਬਾਣੀ ਅੰਦਰ ਬਾਰ ਬਾਰ ਹਿਦਾਇਤ ਕੀਤੀ ਗਈ ਹੈ, ਜਿਵੇਂ ਕਿ:

ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥

*(ਬਿਲਾਵਲੁ ਮਹਲਾ ੫, ਪੰਨਾ ੮੧੪)*

ਮਨ ਕੀ ਮਤਿ ਤਿਆਗਹੁ ਹਰਿ ਜਨ
ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ
ਗੁਰ ਸਤਿਗੁਰ ਕੀ ਮਤਿ ਲੈਨੀ ॥੩॥

*(ਬਿਲਾਵਲੁ ਮ: ੪, ਪੰਨਾ ੮੦੦)*

ਮਨ ਕੀ ਮਤਿ ਤਿਆਗਹੁ ਹਰਿ ਜਨ
ਹੁਕਮੁ ਬੂਝਿ ਸੁਖੁ ਪਾਈਐ ਰੇ ॥

*(ਗਉੜੀ ਮ: ੫, ਪੰਨਾ ੨੦੯)*

ਭਾਵ, ਗੁਰੂ ਦਾ ਉਪਦੇਸ਼ ਸੁਣ ਕੇ ਹਿਰਦੇ ਅੰਦਰ ਵਸਾਉਣ ਲਈ ਇਹ ਜ਼ਰੂਰੀ ਹੈ ਕਿ ਪਹਿਲੋਂ ਅਸੀਂ ਆਪਣੇ ਮਨ ਦੀ ਖੋਟੀ ਮਤ ਦਾ ਤਿਆਗ ਕਰੀਏ, ਤਦੋਂ ਹੀ ਗੁਰੂ ਉਪਦੇਸ਼ ਹਿਰਦੇ ਅੰਦਰ ਵੱਸ ਸਕਦਾ ਹੈ, ਪਰ ਇਹ ਬਾਤ ਬਹੁਤ ਔਖੀ ਹੈ। ਜਿਵੇਂ ਕਿਸੇ

ਬਰਤਨ ਵਿਚ ਅਤਿ ਗਲੀਜ਼ ਵਸਤੂ ਭਰੀ ਪਈ ਹੈ ਜਿਤਨਾ ਚਿਰ ਉਸਨੂੰ ਬਾਹਰ ਨਹੀਂ ਕਢਿਆ ਜਾਂਦਾ ਉਤਨਾ ਚਿਰ ਚੰਗੀ ਵਸਤੂ ਉਸ ਵਿਚ ਨਹੀਂ ਪਾਈ ਜਾ ਸਕਦੀ, ਇਸੇ ਤਰ੍ਹਾਂ ਗੁਰੂ ਦਾ ਸ਼ਬਦ ਅੰਮ੍ਰਿਤ ਹੈ ਇਹ ਭੀ ਪਵਿੱਤ੍ਰ ਹਿਰਦੇ ਅੰਦਰ ਹੀ ਠਹਿਰ ਸਕਦਾ ਹੈ। ਮਲੀਨ ਹਿਰਦੇ ਨਾਲ ਕੀਤਾ ਹੋਇਆ ਅਠਾਹਠ ਤੀਰਥਾਂ ਦਾ ਇਸ਼ਨਾਨ ਇਸੇ ਹੀ ਤਰ੍ਹਾਂ ਬੇਅਰਥ ਚਲਾ ਜਾਂਦਾ ਹੈ, ਜਿਵੇਂ ਕਿ ਕਿਸੇ ਹਾਥੀ ਦਾ ਨੁਵਾਇਆ ਹੋਇਆ ਉਸ ਦੇ ਸਰੀਰ ਪਰ ਮਿੱਟੀ ਪਾਉਣ ਨਾਲ ਨਿਸਫਲ ਚਲਾ ਜਾਂਦਾ ਹੈ।

ਸੋ, ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ ਕਿ ਭਾਵੇਂ ਕੋਈ ਜੀਵਨ ਭਰ ਹੀ ਸੰਗਤ ਵਿਚ ਵੱਸਦਾ ਰਹੇ ਜਦੋਂ ਤੀਕ ਸੰਗਤ ਵਿਚ ਸੁਣਿਆ ਹੋਇਆ ਗੁਰੂ ਦਾ ਉਪਦੇਸ਼ ਹਿਰਦੇ ਵਿਚ ਵਸਾਇਆ ਨਹੀਂ ਜਾਂਦਾ, ਉਸਦਾ ਕੀਤਾ ਲੋਕ ਦਿਖਾਵੇ ਲਈ ਸਾਰਾ ਸੁਭ ਕਰਮ ਵਿਅਰਥ ਹੀ ਚਲਾ ਜਾਂਦਾ ਹੈ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਨਦੀਆਂ ਨਾਲੇ ਅਤੇ ਵਾਹੜੇ ਗੰਗਾ ਨਾਲ ਮਿਲ ਕੇ ਗੰਗਾ ਹੀ ਕਹੇ ਜਾਂਦੇ ਹਨ।

(੨) (ਪਰ ਕਪਟ ਸਨੇਹੀ ਇਉਂ ਨਹੀਂ ਹੁੰਦੇ ਓਹ) ਅਠਾਹਠ ਤੀਰਥਾਂ ਨੂੰ ਸੇਵਦੇ, ਦੇਵੀ ਦੇਵਤੇ ਵੀ ਪੂਜਦੇ ਹਨ।

(੩) (ਅਨੇਕਾਂ) ਲੋਕੀਂ ਵੇਦਾਂ ਦੇ ਗੁਣਾਂ ਤੇ ਗਿਆਨਾਂ ਨੂੰ ਵੀ ਵੀਚਾਰ ਤੇ ਪਤਿਤਾਂ ਦਾ ਉਧਾਰ ਕਰਨ (ਭਾਵ ਧਾਰਨ) ਵਾਲੇ ਪ੍ਰਮੇਸ਼ਰ ਦਾ ਨਾਮ ਭੀ ਸੁਣਦੇ ਹਨ।

(੪) (ਪਰ ਇਨ੍ਹਾਂ ਵਿਚੋਂ ਕੋਈ ਵਿਰਲਾ ਹੀ ਪ੍ਰਮੇਸ਼ਰ ਦਾ ਭਗਤ ਹੋਵੇਗਾ, ਨਹੀਂ ਤਾਂ ਬਹੁਤੇ) ਹਾਥੀ ਦੇ ਨ੍ਹਾਉਣ ਵਾਂਗ ਹੀ ਹਨ। (ਹਾਥੀ ਪਾਣੀ ਤੋਂ ਬਾਹਰ ਨਿਕਲਦਾ ਹੀ ਫੇਰ) ਮਿਟੀ ਘੱਟਾ ਉਡਾਉਣ ਲੱਗ ਜਾਂਦਾ ਤੇ ਲਿੱਬੜ ਜਾਂਦਾ ਹੈ।

(੫) (ਇਸੇ ਤਰ੍ਹਾਂ ਕਪਟ ਸਨੇਹੀ, ਦਿਖਾਵੇ ਦੇ ਸਿਖ) ਸਾਧ ਸੰਗਤ ਵਿਚ ਗੁਰੂ ਦਾ ਸ਼ਬਦ ਤੇ ਗੁਰੂ ਦਾ ਉਪਦੇਸ਼ ਸੁਣਦੇ ਹਨ, ਪਰ ਚਿੱਤ ਵਿਚ ਨਹੀਂ ਵਸਾਉਂਦੇ।

(੭) (ਜਿਵੇਂ) ਤੁੰਮੇ ਵਿਚ ਅੰਮ੍ਰਿਤ ਭਰ ਕੇ ਬੀਜੋ, ਪਰ ਅੰਮ੍ਰਿਤ ਦੀ ਥਾਂ ਉਸਦਾ ਫਲ ਤੁੰਮਾਂ (ਕੁੜੱਤਣ) ਹੀ ਹੁੰਦਾ ਹੈ (ਭਾਵ ਅੰਮ੍ਰਿਤ ਦਾ ਉਸਤੇ ਕੋਈ ਭੀ ਅਸਰ ਨਹੀਂ ਹੁੰਦਾ)।

(੮) ਸੋ ਐਸੇ ਦਿਖਾਵੇ ਦੇ ਕਪਟੀ ਮਿਤ੍ਰਤਾਈ ਤੇ ਪਿਆਰ ਵਾਲੇ ਸੋਹ (ਜੀਵਨ ਦੀ ਠੀਕ ਸੋਧ) ਨੂੰ ਪ੍ਰਾਪਤ ਨਹੀ ਕਰ ਸਕਦੇ। ਪ੍ਰਾਪਤ ਕਰਨਾ ਤਾ ਕਿਤੇ ਰਿਹਾ ਉਥੋਂ ਤਕ ਪੁੱਜ ਹੀ ਨਹੀਂ ਸਕਦੇ।੯।

***ਭਾਵਾਰਥ :*** ਜਿਸ ਦੇ ਹਿਰਦੇ ਅੰਦਰ ਕਪਟ, ਛਲ, ਫ਼ਰੇਬ ਹੈ ਉਸਦੇ ਲੋਕ-ਦਿਖਾਵੇ ਲਈ ਕੀਤੇ ਹੋਏ ਸੁਭ ਕਰਮ ਇਸੇ ਤਰ੍ਹਾਂ ਹੈਨ, ਜਿਸ ਤਰ੍ਹਾ ਕਿਸੇ ਦਾ ਪਾਣੀ ਨੂੰ ਰਿੜਕਦੇ ਰਹਿਣ ਨਾਲ ਮੱਖਣ ਨਹੀਂ ਪ੍ਰਾਪਤ ਹੋ ਸਕਦਾ, ਉਹ ਭਾਵੇਂ ਮੁਖੋਂ ਕਿਤਨਾ ਭੀ ਗਿਆਨ ਕਥਨ ਕਰਦਾ ਹੈ ਉਸਦਾ ਸਭੋ ਕੁਝ ਬੇਅਰਥ ਹੈ। ਇਸ ਲਈ ਜਿਤਨਾ ਚਿਰ ਗੁਰੂ ਦਾ ਦਿੱਤਾ ਉਪਦੇਸ਼ ਸੁਣਨ ਵਾਲਾ ਆਪਣੇ ਅੰਦਰ ਨਹੀਂ ਧਾਰਨ ਕਰਦਾ ਉਸਦਾ ਸਭੋ ਕੁਝ ਕੀਤਾ ਕਰਾਇਆ ਬੇ-ਅਰਥ ਹੈ।

## ੧੦. ਮਨਮੁਖ ਬਾਂਝ-ਇਸਤ੍ਰੀ ਬਰਾਬਰ ਹੈ

**੧. ਰਾਜੇ ਦੇ ਸਉ ਰਾਣੀਆਂ**
**ਸੇਜੈ ਆਵੈ ਵਾਰੋ ਵਾਰੀ।**
**੨. ਸਭੇ ਹੀ ਪਟਰਾਣੀਆਂ**
**ਰਾਜੇ ਇਕ ਦੂੰ ਇਕ ਪਿਆਰੀ।**
**੩. ਸਭਨਾਂ ਰਾਜਾ ਰਾਵਣਾ**
**ਸੁੰਦਰ ਮੰਦਰਿ ਸੇਜ ਸਵਾਰੀ।**
**੪. ਸੰਤਤ ਸਭਨਾਂ ਰਾਣੀਆਂ**
**ਇਕ ਅੱਧਕਾ ਸੰਢਿ ਵਿਚਾਰੀ**
**੫. ਦੋਸ ਨ ਰਾਜੇ ਰਾਣੀਐ**
**ਪੂਰਬ ਲਿਖਤ ਨ ਮਿਟੈ ਲਿਖਾਰੀ।**
**੬. ਸਾਧ ਸੰਗਤਿ ਗੁਰ ਸ਼ਬਦ ਸੁਣਿ**
**ਗੁਰ ਉਪਦੇਸ਼ ਨ ਮਨਿ ਉਰਧਾਰੀ।**
**੭. ਕਰਮ ਹੀਣ ਦੁਰਮਤਿ ਹਿਤਕਾਰੀ ॥੧੦॥**

***ਪਦ ਅਰਥ :*** ਪਟਰਾਣੀਆਂ—ਰਾਣੀਆਂ ਦੀ ਸਿਰਮੌਰ, ਸਰਦਾਰਨੀ। ਰਾਵਣਾ—ਪਿਆਰ ਪ੍ਰਾਪਤ ਕਰਨਾ, ਭੋਗਣਾ। ਸੰਤਤ—ਉਲਾਦ। ਸੰਢਿ—ਬੇ-ਉਲਾਦ। ਪੂਰਬ—ਧੁਰ ਦਾ।

***ਅਰਥ :***

੧: ਭਾਈ ਸਾਹਿਬ ਜੀਉ! ਆਦਿ ਕਾਲ ਤੋਂ ਹੀ ਸੁਣਦੇ

ਆ ਰਹੇ ਹਾਂ ਅਤੇ ਵਰਤਮਾਨ ਸਮੇਂ ਵਿਚ ਭੀ ਤੱਕਦੇ ਹਾਂ ਕਿ ਚੌਹਾਂ ਵਰਨਾਂ ਅੰਦਰ ਰੱਬੀ ਮਾਰਗ 'ਤੇ ਚੱਲਣ ਵਾਲੇ ਵੱਖੋ ਵੱਖ ਫ਼ਿਰਕੇ ਨਜ਼ਰ ਆਉਂਦੇ ਹਨ, ਹਰ ਫ਼ਿਰਕਾ ਹੀ ਆਪਣੇ ਆਪ ਨੂੰ ਰੱਬੀ ਦਰਬਾਰ ਵਿਚ ਪੁੱਜਣ ਦਾ ਦਾਅਵੇਦਾਰ ਅਨੁਭਵ ਕਰਦਾ ਹੈ, ਪਰ ਇਨ੍ਹਾਂ ਨੂੰ ਸਾਰਿਆਂ ਦੇ ਵੀਚਾਰ ਖਾਣ-ਪਹਿਰਨ, ਬੋਲ, ਚਾਲ ਇਕ ਦੂਸਰੇ ਨਾਲ ਉੱਕਾ ਹੀ ਤਾਲ-ਮੇਲ ਨਹੀਂ ਕਰਦੇ, ਕਿਉਂ ਜੀ ! ਤੁਸੀਂ ਇਨ੍ਹਾਂ ਸਾਰਿਆਂ ਵਿਚੋਂ ਕਿਸ ਦੇ ਵੀਚਾਰਾਂ ਨਾਲ ਸਹਿਮਤ ਹੋ ਜਾਂ ਕਿ ਇਨ੍ਹਾਂ ਤੋਂ ਕੋਈ ਵੱਖਰੇ ਵੀਚਾਰ ਰਖਦੇ ਹੋ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਏਹ ਠੀਕ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਕਾਸ਼ ਹੋਣ ਤੋਂ ਪਹਿਲੋਂ ਸੰਸਾਰ ਭਰ ਵਿਚ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਹੀ ਮੱਤਾਂ ਦਾ ਪ੍ਰਕਾਸ਼ ਹੋ ਰਿਹ ਸੀ, ਪਰ ਜਦੋਂ ਗੁਰੂ ਨਾਨਕ ਦੇਵ ਜੀ ਦੀ ਪਵਿੱਤ੍ਰ ਇਲਾਹੀ ਬਾਣੀ ਦੀ ਰੌਸ਼ਨੀ ਜੱਗ ਵਿਚ ਆਈ ਤਾਂ ਉਸਦੇ ਪ੍ਰਕਾਸ਼ ਦੇ ਸਾਮ੍ਹਣੇ ਦੁਨੀਆਂ ਦੇ ਸਾਰੇ ਹੀ ਮੱਤ ਮਤਾਂਤ੍ਰਾਂ ਦਾ ਚਾਨਣ ਧੁੰਦਲਾ ਪ੍ਰਤੀਤ ਹੋਣ ਲੱਗ ਪਿਆ, ਭਾਵ ਜਿਸ ਜਿਸ ਹੱਦ 'ਤੇ ਸਾਰੇ ਫ਼ਿਰਕਿਆਂ ਦਾ ਸਿਧਾਂਤ ਜਾ ਖਲੋਂਦਾ ਦੇਖਣ ਵਿਚ ਆਇਆ ਉਥੋਂ ਅਗੇ ਗੁਰਮਤ ਦਾ ਅਰੰਭ ਹੁੰਦਾ ਪੜ੍ਹਨ ਤੇ ਸੁਣਨ ਵਿਚ ਆਇਆ, ਅਰਥਾਤ ਰੱਬੀ ਦਰਬਾਰ ਤੱਕ ਪੁਚਾਉਣ ਵੱਲੋਂ ਸਾਰੇ ਹੀ ਮੱਤ ਅਸਮਰੱਥ ਨਜ਼ਰ ਆਏ, ਭਾਵੇਂ ਹਰ ਫ਼ਿਰਕਾ ਹੀ ਆਪਣੇ ਮੱਤ ਦੀ ਸ਼ਲਾਘਾ ਕਰਦਾ ਦਿਸਦਾ ਹੈ। ਇਸ ਭਾਵ ਨੂੰ ਬਾਣੀ ਅੰਦਰ ਕਈ ਥਾਵਾਂ 'ਤੇ ਅੰਕਤ ਕੀਤਾ ਗਿਆ ਹੈ, ਭਾਵ ਹਰ ਭੇਖ ਹੀ ਆਪਣੇ ਆਪਣੇ ਭੇਖ ਨੂੰ ਉੱਚਾ ਤੇ ਸੁੱਚਾ ਹੋਣ ਦਾ ਦਾਅਵਾ ਕਰਦਾ ਹੈ। ਪਰ, ਗੁਰੂ ਦੀ ਗੁਰਮਤ ਇਨ੍ਹਾਂ ਦੇ ਖ਼ਿਆਲਾਂ ਨਾਲ ਸਹਿਮਤ ਨਹੀਂ, ਜਿਵੇਂ ਕਿ ਕਬੀਰ ਜੀ ਇਸ ਭਾਵ ਨੂੰ ਖੁਲਾਸੇ ਰੂਪ ਵਿਚ ਪ੍ਰਗਟ ਕਰਦੇ ਹਨ :

ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥
ਰੁੰਡਿਤ ਮੁੰਡਿਤ ਏਕੈ ਸਬਦੀ
ਏਇ ਕਹਹਿ ਸਿਧਿ ਪਾਈ ॥੧॥
ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥
ਜਾ ਪਹਿ ਜਾਉ ਆਪੁ ਛੁਟਕਾਵਨਿ
ਤੇ ਬਾਧੇ ਬਹੁ ਫੰਧਾ ॥......
ਪੰਡਿਤ ਗੁਣੀ ਸੂਰ ਹਮ ਦਾਤੇ
ਏਹਿ ਕਹਹਿ ਬਡ ਹਮ ਹੀ ॥੨॥

*(ਗਉੜੀ ਕਬੀਰ ਜੀ, ਪੰਨਾ ੩੩੪)*

ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥
ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥
ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥
ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਅਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥ *(ਸ੍ਰੀ ਰਾਗੁ ਮ: ੫, ਪੰਨਾ ੭੧)*

ਬਾਰਹ ਮਹਿ ਰਾਵਲ ਖਪਿ ਜਾਵਹਿ
ਚਹੁ ਛਿਅ ਮਹਿ ਸੰਨਿਆਸੀ ॥
ਜੋਗੀ ਕਾਪੜੀਆ ਸਿਰਖੂਥੇ
ਬਿਨੁ ਸਬਦੈ ਗਲਿ ਫਾਸੀ ॥੧॥
ਸਬਦਿ ਰਤੇ ਪੂਰੇ ਬੈਰਾਗੀ ॥
ਅਉਹਠਿ ਹਸਤ ਮਹਿ ਭੀਖਿਆ ਜਾਚੀ
ਏਕ ਭਾਇ ਲਿਵ ਲਾਗੀ ॥੧॥ਰਹਾਉ॥
ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ
ਕਰਣੀ ਕਰਮ ਕਰਾਏ ॥
ਬਿਨੁ ਬੂਝੇ ਕਿਛੁ ਸੂਝੈ ਨਾਹੀ
ਮਨਮੁਖੁ ਵਿਛੁੜਿ ਦੁਖੁ ਪਾਏ ॥੨॥
ਸਬਦਿ ਮਿਲੇ ਸੋ ਸੂਚਾਚਾਰੀ ਸਾਚੀ ਦਰਗਹ ਮਾਨੇ ॥
ਅਨਦਿਨੁ ਨਾਮਿ ਰਤਨਿ ਲਿਵ ਲਾਗੇ
ਜੁਗਿ ਜੁਗਿ ਸਾਚਿ ਸਮਾਨੇ ॥੩॥
ਸਗਲੇ ਕਰਮ ਧਰਮ ਸੁਚਿ ਸੰਜਮ
ਜਪ ਤਪ ਤੀਰਥ ਸਬਦਿ ਵਸੇ ॥
ਨਾਨਕ ਸਤਿਗੁਰ ਮਿਲੈ ਮਿਲਾਇਆ
ਦੂਖ ਪਰਾਛਤ ਕਾਲ ਨਸੇ ॥੪॥੧੬॥

*(ਪ੍ਰਭਾਤੀ ਮਹਲਾ ੧, ਪੰਨਾ ੧੩੩੨)*

ਜਿਉਂ ਜਿਉਂ ਅਸੀਂ ਗੁਰਬਾਣੀ ਦੀ ਵੱਧ ਤੋਂ ਵੱਧ ਪੜਚੋਲ ਕਰਾਂਗੇ ਤਾਂ ਸਾਨੂੰ ਵਧੇਰੇ ਇਸੇ ਭਾਵ ਨੂੰ ਪ੍ਰਗਟਾਉਣ ਵਾਲੀਆਂ ਪੰਗਤੀਆਂ ਪੜ੍ਹਨ ਵਿਚ ਆਉਣਗੀਆਂ ਕਿ ਜਿਤਨਾ ਚਿਰ ਕਿਸੇ ਦੇ ਅੰਤਰ ਆਤਮੇ ਸਚਾਈ ਦਾ ਪ੍ਰਵੇਸ਼ ਨਹੀਂ ਹੋ ਜਾਂਦਾ ਉਤਨਾ ਚਿਰ ਕੋਈ ਭਾਵੇਂ ਸਰੀਰਕ ਲਿਬਾਸ ਕੋਈ ਭੀ ਪਹਿਨ ਲਵੇ ਉਹ ਸੱਚੇ ਦੀ ਸੱਚੀ ਦਰਗਾਹ ਵਿਚ ਉੱਕਾ ਹੀ ਪ੍ਰਵਾਨ ਨਹੀਂ ਹੁੰਦਾ, ਜਿਵੇਂ ਕਿ:

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥

*(ਆਸਾ ਕਬੀਰ ਜੀ, ਪੰਨਾ ੪੮੪)*

ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ
ਸਭਿ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ
ਮਨਿ ਵੇਖਹੁ ਕਰਿ ਬੀਚਾਰੀ ॥੨॥

*(ਗੂਜਰੀ ਮ: ੫, ਪੰਨਾ ੪੯੫)*

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥
ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥
ਹੋਰੁ ਕਿਤੈ ਭਗਤਿ ਨ ਹੋਵਈ
ਬਿਨੁ ਸਤਿਗੁਰ ਕੇ ਉਪਦੇਸ ॥੧॥

*(ਸ੍ਰੀ ਰਾਗੁ ਮ: ੧, ਪੰਨਾ ੨੨)*

ਅੰਤਰੁ ਮਲਿ ਨਿਰਮਲੁ ਨਹੀ ਕੀਨਾ
ਬਾਹਰਿ ਭੇਖ ਉਦਾਸੀ ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ
ਕਾਹੇ ਭਇਆ ਸੰਨਿਆਸੀ ॥੧॥
ਭਰਮੇ ਭੂਲੀ ਰੇ ਜੈ ਚੰਦਾ ॥
ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ਰਹਾਉ॥
ਘਰਿ ਘਰਿ ਖਾਇਆ ਪਿੰਡੁ ਬਧਾਇਆ
ਖਿੰਥਾ ਮੁੰਦਾ ਮਾਇਆ ॥
ਭੂਮਿ ਮਸਾਣ ਕੀ ਭਸਮ ਲਗਾਈ
ਗੁਰ ਬਿਨੁ ਤਤੁ ਨ ਪਾਇਆ ॥੨॥
ਕਾਇ ਜਪਹੁ ਰੇ ਕਾਇ ਤਪਹੁ ਰੇ
ਕਾਇ ਬਿਲੋਵਹੁ ਪਾਣੀ ॥
ਲਖ ਚਉਰਾਸੀਹ ਜਿਨਿ ਉਪਾਈ
ਸੋ ਸਿਮਰਹੁ ਨਿਰਬਾਣੀ ॥੩॥
ਕਾਇ ਕਮੰਡਲੁ ਕਾਪੜੀਆ ਰੇ
ਅਠਸਠਿ ਕਾਇ ਫਿਰਾਹੀ ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ
ਕਣ ਬਿਨੁ ਗਾਹੁ ਕਿ ਪਾਹੀ ॥੪॥੧॥

*(ਗੂਜਰੀ ਤ੍ਰਿਲੋਚਨ, ਪੰਨਾ ੫੨੫)*

ਭਾਵ ਹੈ ਕਿ ਜਿਤਨਾ ਚਿਰ ਸਾਧ ਸੰਗਤ ਦੁਆਰਾ ਗੁਰੂ ਦੇ ਉਪਦੇਸ਼ ਨੂੰ ਹਿਰਦੇ ਅੰਦਰ ਧਾਰਨ ਨਹੀਂ ਕਰਦਾ ਉਤਨਾ ਚਿਰ ਉਸਦੇ ਕੀਤੇ ਹੋਏ ਫੋਕਟ ਕਰਮ ਇਸੇ ਹੀ ਤਰ੍ਹਾਂ ਬੇਅਰਥ ਹਨ, ਜਿਵੇਂ ਕਿ ਕੋਈ ਜ਼ਿਮੀਦਾਰ ਕਣਕ ਤੋਂ ਬਿਨਾਂ ਹੀ ਗਾਹ ਪਾਈ ਜਾਂਦਾ ਹੈ ਉਸਨੂੰ ਕੋਈ ਭੀ ਲਾਭ ਨਹੀਂ ਹੁੰਦਾ। ਇਸੇ ਭਾਵ ਨੂੰ ਮੁਖ ਰੱਖ ਕੇ ਮੈਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ:

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਕਿਸੇ) ਰਾਜੇ ਦੇ ਘਰ ਸੌ ਰਾਣੀਆਂ ਹਨ, ਜੋ ਰਾਜੇ ਦੀ ਸੇਜਾ ਤੇ ਵਾਰੀ ਅਨੁਸਾਰ ਆਉਂਦੀਆਂ ਹਨ।
(੨) ਸਭੇ ਹੀ ਰਾਣੀਆਂ, ਪ੍ਰਮੁਖ ਰਾਣੀਆ ਵਾਂਗ ਹਨ, ਜੋ ਰਾਜੇ ਨੂੰ ਇਕ ਦੂਜੀ ਨਾਲੋਂ ਵੱਧ ਕੇ ਪਿਆਰੀਆਂ ਹਨ।
(੩) ਰਾਜੇ ਨੂੰ ਸਭ ਨੇ ਹੀ ਰਾਵਣਾ (ਮਾਨਣਾ ਹੈ, ਇਸ ਲਈ ਸਾਰੀਆਂ ਹੀ ਸੁੰਦਰ ਮੰਦਰ ਵਿਚ ਸੇਜਾ ਨੂੰ ਬਣਾ ਸਵਾਰ ਕੇ ਵਿਛਾਉਂਦੀਆਂ ਹਨ।
(੪) ਸਭਨਾਂ ਰਾਣੀਆਂ ਦੇ ਘਰ ਸੰਤਾਨ ਪੈਦਾ ਹੋ ਗਈ ਹੈ ਪਰ ਇਕ ਅੱਧ (ਜੋ ਉਨ੍ਹਾਂ ਵਿਚ) ਸੰਢ (ਬਾਂਝ) ਹੈ ਉਹ ਵਿਚਾਰੀ (ਕੀ ਕਰੇ)?
(੫) ਦੋਸ਼ ਨਾ ਰਾਜੇ ਦਾ ਹੈ, ਨਾ ਰਾਣੀ ਦਾ, ਜੋ ਧੁਰੋਂ (ਪੂਰਬ ਪਿਛੋਂ) ਹੀ ਲੇਖ ਲਿਖਿਆ ਹੈ ਉਹ ਨਹੀਂ ਮਿਟ ਸਕਦਾ।
(੬) (ਇਸੇ ਤਰ੍ਹਾਂ ਉਹ ਮਨਮੁਖ ਵੀ) ਜੋ ਸਾਧ ਸੰਗਤ ਵਿਚ ਗੁਰ ਸ਼ਬਦ ਤਾਂ ਸੁਣਦਾ ਹੈ, ਪਰ ਉਹ ਗੁਰੂ ਦੇ ਸ਼ਬਦ ਨੂੰ ਮਨ ਵਿਚ ਨਹੀਂ ਧਾਰਦਾ।
(੭) ਉਹ ਕਰਮ-ਹੀਣ ਹੈ, ਤੇ ਦੁਰਮਤਿ (ਖੋਟੀ ਮੱਤ ਨਾਲ) ਹੀ ਪਿਆਰ ਕਰਨ ਵਾਲਾ ਹੈ।੧੦।

***ਭਾਵਾਰਥ:*** ਜੇ ਇਸਦੇ ਅੰਤ੍ਰੀਵ ਭਾਵ ਵੱਲ ਦੀਰਘ-ਦ੍ਰਿਸ਼ਟੀ ਰਾਹੀ ਨਜ਼ਰ ਮਾਰੀਏ ਤਾਂ ਇਹੋ ਹੀ ਅਨੁਭਵ ਹੁੰਦਾ ਹੈ ਕਿ ਇਹ ਸਾਰੀ ਸ੍ਰਿਸ਼ਟੀ ਪ੍ਰਭੂ ਪ੍ਰਮੇਸਰ ਦੀਆਂ ਰਾਣੀਆਂ ਹਨ, ਇਸ ਭਾਵ ਨੂੰ ਗੁਰਬਾਣੀ ਵਿਚ ਦਰਸਾਇਆ ਗਿਆ ਹੈ ਕਿ (ਠਾਕੁਰੁ ਏਕੁ ਸਬਾਈ ਨਾਰਿ) ਅਰਥਾਤ ਇਕ ਅਕਾਲ ਪੁਰਖ ਭਰਤਾ ਹੈ, ਹੋਰ ਸਭ ਇਸਤ੍ਰੀਆਂ ਹਨ, ਉਹ ਸੂਰਜ ਵਾਂਗ ਸਭ ਨੂੰ ਇਕੋ ਸਮਾਨ ਸੱਤਾ ਦੇਂਦਾ ਹੈ, ਉਸਦਾ ਪਿਆਰ ਭੀ ਸਭ ਨਾਲ ਸਮਾਨ ਹੀ ਹੈ, ਪਰ ਕਰਮ-ਗਤੀ ਕਰਕੇ ਕੋਈ ਨਾ ਕੋਈ ਬਾਂਝ ਰਹਿ ਜਾਂਦੀ ਹੈ। ਕਿਉਂਕਿ ਪ੍ਰਮੇਸ਼ਰ ਪਤੀ ਦੀ ਆਗਿਆ ਰੂਪ ਸ੍ਵਾਂਤੀ ਬੂੰਦ ਉਸਦੇ ਹਿਰਦੇ ਵਿਖੇ ਨਹੀਂ ਟਿਕ ਸਕਦੀ ਇਸ ਲਈ ਉਹ ਧ੍ਰਿਕਾਰ ਲਾਇਕ ਹੈ।

ਇਸਦਾ ਭਾਵ ਇਉਂ ਭੀ ਲਿਆ ਜਾ ਸਕਦਾ ਹੈ ਕਿ ਸਾਰੇ ਹੀ ਭੇਖਾਂ ਦੀਆਂ ਨਾਮ ਧਰੀਕ ਸਖੀਆਂ ਆਪੋ ਆਪਣੇ ਮਨਾਂ ਵਿਚ ਇਉਂ ਹੀ ਭਾਵਨਾ ਰਖਦੀਆਂ ਹਨ ਕਿ ਉਸ ਪ੍ਰਭੂ ਪਤੀ ਦਾ ਮੇਰੇ ਨਾਲ ਵਧੇਰੇ ਪਿਆਰ ਹੈ, ਦੂਸਰੀ ਖ਼ਿਆਲ ਕਰਦੀ ਹੈ ਉਹ ਪ੍ਰਮੇਸ਼ਰ ਪਤੀ ਮੇਰੇ ਨਾਲ ਵਧੇਰੇ ਸਨੇਹ ਕਰਦਾ ਹੈ, ਪਰ ਗੁਰਮਤ ਦਾ ਤਾਂ ਇਹੋ ਸਿਧਾਂਤ ਹੈ ਕਿ :

ਏਕ ਭਾਇ ਦੇਖਉ ਸਭ ਨਾਰੀ ॥
ਕਿਆ ਜਾਨਉ ਸਹ ਕਉਨ ਪਿਆਰੀ ॥੨॥
ਕਹੁ ਕਬੀਰ ਜਾ ਕੈ ਮਸਤਕਿ ਭਾਗੁ ॥
ਸਭ ਪਰਹਰਿ ਤਾ ਕਉ ਮਿਲੈ ਸੁਹਾਗੁ ॥੩॥੨੧॥

*(ਗਉੜੀ ਕਬੀਰ ਜੀ, ਪੰਨਾ ੩੨੭)*

ਪਤੀ ਪ੍ਰਮੇਸ਼ਰ ਦਾ ਤਾਂ ਉਸੀ ਸਖੀ ਨਾਲ ਪਿਆਰ ਹੈ, ਜਿਸਦੇ ਮਨ ਦਾ ਝੁਕਾਉ ਉਸੇ ਪ੍ਰਭੂ ਪਤੀ ਵੱਲ ਹੈ।

## ੧੧. ਮਨਮੁਖ ਪੱਥਰ ਵਾਂਗ ਅਭਿੱਜ

੧. ਅਸ਼ਟ ਧਾਤ ਇਕ ਧਾਤ ਹੋਇ
ਸਭ ਕੋ ਕੰਚਨ ਆਖਿ ਵਖਾਣੈ।
੨. ਰੂਪ ਅਨੂਪ ਸਰੂਪ ਹੋਇ
ਮੁੱਲ ਅਮੁੱਲ ਪੰਚ ਪਰਵਾਣੈ।
੩. ਪੱਥਰ ਪਾਰਸਿ ਪਰਸੀਐ
ਪਾਰਸੁ ਹੋਇ ਨ ਕੁਲ ਅਭਿਮਾਣੈ।
੪. ਪਾਣੀ ਅੰਦਰ ਸੱਟੀਐ
ਤੜ ਭੜ ਡੁੱਬੈ ਭਾਰ ਭੁਲਾਣੈ।
੫. ਚਿੱਤ ਕਠੋਰ ਨ ਭਿਜਈ
ਰਹੈ ਨਿਕੋਰ ਘੜੈ ਭੰਨਿ ਜਾਣੈ।
੬. ਅੱਗੀ ਅੰਦਰ ਫੁੱਟਿ ਜਾਇ
ਅਹਰਣਿ ਘਣ ਅੰਦਰ ਹੈਰਾਣੈ।
੭. ਸਾਧ ਸੰਗਤਿ ਗੁਰੁ ਸ਼ਬਦ ਸੁਣਿ
ਗੁਰ ਉਪਦੇਸ਼ ਨ ਅੰਦਰ ਆਣੈ।
੮. ਕਪਟ ਸਨੇਹ ਨ ਹੋਇ ਧਿਙਾਣੈ ॥੧੧॥

***ਪਦ ਅਰਥ :*** ਕੰਚਨ—ਸੋਨਾ। ਪੰਚ ਪਰਵਾਣੈ—ਪੰਚਾਂ ਵਿਚ ਪ੍ਰਜਨੀਕ। ਤੜ ਭੜ—ਤਤ ਛਿਨ, ਝਟਪਟ। ਭਾਰ ਭੁਲਾਣੈ—ਭਾਰੇ ਹੋਣ ਦੇ ਹੰਕਾਰ ਵਿਚ ਭੁੱਲ ਕੇ, ਅਭਿਮਾਨ ਵਿਚ ਭੁੱਲਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਦੂਰ-ਦਰਸ਼ੀ ਦ੍ਰਿਸ਼ਟੀ ਰਾਹੀਂ ਤੱਕਦੇ ਹਾਂ ਤਾਂ ਇਉਂ ਹੀ ਨਜ਼ਰ ਆਉਂਦਾ ਹੈ ਕਿ ਸੰਸਾਰ ਦੇ ਕੋਨੇ ਕੋਨੇ ਵਿਚ ਹਰ ਰੋਜ਼ ਗੁਰੂ ਦੀ ਸਾਧ ਸੰਗਤ ਦੇ ਰੂਪ ਵਿਚ ਇਕੱਤ੍ਰਤਾ ਹੁੰਦੀ ਹੈ, ਉਸ ਇਕੱਠ ਵਿਚ ਸੈਂਕੜੇ ਨਹੀਂ ਸਗੋਂ ਲੱਖਾਂ ਦੀ ਗਿਣਤੀ ਦੇ ਲੋਕ ਹਰ ਰੋਜ਼ ਮਿਲ ਬੈਠਦੇ ਹਨ, ਉਸ ਸੰਗਤ ਵਿਚ ਗੁਰੂ ਦਾ ਉਪਦੇਸ਼ ਭੀ ਸਾਰਿਆਂ ਲਈ ਸਾਂਝਾ ਵਿਤਕਰੇ ਤੋਂ ਰਹਿਤ ਸੁਣਾਇਆ ਜਾਂਦਾ ਹੈ। ਪਰ ਸੁਣਨ, ਵਾਲੇ ਸਰੋਤਿਆਂ ਦੇ ਅੰਦਰ ਬਹੁਤ ਲੋਕਾਂ ਦੀ ਅਜਿਹੀ ਗਿਣਤੀ ਭੀ ਵੇਖਣ ਵਿਚ ਆਉਂਦੀ ਹੈ ਜੋ ਗੁਰੂ ਦਾ ਉਪਦੇਸ਼ ਸੁਣਕੇ ਭੀ ਸੱਖਣੇ ਰਹਿ ਜਾਂਦੇ ਹਨ, ਕਿਉਂ ਜੀ! ਦਸੋਗੇ ਇਸਦਾ ਅਸਲ ਕਾਰਨ ਆਪ ਜੀ ਕੀ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਤੁਹਾਡੇ ਇਸ ਪ੍ਰਸ਼ਨ ਦੇ ਉੱਤ੍ਰ ਰੂਪ ਵਿਚ ਜੋ ਮੈਨੂੰ ਗੁਰਬਾਣੀ ਦੇ ਵੀਚਾਰ ਪੜ੍ਹਨ ਸੁਣਨ ਵਿਚ ਆਏ ਹਨ, ਉਨ੍ਹਾਂ ਤੋਂ ਮੈਨੂੰ ਇਹੋ ਜਾਣਕਾਰੀ ਮਿਲੀ ਹੈ ਕਿ ਅਸੀਂ ਗੁਰੂ ਦੇ ਸਮ-ਦ੍ਰਿਸ਼ਟੀ ਭਰੇ ਉਪਦੇਸ਼ ਨੂੰ ਦੋਸ਼ੀ ਨਹੀ ਠਹਿਰਾ ਸਕਦੇ, ਸਗੋਂ ਦੋਸ਼ੀ ਉਨ੍ਹਾਂ ਨੂੰ ਹੀ ਮੰਨਿਆ ਜਾ ਸਕਦਾ ਹੈ ਜਿਨ੍ਹਾਂ ਨੇ ਗੁਰੂ ਦੇ ਕਾਇਮ ਕੀਤੇ ਹੋਏ ਨਿਯਮ ਦੀ ਉਲੰਘਣਾ ਕਰਕੇ ਉਪਦੇਸ਼ ਨੂੰ ਸੁਣਿਆ ਹੈ, ਕਿਉਂਕਿ ਸਰੋਤਿਆਂ ਲਈ ਗੁਰੂ ਦਾ ਇਹੋ ਸੰਕੇਤ ਹੈ ਕਿ :

ਸੁਨਿ ਉਪਦੇਸੁ ਹਿਰਦੈ ਬਸਾਵਹੁ ॥
ਮਨ ਇਛੇ ਨਾਨਕ ਫਲ ਪਾਵਹੁ ॥੫॥
ਹਲਤੁ ਪਲਤੁ ਦੁਇ ਲੇਹੁ ਸਵਾਰਿ ॥
ਰਾਮ ਨਾਮੁ ਅੰਤਰਿ ਉਰਿ ਧਾਰਿ ॥

*(ਸੁਖਮਨੀ, ਪੰਨਾ ੨੯੩)*

ਭਾਵ ਹੈ ਕਿ ਗੁਰੂ ਦੇ ਉਪਦੇਸ਼ ਨੂੰ ਸੁਣਕੇ ਹਿਰਦੇ ਅੰਦਰ ਧਾਰਨ ਕਰੋ, ਪ੍ਰਭੂ ਦਾ ਨਾਮ ਅੰਤਰ-ਆਤਮੇ ਵਸਾਓ ਜਿਸਦਾ ਸਦਕਾ ਤੁਹਾਡਾ ਲੋਕ ਪ੍ਰਲੋਕ ਦੋਵੇਂ ਸੌਰ ਜਾਣਗੇ। ਜੇ ਗੁਰੂ ਦਾ ਉਪਦੇਸ਼ ਸੁਣਕੇ ਕਿਸੇ ਦੇ ਹਿਰਦੇ ਅੰਦਰ ਗਿਆਨ ਦਾ ਚਾਨਣ ਨਹੀਂ ਹੋਇਆ ਤਾਂ ਸਮਝੋ ਉਸਦੇ ਅੰਤਰ-ਆਤਮੇ ਸ਼ਰਧਾ ਤੇ ਭਾਵਨਾ ਦੇ ਨੇਤ੍ਰ

ਨਹੀਂ, ਜਿਸ ਕਰਕੇ ਉਹ ਗਿਆਨ ਦੀ ਰੋਸ਼ਨੀ ਤੋਂ ਸੱਖਣਾ ਰਹਿ ਜਾਂਦਾ ਹੈ।

ਜਿਵੇਂ ਅਸੀਂ ਵੇਖਦੇ ਹਾਂ ਕਿ ਜਦੋਂ ਅਕਾਸ ਵਿਚ ਸੂਰਜ ਚੜ੍ਹਦਾ ਹੈ ਤਾਂ ਉਹ ਵਿੱਤਕਰੇ ਤੋਂ ਰਹਿਤ ਸਾਰਿਆਂ ਨੂੰ ਇਕੋ ਸਮਾਨ ਰੋਸ਼ਨੀ ਕਰਦਾ ਹੈ, ਪਰ ਜੋ ਨੇਤ੍ਰ-ਹੀਣ ਅੰਧਾ ਹੈ, ਜਾਂ ਜੋ ਕੋਈ ਮਕਾਨ ਦੀਆਂ ਬਾਰੀਆਂ ਤੇ ਬੂਹੇ ਬੰਦ ਕਰਕੇ ਅੰਦਰ ਬੈਠਾ ਹੈ ਉਸਨੂੰ ਰੋਸ਼ਨੀ ਤੋਂ ਕੋਈ ਲਾਭ ਨਹੀਂ ਹੋ ਸਕਦਾ। ਇਸੇ ਤਰ੍ਹਾਂ ਸਰਧਾ ਤੋਂ ਬਿਹੀਨ ਮਨੁੱਖ ਸੰਗਤ ਵਿਚ ਬੈਠ ਕੇ ਸੁਣਦਾ ਹੋਇਆ ਵੀ ਨ ਸੁਣਨ ਵਾਲਿਆਂ ਦੀ ਗਿਣਤੀ ਵਿਚ ਗਿਣਿਆ ਜਾਂਦਾ ਹੈ।

ਬਾਣੀ ਵਿਚ ਗੁਰੂ ਦਾ ਉਪਦੇਸ਼ ਸੁਣਦੇ ਰਹਿਣ ਦੀ ਬਾਰ ਬਾਰ ਪ੍ਰੇਰਨਾ ਕੀਤੀ ਗਈ ਹੈ ਕਿ ਹੇ ਮਨੁੱਖ! ਤੇਰਾ ਮੁਖ ਪ੍ਰਯੋਜਨ ਏਹੋ ਹੈ ਕਿ ਤੂੰ:

ਪੂਰੇ ਗੁਰ ਕਾ ਸੁਨਿ ਉਪਦੇਸੁ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ॥
ਸਾਸਿ ਸਾਸਿ ਸਿਮਰਹੁ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥ *(ਸੁਖਮਨੀ, ਪੰਨਾ ੨੯੫)*

ਤੀਰਥੁ ਹਮਰਾ ਹਰਿ ਕੋ ਨਾਮੁ॥
ਗੁਰਿ ਉਪਦੇਸਿਆ ਤਤੁ ਗਿਆਨੁ॥
*(ਭੈਰਉ ਮ: ੫, ਪੰਨਾ ੧੧੪੨)*

ਗੁਰ ਉਪਦੇਸ ਸਾਚੁ ਸੁਖੁ ਜਾ ਕਉ
ਕਿਆ ਤਿਸੁ ਉਪਮਾ ਕਹੀਐ॥
ਲਾਲ ਜਵੇਹਰ ਰਤਨ ਪਦਾਰਥ
ਖੋਜਤ ਗੁਰਮੁਖਿ ਲਹੀਐ॥੨॥
*(ਪ੍ਰਭਾਤੀ ਮ: ੧, ਪੰਨਾ ੧੩੩੨)*

ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ॥
*(ਰਾਗੁ ਮਾਰੂ ਨਾਮਦੇਵ, ਪੰਨਾ ੧੧੦੫)*

ਗੁਰੁ ਉਪਦੇਸਿ ਸਾਧ ਕੀ ਸੰਗਤਿ
ਬਿਨਸਿਓ ਸਗਲ ਸੰਤਾਪੁ॥
ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ
ਸਗਲ ਸੰਭਾਖਨ ਜਾਪੁ॥੧॥
*(ਸਾਰਗ ਮ: ੫, ਪੰਨਾ ੧੨੧੭)*

ਗੁਰ ਉਪਦੇਸੁ ਸੁਨਿਓ ਨਹਿ ਕਾਨਨਿ
ਪਰ ਦਾਰਾ ਲਪਟਾਇਓ॥
ਪਰ ਨਿੰਦਾ ਕਾਰਨਿ ਬਹੁ ਧਾਵਤ
ਸਮਝਿਓ ਨਹ ਸਮਝਾਇਓ॥੧॥
*(ਸਾਰਗ ਮ: ੯, ਪੰਨਾ ੧੨੩੨)*

ਬੋਲਿ ਹਰਿ ਨਾਮੁ ਸਫਲ ਸਾ ਘਰੀ॥
ਗੁਰ ਉਪਦੇਸਿ ਸਭਿ ਦੁਖ ਪਰਹਰੀ॥੧॥
*(ਭੈਰਉ ਮ: ੫, ਪੰਨਾ ੧੧੩੮)*

ਗੁਰ ਉਪਦੇਸਿ ਹਰਿ ਹਿਰਦੈ ਵਸਿਓ
ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ॥
*(ਮਲਾਰ ਮ: ੫, ਪੰਨਾ ੧੨੭੦)*

ਮੇਰੇ ਮਨ ਜਪੁ ਜਪਿ ਜਗੰਨਾਥੇ॥
ਗੁਰ ਉਪਦੇਸਿ ਹਰਿ ਨਾਮੁ ਧਿਆਇਓ
ਸਭਿ ਕਿਲਬਿਖ ਦੁਖ ਲਾਥੇ॥
*(ਕਲਿਆਨ ਮ: ੪, ਪੰਨਾ ੧੩੨੦)*

ਸੋ ਮੁਲਾਂ ਜੋ ਮਨ ਸਿਉ ਲਰੈ॥
ਗੁਰ ਉਪਦੇਸਿ ਕਾਲ ਸਿਉ ਜੁਰੈ॥
*(ਭੈਰਉ ਕਬੀਰ ਜੀ, ਪੰਨਾ ੧੧੫੯)*

ਗੁਰ ਉਪਦੇਸਿ ਜਪੀਐ ਮਨਿ ਸਾਚਾ॥
ਗੁਰ ਉਪਦੇਸਿ ਰਾਮ ਰੰਗਿ ਰਾਚਾ॥
ਗੁਰ ਉਪਦੇਸਿ ਤੁਟਹਿ ਸਭਿ ਬੰਧਨ
ਇਹੁ ਭਰਮੁ ਮੋਹੁ ਪਰਜਾਲਣਾ॥੧੨॥
*(ਮਾਰੂ ਮ: ੫, ਪੰਨਾ ੧੦੭੭)*

ਗੁਰ ਉਪਦੇਸਿ ਜਵਾਹਰ ਮਾਣਕ
ਸੇਵੇ ਸਿਖੁ ਸੋ ਖੋਜਿ ਲਹੈ॥੧॥
*(ਪ੍ਰਭਾਤੀ ਮ: ੧, ਪੰਨਾ ੧੩੨੮)*

ਕਾਮ ਕ੍ਰੋਧ ਸਿਉ ਠਾਟੁ ਨ ਬਨਿਆ॥
ਗੁਰ ਉਪਦੇਸੁ ਮੋਹਿ ਕਾਨੀ ਸੁਨਿਆ॥
*(ਪ੍ਰਭਾਤੀ ਮ: ੫, ਪੰਨਾ ੧੩੪੭)*

ਸਰਬ ਸੁਖਾ ਸੁਖੁ ਸਾਚਾ ਏਹੁ॥
ਗੁਰ ਉਪਦੇਸੁ ਮਨੈ ਮਹਿ ਲੇਹੁ॥
*(ਗਉੜੀ ਮ: ੫, ਪੰਨਾ ੧੭੮)*

ਇਸ ਤਰ੍ਹਾਂ ਹੋਰ ਭੀ ਬਾਣੀ ਵਿਚ ਗੁਰੂ ਦੇ ਉਪਦੇਸ਼ ਨੂੰ ਸੁਣਦੇ ਰਹਿਣ ਦੀ ਅਨੇਕਾਂ ਥਾਵਾਂ 'ਤੇ ਆਗਿਆ ਹੈ, ਪਰ ਨਾਲ ਹੀ ਸੁਣਕੇ ਧਾਰਨ ਕਰਨ ਦੀ ਆਗਿਆ ਭੀ ਜ਼ਰੂਰ ਮਿਲਦੀ ਹੈ, ਕਿਉਂਕਿ ਧਾਰਨਾ ਤੋਂ ਸੱਖਣਾ ਸੁਣਨਾ ਕੋਈ ਭੀ ਲਾਭਦਾਇਕ ਨਹੀਂ, ਭਾਵ ਜਿਸ ਸ੍ਰੋਤ ਦੇ ਨਾਲ ਮਨੋਤ ਦਾ ਸੰਬੰਧ ਨਹੀਂ, ਉਹ ਸ੍ਰੋਤ ਨਾ ਸੁਣਨੇ ਦੇ ਸਮਾਨ ਹੀ ਸਮਝੀ ਜਾਂਦੀ ਹੈ। ਸੋ, ਮੈਂ ਭੀ ਗੁਰਬਾਣੀ ਦੇ ਉਪ੍ਰੋਕਤ ਭਾਵਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ

ਦੀਆਂ ਚੰਦ ਪੰਗਤੀਆਂ ਉਚਾਰਣ ਕੀਤੀਆਂ ਹਨ, ਜਿਵੇਂ ਅਸੀਂ ਵੇਖਦੇ ਹਾਂ ਕਿ :

(੧) ਅੱਠੇ ਧਾਤਾਂ (ਲੋਹਾ, ਪਿੱਤਲ, ਤਾਂਬਾ, ਜਿਸਤ, ਆਦਿਕ ਸਾਰੀਆਂ ਪਾਰਸ ਨਾਲ ਲੱਗ ਕੇ) ਇਕ ਧਾਤ (ਸੋਨਾ) ਬਣ ਜਾਂਦੀਆਂ ਹਨ, ਸਾਰੇ ਹੀ ਉਸਨੂੰ (ਸੋਨਾ) ਕਹਿ ਕੇ ਹੀ ਪੁਕਾਰਦੇ ਹਨ।

(੨) ਸੁੰਦਰ ਤੇ ਅਨੂਪਮ ਰੂਪ ਵਾਲਾ ਬਣ ਕੇ ਛੋਟੇ ਮੁੱਲ ਤੋ ਵੱਡੇ ਮੁੱਲ ਵਾਲਾ ਬਣਕੇ ਪੰਚਾਂ (ਸਰਾਫ਼ ਲੋਕਾਂ, ਪਾਰਖੂਆਂ) ਵਿਚ ਪ੍ਰਮਾਣ ਮੰਨਿਆ ਜਾਂਦਾ ਹੈ।

(੩) ਪਾਰਸ ਵੀ ਪੱਥਰ ਵਰਗਾ ਹੁੰਦਾ ਹੈ, ਪਰ ਜੇ ਹਰ ਕੋਈ (ਉਸ ਨਾਲ ਕੱਦ ਵਿਚ ਮਿਲਦਾ ਜੁਲਦਾ ਪੱਥਰ) ਜਾਤੀ ਦਾ ਅਭਿਮਾਨ ਕਰਕੇ ਆਖੇ ਕਿ ਮੈਂ ਵੀ ਪਾਰਸ ਹਾਂ, ਤਾਂ ਉਹ ਪਾਰਸ ਨਹੀਂ ਬਣ ਜਾਂਦਾ।

(੪) (ਕਿਉਂਕਿ) ਪੱਥਰ ਨੂੰ ਪਾਣੀ ਵਿਚ ਸੁਟੋ, ਤਾਂ ਉਹ ਭੜ ਭੜ ਕਰਕੇ ਪਾਣੀ ਵਿਚ ਆਪਣੇ ਭਾਰ ਦੇ ਭਰਮ ਵਿਚ ਭੁੱਲਾ ਉਸੇ ਛਿਨ ਡੁੱਬ ਜਾਂਦਾ ਹੈ, (ਕਿ ਮੈਂ ਕਿੰਨਾ ਭਾਰ ਵਾਲਾ ਹਾਂ)।

(੫) ਉਹ ਪਾਣੀ ਵਿਚ ਡੁੱਬ ਕੇ ਵੀ ਅਭਿੱਜ ਰਹਿੰਦਾ ਹੈ, ਤੇ (ਆਪਣੇ ਭਾਰ ਨਾਲ ਪੋਲੇ) ਘੜਿਆਂ ਨੂੰ ਹੀ ਭੰਨਣ ਜਾਣਦਾ ਹੈ।

(੬) (ਪਰ ਇਹੋ ਪੱਥਰ ਜੇ) ਅੱਗ ਵਿਚ ਰੱਖ ਦਿਓ, ਤਾਂ ਸੇਕ ਨਾਲ ਫੁਟ ਜਾਵੇਗਾ ਤੇ ਹਥੌੜੇ (ਅਹਿਰਣ) ਦੀ ਮਾਰ ਨਾਲ ਹੈਰਾਨ ਹੁੰਦਾ ਹੈ (ਭਾਵ ਟੋਟੇ ਟੋਟੇ ਹੋ ਜਾਂਦਾ ਹੈ)।

(੭) (ਇਸੇ ਤਰ੍ਹਾਂ ਮਨਮੁਖ ਉਚੀ ਕੁਲ ਤੇ ਮਾਇਆ ਧਾਰੀ ਦੇ ਹੰਕਾਰੀ ਭਾਰ ਨਾਲ) ਸਾਧ ਸੰਗਤ ਵਿਚ ਆਉਂਦਾ ਤਾਂ ਹੈ, ਗੁਰ ਸ਼ਬਦ ਸੁਣਦਾ ਵੀ ਹੈ, ਪਰ ਗੁਰੂ ਦੇ ਉਚੇ ਸਿਧਾਂਤ ਰੂਪ (ਉਪਦੇਸ਼) ਦਾ ਧਾਰਨੀ ਨਹੀਂ ਬਣਦਾ, (ਪੱਥਰ ਵਾਂਗ ਅਭਿੱਜ ਤੇ ਭਾਰਾ ਹੋ ਸੰਸਾਰੀ ਸੋਚਾਂ ਦੇ ਪਾਣੀ ਵਿਚ ਹੀ ਡੁੱਬਾ ਰਹਿੰਦਾ ਹੈ)।

(੮) ਕਪਟੀ (ਮਨਮੁਖ) ਨੂੰ ਜ਼ੋਰ ਜਬਰ ਕੀਤੇ ਜਾਣ ਨਾਲ ਵੀ ਪ੍ਰੇਮ ਦਾ ਭਾਉ ਪੈਦਾ ਨਹੀਂ ਹੋ ਸਕਦਾ।੧੧।

***ਭਾਵਾਰਥ :*** ਅਭਿਮਾਨ ਕਰਕੇ ਮਨਮੁਖ ਵੀ ਪੱਥਰ ਦੇ ਸਮਾਨ ਹੈ, ਉਹ ਸਮਝਦਾ ਹੈ ਕਿ ਮੈਂ ਉਚੀ ਜਾਤੀ ਵਾਲਾ ਹਾਂ, ਮੈਂ ਵੱਡਾ ਹਾਂ, ਇਸ ਕਰਕੇ ਸਤਿਸੰਗਤ ਵਿਚ ਆ ਕੇ ਉਹ ਨਿਉਂਦਾ ਨਹੀਂ। ਵਿਸ਼ਿਆਂ ਦੇ ਪਾਣੀ ਵਿਚ ਹੀ ਡੁੱਬ ਜਾਂਦਾ ਹੈ, ਮਨਮੁਖ ਜੇ ਸਾਧ ਸੰਗਤ ਵਿਚ ਆ ਭੀ ਜਾਣ ਤਾਂ ਉਥੇ ਆ ਕੇ ਉਹ ਘੜੇ ਹੀ ਭੰਨਦੇ ਹਨ, ਭਾਵ ਕਿਸੇ ਨਾ ਕਿਸੇ ਗੁਰਮੁਖ ਦੀ ਨਿੰਦਾ ਹੀ ਕਰਦੇ ਹਨ, ਦਿਲ ਦੁਖਾਉਂਦੇ ਹਨ ਤੇ ਦੁੱਖ ਦੇਂਦੇ ਹਨ। ਉਨ੍ਹਾਂ ਦੇ ਮਨ ਥਣ ਦੀ ਜੋਕ ਵਾਂਙੂ ਗੁਣਾਂ ਵੱਲ ਨਹੀਂ ਜਾਂਦੇ, ਭਾਵ ਗੁਣਾਂ ਵੱਲ ਉਹ ਕਦੀ ਨਜ਼ਰ ਹੀ ਨਹੀਂ ਕਰਦੇ। ਅੱਗ ਵਿਚ ਜਾਂ ਅਹਿਰਣ ਵਿਚ ਟੁੱਟ ਜਾਣ ਦਾ ਭਾਵ ਇਹ ਹੈ ਕਿ ਕੋਈ ਵਿਪਤਾ ਜਾਂ ਘਰ ਦਾ ਸੰਬੰਧੀ ਮ੍ਰਿਤੂ ਹੋ ਜਾਏ ਤਾਂ ਰੱਬ ਨੂੰ ਵੱਟੇ ਮਾਰਨ ਲੱਗ ਜਾਂਦੇ ਹਨ, ਭਾਵ ਰੱਬ ਨੂੰ ਦੋਸ਼ੀ ਠਹਿਰਾਉਂਦੇ ਹਨ ਕਿ ਉਸਨੇ ਸਾਡੇ ਨਾਲ ਬੇ-ਇਨਸਾਫ਼ੀ ਕੀਤੀ ਹੈ, ਪਰ ਉਹ ਆਪਣੇ ਕੀਤੇ ਹੋਏ ਕੁਕਰਮਾਂ ਵੱਲ ਕਦੀ ਭੀ ਨਜ਼ਰ ਨਹੀਂ ਮਾਰਦੇ, ਜੋ ਗੁਰਮੁਖ ਹਨ ਉਨ੍ਹਾਂ ਦੀ ਨਿਰਦੋਸ਼ ਦ੍ਰਿਸ਼ਟੀ ਹੈ ਉਹ ਸਦਾ ਹੀ ਇਉਂ ਅਨੁਭਵ ਕਰਦੇ ਹਨ ਕਿ :

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ
ਦੋਸੁ ਨ ਦੀਜੈ ਅਵਰ ਜਨਾ ॥੨੧॥

*(ਰਾਗੁ ਆਸਾ ਮ: ੧, ਪੰਨਾ ੪੩੩)*

## ੧੨. ਮਨਮੁਖ ਕਾਂ ਤੇ ਗੁਰਮੁਖ ਹੰਸ ਦੀ ਨਿਆਈਂ

੧. ਮਾਣਕ ਮੋਤੀ ਮਾਨਸਰਿ
ਨਿਰਮਲ ਨੀਰ ਸੁਥਾਉਂ ਸੁਹੰਦਾ।
੨. ਹੰਸ ਵੰਸ ਨਿਹਚਲ ਮਤੀ
ਸੰਗਤਿ ਪੰਗਤਿ ਸਾਥੁ ਬਣੰਦਾ।
੩. ਮਾਣਕ ਮੋਤੀ ਚੋਗ ਚੁਗਿ
ਮਾਣ ਮਹੱਤ ਆਨੰਦੁ ਵਧੰਦਾ।
੪. ਕਾਉਂ ਨਿਥਾਉਂ ਨਿਨਾਉਂ ਹੈ
ਹੰਸਾਂ ਵਿਚ ਉਦਾਸ ਹੋਵੰਦਾ।
੫. ਭੱਖ ਅਭੱਖ ਅਭੱਖ ਭੱਖ
ਵਣ ਵਣ ਅੰਦਰ ਭਰਮਿ ਭਵੰਦਾ।
੬. ਸਾਧ ਸੰਗਤਿ ਗੁਰੁ ਸ਼ਬਦ ਸੁਣਿ
ਤਨ ਅੰਦਰ ਮਨੁ ਥਿਰੁ ਨ ਰਹੰਦਾ।
੭. ਬਜਰ ਕਪਾਟ ਨ ਖੁਲੈ ਜੰਦਾ ॥੧੨॥

***ਪਦ ਅਰਥ :*** ਨੀਰ—ਪਾਣੀ। ਸੁਥਾਉਂ—ਸੋਹਣੀ ਥਾਂ। ਸੁਹੰਦਾ—ਸੋਭਾ ਪਾਉਂਦਾ ਹੈ। ਹੰਸ ਵੰਸ—ਹੰਸ ਜਾਤੀ, ਹੰਸਾਂ ਦੀ ਕੁਲ। ਮਹੱਤ—ਮਹਾਨ। ਨਿਥਾਉਂ—ਨਿਥਾਵਾਂ। ਬਜਰ ਕਪਾਟ—ਪੱਕੇ ਬੂਹੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਮ ਪੁਰਾਤਨ ਪੁਸਤਕਾਂ ਤੇ ਗੁਰਮਤ ਨੇ ਗੁਰੂ ਦੀ ਸਾਧ ਸੰਗਤ ਨੂੰ ਮਾਨ ਸਰੋਵਰ ਦੀ ਤੁਲਨਾ ਦਿਤੀ ਹੈ, ਜਿਸ ਵਿਚੋਂ ਚਾਰੇ ਪਦਾਰਥ ਪ੍ਰਾਪਤ ਹੁੰਦੇ ਹਨ। ਕਿਉਂ ਜੋ! ਐਸੇ ਪਵਿੱਤ੍ਰ ਅਸਥਾਨ ਸਾਧ ਸੰਗਤ ਵਿਚ ਸਾਰੇ ਹੀ ਕਿਉਂ ਨਹੀਂ ਮਿਲਕੇ ਬੈਠਦੇ ਜਿਥੋਂ ਏਡੀਆਂ ਵੱਡੀਆਂ ਦਾਤਾ ਪ੍ਰਾਪਤ ਹੁੰਦੀਆ ਹਨ ?

ਉ: ਹੇ ਭਾਈਓ! ਸਾਧ ਸੰਗਤ ਵਿਚ ਜੁੜ ਕੇ ਬੈਠਣਾ ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਗੁਰਬਾਣੀ ਅਨੁਸਾਰ ਇਹ ਦਾਤ ਭਾਗਾਂ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦੀ, ਜਿਵੇਂ ਕਿ ਫ਼ੁਰਮਾਨ ਆਇਆ ਹੈ ਕਿ:

ਬਿਨੁ ਭਾਗਾ ਸਤਸੰਗੁ ਨ ਪਾਈਐ
ਕਰਮਿ ਮਿਲੈ ਹਰਿ ਨਾਮੁ ਹਰੀ ॥੨॥

*(ਬਸੰਤੁ ਮ: ੧, ਪੰਨਾ ੧੧੭੧)*

ਵਡਭਾਗੀ ਹਰਿ ਸੰਗਤਿ ਪਾਵਹਿ ॥
ਭਾਗਹੀਨ ਭ੍ਰਮਿ ਚੋਟਾ ਖਾਵਹਿ ॥
ਬਿਨੁ ਭਾਗਾ ਸਤਸੰਗੁ ਨ ਲਭੈ
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥

*(ਮਾਝ ਮ: ੪, ਪੰਨਾ ੯੫)*

ਵਡਭਾਗੀ ਸੰਗਤਿ ਮਿਲੈ ਗੁਰ
ਸਤਿਗੁਰ ਪੂਰਾ ਬੋਲੁ ॥ *(ਪਉੜੀ, ਪੰਨਾ ੧੩੧੭)*

ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ ॥

*(ਪਉੜੀ, ਪੰਨਾ ੬੫੧)*

ਵਡਭਾਗੀ ਸੰਗਤਿ ਮਿਲੈ ਮੇਰੀ ਜਿੰਦੁੜੀਏ
ਨਾਨਕ ਹਰਿ ਗੁਣ ਗਾਇ ਰਾਮ ॥੩॥

*(ਬਿਹਾਗੜਾ ਮ: ੪, ਪੰਨਾ ੫੪੧)*

ਵਡੈਭਾਗਿ ਸਤਸੰਗੁ ਹੋਇ ਨਿਵਿ ਲਾਗਾ ਪਾਈ ॥

*(ਪਉੜੀ, ਪੰਨਾ ੭੦੯)*

ਵਡੈ ਭਾਗਿ ਸਤਸੰਗਤਿ ਪਾਈ
ਹਰਿ ਹਰਿ ਨਾਮੁ ਰਹਿਆ ਭਰਪੂਰਿ ॥
ਅਠਸਠਿ ਤੀਰਥ ਮਜਨੁ ਕੀਆ
ਸਤਸੰਗਤਿ ਪਗ ਨਾਏ ਧੂਰਿ ॥੨॥

*(ਸਾਰੰਗ ਮ: ੪, ਪੰਨਾ ੧੧੯੯)*

ਵਡੈ ਭਾਗਿ ਸਤਸੰਗਤਿ ਪਾਈ
ਹਰਿ ਪਾਇਆ ਸਹਜਿ ਅਨੰਦੁ ॥੨॥

*(ਸ੍ਰੀ ਰਾਗੁ ਮ: ੩, ਪੰਨਾ ੨੯)*

ਵਡੈ ਭਾਗਿ ਸਤਸੰਗਤਿ ਪਾਈ
ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥

*(ਪ੍ਰਭਾਤੀ ਮ: ੪, ਪੰਨਾ ੧੩੩੫)*

ਇਸ ਤੋਂ ਆਦਿ ਹੋਰ ਭੀ ਬਹੁਤ ਪੰਗਤੀਆਂ ਬਾਣੀ ਵਿਚ ਪਾਠਕਾਂ ਨੂੰ ਮਿਲਦੀਆ ਹਨ, ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਚੰਗੇ ਭਾਗਾਂ ਤੋਂ ਬਿਨਾ ਸਤਿਸੰਗਤ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਸੰਗਤ ਤੋਂ ਬਿਨਾ ਨਾਮ ਦੀ ਉਚੇਰੀ ਦਾਤ ਵੀ ਹਾਸਲ ਨਹੀਂ ਹੋ ਸਕਦੀ, ਜਿਸ ਕਰਕੇ ਸੰਸਾਰ ਦਾ ਚੱਕ੍ਰ ਬਣਿਆ ਹੀ ਰਹਿੰਦਾ ਹੈ।

ਪ੍ਰ: ਭਾਈ ਸਾਹਿਬ ਜੀਉ! ਇਹ ਤਾਂ ਠੀਕ ਹੈ ਕਿ ਉਚੇ ਭਾਗਾਂ ਨਾਲ ਸਾਧ ਸੰਗਤ ਪ੍ਰਾਪਤ ਹੁੰਦੀ ਹੈ, ਪਰ ਵੇਖਣ ਵਿਚ ਐਸਾ ਭੀ ਆਉਂਦਾ ਹੈ ਕਿ ਬਹੁਤ ਲੋਕ ਸੰਗਤ ਵਿਚ ਰਹਿੰਦੇ ਹੋਏ ਭੀ ਮੁਕਤੀ ਰੂਪੀ ਮੋਤੀਆਂ ਦੀ ਦਾਤ ਤੋਂ ਸੱਖਣੇ ਰਹਿ ਜਾਂਦੇ ਹਨ, ਕਿਉਂ ਜੋ! ਇਸ ਦਾ ਅਸਲ ਸਹੀ ਕਾਰਨ ਕੀ ਹੈ, ਇਸ ਬਾਰੇ ਤੁਹਾਡੇ ਗੁਰਮਤ ਅਨੁਸਾਰ ਵੀਚਾਰ ਕੀ ਹਨ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਜਦੋਂ ਅਸੀਂ ਗੁਰਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਉਥੋਂ ਸਾਨੂੰ ਇਹੋ ਬੋਧ ਹੁੰਦਾ ਹੈ ਕਿ ਗੁਰੂ ਦੀ ਸੰਗਤ ਵਿਚ ਸਦਾ ਹੀ ਸਾਂਝੀਵਾਲਤਾ ਦਾ ਵਰਤਾਰਾ ਵਰਤਦਾ ਹੈ ਸੰਗਤ ਵਿਚ ਕਦੀ ਭੀ ਕਿਸੇ ਨਾਲ ਮਤ ਭੇਦ ਨਹੀ ਕੀਤਾ ਜਾਂਦਾ। ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਪਵਿੱਤ੍ਰ ਪਾਣੀ ਦੀ ਝੀਲ ਦੇ ਇਰਦ ਗਿਰਦ ਅਨੇਕਾਂ ਪੰਛੀ ਇਕੱਤ੍ਰ ਹੁੰਦੇ ਹਨ ਪਰ, ਉਥੋਂ ਉਨ੍ਹਾਂ ਨੂੰ ਉਨ੍ਹਾਂ ਦੀ ਚਾਹਤ ਮੁਤਾਬਕ ਖ਼ੁਰਾਕ ਮਿਲਦੀ ਹੈ ਝੀਲ ਵੱਲੋਂ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ, ਕਿਉਂਕਿ ਮਾਨ ਸਰੋਵਰ ਦੀ ਸਮ-ਦ੍ਰਿਸ਼ਟੀ ਹੈ। ਹੰਸਾਂ ਦੀ ਚਾਹਤ ਹੈ ਕਿ ਸਾਨੂੰ ਸਾਡੀ ਖ਼ੁਰਾਕ ਹੀਰੇ ਮੋਤੀ ਮਿਲਣੇ ਚਾਹੀਦੇ ਹਨ, ਉਨ੍ਹਾਂ ਨੂੰ ਉਥੋਂ ਉਨ੍ਹਾਂ ਦੀ ਖ਼ੁਰਾਕ ਹੀਰੇ ਮੋਤੀ ਮਿਲ ਜਾਂਦੀ ਹੈ, ਪਰ ਬਗਲੇ ਦੀ ਖ਼ੁਰਾਕ ਡੱਡਾਂ ਹਨ ਉਹ ਡੱਡਾਂ ਹੀ ਭਾਲਦਾ ਹੈ ਉਸਨੂੰ ਡੱਡਾਂ ਦੀ ਖ਼ੁਰਾਕ ਮਿਲ ਜਾਂਦੀ ਹੈ ਉਸ ਦੀ ਇਸੇ ਖ਼ੁਰਾਕ ਨਾਲ ਤ੍ਰਿਪਤੀ ਹੈ।

ਇਸੇ ਤਰ੍ਹਾਂ ਗੁਰੂ ਦੀ ਸਾਧ ਸੰਗਤ ਮਾਨੋਂ ਇਕ ਪਵਿੱਤ੍ਰ ਸਰੋਵਰ ਹੈ, ਜਿਸ ਵਿਚ ਗੁਰਮੁਖਾਂ ਰੂਪੀ ਹੰਸ ਮੁਕਤੀ ਰੂਪੀ ਮੋਤੀ ਤੇ ਸ਼ੁਭ ਗੁਣਾਂ ਰੂਪੀ ਮਾਣਕਾਂ ਦੀ

ਖੁਰਾਕ ਹਾਸਲ ਕਰਕੇ ਸਦੀਵੀ ਤ੍ਰਿਪਤੀ ਹਾਸਲ ਕਰਦੇ ਹਨ। ਪਰ ਮਨਮੁਖਾਂ ਰੂਪੀ ਕਾਉਂ ਸਦਾ ਹੀ ਵਿਕਾਰਾਂ ਦਾ ਵਿਸ਼ਟਾ ਖਾ ਕੇ ਖੁਸ਼ੀ ਹੁੰਦੇ ਹਨ, ਇਸ ਲਈ ਮਨਮੁਖ ਜੀਵਨ ਭਰ ਹੀ ਸੰਗਤ ਵਿਚ ਰਹਿ ਕੇ ਗੁਰੂ ਦੀਆਂ ਖ਼ੁਸ਼ੀਆਂ ਨਹੀਂ ਪ੍ਰਾਪਤ ਕਰ ਸਕਦੇ। ਇਨ੍ਹਾਂ ਬਾਣੀ ਦੇ ਉਪ੍ਰੋਕਤ ਭਾਵਾਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ, ਜਿਵੇਂ ਕਿ ਅਸੀਂ ਵੇਖਦੇ ਹਾਂ :

(੧) (ਸੁੱਚੇ) ਮਾਣਕ (ਲਾਲ) ਤੇ ਹੀਰੇ ਮੋਤੀ ਮਾਨ ਸਰੋਵਰ ਦੇ ਨਿਰਮਲ ਨੀਰ (ਪਾਣੀ) ਵਿਚ ਹੁੰਦੇ ਹਨ, ਜੋ ਸੋਹਣੀ ਤੇ ਚੰਗੀ ਥਾਂ 'ਤੇ ਸ਼ੋਭਾ ਪਾਉਂਦੇ ਹਨ।

(੨) ਹੰਸਾਂ ਦੀ ਬੰਸ ਦੀ ਮੱਤ ਨਿਹਚਲ (ਦ੍ਰਿੜ੍ਹਤਾ ਵਾਲੀ) ਹੈ ਤੇ ਐਸੇ ਹੰਸਾਂ ਦੀ ਸੰਗਤ ਤੇ ਪੰਗਤ ਵਿਚ ਬੈਠ ਕੇ ਹੀ ਸੱਚਾ ਸਾਥ ਬਣਦਾ ਹੈ।

(੩) (ਗੁਰਮੁਖ ਸਾਧ ਸੰਗਤ ਰੂਪ ਮਾਨ ਸਰੋਵਰ ਵਿਚੋਂ) ਮਾਣਕ, ਮੋਤੀਆਂ ਦੀ ਚੋਗ ਚੁਗਦੇ ਹਨ (ਗੁਰੂ ਉਪਦੇਸ਼ ਦੇ ਸੱਚੇ ਵੀਚਾਰ ਰੂਪ ਮੋਤੀ ਤੇ ਮਾਣਕ) ਤੇ ਮਾਣ ਮਹੱਤਤਾ (ਵਡਿਆਈ ਪ੍ਰਾਪਤ ਕਰਕੇ) ਅਨੰਦ ਤੇ ਪ੍ਰਸੰਨਤਾ ਨੂੰ ਵਧਾਉਂਦੇ ਹਨ।

(੪) ਪਰ ਕਾਉਂ (ਮਨਮੁਖ) ਨਿਥਾਵਾਂ ਤੇ ਨਿਨਾਵਾਂ (ਜਿਸ ਦਾ ਨਾਉਂ ਭੀ ਚੰਗਾ ਨਹੀਂ ਹੈ) ਹੰਸਾਂ ਵਿਚ ਬੈਠਾ ਉਦਾਸ ਤੇ ਨਿਮੋਝੂਣਾ ਹੋ ਜਾਂਦਾ ਹੈ।

(੫) ਭੱਖ ਅਭੱਖ ਨੂੰ ਖਾਣ ਲਈ ਉਹ ਵਣ ਵਣ (ਇਕ ਦਰੱਖ਼ਤ ਤੋਂ ਦੂਜੇ ਦਰੱਖ਼ਤ) 'ਤੇ ਬੈਠਦਾ ਭੱਖ ਅਭੱਖ ਖਾਂਦਾ ਭਰਮ ਵਿਚ ਹੀ ਭੁੱਲਾ ਰਹਿੰਦਾ ਹੈ।

(੬) (ਮਨਮੁਖ ਦਾ ਚਿੱਤ) ਸਾਧ ਸੰਗਤ ਵਿਚ ਗੁਰ ਸ਼ਬਦ ਨੂੰ ਸੁਣ ਕੇ ਭੀ ਸਰੀਰ ਵਿਚ ਥਿਰ ਨਹੀਂ ਰਹਿੰਦਾ।

(੭) ਮਨਮੁਖ ਦੇ ਭਰਮ ਦੇ ਕਰੜੇ ਪੜਦੇ ਨਹੀਂ ਖੁਲ੍ਹਦੇ।੧੨।

***ਭਾਵਾਰਥ :*** ਜੋ ਮਨਮੁਖ ਸਤਿਗੁਰੂ ਦੀ ਸੰਗਤ ਵਿਚ ਰਹਿ ਕੇ ਭੀ ਮਨ ਕਰਕੇ ਵਿਸ਼ਿਆਂ ਦੀ ਵਾਸ਼ਨਾ ਵਿਚ ਗ਼ਲਤਾਨ ਰਿਹਾ, ਉਸ ਦਾ ਇਸ ਸੰਸਾਰ ਦੇ ਜੰਮਣ ਮਰਨ ਦੇ ਚੱਕ੍ਰ ਤੋਂ ਛੁਟਕਾਰਾ ਕਿਵੇਂ ਹੋ ਸਕਦਾ ਹੈ, ਉਸ ਬਾਰੇ ਤਾਂ ਗੁਰਬਾਣੀ ਦਾ ਇਹੋ ਹੀ ਪ੍ਰਮਾਣ ਢੁਕਦਾ ਹੈ :

ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥

*(ਮਾਰੂ ਮ: ੫, ਪੰਨਾ ੧੦੭੩)*

ਇਸ ਭਾਵ ਨੂੰ ਕਬੀਰ ਸਾਹਿਬ ਜੀ ਖੋਲ੍ਹ ਕੇ ਉਜਾਗਰ ਕਰਦੇ ਹਨ, ਕਿ ਭਾਈਓ! ਕੇਵਲ ਗੁਰੂ ਸੰਗਤ ਵਿਚ ਵੱਸਦੇ ਰਹਿਣਾ ਹੀ ਕਾਫ਼ੀ ਨਹੀਂ, ਗੁਰੂ ਦੇ ਉਪਦੇਸ਼ ਨੂੰ ਅੰਤਰ-ਆਤਮੇ ਧਾਰਨ ਕਰਨਾ ਭੀ ਜ਼ਰੂਰੀ ਹੈ।

ਯਥਾ : ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ ॥੧੫੮॥

*(ਸਲੋਕ ਕਬੀਰ ਜੀ, ਪੰਨਾ ੧੩੭੨)*

## ੧੩. ਮਨਮੁਖ, ਬੇਸੰਜਮਾ ਵਧੇਰੇ ਰੋਗੀ

**੧. ਰੋਗੀ ਮਾਣਸ ਹੋਇ ਕੈ**
**ਫਿਰਦਾ ਬਾਹਲੇ ਵੈਦ ਪੁਛੰਦਾ।**
**੨. ਕੱਚੇ ਵੈਦ ਨ ਜਾਣਨੀ**
**ਵੇਦਨ ਦਾਰੂ ਰੋਗੀ ਸੰਦਾ।**
**੩. ਹੋਰੋ ਦਾਰੂ ਰੋਗੁ ਹੋਰਿ**
**ਹੋਇ ਪਚਾਇੜ ਦੁੱਖ ਸਹੰਦਾ।**
**੪. ਆਵੈ ਵੈਦੁ ਸੁਵੈਦੁ ਘਰਿ**
**ਦਾਰੂ ਦੱਸੇ ਰੋਗੁ ਲਹੰਦਾ।**
**੫. ਸੰਜਮਿ ਰਹੈ ਨ ਖਾਇ ਪਥੁ**
**ਖੱਟਾ ਮਿੱਠਾ ਸਾਉ ਚਖੰਦਾ।**
**੬. ਦੋਸ ਨ ਦਾਰੂ ਵੈਦ ਨੋਂ**
**ਵਿਣੁ ਸੰਜਮਿ ਨਿਤ ਰੋਗੁ ਵਧੰਦਾ।**
**੭. ਕਪਟ ਸਨੇਹੀ ਹੋਇ ਕੈ**
**ਸਾਧਸੰਗਤਿ ਵਿੱਚ ਆਇ ਬਹੰਦਾ।**
**੮. ਦੁਰਮਤਿ ਦੂਜੈ ਭਾਇ ਪਚੰਦਾ ॥੧੩॥**

***ਪਦ ਅਰਥ:*** ਪੁਛੰਦਾ—ਪੁਛਦਾ ਹੋਇਆ। ਮਾਣਸ—ਮਨੁੱਖ। ਵੇਦਨ—ਪੀੜਾ, ਦੁੱਖ। ਪਚਾਇੜ—ਵਿਗੜਿਆ ਰੋਗ, ਪ੍ਰਹਿਲੇ ਨਾਲੋਂ ਰੋਗ ਦਾ ਵੱਧ ਜਾਣਾ। ਪਥ—ਪ੍ਰਹੇਜ਼। ਸੁਵੈਦ—ਸਿਆਣਾ ਵੈਦ। ਸੰਜਮ—ਪ੍ਰਹੇਜ਼ਗਾਰੀ, ਸੰਤੋਖ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਜਦੋਂ ਸਾਰੇ ਸੰਸਾਰ ਦੇ ਮਨੁੱਖਾਂ ਵੱਲ ਨਜ਼ਰ ਮਾਰਦੇ ਹਾਂ, ਤਾਂ ਕੋਈ ਭੀ ਅਜਿਹਾ ਮਨੁੱਖ ਵੇਖਣ ਵਿਚ ਨਹੀਂ ਆਉਂਦਾ ਜੋ ਸਰੀਰ ਕਰਕੇ ਸਦੀਵੀ ਰੋਗ ਤੋਂ ਰਹਿਤ ਹੋਵੇ, ਇਹ ਗੱਲ ਵੱਖਰੀ ਹੈ ਕਿ ਕਿਸੇ ਦਾ ਅਸਥੂਲ ਰੋਗ ਵੇਖਣ ਵਿਚ ਆਉਂਦਾ ਹੈ, ਕਿਸੇ ਦੂਸਰੇ ਮਨੁੱਖ ਦਾ ਸੂਖਮ ਰੋਗ ਨਹੀਂ ਭੀ ਦਿਸਦਾ, ਉਂਝ ਹਰ ਰੋਗੀ ਹੀ ਅਰੋਗ ਹੋਣ ਲਈ ਭਿੰਨ ਭਿੰਨ ਸਿਆਣੇ ਸਿਆਣੇ ਵੈਦਾਂ ਪਾਸ ਜਾਂਦਾ ਹੈ, ਪਰ ਜੇ ਕਿਸੇ ਸਿਆਣੇ ਵੈਦ ਪਾਸ ਜਾਣ ਨਾਲ ਰੋਗੀ ਦਾ ਰੋਗ ਵਧੇਰੇ ਵੱਧ ਜਾਏ ਇਸਦਾ ਕਾਰਨ ਤੁਸੀਂ ਕੀ ਅਨੁਭਵ ਕਰਦੇ ਹੋ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਇਸਦਾ ਕਾਰਨ ਇਕੋ ਹੈ ਕਿ ਜੋ ਰੋਗੀ ਸਿਆਣੇ ਵੈਦ ਦੀ ਦਿੱਤੀ ਹੋਈ ਚੰਗੀ ਤੋਂ ਚੰਗੀ ਦਵਾਈ ਨੂੰ ਹਕੀਮ ਦੇ ਦੱਸੇ ਹੋਏ ਪ੍ਰਹੇਜ਼ ਅਨੁਸਾਰ ਨਹੀਂ ਵਰਤਦਾ ਉਹ ਰੋਗੀ ਕਦੇ ਭੀ ਅਰੋਗ ਨਹੀਂ ਹੋ ਸਕਦਾ, ਸਦਾ ਹੀ ਉਹ ਰੋਗੀ ਦੁਖੀਆ ਹੀ ਰਵ੍ਹੇਗਾ, ਇਸ ਵੀਚਾਰ ਨਾਲ ਸਾਰੇ ਹੀ ਸਿਆਣੇ ਲੋਕ ਸਹਿਮਤ ਹਨ।

ਪ੍ਰ: ਭਾਈ ਸਾਹਿਬ ਜੀਉ ! ਇਹ ਤਾਂ ਆਪ ਜੀ ਨੇ ਬਹਿਰੂਨੀ ਸਰੀਰਕ ਰੋਗੀਆਂ ਬਾਰੇ ਜਾਣਕਾਰੀ ਦਿੱਤੀ ਹੈ, ਪਰ ਇਕ ਮਾਨਸਕ ਹਉਮੈ ਦੇ ਰੋਗੀ ਹਨ, ਜੋ ਸ਼ਿਰੋਮਣੀ ਵੈਦ ਗੁਰੂ ਦੀ ਸੱਚੀ ਸੰਗਤ ਵਿਚ ਹੀ ਨਿਵਾਸ ਕਰਦੇ ਹਨ, ਵੇਖਣ ਵਿਚ ਆਉਂਦਾ ਹੈ ਕਿ ਉਹ ਹਉਮੈ ਦੇ ਰੋਗੀ ਸਦਾ ਇਸੇ ਹਉਮੈ ਦੇ ਦੀਰਘ ਰੋਗ ਦੇ ਗ੍ਰਸੇ ਹੋਏ ਸਦਾ ਹੀ ਵਿਲਕਦੇ ਰਹਿੰਦੇ ਹਨ। ਕਿਉਂ ਜੀ ! ਇਸ ਸੰਬੰਧੀ ਗੁਰਮਤ ਅਨੁਸਾਰ ਆਪ ਜੀ ਉਨ੍ਹਾਂ ਰੋਗੀਆਂ ਬਾਰੇ ਕੀ ਵੀਚਾਰ ਰੱਖਦੇ ਹੋ, ਜਾਣਕਾਰੀ ਦਿਓ ?

ਉ: ਹੇ ਭਾਈਓ ! ਇਸ ਬਾਰੇ ਜਦੋਂ ਗੁਰਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਇਹੋ ਬੋਧ ਮਿਲਦਾ ਹੈ ਕਿ ਜਿਥੇ ਮਨੁੱਖ ਦਾ ਸਰੀਰ, ਸਰੀਰਕ ਰੋਗਾਂ ਕਰਕੇ ਗ੍ਰਸਿਆ ਹੋਇਆ ਦਿਨੇ ਰਾਤ ਦੁਖੀਆ ਹੋ ਵਿਲਕਦਾ ਹੈ, ਉਥੇ ਮਨੁੱਖ ਦਾ ਮਨ ਹਉਮੈ ਦੇ ਰੋਗ ਨਾਲ ਭੀ ਸਦਾ ਹੀ ਕਲਪਦਾ ਰਹਿੰਦਾ ਹੈ, ਕਿਉਂਕਿ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਹਉਮੈ ਰੋਗੁ ਮਾਨੁਖ ਕਉ ਦੀਨਾ ॥.....
ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥
*(ਭੈਰਉ ਮ: ੫, ਪੰਨਾ ੧੧੪੦)*

ਹਉਮੈ ਰੋਗਿ ਸਭੁ ਜਗਤੁ ਬਿਆਪਿਆ
ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ
ਤਿਸੁ ਜਨ ਕਉ ਹਉ ਬਲਿਹਾਰੀ ॥੩॥
*(ਸੂਹੀ ਮ: ੪, ਪੰਨਾ ੭੩੫)*

ਪਉਣ ਪਾਣੀ ਕੀ ਇਹ ਦੇਹ ਸਰੀਰਾ ॥
ਹਉਮੈ ਰੋਗੁ ਕਠਿਨ ਤਨਿ ਪੀਰਾ ॥
*(ਬਸੰਤੁ ਮ: ੩, ਪੰਨਾ ੧੧੭੨)*

ਹਉਮੈ ਰੋਗਿ ਜਾ ਕਾ ਮਨੁ ਬਿਆਪਿਤ
ਓਹੁ ਜਨਮਿ ਮਰੈ ਬਿਲਲਾਤੀ ॥੨॥
*(ਸੋਰਠਿ ਮ: ੫, ਪੰਨਾ ੬੧੦)*

ਹਉਮੈ ਰੋਗੀ ਜਗਤੁ ਉਪਾਇਆ
ਬਿਨੁ ਸਬਦੈ ਰੋਗੁ ਨ ਜਾਈ ॥ *(ਭੈਰਉ ਮ: ੩, ਪੰਨਾ ੧੧੩੦)*

ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ ॥੨॥
*(ਸ੍ਰੀ ਰਾਗੁ ਮ: ੫, ਪੰਨਾ ੪੭)*

ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਵਾਇਆ ॥੬॥
*(ਰਾਮਕਲੀ ਮ: ੧, ਪੰਨਾ ੯੦੬)*

ਆਪੇ ਬਖਸੇ ਦੇਇ ਪਿਆਰੁ ॥
ਹਉਮੈ ਰੋਗੁ ਵਡਾ ਸੰਸਾਰਿ ॥
*(ਮਲਾਰ ਮ: ੩, ਪੰਨਾ ੧੨੭੮)*

ਹਉਮੈ ਵਿਚਿ ਸਦ ਜਲੈ ਸਰੀਰਾ ॥
ਕਰਮੁ ਹੋਵੈ ਭੇਟੇ ਗੁਰੁ ਪੂਰਾ ॥ *(ਮਾਰੂ ਮ: ੩, ਪੰਨਾ ੧੦੬੮)*

ਹਉਮੈ ਵਿਚਿ ਸਭੁ ਜਗੁ ਬਉਰਾਨਾ ॥
ਦੂਜੈ ਭਾਇ ਭਰਮਿ ਭੁਲਾਨਾ ॥
*(ਗਉੜੀ ਮ: ੩, ਪੰਨਾ ੧੫੯)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਇਹੋ ਬੋਧ ਹਾਸਲ ਹੁੰਦਾ ਹੈ ਕਿ ਜਿਤਨਾ ਚਿਰ ਕਿਸੇ ਦੇ ਮਨ ਅੰਦਰ ਹਉਮੈ, ਕਪਟ ਤੇ ਦੁਰਮੱਤ ਹੈ ਉਹ ਭਾਵੇਂ ਜੀਵਨ ਭਰ ਸੰਗਤ ਵਿਚ ਆ ਕੇ ਬੈਠਦਾ ਰਵੇ ਉਸਨੂੰ ਸ਼ਾਂਤੀ ਨਹੀਂ ਪ੍ਰਾਪਤ ਹੋ ਸਕਦੀ, ਉਹ ਦ੍ਵੈਤ-ਭਾਵਨਾ ਵਿਚ ਸਦਾ ਹੀ ਪਚਦਾ ਰਵੇਗਾ। ਇਨ੍ਹਾ ਗੁਰਮੱਤ ਦੀਆਂ ਵੀਚਾਰਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉਚਾਰਨ ਕਰੀਆਂ ਹਨ, ਜਿਵੇਂ ਕਿ ਅਸੀਂ ਵੇਖਦੇ ਹਾਂ :

(੧) (ੳ) ਮਨੁੱਖ ਰੋਗੀ ਹੋ ਕੇ ਬਹੁਤੇ ਵੈਦਾਂ ਹਕੀਮਾਂ ਕੋਲ ਜਾਂਦਾ ਹੈ ਤੇ ਪੁੱਛਦਾ ਹੈ (ਕਿ ਮੈਨੂੰ ਕੀ ਹੋ ਗਿਆ ਹੈ ? ਮੇਰਾ ਇਲਾਜ ਕਰੋ)।

(੨) ਪਰ ਕੱਚਾ (ਅਨਾੜੀ) ਵੈਦ ਨਹੀਂ ਜਾਣ ਸਕਦਾ ਕਿ ਰੋਗੀ ਨੂੰ ਕੀ ਰੋਗ ਹੈ, ਉਸਨੂੰ ਕੀ ਦੁਖ ਹੈ (ਤੇ ਇਸਨੂੰ ਕਿਹੜੀ ਦੁਆਈ ਦਿਆਂ ?)

(੩) ਰੋਗ ਕੁਝ ਹੁੰਦਾ ਹੈ ਦਾਰੂ (ਦਵਾਈ) ਕਿਸੇ ਹੋਰ ਰੋਗ ਦੀ ਖਾ ਕੇ (ਰੋਗੀ ਸਗੋਂ ਬਹੁਤਾ) ਦੁਖ ਸਹਾਰਦਾ ਹੈ।

(੪) (ਪਰ ਜੇ ਉਹ ਪਹਿਲੋਂ ਹੀ ਕਿਸੇ) ਚੰਗੇ ਸਿਆਣੇ ਵੈਦ ਜਾਂ ਹਕੀਮ ਕੋਲ ਜਾਂਦਾ, ਤਾਂ (ਉਹ ਉਸਨੂੰ ਉਸਦਾ) ਰੋਗ ਦੇਖ ਕੇ ਠੀਕ ਦਵਾਈ ਦੇਂਦਾ।

(੫) (ਪਰ ਜੇ ਰੋਗੀ) ਸੰਜਮ ਵਿਚ ਨਾ ਰਹੇ, ਨਾ ਦਵਾਈ ਖਾਣ ਸਮੇਂ ਪ੍ਰਹੇਜ਼ਗਾਰੀ ਦਾ ਹੀ ਖ਼ਿਆਲ ਰੱਖੇ, ਸਵਾਦਾਂ ਦੇ ਅਧੀਨ ਹੋ ਖੱਟਾ ਮਿੱਠਾ ਸਭ ਸੁਆਦਾਂ ਨੂੰ ਚੱਖੀਂ ਜਾਂਦਾ ਹੈ।

(੬) (ਤਾਂ ਇਸ ਵਿਚ) ਨਾ ਦੋਸ਼ ਦਾਰੂ ਦਾ ਹੈ, ਨਾ ਵੈਦ ਦਾ, ਸਗੋਂ ਇਹ ਤਾਂ ਸੰਜਮ ਤੇ ਪ੍ਰਹੇਜ਼ਗਾਰੀ ਤੋਂ ਬਿਨਾ ਰੋਗੀ ਦਾ ਰੋਗ ਨਿੱਤ ਵਧਦਾ ਹੀ ਜਾਂਦਾ ਹੈ।

(੭) ਧੋਖੇਬਾਜ਼ ਪ੍ਰੇਮੀਆਂ (ਮਨਮੁਖਾਂ ਦੀ ਵੀ ਇਹੋ ਹਾਲਤ ਹੈ ਕਿ ਜਿਹੜੇ) ਸਾਧ ਸੰਗਤ ਵਿਚ ਤਾਂ ਆ ਬੈਠਦੇ ਹਨ (ਤੇ ਉਤੋਂ ਵੱਡੇ ਪ੍ਰੇਮੀ ਹੋਣ ਦਾ ਮਾਣ ਦਿਖਾਂਦੇ ਹਨ)।

(੮) ਭੈੜੀ ਮੱਤ ਨੂੰ ਧਾਰਨ ਵਾਲਾ, ਦੂਜੇ ਭਾਵ (ਦੁਬਿਧਾ) ਦੀ ਅੱਗ ਵਿਚ ਹੀ ਸੜਦਾ ਰਹਿੰਦਾ ਹੈ, (ਉਸਨੂੰ ਗੁਰਮੁਖਤਾਈ ਪ੍ਰਾਪਤ ਨਹੀਂ ਹੁੰਦੀ)।੧੩।

***ਭਾਵਾਰਥ :*** ਜਿਵੇਂ ਕਿਸੇ ਰੋਗੀ ਲਈ ਜ਼ਰੂਰੀ ਹੈ ਕਿ ਉਹ ਅਰੋਗ ਹੋਣ ਲਈ ਕਿਸੇ ਸਿਆਣੇ, ਸੁਜਾਨ ਵੈਦ ਦੀ ਖੋਜ ਕਰੇ ਜੋ ਰੋਗੀ ਦੇ ਰੋਗ ਨੂੰ ਸਮਝ ਕੇ ਉਸਦੇ ਦੂਰ ਕਰਨ ਲਈ ਸਿਆਣਪ ਰੱਖਦਾ ਹੋਵੇ, ਉਸੇ ਵੈਦ ਤੋਂ ਅਰੋਗਤਾ ਪ੍ਰਾਪਤ ਹੁੰਦੀ ਹੈ।

ਇਸੇ ਤਰ੍ਹਾਂ ਸੰਸਾਰ ਦਾ ਹਰ ਮਨੁੱਖ ਹੀ ਹਉਮੈ ਦੇ ਦੀਰਘ ਰੋਗ ਨਾਲ ਗ੍ਰਸਿਆ ਹੋਇਆ ਹੈ, ਇਸ ਰੋਗ ਦੀ ਨਿਵਿਰਤੀ ਲਈ ਸੱਚੇ ਵੈਦ ਗੁਰੂ ਨਾਨਕ ਦੇਵ ਜੀ ਕਲਿਜੁਗ ਅੰਦਰ ਪ੍ਰਗਟ ਹੋਏ ਹਨ ਜੋ ਸੰਸਾਰ ਦੇ ਕੋਨੇ ਕੋਨੇ ਵਿਚ ਬੈਠੇ ਰੋਗੀਆਂ ਦਾ ਇਲਾਜ ਕਰਨ ਲਈ ਬਿਨਾ ਬੁਲਾਇਆਂ ਬਿਨਾ ਫ਼ੀਸ ਤੋਂ ਖ਼ੁਦ ਹੀ ਪੁੱਜ ਕੇ ਇਲਾਜ ਕਰਦੇ ਰਹੇ, ਜਿਨ੍ਹਾਂ ਨੇ ਹਉਮੈ ਦੇ ਗ੍ਰਸਿਆਂ ਹੋਇਆਂ ਵੱਡੇ ਵੱਡੇ ਰੋਗੀਆਂ ਨੂੰ ਅਰੋਗਤਾ ਪਰਦਾਨ ਕੀਤੀ। ਇਸ ਲਈ ਬਾਣੀ ਵਿਚ ਬਾਰ ਬਾਰ ਇਹੋ ਪ੍ਰੇਰਨਾ ਮਿਲਦੀ ਹੈ, ਕਿ ਸੱਚੇ ਵੈਦ ਦਾ ਨਾਮ ਦਾਰੂ ਲੈਣਾ ਕਰੋ, ਅਤੇ ਪੱਥ ਪ੍ਰਹੇਜ਼ ਭੀ ਧਾਰਨ ਕਰਨ ਦੇ ਆਦੀ ਹੋਵੋ, ਕੱਚੇ ਵੈਦਾਂ ਤੋਂ ਸਦਾ ਹੀ ਬਚ ਕੇ ਰਹੋ।

## ੧੪. ਮਨਮੁਖ ਨਾਲ ਖੋਤੇ ਦਾ ਦ੍ਰਿਸ਼ਟਾਂਤ

**੧. ਚੋਆ ਚੰਦਨੁ ਮੇਦੁ ਲੈ**
**ਮੇਲੁ ਕਪੂਰ ਕਥੂਰੀ ਸੰਦਾ।**
**੨. ਸਭ ਸੁਗੰਧ ਰਲਾਇ ਕੈ**
**ਗੁਰੁ ਗਾਂਧੀ ਅਰਗਜਾ ਕਰੰਦਾ।**
**੩. ਮਜਲਸ ਆਵੈ ਸਾਹਿਬਾਂ**
**ਗੁਣ ਅੰਦਰ ਹੋਇ ਗੁਣ ਮਹਕੰਦਾ।**
**੪. ਗਦਹਾ ਦੇਹੀ ਖਉਲੀਐ**
**ਸਾਰ ਨ ਜਾਣੈ ਨਰਕ ਭਵੰਦਾ।**
**੫. ਸਾਧਸੰਗਤ ਗੁਰ ਸ਼ਬਦ ਸੁਣਿ**
**ਭਾਉ ਭਗਤਿ ਹਿਰਦੈ ਨ ਧਰੰਦਾ।**
**੬. ਅੰਨਾ ਅੱਖੀਂ ਹੋਵਈ**
**ਬੋਲਾ ਕੰਨਾਂ ਸੁਣ ਨ ਸੁਣੰਦਾ।**
**੭. ਬੱਧਾ ਚੱਟੀ ਜਾਇ ਭਰੰਦਾ॥੧੪॥**

***ਪਦ ਅਰਥ :*** ਚੋਆ—ਗੁਲਾਬ ਦਾ ਅਰਕ। ਮੇਦੁ—ਬਿੱਲੀ ਦੀ ਮੁਸ਼ਕ। ਕਥੂਰੀ—ਕਸਤੂਰੀ। ਗੁਰੁ ਗਾਂਧੀ—ਵੱਡਾ ਅਤਾਰ। ਅਰਗਜਾ—ਸੁਗੰਧੀਆਂ ਦਾ ਸਮੂਹ। ਮਜਲਸ—ਸਭਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਅਸੀਂ ਵੇਖਦੇ ਹਾਂ ਕਿ ਗਰਮੀ ਦੀ ਰੁਤੇ ਜਦੋਂ ਬਹੁਤ ਸਾਰੇ ਲੋਕ ਇਕੱਠੇ ਹੋ ਬੈਠਦੇ ਹਨ ਤਾਂ ਉਨ੍ਹਾਂ ਦੀ ਤਪਸ਼ ਨੂੰ ਸਰੋਵਰ ਦਾ ਸ਼ਾਂਤ ਵਾਤਾਵਰਣ ਪ੍ਰਤੀਤ ਹੀ ਨਹੀਂ ਹੋਣ ਦੇਂਦਾ, ਉਨ੍ਹਾਂ ਦੇ ਸਰੀਰ ਨੂੰ ਗਰਮੀ ਪੋਹ ਨਹੀਂ ਸਕਦੀ, ਉਹ ਸ਼ਾਂਤੀ ਨਾਲ ਸਮਾਂ ਬਿਤਾਉਂਦੇ ਹਨ। ਇਸਦਾ ਜਦੋਂ ਦੂਜਾ ਪੱਖ ਵੇਖਦੇ ਹਾਂ ਕਿ ਗੁਰੂ ਦੀ ਸਾਧ ਸੰਗਤ ਨੂੰ ਭੀ ਪਵਿੱਤ੍ਰ ਸਰੋਵਰ ਦੀ ਤੁਲਨਾ ਦਿੱਤੀ ਜਾਂਦੀ ਹੈ, ਪਰ ਇਸ ਸਾਧ ਸੰਗਤ ਰੂਪੀ ਸਰੋਵਰ ਦੇ ਇਰਦ ਗਿਰਦ ਆ ਕੇ ਬੈਠਣ ਵਾਲੇ ਜੋ ਲੋਕ ਹਨ, ਇਨ੍ਹਾਂ ਦੇ ਵਿਚ ਵਧੇਰੇ ਉਨ੍ਹਾਂ ਸੱਜਨਾਂ ਦੀ ਗਿਣਤੀ ਹੈ, ਜਿਨ੍ਹਾਂ ਨੂੰ ਹਰ ਪੱਖੋਂ ਹੀ ਅਸ਼ਾਂਤ ਵੇਖੀਦਾ ਹੈ। ਕਿਉਂ ਜੀ! ਜੋ ਲੋਕ ਹਮੇਸ਼ਾਂ ਸੰਗਤ ਰੂਪੀ

ਸਰੋਵਰ ਵਿਚ ਆ ਬੈਠਣ ਦੇ ਆਦੀ ਹਨ, ਉਨ੍ਹਾ ਦੇ ਮਨ ਅਸ਼ਾਂਤ ਰਹਿਣ ਦਾ ਅਸਲ ਕਾਰਨ ਕੀ ਹੈ, ਗੁਰਮਤ ਅਨੁਸਾਰ ਆਪ ਜੀ ਜਾਣਕਾਰੀ ਦਿਓ ?

ਉ: ਹੇ ਭਾਈਓ ! ਇਸ ਪੱਖ ਨੂੰ ਜਦੋਂ ਅਸੀਂ ਗੁਰਮਤ ਦੇ ਭਾਵਾਂ ਨੂੰ ਮੁੱਖ ਰਖ ਕੇ ਵੀਚਾਰਦੇ ਹਾਂ ਤਾਂ ਇਉਂ ਹੀ ਬੋਧ ਮਿਲਦਾ ਹੈ ਕਿ ਕਿਸੇ ਸਰੋਵਰ ਦੇ ਕਿਨਾਰੇ 'ਤੇ ਬੈਠ ਕੇ ਕਿਸੇ ਦੇ ਸਰੀਰ ਨੂੰ ਤਾਂ ਨਾਮ-ਮਾਤ੍ਰ ਸ਼ਾਂਤੀ ਮਿਲ ਸਕਦੀ ਹੈ, ਪਰ ਜੋ ਅੰਦਰ ਦੀ ਪਿਆਸ ਹੈ ਉਹ ਤਾਂ ਕੇਵਲ ਪ੍ਰਾਣੀ ਦੇ ਪੀਣ ਨਾਲ ਹੀ ਦੂਰ ਹੋ ਸਕਦੀ ਹੈ। ਇਸੇ ਤਰ੍ਹਾਂ ਜੋ ਸੰਗਤ ਵਿਚ ਆ ਬੈਠਣਾ ਹੈ ਇਸ ਨਾਲ ਪੂਰਨ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ ਜਿਤਨਾ ਚਿਰ ਗੁਰੂ ਦੀ ਸੰਗਤ ਵਿਚ ਦਿਤਾ ਜਾ ਰਿਹਾ ਗੁਰੂ ਦਾ ਉਪਦੇਸ਼ ਹਿਰਦੇ ਅੰਦਰ ਧਾਰਨ ਨਹੀਂ ਕੀਤਾ ਜਾਂਦਾ।

ਜੇ ਕੇਵਲ ਸੰਗਤ ਵਿਚ ਆ ਕੇ ਗੁਰੂ ਨੂੰ ਵੇਖਣ ਤੇ ਬੈਠਣ ਨਾਲ ਹੀ ਪ੍ਰਯੋਜਨ ਦੀ ਸਿੱਧੀ ਹੋ ਸਕਦੀ ਹੋਵੇ ਫਿਰ ਤਾਂ ਬਹੁਤ ਹੀ ਸੁਖੈਨ ਹੈ, ਇਸ ਤਰ੍ਹਾਂ ਤਾਂ ਬਹੁਤਿਆਂ ਨੂੰ ਹੀ ਮਕਸਦ ਦੀ ਪੂਰਤੀ ਹੋ ਸਕਦੀ ਹੈ। ਕਿਉਂਕਿ ਸਾਰੇ ਸੰਸਾਰ ਅੰਦਰ ਹਜ਼ਾਰਾਂ ਨਹੀ ਸਗੋਂ ਲੱਖਾ ਲੋਕ ਹੀ ਸੰਗਤ ਵਿਚ ਆ ਬੈਠਣ ਤੇ ਦਰਸ਼ਨ ਕਰਨ ਦੇ ਨਿਯਮੀ ਵੇਖਣ ਵਿਚ ਆਉਦੇ ਹਨ, ਪਰ ਇਸ ਤਰ੍ਹਾਂ ਦੇ ਧਾਰਨਾ ਤੋਂ ਖ਼ਾਲੀ ਲੋਕਾਂ ਦਾ ਆ ਬੈਠਣਾ ਰੱਬੀ ਦਰਬਾਰ ਵਿਚ ਕਬੂਲ ਨਹੀਂ ਹੁੰਦਾ। ਇਸ ਭਾਵ ਨੂੰ ਗੁਰਬਾਣੀ ਵਿਚ ਹੀ ਦਰਸਾਇਆ ਗਿਆ ਹੈ, ਜਿਵੇਂ ਕਿ :

ਸਤਿਗੁਰ ਨੋ ਸਭੁ ਕੋ ਵੇਖਦਾ<br>
ਜੇਤਾ ਜਗਤੁ ਸੰਸਾਰੁ॥<br>
ਡਿਠੈ ਮੁਕਤਿ ਨ ਹੋਵਈ<br>
ਜਿਚਰੁ ਸਬਦਿ ਨ ਕਰੇ ਵੀਚਾਰੁ॥

*(ਸਲੋਕੁ ਮ: ੩, ਪੰਨਾ ੫੯੪)*

ਸਤਿਗੁਰੁ ਨ ਸੇਵਿਓ ਸਬਦੁ ਨ ਰਖਿਓ ਉਰਧਾਰਿ<br>
ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ॥

*(ਸਲੋਕੁ ਮ: ੩, ਪੰਨਾ ੧੪੧੪)*

ਇਸ ਤੋਂ ਇਹੋ ਭਾਵ ਸਿੱਧ ਹੁੰਦਾ ਹੈ ਕਿ ਜਿਥੇ ਗੁਰੂ ਦੀ ਸੰਗਤ ਵਿਚ ਆ ਕੇ ਬੈਠਣਾ ਹੈ, ਉਥੇ ਉਸ ਤੋਂ ਭੀ ਅਤਿ ਜ਼ਰੂਰੀ ਗੁਰੂ ਦਾ ਦਿੱਤਾ ਜਾ ਰਿਹਾ ਉਪਦੇਸ਼ ਸੁਣ ਕੇ ਹਿਰਦੇ ਅੰਦਰ ਧਾਰਨ ਕਰਨਾ ਹੈ, ਪਰ ਬਹੁਤੇ ਲੋਕਾਂ ਨੇ ਸਿੱਖੀ ਦਾ ਲਿਬਾਸ ਪਹਿਨ ਕੇ ਗੁਰੂ ਦੀ ਸੰਗਤ ਵਿਚ ਆ ਬੈਠਣ ਦਾ ਮਨੋਰਥ ਕੇਵਲ ਇਤਨਾ ਹੀ ਸਮਝ ਲਿਆ ਹੈ ਕਿ ਆਮ ਲੋਕਾਂ ਵਿਚ ਸਾਡਾ ਇਹੋ ਬੋਲ ਬਾਲਾ ਫੈਲ ਜਾਏ ਕਿ ਅਸੀਂ ਸੰਗਤ ਵਿਚ ਆਉਣ ਦੇ ਨਿਤਨੇਮੀ ਸਿਖ ਹਾਂ, ਹੋ ਸਕਦਾ ਹੈ ਕਿ ਅਜਿਹੇ ਲੋਕ ਆਮ ਲੋਕਾਂ 'ਤੇ ਆਪਣਾ ਪ੍ਰਭਾਵ ਪਾ ਸਕਣ, ਪਰ ਇਹ ਲੋਕਾਂ ਦੀ ਪ੍ਰਸੰਸਾ ਗੁਰੂ ਦੀ ਸੱਚੀ ਦਰਗਾਹ ਵਿਚ ਕਬੂਲ ਨਹੀਂ। ਪਰ ਵਧੇਰੇ ਉਨ੍ਹਾਂ ਲੋਕਾਂ ਦੀ ਗਿਣਤੀ ਗਿਣਨ ਵਿਚ ਆਉਂਦੀ ਹੈ ਜੋ ਆਪਣੇ ਮਨ ਦੀ ਮਨਮੱਤ ਪਿਛੇ ਟੁਰਨ ਵਾਲੇ ਲੋਕ-ਲਾਜ ਦੀ ਪਾਲਨਾ ਕਰਨ ਹਿਤ ਸੰਗਤ ਵਿਚ ਸ਼ਬਦ ਤਾਂ ਆ ਸੁਣਦੇ ਹਨ, ਪਰ ਗੁਰੂ ਦੀ ਭਾਉ-ਭਗਤੀ ਨੂੰ ਹਿਰਦੇ ਵਿਚ ਧਾਰਨ ਵਲੋਂ ਉੱਕਾ ਹੀ ਸੱਖਣੇ ਹਨ। ਸੋ, ਮੈਂ ਗੁਰਬਾਣੀ ਦੇ ਅਜਿਹੇ ਭਾਵਾਂ ਤੋਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਚੰਦ ਸਤਰਾ ਉੱਚਾਰਨ ਕੀਤੀਆ ਹਨ, ਜਿਵੇਂ ਕਿ :

(੧) ਚੋਆ (ਅਰਕ ਗੁਲਾਬ) ਚੰਦਨ, ਮੁਸ਼ਕ ਬਿਲਾਈ ਨੂੰ ਕਪੂਰ ਤੇ ਕਸਤੂਰੀ (ਸੁਗੰਧਤ ਵਸਤੂਆਂ) ਨਾਲ ਮਿਲਾ ਕੇ।

(੨) ਤੇ ਸਭ ਸੁਗੰਧਾਂ (ਖ਼ੁਸ਼ਬੂਆਂ) ਰਲਾ ਕੇ ਵੱਡਾ ਅਤਾਰ (ਅਤਰ ਫੁਲੇਲ ਬਣਾਉਣ ਵਾਲਾ) ਅਰਗਜਾ (ਸੁਗੰਧੀਆਂ ਦਾ ਸਮੂੰਹ) ਬਣਾਉਂਦਾ ਹੈ।

(੩) ਵੱਡੇ ਲੋਕਾਂ ਦੀ ਸਭਾ ਵਿਚ ਜਦ ਇਹ ਪੁੱਜਦਾ ਹੈ ਤਾਂ ਗੁਣੀ ਲੋਕਾਂ ਵਾਂਗ ਇਹ ਵੀ ਉਥੇ ਆਪਣੇ (ਗੁਣ) ਮਹਿਕ ਨੂੰ ਖ਼ੂਬ ਮਹਿਕਾਉਂਦਾ ਹੈ।

(੪) (ਪਰ ਜੇ ਉਹੀ ਅਰਗਜਾ)। ਇਕ ਖੋਤੇ ਨੂੰ ਮਲ ਦੇਈਏ ਤਾਂ ਉਸ ਨਰਕੀ ਜੀਅ, ਰੂੜੀਆਂ (ਗੰਦਗੀ) ਤੇ ਲੋਟਣ ਵਾਲੇ ਨੂੰ ਇਸ ਮਹਿਕ (ਅਰਗਜੇ) ਦੀ ਕੀ ਸਾਰ ਹੈ ? (ਭਾਵ ਉਹ ਇਸਦੀ ਮਹੱਤਤਾ ਨੂੰ ਨਹੀਂ ਜਾਣ ਸਕਦਾ)।

(੫) (ਤਿਵੇਂ ਹੀ ਮਨਮੁਖ ਹੋ ਕੇ) ਸਾਧ ਸੰਗਤ ਵਿਚ ਆ ਕੇ ਗੁਰ ਸ਼ਬਦ ਨੂੰ ਸੁਣਦਾ ਹੈ, ਪਰ ਉਹ ਇਸ ਦੀ ਭਾਉ-ਭਗਤੀ ਨੂੰ ਹਿਰਦੇ ਅੰਦਰ ਨਹੀਂ ਧਰਦਾ।

(੬) ਉਹ ਅੱਖਾਂ ਨਾਲ ਬੋਲਾ ਹੀ ਜਾਣੋ, (ਭਾਵ ਉਹ ਅੱਖਾਂ ਦੇ ਹੁੰਦਿਆਂ ਸਤਿਸੰਗ ਦਾ ਦਰਸ਼ਨ ਕਰਦਾ ਹੋਇਆ ਵੀ) ਅੰਨ੍ਹਾਂ ਅਰ ਕੰਨੀਂ (ਕਥਾ) ਸੁਣਦਿਆਂ ਵੀ (ਨਾ ਮੰਨਣ ਕਰਕੇ) ਬੋਲਾ ਬਣ ਜਾਂਦਾ ਹੈ, (ਜੇ ਕੋਈ ਬਾਹਲੀ ਖਿੱਚ ਕਰੇ ਤਾਂ)

(੭) ਕਿਸੇ ਦੇ ਕਹੇ ਕਹਾਏ ਜੇ ਉਹ ਸਾਧ ਸੰਗਤ ਵਿਚ ਜਾ ਸੋਭਦਾ ਹੈ ਤਾਂ ਇਹ ਬੱਧਾ ਹੋਇਆ ਚੱਟੀ ਭਰਨ ਵਾਲੀ ਗੱਲ ਹੈ।੧੪।

*ਭਾਵਾਰਥ :* ਗੁਰੂ ਜੀ ਨੇ ਇਹ ਅਰਗਜਾ ਬਣਾਇਆ ਹੈ–ਸਤਿ, ਸੰਤੋਖ, ਵੀਚਾਰ, ਨਾਮ, ਸਰਵਨ, ਮੰਨਣ, ਨਿਧਯਾਸਨ, ਸਾਖਯਾਤਕਾਰ, ਅਰਥਾਤ ਸਬਦ ਸੁਰਤ ਦਾ ਮੇਲ, ਪ੍ਰੇਮ, ਇਸ ਦੀ ਕਦਰ ਸੱਚ ਦੇ ਖੋਜੀਆ ਨੂੰ ਹੈ, ਮਨਮੁਖ ਖੋਤੇ ਵਾਂਗ ਵਿਸ਼ਿਆਂ ਦੇ ਪਿਆਰੇ ਹਨ, ਜੇ ਉਹ ਭੁੱਲੇ ਚੁੱਕੇ ਧੱਕੇ ਧਕਾਏ ਸੰਗਤ ਵਿਚ ਆ ਵੀ ਜਾਣ ਤਾਂ ਉਨ੍ਹਾਂ ਦਾ ਇਉਂ ਹੀ ਹੈ ਕਿ :

ਬਧਾ ਚਟੀ ਜੋ ਭਰੇ ਨਾ ਗੁਣ ਨਾ ਉਪਕਾਰੁ ॥
*(ਮ: ੨, ਪੰਨਾ ੭੮੭)*

## ੧੫. ਮਨਮੁਖ ਕਾਲਾ ਕੰਬਲ ਤੇ ਰੇਸ਼ਮੀ ਕੱਪੜਾ ਗੁਰਮੁਖ

**੧. ਧੋਤੇ ਹੋਵਨਿ ਉੱਜਲੇ**
**ਪਾਟ ਪਟੰਬਰ ਖਰੇ ਅਮੋਲੇ।**
**੨. ਰੰਗ ਬਿਰੰਗੀ ਰੰਗੀਅਨ**
**ਸੱਭੇ ਰੰਗ ਸੁਰੰਗ ਅਡੋਲੇ।**
**੩. ਸਾਹਿਬ ਲੈ ਲੈ ਪੈਨ੍ਹਦੇ**
**ਰੂਪ ਰੰਗ ਰਸ ਵੰਸ ਨਿਕੋਲੇ।**
**੪. ਸੋਭਾਵੰਤ ਸੁਹਾਵਣੇ**
**ਚੱਜ ਅਚਾਰ ਸੀਂਗਾਰ ਵਿਚੋਲੇ।**
**੫. ਕਾਲਾ ਕੰਬਲ ਉੱਜਲਾ**
**ਹੋਇ ਨ ਧੋਤੈ ਰੰਗਿ ਨਿਰੋਲੇ।**
**੬. ਸਾਧਸੰਗਤਿ ਗੁਰ ਸ਼ਬਦ ਸੁਣਿ**
**ਝਾਕੈ ਅੰਦਰ ਨੀਰੁ ਵਿਰੋਲੇ।**
**੭. ਕਪਟ ਸਨੇਹੀ ਉੱਜੜ ਖੋਲੇ ॥੧੫॥**

*ਪਦ ਅਰਥ :* ਪਾਟ ਪਟੰਬਰ–ਰੇਸ਼ਮੀ ਕੱਪੜੇ। ਸੁਰੰਗ–ਸੋਹਣੇ ਰੰਗ। ਨਿਕੋਲੇ–ਨਵੀਨ। ਨਿਰੋਲੇ–ਬਿਲਕੁਲ ਠੀਕ, ਸ਼ੁੱਧ। ਵਿਚੋਲੇ–ਵਕੀਲ। ਵਿਰੋਲੇ–ਰਿੜਕਣਾ। ਉੱਜੜ ਖੋਲੇ–ਉਜੜੇ ਹੋਏ ਘਰ, ਖੰਡਰਾਤ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਅਸੀਂ ਵੇਖਦੇ ਹਾਂ ਕਿ ਗੁਰੂ ਦੀ ਸਾਧ ਸੰਗਤ ਵੀ ਇਕ ਪਵਿੱਤ੍ਰ ਪਾਣੀ ਦੀ ਨਿਆਈਂ ਹੈ, ਪਾਣੀ ਨੂੰ ਬਾਣੀ ਵਿਚ ਪਿਤਾ ਦਾ ਦਰਜਾ ਦਿਤਾ ਹੈ ਜਿਵੇਂ ਕਿ (ਪਵਣ ਗੁਰੂ ਪਾਣੀ ਪਿਤਾ) ਭਾਵ ਪਾਣੀ ਨੂੰ ਇਸ ਲਈ ਸਨਮਾਨਿਆ ਹੈ ਕਿ ਇਸ ਵਿਚ ਕਈ ਵਿਸ਼ੇਸ਼ਤਾ ਪਾਈਆ ਜਾਦੀਆਂ ਹਨ, ਜਿਵੇ ਕਿ ਪਾਣੀ ਸੀਤਲ ਹੈ, ਨਿਰਮਲ ਹੈ, ਮੈਲੇ ਤੇ ਮੈਲੇ ਕੱਪੜਿਆਂ ਨੂੰ ਉੱਜਲ ਕਰ ਦੇਂਦਾ ਹੈ, ਇਸ ਦੀ ਬਰਾਬਰੀ ਆਮ ਸੀਤਲਤਾ ਨਹੀਂ ਕਰਦੀਆਂ, ਜਿਵੇਂ ਕਿ :

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥
ਨਹ ਸੀਤਲੰ ਸੀਤ ਰੁਤੇਣ ਨਾਨਕ
ਸੀਤਲੰ ਸਾਧ ਸ੍ਵਜਨਹ ॥੩੯॥
*(ਸਹਸਕ੍ਰਿਤੀ, ਪੰਨਾ ੧੩੫੭)*

ਭਾਵ ਨਾ ਚੰਦ੍ਰਮਾ, ਨਾ ਬਾਵਨ ਚੰਦਨ, ਨਾ ਹੀ ਸੀਤ ਰੁੱਤ, ਇਤਨੀਆਂ ਠੰਢੀਆਂ ਹਨ ਜਿਤਨੀ ਠੰਢਕ ਸਾਧ ਸੰਗਤ ਵਿਚੋਂ ਮਿਲਦੀ ਹੈ। ਜਦੋਂ ਅਸੀਂ ਵੇਖਦੇ ਹਾਂ ਕਿ ਜੋ ਗੁਰੂ ਦੀ ਸਾਧ ਸੰਗਤ ਵਿਚ ਇਤਨੇ ਵਿਸ਼ੇਸ਼ ਗੁਣ ਹਨ ਉਸ ਵਿਚ ਪੁੱਜ ਕੇ ਮਨਮੁਖ ਗੁਰੂ ਦੇ ਸ਼ਬਦ ਨੂੰ ਸੁਣਦੇ ਭੀ ਹਨ, ਪਰ ਉਹ ਦੈਵੀ ਗੁਣਾਂ ਦੇ ਧਾਰਨ ਵਲੋਂ ਸੱਖਣੇ ਕਿਉਂ ਰਹਿ ਜਾਂਦੇ ਹਨ, ਕਿਉਂ ਜੀ! ਦੱਸਣ ਦੀ ਕ੍ਰਿਪਾ ਕਰੋ ਕਿ ਇਸਦਾ ਕਾਰਣ ਕੀ ਹੈ?

ਉ: ਹੇ ਭਾਈਓ! ਜਦੋਂ ਅਸੀਂ ਗੁਰਮਤ ਦੇ ਭਾਵਾਂ ਨੂੰ ਮੁਖ ਰੱਖ ਕੇ ਇਸਦਾ ਸਹੀ ਕਾਰਨ ਲੱਭਾਂਗੇ ਤਾਂ ਇਹੋ ਸਾਬਤ ਹੋਵੇਗਾ, ਕਿ ਇਸ ਵਿਚ ਸਾਧ ਸੰਗਤ ਦਾ ਕੋਈ ਦੋਸ਼ ਨਹੀਂ, ਦੋਸ਼ੀ ਉਨ੍ਹਾਂ ਹੀ ਲੋਕਾਂ ਨੂੰ ਮੰਨਿਆ ਜਾਵੇਗਾ ਜੋ ਦੋਖ ਦ੍ਰਿਸ਼ਟੀ ਦੇ ਪ੍ਰਭਾਵ ਹੇਠ ਦੱਬੇ ਹੋਏ ਸੰਗਤ ਵਿਚ ਜਾ ਕੇ ਬੈਠੇ ਹਨ, ਜਿਵੇਂ ਅਸੀਂ ਵੇਖਦੇ ਹਾਂ ਕਿ ਸਰੋਵਰ ਦਾ ਪਵਿੱਤ੍ਰ ਪਾਣੀ ਸਾਰੇ ਹੀ ਬਸਤ੍ਰਾਂ ਨੂੰ ਉੱਜਲ ਕਰ ਦੇਂਦਾ ਹੈ, ਪਰ ਇਕ ਕਾਲਾ ਕੰਬਲ ਹੈ, ਜਿਸਨੂੰ ਸਰੋਵਰ ਦੇ ਪਾਣੀ ਵਿਚ ਇਕ ਵਾਰ ਨਹੀਂ ਭਾਵੇਂ ਸੈਂਕੜੇ ਵਾਰ ਧੋਈਏ ਉਹ ਫਿਰ ਭੀ ਕਾਲਾ ਹੀ ਰਹਿੰਦਾ ਹੈ।

ਇਸੇ ਤਰ੍ਹਾਂ ਜਦੋਂ ਅਸੀਂ ਬਾਣੀ ਰਾਹੀਂ ਆਪੋ ਆਪਣੇ ਮਨ ਦੀ ਕਾਲਖ ਵੱਲ ਨਜ਼ਰ ਮਾਰਦੇ ਹਾਂ ਤਾਂ ਇਉਂ ਹੀ ਸਾਬਤ ਹੁੰਦਾ ਹੈ ਕਿ :

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ
ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ
ਜੇ ਸਉ ਧੋਵਣਿ ਪਾਹੁ ॥ *(ਸਲੋਕੁ ਮ: ੩, ਪੰਨਾ ੬੫੧)*

ਭਾਵ ਹੈ ਕਿ ਇਸ ਮਨੁੱਖ ਦੇ ਮਨ ਨੂੰ ਜਨਮ ਜਨਮਾਤ੍ਰਾਂ ਦੇ ਪਾਪਾਂ ਦੀ ਤੇ ਵਿਕਾਰਾਂ ਦੀ ਮੈਲ ਲਗੀ ਹੋਈ ਹੈ ਜਿਸ ਨਾਲ ਕਾਲਾ ਸਿਆਹ ਹੋ ਚੁੱਕਾ ਹੈ, ਇਸ ਦੀ ਮੈਲ ਨੂੰ ਲੋਕ-ਵਿਖਾਵੇ ਦੇ ਸਾਧਨ ਕਰਕੇ ਨਹੀਂ ਧੋਤਿਆਂ ਜਾ ਸਕਦਾ, ਭਾਵੇਂ ਇਸ ਨੂੰ ਸੈਂਕੜੇ ਵਾਰ ਧੋਵੇ। ਜਿਵੇਂ ਤੇਲੀ ਦਾ ਕੋਹਲੂ ਸਾਫ਼ ਕਰਨ ਵਾਲੀ ਲੀਰ ਨੂੰ (ਜਿਸਦੇ ਅੰਗ ਅੰਗ ਵਿਚ ਮੈਲ ਰਚ ਰਹੀ ਹੈ ਉਸਨੂੰ) ਠੰਢੇ ਪਾਣੀ ਨਾਲ ਭਾਵੇਂ ਵਾਰ ਵਾਰ ਧੋਂਦੇ ਰਹੋ, ਉਹ ਉੱਜਲ ਨਹੀਂ ਹੋ ਸਕਦੀ। ਜਿਵੇਂ ਕਿ ਹੁਕਮ ਹੈ ਕਿ:

ਤੀਰਥਿ ਨਾਇ ਕਹਾ ਸੁਚਿ ਸੈਲੁ ॥
ਮਨ ਕਉ ਵਿਆਪੈ ਹਉਮੈ ਮੈਲੁ ॥
ਕੋਟਿ ਕਰਮ ਬੰਧਨ ਕਾ ਮੂਲੁ ॥
ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥

*(ਭੈਰਉ ਮ: ੫, ਪੰਨਾ ੧੧੪੯)*

ਜਨਮ ਜਨਮ ਕੀ ਮਲੁ ਧੋਵੈ ਪਰਾਈ
ਆਪਣਾ ਕੀਤਾ ਪਾਵੈ ॥
ਈਹਾ ਸੁਖੁ ਨਹੀ ਦਰਗਹ ਢੋਈ
ਜਮਪੁਰਿ ਜਾਇ ਪਚਾਵੈ ॥੧॥

*(ਆਸਾ ਮ: ੫, ਪੰਨਾ ੩੮੦)*

ਮਨਮੁਖ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥
ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥

*(ਮਾਝ ਮ: ੩, ਪੰਨਾ ੧੨੯)*

ਇਸਨਾਨੁ ਦਾਨੁ ਕਰਹਿ ਨਹੀ ਬੂਝਹਿ ॥
ਇਕਿ ਮਨੂਆ ਮਾਰਿ ਮਨੈ ਸਿਉ ਲੂਝਹਿ ॥

*(ਮਾਰੂ ਮ: ੩, ਪੰਨਾ ੧੦੪੬)*

ਪੜਿ ਪੰਡਿਤ ਅਵਰਾ ਸਮਝਾਏ ॥
ਘਰ ਜਲਤੇ ਕੀ ਖਬਰਿ ਨ ਪਾਏ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ
ਪੜਿ ਥਾਕੇ ਸਾਂਤਿ ਨ ਆਈ ਹੇ ॥੫॥
ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ॥
ਬਿਨੁ ਸਬਦੈ ਹਉਮੈ ਕਿਨਿ ਮਾਰੀ ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ
ਭਰਮਿ ਭੇਖਿ ਭਰਮਾਈ ਹੇ ॥੬॥

*(ਮਾਰੂ ਮ: ੩, ਪੰਨਾ ੧੦੪੬)*

ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥
ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥

*(ਸ੍ਰੀ ਰਾਗੁ ਮ: ੩, ਪੰਨਾ ੩੪)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਉਦਾਹਰਣ ਮਿਲਦੇ ਹਨ, ਕਿ ਕੇਵਲ ਗੁਰੂ ਦੀ ਸੰਗਤ ਵਿਚ ਆ ਬੈਠਣਾ ਹੀ ਕਾਫ਼ੀ ਨਹੀਂ, ਇਸ ਤੋਂ ਭੀ ਵਧੇਰੇ ਜ਼ਰੂਰੀ ਹੈ ਗੁਰੂ ਵੱਲੋਂ ਦਿਤਾ ਉਪਦੇਸ਼ ਹਿਰਦੇ ਅੰਦਰ ਧਾਰਨ ਕਰਨਾ, ਧਾਰਨਾ ਤੋਂ ਸੱਖਣੇ ਤਾਂ ਉਹ ਭੀ ਬਹੁਤ ਲੋਕ ਆ ਬੈਠਦੇ ਹਨ ਜੋ ਚੋਰ, ਯਾਰ, ਠੱਗ, ਦੁਰਾਚਾਰੀ ਹਨ, ਪਰ ਉਨ੍ਹਾਂ ਨੂੰ ਸੰਗਤ ਵਿਚ ਆ ਬੈਠਣ ਦਾ ਕੋਈ ਭੀ ਲਾਭ ਨਹੀਂ, ਜਿਵੇਂ ਕਾਲੇ ਕੰਬਲ ਨੂੰ ਸੌ ਵਾਰ ਧੋਣ ਤੋਂ ਭੀ ਉੱਜਲਤਾ ਨਹੀਂ ਹੋ ਸਕਦੀ ਜਾਂ ਪੱਥਰ ਨੂੰ ਸੈਂਕੜੇ ਸਾਲ ਪਾਣੀ ਵਿਚ ਰੱਖਿਆਂ ਭੀ ਕੋਮਲਤਾਈ ਨਹੀਂ ਮਿਲ ਸਕਦੀ, ਇਸੇ ਤਰ੍ਹਾਂ ਕਪਟਧਾਰੀ ਲੋਕਾ ਨੂੰ ਜੀਵਨ ਭਰ ਸ਼ਾਂਤੀ ਨਹੀਂ ਹੋ ਸਕਦੀ, ਜਿਤਨਾ ਚਿਰ ਸੰਗਤ ਵਿਚ ਬੈਠ ਕੇ ਗੁਰੂ ਦੇ ਉਪਦੇਸ਼ ਨੂੰ ਧਾਰਨ ਨਹੀ ਕਰਦੇ। ਸੋ, ਮੈਂ ਭੀ ਗੁਰਬਾਣੀ ਦੇ ਇਨ੍ਹਾਂ ਭਾਵਾਂ ਤੋਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਚੰਦ ਸਤਰਾ ਉੱਕਰੀਆਂ ਹਨ, ਜਿਵੇਂ ਕਿ:

(੧) (ਅਸੀਂ ਵੇਖਦੇ ਹਾਂ ਕਿ) ਰੇਸ਼ਮੀ ਕੱਪੜੇ ਧੋਤਿਆਂ ਬੜੇ ਹੀ ਸਾਫ਼ ਸੁਥਰੇ ਹੋ ਕੇ, ਵੱਡੀ ਕੀਮਤ ਵਾਲੇ ਹੁੰਦੇ ਹਨ।
(੨) ਕਈ ਸੋਹਣੇ ਰੰਗਾਂ (ਲਾਲ, ਪੀਲੇ, ਨੀਲੇ ਆਦਿ) ਨਾਲ ਰੰਗ ਕੇ, ਰੰਗ ਬਰੰਗੇ ਸੋਹਣੇ ਪੱਕੇ ਰੰਗਾਂ ਵਾਲੇ ਬਣਦੇ ਹਨ।
(੩) ਅਮੀਰ ਤੇ ਮੁਸਾਹਿਬ ਲੋਕ ਲੈ ਲੈ (ਮੁਲ ਖ਼ਰੀਦ) ਕੇ ਪਹਿਨਦੇ ਹਨ, ਰੂਪ ਰੰਗ (ਸੁਹੱਪਣ) ਦੇ ਵੱਸ ਹੋ, ਨਵੇਂ ਨਕੋਰ (ਭਾਂਤ ਭਾਂਤ ਦੇ ਫ਼ੈਸ਼ਨਾਂ ਵਾਲੇ) ਹੁੰਦੇ ਹਨ।
(੪) ਰਜ ਅਚਾਰ (ਭਾਵ ਵਿਆਹਾਂ ਤੇ ਹੋਰ ਐਸੇ ਸਮਿਆ) ਤੇ ਇਹ ਸੋਭਾ ਪਾਉਣ ਵਾਲੇ ਸੁੰਦਰ ਰੇਸ਼ਮੀ ਕੱਪੜੇ (ਸਮੇ ਨੂੰ ਸੁਹਾਵਣਾ ਬਨਾਉਣ ਦੀ) ਵਿਚੋਲਗੀ ਕਰਦੇ ਹਨ।
(੫) ਕਾਲੇ ਕੰਬਲ ਨੂੰ (ਜਿੰਨਾ ਮਰਜ਼ੀ ਹੈ) ਧੋਵੋ, ਉਹ ਚਿੱਟਾ ਹੋਣ ਵਿਚ ਨਹੀਂ ਆਉਂਦਾ, ਨਾ ਉਸ ਉਤੇ ਸ਼ੁੱਧ ਰੰਗ ਹੀ ਚੜ੍ਹਦਾ ਹੈ।
(੬) ਕਾਲੇ ਕੰਬਲ ਵਾਂਗ (ਮਨਮੁਖ) ਸਾਧ ਸੰਗਤ ਵਿਚ ਜਾ ਕੇ ਗੁਰੂ ਦਾ ਸ਼ਬਦ ਸੁਣਦਾ ਹੈ, ਪਰ ਉਸਦਾ ਧਿਆਨ ਏਧਰ ਓਧਰ ਵੇਖੀ ਜਾਣ ਵਿਚ ਹੀ ਲੱਗਾ ਰਹਿੰਦਾ ਹੈ, ਭਾਵ ਪਾਣੀ ਰਿੜਕਨ ਵਾਂਗ ਕੋਈ ਲਾਭ ਨਹੀਂ ਉਠਾਉਂਦਾ।
(੭) ਸੁ ਕਪਟੀ ਲੋਕ ਉਜੜੇ ਘਰ ਵਾਂਗ ਸੱਖਣੇ ਹੀ ਰਹਿ ਜਾਂਦੇ ਹਨ।੧੫।

***ਭਾਵਾਰਥ:*** ਗੁਰਮਤ ਨੇ ਸੰਤ ਲੋਕਾਂ ਨੂੰ ਪੱਟ ਦੇ

ਕੱਪੜਿਆਂ ਦੀ ਤੁਲਨਾ ਦਿਤੀ ਹੈ, ਕਿਉਂਕਿ ਪੱਟ ਦੇ ਕੱਪੜਿਆਂ ਵਾਂਗ ਉਹ ਸੰਤ ਆਪ ਭੀ ਉੱਜਲ ਹਨ, ਅਤੇ ਪਹਿਨਣ ਵਾਲੇ ਸੰਗੀਆਂ ਦੀ ਭੀ ਆਬਰੂ ਵਧਾਉਂਦੇ ਹਨ, ਅਰ ਨੇਕ ਕੁਲ ਦੀ ਨਾਮਵਰੀ ਭੀ ਦਸਦੇ ਹਨ।

ਸਾਕਤ ਦੇ ਮਨ ਕਾਲੇ ਭੂਰਿਆਂ ਵਾਂਗ ਅਤੇ ਉੱਜੜ ਖੋਲਿਆਂ ਵਾਂਗ ਹਨ, ਜੋ ਕਾਲੀ ਕਾਲਖ ਵਾਂਗੂ ਸਨ, ਇਸ ਲਈ ਉਹ ਨਾਮ ਦੇ ਰੰਗ ਤੋਂ ਖ਼ਾਲੀ ਰਹਿਕੇ ਖ਼ਾਲੀ ਹੱਥ ਸੱਖਣੇ ਹੀ ਟੁਰ ਜਾਂਦੇ ਹਨ।

## ੧੬. ਮਨਮੁਖ ਬੂਆੜ ਤਿਲ ਵਾਂਗ ਨਿਸਫਲ ਹਨ

੧. ਖੇਤੈ ਅੰਦਰ ਜੰਮਿ ਕੈ
ਸਭ ਦੂ ਉੱਚਾ ਹੋਇ ਵਿਖਾਲੇ।
੨. ਬੂਟੁ ਵੱਡਾ ਕਰਿ ਫੈਲਦਾ
ਹੋਇ ਚੁਹਚੁਹਾ ਆਪੁ ਸਮਾਲੇ।
੩. ਖੇਤਿ ਸਫਲ ਹੋਇ ਲਾਵਣੀ
ਛੁੱਟਨਿ ਤਿਲੁ ਬੂਆੜ ਨਿਰਾਲੇ।
੪. ਨਿਹਫਲ ਸਾਰੇ ਖੇਤ ਵਿਚ
ਜਿਉਂ ਸਰਵਾੜ ਕਮਾਦ ਵਿਚਾਲੇ।
੫. ਸਾਧਸੰਗਤਿ ਗੁਰ ਸ਼ਬਦ ਸੁਣਿ
ਕਪਟ ਸਨੇਹ ਕਰਨਿ ਬੇਤਾਲੇ।
੬. ਨਿਹਫਲ ਜਨਮੁ ਅਕਾਰਥਾ
ਹਲਤਿ ਪਲਤਿ ਹੋਵਨਿ ਮੁਹ ਕਾਲੇ।
੭. ਜਮ ਪੁਰਿ ਜਮ ਜੰਦਾਰਿ ਹਵਾਲੇ ॥੧੬॥

*ਪਦ ਅਰਥ :* ਬੂਟੁ—ਮੁੱਢ। ਚੁਹਚੁਹਾ—ਲਹਿਲਹਾਉਂਦਾ। ਲਾਵਣੀ—ਵਾਢੀ। ਬੂਆੜ—ਥੋਥੇ। ਸਰਵਾੜ—ਸਰਕੜਾ। ਬੇਤਾਲੇ—ਭੂਤਨਿਆਂ ਵਰਗੇ। ਜਮ ਜੰਦਾਰਿ—ਜਿੰਦੜੀ ਦਾ ਦੁਸ਼ਮਣ, ਜਮ। ਹਵਾਲੇ—ਸਪੁਰਦ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਕਿ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਸਾਰੇ ਹੀ ਸੰਸਾਰ ਅੰਦਰ ਜਿਤਨੇ ਭੀ ਧਰਮ ਮੰਦਰਾਂ ਦੇ ਕੇਂਦਰ ਹਨ, ਉਨ੍ਹਾਂ ਸਾਰਿਆਂ ਵਿਚ ਹੀ ਧਾਰਮਿਕ ਲੋਕਾਂ ਦਾ ਇਕੱਠ ਹੁੰਦਾ ਹੈ, ਪਰ ਉਸ ਇਕੱਠ ਵਿਚ 'ਕੱਠੇ ਹੋਣ ਵਾਲੇ ਸੱਜਣਾਂ ਦੇ ਵੀਚਾਰ ਵਖੋ ਵੱਖ ਹੁੰਦੇ ਹਨ, ਇਨ੍ਹਾ ਲੋਕਾਂ ਵਿਚ ਉਹ ਸੱਜਨ ਬਹੁਤ ਹੀ ਘੱਟ ਨਜ਼ਰ ਆਉਂਦੇ ਹਨ, ਜਿਨ੍ਹਾਂ ਦੇ ਅੰਤਰ-ਆਤਮਾ ਵਿਚ ਸੰਸਾਰ ਦੀ ਕੋਈ ਭੀ ਪਦਾਰਥਕ ਜਾਂ ਮਾਣ ਪ੍ਰਤਿਸ਼ਟਾ ਹਾਸਲ ਕਰਨ ਦੀ ਇੱਛਾ ਪਰਬਲ ਹੋਵੇ, ਨਹੀ ਤਾਂ ਵਧੇਰੇ ਗਿਣਤੀ ਉਨ੍ਹਾਂ ਹੀ ਲੋਕਾ ਦੀ ਹੋਇਆ ਕਰਦੀ ਹੈ ਜਿਨ੍ਹਾਂ ਦੇ ਮਨ ਵਿਚ (ਸੁਤ, ਬਿਤ, ਲੋਕ ਏਖਣਾ ਤੀਨੇ) ਹੀ ਪਰਬਲ ਹੋਇਆ ਕਰਦੀਆਂ ਹਨ, ਭਾਵ ਪੁੱਤ੍ਰ ਪ੍ਰਾਪਤੀ, ਧਨ ਦੀ ਜਾਂ ਲੋਕਾਂ ਵਿਚ ਵਡਿਆਈ ਹਾਸਲ ਕਰਨ ਦੀ ਸੱਧਰ, ਇਨ੍ਹਾਂ ਵਾਸ਼ਨਾਂ ਦੀ ਪੂਰਤੀ ਲਈ ਇਨ੍ਹਾਂ ਲੋਕਾਂ ਨੂੰ ਬਹੁਤ ਪਸਾਰੇ ਪਸਾਰਨੇ ਪੈਂਦੇ ਹਨ, ਜਿਵੇਂ ਕਿ ਕੋਈ ਲੰਗਰ ਲਗਵਾਉਂਦਾ ਹੈ, ਕੋਈ ਅਖੰਡ ਪਾਠ ਕਰਵਾਉਂਦਾ ਹੈ, ਕੋਈ ਵੱਧ ਚੜ੍ਹ ਕੇ ਧਨ ਦਾ ਦਾਨ ਕਰਦਾ ਹੈ, ਇਹ ਕੀਤਾ ਹੋਇਆ ਤਾਂ ਤਦੋਂ ਹੀ ਸਫਲਾ ਹੈ ਜੇਕਰ ਸੰਸਾਰ ਦੀਆਂ ਸਾਰੀਆਂ ਵਾਸ਼ਨਾਂ ਤੋਂ ਰਹਿਤ ਹੋ ਕੀਤਾ ਜਾਏ, ਜੇ ਇਨ੍ਹਾਂ ਦੇ ਕਰਨ ਦਾ ਮਾਨ ਗੁਮਾਨ ਹੈ ਤਾਂ ਇਸਨੂੰ ਗੁਰਮਤ ਨੇ ਕਬੂਲ ਨਹੀਂ ਕੀਤਾ ਇਸ ਭਾਵ ਨੂੰ ਬਾਣੀ ਵਿਚ ਪ੍ਰਗਟਾਇਆ ਗਿਆ ਹੈ, ਜਿਵੇਂ ਕਿ :

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ
ਜਿਉ ਕੁੰਚਰ ਇਸਨਾਨੁ ॥੪੬॥

*(ਸਲੋਕ ਮ: ੯, ਪੰਨਾ ੧੪੨੮)*

ਤੀਰਥ ਕਰੈ ਬ੍ਰਤ ਫੁਨਿ ਰਾਖੈ
ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮ ਤਾਹਿ ਤੁਮ ਮਾਨਹੁ
ਸਾਚੁ ਕਹਤ ਮੈ ਯਾ ਕਉ ॥੧॥
ਜੈਸੇ ਪਾਹਨੁ ਜਲ ਮਹਿ ਰਾਖਿਓ
ਭੇਦੈ ਨਾਹਿ ਤਿਹਿ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨਹੁ
ਭਗਤਿ ਹੀਨ ਜੋ ਪ੍ਰਾਨੀ ॥੨॥

*(ਬਿਲਾਵਲੁ ਮ: ੯, ਪੰਨਾ ੮੩੧)*

ਇਸ ਤਰ੍ਹਾਂ ਜੋ ਲੋਕ ਗੁਰੂ ਦੀ ਸੰਗਤ ਵਿਚ ਆ ਕੇ ਗੁਰੂ ਦਾ ਸ਼ਬਦ ਸੁਣਦੇ ਹੋਏ ਭੀ ਆਪਣੇ ਆਪ ਦੀ ਹਰ ਪੱਖੋਂ ਹੀ ਪ੍ਰਸੰਸਾ ਕਰਾਉਣ ਦੇ ਚਾਹਵਾਨ ਹਨ, ਉਨ੍ਹਾ ਨੂੰ ਗੁਰਮਤ ਨੇ ਸਿੰਮਲ ਰੁੱਖ ਦੀ ਤੁਲਨਾ ਦਿਤੀ

ਹੈ, ਜਿਵੇਂ ਕਿ ਸਿੰਮਲ ਦਾ ਰੁੱਖ ਸਾਰਿਆਂ ਤੋਂ ਉੱਚਾ, ਲੰਮਾ, ਚੌੜਾ ਵਿਸਥਾਰ ਵਾਲਾ ਸਦਾਉਂਦਾ ਹੈ, ਪਰ ਉਸ ਦੇ ਫੁਲ ਬਕ-ਬਕੇ ਤੇ ਫਲ ਭੀ ਫਿਕੇ ਹਨ, ਉਨ੍ਹਾਂ ਦੇ ਫਲ ਤੇ ਫੁਲਾਂ ਨੂੰ ਵੇਖ ਕੇ ਭੁੱਖੇ ਪੰਛੀ ਭੁਖ ਮਿਟਾਉਣ ਦੀ ਆਸਾ ਨੂੰ ਮੁਖ ਰਖ ਕੇ ਆਉਂਦੇ ਹਨ ਤੇ ਉਹ ਵੀਚਾਰੇ ਨਿਰਾਸ ਹੀ ਉਠ ਜਾਦੇ ਹਨ। ਇਸ ਭਾਵ ਨੂੰ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੇ ਸਲੋਕ ਵਿਚ ਅੰਕਤ ਕੀਤਾ ਹੈ, ਜਿਵੇਂ ਕਿ:

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
*(ਆਸਾ ਦੀ ਵਾਰ, ਪੰਨਾ ੪੭੦)*

ਸਿੰਮਲੁ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥
ਸੇ ਫਲ ਕੰਮਿ ਨ ਆਵਨ੍ਹੀ
ਤੇ ਗੁਣ ਮੈ ਤਨਿ ਹੰਨ੍ਹਿ ॥੪॥ *(ਸੂਹੀ ਮ: ੧, ਪੰਨਾ ੭੨੯)*

ਐਸੇ ਲੋਕ ਜੋ ਸੰਗਤ ਵਿਚ ਆ ਕੇ ਬਹਿਰੂਨੀ ਪੁਸ਼ਾਕ, ਤੇ ਬਨਾਵਟੀ ਲਿਬਾਸ ਪਹਿਨ ਕੇ ਕੇਵਲ ਆਪਣੀ ਪ੍ਰਸੰਸਾ ਕਰਾਉਣ ਦੇ ਹੀ ਚਾਹਵਾਨ ਹਨ, ਉਨ੍ਹਾਂ ਨੂੰ ਗੁਰਮਤ ਨੇ ਨਹੀਂ ਕਬੂਲ ਕੀਤਾ। ਉਹ ਆਪਣੀ ਮਹਿਮਾ ਕਰਾਉਣ ਲਈ ਭਾਵੇਂ ਰਸਨਾ ਤੋਂ ਕੋਮਲ ਬਾਣੀ ਭੀ ਬੋਲਦੇ ਹਨ, ਉਹ ਸਭਨਾ ਦੇ ਅਗੇ ਆਪਣੀ ਨਿਮ੍ਰਤਾ ਭੀ ਜ਼ਰੂਰਤ ਤੋਂ ਵਧੇਰੇ ਪ੍ਰਗਟ ਕਰਦੇ ਹਨ, ਪਰ ਜੇ ਉਨ੍ਹਾਂ ਦੇ ਅੰਦਰ ਕਪਟ ਛਲ ਹੈ ਤਾਂ ਉਨ੍ਹਾਂ ਦਾ ਕਪਟ ਭਰਿਆ ਨਿਉਣਾ ਇਉਂ ਹੀ ਹੈ ਜਿਵੇਂ ਕਿ ਇਕ ਹਰਨ ਨੂੰ ਮਾਰਨ ਵਾਲਾ ਉਸਦੇ ਅਗੇ ਨਿਉਂ ਕੇ ਦਰਸਾਉਂਦਾ ਹੈ। ਇਸ ਭਾਵ ਨੂੰ ਭੀ ਬਾਣੀ ਵਿਚ ਪ੍ਰਗਟਾਇਆ ਹੈ:

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ ॥੧॥
*(ਆਸਾ ਦੀ ਵਾਰ, ਪੰਨਾ ੪੭੦)*

ਇਸੇ ਭਾਵ ਨੂੰ ਗੁਰੂ ਨਾਨਕ ਦੇਵ ਜੀ ਹੋਰ ਖੁਲਾਸੇ ਰੂਪ ਵਿਚ ਲਿਖਦੇ ਹਨ:

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ
ਭੀ ਤਨ ਵਿਚਿ ਸੁਆਹ ॥੩॥
*(ਆਸਾ ਦੀ ਵਾਰ, ਪੰਨਾ ੪੬੩)*

ਭਾਵ ਹੈ ਕਿ ਜੋ ਗੁਰੂ ਦੀ ਸੰਗਤ ਵਿਚ ਆ ਕੇ ਭੀ ਗੁਰੂ ਦੇ ਦਿਤੇ ਜਾ ਰਹੇ ਉਪਦੇਸ਼ ਨੂੰ ਧਾਰਨ ਨਹੀਂ ਕਰਦੇ, ਆਪਣੇ ਮਨ ਵਿਚ ਹੀ ਆਪਣੇ ਆਪ ਨੂੰ ਸੁਚੇਤ ਅਨੁਭਵ ਕਰਦੇ ਹਨ, ਉਹ ਸੰਸਾਰ ਰੂਪੀ ਖੇਤ ਵਿਚ ਬੂਆੜ ਤਿਲਾਂ ਦੀ ਤਰ੍ਹਾਂ ਸੁੰਞੇ ਹੀ ਛੱਡੇ ਜਾਂਦੇ, ਉਨ੍ਹਾਂ ਦਾ ਕੋਈ ਭੀ ਮਾਲਕ ਨਹੀਂ ਹੁੰਦਾ, ਉਹ ਭਾਵੇਂ ਬੂਆੜ ਤਿਲਾਂ ਦੀ ਨਿਆਈਂ ਸੰਸਾਰਕ ਪਦਾਰਥਾਂ ਨਾਲ ਫਲੇ ਫੁਲੇ ਭੀ ਨਜ਼ਰ ਆਉਂਦੇ ਹਨ, ਪਰ ਉਨ੍ਹਾਂ ਦੇ ਅੰਤਰ-ਆਤਮੇ ਵਿਕਾਰਾਂ ਦੀ ਸੁਆਹ ਭਰੀ ਹੋਈ ਹੈ, ਜਿਸ ਕਰਕੇ ਉਹ ਗੁਰੂ ਦੀ ਦਰਗਾਹ ਵਿਚ ਕਬੂਲ ਨਹੀਂ ਹੁੰਦੇ, ਇਸ ਭਾਵ ਦਾ ਬਾਣੀ ਵਿਚ ਬਹੁਤ ਖੁਲਾਸਾ ਮਿਲਦਾ ਹੈ, ਜਿਸਦੀ ਪ੍ਰੇਰਨਾ ਲੈ ਕੇ ਮੈਂ ਇਹ ਪਉੜੀ ਅੰਕਤ ਕੀਤੀ ਹੈ, ਜਿਵੇਂ ਕਿ:

(੧) (ਅਸੀਂ ਵੇਖਦੇ ਹਾਂ ਕਿ) ਖੇਤ ਵਿਚ ਜੰਮ ਕੇ (ਤਿਲ ਦਾ ਬੂਟਾ) ਸਭ ਤੋਂ ਉੱਚਾ ਹੋ ਹੋ (ਆਪਣੇ ਆਪ ਨੂੰ) ਵਿਖਾਲਦਾ ਹੈ।
(੨) ਮੁੱਢ ਤੋਂ ਵੱਡਾ ਹੋ ਕੇ ਉਪਰ ਨੂੰ ਫੈਲਦਾ ਹੈ, ਤੇ ਲਹਿਲਹਾਉਂਦਾ ਆਪਣੇ ਆਪ ਨੂੰ ਸੰਭਾਲਦਾ ਹੈ।
(੩) ਜਦੋਂ ਖੇਤ ਪੱਕ ਜਾਂਦਾ ਹੈ ਤਾਂ ਵਾਢੀ ਕਰਕੇ, ਬੂਆੜ (ਫੋਕੇ) ਤਿਲਾਂ ਨੂੰ ਵੱਖ ਕਰ ਦਿਤਾ ਜਾਂਦਾ ਹੈ।
(੪) (ਇਹ ਬੂਆੜ) ਸਾਰੇ ਖੇਤ ਵਿਚ ਨਿਹਫਲ ਹੁੰਦਾ ਹੈ, ਜਿਵੇਂ ਕਮਾਦ (ਗੰਨਿਆਂ) ਦੇ ਖੇਤ ਵਿਚ ਸਰਕੜਾ ਵਾਧੂ ਜੰਮ ਪੈਂਦਾ ਹੈ।
(੫) (ਇਸੇ ਤਰ੍ਹਾਂ ਮਨਮੁਖ) ਸਾਧ ਸੰਗਤ ਵਿਚ ਆ ਕੇ ਗੁਰੂ ਦੇ ਸ਼ਬਦ ਨੂੰ ਸੁਣਦਾ ਹੈ, ਪਰ ਧੋਖੇਬਾਜ਼ ਪ੍ਰੇਮੀ ਦੀ ਨਿਆਈਂ ਬੇਤਾਲ (ਭੂਤਨਾ) ਹੀ ਬਣਿਆ ਰਹਿੰਦਾ ਹੈ।
(੬) ਉਹ ਆਪਣੇ ਜਨਮ ਨੂੰ ਬੇ-ਅਰਥ ਹੀ ਗਵਾ ਕੇ ਹਲਤ ਪਲਤ (ਏਥੇ ਓਥੇ) ਆਪਣਾ ਮੂੰਹ ਕਾਲਾ ਕਰਵਾਉਂਦਾ ਹੈ।
(੭) (ਆਖ਼ਰ ਨੂੰ) ਫਿਰ ਉਹ ਜਮ ਪੁਰੀ ਵਿਚ ਜਾ ਕੇ ਜਮਾਂ ਦੇ ਹਵਾਲੇ ਹੋ ਜਾਂਦਾ ਹੈ।੧੬।

***ਭਾਵਾਰਥ:*** ਜਿਸ ਸਮੁੰਦਰ ਵਿਚੋਂ, ਹੀਰੇ, ਜਵਾਹਰ, ਮੋਤੀ, ਮਾਣਕ ਮਿਲਦੇ ਹੋਣ, ਉਥੇ ਜਾ ਕੇ ਭੀ ਕੋਈ ਸਿੱਪੀਆਂ, ਕੌਡੀਆਂ, ਘੋਗੇ, ਸੰਖ ਆਦਿਕਾਂ ਦੀ ਮੰਗ ਕਰੇ ਉਹ ਮਨੁੱਖ ਉੱਕਾ ਹੀ ਸਿਆਣਾ ਨਹੀਂ ਕਿਹਾ ਜਾ ਸਕਦਾ, ਉਸਨੂੰ ਤਾਂ ਕਮ-ਅਕਲਾ ਹੀ ਮੰਨਣਾ ਪਵੇਗਾ। ਇਸੇ ਤਰ੍ਹਾਂ ਇਹ ਗੁਰੂ ਦੀ ਸਾਧ ਸੰਗਤ ਇਕ ਅਮੋਲਕ ਸਮੁੰਦਰ ਹੈ, ਜਿਸ ਵਿਚੋਂ ਦੈਵੀ ਗੁਣ—ਸਤਿ, ਸੰਤੋਖ, ਦਇਆ, ਧਰਮ, ਨਾਮ

ਰੂਪ ਹੀਰਾ ਅਤੇ ਮੁਕਤੀ ਰੂਪੀ ਮੋਤੀ ਮਿਲਦੇ ਹਨ, ਇਨ੍ਹਾਂ ਅਮੋਲਕ ਦਾਤਾਂ ਨੂੰ ਛੱਡ ਕੇ ਜੇ ਕੋਈ ਸੱਜਨ ਸੰਸਾਰ ਦੇ ਨਾਸਵਾਨ ਮਾਇਕੀ ਪਦਾਰਥਾਂ ਦੀ ਹੀ ਮੰਗ ਕਰਦਾ ਹੈ ਉਹ ਦੂਰ-ਦਰਸ਼ੀ ਦ੍ਰਿਸ਼ਟੀ ਦਾ ਮਾਲਕ ਨਹੀਂ, ਉਸਨੂੰ ਤਾਂ ਕੱਚ ਤੇ ਕੰਚਨ ਦੀ ਪਰਖ ਹੀ ਕੋਈ ਨਹੀਂ ਇਸ ਲਈ ਸਤਿਸੰਗਤ ਵਿਚ ਆਉਣ ਵਾਲੇ ਹਰ ਸੱਜਨ ਦਾ ਹੀ ਅਧਿਕਾਰ ਹੈ ਕਿ ਉਹ ਕੱਚੇ ਮਾਇਕੀ ਪਦਾਰਥਾਂ ਦਾ ਵਣਜ ਵਪਾਰ ਛੱਡ ਕੇ ਸੱਚੇ ਨਾਮ ਦਾ ਹੀ ਵਪਾਰੀ ਬਣਿਆ ਰਵੇ, ਜਿਸ ਦਾ ਸਦਕਾ ਸੱਚੀ ਦਰਗਾਹ ਵਿਚ ਉਸਨੂੰ ਸੱਚਾ ਮਾਣ ਪ੍ਰਾਪਤ ਹੋਣਾ ਹੈ, ਮਨੁੱਖ ਜਾਮੇ ਦੀ ਪ੍ਰਾਪਤੀ ਦਾ ਭੀ ਇਹੋ ਮੁਖ ਪ੍ਰਯੋਜਨ ਹੈ।

## ੧੭. ਕਪਟੀ ਮਨਮੁਖ ਕੈਹੇਂ ਦਾ ਚਿਲਕਦਾ ਰੂਪ ਹੈ

੧. ਉੱਜਲ ਕੈਹਾਂ ਚਿਲਕਣਾ
ਥਾਲੀ ਜੇਵਣਿ ਜੂਠੀ ਹੋਵੈ।
੨. ਜੂਠਿ ਸੁਆਹੂ ਮਾਂਜੀਐ
ਗੰਗਾ ਜਲ ਅੰਦਰ ਲੈ ਧੋਵੈ।
੩. ਬਾਹਰਿ ਸੁੱਚਾ ਧੋਤਿਆਂ
ਅੰਦਰ ਕਾਲਖ ਅੰਤਿ ਵਿਗੋਵੈ।
੪. ਮਨ ਜੂਠੇ ਤਨ ਜੂਠ ਹੈ
ਥੁੱਕ ਪਵੈ ਮੁਹਿ ਵੱਜੈ ਰੋਵੈ।
੫. ਸਾਧ ਸੰਗਤਿ ਗੁਰ ਸ਼ਬਦ ਸੁਣਿ
ਕਪਟ ਸਨੇਹੀ ਗੱਲਾਂ ਗੋਵੈ।
੬. ਗੱਲੀਂ ਤ੍ਰਿਪਤਿ ਨ ਹੋਵਈ
ਖੰਡੁ ਖੰਡੁ ਕਰਿ ਸਾਉ ਨ ਭੋਵੈ।
੭. ਮੱਖਣ ਖਾਇ ਨ ਨੀਰੁ ਵਿਲੋਵੈ॥੧੭॥

***ਪਦ ਅਰਥ :*** ਜੇਵਣਿ—ਭੋਜਨ ਖਾਣਾ। ਵਿਗੋਵੈ—ਖੁਆਰ ਹੋਣਾ। ਗੱਲਾਂ ਗੋਵੈ—ਗੱਪਾਂ ਮਾਰਦਾ ਹੈ। ਸਾਉ ਨ ਭੋਵੈ—ਸੁਆਦ ਨਹੀਂ ਹੋ ਸਕਦਾ। ਵਿਲੋਵੈ—ਰਿੜਕਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕਈ ਸੱਜਨਾਂ ਨੂੰ ਵੇਖਦੇ ਹਾਂ ਕਿ ਉਨ੍ਹਾ ਨੂੰ ਸੰਗਤ ਵਿਚ ਹਮੇਸ਼ਾਂ ਆਉਣ ਦਾ ਸਮਾ ਬਣਿਆ ਹੀ ਰਹਿੰਦਾ ਹੈ, ਇਸ ਨਿਯਮ ਦੀ ਪਾਲਣਾ ਕਰਦਿਆਂ, ਉਨ੍ਹਾਂ ਦੀ ਉਮਰ ਦਾ ਕਾਫ਼ੀ ਸਮਾ ਭੀ ਗੁਜ਼ਰ ਗਿਆ ਹੈ, ਬਾਹਰੋ ਵੇਖਣ ਵਿਚ ਤਾ ਉਹ ਗੁਰੂ ਦੇ ਸ਼ਬਦ ਨੂੰ ਗਾਉਂਦੇ ਤੇ ਸੁਣਦੇ ਭੀ ਵੇਖੀਦੇ ਹਨ ਤੇ ਉਹ ਆਪਣੀਆਂ ਗੱਲਾਂ ਬਾਤਾਂ ਕਰਨ ਸਮੇਂ ਆਪਣੇ ਆਪ ਨੂੰ ਪੂਰਨ ਪ੍ਰੇਮੀ ਜਤਾਉਣ ਦਾ ਉਪਰਾਲਾ ਭੀ ਕਰਦੇ ਰਹਿੰਦੇ ਹਨ, ਪਰ ਜਦੋਂ ਉਨ੍ਹਾਂ ਦੇ ਨੇੜੇ ਹੋ ਉਨ੍ਹਾਂ ਦੇ ਜੀਵਨ ਵੱਲ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਦੇ ਕਪਟੀ ਤੇ ਛਲੀਏ ਹੋਣ ਤੋਂ ਬਿਨਾ ਹੋਰ ਕੁਝ ਭੀ ਪ੍ਰਤੀਤ ਨਹੀਂ ਹੁੰਦਾ, ਕਿਉਂ ਜੀ! ਤੁਸੀਂ ਉਨ੍ਹਾਂ ਬਾਰੇ ਕੀ ਵੀਚਾਰ ਰੱਖਦੇ ਹੋ, ਜਾਣਕਾਰੀ ਦਿਓ?

ਉ: ਹੇ ਸੱਜਨੋਂ! ਜਦੋਂ ਮੈਂ ਅਜਿਹੇ ਲੋਕਾਂ ਦੇ ਜੀਵਨਾਂ ਬਾਰੇ ਗੁਰਬਾਣੀ ਦੀ ਰੋਸ਼ਨੀ ਵਿਚ ਤੱਕਦਾ ਹਾਂ, ਤਾਂ ਗੁਰਬਾਣੀ ਨੇ ਉਨ੍ਹਾਂ ਨੂੰ ਦੰਭੀ, ਪਖੰਡੀ ਤੇ ਕਪਟੀ, ਨਾਮਾਂ ਨਾਲ ਹੀ ਪੁਕਾਰਿਆ ਹੈ, ਅਜਿਹੇ ਛਲੀਏ ਭਾਵੇਂ ਜੀਵਨ ਭਰ ਹੀ ਸੰਗਤ ਵਿਚ ਆ ਕੇ ਗੁਰ ਸ਼ਬਦ ਸੁਣਦੇ ਰਹਿਣ ਉਹ ਲੋਕ ਗੁਰੂ ਦੇ ਦਰਬਾਰ ਵਿਚ ਕਬੂਲੇ ਨਹੀਂ ਜਾਂਦੇ, ਉਹ ਭਾਵੇਂ ਕਿਤਨੇ ਹੀ ਤੀਰਥ ਜਾਤਰੂ ਬਣੇ ਰਹਿਣ ਉਨ੍ਹਾਂ ਦਾ ਸਭ ਕੁਝ ਹੀ ਨਿਸਫਲ ਹੈ, ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਦੁਹਰਾਇਆ ਗਿਆ ਹੈ, ਜਿਵੇਂ ਕਿ :

ਅਪਣਾ ਆਪੁ ਨ ਪਛਾਣਹਿ ਸੰਤਹੁ
ਕੂੜਿ ਕਰਹਿ ਵਡਿਆਈ॥੧੩॥
ਪਾਖੰਡਿ ਕੀਨੈ ਜਮੁ ਨਹੀ ਛੋਡੈ
ਲੈ ਜਾਸੀ ਪਤਿ ਗਵਾਈ॥੧੪॥

*(ਰਾਮਕਲੀ ਮ: ੩, ਪੰਨਾ ੯੧੦)*

ਵਾਚਹਿ ਪੁਸਤਕ ਵੇਦ ਪੁਰਾਨਾਂ॥
ਇਕ ਬਹਿ ਸੁਨਹਿ ਸੁਨਾਵਹਿ ਕਾਨਾਂ॥
ਅਜਗਰ ਕਪਟੁ ਕਹਹੁ ਕਿਉ ਖੁਲੈ
ਬਿਨੁ ਸਤਿਗੁਰ ਤਤੁ ਨ ਪਾਇਆ॥੧੧॥
ਕਰਹਿ ਬਿਭੂਤਿ ਲਗਾਵਹਿ ਭਸਮੈ॥
ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ॥
ਪਾਖੰਡ ਕੀਨੇ ਜੋਗੁ ਨ ਪਾਈਐ
ਬਿਨੁ ਸਤਿਗੁਰ ਅਲਖੁ ਨ ਪਾਇਆ॥੧੨॥
ਤੀਰਥ ਵਰਤ ਨੇਮ ਕਰਹਿ ਉਦਿਆਨਾ॥
ਜਤੁ ਸਤੁ ਸੰਜਮੁ ਕਥਹਿ ਗਿਆਨਾ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ
ਬਿਨੁ ਸਤਿਗੁਰ ਭਰਮੁ ਨ ਜਾਇਆ॥੧੩॥

ਨਿਉਲੀ ਕਰਮ ਭੁਇਅੰਗਮ ਭਾਠੀ ॥
ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ
ਗੁਰ ਸਬਦ ਮਹਾ ਰਸੁ ਪਾਇਆ ॥੧੪॥

*(ਮਾਰੂ ਮਹਲਾ ੧, ਪੰਨਾ ੧੦੪੩)*

ਬਿਨੁ ਗੁਰ ਸਬਦ ਨ ਛੂਟਸਿ ਕੋਇ ॥
ਪਾਖੰਡਿ ਕੀਨੈ ਮੁਕਤਿ ਨ ਹੋਇ ॥੨॥

*(ਬਿਲਾਵਲੁ ਮ: ੧, ਪੰਨਾ ੮੩੯)*

ਪਾਖੰਡਿ ਜਮਕਾਲੁ ਨ ਛੋਡਈ
ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵਲਾਇ ॥੨॥

*(ਪਉੜੀ, ਪੰਨਾ ੫੮੭)*

ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥
ਨਾਦੀ ਬੇਦੀ ਪੜ੍ਹਹਿ ਪੁਰਾਣ ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥
ਤਿਨ ਕੈ ਰਮਈਆ ਨੇੜਿ ਨਾਹਿ ॥੨॥

*(ਬਸੰਤੁ ਮ: ੧, ਪੰਨਾ ੧੧੬੯)*

ਪਾਖੰਡ ਪਾਖੰਡ ਕਰਿ ਕਰਿ ਭਰਮੇ
ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ
ਜਮ ਕਾਲੁ ਖੜਾ ਸਿਰਿ ਮਾਰੇ ॥੪॥ *(ਨਟ ਮ: ੪, ਪੰਨਾ ੯੮੧)*

ਅੰਤਰਿ ਕਪਟੁ ਭਗਉਤੀ ਕਹਾਏ ॥
ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥
ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥
ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥

*(ਸ੍ਰੀ ਰਾਗ ਵਾਰ ਮ: ੩, ਪੰਨਾ ੮੮)*

ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥

*(ਸ੍ਰੀ ਰਾਗੁ ਮ: ੧, ਪੰਨਾ ੫੪)*

ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ
ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥

*(ਸ੍ਰੀ ਰਾਗੁ ਮ: ੩, ਪੰਨਾ ੨੮)*

ਪਾਖੰਡਿ ਭਗਤਿ ਨ ਹੋਵਈ
ਪਾਰਬ੍ਰਹਮੁ ਨ ਪਾਇਆ ਜਾਇ ॥
ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥

*(ਸਲੋਕ ਮ: ੩, ਪੰਨਾ ੮੪੯)*

ਸਾਸਤ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ
ਅੰਤਰਿ ਮੈਲੁ ਵਿਕਾਰੀ ॥

*(ਸੋਰਠਿ ਮ: ੧, ਪੰਨਾ ੬੩੮)*

ਪਾਖੰਡਿ ਲੋਭੀ ਮਾਰੀਐ ਜਮਡੰਡੁ ਦੇਇ ਸਜਾਇ ॥੬॥

*(ਗਉੜੀ ਮ: ੪, ਪੰਨਾ ੨੩੪)*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਕੇਵਲ ਬਾਹਰਲੇ ਪਖੰਡ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ, ਜਿਸ ਤੋਂ ਸਾਬਤ ਹੋ ਆਉਂਦਾ ਹੈ ਕਿ ਕਿਸੇ ਪਾਖੰਡੀ ਦਾ ਕੀਤਾ ਹੋਇਆ ਬਾਹਰਲਾ ਪਖੰਡ ਉਸਦੀ ਆਤਮਾ ਵਿਚ ਉੱਨਤੀ ਦਾ ਕਾਰਨ ਨਹੀਂ ਬਣਦਾ, ਸਗੋਂ ਲੋਕਾਂ ਵਿਚ ਨਾਸਤਕਤਾ ਫੈਲਾਉਣ ਦਾ ਸਾਧਨ ਜ਼ਰੂਰ ਸਾਬਤ ਹੁੰਦਾ ਹੈ। ਇਨ੍ਹਾਂ ਬਾਣੀ ਦੇ ਭਾਵਾਂ ਨੂੰ ਮੁਖ ਰੱਖ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ, ਜਿਵੇਂ ਕਿ :

(੧) (ਅਸੀਂ ਵੇਖਦੇ ਹਾਂ ਕਿ) ਕੈਹਾਂ ਨਾਮੇ ਧਾਤੂ ਵੱਡਾ ਉੱਜਲ ਚਿੱਟਾ ਤੇ ਚਿਲਕਣਾ ਹੁੰਦਾ ਹੈ। (ਇਸ ਦੀ) ਥਾਲੀ ਵਿਚ ਰੋਟੀ ਖਾਣ 'ਤੇ ਜਦ ਜੂਠੀ ਹੋ ਜਾਂਦੀ ਹੈ।
(੨) ਤਾਂ ਇਸ ਨੂੰ ਸੁਆਹ ਨਾਲ ਮਾਂਜੀਦਾ ਹੈ, (ਪਰ ਕੱਟੜ ਕਰਮ-ਕਾਂਡੀ ਇਸਨੂੰ ਫਿਰ) ਗੰਗਾ ਦੇ ਜਲ ਨਾਲ ਵੀ ਧੋਂਦੇ ਹਨ।
(੩) ਬਾਹਰੋਂ ਤਾਂ ਭਾਵੇਂ ਇਹ ਮਾਂਜਿਆਂ ਧੋਤਿਆਂ ਸੁੱਚਾ ਹੋ ਜਾਂਦਾ ਹੈ, ਪਰ ਅੰਦਰ ਇਸਦੇ ਨਿਰੀ ਕਾਲਖ ਹੈ, ਜੋ ਅੰਤ ਵਿਚ ਇਸਨੂੰ ਖ਼ੁਆਰ ਕਰਦੀ ਹੈ।
(੪) (ਮਨਮੁਖ ਦੀ ਮਿਸਾਲ ਹੈ ਕਿ ਉਹ ਬਾਹਰੋਂ ਭਾਵੇਂ ਕਿੰਨੇ ਸੋਹਣੇ ਕੱਪੜੇ ਪਾ ਲਵੇ ਪਰ) ਉਸਦੇ ਮਨ ਤੇ ਤਨ ਵਿਚ ਜੂਠ ਹੀ ਜੂਠ (ਕੁਚੀਲਤਾ ਹੀ ਕੁਚੀਲਤਾ) ਹੈ। (ਕੈਂਹ ਦਾ ਟੱਲ ਤੇ ਸੰਖ ਜਦ) ਵਜਾਈਦਾ ਹੈ ਤਾਂ ਉਸ ਉੱਤੇ ਵਜਾਉਣ ਵਾਲੇ ਦੀਆਂ ਥੁੱਕਾਂ ਡਿੱਗਦੀਆਂ ਹਨ ਤੇ ਰੋਂਦਾ ਹੈ।
(੫) (ਇਸੇ ਤਰ੍ਹਾਂ) ਸਾਧ ਸੰਗਤ ਵਿਚ ਗੁਰ ਸ਼ਬਦ ਸੁਣ ਕੇ ਕਪਟੀ ਮਿੱਤਰ ਵਾਂਗ ਉਹ ਬੜੀਆਂ ਗੱਪਾਂ ਮਾਰਦੇ (ਤੇ ਆਪਣੇ ਮੂੰਹੋਂ ਮੀਆਂ ਮਿੱਠੂ ਬਣ ਬਣ ਬਹਿੰਦੇ ਹਨ)।
(੬) ਪਰ ਨਿਰੇ ਗੱਪ ਗਿਆਨ ਨਾਲ ਕੁਝ ਨਹੀਂ ਬਣਦਾ। ਮੂੰਹੋਂ ਕੇਵਲ ਖੰਡ ਖੰਡ ਕਹੀ ਜਾਈਏ (ਪਰ ਮੂੰਹ ਵਿਚ ਪਾਏ ਬਗ਼ੈਰ) ਸੁਆਦ ਨਹੀਂ ਆ ਸਕਦਾ। ਨਿਰਾ

ਕਹਿਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ।
(੭) ਜਿਵੇਂ ਕੋਈ ਕਹੇ ਕਿ ਮੈਂ ਪਾਣੀ ਰਿੜਕ ਕੇ, ਮੱਖਣ ਖਾ ਲਵਾਂ, ਤਾਂ ਉਹ ਨਹੀਂ ਖਾ ਸਕਦਾ।੧੭।

*ਭਾਵਾਰਥ :* ਗੁਰਮਤ ਨੇ ਬਾਹਰਲੇ ਵਿਖਾਵੇ ਦੇ ਕਰਮਾਂ ਧਰਮਾਂ ਨਾਲੋਂ ਹਿਰਦੇ ਦੀ ਸਚਾਈ, ਸਫਾਈ ਵਾਲੇ ਮਨੁੱਖ ਨੂੰ ਵਧੇਰੇ ਮਹਾਨਤਾ ਦਿਤੀ ਹੈ, ਜੇ ਕਿਸੇ ਦੇ ਅੰਤਰ-ਆਤਮੇ ਛਲ, ਕਪਟ ਦੀ ਬਹੁਲਤਾ ਹੈ ਤਾਂ ਭਾਵੇਂ ਮੁਖੋਂ ਉਹ ਗਿਆਨ ਧਿਆਨ ਦੀਆਂ ਕਿਤਨੀਆਂ ਹੀ ਕਥਾਵਾਂ ਕਥਦਾ ਹੈ ਉਸਦਾ ਇਹ ਕੀਤਾ ਹੋਇਆ ਸਭੋ ਕੁਝ ਪਾਣੀ ਰਿੜਕਣੇ ਵਾਂਗ ਹੈ, ਜਿਸ ਤੋਂ ਕੁਝ ਭੀ ਲਾਭ ਪ੍ਰਾਪਤ ਨਹੀਂ ਹੁੰਦਾ, ਇਸ ਬਾਰੇ ਕਬੀਰ ਜੀ ਵੀਚਾਰ ਦੇਂਦੇ ਹਨ:

ਹ੍ਰਿਦੈ ਕਪਟੁ ਮੁਖ ਗਿਆਨੀ ॥
ਝੂਠੇ ਕਹਾ ਬਿਲੋਵਸਿ ਪਾਨੀ ॥੧॥
ਕਾਂਇਆ ਮਾਂਜਸਿ ਕਉਨ ਗੁਨਾਂ ॥
ਜਉ ਘਟ ਭੀਤਰਿ ਹੈ ਮਲਨਾਂ ॥੧॥ਰਹਾਉ॥
ਲਉਕੀ ਅਠਸਠਿ ਤੀਰਥ ਨ੍ਹਾਈ ॥
ਕਉਰਾਪਨੁ ਤਊ ਨ ਜਾਈ ॥੨॥
*(ਕਬੀਰ ਜੀ, ਪੰਨਾ ੬੫੬)*

ਦਿਲ ਦੀ ਸਚਾਈ ਤੋਂ ਸੱਖਣਾ ਮਨੁੱਖ ਅਠਾਹਠ ਤੀਰਥਾਂ ਦਾ ਭੀ ਭਾਵੇਂ ਇਸ਼ਨਾਨੀ ਕਿਉਂ ਨਾ ਹੋਵੇ ਉਸਦੇ ਅੰਦਰੋਂ ਵਿਕਾਰਾਂ ਦੀ ਕੁੜੱਤਨ ਇਸੇ ਤਰ੍ਹਾਂ ਦੂਰ ਨਹੀਂ ਹੁੰਦੀ ਜਿਵੇਂ ਕਿ ਤੂੰਬੜੀ ਦੀ ਕੁੜੱਤਨ ਤੀਰਥਾਂ ਦਾ ਇਸ਼ਨਾਨ ਕਰਕੇ ਪਹਿਲੋਂ ਵਾਂਗ ਹੀ ਬਣੀ ਰਹਿੰਦੀ ਹੈ। ਫਰੀਦ ਜੀ ਇਸੇ ਭਾਵ ਨੂੰ ਅੰਕਤ ਕਰਦੇ ਹਨ, ਜਿਵੇਂ ਕਿ:

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥
*(ਆਸਾ ਸੇਖ ਫਰੀਦ ਜੀਉ, ਪੰਨਾ ੪੮੮)*

## ੧੮. *ਮਨਮੁਖ ਅਰਿੰਡ ਤੇ ਕਨੇਰ ਵਰਗੇ*

**੧. ਰੁੱਖਾਂ ਵਿਚ ਕੁਰੁੱਖ ਹਨਿ**
**ਦੋਵੈਂ ਅਰੰਡ ਕਨੇਰ ਦੁਆਲੇ।**
**੨. ਅਰੰਡ ਫਲੈ ਅਰਡੋਲੀਆਂ**
**ਫਲ ਅੰਦਰ ਬੀਅ ਚਿਤਮਿਤਾਲੇ।**
**੩. ਨਿਬਹੈ ਨਾਹੀਂ ਨਿਜੜਾ**
**ਹਰਵਰਿ ਆਈ ਹੋਇ ਉਚਾਲੇ।**
**੪. ਕਲੀਆਂ ਪਵਨਿ ਕਨੇਰ ਨੋਂ**
**ਦੁਰਮਤਿ ਵਿਚ ਦੁਰਗੰਧਿ ਦਿਖਾਲੇ।**
**੫. ਬਾਹਰੁ ਲਾਲੁ ਗੁਲਾਲੁ ਹੋਇ**
**ਅੰਦਰ ਚਿੱਟਾ ਦੁਬਿਧਾ ਨਾਲੇ।**
**੬. ਸਾਧਸੰਗਤਿ ਗੁਰ ਸ਼ਬਦ ਸੁਣਿ**
**ਗਣਤੀ ਵਿੱਚ ਭਵੈ ਭਰ ਨਾਲੇ।**
**੭. ਕਪਟ ਸਨੇਹ ਖੇਹ ਮੁਹ ਕਾਲੇ॥੧੮॥**

*ਪਦ ਅਰਥ :* ਕੁਰੁੱਖ—ਭੈੜੇ ਰੁੱਖ। ਦੁਆਲੇ—ਚੁਫੇਰੇ। ਅਰਡੋਲੀਆਂ—ਡੋਡੀਆਂ। ਚਿਤਮਿਤਾਲੇ—ਚਿਤ੍ਰ ਮਿਤ੍ਰੇ, ਰੰਗ ਬਰੰਗੇ। ਨਿਜੜਾ—ਜੜ੍ਹਹੀਣ। ਹਰਵਰਿ—ਹਵਾ ਦਾ ਬੁੱਲ੍ਹਾ। ਉਚਾਲੇ—ਉਖੜ ਜਾਂਦਾ ਹੈ। ਭਰ ਨਾਲੇ—ਭਾਰ ਨਾਲ। ਖੇਹ—ਪਾਪਾਂ ਦਾ ਘੱਟਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਬਹੁਤ ਸਾਰੇ ਸੱਜਣ ਅਜਿਹੇ ਵੇਖਣ ਵਿਚ ਆਉਂਦੇ ਹਨ ਜੋ ਬਾਲ-ਅਵਸਥਾ ਤੋਂ ਹੀ ਸਾਧ ਸੰਗਤ ਵਿਚ ਰਹਿੰਦੇ ਹਨ ਤੇ ਉਹ ਗੁਰੂ ਦੇ ਸ਼ਬਦ ਸੁਣਦੇ ਰਹਿਣ ਦੇ ਭੀ ਆਦੀ ਹਨ, ਇਥੇ ਹੀ ਬੱਸ ਨਹੀ ਉਨ੍ਹਾਂ ਦਾ ਬਾਹਰਲਾ ਪਹਿਰਾਵਾ ਤੇ ਬੋਲ-ਚਾਲ ਤੋਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਇਹ ਪੂਰਨ ਗੁਰੂ ਦੇ ਸਾਦਕ ਸਿਖ ਹਨ, ਉਨ੍ਹਾਂ ਦੇ ਬਾਹਰਲੇ ਮੇਲ-ਮਿਲਾਪ ਦੇ ਵਰਤਾਉ ਨੂੰ ਤੱਕ ਮਨ ਅੰਦਰ ਉਤਸ਼ਾਹ ਭੀ ਪੈਦਾ ਹੁੰਦਾ ਹੈ ਕਿ ਇਨ੍ਹਾਂ ਦੀ ਸੰਗਤ ਵਿਚ ਕੁਝ ਸਮਾਂ ਰਹਿ ਕੇ ਜੀਵਨ ਗੁਜ਼ਾਰਿਆ ਜਾਏ ਤਾਂ ਕਿ ਸਾਡੀ ਆਤਮਾ ਅੰਦਰ ਭੀ ਗੁਰੂ ਦੀ ਗੁਰਮਤ ਦਾ ਅੰਕੁਰ ਉਪਜ ਆਵੇ। ਪਰ ਜਦੋਂ ਉਨ੍ਹਾਂ ਦੇ ਜੀਵਨ ਨੂੰ ਨੇੜੇ ਹੋ ਕੇ ਤੱਕੀਦਾ ਹੈ ਤਾਂ ਸਹਿਜੇ ਸਹਿਜੇ ਉਨ੍ਹਾਂ ਦੇ ਅੰਦਰ ਕਪਟ-ਭਰੇ ਸਨੇਹ ਨੂੰ ਤੱਕ ਕੇ ਮਨ ਵਿਚ ਬੜੀ ਹੀ ਨਿਰਾਸਤਾ ਜਨਮ ਲੈਂਦੀ ਹੈ, ਤੇ ਮਨ ਵਿਚ ਇਉਂ ਹੀ ਸੰਸਕਾਰ ਉਪਜ ਆਉਂਦਾ ਹੈ ਕਿ ਸੰਸਾਰ ਵਿਚ ਅਜਿਹੇ ਲੋਕਾਂ ਦੇ ਜੀਵਨ ਹੀ ਹਨ ਜੋ ਦਿਨ-ਬ-ਦਿਨ ਸਾਧਾਰਨ ਸ਼ਰਧਾਲੂ ਸੱਜਨਾਂ ਦੇ ਮਨਾਂ ਵਿਚ ਨਾਸਤਕਤਾ ਪੈਦਾ ਕਰਦੇ ਹਨ, ਕਿਉਂ ਭਾਈ ਸਾਹਿਬ ਜੀਉ! ਅਜਿਹੇ ਲੋਕਾਂ ਦੇ ਜੀਵਨਾਂ ਬਾਰੇ ਤੁਸੀ ਆਪਣੇ ਵੀਚਾਰ ਕਿਵੇਂ ਰੱਖਦੇ ਹੋ, ਕੁਝ ਜਾਣਕਾਰੀ ਦਿਓ?

ਉ: ਹੇ ਸੱਜਨੋ! ਜਦੋਂ ਮੈਂ ਅਜਿਹੇ ਲੋਕਾਂ ਦੇ ਕਪਟ-ਭਰੇ ਜੀਵਨਾਂ ਨੂੰ ਗਹਿਰਾਈਆਂ ਭਰੀ ਦ੍ਰਿਸ਼ਟੀ ਰਾਹੀਂ ਤੱਕਦਾ ਹਾਂ ਤਾਂ ਮੈਨੂੰ ਪੁਰਾਤਨ ਸਿਖ ਇਤਿਹਾਸ ਭੀ ਸਾਹਮਣੇ ਨਜ਼ਰ ਆਉਂਦਾ ਹੈ, ਜਦ ਕਿ ਅਜਿਹੇ ਲੋਕਾਂ ਨੇ ਜਾਣੀਜਾਣ ਸਤਿਗੁਰਾਂ ਨਾਲ ਭੀ ਕਪਟ ਕਰਨ ਵੱਲੋਂ ਦਰੇਗ ਨਹੀਂ ਕੀਤਾ, ਉਨ੍ਹਾਂ ਨੂੰ ਸਿਖ ਇਤਿਹਾਸ ਮਸੰਦਾਂ ਦੇ ਨਾਮ ਨਾਲ ਪੁਕਾਰਦਾ ਹੈ। ਇਸ ਗੱਲ ਦੀ ਪਰੋੜ੍ਹਤਾ ਲਈ ਸਾਡੇ ਸਾਹਮਣੇ ਸਿਖ ਇਤਿਹਾਸ ਦੀ ਗਵਾਹੀ ਮੌਜੂਦ ਹੈ ਕਿ ਸਤਿਗੁਰਾਂ ਦੇ ਸ਼ਰਧਾਲੂ ਸਿੱਖਾਂ ਵਲੋਂ ਭੇਜੀਆਂ ਹੋਈਆਂ ਕੀਮਤੀ ਭੇਟਾਵਾਂ ਅਜਿਹੇ ਬਨਾਵਟੀ ਸਿੱਖਾਂ ਮਸੰਦਾਂ ਦੇ ਘਰਾਂ ਵਿਚ ਹੀ ਜਮ੍ਹਾ ਹੋ ਜਾਇਆ ਕਰਦੀਆਂ, ਗੁਰੂ ਦੇ ਖ਼ਜ਼ਾਨਿਆਂ ਤੱਕ ਪੁੱਜਦੀਆਂ ਹੀ ਨਹੀਂ ਸਨ। ਦੂਰ-ਦਰਸ਼ੀ ਨਜ਼ਰਾਂ ਨਾਲ ਤੱਕਿਆਂ ਮੈਨੂੰ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਜੋ ਅਜੋਕੇ ਸਮੇਂ ਅੰਦਰ ਅਜਿਹੇ ਬਨਾਵਟੀ ਪਹਿਰਾਵੇ ਵਿਚ ਲਿਪਟੇ ਹੋਏ ਲੋਕ ਨਜ਼ਰ ਆਉਂਦੇ ਹਨ ਇਹ ਉਨ੍ਹਾਂ ਪੁਰਾਣੇ ਮਸੰਦਾਂ ਦਾ ਅੰਸ਼ ਹੀ ਚਲਿਆ ਆਉਂਦਾ ਹੈ। ਅਜਿਹੇ ਲੋਕਾਂ ਦੇ ਫੋਕੇ ਭੇਖ ਵੱਲ ਤੱਕ ਕੇ ਹੀ ਸਤਿਗੁਰੂ ਜੀ ਨੇ ਬਾਣੀ ਵਿਚ ਕਈ ਥਾਵਾਂ 'ਤੇ ਐਸੇ ਭੇਖੀਆਂ ਨੂੰ ਸੰਬੋਧਨ ਕੀਤਾ ਹੈ, ਜਿਵੇਂ ਕਿ:

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ
ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥

*(ਸਾਰਗ ਮ: ੪, ਪੰਨਾ ੧੧੯੯)*

ਹਿਰਦੈ ਕਪਟੁ ਮੁਖ ਗਿਆਨੀ॥
ਝੂਠੇ ਕਹਾ ਬਿਲੋਵਸਿ ਪਾਨੀ॥੧॥

*(ਕਬੀਰ ਜੀ, ਪੰਨਾ ੬੫੬)*

ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥
ਅਨੇਕ ਤੀਰਥ ਜੇ ਜਤਨ ਕਰੈ
ਤਾ ਅੰਤਰ ਕੀ ਹਉਮੈ ਕਦੇ ਨ ਜਾਇ॥
ਜਿਸੁ ਨਰ ਕੀ ਦੁਬਿਧਾ ਨ ਜਾਇ
ਧਰਮਰਾਇ ਤਿਸੁ ਦੇਇ ਸਜਾਇ॥੩॥

*(ਗੂਜਰੀ ਮ: ੩, ਪੰਨਾ ੪੯੧)*

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ
ਨਿਹਾਲ ਨਿਹਾਲ ਨਿਹਾਲ॥੧॥

*(ਨਟ ਮ: ੪, ਪੰਨਾ ੯੮੮)*

ਘੂਘਰ ਬਾਧਿ ਬਜਾਵਹਿ ਤਾਲਾ॥
ਅੰਤਰਿ ਕਪਟੁ ਫਿਰਹਿ ਬੇਤਾਲਾ॥
ਵਰਮੀ ਮਾਰੀ ਸਾਪੁ ਨ ਮੂਆ॥
ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ॥੩॥
ਪੂੰਅਰ ਤਾਪ ਗੇਰੀ ਕੇ ਬਸਤ੍ਰਾ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥
ਦੇਸੁ ਛੋਡਿ ਪਰਦੇਸਹਿ ਧਾਇਆ॥
ਪੰਚ ਚੰਡਾਲ ਨਾਲੇ ਲੈ ਆਇਆ॥੪॥
ਕਾਨ ਫਰਾਇ ਹਿਰਾਏ ਟੂਕਾ॥
ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ॥
ਬਨਿਤਾ ਛੋਡਿ ਬਦ ਨਦਰਿ ਪਰਨਾਰੀ॥
ਵੇਸਿ ਨ ਪਾਈਐ ਮਹਾ ਦੁਖਿਆਰੀ॥੫॥
ਬੋਲੈ ਨਾਹੀ ਹੋਇ ਬੈਠਾ ਮੋਨੀ॥
ਅੰਤਰਿ ਕਲਪ ਭਵਾਈਐ ਜੋਨੀ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥
ਹੁਕਮੁ ਨ ਬੂਝੈ ਵਿਆਪਿਆ ਮਮਤਾ॥੬॥
ਬਿਨੁ ਸਤਿਗੁਰ ਕਿਨੈ ਨ ਪਾਈ ਪਰਮਗਤੇ॥
ਪੂਛਹੁ ਸਗਲ ਬੇਦ ਸਿੰਮ੍ਰਿਤੇ॥
ਮਨਮੁਖ ਕਰਮ ਕਰੈ ਅਜਾਈ॥
ਜਿਉ ਬਾਲੂ ਘਰ ਠਉਰ ਨ ਠਾਈ॥੭॥
ਜਿਸ ਨੋ ਭਏ ਗੁਬਿੰਦ ਦਇਆਲਾ॥
ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ॥
ਕੋਟਿ ਮਧੇ ਕੋਈ ਸੰਤੁ ਦਿਖਾਇਆ॥
ਨਾਨਕ ਤਿਨ ਕੈ ਸੰਗਿ ਤਰਾਇਆ॥੮॥

*(ਪ੍ਰਭਾਤੀ ਮ: ੫, ਪੰਨਾ ੧੩੪੮)*

ਰਾਗਿ ਨਾਦਿ ਮਨੁ ਦੂਜੈ ਭਾਇ॥
ਅੰਤਰਿ ਕਪਟੁ ਮਹਾ ਦੁਖੁ ਪਾਇ॥

*(ਪ੍ਰਭਾਤੀ ਮ: ੧, ਪੰਨਾ ੧੩੪੨)*

ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ
ਨਿਤ ਵੇਖੈ ਸੁਣੈ ਸੁਭਾਇ॥
ਦੂਜੈ ਭਾਇ ਜਾਇ ਜਗੁ ਪਰਬੋਧੈ
ਬਿਖੁ ਮਾਇਆ ਮੋਹ ਸੁਆਇ॥
ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ॥
ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ॥
ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ
ਤਿਸੁ ਗੁਰ ਕੀ ਸਿਖ ਸੁਣਾਇ॥
ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ
ਹਰਿ ਨਾਮੋ ਅੰਤਿ ਛਡਾਇ॥੨॥

*(ਸਲੋਕ ਮ: ੩, ਪੰਨਾ ੫੧੨)*

ਇਸ ਤੋਂ ਆਦਿ ਬਾਣੀ ਵਿਚ ਹੋਰ ਵੀ ਬਹੁਤ ਉਦਾਹਰਣ ਮੇਰੇ ਪੜ੍ਹਨ ਸੁਣਨ ਵਿਚ ਆਏ ਹਨ, ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਜਿਤਨਾ ਚਿਰ ਕੋਈ ਆਪਣੇ ਅੰਦਰੋਂ ਕਪਟ ਦਾ ਤਿਆਗ ਨਹੀਂ ਕਰਦਾ ਉਤਨਾ ਚਿਰ ਉਸਦਾ ਸਾਧ ਸੰਗਤ ਵਿਚ ਆਉਂਦੇ ਰਹਿਣਾ ਨਿਸਫਲ ਹੈ, ਉਹ ਭਾਵੇਂ ਜੀਵਨ ਭਰ ਹੀ ਸੰਗਤ ਵਿਚ ਵੱਸਦਾ ਰਵੇ ਵਿਅਰਥ ਹੈ। ਅਜਿਹੇ ਕਪਟੀ ਲੋਕਾਂ ਦੇ ਜੀਵਨਾਂ ਤੋਂ ਪ੍ਰੇਰਤ ਹੋ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆ ਹਨ। ਜਿਨ੍ਹਾਂ ਵਿਚ ਮੈਨੂੰ ਆਮ ਰੁੱਖਾਂ ਅੰਦਰ ਦੋ ਰੁੱਖ (ਕਨੇਰ ਤੇ ਅਰਿੰਡ) ਸਾਹਮਣੇ ਆਏ ਹਨ, ਜਿਨ੍ਹਾਂ ਦੀ ਹੋਂਦ ਮਨਮੁਖ ਦੇ ਜੀਵਨਾਂ ਨਾਲ ਤਾਲਮੇਲ ਕਰਦੀ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਰੁੱਖਾਂ ਵਿਚੋਂ ਕੁਰੁੱਖ, ਅਰਿੰਡ ਤੇ ਕਨੇਰ ਹਨ, ਇਹ ਦੋਵੇਂ ਖੇਤਾਂ ਦੇ ਦੁਆਲੇ ਪੈਦਾ ਹੁੰਦੇ ਹਨ।

(੨) ਅਰਿੰਡ ਫਲਦਾ ਹੈ, ਇਸਨੂੰ ਡੋਡੀਆਂ ਲਗਦੀਆਂ, ਜਿਸ ਵਿਚ ਚਿਤਰੇ-ਮਿਤਰੇ (ਰੰਗ ਬਰੰਗੇ) ਬੀਜ ਹੁੰਦੇ ਹਨ। ਇਸਦੀ ਜੜ੍ਹ ਨਹੀਂ ਹੁੰਦੀ (ਭਾਵ ਜ਼ਮੀਨ ਦੇ ਉਤੇ ਹੀ ਹੁੰਦਾ ਹੈ)।

(੩) ਜ਼ਰਾ ਵੀ ਹਵਾ ਦਾ ਬੁੱਲ੍ਹਾ ਆਇਆ ਇਹ ਝੱਟ ਹੀ ਉੱਖੜ ਜਾਂਦਾ ਹੈ (ਇਹ ਨਿਭਦਾ ਨਹੀਂ)।

(੪) ਕਨੇਰ ਵੀ ਖੇਤ ਦੇ ਉਦਾਲੇ ਹੁੰਦੀ ਹੈ, ਜਿਸਨੂੰ ਕਲੀਆਂ ਲਗਦੀਆਂ ਹਨ, ਜੋ ਉਤੋਂ ਸੋਹਣੀਆਂ ਹੁੰਦੀਆਂ ਹਨ, ਪਰ ਵਿਚੋਂ (ਮਨਮੁਖ ਵਾਂਗ) ਦੁਰਮੱਤ ਵਿਚ ਤੇ ਦੁਰਗੰਧੀ ਹੀ ਫੈਲਾਉਂਦੀਆਂ ਹਨ।

(੫) ਬਾਹਰੋਂ ਲਾਲ ਗੁਲਾਲ ਤੇ ਅੰਦਰੋਂ ਬਿਲਕੁਲ ਸਫੈਦ, (ਭਾਵ ਮਨਮੁਖ ਬਾਹਰੋਂ ਬਾਹਰੋਂ ਭਾਵੇਂ ਕਿੰਨੇ ਸੋਹਣੇ, ਸੁਚੱਜੇ ਲਗਦੇ ਹੋਣ, ਪਰ ਅੰਦਰੋਂ ਉਨ੍ਹਾਂ ਦੇ) ਦੁਬਿਧਾ ਹੀ ਭਰੀ ਹੁੰਦੀ ਹੈ।

(੬) ਸਾਧ ਸੰਗਤ ਵਿਚ ਜਾ ਕੇ ਗੁਰ ਸ਼ਬਦ ਸੁਣਦੇ ਹਨ, ਪਰ ਅੰਦਰ ਉਨ੍ਹਾਂ ਦੇ (ਘਰ ਦੇ ਹਿਸਾਬਾਂ ਦੀਆਂ ਹੀ) ਗਿਣਤੀਆਂ ਹੁੰਦੀਆਂ ਹਨ, ਉਹ ਇਨ੍ਹਾਂ ਗਿਣਤੀਆਂ ਦੇ ਭਾਰ ਨਾਲ ਹੀ ਭਰੇ ਰਹਿੰਦੇ ਹਨ (ਸਾਧ ਸੰਗਤ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਕਰਦੇ)।

(੭) ਪਰ, ਐਸੇ ਕਪਟੀ ਮਿੱਤ੍ਰਾਂ ਦਾ ਅਖੀਰ 'ਤੇ ਮੂੰਹ ਕਾਲਾ ਹੁੰਦਾ ਹੈ ਤੇ ਉਨ੍ਹਾਂ ਦੇ ਸਿਰ ਵਿਚ ਪਾਪਾਂ ਦੀ ਸੁਆਹ ਹੀ ਪੈਂਦੀ ਹੈ।੧੮।

***ਭਾਵਾਰਥ :*** ਬਾਹਰੋਂ ਭਗਤਾਂ ਦਾ ਲਿਬਾਸ ਧਾਰ ਕੇ ਜੋ ਕਪਟ-ਭਰੇ ਹਿਰਦੇ ਸਹਿਤ ਸੰਗਤ ਵਿਚ ਵੱਸਦੇ ਹਨ, ਉਨ੍ਹਾਂ ਨੂੰ ਕੈਹੇਂ ਦੇ ਬਰਤਨ ਦਾ ਉਦਾਹਰਣ ਦੇ ਕੇ ਸੰਬੋਧਨ ਕਰਦੇ ਹਨ ਕਿ ਜਿਵੇਂ ਕੈਹੇਂ ਦੇ ਬਰਤਨ ਨੂੰ ਸੌ ਵਾਰ ਧੋਵੋ ਉੱਜਲ ਨਹੀਂ ਹੁੰਦਾ। ਇਸੇ ਤਰ੍ਹਾਂ ਕਪਟੀ ਮਨੁੱਖ ਭਾਵੇਂ ਸਦਾ ਹੀ ਸੰਗਤ ਵਿਚ ਵੱਸਦਾ ਰਹੇ ਉਹ ਮਨ ਕਰਕੇ ਸ਼ੁੱਧ ਨਹੀਂ ਹੁੰਦਾ, ਜਿਵੇਂ ਕਿ :

> ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
> ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥
> *(ਸੂਹੀ ਮ: ੧, ਪੰਨਾ ੭੨੯)*

## ੧੯. ਮਨਮੁਖ ਅੱਕ ਦੇ ਟਿੱਡੇ ਤੇ ਜੋਕ ਵਰਗਾ

**੧. ਵਣ ਵਿਚ ਫਲੈ ਵਣਾਸਪਤਿ**
**ਬਹੁ ਰਸ ਗੰਧ ਸੁਗੰਧ ਸੁਹੰਦੇ।**
**੨. ਅੰਬ ਸਦਾ ਫਲ ਸੋਹਣੇ**
**ਆੜੂ ਸੇਬ ਅਨਾਰ ਫਲੰਦੇ।**
**੩. ਦਾਖ ਬਿਜਉਰੀ ਜਾਮਣੂ**
**ਖਿਰਣੀ ਤੂਤ ਖਜੂਰਿ ਅਨੰਦੇ।**
**੪. ਪੀਲੂ ਪੇਂਝੂ ਬੇਰ ਬਹੁ**
**ਕੇਲੇ ਤੇ ਅਖਰੋਟ ਬਣੰਦੇ।**
**੫. ਮੂਲਿ ਨ ਭਾਵਨਿ ਅੱਕਟਿੱਡਿ**
**ਅੰਮ੍ਰਿਤ ਫਲ ਤਜਿ ਅੱਕ ਵਸੰਦੇ।**
**੬. ਜੇ ਥਣ ਜੋਕ ਲਵਾਈਐ**
**ਦੁੱਧੁ ਨ ਪੀਐ ਲੋਹੂ ਗੰਦੇ।**
**੭. ਸਾਧਸੰਗਤਿ ਗੁਰ ਸ਼ਬਦ ਸੁਣਿ**
**ਗਣਤੀ ਅੰਦਰ ਝਾਕ ਝਖੰਦੇ।**
**੮. ਕਪਟ ਸਨੇਹ ਨ ਥੇਹਿ ਚੜ੍ਹੰਦੇ ॥੧੯॥**

***ਪਦ ਅਰਥ :*** ਖਿਰਣੀ—ਨਿਮੋਲੀ ਵਰਗਾ ਫਲ ਹੁੰਦਾ ਹੈ। ਅਨੰਦੇ—ਅਨੰਦ ਦੇਣ ਵਾਲੇ। ਝਾਕ ਝਖੰਦੇ—ਝਖਾਂ ਮਾਰਦੇ। ਥੇਹਿ—ਟਿਕਾਣੇ ਤੇ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਵੇਖਣ ਵਿਚ ਆਉਂਦਾ ਹੈ ਕਿ ਗੁਰੂ ਦੀ ਸਾਧ ਸੰਗਤ ਵਿਚ ਜਿਤਨੇ ਭੀ ਸੁਣਨ ਵਾਲੇ ਆਉਂਦੇ ਹਨ ਉਨ੍ਹਾਂ ਸਾਰਿਆਂ ਦੇ ਮਨਾਂ ਵਿਚ ਪ੍ਰਭਾਵ ਇਕੋ ਜਿਹਾ ਨਹੀਂ ਹੁੰਦਾ ਕਿਉਂਕਿ ਵੇਖਦੇ ਹਾਂ ਕਿ ਕਈ ਸ੍ਰੋਤੇ ਸੁਣਦੇ, ਸੁਣਦੇ ਸਹਿਜੇ ਸਹਿਜੇ ਇਤਨੀ ਉਚੇਰੀ ਮਾਨਸਕ ਅਵਸਥਾ 'ਤੇ ਪੁੱਜ ਜਾਂਦੇ ਹਨ, ਜਿਥੇ ਪੁੱਜ ਕੇ ਉਨ੍ਹਾਂ ਦਾ ਪਰੀਪੂਰਨ ਪ੍ਰਮੇਸ਼ਰ ਨਾਲੋਂ ਉੱਕਾ ਹੀ ਵਖਰਾਪਣ ਨਹੀਂ ਰਹਿ ਜਾਂਦਾ, ਪਰ ਕਈਆਂ ਦੀ ਮਾਨਸਕ ਅਵਸਥਾ ਦਿਨੋਂ ਦਿਨ ਨੀਵੀਂ ਤੋਂ ਨੀਵੀਂ ਹੁੰਦੀ ਚਲੀ ਜਾਂਦੀ ਹੈ, ਕਿਉਂ ਜੀ ! ਦਸੋਗੇ ਇਸਦਾ ਅਸਲ ਕਾਰਨ ਕੀ ਹੈ ?

ਉ : ਹੇ ਭਾਈਓ ! ਇਸ ਸੰਬੰਧੀ ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ, ਤਾਂ ਸਾਨੂੰ ਇਹੋ ਬੋਧ ਮਿਲਦਾ ਹੈ ਕਿ ਸਤਿਸੰਗਤ ਦੀ ਸਾਰਿਆਂ ਲਈ ਸਮਾਨ ਦ੍ਰਿਸ਼ਟੀ ਹੈ, ਜੇ ਕੋਈ ਮਤ ਭੇਦ ਹੈ ਉਹ ਉਸ ਸੰਗਤ ਵਿਚ ਜੋ ਪੁੱਜਣ ਵਾਲੇ ਹਨ, ਉਨ੍ਹਾਂ ਦਾ ਹੀ ਦੋਸ਼ ਮੰਨਿਆ ਜਾ ਸਕਦਾ ਹੈ, ਜਿਵੇਂ ਅਸੀਂ ਵੇਖਦੇ ਹਾਂ ਕਿ ਸਮੁੰਦਰ ਦੀ ਸਮ-ਦ੍ਰਿਸ਼ਟੀ ਹੈ, ਉਸ ਵਿਚ ਸਾਰੇ ਪਦਾਰਥ ਕਾਇਮ ਹਨ, ਪਰ ਉਥੇ ਪੁੱਜਣ ਵਾਲਿਆਂ ਦੀ ਚਾਹਤ ਵਖੋ ਵੱਖ ਹੈ, ਉਨ੍ਹਾਂ ਨੂੰ ਉਨ੍ਹਾਂ ਦੀ ਭਿੰਨ ਭਿੰਨ ਇੱਛਾ ਅਨੁਸਾਰ ਪਦਾਰਥ ਮਿਲਦੇ ਹਨ।

ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਹੰਸਾਂ ਦੀ ਖ਼ੁਰਾਕ ਹੀਰੇ ਮੋਤੀ ਚੁੱਗਣਾ ਹੈ ਉਹ ਸਭੋ ਕੁਝ ਤਿਆਗ ਕੇ ਸਮੁੰਦਰ ਵਿਚੋਂ ਆਪਣੀ ਖ਼ੁਰਾਕ ਹੀ ਲੱਭਦੇ ਹਨ, ਹੋਰ ਕਿਸੇ ਵੀ ਸ਼ੈਅ ਨਾਲ ਉਨ੍ਹਾਂ ਦਾ ਤੁਅੱਲਕ ਨਹੀਂ। ਪਰ ਬਗਲਿਆਂ ਦੀ ਖ਼ੁਰਾਕ ਡੱਡਾਂ ਹਨ, ਉਹ ਉਥੋਂ ਡੱਡਾਂ ਦੀ ਹੀ ਭਾਲ ਕਰਦੇ ਹਨ, ਉਨ੍ਹਾਂ ਦੀ ਚਾਹਤ ਹੀਰੇ ਤੇ ਮੋਤੀਆਂ ਦੀ ਉੱਕਾ ਹੀ ਨਹੀਂ, ਕਿਉਂਕਿ ਉਨ੍ਹਾਂ ਦੀ ਤ੍ਰਿਪਤੀ ਡੱਡਾਂ ਖਾਣ ਨਾਲ ਹੀ ਹੋਇਆ ਕਰਦੀ ਹੈ।

ਇਸੇ ਤਰ੍ਹਾਂ ਹੀ ਸਾਧ ਸੰਗਤ ਇਕ ਸਮੁੰਦਰ ਰੂਪ ਹੈ, ਜਿਸ ਵਿਚ ਨਾਮ ਰੂਪ ਹੀਰੇ, ਮੁਕਤੀ ਰੂਪ ਮੋਤੀ, ਸ੍ਰਵਣ, ਮੰਨਨ, ਨਿਧਿਆਸਨ ਤੇ ਸਤ, ਸੰਤੋਖ, ਦਇਆ, ਧਰਮ, ਵੀਚਾਰ ਅਤੇ ਦੈਵੀ ਗੁਣਾਂ ਦੀ ਪ੍ਰਧਾਨਤਾ ਹੈ। ਇਨ੍ਹਾਂ ਸ਼ੁਭ ਗੁਣਾਂ ਦੀ ਇੱਛਾ ਰੱਖਣ ਵਾਲੇ ਕੇਵਲ ਰੱਬੀ ਮਾਰਗ 'ਤੇ ਚੱਲਣ ਵਾਲੇ ਨਿਸ਼ਕਾਮ ਸੇਵਕ ਸੰਤਾਂ ਰੂਪ ਹੰਸ ਹੀ ਮੰਨੇ ਜਾਂਦੇ ਹਨ, ਜੋ ਸੰਸਾਰ ਦੇ ਪਦਾਰਥਾਂ ਦੀ ਵਾਸ਼ਨਾ ਤੋਂ ਉੱਚੇ ਉਠ ਕੇ ਤ੍ਰੈਗੁਣ ਅਤੀਤ ਪਦਵੀ ਦੀ ਸਿਖਰਾਂ 'ਤੇ ਜਾ ਪੁੱਜੇ ਹਨ।

ਦੂਜੇ ਬਗਲਿਆਂ ਦੇ ਰੂਪ ਵਿਚ ਉਹ ਲੋਕ ਭੀ ਸੰਗਤ ਵਿਚ ਆਉਂਦੇ ਹਨ, ਜਿਨ੍ਹਾਂ ਦੀ ਖ਼ੁਰਾਕ ਵਿਕਾਰਾਂ ਦੇ ਰੂਪ ਵਿਚ ਕੇਵਲ ਡੱਡਾਂ ਹੀ ਹਨ ਉਨ੍ਹਾਂ ਲੋਕਾਂ ਨੇ ਸੰਗਤ ਵਿਚ ਆ ਕੇ ਆਪਣੀ ਵਿਕਾਰਾਂ ਦੀ ਚਾਹਤ ਹੀ ਪੂਰੀ ਕਰਨੀ ਹੈ ਉਨ੍ਹਾਂ ਦਾ ਹੋਰ ਕਿਸੇ ਭੀ ਸੁਭ ਗੁਣ ਨਾਲ ਤੁਅੱਲਕ ਨਹੀਂ, ਕਿਉਂਕਿ ਅਸੀਂ ਆਮ ਹੀ ਵੇਖਦੇ ਹਾਂ ਕਿ ਹਰ ਵਿਅਕਤੀ ਆਪੋ ਆਪਣੀ ਆਦੀ ਖ਼ੁਰਾਕ ਦਾ ਧਾਰਨੀ ਬਣ ਜਾਂਦਾ ਹੈ, ਉਸਨੂੰ ਆਪਣੀ ਖ਼ੁਰਾਕ ਤੋਂ ਬਿਨਾਂ ਤ੍ਰਿਪਤੀ ਨਹੀਂ ਹੁੰਦੀ। ਜਿਵੇਂ ਕਾਂ ਨੂੰ ਖਾਣ ਲਈ ਉਸਦੇ ਅਗੇ ਅਸੀਂ ਕਾਫ਼ੂਰ ਰੱਖ ਦੇਵੀਏ ਉਹ ਨਹੀਂ ਖਾਵੇਗਾ ਕਿਉਂਕਿ ਉਹ ਉਸਦੀ ਖ਼ੁਰਾਕ ਨਹੀਂ, ਉਸਦੀ ਤ੍ਰਿਪਤੀ ਵਿਸ਼ਟਾ ਖਾਣ ਨਾਲ ਹੀ ਹੁੰਦੀ ਹੈ। ਜਾਂ ਅਸੀਂ ਇਹ ਭੀ ਤੱਕਦੇ ਹਾਂ ਕਿ ਜੰਗਲ ਵਿਚ ਅੰਮ੍ਰਿਤ ਸਰੀਖੇ ਅਨੇਕਾਂ ਫਲ ਲਗਦੇ ਹਨ, ਪਰ ਅੱਕਟਿੱਡੇ ਦੀ ਤ੍ਰਿਪਤੀ ਉਨ੍ਹਾਂ ਨਾਲ ਨਹੀਂ ਉਹ ਅੱਕ ਦਾ ਫਲ ਖਾ ਕੇ ਹੀ ਤ੍ਰਿਪਤ ਹੋ ਪ੍ਰਸੰਨ ਹੁੰਦਾ ਹੈ।

ਹੋਰ ਵੇਖੋ, ਜਿਸ ਤਰ੍ਹਾਂ ਅਸੀਂ ਦੁੱਧ ਦੇ ਭਰੇ ਹੋਏ ਥਣਾਂ ਨਾਲ ਕਿਸੇ ਜੋਕ ਨੂੰ ਲਾ ਦੇਵੀਏ ਤਾਂ ਦੁੱਧ ਨਹੀਂ ਪੀਵੇਗੀ ਉਹ ਲਹੂ ਜੈਸੀ ਗੰਦੀ ਸ਼ੈਅ ਨੂੰ ਪੀ ਕੇ ਹੀ ਰੱਜਦੀ ਹੈ ਜਾਂ ਜਿਸ ਤਰ੍ਹਾਂ ਪਸ਼ੂਆਂ ਅੱਗੇ ਸੋਨਾ ਤੇ ਘਾਸ ਰਲਾ ਕੇ ਰੱਖ ਦੇਵੀਏ ਉਹ ਸੋਨਾ ਨਹੀਂ ਖਾਣਗੇ, ਘਾਸ ਚੁਣ ਚੁਣ ਕੇ ਖਾ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਤ੍ਰਿਪਤੀ ਦਾ ਕਾਰਨ ਹੀ ਘਾਸ ਹੈ। ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਵਧੇਰੇ ਇਸੇ ਭਾਵ ਦੇ ਉਦਾਹਰਣ ਮਿਲਦੇ ਹਨ ਕਿ ਸੰਗਤ ਵਿਚ ਜੋ ਜੋ ਭੀ ਆਪੋ ਆਪਣੀ ਰੁਚੀ ਨੂੰ ਲੈ ਲੈ ਆਉਂਦੇ ਹਨ ਉਹ ਆਪਣੀ ਚਾਹਤ ਪੂਰੀ ਕਰਨ ਦਾ ਹੀ ਯਤਨ ਕਰਦੇ ਹਨ, ਸੋ ਮੈਂ ਭੀ ਇਨ੍ਹਾਂ ਗੁਰਬਾਣੀ ਦੇ ਭਾਵਾਂ ਤੋਂ ਪ੍ਰੇਰਤ ਹੋ, ਇਸ ਪਉੜੀ ਦੀਆਂ ਚੰਦ ਲਾਈਨਾਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਇਸੇ ਭਾਵ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ :

(੧) (ਜਿਸ ਤਰ੍ਹਾਂ) ਜੰਗਲ ਵਿਚ ਬਨਾਸਪਤੀ ਫਲਦੀ ਫੁਲਦੀ ਹੈ, ਜਿਸ ਵਿਚ ਕਈ ਪ੍ਰਕਾਰ ਦੇ ਰਸਾਂ ਤੇ ਸੁਗੰਧੀਆਂ ਵਾਲੇ ਬ੍ਰਿਛ ਬੂਟੇ ਸੋਭਾ ਪਾਉਂਦੇ ਹਨ।

(੨) ਅੰਬਾਂ ਦੇ ਫਲ ਸਦਾ ਹੀ ਸੋਹਣੇ ਹੁੰਦੇ ਹਨ ਤੇ ਆੜੂ, ਸੇਅ, ਅਨਾਰ ਦੇ ਫਲਾਂ ਦੇ ਬ੍ਰਿਛ ਫਲਦੇ ਹਨ।

(੩) ਦਾਖਾਂ ਬਜਉਰ ਦੀਆਂ, ਜਾਮਣੂ, ਖਿਰਣੀ, ਤੂਤਾ ਤੇ ਖਜੂਰਾਂ ਅਨੰਦਦਾਇਕ ਹਨ।

(੪) ਪੀਲੂ, ਪੇਝੂ, ਬੇਰ ਬੜੇ ਹੀ ਕੋਲੇ ਤੇ ਅਖਰੋਟ ਜਿਨ੍ਹਾਂ ਬੂਟਿਆਂ ਤੋਂ ਲੱਭਦੇ ਹਨ।

(੫) (ਪਰ ਇਹ ਸਾਰੇ ਰਸੀਲੇ ਤੇ ਸੁਗੰਧਤ ਫਲ) ਅੱਕ 'ਤੇ ਰਹਿਣ ਵਾਲੇ ਟਿੱਡੇ ਨੂੰ ਬਿਲਕੁਲ ਹੀ ਚੰਗੇ ਨਹੀਂ ਲਗਦੇ। ਉਹ ਉਪ੍ਰੋਕਤ ਫਲਾਂ ਨੂੰ ਛੱਡ ਕੇ (ਕੌੜੇ ਕਸੈਲੇ) ਅੱਕ 'ਤੇ ਹੀ ਵੱਸਦਾ ਹੈ।

(੬) (ਇਸੇ ਤਰ੍ਹਾਂ ਹੀ) ਜੋਕ ਹੈ। ਜੇ ਉਸਨੂੰ (ਦੁੱਧ ਵਾਲੇ) ਥਣਾਂ ਨਾਲ ਲਾ ਦੇਵੀਏ, ਤਾਂ ਉਹ ਅੰਮ੍ਰਿਤ ਦੁੱਧ ਪੀਣ ਦੀ ਥਾਵੇਂ ਖ਼ੂਨ ਪੀਂਦੀ ਹੈ।

(੭) (ਇਸੇ ਹੀ ਤਰ੍ਹਾਂ ਮਨਮੁਖ ਦੀ ਹਾਲਤ ਹੈ) ਉਹ ਸਾਧ ਸੰਗਤ ਵਿਚ ਜਾ ਕੇ ਗੁਰ-ਸ਼ਬਦ (ਉਪਦੇਸ਼) ਨੂੰ ਸੁਣਦੇ ਵੀ ਘਰਾਂ ਦੇ ਧੰਦਿਆਂ ਦੀਆਂ ਗਿਣਤੀਆਂ ਕਰਨ ਵਿਚ ਹੀ ਲੱਗੇ ਰਹਿੰਦੇ ਹਨ ਤੇ ਵਿਸ਼ੇ ਵਿਕਾਰਾਂ ਦੀ ਤੱਕ ਵਿਚ ਹੀ ਝਖਾਂ ਮਾਰਦੇ ਹਨ।

(੮) (ਇਸ ਲਈ) ਐਸੇ ਧੋਖੇ-ਬਾਜ਼ ਮਿੱਤ੍ਰ ਕਿਸੇ ਵੀ ਟਿਕਾਣੇ 'ਤੇ ਪਹੁੰਚ ਨਹੀਂ ਸਕਦੇ (ਭਰਮ ਵਿਚ ਹੀ ਭਰਮਦੇ ਫਿਰਦੇ ਹਨ)।੧੯।

***ਭਾਵਾਰਥ :*** ਜਦੋਂ ਭੀ ਅਸੀਂ ਵੀਚਾਰ ਭਰੀ ਦੂਰ-ਦ੍ਰਿਸ਼ਟੀ ਦੀਆਂ ਨਜ਼ਰਾਂ ਰਾਹੀਂ ਤੱਕਦੇ ਹਾਂ ਤਾਂ ਗੁਰੂ ਦੀ ਸੰਗਤ ਵਿਚ ਆਉਣ ਵਾਲੇ ਵਧੇਰੇ ਸੱਜਨ ਓਹੀ ਵੇਖਣ ਵਿਚ ਆਉਂਦੇ ਹਨ, ਜਿਨ੍ਹਾਂ ਦਾ ਬਾਹਰਲਾ ਲਿਬਾਸ ਤਾਂ ਗੁਰਸਿੱਖਾਂ ਵਾਲਾ ਨਜ਼ਰ ਆਉਂਦਾ ਹੈ, ਪਰ ਜਦੋਂ ਉਨ੍ਹਾਂ ਦੇ ਨੇੜੇ ਹੋ ਕੇ ਉਨ੍ਹਾਂ ਦੀ ਮਾਨਸਕ ਅਵਸਥਾ ਵੱਲ ਤੱਕੀਏ ਤਾਂ ਉਹ ਬਹੁਤ ਨੀਵੀਂ ਤੋਂ ਭੀ ਨੀਵੀਂ ਵੇਖਣ ਵਿਚ ਆਉਂਦੀ ਹੈ, ਕਿਉਂਕਿ ਜਿਥੇ ਉਨ੍ਹਾਂ ਨੇ ਨਾਮ ਰੂਪ ਅੰਮ੍ਰਿਤ ਦੀ ਅਮੋਲਕ ਦਾਤ ਪ੍ਰਾਪਤ ਕਰਨੀ ਸੀ ਉਥੇ ਉਹ ਜੋਕ ਵਾਂਗ ਗੰਦੇ ਲਹੂ ਰੂਪ ਵਿਸ਼ਿਆਂ ਦਾ ਹੀ ਧਿਆਨ ਰੱਖਦੇ ਹਨ।

ਸੋ, ਜਿਥੇ ਬਾਣੀ ਵਿਚ ਚਾਰੇ ਪਦਾਰਥਾਂ ਦੀ ਅਮੋਲਕ ਦਾਤ ਨੂੰ ਪ੍ਰਾਪਤ ਕਰਨ ਦਾ ਸਾਧ ਸੰਗਤ ਨੂੰ ਅਮੁੱਕ ਭੰਡਾਰਾ ਦਰਸਾਇਆ ਹੈ ਉਹ ਮਨਮੁਖ ਉਸਦਾ ਤਿਆਗ ਕਰਕੇ ਅੱਕਟਿਡੇ ਵਾਂਗ ਨਾਨਾ ਭਾਂਤ ਦੇ ਫਲਾਂ ਨੂੰ ਤਿਆਗ ਕੇ ਅੱਕ ਨੂੰ ਹੀ ਸੁਰਗ ਦਾ ਬੂਟਾ ਸਮਝਦਾ ਹੈ। ਜੋ ਇਸਨੂੰ ਸਦੀਵੀ ਕਾਲ ਦੁੱਖ ਦਾ ਕਾਰਨ ਹੀ ਬਣਿਆ ਰਹਿੰਦਾ ਹੈ, ਗੁਰੂ ਮੇਹਰ ਕਰੇ ਕਿ ਉਹ ਆਪਣੀ ਸੰਗਤ ਵਿਚ ਆਉਣ ਵਾਲੇ ਸਾਧਕਾਂ ਦੇ ਅੰਤਰ-ਆਤਮੇ ਨਾਮ ਦੀ ਅਮੋਲਕ ਦਾਤ ਦਾ ਨਿਵਾਸ ਕਰੇ ਤਾਂ ਕਿ ਉਨ੍ਹਾਂ ਦਾ ਇਸ ਅਮੋਲਕ ਜਨਮ ਵਿਚ ਆਇਆ ਸਫਲ ਹੋਵੇ।

## ੨੦. ਮਨਮੁਖਾਂ ਦੀ ਸੰਖਿਆ ਦੇ ਦ੍ਰਿਸ਼ਟਾਂਤ

**੧. ਡੱਡੂ ਬਗੁਲੇ ਸੰਖ ਲੱਖ**
**ਅੱਕ ਜਵਾਹੇ ਬਿਸੀਅਰ ਕਾਲੇ।**
**੨. ਸਿੰਬਲ ਘੁੱਘੂ ਚਕਵੀਆਂ**
**ਕੜਛ ਹਸਤਿ ਲੱਖ ਸੰਢੀ ਨਾਲੇ।**
**੩. ਪੱਥਰ ਕਾਵ ਰੋਗੀ ਘਣੇ**
**ਗਦਹਾ ਕਾਲੇ ਕੰਬਲ ਭਾਲੇ।**
**੪. ਕੇਹੈ ਤਿਲ ਬੂਆੜ ਲੱਖ**
**ਅੱਕ ਟਿੱਡ ਅਰੰਡ ਤੁੰਮੇ ਚਿਤਰਾਲੇ।**
**੫. ਕਲੀ ਕਨੇਰ ਵਖਾਣੀਐ**
**ਸਭ ਅਵਗੁਣ ਮੈ ਤਨਿ ਭੀਹਾਲੇ।**
**੬. ਸਾਧਸੰਗਤਿ ਗੁਰ ਸ਼ਬਦ ਸੁਣਿ**
**ਗੁਰ ਉਪਦੇਸ਼ ਨ ਰਿਦੇ ਸਮ੍ਹਾਲੇ।**
**੭. ਧ੍ਰਿਗ ਜੀਵਣ ਬੇਮੁਖ ਬੇਤਾਲੇ।।੨੦।।**

***ਪਦ ਅਰਥ :*** ਸੰਖ ਲੱਖ—ਲੱਖਾਂ ਸੰਖ। ਬਿਸੀਅਰ ਕਾਲੇ—ਸੱਪ ਜ਼ਹਿਰੀਲੇ। ਅੱਕ ਜਵਾਹੇ—ਅੱਕ ਤੇ ਜਵਾਂਹ ਦੇ ਬੂਟੇ। ਘੁੱਘੂ—ਉੱਲੂ। ਕੜਛ—ਕੜਛੀਆਂ। ਹਸਤਿ—ਹਾਥੀ। ਲੱਖ ਸੰਢੀ—ਲੱਖਾਂ ਬਾਝ ਔਰਤਾਂ। ਭਾਲੇ—ਰਿੱਛ। ਰੋਗੀ—(ਬੇ ਸੰਜਮੇ) ਰੋਗੀ। ਕੇਹੈ—ਕੈਹਾਂ ਨਾਮ ਧਾਤ। ਚਿਤਰਾਲੇ—ਚਿੱਤ੍ਰ ਮਿੱਤ੍ਰ। ਕਲੀ ਕਨੇਰ—ਕਨੇਰ ਦੀ ਕਲੀ। ਭੀਹਾਲੇ—ਭਿਆਨਕ।

***ਅਰਥ :***

੧: ਭਾਈ ਸਾਹਿਬ ਜੀਉ ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਹਰ ਬੰਦਾ ਹੀ ਆਪਣੇ ਪਾਸ ਧਨ, ਦੌਲਤ ਹੋਰ ਸਾਰੀ ਸਮੱਗਰੀ ਦੀ ਗਿਣਤੀ ਮਿਣਤੀ ਦਾ ਹਿਸਾਬ ਕਿਤਾਬ ਲਾਈ ਰੱਖਦਾ ਹੈ। ਪਰ ਇਹ ਹਿਸਾਬ ਲਾਉਂਦਾ ਕਦੇ ਭੀ ਕਿਸੇ ਨੂੰ ਨਹੀਂ ਤੱਕਿਆ ਕਿ ਮੇਰੇ ਪਾਸ ਕਿਤਨੇ ਕੁ ਗੁਨਾਹ ਤੇ ਅਵਗੁਣ ਜਮ੍ਹਾ ਹੋ ਚੁੱਕੇ ਹਨ। ਕਿਉਂ ਜੀ ! ਤੁਸਾਂ ਤਾਂ ਹਰ ਪੱਖੋਂ ਹੀ ਗੁਰਬਾਣੀ ਨੂੰ ਖੋਜਿਆ ਹੈ ਕੀ ਇਸ ਮਨੁੱਖ ਦੇ ਗੁਨਾਹਾਂ ਵੱਲ ਭੀ ਕਦੇ ਨਜ਼ਰ ਮਾਰੀ ਹੈ ਕਿ ਇਸ ਦੇ ਜੀਵਨ ਭਰ ਦੇ

ਕਿਤਨੇ ਕੁ ਅਵਗੁਣ ਮੰਨੇ ਜਾ ਸਕਦੇ ਹਨ, ਇਸ ਬਾਰੇ ਤੁਸੀਂ ਆਪਣੇ ਵੀਚਾਰ ਦਿਓ ਤਾਂ ਕਿ ਸਾਨੂੰ ਭੀ ਕੁਝ ਬੋਧ ਹੋ ਸਕੇ ?

ਉ: ਹੇ ਸਜਨੋਂ ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਦੇਣ ਦੀ ਕਿਸੇ ਭੀ ਮਨੁੱਖ ਦੇ ਅੰਦਰ ਸਮਰੱਥਾ ਨਹੀਂ, ਕਿਉਂਕਿ ਇਸ ਬਾਰੇ ਸਤਿਗੁਰੂ ਜੀ ਨੇ ਬਾਣੀ ਵਿਚ ਸਦੀਵੀ ਕਾਲ ਲਈ ਸਮੁੱਚਾ ਹੀ ਫ਼ੈਸਲਾ ਕਰ ਦਿੱਤਾ ਹੈ ਜਿਸਨੂੰ ਕਦੀ ਭੀ ਝੁਠਿਆਇਆ ਨਹੀਂ ਜਾ ਸਕਦਾ, ਜਿਵੇਂ ਕਿ ਬਾਣੀ ਵਿਚ ਹੁਕਮ ਆਇਆ ਹੈ ਕਿ :

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ
ਤੇਤੇ ਅਉਗਣ ਹਮਾਰੇ ।
ਦਇਆ ਕਰਹੁ ਕਿਛੁ ਮਿਹਰ ਉਪਾਵਹੁ
ਡੁਬਦੇ ਪਥਰ ਤਾਰੇ ॥੫॥ *(ਗਉੜੀ ਮ: ੧, ਪੰਨਾ ੧੫੬)*

ਭਾਵ ਹੈ ਕਿ ਜਿਵੇਂ ਸਮੁੰਦਰ ਦਾ ਪਾਣੀ,ਨਹੀਂ ਤੋਲਿਆ ਮਾਪਿਆ ਜਾ ਸਕਦਾ, ਇਸੇ ਤਰ੍ਹਾਂ ਮਨੁੱਖ ਦੇ ਅਉਗੁਣ ਭੀ ਅਥਾਹ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ।

ਇਸ ਗੁਰਬਾਣੀ ਦੇ ਭਾਵਾਂ ਨੂੰ ਮੁੱਖ ਰੱਖਕੇ ਜਦੋ ਮੈਂ ਭੀ ਆਪਣੇ ਗੁਨਾਹਾਂ ਵੱਲ ਨਜ਼ਰ ਮਾਰਦਾ ਹਾਂ ਤਾ ਮੇਰੇ ਸਾਹਮਣੇ ਉਸ ਕਰਤਾਰ ਦੀ ਅਥਾਹ ਰਚਨਾ ਦਿਸ ਆਉਂਦੀ ਹੈ ਕਿ ਜਿਸ ਤਰ੍ਹਾਂ ਉਸ ਪਰੀਪੂਰਨ ਪ੍ਰਮੇਸ਼ਰ ਦੀ ਸੂਖਮ ਤੇ ਅਸਥੂਲ ਸਮੱਗ੍ਰੀ ਦਾ ਅੰਤ ਨਹੀ ਪਾਇਆ ਜਾ ਸਕਦਾ, ਇਸੇ ਤਰ੍ਹਾਂ ਮੇਰੇ ਭੀ ਇਸ ਤਨ ਤੇ ਮਨ ਵਿਚ ਅਥਾਹ ਔਗੁਣ ਹਨ, ਜਿਨ੍ਹਾ ਨੂੰ ਗਿਣਿਆ ਮਿਣਿਆ ਨਹੀਂ ਜਾ ਸਕਦਾ। ਇਸ ਭਾਵ ਨੂੰ ਮੁਖ ਰੱਖ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ :

(੧) (ਜਿਵੇਂ ਕਿ ਅਸੀਂ ਵੇਖਦੇ ਹਾ ਕਿ) ਲੱਖਾਂ ਹੀ ਡੱਡੂ, ਬਗਲੇ ਤੇ ਸੰਖ (ਵੱਜਣ ਵਾਲੇ) ਅੱਕ ਤੇ ਜਿਵਾਹਾਂ ਦੇ ਬੂਟੇ ਅਤੇ ਕਾਲੇ ਸੱਪ ਹਨ।
(੨) ਸਿੰਬਲ ਦੇ ਉਚੇ ਬ੍ਰਿਛ, ਉੱਲੂ, ਚਕਵੀਆਂ, ਕਲਛੀਆਂ, ਲੱਖਾਂ ਹੀ ਹਾਥੀ ਤੇ ਲੱਖਾ ਹੀ ਬਾਝ (ਸੰਢ) ਇਸਤ੍ਰੀਆਂ ਹਨ।
(੩) ਪੱਥਰਾਂ (ਵਰਗੇ ਅਭਿੱਜ) ਕਾਵਾ ਵਰਗੇ ਵੱਡੇ ਰੋਗੀ, ਕਾਲੇ ਖੋਤੇ ਤੇ ਕਾਲੇ ਕੰਬਲ ਲੱਖਾ ਹਨ।
(੪) ਕੌਂਹਾਂ, ਭਿਲ ਬੁਆੜ, (ਥੋਥੋ ਭਿਲ) ਲੱਖਾ ਹੀ ਅੱਕ ਟਿਡੇ, ਅਰਿੰਡ, ਤੁੰਮੇ ਚਿੱਤ੍ਰ ਮਚਿੱਤ੍ਰੇ ਹਨ।
(੫) ਕਨੇਰਾ ਦੀਆ ਕਲੀਆਂ (ਉਪਰ ਰੰਗ ਬਰੰਗੀਆਂ, ਲਾਲ ਗੁਲਾਲ ਤੇ ਵਿਚੋਂ ਚਿੱਟੇ, ਦੁਬਿਧਾ ਦੇ ਮਾਰੇ ਹੋਏ) ਆਖੇ ਜਾਂਦੇ ਹਨ (ਭਾਈ ਸਾਹਿਬ ਕਹਿੰਦੇ ਹਨ ਕਿ ਇਹ) ਸਭ ਭਿਆਨਕ ਅਵਗੁਣ ਮੇਰੇ ਵਿਚ ਹਨ। (ਇਹ ਨਿਰਮਾਣਤਾ ਦੀ ਹੱਦ ਹੈ)।
(੬) (ਭਾਈ ਸਾਹਿਬ ਜੀ ਕਹਿੰਦੇ ਹਨ ਕਿ ਮੇਰੇ ਜੈਸੇ ਅਵਗੁਣਾਂ ਵਾਲੇ ਮਨਮੁਖ) ਗੁਰੂ ਦਾ ਸ਼ਬਦ ਤਾਂ ਸੁਣਦੇ ਹਨ, ਪਰ ਗੁਰ ਉਪਦੇਸ਼ ਨੂੰ ਹਿਰਦੇ ਵਿਚ ਨਹੀਂ ਸੰਭਾਲਦੇ (ਭਾਵ ਧਾਰਦੇ ਨਹੀਂ)।
(੭) (ਐਸੇ ਮਨਮੁਖਾਂ ਦਾ) ਧ੍ਰਿਗ ਜੀਵਨ ਹੈ ਜੋ, ਬੇਮੁਖ ਤੇ ਬੇਤਾਲੇ ਹਨ।੨੦।

***ਭਾਵਾਰਥ***: ਪਿੱਛੇ ਮਨਮੁਖਾ ਦਾ ਹਾਲ ਕਹਿੰਦੇ ਆ ਰਹੇ ਹਨ, ਆਖ਼ਰ ਆਪਣੇ ਪਰ ਘਟਾਉਂਦੇ ਹਨ। ਇਸ ਵਿਚ ਦੋ ਭਾਵ ਹਨ, ਇਕ ਤਾਂ ਇਹ ਉੱਤਮ ਉਪਦੇਸ਼ ਹੈ, ਦੂਜੇ ਉਸ ਸੂਖਮ ਹੰਕਾਰ ਬ੍ਰਿਤੀ ਦੀ ਨਵਿਰਤੀ ਲਈ ਹੈ, ਜੋ ਭਾਈ ਸਾਹਿਬ ਜੀ ਵਰਗੇ ਗੁਰਮੁਖ ਡਰਦੇ ਹਨ, ਕਿ ਪ੍ਰਸੰਗ ਪੂਰਬਕ ਭੀ ਕਿਸੇ ਦੀ ਨਿੰਦਾ ਭਾਸ ਵਾਲਾ ਕਥਨ (ਜੋ ਯਥਾਰਥ ਭੀ ਹੋਵੇ) ਕੀਤਿਆਂ ਰਿਦੇ ਵਿਚ ਉਤਪਤ ਹੋ ਜਾਂਦੀ ਹੈ।

ਗੁਰਬਾਣੀ ਨੇ ਇਹ ਸੰਕੇਤਕ ਫ਼ੁਰਮਾਨ ਅੰਕਤ ਕਰ ਦਿਤਾ ਹੈ ਕਿ :

ਭੁਲਣ ਵਿਚਿ ਕੀਆ ਸਭੁ ਕੋਈ
ਕਰਤਾ ਆਪਿ ਨ ਭੁਲੈ ॥ *(ਪ੍ਰਭਾਤੀ ਮ: ੧, ਪੰਨਾ ੧੩੪੪)*

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥
*(ਸ੍ਰੀ ਰਾਗੁ ਮ: ੧, ਪੰਨਾ ੬੧)*

## ੨੧. *ਨਿੰਦਕ ਤੇ ਬੇਮੁਖਾਂ ਦੀ ਗਿਣਤੀ*

**੧. ਲੱਖ ਨਿੰਦਕ ਲੱਖ ਬੇਮੁਖਾਂ**
**ਦੂਤ ਦੁਸ਼ਟ ਲੱਖ ਲੂਣ ਹਰਾਮੀ।**
**੨. ਸ੍ਵਾਮਿ ਧ੍ਰੋਹੀ ਅਕਿਰਤਘਣ**
**ਚੋਰ ਜਾਰ ਲੱਖ ਲੱਖ ਪਹਿਨਾਮੀ।**
**੩. ਬਾਮ੍ਹਣ ਗਾਈਂ ਵੰਸ ਘਾਤ**
**ਲਾਇਤਬਾਰ ਹਜ਼ਾਰ ਅਸਾਮੀ।**
**੪. ਕੂੜਿਆਰ ਗੁਰੂ ਗੋਪ ਲੱਖ**
**ਗੁਨਾਹਗਾਰ ਲੱਖ ਲੱਖ ਬਦਨਾਮੀ।**

**੫. ਅਪਰਾਧੀ ਬਹੁ ਪਤਿਤ ਲੱਖ
ਅਵਗੁਣਿਆਰ ਖੁਆਰ ਖੁਨਾਮੀ।**
**੬. ਲੱਖ ਲਿਬਾਸੀ ਦਗਾਬਾਜ਼
ਲੱਖ ਸ਼ੈਤਾਨ ਸਲਾਮਿ ਸਲਾਮੀ।**
**੭. ਤੂੰ ਵੇਖਹਿਂ ਹਉਂ ਮੁੱਕਰਾਂ
ਹਉਂ ਕਪਟੀ ਤੂੰ ਅੰਤਰਜਾਮੀ।**
**੮. ਪਤਿਤ ਉਧਾਰਣੁ ਬਿਰਦੁ ਸੁਆਮੀ ॥੨੧॥੧੭॥**

***ਪਦ ਅਰਥ :*** ਸੁਾਮਿ ਧਰੋਹੀ—ਮਾਲਕ ਨਾਲ ਦਗ਼ਾ ਕਰਨ ਵਾਲੇ। ਪਹਿਨਾਮੀ—ਬਦਨਾਮ। ਬਾਮ੍ਹਣ—ਬ੍ਰਹਮ ਨੂੰ ਜਾਣ ਲੈਣ ਵਾਲੇ ਸੰਤ। ਲਾਇਤਬਾਰ—ਬੇ-ਇਤਬਾਰੇ। ਅਸਾਮੀ—ਐਬੀ ਤੇ ਮੁਜਰਮ ਲੋਕ। ਖੁਨਾਮੀ—ਗੁਨਾਹ। ਲਿਬਾਸੀ—ਦਿਖਾਵੇ ਦੇ ਭੇਖੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਅਸਾਂ ਅਵਿਦਿਕ ਲੋਕਾਂ 'ਤੇ ਆਪ ਜੀ ਬੜਾ ਹੀ ਉਪਕਾਰ ਕਰਦੇ ਹੋ, ਜੋ ਸਾਨੂੰ ਗੁਰਮਤ ਦੇ ਨਵੇਂ ਤੋਂ ਨਵੇਂ ਵੀਚਾਰ ਸੁਣਾ ਕੇ ਰੱਬੀ ਮਾਰਗ 'ਤੇ ਟੁਰੇ ਰਹਿਣ ਦੀ ਪ੍ਰੇਰਨਾ ਦੇਂਦੇ ਰਹਿੰਦੇ ਹੋ। ਭਾਈ ਸਾਹਿਬ ਜੀਉ! ਇਹ ਤਾਂ ਤੁਹਾਡੇ ਦੁਆਰੇ ਗੁਰਮਤ ਦੇ ਵੀਚਾਰ ਸੁਣਕੇ ਬੋਧ ਮਿਲ ਗਿਆ ਹੈ ਕਿ ਇਹ ਮਨੁੱਖ ਖਿਨ ਖਿਨ ਕਾਲ ਵਿਚ ਬੇਅੰਤ ਭੁਲਾ ਕਰਦਾ ਆ ਰਿਹਾ ਹੈ, ਪਰ ਇਨ੍ਹਾਂ ਭੁਲਾਂ ਦੇ ਬਖ਼ਸ਼ਾਉਣ ਦਾ ਕੋਈ ਸੁਖੈਨ ਸਾਧਨ ਭੀ ਦਸੋ। ਅਸੀਂ ਆਪ ਜੀ ਦੇ ਅਤੀ ਸ਼ੁਕਰ-ਗੁਜ਼ਾਰ ਹੋਵਾਂਗੇ ?

ਉ: ਹੇ ਸਜਨੋਂ! ਮੈਂ ਤਾਂ ਗੁਰਮਤ ਨੂੰ ਪੜ੍ਹ ਸੁਣਕੇ ਗੁਨਾਹਾਂ ਨੂੰ ਬਖ਼ਸ਼ਾਉਣ ਦਾ ਇਕੋ ਹੀ ਸੁਖੈਨ ਸਾਧਨ ਸੋਚਿਆ ਹੈ, ਉਹ ਹੈ ਨਿਰੰਕਾਰ ਦੇ ਸਨਮੁਖ ਹੋ ਭਾਵਨਾ ਸਹਿਤ ਅਰਦਾਸ ਕਰਦੇ ਰਹਿਣਾ, ਮੈਂ ਤਾਂ ਗੁਰਮਤ ਦੇ ਇਨ੍ਹਾਂ ਹੀ ਭਾਵਾਂ ਤੋਂ ਪ੍ਰੇਰਤ ਹੋ ਇਨ੍ਹਾਂ ਚੰਦ ਸਤਰਾਂ ਵਿਚ ਉਸ ਪ੍ਰਭੂ ਦੇ ਸਨਮੁਖ ਹੋ ਆਪਣੇ ਅਨੰਤ ਗੁਨਾਹਾਂ ਦਾ ਪ੍ਰਗਟਾਵਾ ਕਰਕੇ ਉਨ੍ਹਾਂ ਦੇ ਬਖਸਾਉਣ ਲਈ ਜਾਚਨਾ ਕੀਤੀ ਹੈ, ਜਿਵੇਂ ਕਿ:

(੧) (ਹੇ ਪ੍ਰਭੂ ਜੀ! ਮੈਂ ਤਾਂ ਵੇਖਦਾ ਹਾਂ ਕਿ, ਲੱਖਾਂ ਹੀ ਨਿੰਦਕ, ਲੱਖਾਂ ਹੀ ਬੇਮੁਖ, ਦੂਤ, ਦੁਸ਼ਟ ਤੇ ਲੱਖਾਂ ਹੀ ਲੂਣ ਹਰਾਮੀ (ਅਕ੍ਰਿਤਘਣ) ਹਨ।

(੨) ਲੱਖਾਂ ਹੀ ਮਾਲਕਾਂ ਨਾਲ ਦਗ਼ਾ ਕਰਨ ਵਾਲੇ ਧ੍ਰੋਹੀ, ਲੱਖਾਂ ਹੀ ਚੋਰ, ਯਾਰ ਤੇ ਲੱਖਾਂ ਹੀ ਬਦਨਾਮੀਆਂ ਵਾਲੇ ਹਨ।

(੩) ਸੰਤ, ਗਾਵਾਂ ਤੇ ਵੰਸ ਦੇ ਘਾਤੀ ਹਨ, ਲੱਖਾਂ ਹੀ ਬੇ-ਇਤਬਾਰੇ ਤੇ ਹਜ਼ਾਰਾਂ ਹੀ ਐਬੀ ਤੇ ਜੁਰਮ ਕਰਨ ਵਾਲੇ ਹਨ।

(੪) ਲੱਖਾਂ ਝੂਠੇ ਤੇ ਗੁਰੂ ਦੇ ਨਿੰਦਕ, ਲੱਖਾਂ ਗੁਨਾਹਗਾਰ ਤੇ ਲੱਖਾਂ ਹੀ ਬਦਨਾਮ ਹੋਏ ਲੋਕ ਹਨ।

(੫) ਅਪਰਾਧੀ ਤੇ ਪਤਿਤ (ਪਾਪੀ) ਬੇਅੰਤ ਹਨ, ਤੇ ਲੱਖਾਂ ਹਨ ਅਵਗੁਣਿਆਰੇ ਜੋ ਕਸੂਰ ਜੁਰਮ ਕਰਕੇ ਖ਼ੁਆਰ ਹੁੰਦੇ ਹਨ।

(੬) ਲੱਖਾਂ ਹੀ ਭੇਖੀ ਤੇ ਦਗੇਬਾਜ਼ ਹਨ, ਲੱਖਾਂ ਹੀ ਸ਼ੈਤਾਨੀ ਹਰਕਤਾਂ ਕਰਨ ਵਾਲੇ ਧੋਖੇ ਦੀਆਂ ਸਲਾਮਾਂ ਕਰਨ ਵਾਲੇ ਸਲਾਮੀਏ ਹਨ।

(੭) (ਹੇ ਪ੍ਰਮੇਸ਼ਰ!) ਤੂੰ ਵੇਖਦਾ ਹੈਂ, ਪਰ ਮੈਂ ਮੁਕਰਦਾ ਹਾਂ, ਮੈਂ ਕਪਟੀ ਹਾਂ ਤੇ ਤੂੰ ਅੰਤਰਜਾਮੀ ਹੈਂ।

(੮) (ਹੇ ਪ੍ਰਭੂ!) ਤੂੰ ਪਤਿਤ ਉਧਾਰਣ ਵਾਲਾ ਹੈਂ, ਤੇ ਹੇ ਮਾਲਕ! ਇਹ ਤੇਰਾ ਬਿਰਦ, (ਪੈਜ) ਹੈ।੨੧।੧੭।

***ਭਾਵਾਰਥ :*** ਭਾਈ ਸਾਹਿਬ ਜੀ, ਹੁਣ ਜੋ ਭੈੜੇ ਪਸ਼ੂ, ਪੰਛੀ, ਬ੍ਰਿਛਾਂ ਤੋਂ ਭਿੰਨ ਮਨੁੱਖਾਂ ਵਿਖੇ ਅਵਗੁਣ ਹਨ, ਉਹ ਸਾਰੇ ਛੇ ਤੁਕਾਂ ਵਾਲੇ ਆਪਣੇ ਪੁਰ ਹੀ ਘਟਾ ਕੇ ਸਾਨੂੰ ਉਪਦੇਸ਼ ਦੇਂਦੇ ਹਨ।

ਭਾਈ ਸਾਹਿਬ ਜੀ ਨੇ ਇਹ ਨਹੀਂ ਕਿਹਾ ਕਿ ਅਸੀਂ ਮੁੱਕਰਦੇ ਹਾਂ, ਕੇਵਲ ਆਪਣੇ ਪੁਰ ਹੀ ਔਗਣ ਰੱਖ ਕੇ ਲਿਖਿਆ ਹੈ ਕਿ ਤੂੰ ਦੇਖਹਿ (ਹਉ) ਅਰਥਾਤ ਮੈਂ ਮੁਕਰਦਾ ਹਾਂ 'ਇਕ ਬਚਨ ਦਿੱਤਾ ਹੈ' ਇਸ ਲਈ ਉਤਮ ਉਪਦੇਸ਼ ਜਾਣ ਕਰ ਸਾਨੂੰ ਯੋਗ ਹੈ ਕਿ ਇਹ ਪੂਰਬੋਕਤ ਅਵਗੁਣ ਤਿਆਗ ਕੇ ਇਕ ਅਕਾਲ ਪੁਰਖ ਦੀ ਸ਼ਰਨ ਲੈ ਕੇ ਉਸਦੇ ਭਜਨ ਵਿਖੇ ਸੁਰਤੀ ਜੋੜ ਕੇ ਆਪਣੀ ਮੁਕਤੀ ਦਾ ਉਪਾਵ ਸਮਝੀਏ।

(ਸਤਾਰ੍ਹਵੀਂ ਵਾਰ ਸਮਾਪਤ)

# ਵਾਰ ੧੯

ੴ ਸਤਿਗੁਰ ਪ੍ਰਸਾਦਿ ॥

## *੧. ਪ੍ਰਮੇਸ਼ਰ ਦੀ ਸਿਫ਼ਤ-ਸਾਲਾਹ ਦਾ ਮੰਗਲ*

੧. ਇੱਕ ਕਵਾਉ ਪਸਾਉ ਕਰਿ
ਓਅੰਕਾਰ ਅਨੇਕ ਅਕਾਰਾ।
੨. ਪਉਣ ਪਾਣੀ ਬੈਸੰਤਰੋ
ਧਰਤਿ ਅਗਾਸ਼ਿ ਨਿਵਾਸ ਵਿਥਾਰਾ।
੩. ਜਲ ਥਲ ਤਰਵਰ ਪਰਬਤਾਂ
ਜੀਅ ਜੰਤ ਆਗਣਤ ਅਪਾਰਾ।
੪. ਇਕ ਵਰਭੰਡੁ ਅਖੰਡੁ ਹੈ
ਲਖ ਵਰਭੰਡ ਪਲਕ ਪਲਕਾਰਾ।
੫. ਕੁਦਰਤਿ ਕੀਮ ਨ ਜਾਣੀਐ
ਕੇਵਡ ਕਾਦਰ ਸਿਰਜਣਹਾਰਾ।
੬. ਅੰਤ ਬਿਅੰਤ ਨ ਪਾਰਾਵਾਰਾ ॥੧॥

*ਪਦ ਅਰਥ :* ਕਵਾਉ—ਵਾਕ, ਬੋਲ। ਪਸਾਉ—ਪਸਾਰਾ। ਬੈਸੰਤਰੋ—ਅਗਨੀ। ਨਿਵਾਸ—ਘਰ। ਵਿਥਾਰਾ—ਵਿਸਥਾਰ ਕੀਤਾ। ਵਰਭੰਡ—ਉੱਤਮ ਭਾਂਡਾ, ਪ੍ਰਮੇਸ਼ਰ। ਕੀਮ—ਕੀਮਤ। ਕਾਦਰ—ਕਰਤਾ। ਪਾਰਾਵਾਰ—ਉਰਾਰ ਪਾਰ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ਪਿਛੇ ਜੋ ਸਾਡੇ ਵੱਲੋਂ ਕਈ ਕੁ ਪ੍ਰਸ਼ਨ ਕੀਤੇ ਗਏ ਹਨ, ਤੁਸਾਂ ਸਾਨੂੰ ਉਨ੍ਹਾਂ ਦੇ ਯੋਗ ਉਤ੍ਰ ਦੇ ਕੇ ਨਿਵਾਜਿਆ ਹੈ, ਪਰ ਹੁਣ ਅਸੀ ਆਪ ਤੋਂ ਇਕ ਨਵੀਂ ਜਾਣਕਾਰੀ ਲੈਣਾ ਚਾਹੁੰਦੇ ਹਾਂ, ਆਸ ਹੈ ਕਿ ਤੁਸੀਂ ਸਾਨੂੰ ਇਸ ਸੰਬੰਧੀ ਭੀ ਪੂਰਨ ਬੋਧ ਕਰਾਓਗੇ।

ਸ੍ਰੀ ਮਾਨ ਜੀਉ ! ਜਦੋਂ ਅਸੀਂ ਪੁਰਾਤਨ ਪੁਸਤਕਾਂ ਸੁਣਦੇ ਹਾਂ ਤਾਂ ਉਨ੍ਹਾਂ ਵਿਚ ਇਸ ਸ੍ਰਿਸ਼ਟੀ ਦੀ ਉਤਪਤੀ ਦੇ ਭਿੰਨ ਭਿੰਨ ਕਾਰਨ ਮੰਨੇ ਹਨ, ਜਿਵੇਂ ਕਿ :

(੧) **ਪੁਰਾਤਨ ਹਿੰਦੂ ਰਿਸ਼ੀ ਮੱਤ :** ਇਨ੍ਹਾਂ ਦਾ ਇਹ ਵੀਚਾਰ ਹੈ ਕਿ ਪਹਿਲੋਂ 'ਹਿਰਨ ਗਰਭ' ਹੋਇਆ, ਇਸ ਤੋਂ ਅਗੇ ਜਗਤ ਦੀ ਉਤਪਤੀ ਹੋਈ। ਇਹ ਕਹਿੰਦੇ ਹਨ ਕਿ ਸਭ ਤੋਂ ਪਹਿਲੇ ਪਾਣੀ ਬਣਿਆ, ਉਸ ਪਾਣੀ ਵਿਚੋਂ ਇਕ ਅੰਡਾ ਪੈਦਾ ਹੋਇਆ, ਉਸ ਅੰਡੇ ਦੇ ਫਿਰ ਦੋ ਹਿੱਸੇ ਹੋਏ, ਇਕ ਹਿੱਸੇ ਵਿਚ ਇਸਤ੍ਰੀ ਸੀ ਅਤੇ ਦੂਜੇ ਦੇ ਵਿਚ ਮਰਦ ਸੀ। ਸੋ, ਇਨ੍ਹਾਂ ਰਿਸ਼ੀਆਂ ਦੀ ਵੀਚਾਰਧਾਰਾ ਦਸਦੀ ਹੈ ਕਿ ਇਸ ਦ੍ਰਿਸ਼ਟਮਾਨ ਜਗਤ ਦੀ ਰਚਨਾ ਬ੍ਰਹਮਾ ਨੇ ਕੀਤੀ ਹੈ।

(੨) **ਦਾਰਸ਼ਨਿਕ ਮੱਤ :** ਇਨ੍ਹਾਂ ਮੱਤਾਂ ਵਿਚੋਂ ਇਕ ਮੱਤ ਦੀ ਰਾਇ ਇਉ ਸੁਣਨ ਵਿਚ ਆਈ ਹੈ, ਕਿ "ਇਹ ਜਗਤ ਰਚਨਾ ਅਨਾਦੀ ਹੈ ਤੇ ਇਹ ਇਕ ਪਰਵਾਹ ਦੀ ਤਰ੍ਹਾਂ ਵਗਣ ਵਾਲੀ ਸ਼ੈਅ ਹੈ। ਇਹ ਹਮੇਸ਼ਾ ਤੋਂ ਹੀ ਤੁਰ ਆਈ ਹੈ, ਅਤੇ ਇਸੇ ਤਰ੍ਹਾਂ ਸਦਾ ਹੀ ਤੁਰੀ ਚਲਦੀ ਜਾਵੇਗੀ। ਸੋ, ਇਸਦਾ ਨਾ ਆਦਿ ਹੈ, ਅਤੇ ਨਾ ਹੀ ਅੰਤ ਹੋਵੇਗਾ।"

(੩) **ਵੇਦਾਂਤਕ ਮੱਤ :** ਉਹ ਇਹ ਸੰਮਤੀ ਰਖਦੇ ਹਨ ਕਿ ਆਤਮਾ ਤੋਂ ਪੰਜ ਮਹਾਭੂਤ (ਤੱਤ) ਪੈਦਾ ਹੋਏ, ਜਿਨ੍ਹਾਂ ਤੋਂ ਅਗੇ ਜਗਤ ਰਚਨਾ ਬਣੀ ਹੈ। ਪਰ ਇਨ੍ਹਾਂ ਦੇ ਵਿਚਾਰ ਵਿਚ ਇਹ ਜਗਤ ਕਲਪਨਾ ਮਾਤ੍ਰ ਹੈ।

(੪) **ਈਸਾਈ ਮੱਤ :** ਜਦੋਂ ਈਸਾਈਆਂ ਦਾ ਮੱਤ ਪੜ੍ਹੀਏ ਸੁਣੀਏ ਤਾਂ ਉਨ੍ਹਾਂ ਦੀ ਰਾਇ ਇਹ ਹੈ, ਕਿ ਈਸ਼ਰ ਇਸ ਜਗਤ ਰਚਨਾ ਨੂੰ ਛੇ ਦਿਨ ਲਗਾਤਾਰ ਰਚਦਾ ਰਿਹਾ ਅਤੇ ਸਤਵੇਂ ਦਿਨ ਇਤਵਾਰ ਨੂੰ ਉਸਨੇ ਅਰਾਮ ਕੀਤਾ।

(੫) **ਇਸਲਾਮੀ ਮੱਤ :** ਮੁਸਲਮਾਨ ਇਹ ਨਿਸਚਾ ਰੱਖਦੇ ਹਨ ਕਿ ਰੱਬ ਨੇ (ਕੁੰਨ) ਸ਼ਬਦ ਕਿਹਾ ਤਾਂ ਸ੍ਰਿਸ਼ਟੀ ਦੀ ਰਚਨਾ

ਰਚੀ ਗਈ, ਪਰ ਜਦੋਂ ਉਹ ਇਸ ਰਚਨਾ ਨੂੰ ਨਾਸ ਕਰਨਾ ਚਾਹੇਗਾ ਤਾਂ ਇਹ ਨਾਸ ਹੋ ਜਾਏਗੀ।

(੬) **ਸਾਇੰਸਦਾਨੀ ਮੱਤ:** ਜਦੋਂ ਅਸੀਂ ਕਈ ਪੱਛਮੀ ਵਿਦਵਾਨਾਂ ਦੇ ਅਤੇ ਸਾਇੰਸਦਾਨਾਂ ਤੇ ਉਚੇਚਾ ਕਰਕੇ ਡਾਰਵਨ ਦੀ ਦਲੀਲ ਪੜ੍ਹਦੇ ਹਾਂ ਤਾਂ ਇਹ ਪਤਾ ਦੇਂਦਾ ਹੈ ਕਿ "ਇਹ ਜਗਤ ਪਹਿਲੋਂ ਗਰਮ ਲੋਹੇ ਵਾਂਗੂੰ ਪੰਘਰਿਆ ਹੋਇਆ ਦ੍ਰਵਯ ਸੀ। ਫਿਰ ਸਮਾਂ ਪਾ ਕੇ ਸਹਿਜੇ ਸਹਿਜੇ ਉਸ ਵਿਚੋਂ ਗਰਮੀ ਘਟ ਗਈ। ਇਸ ਤਰ੍ਹਾਂ ਉਹ ਦ੍ਰਵਯ ਚਿੱਕੜ ਦੀ ਸ਼ਕਲ ਦਾ ਬਣ ਗਿਆ, ਤੇ ਉਸ ਵਿਚ ਜੀਵ ਜੰਤੂ ਤੇ ਕੀੜੇ ਮਕੌੜੇ ਪੈਦਾ ਹੋ ਗਏ ਤੇ ਬਨਸਪਤੀ ਪੈਦਾ ਹੋ ਗਈ। ਸੂਰਜ, ਚੰਦ, ਤਾਰੇ, ਪਹਾੜ ਆਦਿਕ ਬਣ ਗਏ ਇਸ ਤਰ੍ਹਾਂ ਸਹਿਜੇ ਸਹਿਜੇ ਬਾਂਦਰਾਂ ਤੋਂ ਮਨੁੱਖ ਬਣ ਗਏ।"

**ਸਮਾਂ:** ਭਾਈ ਸਾਹਿਬ ਜੀਉ! ਇਥੇ ਹੀ ਬੱਸ ਨਹੀਂ, ਫਿਰ ਇਨ੍ਹਾਂ ਵੱਲੋਂ ਜਗਤ ਰਚਨਾ ਦੇ ਰਚੇ ਜਾਣ ਦਾ ਸਮਾਂ ਭੀ ਨੀਅਤ ਕੀਤਾ ਗਿਆ ਹੈ। ਇਸ ਸਮੇਂ ਸੰਬੰਧੀ ਭੀ ਭਿੰਨ ਭਿੰਨ ਰਾਵਾਂ ਪੜ੍ਹਨ ਵਿਚ ਆਉਂਦੀਆਂ ਹਨ, ਜਿਵੇਂ ਕਿ:

(੧) ਹਿੰਦੂ ਮੱਤ ਕਹਿੰਦਾ ਹੈ ਕਿ ਇਸ ਜਗਤ ਰਚਨਾ ਰਚੀ ਨੂੰ, ਇਕ ਅਰਬ, ਛਿਆਨਵੇਂ ਕ੍ਰੋੜ, ਅੱਠ ਲੱਖ, ਤ੍ਰਵੰਜਾ ਹਜ਼ਾਰ ਵਰ੍ਹੇ ਹੋ ਗਏ ਹਨ।

(੨) ਈਸਾਈ ਮੱਤ ਕਹਿੰਦਾ ਹੈ ਕਿ ਛੇ ਹਜ਼ਾਰ ਵਰ੍ਹੇ ਹੋਏ ਹਨ।

(੩) ਮੁਸਲਮਾਨਾਂ ਦੇ ਮੱਤ ਅਨੁਸਾਰ ਜਗਤ ਦੀ ਰਚਨਾ ਨੂੰ ਰਚਿਆਂ ਚੌਦਾਂ ਹਜ਼ਾਰ ਵਰ੍ਹੇ ਗੁਜ਼ਰ ਚੁੱਕੇ ਹਨ।

(੪) ਪਰ ਜਦੋਂ ਅਸੀਂ ਪੱਛਮੀ ਲੇਖਕਾਂ ਦੀ ਰਾਇ ਪੜ੍ਹਦੇ ਹਾਂ ਤਾਂ ਉਨ੍ਹਾਂ ਵਿਚੋਂ ਕਈਆਂ ਦਾ ਖ਼ਿਆਲ ਹੈ ਕਿ ਜਦੋਂ ਇਹ ਧਰਤੀ ਬਨਸਪਤੀ ਪੈਦਾ ਕਰਨ ਦੇ ਯੋਗ ਹੋਈ, ਉਸ ਅਰੰਭਤਾ ਦੇ ਸਮੇਂ ਨੂੰ ਡੇਢ ਕਰੋੜ ਸਾਲ ਗੁਜ਼ਰ ਗਏ ਹਨ।

(੫) ਪਰ ਜਦੋਂ ਅਸੀਂ ਪ੍ਰੋਫ਼ੈਸਰ ਕੇਰਲਾ ਦਾ ਖ਼ਿਆਲ ਪੜ੍ਹੀਏ, ਤਾਂ ਉਹ ਕਹਿੰਦਾ ਹੈ ਕਿ ਜਗਤ ਰਚਨਾ ਰਚੀ ਗਈ ਨੂੰ ਸੱਤ ਕ੍ਰੋੜ ਸਾਲ ਬੀਤ ਗਏ ਹਨ।

(੬) ਵਿਲੀਅਮ ਟਾਮਸ ਦੇ ਮੱਤ ਅਨੁਸਾਰ ਜਗਤ ਰਚਨਾ ਰਚੀ ਗਈ ਨੂੰ ਦਸ ਕ੍ਰੋੜ ਸਾਲ ਗੁਜ਼ਰ ਗਏ ਹਨ।

(੭) ਪਰ ਜਦੋਂ ਪ੍ਰੋਫ਼ੈਸਰ ਹਿਟਲਰ ਦੇ ਵੀਚਾਰ ਪੜ੍ਹੀਏ ਤਾਂ ਉਹ ਇਸ ਜਗਤ ਰਚਨਾ ਬਣੀ ਨੂੰ ਕੇਵਲ ਦੋ ਕ੍ਰੋੜ ਸਾਲ ਹੀ ਬੀਤੇ ਦਸਦਾ ਹੈ।

ਇਸੇ ਤਰ੍ਹਾਂ ਹੋਰ ਭੀ ਮੱਤ ਜਗਤ ਰਚਨਾ ਬਾਰੇ ਸੁਣਨ ਵਿਚ ਆਉਂਦੇ ਹਨ, ਪਰ ਇਨ੍ਹਾਂ ਸਾਰਿਆਂ ਦੀ ਪ੍ਰਸਪਰ ਵੀਚਾਰ ਧਾਰਾ ਇਕ ਦੂਜੇ ਨਾਲ ਉੱਕਾ ਹੀ ਤਾਲ-ਮੇਲ ਨਹੀਂ ਰੱਖਦੀ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਇਸ ਜਗਤ ਰਚਨਾ ਬਾਰੇ ਆਪ ਜੀ ਸਾਨੂੰ ਗੁਰਬਾਣੀ ਅਨੁਸਾਰ ਰੌਸ਼ਨੀ ਪਾਓ, ਤਾਂ ਕਿ ਸਾਨੂੰ ਬੋਧ ਹੋ ਸਕੇ ਕਿ ਗੁਰਮਤ ਵਿਚ ਇਸ ਜਗਤ ਰਚਨਾ ਦੀ ਹੋਂਦ ਨੂੰ ਕਿਸ ਰੂਪ ਵਿਚ ਮੰਨਿਆ ਗਿਆ ਹੈ, ਅਸੀਂ ਗੁਰੂ ਨਾਨਕ ਨਾਮ-ਲੇਵਾ ਇਤਕਾਦ ਰਖਦੇ ਹਾਂ ਕਿ ਗੁਰਮਤ ਦੀ ਸਿਧਾਂਤਕ ਵੀਚਾਰ ਸਾਰੇ ਮੱਤ ਮਤਾਂਤ੍ਰਾਂ ਤੋਂ ਸਰਬੋਤਮ ਤੇ ਧਾਰਨ ਕਰਨੇ ਜੋਗ ਹੋਵੇਗੀ?

**ਉ:** ਹੇ ਭਾਈਓ! ਤੁਸਾਂ ਜੋ ਆਪਣੀ ਖੋਜ ਮੁਤਾਬਕ ਜਗਤ ਦੀ ਰਚਨਾ ਬਾਰੇ ਕਈ ਰਿਖੀਆਂ ਮੁਨੀਆਂ ਦੇ ਵੀਚਾਰ ਸੁਣੇ ਸੁਣਾਏ ਹਨ, ਇਨ੍ਹਾਂ ਸਾਰਿਆਂ ਨੂੰ ਹੀ ਜਦੋਂ ਗੁਰਬਾਣੀ ਦੀ ਕਸੌਟੀ ਨਾਲ ਪਰਖ ਕੇ ਵੇਖਿਆ ਜਾਏ, ਤਾਂ ਇਹ ਸਾਰੇ ਦੇ ਸਾਰੇ ਸਾਨੂੰ ਇਉਂ ਪ੍ਰਤੀਤ ਹੋਣਗੇ ਜਿਵੇਂ ਕਿ ਕਿਸੇ ਕਸੌਟੀ ਰਾਹੀਂ ਕੀਤੀ ਪਰਖ ਤੋਂ ਬਿਨਾ ਮੁਲੰਮਾ ਭੀ ਸਾਨੂੰ ਸੋਨਾ ਹੀ ਭਾਸਿਆ ਕਰਦਾ ਹੈ, ਇਸ ਲਈ ਹਰ ਸ਼ੈਅ ਦੀ ਅਸਲੀਅਤ ਨੂੰ ਵੇਖਣ ਲਈ ਜ਼ਰੂਰੀ ਹੈ ਕਿ ਉਸ ਸ਼ੈਅ ਨੂੰ ਚੰਗੀ ਤਰ੍ਹਾਂ ਪਰਖਿਆ ਜਾਏ। ਮੇਰਾ ਭਾਵ ਹੈ ਕਿ ਜੇ ਅਸੀਂ ਇਨ੍ਹਾਂ ਸਾਰੇ ਰਿਖੀਆਂ ਮੁਨੀਆਂ ਅਤੇ ਸਾਇੰਸਦਾਨਾਂ ਦੇ ਵੀਚਾਰਾਂ ਨੂੰ ਗੁਰਬਾਣੀ ਰਾਹੀਂ ਪੜਚੋਲਾਂਗੇ ਤਾਂ ਸਾਨੂੰ ਇਉਂ ਸੁਝ ਪਵੇਗੀ ਕਿ ਇਨ੍ਹਾਂ ਸਾਰਿਆਂ ਦੀ ਵੀਚਾਰਧਾਰਾ ਅਸਲੀਅਤ ਤੋਂ ਬਹੁਤ ਦੂਰ ਹੈ। ਪਰ ਇਹ ਦੂਰੀ ਭੀ ਗੁਰਬਾਣੀ ਦੇ ਖੋਜੀਆਂ ਨੂੰ ਦਿਸ ਆਉਂਦੀ ਹੈ, ਪਰ ਗੁਰਬਾਣੀ ਦੇ ਪੜਚੋਲੀਏ ਬਹੁਤ ਹੀ ਘਟ ਹਨ।

**ਪ੍ਰ:** ਭਾਈ ਸਾਹਿਬ ਜੀਓ! ਆਪ ਜੀ ਸਾਡੀ ਮਾਨਸਕ ਕਮਜ਼ੋਰੀ ਤੋਂ ਭਲੀ ਪ੍ਰਕਾਰ ਜਾਣੂ ਹੋ ਕਿ ਸਾਨੂੰ ਗੁਰਬਾਣੀ ਦੇ ਗੁੱਝੇ ਭਾਵਾਂ ਦੀ ਬਹੁਤ ਘੱਟ ਵਾਕਫੀਅਤ ਹੈ, ਇਸ ਲਈ ਸਾਨੂੰ ਜਗਤ ਰਚਨਾ ਬਾਰੇ ਗੁਰਬਾਣੀ ਰਾਹੀਂ ਕਝ ਜਾਣਕਾਰੀ ਦਿਓ, ਧੰਨਵਾਦੀ ਹੋਵਾਂਗੇ?

**ਉ:** ਹੇ ਭਾਈਓ! ਸੁਣੋ, ਤੁਸਾਂ ਜੋ ਵਰਤਮਾਨ ਤੇ ਪੁਰਾਤਨ ਸਮੇਂ ਦੇ ਹੋ ਗੁਜ਼ਰੇ ਸਿਆਣੇ ਸਾਇੰਸਦਾਨਾਂ ਦੇ ਜਗਤ ਰਚਨਾ ਸੰਬੰਧੀ ਖਿਆਲ ਸੁਣਾਏ ਹਨ, ਭਾਵ ਇਹ ਸਾਰੇ ਹੀ ਜੋ ਜਗਤ ਰਚਨਾ ਦੀ ਹੋਂਦ ਬਾਰੇ ਆਪੋ ਆਪਣੀ ਕਲਪਨਾ ਕਰਦੇ ਹਨ, ਇਨ੍ਹਾਂ ਦੀਆਂ ਸਾਰੀਆਂ ਹੀ ਭਿੰਨ ਭਿੰਨ ਕਲਪਨਾ ਨੂੰ ਤਾਂ ਗੁਰਬਾਣੀ ਦੇ ਮਹਾਂਵਾਕ ਦੀਆਂ ਇਕ ਦੋ ਪੰਗਤੀਆਂ ਖੰਡਨ ਕਰ ਦੇਂਦੀਆਂ ਹਨ,

ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ:

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ ॥ *(ਮ: ੪, ਪੰਨਾ ੫੫੧)*

ਬੀਓ ਪੂਛਿ ਨ ਮਸਲਤਿ ਧਰੈ ॥
ਜੋ ਕਿਛੁ ਕਰੈ ਸੁ ਆਪਹਿ ਕਰੈ ॥੨॥
*(ਗੋਂਡ ਮ: ੫, ਪੰਨਾ ੮੬੩)*

ਭਾਵ ਇਸ ਸੰਸਾਰ ਦੀ ਰਚਨਾ ਰਚਨ ਸਮੇਂ ਉਸ ਪਰੀਪੂਰਨ ਪ੍ਰਮੇਸ਼ਰ ਨੇ ਕਿਸੇ ਤੋਂ ਪੁਛਿਆ ਹੀ ਨਹੀਂ, ਕਿਸੇ ਦੀ ਸਲਾਹ ਮਸ਼ਵਰਾ ਹੀ ਨਹੀਂ ਲਿਆ ਜੋ ਕੁਛ ਕੀਤਾ ਹੈ ਉਸਨੇ ਆਪੇ ਹੀ ਕੀਤਾ ਹੈ, ਕਿਉਂਕਿ ਉਸ ਵੇਲੇ ਉਸ ਮਾਲਕ ਤੋਂ ਬਿਨਾ ਹੋਰ ਕੋਈ ਦੂਸਰਾ ਹੈ ਹੀ ਨਹੀਂ ਸੀ। ਸੋ, ਦਸੋ? ਜਦੋਂ ਕੋਈ ਦੂਸਰਾ ਹੈ ਹੀ ਨਹੀਂ ਸੀ, ਤਾਂ ਉਸ ਸਮੇਂ ਬਾਰੇ ਕੋਈ ਦਸ ਭੀ ਕੀ ਸਕਦਾ ਹੈ?
ਇਸੇ ਭਾਵ ਨੂੰ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਹੈ:

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥ *(ਜਪੁਜੀ, ਪੰਨਾ ੩)*

ਸੋ, ਹੇ ਭਾਈਓ! ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰਨ ਦਾ ਉਪਰਾਲਾ ਕੀਤਾ ਹੈ:

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਪ੍ਰਮੇਸ਼ਰ ਜੀ ਨੇ) ਇਕੋ ਹੀ ਵਾਕ ਬੋਲਕੇ ਸਾਰਾ ਪਸਾਰਾ (ਸ੍ਰਿਸ਼ਟੀ) ਦਾ ਕਰ ਦਿਤਾ। (ਓਅੰਕਾਰ ਇਕ) ਤੋਂ ਅਨੇਕਾਂ ਅਕਾਰ ਬਣਾ ਦਿਤੇ।
(੨) ਪਉਣ, ਪਾਣੀ, ਅਗਨੀ ਧਰਤੀ ਤੇ ਅਕਾਸ਼ ਵਿਚ ਆਪਣੇ ਨਿਵਾਸ ਦਾ ਵਿਸਥਾਰ ਕਰ ਦਿੱਤਾ।
(੩) ਜਲ (ਸਮੁੰਦਰ) ਧਰਤੀ ਤੇ ਦਰਖ਼ਤ ਪਰਬਤ (ਪਹਾੜ) ਅਨਗਿਣਤ ਤੇ ਅਪਾਰ ਜੀਅ ਜੰਤ ਰਚ ਦਿੱਤੇ।
(੪) ਇਕ (ਵਰਭੰਡ) ਉੱਤਮ ਭਾਂਡਾ (ਜਿਸ ਵਿਚ) ਆਤਮਾ ਅਖੰਡ ਹੈ, (ਜਿਸਨੇ) ਲੱਖਾਂ ਵਰਭੰਡ (ਸਰੇਸ਼ਟ ਭਾਂਡੇ ਆਤਮਾ ਦਾ ਨਿਵਾਸ ਰੱਖਣ ਵਾਲੇ) ਇਕ ਅੱਖ ਪਲਕ ਦੇ ਝਲਕਣ (ਪਲਕਾਰੇ) ਵਿਚ ਬਣਾ ਦਿੱਤੇ।
(੫) ਜੇ ਅਸੀਂ ਕੁਦਰਤ (ਪ੍ਰਮੇਸ਼ਰ ਦੀ ਰਚਨਾ) ਦੀ ਕੀਮਤ ਨੂੰ ਨਹੀਂ ਜਾਣ ਸਕਦੇ, ਤਾਂ ਉਹ ਕਾਦਰ (ਸ੍ਰਿਸ਼ਟੀ ਦਾ ਰਚਨਹਾਰ) ਕਿੱਡਾ ਕੁ ਹੈ (ਕਿਵੇਂ ਜਾਣ ਸਕਦੇ ਹਾਂ)।
(੬) ਉਹ ਅੰਤ ਰਹਿਤ ਬੇਅੰਤ ਹੈ, ਜਿਸ ਦੇ ਉਰਵਾਰ ਪਾਰ ਨੂੰ ਨਹੀਂ ਜਾਣ ਸਕੀਦਾ।੧।

***ਭਾਵਾਰਥ:*** ਇਸੇ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਅਨੇਕਾਂ ਥਾਵਾਂ 'ਤੇ ਬਾਰ ਬਾਰ ਪ੍ਰਗਟਾਇਆ ਹੈ, ਜਿਵੇਂ ਕਿ:

ਬਸੁਧ ਕਾਗਦ ਬਨਰਾਜ ਕਲਮਾ
ਲਿਖਣ ਕਉ ਜੇ ਹੋਇ ਪਵਨ ॥
ਬੇਅੰਤ ਅੰਤੁ ਨ ਜਾਇ ਪਾਇਆ
ਗਹੀ ਨਾਨਕ ਚਰਣ ਸਰਨ ॥੪॥
*(ਆਸਾ ਮ: ੫, ਪੰਨਾ ੪੫੮)*

ਨਾਨਕ ਦਾਸ ਤੇਰੈ ਕੁਰਬਾਣੁ ॥
ਬੇਅੰਤੁ ਸਾਹਿਬੁ ਮੇਰਾ ਮਿਹਰਵਾਣੁ ॥੪॥
*(ਰਾਮਕਲੀ ਮ: ੫, ਪੰਨਾ ੮੯੪)*

ਬੇਅੰਤ ਗੁਣ ਅਨੇਕ ਮਹਿਮਾ
ਕੀਮਤਿ ਕਛੂ ਨ ਜਾਇ ਕਹੀ ॥
ਪ੍ਰਭ ਏਕ ਅਨਿਕ ਅਲਖ ਠਾਕੁਰ
ਓਟ ਨਾਨਕ ਤਿਸੁ ਗਹੀ ॥੧॥ *(ਆਸਾ ਮ: ੫, ਪੰਨਾ ੪੫੮)*

ਬੇਅੰਤ ਗੁਣ ਤੇਰੇ ਕਥੇ ਨ ਜਾਹੀ
ਸਤਿਗੁਰ ਪੁਰਖ ਮੁਰਾਰੇ ॥ *(ਗਉੜੀ ਮ: ੫, ਪੰਨਾ ੨੪੮)*

ਆਇ ਨ ਜਾਵੈ ਨਿਹਚਲੁ ਧਨੀ ॥
ਬੇਅੰਤ ਗੁਨਾ ਤਾ ਕੇ ਕੇਤਕ ਗਨੀ ॥
*(ਗੋਂਡ ਮ: ੫, ਪੰਨਾ ੮੬੨)*

ਬੇਅੰਤ ਪੂਰਨ ਸੁਖ ਸਹਜ ਦਾਤਾ
ਕਵਨ ਰਸਨਾ ਗੁਣ ਭਣਾ ॥
*(ਰਾਮਕਲੀ ਮ: ੫, ਪੰਨਾ ੯੨੨)*

ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥
*(ਆਸਾ ਮ: ੫, ਪੰਨਾ ੪੫੩)*

ਬੇਅੰਤ ਮਹਿਮਾ ਤਾ ਕੀ ਕੇਤਕ ਬਰਨ ॥
ਬਲਿ ਬਲਿ ਜਾਈਐ ਤਾ ਕੇ ਚਰਨ ॥੨॥
*(ਰਾਮਕਲੀ ਮ: ੫, ਪੰਨਾ ੮੮੮)*

## ੨. ਹੋਰ ਭੀ ਪ੍ਰਭੂ ਦੀ ਵਡਿਆਈ ਦਾ ਹੀ ਵਰਣਨ

**੧. ਕੇਵਡ ਵੱਡਾ ਆਖੀਐ**
**ਵੱਡੇ ਦੀ ਵੱਡੀ ਵਡਿਆਈ।**
**੨. ਵੱਡੀ ਹੂ ਵੱਡਾ ਵਖਾਣੀਐ**
**ਸੁਣਿ ਸੁਣਿ ਆਖਣੁ ਆਖ ਸੁਣਾਈ।**

**੩. ਰੋਮ ਰੋਮ ਵਿੱਚ ਰਖਿਓਨਿ**
**ਕਰਿ ਵਰਭੰਡ ਕਰੋੜ ਸਮਾਈ।**
**੪. ਇੱਕ ਕਵਾਉ ਪਸਾਉ ਜਿਸ**
**ਤੋਲਿ ਅਤੋਲੁ ਨ ਤੁੱਲਿ ਤੁਲਾਈ।**
**੫. ਵੇਦ ਕਤੇਬਹੁੰ ਬਾਹਰਾ**
**ਅਕਥ ਕਹਾਣੀ ਕਥੀ ਨ ਜਾਈ।**
**੬. ਅਬਿਗਤਿ ਗਤਿ ਕਿਵ ਅਲਖ ਲਖਾਈ ॥੨॥**

***ਪਦ ਅਰਥ*:** ਵਡਿਆਈ—ਮਹਿਮਾ। ਆਖਣੁ—ਅਖਾਣ, ਪ੍ਰਸੰਗ। ਕਰੋੜ ਸਮਾਈ—ਕਰੋੜਾਂ ਹੀ ਰਖ ਦਿਤੇ ਹਨ। ਅਤੋਲੁ—ਤੋਲੇ ਨਹੀਂ ਜਾ ਸਕਦੇ ਭਾਵ ਮਨ ਬਾਣੀ ਦੀ ਗੰਮਤਾ ਤੋਂ ਪਰ੍ਹੇ ਹੈ। ਅਬਿਗਤਿ ਗਤਿ—ਨਾ ਕਹੀ ਜਾਣ ਵਾਲੀ ਹਾਲਤ, ਜਿਸਦਾ ਗਿਆਨ ਨਾ ਪਾਇਆ ਜਾ ਸਕੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਤੁਸਾਂ ਤਾਂ ਪੁਰਾਤਨ ਹੋ ਗੁਜ਼ਰੇ ਸ਼ਾਸਤ੍ਰਾਂ ਦੇ ਕਰਤਿਆਂ ਵੱਲੋਂ ਲਿਖੇ ਗਏ ਬੇਦ, ਪੁਰਾਨ, ਸ਼ਾਸਤ੍ਰਾਂ ਨੂੰ ਵਿਸ਼ੇਸ਼ ਰੂਪ ਵਿਚ ਪੜਚੋਲਿਆ ਹੈ, ਕੀ ਤੁਹਾਡੀ ਨਜ਼ਰਾਂ ਵਿਚ ਕੋਈ ਅਜੇਹਾ ਸਾਸਤ੍ਰ ਕਰਤਾ ਭੀ ਪੜ੍ਹਨ ਵਿਚ ਆਇਆ ਹੈ ਜਿਸਨੇ ਉਸ ਵੱਡੇ ਪ੍ਰਮੇਸ਼ਰ ਦੀ ਪੂਰਨ ਰੂਪ ਵਿਚ ਵੱਡੀ ਵਡਿਆਈ ਕਥਨ ਕਰ ਦਿੱਤੀ ਹੋਵੇ, ਜਾਣਕਾਰੀ ਦਿਓ?

ਉ: ਹੇ ਭਾਈਓ! ਇਸ ਵਿਚ ਸ਼ੱਕ ਨਹੀਂ ਕਿ ਭਾਵੇਂ ਮੈਨੂੰ ਭੀ ਸਨਾਤਨ ਪੁਸਤਕਾਂ ਦੇ ਪੁਰਾਤਨ ਲੇਖਕਾਂ ਨੂੰ ਪੜ੍ਹਨ ਤੇ ਵੀਚਾਰਨ ਦਾ ਸਮਾਂ ਬਣਿਆ ਹੈ, ਪਰ ਮੈਂ ਆਪਣੇ ਤੇ ਹੋਰ ਸਭਨਾਂ ਸੱਜਨਾਂ ਦੇ ਵੀਚਾਰਾਂ ਤੋਂ ਉਚੇਰਾ ਗਿਆਨ ਗੁਰਬਾਣੀ ਦਾ ਅਨੁਭਵ ਕਰਦਾ ਹਾਂ, ਜਿਸ ਤੋਂ ਉਪਰ ਹੋਰ ਕੋਈ ਵੀਚਾਰ ਹੀ ਨਹੀਂ ਹੈ। ਗੁਰਬਾਣੀ ਦੁਆਰਾ ਸਾਨੂੰ ਇਹੋ ਬੋਧ ਮਿਲਦਾ ਹੈ ਕਿ ਪੁਰਾਤਨ ਸ਼ਾਸਤਰਾਂ ਦੇ ਕਰਤਿਆਂ ਵਿਚ ਜਿਤਨੀ ਵੀਚਾਰ ਸ਼ਕਤੀ ਸੀ ਉਨ੍ਹਾਂ ਨੇ ਉਸ ਦੇ ਆਧਾਰਤ ਹੋ ਉਸ ਕਰਤਾ ਪੁਰਖ ਦੀ ਵਡਿਆਈ ਅੰਕਤ ਕਰ ਦਿਤੀ ਹੈ, ਪਰ ਪੂਰਨ ਰੂਪ ਵਿਚ ਕੋਈ ਭੀ ਉਸਦੀ ਸ਼ਕਤੀ ਨੂੰ ਦਰਸਾਉਣ ਵਿਚ ਸਮਰੱਥ ਨਹੀਂ ਹੋਇਆ, ਇਹ ਬੋਧ ਵੀ ਸਾਨੂੰ ਗੁਰਬਾਣੀ ਵਿਚੋਂ ਹਾਸਲ ਹੁੰਦਾ ਹੈ, ਜਿਵੇਂ ਕਿ:

ਬਸੁਧ ਕਾਗਦ ਬਨਰਾਜ ਕਲਮਾ
ਲਿਖਣ ਕਉ ਜੇ ਹੋਇ ਪਵਨ॥
ਬੇਅੰਤ ਅੰਤੁ ਨ ਜਾਇ ਪਾਇਆ
ਗਹੀ ਨਾਨਕ ਚਰਣ ਸਰਨ ॥੪॥
*(ਆਸਾ ਮ: ੫, ਪੰਨਾ ੪੫੮)*

ਨਾਨਕ ਦਾਸ ਤੇਰੈ ਕੁਰਬਾਣੁ॥
ਬੇਅੰਤ ਸਾਹਿਬੁ ਮੇਰਾ ਮਿਹਰਵਾਣੁ ॥੪॥
*(ਰਾਮਕਲੀ ਮ: ੫, ਪੰਨਾ ੮੯੪)*

ਬੇਅੰਤ ਗੁਣ ਅਨੇਕ ਮਹਿਮਾ
ਕੀਮਤਿ ਕਛੂ ਨ ਜਾਇ ਕਹੀ॥
ਪ੍ਰਭ ਏਕ ਅਨਿਕ ਅਲਖ ਠਾਕੁਰ
ਓਟ ਨਾਨਕ ਤਿਸੁ ਗਹੀ ॥੧॥
*(ਆਸਾ ਮ: ੫, ਪੰਨਾ ੬੫੮)*

ਆਇ ਨ ਜਾਵੈ ਨਿਹਚਲੁ ਧਨੀ॥
ਬੇਅੰਤ ਗੁਨਾ ਤਾ ਕੇ ਕੇਤਕ ਗਨੀ॥
*(ਟੋਡੀ ਮ: ੫, ਪੰਨਾ ੮੬੨)*

ਗ੍ਰਿਹਿ ਲਾਲ ਆਏ ਪੁਰਬਿ ਕਮਾਏ
ਤਾ ਕੀ ਉਪਮਾ ਕਿਆ ਗਣਾ॥
ਬੇਅੰਤ ਪੂਰਨ ਸੁਖ ਸਹਜ ਦਾਤਾ
ਕਵਨ ਰਸਨਾ ਗੁਣ ਭਣਾ॥
*(ਰਾਮਕਲੀ ਮ: ੫, ਪੰਨਾ ੯੨੭)*

ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ ਧਾਰੇ ॥੩॥
ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ॥
*(ਆਸਾ ਮ: ੫, ਪੰਨਾ ੪੫੩)*

ਕੀਰੀ ਜੀਤੋ ਸਗਲਾ ਭਵਨੁ॥
ਬੇਅੰਤ ਮਹਿਮਾ ਤਾ ਕੀ ਕੇਤਕ ਬਰਨ॥
*(ਰਾਮਕਲੀ ਮ: ੫, ਪੰਨਾ ੮੮੮)*

ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥
*(ਆਸਾ ਮ: ੫, ਪੰਨਾ ੩੯੭)*

ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ॥
ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ॥
*(ਗਉੜੀ ਮ: ੫, ਪੰਨਾ ੨੯੬)*

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥
ਪਰਮੇਸਰੁ ਪਾਰਬ੍ਰਹਮੁ ਬੇਅੰਤੁ ॥੧॥

ਅਪਨੀ ਗਤਿ ਆਪਿ ਜਾਨੈ ॥
ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥
ਸੰਕਰਾ ਨਹੀ ਜਾਨਹਿ ਭੇਵ ॥
ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥੨॥

*(ਰਾਮਕਲੀ ਮ: ੫, ਪੰਨਾ ੮੯੪)*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਉਹ ਤ੍ਰੈਗੁਣਾਂ ਅਤੀਤ ਪਾਰਬ੍ਰਹਮ ਪ੍ਰਮੇਸ਼ਰ ਕਿਸੇ ਭੀ ਬੇਦ ਸ਼ਾਸਤ੍ਰਾਂ ਦਾ ਜਾਂ ਕਿਸੇ ਲੇਖਕ ਦਾ ਵਿਸ਼ਾ ਨਹੀਂ, ਕਿਉਂਕਿ ਇਹ ਸਾਰੇ ਉਸ ਕਰਤੇ ਪ੍ਰਮੇਸ਼ਰ ਨੂੰ (ਨੇਤਿ ਨੇਤਿ ਕਥੰਤ ਬੇਦਾ) ਬੇਅੰਤ ਬੇਅੰਤ ਕਥਨ ਕਰਦੇ ਹਨ। ਇਸ ਲਈ ਉਸ ਪਰੀਪੂਰਨ ਪ੍ਰਮੇਸ਼ਰ ਦੀ ਮਹਿਮਾ, ਵਡਿਆਈ ਨੂੰ ਕਥਨ ਕਰਨ ਦੀ ਕਿਸੇ ਵਿਚ ਭੀ ਸਮਰੱਥਾ ਨਹੀਂ। ਮੈਂ ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ :

(੧) (ਜੇ ਕਿਸੇ ਵੱਲੋਂ ਇਹ ਪ੍ਰਸ਼ਨ ਕੀਤਾ ਜਾਵੇ ਕਿ ਪ੍ਰਮੇਸ਼ਰ ਨੂੰ) ਕਿੱਡਾ ਕੁ ਵੱਡਾ ਆਖੀਏ ? (ਬੱਸ ਇਤਨਾ ਹੀ ਕਿਹਾ ਜਾ ਸਕਦਾ ਹੈ) ਕਿ ਉਸ ਵੱਡੇ ਦੀ ਵਡਿਆਈ (ਮਹਿਮਾ) ਬਹੁਤ ਹੀ ਵੱਡੀ ਹੈ।

(੨) (ਜਦੋਂ ਵੀਚਾਰ ਕਰੀਏ ਤਾਂ) ਉਸ ਵੱਡੇ ਨੂੰ ਵੱਡਾ ਹੀ ਆਖਿਆ ਜਾਂਦਾ ਹੈ, ਸੁਣ ਸੁਣ ਕੇ ਵੀ ਵੱਡਾ ਹੀ ਆਖ ਕੇ ਸੁਣਾਇਆ ਜਾਂਦਾ ਹੈ।

(੩) (ਉਸ ਪ੍ਰਮੇਸ਼ਰ ਨੇ) ਰੋਮ ਰੋਮ ਵਿਖੇ ਕ੍ਰੋੜਾਂ ਬ੍ਰਹਿਮੰਡਾਂ ਦੀ ਸਮਾਈ ਕਰ ਰੱਖੀ ਹੈ।

(੪) ਜਿਸਦੇ ਇਕ ਵਾਕ ਦਾ ਏਡਾ ਵੱਡਾ ਪਸਾਰਾ ਹੋ ਗਿਆ ਹੈ ਕਿ ਜਿਸਦਾ ਤੋਲ ਵੀ ਨਹੀਂ ਤੁੱਲ ਸਕਦਾ। (ਭਾਵ ਉਸਦੀ ਮਹਿਮਾ ਪਰ੍ਹੇ ਤੋਂ ਪਰ੍ਹੇ ਹੈ)।

(੫) ਵੇਦਾਂ ਕਤੇਬਾਂ (ਵਾਲਿਆਂ ਨੇ ਵੀ ਪ੍ਰਮੇਸਰ ਦੀ ਵਡਿਆਈ ਲਿਖੀ ਹੈ, ਪਰ ਉਹ ਉਨੀਆਂ ਕੁ ਹੀ ਵਡਿਆਈਆਂ ਵਾਲਾ ਨਹੀਂ) ਉਸ ਅਕਥਨੀਯ ਦੀ ਅਕੱਥ ਕਹਾਣੀ ਨੂੰ ਕੋਈ ਕੱਥ ਨਹੀਂ ਸਕਦਾ। (ਭਾਵ ਹਰਿ ਜਸ ਨੂੰ ਕਿਸੇ ਕਥਨ ਜਾਂ ਵਾਕ ਵਿਚ ਮੁਕੰਮਲ ਰੂਪ ਵਿਚ ਦੱਸਿਆ ਨਹੀਂ ਜਾ ਸਕਦਾ)।

(੬) ਸੋ ਐਸੇ (ਮਨੁੱਖੀ ਗਿਆਨ ਤੋਂ ਅਪਹੁੰਚ, ਪਰ੍ਹੇ ਤੇ ਦੂਰ ਤੋਂ ਦੂਰ ਰਹਿਣ ਵਾਲੇ) ਪ੍ਰਭੂ ਦੀ ਹਾਲਤ ਨੂੰ ਕੋਈ ਕਿਵੇਂ ਜਾਣੇ ਤੇ ਨਾ ਵੇਖੇ ਜਾ ਸਕਣ ਵਾਲੇ ਨੂੰ ਕੋਈ ਕਿਵੇਂ ਵੇਖ ਸਕਦਾ ਹਾਂ।੨।

***ਭਾਵਾਰਥ :*** ਜੇ ਕੋਈ ਇਹ ਪ੍ਰਸ਼ਨ ਕਰੇ ਕਿ ਉਸ ਪ੍ਰਮੇਸ਼ਰ ਦੀ ਪੂਰੀ ਵਡਿਆਈ ਕੋਈ ਕਿਉਂ ਨਹੀਂ ਕਹਿ ਸਕਦਾ ਇਸਦਾ ਉੱਤਰ ਇਹੋ ਹੈ ਕਿ ਉਨ੍ਹਾਂ ਨੇ ਜਿਤਨਾ ਕੁ ਕਿਸੇ ਕੋਲੋਂ ਸੁਣਿਆ ਹੈ, ਉਹ ਉਸਦਾ ਹੀ ਅਗੇ ਅਨੁਵਾਦ ਕਰਦੇ ਹਨ ਉਹ ਆਪਣੇ ਵੱਲੋਂ ਕੁਝ ਨਹੀਂ ਆਖਦੇ, ਉਹ ਉਸ ਪ੍ਰਭੂ ਦੇ ਸੰਬੰਧ ਵਿਚ ਤਦੋਂ ਹੀ ਕੁਝ ਆਖ ਸਕਦੇ ਹਨ ਜੇ ਕਿਸੇ ਨੇ ਉਸਨੂੰ ਪ੍ਰਤੱਖ ਰੂਪ ਵਿਚ ਵੇਖਿਆ ਹੋਵੇ। ਗੱਲ ਕੀ ਉਹ ਈਸ੍ਵਰ ਭੌਤਕ ਇੰਦ੍ਰੀਆਂ ਦਾ ਵਿਸ਼ਯ ਨਹੀਂ ਹੈ। ਇਸ ਲਈ ਉਸਦਾ 'ਲਖਣਾ' ਦਰਸ਼ਨ ਕਠਿਨ ਹੈ, ਪਰ ਹਾਂ ਜਿਨ੍ਹਾਂ ਦੀ ਬੁਧੀ ਰੂਪ ਨੇਤ੍ਰਾਂ ਵਿਖੇ ਗੁਰੂ ਜੀ ਨੇ ਗਿਆਨ ਬਖ਼ਸ਼ਿਆ ਹੈ ਉਹੀ ਲਖ ਸਕਦੇ ਹਨ। ਉਹ ਵਾਹਿਗੁਰੂ ਕਰਤਾ ਸਾਖੀ ਹੈ, ਉਹ ਕ੍ਰਿਤ ਨਹੀਂ ਜੋ ਗਿਆਨ ਦਾ ਵਿਸ਼ਾ ਬਣੇ। ਆਤਮਾ ਨੂੰ ਆਤਮਾ ਕਰਕੇ ਆਤਮਾ ਦੇ ਵਸੀਲੇ ਆਤਮਾ ਆਤਮ ਤੋਂ ਅਭਿੰਨ ਅਨੁਭਵ ਕਰ ਸਕਦਾ ਹੈ, ਜਿਥੋਂ ਦੀ ਕਥਾ ਅਕੱਥ ਹੈ।

## ੩. ਬੇਅੰਤ ਕਾਦਰ ਦੀ ਬੇਅੰਤ ਕੁਦਰਤ

**੧. ਜੀਉ ਪਾਇ ਤਨੁ ਸਾਜਿਆ**
**ਮੁਹ ਅੱਖੀਂ ਨਕ ਕੰਨ ਸਵਾਰੇ।**
**੨. ਹੱਥ ਪੈਰ ਦੇ ਦਾਤਿ ਕਰਿ**
**ਸਬਦ ਸੁਰਤਿ ਸੁਭ ਦਿਸਟਿ ਦੁਆਰੇ।**
**੩. ਕਿਰਤਿ ਵਿਰਤਿ ਪਰ ਕਿਰਤਿ ਬਹੁ**
**ਸਾਸਿ ਗਿਰਾਸਿ ਨਿਵਾਸੁ ਸੰਜਾਰੇ॥**
**੪. ਰਾਗ ਰੰਗ ਰਸੁ ਪਰਸਦੇ**
**ਗੰਧ ਸੁਗੰਧ ਸੰਧਿ ਪਰਕਾਰੇ।**
**੫. ਛਾਦਨ ਭੋਜਨ ਬੁੱਧਿ ਬਲੁ**
**ਟੇਕ ਬਿਬੇਕ ਵੀਚਾਰ ਵੀਚਾਰੇ।**
**੬. ਦਾਤੇ ਕੀਮਤਿ ਨਾ ਪਵੈ**
**ਬੇਸ਼ੁਮਾਰ ਦਾਤਾਰ ਪਿਆਰੇ।**
**੭. ਲੇਖ ਅਲੇਖ ਅਸੰਖ ਅਪਾਰੇ ॥੩॥**

***ਪਦ ਅਰਥ :*** ਦੁਆਰੇ—ਸਰੀਰ ਦੇ ੯ ਦੁਆਰੇ, ਰਸਤੇ : ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਮੂੰਹ, ਇੰਦ੍ਰੀ ਤੇ ਗੁਦਾ। ਕਿਰਤਿ ਵਿਰਤਿ—ਸਰੀਰ ਨੂੰ ਪਾਲਣ ਲਈ ਕਿਰਤ ਕਰਨੀ। ਪਰਕਿਰਤਿ—ਪਰਾਈ ਸੇਵਾ। ਸੰਜਾਰੇ—ਰਖੇ, ਪਾਇਆ। ਸੰਧਿ—ਮੇਲ। ਛਾਦਨ ਭੋਜਨ—ਕੱਪੜੇ ਤੇ ਰੋਟੀ। ਟੇਕ ਬਿਬੇਕ—ਗਿਆਨ ਦਾ ਆਸਰਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪਿਛੇ ਆਪ ਜੀ ਨੇ ਪੁਰਾਤਨ ਹੋ ਗੁਜ਼ਰੇ ਰਿਖੀਆਂ ਮੁਨੀਆਂ ਦੀਆਂ ਲਿਖਤਾਂ ਵੱਲ ਇਸ਼ਾਰਾ ਕੀਤਾ ਹੈ ਕਿ ਉਨ੍ਹਾਂ ਨੇ ਆਪੋ ਆਪਣੀ ਖੋਜ ਮੁਤਾਬਕ ਪਰਜਤਨ ਕੀਤਾ ਕਿ ਉਸ ਪਰੀਪੂਰਨ ਪ੍ਰਮੇਸ਼ਰ ਦੀ ਪੂਰਨ ਰੂਪ ਵਿਚ ਵਡਿਆਈ ਕਥਨ ਕੀਤੀ ਜਾਵੇ, ਪਰ ਉਹ ਸਾਰੇ ਲੋਕ ਇਸ ਯਤਨ ਵਿਚ ਅਸਫਲ ਹੀ ਰਹੇ, ਆਖ਼ਰ ਉਨ੍ਹਾਂ ਨੂੰ ਇਹੋ ਹੀ ਕਹਿਣਾ ਪਿਆ ਕਿ ਉਸ ਸਿਰਜਨਹਾਰ ਦੀ ਵਡਿਆਈ ਵੱਡੀ ਤੋਂ ਵੱਡੀ ਹੈ, ਉਸਨੂੰ ਕਿਸੇ ਰੂਪ ਵਿਚ ਭੀ ਕਥਨ ਨਹੀ ਕੀਤਾ ਜਾ ਸਕਦਾ। ਪਰ ਭਾਈ ਸਾਹਿਬ ਜੀਉ ! ਤੁਸਾ ਤਾਂ ਬਾਣੀ ਨੂੰ ਆਦਿ ਤੋਂ ਅੰਤ ਤਕ ਵੀਚਾਰਿਆ ਹੈ ਕੀ ਦਸੋਗੇ ਕਿ ਉਸ ਰਚਨਹਾਰ ਕਰਤਾਰ ਨੇ ਇਸ ਆਪਣੀ ਰਚਨਾ ਪਰ ਕਿਤਨਾ ਕੁ ਉਪਕਾਰ ਕੀਤਾ ਹੈ ਤਾਂ ਕਿ ਅਸੀਂ ਭੀ ਉਸ ਸਿਰਜਨਹਾਰ ਦੇਂ ਉਪਕਾਰਾ ਤੋਂ ਜਾਣੂ ਹੋ ਸਕੀਏ ?

ਉ: ਹੇ ਸੱਜਨੋਂ ! ਜੇ ਇਸ ਉਪਕਾਰ ਦੇ ਪੱਖ ਨੂੰ ਗੁਰਬਾਣੀ ਦੇ ਭਾਵਾਂ ਨੂੰ ਮੁਖ ਰੱਖ ਕੇ ਪੜਚੋਲ ਕੀਤੀ ਜਾਵੇ ਤਾ ਇਉ ਹੀ ਸਮਝ ਪਵੇਗੀ ਕਿ ਉਸ ਕਰਤਾਰ ਦੇ ਕੀਤੇ ਹੋਏ ਇੱਕ ਇੱਕ ਉਪਕਾਰ ਵੱਲ ਨਜਰ ਮਾਰੀਏ ਤਾ ਉਸ ਦਾ ਭੀ ਕਥਨ ਨਹੀਂ ਕੀਤਾ ਜਾ ਸਕਦਾ, ਜੇ ਕਦੀ ਸਾਰੀ ਸੂਖਮ ਤੇ ਅਸਥੂਲ ਰਚਨਾ ਨੂੰ ਛੱਡ ਕੇ ਇਕ ਮਨੁੱਖ ਜਾਤੀ ਦੀ ਅਰੰਭਤਾ ਵੱਲ ਹੀ ਨਜਰ ਮਾਰੀਏ ਤਾਂ ਵੀਚਾਰ ਕਰਤਾ ਦੀ ਸੁਰਤ ਅਗੰਮਤਾ ਦੇ ਵਹਿਣ ਵਿਚ ਵਹਿ ਟੁਰਦੀ ਹੈ, ਕਿ ਉਸ ਪਰਉਪਕਾਰੀ ਪ੍ਰਮੇਸਰ ਨੇ ਇਸ ਮਨੁੱਖ ਦੀ ਹੋਂਦ ਨੂੰ ਕਿਵੇਂ ਪ੍ਰਗਟਾਇਆ ਹੈ, ਇਸ ਭਾਵ ਨੂੰ ਭੀ ਕੇਵਲ ਗੁਰਬਾਣੀ ਦੁਆਰੇ ਹੀ ਸਮਝ ਸਕੀਦਾ ਹੈ, ਜਿਵੇਂ ਕਿ :

ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥

*(ਮਾਰੂ ਮ ੧, ਪੰਨਾ ੧੦੨੨)*

ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ।
ਰਕਤੁ ਬਿੰਦੁ ਕਾ ਇਹ ਤਨੋ ਅਗਨੀ ਪਾਸਿ ਪਿਰਾਣੁ ॥

*(ਸ੍ਰੀ ਰਾਗੁ ਮ: ੧, ਪੰਨਾ ੬੩)*

ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ ॥
ਸਾਸਿ ਸਾਸਿ ਸਿਮਰੰਤਿ ਨਾਨਕ
ਮਹਾ ਅਗਨਿ ਨ ਬਿਨਾਸਨੰ ॥੧॥
ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥
ਨਾਨਕ ਸੋ ਧਣੀ ਕਿਉ ਵਿਸਾਰਿਓ
ਉਧਰਹਿ ਜਿਸ ਦੈ ਨਾਇ ॥੨॥
ਪਉੜੀ ॥
ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥
ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥
ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ ॥
ਬਿਖਮ ਥਾਨਹੁ ਜਿਨਿ ਰਖਿਆ
ਤਿਸੁ ਤਿਲੁ ਨ ਵਿਸਾਰਿ ॥ *(ਪੰਨਾ ੭੦੬)*

ਰੇ ਨਰ ਗਰਭ ਕੁੰਡਲ ਜਬ ਆਛਤ
ਉਰਧ ਧਿਆਨ ਲਿਵ ਲਾਗਾ ॥
ਮਿਰਤਕ ਪਿੰਡਿ ਪਦ ਮਦ ਨਾ
ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥
ਤੇ ਦਿਨ ਸੰਮਲੁ ਕਸਟ ਮਹਾ ਦੁਖ
ਅਬ ਚਿਤੁ ਅਧਿਕ ਪਸਾਰਿਆ ॥
ਗਰਭ ਛੋਡਿ ਮ੍ਰਿਤ ਮੰਡਲ ਆਇਆ
ਤਉ ਨਰਹਰਿ ਮਨਹੁ ਬਿਸਾਰਿਆ ॥੧॥

*ਸ੍ਰੀ ਰਾਗੁ ਬਾਣੀ ਭਗਤ ਬੇਣੀ ਕੀ, ਪੰਨਾ ੯੩)*

ਜਿਨਿ ਕਨ ਕੀਤੇ ਅਖੀ ਨਾਕੁ ॥
ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥
ਜਿਨਿ ਮਨੁ ਰਾਖਿਆ ਅਗਨੀ ਪਾਇ ॥
ਵਾਜੈ ਪਵਣੁ ਆਖੈ ਸਭ ਜਾਇ ॥੨॥

*ਧਨਾਸਰੀ ਮ ੧, ਪੰਨਾ ੬੬੧)*

ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥
ਭਰਿ ਜੋਬਨ ਭੋਜਨ ਸੁਖ ਸੂਧ ॥
ਬਿਰਧਿ ਭਇਆ ਊਪਰਿ ਸਾਕ ਸੈਨ ॥
ਮੁਖਿ ਅਪਿਆਉ ਬੈਠ ਕਉ ਦੈਨ ॥
ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥
ਬਖਸਿ ਲੇਹੁ ਤਉ ਨਾਨਕ ਸੀਝੈ ॥੧॥

*(ਸੁਖਮਨੀ ਸਾਹਿਬ, ਪੰਨਾ ੨੬੬)*

ਇਸ ਤਰ੍ਹਾਂ ਜਦੋਂ ਅਸੀ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਇਹ ਸੋਝੀ ਮਿਲਦੀ ਹੈ ਕਿ ਆਦਿ ਵਿਚ ਇਸ ਜੀਵ ਦੀ ਕੋਈ ਭੀ ਹੋਂਦ ਨਹੀਂ ਸੀ, ਪਰ ਉਸ ਪਰੀਪੂਰਨ ਪ੍ਰਮੇਸ਼ਰ ਨੇ ਇਸ ਜੀਵ ਦੀ ਅਰੰਭਤਾ ਮਾਤਾ ਦੀ ਰਕਤ ਤੇ ਪਿਤਾ ਦੇ ਬੀਰਜ ਦੇ ਦੋ ਗੰਦੇ ਪਾਣੀ ਦੇ ਬੁਦਬੁਦੇ ਇਕੱਠੇ ਕਰਕੇ ਇਸ ਜੀਵ ਦੀ ਹੋਂਦ ਪ੍ਰਗਟਾਈ ਹੈ। ਪਹਿਲੇਂ ਤਾਂ ਸਹਿਜੇ ਸਹਿਜੇ ਇਕ ਮਾਸ ਦਾ ਲੋਥੜਾ ਬਣਿਆ, ਫਿਰ ਉਸ ਦਿਨ ਸਨੇ ਸਨੇ, ਸੂਖਮ ਰੂਪ ਵਿਚ ਅੰਗ ਪ੍ਰਤੰਗ ਪ੍ਰਗਟਾਏ. ਉਨ੍ਹਾਂ ਅੰਗਾਂ ਵਿਚ ਐਸਾ ਕਰਤੇ ਦਾ ਵਿਧੀ ਵਿਧਾਨ ਕੰਮ ਕਰਦਾ ਹੈ ਕਿ ਕੋਈ ਵੀ ਅੰਗ ਕਿਸੇ ਦੂਸਰੇ ਅੰਗ ਦੀ ਥਾਂ 'ਤੇ ਕਾਬਜ਼ ਹੋਣ ਦੀ ਹਰਕਤ ਨਹੀ ਕਰ ਸਕਦਾ, ਇਸੇ ਲਈ ਬਾਣੀ ਵਿਚ ਇਕ ਅਟੱਲ ਸੰਕੇਤ ਆਇਆ ਹੈ ਕਿ ਐ ਮਨੁੱਖ! ਉਸ ਵਿਧਾਤੇ ਨੇ :

ਪੁਤਰੀ ਤੇਰੀ ਬਿਧਿ ਕਰਿ ਥਾਟੀ॥ (ਪੰਨਾ ੩੨੬

ਭਾਵ, ਇਹ ਤੇਰੀ ਸਰੀਰਕ ਪੁਤਲੀ ਕਿਸੇ ਖ਼ਾਸ ਵਿਧੀ ਵਿਧਾਨ ਨਾਲ ਉਸ ਕਰਤੇ ਨੇ ਰਚੀ ਹੈ ਜਿਸ ਵਿਚ ਕੋਈ ਸ਼ੱਕ ਕਰਨ ਦੀ ਗੁੰਜਾਇਸ਼ ਹੀ ਨਹੀਂ ਹੈ, ਅਸੀ ਵੇਖ ਹੀ ਰਹੇ ਹਾਂ ਕਿ ਉਸ ਕਰਤੇ ਦੇ ਸੰਕੇਤ ਵਿਚ ਸਰੀਰ ਦਾ ਹਰ ਅੰਗ ਆਪੋ ਆਪਣੀ ਕ੍ਰਿਤ ਕਰਨ ਵਿਚ ਨਿਯਮ ਬੱਧ ਹੈ। ਜੇ ਅਸੀਂ ਉਸ ਕਰਤੇ ਦੀ ਮਾਤਾ ਦੇ ਦਸਾਂ ਮਹੀਨਿਆਂ ਵਿਚ ਹੋ ਰਹੀ ਕਿਰਤ ਵੱਲ ਨਜ਼ਰ ਮਾਰੀਏ ਤਾਂ ਸਾਡੀ ਸੁਰਤ ਚਕ੍ਰਾ ਜਾਏਗੀ ਕਿ ਇਹ ਸਾਰੀ ਗੁਪਤ ਰੂਪ ਕ੍ਰਿਆ ਨੂੰ ਕਰਨ ਵਾਲੀ ਕੌਣ ਸਕਤੀ ਹੈ, ਭਾਵੇਂ ਅਜੋਕੇ ਸਮੇਂ ਦੇ ਵਿਗਯਾਨਕ ਬੜੀ ਦੇਰ ਕਾਲ ਤੋਂ ਇਸ ਸ਼ਕਤੀ ਦੇ ਭੇਦ ਪਾਉਣ ਦਾ ਯਤਨ ਕਰਦੇ ਆ ਰਹੇ ਹਨ, ਆਖ਼ਰ ਉਹ ਭੀ ਬੇਅੰਤ ਪ੍ਰਭੂ ਦੀ ਸ਼ਕਤੀ ਦਾ ਅੰਤ ਨਹੀਂ ਪਾ ਸਕੇ ਅਤੇ ਨਾ ਹੀ ਅਗੇ ਲਈ ਕੋਈ ਭੇਦ ਪਾ ਹੀ ਸਕੇਗਾ।

ਜਦੋਂ ਅਸੀਂ ਇਸ ਤੋਂ ਅਗੇ ਹੋਰ ਵੀਚਾਰ ਕਰਦੇ ਹਾਂ, ਤਾਂ ਇਕ ਹੋਰ ਵੀ ਅਸਚਰਜਤਾ ਤੱਕਣ ਵਿਚ ਆਉਂਦੀ ਹੈ ਕਿ ਮਾਤਾ ਦੇ ਪੇਟ ਦੀ ਜਠਰਾ ਅਗਨੀ ਜਿਸਦਾ ਸੇਕ ਇਤਨਾ ਤੇਜ ਹੈ ਕਿ ਮਾਤਾ ਦੇ ਭੁਲੇਖੇ ਵਿਚ ਖਾਧੇ ਪੱਥਰਾਂ ਦੇ ਕੰਕਰ ਭੀ ਅੰਦਰ ਗਏ ਭਸਮ ਹੋ ਜਾਂਦੇ ਹਨ, ਪਰ ਇਕ ਬੱਚੇ ਦੇ ਮਾਸ ਦੇ ਕੋਮਲ ਟੁਕੜੇ ਨੂੰ ਉਹ ਅਗਨ ਪੋਹ ਭੀ ਨਹੀਂ ਸਕਦੀ, ਇਸ ਸੰਬੰਧੀ ਬਾਣੀ ਵਿਚ ਜ਼ਿਕਰ ਆਉਂਦਾ ਹੈ ਕਿ :

ਪ੍ਰਤਿਪਾਲਿ ਮਾਤਾ ਉਦਰਿ ਰਾਖੈ
ਲਗਨਿ ਦੇਤ ਨ ਸੇਕ॥
ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ॥੧॥
(ਮਾਰੂ ਮ: ੫, ਪੰਨਾ ੧੦੦੭)

ਜਨਨੀ ਕੇਰੇ ਉਦਰ ਉਦਕ ਮਹਿ
ਪਿੰਡੁ ਕੀਆ ਦਸ ਦੁਆਰਾ॥
ਦੇਇ ਅਹਾਰੁ ਅਗਨਿ ਮਹਿ ਰਾਖੈ
ਐਸਾ ਖਸਮੁ ਹਮਾਰਾ॥੧॥
(ਆਸਾ ਬਾਣੀ ਧੰਨੇ ਕੀ, ਪੰਨਾ ੪੮੮)

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ
ਸੋ ਕਿਉ ਮਨਹੁ ਵਿਸਾਰੀਐ॥
ਮਨਹੁ ਕਿਉ ਵਿਸਾਰੀਐ ਏਵਡੁ ਦਾਤਾ
ਜਿ ਅਗਨਿ ਮਹਿ ਆਹਾਰੁ ਪਹੁਚਾਵਏ॥
(ਅਨੰਦੁ ਸਾਹਿਬ, ਪੰਨਾ ੯੨੦)

ਮਾਤ ਗਰਭ ਮਹਿ ਆਪਨ ਸਿਮਰਨੁ ਦੇ
ਤਹ ਤੁਮ ਰਾਖਨਹਾਰੇ॥
ਪਾਵਕ ਸਾਗਰ ਅਥਾਹ ਲਹਰਿ ਮਹਿ
ਤਾਰਹੁ ਤਾਰਨਹਾਰੇ॥੧॥ (ਸੋਰਠਿ ਮ: ੫, ਪੰਨਾ ੬੧੩)

ਮਾਤ ਗਰਭ ਮਹਿ ਜਿਨਿ ਪ੍ਰਤਿਪਾਰਿਆ॥
ਜੀਉ ਪਿੰਡੁ ਦੇ ਸਾਜਿ ਸਵਾਰਿਆ॥
(ਮਾਰੂ ਮ: ੫, ਪੰਨਾ ੧੦੦੪)

ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ॥
ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ॥
(ਮਾਰੂ ਮ: ੫, ਪੰਨਾ ੧੦੨੧)

ਮਾਤ ਗਰਭ ਮਹਿ ਤੁਮ ਹੀ ਪਾਲਾ॥
ਮਾਇਆ ਅਗਨਿ ਨ ਪੋਹੈ ਤਿਨ ਕਉ
ਰੰਗਿ ਰਤੇ ਗੁਣ ਗਾਵਣਿਆ॥੫॥
(ਮਾਝ ਮ: ੫, ਪੰਨਾ ੧੩੨)

ਜੀਉ ਪ੍ਰਾਣ ਤਨੁ ਧਨੁ ਜਿਨਿ ਸਾਜਿਆ॥
ਮਾਤ ਗਰਭ ਮਹਿ ਰਾਖਿ ਨਿਵਾਜਿਆ॥
ਤਿਸ ਸਿਉ ਪ੍ਰੀਤਿ ਛਾਡਿ ਅਨ ਰਾਤਾ
ਕਾਹੂ ਸਿਰੈ ਨ ਲਾਵਣਾ॥੮॥
(ਮਾਰੂ ਮ: ੫, ਪੰਨਾ ੧੦੮੬)

ਇਸ ਤੋਂ ਆਦਿ ਹੋਰ ਭੀ ਬਾਣੀ ਵਿਚ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਉਸ ਕਰਤਾਰ ਦੇ ਇਸ ਜੀਵ 'ਤੇ ਜਿਤਨੇ ਭੀ ਉਪਕਾਰ ਕੀਤੇ ਗਏ, ਉਨ੍ਹਾਂ ਦੀ ਗਿਣਤੀ ਮਿਣਤੀ

ਕਰਨ ਦੀ ਕਿਸੇ ਵਿਚ ਭੀ ਸਮਰੱਥਾ ਨਹੀਂ। ਇਸ ਲਈ ਉਸਨੂੰ ਵੱਡੇ ਵੱਡੇ ਪ੍ਰਉਪਕਾਰੀਆਂ ਦਾ ਭੀ ਕਰਤਾ ਮੰਨਣਾ ਪੈਂਦਾ ਹੈ, ਮੈਂ ਭੀ ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕਣ ਦਾ ਉਪਰਾਲਾ ਕੀਤਾ ਹੈ:

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਇਸ) ਜੀਵ ਨੂੰ ਪੈਦਾ ਕਰਕੇ (ਉਸਦੇ ਰਹਿਣ ਲਈ) ਸਰੀਰ ਬਣਾਇਆ, ਜਿਸ ਨੂੰ ਮੂੰਹ, ਅੱਖਾਂ, ਨੱਕ ਤੇ ਕੰਨ ਬਣਾ ਕੇ ਸਵਾਰ ਦਿੱਤਾ।

(੨) (ਉਸ ਸਰੀਰ ਨੂੰ ਪ੍ਰਮੇਸ਼ਰ ਨੇ) ਹੱਥਾਂ ਪੈਰਾਂ ਦੀ ਦਾਤ ਦਿਤੀ, ਸ਼ਬਦ (ਨੂੰ ਸਮਝਣ ਲਈ) ਸੁਰਤ ਤੇ ਸ਼ੁਭ ਦ੍ਰਿਸ਼ਟੀ ਦੁਆਰੇ (ਅੱਖਾਂ ਦੀ ਨਜ਼ਰ) ਦੀ ਅਮੋਲਕ ਬਖ਼ਸ਼ਸ਼ ਕੀਤੀ।

(੩) (ਫਿਰ) ਹੱਥਾਂ ਨਾਲ ਉਪਜੀਵਕਾ ਕਮਾਉਣ ਤੇ ਹੋਰ ਦੂਜਿਆਂ ਦੀ ਬਹੁਤ ਤਰ੍ਹਾਂ ਦੀ ਸੇਵਾ, ਪ੍ਰਾਣਾਂ (ਸੁਆਸਾਂ) ਦਾ ਨਿਵਾਸ ਕੀਤਾ (ਇਹ ਤਨ ਦੀ ਸਾਰੀ ਬਨਾਵਟ ਪ੍ਰਭੂ ਦੀਆਂ ਦਾਤਾਂ ਹਨ)।

(੪) ਰਾਗ (ਸੁਣਨ ਦੇ) ਰਸ ਤੇ ਸਪਰਸ਼ਤਾ ਦੇ ਰੰਗ (ਅਨੰਦ) ਦਿਤੇ, ਬਦਬੂ ਤੇ ਸੁਗੰਧ ਦਾ ਮਿਲਾਪ ਬੜੇ ਤਰੀਕਿਆਂ ਨਾਲ ਮੇਲ ਦਿਤਾ।

(੫) ਕੱਪੜੇ ਤੇ ਭੋਜਨ, ਬੁਧੀ ਤੇ ਬਲ ਅਤੇ (ਮੋਖਸ਼ ਲਈ) ਗਿਆਨ ਦੀਆਂ ਵਿਚਾਰਾਂ ਵੀਚਾਰਨ ਦਾ ਆਸਰਾ ਦਿਤਾ।

(੬) (ਸੌ ਐਸੀਆਂ) ਬਖ਼ਸ਼ਸ਼ਾਂ ਬਖ਼ਸ਼ਣ ਵਾਲੇ (ਪ੍ਰਭੂ ਦੀਆਂ ਦਾਤਾਂ ਦੀ) ਕੋਈ ਵੀ ਕੀਮਤ ਨਹੀਂ ਪੈ ਸਕਦੀ। ਬੇ-ਸ਼ੁਮਾਰ ਦਾਤਾਂ ਤੇ ਉਸਦੇ ਬੇਅੰਤ ਪਿਆਰ ਦੀ ਕੀਮਤ ਵੀ ਨਹੀਂ ਪੈ ਸਕਦੀ।

(੭) ਜੋ ਲੇਖ (ਲਿਖਤ) ਤੋਂ ਰਹਿਤ, ਗਿਣਤੀ ਰਹਿਤ ਹੈ, ਅਤੇ ਉਸਦਾ ਆਰ ਪਾਰ ਨਹੀਂ ਪੈ ਸਕਦਾ।੩।

*ਭਾਵਾਰਥ :* ਬਾਣੀ ਦੁਆਰਾ ਜਦੋਂ ਉਸ ਪ੍ਰਭੂ ਦੇ ਇਸ ਜੀਵ 'ਤੇ ਕੀਤੇ ਹੋਏ ਉਪਕਾਰਾਂ ਵੱਲ ਨਜ਼ਰ ਮਾਰੀਏ ਤਾਂ ਸੁਰਤ ਅਸਚਰਜਤਾ ਵਿਚ ਗੁੰਮ ਹੋ ਜਾਂਦੀ ਹੈ, ਜਿਵੇਂ ਕਿ:

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥......
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥.......
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥......
ਜਿਹ ਪ੍ਰਸਾਦਿ ਰੰਗ ਰਸ ਭੋਗ॥......
ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ॥......
ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ॥......
ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥ ...
ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ॥

*(ਸੁਖਮਨੀ, ਪੰਨਾ ੨੬੯)*

ਇਸ ਤੋਂ ਆਦਿ ਉਸ ਪਰੀਪੂਰਨ ਪ੍ਰਮੇਸ਼ਰ ਦੇ ਅਨੰਤ ਉਪਕਾਰ ਹਨ ਜਿਨ੍ਹਾਂ ਨੂੰ ਗਿਣਿਆ ਨਹੀਂ ਜਾ ਸਕਦਾ, ਉਸ ਨੂੰ ਤਾਂ ਬੇਅੰਤ ਹੀ ਕਿਹਾ ਜਾ ਸਕਦਾ ਹੈ।

## ੪. ਬੇਅੰਤ ਰਚਨਾ ਵੀ ਲੇਖੇ ਵਿਚ ਹੈ

**੧. ਪੰਜ ਤੱਤ ਪਰਵਾਣੁ ਕਰਿ**
**ਖਾਣੀ ਚਾਰੇ ਜਗਤ ਉਪਾਯਾ।**
**੨. ਲੱਖ ਚਉਰਾਸੀ ਜੂਨਿ ਵਿੱਚ**
**ਆਵਾਗਵਣ ਚਲਤੁ ਵਰਤਾਯਾ।**
**੩. ਇੱਕਸ ਇੱਕਸ ਜੂਨਿ ਵਿਚ**
**ਜੀਅ ਜੰਤ ਅਣਗਣਤ ਵਧਾਯਾ।**
**੪. ਲੇਖੈ ਅੰਦਰ ਸਭ ਕੋ**
**ਸਭਨਾਂ ਮਸਤਕਿ ਲੇਖੁ ਲਿਖਾਯਾ।**
**੫. ਲੇਖੈ ਸਾਸ ਗਿਰਾਸ ਦੇ**
**ਲੇਖ ਲਿਖਾਰੀ ਅੰਤੁ ਨ ਪਾਯਾ।**
**੬. ਆਪਿ ਅਲੇਖੁ ਨ ਅਲਖ ਲਖਾਯਾ॥੪॥**

*ਪਦ ਅਰਥ :* ਪਰਵਾਣੁ—ਪਰਮਾਣੀਕ। ਮਸਤਕਿ—ਮੱਥੇ 'ਤੇ। ਸਾਸ ਗਿਰਾਸ—ਸੁਆਸ ਤੇ ਅਹਾਰ। ਲਿਖਾਰੀ—ਲਿਖਣ ਵਾਲਾ ਅਕਾਲ ਪੁਰਖ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਪਿਛੇ ਆਪ ਜੀ ਗੁਰਮੱਤ ਅਨੁਸਾਰ ਵਖੋ ਵੱਖ ਵਿਸ਼ਿਆਂ 'ਤੇ ਵੀਚਾਰਾਂ ਪ੍ਰਗਟਾਉਂਦੇ ਆ ਰਹੇ ਹੋ ਤੇ ਕਈ ਸਮਿਆਂ ਵਿਚ ਆਪ ਜੀ ਨੇ ਇਸ ਸ੍ਰਿਸ਼ਟੀ ਦੀ ਉਪਜ ਦੇ ਸੰਬੰਧ ਵਿਚ ਭੀ ਜਾਣਕਾਰੀ ਕਰਵਾਈ ਹੈ ਕਿ ਉਸ ਰਚਨਹਾਰ ਕਰਤਾਰ

ਨੇ ਇਸ ਸੰਸਾਰ ਨੂੰ ਚੌਰਾਸੀ ਲੱਖ ਜੂਨ ਵਿਚ ਪ੍ਰਗਟਾਇਆ ਹੈ, ਜਿਸ ਵਿਚ ਅੱਧਾ ਹਿੱਸਾ, ਭਾਵ ਬਿਆਲੀ ਲੱਖ ਪ੍ਰਕਾਰ ਦੇ ਜੀਵ ਪਾਣੀ ਵਿਚ ਉਪਜਾਏ ਹਨ; ਕਿਉਂ ਜੀ ! ਇਹ ਭੀ ਜਾਣਕਾਰੀ ਦਿਓਗੇ ਕਿ ਇਸ ਸਾਰੀ ਸੂਖਮ ਤੇ ਅਸਥੂਲ ਰਚਨਾ ਵਿਚ ਨਿਰੰਕਾਰ ਨੇ ਕਿਸੇ ਜੀਵ ਜੰਤ ਨੂੰ ਪੂਰਨ ਸੁਤੰਤ੍ਰਤਾ ਅਤੇ ਨਿਰਭੈਤਾ ਦੇ ਰੂਪ ਵਿਚ ਵਿਚਰਨ ਦੀ ਭੀ ਖੁੱਲ੍ਹ ਦਿਤੀ ਹੈ, ਇਸ ਬਾਰੇ ਤੁਸੀਂ ਗੁਰਬਾਣੀ ਰਾਹੀਂ ਕੀ ਨਿਸਚਾ ਰੱਖਦੇ ਹੋ ਦੱਸਣ ਦੀ ਖੇਚਲ ਕਰੋ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ ? ਜਦੋਂ ਅਸੀਂ ਇਸ ਵਿਸ਼ੇ ਨੂੰ ਬਾਣੀ ਰਾਹੀਂ ਪੜਚੋਲਨਾ ਕਰਦੇ ਹਾਂ ਤਾਂ ਬੋਧ ਮਿਲਦਾ ਹੈ ਕਿ ਰਚਨਹਾਰ ਪ੍ਰਭੂ ਦੀ ਗੁਪਤ ਸ਼ਕਤੀ ਨੇ ਇਸ ਸਾਰੇ ਵਿਸ਼ਵ ਦੇ ਸੂਖਮ ਤੇ ਅਸਥੂਲ ਜੀਵ ਜੰਤਾਂ ਨੂੰ ਆਪਣੀ ਆਕ੍ਰਖਣ ਸ਼ਕਤੀ ਦੁਆਰਾ ਆਪਣੇ ਭੈ ਵਿਚ ਬੰਨ੍ਹ ਕੇ ਰੱਖਿਆ ਹੋਇਆ ਹੈ, ਜਿਸਨੂੰ ਉਲੰਘਣਾ ਕਰਨ ਦੀ ਕਿਸੇ ਵੀ ਜੀਵ ਜੰਤ ਵਿਚ ਤਾਕਤ ਨਹੀਂ ਹੈ। ਪਰ ਇਤਨਾ ਕੁ ਬਾਣੀ ਦੁਆਰਾ ਜ਼ਰੂਰ ਬੋਧ ਮਿਲਦਾ ਹੈ ਕਿ ਸਾਰੀ ਰਚਨਾ ਵਿਚ ਇਕ ਮਨੁੱਖ ਸਰੇਣੀ ਨੂੰ ਹੀ ਕੁਝ ਸੁਤੰਤ੍ਰਤਾ ਦਿੱਤੀ ਗਈ ਹੈ, ਕਿਉਂਕਿ ਇਸਨੂੰ ਕਰਮ ਭੂਮੀ ਮੰਨਿਆ ਗਿਆ ਹੈ, ਭਾਵ ਇਹ ਕੁਝ ਕਰਨ ਲਈ ਆਇਆ ਹੈ, ਅਤੇ ਪਸ਼ੂ ਜੋਨੀ ਨੂੰ ਭੋਗ ਜੋਨੀ ਮੰਨਿਆ ਗਿਆ ਹੈ ਭਾਵ ਇਹ ਕੁਝ ਕਰਨ ਲਈ ਨਹੀਂ ਆਏ ਇਹ ਕੇਵਲ ਪੂਰਬ ਜਨਮ ਦੇ ਕੀਤੇ ਕਰਮਾਂ ਦਾ ਫਲ ਭੋਗਣ ਹੀ ਆਏ ਹਨ, ਇਸ ਲਈ ਬਾਣੀ ਵਿਚ ਇਸ ਮਨੁੱਖ ਨੂੰ ਚੌਰਾਸੀ ਲੱਖ ਜੂਨ ਦਾ ਸਰਦਾਰ ਮੰਨਿਆ ਹੈ :

ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥

*(ਆਸਾ ਮ: ੫, ਪੰਨਾ ੩੭੪)*

ਚੌਰਾਸੀ ਲਖ ਜੋਨਿ ਵਿਚ
ਉਤਮ ਜਨਮ ਸੁ ਮਾਨਸ ਦੇਹੀ ॥ *(ਭਾਈ ਗੁਰਦਾਸ ਜੀ)*

ਇਸ ਮਨੁੱਖ ਨੂੰ ਚੌਰਾਸੀ ਲੱਖ ਜੋਨ ਦਾ ਸ਼ਿਰੋਮਣੀ ਸਰਦਾਰ ਇਸ ਲਈ ਮੰਨਿਆ ਗਿਆ ਹੈ ਕਿ ਇਸਨੂੰ ਕਰਮ ਕਰਨ ਤੇ ਨਾ ਕਰਨ ਜੋਗ ਦਾ ਬੋਧ ਹੈ, ਪਾਪ ਪੁੰਨ ਦੀ ਸੋਝੀ ਹੈ ਜੋ ਬਾਕੀ ਦੀਆਂ ਜੂਨਾਂ ਵਿਚ ਨਹੀਂ ਮਿਲਦੀ, ਇਸ ਲਈ ਉਹ ਜੂਨੀਆਂ ਇਸ ਦੀ ਬਰਾਬਰੀ ਨਹੀਂ ਕਰਦੀਆਂ ਕਿਉਂਕਿ ਵੀਚਾਰ ਦ੍ਰਿਸ਼ਟੀ ਨਾਲ ਤੱਕਿਆਂ ਵੇਖਣ ਵਿਚ ਆਉਂਦਾ ਹੈ ਕਿ ਬਾਣੀ ਨੇ ਸੂਖਮ ਤੇ ਅਸਥੂਲ ਚਰਾਚਰ ਨੂੰ ਉਸ ਰਚਨਹਾਰ ਦੇ ਭੈ ਵਿਚ ਟੁਰੇ ਰਹਿਣ ਦੇ ਸੰਕੇਤ ਨੂੰ ਕਬੂਲ ਕੀਤਾ ਦਰਸਾਇਆ ਹੈ, ਜਿਵੇਂ ਕਿ :

ਭੈ ਮਹਿ ਰਚਿਓ ਸਭੁ ਸੰਸਾਰਾ ॥
ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ ॥੧॥

*(ਗਉੜੀ ਮ: ੫, ਪੰਨਾ ੧੯੨)*

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ ਅਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

*(ਸਲੋਕ ਮ: ੧, ਪੰਨਾ ੪੬੪)*

ਇਸ ਤਰ੍ਹਾਂ ਅਸੀ ਜਿਉਂ ਜਿਉਂ ਬਾਣੀ ਦੀ ਵੀਚਾਰ ਕਰਾਂਗੇ ਤਾਂ ਸਾਨੂੰ ਅਨੇਕਾ ਉਦਾਹਰਣ ਮਿਲਣਗੇ ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਉਸ ਸਿਰਜਨਹਾਰ ਨੇ ਆਪਣੇ ਭੈ ਵਿਚ ਸਾਰੀ ਰਚਨਾ ਨੂੰ ਚਲਦੇ ਰਹਿਣ ਦਾ ਇਕ ਅਜਿਹਾ ਬੰਧਾਨ ਕਾਇਮ ਕਰ ਦਿਤਾ ਹੈ, ਜਿਸਦੀ ਕੋਈ ਭੀ ਉਲੰਘਣਾ ਨਹੀਂ ਕਰ ਸਕਦਾ। ਇਸ ਲਈ ਹਰ ਜੀਵ ਮਾਤ੍ਰ ਨੂੰ ਉਸ ਰਾਜ਼ਕ ਦੀ ਰਜ਼ਾ ਵਿਚ ਰਾਜ਼ੀ ਰਹਿਕੇ ਜੀਵਨ ਗੁਜ਼ਾਰਦੇ ਰਹਿਣ ਦਾ ਉਪਰਾਲਾ ਕਰਦੇ ਰਹਿਣ ਦੀ ਪ੍ਰਭੂ ਅਗੇ ਅਰਦਾਸ ਹੀ ਕਰਦੇ ਰਹਿਣਾ ਚਾਹੀਦਾ ਹੈ, ਜਿਸਦਾ ਸਦਕਾ ਸਾਡਾ ਇਸ ਮਨੁੱਖਾ ਜਨਮ ਵਿਚ ਆਉਣਾ ਸਫਲ ਹੋ ਜਾਏ।

ਸੋ ਮੈਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਇਸ ਅਗਲੀ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਪ੍ਰਮੇਸ਼ਰ ਨੇ) ਪੰਜਾਂ ਤੱਤਾਂ ਨੂੰ ਪ੍ਰਮਾਣੀਕਤਾ ਦੇ ਕੇ (ਉਨ੍ਹਾਂ ਰਾਹੀਂ) ਚਾਰ ਖਾਣੀਆਂ

(ਅੰਡਜ, ਜੇਰਜ, ਸੇਤਜ ਤੇ ਉਤਭੁਜ) ਦੁਆਰਾ ਜਗਤ ਨੂੰ ਪੈਦਾ ਕੀਤਾ ਹੈ।
(੨) ਚੌਰਾਸੀ ਲੱਖ ਜੂਨਾਂ ਬਣਾ ਕੇ ਉਨ੍ਹਾਂ ਜੂਨਾਂ ਲਈ ਫਿਰ ਆਵਾਗਵਣ (ਜੰਮਣ ਮਰਨ) ਦਾ ਕੌਤਕ ਵਰਤਾ ਦਿਤਾ।
(੩) ਇਕੱਲੀ ਇਕੱਲੀ ਜੂਨ ਵਿਚ ਅਣਗਿਣਤ ਜੀਵਾਂ ਤੇ ਜੰਤੂਆਂ ਨੂੰ ਵਧਾ ਦਿੱਤਾ। (ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ)।
(੪) ਇਸ ਸਭ ਕੁਝ ਦਾ ਲੇਖਾ ਤੇ ਹਿਸਾਬ ਕਾਇਮ ਕਰ ਦਿੱਤਾ ਤੇ ਇਸ ਹਿਸਾਬ ਨੂੰ ਹਰ ਇਕ ਦੇ ਮੱਥੇ 'ਤੇ ਲਿਖ ਦਿੱਤਾ।
(੫) ਲੇਖੇ ਦੇ ਸੁਆਸ, ਗਿਰਾਸ (ਗਰਾਹੀਆਂ) ਹਨ ਤੇ ਏਡਾ ਵੱਡਾ ਲੇਖਾ ਹੈ (ਕਿ ਕਿਸੇ ਵੀ) ਲਿਖਾਰੀ ਨੇ ਇਸ ਲੇਖੇ (ਪ੍ਰਭੂ ਦੇ ਹਿਸਾਬ) ਦਾ ਅੰਤ ਨਹੀਂ ਪਾਇਆ।
(੬) (ਪ੍ਰਮੇਸ਼ਰ) ਆਪ ਅਲੇਖ (ਲੇਖੇ ਰਹਿਤ) ਹੈ ਤੇ ਨਾ ਹੀ ਉਸ ਅਲੱਖ (ਨਾ ਜਾਣੇ ਜਾ ਸਕਣ ਵਾਲੇ ਪ੍ਰਭੂ ਨੂੰ ਅੱਜ ਤਕ ਕਿਸੇ ਨੇ) ਜਾਣਿਆ ਹੀ ਹੈ।੪।

*ਭਾਵਾਰਥ :* ਜਦੋਂ ਅਸੀਂ ਸਮੂੰਹ ਬਾਣੀ ਦੇ ਭਾਵ ਨੂੰ ਤੱਕਦੇ ਹਾਂ ਤਾਂ ਸਾਨੂੰ ਏਹੋ ਬੋਧ ਮਿਲਦਾ ਹੈ ਕਿ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ॥ ਭਾਵ ਉਹ ਪ੍ਰਭੂ ਜਿਸ ਪ੍ਰਕਾਰ ਦੀ ਆਗਿਆ ਕਰਦਾ ਹੈ ਹਰ ਜੀਵ ਉਸੇ ਪ੍ਰਕਾਰ ਦੀ ਆਗਿਆ ਪਾਲਣ ਕਰਦੇ ਹਨ, ਉਸ ਆਗਿਆ ਦੀ ਉਲੰਘਣਾ ਕਰਨ ਦੀ ਕਿਸੇ ਵਿਚ ਭੀ ਸ਼ਕਤੀ ਨਹੀਂ ਅਤੇ ਉਸ ਦੇ ਸੰਬੰਧ ਵਿਚ ਕਿਸੇ ਅੰਦਰ ਕੁਝ ਕਥਨ ਕਰਨ ਦੀ ਭੀ ਸਮਰੱਥਾ ਨਹੀਂ ਹੈ।

ਸਿੱਧਾਂ ਨੇ ਕਿਹਾ ਸੀ ਕਿ ਹੇ ਨਾਨਕ! ਜੇ ਤੁਸਾਂ ਉਸ ਨਿਰੰਕਾਰ ਦੇ ਬਾਰੇ ਕੁਝ ਜਾਣਿਆ ਹੈ ਤਾਂ ਸਾਨੂੰ ਉਸ ਬਾਰੇ ਕੁਝ ਕਥਨ ਕਰਕੇ ਉਸਦਾ ਬੋਧ ਕਰਵਾ ਦਿਓ, ਤਾਂ ਆਪ ਜੀ ਨੇ ਕਿਹਾ ਸੀ ਕਿ ਹੇ ਸਿਧੋ:

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥
*(ਜਪੁਜੀ, ਪੰਨਾ ੨)*

ਹੇ ਸਿੱਧੋ! ਜੇ ਮੈਂ ਉਸ ਰਚਨਹਾਰ ਦੇ ਬਾਰੇ ਕੁਝ ਜਾਣਿਆ ਭੀ ਹੈ ਤਾਂ ਮੈ ਕੁਝ ਕਹਿਣਾ ਨਹੀ, ਕਿਉਂਕਿ ਉਹ ਮੇਰੇ ਕਹਿਣ ਤੇ ਕਥਨ ਕਰਨ ਵਿਚ ਆ ਹੀ ਨਹੀ ਸਕਦਾ, ਮੈਨੂੰ ਤਾ ਮੇਰੇ ਗੁਰੂ ਨੇ ਇਹੋ ਹੀ ਸਿਖਿਆ ਸਮਝਾ ਦਿਤੀ ਹੈ। ਸੋ ਮੈਂ ਭੀ ਇਸੇ ਭਾਵ ਨੂੰ ਅੰਗੀਕਾਰ ਕਰਦਾ ਹਾਂ

## ੫. ਸਾਰੀ ਕੁਦਰਤ ਸੁਤੰਤ੍ਰ ਨਹੀਂ, ਪ੍ਰਭੂ ਦੇ ਭੈ ਵਿਚ ਨਿਯਮ-ਬੱਧ ਹੈ

**੧. ਭੈ ਵਿਚਿ ਧਰਤਿ ਅਗਾਸ ਹੈ**
**ਨਿਰਾਧਾਰ ਭੈ ਭਾਰ ਧਰਾਯਾ।**
**੨. ਪਉਣ ਪਾਣੀ ਬੈਸੰਤਰੋ**
**ਭੈ ਵਿੱਚ ਰਖੈ ਮੇਲਿ ਮਿਲਾਯਾ।**
**੩. ਪਾਣੀ ਅੰਦਰ ਧਰਤਿ ਧਰਿ**
**ਵਿਣੁ ਥੰਮਾਂ ਆਗਾਸ ਰਹਾਯਾ।**
**੪. ਕਾਠੈ ਅੰਦਰਿ ਅਗਨਿ ਧਰਿ**
**ਕਰ ਪਰਫੁੱਲਤ ਸਫਲ ਫਲਾਯਾ।**
**੫. ਨਵੀਂ ਦੁਆਰੀਂ ਪਵਣ ਧਰਿ**
**ਭੈ ਵਿੱਚ ਸੂਰਜ ਚੰਦ ਚਲਾਯਾ।**
**੬. ਨਿਰਭਉ ਆਪਿ ਨਿਰੰਜਨ ਰਾਯਾ॥੫॥**

*ਪਦ ਅਰਥ :* ਨਿਰਾਧਾਰ—ਆਸਰੇ ਬਗੈਰ। ਆਗਾਸ—ਅਕਾਸ਼। ਕਾਠੈ—ਲੱਕੜੀ। ਨਵੀਂ ਦੁਆਰੀਂ—ਨੌਂ ਰਸਤੇ ਅੱਖਾਂ, ਨਾਸਾਂ ਤੇ ਕੰਨ ਆਦਿ। ਨਿਰਭਉ—ਡਰ ਰਹਿਤ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸਾਰੇ ਸੰਸਾਰ ਦੀ ਰਚਨਾ ਨੂੰ ਉਸ ਕਰਤੇ ਕਰਤਾਰ ਦੇ ਭੈ ਵਿਚ ਚਲਦੀ ਦਰਸਾ ਰਹੇ ਹੋ, ਪਰ ਕਈ ਸ਼ਕਤੀਆਂ ਅਜਿਹੀਆਂ ਨਜ਼ਰ ਆਉਂਦੀਆਂ ਹਨ, ਜੋ ਵੇਖਣ ਵਿਚ ਸੁਤੰਤ੍ਰ ਹੀ ਦਿਸਦੀਆਂ ਹਨ, ਜਿਵੇਂ ਕਿ ਸੂਰਜ, ਚੰਦ੍ਰਮਾ, ਪਵਣ, ਪਾਣੀ, ਅਗਨੀ ਆਦਿ ਤੱਤ ਹਨ, ਇਹ ਦਿਨੇ ਰਾਤ ਸੁਭਾਵਕ ਹੀ ਸੁਤੰਤ੍ਰ ਚਲਦੇ ਵੇਖਣ ਵਿਚ ਆਉਂਦੇ ਹਨ, ਕੀ ਇਨ੍ਹਾਂ ਨੂੰ ਭੀ ਆਪ ਜੀ ਕਿਸੇ ਸ਼ਕਤੀ ਦੇ ਅਧੀਨ ਅਨੁਭਵ ਕਰਦੇ ਹੋ, ਇਸ ਪੱਖ ਨੂੰ ਆਪ ਜੀ ਗੁਰਮਤ ਦੁਆਰੇ ਪ੍ਰਗਟ ਕਰਨ ਦੀ ਖੇਚਲਾ ਕਰੋ?

ਉ: ਹੇ ਭਾਈਓ! ਜਦੋਂ ਤੁਹਾਡੇ ਵੱਲੋਂ ਕੋਈ ਭੀ ਪ੍ਰਸ਼ਨ ਕੀਤਾ ਜਾਂਦਾ ਹੈ, ਉਸ ਸੰਬੰਧ ਵਿਚ ਮੈਂ ਜੋ ਭੀ ਵੀਚਾਰ ਤੁਹਾਨੂੰ ਹਾਜ਼ਰ ਕਰਦਾ ਹਾਂ, ਉਸ ਵਿਚ ਮੇਰੇ ਆਪਣੇ ਖਿਆਲ ਉੱਕਾ ਹੀ ਨਹੀਂ ਹੁੰਦੇ, ਜੋ ਵੀਚਾਰ ਮੈਨੂੰ ਗੁਰਬਾਣੀ ਦੁਆਰੇ ਹਾਸਲ ਹੋਏ ਹਨ, ਮੈਂ ਓਹੀ ਤੁਹਾਡੀ ਸੇਵਾ ਵਿਚ ਹਾਜ਼ਰ ਕਰਦਾ ਹਾ, ਗੁਰਮਤ ਇਸੇ ਖ਼ਿਆਲ

ਨਾਲ ਸਹਿਮਤ ਹੈ ਕਿ ਸਾਰੇ ਵਿਸ਼ਵ ਅੰਦਰ ਜਿਤਨੀ ਭੀ ਪ੍ਰਗਟ ਤੇ ਗੁਪਤ ਰੂਪ ਵਿਚ ਕ੍ਰਿਆ ਹੋ ਰਹੀ ਹੈ ਇਸਦੀ ਪ੍ਰੇਰਕ ਉਸ ਪ੍ਰਭੂ ਦੀ ਸ਼ਕਤੀ ਹੀ ਹੈ ਜਿਸ ਦੀ ਪ੍ਰੇਰਨਾ ਦਾ ਸਦਕਾ ਸਾਰੀ ਕ੍ਰਿਆ ਹੋ ਰਹੀ ਹੈ। ਉਸ ਸ਼ਕਤੀ ਨੂੰ ਪ੍ਰਤੱਖ ਰੂਪ ਵਿਚ ਤੱਕਣ ਲਈ ਪੁਰਾਤਨ ਤੇ ਅਜੋਕੇ ਸਮੇਂ ਦੇ ਵਿਗਿਆਨਕਾਂ ਨੇ ਬੜੇ ਬੜੇ ਉਪਰਾਲੇ ਕੀਤੇ ਹਨ, ਪਰ ਅੱਜ ਤਕ ਕੋਈ ਭੀ ਸਫਲ ਨਹੀਂ ਹੋ ਸਕਿਆ ਤੇ ਨਾ ਹੀ ਭਵਿੱਖਤ ਵਿਚ ਆਸ ਹੀ ਕਰ ਸਕਦੇ ਹਾਂ, ਕਿਉਂਕਿ ਉਹ ਇਨ੍ਹਾਂ ਅਸਥੂਲ ਨੇਤਰਾਂ ਦਾ ਵਿਸ਼ਾ ਹੀ ਨਹੀਂ ਹੈ।

ਹੇ ਭਾਈਓ ! ਜੋ ਸਾਨੂੰ ਸੂਰਜ ਚੰਦ੍ਰਮਾ ਸੁਤੰਤ੍ਰ ਪ੍ਰਤੀਤ ਹੁੰਦੇ ਹਨ ਇਹ ਅਸਲ ਵਿਚ ਸਾਡੇ ਕਮਜ਼ੋਰ ਮਨਾਂ ਦਾ ਭੁਲੇਖਾ ਹੈ, ਇਹ ਸੁਤੰਤ੍ਰ ਨਹੀ, ਬਾਣੀ ਰਾਹੀਂ ਇਨ੍ਹਾਂ ਨੂੰ ਭੀ ਕਿਸੇ ਗੁਪਤ ਸ਼ਕਤੀ ਦੇ ਅਧੀਨ ਹੀ ਮੰਨਣਾ ਯੋਗ ਹੈ। ਜੇ ਇਹ ਅਜ਼ਾਦ ਸੁਤੰਤ੍ਰ ਹੋਣ ਤਾਂ ਇਹ ਜਦੋਂ ਭੀ ਚਾਹੁਣ ਤਦੋਂ ਚੜ੍ਹਨ, ਜੇ ਨਾ ਚਾਹੁਣ ਤਦੋਂ ਨਹੀਂ ਭੀ ਚੜ੍ਹ ਸਕਦੇ ਸਨ। ਪਰ ਐਸਾ ਅਸੀਂ ਕਦੀ ਭੀ ਹੁੰਦਾ ਤੱਕਦੇ ਨਹੀਂ। ਹੋਰ ਤਕੋ ਧਰਤੀ ਤੋਂ ਪਾਣੀ ਤਿੰਨ ਹਿੱਸੇ ਵੱਧ ਹੈ ਜੇ ਪਾਣੀ ਸੁਤੰਤ੍ਰ ਹੋਵੇ ਤਾਂ ਧਰਤੀ ਨੂੰ ਜਦੋਂ ਭੀ ਚਾਹੇ ਆਪਣੇ ਅੰਦਰ ਛੁਪਾ ਸਕਦਾ ਹੈ, ਪਰ ਐਸਾ ਹੁੰਦਾ ਭੀ ਕਦੀ ਤੱਕਣ ਵਿਚ ਨਹੀਂ ਆਇਆ, ਇਸ ਤਰ੍ਹਾਂ ਸਾਰੇ ਜਿਤਨੇ ਭੀ ਸੂਖਮ ਅਤੇ ਅਸਥੂਲ ਤੱਤ ਹਨ ਇਹ ਸਾਰੇ ਉਸ ਗੁਪਤ ਸ਼ਕਤੀ ਦੇ ਅਧੀਨ ਹਨ। ਇਸ ਲਈ ਅਸੀਂ ਵੇਖਦੇ ਹਾਂ ਕਿ ਸਾਰੀ ਸੂਖਮ ਤੇ ਅਸਥੂਲ ਰਚਨਾ ਉਸ ਕਰਤੇ ਦੇ ਅਧੀਨ ਹੋਈ ਉਸਦੇ ਡਰ ਭੈਅ ਵਿਚ ਆਪੋ ਆਪਣੀ ਡਿਊਟੀ ਪਰ ਦਿਨੇ ਰਾਤ ਤੱਤਪਰ ਹੋ ਕਿਰਤ ਕਰਨ ਲਈ ਸਾਵਧਾਨ ਰਹਿੰਦੀ ਹੈ। ਇਸ ਭਾਵ ਨੂੰ ਬਾਣੀ ਵਿਚ ਸਤਿਗੁਰੂ ਜੀ ਨੇ ਬੜੇ ਖੁਲਾਸੇ ਰੂਪ ਵਿਚ ਪ੍ਰਗਟਾਇਆ ਹੈ। ਜਿਵੇਂ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਵਿਚ ਅੰਕਤ ਕਰਦੇ ਨੇ :

ਡਰਪੈ ਧਰਤਿ ਅਕਾਸੁ ਨਖ੍ਯ੍ਰਤ੍ਰਾ
ਸਿਰ ਊਪਰਿ ਅਮਰੁ ਕਰਾਰਾ ॥
ਪਉਣੁ ਪਾਣੀ ਬੈਸੰਤਰੁ ਡਰਪੈ
ਡਰਪੈ ਇੰਦ੍ਰੁ ਬਿਚਾਰਾ ॥੧॥
ਏਕਾ ਨਿਰਭਉ ਬਾਤ ਸੁਨੀ ॥
ਸੋ ਸੁਖੀਆ ਸੋ ਸਦਾ ਸੁਹੇਲਾ
ਜੋ ਗੁਰ ਮਿਲਿ ਗਾਇ ਗੁਨੀ ॥੧॥ਰਹਾਉ॥
ਦੇਹਧਾਰ ਅਰੁ ਦੇਵਾ ਡਰਪਹਿ
ਸਿਧ ਸਾਧਿਕ ਡਰਿ ਮੁਇਆ ॥
ਲਖ ਚਉਰਾਸੀਹ ਮਰਿ ਮਰਿ ਜਨਮੇ
ਫਿਰਿ ਫਿਰਿ ਜੋਨੀ ਜੋਇਆ ॥੨॥
ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥
ਛਲ ਬਪੁਰੀ ਇਹ ਕਉਲਾ ਡਰਪੈ
ਅਤਿ ਡਰਪੈ ਧਰਮਰਾਇਆ ॥੩॥
ਸਗਲ ਸਮਗ੍ਰੀ ਡਰਹਿ ਬਿਆਪੀ
ਬਿਨੁ ਡਰ ਕਰਣੈਹਾਰਾ ॥
ਕਹੁ ਨਾਨਕ ਭਗਤਨ ਕਾ ਸੰਗੀ
ਭਗਤ ਸੋਹਹਿ ਦਰਬਾਰਾ ॥੪॥੧॥

*(ਮਾਰੂ ਮ: ੫, ਪੰਨਾ ੯੯੯)*

ਇਸੇ ਤਰ੍ਹਾਂ ਸਾਨੂੰ ਬਾਣੀ ਵਿਚ ਹੋਰ ਭੀ ਕਈ ਉਦਾਹਰਣ ਮਿਲਦੇ ਹਨ ਕਿ ਸਾਰੇ ਸੰਸਾਰ ਦੀ ਸਾਰੀ ਦਿਸਦੀ ਤੇ ਅਣਦਿਸਦੀ ਰਚਨਾ ਉਸ ਰਚਨਹਾਰ ਪ੍ਰਭੂ ਦੇ ਡਰ ਭੈਅ ਵਿਚ ਹੈ, ਕੇਵਲ ਇਸ ਨੂੰ ਰਚਨ ਵਾਲਾ ਹੀ ਕਰਤਾਰ ਡਰ ਤੋਂ ਰਹਿਤ ਹੈ। ਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਹੀ ਮੈਂ ਇਸ ਪਉੜੀ ਦੀਆਂ ਪੰਗਤੀਆਂ ਅੰਕਤ ਕੀਤੀਆਂ ਹਨ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਧਰਤੀ ਤੇ ਅਕਾਸ਼ (ਉਸ ਪ੍ਰਭੂ ਦੇ) ਭੈ ਵਿਚ ਹਨ, (ਜਿਨ੍ਹਾਂ ਨੂੰ ਪ੍ਰਭੂ ਨੇ ਆਪਣੇ) ਭੈ ਵਿਚ ਨਿਰਆਸਰੇ ਰੱਖ ਕੇ ਟਿਕਾਇਆ ਹੋਇਆ ਹੈ।

(੨) (ਹੋਰ ਵੇਖੋ ਉਸ ਨਿਰੰਕਾਰ ਨੇ) ਪਉਣ, ਪਾਣੀ ਤੇ ਅਗਨੀ ਆਦਿ ਸਾਰੇ ਹੀ ਤੱਤ ਡਰ ਵਿਚ ਰਖ ਕੇ ਉਨ੍ਹਾਂ ਨੂੰ ਇਕ ਦੂਜੇ ਨਾਲ ਮੇਲ ਦਿਤਾ ਹੋਇਆ ਹੈ।

(੩) (ਹੋਰ ਤੱਕੋ) ਅਕਾਸ਼ ਨੂੰ ਥੰਮ੍ਹਾਂ ਤੋਂ ਬਿਨਾ ਹੀ ਖੜਾ ਕਰ ਰਖਿਆ ਹੈ ਤੇ ਧਰਤੀ ਨੂੰ ਪਾਣੀ ਦੇ ਵਿਚ ਟਿਕਾਇਆ ਹੋਇਆ ਹੈ।

(੪) (ਅਤੇ) ਲੱਕੜਾਂ ਵਿਚ ਅੱਗ ਬੰਨ੍ਹ ਰੱਖੀ ਹੈ (ਪਰ ਫੇਰ ਵੀ ਪਾਣੀ ਨਾਲ) ਬ੍ਰਿਛਾਂ ਨੂੰ ਫਲ ਫੁੱਲਾਂ ਵਾਲੇ ਬਣਾਉਂਦਾ ਹੈ (ਭਾਵ ਅੱਗ ਤੇ ਪਾਣੀ ਆਪਣੇ ਸੁਭਾਵਾ ਦੇ ਉਲਟ ਉਸਦੇ ਰਖੇ ਹੋਏ ਰਹਿੰਦੇ ਹਨ, ਇਕ ਦੂਜੇ ਨਾਲ ਟਕਰਾਉਂਦੇ ਨਹੀਂ)।

(੫) ਨੌਂ (ਮਨੁੱਖੀ) ਦੁਆਰਿਆਂ ਵਿਖੇ ਪਉਣ ਟਿਕਾ ਰੱਖੀ ਹੈ ਤੇ ਭੈਅ ਵਿਚ ਹੀ ਸੂਰਜ ਤੇ ਚੰਦਰਮਾ ਨੂੰ (ਲੰਮਾ ਸਫਰ) ਚਲਣਾ ਪੈਂਦਾ ਹੈ।

(੬) ਕੇਵਲ ਭਉ (ਡਰ) ਤੋਂ ਬਿਨਾ ਜੇ ਕੋਈ ਹੈ ਤਾ ਉਹ

ਆਪ ਪ੍ਰਭੂ ਨਿਰੰਕਾਰ ਮਾਇਆ ਤੋਂ ਅਲੇਪ ਸਰਬ ਸ਼ਕਤੀਮਾਨ ਰਾਜਾ (ਵਾਹਿਗੁਰੂ) ਨਿਰਭਉ ਹੈ। (ਪਉਣ ਭੀ ਸੂਖਮ ਤੱਤ ਹੈ, ਪੰਜਾਹ ਮੀਲ ਤੋਂ ਪਰ੍ਹੇ ਨਹੀਂ, ਪਰ ਅਕਾਸ਼ ਤੱਤ ਸਾਰੇ ਵਿਆਪਕ ਹੈ, ਪੱਛਮੀ ਵਿਦ੍ਵਾਨ ਭੀ ਹੁਣ ਅਕਾਸ਼ ਨੂੰ (ਈਥਰ ਨਾਮ ਕਰਕੇ ਮੰਨਦੇ ਹਨ) ਇਥੇ ਅਸਮਾਨ ਤੋਂ ਭਾਵ ਉਹ ਤਾਰਾ ਮੰਡਲ ਹੈ ਜੋ ਸਾਨੂੰ ਅੱਖ ਨਾਲ ਦਿਸਦਾ ਹੈ, ਜਦ ਉਥੇ ਪਹੁੰਚੀਏ ਤਾਂ ਇਕ ਹੋਰ ਮੰਡਲ ਇਸੇ ਵਾਂਙ ਦਿੱਸੇਗਾ ਇਉਂ ਜਿਉਂ ਜਿਉਂ ਨਿਸ਼ਾਨੇ 'ਤੇ ਪਹੁੰਚਦੇ ਜਾਓ, ਅਗੋ ਹੋਰ ਦਿਸੇਗਾ, ਇਨ੍ਹਾਂ ਨੂੰ ਲੱਖ ਅਸਮਾਨ ਕਿਹਾ ਹੈ।

*ਭਾਵਾਰਥ :* ਭੈ ਵਿਚਿ ਸੂਰਜ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥੭॥
*(ਪੰਨਾ ੪੬੪)*

ਕੇਵਲ ਵਾਹਿਗੁਰੂ ਭੈ-ਰਹਿਤ ਹੈ ਕਿਉਂਕਿ ਉਹ ਆਪ ਕਰਤਾਰ ਹੈ, ਉਸਦੀ ਕੀਤੀ ਹੋਈ ਉਸ ਦੇ ਭੈ ਵਿਚ ਹੈ। ਭੈ ਤੋਂ ਭਾਵ ਆਗਿਆ ਮੰਨਣ ਵਾਲੀ ਬ੍ਰਿਤੀ ਦਾ ਹੈ, ਜੋ ਚਾਹੇ ਗਿਆਨ ਦੀ ਕਿਸੇ ਅਵਸਥਾ ਵਿਚ ਹੋਵੇ, ਚਾਹੇ ਅਗਯਾਨ 'ਖਿੱਚ' ਮਾਤ੍ਰ ਦੀ ਦਸ਼ਾ ਵਿਚ ਹੋਵੇ, ਜੋ ਨਿਯਮਾਨੁਸਾਰੇ ਟੁਰੀ ਜਾਏ।

## ੬. ਪ੍ਰਭੂ ਵੱਡੇ ਤੋਂ ਵੱਡਾ ਤੇ ਵਿਆਪਕ ਹੈ

੧. ਲੱਖ ਅਸਮਾਨ ਉਚਾਣ ਚੜ੍ਹਿ
ਉੱਚਾ ਹੋਇ ਨ ਅੰਬੜ ਸੱਕੈ।
੨. ਉੱਚੀ ਹੂੰ ਉੱਚਾ ਘਣਾ
ਥਾਉਂ ਗਿਰਾਉਂ ਨ ਨਾਉਂ ਅਥੱਕੈ।
੩. ਲੱਖ ਪਤਾਲ ਨੀਵਾਣ ਜਾਇ
ਨੀਵਾਂ ਹੋਇ ਨ ਨੀਵੈਂ ਤੱਕੈ।
੪. ਪੂਰਬ ਪੱਛਮ ਉਤਰਾਧਿ ਦੱਖਣਿ
ਫੇਰਿ ਚਉਫੇਰਿ ਨ ਢੱਕੈ।
੫. ਓੜਕ ਮੂਲ ਨ ਲੱਭਈ
ਓਪਤਿ ਪਰਲਉ ਅੱਖਿ ਫਰੱਕੈ।
੬. ਫੁੱਲਾਂ ਅੰਦਰ ਵਾਸ ਮਹੱਕੈ ॥੬॥

***ਪਦ ਅਰਥ :*** ਉਚਾਣ—ਉਚਾਈ। ਅੰਬੜ—ਪਹੁੰਚਣਾ। ਅਥੱਕੈ—ਥਕਾਵਟ ਰਹਿਤ। ਨੀਵਾਣ—ਡੂੰਘਿਆਈ। ਨ ਨੀਵੈਂ ਤੱਕੈ—ਡੂੰਘਾਈ ਨੂੰ ਵੀ ਦੇਖ ਨਹੀਂ ਸਕਦਾ। ਢੱਕੈ—ਕੱਜਣਾ। ਓਪਤਿ—ਉਤਪਤੀ। ਮਹੱਕੈ—ਮਹਿਕ ਵਾਂਗ ਵਿਆਪਕ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਵਿਗਿਆਨਕ ਲੋਕਾਂ ਦੇ ਸੰਬੰਧ ਵਿਚ ਸੀਨੇ-ਬ-ਸੀਨੇ ਸੁਣਦੇ ਆ ਰਹੇ ਹਾਂ ਕਿ ਉਨ੍ਹਾਂ ਨੇ ਆਪੋ ਆਪਣੇ ਸਮੇਂ ਵਿਚ ਚੰਦ੍ਰਮਾ, ਸੂਰਜ, ਧਰਤੀ, ਅਕਾਸ਼, ਪਤਾਲ, ਤਾਰਾ ਮੰਡਲ ਦੇ ਸੰਬੰਧੀ ਆਪੋ ਆਪਣੀ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ, ਪਰ ਓੜਕ ਤੱਕ ਕੋਈ ਨਹੀਂ ਪਹੁੰਚ ਸਕਿਆ, ਸਾਰਿਆਂ ਦੀ ਪੜਚੋਲ ਅਧੂਰੀ ਹੀ ਪਾਈ ਗਈ। ਕਿਉਂਕਿ ਜਿਥੇ ਤੱਕ ਕੋਈ ਖੋਜ ਕਰਕੇ ਥੱਕ ਗਿਆ, ਉਸ ਤੋਂ ਅਗਲੇ ਖੋਜੀ ਅੱਗੇ ਤੋਂ ਅੱਗੇ ਹੀ ਟੁਰਦੇ ਰਹੇ, ਤੋੜ ਤੱਕ ਕੋਈ ਭੀ ਨਹੀਂ ਪਹੁੰਚ ਸਕਿਆ, ਕਿਉਂ ਜੀ! ਇਸ ਪੱਖ ਬਾਰੇ ਤੁਹਾਡੇ ਗੁਰਮਤ ਅਨੁਸਾਰ ਆਪਣੇ ਕੀ ਵੀਚਾਰ ਹਨ, ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਮੈਂ ਤਾਂ ਸਾਰੇ ਵਿਗਿਆਨਕ ਤੇ ਹੋਰ ਮੱਤ ਮਤਾਤ੍ਰਾਂ ਨੂੰ ਪੜਚੋਲ ਕਰਦਾ ਹੋਇਆ ਇਥੇ ਤਕ ਪੁੱਜਾ ਹਾਂ ਕਿ ਜਿਥੇ ਸਾਰੇ ਸੰਸਾਰ ਦੇ ਮੱਤਾਂ ਦਾ ਸਿਧਾਂਤ ਜਾ ਖਲੋਂਦਾ ਹੈ ਗੁਰਮਤ ਉਥੋਂ ਅਗੇ ਅਰੰਭ ਹੁੰਦੀ ਹੈ, ਇਸਨੂੰ ਅਤਿ ਕਥਨੀ ਨਹੀਂ ਕਿਹਾ ਜਾ ਸਕਦਾ ਕੇਵਲ ਤੇ ਕੇਵਲ ਸਚਾਈ ਹੈ। ਜਿਵੇਂ ਸਨਾਤਨ ਮੱਤ ਨੇ ਮੰਨਿਆ ਹੈ ਕਿ ਧਰਤੀ ਇਕ ਹੈ ਜਿਸਨੂੰ ਧੌਲੇ ਬੈਲ ਨੇ ਆਪਣੇ ਸਿੰਗ ਪਰ ਚੁੱਕਿਆ ਹੋਇਆ ਹੈ, ਗੁਰੂ ਦੀ ਗੁਰਮਤ ਨੇ ਇਸ 'ਤੇ ਤਰਕ ਤਾਂ ਨਹੀਂ ਕੀਤੀ ਪਰ ਸੁਆਲ ਜ਼ਰੂਰ ਖੜਾ ਕੀਤਾ ਹੈ, ਕਿਉਂਕਿ ਜਦੋਂ ਭੀ ਗੁਰੂ ਨਾਨਕ ਦੇਵ ਜੀ ਕਿਸੇ ਨਾਲ ਵੀਚਾਰ ਵਿਟਾਂਦਰਾ ਕਰਦੇ ਤਾਂ ਆਪ ਜੀ ਦਲੀਲ ਨੂੰ ਨਾਲ ਲੈ ਕੇ ਤੁਰਿਆ ਕਰਦੇ, ਦਲੀਲ ਤੋਂ ਸੱਖਣੇ ਕਿਸੇ ਮਨੁੱਖ ਨੂੰ ਭੀ ਸਫਲਤਾ ਹਾਸਿਲ ਨਹੀਂ ਹੁੰਦੀ। ਗੁਰੂ ਨਾਨਕ ਪਾਤਿਸ਼ਾਹ ਨੇ ਕਿਹਾ ਕਿ ਹੇ ਭਾਈਓ! ਜੇ ਬੈਲ ਨੇ ਧਰਤੀ ਨੂੰ ਇਕ ਸਿੰਗ ਪਰ ਚੁੱਕਿਆ ਹੈ, ਫਿਰ ਇਹ ਭੀ ਦੱਸੋ ਕਿ ਉਹ ਬੈਲ ਕਿਥੇ ਖੜੋਤਾ ਹੈ, ਜੇ ਕਹੋ ਅਗੇ ਹੋਰ ਧਰਤੀ ਹੈ, ਤਾਂ ਫਿਰ ਉਹ ਧਰਤੀ ਕਿਸ ਦੇ ਆਸਰੇ ਖਲੋਤੀ ਹੈ, ਇਸ ਤਰ੍ਹਾਂ ਅੱਗੇ ਤੋਂ ਅਗੇ ਤੁਰੀ ਚਲੋ ਤਾਂ ਫਿਰ ਇਹ ਗੱਲ ਭਾ

ਕਿਤੇ ਭੀ ਨਹੀਂ ਮੁੱਕੇਗੀ ਕਿਉਂਕਿ:

ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥ *(ਜਪੁਜੀ, ਪੰਨਾ ੩)*

ਭਾਵ, ਉਸ ਕਾਦਰ ਨੇ ਆਪਣੀ ਗੁਪਤ ਸ਼ਕਤੀ ਦੁਆਰੇ ਇਤਨੀਆਂ ਧਰਤੀਆਂ ਕਾਇਮ ਕਰ ਰਖੀਆਂ ਹਨ, ਜਿਨ੍ਹਾਂ ਦੀ ਗਿਣਤੀ ਅੱਜ ਤਕ ਕੋਈ ਭੀ ਵਿਗਿਆਨਕ ਨਹੀਂ ਕਰ ਸਕਿਆ ਅਤੇ ਨਾ ਹੀ ਅਗੇ ਆਉਣ ਵਾਲੇ ਸਮੇਂ ਦਾ ਕੋਈ ਭੀ ਸਾਇੰਸਦਾਨੀ ਓੜਕ ਤੱਕ ਪੁੱਜ ਸਕੇਗਾ।

ਇਸੇ ਹੀ ਤਰ੍ਹਾਂ ਸੈਂਕੜੇ ਅਸਮਾਨਾਂ ਦਾ ਬਾਣੀ ਵਿਚ ਜਿਕਰ ਆਉਂਦਾ ਹੈ:

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥
*(ਸ੍ਰੀ ਰਾਗੁ ਮ: ੧, ਪੰਨਾ ੧੪)*

ਜਦੋਂ ਇਸਲਾਮ ਮੱਤ ਨੂੰ ਪੜ੍ਹੀਏ ਤਾਂ ਉਹ ਚੋਦਾਂ ਲੋਕ ਹੀ ਮੰਨਦੇ ਹਨ, ਭਾਵ ਸੱਤ ਅਕਾਸ਼ ਤੇ ਸੱਤ ਪਤਾਲ, ਪਰ ਗੁਰੂ ਨਾਨਕ ਪਾਤਿਸ਼ਾਹ ਨੇ ਕਿਹਾ ਕਿ ਐ ਲੋਕੋ! ਕੇਵਲ ਚੋਦਾਂ ਹੀ ਲੋਕ ਨਹੀਂ ਸਗੋਂ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥
*(ਜਪੁਜੀ, ਪੰਨਾ ੫)*

ਭਾਵ, ਪਾਤਾਲਾਂ ਤੋਂ ਅਗੇ ਹੋਰ ਲੱਖਾਂ ਪਾਤਾਲ ਹਨ, ਅਕਾਸ਼ਾਂ ਤੋਂ ਅਗੇ ਹੋਰ ਅਨੰਤ ਅਕਾਸ਼ ਹਨ, ਜਿਨ੍ਹਾਂ ਨੂੰ ਵਿਗਿਆਨਕ ਲੋਕ ਭਾਲ ਭਾਲ ਕੇ ਓੜਕ ਨੂੰ ਥੱਕ ਗਏ, ਉਨ੍ਹਾਂ ਲੋਕਾਂ ਨੂੰ ਭੀ ਆਖਰ ਇਉਂ ਹੀ ਕਹਿਣਾ ਪਿਆ ਕਿ ਉਹ ਅਨੰਤ ਸ਼ਕਤੀ ਦਾ ਮਾਲਕ ਆਪਣੇ ਆਪ ਨੂੰ ਖ਼ੁਦ ਹੀ ਜਾਣਦਾ ਹੈ, ਬੱਸ ਉਸਨੂੰ ਤਾਂ ਵੱਡੇ ਤੋਂ ਵੱਡਾ ਹੀ ਆਖਣਾ ਪਵੇਗਾ।

ਇਸੇ ਹੀ ਤਰ੍ਹਾਂ ਉਸ ਪ੍ਰਭੂ ਦੀ ਬੇਅੰਤ ਰਚਨਾ ਦਾ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਉਸਦੀ ਰਚਨਾ ਵਿਚ ਕਿਤਨੇ ਹੀ ਪਵਣ, ਪਾਣੀ, ਚੰਦ ਅਤੇ ਸੂਰਜ ਹਨ, ਜਿਨ੍ਹਾਂ ਦਾ ਕੋਈ ਭੀ ਅੰਤ ਨਹੀਂ ਪਾ ਸਕਿਆ:

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ
ਨਾਨਕ ਅੰਤੁ ਨ ਅੰਤੁ॥੩੫॥ *(ਜਪੁਜੀ, ਪੰਨਾ ੭)*

ਜਦੋਂ ਭਗਤ ਕਬੀਰ ਦੀ ਸੁਰਤਿ ਸਿਮਰਨ ਦੇ ਮਾਰਗ 'ਤੇ ਟੁਰਦਿਆਂ ਟੁਰਦਿਆਂ ਸਿਖ਼ਰਾਂ 'ਤੇ ਪੁੱਜ ਗਈ ਉਸ ਸਮੇਂ ਜੋ ਉਨ੍ਹਾਂ ਨੂੰ ਗਿਆਨ ਦਾ ਪ੍ਰਕਾਸ਼ ਹੋਇਆ ਉਸ ਰੋਸ਼ਨੀ ਵਿਚ ਜੋ ਕੁਝ ਉਨ੍ਹਾਂ ਨੂੰ ਨਜ਼ਰ ਆਇਆ ਉਸ ਨੂੰ ਉਨ੍ਹਾਂ ਨੇ ਬਾਣੀ ਦੁਆਰੇ ਇਉਂ ਅੰਕਤ ਕੀਤਾ ਹੈ:

ਕੋਟਿ ਸੂਰ ਜਾ ਕੈ ਪਰਗਾਸ॥
ਕੋਟਿ ਮਹਾਦੇਵ ਅਰੁ ਕਬਿਲਾਸ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥
ਬ੍ਰਹਮਾ ਕੋਟਿ ਬੇਦ ਉਚਰੈ॥.......
ਕੋਟਿ ਚੰਦ੍ਰਮੇ ਕਰਹਿ ਚਰਾਕ॥
ਸੁਰ ਤੇਤੀਸਉ ਜੇਵਹਿ ਪਾਕ॥
ਨਵ ਗ੍ਰਹ ਕੋਟਿ ਠਾਢੇ ਦਰਬਾਰ॥
ਧਰਮ ਕੋਟਿ ਜਾ ਕੈ ਪ੍ਰਤਿਹਾਰ॥੨॥
ਪਵਨ ਕੋਟਿ ਚਉਬਾਰੇ ਫਿਰਹਿ॥
ਬਾਸਕ ਕੋਟਿ ਸੇਜ ਬਿਸਥਰਹਿ॥
ਸਮੁੰਦ ਕੋਟਿ ਜਾ ਕੇ ਪਾਨੀਹਾਰ॥
ਰੋਮਾਵਲਿ ਕੋਟਿ ਅਠਾਰਹ ਭਾਰ॥੩॥
ਕੋਟਿ ਕਮੇਰ ਭਰਹਿ ਭੰਡਾਰ॥
ਕੋਟਿਕ ਲਖਿਮੀ ਕਰੈ ਸੀਗਾਰ॥
ਕੋਟਿਕ ਪਾਪ ਪੁੰਨ ਬਹੁ ਹਿਰਹਿ॥
ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ॥੪॥
ਛਪਨ ਕੋਟਿ ਜਾ ਕੈ ਪ੍ਰਤਿਹਾਰ॥
ਨਗਰੀ ਨਗਰੀ ਖਿਅਤ ਅਪਾਰ॥.......
ਕੋਟਿ ਜਗ ਜਾ ਕੈ ਦਰਬਾਰ॥
ਗੰਧ੍ਰਬ ਕੋਟਿ ਕਰਹਿ ਜੈਕਾਰ॥
ਬਿਦਿਆ ਕੋਟਿ ਸਭੈ ਗੁਨ ਕਹੈ॥
ਤਉ ਪਾਰਬ੍ਰਹਮ ਕਾ ਅੰਤੁ ਨ ਲਹੈ॥੬॥
*(ਭੈਰਉ ਕਬੀਰ ਜੀ, ਪੰਨਾ ੧੧੬੩)*

ਕੋਟਿ ਕੋਟਿ ਕੋਟਿ ਲਖ ਧਾਵੈ॥
ਇਕੁ ਤਿਲੁ ਤਾ ਕਾ ਮਹਲੁ ਨ ਪਾਵੈ॥੧॥
*(ਵਡਹੰਸੁ ਮ: ੫, ਪੰਨਾ ੫੬੨)*

ਕੋਟਿ ਕੋਟਿ ਤੇਤੀਸ ਧਿਆਵਹਿ
ਤਾ ਕਾ ਅੰਤੁ ਨ ਪਾਵਹਿ ਪਾਰੋ॥

*(ਰਾਮਕਲੀ ਮ: ੪, ਪੰਨਾ ੯੬੨)*

ਕੋਟਿ ਕੋਟਿ ਤੇਤੀਸ ਧਿਆਇਓ
ਹਰਿ ਜਪਤਿਆ ਅੰਤੁ ਨ ਪਾਇਆ॥
ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ
ਮੁਖਿ ਪੰਡਿਤ ਹਰਿ ਗਾਇਆ॥

*(ਮਾਰੂ ਮ: ੪, ਪੰਨਾ ੯੯੫)*

ਇਸ ਤਰ੍ਹਾਂ ਬਾਣੀ ਦੀ ਵੀਚਾਰ ਕਰਦਿਆਂ ਸਾਨੂੰ ਹੋਰ ਭੀ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਗੁਰਮਤ ਨੇ ਉਸ ਸਿਰਜਨਹਾਰ ਦੀ ਗੁਪਤ ਸ਼ਕਤੀ ਨੂੰ ਬੇਅੰਤ, ਬੇਅੰਤ ਦਰਸਾਇਆ ਹੈ। ਸੋ ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆ ਹਨ, ਜਿਨ੍ਹਾਂ ਵਿਚ ਉਸ ਪ੍ਰਭੂ ਦੀ ਉੱਚਤਾ ਦਰਸਾਈ ਹੈ:

(੧) (ਜਿਵੇਂ ਕਿ ਅਸੀਂ ਵੇਖਦੇ ਹਾਂ) ਕਿ ਜੇ ਕੋਈ ਲੱਖਾਂ ਅਸਮਾਨਾਂ ਤੋਂ ਉੱਚਾ ਚੜ੍ਹ ਜਾਏ ਤਾਂ ਫਿਰ ਵੀ ਉਸ ਪ੍ਰਭੂ ਦੀ ਉਚਾਈ ਨੂੰ ਨਹੀਂ ਜਾਣ ਸਕਦਾ।
(੨) (ਕਿਉਂਕਿ) ਉੱਚੇ ਤੋਂ ਉੱਚਾ ਜੋ ਵੀ ਥਾਉ ਜਾ ਗਿਰਾਉ (ਟਿਕਾਣਾ) ਹੈ ਉਹ ਸਭ ਉਸ ਪ੍ਰਭੂ ਦੀ ਵਿਆਪਕਤਾ ਵਿਚ ਹੈ। (ਤੇ ਉਹ ਐਸਾ) ਅਥੱਕ ਹੈ (ਕਿ ਉਸਨੂੰ ਡੂੰਘੀ ਤੋਂ ਡੂੰਘੀ, ਉੱਚੀ ਤੋਂ ਉੱਚੀ ਥਾਂ 'ਤੇ ਪਹੁੰਚਣ ਵਿਚ ਥਕਾਵਟ ਨਹੀਂ ਹੁੰਦੀ, (ਭਾਵ, ਉਹ ਸਭ ਥਾਂ ਹੀ ਹਾਜ਼ਰ ਨਾਜ਼ਰ ਹੈ।)
(੩) ਲੱਖਾਂ ਪਤਾਲਾਂ ਵਿਚ ਡੂੰਘੇ ਚਲੇ ਜਾਓ, ਪਰ ਉਸ (ਪ੍ਰਭੂ) ਦੀ ਡੂੰਘਿਆਈ ਨੂੰ ਨਹੀਂ ਪੁੱਜ ਸਕਦੇ।
(੪) ਉਹ ਪ੍ਰਭੂ ਪੂਰਬ, ਪੱਛਮ, ਉੱਤਰ ਤੇ ਦੱਖਣ ਵਿਚ ਫਿਰਦਾ ਹੈ, ਤੇ ਚਉਫੇਰਿਓਂ ਕੋਈ ਚੀਜ਼ ਉਸਨੂੰ ਢੱਕ (ਕੱਜ) ਜਾ ਰੋਕ ਨਹੀਂ ਸਕਦੀ।
(੫) (ਇਸ ਲਈ ਉਸਦਾ) ਅੰਤ ਕਿਸ ਤਰ੍ਹਾਂ ਵੀ ਨਹੀਂ ਲੱਭ ਸਕਦਾ, ਜਿਸ ਵਿਚ ਅੱਖ ਫਰਕਣ ਜਿੰਨੇ ਸਮੇਂ ਵਿਚ ਸਾਰੀ ਸ੍ਰਿਸ਼ਟੀ ਨੂੰ ਉਤਪੰਨ ਕਰ ਦੇਣ ਦੀ ਸ਼ਕਤੀ ਹੈ।
(੬) (ਐਸਾ ਵਿਸ਼ਾਲ ਸ਼ਕਤੀ ਵਾਲਾ ਪ੍ਰਭੂ) ਫੁੱਲਾਂ ਦੀ ਮਹਿਕ ਵਾਂਗ ਸਾਰੀ ਰਚਨਾ ਵਿਚ ਵਿਆਪਕ ਹੈ।੬।

*ਭਾਵਾਰਥ :* ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਦੁਆਰੇ ਤੱਕੀਏ ਤਾਂ ਉਹ ਪ੍ਰਭੂ ਸਾਨੂੰ ਉੱਚੇ, ਨੀਵੇਂ, ਸੱਜੇ, ਖੱਬੇ, ਪੂਰਬ, ਪੱਛਮ ਸਾਰੇ ਥਾਵਾਂ ਵਿਚ ਵਿਆਪਕ ਦਿਸੇਗਾ, ਕਿਸੇ ਪਾਸੇ ਗਿਆਂ ਭੀ ਉਸਦਾ ਅੰਤ ਨ ਆਵੇਗਾ। ਪਰ ਜਦੋ ਅਸੀਂ ਆਪਣੀ ਸੁਰਤ ਨੂੰ ਅੰਤਰ ਮੁੱਖ ਕਰਕੇ ਤੱਕੀਏ ਤਾਂ ਉਹ ਸਾਨੂੰ ਆਪਣੇ ਅੰਦਰੋਂ ਹੀ ਲੱਭ ਪਵੇਗਾ:

ਯਥਾ—ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ
ਘਟ ਹੀ ਖੋਜਹੁ ਭਾਈ॥੧॥

ਗੁਰੂ ਕਲਗੀਧਰ ਪਾਤਿਸ਼ਾਹ ਭੀ ਆਪਣੇ ਵੀਚਾਰ ਦਸਮ ਗ੍ਰੰਥ ਵਿਚ ਇਉਂ ਹੀ ਅੰਕਤ ਕਰਦੇ ਹਨ ਕਿ ਜੋ ਲੋਕ ਉਸ ਬੇਅੰਤ ਪ੍ਰਭੂ ਦੇ ਅੰਤ ਪਾਉਣ ਦਾ ਖ਼ਿਆਲ ਮੁੱਖ ਰੱਖ ਕੇ ਖੋਜ ਕਰਨ ਲਈ ਟੁਰੇ ਸਨ, ਉਹ ਅੰਤ ਤਾਂ ਨਹੀਂ ਪਾ ਸਕੇ ਆਖ਼ਰ ਆਪਣਾ ਹੀ ਅੰਤ ਕਰ ਬੈਠੇ, ਉਹ ਪ੍ਰਭੂ ਬੇਅੰਤ ਹੀ ਰਿਹਾ, ਜਿਵੇਂ ਕਿ:

ਅੰਤ ਕਉ ਚਾਹਨ ਜੋ ਗਏ ਸੇ ਆਏ ਅੰਤ ਗਵਾਇ॥

*(ਦਸਮ ਗ੍ਰੰਥ)*

ਆਖ਼ਰ ਵੇਦ ਨੇ ਭੀ ਇਹੋ ਗੱਲ ਕਹੀ ਹੈ, ਜਿਵੇਂ ਕਿ:

ਨੇਤਿ ਨੇਤਿ ਕਥੰਤ ਵੇਦਾ॥

## ੭. ਕੁਦਰਤ ਦੇ ਭੇਦ ਨੂੰ ਕਾਦਰ ਹੀ ਜਾਣਦਾ ਹੈ

੧. ਓਅੰਕਾਰਿ ਆਕਾਰ ਕਰਿ
ਥਿਤਿ ਨ ਵਾਰੁ ਨ ਮਾਹੁ ਜਣਾਯਾ।
੨. ਨਿਰੰਕਾਰ ਆਕਾਰ ਵਿਣ
ਏਕੰਕਾਰ ਨ ਅਲਖ ਲਖਾਯਾ।
੩. ਆਪੇ ਆਪਿ ਉਪਾਇ ਕੈ
ਆਪੇ ਅਪਣਾ ਨਾਉਂ ਧਰਾਯਾ।
੪. ਆਦਿ ਪੁਰਖ ਆਦੇਸ ਹੈ
ਹੈ ਭੀ ਹੋਸੀ ਹੋਂਦਾ ਆਯਾ।
੫. ਆਦਿ ਨ ਅੰਤੁ ਬਿਅੰਤ ਹੈ
ਆਪੇ ਆਪਿ ਨ ਆਪੁ ਗਣਾਯਾ।
੬. ਆਪੇ ਆਪੁ ਉਪਾਇ ਸਮਾਯਾ॥੭॥

**ਪਦ ਅਰਥ :** ਮਾਹੁ—ਮਹੀਨਾ। ਆਕਾਰ—ਸਰੂਪ। ਆਦੇਸ—ਨਮਸਕਾਰ। ਨ ਆਪੁ ਗਣਾਇਆ—ਆਪਣਾ ਆਪ ਨਹੀਂ ਜਣਾਉਂਦਾ। ਸਮਾਯਾ—ਲੀਨ ਹੋ ਜਾਂਦਾ ਹੈ।

**ਅਰਥ :**

ਪ੍ਰ: ਭਾਈ ਸਾਹਿਬ ਜੀਓ ! ਤੁਸੀਂ ਭਾਵੇਂ ਕਈ ਵਾਰ ਸਾਨੂੰ ਗੁਰਮਤ ਦੇ ਵੀਚਾਰ ਦ੍ਰਿੜ੍ਹ ਕਰਵਾਉਂਦੇ ਹੋ, ਪਰ ਸਾਡੀ ਅਸਥੂਲ ਬੁੱਧੀ ਦੇ ਕਾਰਨ ਅਸੀਂ ਉਨ੍ਹਾਂ ਗੁਰਬਾਣੀ ਦੇ ਗੰਭੀਰ ਵੀਚਾਰਾਂ ਨੂੰ ਸੀਘਰ ਹੀ ਭੁਲਾ ਬੈਠਦੇ ਹਾਂ ਜਿਸ ਦੇ ਕਾਰਨ ਸਾਨੂੰ ਕਈ ਵੀਚਾਰ ਬਾਰ ਬਾਰ ਪੁੱਛਣੇ ਪੈਂਦੇ ਹਨ. ਇਸ ਲਈ ਆਸ ਹੈ ਕਿ ਆਪ ਜੀ ਸਾਡੀ ਅਸਥੂਲ ਸਮਝ ਪਰ ਵਧੇਰੇ ਧਿਆਨ ਨ ਦੇਵੋਗੇ।

ਹੁਣ ਆਪ ਜੀ ਸਾਨੂੰ ਇਹ ਦੱਸਣ ਦੀ ਕ੍ਰਿਪਾ ਕਰੋ ਕਿ ਇਸ ਸੰਸਾਰਕ ਰਚਨਾ ਦੀ ਉਪਜ ਕਿਵੇਂ ਅਤੇ ਕਦੋਂ ਹੋਈ ਹੈ ? ਕਿਉਂਕਿ ਇਸ ਦੇ ਸੰਬੰਧ ਵਿਚ ਕਈ ਤਰ੍ਹਾ ਦੇ ਖਿਆਲ ਸੁਣਨ ਵਿਚ ਆਉਂਦੇ ਹਨ, ਪਰ ਅਸੀਂ ਆਪ ਜੀ ਤੋਂ ਗੁਰਮਤ ਦੇ ਵੀਚਾਰ ਸੁਣਨਾ ਚਾਹੁੰਦੇ ਹਾਂ ?

ਉ: ਹੇ ਭਾਈਓ ! ਇਸ ਸ੍ਰਿਸ਼ਟੀ ਦੇ ਅਰੰਭਤਾ ਦੇ ਵੀਚਾਰ, ਕਿਵੇਂ ਤੇ ਕਦੋਂ ਹੋਈ ? ਮੈਂ ਪਿਛੇ ਦਰਸਾ ਆਇਆ ਹਾਂ, ਪਰ ਏਥੇ ਕੇਵਲ ਪ੍ਰਕਰਣ ਅਨੁਸਾਰ ਇਹ ਰਚਨਾ ਕਦੋਂ ਰਚੀ ਗਈ ਦੇ ਬਾਰੇ ਚੰਦ ਮੱਤਾਂ ਦੇ ਅਨੁਮਾਨ ਅਰਜ਼ ਕਰਦਾ ਹਾਂ. ਜਿਵੇਂ ਕਿ :

(੧) ਹਿੰਦੂ ਮੱਤ ਕਹਿੰਦਾ ਹੈ ਕਿ ਇਸ ਜਗਤ ਰਚਨਾ ਰਚੀ ਨੂੰ ਇਕ ਅਰਬ, ਛਿਆਨਵੇਂ ਕ੍ਰੋੜ, ਅੱਠ ਲੱਖ, ਤ੍ਰਵੰਜਾ ਹਜ਼ਾਰ ਵਰ੍ਹੇ ਹੋ ਗਏ ਹਨ।

(੨) ਈਸਾਈ ਮੱਤ ਕਹਿੰਦਾ ਹੈ ਕਿ ਕੇਵਲ ਛੇ ਹਜ਼ਾਰ ਵਰ੍ਹੇ ਹੋਏ ਹਨ।

(੩) ਮੁਸਲਮਾਨਾ ਦੇ ਮੱਤ ਅਨੁਸਾਰ ਜਗਤ ਦੀ ਰਚਨਾ ਰਚਿਆਂ ਚੌਦਾਂ ਹਜ਼ਾਰ ਵਰ੍ਹੇ ਗੁਜ਼ਰ ਚੁੱਕੇ ਹਨ।

(੪) ਪਰ ਜਦੋਂ ਅਸੀਂ ਪੱਛਮੀ ਲੇਖਕਾਂ ਦੀ ਰਾਇ ਪੜ੍ਹਦੇ ਹਾਂ ਤਾਂ ਉਨ੍ਹਾਂ ਵਿਚੋਂ ਕਈਆਂ ਦਾ ਖ਼ਿਆਲ ਹੈ ਕਿ ਜਦੋਂ ਇਹ ਧਰਤੀ ਬਨਸਪਤੀ ਪੈਦਾ ਕਰਨ ਦੇ ਯੋਗ ਹੋਈ ਉਸ ਅਰੰਭਤਾ ਦੇ ਸਮੇਂ ਨੂੰ ਡੇਢ ਕਰੋੜ ਸਾਲ ਗੁਜ਼ਰ ਗਏ ਹਨ।

(੫) ਪਰ ਜਦੋਂ ਅਸੀਂ ਪ੍ਰੋਫੈਸਰ ਕੈਰਲਾ ਦਾ ਖ਼ਿਆਲ ਪੜ੍ਹੀਏ ਤਾਂ ਉਹ ਕਹਿੰਦਾ ਹੈ ਕਿ ਜਗਤ ਰਚਨਾ ਰਚੀ ਗਈ ਨੂੰ ਸਤ ਕ੍ਰੋੜ ਸਾਲ ਬੀਤ ਗਏ ਹਨ।

(੬) ਵਿਲੀਅਮ ਟਾਮਸ ਦੇ ਮੱਤ ਅਨੁਸਾਰ ਜਗਤ ਰਚਨਾ ਰਚੀ ਗਈ ਨੂੰ ਦਸ ਕ੍ਰੋੜ ਸਾਲ ਗੁਜ਼ਰ ਗਏ ਹਨ।

(੭) ਪਰ ਜਦੋਂ ਪ੍ਰੋਫੈਸਰ ਹਿਟਲਰ ਦੇ ਵੀਚਾਰ ਪੜ੍ਹੀਏ ਤਾਂ ਉਹ ਇਸ ਜਗਤ ਰਚਨਾ ਬਣੀ ਨੂੰ ਕੇਵਲ ਦੋ ਕ੍ਰੋੜ ਸਾਲ ਹੀ ਬੀਤੇ ਦਸਦਾ ਹੈ।

ਇਸੇ ਤਰ੍ਹਾਂ ਹੋਰ ਭੀ ਮੱਤ ਜਗਤ ਰਚਨਾ ਬਾਰੇ ਪੜ੍ਹਨ ਸੁਣਨ ਵਿਚ ਆਉਂਦੇ ਹਨ, ਪਰ ਇਨ੍ਹਾਂ ਸਾਰਿਆਂ ਦੇ ਪ੍ਰਸਪਰ ਵੀਚਾਰ ਇਕ ਦੂਜੇ ਨਾਲ ਤਾਲ-ਮੇਲ ਉੱਕਾ ਹੀ ਨਹੀਂ ਰਖਦੇ, ਪਰ ਜਦੋਂ ਅਸੀਂ ਗੁਰਬਾਣੀ ਦੀ ਪੜਚੋਲ ਕਰੀਏ ਤਾਂ ਇਹ ਸਾਰੇ ਮੱਤਾਂ ਦੇ ਵੀਚਾਰ ਜਿਥੇ ਜਾ ਕੇ ਖਲੋ ਜਾਂਦੇ ਹਨ, ਗੁਰੂ ਦੀ ਗੁਰਮੱਤ ਉਥੋਂ ਅਰੰਭ ਹੁੰਦੀ ਹੈ, ਜਿਸਨੂੰ ਕੋਈ ਭੀ ਝੁਠਲਾ ਨਹੀਂ ਸਕਦਾ।

ਜਦੋਂ ਅਸੀਂ ਪੁਰਾਤਨ ਸਿਖ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਸਾਨੂੰ ਜਾਣਕਾਰੀ ਮਿਲਦੀ ਹੈ ਕਿ ਸੁਮੇਰ ਪਰਬਤ ਪਰ ਸਿੱਧਾਂ ਨੇ ਭੀ ਇਹੋ ਪ੍ਰਸ਼ਨ ਗੁਰੂ ਨਾਨਕ ਦੇਵ ਜੀ ਦੇ ਸਨਮੁਖ ਹੋ ਕੀਤਾ ਸੀ, ਜਿਸ ਪ੍ਰਸ਼ਨ ਨੂੰ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਆਪਣੀ ਬਾਣੀ ਰਾਹੀਂ ਅੰਕਤ ਕੀਤਾ ਹੈ, ਜਿਵੇਂ ਕਿ :

ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ
ਜਿਤੁ ਹੋਆ ਆਕਾਰੁ ॥ *(ਜਪੁਜੀ, ਪੰਨਾ ੪)*

ਤਾਂ ਆਪ ਜੀ ਨੇ ਉੱਤਰ ਫ਼ੁਰਮਾਨ ਕੀਤਾ ਸੀ ਕਿ ਹੇ ਸਿਧੋ ! ਸੁਣੋ :

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
*(ਜਪੁਜੀ, ਪੰਨਾ ੪)*

ਭਾਵ ਹੈ ਕਿ ਹੇ ਸਿੱਧੋ ! ਜੋ ਤੁਸੀਂ ਇਸ ਸੰਸਾਰਕ ਰਚਨਾ ਦੇ ਰਚੇ ਜਾਣ ਦਾ ਵੇਲਾ, ਵਖਤ, ਥਿਤਿ, ਵਾਰ, ਰੁਤ ਅਤੇ ਮਹੀਨਾ ਪੁੱਛਣਾ ਚਾਹੁੰਦੇ ਹੋ ਇਹ ਤਾਂ ਅੱਜ ਤਕ ਪਿੱਛੇ ਹੋ ਚੁੱਕੇ ਪੰਡਤਾਂ ਨੂੰ ਭੀ ਜਾਣਕਾਰੀ ਨਹੀਂ ਮਿਲ ਸਕੀ, ਕਿਉਂਕਿ ਜੇ ਉਨ੍ਹਾਂ ਨੂੰ ਖ਼ਬਰ ਲੱਗ ਸਕੀ ਹੁੰਦੀ ਤਾਂ ਉਹ ਕਿਸੇ ਪੁਰਾਣ ਵਿਚ ਲੇਖ ਜ਼ਰੂਰ ਲਿਖ ਜਾਂਦੇ, ਜੋ ਲਿਖਕੇ ਨਹੀਂ ਗਏ।

ਇਸ ਪੱਖ ਦੀ ਸੂਝ ਬੂਝ ਕਾਜ਼ੀ ਲੋਕਾਂ ਨੂੰ ਭੀ ਨਹੀਂ ਹੋ ਸਕੀ, ਕਿਉਂਕਿ ਜੇ ਉਨ੍ਹਾਂ ਨੂੰ ਕੁਝ ਸੋਝੀ ਲੱਗੀ ਹੁੰਦੀ

ਤਾਂ ਉਹ ਕੁਰਾਣ ਵਿਚ ਜ਼ਰੂਰ ਕੋਈ ਲੇਖ ਲਿਖਕੇ ਜਾਣਕਾਰੀ ਦੇ ਜਾਂਦੇ, ਜੋ ਨਹੀਂ ਦੇ ਗਏ। ਇਸ ਤੋਂ ਇਹੋ ਸਾਬਤ ਹੁੰਦਾ ਹੈ ਕਿ ਇਸ ਸ੍ਰਿਸ਼ਟੀ ਦੀ ਉਪਜ ਦਾ ਸਮਾ ਕੋਈ ਭੀ ਨਹੀਂ ਜਾਣ ਸਕਿਆ, ਅਤੇ ਨਾ ਹੀ ਕੋਈ ਅਗੇ ਨੂੰ ਭੀ ਜਾਣ ਸਕੇਗਾ, ਇਸ ਲਈ ਕੇਵਲ ਇਹੋ ਹੀ ਕਹਿਣਾ ਬਣਦਾ ਹੈ ਕਿ ਜੋ ਕਰਤਾ ਇਸ ਸ੍ਰਿਸ਼ਟੀ ਦੀ ਰਚਨਾ ਨੂੰ ਸਾਜਨ ਵਾਲਾ ਹੈ ਓਹੀ ਇਸ ਬਾਰੇ ਜਾਣਕਾਰੀ ਰੱਖਦਾ ਹੈ। ਹੋਰ ਕਿਸੇ ਨੂੰ ਭੀ ਇਸ ਗੁਪਤ ਭੇਦ ਦੀ ਜਾਣਕਾਰੀ ਨਹੀਂ, ਕਿਉਂਕਿ ਉਸ ਵੇਲੇ ਦੂਜਾ ਹੋਰ ਕੋਈ ਹੈ ਹੀ ਨਹੀਂ ਸੀ, ਜਿਵੇਂ ਬਾਣੀ ਵਿਚ ਸੰਕੇਤ ਹੈ :

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ ॥ *(ਮ: ੪, ਪੰਨਾ ੫੫੧)*

ਬੀਓ ਪੂਛਿ ਨ ਮਸਲਤਿ ਧਰੈ ॥
ਜੋ ਕਿਛੁ ਕਰੈ ਸੁ ਆਪਹਿ ਕਰੈ ॥੨॥
*(ਗੋਂਡ ਮ: ੫, ਪੰਨਾ ੮੬੩)*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਉਸ ਪਰੀਪੂਰਨ ਪ੍ਰਮੇਸ਼ਰ ਦੀ ਇਸ ਅਗਮ ਅਗੋਚਰ ਰਚਨਾ ਬਾਰੇ ਨਾ ਹੀ ਕੋਈ ਅੱਜ ਤਕ ਅਨੁਭਵ ਕਰ ਸਕਿਆ ਹੈ ਅਤੇ ਨਾ ਹੀ ਕੋਈ ਅਗੇ ਆਉਣ ਵਾਲੇ ਸਮੇਂ ਵਿਚ ਸਮਝ ਹੀ ਸਕੇਗਾ। ਇਸ ਲਈ ਮੈਂ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ :

(੧) (ਵੀਚਾਰ ਦ੍ਰਿਸ਼ਟੀ ਨਾਲ ਤੱਕਿਆਂ ਹਰ ਵਿਅਕਤੀ ਨੂੰ ਇਉਂ ਹੀ ਪ੍ਰਤੀਤ ਹੋਵੇਗਾ ਕਿ ਜਦੋਂ ਉਸ) ਓਅੰਕਾਰ (ਬ੍ਰਹਮ) ਨੇ ਆਕਾਰ (ਕੁਦਰਤ ਦੀ ਰਚਨਾ) ਕੀਤੀ ਹੈ ਤਾਂ ਉਸ ਸਮੇਂ ਨਾ ਕੋਈ ਥਿਤ, ਵਾਰ, ਨਾਹੀ ਮਹੀਨਾ ਸੀ (ਭਾਵ, ਪਹਿਲੇ ਤਾਂ ਸੁੰਨ, ਚੁੱਪ ਚਾਪ ਤੇ ਸ਼ਾਂਤੀ, ਕੋਈ ਚੀਜ ਵੀ ਅਰੰਭ ਵਿਚ ਨਹੀਂ ਸੀ)।

(੨) ਪ੍ਰਮੇਸ਼ਰ (ਨਿਰੰਕਾਰ) ਅਕਾਰ ਤੋਂ ਬਿਨਾ (ਕੇਵਲ) ਜੋਤੀ ਸਰੂਪ ਹੀ ਸੀ। ਉਸ (ਓਅੰਕਾਰ) ਪਸਾਰਾ ਕਰਨ ਵਾਲੇ (ਪ੍ਰਭੂ ਨੇ) ਆਪਣਾ ਭੇਦ ਕਿਸੇ ਨੂੰ ਭੀ ਨਹੀਂ ਜਤਾਇਆ।

(੩) ਆਪੇ ਤੋਂ ਆਪਣਾ ਆਪ ਪੈਦਾ ਕਰਕੇ ਆਪ ਹੀ ਆਪਣਾ ਨਾਉਂ ਜੀਵਾਂ ਦੇ ਮੁਕਤ ਹੋਣ ਲਈ (ਪ੍ਰਮੇਸ਼ਰ ਪਰਮ ਆਤਮਾ) ਧਰਾਇਆ ਸੀ (ਨਾਮ ਨੂੰ ਮੁਕਤੀ ਦਾ ਸਾਧਨ ਬਣਾ ਦਿਤਾ)।

(੪) (ਐਸੇ) ਆਦਿ ਪੁਰਖ (ਪ੍ਰਮੇਸਰ) ਨੂੰ ਨਮਸਕਾਰ ਹੈ, (ਜਿਹੜਾ) ਹੁਣ ਹੈ, ਹੈ ਭੀ ਸੀ ਤੇ ਅਗੇ ਵੀ ਮੁੱਢ ਤੋਂ ਹੀ ਹੁੰਦਾ ਆਇਆ ਹੈ।

(੫) ਉਸਦਾ ਨਾ ਕੋਈ ਆਦਿ ਹੈ ਤੇ ਨਾ ਅੰਤ ਹੈ। ਉਹ ਸਭ ਕੁਝ ਆਪ ਹੀ ਆਪ ਹੈ, ਪਰ ਆਪਣਾ ਆਪ (ਉਹ) ਕਿਸੇ ਨੂੰ ਜਤਾਉਂਦਾ ਨਹੀਂ ਹੈ।

(੬) ਉਹ (ਸ੍ਰਿਸ਼ਟੀ ਨੂੰ) ਆਪੇ ਤੋਂ ਹੀ ਰਚਦਾ ਹੈ ਤੇ ਫਿਰ ਆਪਣੇ ਵਿਚ ਹੀ ਲੀਨ ਕਰ ਲੈਂਦਾ ਹੈ।੭।

***ਭਾਵਾਰਥ :*** ਸ਼ਾਸਤ੍ਰਾਂ ਦੇ ਕਰਤਿਆਂ ਨੇ ਜਿਤਨੇ ਭੀ ਇਸ ਪ੍ਰਪੰਚ ਦੇ ਕਰਤੇ ਮੰਨੇ ਹਨ, ਉਨ੍ਹਾਂ ਦੇ ਸੰਬੰਧ ਵਿਚ ਗੁਰਬਾਣੀ ਨੇ ਫ਼ੈਸਲਾ ਕੁੰਨ ਵੀਚਾਰ ਅੰਕਤ ਕਰ ਦਿਤੇ ਹਨ, ਕਿ ਇਨ੍ਹਾਂ ਸਾਰਿਆਂ ਕਰਤਿਆਂ ਦਾ ਕਾਰਨ ਕੇਵਲ ਇਕੋ ਹੀ ਕਰਤਾਰ ਹੈ, ਜਿਸ ਤੋਂ ਭਿੰਨ ਹੋਰ ਕੋਈ ਕਰਤਾ ਨਹੀਂ ਮੰਨਿਆ ਜਾ ਸਕਦਾ, ਜਿਵੇਂ ਕਿ ਬਾਣੀ ਦਾ ਫ਼ੁਰਮਾਨ ਹੈ :

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥
*(ਮ: ੨, ਪੰਨਾ ੧੪੮)*

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥
*(ਮ: ੧, ਪੰਨਾ ੧੩੫੩)*

ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥
ਕਾਰਣੁ ਕਰਤਾ ਕਰਦਾ ਆਇਆ ॥੧॥
*(ਭੈਰਉ ਮ: ੩, ਪੰਨਾ ੧੧੫੪)*

ਕਾਰਣੁ ਕਰਤੈ ਜੋ ਕੀਆ ਸੋਈ ਹੈ ਕਰਣਾ ॥
ਜੇ ਸਉ ਧਾਵਹਿ ਪ੍ਰਾਣੀਆ ਪਾਵਹਿ ਧੁਰਿ ਲਹਣਾ ॥
*(ਪਉੜੀ, ਪੰਨਾ ੧੧੦੨)*

ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥
ਕਰਣ ਕਾਰਣ ਪ੍ਰਭੁ ਸੋਈ ॥
*(ਸੋਰਠਿ ਮ: ੫, ਪੰਨਾ ੬੨੬)*

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ
ਜਲਿ ਥਲਿ ਮਹੀਅਲਿ ਸੋਇ ॥੧॥ *(ਸਲੋਕੁ, ਪੰਨਾ ੨੭੬)*

ਕਰਨ ਕਰਾਵਨ ਕਰਨੈ ਜੋਗੁ ॥
ਜੋ ਤਿਸੁ ਭਾਵੈ ਸੋਈ ਹੋਗੁ ॥
ਖਿਨ ਮਹਿ ਥਾਪਿ ਉਥਾਪਨਹਾਰਾ ॥
ਅੰਤੁ ਨਹੀ ਕਿਛੁ ਪਾਰਾਵਾਰਾ ॥

ਹੁਕਮੇ ਧਾਰਿ ਅਧਰ ਰਹਾਵੈ ॥
ਹੁਕਮੇ ਉਪਜੈ ਹੁਕਮਿ ਸਮਾਵੈ ॥

*(ਸੁਖਮਨੀ, ਪੰਨਾ ੨੭੬)*

ਇਸ ਤੋਂ ਆਦਿ ਗੁਰਬਾਣੀ ਵਿਚ ਸਾਨੂੰ ਅਨੇਕਾਂ ਪ੍ਰਮਾਣ ਪੜ੍ਹਨ ਵਿਚ ਆਉਂਦੇ ਹਨ, ਜਿਸ ਤੋਂ ਇਹੋ ਭਾਵ ਸਿੱਧ ਹੁੰਦਾ ਹੈ ਕਿ ਉਸ ਕਰਤੇ ਦੀ ਮਿੱਤ ਨੂੰ ਉਹ ਕਰਤਾ ਆਪ ਹੀ ਜਾਣਦਾ ਹੈ ਉਸ ਦੀ ਮਹਿਮਾ ਕੋਈ ਬ੍ਰਹਮਾ ਜਾਂ ਵਿਸ਼ਨੂੰ ਆਦਿ ਭੀ ਨਹੀਂ ਜਾਣ ਸਕਦੇ, ਜਦ ਉਹ ਨਿਰੰਕਾਰ ਆਪਣੀ ਸ੍ਰਿਸ਼ਟੀ ਰਚਦਾ ਹੈ ਉਸ ਦਾ ਸਮਗਰ ਭੇਤ ਉਹ ਖੁਦ ਹੀ ਜਾਣਦਾ ਹੈ।

## ੮. ਕਾਦਰ ਆਪਣੀ ਰਚਨਾ ਤੋਂ ਭੀ ਅਗੰਮ ਹੈ

**੧. ਰੋਮ ਰੋਮ ਵਿਚ ਰਖਿਓਨੁ**
**ਕਰਿ ਵਰਭੰਡ ਕਰੋੜ ਸਮਾਈ।**
**੨. ਕੇਵਡੁ ਵੱਡਾ ਆਖੀਐ**
**ਕਿਤੁ ਘਰਿ ਵੱਸੈ ਕੇਵਡੁ ਜਾਈ।**
**੩. ਇੱਕ ਕਵਾਉ ਅਮਾਉ ਹੈ**
**ਲੱਖ ਦਰੀਆਉ ਨ ਕੀਮਤਿ ਪਾਈ।**
**੪. ਪਰਵਦਗਾਰ ਅਪਾਰ ਹੈ**
**ਪਾਰਾਵਾਰ ਨ ਅਲਖ ਲਖਾਈ।**
**੫. ਏਵਡੁ ਵੱਡਾ ਹੋਇ ਕੈ**
**ਕਿੱਥੈ ਰਹਿਆ ਆਪੁ ਲੁਕਾਈ।**
**੬. ਸੁਰ ਨਰ ਨਾਥ ਰਹੇ ਲਿਵ ਲਾਈ ॥੮॥**

*ਪਦ ਅਰਥ :* ਵਰਭੰਡ—ਬ੍ਰਹਿਮੰਡ। ਸਮਾਈ—ਸਮਾਏ ਹੋਏ, ਰਚੇ ਹੋਏ। ਜਾਈ—ਜਗ੍ਹਾ। ਅਮਾਉ—ਮਿਣਤੀ ਰਹਿਤ। ਪਰਵਦਗਾਰ—ਸਭ ਦੇ ਪਾਲਣ ਵਾਲਾ।

### ਅਰਥ :

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਜਿਸ ਪਰੀਪੂਰਨ ਪ੍ਰਮੇਸਰ ਦੀ ਪ੍ਰਾਪਤੀ ਦੀ ਪ੍ਰੇਰਨਾ ਕਰਦੇ ਆ ਰਹੇ ਹੋ, ਉਸ ਨੂੰ ਪ੍ਰਾਪਤ ਕਿਥੋਂ ਕੀਤਾ ਜਾਏ ? ਕਿਉਂਕਿ ਉਸਨੂੰ ਪ੍ਰਾਪਤ ਕਰਨ ਦੇ ਸੰਸਾਰ ਵਿਚ ਵਖੋ ਵੱਖ ਮੱਤਾ ਵਾਲਿਆਂ ਨੇ ਭਿੰਨ ਭਿੰਨ ਸਾਧਨ ਦਰਸਾਏ ਹਨ, ਪਰ ਤੁਸੀਂ ਗੁਰਮਤ ਅਨੁਸਾਰ ਦੱਸਣ ਦੀ ਕ੍ਰਿਪਾ ਕਰੋ ਕਿ ਉਸਦਾ ਖ਼ਾਸ ਨਿਵਾਸ ਅਸਥਾਨ ਕਿਥੇ ਹੈ ? ਕਿਉਂਕਿ ਕਈਆਂ ਨੇ ਤਾਂ ਘਰ ਬਾਰ ਤੇ ਪ੍ਰਵਾਰ ਨੂੰ ਤਿਆਗ ਕੇ ਜੰਗਲਾਂ ਪਹਾੜਾਂ ਵਿਚ ਜਾ ਵੱਸਣ ਨੂੰ ਹੀ ਸਹੀ ਸਾਧਨ ਮੰਨਿਆ ਹੈ, ਆਪ ਜੀ ਦਾ ਕੀ ਨਿਸ਼ਚਾ ਹੈ ?

ਉ: ਹੇ ਭਾਈਓ! ਇਸ ਬਾਰੇ ਮੇਰੇ ਆਪਣੇ ਵੀਚਾਰ ਕੋਈ ਨਹੀਂ। ਪਰ ਹਾਂ, ਜੋ ਜਾਣਕਾਰੀ ਮੈਨੂੰ ਬਾਣੀ ਦੀ ਵੀਚਾਰ ਕਰਦਿਆਂ ਹੋਈ ਹੈ ਉਹ ਮੈਂ ਤੁਹਾਨੂੰ ਜ਼ਰੂਰ ਦੱਸਣ ਦਾ ਯਤਨ ਕਰ ਸਕਦਾ ਹਾਂ ਕਿ ਗੁਰਮਤ ਨੇ ਜੋ ਲੋਕ ਘਰ ਬਾਰ ਨੂੰ ਤਿਆਗ ਕੇ ਉਸ ਸਿਰਜਨਹਾਰ ਨੂੰ ਜੰਗਲਾਂ ਵਿਚ ਜਾ ਕੇ ਲੱਭਣ ਦਾ ਸਾਧਨ ਮੰਨਦੇ ਹਨ, ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਇਉਂ ਕਿਹਾ ਹੈ ਕਿ ਹੇ ਭਾਈ :

ਕਾਹੇ ਰੇ ਬਨ ਖੋਜਨ ਜਾਈ।
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ ॥੧॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ
ਘਟ ਹੀ ਖੋਜਹੁ ਭਾਈ ॥੧॥
ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ ॥੨॥੧॥

*(ਧਨਾਸਰੀ ਮ: ੯, ਪੰਨਾ ੬੮੪)*

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ ॥੧॥.....
ਪੂਰਨ ਪੂਰਿ ਰਹਿਓ ਸਰਬ ਮਹਿ
ਜਲਿ ਥਲਿ ਰਮਈਆ ਆਹਿਓ ॥

*(ਸੋਰਠਿ ਮ: ੫, ਪੰਨਾ ੬੧੭)*

ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ ॥
ਘਟਿ ਅਵਘਟਿ ਰਵਿਆ ਸਭ ਠਾਈ
ਹਰਿ ਪੂਰਨ ਬ੍ਰਹਮੁ ਦਿਖਾਈਐ ॥੧॥

*(ਦੇਵਗੰਧਾਰੀ ਮ: ੫, ਪੰਨਾ ੫੨੮)*

ਕੋਟੇ ਉਪਾਵ ਮੁਕਤਿ ਕੇ ਕਾਰਨਿ
ਦਹਦਿਸਿ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨੁ
ਤਾ ਕੋ ਮਰਮੁ ਨ ਪਾਇਆ ॥੨॥

(ਜੈਤਸਰੀ ਮ: ੯, ਪੰਨਾ ੭੦੩)

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ ॥
ਘਟ ਹੀ ਮਾਹਿ ਨਿਰੰਜਨੁ ਤੇਰੈ
ਤੈ ਖੋਜਤ ਉਦਿਆਨਾ ॥੨॥

(ਸੋਰਠਿ ਮ: ੯, ਪੰਨਾ ੬੩੨)

ਪ੍ਰਭ ਦਇਆਲ ਦੂਸਰ ਕੋਈ ਨਾਹੀ ॥
ਘਟ ਘਟ ਅੰਤਰਿ ਸਰਬ ਸਮਾਹੀ ॥

(ਗੋਂਡ ਮ: ੫, ਪੰਨਾ ੮੬੬)

ਪੂਰਨ ਪੂਰਿ ਰਹਿਓ ਸ੍ਰਬ ਥਾਈ
ਆਨ ਨ ਕਤਹੂੰ ਜਾਤਾ ॥
ਘਟ ਘਟ ਅੰਤਰਿ ਸਰਬ ਨਿਰੰਤਰਿ
ਰੰਗਿ ਰਵਿਓ ਰੰਗਿ ਰਾਤਾ ॥੩॥

(ਗੂਜਰੀ ਮ: ੫, ਪੰਨਾ ੪੯੬)

ਅੰਤਰਿ ਬਾਹਰਿ ਪੁਰਖੁ ਨਿਰੰਜਨੁ
ਆਦਿ ਪੁਰਖ ਆਦੇਸੋ ॥
ਘਟ ਘਟ ਅੰਤਰਿ ਸਰਬ ਨਿਰੰਤਰਿ
ਰਵਿ ਰਹਿਆ ਸਚੁ ਵੇਸੋ ॥੨॥

ਭੈਰਉ ਮ: ੧, ਪੰਨਾ ੧੧੨੬

ਅਕੁਲ ਨਿਰੰਜਨ ਅਪਰ ਪਰੰਪਰੁ
ਸਗਲੀ ਜੋਤਿ ਤੁਮਾਰੀ ॥੨॥
ਘਟ ਘਟ ਅੰਤਰਿ ਬ੍ਰਹਮੁ ਲੁਕਾਇਆ
ਘਟਿ ਘਟਿ ਜੋਤਿ ਸਬਾਈ ॥

(ਸੋਰਠਿ ਮ: ੧ ਪੰਨਾ ੫੯੭)

ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥
ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ ॥੧॥

(ਸਲੋਕ, ਪੰਨਾ ੨੫੯)

ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਉਹ ਪਰੀਪੂਰਨ ਪ੍ਰਮੇਸ਼ਰ ਇਸ ਰਚਨਾ ਨੂੰ ਰਚਕੇ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ, ਉਸਨੂੰ ਲੱਭਣ ਲਈ ਕਿਤੇ ਬਾਹਰ ਜਾਣ ਦੀ ਲੋੜ ਨਹੀਂ, ਉਸਨੂੰ ਅੰਦਰੋਂ ਹੀ ਪ੍ਰਾਪਤ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ।

ਪ੍ਰ: ਕਿਉਂ ਜੀ ! ਜੇ ਉਹ ਹਰ ਸ਼ੈਅ ਦੇ ਅੰਦਰ ਵਿਆਪਕ ਹੈ ਤਾਂ ਉਹ ਦਿਸਣਾ ਚਾਹੀਦਾ ਹੈ, ਉਹ ਦਿਸਦਾ ਕਿਉਂ ਨਹੀਂ, ਇਸਦਾ ਸਹੀ ਕਾਰਨ ਕੀ ਹੈ ?

ਉ: ਹੇ ਭਾਈਓ ! ਅਸਲ ਵਿਚ ਉਹ ਇਤਨਾ ਸੂਖਮ ਸਰੂਪ ਹੈ ਜਿਸਨੂੰ ਇਨ੍ਹਾਂ ਅਸਥੂਲ ਨੇਤ੍ਰਾਂ ਰਾਹੀਂ ਨਹੀਂ ਵੇਖਿਆ ਜਾ ਸਕਦਾ ਉਸਨੂੰ ਵੇਖਣ ਲਈ ਵੀਚਾਰ ਦੇ ਸੂਖਮ ਨੇਤ੍ਰ ਲੋੜੀਂਦੇ ਹੈਨ, ਇਨ੍ਹਾਂ ਬਾਹਰਲੇ ਅਸਥੂਲ ਨੇਤ੍ਰਾਂ ਰਾਹੀਂ ਨ ਦਿਸਦਾ ਜਾਣਕੇ ਅਸੀਂ ਉਸਦੀ ਹੋਂਦ ਤੋਂ ਇਨਕਾਰੀ ਨਹੀਂ ਹੋ ਸਕਦੇ ਕਿਉਂਕਿ ਅਸੀਂ ਤੱਕਦੇ ਹਾਂ ਕਿ ਹੋਰ ਭੀ ਕਈ ਸ਼ੈਆਂ ਹਨ ਜੋ ਸਾਨੂੰ ਵੇਖਣ ਵਿਚ ਨਹੀਂ ਆਉਂਦੀਆਂ, ਪਰ ਤਾਂ ਭੀ ਅਸੀਂ ਉਨ੍ਹਾਂ ਤੋਂ ਇਨਕਾਰੀ ਨਹੀਂ ਹੋ ਸਕਦੇ, ਜਿਵੇਂ ਕਿ ਸਾਰੀ ਬਨਾਸਪਤੀ ਵਿਚ ਅਗਨ ਵਿਆਪਕ ਹੈ, ਹਰ ਦੁਧ ਵਿਚ ਘਿਉ ਵਿਆਪਕ ਹੈ, ਪਰ ਉਹ ਸਾਨੂੰ ਦਿਸਦਾ ਨਹੀਂ ਉਸਨੂੰ ਦੇਖਣ ਲਈ ਸਾਨੂੰ ਉਪਰਾਲਾ ਕਰਨਾ ਪੈਂਦਾ ਹੈ, ਇਸੇ ਤਰ੍ਹਾਂ ਉਸ ਘਟ ਘਟ ਵਾਸੀ ਪ੍ਰਮੇਸ਼ਰ ਨੂੰ ਸਾਰੀ ਸੰਸਾਰਕ ਰਚਨਾ ਵਿਚ ਵੇਖਣ ਲਈ ਮਸ਼ੱਕਤ ਕਰਨੀ ਪੈਂਦੀ ਹੈ, ਜਿਸ ਮਸ਼ੱਕਤ ਦਾ ਸਦਕਾ ਅਸੀਂ ਉਸ ਨੂੰ ਹਰ ਸ਼ੈਅ ਵਿਚ ਪ੍ਰਤੱਖ ਰੂਪ ਵਿਚ ਵੇਖ ਸਕਦੇ ਹਾਂ, ਮੈਂ ਭੀ ਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਉਸ ਪ੍ਰਭੂ ਦੀ ਵਿਆਪਕਤਾ ਦਾ ਜਿਕਰ ਕੀਤਾ ਹੈ, ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਕਿਤਨਾ ਕੁ ਵੱਡਾ ਹੈ, ਕਿਉਂਕਿ ਸਾਰੇ ਲੋਕ ਉਸਨੂੰ ਇਕ ਦੂਜੇ ਤੋਂ ਸੁਣ ਸੁਣ ਕੇ ਹੀ ਵੱਡਾ ਵੱਡਾ ਆਖਦੇ ਹਨ ਉਸਦੀ ਸਹੀ ਰੂਪ-ਰੇਖਾ ਕੋਈ ਭੀ ਨਹੀਂ ਕਹਿ ਸਕਦਾ, ਮੈਂ ਭੀ ਚੰਦ ਪੰਗਤੀਆਂ ਉੱਕਰੀਆਂ ਹਨ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਉਸ ਪ੍ਰਮੇਸਰ ਨੇ) ਇੱਕ ਇੱਕ ਰੋਮ ਵਿਚ ਕਰੋੜਾਂ ਬ੍ਰਹਿਮੰਡਾ (ਸ੍ਰਿਸ਼ਟੀਆਂ) ਨੂੰ ਰਚ ਕੇ (ਉਨ੍ਹਾਂ ਵਿਚ) ਸਮਾ ਰਿਹਾ ਹੈ।

(੨) (ਇਸ ਲਈ ਐਸੇ ਪ੍ਰਮੇਸ਼ਰ ਨੂੰ) ਕਿਤਨਾ ਕੁ ਵੱਡਾ ਕਹੀਏ, ਤੇ ਕਿਤਨੇ ਵੱਡੇ ਘਰ ਵਿਚ ਰਹਿੰਦਾ ਹੋਵੇਗਾ ਤੇ ਉਹ ਕਿੱਡੀ ਕੁ ਵੱਡੀ ਥਾਂ ਹੋਵੇਗੀ।

(੩) ਜਿਸਦੇ ਇਕ ਵਾਕ ਹੁੰਦੇ ਹੀ ਮਿਣਤੀ (ਗਿਣਤੀ) ਰਹਿਤ ਏਡਾ ਵੱਡਾ ਪਸਾਰਾ ਪਸਰ ਗਿਆ ਕਿ ਲੱਖਾਂ ਹੀ (ਧਰਤੀਆਂ ਤੇ) ਦਰਿਆ ਵਗ ਤੁਰੇ, ਜਿਨ੍ਹਾਂ ਦਾ ਅੰਤ (ਕੀਮੰਤ) ਨਹੀਂ ਆਉਂਦਾ।

(੪) ਫਿਰ ਉਹ ਪਰਵਦਗਾਰ (ਪ੍ਰਮੇਸਰ) ਸਭ ਦੀ ਪਾਲਣਾ ਕਰਨ ਵਾਲਾ ਅਪਾਰ (ਸਮਰਥਾ ਵਾਲਾ) ਹੈ ਜਿਸਦਾ ਉਰਵਾਰ ਪਾਰ ਨਹੀਂ ਪੈਂਦਾ, ਨਾ (ਉਸ) ਅਲੱਖ (ਪ੍ਰਭੂ)

ਦੀ ਲਖਤਾ ਹੀ ਹੋ ਸਕਦੀ ਹੈ।

(੫) ਏਡਾ ਵੱਡਾ ਹੋ ਕੇ ਉਹ ਫਿਰ ਆਪਣੇ ਆਪ ਨੂੰ ਲੁਕਾ ਕੇ ਕਿਸ ਥਾਂ 'ਤੇ ਬੈਠਾ ਹੈ। (ਇਹ ਭੀ ਨਹੀਂ ਕਿਹਾ ਜਾ ਸਕਦਾ)।

(੬) ਸਭ ਦੇਵਤੇ ਨਰ (ਭਗਤ) ਨਾਥ (ਜੋਗੀ) ਲੋਕ ਸਮਾਧੀਆਂ ਲਾ ਲਾ ਹਾਰ ਗਏ ਹਨ (ਪਰ ਉਸਦਾ ਅੰਤ ਨਹੀਂ ਪਾ ਸਕੇ)।੮।

*ਭਾਵਾਰਥ :* ਉਸ ਰਚਨਹਾਰ ਕਰਤਾਰ ਨੇ ਇਸ ਪ੍ਰਪੰਚ ਦੀ ਰਚਨਾ ਨੂੰ ਰਚ ਕੇ ਉਹ ਇਸ ਤੋਂ ਕੋਈ ਵੱਖਰਾ ਨਹੀ ਹੋ ਗਿਆ, ਸਗੋਂ ਜ਼ੱਰੇ ਜ਼ੱਰੇ ਵਿਚ ਸਮਾ ਰਿਹਾ ਹੈ, ਜੇ ਵੀਚਾਰ ਦ੍ਰਿਸ਼ਟੀ ਦੁਆਰੇ ਤੱਕੀਏ ਤਾਂ ਉਹ ਹਰ ਰੋਮ ਰੋਮ ਵਿਚ ਤਾਂ ਇਉਂ ਹੀ ਵੱਸਦਾ ਪ੍ਰਤੀਤ ਹੋਵੇਗਾ ਜਿਵੇਂ ਫਲਾਂ ਵਿਚ ਵਾਸ਼ਨਾ ਵੱਸਦੀ ਹੈ ਅਤੇ ਨਿਰਲੇਪ ਇਉਂ ਵੇਖਿਆ ਜਾਂਦਾ ਹੈ ਜਿਵੇਂ ਸ਼ੀਸ਼ੇ ਨੂੰ ਵੇਖਣ ਵਾਲੇ ਦੀ ਸ਼ੀਸ਼ੇ ਵਿਚ (ਪ੍ਰਤੀਬਿੰਬ) ਛਾਇਆ ਹੁੰਦੀ ਹੈ, ਉਹ ਛਾਇਆ ਸ਼ੀਸ਼ੇ ਦੇ ਵਿਚ ਵਿਆਪਕ ਭੀ ਹੈ ਅਤੇ ਸ਼ੀਸ਼ੇ ਤੋਂ ਵੱਖਰੀ ਭੀ ਹੋਇਆ ਕਰਦੀ ਹੈ। ਇਸੇ ਤਰ੍ਹਾਂ ਉਹ ਘਟ ਘਟ ਵਾਸੀ ਪਰੀਪੂਰਨ ਪ੍ਰਮੇਸ਼ਰ ਸਾਰੀ ਰਚਨਾ ਵਿਚ ਵਿਆਪਕ ਹੁੰਦਾ ਹੋਇਆ ਭੀ ਸਭ ਤੋਂ ਨਿਰਲੇਪ ਰਹਿੰਦਾ ਹੈ।

## ੯. ਕਰਤਾਰ ਆਪਣੀ ਕੀਤੀ ਕ੍ਰਿਤ ਤੋਂ ਭੀ ਅਗੰਮ ਹੈ

੧. ਲੱਖ ਦਰਿਆਉ ਕਵਾਉ ਵਿੱਚ
ਅਤਿ ਅਸਗਾਹ ਅਥਾਹ ਵਹੰਦੇ।
੨. ਆਦਿ ਨ ਅੰਤੁ ਬਿਅੰਤੁ ਹੈ
ਅਗਮ ਅਗੋਚਰ ਫੇਰ ਫਿਰੰਦੇ।
੩. ਅਲਖ ਅਪਾਰ ਵਖਾਣੀਐ
ਪਾਰਾਵਾਰ ਨ ਪਾਰ ਲਹੰਦੇ।
੪. ਲਹਿਰ ਤਰੰਗ ਨਿਸੰਗ ਲੱਖ
ਸਾਗਰ ਸੰਗਮ ਰੰਗ ਰਵੰਦੇ।
੫. ਰਤਨ ਪਦਾਰਥ ਲੱਖ ਲੱਖ
ਮੁੱਲ ਅਮੁੱਲਿ ਨ ਤੁੱਲਿ ਤੁਲੰਦੇ।
੬. ਸਦਕੇ ਸਿਰਜਣਹਾਰਿ ਸਿਰੰਦੇ ॥੯॥

*ਪਦ ਅਰਥ :* ਕਵਾਉ—ਵਾਕ। ਅਸਗਾਹ—ਜੋ ਗਾਹਿਆ ਨਾ ਜਾਵੇ, ਵੀਚਾਰ ਵਿਚ ਨਾ ਆਵੇ। ਲਹਿਰ—ਪਾਣੀ ਦੀ ਛੱਲ। ਤਰੰਗ—ਪਾਣੀ ਵਿਚ ਬੁਲਬੁਲਾ। ਰੰਗ ਰਵੰਦੇ—ਇਕ ਰੂਪ ਹੋ ਜਾਂਦੇ ਹਨ। ਸਦਕੇ—ਕੁਰਬਾਣ ਹੋਣਾ। ਸਿਰੰਦੇ—ਸਿਰਜਨਹਾਰ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਸੰਸਾਰੀ ਲੋਕ ਕਿਸੇ ਸੰਸਾਰਕ ਕਾਰਜ ਦੀ ਅਰੰਭਤਾ ਕਰਦੇ ਹਾਂ, ਤਾਂ ਉਸਨੂੰ ਅਸੀਂ ਪਹਿਲੋਂ ਥੋੜ੍ਹੀ ਮਿਕਦਾਰ ਵਿਚ ਅਰੰਭ ਕਰਦੇ ਹਾਂ ਫਿਰ ਉਸਨੂੰ ਸਹਿਜੇ ਸਹਿਜੇ ਉੱਚੇ ਪੱਧਰ 'ਤੇ ਲੈ ਜਾਂਦੇ ਹਾਂ, ਪਰ ਕੀ ਦਸੋਗੇ ਕਿ ਉਸ ਕਰਤੇ ਕਰਤਾਰ ਨੇ ਇਸ ਬੇਅੰਤ ਸੰਸਾਰ ਦੀ ਰਚਨਾ ਨੂੰ ਰਚਨ ਵੇਲੇ ਪਹਿਲੋਂ ਕਿਥੇ ਅਰੰਭ ਕੀਤਾ ਤੇ ਇਤਨਾ ਵਡੇਰਾ ਪਸਾਰਾ ਪਸਾਰਨ ਲਈ ਕਿਤਨਾ ਕੁ ਸਮਾਂ ਲੱਗਿਆ, ਕਿਉਂਕਿ ਤੁਸਾਂ ਨੇ ਤਾਂ ਇਸ ਪੱਖ ਬਾਰੇ ਪੁਰਾਤਨ ਸਨਾਤਨੀ ਲੋਕਾਂ ਦੇ ਬਹੁਤ ਸਾਰੇ ਪੁਸਤਕ ਪੜ੍ਹੇ ਸੁਣੇ ਹੋਣਗੇ, ਇਸ ਦੀ ਸਾਨੂੰ ਭੀ ਜਾਣਕਾਰੀ ਦਿਓ?

ਉ: ਹੇ ਭਾਈਓ! ਇਸ ਸੰਸਾਰ ਦੀ ਰਚਨਾ ਬਾਰੇ ਮੈਂ ਪਿਛੇ ਕਈ ਬਾਰ ਬਾਣੀ ਦੁਆਰਾ ਵੀਚਾਰ ਪ੍ਰਗਟ ਕਰ ਆਇਆ ਹਾਂ ਕਿ ਇਸ ਸੰਸਾਰ ਦੀ ਰਚਨਾ ਬਾਰੇ ਪੁਰਾਤਨ ਲੋਕਾਂ ਨੇ ਆਪੋ ਆਪਣੀ ਕਪੋਲ ਕਲਪਣਾ ਦਾ ਪ੍ਰਗਟਾਵਾ ਤਾਂ ਕੀਤਾ ਹੈ ਪਰ ਉਸਨੂੰ ਗੁਰਬਾਣੀ ਨੇ ਕਬੂਲ ਨਹੀਂ ਕੀਤਾ ਕਿਉਂਕਿ ਜਦੋਂ ਉਸ ਕਰਤੇ ਨੇ ਇਸ ਸੰਸਾਰ ਦੀ ਰਚਨਾ ਰਚੀ ਹੈ, ਉਸ ਵੇਲੇ ਉਸ ਰਚਨਹਾਰ ਕਰਤਾਰ ਤੋਂ ਬਿਨਾ ਹੋਰ ਕੋਈ ਦੂਜਾ ਹੈ ਹੀ ਨਹੀਂ ਸੀ। ਜਦੋਂ ਹੋਰ ਕੋਈ ਭੀ ਨਹੀਂ ਸੀ ਤਾਂ ਦਸੋ ਉਸ ਸਮੇਂ ਬਾਰੇ ਕੋਈ ਕੀ ਕਹਿ ਸਕਦਾ ਹੈ। ਮੈਂ ਤਾਂ ਇਸ ਸੰਬੰਧ ਵਿਚ ਗੁਰਬਾਣੀ ਦਾ ਅਟੱਲ ਫ਼ੁਰਮਾਨ ਇਉਂ ਹੀ ਪੜ੍ਹਿਆ ਹੈ ਤੇ ਇਸੇ ਪਰ ਵਿਸ਼ਵਾਸ ਰਖਦਾ ਹਾਂ, ਜੋ ਫ਼ੁਰਮਾਨ ਇਉਂ ਹੈ :

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ *(ਜਪੁਜੀ, ਪੰਨਾ ੩)*

ਏਕੋ ਕਰਤਾ ਆਪੇ ਆਪ ॥
ਹਰਿ ਕੇ ਭਗਤ ਜਾਣਹਿ ਪਰਤਾਪ ॥
*(ਮਲਾਰ ਮ: ੫, ਪੰਨਾ ੧੨੭੧*

ਏਕੋ ਕਰਤਾ ਅਵਰੁ ਨ ਕੋਇ॥
ਗੁਰ ਸਬਦੀ ਮੇਲਾਵਾ ਹੋਇ॥ *(ਬਸੰਤੁ ਮ: ੩, ਪੰਨਾ ੧੧੭੪)*

ਏਕੋ ਕਰਤਾ ਜਿਨਿ ਜਗੁ ਕੀਆ॥
ਬਾਝੁ ਕਲਾ ਧਰਿ ਗਗਨੁ ਧਰੀਆ॥੨॥
*(ਬਸੰਤੁ ਮ: ੧, ਪੰਨਾ ੧੧੮੮)*

ਓਅੰਕਾਰਿ ਉਤਪਾਤੀ॥
ਕੀਆ ਦਿਨਸੁ ਸਭ ਰਾਤੀ॥
ਵਣ ਤ੍ਰਿਣੁ ਤ੍ਰਿਭਵਣ ਪਾਣੀ॥
ਚਾਰਿ ਬੇਦ ਚਾਰੇ ਖਾਣੀ॥
ਖੰਡ ਦੀਪ ਸਭਿ ਲੋਆ॥
ਏਕ ਕਵਾਵੈ ਤੇ ਸਭਿ ਹੋਆ॥੧॥
ਕਰਣੈਹਾਰਾ ਬੂਝਹੁ ਰੇ॥
ਸਤਿਗੁਰੁ ਮਿਲੈ ਤ ਸੂਝੈ ਰੇ॥੧॥ਰਹਾਉ॥
ਤ੍ਰੈਗੁਣ ਕੀਆ ਪਸਾਰਾ॥
ਨਰਕ ਸੁਰਗ ਅਵਤਾਰਾ॥
ਹਉਮੈ ਆਵੈ ਜਾਈ॥
ਮਨੁ ਟਿਕਣੁ ਨ ਪਾਵੈ ਰਾਈ॥
ਬਾਝੁ ਗੁਰੂ ਗੁਬਾਰਾ॥
ਮਿਲਿ ਸਤਿਗੁਰ ਨਿਸਤਾਰਾ॥੨॥
*(ਮਾਰੂ ਮ: ੫, ਪੰਨਾ ੧੦੦੩)*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਅਨੇਕਾਂ ਉਦਾਹਰਣ ਪੜ੍ਹਨ ਵਿਚ ਆਉਂਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀ ਰਚਨਾ ਰਚੀ ਹੈ:

(੧) (ਜਿਵੇਂ ਕਿ ਸਾਨੂੰ ਪੁਰਾਤਨ ਬੇਦ ਸ਼ਾਸਤ੍ਰਾਂ ਦੇ ਪੜ੍ਹਨ ਸੁਣਨ ਤੋਂ ਬੋਧ ਮਿਲਦਾ ਹੈ ਕਿ ਉਸ ਪ੍ਰਭੂ ਦੇ) ਇਕ ਬੋਲ (ਰੂਪ ਸਰੀਰ) ਵਿਚ, ਅਤਿ ਅਸਗਾਹ (ਡੂੰਘੇ) ਤੇ ਅਥਾਹ (ਦਰਿਆ) ਵਹਿ ਰਹੇ ਹਨ।

(੨) (ਉਹ, ਜਿਸਦਾ) ਨਾ ਆਦਿ ਹੈ, ਨਾ ਅੰਤ ਤੇ ਬੇਅੰਤ ਹੈ, ਅਗਮ ਅਗੋਚਰ ਫੇਰਾਂ ਵਿਚ (ਭਾਵ ਗਿਣਤੀ ਵਿਚ ਨਾ ਆਉਣ ਵਾਲੇ) ਨੂੰ ਫਿਰ ਰਹੇ ਹਨ। ਭਾਵ ਬ੍ਰਹਮਾ ਤੇ ਵਿਸ਼ਨੂੰ ਵਰਗੇ ਦੇਵਤੇ ਭੀ ਪ੍ਰਭੂ ਦੀ ਰਚਨਾ ਰੂਪੀ ਦੇਹ (ਸ੍ਰਿਸ਼ਟੀ ਵਿਚ) ਘੁੰਮਣ ਘੇਰੇ ਖਾਂਦੇ ਫਿਰਦੇ ਹਨ (ਅੰਤ ਨਹੀਂ ਪਾ ਸਕਦੇ)।

(੩) (ਉਹ ਪ੍ਰਭੂ) ਅਲੱਖ ਤੇ ਅਪਾਰ ਕਿਹਾ ਜਾਂਦਾ ਹੈ, ਉਸਦਾ ਪਾਰਾਵਾਰ ਨਹੀਂ ਪੈ ਸਕਦਾ, ਅੰਤ ਨਹੀਂ ਲੱਭ ਸਕਦਾ।

(੪) ਉਸਦੀ ਸ੍ਰਿਸ਼ਟੀ ਰੂਪ ਸਮੁੰਦਰ ਵਿਚ ਲੱਖਾਂ ਲਹਿਰਾਂ ਤੇ ਤਰੰਗ ਨਿਸੰਗ ਉਠ ਰਹੇ ਹਨ, ਜੋ ਸਮੁੰਦਰਾਂ ਦੇ ਮੇਲ ਦਾ ਰੰਗ ਪੈਦਾ ਕਰਦੇ, ਤੇ ਉਸੇ ਰੰਗ ਵਿਚ ਰੰਗੀਜੇ ਜਾ ਰਹੇ ਹਨ।

(੫) ਲੱਖਾਂ ਹੀ ਰਤਨ ਤੇ ਰਤਨਾਂ ਵਰਗੇ ਪਦਾਰਥ ਹਨ, ਜਿਨ੍ਹਾਂ ਦੇ ਮੁੱਲ ਜਾਣੇ ਨਹੀਂ ਜਾ ਸਕਦੇ, ਜੋ ਅਮੁੱਲ ਹਨ ਤੇ ਕੀਮਤ ਦੇ ਤੋਲ ਨਾਲ ਤੋਲੇ ਨਹੀਂ ਜਾ ਸਕਦੇ।

(੬) ਮੈਂ ਸਦਕੇ ਹਾਂ, ਬਲਿਹਾਰ ਹਾਂ; ਐਸੇ ਸਿਰਜਨਹਾਰ (ਕਰਤੇ) ਦੇ।੯।

***ਭਾਵਾਰਥ:*** ਜਦੋਂ ਅਸੀਂ ਸਮੁੱਚੇ ਭਾਵ ਵੱਲ ਨਿਗਾਹ ਮਾਰੀਏ ਤਾਂ ਸੋਝੀ ਮਿਲਦੀ ਹੈ ਕਿ ਉਸ ਬੇਅੰਤ ਸਿਰਜਨਹਾਰ ਦੀ ਸਿਰਜੀ ਹੋਈ ਰਚਨਾ ਭੀ ਬੇਅੰਤ ਹੈ, ਜਿਸਨੂੰ ਕਿਸੇ ਰੂਪ ਵਿਚ ਭੀ ਕਥਨ ਨਹੀਂ ਕੀਤਾ ਜਾ ਸਕਦਾ, ਉਸਨੇ ਚਾਰੇ ਖਾਣੀਆਂ (ਅੰਡਜ, ਜੇਰਜ, ਉਤਭੁਜ, ਸੇਤਜ) ਦੇ ਜੀਵਾਂ ਨੂੰ ਭਿੰਨ ਭਿੰਨ ਰੂਪਾਂ ਵਿਚ ਪੈਦਾ ਕੀਤਾ ਹੈ, ਜਿਨ੍ਹਾਂ ਨੂੰ ਤੱਕ ਕੇ ਮਨੁੱਖ ਦੀ ਅਕਲ ਅਸਚਰਜਤਾ ਵਿਚ ਚਲੀ ਜਾਂਦੀ ਹੈ, ਇਸ ਦੇ ਸੰਬੰਧ ਵਿਚ ਗੁਰੂ ਕਲਗੀਧਰ ਪਾਤਿਸ਼ਾਹ ਜੀ ਨੇ ਭੀ ਆਪਣੀ ਰਾਇ ਪ੍ਰਗਟਾਈ ਹੈ:

ਤੁਮਰਾ ਲਖਾ ਨ ਜਾਇ ਪਸਾਰਾ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥
*(ਚਉਪਈ ਪਾਤਿਸ਼ਾਹੀ ੧੦ਵੀਂ)*

## ੧੦. ਕਰਤਾ ਪ੍ਰਮੇਸ਼ਰ ਪੂਰਨ ਤੇ ਨਿਰਲੇਪ ਹੈ

**੧. ਪਰਵਦਗਾਰ ਸਲਾਹੀਐ**
**ਸਿਰਠਿ ਉਪਾਈ ਰੰਗ ਬਿਰੰਗੀ।**
**੨. ਰਾਜ਼ਕ ਰਿਜ਼ਕੁ ਸੰਬਾਹਿਦਾ**
**ਸਭਨਾਂ ਦਾਤਿ ਕਰੇ ਅਣਮੰਗੀ।**
**੩. ਕਿਸੈ ਜਿਵੇਹਾ ਨਾਹਿ ਕੋ**
**ਦੁਬਿਧਾ ਅੰਦਰ ਮੰਦੀ ਚੰਗੀ।**
**੪. ਪਾਰਬ੍ਰਹਮ ਨਿਰਲੇਪ ਹੈ**
**ਪੂਰਨ ਬ੍ਰਹਮ ਸਦਾ ਸਹਲੰਗੀ।**
**੫. ਵਰਨਾ ਚਿਹਨਾ ਬਾਹਰਾ**
**ਸਭਨਾਂ ਅੰਦਰ ਹੈ ਸਰਬੰਗੀ।**
**੬. ਪਉਣ ਪਾਣੀ ਬੈਸੰਤਰ ਸੰਗੀ॥੧੦॥**

**ਪਦ ਅਰਥ :** ਪਰਵਦਗਾਰ—ਪਾਲਣਹਾਰ, ਪਾਲਕ। ਸੇਬਾਹਿਦਾ—ਪੁਚਾਂਦਾ ਹੈ। ਰਾਜ਼ਕ—ਰਿਜ਼ਕ ਦੇਣ ਵਾਲਾ। ਸਹਲੰਗੀ—ਮਿਲਿਆ ਹੋਇਆ। ਸਰਬੰਗੀ—ਸਭ ਨਾਲ ਮਿਲਿਆ ਹੋਇਆ। ਸੰਗੀ—ਸਾਥੀ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਆਮ ਲੁਕਾਈ ਵੱਲ ਨਜਰ ਮਾਰਦੇ ਹਾਂ ਪਹਿਲੋਂ ਤਾਂ ਉਪਾਸ਼ਨਾ ਕਰਨ ਵਾਲੇ ਲੋਕ ਬਹੁਤ ਹੀ ਘੱਟ ਦਿਸਦੇ ਹਨ, ਉਨ੍ਹਾਂ ਦਿੱਸਣ ਵਾਲੇ ਉਪਾਸ਼ਕਾਂ ਵਿਚੋਂ ਭੀ ਵੱਖੋ ਵੱਖ ਦੇਵਤਿਆਂ ਦੇ ਉਪਾਸ਼ਕ ਵੇਖੀਦੇ ਹਨ, ਜਿਵੇਂ ਕੋਈ ਬ੍ਰਹਮਾ ਦਾ ਉਪਾਸ਼ਕ ਹੈ, ਕੋਈ ਵਿਸ਼ਨੂੰ ਦਾ, ਕੋਈ ਸ਼ਿਵਜੀ ਦਾ, ਕੋਈ ਗਣੇਸ਼ ਜੀ ਦਾ, ਕੋਈ ਕਿਸੇ ਹੋਰ ਦੇਵੀ ਦੇਵਤੇ ਦਾ ਉਪਾਸ਼ਕ ਮੰਨਿਆ ਜਾਂਦਾ ਹੈ, ਪਰ ਇਹ ਸਾਰੇ ਉਪਾਸ਼ਕ ਆਪੋ ਆਪਣੇ ਦੇਵਤੇ ਤੋਂ ਦੂਸਰੇ ਦੇ ਦੇਵਤੇ ਨੂੰ ਘਟੀਆ ਦੇਵਤਾ ਮੰਨਦੇ ਹਨ, ਪਰ ਇਨ੍ਹਾਂ ਵਿਚੋਂ ਉਹ ਉਪਾਸ਼ਕ ਲੋਕ ਬਹੁਤ ਘੱਟ ਵੇਖੀਦੇ ਹਨ ਜੋ ਆਪਣੇ ਦੇਵਤੇ ਤੋਂ ਬਿਨ ਕਿਸੇ ਦੂਸਰੇ ਦੇਵਤੇ ਨੂੰ ਭੀ ਸਤਿਕਾਰ ਦੇਂਦੇ ਹੋਣ ਸਭੇ ਹੀ ਉਪਾਸ਼ਕ ਆਪੋ ਆਪਣੇ ਦੇਵਤੇ ਦੀ ਸਲਾਹੁਤਾ ਕਰਦੇ ਹਨ, ਪਰ ਇਹ ਦਸੋ ਤੁਸੀਂ ਸਾਰਿਆਂ ਵਿਚੋਂ ਕਿਸ ਉਪਾਸਕ ਨੂੰ ਉੱਚਾ ਅਨੁਭਵ ਕਰਦੇ ਹੋ ਅਤੇ ਕਿਸ ਦੇਵਤੇ ਦੀ ਸਿਫਤੋ-ਸਾਲਾਹ ਕਰਨ ਵਿਚ ਨਿਸਚਾ ਰਖਦੇ ਹੋ ?

ਉ: ਹੇ ਭਾਈਓ ! ਮੈਂ ਤਾਂ ਜੋ ਗੁਰਮਤ ਨੇ ਗੁਰਬਾਣੀ ਵਿਚ ਸੱਚਾ ਮਾਰਗ ਦਰਸਾਇਆ ਹੈ ਉਸੇ ਪਰ ਨਿਸਚਾ ਰੱਖਦਾ ਹਾਂ, ਓਹੀ ਸੱਚੇ ਪ੍ਰਭੂ ਦੀ ਪ੍ਰਾਪਤੀ ਦਾ ਸੱਚਾ ਮਾਰਗ ਹੈ, ਕਿਉਂਕਿ ਸਨਾਤਨ ਮੱਤ ਵਿਚ ਜੋ ਤੇਤੀ ਕ੍ਰੋੜ ਦੇਵਤੇ ਮੰਨੇ ਹਨ ਇਹ ਕਰਤੇ ਨਹੀਂ ਕਰਤੇ ਪੁਰਖ ਦੀ ਕ੍ਰਿਤ ਹਨ, ਕਰਤੇ ਪੁਰਖ ਕਰਤਾਰ ਨੂੰ ਛੱਡ ਕੇ ਉਸਦੀ ਕਿਰਤ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨੀ ਇਹ ਤਾਂ ਇਕ ਭੁੱਲਿਆ ਹੋਇਆ ਮਾਰਗ ਹੈ, ਜੋ ਉਪਾਸ਼ਕ ਨੂੰ ਰੱਬੀ ਦਰਬਾਰ ਤਕ ਨਹੀਂ ਪੁਚਾ ਸਕਦਾ, ਇਸ ਲਈ ਗੁਰਮਤ ਨੇ ਇਕੋ ਪ੍ਰਭੂ ਦੀ ਉਪਾਸ਼ਨਾ ਅਤੇ ਸਿਫਤੋ-ਸਾਲਾਹ ਕਰਨ ਦੀ ਹਰ ਪ੍ਰਾਣੀ ਮਾਤ੍ਰ ਨੂੰ ਗੁਰਬਾਣੀ ਵਿਚ ਬਾਰ ਬਾਰ ਪ੍ਰੇਰਨਾ ਕੀਤੀ ਹੈ, ਜਿਵੇਂ ਕਿ ਹੁਕਮ ਹੈ ਕਿ ਹੇ ਪ੍ਰਾਣੀ :

ਏਕੋ ਜਪਿ ਏਕੋ ਸਾਲਾਹਿ ॥
ਏਕੁ ਸਿਮਰਿ ਏਕੋ ਮਨ ਆਹਿ ॥
ਏਕਸ ਕੇ ਗੁਨ ਗਾਉ ਅਨੰਤ ॥
ਮਨਿ ਤਨਿ ਜਾਪਿ ਏਕ ਭਗਵੰਤ ॥
ਏਕੋ ਏਕੁ ਏਕੁ ਹਰਿ ਆਪਿ ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥
ਅਨਿਕ ਬਿਸਥਾਰ ਏਕ ਤੇ ਭਏ ॥
ਏਕੁ ਅਰਾਧਿ ਪਰਾਛਤ ਗਏ ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥

*(ਸੁਖਮਨੀ, ਪੰਨਾ ੨੮੯)*

ਏਕੋ ਸਿਮਰਹੁ ਭਾਇਰਹੁ ਤਿਸੁ ਬਿਨੁ ਅਵਰੁ ਨ ਕੋਇ ॥

*(ਮ: ੩, ਪੰਨਾ ੧੦੯੨)*

ਏਕੋ ਸਿਮਰਿ ਨ ਦੂਜਾ ਭਾਉ ॥
ਸੰਤ ਸੰਗਿ ਜਪਿ ਕੇਵਲ ਨਾਉ ॥੧॥
ਕਰਮ ਧਰਮ ਨੇਮ ਬ੍ਰਤ ਪੂਜਾ ॥
ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥੨॥

*(ਗਉੜੀ ਮ: ੫, ਪੰਨਾ ੧੯੯)*

ਸੰਤ ਜਨਾ ਮਿਲਿ ਕਰਹੁ ਬੀਚਾਰੁ ॥
ਏਕੁ ਸਿਮਰਿ ਨਾਮ ਆਧਾਰੁ ॥
ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥
ਚਰਨ ਕਮਲ ਰਿਦ ਮਹਿ ਉਰਿਧਾਰਹੁ ॥

*(ਸੁਖਮਨੀ, ਪੰਨਾ ੨੮੮)*

ਏਕੁ ਸਿਮਰਿ ਮਨ ਮਾਹੀ ॥੧॥ਰਹਾਉ॥
ਨਾਮੁ ਧਿਆਵਹੁ ਰਿਦੈ ਬਸਾਵਹੁ
ਤਿਸੁ ਬਿਨੁ ਕੋ ਨਾਹੀ ॥੧॥
ਪ੍ਰਭ ਸਰਨੀ ਆਈਐ ਸਰਬ ਫਲ ਪਾਈਐ
ਸਗਲੇ ਦੁਖ ਜਾਹੀ ॥੨॥
ਜੀਅਨ ਕੋ ਦਾਤਾ ਪੁਰਖੁ ਬਿਧਾਤਾ
ਨਾਨਕ ਘਟਿ ਘਟਿ ਆਹੀ ॥੩॥ *(ਆਸਾ ਮ: ੫, ਪੰਨਾ ੪੦੭)*

ਹਜ ਕਾਬੈ ਜਾਉ ਨ ਤੀਰਥ ਪੂਜਾ ॥
ਏਕੋ ਸੇਵੀ ਅਵਰੁ ਨ ਦੂਜਾ ॥

*(ਭੈਰਉ ਮ: ੫, ਪੰਨਾ ੧੧੩੬)*

ਹਰਿ ਨਾਮੁ ਚੇਤਾ ਅਵਰੁ ਨ ਪੂਜਾ ॥
ਏਕੋ ਸੇਵੀ ਅਵਰੁ ਨ ਦੂਜਾ ॥

*(ਮਾਰੂ ਮ: ੩, ਪੰਨਾ ੧੦੪੮)*

ਏਕੋ ਸੇਵੀ ਸਦਾ ਥਿਰੁ ਸਾਚਾ ॥
ਦੂਜੈ ਲਾਗਾ ਸਭੁ ਜਗੁ ਕਾਚਾ ॥

*(ਮਾਰੂ ਮ: ੩, ਪੰਨਾ ੧੦੪੯)*

ਏਕੋ ਸੇਵਹੁ ਅਵਰੁ ਨ ਕੋਇ॥
ਜਿਤੁ ਸੇਵਿਐ ਸਦਾ ਸੁਖੁ ਹੋਇ॥
ਨਾ ਓਹੁ ਮਰੈ ਨ ਆਵੈ ਜਾਇ॥
ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ॥੨॥

*(ਬਸੰਤੁ ਮ: ੩, ਪੰਨਾ ੧੧੭੪)*

ਜੋ ਲੋਕ ਮਾਲਕ ਦੀ ਉਪਾਸ਼ਨਾ ਕਰਨੀ ਛੱਡਕੇ ਉਸਦੇ ਜਾਚਕਾਂ ਦੀ ਸਿਫ਼ਤਿ-ਸਾਲਾਹ ਕਰਦੇ ਹਨ ਉਨ੍ਹਾਂ ਨੂੰ ਸੰਬੋਧਨ ਕਰਦਿਆਂ ਤਾਂ ਬਾਣੀ ਵਿਚ ਸਤਿਗੁਰੂ ਜੀ ਨੇ ਇਉਂ ਫ਼ੁਰਮਾਨ ਕੀਤਾ ਹੈ ਕਿ ਹੇ ਭੋਲਿਓ! ਜਿਨ੍ਹਾਂ ਦੀ ਤੁਸੀਂ ਅਰਾਧਨਾ ਕਰਦੇ ਹੋ ਉਹ ਦੇਵਤੇ ਤਾਂ ਉਸ ਮਾਲਕ ਦੇ ਦਰ ਦੇ ਮੰਗਤੇ ਹਨ। ਸੋ, ਮਾਲਕ ਨੂੰ ਛੱਡ ਕੇ ਉਸਦੇ ਦਰ ਦੇ ਮੰਗਤਿਆਂ ਦੇ ਮੰਗਤੇ ਬਣਨਾ ਇਹ ਕੋਈ ਸਿਆਣਪ ਨਹੀਂ। ਇਸ ਲਈ ਜੇ ਤੁਸੀਂ ਸਦਾ ਹੀ ਕਲ ਕਲੇਸ਼ ਮਿਟਾਉਣਾ ਚਾਹੁੰਦੇ ਹੋ ਤਾਂ ਉਸੇ ਸੱਚੇ ਪ੍ਰਭੂ ਦਾ ਸਿਮਰਨ ਕਰੋ, ਜਿਸਦਾ ਸਦਕਾ ਰੱਬੀ ਦਰਬਾਰ ਵਿਚ ਆਦਰ ਸਤਿਕਾਰ ਪਾਓਗੇ। ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਅੰਕਤ ਕੀਤਾ ਗਿਆ ਹੈ, ਜਿਵੇਂ ਕਿ:

ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ
ਸੋਇਆ ਮਨੁ ਜਾਗਾਈ॥੨੩॥ *(ਰਾਗੁ ਸੂਹੀ ਮ: ੪, ਪੰਨਾ ੭੫੮)*

ਸਿਮਰਿ ਸਿਮਰਿ ਸਿਮਰਿ ਜਨ ਸੋਇ॥
ਨਾਨਕ ਕਰਮਿ ਪਰਾਪਤਿ ਹੋਇ॥੩॥

*(ਤਿਲੰਗ ਮ: ੫, ਪੰਨਾ ੭੨੪)*

ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ
ਤਨੁ ਮਨੁ ਹੋਇ ਨਿਹਾਲਾ॥ *(ਸੂਹੀ ਮ: ੫, ਪੰਨਾ ੭੪੬)*

ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥
ਨਾਨਕ ਬਿਘਨੁ ਨ ਲਾਗੈ ਕੋਇ॥੧॥
ਉਸਤਤਿ ਮਨ ਮਹਿ ਕਰਿ ਨਿਰੰਕਾਰ॥
ਕਰਿ ਮਨ ਮੇਰੇ ਸਤਿ ਬਿਉਹਾਰ॥

*(ਸੁਖਮਨੀ, ਪੰਨਾ ੨੮੧)*

ਸਿਮਰਤ ਨਾਮੁ ਕਿਲਬਿਖ ਸਭ ਨਾਸੇ॥
ਸਚੁ ਨਾਮੁ ਗੁਰਿ ਦੀਨੀ ਰਾਸੇ॥

*(ਪ੍ਰਭਾਤੀ ਮ: ੫, ਪੰਨਾ ੧੩੩੯)*

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥
ਸਿਮਰਉ ਜਾਸੁ ਬਿਸੁੰਭਰ ਏਕੈ॥
ਨਾਮੁ ਜਪਤ ਅਗਨਤ ਅਨੇਕੈ॥ *(ਸੁਖਮਨੀ, ਪੰਨਾ ੨੬੨)*

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥
ਪ੍ਰਭ ਕੈ ਸਿਮਰਨਿ ਪੂਰਨ ਆਸਾ॥
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥

*(ਸੁਖਮਨੀ, ਪੰਨਾ ੨੬੩)*

ਨਾਮ ਸਿਮਰਨ ਤੋਂ ਬਿਨਾ ਹੋਰ ਜਿਤਨੇ ਭੀ ਦੇਵੀ ਦੇਵਤੇ ਹਨ, ਉਨ੍ਹਾਂ ਦੇ ਬਾਰੇ ਬਾਣੀ ਦਾ ਇਉਂ ਫ਼ੁਰਮਾਨ ਹੈ:

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ
ਰਸਕਿ ਰਸਕਿ ਠਾਕੁਰ ਗੁਨ ਗਾਵਤ॥
ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ
ਧਰਣਿ ਗਗਨ ਆਵਤ ਫੁਨਿ ਧਾਵਤ॥
ਸਿਧ ਮਨੁਖ੍ਯ ਦੇਵ ਅਰੁ ਦਾਨਵ
ਇਕੁ ਤਿਲੁ ਤਾ ਕੋ ਮਰਮੁ ਨ ਪਾਵਤ॥.....
ਰੇ ਮਨ ਮੂੜ ਸਿਮਰਿ ਸੁਖਦਾਤਾ
ਨਾਨਕ ਦਾਸ ਤੁਝਹਿ ਸਮਝਾਵਤ॥੭॥

*(ਸਵਈਏ ਮ ੫ ਕੇ, ਪੰਨਾ ੧੩੮੮)*

ਇਸੇ ਭਾਵ ਨੂੰ ਪ੍ਰਗਟਾਉਂਦਿਆਂ ਬਾਣੀ ਵਿਚ ਹੋਰ ਭੀ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਵਿਚ ਉਸ ਕਰਤੇ ਦੀ ਕ੍ਰਿਤ ਦੇਵੀ ਦੇਵਤਿਆਂ ਦੀ ਅਰਾਧਨਾ ਨੂੰ ਛੱਡਕੇ ਕੇਵਲ ਉਸੇ ਪ੍ਰਮੇਸ਼ਰ ਦੇ ਨਾਮ ਅਰਾਧਨ ਦੀ ਪ੍ਰੇਰਨਾ ਦਿੱਤੀ ਗਈ ਹੈ। ਸੋ ਮੈਂ ਭੀ ਉਪ੍ਰੋਕਤ ਬਾਣੀ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ:

(੧) (ਹੇ ਭਾਈਓ! ਉਸੇ) ਪ੍ਰਿਤਪਾਲਣਾ ਕਰਨੇ ਵਾਲੇ ਨੂੰ ਹੀ ਸਲਾਹੁਣਾ ਕਰੀਏ, ਜਿਸ ਨੇ ਰੰਗਾਂ ਰੰਗਾਂ ਦੀ ਸ੍ਰਿਸ਼ਟੀ ਪੈਦਾ ਕੀਤੀ ਹੈ।
(੨) ਉਹੀ ਰਿਜ਼ਕ ਦਾ ਮਾਲਕ (ਰਾਜ਼ਕ) ਸਭਨੂੰ ਰਿਜ਼ਕ (ਰੋਜ਼ੀ) ਦੇਂਦਾ ਹੈ ਤੇ ਸਭਨਾਂ ਨੂੰ ਅਣਮੰਗੀਆਂ ਦਾਤਾਂ ਦਿੰਦਾ ਹੈ।
(੩) (ਫਿਰ ਅਸੀ ਹੋਰ ਵੇਖਦੇ ਹਾਂ ਕਿ) ਇਕ ਦੂਜੇ ਨਾਲ ਕਿਸੇ ਦਾ ਰੰਗ ਰੂਪ (ਮੁਹਾਂਦਰਾ) ਨਹੀਂ ਮਿਲਦਾ, (ਭਾਵ ਕਿਸੇ ਵਰਗਾ ਦੂਜਾ ਨਹੀਂ, ਜਿਵੇਂ) ਦੁਬਿਧਾ ਵਿਚ ਪੈ ਕੇ (ਭਰਮ ਕੇ) ਕੋਈ ਚੰਗਾ (ਦੈਵੀ ਗੁਣਾਂ ਵਾਲਾ) ਤੇ ਕੋਈ ਮੰਦਾ ਆਸੁਰੀ ਔਗੁਣਾਂ ਵਾਲਾ ਹੈ)।

(੪) ਪਰ ਪ੍ਰਮੇਸ਼ਰ ਇਸ ਸਭ ਕੁਝ ਤੋਂ ਨਿਰਲੇਪ ਹੈ, ਪਰ ਸਭਦੇ ਨਾਲ ਤੇ ਸਭ ਵਿਚ ਮਿਲਿਆ ਹੋਇਆ (ਵਿਆਪਕ) ਹੈ।

(੫) ਵਰਨਾਂ ਚਿਹਨਾਂ ਦੀ ਪਕੜ ਤੋਂ (ਪ੍ਰਮੇਸ਼ਰ) ਬਾਹਰ ਹੈ, ਪਰ ਪਾਣੀ ਵਿਚ ਪਾਣੀ ਦੇ ਮਿਲਣ ਵਾਂਗ ਸਭ ਨਾਲ ਮਿਲਿਆ ਹੋਇਆ ਵੀ ਹੈ।

(੬) (ਏਥੋਂ ਤਕ ਕਿ) ਪਉਣ, ਪਾਣੀ ਤੇ ਅਗਨੀ ਵਿਚ ਵੀ ਉਹ ਸਭ ਦਾ ਸਾਥੀ ਹੈ, (ਭਾਵ, ਪੰਜਾਂ ਤੱਤਾਂ ਵਿਚ ਵੀ ਵਿਆਪਕ ਹੈ)।੧੦।

*ਭਾਵਾਰਥ :* ਉਸ ਪ੍ਰਮਾਤਮਾ ਦੀ ਸੱਤਾ ਤੋਂ ਬਿਨਾ ਕੋਈ ਭੀ ਤੱਤ ਆਪਣਾ ਕੰਮ ਨਹੀਂ ਕਰ ਸਕਦਾ, ਜਿਵੇਂ ਕਿ ਬਾਣੀ ਦਾ ਫ਼ੁਰਮਾਨ ਹੈ ਕਿ : ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥ ਗੱਲ ਕੀ ਪ੍ਰਭੂ ਦੀ ਆਗਿਆ ਵਿਚ ਹੀ ਪਉਣ ਪਾਣੀ ਅੱਗ ਦੇ ਨਿਵਾਸੀ ਜੀਵਾਂ ਦੀ ਭੀ ਪਾਲਣਾ ਹੋ ਰਹੀ ਹੈ, ਪਰ ਇਹ ਸਾਰੇ ਹੀ ਜੀਵਾਂ ਤੋਂ ਕ੍ਰਿਆ ਕਰਾਉਂਦਾ ਹੋਇਆ ਨਿਆਰਾ ਹੈ, ਜਿਵੇਂ ਪਾਣੀ ਦਾ ਆਪਣਾ ਇਕੋ ਰੰਗ ਹੈ, ਪਰ ਉਹ ਜਿਸ ਰੰਗ ਨਾਲ ਮਿਲੇ ਉਸਦਾ ਰੂਪ ਹੀ ਧਾਰਨ ਕਰ ਲੈਂਦਾ ਹੈ ਇਸੇ ਤਰ੍ਹਾਂ ਉਹ ਪ੍ਰਮੇਸ਼ਰ :

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥੨॥

*(ਪੰਨਾ ੫੩੭)*

## ੧੧. ਉਤਪਤੀ ਦਾ ਕਾਰਨ ਪ੍ਰਭੂ ਦੀ ਮਾਇਆ ਹੈ

੧. ਓਅੰਕਾਰ ਆਕਾਰ ਕਰਿ
ਮੱਖੀ ਇੱਕ ਉਪਾਈ ਮਾਯਾ।
੨. ਤਿੰਨ ਲੋਅ ਚਉਦਹ ਭਵਣੁ
ਜਲਥਲ ਮਹੀਅਲ ਛਲ ਕਰਿ ਛਾਯਾ।
੩. ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ
ਦੱਸ ਅਵਤਾਰ ਬਜ਼ਾਰ ਨਚਾਯਾ।
੪. ਜਤੀ ਸਤੀ ਸੰਤੋਖੀਆ
ਸਿੱਧ ਨਾਥ ਬਹੁ ਪੰਥ ਭਵਾਯਾ।
੫. ਕਾਮ ਕਰੋਧ ਵਿਰੋਧ ਵਿੱਚ
ਲੋਭ ਮੋਹ ਕਰਿ ਧ੍ਰੋਹ ਲੜਾਯਾ।
੬. ਹਉਮੈਂ ਅੰਦਰ ਸਭ ਕੋ
ਸੇਰਹੁ ਘੱਟ ਨ ਕਿਨੈ ਅਖਾਯਾ।
੭. ਕਾਰਣ ਕਰਤੇ ਆਪੁ ਲੁਕਾਯਾ॥੧੧॥

*ਪਦ ਅਰਥ :* ਆਕਾਰ—ਸਰੂਪ, ਫੁਰਨਾ। ਮੱਖੀ—ਮਖਿਕਾ, ਚਮਕ, ਦਮਕ ਵਾਲੀ। ਧ੍ਰੋਹ—ਛਲ, ਫਰੇਬ। ਸੇਰਹੁ—ਪੂਰੇ ਸੇਰ ਤੋਂ। ਕਾਰਣ—ਭੇਦ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਪਿੱਛੇ ਇਸ ਸ੍ਰਿਸ਼ਟੀ ਦੇ ਕਰਤੇ ਸ਼ਾਸਤ੍ਰ ਕਾਰਾਂ ਦੇ ਭਿੰਨ ਭਿੰਨ ਵੀਚਾਰ ਦਰਸਾਏ ਹਨ ਜੋ ਵੀਚਾਰ ਇਕ ਦੂਸਰੇ ਨਾਲ ਉੱਕਾ ਹੀ ਤਾਲ-ਮੇਲ ਨਹੀਂ ਰੱਖਦੇ, ਪਰ ਆਪ ਜੀ ਇਹ ਦੱਸੋ ਕਿ ਤੁਹਾਡਾ ਆਪਣਾ ਨਿਸਚਾ ਕੀ ਹੈ ਕਿ ਇਹ ਸੰਸਾਰਕ ਰਚਨਾ ਕਿਵੇਂ ਅਰੰਭ ਹੋਈ ਹੈ ?

ਉ: ਹੇ ਭਾਈਓ ! ਇਸ ਸੰਬੰਧੀ ਮੇਰੇ ਆਪਣੇ ਵੀਚਾਰ ਕੋਈ ਨਹੀਂ, ਪਰ ਮੈਂ ਜੋ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ ਉਸੇ ਤੋਂ ਪੂਰਨ ਨਿਸਚਾ ਰਖਦਾ ਹਾਂ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਕਿ :

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ *(ਜਪੁਜੀ, ਪੰਨਾ ੩)*

ਭਾਵ ਹੈ ਉਸ ਪ੍ਰਮੇਸ਼ਰ ਨੇ ਇਕੋ ਫੁਰਨੇ ਤੋਂ ਇਸ ਸਾਰੀ ਸੂਖਮ ਤੇ ਅਸਥੂਲ ਰਚਨਾ ਨੂੰ ਰਚਿਆ ਹੈ, ਜਿਸਦੇ ਆਰੰਭ ਵਿਚ ਪਹਿਲੋਂ ਮਾਇਆ ਭਾਵ ਇਹੋ ਸੰਕਲਪ ਹੋਇਆ ਕਿ ਮੈਂ ਇਕ ਤੋਂ ਅਨੇਕਾਂ ਰੂਪਾਂ ਦਾ ਪਸਾਰਾ ਪਸਾਰਦਿਆਂ ਇਸ ਤੋਂ ਅਗੇ ਫਿਰ ਸਾਰੇ ਲੋਕ, ਚੌਦਾਂ ਭਵਨ ਤੇ ਜਲ, ਥਲ ਦਾ ਪਸਾਰਾ ਪਸਰ ਗਿਆ, ਬਾਣੀ ਦੇ ਅਜਿਹੇ ਭਾਵਾਂ ਤੋਂ ਪ੍ਰੇਰਤ ਹੋ ਕੇ ਮੈਂ ਇਹ ਉਪ੍ਰੋਕਤ ਪਉੜੀ ਦੀ ਰਚਨਾ ਰਚੀ ਹੈ:

(੧) ਹੇ ਭਾਈਓ ! ਉਸ (ਓਅੰਕਾਰ) ਪ੍ਰਮੇਸ਼ਰ ਨੇ ਇਸ ਸ੍ਰਿਸ਼ਟੀ ਦਾ ਆਕਾਰ ਕਾਇਮ ਕਰਕੇ ਫਿਰ ਮੱਖੀ ਰੂਪ (ਹਰ ਇਕ ਉਤੇ ਬਹਿਣ ਵਾਲੀ) ਮਾਇਆ ਨੂੰ ਪੈਦਾ ਕੀਤਾ। (ਮੱਖੀ ਕਹਿਣ ਤੋਂ ਭਾਵ ਇਹ ਹੈ ਕਿ ਇਹ ਇਕ ਜਗ੍ਹਾ ਟਿਕਦੀ ਨਹੀਂ, ਛਲ ਰੂਪ ਹੈ, ਅਤੇ ਦੁਰਗੰਧੀ ਪਰ ਬਹੁਤ ਹੁੰਦੀ ਹੈ) ਜਿਹਾ ਕਿ ਬਾਣੀ ਦਾ ਫ਼ੁਰਮਾਨ ਹੈ:

ਮਾਖੀ ਰਾਮ ਕੀ ਤੂ ਮਾਖੀ॥
ਜਹ ਦੁਰਗੰਧ ਤਹਾ ਤੂ ਬੈਸਹਿ
ਮਹਾ ਬਿਖਿਆ ਮਦ ਚਾਖੀ॥

*(ਸਾਰਗ ਮ: ੫, ਪੰਨਾ ੧੨੨੨)*

ਭਾਵ ਜਿਥੇ ਵਿਖਜ ਵਿਕਾਰ ਹੋਣ ਉਥੇ ਮਾਇਆ ਦਾ ਪ੍ਰਭਾਵ ਬਹੁਤ ਹੁੰਦਾ ਹੈ।

(੨) (ਅਗਲੀ ਤੁਕ ਵਿਚ ਇਸ ਤੋਂ ਜਗਤ ਦੀ ਉਤਪਤੀ ਦਸਦੇ ਹਨ)। ਤਿੰਨ ਲੋਕ ਚੌਦਾਂ ਭਵਨ (ਭੂਰ, ਭਵਰ, ਸੁਰ, ਮਹਰ, ਜਨ, ਤਪ, ਸਤ, ਅਤਲ, ਬਿਤਲ, ਸੁਤਲ, ਰਸਾਤਲ, ਤਲਾਤਲ, ਮਹਾਤਲ, ਪਤਾਲ ਸਾਰਾ ਸੰਸਾਰ) ਹੋਰ ਜਲ ਥਲ, ਪ੍ਰਿਥਵੀ ਅਕਾਸ਼, ਸਭਨਾਂ ਪਰ (ਮਾਇਆ ਨੇ) ਆਪਣੇ ਛਲ ਕਰਨ ਵਾਲੇ (ਰੂਪ) ਦੀ ਛਾਇਆ (ਕਰ ਰੱਖੀ ਹੈ)।

(੩) ਬ੍ਰਹਮਾ, ਬਿਸ਼ਨ, ਮਹੇਸ਼, (ਤਿੰਨ ਵੱਡੇ ਦੇਵਤੇ) ਤੇ ਦਸ ਅਵਤਾਰਾਂ ਦੇ ਸ੍ਵਾਂਗਾਂ ਨੂੰ ਬਜ਼ਾਰਾਂ ਵਿਚ ਨਚਾ ਦਿੱਤਾ।

(੪) ਜਤੀ, ਸਤੀ, ਸੰਤੋਖੀਆਂ, ਸਿੱਧਾਂ ਤੇ ਨਾਥਾਂ ਨੂੰ ਬਹੁਤੇ ਰਾਹਾਂ ਵਿਚ ਭਰਮਾ ਦਿੱਤਾ ਹੈ।

(੫) ਕਾਮ, ਕ੍ਰੋਧ, ਵਿਚ ਪੈ ਵਿਰੋਧੀ ਹੋ ਕੇ ਲੋਭ, ਮੋਹ ਦੇ ਧ੍ਰੋਹ (ਧੋਖੇ) ਵਿਚ (ਮਾਇਆ ਨੇ) ਸਾਰੇ ਹੀ ਲੜਾ ਦਿੱਤੇ ਹਨ।

(੬) (ਹਉਮੈ) ਤੇ ਹੰਕਾਰ ਦੇ ਨਸ਼ੇ ਵਿਚ ਸਾਰੇ ਨਸ਼ਈ ਹੋ ਗਏ ਹਨ) ਕੋਈ ਵੀ ਆਪਣੇ ਆਪ ਨੂੰ ਊਣਾ (ਪੂਰੇ ਸੇਰ ਤੋਂ) ਜਾਂ ਘੱਟ ਨਹੀਂ ਅਖਵਾਉਂਦਾ (ਭਾਵ ਸਭ ਕੋਈ ਸੋਲ੍ਹਾਂ ਛਟਾਂਕ ਹੀ ਆਪ ਨੂੰ ਮੰਨਦਾ ਹੈ ੧੫ ਛਟਾਂਕ ਕੋਈ ਨਹੀਂ ਮੰਨਦਾ)।

(੭) (ਇਹ ਨਹੀਂ ਜਾਣਦੇ ਕਿ ਸਾਰੇ) ਕਾਰਣ ਕਰਤੇ ਨੇ ਆਪਣੇ ਹੱਥ ਵਿਚ ਰਖੇ ਹੋਏ ਹਨ ਹੋਰ ਕਿਸੇ ਦੇ ਹੱਥ ਨਹੀਂ ਦਿੱਤੇ, ਜਿਵੇਂ ਕਿ ਗੁਰੂ ਫ਼ੁਰਮਾਨ ਹੈ:

ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਾਖੀ ਧਾਰਿ॥੨॥

*(ਪੰਨਾ ੧੩੫੩)*

***ਭਾਵਾਰਥ:*** ਜਦੋਂ ਅਸੀਂ ਛੇ ਸ਼ਾਸਤ੍ਰਾਂ ਦੇ ਕਰਤਿਆਂ ਦੇ ਵੀਚਾਰ ਪੜ੍ਹਦੇ ਹਾਂ ਤਾਂ ਉਨ੍ਹਾਂ ਨੇ ਇਸ ਸੰਸਾਰ ਦੀ ਰਚੀ ਜਾਣ ਦੀ ਅਰੰਭਤਾ ਨੂੰ ਭਿੰਨ ਭਿੰਨ ਦਰਸਾਇਆ ਹੈ ਭਾਵ ਜਿਤਨੀ ਕਿਸੇ ਵਿਚ ਬੁਧੀ ਦੀ ਸ਼ਕਤੀ ਸੀ ਉਹ ਉਤਨੀ ਲਿਖ ਗਿਆ, ਪਰ ਪੂਰਨ ਰੂਪ ਵਿਚ ਦਰਸਾਉਣ ਦੀ ਕਿਸੇ ਵਿਚ ਭੀ ਗੰਮਤਾ ਨਹੀਂ ਵੇਖੀ ਗਈ। ਇਸੇ ਲਈ ਗੁਰੂ ਕਲਗੀਧਰ ਪਾਤਿਸ਼ਾਹ ਜੀ ਨੇ ਫ਼ੈਸਲਾ ਕੁੰਨ ਆਪਣੇ ਵੀਚਾਰ ਲਿਖ ਦਿਤੇ ਕਿ ਹੇ ਪਰੀਪੂਰਨ ਪ੍ਰਮੇਸ਼ਰ:

ਤੁਮਰਾ ਲਖਾ ਨ ਜਾਇ ਪਸਾਰਾ॥
ਕਿਹ ਬਿਧ ਸਜਾ ਪ੍ਰਥਮ ਸੰਸਾਰਾ॥

*(ਚਉਪਈ ਪਾ: ੧੦)*

## ੧੨. ਪ੍ਰਭੂ ਦਾ ਹੁਕਮ ਮਹਾਨ ਹੈ

**੧. ਪਾਤਿਸ਼ਾਹਾਂ ਪਾਤਿਸ਼ਾਹ ਹੈ
ਅਬਿਚਲ ਰਾਜ ਵਡੀ ਪਾਤਸ਼ਾਹੀ।
੨. ਕੇਵਡ ਤਖਤ ਵਖਾਣੀਐ
ਕੇਵਡ ਮਹਲ ਕੇਵਡ ਦਰਗਾਹੀ।
੩. ਕੇਵਡ ਸਿਫਤਿ ਸਲਾਹੀਐ
ਕੇਵਡ ਮਾਲ ਮੁਲਖ ਅਵਗਾਹੀ।
੪. ਕੇਵਡ ਮਾਣ ਮਹੱਤ ਹੈ
ਕੇਵਡ ਲਸਕਰ ਸੇਵ ਸਿਪਾਹੀ।
੫. ਹੁਕਮੈ ਅੰਦਰ ਸਭ ਕੋ
ਕੇਵਡ ਹੁਕਮ ਨ ਬੇਪਰਵਾਹੀ।
੬. ਹੋਰਸ ਪੁੱਛਿ ਨ ਮਤਾ ਨਿਬਾਹੀ॥੧੨॥**

***ਪਦ ਅਰਥ:*** ਅਬਿਚਲ—ਅਟੱਲ, ਅਬਿਨਾਸ਼ੀ। ਦਰਗਾਹੀ—ਦਰਬਾਰ, ਮੁਸਾਹਿਬ। ਸਿਫਤਿ—ਮਹਿਮਾ, ਉਸਤੱਤ। ਅਵਗਾਹੀ—ਬੇਅੰਤ, ਵੀਚਾਰੀਏ। ਮਾਣ ਮਹਤੁ—ਵੱਡਾ ਮਾਣ ਪ੍ਰਤਾਪ। ਲਸਕਰ—ਸੈਨਾ, ਫ਼ੌਜ। ਸੇਵ ਸਿਪਾਹੀ—ਸੇਵਕ, ਜੋ ਸਿਪਾਹੀਆਂ ਵਾਂਗ ਤਿਆਰ-ਬਰ-ਤਿਆਰ ਹੁਕਮੀ ਬੰਦੇ ਹਨ। ਬੇਪਰਵਾਹੀ—ਚਿੰਤਾ ਰਹਿਤ, ਬੇ-ਫ਼ਿਕਰ।

### ਅਰਥ:

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਪੁਰਾਤਨ ਹੋ ਗੁਜ਼ਰੇ ਸ਼ਾਹਾਂ ਪਾਤਿਸ਼ਾਹਾਂ, ਰਾਜੇ ਮਹਾਰਾਜਿਆਂ ਦੇ ਜੀਵਨਾ ਬਾਰੇ ਪੁਸਤਕਾਂ ਪੜ੍ਹਦੇ ਹਾਂ ਤਾਂ ਉਨ੍ਹਾਂ ਪੁਸਤਕਾਂ ਰਾਹੀਂ ਉਨ੍ਹਾਂ ਦੇ ਬਾਰੇ ਪੂਰੀ ਪੂਰੀ ਜਾਣਕਾਰੀ ਮਿਲਦੀ ਹੈ ਕਿ ਉਹ ਕਿਤਨੀ ਕਿਤਨੀ ਸਰੀਰਕ ਸ਼ਕਤੀ ਤੇ ਧਨ ਦੌਲਤ ਦੇ ਮਾਲਕ ਅਤੇ ਰਾਜ ਭਾਗ ਦੀ ਸ਼ਕਤੀਸ਼ਾਲੀ ਦੇ ਤੇ ਫ਼ੌਜਾਂ ਦੁਆਰਾ ਸੈਨਾ ਪਰ ਹਕੂਮਤ ਕਰਦੇ ਸਨ, ਕਿਉਂ ਜੀ! ਦਸੋਗੇ ਕਿ ਤੁਸੀਂ ਜਿਸ ਪ੍ਰਮੇਸ਼ਰ ਪਾਤਿਸ਼ਾਹ ਦੇ ਬਾਰੇ ਜ਼ਿਕਰ ਕਰਦੇ ਆ ਰਹੇ ਹੋ, ਕਿ ਉਹ ਵੱਡਾ

ਪਾਤਿਸ਼ਾਹ ਹੈ, ਪਰ ਉਸਦੀ ਹਰ ਪਖੋਂ ਵਡਿਆਈ ਕਿਤਨੀ ਕੁ ਵਡੇਰੀ ਹੈ, ਤਾਕਿ ਸਾਨੂੰ ਭੀ ਉਸਦੀ ਸਕਤੀ ਦਾ ਬੋਧ ਹੋ ਸਕੇ ?

ਉ: ਹੇ ਭਾਈਓ ! ਜਿਨ੍ਹਾਂ ਪੁਰਾਤਨ ਹੋ ਗੁਜ਼ਰੇ ਰਾਜੇ, ਮਹਾਰਾਜੇ, ਪਾਤਿਸ਼ਾਹਾਂ ਦਾ ਤੁਸੀਂ ਜ਼ਿਕਰ ਕਰਦੇ ਹੋ ਉਹ ਕਰਤੇ ਪ੍ਰਮੇਸ਼ਰ ਪਾਤਿਸ਼ਾਹ ਦੀ ਕਿਰਤ ਸਨ, ਉਹ ਪ੍ਰਮੇਸ਼ਰ ਰਾਜੇ ਮਹਾਰਾਜਿਆਂ ਤੇ ਸ਼ਾਹਾਂ ਪਾਤਿਸ਼ਾਹਾਂ ਦਾ ਸ਼੍ਰੋਮਣੀ ਪਾਤਿਸ਼ਾਹ ਹੈ, ਇਹ ਬੋਧ ਸਾਨੂੰ ਗੁਰਬਾਣੀ ਦੁਆਰੇ ਮਿਲਦਾ ਹੈ, ਜਿਵੇਂ ਕਿ :

ਜੋ ਤਿਸੁ ਭਾਵੈ ਸੋਈ ਕਰਸੀ
ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ
ਨਾਨਕ ਰਹਣੁ ਰਜਾਈ ॥੧॥

(ਆਸਾ ਮ: ੧, ਪੰਨਾ ੯)

ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ॥
ਸਭਿ ਜਨ ਕਉ ਆਇ ਕਰਹਿ ਰਹਰਾਸਿ ॥

(ਮ: ੪, ਪੰਨਾ ੩੦੫)

ਸਾਹ ਪਾਤਿਸਾਹ ਸਿਰਿ ਖਸਮੁ ਤੂੰ
ਜਪਿ ਨਾਨਕ ਜੀਵੈ ਨਾਉ ਜੀਉ ॥੧੯॥

(ਸਿਰੀ ਰਾਗੁ ਮ: ੧, ਪੰਨਾ ੭੨)

ਕੋਊ ਹਰਿ ਸਮਾਨਿ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ ॥

(ਬਿਲਾਵਲੁ, ਪੰਨਾ ੮੫੬)

ਨਾਵ ਜਿਨਾ ਸੁਲਤਾਨ ਖਾਨ ਹੋਂਦੇ ਡਿਠੇ ਖੇਹ ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥

(ਸ੍ਰੀ ਰਾਗੁ ਮ: ੧, ਪੰਨਾ ੧੬)

ਬਿਨੁ ਸਿਮਰਨ ਜੋ ਜੀਵਨੁ ਬਲਨਾ
ਸਰਪ ਜੈਸੇ ਅਰਜਾਰੀ ॥
ਨਵਖੰਡਨ ਕੋ ਰਾਜੁ ਕਮਾਵੈ
ਅੰਤਿ ਚਲੈਗੋ ਹਾਰੀ ॥੧॥

(ਟੋਡੀ ਮ: ੫, ਪੰਨਾ ੭੧੨)

ਰਾਜੇ ਓਇ ਨ ਆਖੀਅਹਿ
ਭਿੜਿ ਮਰਹਿ ਫਿਰਿ ਜੂਨੀ ਪਾਹਿ ॥
ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ
ਸੋਭਾ ਮੂਲਿ ਨ ਪਾਹਿ ॥੧॥

(ਸਲੋਕੁ ਮ: ੩, ਪੰਨਾ ੫੯੦)

ਰਾਜੁ ਕਹਾਵੈ ਹਉ ਕਰਮ ਕਮਾਵੈ
ਬਾਧਿਓ ਨਲਿਨੀ ਭ੍ਰਮਿ ਸੂਆ ॥੨॥
ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ
ਸੋ ਜਨੁ ਨਿਹਚਲੁ ਥੀਆ ॥੩॥ (ਆਸਾ ਮ: ੫, ਪੰਨਾ ੪੦੭)

ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ॥
ਸੰਚੰਤਿ ਬਿਖਿਆ ਛਲੰ ਛਿਦ੍ਰੰ
ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥੧॥

(ਸਲੋਕ, ਪੰਨਾ ੭੦੮)

ਰਾਜੁ ਕਮਾਵੈ ਦਹਦਿਸ ਸਾਰੀ ॥
ਮਾਣੈ ਰੰਗ ਭੋਗ ਬਹੁ ਨਾਰੀ ॥
ਜਿਉ ਨਰਪਤਿ ਸੁਪਨੈ ਭੇਖਾਰੀ ॥੩॥

(ਰਾਗੁ ਗਉੜੀ ਮਹਲਾ ੫, ਪੰਨਾ ੧੭੬)

ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥
ਤਿਨ੍ਹਿ ਕਰਿ ਜਗ ਅਠਾਰਹ ਘਾਏ
ਕਿਰਤੁ ਨ ਚਲੈ ਚਲਾਇਆ ॥੪॥

(ਪ੍ਰਭਾਤੀ ਮ: ੧, ਪੰਨਾ ੧੩੪੪)

ਰਾਜੁ ਜੋਬਨੁ ਅਵਧ ਜੋ ਦੀਸੈ
ਸਭੁ ਕਿਛੁ ਜੁਗ ਮਹਿ ਘਾਟਿਆ ॥
ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ
ਇਹੁ ਨਾਨਕ ਹਰਿ ਧਨੁ ਖਾਟਿਆ ॥੪॥

(ਗਉੜੀ ਮ: ੫, ਪੰਨਾ ੨੦੭)

ਰਾਜ ਜੋਬਨ ਬਿਸਰੰਤ ਹਰਿ ਮਾਇਆ
ਮਹਾ ਦੁਖੁ ਏਹੁ ਮਹਾਂਤ ਕਹੈ ॥

(ਧਨਾਸਰੀ ਮ: ੫, ਪੰਨਾ ੬੮੩)

ਰਾਜੰ ਤ ਮਾਨੰ ਅਭਿਮਾਨੰ ਤ ਹੀਨੰ ॥
ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ ॥
ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ
ਨਾਨਕ ਭਗਵੰਤ ਭਜਨਾਸਨੰ ॥੧੨॥

(ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੫)

ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥

(ਸ੍ਰੀ ਰਾਗੁ ਮ: ੧, ਪੰਨਾ ੫੭)

ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥
ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ ॥੧॥
ਪਿਤਾ ਮੇਰੋ ਬਡੋ ਧਨੀ ਅਗਮਾ ॥
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ ॥

(ਗੂਜਰੀ ਮ: ੫, ਪੰਨਾ ੫੦੭)

ਰਾਜਨ ਮਹਿ ਰਾਜਾ ਉਰਝਾਇਓ
ਮਾਨਨ ਮਹਿ ਅਭਿਮਾਨੀ॥
ਲੋਭਨ ਮਹਿ ਲੋਭੀ ਲੋਭਾਇਓ
ਤਿਉ ਹਰਿ ਰੰਗਿ ਰਚੇ ਗਿਆਨੀ ॥੧॥
*(ਸੋਰਠਿ ਮ: ੫, ਪੰਨਾ ੬੧੩)*

ਰਾਜ ਭੋਗ ਅਰੁ ਛਤ੍ਰ ਸਿੰਘਾਸਨ
ਬਹੁ ਸੁੰਦਰਿ ਰਮਨਾ॥
ਪਾਨ ਕਪੂਰ ਸੁਬਾਸਕ ਚੰਦਨ
ਅੰਤਿ ਤਊ ਮਰਨਾ ॥੩॥ *(ਆਸਾ, ਪੰਨਾ ੪੭੭)*

ਰਾਜੁ ਮਾਲੁ ਅਨੇਕ ਭੋਗ ਰਸ
ਸਗਲ ਤਰਵਰ ਕੀ ਛਾਮ॥
ਧਾਇ ਧਾਇ ਬਹੁ ਬਿਧਿ ਕਉ ਧਾਵੈ
ਸਗਲ ਨਿਰਾਰਥ ਕਾਮ ॥੧॥
*(ਟੋਡੀ ਮ: ੫, ਪੰਨਾ ੭੧੩)*

ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ॥
ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ॥
ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ॥
ਚਿਤਿ ਨ ਆਇਓ ਪਾਰਬ੍ਰਹਮੁ
ਤਾ ਸਰਪ ਕੀ ਜੂਨਿ ਗਇਆ ॥੬॥
ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ॥
ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ॥
ਲਸਕਰ ਤਰਕਸ ਬੰਦ ਬੰਦ ਜੀਉ ਜੀਉ ਸਗਲੀ ਕੀਤ॥
ਚਿਤਿ ਨ ਆਇਓ ਪਾਰਬ੍ਰਹਮੁ
ਤਾ ਖੜਿ ਰਸਾਤਲਿ ਦੀਤ ॥੭॥
*(ਸ੍ਰੀ ਰਾਗੁ ਮ: ੫, ਪੰਨਾ ੭੦)*

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ॥
ਬਹੁਤੁ ਦਰਬੁ ਹਸਤੀ ਅਰੁ ਘੋੜੇ
ਲਾਲ ਲਾਖ ਬੈ ਆਨੀ॥
ਆਗੈ ਦਰਗਹਿ ਕਾਮਿ ਨ ਆਵੈ
ਛੋਡਿ ਚਲੈ ਅਭਿਮਾਨੀ ॥੧॥
*(ਆਸਾ ਮ: ੫, ਪੰਨਾ ੩੭੯)*

ਰਾਜ ਮਿਲਖ ਅਰੁ ਬਹੁਤੁ ਫੁਰਮਾਇਸਿ॥
ਮਨੁ ਨਹੀ ਧ੍ਰਾਪੈ ਤ੍ਰਿਸਨਾ ਨ ਜਾਇਸਿ॥
*(ਆਸਾ ਮ: ੫, ਪੰਨਾ ੩੭੩)*

ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥
ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥
ਮਾਇਆ ਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ॥
*(ਬਿਲਾਵਲੁ ਮ: ੫, ਪੰਨਾ ੮੧੧)*

ਇਸ ਤਰ੍ਹਾਂ ਬਾਣੀ ਦੀ ਵੀਚਾਰ ਕਰਦਿਆਂ ਸਾਨੂੰ ਅਨੇਕਾਂ ਉਦਾਹਰਣ ਮਿਲਦੇ ਹਨ ਕਿ ਉਹ ਪ੍ਰਮੇਸ਼ਰ ਸਾਰੇ ਪਾਤਿਸ਼ਾਹਾਂ ਦਾ ਸ਼੍ਰੋਮਣੀ ਪਾਤਿਸ਼ਾਹ ਤੇ ਰਾਜਿਆਂ ਦਾ ਰਾਜਾ ਹੈ, ਪਿਛੇ ਹੋ ਗੁਜ਼ਰੇ ਅਨੇਕਾਂ ਰਾਜੇ ਤੇ ਇਨ੍ਹਾਂ ਦੀ ਰਾਜ, ਮਾਲ, ਧਨ ਦੌਲਤ ਸਾਰੀ ਦੀ ਸਾਰੀ ਸਮਗ੍ਰੀ ਭੀ ਨਾਸਵੰਤ ਹੈ, ਪਰ ਇਕੋ ਇਕ ਉਹ ਪ੍ਰਮੇਸ਼ਰ ਪਾਤਿਸ਼ਾਹ ਸਦਾ ਅਬਿਨਾਸ਼ੀ ਹੈ, ਜੋ ਅਗੇ ਨੂੰ ਭੀ ਸਦਾ ਅਚੱਲ ਰਹਿਣ ਵਾਲਾ ਹੈ, ਬਾਣੀ ਦੇ ਉਪ੍ਰੋਕਤ ਭਾਵਾਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਉਸ ਅਬਿਨਾਸ਼ੀ ਰਾਜ ਦੇ ਮਾਲਕ ਪ੍ਰਮੇਸ਼ਰ ਪਾਤਿਸ਼ਾਹ ਦੀ ਰੋਚਕ ਵਡਿਆਈ ਦਾ ਨਿਰੂਪਨ ਕੀਤਾ ਹੈ, ਜਿਵੇਂ ਕਿ :

(੧) (ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਨਾਲ ਤੱਕਾਂਗੇ ਤਾਂ ਸਾਨੂੰ ਬੋਧ ਹੋਵੇਗਾ ਕਿ ਉਹ ਪ੍ਰਮੇਸ਼ਰ) ਪਾਤਿਸ਼ਾਹਾਂ ਦਾ ਭੀ ਵੱਡਾ ਪਾਤਿਸ਼ਾਹ ਹੈ, ਜਿਸਦਾ ਰਾਜ ਅਚਲ ਅਤੇ ਵੱਡੀ (ਬੇਓੜਕੀ) ਪਾਤਿਸ਼ਾਹਤ ਹੈ।

(੨) ਉਸਦੇ ਰਾਜ ਸਿੰਘਾਸਣ ਨੂੰ ਕਿੱਡਾ ਕੁ ਕਹਿਕੇ ਦੱਸੀਏ। ਕਿੱਡੇ ਕੁ ਉਸਦੇ ਰਾਜ-ਮੰਦਰ (ਮਹਲ) ਹਨ ਤੇ ਕਿੱਡਾ ਕੁ ਵੱਡਾ ਦਰਬਾਰ (ਦਰਗਾਹ ਇਨਸਾਫ਼ ਕਰਨ ਵਾਲੀ) ਹੈ।

(੩) ਐਸੇ ਮਹਾਨ ਪ੍ਰਮੇਸ਼ਰ ਦੀ ਕਿੰਨੀ ਕੁ ਸਿਫ਼ਤ ਸਲਾਹੁਤਾ ਕਰ ਕਰ ਸਲਾਹੀਏ। ਕਿੰਨਾ ਕੁ ਉਸਦਾ ਮਾਲ (ਸਾਜ਼ੋ-ਸਾਮਾਨ) ਹੈ ਤੇ ਕਿੰਨਾ ਮੁਲਖ ਦਾ (ਰਕਬਾ) ਹੈ ਜੋ ਗਾਹਿਆ (ਫਿਰਿਆ) ਨਹੀਂ ਜਾ ਸਕਦਾ।

(੪) ਕਿੱਡੇ ਉਹ ਮਾਣ (ਸਤਿਕਾਰ) ਤੇ ਮਹੱਤਤਾ (ਪਰਤਾਪ ਵਾਲਾ ਹੈ, ਕਿੰਨੇ ਕੁ ਹਜ਼ੂਰੀ ਸੇਵਕ, ਸਿਪਾਹੀ ਤੇ ਕਿੰਨੀ ਕੁ ਫ਼ੌਜ ਦਾ ਲਸ਼ਕਰ ਹੈ (ਭਾਵ ਸਭ ਕੁਝ ਹੀ ਗਿਣਤੀ ਤੇ ਅੰਦਾਜ਼ੇ ਤੋਂ ਰਹਿਤ) ਹੈ।

(੫) ਸਭ ਉਤੇ ਉਸਦਾ ਹੁਕਮ ਹੈ ਤੇ ਸਭ ਉਸਦੇ ਹੁਕਮ ਵਿਚ ਹਨ, ਪਰ ਹੁਕਮ ਦਾ ਵੀ ਕੋਈ ਅੰਦਾਜ਼ਾ ਨਹੀਂ ਕਿ ਕਿੱਡਾ ਕੁ ਵੇਪਰਵਾਹੀ ਵਾਲਾ ਹੈ।

(੬) (ਉਹ) ਪ੍ਰਮੇਸ਼ਰ ਹੁਕਮ ਕਰਨ ਲਗਿਆਂ ਕਿਸੇ ਹੋਰ ਨਾਲ ਸਲਾਹ ਨਹੀਂ ਕਰਦਾ, ਜੋ ਕੁਛ ਕਰਦਾ ਹੈ ਉਹ ਆਪ ਹੀ ਕਰੀ ਜਾ ਰਿਹਾ ਹੈ।੧੨।

***ਭਾਵਾਰਥ :*** *ਬਾਣੀ ਵਿਚ ਕਈ ਥਾਵਾਂ 'ਤੇ ਉਸ ਅਕਾਲ ਪੁਰਖ ਦੇ ਅਨੰਤ ਹੀ ਵਿਸ਼ੇਸ਼ਣ ਅੰਕਤ ਕੀਤੇ ਗਏ ਹਨ ਕਿ ਉਹ ਕਿਸੇ ਵਜ਼ੀਰ ਤੋਂ ਮਤਾ ਨਹੀਂ ਪੁੱਛਦਾ, ਉਹ ਆਪਣੀ ਇੱਛਾ ਪੂਰਵਕ ਖੇਲ ਕਰਕੇ ਆਪ ਹੀ ਤਮਾਸ਼ਾ ਵੇਖ ਰਿਹਾ ਹੈ। ਕਿਉਂਕਿ ਬਾਣੀ ਦਾ ਇਹੋ ਹੁਕਮ ਹੈ :*

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ॥

ਭਾਵ ਹੈ ਕਿ ਇਹ ਸਾਰਾ ਪਸਾਰਾ ਕਰਨ ਵੇਲੇ ਕਿਸੇ ਦੂਜੇ ਕੋਲੋਂ ਪੁੱਛ ਕੇ ਨਹੀਂ ਕੀਤਾ।

## ੧੩. ਦਾਤਾਂ ਨੂੰ ਪਾ ਕੇ ਦਾਤੇ ਨੂੰ ਵਿਸਾਰਨ ਵਾਲੇ

੧. ਲੱਖ ਲੱਖ ਬ੍ਰਹਮੇ ਵੇਦ ਪੜ੍ਹਿ
ਇੱਕਸ ਅੱਖਰ ਭੇਦੁ ਨ ਜਾਤਾ।
੨. ਜੋਗ ਧਿਆਨ ਮਹੇਸ਼ ਲੱਖ
ਰੂਪ ਨ ਰੇਖ ਨ ਭੇਖ ਪਛਾਤਾ।
੩. ਲੱਖ ਅਵਤਾਰ ਅਕਾਰ ਕਰਿ
ਤਿਲ ਵੀਚਾਰ ਨ ਬਿਸਨ ਪਛਾਤਾ।
੪. ਲੱਖ ਲੱਖ ਨਉਤਨ ਨਾਉਂ ਲੈ
ਲੱਖ ਲੱਖ ਸੇਖ ਵਿਸੇਖ ਨ ਤਾਤਾ।
੫. ਚਿਰਜੀਵਨ ਬਹੁ ਹੰਢਣੇ
ਦਰਸ਼ਨ ਪੰਥ ਨ ਸਬਦ ਸਿਵਾਤਾ।
੬. ਦਾਤਿ ਲੁਭਾਇ ਵਿਸਾਰਨਿ ਦਾਤਾ॥੧੩॥

*ਪਦ ਅਰਥ :* ਇੱਕਸ ਅੱਖਰ—ਪ੍ਰਮੇਸ਼ਰ ਦਾ ਨਾਮ, ਉਹ ਇਕ ਅੱਖਰ ਜੋ ਖਰਦਾ ਨਹੀਂ, ਪ੍ਰਮੇਸ਼ਰ। ਤਾਤਾ—ਤੱਤ ਰੂਪ। ਬਹੁ ਹੰਢਣੇ—ਵੱਡੀ ਉਮਰਾਂ ਵਾਲੇ। ਵਿਸੇਖ—ਵਿਸਥਾਰ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਜਿਸ ਪਾਤਿਸ਼ਾਹਾਂ ਦੇ ਵੱਡੇ ਪਾਤਿਸ਼ਾਹ ਪ੍ਰਮੇਸ਼ਰ ਦੇ ਬਾਰੇ ਕਥਨ ਕਰਦੇ ਆ ਰਹੇ ਹੋ ਕਿ ਉਸ ਪ੍ਰਮੇਸ਼ਰ ਦੀ ਵੱਡੀ ਵਡਿਆਈ ਦੇ ਸੰਬੰਧ ਵਿਚ ਕੋਈ ਕੁਝ ਵੀ ਨਹੀਂ ਜਾਣ ਸਕਦਾ, ਕਿਉਂ ਜੀ! ਇਹ ਤਾਂ ਠੀਕ ਮੰਨਿਆ ਜਾ ਸਕਦਾ ਹੈ ਕਿ ਕੋਈ ਭੀ ਸੰਸਾਰੀ ਜੀਵ ਉਸਦਾ ਅੰਤ ਨਹੀਂ ਜਾਣ ਸਕਦਾ, ਪਰ ਜੋ ਆਦੀ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ, ਸ਼ਕਤੀ ਰੱਖਣ ਵਾਲੇ ਤਿੰਨ ਦੇਵਤੇ ਮੰਨੇ ਗਏ ਹਨ, ਉਹ ਤਾਂ ਉਸ ਪ੍ਰਮੇਸ਼ਰ ਦੀ ਸ਼ਕਤੀ ਦੀ ਜਾਣਕਾਰੀ ਜ਼ਰੂਰ ਰਖਦੇ ਹੋਣਗੇ, ਕਿਉਂਕਿ ਉਨ੍ਹਾਂ ਦੀ ਸ਼ਕਤੀ ਦਾ ਗੁਰੂ ਨਾਨਕ ਦੇਵ ਜੀ ਨੇ ਭੀ ਸ੍ਰੀ ਜਪੁਜੀ ਸਾਹਿਬ ਵਿਚ ਜ਼ਿਕਰ ਕੀਤਾ ਹੈ ਕਿ ਇਹ ਤਿੰਨੇ ਦੇਵਤੇ ਭਾਵ ਬ੍ਰਹਮਾ, ਸੰਸਾਰ ਦੀ ਉਤਪਤੀ ਕਰਦਾ ਹੈ, ਵਿਸ਼ਨੂੰ ਸਾਰੇ ਸੰਸਾਰ ਦਾ ਭੰਡਾਰੀ, ਸਾਰਿਆਂ ਨੂੰ ਰਿਜ਼ਕ ਪੁਚਾਉਂਦਾ ਤੇ ਸ਼ਿਵਜੀ ਸੰਘਾਰ ਕਰਦਾ ਹੈ ਹਜ਼ੂਰ ਗੁਰੂ ਨਾਨਕ ਦਾ ਇਹੋ ਫੁਰਮਾਨ ਹੈ ਕਿ :

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥
*(ਜਪੁਜੀ, ਪੰਨਾ ੭)*

ਭਾਵ ਹੈ ਕਿ ਇਹ ਤਿੰਨੇ ਆਦੀ ਦੇਵਤੇ ਤਾਂ ਉਸ ਪ੍ਰਮੇਸ਼ਰ ਪਾਤਿਸ਼ਾਹ ਦੇ ਬਹੁਤ ਸਾਰੇ ਪੱਖਾਂ ਦੀ ਜਾਣਕਾਰੀ ਰੱਖਦੇ ਹੋਣਗੇ, ਕਿਉਂ ਜੀ! ਇਸ ਬਾਰੇ ਆਪ ਜੀ ਦੇ ਕੀ ਵੀਚਾਰ ਹਨ?

ਉ: ਹੇ ਭਾਈਓ! ਇਸ ਬਾਰੇ ਮੇਰੇ ਆਪਣੇ ਵੀਚਾਰ ਤਾਂ ਵਧੇਰੇ ਕੰਮ ਨਹੀਂ ਕਰਦੇ। ਪਰ ਹਾਂ, ਜੋ ਮੈਨੂੰ ਗੁਰਬਾਣੀ ਦੀ ਵੀਚਾਰ ਕਰਨ ਤੋਂ ਬੋਧ ਮਿਲਿਆ ਹੈ ਮੈਂ ਤੁਹਾਡੇ ਹਰ ਪ੍ਰਸ਼ਨ ਦਾ ਉੱਤਰ ਉਸੇ ਦੇ ਅਧਾਰਤ ਹੀ ਦੇਣ ਦਾ ਪ੍ਰਯਤਨ ਕਰਦਾ ਹਾਂ। ਜੋ ਤੁਸਾਂ ਗੁਰੂ ਨਾਨਕ ਦੇਵ ਜੀ ਦੀ ਇਹ ਪੰਗਤੀ ਪੜ੍ਹੀ ਹੈ ਕਿ (ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ) ਤਾਂ ਜਦੋਂ ਤੁਸੀਂ ਇਸ ਤੋਂ ਅਗਲੀ ਪੰਗਤੀ ਪੜ੍ਹੋਗੇ ਤਾਂ ਤੁਹਾਨੂੰ ਤੁਸਾਡੇ ਪ੍ਰਸ਼ਨ ਦਾ ਖੁਦ ਹੀ ਉੱਤਰ ਮਿਲ ਜਾਏਗਾ ਕਿ ਇਨ੍ਹਾਂ ਆਦੀ ਦੇਵਤਿਆਂ ਨੂੰ ਉਹ ਕਰਤਾ ਪੁਰਖ ਤਾਂ ਦੇਖਦਾ ਹੈ ਪਰ ਉਹ ਪ੍ਰਮੇਸ਼ਰ ਇਨ੍ਹਾਂ ਦੇਵਤਿਆਂ ਦੇ ਨਜ਼ਰ ਨਹੀਂ ਆਉਂਦਾ ਇਹੋ ਵੱਡਾ ਅਸਚਰਜ ਹੈ, ਇਸ ਲਈ ਸਦਾ ਉਸੇ ਨੂੰ ਹੀ ਨਮਸਕਾਰ ਹੈ ਜੋ ਤਿੰਨਾਂ ਸਮਿਆਂ ਵਿਚ ਇਕੋ ਸਮਾਨ ਰੂਪ ਵਿਚ ਰਹਿੰਦਾ ਹੈ ਅਤੇ ਜੁਗਾਂ ਜੁਗਾਂ ਵਿਚ ਜਿਸਦਾ ਇਕੋ ਹੀ ਸਰੂਪ ਹੈ।

ਇਸ ਤਰ੍ਹਾਂ ਜਦੋਂ ਅਸੀਂ ਹੋਰ ਅਗੇ ਬਾਣੀ ਦੀ ਪੜਚੋਲ ਕਰੀਏ ਤਾਂ ਸਾਨੂੰ ਬੋਧ ਮਿਲਦਾ ਹੈ ਕਿ ਇਹ ਆਦੀ ਦੇਵਤੇ ਤਾਂ ਉਸ ਕਰਤੇ ਪੁਰਖ ਦੀ ਰੰਚਕ-ਮਾਤ੍ਰ ਭੀ ਮਹਿਮਾ ਨੂੰ ਨਹੀਂ ਜਾਣਦੇ, ਸਗੋਂ ਦਿਨੇ ਰਾਤ ਉਸੇ ਦੀ ਮਹਿਮਾ ਕਰਦੇ ਹਨ ਇਸ ਦਾ ਬਾਣੀ ਵਿਚ ਬਾਰ ਬਾਰ ਜ਼ਿਕਰ ਆਇਆ ਹੈ, ਜਿਵੇਂ ਕਿ :

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥
ਪਰਮੇਸਰੁ ਪਾਰਬ੍ਰਹਮ ਬੇਅੰਤ॥੧॥

ਅਪਨੀ ਗਤਿ ਆਪਿ ਜਾਨੈ ॥
ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥
ਸੰਕਰਾ ਨਹੀ ਜਾਨਹਿ ਭੇਵ ॥
ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥੨॥
*(ਰਾਮਕਲੀ ਮ: ੫, ਪੰਨਾ ੮੯੪)*

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ
ਤਿਨ ਕਉ ਮੋਹੁ ਭਯਾ ਮਨ ਮਦ ਕਾ ॥
*(ਸਵਈਏ, ਪੰਨਾ ੧੪੦੩)*

ਮਾਇਆ ਮੋਹਿ ਸਭੁ ਜਗਤੁ ਉਪਾਇਅਨੁ ॥
ਬ੍ਰਹਮ ਬਿਸਨੁ ਦੇਵ ਸਬਾਇਆ ॥
*(ਮਾਰੂ ਮ: ੩, ਪੰਨਾ ੧੦੫੨)*

ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥
ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ
ਹੁਕਮਿ ਕਮਾਵਨਿ ਕਾਰਾ ॥ *(ਪਉੜੀ, ਪੰਨਾ ੬੪੯)*

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਦਾ ॥੧੪॥
*(ਮਾਰੂ ਮ: ੧, ਪੰਨਾ ੧੦੩੬)*

ਬ੍ਰਹਮਾ ਬਿਸਨੁ ਮਹੇਸੁ ਇਕ ਮੂਰਤਿ
ਆਪੇ ਕਰਤਾ ਕਾਰੀ ॥ *(ਰਾਮਕਲੀ ਮ: ੧, ਪੰਨਾ ੯੦੮)*

ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥
ਊਭੇ ਸੇਵਹਿ ਅਲਖ ਅਪਾਰੈ ॥
ਹੋਰ ਕੇਤੀ ਦਰਿ ਦੀਸੈ ਬਿਲਲਾਦੀ
ਮੈ ਗਣਤ ਨ ਆਵੈ ਕਾਈ ਹੇ ॥੧੪॥
*(ਮਾਰੂ ਮ: ੧, ਪੰਨਾ ੧੦੨੨)*

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥
ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥
ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨ੍ਹੀ ਅੰਤੁ ਨ ਪਾਇਆ ॥
*(ਪਉੜੀ, ਪੰਨਾ ੧੨੭੯)*

ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥
ਅਵਰੁ ਨ ਦੀਸੈ ਏਕੋ ਸੋਈ ॥
*(ਮਾਰੂ ਮ: ੧, ਪੰਨਾ ੧੦੩੫)*

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥
ਤ੍ਰੈਗੁਣ ਬਧਕ ਮੁਕਤਿ ਨਿਰਾਰੀ ॥
*(ਮਾਰੂ ਮ: ੩, ਪੰਨਾ ੧੦੪੯)*

ਬ੍ਰਹਮਾ ਬਿਸਨੁ ਮਹੇਸੁ ਤ੍ਰੈਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ
ਤੁਰੀਆ ਸੁਖੁ ਪਾਇਆ ॥੨॥
*(ਪਉੜੀ, ਪੰਨਾ ੫੦੯)*

ਬ੍ਰਹਮਾ ਬਿਸਨੁ ਮਹੇਸੁ ਤ੍ਰੈਗੁਣ ਬਿਸਥਾਰਿਆ ॥
ਨਵਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥
ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥
*(ਮਾਰੂ ਵਾਰ ਮ: ੫, ਪਉੜੀ, ੧੦੯੪)*

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ
ਤ੍ਰਿਗੁਣਿ ਭਰਮਿ ਭੁਲਾਈ ॥੧੬॥
*(ਰਾਮਕਲੀ ਮ: ੩, ਪੰਨਾ ੯੦੯)*

ਪਾਇ ਠਗਉਲੀ ਸਭੁ ਜਗੁ ਜੋਹਿਆ ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
*(ਆਸਾ ਮ: ੫, ਪੰਨਾ ੩੯੪)*

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ
ਹਉਮੈ ਮੋਹੁ ਵਧਾਇਆ ॥
*(ਸਲੋਕ ਮ: ੩, ਪੰਨਾ ੮੫੨)*

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ
ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ
ਹਰਿ ਗੁਰਮੁਖਿ ਸੋਝੀ ਪਾਈ ॥੨॥
*(ਸੂਹੀ ਮ: ੪, ਪੰਨਾ ੭੩੫)*

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥
*(ਮਾਰੂ ਮ: ੧, ਪੰਨਾ ੯੯੨)*

ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ ॥
ਅੰਤੁ ਨ ਪਾਵਹਿ ਅਲਖ ਅਭੇਵਾ ॥
*(ਮਾਰੂ ਮ: ੩, ਪੰਨਾ ੧੦੫੩)*

ਇਸੇ ਤਰ੍ਹਾਂ ਗੁਰਬਾਣੀ ਵਿਚ ਸਾਨੂੰ ਹੋਰ ਭੀ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ ਕਿ ਉਸ ਪਰੀਪੂਰਨ ਪ੍ਰਮੇਸ਼ਰ ਨੇ ਇਸ ਜਗਤ ਦੀ ਰਚਨਾ ਰਚਨ ਸਮੇਂ ਤਿੰਨ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿ ਦੇਵਤੇ ਰਚੇ, ਪਰ ਇਨ੍ਹਾਂ ਨੂੰ ਸੁਤੰਤ੍ਰ ਨਹੀਂ ਆਪਣੇ ਅਧੀਨ ਰੱਖਿਆ ਹੈ, ਉਹ ਜਿਵੇਂ

ਚਾਹੇ ਇਨ੍ਹਾਂ ਤੋਂ ਕ੍ਰਿਆ ਕਰਾਉਂਦਾ ਹੈ, ਇਨ੍ਹਾਂ ਵਿਚੋਂ ਕੋਈ ਭੀ ਉਸਦੇ ਉਰਵਾਰ ਪਾਰ ਦਾ ਅੰਤ ਨਹੀਂ ਪਾ ਸਕਦਾ। ਇਸ ਲਈ ਬਾਣੀ ਵਿਚੋਂ ਸਾਨੂੰ ਬਾਰ ਬਾਰ ਇਹੋ ਹੀ ਪ੍ਰੇਰਨਾ ਮਿਲਦੀ ਹੈ ਕਿ ਇਹ ਸਾਰੇ ਦੇਵੀ ਦੇਵਤੇ ਉਸ ਕਰਤੇ ਦੀ ਕ੍ਰਿਤ ਹੈ। ਸੋ ਇਨ੍ਹਾਂ ਦੇ ਮਾਲਕ ਨੂੰ ਛੱਡ ਕੇ ਇਨ੍ਹਾਂ ਦੇਵਤਿਆਂ ਦੀ ਅਰਾਧਨਾ ਕਰਨੀ ਭਰਮ ਭੁਲੇਖਾ ਹੈ ਕਿਉਂਕਿ ਇਹ ਸਾਰੇ ਦੇਵੀ ਦੇਵਤੇ ਤਾਂ ਉਸ ਆਪਣੇ ਮਾਲਕ ਦੀ ਅਰਾਧਨਾ ਕਰਦੇ ਹਨ, ਪਰ ਉਸਦਾ ਰੰਚਕ-ਮਾਤ੍ਰ ਭੇਦ ਨਹੀਂ ਜਾਣ ਸਕਦੇ। ਸੋ, ਮੈਂ ਉਪ੍ਰੋਕਤ ਬਾਣੀ ਭਾਵਾਂ ਤੋਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਦਾ ਭਾਵ ਇਹੋ ਹੈ ਕਿ ਇਕ ਬ੍ਰਹਮਾ ਨਹੀਂ ਸਗੋਂ ਲੱਖਾਂ ਬ੍ਰਹਮੇ ਉਸ ਕਰਤੇ ਦੀ ਮਹਿਮਾ ਉਚਾਰਦੇ ਹਨ, ਪਰ ਉਸਦਾ ਅੰਤ ਨਹੀਂ ਪਾ ਸਕਦੇ। ਆਖ਼ਰ ਬ੍ਰਹਮੇ ਨੇ ਭੀ ਬੇਦਾਂ ਦੁਆਰਾ ਇਹੋ ਆਖਿਆ ਹੈ ਕਿ ਉਹ ਪ੍ਰਮੇਸ਼ਰ ਬੇਅੰਤ ਹੈ, ਬੇਅੰਤ ਹੈ:

(੧) (ਹੇ ਭਾਈਓ! ਪੁਰਾਤਨ ਬੇਦ ਸ਼ਾਸਤ੍ਰਾਂ ਨੂੰ ਪੜ੍ਹ ਕੇ ਇਹੋ ਜਾਣਕਾਰੀ ਹੁੰਦੀ ਹੈ ਕਿ) ਲੱਖਾਂ ਹੀ ਬ੍ਰਹਮੇ ਬੇਦਾਂ ਨੂੰ ਲੱਖ ਲੱਖ ਵੇਰਾਂ ਪੜ੍ਹਦੇ ਹਨ, ਪਰ ਇਕ ਅੱਖਰ (ਜੋ ਮਿਟਣ ਤੇ ਬੁਝਣ ਵਾਲਾ ਨਹੀਂ) ਪ੍ਰਮੇਸ਼ਰ ਦੇ ਭੇਦ ਨੂੰ ਨਹੀਂ ਜਾਣ ਸਕੇ।

(੨) ਜੋਗੀਆਂ ਦੇ ਧਿਆਨ (ਸਮਾਧੀ) ਵਿਚ ਲੱਖਾਂ ਹੀ ਸ਼ਿਵਾਂ ਹਨ, ਜਿਨ੍ਹਾਂ ਨੇ ਪ੍ਰਭੂ ਦੇ ਰੂਪ, ਚਿਹਨ ਜਾਂ ਕਿਸੇ ਭੇਖ (ਸੂਰਤ) ਨੂੰ ਪਛਾਣਿਆਂ ਹੀ ਨਹੀਂ।

(੩) ਲੱਖਾਂ ਅਵਤਾਰਾਂ ਦੇ ਸਰੂਪ ਵਿਸ਼ਨੂੰ ਜੀ ਨੇ ਧਾਰੇ ਹਨ, ਪਰ ਉਨ੍ਹਾਂ ਨੇ ਪ੍ਰਮੇਸ਼ਰ ਦੇ ਭੇਦ ਬਾਰੇ ਇਕ ਤਿਲ-ਮਾਤ੍ਰ ਭੀ ਜਾਣਕਾਰੀ ਜਾਂ ਪਛਾਣ ਪ੍ਰਾਪਤ ਨਹੀਂ ਕੀਤੀ।

(੪) ਲੱਖਾਂ ਸ਼ੇਸ਼ਨਾਗ ਜੋ ਲੱਖਾਂ ਹੀ ਪ੍ਰਭੂ ਜੀ ਦੇ ਰੋਜ਼ ਹੀ ਨਵੇਂ ਤੋਂ ਨਵੇਂ ਨਾਉਂ ਉਚਾਰਦੇ ਹਨ, ਉਨ੍ਹਾਂ ਭੀ ਪ੍ਰਭੂ ਦੀ ਵਿਸ਼ੇਸਤਾਈ ਦੇ ਤੱਤ ਸਾਰ ਨੂੰ ਨਹੀਂ ਜਾਣਿਆ।

(੫) ਅਨੇਕਾਂ ਲੰਮੀਆਂ ਉਮਰਾਂ ਵਾਲੇ ਤੇ ਬਹੁਤ ਉਮਰਾਂ ਭੋਗਣ ਵਾਲਿਆਂ (ਛਿਆਂ ਹੀ) ਧਰਮਾਂ ਤੇ (ਜੋਗੀਆਂ ਦੇ ੧੨) ਰਸਤਿਆਂ ਨੇ ਇਕ ਸ਼ਬਦ (ਪ੍ਰਭੂ) ਨੂੰ ਨਹੀਂ ਪਛਾਣਿਆ।

(੬) (ਕਿਉਂਕਿ) ਉਨ੍ਹਾਂ ਨੇ ਦਾਤਾਂ ਨੂੰ ਪ੍ਰਾਪਤ ਕਰਕੇ, ਦਾਤਾਂ ਦੇ ਲੋਭ ਵਿਚ ਹੀ ਫਸ ਕੇ ਦੇਣ ਵਾਲੇ ਦਾਤਾਰ ਪ੍ਰਭੂ ਨੂੰ ਵਿਸਾਰ ਹੀ ਦਿਤਾ।੧੩।

***ਭਾਵਾਰਥ*:** ਬ੍ਰਹਮਾ ਜੈਸੇ ਇਕ ਨਹੀਂ ਸਗੋਂ ਕ੍ਰੋੜਾਂ ਹੀ ਬ੍ਰਹਮੇ ਜਗਤ ਦੀ ਸਾਜਨਾ ਕਰਨ ਲਈ ਉਸ ਪ੍ਰਭੂ ਨੇ ਲਾ ਰੱਖੇ ਹਨ ਅਤੇ ਦੇਵਤਿਆਂ ਦੁਆਰੇ ਇਕ ਬਾਰ ਨਹੀਂ ਕਈ ਬਾਰ ਇਹੋ ਜਿਹਾ ਪਸਾਰਾ ਪਸਰਿਆ ਹੈ। ਇਸ ਲਈ ਮਨ ਨੂੰ ਬਾਰ ਬਾਰ ਸੰਬੋਧਨ ਕੀਤਾ ਹੈ ਕਿ ਹੇ ਮੇਰੇ ਮੂਰਖ ਮਨ! ਤੂੰ ਭੀ ਉਸੇ ਦੇ ਗੁਣ ਗਾਇਨ ਕਰ, ਜਿਸ ਦੇ:

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ  
ਰਸਕਿ ਰਸਕਿ ਠਾਕੁਰ ਗੁਨ ਗਾਵਤ ॥  
ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ  
ਧਰਣਿ ਗਗਨ ਆਵਤ ਫੁਨਿ ਧਾਵਤ ॥  
ਸਿਧ ਮਨੁਖ੍ ਦੇਵ ਅਰੁ ਦਾਨਵ  
ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥  
ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ  
ਹਰਿ ਜਨ ਤਾ ਕੈ ਦਰਸਿ ਸਮਾਵਤ ॥  
ਤਿਸਹਿ ਤਿਆਗਿ ਆਨ ਕਉ ਜਾਚਹਿ  
ਮੁਖ ਦੰਤ ਰਸਨ ਸਗਲ ਘਸਿ ਜਾਵਤ ॥  
ਰੇ ਮਨ ਮੂੜ ਸਿਮਰਿ ਸੁਖਦਾਤਾ  
ਨਾਨਕ ਦਾਸ ਤੁਝਹਿ ਸਮਝਾਵਤ ॥੭॥

*(ਸਵਈਏ ਮ: ੫ ਕੇ, ਪੰਨਾ ੧੩੮੮)*

## ੧੪. ਕਰਤੇ ਦੀ ਪ੍ਰਾਪਤੀ ਦਾ ਗਾਡੀ ਰਾਹ

**੧. ਨਿਰੰਕਾਰ ਆਕਾਰੁ ਕਰਿ  
ਗੁਰ ਮੂਰਤਿ ਹੁਇ ਧਿਆਨ ਧਰਾਯਾ॥  
੨. ਚਾਰਿ ਵਰਨ ਗੁਰ ਸਿੱਖ ਕਰਿ  
ਸਾਧ ਸੰਗਤ ਸਚਖੰਡ ਵਸਾਯਾ।  
੩. ਵੇਦ ਕਤੇਬਹੁੰ ਬਾਹਰਾ  
ਅਕਥ ਕਥਾ ਗੁਰ ਸ਼ਬਦ ਸੁਣਾਯਾ।  
੪. ਵੀਹਾਂ ਅੰਦਰ ਵਰਤਮਾਨ  
ਗੁਰਮੁਖਿ ਹੋਇ ਇਕੀਹ ਲਖਾਯਾ।  
੫. ਮਾਯਾ ਵਿੱਚ ਉਦਾਸ ਕਰਿ  
ਨਾਮ ਦਾਨ ਇਸ਼ਨਾਨ ਦ੍ਰਿੜ੍ਹਾਯਾ।  
੬. ਬਾਰਹ ਪੰਥ ਇਕੱਤ੍ਰ ਕਰਿ  
ਗੁਰਮੁਖ ਗਾਡੀ ਰਾਹੁ ਚਲਾਯਾ।  
੭. ਪਤਿ ਪਉੜੀ ਚੜ੍ਹਿ ਨਿਜ ਘਰਿ ਆਯਾ ॥੧੪॥**

***ਪਦ ਅਰਥ***: ਆਕਾਰੁ—ਮੂਰਤ, ਸਰੂਪ। ਗਾਡੀ ਰਾਹੁ—ਸੌਖਾ ਰਸਤਾ। ਪਤਿ ਪਉੜੀ—ਪਤੀ ਦੀ ਪ੍ਰਾਪਤੀ ਦੀ ਪਉੜੀ ਭਾਵ ਭਗਤੀ, ਸਾਧ ਸੰਗਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਸ ਕਰਤੇ ਪ੍ਰਮੇਸ਼ਰ ਦੀ ਆਪ ਜੀ ਏਡੀ ਵੱਡੀ ਸ਼ਕਤੀ ਦਰਸਾ ਰਹੇ ਹੋ ਕਿ ਸਾਰੇ ਦੇਵੀ ਦੇਵਤੇ ਉਸਦੀ ਆਗਿਆ ਵਿਚ ਚਲਦੇ ਹਨ। ਉਸ ਦੀ ਪ੍ਰਾਪਤੀ ਦਾ ਮਾਰਗ ਭਾਵੇਂ ਵੱਖੋ ਵੱਖ ਮੱਤਾਂ ਵਾਲਿਆਂ ਨੇ ਭਿੰਨ ਭਿੰਨ ਮੰਨਿਆ ਹੈ, ਪਰ ਆਪ ਜੀ ਗੁਰਮਤ ਅਨੁਸਾਰ ਦਸੋ ਕਿ ਉਸ ਪ੍ਰਭੂ ਦੀ ਪ੍ਰਾਪਤੀ ਦਾ ਪੱਧਰਾ ਮਾਰਗ ਕਿਹੜਾ ਹੈ, ਜਿਸ ਪਰ ਸਫ਼ਰ ਕਰਦਿਆਂ ਪਾਂਧੀ ਸੁਖੈਨ ਹੀ ਉਸ ਤੱਕ ਪਹੁੰਚ ਸਕੇ?

ਉ: ਹੇ ਭਾਈਓ! ਜਿਥੇ ਮੈਨੂੰ ਗੁਰੂ ਦੀ ਗੁਰਮਤ ਦੇ ਵੀਚਾਰ ਕਰਦੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਉਥੇ ਪਰੰਪਰਾ ਤੋਂ ਚਲੇ ਆ ਰਹੇ ਪੁਰਾਤਨ ਕਈ ਤਰ੍ਹਾਂ ਦੇ ਮੱਤਾਂ ਨੂੰ ਭੀ ਪੜਚੋਲਦੇ ਰਹਿਣ ਦਾ ਸਮਾਂ ਮਿਲਿਆ ਹੈ, ਪਰ ਗੁਰਮਤ ਤੇ ਸਨਾਤਨ ਮੱਤਾਂ ਦਾ ਪਰਸਪਰ ਬਹੁਤ ਅੰਤਰਾ ਹੈ, ਜੇ ਇਉਂ ਭੀ ਕਹਿ ਲਿਆ ਜਾਵੇ ਕਿ ਜਿਥੇ ਜਾ ਕੇ ਸਾਰੇ ਸੰਸਾਰ ਭਰ ਦੇ ਮੱਤਾਂ ਦੇ ਵੀਚਾਰਾਂ ਦਾ ਅੰਤ ਹੋ ਜਾਂਦਾ ਹੈ ਗੁਰੂ ਦੀ ਗੁਰਮਤ ਉਥੋਂ ਅਗੇ ਅਰੰਭ ਹੁੰਦੀ ਹੈ, ਇਸ ਭਾਵ ਨੂੰ ਖੁਲਾਸੇ ਰੂਪ ਵਿਚ ਬੁਧੀ ਜੀਵੀਆਂ ਨੇ ਇਉਂ ਦਰਸਾਇਆ ਹੈ ਕਿ ਇਨ੍ਹਾਂ ਦੋਵੇਂ ਮੱਤਾਂ ਵਿਚ ਇਤਨਾ ਅੰਤਰਾ ਹੈ ਕਿ ਇਕ ਚੀਟੀ ਮਾਰਗ ਹੈ, ਦੂਜਾ ਬਿਹੰਗਮ ਮਾਰਗ ਹੈ ਭਾਵ ਜੋ ਸਨਾਤਨ ਮੱਤ ਹਨ ਇਹ ਸਾਰੇ ਦੇ ਸਾਰੇ ਕੀੜੀ ਮਾਰਗ ਹਨ, ਪਰ ਜੋ ਗੁਰਮਤ ਹੈ ਇਹ ਬਿਹੰਗਮ ਮਾਰਗ ਹੈ ਅਰਥਾਤ ਜਿਸ ਮਾਰਗ ਨੂੰ ਕੀੜੀ ਦੇਰ ਕਾਲ ਵਿਚ ਮੁਕਾਉਂਦੀ ਹੈ, ਉਸ ਰਸਤੇ ਨੂੰ ਪੰਛੀ ਇਕੋ ਉਡਾਣ ਵਿਚ ਖ਼ਤਮ ਕਰ ਲੈਂਦਾ ਹੈ। ਪੁਰਾਤਨ ਰਿਖੀਆਂ ਮੁਨੀਆਂ ਦੇ ਪ੍ਰਚਲਤ ਕੀਤੇ ਹੋਏ ਕਰਮ-ਕਾਂਡ ਦੇ ਮਾਰਗ 'ਤੇ ਜੋ ਕਰਮ-ਕਾਂਡ ਕਰਦਾ ਚਲਾ ਜਾਂਦਾ ਹੈ ਉਸਦਾ ਜੀਵਨ ਮੁੱਕ ਜਾਂਦਾ ਹੈ, ਪਰ ਕਰਮ-ਕਾਂਡ ਅਧੂਰਾ ਹੀ ਰਹਿ ਜਾਂਦਾ ਹੈ, ਜਿਸਦਾ ਉਸਨੂੰ ਫਲ ਇਹੋ ਹੁੰਦਾ ਹੈ ਕਿ ਕਰਮ-ਕਾਂਡੀ ਨੂੰ ਬਾਰ ਬਾਰ ਜਨਮ ਧਾਰਨੇ ਪੈਂਦੇ ਹਨ।

ਜੋ ਕਰਮ ਧਰਮ ਉਸ ਪ੍ਰਭੂ ਦੀ ਬੰਦਗੀ ਤੋਂ ਸੱਖਣੇ ਹਨ, ਗੁਰਮਤ ਨੇ ਉਨ੍ਹਾਂ ਨੂੰ ਕਬੂਲ ਨਹੀਂ ਕੀਤਾ ਕਿਉਂਕਿ ਜਿਨ੍ਹਾਂ ਧਾਰਮਕ ਕਰਮਾਂ ਵਿਚ ਪਖੰਡ ਨਜ਼ਰ ਆਉਂਦਾ ਹੈ ਉਹ ਰੱਬੀ ਦਰਬਾਰ ਤਕ ਕੋਈ ਭੀ ਪੁਚਾਉਣ ਦੀ ਸਮਰੱਥਾ ਨਹੀਂ ਰੱਖਦਾ, ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਪ੍ਰਗਟਾਇਆ ਗਿਆ ਹੈ, ਜਿਵੇਂ ਕਿ :

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
*(ਜਪੁਜੀ, ਪੰਨਾ ੨)*

ਕਰਮੀ ਸਹਜੁ ਨ ਊਪਜੈ
ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ
ਰਹੇ ਕਰਮ ਕਮਾਏ ॥ *(ਅਨੰਦੁ, ਪੰਨਾ ੯੧੯)*

ਕਰਮ ਕਾਂਡ ਅਹੰਕਾਰੁ ਨ ਕਾਜੈ
ਕੁਸਲ ਸੇਤੀ ਘਰਿ ਜਾਹਿ ਪੰਡਿਤ ॥
*(ਰਾਮਕਲੀ ਮ: ੫, ਪੰਨਾ ੮੯੧)*

ਕਰਮ ਕਾਂਡ ਬਹੁ ਕਰਹਿ ਅਚਾਰ ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥
ਬੰਧਨਿ ਬਾਧਿਓ ਮਾਇਆ ਫਾਸ ॥
ਜਨ ਨਾਨਕ ਛੂਟੈ ਗੁਰ ਪਰਗਾਸ ॥੪॥
*(ਗਉੜੀ ਮ: ੩, ਪੰਨਾ ੧੬੨)*

ਕਰਮ ਕਰਹਿ ਗੁਰ ਸਬਦੁ ਨ ਪਛਾਣਹਿ
ਮਰਿ ਜਨਮਹਿ ਵਾਰੋਵਾਰਾ ॥੨॥
*(ਸੋਰਠਿ ਮ: ੩, ਪੰਨਾ ੬੦੨)*

ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥
ਕਰਮ ਕਰਤ ਜੀਅ ਕਉ ਜੰਜਾਰ ॥੩॥
*(ਆਸਾ ਮ: ੫, ਪੰਨਾ ੩੮੫)*

ਕਰਮ ਕਰਤ ਬਧੇ ਅਹੰਮੇਵ ॥
ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥
ਭੋਲੇ ਭਾਇ ਮਿਲੇ ਰਘੁਰਾਇਆ ॥੪॥
*(ਗਉੜੀ ਕਬੀਰ ਜੀ, ਪੰਨਾ ੩੨੪)*

ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ
ਸਭ ਊਪਰਿ ਨਾਮੁ ਅਚਾਰੁ ॥੨॥
*(ਆਸਾ ਮ: ੫, ਪੰਨਾ ੪੦੫)*

ਜੇਤੇ ਜਤਨ ਕਰਤ ਤੇ ਡੂਬੇ
ਭਵ ਸਾਗਰੁ ਨਹੀ ਤਾਰਿਓ ਰੇ ॥
ਕਰਮ ਧਰਮ ਕਰਤੇ ਬਹੁ ਸੰਜਮ
ਅਹੰਬੁਧਿ ਮਨੁ ਜਾਰਿਓ ਰੇ ॥੧॥
*(ਗਉੜੀ, ਪੰਨਾ ੩੩੫)*

ਰਾਜੇ ਧਰਮੁ ਕਰਹਿ ਪਰਥਾਏ॥
ਆਸਾ ਬੰਧੇ ਦਾਨੁ ਕਰਾਏ॥
ਰਾਮ ਨਾਮ ਬਿਨੁ ਮੁਕਤਿ ਨ ਹੋਈ
ਥਾਕੇ ਕਰਮ ਕਮਾਈ ਹੇ॥੯॥
ਕਰਮ ਧਰਮ ਕਰਿ ਮੁਕਤਿ ਮੰਗਾਹੀ॥
ਮੁਕਤਿ ਪਦਾਰਥੁ ਸਬਦਿ ਸਲਾਹੀ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ
ਪਰਪੰਚੁ ਕਰਿ ਭਰਮਾਈ ਹੇ॥੧੦॥

*(ਮਾਰੂ ਮ: ੧, ਪੰਨਾ ੧੦੨੪)*

ਕਰਮ ਧਰਮ ਜੁਗਤਾ ਨਿਮਖ ਨ ਹੇਤੁ
ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ॥

*(ਧਨਾਸਰੀ ਮ: ੫, ਪੰਨਾ ੬੮੭)*

ਕਰਮ ਧਰਮ ਜੁਗਤਿ ਬਹੁ ਕਰਤਾ
ਕਰਣੈਹਾਰੁ ਨ ਜਾਨੈ॥
ਉਪਦੇਸੁ ਕਰੈ ਆਪਿ ਨ ਕਮਾਵੈ
ਤਤੁ ਸਬਦੁ ਨ ਪਛਾਨੈ॥

*(ਆਸਾ ਮ: ੫, ਪੰਨਾ ੩੮੦)*

ਕਰਮ ਧਰਮ ਨੇਮ ਬ੍ਰਤ ਪੂਜਾ॥
ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥੨॥

*(ਗਉੜੀ ਮ: ੫, ਪੰਨਾ ੧੯੯)*

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ॥੧॥

*(ਸੂਹੀ ਮ: ੫, ਪੰਨਾ ੭੪੭)*

ਕਰਮ ਧਰਮ ਬਹੁ ਸੰਖ ਅਸੰਖ॥
ਬਿਨੁ ਭੈ ਭਗਤੀ ਜਨਮੁ ਬਿਰੰਥ॥

*(ਆਸਾ ਮ: ੧, ਪੰਨਾ ੪੧੩)*

ਇਸੇ ਭਾਵ ਨੂੰ ਪ੍ਰਗਟਾਉਣ ਵਾਲਾ ਹਿਤੋਮਈ ਉਪਦੇਸ਼ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਹੋਰ ਵੀ ਬਹੁਤ ਸ਼ਬਦਾਂ ਵਿਚੋਂ ਮਿਲਦਾ ਹੈ, ਜਿਸ ਤੋਂ ਹਰ ਪ੍ਰਾਣੀ ਨੂੰ ਉਪਦੇਸ਼ ਮਿਲਦਾ ਹੈ ਕਿ ਉਸ ਪਰੀ ਪੂਰਨ ਪ੍ਰਮੇਸ਼ਰ ਦੀ ਨਿਰੋਲ ਨਿਸ਼ਕਾਮ ਭਗਤੀ ਤੋਂ ਬਿਨਾ ਕਿਸੇ ਭੀ ਪ੍ਰਾਣੀ ਨੂੰ ਇਸ ਸੰਸਾਰ ਦੇ ਜੰਮਣ ਮਰਨ ਵੱਲੋਂ ਖਲਾਸੀ ਨਹੀਂ ਮਿਲ ਸਕਦੀ। ਸੋ ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਦੀ ਰਚਨਾ ਕੀਤੀ ਹੈ, ਜਿਵੇਂ ਕਿ:

(੧) ਉਸ ਪ੍ਰਮੇਸ਼ਰ ਨਿਰੰਕਾਰ ਨੇ ਸਰੂਪ ਗੁਰੂ ਮੂਰਤਿ (ਗੁਰੂ ਨਾਨਕ ਦੇਵ ਜੀ ਦਾ) ਬਣਾਇਆ (ਜਿਸ ਨੇ ਭੁਲੀ ਦੁਨੀਆਂ ਨੂੰ ਪ੍ਰਮੇਸ਼ਰ ਦਾ ਧਿਆਨ) ਦਿਵਾਇਆ।

(੨) (ਚਾਰੇ ਵਰਨਾਂ, (ਖਤ੍ਰੀ, ਬ੍ਰਾਹਮਣ, ਸੂਦ ਤੇ ਵੈਸ਼ਾਂ) ਨੂੰ ਸਿਖ ਬਣਾ ਕੇ, ਸਾਧ ਸੰਗਤ ਰੂਪ ਸੱਚ ਖੰਡ ਵਸਾ ਦਿਤਾ (ਜਿਥੇ ਵਾਹਿਗੁਰੂ ਦੀਆਂ ਸਿਫ਼ਤ-ਸਾਲਾਹਾਂ ਹੁੰਦੀਆਂ ਤੇ ਗੁਰਮੁਖ ਬਣਨ ਦਾ ਉਪਦੇਸ਼ ਪ੍ਰਾਪਤ ਹੁੰਦਾ ਹੈ)।

(੩) ਗੁਰੂ ਜੀ ਨੇ ਜੋ ਸ਼ਬਦ (ਪ੍ਰਮੇਸ਼ਰ ਦੀ ਸਿਫ਼ਤ-ਸਾਲਾਹ ਦਾ) ਸੁਣਾਇਆ ਉਹ ਵੇਦਾਂ ਕਤੇਬਾਂ ਤੋਂ ਬਾਹਰਾ ਤੇ ਜਿਸਦੀ ਕਥਾ (ਕਹਿਣੀ ਅਕੱਥਨੀਯ ਹੈ)।

(੪) ਸਾਰਾ ਸੰਸਾਰ ਸੰਸਾਰੀ ਧੰਦਿਆਂ ਵਿਚ ਹੀ ਖਚਤ ਹੋ ਰਿਹਾ ਸੀ, ਪਰ (ਜਿਸਨੇ ਗੁਰੂ ਨਾਨਕ ਦੇਵ ਜੀ ਦਾ ਅਮੋਲਕ) ਸ਼ਬਦ ਉਪਦੇਸ਼ ਸੁਣ ਕੇ ਗੁਰਮੁਖਤਾਈ ਵੱਲ ਪੈਰ ਵਧਾਇਆ, ਉਹ (ਸੰਸਾਰ ਅਧੋਗਤੀ ਵਾਲੀ ਹਾਲਤ ਵਿਚੋਂ ਹੌਲੀ ਹੌਲੀ ਉੱਚਾ ਹੋ), ਇਕੋ ਪ੍ਰਮੇਸ਼ਰ ਦੀ ਲਖਤਾ ਵਾਲਾ ਹੋ ਗਿਆ (ਉਸਨੂੰ ਸਭ ਪਾਸੇ ਪ੍ਰਮੇਸ਼ਰ ਦੀ ਜੋਤ ਦਾ ਪਸਾਰਾ ਹੀ ਨਜ਼ਰ ਆਉਣ ਲਗ ਜਾਂਦਾ ਹੈ)।

(੫) (ਮਾਇਆ ਦੇ ਵਿਚ ਹੀ ਉਦਾਸੀ ਧਾਰਨ ਕਰਕੇ, ਨਾਮ, ਦਾਨ ਤੇ ਇਸ਼ਨਾਨ ਨੂੰ ਦ੍ਰਿੜ੍ਹ ਕਰ ਲਿਆ।

(੬) (ਸ੍ਰੀ ਗੁਰੂ ਨਾਨਕ ਦੇਵ ਜੀ ਨੇ) ਜੋਗੀਆਂ ਦੇ ਬਾਰਾਂ ਪੰਥਾਂ ਨੂੰ ਇਕ ਥਾਂ ਇਕੱਠੇ ਕਰ (ਭਾਵ ਔਖੇ ਤੇ ਬਿਖਮ ਕਰਮ-ਕਾਂਡਾਂ ਦਾ ਤਿਆਗ ਕਰ ਕੇ ਇਕੋ) ਗੁਰਮੁਖ ਗਾਡੀ ਰਾਹ (ਸਿੱਧਰਾ ਪੱਧਰਾ ਚਲਾ ਦਿੱਤਾ)।

(੭) (ਇਸ ਤਰ੍ਹਾਂ ਗੁਰਮੁਖ ਗੁਰਸਿਖ ਗਾਡੀ ਰਾਹ 'ਤੇ ਚੱਲ ਕੇ) ਪਤਿ ਆਬਰੋ ਦੀਆਂ ਪਉੜੀਆਂ 'ਤੋਂ ਚੜ੍ਹਦਾ ਚੜ੍ਹਦਾ ਅਖ਼ੀਰ ਆਪਣੇ (ਨਿਜ ਘਰ ਸਰੂਪ) ਵਿਚ ਜਾ ਪੁੱਜਾ।੧੪।

***ਭਾਵਾਰਥ:*** ਸ੍ਰਿਸ਼ਟੀ ਦੇ ਆਦਿ ਤੋਂ ਹੀ ਜੁਗਾਂ ਜੁਗਾਂ ਪ੍ਰਤੀ ਅਵਤਾਰ ਆਉਂਦੇ ਰਹੇ, ਤੇ ਹਰ ਜੁਗ ਦੇ ਕਰਮਾਂ ਧਰਮਾਂ ਵਿਚ ਭੀ ਬੜਾ ਅੰਤਰਾ ਸੀ, ਜਿਵੇਂ ਕਿ:

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥

*(ਗਉੜੀ ਬੈਰਾਗਣਿ, ਪੰਨਾ ੩੪੬)*

ਭਾਵ, ਵਖੋ ਵਖ ਜੁਗ ਦੇ ਭਿੰਨ ਭਿੰਨ ਕਰਮ ਕਰਨ ਦਾ ਸੰਕੇਤ ਮੰਨਿਆ ਗਿਆ ਸੀ। ਜਿਵੇਂ ਸਤਿਜੁਗ ਵਿਚ ਸਤ ਪ੍ਰਤਗੀ ਹੋਣ ਨੂੰ ਪ੍ਰਧਾਨਤਾ ਦਿਤੀ ਗਈ ਸੀ, ਤ੍ਰੇਤੇ ਵਿਚ ਜਗ ਕਰਨ ਨੂੰ ਮੁਖ ਕਰਮ ਮੰਨਿਆ ਅਤੇ ਦੁਆਪਰ ਵਿਚ

ਪੂਜਾ ਕਰਨ ਵਾਲੇ ਨੂੰ ਵਿਸੇਸ਼ ਮੰਨਦੇ ਸਨ। ਪਰ ਜਦੋਂ ਕਲਿਜੁਗ ਦਾ ਸਮਾ ਆਇਆ ਤਾਂ ਗੁਰਮਤ ਨੇ ਇਹ ਸੰਕੇਤ ਬੰਨ੍ਹਾ ਦਿਤਾ ਕਿ ਹੇ ਭਾਈਓ! ਹੁਣ ਕਲਿਜੁਗ ਦਾ ਸਮਾ ਆ ਗਿਆ ਹੈ, ਇਸ ਲਈ ਪੁਰਾਤਨ ਕਰਮ-ਕਾਂਡਾਂ ਦਾ ਤਿਆਗ ਕਰਕੇ ਕੇਵਲ ਨਾਮ ਦਾ ਹੀ ਬੀਜ ਬੋਵੋ ਇਹੋ ਹੀ ਫਲੀਭੂਤ ਹੁੰਦਾ ਹੈ:

ਅਬ ਕਲੂ ਆਇਓ ਰੇ॥
ਇਕੁ ਨਾਮੁ ਬੋਵਹੁ ਬੋਵਹੁ॥
ਅਨ ਰੂਤਿ ਨਾਹੀ ਨਾਹੀ॥
ਮਤੁ ਭਰਮਿ ਭੂਲਹੁ ਭੂਲਹੁ॥

ਹੇ ਭਾਈਓ! ਯਾਦ ਰਖੋ ਜੋ ਕੁਰੁਤਾ ਬੀਜ ਬੀਜਿਆ ਜਾਵੇਗਾ ਉਸਨੂੰ ਕੋਈ ਫੁਲ ਨਹੀ ਲਗੇਗਾ, ਇਸ ਲਈ ਨਾਮ ਦਾ ਹੀ ਚਿੰਤਨ ਕਰੋ, ਜੋ ਸਦਾ ਹੀ ਅਬਿਨਾਸ਼ੀ ਸੁਖ ਦਾ ਦਾਤਾ ਹੈ।

## ੧੫. ਗੁਰਮੁਖਾਂ ਦਾ ਸੱਚਾ ਭਗਤੀ ਮਾਰਗ

੧. ਗੁਰਮੁਖ ਮਾਰਗਿ ਪੈਰਿ ਧਰਿ
ਦੁਬਿਧਾ ਵਾਟ ਕੁਵਾਟ ਨ ਧਾਯਾ।
੨. ਸਤਿਗੁਰ ਦਰਸ਼ਨ ਦੇਖਿ ਕੈ
ਮਰਦਾ ਜਾਂਦਾ ਨਦਰਿ ਨ ਆਯਾ।
੩. ਕੰਨੀ ਸਤਿਗੁਰ ਸ਼ਬਦ ਸੁਣਿ
ਅਨਹਦ ਰੁਣ ਝੁਣਕਾਰ ਸੁਣਾਯਾ।
੪. ਸਤਿਗੁਰ ਸਰਣੀ ਆਇ ਕੈ
ਨਿਹਚਲ ਸਾਧੂ ਸੰਗਿ ਮਿਲਾਯਾ।
੫. ਚਰਣ ਕਵਲ ਮਕਰੰਦ ਰਸ
ਸੁਖ ਸੰਪਟ ਵਿਚ ਸਹਿਜ ਸਮਾਯਾ।
੬. ਪਿਰਮ ਪਿਆਲਾ ਅਪਿਉ ਪੀਆਯਾ॥੧੫॥

*ਪਦ ਅਰਥ:* ਕੁਵਾਟ—ਮਾੜਾ ਰਸਤਾ। ਰੁਣ ਝੁਣਕਾਰ—ਸ਼ਬਦ ਰਸ ਦਾ ਇਕਰਸ ਪ੍ਰਵਾਹ। ਨਿਹਚਲ—ਅਡੋਲ। ਸੁਖ ਸੰਪਟ—ਸੁਖਾਂ ਦਾ ਸਮੂੰਹ (ਡੱਬਾ)। ਅਪਿਉ—ਬੇ-ਫ਼ਿਕਰਾਂ ਵਾਲੀ ਮਸਤੀ ਤੇ ਸੁਖ।

### ਅਰਥ:

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਆਮ ਸੰਸਾਰ ਦੇ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਸ ਸੰਸਾਰ ਦੇ ਕਰਤੇ ਨੂੰ ਪ੍ਰਾਪਤ ਕਰਨ ਦੇ ਵਖੋ ਵੱਖ ਫ਼ਿਰਕਿਆਂ ਨੇ ਭਿੰਨ ਭਿੰਨ ਮਾਰਗ ਅਪਨਾਏ ਹਨ, ਅਤੇ ਹਰ ਮਨੁੱਖ ਹੀ ਆਪਣੇ ਮਾਰਗ ਨੂੰ ਉਸ ਰੱਬ ਦੀ ਪ੍ਰਾਪਤੀ ਦਾ ਦਾਅਵੇਦਾਰ ਮੰਨਦਾ ਹੈ, ਤੇ ਬਾਕੀ ਦੇ ਸਾਰੇ ਮਾਰਗਾਂ ਨੂੰ ਉਹ ਆਪਣੇ ਮਾਰਗ ਤੋਂ ਘਟੀਆ ਦਰਜਾ ਦੇਂਦਾ ਹੈ, ਜਿਵੇਂ ਕਿ ਪ੍ਰਤੱਖ ਦੇਖਣ ਵਿਚ ਆਉਂਦਾ ਹੈ ਕਿ ਜੋਗੀਆਂ ਦੇ ਬਾਰਾਂ ਪੰਥ ਹਨ, ਸੰਨਿਆਸੀਆਂ ਦੇ ਛੇ ਫਿਰਕੇ, ਅਤੇ ਇਸੇ ਤਰ੍ਹਾਂ ਹੋਰ ਭੀ ਅਨੇਕਾਂ ਫਿਰਕੇ ਹਨ ਜੋ ਆਪਣੇ ਆਪ ਨੂੰ ਹੀ ਬਾਕੀ ਸਾਰਿਆਂ ਨਾਲੋਂ ਉੱਚਾ ਤੇ ਉੱਤਮ ਅਨੁਭਵ ਕਰਦੇ ਹਨ, ਪਰ ਕਿਉਂ ਜੀ ਦਸੋਗੇ ਕਿ ਇਨ੍ਹਾਂ ਸਾਰਿਆਂ ਵਿਚੋਂ ਆਪਜੀ ਕਿਸ ਮਾਰਗ ਨੂੰ ਉਚੇਰਾ ਮੰਨਦੇ ਹੋ ਜੋ ਰੱਬ ਦੀ ਪ੍ਰਾਪਤੀ ਦਾ ਸਹੀ ਸਾਧਨ ਹੋਵੇ?

ਉ: ਹੇ ਭਾਈਓ! ਮੈਂ ਪੁਰਾਤਨ ਸਾਰੇ ਹੀ ਮੱਤਾਂ ਦੀ ਪੜਚੋਲ ਕੀਤੀ ਹੈ, ਪਰ ਜਦੋਂ ਮੈਨੂੰ ਗੁਰੂ ਦੇ ਦਰਸਾਏ ਗੁਰਮਤ ਮਾਰਗ ਨੂੰ ਵੀਚਾਰਨ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਇਹ ਸਾਰੇ ਹੀ ਮੱਤ ਮੈਨੂੰ ਅਸਲੀਅਤ ਤੋਂ ਦੂਰ ਨਜ਼ਰ ਆਏ। ਹੋ ਸਕਦਾ ਹੈ ਕਿ ਇਹ ਸਾਰੇ ਹੀ ਲੋਕ ਭਾਵੇਂ ਅਰੰਭ ਵਿਚ ਉਸ ਰੱਬ ਦੀ ਪ੍ਰਾਪਤੀ ਦੀ ਇੱਛਾ ਨੂੰ ਲੈ ਕੇ ਘਰੋਂ ਟੁਰੇ ਹੋਣ ਪਰ (ਚਾਲੇ ਥੇ ਹਰਿ ਮਿਲਨ ਕੋ ਬੀਚੋ ਅਟਕਿਓ ਚੀਤ) ਭਾਵ ਇਹ ਸਾਰੇ ਰਸਤੇ ਵਿਚ ਹੀ ਅਟਕ ਗਏ ਨਜ਼ਰ ਆਏ, ਰੱਬ ਤਕ ਕੋਈ ਪੁੱਜ ਹੀ ਨਹੀਂ ਸਕਿਆ। ਕਿਉਂਕਿ ਇਨ੍ਹਾਂ ਨੇ ਆਪਣੇ ਘਰ ਬਾਰ ਤੇ ਪ੍ਰਵਾਰ ਨੂੰ ਤਿਆਗ ਕੇ ਕਿਸੇ ਭੇਖ ਦਾ ਪਹਿਰਾਵਾ ਹੀ ਪਹਿਰ ਲੈਣਾ ਵੱਡਾ ਸਾਧਨ ਮੰਨ ਲਿਆ, ਪਰ ਬਾਹਰਲਾ ਬੁਰਕਾ ਪਹਿਨਣ ਨਾਲ ਕੋਈ ਮਨ ਦੀਆਂ ਵਾਸ਼ਨਾ ਵਿਚ ਬਦਲ ਨਹੀਂ ਆਉਂਦੀ, ਮਨ ਦੇ ਵਿਕਾਰੀ ਸੁਭਾਅ ਨੂੰ ਬਦਲਣ ਵਾਸਤੇ ਤਾਂ ਸਾਧਨ ਕਰਨਾ ਪੈਂਦਾ ਹੈ ਜਿਸ ਸਾਧਨ ਨੂੰ ਕਮਜ਼ੋਰ ਮਨ ਵਾਲਾ ਨਹੀਂ ਕਰ ਸਕਦਾ ਜੇ ਕੋਈ ਕਮਜ਼ੋਰ ਮਨ ਵਾਲਾ ਘਰ ਬਾਰ ਨੂੰ ਤਿਆਗ ਕੇ ਕਿਸੇ ਜੰਗਲ ਦਾ ਵਾਸੀ ਭੀ ਹੋ ਗਿਆ ਤਾਂ ਇਸ ਤਿਆਗ ਨਾਲ ਕੋਈ ਮਨ ਦੀਆਂ ਵਾਸ਼ਨਾ ਨਹੀਂ ਬਦਲ ਜਾਂਦੀਆਂ। ਇਨ੍ਹਾਂ ਭਰਮ ਭੁਲੇਖਿਆਂ ਵਿਚ ਉਲਝੇ ਹੋਏ ਲੋਕਾਂ ਨੂੰ ਤੱਕ ਕੇ ਹੀ ਹਜ਼ੂਰ ਨੇ ਬਾਣੀ ਵਿਚ ਉਪਦੇਸ਼ ਦਿਤਾ ਹੈ, ਜਿਵੇਂ ਕਿ:

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥
ਪੂਜਾ ਕਰਹਿ ਬਹੁਤੁ ਬਿਸਥਾਰਾ ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥
ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥
ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥
ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥੧॥ਰਹਾਉ॥
ਪਾਪ ਕਰਹਿ ਪੰਚਾਂ ਕੇ ਬਸਿ ਰੇ ॥
ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮਪੁਰਿ ਬਾਂਧਿ ਖਰੇ ਕਾਲੰਕ ॥੨॥
ਘੂਘਰ ਬਾਧਿ ਬਜਾਵਹਿ ਤਾਲਾ ॥
ਅੰਤਰਿ ਕਪਟੁ ਫਿਰਹਿ ਬੇਤਾਲਾ ॥
ਵਰਮੀ ਮਾਰੀ ਸਾਪੁ ਨ ਮੂਆ ॥
ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥੩॥
ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥
ਦੇਸੁ ਛੋਡਿ ਪਰਦੇਸਹਿ ਧਾਇਆ ॥
ਪੰਚ ਚੰਡਾਲ ਨਾਲੇ ਲੈ ਆਇਆ ॥੪॥
ਕਾਨ ਫਰਾਇ ਹਿਰਾਏ ਟੂਕਾ ॥
ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥
ਵੇਸਿ ਨ ਪਾਈਐ ਮਹਾ ਦੁਖਿਆਰੀ ॥੫॥
ਬੋਲੈ ਨਾਹੀ ਹੋਇ ਬੈਠਾ ਮੋਨੀ ॥
ਅੰਤਰਿ ਕਲਪ ਭਵਾਈਐ ਜੋਨੀ ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥
ਹੁਕਮੁ ਨ ਬੂਝੈ ਵਿਆਪਿਆ ਮਮਤਾ ॥੬॥
ਬਿਨੁ ਸਤਿਗੁਰ ਕਿਨੈ ਨ ਪਾਈ ਪਰਮਗਤੇ ॥
ਪੂਛਹੁ ਸਗਲ ਬੇਦ ਸਿੰਮ੍ਰਿਤੇ ॥
ਮਨਮੁਖ ਕਰਮ ਕਰੈ ਅਜਾਈ ॥
ਜਿਉ ਬਾਲੂ ਘਰ ਠਉਰ ਨ ਠਾਈ ॥੭॥

*(ਪ੍ਰਭਾਤੀ ਮ: ੫, ਪੰਨਾ ੧੩੪੭)*

ਇਸ ਗੁਰਬਾਣੀ ਦੇ ਉਪਦੇਸ਼ ਨੂੰ ਸੁਣਕੇ ਗੁਰਮੁਖਾਂ ਨੇ ਗੁਰਮਤ ਦੇ ਭਗਤੀ ਮਾਰਗ ਨੂੰ ਹੀ ਅਪਣਾਇਆ ਹੈ ਕਿਉਂਕਿ ਭਗਤੀ ਮਾਰਗ ਗ੍ਰਿਹਸਤ ਮਾਰਗ ਦਾ ਤਿਆਗ ਕਰਾਉਣ ਦੇ ਹੱਕ ਵਿਚ ਨਹੀਂ, ਇਹ ਤਾਂ ਸਗੋਂ 'ਸਗਲ ਧਰਮ ਮਹਿ ਗ੍ਰਿਹਸਤ ਪ੍ਰਧਾਨ' ਹੋਣ ਦਾ ਹਾਮੀ ਹੈ, ਇਸ ਲਈ ਸਾਰੇ ਸੰਸਾਰ ਦੇ ਮਾਰਗਾਂ ਵਿਚੋਂ ਉਚੇਰਾ ਤੇ ਉੱਤਮ ਦਰਜਾ ਗੁਰਮਤ ਨੇ ਭਗਤੀ ਮਾਰਗ ਨੂੰ ਦੱਸਿਆ ਹੈ, ਇਸ ਲਈ ਗੁਰਮੁਖ ਸਦਾ ਹੀ ਭਗਤੀ ਦੇ ਮਾਰਗ ਪਰ ਚਲਦੇ ਹੋਏ ਆਪਣਾ ਜੀਵਨ ਸਫਲਾਉਂਦੇ ਹਨ।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਜਦੋਂ ਕਿ ਇਹ ਭਗਤੀ ਦਾ ਮਾਰਗ ਸਭਨਾਂ ਮਾਰਗਾਂ ਤੋਂ ਉੱਚਾ ਤੇ ਸੱਚਾ ਮਾਰਗ ਹੈ ਤਾਂ ਫਿਰ ਇਸ ਮਾਰਗ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਅਪਣਾਉਂਦੇ, ਇਸਦਾ ਸਹੀ ਕਾਰਨ ਕੀ ਹੈ, ਦੱਸੋਗੇ ?

ਉ: ਹੇ ਭਾਈਓ ! ਜਦੋਂ ਅਸੀਂ ਇਸ ਪੱਖ ਨੂੰ ਨਿਰਪੱਖ ਹੋ ਕੇ ਵੀਚਾਰਾਂਗੇ ਤਾਂ ਸਾਨੂੰ ਇਸਦੇ ਸਹੀ ਕਾਰਨ ਦੀ ਜਾਣਕਾਰੀ ਹੋਵੇਗੀ ਕਿ ਸੰਸਾਰ ਵਿਚ ਜਿਤਨੀ ਭੀ ਕੋਈ ਉੱਚੇ ਦਰਜੇ ਦੀ ਵਸਤੂ ਹੋਵੇਗੀ ਉਸਦੇ ਗਾਹਕ ਭੀ ਬਹੁਤ ਘੱਟ ਹੋਣਗੇ ਜਿਵੇਂ ਕਿ ਅਸੀਂ ਬਜ਼ਾਰਾਂ 'ਚ ਵੇਖਦੇ ਹਾਂ ਕਿ ਸਰਾਫ਼ਾਂ ਦੀਆਂ ਦੁਕਾਨਾਂ 'ਤੇ ਜਿਥੇ ਅਮੋਲਕ ਹੀਰੇ, ਲਾਲ, ਜਵਾਹਰਾਤ ਮਿਲਦੇ ਹਨ, ਉਥੇ ਖ਼ਰੀਦਦਾਰਾਂ ਦੀ ਵਧੇਰੇ ਭੀੜ ਨਹੀਂ ਹੋਇਆ ਕਰਦੀ, ਪਰ ਜਿਥੇ ਸਸਤੀਆਂ ਸਬਜ਼ੀ ਦੀਆਂ ਦੁਕਾਨਾਂ ਹਨ ਉਥੇ ਗਾਹਕਾਂ ਦੀ ਬਹੁਤ ਭੀੜ ਵੇਖਣ ਵਿਚ ਆਉਂਦੀ ਹੈ, ਇਸੇ ਤਰ੍ਹਾਂ ਜਿਸ ਭਗਤੀ ਦੇ ਮਾਰਗ 'ਤੇ ਚਲਦਿਆਂ ਨਾਮ ਰੂਪੀ ਹੀਰੇ ਲਾਲ ਮਿਲਦੇ ਹਨ, ਉਸ ਮਾਰਗ 'ਤੇ ਟੁਰਨ ਵਾਲੇ ਅਧਿਕਾਰੀ ਭੀ ਬਹੁਤ ਹੀ ਘੱਟ ਨਜ਼ਰ ਆਉਂਦੇ ਹਨ।

ਦੂਸਰਾ ਕਾਰਨ ਹੈ ਕਿ ਇਹ ਭਗਤੀ ਦਾ ਮਾਰਗ ਹੈ ਭੀ ਬਹੁਤ ਔਖਾ। ਪਰ ਹਾਂ ! ਇਸ ਦੀ ਔਖਿਆਈ ਦਾ ਬੋਧ ਭੀ ਉਨ੍ਹਾਂ ਪਾਂਧੀਆਂ ਨੂੰ ਹੀ ਹੋਇਆ ਕਰਦਾ ਹੈ ਜੋ ਲੋਕ ਇਸ ਬਿਖਮ ਮਾਰਗ 'ਤੇ ਟੁਰੇ ਹਨ, ਕਬੀਰ ਤੇ ਰਵੀਦਾਸ ਜੈਸੇ ਭਗਤਾਂ ਨੂੰ ਕਹਿਣਾ ਪਿਆ ਕਿ ਇਹ ਭਗਤੀ ਦਾ ਮਾਰਗ ਬਿਖਮ ਤੇ ਅਉਘਟ ਘਾਟੀ ਹੈ ਜਿਸ 'ਤੇ ਸਫ਼ਰ ਕਰਨਾ ਬਹੁਤ ਹੀ ਕਠਿਨ ਹੈ, ਇਸ ਭਾਵ ਨੂੰ ਉਨ੍ਹਾਂ ਨੇ ਆਪਣੀ ਬਾਣੀ ਵਿਚ ਇਉਂ ਉੱਕਰਿਆ ਹੈ :

ਕਬੀਰ ਜਿਹ ਮਾਰਗਿ ਪੰਡਿਤ ਗਏ
ਪਾਛੈ ਪਰੀ ਬਹੀਰ ॥
ਇਕ ਅਵਘਟ ਘਾਟੀ ਰਾਮ ਕੀ
ਤਿਹ ਚੜਿ ਰਹਿਓ ਕਬੀਰ ॥੧੬੫॥

*(ਸਲੋਕ ਕਬੀਰ ਜੀ, ਪੰਨਾ ੧੩੭੩)*

ਭਾਵ ਹੈ ਕਿ ਜਿਸ ਕਰਮ-ਕਾਂਡ ਤੇ ਜਪ, ਤਪ ਕਰਨ ਦੇ ਮਾਰਗ ਪਰ ਪੰਡਤ ਲੋਕ ਟੁਰੀ ਜਾ ਰਹੇ ਹਨ, ਉਨ੍ਹਾਂ ਦੇ ਮਾਰਗ ਪਰ ਕਰਮ-ਕਾਂਡ ਕਰਨ ਵਾਲੇ ਲੋਕਾਂ ਦੇ

ਕਾਫਲੇ ਹੀ ਟੁਰੀ ਜਾ ਰਹੇ ਹਨ ਪਰ, ਜਿਸ ਰਾਮ ਦੀ ਪ੍ਰਾਪਤੀ ਦੀ ਔਖੀ ਘਾਟੀ ਭਗਤੀ ਦਾ ਮਾਰਗ ਹੈ ਉਸ ਪਰ (ਮੈਂ) ਕਬੀਰ ਇਕੱਲਾ ਹੀ ਚੜ੍ਹਦਾ ਜਾ ਰਿਹਾ ਹਾਂ। ਇਹ ਠੀਕ ਹੀ ਹੈ ਕਿ ਭਗਤ ਕਬੀਰ ਨੂੰ ਜੋ ਇਸ ਭਗਤੀ ਦੇ ਮਾਰਗ 'ਤੇ ਟੁਰੇ ਜਾਂਦਿਆਂ ਕਠਿਨਤਾਈਆਂ ਨਜ਼ਰ ਆਈਆਂ ਉਨ੍ਹਾਂ ਨੂੰ ਤੱਕ ਕੇ ਹੀ ਕਬੀਰ ਜੀ ਇਸ ਭਗਤੀ ਦੇ ਮਾਰਗ ਨੂੰ ਅਉਖੀ ਘਾਟੀ ਕਹਿੰਦੇ ਹਨ, ਜਿਵੇਂ ਕਿਸੇ ਉੱਚੇ ਪਹਾੜ ਦੀ ਉਚਾਈ ਪਰ ਚੜ੍ਹਦਿਆਂ ਮੁਸਾਫ਼ਰ ਥੱਕਦਾ ਹੈ, ਇਸੇ ਤਰ੍ਹਾਂ ਇਸ ਭਗਤੀ ਮਾਰਗ ਪਰ ਸਫ਼ਰ ਕਰਨ ਵਾਲੇ ਨੂੰ ਭੀ ਕਈ ਤਰ੍ਹਾਂ ਦੇ ਸੰਸਕਾਰ ਪੈਦਾ ਹੁੰਦੇ ਹਨ, ਕਈ ਲੋਕ ਤਾਂ ਇਨ੍ਹਾਂ ਸੰਕਲਪਾਂ ਦੀ ਘੁੰਮਣਘੇਰੀ ਦੇ ਚੱਕ੍ਰਾਂ ਵਿਚ ਭਰਮੇ ਹੋਏ ਰਸਤੇ ਵਿਚ ਹੀ ਖਲੋ ਜਾਂਦੇ ਹਨ, ਕਈ ਵਾਪਸ ਹੀ ਮੁੜ ਆਉਂਦੇ ਹਨ, ਇਸ ਭਗਤੀ ਦੇ ਮਾਰਗ ਵਿਚ ਇਕ ਹੋਰ ਬਹੁਤ ਕਠਿਨਤਾਈ ਹੈ ਕਿ ਇਸ ਮਾਰਗ 'ਤੇ ਇਕੱਲੇ ਪਾਂਧੀ ਨੂੰ ਹੀ ਸਫ਼ਰ ਕਰਨਾ ਪੈਂਦਾ ਹੈ, ਇਹ ਭੀ ਭਗਤੀ ਮਾਰਗ ਪਰ ਚਲਣ ਵਾਲੇ ਜਗਿਆਸੂ ਨੂੰ ਇਕ ਬਹੁਤ ਵੱਡਾ ਉਪਰਾਮਤਾ ਦਾ ਕਾਰਨ ਬਣ ਜਾਂਦਾ ਹੈ, ਕਿਉਂਕਿ ਜੋ ਰਸਤਾ ਵਗਦਾ ਹੈ ਉਸ ਪਰ ਚਲਣ ਵਾਲੇ ਮੁਸਾਫ਼ਰ ਅਗੇ ਟੁਰੀ ਜਾਂਦੇ ਭੀ ਦਿਸਦੇ ਹਨ, ਤੇ ਜਦੋਂ ਉਹ ਪਿਛੇ ਨਜ਼ਰ ਮਾਰਦਾ ਹੈ ਤਾਂ ਰਾਹੀ ਮਗਰ ਭੀ ਆਉਂਦੇ ਦਿਸਦੇ ਹਨ, ਇਸ ਤਰ੍ਹਾਂ ਅਗੇ ਪਿਛੇ ਨਜ਼ਰ ਮਾਰਨ ਨਾਲ ਉਸਦੀ ਢਾਰਸ ਬੱਝੀ ਰਹਿੰਦੀ ਹੈ ਕਿ ਮੈਂ ਇਕੱਲਾ ਹੀ ਨਹੀਂ ਹੋਰ ਭੀ ਮੇਰੇ ਕਈ ਸਾਥੀ ਹਨ, ਪਰ ਇਸ ਭਗਤੀ ਦੇ ਮਾਰਗ ਪਰ ਤਾਂ (ਸੰਗ ਨ ਸਾਥੀ ਗਵਨ ਇਕੇਲਾ) ਭਾਵ ਭਗਤੀ ਦੇ ਮਾਰਗ ਪਰ ਚਲਣ ਵਾਲੇ ਪਾਂਧੀ ਨੂੰ 'ਕੱਲਿਆਂ ਹੀ ਟੁਰਨਾ ਪੈਂਦਾ ਹੈ। ਇਸੇ ਭਗਤੀ ਦੇ ਮਾਰਗ ਦੀ ਕਠਿਨਤਾਈ ਨੂੰ ਦਰਸਾਉਂਦਿਆਂ ਭਗਤ ਰਵੀਦਾਸ ਜੀ ਭੀ ਦਰਸਾਉਂਦੇ ਹਨ, ਜਿਵੇਂ ਕਿ:

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ॥

*(ਗਉੜੀ ਰਵਿਦਾਸ ਜੀ, ਪੰਨਾ ੩੪੫)*

ਭਾਵ ਆਮ ਸੰਸਾਰੀ ਮਾਰਗਾਂ ਨਾਲੋਂ ਇਹ ਜੋ ਭਗਤੀ ਦਾ ਮਾਰਗ ਹੈ ਇਹ ਇਕ ਬਹੁਤ ਅਉਖੀ ਘਾਟੀ ਹੈ ਜਿਸ 'ਤੇ ਸਫ਼ਰ ਕਰਨਾ ਮੇਰੇ ਨਿਰਗੁਣੇ ਮਨ ਰੂਪੀ ਬੈਲ ਨੂੰ ਬੜਾ ਔਖਾ ਹੈ, ਇਸ ਲਈ ਹੇ ਸਾਈਆਂ ਜੀਉ! ਮੇਰੀ ਸੁਆਸਾਂ ਰੂਪੀ ਪੂੰਜੀ ਨੂੰ ਤੁਸੀਂ ਹੀ ਸੰਭਾਲ ਕੇ ਰੱਖੋ।

ਪ੍ਰ: ਕਿਉ ਭਾਈ ਸਾਹਿਬ ਜੀਉ! ਜਿਸ ਭਗਤੀ ਮਾਰਗ ਦਾ ਆਪ ਜੀ ਜ਼ਿਕਰ ਕਰਦੇ ਹੋ ਉਸ 'ਤੇ ਚਲਣ ਵਾਲਿਆਂ ਦੀ ਪਛਾਣ ਕੀ ਹੈ, ਉਨ੍ਹਾਂ ਭਗਤਾਂ ਅਤੇ ਸੰਸਾਰੀਆਂ ਦਾ ਪਰਸਪਰ ਅੰਤਰਾ ਕੀ ਹੈ?

ਉ: ਹੇ ਭਾਈਓ! ਜਦੋਂ ਅਸੀਂ ਬਾਣੀ ਦੀ ਵੀਚਾਰ ਕਰੀਏ ਤਾਂ ਬੋਧ ਮਿਲਦਾ ਹੈ ਕਿ ਸੰਸਾਰ ਦੇ ਆਦਿ ਕਾਲ ਤੋਂ ਹੀ ਭਗਤ ਜਨਾਂ ਤੇ ਸੰਸਾਰੀ ਲੋਕਾਂ ਦਾ ਕਦੇ ਭੀ ਤਾਲ-ਮੇਲ ਨਹੀਂ ਹੋ ਆਇਆ, ਭਾਵ ਸੰਸਾਰੀ ਲੋਕਾਂ ਨੇ ਭਗਤਾ ਦੀ ਸਚਾਈ ਨੂੰ ਕਦੇ ਭੀ ਨਹੀਂ ਕਬੂਲਿਆ ਅਤੇ ਭਗਤ ਜਨ ਭੀ ਸੰਸਾਰੀ ਲੋਕਾਂ ਦੇ ਕੂੜ ਅਗੇ ਕਦੇ ਨਹੀਂ ਝੁਕੇ। ਇਸ ਭਾਵ ਨੂੰ ਬਾਣੀ ਵਿਚ ਭੀ ਦਰਸਾਇਆ ਹੈ ਕਿ (ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ) ਅਰਥਾਤ ਭਗਤਾਂ ਤੇ ਸੰਸਾਰੀ ਲੋਕਾਂ ਦਾ ਕਦੇ ਭੀ ਜੋੜ ਨਹੀਂ ਜੁੜਿਆ ਅਤੇ ਨਾਹੀ ਕਦੀ ਜੁੜੇਗਾ। ਇਸੇ ਭਾਵ ਦਾ ਬਾਣੀ ਵਿਚ ਹੋਰ ਭੀ ਬਹੁਤ ਖ਼ੁਲਾਸਾ ਆਉਂਦਾ ਹੈ, ਜਿਵੇਂ ਕਿ:

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ
ਜੁਗਹੁ ਜੁਗੁ ਨਿਰਾਲੀ॥੧੪॥

*(ਅਨੰਦੁ ਸਾਹਿਬ, ਪੰਨਾ ੯੧੮)*

ਭਾਵ ਹੈ ਕਿ ਜਿਥੇ ਸੰਸਾਰੀ ਲੋਕ ਸੰਸਾਰ ਦੀਆਂ ਵਾਸਨਾਵਾਂ ਦੇ ਘੇਰੇ ਵਿਚ ਘਿਰੇ ਹੋਏ ਇਸ ਭਗਤੀ ਦੇ ਕਠਿਨ ਮਾਰਗ ਪਰ ਨਹੀਂ ਟੁਰ ਸਕਦੇ ਉਥੇ ਗੁਰਮੁਖਾਂ ਨੇ ਲਬ, ਲੋਭ, ਅਹੰਕਾਰ, ਤ੍ਰਿਸ਼ਨਾ ਆਦਿ ਵਿਕਾਰਾਂ ਦਾ ਤਿਆਗ ਕਰਕੇ ਆਪਾ-ਭਾਵ ਮਿਟਾ ਦਿੱਤਾ ਹੈ ਤੇ ਉਹ ਇਸ ਭਗਤੀ ਦੇ ਬਿਖਮ ਮਾਰਗ ਪਰ ਦਿਨੇ ਰਾਤ ਦ੍ਰਿੜ੍ਹਤਾ ਨਾਲ ਬੇ-ਫ਼ਿਕਰ ਹੋ ਸਫ਼ਰ ਕਰਦੇ ਜਾ ਰਹੇ ਹਨ। ਇਸ ਭਾਵ ਨੂੰ ਬਾਣੀ ਅੰਦਰ ਕਈ ਥਾਵਾਂ 'ਤੇ ਦਰਸਾਇਆ ਗਿਆ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਮੈਂ ਗੁਰਮੁਖਾਂ ਦੇ ਭਗਤੀ ਮਾਰਗ ਬਾਰੇ ਇਸ ਪਉੜੀ ਵਿਚ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ:

(੧) (ਜਿਵੇਂ ਕਿ ਅਸੀਂ ਵੇਖਦੇ ਹਾ ਕਿ) ਗੁਰਮੁਖ (ਆਪਣੇ ਨਾਮ ਸਿਮਰਨ) ਦੇ ਰਾਹ 'ਤੇ ਹੀ ਪੈਰ ਧਰਦੇ ਹਨ, ਹੋਰ ਦੁਬਿਧਾ ਤੇ ਭਰਮ ਵਾਲੀਆਂ ਕੁਵਾਟਾਂ (ਖੋਟੇ ਰਸਤਿਆਂ) ਵੱਲ ਨਹੀਂ ਜਾਂਦੇ।

(੨) (ਕਿਉਂਕਿ) ਸਤਿਗੁਰਾਂ ਦੇ ਦਰਸ਼ਨਾਂ ਨੂੰ ਦੇਖ ਕੇ (ਉਨ੍ਹਾਂ ਨੂੰ ਨਿਸਚਾ ਹੋ ਗਿਆ ਕਿ ਸਭ ਕੁਝ ਪ੍ਰਮੇਸ਼ਰ ਦਾ ਕੀਤਾ ਹੀ ਹੋ ਰਿਹਾ ਹੈ, ਇਸ ਲਈ) ਉਨ੍ਹਾਂ ਨੂੰ ਮਰਨ ਜੀਵਨ ਦਾ ਤੌਖ਼ਲਾ ਨਜ਼ਰ ਨਹੀਂ ਆਉਂਦਾ (ਉਹ ਸਭ ਕੁਝ ਭਾਣੇ ਵਿਚ ਹੀ ਸਮਝਦੇ ਹਨ)।

(੩) (ਉਨ੍ਹਾਂ ਦੀ ਮਾਨਸਕ ਅਵਸਥਾ ਇਹ ਹੋ ਜਾਂਦੀ ਹੈ ਕਿ) ਕੰਨਾਂ ਰਾਹੀਂ ਗੁਰ-ਸ਼ਬਦ ਨੂੰ ਸੁਣਨ ਨਾਲ ਹੀ ਉਨ੍ਹਾਂ ਦੇ ਅੰਦਰ ਅਨਹਦ ਸ਼ਬਦ ਦੇ ਰਸ ਦੀ ਝੁਣਕਾਰ ਸੁਣਦੀ ਹੈ।

(੪) ਸਤਿਗੁਰ ਦੀ ਸ਼ਰਨ ਆਉਣ ਕਰਕੇ (ਸਤਿਗੁਰੂ ਨੇ) ਉਨ੍ਹਾਂ ਨੂੰ ਨਿਹਚਲ ਮੱਤ ਵਾਲੇ ਸਾਧੂਆਂ ਨਾਲ ਮੇਲ ਦਿੱਤਾ ਹੈ।

(੫) ਜਿਨ੍ਹਾਂ ਦੇ ਚਰਣ ਕਵਲਾਂ ਦੇ ਰਸ ਅੰਮ੍ਰਿਤ ਨੂੰ ਪੀਂਦੇ ਤੇ ਉਸਨੂੰ ਸੁਖਾਂ ਦਾ ਪਟਾਰਾ ਸਮਝ ਕੇ ਉਸੇ ਵਿਚ ਲਿਵਲੀਨ ਰਹਿੰਦੇ ਹਨ।

(੬) (ਉਹ) ਗੁਰਮੁਖ ਪ੍ਰੇਮ ਦੇ ਪਿਆਲੇ ਨੂੰ ਪੀਂਦੇ ਤੇ ਸਦਾ ਹੀ ਉਸਦੀ ਖ਼ੁਮਾਰੀ ਵਿਚ ਮਸਤ ਰਹਿੰਦੇ ਹਨ।੧੫।

*ਭਾਵਾਰਥ :* ਜਿਸ ਤਰ੍ਹਾਂ ਸ਼ਰਾਬ ਦੇ ਪਿਆਲੇ ਦੀ ਮਸਤੀ ਵਿਚ ਫ਼ਿਕਰ ਫਾਕੇ ਸਭ ਦੂਰ ਹੋ ਜਾਂਦੇ ਹਨ ਇਸੇ ਤਰ੍ਹਾਂ ਗੁਰਮੁਖ ਚਰਣਾਰਬਿੰਦ ਦੇ ਪ੍ਰੇਮ ਪਿਆਲੇ ਨੂੰ ਪੀ ਕੇ ਸਦਾ ਬ੍ਰਹਮਾਨੰਦ ਵਿਚ ਮਗਨ ਰਹਿੰਦੇ ਹਨ ਅਤੇ ਜਨਮ ਮਰਨ ਦੋਹ ਦੇ ਧਰਮ ਜਾਣ ਕੇ ਆਤਮਾ ਨੂੰ ਆਲੇਪ ਅਨੁਭਵ ਕਰਕੇ ਚਰਣਾਂ ਕਮਲਾਂ ਦੇ ਵਿਚ ਲੀਨ ਰਹਿੰਦੇ ਹਨ।

## ੧੬. ਗੁਰਮੁਖਾਂ ਦਾ ਜੀਵਨ ਮੁਕਤ ਪਦ

**੧. ਸਾਧ ਸੰਗਤ ਕਰਿ ਸਾਧਨਾ**
**ਪਿਰਮ ਪਿਆਲਾ ਅੱਜਰ ਜਰਣਾ।**
**੨. ਪੈਰੀਂ ਪੈ ਪਾ ਖਾਕ ਹੋਇ**
**ਆਪੁ ਗਵਾਇ ਜੀਵੰਦਿਆ ਮਰਣਾ।**
**੩. ਜੀਵਣ ਮੁਕਤਿ ਵਖਾਣੀਐ**
**ਮਰਿ ਮਰਿ ਜੀਵਣੁ ਡੁਬਿ ਡੁਬਿ ਤਰਣਾ।**
**੪. ਸ਼ਬਦ ਸੁਰਤਿ ਲਿਵਲੀਣ ਹੋਇ**
**ਅਪਿਉ ਪੀਅਣ ਤੈ ਅਉਚਰ ਚਰਣਾ।**
**੫. ਅਨਹਦ ਨਾਦ ਅਵੇਸ ਕਰਿ**
**ਅੰਮ੍ਰਿਤ ਬਾਣੀ ਨਿੱਝਰ ਝਰਣਾ।**
**੬. ਕਰਨ ਕਾਰਨ ਸਮਰੱਥ ਹੋਇ**
**ਕਾਰਣੁ ਕਰਣ ਨ ਕਾਰਣ ਕਰਣਾ।**
**੭. ਪਤਿਤ ਉਧਾਰਣ ਅਸਰਣ ਸਰਣਾ ॥੧੬॥**

*ਪਦ ਅਰਥ :* ਸਾਧਨਾ—ਘਾਲਣਾ, ਮਿਹਨਤ। ਪਾ ਖਾਕ—ਚਰਨਾਂ ਦੀ ਧੂੜੀ। ਅਉਚਰ—ਔਖਾ ਕੰਮ ਭਾਵ ਹੰਕਾਰ ਨੂੰ ਖ਼ਤਮ ਕਰਨਾ, ਪੰਜੇ ਵਿਸ਼ੇ। ਚਰਣਾ—ਖਾ ਜਾਣਾ ਭਾਵ ਅਭਾਵ ਕਰਨਾ। ਨਿੱਝਰ—ਇਕ ਰਸ।

*ਅਰਥ :*

ਪ੍ਰ: ਭਾਈ ਸਾਹਿਬ ਜੀਓ! ਆਪ ਜੀ ਹਮੇਸ਼ਾਂ ਹੀ ਸਾਨੂੰ ਗੁਰਮਤ ਦੇ ਵੀਚਾਰ ਸਰਵਨ ਕਰਾਉਂਦੇ ਹੋ, ਪਰ ਵਧੇਰੇ ਤੁਸੀਂ ਸਾਧ ਸੰਗਤ ਵਿਚ ਜੁੜਕੇ ਨਾਮ ਸਿਮਰਨ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹੋ। ਕਿਉਂ ਜੀ! ਇਸ ਵਿਚ ਕੋਈ ਖ਼ਾਸ ਵਿਸ਼ੇਸ਼ਤਾ ਹੈ, ਸਾਨੂੰ ਇਸ ਬਾਰੇ ਜਾਣੂ ਕਰਾਓ, ਧੰਨਵਾਦੀ ਹੋਵਾਂਗੇ?

ਉ: ਹੇ ਭਾਈਓ! ਮੈਂ ਪਹਿਲੋਂ ਭੀ ਆਪ ਜੀ ਨੂੰ ਕਈ ਵਾਰ ਬੇਨਤੀ ਕੀਤੀ ਹੈ ਕਿ ਮੈਂ ਸੰਗਤ ਵਿਚ ਉਹੀ ਵੀਚਾਰ ਸਰਵਣ ਕਰਾਉਂਦਾ ਹਾਂ ਜੋ ਮੈਨੂੰ ਗੁਰਬਾਣੀ ਦੁਆਰੇ ਪ੍ਰੇਰਨਾ ਮਿਲਦੀ ਰਹੀ ਹੈ। ਜਦੋਂ ਬਾਣੀ ਪੜ੍ਹੀਏ ਤਾਂ ਬਾਰ ਬਾਰ ਸਤਿਸੰਗਤ ਵਿਚ ਮਿਲ ਕੇ ਨਾਮ ਦੇ ਸਿਮਰਨ ਕਰਦੇ ਰਹਿਣ ਦੀ ਹੀ ਪ੍ਰੇਰਨਾ ਦਿਤੀ ਗਈ ਹੈ।

ਪ੍ਰ: ਕਿਉਂ ਜੀ! ਦਸੋਗੇ ਕਿ ਸਾਧ ਸੰਗਤ ਦੀ ਸਹੀ ਰੂਪ ਰੇਖਾ ਕੀ ਹੈ, ਕਿਉਂਕਿ ਇਕੱਤ੍ਰਤਾ ਤਾਂ ਵੱਧ ਤੋਂ ਵੱਧ ਵੇਖਣ ਵਿਚ ਆਉਂਦੀ ਹੈ, ਆਪ ਜੀ ਦੀ ਸਾਧ ਸੰਗਤ ਤੋਂ ਕੀ ਮੁਰਾਦ ਹੈ?

ਉ: ਹੇ ਭਾਈਓ! ਅਸਲ ਵਿਚ ਕਿਸੇ ਥਾਂ ਵਧੇਰੇ ਇਕੱਠ ਹੋ ਜਾਣ ਦਾ ਨਾਮ ਸਾਧ ਸੰਗਤ ਨਹੀਂ, ਸਾਧ ਸੰਗਤ ਦੀ ਸਹੀ ਰੂਪ ਰੇਖਾ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਮਿਲਦੀ ਹੈ :

ਸਤਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥

*(ਸ੍ਰੀ ਰਾਗੁ ਮ: ੧, ਪੰਨਾ ੭੨)*

ਸਤਿ ਸੰਗਤ ਕਹੋ, ਜਾਂ ਸਾਧ ਸੰਗਤ ਇਨ੍ਹਾਂ ਦਾ ਇਕੋ ਹੀ ਭਾਵ ਹੈ। ਅਰਥਾਤ ਉਨ੍ਹਾਂ ਸਾਧੂ ਲੋਕਾਂ ਦਾ ਇਕੱਠ ਜਿਥੇ ਉਸ ਪ੍ਰਮੇਸ਼ਰ ਦੇ ਸਤਿ ਸਰੂਪ ਦੀ ਪ੍ਰਾਪਤੀ ਦੇ ਸਾਧਨ ਕੇਵਲ ਨਾਮ ਦਾ ਹੀ ਵੀਚਾਰ ਹੋ ਰਿਹਾ ਹੈ, ਜਿਥੇ ਸਤਿ ਸਰੂਪ ਦੀ ਪ੍ਰਾਪਤੀ ਦੇ ਸਾਧਨ ਸੋਚੇ ਜਾਂਦੇ ਹਨ, ਉਸ ਦਾ ਨਾਮ ਸੰਗਤ ਹੈ।

ਸਤ ਸੰਗਤਿ ਊਤਮ ਸਤਿਗੁਰ ਕੇਰੀ
ਗੁਨ ਗਾਵੈ ਹਰਿ ਪ੍ਰਭ ਕੇ॥
ਹਰਿ ਕਿਰਪਾ ਧਾਰਿ ਮੇਲਹੁ ਸਤ ਸੰਗਤਿ
ਹਮ ਧੋਵਹ ਪਗ ਜਨ ਕੇ॥੨॥

*(ਸੂਹੀ ਮ: ੪, ਪੰਨਾ ੭੩੧)*

ਸਤ ਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ॥
ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ॥

*(ਸਲੋਕੁ ਮ: ੩, ਪੰਨਾ ੧੦੮੭)*

ਸਤ ਸੰਗਿ ਜਾਗੇ ਨਾਮਿ ਲਾਗੇ
ਏਕ ਸਿਉ ਲਿਵ ਲਾਗੀਆ॥
ਤਜਿ ਮਾਨ ਮੋਹ ਬਿਕਾਰ ਸਾਧੂ
ਲਗਿ ਤਰਉ ਤਿਨ ਕੈ ਪਾਏ॥

*(ਕਾਨੜਾ ਮ: ੫, ਪੰਨਾ ੧੩੧੨)*

ਸਤ ਸੰਗਤਿ ਸਾਈ ਹਰਿ ਤੇਰੀ
ਜਿਤੁ ਹਰਿ ਕੀਰਤਿ ਹਰਿ ਸੁਨਣੇ॥

*(ਭੈਰਉ ਮ: ੪, ਪੰਨਾ ੧੧੩੫)*

ਸਤ ਸੰਗਤੀ ਸੰਗਿ ਹਰਿ ਧਨੁ ਖਟੀਐ
ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥
ਹਰਿ ਰਤਨੈ ਕਾ ਵਾਪਾਰੀਆ
ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ
ਵਾਕਿ ਹਰਿ ਧਨੁ ਲਇਆ ਜਾਈ॥੨॥

*(ਸੂਹੀ ਮ: ੪, ਪੰਨਾ ੭੩੪)*

ਸਤਿਗੁਰ ਪੁਰਖੁ ਹਰਿ ਧਿਆਇਦਾ
ਸਤਸੰਗਤਿ ਸਤਿਗੁਰ ਭਾਇ॥
ਸਤਸੰਗਤਿ ਸਤਿਗੁਰ ਸੇਵਦੇ
ਹਰਿ ਮੇਲੇ ਗੁਰੁ ਮੇਲਾਇ॥

*(ਸਲੋਕ ਮ: ੪, ਪੰਨਾ ੧੪੨੪)*

ਸਤਸੰਗਤਿ ਸਤਿਗੁਰ ਚਟਸਾਲ ਹੈ
ਜਿਤੁ ਹਰਿ ਗੁਣ ਸਿਖਾ॥ *(ਪਉੜੀ, ਪੰਨਾ ੧੩੧੬)*

ਸਤਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ
ਜਿਤੁ ਮਿਲਿ ਹਰਿ ਬੁਲਗ ਬੁਲੋਗੀਆ॥

*(ਪਉੜੀ, ਪੰਨਾ ੧੩੧੩)*

ਭਾਈ ਰੇ ਹਰਿ ਹੀਰਾ ਗੁਰ ਮਾਹਿ॥
ਸਤਸੰਗਤਿ ਸਤਿਗੁਰੁ ਪਾਈਐ
ਅਹਿਨਿਸਿ ਸਬਦਿ ਸਲਾਹਿ॥

*(ਸ੍ਰੀ ਰਾਗੁ ਮ: ੧, ਪੰਨਾ ੨੨)*

ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ॥
ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰਧਾਰਿ॥

*(ਸ੍ਰੀ ਰਾਗੁ ਮ: ੩, ਪੰਨਾ ੩੫)*

ਸਤ ਸੰਗਤਿ ਸਾਧ ਧੂਰਿ ਮੁਖਿ ਪਰੀ॥
ਇਸਨਾਨੁ ਕੀਓ ਅਠਸਠਿ ਸੁਰਸਰੀ॥੩॥

*(ਭੈਰਉ ਮ: ੪, ਪੰਨਾ ੧੧੩੬)*

ਸਤਸੰਗਤਿ ਸਾਧ ਪਾਈ ਵਡਭਾਗੀ
ਸੰਗਿ ਸਾਧੂ ਪਾਰਿ ਪਇਆ॥੧॥

*(ਮਲਾਰ ਮ: ੪, ਪੰਨਾ ੧੨੬੪)*

ਸਤ ਸੰਗਤਿ ਸਾਧ ਪਾਈ ਵਡਭਾਗੀ
ਮਨੁ ਚਲਤੌ ਭਇਓ ਅਰੂੜਾ॥
ਅਨਹਤ ਧੁਨਿ ਵਾਜਹਿ ਨਿਤ ਵਾਜੇ
ਹਰਿ ਅੰਮ੍ਰਿਤ ਧਾਰ ਰਸਿ ਲੀੜਾ॥੧॥

*(ਜੈਤਸਰੀ ਮ: ੪, ਪੰਨਾ ੬੯੮)*

ਸਤ ਸੰਗਤਿ ਹਰਿ ਮੇਲਿ ਪ੍ਰਭ
ਹਮ ਪਾਪੀ ਸੰਗਿ ਤਰਾਹ॥
ਜਨ ਨਾਨਕ ਕਉ ਹਰਿ ਬਖਸਿ ਲੈਹੁ
ਹਰਿ ਤੁਠੈ ਮੇਲਿ ਮਿਲਾਹ॥

*(ਸਲੋਕ ਮ: ੪, ਪੰਨਾ ੧੩੧੪)*

ਸਤਸੰਗਤਿ ਗੁਰ ਕੀ ਹਰਿ ਪਿਆਰੀ
ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ॥
ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ
ਸੇ ਭਾਗਹੀਣ ਪਾਪੀ ਜਮਿ ਖਾਇਆ॥੩॥

*(ਗੂਜਰੀ ਮ: ੪, ਪੰਨਾ ੪੯੪)*

ਸਤ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥
ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰ ਗਵਾਇਆ॥

*(ਪਉੜੀ, ਪੰਨਾ ੧੨੪੪)*

ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥
ਸਤਸੰਗਤਿ ਬਹਿ ਹਰਿ ਗੁਣ ਗਾਇਆ ॥

*(ਮਾਝ ਮਹਲਾ ੩, ਪੰਨਾ ੧੧੫)*

ਸਤ ਸੰਗਤਿ ਮਹਿ ਹਰਿ ਉਸਤਤਿ ਹੈ
ਸੰਗਿ ਸਾਧੂ ਮਿਲੇ ਪਿਆਰਿਆ ॥
ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ
ਉਪਦੇਸੁ ਕਰਹਿ ਪਰਉਪਕਾਰਿਆ ॥

*(ਮ: ੪, ਪੰਨਾ ੩੧੧)*

ਸਤਸੰਗਤਿ ਮਿਲੀਐ ਹਰਿ ਸਾਧੂ
ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ
ਅਗਿਆਨੁ ਅੰਧੇਰਾ ਜਾਇ ॥੧॥

*(ਆਸਾ ਮ: ੪, ਪੰਨਾ ੩੬੮)*

ਭਾਵ ਹੈ ਕਿ ਜੋ ਗੁਰੂ ਦੀ ਪਿਆਰੀ ਸੰਗਤ ਵਿਚ ਬੈਠ ਕੇ ਹਰੀ ਪ੍ਰਮੇਸ਼ਰ ਦੇ ਗੁਣ ਗਾਉਂਦਾ ਹੈ ਉਹ ਆਪ ਤਾਂ ਸੰਸਾਰ ਸਾਗਰ ਤੋਂ ਤਰਦਾ ਹੈ ਆਪਣੀਆਂ ਕੁਲਾਂ ਦਾ ਭੀ ਉੱਧਾਰ ਕਰ ਲੈਂਦਾ ਹੈ।

ਇਸੇ ਭਾਵ ਦੀਆਂ ਹੋਰ ਭੀ ਬਹੁਤ ਪੰਗਤੀਆਂ ਗੁਰੂ ਗ੍ਰੰਥ ਸਾਹਿਬ ਅੰਦਰ ਪੜ੍ਹਨ ਵਿਚ ਆਉਂਦੀਆਂ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ:

(੧) (ਜਿਨ੍ਹਾਂ ਪੁਰਖਾਂ ਨੇ) ਸਾਧ ਸੰਗਤ ਵਿਚ ਜਾ ਕੇ (ਨਾਮ ਸਿਮਰਨ ਤੇ ਸੇਵਾ ਦੀ) ਸਾਧਨਾ (ਭਾਵ ਘਾਲ ਕਮਾਈ ਕਰਕੇ) ਪ੍ਰੇਮ ਦਾ ਪਿਆਲਾ (ਅਜਰ ਵਸਤੂ) ਪੀਤਾ, ਜੋ ਅਜਰ (ਨਾ ਜਰੀ ਜਾਣ ਵਾਲੀ ਅਵਸਥਾ ਦਾ) ਜਰਨਾ ਹੈ।

(੨) (ਉਹ ਅਵਸਥਾ ਹੈ) ਪੈਰੀ ਪੈਣਾ ਤੇ ਪੈਰਾਂ ਦੀ ਧੂੜੀ ਵਾਂਗ ਹੋ ਜਾਣਾ ਹੈ। ਆਪੇ ਨੂੰ ਗਵਾ ਕੇ (ਐਉਂ ਹੋਣਾ ਕਿ) ਜੀਵਦੇ ਹੀ ਮਰਣਾ ਹੈ (ਏਨੀ ਨਿੰਮ੍ਰਤਾ ਧਾਰਨ ਕਰਨੀ ਹੈ, ਅਪਣੱਤ ਹਉਮੈ ਨੂੰ ਖ਼ਤਮ ਕਰਕੇ)।

(੩) ਇਸ ਅਵਸਥਾ ਤੇ ਪੁਜੇ ਹੋਏ ਨੂੰ ਹੀ ਫਿਰ ਜੀਵਨ ਮੁਕਤ ਆਖਿਆ ਜਾਂਦਾ ਹੈ ਜੋ ਮਰ ਕੇ (ਮਾਇਕ ਵਾਸ਼ਨਾ ਤੋਂ) ਜੀਵਤ ਹੁੰਦੇ ਤੇ (ਮੌਤ ਦੇ ਡਰ ਤੋਂ) ਡੁੱਬ ਡੁੱਬ ਕੇ (ਪ੍ਰਮੇਸ਼ਰ ਦੇ ਪ੍ਰੇਮ ਵਿਚ) ਤਰ ਪੈਂਦੇ ਹਨ।

(੪) ਗੁਰੂ ਦੇ ਸ਼ਬਦ ਨੂੰ ਜਾਣਕੇ (ਹਿਰਦੇ ਵਿਚੋਂ ਹਉਮੈਂ ਹੰਕਾਰ ਨੂੰ ਕੱਢ ਦਿਤਾ ਤੇ) ਉਸਨੂੰ ਹਿਰਦੇ ਵਿਚ ਵਸਾ ਲਿਆ ਹੈ। ਸਮਾਧੀ ਸਹਿਤ ਹੋ, ਪੰਜੇ ਕਾਮ ਕ੍ਰੋਧ ਆਦੀ ਨਾ ਜਿੱਤੇ ਜਾਣ ਵਾਲਿਆਂ ਨੂੰ ਜਿੱਤ ਲਿਆ ਹੈ।

(੫) ਅਨਹਦ ਸ਼ਬਦ ਦਾ ਨਾਦ ਜੋ ਸੁਤੇ ਸਿਧ ਇਕ ਰਸ ਵੱਜਦਾ ਹੈ, ਉਸ ਵਿਚ ਪ੍ਰਵੇਸ਼ ਕਰ ਲਿਆ ਹੈ, ਇਕ ਰਸ ਬਾਣੀ ਉਨ੍ਹਾਂ ਦੇ ਹਿਰਦੇ ਵਿਚ ਝਰਦੀ ਹੈ।

(੬) (ਇਸੇ ਅਵਸਥਾ ਵਿਚ ਪੁੱਜ ਕੇ ਉਹ) ਕਰਣ ਕਾਰਣ ਸਮਰੱਥ ਹੋ ਜਾਂਦੇ ਹਨ। ਜੋ ਵੀ ਕਰਨਾ ਚਾਹੁਣ ਕਰ ਸਕਦੇ ਹਨ, ਪਰ ਉਹ ਇਸ ਸ਼ਕਤੀ ਨੂੰ ਜਰਦੇ ਹਨ, ਭਾਣੇ ਵਿਚ ਰਹਿੰਦੇ ਹਨ (ਭਾਵ ਆਪਣਾ ਆਪ ਦਿਖਾਉਂਦੇ ਨਹੀਂ।)

(੭) ਪਤਿਤ (ਪਾਪੀਆਂ) ਦਾ ਉੱਧਾਰ ਕਰਨ ਵਾਲੇ ਹਨ ਤੇ ਅਸਰਣ (ਜਿਨ੍ਹਾਂ ਨੂੰ ਕੋਈ ਆਸਰਾ ਨਾ ਦੇਵੇ, ਉਨ੍ਹਾਂ ਦੀ ਬਾਂਹ ਫੜਨ ਵਾਲੇ) ਹਨ ਭਾਵ ਉਨ੍ਹਾਂ ਨੂੰ ਸ਼ਰਣ (ਆਸਰਾ) ਦੇਣ ਵਾਲੇ ਹਨ।੧੬।

***ਭਾਵਾਰਥ :*** ਅਜਿਹੇ ਨਾਮ ਸਿਮਰਣ ਵਾਲੇ ਸਾਧੂਆਂ ਦੀ ਸੰਗਤ ਵੱਡੇ ਭਾਗਾਂ ਦਾ ਸਦਕਾ ਲੱਭਦੀ ਹੈ, ਜੋ ਸਾਧੂਆਂ ਦੀ ਸੰਗਤ ਤੋਂ ਸੱਖਣੇ ਜੀਵਨ ਗੁਜ਼ਾਰ ਰਹੇ ਹਨ ਉਨ੍ਹਾਂ ਦੇ ਜੀਵਨ ਬਾਰੇ ਬਾਣੀ ਅੰਦਰ ਜ਼ਿਕਰ ਆਉਂਦਾ ਹੈ ਕਿ ਉਨ੍ਹਾਂ ਦਾ ਸੰਸਾਰ ਵਿਚ ਰਹਿਣਾ ਐਸਾ ਹੈ:

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥
ਜਿਨ੍ਹਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ ॥੬॥

*(ਆਸਾ ਮ: ੩, ਪੰਨਾ ੪੨੭)*

ਜੋ ਸਾਧ ਸੰਗਤ ਤੋਂ ਸੱਖਣੇ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਦੇ ਜੀਵਨਾਂ ਨੂੰ ਪਸ਼ੂਆਂ ਤੋਂ ਭੀ ਭੈੜਾ ਦਰਸਾਇਆ ਹੈ, ਜਿਵੇਂ ਕਿ:

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥

*(ਗੂਜਰੀ ਮ: ੧, ਪੰਨਾ ੪੮੯)*

## ੧੭. ਗੁਰਮੁਖ ਦੀ ਕਿਰਿਆ ਤਰਨਾ ਤੇ ਤਾਰਨਾ

**੧. ਗੁਰਮੁਖ ਭੈ ਵਿੱਚ ਜੰਮਣਾ**
**ਭੈ ਵਿੱਚ ਰਹਿਣਾ ਭੈ ਵਿੱਚ ਚਲਣਾ।**
**੨. ਸਾਧ ਸੰਗਤ ਭੈ ਭਾਇ ਵਿੱਚ**
**ਭਗਤ ਵਛਲ ਕਰਿ ਅੱਛਲ ਛਲਣਾ।**

੩. ਜਲ ਵਿਚ ਕਵਲ ਅਲਿਪਤ ਹੋਇ
ਆਸ ਨਿਰਾਸ ਵਲੇਵੈ ਵਲਣਾ।
੪. ਅਹਰਣਿ ਘਣ ਹੀਰੇ ਜੁਗਤਿ
ਗੁਰਮਤਿ ਨਿਹਚਲੁ ਅਟਲ ਨ ਟਲਣਾ।
੫. ਪਰਉਪਕਾਰ ਵੀਚਾਰ ਵਿਚ
ਜੀਅ ਦਯਾ ਮੋਮ ਵਾਂਗੀ ਢਲਣਾ।
੬. ਚਾਰਿ ਵਰਣ ਤੰਬੋਲ ਰਸ
ਆਪੁ ਗਵਾਇ ਰਲਾਯਾ ਰਲਣਾ।
੭. ਵੱਟੀ ਤੇਲੁ ਦੀਵਾ ਹੋਇ ਬਲਣਾ ॥੧੭॥

***ਪਦ ਅਰਥ :*** ਵਲੇਵੈ ਵਲਣਾ—ਧੰਧਿਆਂ ਵਿਚ ਰਹਿਣਾ। ਘਣ—ਵਦਾਣ। ਢਲਣਾ—ਪੰਘਰਣਾ। ਰਲਾਯਾ ਰਲਣਾ—ਰਲਾਣੇ ਤੇ ਰਲ ਜਾਣਾ। ਬਲਣਾ—ਕੁਰਬਾਨ ਹੋਣਾ॥

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜਿਨ੍ਹਾਂ ਗੁਰਮੁਖਾਂ ਦਾ ਆਪ ਜੀ, ਜ਼ਿਕਰ ਕਰਦੇ ਆ ਰਹੇ ਹੋ ਕੀ ਦੱਸੋਗੇ ਕਿ ਉਨ੍ਹਾਂ ਦੀ ਮਾਨਸਕ ਅਵਸਥਾ ਤੇ ਸਰੀਰਕ ਕਿਰਿਆ ਵਿਚ ਕੀ ਅੰਤਰ ਹੈ, ਕਿਉਂਕਿ ਵੇਖਣ ਵਿਚ ਤਾਂ ਸੰਸਾਰੀ ਅਤੇ ਨਿਰੰਕਾਰੀ ਲੋਕ ਸਮਾਨ ਹੀ ਦਿਸਦੇ ਹਨ, ਫਿਰ ਦੱਸੋ ਗੁਰਮੁਖਾਂ ਨੂੰ ਕਿਵੇਂ ਪਛਾਣਿਆ ਜਾਵੇ ?

ਉ: ਹੇ ਭਾਈਓ ? ਜਦੋਂ ਇਲਾਹੀ ਬਾਣੀ ਦੀ ਵੀਚਾਰ ਕਰੀਏ ਤਾਂ ਗੁਰਮੁਖਾਂ ਦੇ ਜੀਵਨ ਦਾ ਹਰ ਪੱਖੋਂ ਬੋਧ ਮਿਲਦਾ ਹੈ ਕਿ ਗੁਰਮੁਖ ਜੋ ਸਾਧ ਸੰਗਤ ਵਿਚ ਜੁੜ ਕੇ ਨਾਮ ਸਿਮਰਨ ਦੀ ਕਮਾਈ ਕਰਦੇ ਹਨ, ਉਹ ਭਾਵੇਂ ਵੇਖਣ ਨੂੰ ਸੰਸਾਰੀ ਲੋਕਾਂ ਵਾਂਗ ਹੀ ਸਰੀਰਕ ਕ੍ਰਿਆ ਕਰਦੇ ਨਜ਼ਰ ਆਉਂਦੇ ਹਨ, ਪਰ ਉਹ ਨਾਮ ਸਿਮਰਨ ਦਾ ਸਦਕਾ ਮਨ ਕਰਕੇ ਹਰ ਵਿਵਹਾਰ ਤੋਂ ਹੀ ਨਿਰਲੇਪ ਰਹਿੰਦੇ ਹਨ, ਇਸ ਪੱਖ ਨੂੰ ਬਾਣੀ ਵਿਚ ਬਾਰ ਬਾਰ ਅੰਕਤ ਕੀਤਾ ਗਿਆ ਹੈ। ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਆਗਿਆ ਕਰਦੇ ਹਨ :

ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥
*(ਪਉੜੀ, ਪੰਨਾ ੧੨੮੫)*

ਗੁਰਮੁਖਿ ਉਦਾਸੀ ਸੋ ਕਰੇ ਜਿ ਸਚਿ ਰਹੈ ਲਿਵ ਲਾਇ ॥
ਚਿੰਤਾ ਮੂਲਿ ਨ ਹੋਵਈ ਹਰਿ ਨਾਮਿ ਰਜਾ ਆਘਾਇ ॥
*(ਮ: ੩, ਪੰਨਾ ੫੮੮)*

ਗੁਰਮੁਖਿ ਨਾਮਿ ਸਬਦਿ ਸਾਲਾਹੇ ॥
ਅਗਮ ਅਗੋਚਰ ਵੇਪਰਵਾਹੇ ॥.....
ਗੁਰਮੁਖਿ ਸਾਤਿ ਸਦਾ ਸੁਖੁ ਪਾਏ ॥
ਗੁਰਮੁਖਿ ਹਿਰਦੈ ਨਾਮੁ ਵਸਾਏ ॥
ਗੁਰਮੁਖਿ ਹੋਵੈ ਸੋ ਨਾਮੁ ਬੂਝੈ
ਕਾਟੇ ਦੁਰਮਤਿ ਫਾਹਾ ਹੇ ॥੧੨॥
ਗੁਰਮੁਖਿ ਉਪਜੈ ਸਾਚਿ ਸਮਾਵੈ ॥
ਨਾ ਮਰਿ ਜੰਮੈ ਨ ਜੂਨੀ ਪਾਵੈ ॥
ਗੁਰਮੁਖਿ ਸਦਾ ਰਹਹਿ ਰੰਗਿ ਰਾਤੇ
ਅਨਦਿਨੁ ਲੈਦੇ ਲਾਹਾ ਹੇ ॥੧੩॥
*(ਮਾਰੂ ਮ: ੩, ਪੰਨਾ ੧੦੫੫)*

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
*(ਮਾਝ ਮ: ੫, ਪੰਨਾ ੧੩੧)*

ਗੁਰਮੁਖਿ ਕਰਣੀ ਕਾਰ ਕਮਾਵੈ ॥
ਤਾ ਇਸੁ ਮਨ ਕੀ ਸੋਝੀ ਪਾਵੈ ॥
*(ਧਨਾਸਰੀ ਮ: ੩, ਪੰਨਾ ੬੬੫)*

ਗੁਰਮੁਖਿ ਵਿਚਹੁ ਹਉਮੈ ਜਾਇ ॥
ਗੁਰਮੁਖਿ ਮੈਲੁ ਨ ਲਾਗੈ ਆਇ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥
ਗੁਰਮੁਖਿ ਕਰਮ ਧਰਮ ਸਚਿ ਹੋਈ ॥
ਗੁਰਮੁਖਿ ਅਹੰਕਾਰੁ ਜਲਾਏ ਦੋਈ ॥
ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥
*(ਗਉੜੀ ਮ: ੩, ਪੰਨਾ ੨੩੦)*

ਗੁਰਮੁਖਿ ਆਪੁ ਗਵਾਇਆ
ਨਿਤ ਹਰਿ ਹਰਿ ਜਾਪੈ ਰਾਮ ॥
*(ਬਿਲਾਵਲੁ ਮ: ੪, ਪੰਨਾ ੮੪੪)*

ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ ॥ *(ਮ: ੩, ਪੰਨਾ ੮੭)*

ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥
*(ਸਲੋਕ ਮ: ੩, ਪੰਨਾ ੬੪੬)*

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥
*(ਮਾਝ ਮ: ੩, ਪੰਨਾ ੧੧੮)*

ਗੁਰਮੁਖਿ ਏਹੁ ਮਨੁ ਜੀਵਤੁ ਮਰੈ
ਸਚਿ ਰਹੈ ਲਿਵਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ
ਹਉਮੈ ਸਬਦਿ ਜਲਾਇ ॥੨॥

*(ਮ: ੩, ਪੰਨਾ ੬੫੦)*

ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੇ ਵਿਕਾਰ ॥੩॥

*(ਧਨਾਸਰੀ ਮ: ੩, ਪੰਨਾ ੬੬੫)*

ਗੁਰਮੁਖਿ ਏਕਸੁ ਸਿਉ ਲਿਵ ਲਾਏ ॥
ਤ੍ਰਿਬਿਧਿ ਮਨਸਾ ਮਨਹਿ ਸਮਾਏ ॥

*(ਮਾਰੂ ਮ: ੩, ਪੰਨਾ ੧੦੬੬)*

ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਹਿ ॥੭॥

*(ਸੂਹੀ ਮ: ੩, ਪੰਨਾ ੭੫੭)*

ਗੁਰਮੁਖਿ ਸੰਸਾ ਮੂਲਿ ਨ ਹੋਵਈ
ਚਿੰਤਾ ਵਿਚਹੁ ਜਾਇ ॥
ਜੋ ਕਿਛੁ ਹੋਇ ਸੁ ਸਹਜੇ ਹੋਇ
ਕਹਣਾ ਕਿਛੂ ਨ ਜਾਇ ॥

*(ਸਲੋਕ ਮ: ੩, ਪੰਨਾ ੬੫੩)*

ਗੁਰਮੁਖਿ ਨਾਮੁ ਦਾਨੁ ਇਸਨਾਨੁ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥

*(ਰਾਮਕਲੀ ਸਿਧ ਗੋਸਟਿ, ਪੰਨਾ ੯੪੨)*

ਗੁਰਮੁਖਿ ਹਸੈ ਗੁਰਮੁਖਿ ਰੋਵੈ ॥
ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ ॥
ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥
ਗੁਰਮੁਖਿ ਨਾਨਕ ਪਾਵੈ ਪਾਰੁ ॥੧੪॥

*(ਸਲੋਕ ਮ: ੪, ਪੰਨਾ ੧੪੨੨)*

ਇਸ ਤਰ੍ਹਾਂ ਅਸੀਂ ਜਿਉਂ ਜਿਉਂ ਬਾਣੀ ਦੀ ਵੀਚਾਰ ਅਗੇ ਤੋਂ ਅਗੇ ਕਰਦੇ ਜਾਵਾਂਗੇ ਤਾਂ ਸਾਨੂੰ ਗੁਰਮੁਖਾਂ ਦੀ ਮਾਨਸਕ ਅਵਸਥਾ ਦਾ ਬੋਧ ਮਿਲੇਗਾ ਕਿ ਇਨ੍ਹਾਂ ਗੁਰਮੁਖਾਂ ਨੂੰ ਨਾਮ ਸਿਮਰਨ ਦਾ ਸਦਕਾ ਸਹਿਜੇ ਸਹਿਜੇ ਉਹ ਅਵਸਥਾ ਪ੍ਰਾਪਤ ਹੋ ਗਈ ਹੈ ਜੋ ਅਕਹਿ ਅਵਸਥਾ ਕਹਿਣ ਦਾ ਵਿਸ਼ਾ ਨਹੀਂ, ਉਸਨੂੰ ਕੇਵਲ ਗੁਰਮੁਖ ਹੀ ਅਨੁਭਵ ਕਰਦੇ ਹਨ। ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਲਾਈਨਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਤੁੱਛ-ਮਾਤ੍ਰ ਗੁਰਮੁਖਾਂ ਦੀ ਮਾਨਸਕ ਅਵਸਥਾ ਦਾ ਨਿਰੂਪਨ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ:

(੧) (ਜਦੋਂ ਅਸੀਂ ਦੂਰ-ਦਰਸ਼ੀ ਦ੍ਰਿਸ਼ਟੀ ਦੁਆਰੇ ਤੱਕਾਂਗੇ ਤਾਂ ਸਾਨੂੰ ਬੋਧ ਮਿਲੇਗਾ ਕਿ) ਗੁਰਮੁਖ ਭੈ ਵਿਚ ਹੀ ਜਨਮ ਲੈਂਦੇ, ਭੈ ਵਿਚ ਹੀ ਜ਼ਿੰਦਗੀ ਗੁਜ਼ਾਰਦੇ ਤੇ ਅਖ਼ੀਰ ਚਲਾਣੇ ਸਮੇਂ ਵੀ (ਪ੍ਰਭੂ ਦੇ) ਭੈ ਵਿਚ ਹੀ ਚਲਦੇ ਹਨ।

(੨) (ਕਿਉਂਕਿ) ਉਹ ਸਾਧ ਸੰਗਤ ਵਿਚੋਂ ਭੈ ਤੇ ਭਾਉ (ਪ੍ਰੇਮ) ਹੀ ਪ੍ਰਾਪਤ ਕਰਦੇ ਹਨ, ਜਿਸ ਨਾਲ ਉਹ ਭਗਤੀ ਕਰਕੇ ਨਾ ਛਲੇ ਜਾਣ ਵਾਲੇ (ਪ੍ਰਭੂ) ਨੂੰ ਛਲ ਲੈਂਦੇ ਭਾਵ ਪ੍ਰਾਪਤ ਕਰ ਲੈਂਦੇ ਹਨ।

(੩) (ਉਹ ਜੀਵਨ ਦੇ ਦਿਨ ਸੰਸਾਰ ਵਿਚ ਐਉਂ ਗੁਜ਼ਾਰਦੇ ਹਨ ਜਿਵੇਂ) ਕੰਵਲ ਜਲ ਵਿਚ ਹੁੰਦਾ, ਜਲ ਤੋਂ ਅਲੇਪ (ਉੱਚਾ) ਹੋ ਕੇ ਰਹਿੰਦਾ ਹੈ, ਆਸਾ ਵਿਚ ਨਿਰਾਸ ਰਹਿੰਦੇ ਤੇ ਧੰਧਿਆਂ ਦੀ ਫਾਹੀ ਵਿਚ ਕਾਬੂ ਨਹੀਂ ਆਉਂਦੇ।

(੪) (ਉਹ ਜਗਤ ਦੁਖਾਂ ਸੁਖਾਂ ਦੇ) ਹਥੌੜੇ ਤੇ ਵਦਾਣ ਦੀਆਂ ਸੱਟਾਂ ਖਾ ਕੇ ਵੀ ਹੀਰੇ ਵਾਂਗ ਪੱਕੇ ਤੇ ਅਡੋਲ ਹੋ ਕੇ ਅਚੱਲ ਤੇ ਅਟੱਲ ਹੋ ਨਿਬੜਦੇ ਹਨ।

(੫) ਉਹ ਪਰਉਪਕਾਰਾਂ ਦੇ ਵੀਚਾਰਾਂ ਵਿਚ ਹੀ ਰਹਿੰਦੇ ਹਨ ਤੇ ਦਇਆ (ਤਰਸ) ਕਰਨ ਲਈ ਹਰ ਸਮੇਂ ਦਿਲ ਨੂੰ ਮੋਮ ਵਾਂਗੂੰ ਜੀਅ-ਦਇਆ ਵਿਚ ਢਾਲੀ ਰਖਦੇ ਹਨ।

(੬) ਚਾਰੇ ਵਰਨਾਂ ਦੇ ਲੋਕਾਂ ਵਿਚ ਐਉਂ ਮਿਲੇ ਰਹਿੰਦੇ ਹਨ, ਜਿਵੇਂ ਪਾਨ ਵਿਚ ਚੂਨਾ, ਕੱਥਾ ਤੇ ਹੋਰ ਵਖ ਵਖ ਚੀਜ਼ਾਂ ਮਿਲ ਕੇ ਇਕ ਰੂਪ (ਲਾਲ) ਹੋ ਜਾਂਦੀਆਂ ਹਨ। (ਭਾਵ ਸਭ ਦੇ ਪਿਆਰੇ ਬਣ ਕੇ, ਵਖੇਵੇਂ ਜਾਂ ਤਰਫ਼ਦਾਰੀ ਦੇ ਸੁਭਾਵ ਤੋਂ ਬਿਲਕੁਲ ਹੀ ਅਭਾਵ ਵਾਲੇ ਹੋ ਜਾਂਦੇ ਹਨ।

(੭) ਵੱਟੀ ਦੇ ਤੇਲ ਵਾਂਗ ਇਕ ਰਸ ਰੂਪ ਹੋ ਕੇ ਬਲਦੇ ਹਨ ਭਾਵ ਜੀਵਨ ਦੇ ਦਿਨ ਗੁਜ਼ਾਰਦੇ ਹਨ।੧੭।

***ਭਾਵਾਰਥ:*** ਜਦੋਂ ਗੁਰਮੁਖਾਂ ਦੇ ਸਮੁੱਚੇ ਜੀਵਨ ਵੱਲ ਨਜ਼ਰ ਮਾਰੀਏ ਤਾਂ ਇਉਂ ਹੀ ਅਨੁਭਵ ਹੋਵੇਗਾ ਕਿ ਗੁਰਮੁਖ ਸਰਧਾ ਦੀ ਵੱਟੀ ਤੇ ਪ੍ਰੇਮ ਦੇ ਨਾਲ ਆਪਣੇ ਪਰ ਕਸ਼ਟ ਦੀ ਅੱਗ ਸਹਾਰ ਕੇ ਭੀ ਲੋਕਾਂ ਨੂੰ ਪ੍ਰਕਾਸ਼ ਕਰਦੇ ਹਨ। ਵੱਟੀ ਤੇਲ ਦੀਵਾ ਸੰਸਾਰ ਨੂੰ ਚਾਨਣ ਦੇਂਦੇ ਹਨ, ਆਪ ਪ੍ਰਕਾਸ਼ ਰੂਪ ਹਨ ਤੇ ਕਸ਼ਟ ਜੋ ਝਲਦੇ ਹਨ, ਉਸੇ ਵਿਚ ਉਨ੍ਹਾਂ ਦੀ ਖ਼ੂਬਸੂਰਤੀ ਹੈ। ਗੁਰੂ ਫ਼ੁਰਮਾਨ ਭੀ ਇਹੋ ਹੈ:

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥

*(ਆਸਾ ਮ: ੧, ਪੰਨਾ ੩੫੮)*

## ੧੮. ਗੁਰਮੁਖਾਂ ਦੀ ਜੀਵਨ ਮੁਕਤਿ ਪ੍ਰਾਪਤੀ ਦੀ ਜੁਗਤਿ

੧. ਸਤ ਸੰਤੋਖ ਦਇਆ ਧਰਮ ਅਰਥ
ਕਰੋੜਿ ਨ ਓੜਕੁ ਜਾਣੈ।
੨. ਚਾਰਿ ਪਦਾਰਥ ਆਖੀਅਨਿ
ਹੋਇ ਲਖੂਣਿ ਨ ਪਲ ਪਰਵਾਣੈ।
੩. ਰਿੱਧੀ ਸਿੱਧੀ ਲੱਖ ਲੱਖ
ਨਿੱਧਿ ਨਿਧਾਨ ਲੱਖ ਤਿਲ ਨ ਤੁਲਾਣੈ।
੪. ਦਰਸ਼ਨ ਦ੍ਰਿਸ਼ਟਿ ਸੰਜੋਗ ਲੱਖ
ਸ਼ਬਦ ਸੁਰਤਿ ਲਿਵ ਲੱਖ ਹੈਰਾਣੈ।
੫. ਗਯਾਨ ਧਯਾਨ ਸਿਮਰਣ ਅਸੰਖ
ਭਗਤਿ ਜੁਗਤਿ ਲੱਖ ਨੇਤ ਵਖਾਣੈ।
੬. ਪਿਰਮ ਪਿਆਲਾ ਸਹਜਿ ਘਰਿ
ਗੁਰਮੁਖ ਸੁਖ ਫਲ ਚੋਜ ਵਿਡਾਣੈ।
੭. ਮਤਿ ਬੁਧਿ ਸੁਧਿ ਲੱਖ ਮੇਲ ਮਿਲਾਣੈ ॥੧੮॥

*ਪਦ ਅਰਥ :* ਲਖੂਣਿ—ਲੱਖਾਂ ਹੋਣ। ਪਰਵਾਣੈ—ਬਰਾਬਰ। ਹੈਰਾਣੈ—ਹੈਰਾਨ ਹੋਣਾ। ਚੋਜ ਵਿਡਾਣੈ—ਅਸਚਰਜ ਰੂਪ ਚੋਜ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਸਾਰੇ ਸੰਸਾਰ ਵਿਚ ਅਨੇਕਾਂ ਹੀ ਫਿਰਕੇ ਵੇਖੀਦੇ ਹਨ, ਜਿਨ੍ਹਾਂ ਦੇ ਆਪੋ ਆਪਣੇ ਮੱਤ ਅਨੁਸਾਰ ਮੁਕਤਿ ਪ੍ਰਾਪਤੀ ਦੇ ਵੱਖੋ ਵੱਖ ਸਾਧਨ ਹੁੰਦੇ ਹਨ, ਪਰ ਆਪ ਜੀ ਇਹ ਦੱਸਣ ਦੀ ਕ੍ਰਿਪਾ ਕਰੋ ਕਿ ਗੁਰਮਤ ਵਿਚ ਮੁਕਤਿ ਪ੍ਰਾਪਤ ਹੋਣ ਦੇ ਕਿਸ ਸਾਧਨ ਨੂੰ ਕਬੂਲ ਕੀਤਾ ਗਿਆ ਹੈ, ਕਿਉਂਕਿ ਆਪ ਜੀ ਨੂੰ ਪੁਰਾਤਨ ਮੱਤਾਂ ਦੇ ਸਾਰੇ ਸ਼ਾਸਤ੍ਰਾਂ ਦਾ ਭੀ ਗਿਆਨ ਹੈ, ਇਸ ਲਈ ਉਨ੍ਹਾਂ ਬਾਰੇ ਸਾਨੂੰ ਭੀ ਜਾਣਕਾਰੀ ਦਿਓ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਮੈਨੂੰ ਪੁਰਾਤਨ ਸ਼ਾਸਤ੍ਰ ਪੁਰਾਣਾਂ ਦੇ ਪੜ੍ਹਦੇ ਰਹਿਣ ਦਾ ਭੀ ਸਮਾ ਮਿਲਿਆ ਹੈ, ਉਨ੍ਹਾਂ ਵਿਚ ਜੋ ਮੁਕਤਿ ਹੋਣ ਦੇ ਸਾਧਨ ਮੰਨੇ ਹਨ ਉਨ੍ਹਾਂ ਦਾ ਇਕ ਦੂਜੇ ਨਾਲ ਪ੍ਰਸਪਰ ਕੋਈ ਭੀ ਤਾਲ-ਮੇਲ ਨਹੀਂ ਇਕ ਦੂਜੇ ਦੇ ਖੰਡਨ ਕਰਨ ਵਿਚ ਹੀ ਵਧੇਰੇ ਜ਼ੋਰ ਦਿਤਾ ਗਿਆ ਹੈ, ਬਾਕੀ ਦੇ ਸਾਰੇ ਪੱਖਾਂ ਨੂੰ ਛੱਡ ਕੇ ਜੇ ਅਸੀਂ ਇਕ ਮੁਕਤਿ ਬਾਰੇ ਹੀ ਵੀਚਾਰ ਕਰੀਏ ਤਾਂ ਸਨਾਤਨ ਮੱਤ ਵਿਚ ਚਾਰ ਪ੍ਰਕਾਰ ਦੀ ਮੁਕਤਿ ਮੰਨੀ ਹੈ, ਜਿਵੇਂ ਕਿ :

(੧) ਸਲੋਕ, (੨) ਸਮੀਪ (੩) ਸਰੂਪ, (੪) ਸਾਜੁਜ। ਭਾਵ ਹੈ ਕਿ ਜਿਸ ਜਿਸ ਦੇਵਤੇ ਦਾ ਕੋਈ ਉਪਾਸ਼ਕ ਹੈ ਉਸਦੀ ਪੂਰੀ ਉਪਾਸ਼ਨਾ ਹੋ ਜਾਣ ਨਾਲ ਉਸਦੇ ਲੋਕ ਵਿਚ ਜਾ ਵੱਸਣਾ। ਜਾਂ ਉਸਦਾ ਨਿਕਟਵਰਤੀ ਹੋ ਜਾਣਾ। ਜਾਂ ਉਸ ਦੇ ਸਮਾਨ ਸਰੂਪ ਹੋ ਜਾਣਾ। ਜਾਂ ਇਉਂ ਪ੍ਰਤੀਤ ਹੋਣਾ ਕਿ ਉਪਾਸ਼ਕ ਆਪਣੇ ਦੇਵਤੇ ਵਿਚ ਅਭੇਦ ਹੋ ਗਿਆ ਹੈ, ਪਰ ਵਾਸਤਵ ਵਿਚ ਹੋਣਾ ਵਖਰਾ। ਇਹ ਚਾਰ ਤਰ੍ਹਾਂ ਦੇ ਉਪਾਸ਼ਕ ਜੋ ਆਪੋ ਆਪਣੇ ਦੇਵਤਿਆਂ ਦੀ ਪੁਰੀ ਵਿਚ ਪੁਜੇ ਹਨ ਉਹ ਪੁਰੀਆਂ ਵਿਚ ਉਤਨਾ ਸਮਾ ਹੀ ਰਹਿ ਸਕਦੇ ਹਨ, ਜਿੰਨਾ ਸਮਾ ਉਹ ਪੁਰੀਆਂ ਕਾਇਮ ਹਨ, ਜਦੋਂ ਇਨ੍ਹਾਂ ਪੁਰੀਆਂ ਦਾ ਹੀ ਅੰਤ ਹੋ ਜਾਣਾ ਹੈ ਤਾਂ ਪੁਰੀਆਂ ਵਿਚ ਗਏ ਉਪਾਸ਼ਕਾਂ ਨੂੰ ਭੀ ਉਥੋਂ ਡਿੱਗਣਾ ਪਵੇਗਾ ਜਿਸ ਦਾ ਫਲ ਫਿਰ ਸੰਸਾਰ ਦੇ ਚੱਕ੍ਰ ਵਿਚ ਆਉਂਦੇ ਜਾਂਦੇ ਰਹਿਣਾ ਪਵੇਗਾ ਇਸੇ ਲਈ ਗੁਰਬਾਣੀ ਵਿਚ ਇਨ੍ਹਾਂ ਚਾਰ ਪ੍ਰਕਾਰ ਦੀਆਂ ਮੁਕਤੀਆਂ ਦੇ ਤਿਆਗ ਕਰਨ ਦਾ ਹੁਕਮ ਆਇਆ ਹੈ, ਜਿਵੇਂ ਕਿ :

ਕਈ ਬੈਕੁੰਠ ਨਾਹੀ ਲਵੈ ਲਾਗੇ ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥

*(ਮਾਰੂ ਮ: ੫, ਪੰਨਾ ੧੦੭੮)*

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥

*(ਦੇਵਗੰਧਾਰੀ ਮ: ੫, ਪੰਨਾ ੫੩੪)*

ਇਸ ਲਈ ਇਨ੍ਹਾਂ ਚਾਰ ਤਰ੍ਹਾਂ ਦੀਆਂ ਮੁਕਤੀਆਂ ਦਾ ਤਿਆਗ ਕਰਵਾ ਕੇ ਬਾਣੀ ਵਿਚ ਜੋ ਕੈਵਲ ਮੁਕਤੀ ਹੈ ਉਸ ਨੂੰ ਪ੍ਰਾਪਤ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਕੈਵਲ ਮੁਕਤੀ ਦੀ ਰੂਪ ਰੇਖਾ ਭੀ ਬਾਣੀ ਵਿਚ ਹੀ ਦਰਸਾਈ ਹੈ, ਜਿਵੇਂ ਕਿ :

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥

*(ਸੁਖਮਨੀ, ਪੰਨਾ ੨੭੮)*

ਭਾਵ ਜਿਵੇਂ ਜਲ ਵਿਚ ਜਲ ਮਿਲ ਕੇ ਇਕੋ ਰੂਪ ਹੋ

ਜਾਂਦਾ ਹੈ ਇਸੇ ਤਰ੍ਹਾਂ ਜੀਵ ਦੀ ਪ੍ਰਤਕ ਜੋਤ ਜੋਤੀ ਸਰੂਪ ਵਿਚ ਮਿਲਕੇ ਪ੍ਰਭੂ ਦੀ ਜੋਤ ਵਿਚ ਅਭੇਦ ਹੋ ਜਾਂਦੀ ਹੈ, ਉਸਦਾ ਫਿਰ ਬਾਰ ਬਾਰ ਸੰਸਾਰ ਵਿਚ ਗਮਨ ਨਹੀਂ ਹੁੰਦਾ। ਪਰ ਸੁਆਲ ਪੈਦਾ ਹੁੰਦਾ ਹੈ ਕਿ ਇਸ ਮੁਕਤੀ ਦੀ ਪ੍ਰਾਪਤੀ ਕਿਵੇਂ ਹੋਵੇ, ਇਸਦਾ ਸਾਧਨ ਭੀ ਬਾਣੀ ਵਿਚ ਹੀ ਦਰਸਾਇਆ ਹੈ, ਜਿਵੇਂ ਕਿ:

ਮੁਕਤੇ ਸੇਵੇ ਮੁਕਤਾ ਹੋਵੈ॥
ਹਉਮੈ ਮਮਤਾ ਸਬਦੇ ਖੋਵੈ॥
*(ਮਾਝ ਮ: ੩, ਪੰਨਾ ੧੧੬)*

ਮੁਕਤਿ ਜੁਗਤਿ ਏਹਾ ਨਿਧਾਨ॥
ਪ੍ਰਭ ਦਇਆਲ ਮੋਹਿ ਦੇਵਹੁ ਦਾਨ॥
*(ਮਾਲੀ ਗਉੜਾ ਮ: ੫, ਪੰਨਾ ੯੮੭)*

ਕਰਣ ਕਾਰਣ ਸੰਮ੍ਰਥ ਸ੍ਰੀ ਧਰ
ਸਰਣਿ ਤਾ ਕੀ ਗਹੀ॥
ਮੁਕਤਿ ਜੁਗਤਿ ਰਵਾਲ ਸਾਧੂ
ਨਾਨਕ ਹਰਿ ਨਿਧਿ ਲਹੀ॥੨॥
*(ਗੂਜਰੀ ਮ: ੫, ਪੰਨਾ ੫੦੧)*

ਗੁਰ ਪਰਸਾਦੀ ਜੀਵਤ ਮਰੈ
ਮਰਿ ਜੀਵੈ ਸਬਦੁ ਕਮਾਇ॥
ਮੁਕਤਿ ਦੁਆਰਾ ਸੋਈ ਪਾਏ
ਜਿ ਵਿਚਹੁ ਆਪੁ ਗਵਾਇ॥੩॥
*(ਮਲਾਰ ਮ: ੩, ਪੰਨਾ ੧੨੭੬)*

ਬੰਧਨ ਨ ਤੂਟਹਿ ਮੁਕਤਿ ਨ ਪਾਇ॥
ਮੁਕਤਿ ਦਾਤਾ ਸਤਿਗੁਰੂ ਜੁਗ ਮਾਹਿ॥੧॥
*(ਗਉੜੀ ਮ: ੩, ਪੰਨਾ ੨੩੧)*

ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ॥
ਮੁਕਤਿ ਪਾਈਐ ਸਾਧ ਸੰਗਤਿ
ਬਿਨਸਿ ਜਾਇ ਅੰਧਾਰੁ॥੩॥
*(ਧਨਾਸਰੀ ਮ: ੫, ਪੰਨਾ ੬੭੫)*

ਬੈਕੁੰਠ ਗੋਬਿੰਦ ਚਰਨ ਨਿਤ ਧਿਆਉ॥
ਮੁਕਤਿ ਪਦਾਰਥੁ ਸਾਧੂ ਸੰਗਤਿ
ਅੰਮ੍ਰਿਤੁ ਹਰਿ ਕਾ ਨਾਉ॥ *(ਸਾਰਗ ਮ: ੫, ਪੰਨਾ ੧੨੨੦)*

ਆਸਾ ਬੰਧੇ ਦਾਨੁ ਕਰਾਏ॥
ਰਾਮ ਨਾਮ ਬਿਨੁ ਮੁਕਤਿ ਨ ਹੋਈ
ਥਾਕੇ ਕਰਮ ਕਮਾਈ ਹੇ॥੯॥
ਕਰਮ ਧਰਮ ਕਰਿ ਮੁਕਤਿ ਮੰਗਾਹੀ॥
ਮੁਕਤਿ ਪਦਾਰਥੁ ਸਬਦਿ ਸਲਾਹੀ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ
ਪਰਪੰਚੁ ਕਰਿ ਭਰਮਾਈ ਹੇ॥੧੦॥
*(ਮਾਰੂ ਮ: ੧, ਪੰਨਾ ੧੦੨੪)*

ਮੁਕਤਿ ਪਦਾਰਥੁ ਤਿਨ ਕਉ ਪਾਏ॥
ਹਰਿ ਕੈ ਨਾਮਿ ਰਤੇ ਲਿਵ ਲਾਏ॥੧॥
*(ਧਨਾਸਰੀ ਮ: ੩, ਪੰਨਾ ੬੬੪)*

ਬਿਨੁ ਕਰਤੂਤੀ ਮੁਕਤਿ ਨ ਪਾਈਐ॥
ਮੁਕਤਿ ਪਦਾਰਥੁ ਨਾਮੁ ਧਿਆਈਐ॥
*(ਗਉੜੀ ਮ: ੫, ਪੰਨਾ ੨੦੧)*

ਕਬੀਰ ਸਾਧੂ ਸੰਗੁ ਪਰਾਪਤੀ
ਲਿਖਿਆ ਹੋਇ ਲਿਲਾਟ॥
ਮੁਕਤਿ ਪਦਾਰਥੁ ਪਾਈਐ
ਠਾਕ ਨ ਅਵਘਟ ਘਾਟ॥੨੩੧॥
*(ਸਲੋਕ ਕਬੀਰ ਜੀ, ਪੰਨਾ ੧੩੭੭)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਮਨੁੱਖ ਨੂੰ ਬਾਹਰਲੀਆਂ ਚਾਰ ਪ੍ਰਕਾਰ ਦੀਆਂ ਮੁਕਤੀਆਂ ਦਾ ਤਿਆਗ ਕਰਕੇ ਕੇਵਲ ਮੁਕਤੀ ਦੀ ਪ੍ਰਾਪਤੀ ਕਰਨ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ, ਪਰ ਉਹ ਮੁਕਤੀ ਗੁਰੂ ਦਵਾਰੇ ਹੀ ਪ੍ਰਾਪਤ ਹੁੰਦੀ ਹੈ, ਗੁਰਮੁਖਾਂ ਨੇ ਜੀਵਨ ਮੁਕਤੀ ਦੀ ਪ੍ਰਾਪਤੀ ਵਾਸਤੇ ਕੇਵਲ ਗੁਰੂ ਦੀ ਸੰਗਤ ਦੁਆਰੇ ਕੇਵਲ ਨਾਮ ਦਾ ਹੀ ਸਿਮਰਨ ਕੀਤਾ ਹੈ, ਜਿਸ ਦੇ ਮੁਕਾਬਲੇ ਵਿਚ ਦੁਨੀਆ ਦਾ ਹੋਰ ਕੋਈ ਭੀ ਪਦਾਰਥ ਨਹੀਂ ਹੈ। ਸੋ ਮੈਂ ਭੀ ਇਨ੍ਹਾਂ ਉਪ੍ਰੋਕਤ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ ਕਿ ਜੋ ਗੁਰਮੁਖਾਂ ਨੂੰ ਨਾਮ ਸਿਮਰਨ ਦੁਆਰੇ ਪ੍ਰਭੂ ਦੇ ਚਰਨਾਂ ਕਵਲਾਂ ਦਾ ਸੁਖ ਪ੍ਰਾਪਤ ਹੋਇਆ ਹੈ ਉਹ ਸੁਖ ਕਿਸੇ ਹੋਰ ਰਾਜ ਭਾਗ ਧਨ ਦੌਲਤ ਰਾਹੀਂ ਨਹੀਂ ਮਿਲ ਸਕਦਾ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਸਤਿ, ਸੰਤੋਖ, ਦਇਆ, ਧਰਮ ਤੇ ਅਰਥ (ਪਦਾਰਥ, ਮਾਲ ਦੌਲਤ) ਕ੍ਰੋੜਾਂ ਹੀ ਹੋਣ, ਜਿਨ੍ਹਾਂ ਦਾ ਅੰਤ ਨਾ ਆ ਸਕੇ।

(੨) ਚਾਰ ਪਦਾਰਥ (ਧਰਮ, ਅਰਥ, ਕਾਮ ਤੇ ਮੋਖਸ਼) ਜੋ ਆਖੇ ਜਾਂਦੇ ਹਨ, ਜੇ ਲੱਖਾਂ ਦੀ ਗਿਣਤੀ ਵਿਚ ਹੋਣ, ਤਾਂ ਵੀ (ਗੁਰਮੁਖਾਂ ਦੇ ਸੁਖ ਫਲ ਦੀ) ਬਰੋਬਰੀ ਨਹੀਂ ਕਰ ਸਕਦੇ।

(੩) ਰਿੱਧੀਆਂ ਸਿੱਧੀਆਂ ਲੱਖਾਂ ਹੀ ਹੋਣ ਤੇ ਨਾਲ ਨਿਧੀਆਂ

(੯ ਪ੍ਰਕਾਰ ਦੇ ਖ਼ਜ਼ਾਨੇ) ਵੀ ਲੱਖਾਂ ਹੋਣ, ਤਦ ਵੀ (ਗੁਰਮੁਖ ਦੇ) ਇਕ ਤਿਲ ਨਾਲ ਵੀ ਨਹੀਂ ਤੁਲ ਸਕਦੇ। (ਭਾਵ ਗੁਰਮੁਖ ਦੇ ਸੁਖ ਫਲ ਦੀ ਇਕ ਤਿਲ ਜਿੰਨੀ ਵੀ ਕੀਮਤ ਨਹੀਂ ਰੱਖਦੇ)।

(੪) (ਗੁਰਮੁਖਾਂ ਦੇ ਆਪਣੇ ਸਤਿਗੁਰੂ ਜੀ ਦੇ) ਦਰਸ਼ਨ ਦ੍ਰਿਸ਼ਟੀ ਦੇ ਲੱਖਾਂ ਸੰਜੋਗ, ਸ਼ਬਦ ਤੇ ਸੁਰਤਿ ਦੀ ਲਿਵਲੀਣਤਾ (ਸਮਾਧੀ) ਨੂੰ ਵੇਖ ਕੇ (ਉਪ੍ਰੋਕਤ ਸਾਰੇ ਪਦਾਰਥ ਤੇ ਵਡਿਆਈਆਂ) ਹੈਰਾਨ ਪਰੇਸ਼ਾਨ ਹੁੰਦੇ ਹਨ।

(੫) ਲੱਖਾਂ ਹੀ ਗਿਆਨ, ਲੱਖਾਂ ਹੀ ਧਿਆਨ ਤੇ ਅਸੰਖਾਂ ਸਿਮਰਨ ਭਗਤੀਆਂ ਜੁਗਤੀਆਂ ਨੂੰ ਵੇਖ ਕੇ ਬੇਅੰਤ (ਗਿਣਤੀ ਰਹਿਤ ਮਹੱਤਤਾ ਵਾਲੇ) ਆਖ ਰਹੇ ਹਨ।

(੬) (ਕੀ ਆਖਦੇ ਹਨ ਕਿ) ਪ੍ਰੇਮ ਦਾ ਪਿਆਲਾ ਸਹਿਜ ਅਵਸਥਾ ਦੇ ਘਰ ਵਿਚ ਪੁੱਜ ਕੇ ਗੁਰਮੁਖ ਦੇ ਸੁਖ ਫਲਾਂ ਦੇ ਚੋਜ ਅਸਚਰਜ ਰੂਪ ਦੇ ਹਨ।

(੭) (ਗੁਰਮੁਖਾਂ ਦੀ) ਮਤਿ (ਅਕਲ) ਬੁਧੀ (ਗਿਆਨਵਾਨ) ਦੇ ਸੁਖ ਲੱਖਾਂ ਹਨ, ਜੋ ਗੁਰਮੁਖਾਂ ਦੇ ਵਾਹਿਗੁਰੂ ਦੇ ਮੇਲ ਵਿਚ ਮਿਲ ਕੇ ਇਕ ਰੂਪ ਹੋਏ ਹੋਏ ਹਨ।੧੮।

***ਭਾਵਾਰਥ :*** ਦੁਨੀਆਂ ਦਾ ਹਰ ਮਨੁੱਖ ਸੁਖੀ ਰਹਿਣ ਦੀ ਚਾਹਤ ਕਰਦਾ ਹੈ, ਪਰ ਉਹ ਸੁਖ ਦੀ ਚਾਹਤ ਇਸ ਦੀ ਤਦੇ ਹੀ ਪੂਰੀ ਹੋ ਸਕਦੀ ਹੈ ਜੇ ਕਰ ਇਹ ਸੁਖਾਂ ਦੇ ਭੰਡਾਰ ਪ੍ਰਮੇਸ਼ਰ ਦੀ ਸ਼ਰਨ ਪ੍ਰਾਪਤ ਕਰੇ ਕਿਉਂਕਿ ਗੁਰਬਾਣੀ ਵਿਚ ਸਦੀਵੀ ਸੁਖੀ ਰਹਿਣ ਦੀ ਸੱਧਰ ਪੂਰੀ ਕਰਨ ਲਈ ਸੰਕੇਤ ਕੀਤਾ ਗਿਆ ਹੈ, ਜਿਸ ਤੋਂ ਬਿਨਾ ਸੁਖ ਪ੍ਰਾਪਤ ਨਹੀਂ ਹੋ ਸਕਦਾ। ਜਿਵੇਂ ਕਿ ਹੁਕਮ ਹੈ ਕਿ :

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ
ਤਿਹ ਸਿਮਰਤ ਗਤਿ ਹੋਇ॥੯॥ *(ਪੰਨਾ ੧੪੨੬)*

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥੨੭॥
*(ਸਲੋਕ ਮ: ੯, ਪੰਨਾ ੧੪੨੭)*

ਜੋ ਮਨੁੱਖ ਸੰਸਾਰ ਦੇ ਧਨ ਦੌਲਤ ਦੁਆਰਾ ਸੁਖ ਦੀ ਪ੍ਰਾਪਤੀ ਚਾਹੁੰਦਾ ਹੈ, ਇਸ ਬਾਰੇ ਭੀ ਗੁਰੂ ਫ਼ੁਰਮਾਨ ਹੈ ਕਿ :

ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ॥
*(ਪੰਨਾ ੧੨੮੨)*

ਭਾਵ ਹੈ ਇਹ ਸੰਸਾਰਕ ਧਨ, ਪੁੰਨਾਂ ਦੇ ਪ੍ਰਤਾਪ ਦੁਆਰੇ ਆ ਜਾਂਦਾ ਹੈ, ਪੁੰਨ ਖ਼ਤਮ ਹੋਏ ਚਲਾ ਜਾਂਦਾ ਹੈ।

## ੧੯. ਸਭ ਤੋਂ ਸ੍ਰੇਸ਼ਟ ਸੱਚ ਦਾ ਆਚਾਰ ਹੈ

੧. ਜਪ ਤਪ ਸੰਜਮ ਲੱਖ ਲੱਖ
ਹੋਮ ਜੱਗ ਨਈਵੇਦ ਕਰੋੜੀ।
੨. ਵਰਤ ਨੇਮ ਸੰਜਮ ਘਣੇ
ਕਰਮ ਧਰਮ ਲੱਖ ਤੰਦ ਮਰੋੜੀ।
੩. ਤੀਰਥ ਪੁਰਬ ਸੰਜੋਗ ਲੱਖ
ਪੁੰਨ ਦਾਨ ਉਪਕਾਰ ਨ ਓੜੀ।
੪. ਦੇਵੀ ਦੇਵ ਸਰੇਵਣੇ
ਵਰ ਸਰਾਪ ਲੱਖ ਜੋੜ ਵਿਛੋੜੀ।
੫. ਦਰਸ਼ਨ ਵਰਨ ਅਵਰਨ ਲੱਖ
ਪੂਜਾ ਅਰਚਾ ਬੰਧਨ ਤੋੜੀ।
੬. ਲੋਕ ਵੇਦ ਗੁਣ ਗਿਆਨ ਲੱਖ
ਜੋਗ ਭੋਗ ਲੱਖ ਝਾੜਿ ਪਛੋੜੀ।
੭. ਸੱਚਹੁੰ ਓਰੈ ਸਭ ਕਿਹੁ
ਲੱਖ ਸਿਆਣਪ ਸੱਭਾ ਥੋੜੀ।
੮. ਉਪਰਿ ਸੱਚ ਅਚਾਰੁ ਚਮੋੜੀ॥੧੯॥

***ਪਦ ਅਰਥ :*** ਨਈਵੇਦ—ਠਾਕਰਾਂ ਨੂੰ ਭੋਗ ਲਾਉਣਾ। ਤੰਦ ਮਰੋੜੀ—ਕੱਚੇ ਸੂਤਰ ਦੇ ਤੰਦ ਦੀ ਵੱਟੀ, ਭਾਵ ਸੂਤਰ ਦੀ ਮਾਲਾ। ਓੜੀ—ਓੜਕ, ਅਖ਼ੀਰ। ਸਰੇਵਣੇ—ਸੇਵਾ ਕਰਨੀ। ਝਾੜਿ ਪਛੋੜੀ—ਝਾੜ ਕੇ ਪਿਛੇ ਸੁੱਟ ਦਿਤੇ। ਚਮੋੜੀ—ਚੰਮੜਿਆ ਭਾਵ ਰਖਿਆ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਆਮ ਲੁਕਾਈ ਵੱਲ ਨਜ਼ਰ ਮਾਰਦੇ ਹਾਂ ਤਾਂ ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ ਵਖੋ ਵੱਖ ਫ਼ਿਰਕਿਆਂ ਵਿਚ ਉਸ ਰੱਬ ਦੀ ਪ੍ਰਾਪਤੀ ਦੇ ਸਾਧਨ ਭਿੰਨ ਭਿੰਨ ਕਰਦੇ ਦਿਸਦੇ ਹਨ, ਅਤੇ ਹਰ ਸਾਧਨਾ ਕਰਨ ਵਾਲਾ ਆਪਣੇ ਹੀ ਸਾਧਨ ਨੂੰ ਰੱਬ ਦੀ ਪ੍ਰਾਪਤੀ ਦਾ ਮੁੱਖ ਸਾਧਨ ਮੰਨਦਾ ਹੈ, ਜਿਵੇਂ ਕਿ ਵੇਖਦੇ ਹਾਂ ਕਿ ਕੋਈ ਜਪ, ਤਪ, ਸੰਜਮ, ਹੋਮ, ਜੱਗ ਆਦਿਕ ਕ੍ਰਿਆ ਕਰਦਾ ਹੈ, ਕੋਈ ਵਰਤ, ਨੇਮ, ਸੰਜਮ, ਕਈ ਪ੍ਰਕਾਰ ਦੇ ਕਰਮ ਧਰਮ ਕਰਦਾ ਹੈ, ਕੋਈ

ਕਿਸੇ ਦੇਵੀ ਦੇਵਤੇ ਦੀ ਪੂਜਾ, ਕੋਈ ਤੀਰਥਾਂ ਦੇ ਇਸ਼ਨਾਨ ਤੇ ਕੋਈ ਪੁੰਨ ਦਾਨ ਕਰਦੇ ਰਹਿਣ ਨੂੰ ਹੀ ਸ਼ਿਰੋਮਣੀ ਸਾਧਨ ਮੰਨਦਾ ਹੈ, ਕਿਉਂ ਜੀ! ਤੁਸੀਂ ਤਾਂ ਸਾਰੇ ਲੋਕਾਂ ਦੇ ਸਾਧਨਾਂ ਨੂੰ ਪੜਚੋਲਿਆ ਹੈ, ਪਰ ਤੁਸੀਂ ਕਿਸ ਸਾਧਨ ਨੂੰ ਰੱਬ ਦੀ ਪ੍ਰਾਪਤੀ ਦਾ ਮੁਖ ਸਾਧਨ ਮੰਨਦੇ ਹੋ, ਇਹ ਜਾਣਕਾਰੀ ਦਿਓ?

ਉ: ਹੇ ਭਾਈਓ! ਮੈਨੂੰ ਤਾਂ ਬਾਣੀ ਦੀ ਦੇਰਕਾਲ ਵੀਚਾਰ ਕਰਦੇ ਰਹਿਣ ਤੋਂ ਬਾਅਦ ਇਨ੍ਹਾਂ ਸਾਰੇ ਸਾਧਨਾ ਬਾਰੇ ਇਹੋ ਬੋਧ ਮਿਲਿਆ ਹੈ ਕਿ ਇਨ੍ਹਾਂ ਸਾਰੇ ਹੀ ਸਾਧਨਾਂ ਰਾਹੀਂ ਉਸ ਰੱਬ ਨੂੰ ਨਹੀਂ ਪਾਇਆ ਜਾ ਸਕਦਾ ਭਾਵੇਂ ਕੋਈ ਅਨੇਕ ਤਰ੍ਹਾਂ ਦੇ ਕਰਮ-ਕਾਂਡ, ਜੱਗ, ਹੋਮ ਆਦਿ ਕਰਮ ਕਰਦਾ ਰਵੇ। ਇਸ ਪੱਖ ਨੂੰ ਸਿੱਧ ਕਰਨ ਲਈ ਬਾਣੀ ਵਿਚ ਗੁਰਮਤ ਨੇ ਕਈ ਥਾਵਾਂ 'ਤੇ ਬੋਧ ਕਰਾਇਆ ਹੈ, ਜਿਵੇਂ ਕਿ:

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ॥ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ॥੨॥
ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ॥੩॥
ਕਨਿਕ ਕਾਮਿਨੀ ਹੈਵਰ ਗੈਵਰ
ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ
ਨਹ ਮਿਲੀਐ ਹਰਿ ਦੁਆਰਾ॥੪॥
ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ॥੫॥
ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ॥੬॥

*(ਸੋਰਠਿ ਮ: ੫, ਪੰਨਾ ੬੪੧)*

ਆਚਾਰੀ ਨਹੀ ਜੀਤਿਆ ਜਾਇ॥
ਪਾਠ ਪੜੈ ਨਹੀ ਕੀਮਤਿ ਪਾਇ॥
ਅਸਟ ਦਸੀ ਚਹੁ ਭੇਦੁ ਨ ਪਾਇਆ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ॥੫॥

*(ਆਸਾ ਮ: ੧, ਪੰਨਾ ੩੫੫)*

ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ॥
ਗੁਰਮਤੀ ਹਰਿ ਸਦਾ ਪਾਇਆ
ਰਸਨਾ ਹਰਿ ਰਸੁ ਸਮਾਇ॥੩॥

*(ਸ੍ਰੀ ਰਾਗੁ ਮ: ੩, ਪੰਨਾ ੬੬)*

ਪਾਠੁ ਪੜੈ ਮੁਖਿ ਝੂਠੋ ਬੋਲੈ
ਨਿਗੁਰੇ ਕੀ ਮਤਿ ਓਹੈ॥
ਨਾਮੁ ਨ ਜਪਈ ਕਿਉ ਸੁਖੁ ਪਾਵੈ
ਬਿਨੁ ਨਾਵੈ ਕਿਉ ਸੋਹੈ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ
ਮੋਨਿ ਰਹੈ ਅਭਿਮਾਨਾ॥
ਮਨੂਆ ਡੋਲੈ ਦਹ ਦਿਸ ਧਾਵੈ
ਬਿਨੁ ਰਤ ਆਤਮ ਗਿਆਨਾ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ
ਮਾਇਆ ਕਾ ਦੇਵਾਨਾ॥ *(ਮਾਰੂ ਮ: ੧, ਪੰਨਾ ੧੦੧੩)*

ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ॥
ਨਾਮੁ ਬਿਸਾਰਿ ਪਚਹਿ ਅਭਿਮਾਨੁ॥
ਨਾਮ ਬਿਨਾ ਕਿਆ ਗਿਆਨ ਧਿਆਨੁ॥
ਗੁਰਮੁਖਿ ਪਾਵਹਿ ਦਰਗਹਿ ਮਾਨੁ॥੩॥
ਹਠੁ ਅਹੰਕਾਰੁ ਕਰੈ ਨਹੀ ਪਾਵੈ॥
ਪਾਠ ਪੜੈ ਲੇ ਲੋਕ ਸੁਣਾਵੈ॥
ਤੀਰਥਿ ਭਰਮਸਿ ਬਿਆਧਿ ਨ ਜਾਵੈ॥
ਨਾਮ ਬਿਨਾ ਕੈਸੇ ਸੁਖੁ ਪਾਵੈ॥੪॥
ਜਤਨ ਕਰੈ ਬਿੰਦੁ ਕਿਵੈ ਨ ਰਹਾਈ॥
ਮਨੂਆ ਡੋਲੈ ਨਰਕੇ ਪਾਈ॥
ਜਮਪੁਰਿ ਬਾਧੋ ਲਹੈ ਸਜਾਈ॥
ਬਿਨੁ ਨਾਵੈ ਜੀਉ ਜਲਿ ਬਲਿ ਜਾਈ॥੫॥

*(ਰਾਮਕਲੀ ਮ: ੧, ਪੰਨਾ ੯੦੫)*

ਕਿਆ ਜਪੁ ਕਿਆ ਤਪੁ ਸੰਜਮੋ
ਕਿਆ ਬਰਤੁ ਕਿਆ ਇਸਨਾਨੁ ॥
ਜਬ ਲਗੁ ਜੁਗਤਿ ਨ ਜਾਨੀਐ
ਭਾਉ ਭਗਤਿ ਭਗਵਾਨ ॥੨॥ *(ਗਉੜੀ, ਪੰਨਾ ੩੩੭)*

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥
ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥
ਚਤੁਰਾਈ ਨ ਚਤੁਰਭੁਜੁ ਪਾਈਐ ।
*(ਗਉੜੀ ਕਬੀਰ ਜੀ, ਪੰਨਾ ੩੨੪)*

ਨਗਨ ਫਿਰਤ ਜੌ ਪਾਈਐ ਜੋਗੁ ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥
ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥੧॥ਰਹਾਉ॥
ਮੂਡ ਮੁੰਡਾਏ ਜੌ ਸਿਧਿ ਪਾਈ ॥
ਮੁਕਤੀ ਭੇਡ ਨ ਗਈਆ ਕਾਈ ॥੨॥
ਬਿੰਦੁ ਰਾਖਿ ਜੌ ਤਰੀਐ ਭਾਈ ॥
ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥
ਕਹੁ ਕਬੀਰ ਸੁਨਹੁ ਨਰ ਭਾਈ ॥
ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥
*(ਗਉੜੀ ਕਬੀਰ ਜੀ, ਪੰਨਾ ੩੨੪)*

ਜਾਪ ਤਾਪ ਨੇਮ ਸੁਚਿ ਸੰਜਮ
ਨਾਹੀ ਇਨ ਬਿਧੇ ਛੁਟਕਾਰ ॥
*(ਕਾਨੜਾ ਮ: ੫, ਪੰਨਾ ੧੩੦੧)*

ਇਸੇ ਭਾਵ ਨੂੰ ਗੁਰਬਾਣੀ ਵਿਚ ਸਤਿਗੁਰੂ ਜੀ ਨੇ ਕਈ ਥਾਵਾਂ ਤੇ ਦਰਸਾਇਆ ਹੈ ਅਤੇ ਸਾਧਨਾ ਕਰਨ ਵਾਲੇ ਸਾਧਕਾਂ ਨੂੰ ਬੋਧ ਕਰਾਇਆ ਹੈ ਕਿ ਹੇ ਭਾਈਓ ! ਹੁਣ ਕਲਿਜੁਗ ਦਾ ਸਮਾ ਹੈ, ਇਸ ਵਿਚ ਕੇਵਲ ਨਾਮ ਦਾ ਬੀਜ ਹੀ ਬੀਜਿਆ ਸਫਲਾ ਹੈ, ਪਿਛਲੇ ਜੁਗਾਂ ਦੇ ਜਪ, ਤਪ ਕਰਮ ਇਸ ਜੁਗ ਵਿਚ ਫਲੀਭੂਤ ਨਹੀਂ ਹੁੰਦੇ, ਜਿਵੇਂ ਰੁਤ ਕੋਈ ਹੋਰ ਹੋਵੇ ਬੀਜ ਕੋਈ ਹੋਰ ਬੀਜਿਆ ਜਾਵੇ ਉਹ ਫਲਦਾ ਫੁਲਦਾ ਨਹੀਂ, ਕਿਉਂਕਿ ਗੁਰੂ ਫੁਰਮਾਨ ਹੈ :

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥ *(ਬਸੰਤੁ ਮ: ੫, ਪੰਨਾ ੧੧੮੫)*

ਸੋ ਮੈਂ ਭੀ ਉਪ੍ਰੋਕਤ ਬਾਣੀ ਦੇ ਉਪਦੇਸ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਗੁਰਮਤ ਨੂੰ ਹੀ ਮੁਖ ਰੱਖਿਆ ਗਿਆ ਹੈ ਕਿ ਉਸ ਪ੍ਰਭੂ ਦੇ ਨਾਮ ਸਿਮਰਨ ਤੋਂ ਸਖਣੇ ਜਪ ਤਪ ਸਾਧਨ ਬੇਅਰਥ ਹਨ :

(੧) (ਹੇ ਭਾਈਓ ! ਜੇ ਵੀਚਾਰ ਦ੍ਰਿਸ਼ਟੀ ਨਾਲ ਤੱਕੋਗੇ ਤਾਂ ਬੋਧ ਹੋਵੇਗਾ ਕਿ) ਜਪ ਤੇ ਤਪ (ਪੂਜਾ ਪਾਠ ਤੇ ਧੂਣੇ ਸੇਕ ਕੇ ਤਪ ਕਰਨੇ) ਸੰਜਮ (ਸਾਧਨਾ ਆਦਿ) ਦੇ ਕਰਨੇ ਤੇ ਲੱਖਾਂ ਹੋਮ ਜੱਗ, ਠਾਕਰਾਂ ਨੂੰ ਕਰੋੜਾ ਭੋਗ ਲਾਉਣੇ ।
(੨) ਵਰਤ ਰੱਖਣੇ, ਨੇਮ ਨਿਬਾਹੁਣੇ ਤੇ ਅਨੇਕਾਂ ਹੀ ਤਰ੍ਹਾਂ ਦੇ ਸੰਜਮ (ਪਥ ਪ੍ਰਹੇਜ਼ਗਾਰੀਆਂ) ਲੱਖਾਂ ਹੀ ਕਰਮ ਧਰਮ ਤੇ ਮਾਲਾ ਫੇਰਨੀਆਂ ।
(੩) ਲੱਖਾਂ ਤੀਰਥਾਂ ਦੇ (ਪੁਰਬ ਸੰਜੋਗਾਂ ਤੇ ਲੱਖਾਂ ਹੀ ਦਾਨ ਪੁੰਨ ਅਤੇ ਉਪਕਾਰ ਕਰਨੇ, ਜਿਨ੍ਹਾਂ ਦਾ ਅੰਤ ਨਾ ਆ ਸਕੇ ।
(੪) ਦੇਵੀ ਦੇਵਤਿਆਂ ਦੀ ਸੇਵਾ ਤੇ ਲੱਖਾਂ ਅਰਾਧਨਾ ਕਰਨੀਆਂ, ਲੱਖਾਂ ਹੀ ਵਰ ਲੱਖਾਂ ਸਰਾਪ ਦੇ ਕੇ ਜੁੜਿਆਂ ਨੂੰ ਤੋੜਨਾ (ਤੇ ਟੁਟੇ ਹੋਇਆਂ ਨੂੰ ਜੋੜਨਾ)।
(੫) (ਚਾਰੇ) ਵਰਨਾਂ, (ਛੇਆਂ) ਦਰਸ਼ਨਾਂ ਤੇ ਹੋਰ ਅਵਰਨ ਮਿਲਗੋਭਾ ਜਾਤਾਂ ਦੇ ਲੋਕ, ਪੂਜਾ ਪਾਠ ਦੇ ਸਭ ਬੰਧਨ ਤੋੜ ਦੇਣੇ ।
(੬) ਲੱਖਾਂ ਹੀ ਲੋਕ, ਸ਼ਾਸਤਰ ਵੇਦਾਂ ਦੇ ਗੁਣ ਤੇ ਗਿਆਨ, ਲੱਖਾਂ ਹੀ ਜੋਗ-ਜੁਗਤੀਆਂ, ਭੋਗ ਭੁਗਤੀਆਂ, ਸਭ ਨੂੰ ਝਾੜ ਝੰਬ ਕੇ ਪਿਛਾਂਹ ਕਰ ਦਿੱਤਾ।
(੭) ਸੱਚ ਤੋਂ ਬਿਨਾ ਇਹ ਸਭ ਉਰੇ ਦੀਆਂ ਗੱਲਾਂ ਹਨ। ਸੱਚ ਤੋਂ ਬਿਨਾ ਲੱਖਾ ਹੀ ਸਿਆਣਪਾਂ ਸਭ ਥੋੜ੍ਹੀਆ (ਭਾਵ ਨਿਰਾਰਥ) ਹਨ।
(੮) ਸਭ ਤੋਂ ਉਪਰ ਸੱਚ ਤੇ ਸੱਚਾ ਅਚਾਰ ਹੀ ਹੈ, ਬਾਕੀ ਸਭ ਕੰਮ ਜਪ ਤਪ ਮੁਰਦਾ ਸਰੀਰ ਦੀ ਨਿਆਈਂ ਚੰਮੜੇ ਹੀ ਹਨ ।੧੯।

ਸਮੁੱਚਾ ਭਾਵ ਹੈ ਕਿ :

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥

ਨਹੀ ਤੁਲਿ-ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥੧॥

*(ਸੁਖਮਨੀ, ਪੰਨਾ ੨੬੫)*

***ਭਾਵਾਰਥ:*** ਇਹ ਜਿਤਨੇ ਭੀ ਜਪ ਤਪ ਸਾਧਨ ਕਲਿਜੁਗ ਵਿਚ ਕਰਨੇ ਹਨ, ਇਹ ਰੱਬੀ ਮਾਰਗ ਵਿਚ ਹੀ ਲੁਟੇ ਜਾਂਦੇ ਹਨ, ਰੱਬ ਦੀ ਸੱਚੀ ਦਰਗਾਹ ਤੱਕ ਨਹੀ ਪੁੱਜਦੇ, ਇਸ ਲਈ ਨਾਮ ਹੀ ਸ੍ਰੋਮਣੀ ਹੈ।

## ੨੦. ਸੱਚੇ ਸਤਿਗੁਰੂ ਦਾ ਸੱਚਾ ਰਾਜ ਹੈ

੧. ਸਤਿਗੁਰ ਸੱਚਾ ਪਾਤਿਸ਼ਾਹ
ਸਾਧਸੰਗਤਿ ਸਚੁ ਤਖਤ ਸੁਹੇਲਾ।
੨. ਸੱਚ ਸ਼ਬਦ ਟਕਸਾਲ ਸੱਚ
ਅਸ਼ਟਧਾਤ ਇਕ ਪਾਰਸ ਮੇਲਾ।
੩. ਸੱਚਾ ਅਬਿਚਲੁ ਰਾਜ ਹੈ
ਸੱਚ ਮਹਲ ਨਵਹਾਣਿ ਨਵੇਲਾ।
੪. ਸੱਚਾ ਹੁਕਮ ਵਰੱਤਦਾ
ਸੱਚਾ ਅਮਰੁ ਸੱਚੋ ਰਸ ਕੇਲਾ।
੫. ਸੱਚੀ ਸਿਫਤਿ ਸਲਾਹ ਸੱਚੁ
ਸੱਚੁ ਸਲਾਹਣੁ ਅੰਮ੍ਰਿਤ ਵੇਲਾ।
੬. ਸੱਚਾ ਗੁਰਮੁਖ ਪੰਥ ਹੈ
ਸੱਚ ਉਪਦੇਸ਼ ਨ ਗਰਬਿ ਗਹੇਲਾ।
੭. ਆਸਾ ਵਿੱਚ ਨਿਰਾਸ ਗਤਿ
ਸੱਚਾ ਖੇਲ ਮੇਲ ਸਚੁ ਖੇਲਾ।
੮. ਗੁਰਮੁਖ ਸਿੱਖ ਗੁਰੂ ਗੁਰ ਚੇਲਾ॥੨੦॥

***ਪਦ ਅਰਥ:*** ਸੁਹੇਲਾ—ਸੁਖ ਰੂਪ, ਸੌਖ ਵਾਲਾ। ਅਬਿਚਲੁ—ਨਿਹਚਲ। ਨਵਹਾਣਿ—ਨਵੇਂ ਰੰਗ ਰੂਪ ਵਾਲਾ। ਨਵੇਲਾ—ਸਦਾ ਹੀ ਨਵਾਂ। ਸੱਚਾ ਅਮਰੁ—ਸੱਚਾ ਹੁਕਮ, ਨ ਮਰਨ ਵਾਲਾ। ਕੇਲਾ—ਅਨੰਦ। ਗਰਬਿ ਗਹੇਲਾ—ਹੰਕਾਰ ਵਿੱਚ ਆਇਆ ਹੋਇਆ।

### ਅਰਥ:

**ਪ੍ਰ:** ਭਾਈ ਸਾਹਿਬ ਜੀਉ! ਜਿਵੇਂ ਗੁਰੂ ਘਰ ਵਿਚ ਸੰਗਤਾਂ ਵੱਲੋਂ ਸਤਿਗੁਰੂ ਨੂੰ ਪਾਤਿਸ਼ਾਹ ਕਹਿਣ ਦੀ ਪਰੰਪਰਾ ਚਲੀ ਆਉਂਦੀ ਹੈ, ਉਥੇ ਸੰਸਾਰੀ ਲੋਕਾਂ ਵਿਚ ਸੰਸਾਰਕ ਰਾਜ ਤਖਤ 'ਤੇ ਬੈਠੇ ਕਿਸੇ ਰਾਜੇ ਮਹਾਰਾਜੇ ਨੂੰ ਭੀ ਪਾਤਿਸਾਹ ਨਾਮ ਨਾਲ ਪੁਕਾਰਿਆ ਜਾਂਦਾ ਹੈ ਕਿਉਂ ਜੀ! ਦਸੋਗੇ ਕਿ ਇਨ੍ਹਾਂ ਦੋਹਾਂ ਵਿਅਕਤੀਆਂ ਵਿਚ ਪਰਸਪਰ ਕਿਤਨਾ ਕੁ ਅੰਤਰਾ ਹੈ?

**ਉ:** ਹੇ ਭਾਈਓ! ਜੇ ਇਸ ਪੱਖ ਨੂੰ ਅਸੀਂ ਗੁਰਬਾਣੀ ਦੁਆਰੇ ਪਰਖਾਂਗੇ ਤਾਂ ਸਾਨੂੰ ਜਿਮੀ ਆਸਮਾਨ ਦਾ ਮੱਤਭੇਦ ਦਿੱਸ ਆਵੇਗਾ, ਕਿਉਂਕਿ ਜਿਨ੍ਹਾਂ ਸੰਸਾਰਕ ਰਾਜਿਆਂ ਨੂੰ ਅਸੀਂ ਰਾਜ ਤਖਤ ਪਰ ਬੈਠੇ ਵੇਖ ਕੇ ਪਾਤਿਸਾਹ ਕਹਿੰਦੇ ਹਾਂ ਉਹ ਰਾਜੇ ਮਹਾਰਾਜੇ ਅਤੇ ਉਨ੍ਹਾਂ ਦੇ ਰਾਜ ਤਖ਼ਤ ਸਦੀਵੀ ਕਾਲ ਰਹਿਣ ਵਾਲੇ ਨਹੀਂ, ਇਸ ਦਾ ਬੋਧ ਸਾਨੂੰ ਬਾਣੀ ਵਿਚੋਂ ਭਲੀ ਪ੍ਰਕਾਰ ਮਿਲ ਜਾਂਦਾ ਹੈ, ਜਿਵੇਂ ਕਿ ਬਾਣੀ ਦਾ ਫੁਰਮਾਨ ਹੈ ਕਿ:

ਪਾਤਿਸਾਹ ਸਾਹ ਉਮਰਾਉ ਪਤੀਆਏ॥
ਦੁਸਟ ਅਹੰਕਾਰੀ ਮਾਰਿ ਪਚਾਏ॥

*(ਗੋਡ ਮ: ੫, ਪੰਨਾ ੮੬੯)*

ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ॥
ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ॥
ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ॥
ਚਿਤਿ ਨ ਆਇਓ ਪਾਰਬ੍ਰਹਮ
ਤਾ ਸਰਪ ਕੀ ਜੂਨਿ ਗਇਆ॥੬॥

*(ਸ੍ਰੀ ਰਾਗੁ ਮ: ੫, ਪੰਨਾ ੭੦)*

ਰਾਜ ਮਿਲਕ ਜੋਬਨ ਗ੍ਰਿਹ ਸੋਭਾ
ਰੂਪਵੰਤੁ ਜੁੋਆਨੀ॥
ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ॥
ਆਗੈ ਦਰਗਹਿ ਕਾਮਿ ਨ ਆਵੈ
ਛੋਡਿ ਚਲੈ ਅਭਿਮਾਨੀ॥੧॥ *(ਆਸਾ ਮ: ੫, ਪੰਨਾ ੩੭੯)*

ਰਾਜ ਮਿਲਖ ਅਰੁ ਬਹੁਤੁ ਫੁਰਮਾਇਸਿ॥
ਮਨੁ ਨਹੀ ਧ੍ਰਾਪੈ ਤ੍ਰਿਸਨਾ ਨ ਜਾਇਸਿ॥

*(ਆਸਾ ਮ: ੫, ਪੰਨਾ ੩੭੩)*

ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥੧॥
ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥
ਮਾਇਆ ਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ॥

*(ਬਿਲਾਵਲੁ ਮ: ੫, ਪੰਨਾ ੮੧੧)*

ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ॥
(ਬਿਲਾਵਲੁ ਮ: ੫ ਪੰਨਾ ੮੧੦)

ਰਾਜੁ ਮਾਲੁ ਝੂਠੀ ਸਭ ਮਾਇਆ॥
ਲੋਭੀ ਨਰ ਰਹੇ ਲਪਟਾਇ॥
ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ॥੧੨॥
(ਭੈਰਉ ਮ: ੩, ਪੰਨਾ ੧੧੫੫)

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥
(ਸਲੋਕ ਮ: ੧, ਪੰਨਾ ੧੨੮੮)

ਰਾਜੇ ਰਾਇ ਰੰਕ ਨਹੀ ਰਹਣਾ
ਆਇ ਜਾਇ ਜੁਗ ਚਾਰੇ॥ (ਰਾਮਕਲੀ ਮ: ੧, ਪੰਨਾ ੯੩੧)

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਾਜਾਰ ਹੁਕਮੀ ਢਹਸੀਓ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥
ਤਾਜੀ ਰਥ ਤੁਖਾਰ ਹਾਥੀ ਪਾਖਰੇ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥੮॥
(ਪਉੜੀ, ਪੰਨਾ ੧੪੧)

ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਬੋਧ ਮਿਲਦਾ ਹੈ ਕਿ ਜਿਨ੍ਹਾਂ ਸੰਸਾਰੀ ਰਾਜ ਤਖ਼ਤਾਂ 'ਤੇ ਬੈਠੇ ਰਾਜਿਆਂ ਨੂੰ ਲੋਕਾਈ ਪਾਤਿਸ਼ਾਹ ਕਹਿ ਕੇ ਪੁਕਾਰਦੀ ਹੈ ਉਹ ਤਾਂ ਸੰਸਾਰਕ ਪਦਾਰਥਾਂ ਦੀਆਂ ਵਾਸ਼ਨਾਂ ਵਿਚ ਇਤਨੇ ਖੁੱਭੇ ਪਏ ਹਨ ਜੋ ਕਿ ਦਿਨੇ ਰਾਤ ਕਲਪਦੇ ਹੋਏ ਅਸ਼ਾਂਤ ਰਹਿੰਦੇ ਹਨ, ਜਿਨ੍ਹਾ ਨੂੰ ਕਦੇ ਭੀ ਮਾਨਸਕ ਸ਼ਾਂਤੀ ਨਸੀਬ ਨਹੀਂ ਹੁੰਦੀ। ਜਿਥੇ ਉਹ ਰਾਜੇ ਆਪ ਕੂੜੇ ਹਨ ਉਥੇ ਉਨ੍ਹਾਂ ਦੇ ਬੈਠਣ ਵਾਲੇ ਰਾਜ ਤਖ਼ਤ ਭੀ ਸਦੀਵੀ ਸਥਿਰ ਰਹਿਣ ਵਾਲੇ ਨਹੀਂ। ਇਸ ਲਈ ਉਨ੍ਹਾਂ ਨੂੰ ਸੱਚੇ ਪਾਤਿਸ਼ਾਹ ਨਹੀਂ ਕਿਹਾ ਜਾ ਸਕਦਾ।

ਇਨ੍ਹਾਂ ਸੰਸਾਰੀ ਰਾਜਿਆਂ ਦੇ ਮੁਕਾਬਲੇ ਵਿਚ ਸੱਚੇ ਪਾਤਿਸ਼ਾਹ ਸੱਚੇ ਸਤਿਗੁਰੂ ਜੀ ਹਨ ਜਿਨ੍ਹਾਂ ਦੇ ਬੇਅੰਤ ਗੁਣ ਬਾਣੀ ਵਿਚ ਦਰਸਾਏ ਹਨ, ਜਿਵੇਂ ਕਿ:

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ॥੧੩॥
(ਸੂਹੀ ਮ: ੪, ਪੰਨਾ ੭੫੯)

ਸਤਿਗੁਰੁ ਦਾਤਾ ਦਇਆਲੁ ਹੈ
ਜਿਸ ਨੋ ਦਇਆ ਸਦਾ ਹੋਇ॥
ਸਤਿਗੁਰੁ ਅੰਦਰਹੁ ਨਿਰਵੈਰੁ ਹੈ
ਸਭੁ ਦੇਖੈ ਬ੍ਰਹਮੁ ਇਕੁ ਸੋਇ॥
(ਸਲੋਕ ਮ: ੪, ਪੰਨਾ ੩੦੨)

ਸਤਿਗੁਰੁ ਸੁਖ ਸਾਗਰੁ ਜਗ ਅੰਤਰਿ
ਹੋਰਥੈ ਸੁਖ ਨਾਹੀ॥
ਹਉਮੈ ਜਗਤੁ ਦੁਖਿ ਰੋਗਿ ਵਿਆਪਿਆ
ਮਰਿ ਜਨਮੈ ਰੋਵੈ ਧਾਹੀ॥
(ਸੋਰਠਿ ਮ: ੩, ਪੰਨਾ ੬੦੩)

ਸਤਿਗੁਰੁ ਸਾਚੀ ਸਿਖ ਸੁਣਾਈ॥
ਹਰਿ ਚੇਤਹੁ ਅੰਤਿ ਹੋਇ ਸਖਾਈ॥੧॥
(ਮਾਝ ਮ: ੩, ਪੰਨਾ ੧੧੮)

ਸਤਿਗੁਰੁ ਸੇਵੈ ਸੋਝੀ ਹੋਇ॥
ਦੂਜੈ ਭਾਇ ਨ ਲਾਗੈ ਕੋਇ॥
(ਆਸਾ ਮ: ੩, ਪੰਨਾ ੩੬੨)

ਸਤਿਗੁਰੁ ਸੇਵਿ ਸਦਾ ਸੁਖੁ ਜਾਤਾ॥
ਆਪੇ ਆਇ ਮਿਲਿਆ ਸਭਨਾ ਕਾ ਦਾਤਾ॥
(ਮਾਰੂ ਮ: ੩, ਪੰਨਾ ੧੦੮੪)

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੈ ਭਾਗਿ ਮਿਲਾਵਣਿਆ॥੭॥
(ਮਾਝ ਮ: ੩, ਪੰਨਾ ੧੨੪)

ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥
ਸਤਿਗੁਰੁ ਮੇਰਾ ਮਾਰਿ ਜੀਵਾਲੈ॥
ਸਤਿਗੁਰ ਮੇਰੇ ਕੀ ਵਡਿਆਈ॥
ਪ੍ਰਗਟੁ ਭਈ ਹੈ ਸਭਨੀ ਥਾਈ॥੨॥
ਸਤਿਗੁਰੁ ਮੇਰਾ ਤਾਣੁ ਨਿਤਾਣੁ॥
ਸਤਿਗੁਰੁ ਮੇਰਾ ਘਰਿ ਦੀਬਾਣੁ॥......
ਨਾਨਕ ਸੋਧੇ ਸਿੰਮ੍ਰਿਤਿ ਬੇਦ॥
ਪਾਰਬ੍ਰਹਮ ਗੁਰ ਨਾਹੀ ਭੇਦ॥੪॥
(ਭੈਰਉ ਮ: ੫, ਪੰਨਾ ੧੧੪੨)

ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ॥
ਜੋ ਕਿਛੁ ਕਰੇ ਸੁ ਆਪਣ ਭਾਣੈ॥
(ਮਾਰੂ ਮ: ੫, ਪੰਨਾ ੧੦੭੫)

ਇਸ ਤਰ੍ਹਾਂ ਜਿਉਂ ਜਿਉਂ ਬਾਣੀ ਦੀ ਵੀਚਾਰ ਕਰਦੇ ਜਾਈਏ ਤਾਂ ਸਾਨੂੰ ਬੋਧ ਮਿਲਦਾ ਹੈ ਕਿ ਦੁਨਿਆਵੀ ਪਾਤਿਸ਼ਾਹ ਸਭ ਕੂੜੇ ਹਨ, ਇਕ ਸਤਿਗੁਰੂ ਹੀ ਸੱਚੇ

ਪਾਤਿਸਾਹ ਹਨ ਜੋ ਸਦੀਵੀ ਸਾਧ ਸੰਗਤ ਵਿਚ ਨਿਵਾਸ ਰਖਦੇ ਹਨ, ਇਸ ਭਾਵ ਦੀਆਂ ਬਹੁਤ ਸਾਰੀਆਂ ਪੰਗਤੀਆਂ ਮੇਰੇ ਪੜ੍ਹਨ ਵਿਚ ਆਈਆਂ ਹਨ, ਜਿਨ੍ਹਾਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਦੀ ਰਚਨਾ ਕੀਤੀ ਹੈ, ਜਿਵੇਂ ਕਿ :

(੧) (ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਦੁਆਰੇ ਪੂਰਨ ਨਿਸਚਾ ਹੋ ਆਇਆ ਹੈ ਕਿ) ਸਤਿਗੁਰੂ ਜੀ ਸੱਚੇ ਪਾਤਿਸ਼ਾਹ ਹਨ (ਜਿਨ੍ਹਾਂ ਦਾ) ਸਾਧ ਸੰਗਤ ਸੱਚਾ ਤਖ਼ਤ ਹੈ, ਜੋ ਸੌਖਾ ਤੇ ਸਦਾ ਹੀ ਸੁਖਾਂ ਦੇ ਦੇਣ ਵਾਲਾ ਹੈ।

(੨) (ਸਾਧ ਸੰਗਤ ਸਤਿਗੁਰੂ ਦੇ) ਸ਼ਬਦ ਦੀ ਸੱਚੀ ਟਕਸਾਲ ਹੈ, (ਜਿਥੇ ਸ਼ਬਦ ਨਾਲ ਗੁਰਸਿੱਖੀ ਰੂਪ ਦੀ ਘਾੜਤ ਘੜੀਦੀ ਹੈ, ਪਰ ਇਹ ਟਕਸਾਲ) ਪਾਰਸ ਰੂਪ ਹੈ, ਜਿਸਦੇ ਛੋਹਣ ਨਾਲ ਅੱਠੇ ਧਾਤਾਂ (ਲੋਹਾ, ਤਾਂਬਾ ਆਦਿ) ਸੋਨਾ (ਇਕ ਧਾਤ) ਬਣ ਜਾਂਦੀਆਂ ਹਨ।

(੩) (ਸਤਿਗੁਰੂ ਜੀ ਦਾ) ਸੱਚਾ ਅਤੇ ਅਬਿਚਲ ਰਾਜ ਹੈ (ਜੋ ਸਦਾ ਹੀ ਇਕ ਰਸ) ਸੱਚੇ ਮਹਿਲ (ਆਪਣੇ ਨਿਜ ਸਰੂਪ ਵਿਚ) ਨਵੇਂ ਰੰਗ ਤੇ ਨਵੇਂ ਰੂਪ ਵਾਲਾ ਸ਼ਸ਼ੋਭਤ ਹੋ ਰਿਹਾ ਹੈ।

(੪) ਉਥੇ (ਸਤਿਗੁਰੂ ਜੀ ਦੇ ਰਾਜ ਦਰਬਾਰ, ਸਾਧ ਸੰਗਤ ਵਿਚ) ਸੱਚਾ ਹੁਕਮ ਵਰਤੀਂਦਾ ਹੈ ਤੇ ਸੱਚੇ ਪ੍ਰਭੂ ਦਾ ਹੁਕਮ ਹੈ, ਜੋ ਸੱਚੇ ਰਸ ਵਾਲਾ ਤੇ ਅਨੰਦ ਦੇਣ ਵਾਲਾ ਹੈ।

(੫) ਉਥੇ ਸੱਚੇ (ਪ੍ਰਭੂ) ਦੀ ਸੱਚੀ ਸਿਫ਼ਤ ਸਲਾਹੁਤਾ ਹੀ ਹੁੰਦੀ ਹੈ, ਸਦਾ ਹੀ ਸੱਚ ਦੀ ਸ਼ਲਾਘਾ ਅੰਮ੍ਰਿਤ ਵੇਲੇ (ਸੱਚੀ ਬਾਣੀ ਦਾ ਗਾਇਨ) ਹੁੰਦੀ ਹੈ।

(੬) ਇਹ ਗੁਰੂ ਦਾ ਸੱਚਾ ਗੁਰਮੁਖਤਾਈ ਵਾਲਾ ਰਸਤਾ ਹੈ, ਸੱਚਾ ਹੀ ਉਪਦੇਸ਼ ਹੈ, (ਹੋਰ ਦੁਨੀਆਵੀ ਪਾਤਿਸ਼ਾਹਾਂ ਵਾਲਾ ਏਥੇ) ਅਕੜ ਅਫਰੇਵਾਂ (ਹੰਕਾਰ ਦਾ) ਨਹੀਂ ਹੈ।

(੭) ਗੁਰਮੁਖ ਆਸਾ ਵਿਚ ਨਿਰਾਸ ਵਾਲੀ ਹਾਲਤ ਵਿਚ ਰਹਿੰਦੇ ਹਨ, ਇਹੋ ਸੱਚੀ ਚਾਲ ਤੇ ਸਚਾ ਖੇਲ ਹੈ। ਉਹ ਮੇਲ ਭੀ ਸੱਚਾ ਮੇਲਦੇ ਹਨ, (ਭਾਵ ਜਿਸ 'ਤੇ ਉਪਕਾਰ ਕਰਕੇ ਮੇਲ ਦੇਣ, ਫਿਰ ਵਿਛੋੜਦੇ ਨਹੀਂ) ਇਹੋ ਉਨ੍ਹਾਂ ਦਾ ਸੱਚਾ ਖੇਲ ਹੈ।

(੮) (ਅਜੇਹੇ ਗੁਰੂ ਦੇ ਵਰੋਸਾਏ ਹੋਏ) ਗੁਰਮੁਖ ਸਿਖ ਹਨ, ਜੋ ਗੁਰੂ ਦੇ ਚੇਲੇ, ਗੁਰੂ ਦੀ ਪਦਵੀ ਤੱਕ ਪਹੁੰਚ ਜਾਂਦੇ ਹਨ।੨੦।

***ਭਾਵਾਰਥ :*** ਜਿਸ ਤਰ੍ਹਾਂ ਗੁਰੂ ਅੰਗਦ ਜੀ, ਕਮਾਈ ਕਰਕੇ ਗੁਰੂ ਦਾ ਸਰੂਪ ਹੋਏ ਅਤੇ ਗੁਰੂ ਜੀ ਨੇ ਚੇਲੇ ਦਾ ਰੂਪ ਹੋ ਕੇ ਅੱਗੋਂ ਜਗਤ ਦਾ ਉਧਾਰ ਕੀਤਾ, ਇਵੇਂ ਹੀ ਗੁਰਮੁਖ ਅਤੇ ਗੁਰੂ ਵਿਚ ਭੇਦ ਨਹੀਂ। ਗੁਰਬਾਣੀ ਦਾ ਭੀ ਇਹੋ ਫੁਰਮਾਨ ਹੈ, ਜਿਵੇਂ ਕਿ :

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
*(ਆਸਾ ਮ: ੪, ਪੰਨਾ ੪੪੪)*

## *੨੧. ਗੁਰਮੁਖ ਸਦਾ ਹੀ ਰਾਜ਼ਕ ਦੀ ਰਜ਼ਾ ਵਿਚ ਪ੍ਰਸੰਨ ਹੈ*

**੧. ਗੁਰਮੁਖ ਹਉਮੈਂ ਪਰਹਰੈ**
**ਮਨਿ ਭਾਵੈ ਖਸਮੈ ਦਾ ਭਾਣਾ।**
**੨. ਪੈਰੀਂ ਪੈ ਪਾ ਖਾਕ ਹੋਇ**
**ਦਰਗਹ ਪਾਵੈ ਮਾਣੁ ਨਿਮਾਣਾ।**
**੩. ਵਰਤਮਾਨ ਵਿਚ ਵਰਤਦਾ**
**ਹੋਵਣਹਾਰ ਸੋਈ ਪਰਵਾਣਾ।**
**੪. ਕਾਰਣੁ ਕਰਤਾ ਜੋ ਕਰੈ**
**ਸਿਰ ਧਰਿ ਮੰਨਿ ਕਰੈ ਸ਼ੁਕਰਾਣਾ।**
**੫. ਰਾਜ਼ੀ ਹੋਇ ਰਜ਼ਾਇ ਵਿੱਚ**
**ਦੁਨੀਆਂ ਅੰਦਰ ਜਿਉ ਮਿਹਮਾਣਾ।**
**੬. ਵਿਸਮਾਦੀ ਵਿਸਮਾਦ ਵਿਚ**
**ਕੁਦਰਤਿ ਕਾਦਰ ਨੋਂ ਕੁਰਬਾਣਾ।**
**੭. ਲੇਪ ਅਲੇਪ ਸਦਾ ਨਿਰਬਾਣਾ ॥੨੧॥**

***ਪਦ ਅਰਥ :*** ਪਰਹਰੈ—ਛੱਡ ਦਿੰਦਾ ਹੈ। ਹੋਵਣਹਾਰ—ਭਾਵੀ, ਪ੍ਰਭੂ ਦਾ ਹੁਕਮ (ਹੋਣੀ)। ਪਰਵਾਣਾ—ਪਰਵਾਨ, ਸਿਰ ਮੱਥੇ ਹੁਕਮ ਮਨਜ਼ੂਰ। ਸ਼ੁਕਰਾਣਾ—ਧੰਨਵਾਦ। ਮਿਹਮਾਣਾ—ਪਰਾਹੁਣਾ। ਕੁਦਰਤਿ ਕਾਦਰ ਨੋਂ—ਕਰਤਾਰ ਦੀ ਰਚਨਾ ਤੋਂ। ਨਿਰਬਾਣਾ—ਬੰਧਨਾਂ ਤੋਂ ਮੁਕਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਜਿਨ੍ਹਾਂ ਗੁਰਮੁਖਾਂ ਦਾ ਪਿਛੇ ਜ਼ਿਕਰ ਕਰਦੇ ਆ ਰਹੇ ਹੋ, ਦਸੋਗੇ ਕਿ ਉਨ੍ਹਾਂ ਦੀ ਪਛਾਣ ਕੀ ਹੈ? ਬਾਕੀ ਦੇ ਲੋਕਾਂ ਨਾਲੋਂ ਉਨ੍ਹਾਂ ਦੀ ਸਰੀਰਕ ਕ੍ਰਿਆ ਤੇ ਮਾਨਸਕ ਅਵਸਥਾ ਵਿਚ ਕੀ ਅੰਤਰ ਹੈ ਜਿਸ ਦੁਆਰੇ ਉਨ੍ਹਾਂ ਦੀ ਜਾਣਕਾਰੀ ਹੋ ਸਕੇ,

ਕਿਉਂਕਿ ਵੇਖਣ ਵਿਚ ਤਾਂ ਸਾਰੇ ਲੋਕ ਸਮਾਨ ਹੀ ਨਜ਼ਰ ਆਉਂਦੇ ਹਨ ?

ਉ: ਹੇ ਭਾਈਓ! ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਨਾਲ ਤੱਕਾਂਗੇ ਤਾਂ ਗੁਰਮੁਖਾਂ ਦੇ ਸਰੀਰ ਤਾਂ ਭਾਵੇਂ ਬਾਕੀ ਲੋਕਾਂ ਦੇ ਸਰੀਰਾਂ ਵਾਂਗ ਹੀ ਹੋਣਗੇ ਪਰ ਉਨ੍ਹਾਂ ਦੀ ਕ੍ਰਿਆ ਬਾਕੀ ਦੇ ਲੋਕਾਂ ਤੋਂ ਵੱਖਰੀ ਹੋਵੇਗੀ ਭਾਵ ਉਨ੍ਹਾਂ ਦੀ ਸਰੀਰਕ ਕ੍ਰਿਆ ਤੇ ਮਾਨਸਕ ਕ੍ਰਿਆ ਗੁਰਮੱਤ ਦੇ ਅਨੁਕੂਲ ਹੋਵੇਗੀ, ਜਿਸਦਾ ਤਾਲ-ਮੇਲ ਸੰਸਾਰੀ ਲੋਕਾਂ ਦੇ ਨਾਲ ਮੇਲ ਨਹੀਂ ਖਾਏਗਾ। ਗੁਰਮੁਖਾਂ ਨੇ ਰੱਬ ਦੀ ਪ੍ਰਾਪਤੀ ਦਾ ਮਾਰਗ ਬਾਣੀ ਅਨੁਸਾਰ ਦਸਾਂ ਨੌਹਾਂ ਦੀ ਕ੍ਰਿਤ ਕਰਨੀ, ਆਪ ਛਕਣਾ ਤੇ ਹੋਰਨਾਂ ਲੋੜਵੰਦਾਂ ਨੂੰ ਛਕਾਉਣ ਦੀ ਧਾਰਨਾ ਧਾਰਨ ਕਰ ਰੱਖੀ ਹੈ, ਕਿਉਂਕਿ ਉਨ੍ਹਾਂ ਨੂੰ ਬਾਣੀ ਵਿਚੋਂ ਇਹੋ ਪ੍ਰੇਰਨਾ ਮਿਲੀ ਹੈ ਕਿ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥

*(ਸਲੋਕ ਮ: ੧, ਪੰਨਾ ੧੨੪੫)*

ਪਰਾਇਆ ਹੱਕ ਖਾਣ ਵੱਲੋਂ ਭੀ ਉਹ ਸਦਾ ਹੀ ਘਿਰਨਾ ਕਰਦੇ ਹਨ ਕਿਉਂਕਿ ਪਰਾਇਆ ਹੱਕ ਖਾਣ ਨੂੰ ਬਾਣੀ ਵਿਚ ਮੁਰਦਾ ਖਾਣ ਦੀ ਤੁਲਨਾ ਦਿਤੀ ਹੈ, ਜਿਵੇਂ ਕਿ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

*(ਮ: ੧, ਪੰਨਾ ੧੪੧)*

ਗੁਰਬਾਣੀ ਵਿਚ ਗੁਰਮੁਖਾਂ ਦੀ ਜਾਣਕਾਰੀ ਕਈ ਥਾਵਾਂ 'ਤੇ ਕਰਾਈ ਗਈ ਹੈ, ਜਿਵੇਂ ਕਿ :

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨੁ ਗਾਏ ਜੀਉ ॥੮॥

*(ਮਾਝ ਮ: ੫, ਪੰਨਾ ੧੩੧)*

ਗੁਰਮੁਖਿ ਵਿਚਹੁ ਹਉਮੈ ਜਾਇ ॥
ਗੁਰਮੁਖਿ ਮੈਲੁ ਨ ਲਾਗੈ ਆਇ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥
ਗੁਰਮੁਖਿ ਕਰਮ ਧਰਮ ਸਚਿ ਹੋਈ ॥
ਗੁਰਮੁਖਿ ਅਹੰਕਾਰੁ ਜਲਾਏ ਦੋਈ ॥
ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥

*(ਗਉੜੀ ਮ: ੩, ਪੰਨਾ ੨੩੦)*

ਗੁਰਮੁਖਿ ਅੰਤਰਿ ਸਾਂਤਿ ਹੈ
ਮਨਿ ਤਨਿ ਨਾਮਿ ਸਮਾਇ ॥
ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ ॥
ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ ॥

*(ਸਲੋਕ ਮ: ੪, ਪੰਨਾ ੧੩੧੭)*

ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥

*(ਮ: ੩, ਪੰਨਾ ੬੪੬)*

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥

*(ਮਾਝ ਮ: ੩, ਪੰਨਾ ੧੧੮)*

ਗੁਰਮੁਖਿ ਏਹੁ ਮਨੁ ਜੀਵਤੁ ਮਰੈ
ਸਚਿ ਰਹੈ ਲਿਵ ਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ
ਹਉਮੈ ਸਬਦਿ ਜਲਾਇ ॥੨॥ *(ਪੰਨਾ ੬੫੦)*

ਗੁਰਮੁਖਿ ਸੰਸਾ ਮੂਲਿ ਨ ਹੋਵਈ
ਚਿੰਤਾ ਵਿਚਹੁ ਜਾਇ ॥
ਜੋ ਕਿਛੁ ਹੋਇ ਸੁ ਸਹਜੇ ਹੋਇ
ਕਹਣਾ ਕਿਛੂ ਨ ਜਾਇ ॥ *(ਸਲੋਕ ਮ: ੩, ਪੰਨਾ ੮੫੩)*

ਗੁਰਮੁਖਿ ਨਾਮੁ ਨਿਰੰਜਨ ਪਾਏ ॥
ਗੁਰਮੁਖਿ ਹਉਮੈ ਸਬਦਿ ਜਲਾਏ ॥
ਗੁਰਮੁਖਿ ਸਾਚੇ ਕੇ ਗੁਣ ਗਾਏ ॥
ਗੁਰਮੁਖਿ ਸਾਚੈ ਰਹੈ ਸਮਾਏ ॥
ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥
ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥

*(ਰਾਮਕਲੀ ਸਿਧ ਗੋਸਟਿ ਮ: ੧, ਪੰਨਾ ੯੪੨)*

ਗੁਰਮੁਖਿ ਨਾਦ ਬੇਦ ਬੀਚਾਰੁ ॥
ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥
ਗੁਰਮੁਖਿ ਕਾਰ ਕਰੇ ਪ੍ਰਭ ਭਾਵੈ
ਗੁਰਮੁਖਿ ਪੂਰਾ ਪਾਇਦਾ ॥੧॥

*(ਮਾਰੂ ਮ: ੩, ਪੰਨਾ ੧੦੫੮)*

ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥
ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥
ਗੁਰਮੁਖਿ ਤਾਰੇ ਪਾਰਿ ਉਤਾਰੇ ॥
ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥

*(ਸਿਧ ਗੋਸਟਿ ਰਾਮਕਲੀ ਮ: ੧, ਪੰਨਾ ੯੪੧)*

ਏਕੁ ਸਬਦੁ ਜਿਤੁ ਕਥਾ ਵੀਚਾਰੀ॥
ਗੁਰਮੁਖਿ ਹਉਮੈ ਅਗਨਿ ਨਿਵਾਰੀ॥੪੪॥
*(ਰਾਮਕਲੀ ਮ: ੧, ਪੰਨਾ ੯੪੩)*

ਗੁਰਮੁਖਿ ਆਪੇ ਕਰੇ ਕਰਾਏ॥
ਗੁਰਮੁਖਿ ਹਿਰਦੈ ਵੁਠਾ ਆਪਿ ਆਏ॥
*(ਮਾਝ ਮ: ੩, ਪੰਨਾ ੧੨੫)*

ਗੁਰਮੁਖਿ ਕਮਲੁ ਪ੍ਰਗਾਸਿਐ ਭਾਈ
ਰਿਦੈ ਹੋਵੈ ਪਰਗਾਸੁ॥
ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ
ਮਉਲਿਆ ਧਰਤਿ ਅਕਾਸੁ॥੫॥
*(ਸੋਰਠਿ ਮ: ੫, ਪੰਨਾ ੬੪੦)*

ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ॥
*(ਸ੍ਰੀ ਰਾਗੁ ਮ: ੧, ਪੰਨਾ ੨੨)*

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ॥
ਗੁਰਮੁਖਿ ਸਾਚੁ ਰਖਿਆ ਉਰਧਾਰਿ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ॥
ਗੁਰਮੁਖਿ ਦਰਗਹਿ ਨ ਆਵੈ ਹਾਰਿ॥
*(ਰਾਮਕਲੀ ਮ: ੧, ਪੰਨਾ ੯੪੬)*

ਗੁਰਮੁਖਿ ਤੇਰਾ ਭਾਣਾ ਭਾਵੈ॥
ਸਹਜੇ ਹੀ ਸੁਖੁ ਸਚੁ ਕਮਾਵੈ॥
*(ਮਾਰੂ ਮ: ੩, ਪੰਨਾ ੧੦੬੩)*

ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ
ਘਟਿ ਘਟਿ ਨਾਨਕ ਮਾਝਾ॥੪॥
*(ਸੂਹੀ ਮ: ੫, ਪੰਨਾ ੭੪੮)*

ਗੁਰਮੁਖਿ ਨਾਮੁ ਦਾਨੁ ਇਸਨਾਨੁ॥
ਗੁਰਮੁਖਿ ਲਾਗੈ ਸਹਜਿ ਧਿਆਨੁ॥
ਗੁਰਮੁਖਿ ਪਾਵੈ ਦਰਗਹ ਮਾਨੁ॥
ਗੁਰਮੁਖਿ ਭਉ ਭੰਜਨੁ ਪਰਧਾਨੁ॥
*(ਰਾਮਕਲੀ ਮ: ੧, ਪੰਨਾ ੯੪੨)*

ਇਸੇ ਤਰ੍ਹਾਂ ਗੁਰਮੁਖ ਦੀ ਮਾਨਸਕ ਅਵਸਥਾ ਨੂੰ ਪ੍ਰਗਟਾਉਣ ਵਾਲੀਆਂ ਬਾਣੀ ਵਿਚ ਹੋਰ ਭੀ ਬਹੁਤ ਪੰਗਤੀਆਂ ਪੜ੍ਹਨ ਵਿਚ ਆਉਂਦੀਆਂ ਹਨ, ਜਿਨ੍ਹਾਂ ਦੁਆਰੇ ਗੁਰਮੁਖ ਦੀ ਪਛਾਣ ਹੋਰਨਾਂ ਮਨੁੱਖਾਂ ਤੋਂ ਵੱਖਰੀ ਦਿਸ ਆਉਂਦੀ ਹੈ, ਇਨ੍ਹਾਂ ਉਪ੍ਰੋਕਤ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ, ਜਿਵੇਂ ਕਿ:

(੧) (ਬਾਣੀ ਅਨੁਸਾਰ ਪ੍ਰਭੂ ਦੇ ਲੋਕਾਂ ਦੀ ਇਹੋ ਵੱਡੀ ਪਛਾਣ ਹੈ ਕਿ ਉਹ) ਗੁਰਮੁਖ ਲੋਕ ਹਉਮੈ ਨੂੰ ਛੱਡ ਦੇਂਦੇ ਹਨ ਤੇ ਉਨ੍ਹਾਂ ਦੇ ਮਨ (ਵਿਚ ਪ੍ਰਭੂ) ਖਸਮ ਦਾ ਭਾਣਾ ਹੀ ਚੰਗਾ ਲਗਦਾ ਹੈ।

(੨) (ਉਹ ਸਾਧ ਸੰਗਤ ਤੇ ਗੁਰੂ ਦੇ) ਸ਼ਰਨੀ ਲੱਗ ਕੇ ਚਰਣ ਧੂੜ ਬਣਕੇ ਦਰਗਾਹ (ਪ੍ਰਭੂ ਦੇ ਦਰਬਾਰ) ਵਿਚ ਨਿਮਾਣੇ ਬਣ (ਕੇ) ਮਾਣ ਪਾਉਂਦੇ ਹਨ।

(੩) ਵਰਤਮਾਨ ਸਮੇਂ ਵਿਚ ਜੋ ਭਾਣਾ ਵਰਤਦਾ ਹੈ ਉਸ ਨੂੰ ਪ੍ਰਭੂ ਦੀ ਭਾਵੀ (ਹੋਣੀ ਜਾਂ ਹੁਕਮ) ਸਮਝ ਕੇ ਉਸੇ ਨੂੰ ਬਿਨਾ ਝਿਜਕ ਪ੍ਰਵਾਨ ਕਰਦੇ ਹਨ।

(੪) (ਉਹ ਸਮਝਦੇ ਹਨ ਕਿ) ਜੋ ਵੀ ਕਾਰਨ ਬਣਿਆ ਹੈ, ਇਹ ਕਰਤੇ ਦਾ ਕੀਤਾ (ਹੀ) ਬਣਿਆ ਹੈ, ਇਸ ਲਈ ਉਸਨੂੰ ਸਿਰ ਮੱਥੇ ਮੰਨਦੇ ਤੇ (ਭਾਵੇਂ ਦੁਖ ਹੋਵੇ ਭਾਵੇਂ ਸੁਖ ਪ੍ਰਭੂ ਦਾ) ਸ਼ੁਕਰਾਨਾ (ਧੰਨਵਾਦ) ਹੀ ਕਰਦੇ ਹਨ।

(੫) ਉਹ ਪ੍ਰਭੂ ਦੀ ਰਜ਼ਾ (ਮਰਜ਼ੀ) ਵਿਚ ਹੀ ਰਾਜ਼ੀ ਰਹਿੰਦੇ ਹਨ, ਤੇ ਦੁਨੀਆ ਅੰਦਰ ਇਸ ਤਰ੍ਹਾਂ ਰਹਿੰਦੇ ਹਨ ਜਿਵੇਂ ਪ੍ਰਾਹੁਣਾ (ਮੁਸਾਫ਼ਰ) ਹੁੰਦਾ ਹੈ।

(੬) ਗੁਰਮੁਖ ਅਚਰਜ ਰੂਪ ਪ੍ਰਭੂ ਦੀ ਵਿਸਮਾਦਤਾ ਵਿਚ ਮਸਤ ਰਹਿੰਦੇ ਤੇ ਕਰਤੇ ਦੀ ਕੁਦਰਤ ਤੋਂ ਬਲਿਹਾਰੇ ਜਾਂਦੇ ਹਨ।

(੭) ਉਹ ਸਦਾ ਹੀ ਲੇਪ (ਸੰਸਾਰ ਦੀ ਪਕੜ) ਤੋਂ ਅਲੇਪ ਰਹਿੰਦੇ ਤੇ ਨਿਰ-ਬੰਧਨ ਹੋ ਜੀਵਨ ਗੁਜ਼ਾਰਦੇ ਹਨ।੨੧।

*ਭਾਵਾਰਥ :* ਗੁਰਮੁਖ ਲੋਕ ਬਾਹਰੋਂ ਵੇਖਣ ਵਿਚ ਬਾਕੀ ਸੰਸਾਰ ਦੇ ਲੋਕਾਂ ਵਾਂਙੂ ਹੀ ਸਰੀਰਕ ਕ੍ਰਿਆ ਕਰਦੇ ਦਿਸਦੇ ਹਨ, ਪਰ ਉਨ੍ਹਾਂ ਦੀ ਮਾਨਸਕ ਅਵਸਥਾ ਉਸ ਕਵਲ ਵਾਂਗੂ ਹੋਇਆ ਕਰਦੀ ਹੈ ਜੋ ਸਦਾ ਹੀ ਪਾਣੀ ਵਿਚ ਰਹਿੰਦਾ ਹੈ ਪਰ ਪਾਣੀ ਤੋਂ ਨਿਰਲੇਪ ਹੈ (ਜਿਉ ਕਮਲ ਰਹੈ ਵਿਚਿ ਪਾਣੀ ਹੇ) ਉਨ੍ਹਾਂ ਦੇ ਅੰਤਰ ਆਤਮੇ ਇਹੋ ਨਿਸਚਾ ਬਣਿਆ ਰਹਿੰਦਾ ਹੈ ਕਿ:

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥
ਸਭ ਘਟ ਭੀਤਰਿ ਹਾਟੁ ਚਲਾਵੈ॥ *(ਪੰਨਾ ੭੯੮)*

ਉਹ ਗੁਰਮੁਖ ਲੋਕ ਹਰ ਸਮੇਂ ਹੀ ਉਸ ਰਾਜ਼ਕ ਦੀ ਰਜਾ ਮੰਨਦੇ ਹਨ, ਤੇ ਮੋਹ ਮਮਤਾ ਨੂੰ ਤਿਆਗ ਕੇ ਗ੍ਰਿਹਸਤ ਦੇ ਸਾਰੇ ਕਾਰੋਬਾਰ ਕਰਦੇ ਹੋਏ ਅਲਿਪਤ ਰਹਿਕੇ ਜੀਵਨ ਗੁਜ਼ਾਰਦੇ ਹਨ। ਬਾਹਰੋਂ ਸਰੀਰਕ ਸ਼ੁਭ ਗੁਣ ਤਾਂ ਭਾਵੇਂ ਨਜ਼ਰ ਆਉਂਦੇ ਹਨ, ਪਰ ਜੋ ਉਨ੍ਹਾਂ ਦੇ ਅੰਤਰ-ਆਤਮੇ ਦੈਵੀ ਗੁਣਾਂ ਦੀ ਧਾਰਨਾ ਹੈ ਉਨ੍ਹਾਂ ਨੂੰ ਉਹ ਆਪ ਹੀ ਅਨੁਭਵ ਕਰਦੇ ਹਨ। ਦੂਸਰੇ ਹੋਰ ਕਿਸੇ ਨੂੰ ਲੱਖਤਾ ਨਹੀਂ ਹੋ ਸਕਦੀ। ਪਰ ਹਾਂ ਇਹ ਤਾਂ ਬੁਧੀਜੀਵੀਆਂ ਨੂੰ ਪ੍ਰਤੱਖਸ਼ ਦਿਸਦਾ ਹੈ ਕਿ

ਜਿਸ ਹਉਮੈਂ ਦੇ ਰੋਗ ਨੇ ਸਾਰੇ ਸੰਸਾਰ ਦੇ ਜੀਵਾਂ ਨੂੰ ਗ੍ਰਸਿਆ ਹੋਇਆ ਹੈ, ਉਹ ਉਸ ਰੋਗ ਵੱਲੋਂ ਸਦਾ ਹੀ ਅਰੋਗ ਰਹਿੰਦੇ ਹਨ।

## ੨੨. ਗੁਰਮੁਖ ਹੁਕਮੀ ਬੰਦਾ ਹੈ

੧. ਹੁਕਮੀ ਬੰਦਾ ਹੋਇ ਕੈ
ਸਾਹਿਬ ਦੇ ਹੁਕਮੈ ਵਿੱਚ ਰਹਣਾ।
੨. ਹੁਕਮੈ ਅੰਦਰ ਸਭ ਕੋ
ਸਭਨਾਂ ਆਵੱਟਣ ਹੈ ਸਹਣਾ।
੩. ਦਿਲੁ ਦਰਿਆਉ ਸਮਾਉ ਕਰਿ
ਗਰਬੁ ਗਵਾਇ ਗਰੀਬੀ ਵਹਣਾ।
੪. ਵੀਹ ਇਕੀਹ ਉਲੰਘਿ ਕੈ,
ਸਾਧਸੰਗਤਿ ਸਿੰਘਾਸਣ ਬਹਣਾ।
੫. ਸ਼ਬਦ ਸੁਰਤਿ ਲਿਵਲੀਣ ਹੋਇ
ਅਨਭੌ ਅਘੜ ਘੜਾਏ ਗਹਣਾ।
੬. ਸਿਦਕ ਸਬੂਰੀ ਸਾਬਤਾ
ਸ਼ਾਕਰੁ ਸ਼ੁਕਰਿ ਨ ਦੇਣਾ ਲਹਣਾ।
੭. ਨੀਰਿ ਨ ਡੁੱਬਣੁ ਅੱਗਿ ਨ ਦਹਣਾ ॥੨੨॥

*ਪਦ ਅਰਥ :* ਆਵੱਟਣ—ਅੱਗ ਦਾ ਸੇਕ। ਸਮਾਉ ਕਰਿ—ਸਮਾਈ ਕਰਕੇ। ਵੀਹ ਇਕੀਹ—ਜੀਵ ਤੇ ਈਸ਼ਰ। ਅਨਭੌ—ਅਨੁਭਵੀ ਗਿਆਨ। ਸਬੂਰੀ—ਸਬਰ ਤੇ ਸਿਦਕ। ਸ਼ਾਕਰੁ—ਸ਼ੁਕਰ ਕਰਨ ਵਾਲਾ।

*ਅਰਥ :*

ਪ੍ਰ : ਭਾਈ ਸਾਹਿਬ ਜੀਉ ! ਜਿਵੇਂ ਆਪ ਜੀ ਨੇ ਗੁਰਬਾਣੀ ਅਨੁਸਾਰ ਗੁਰਮੁਖਾਂ ਦੇ ਜੀਵਨ ਬਾਰੇ ਬਹੁਤ ਸਾਰੇ ਉਦਾਹਰਣ ਦੇ ਕੇ ਉਨ੍ਹਾਂ ਦੀ ਉੱਚੀ ਮਾਨਸਕ ਅਵਸਥਾ ਦਰਸਾਈ ਹੈ, ਇਸੇ ਤਰ੍ਹਾਂ ਗੁਰਬਾਣੀ ਵਿਚ ਬੰਦੇ ਸ਼ਬਦ ਦੀ ਭੀ ਕਈ ਥਾਵਾਂ 'ਤੇ ਵਰਤੋਂ ਆਈ ਮਿਲਦੀ ਹੈ, ਜਿਵੇਂ ਕਿ ਭਗਤ ਕਬੀਰ ਜੀ ਨੇ ਬੰਦੇ ਨੂੰ ਸੰਬੋਧਨ ਕੀਤਾ ਹੈ :

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥
*(ਤਿਲੰਗ ਬਾਣੀ ਕਬੀਰ ਜੀ, ਪੰਨਾ ੭੨੭)*

ਭਾਵ ਹੈ ਕਿ ਗੁਰਮੁਖ ਦੇ ਜੀਵਨ ਵਾਂਗੂੰ ਦਸੋਗੇ ਕਿ ਬੰਦੇ ਦੇ ਜੀਵਨ ਦੀ ਰੂਪ ਰੇਖਾ ਕੀ ਹੈ ਤਾ ਕਿ ਸਾਨੂੰ ਭੀ ਹੋਰ ਜਾਣਕਾਰੀ ਮਿਲ ਸਕੇ ?

ਉ: ਹੇ ਭਾਈਓ ! ਜਦੋਂ ਅਸੀਂ ਗੁਰਬਾਣੀ ਦੀ ਪੜਚੋਲ ਕਰੀਏ ਤਾਂ ਸਾਨੂੰ ਬੰਦੇ ਬਾਰੇ ਕਈ ਥਾਵਾਂ 'ਤੇ ਜਾਣਕਾਰੀ ਮਿਲਦੀ ਹੈ ਕਿ ਬੰਦੇ ਦਾ ਪਰਮ ਪ੍ਰਯੋਜਨ ਸੰਸਾਰ ਵਿਚ ਆਉਣ ਦਾ ਕੀ ਹੈ, ਜਿਵੇਂ ਕਿ ਹੁਕਮ ਆਇਆ ਹੈ ਕਿ :

ਬੰਦਉ ਹੋਇ ਬੰਦਗੀ ਗਹੈ ॥
ਬੰਦਕ ਹੋਇ ਬੰਧ ਸੁਧਿ ਲਹੈ ॥੨੯॥
*(ਗਉੜੀ ਕਬੀਰ ਜੀ, ਪੰਨਾ ੩੪੧)*

ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥
*(ਸਲੋਕ ਮ: ੧, ਪੰਨਾ ੪੬੫)*

ਬੰਦੇ ਚਸਮ ਦੀਦੰ ਫਨਾਇ ॥
ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ ॥
*(ਤਿਲੰਗ ਮ: ੫, ਪੰਨਾ ੭੨੩)*

ਬੰਦੇ ਬੰਦਗੀ ਇਕਤੀਆਰ ॥
ਸਾਹਿਬੁ ਰੋਸੁ ਧਰਉ ਕਿ ਪਿਆਰੁ ॥
*(ਗਉੜੀ ਕਬੀਰ ਜੀ, ਪੰਨਾ ੩੩੮)*

ਜਿਥੇ ਬੰਦੇ ਲਈ ਕੁਝ ਨਿਯਮ ਦਰਸਾਏ ਹਨ, ਉਥੇ ਬੰਦਾ ਸਦਾਉਣ ਲਈ ਮਾਲਕ ਦੇ ਹੁਕਮ ਦੀ ਪਾਲਣਾ ਕਰਦੇ ਰਹਿਣਾ ਭੀ ਜ਼ਰੂਰੀ ਹੈ, ਜਿਵੇਂ ਕਿ :

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥
*(ਜਪੁਜੀ ਸਾਹਿਬ, ਪੰਨਾ ੧)*

ਹੁਕਮੇ ਆਵੈ ਹੁਕਮੇ ਜਾਇ ॥
ਆਗੈ ਪਾਛੈ ਹੁਕਮਿ ਸਮਾਇ ॥੨॥
*(ਗਉੜੀ ਮ: ੧, ਪੰਨਾ ੧੫੧)*

ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥
ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥
*(ਪਉੜੀ, ਪੰਨਾ ੭੮੬)*

ਹੁਕਮੇ ਹੀ ਸਭੁ ਜਗਤੁ ਉਪਾਇਆ ॥
ਹੁਕਮੁ ਮੰਨੇ ਸੋਈ ਸੁਖੁ ਪਾਏ
ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥੩॥
*(ਮਾਰੂ ਮ: ੩, ਪੰਨਾ ੧੦੫੫)*

ਹੁਕਮੇ ਆਵੈ ਹੁਕਮੇ ਜਾਵੈ ॥
ਬੂਝੈ ਹੁਕਮੁ ਸੋ ਸਾਚਿ ਸਮਾਵੈ ॥ *(ਮਾਰੂ ਮ: ੧, ਪੰਨਾ ੧੦੨੫)*

ਗੁਰਮੁਖ ਹੋਇ ਸੁ ਹੁਕਮੁ ਪਛਾਣੈ
ਮਾਨੈ ਹੁਕਮੁ ਸਮਾਇਦਾ ॥੯॥
ਹੁਕਮੇ ਆਇਆ ਹੁਕਮਿ ਸਮਾਇਆ ॥
ਹੁਕਮੇ ਦੀਸੈ ਜਗਤੁ ਉਪਾਇਆ ॥
ਹੁਕਮੇ ਸੁਰਗੁ ਮਛੁ ਪਇਆਲਾ
ਹੁਕਮੇ ਕਲਾ ਰਹਾਇਦਾ ॥੧੦॥
ਹੁਕਮੇ ਧਰਤੀ ਧਉਲ ਸਿਰਿ ਭਾਰੰ ॥
ਹੁਕਮੇ ਪਉਣ ਪਾਣੀ ਗੈਣਾਰੰ ॥
ਹੁਕਮੇ ਸਿਵ ਸਕਤੀ ਘਰਿ ਵਾਸਾ
ਹੁਕਮੇ ਖੇਲ ਖੇਲਾਇਦਾ ॥੧੧॥
ਹੁਕਮੇ ਆਡਾਣੇ ਆਗਾਸੀ ॥
ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥
ਹੁਕਮੇ ਸਾਸ ਗਿਰਾਸ ਸਦਾ ਫੁਨਿ
ਹੁਕਮੇ ਦੇਖਿ ਦਿਖਾਇਦਾ ॥੧੨॥
ਹੁਕਮਿ ਉਪਾਏ ਦਸ ਅਉਤਾਰਾ ॥
ਦੇਵ ਦਾਨਵ ਅਗਣਤ ਅਪਾਰਾ ॥
ਮਾਨੈ ਹੁਕਮੁ ਸੁ ਦਰਗਹ ਪੈਝੈ
ਸਾਚਿ ਮਿਲਾਇ ਸਮਾਇਦਾ ॥੧੩॥
ਹੁਕਮੇ ਜੁਗ ਛਤੀਹ ਗੁਦਾਰੇ ॥
ਹੁਕਮੇ ਸਿਧ ਸਾਧਿਕ ਵੀਚਾਰੇ ॥
ਆਪਿ ਨਾਥੁ ਨਥੀ ਸਭ ਜਾ ਕੀ
ਬਖਸੇ ਮੁਕਤਿ ਕਰਾਇਦਾ ॥੧੪॥

*(ਮਾਰੂ ਮ: ੧, ਪੰਨਾ ੧੦੩੭)*

ਹੁਕਮੁ ਮੰਨੇ ਜਨੁ ਪਰਵਾਣੁ ॥
ਗੁਰ ਕੈ ਸਬਦਿ ਨਾਮਿ ਨੀਸਾਣੁ ॥

*(ਬਸੰਤੁ ਮ: ੩, ਪੰਨਾ ੧੧੭੫)*

ਇਸ ਤੋਂ ਆਦਿ ਹੋਰ ਭੀ ਬੰਦਾ ਸਦਾਉਣ ਵਾਲੇ ਵਾਸਤੇ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ ਬੰਦੇ ਨੂੰ ਉਸ ਮਾਲਕ ਦੇ ਹੁਕਮ ਵਿਚ ਰਹਿ ਕੇ ਹੀ ਜੀਵਨ ਗੁਜ਼ਾਰਦੇ ਰਹਿਣਾ ਚਾਹੀਦਾ ਹੈ, ਐਸਾ ਹੁਕਮੀ ਬੰਦਾ ਹੀ ਰੱਬ ਦੀ ਦਰਗਾਹ ਵਿਚ ਕਬੂਲ ਹੁੰਦਾ ਹੈ। ਮੈਂ ਭੀ ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਕੁਝ ਕੁ ਪੰਗਤੀਆਂ ਉਲੀਕੀਆਂ ਹਨ, ਜਿਵੇਂ ਕਿ :

(੧) (ਸਹੀ ਰੂਪ ਵਿਚ ਬੰਦਾ ਉਸੇ ਨੂੰ ਹੀ ਆਖਿਆ ਜਾ ਸਕਦਾ ਹੈ ਜੋ) ਗੁਰਮੁਖ ਹੁਕਮ ਦਾ ਦਾਸ (ਬੰਦਾ) ਹੋ ਕੇ ਸਾਹਿਬ (ਮਾਲਕ) ਦੇ ਹੁਕਮ ਵਿਚ ਰਹਿੰਦਾ ਹੈ।

(੨) (ਉਸ ਬੰਦੇ ਨੂੰ ਦ੍ਰਿੜ੍ਹ ਹੋ ਜਾਂਦਾ ਹੈ ਜੋ ਕੁਝ ਵੀ ਹੋ ਰਿਹਾ ਹੈ) ਸਭ (ਮਾਲਕ ਦੇ) ਹੁਕਮ ਵਿਚ ਹੀ ਹੁੰਦਾ ਹੈ, (ਭਾਵ ਸਾਰਾ ਸੰਸਾਰ ਹੁਕਮ ਵਿਚ ਹੀ ਹੈ) ਤੇ ਹੁਕਮ ਨਾਲ ਆਏ ਦੁਖ (ਦੇ ਸ਼ੋਕ) ਨੂੰ ਸਭਨਾ ਨੂੰ ਸਹਿਣਾ ਹੀ ਪੈਂਦਾ ਹੈ। (ਕੋਈ ਕੁਝ ਵੀ ਕਰੇ, ਲਿਖਿਆ ਲੇਖ ਹੁਕਮ ਭੋਗਣਾ ਹੀ ਪੈਂਦਾ ਹੈ)।

(੩) (ਇਸ ਲਈ ਗੁਰਮੁਖ) ਦਿਲ ਨੂੰ ਦਰਿਆ (ਪ੍ਰਭੂ ਦੇ ਭਾਣੇ) ਵਿਚ ਸਮੋਕੇ, ਹੰਕਾਰ ਨੂੰ ਖ਼ਤਮ ਕਰਕੇ, ਗ਼ਰੀਬੀ ਵਿਚ (ਨਿੰਮ੍ਰਤਾ ਧਾਰਨ ਕਰਕੇ) ਰਹਿੰਦੇ ਹਨ।

(੪) ਗੁਰਮੁਖ ਸੰਸਾਰੀ ਹਾਲਤ (ਵੀਹ) ਤੇ ਇਕੀਹ (ਈਸ਼੍ਵਰੀ ਹੱਦ) ਨੂੰ ਲੰਘ ਕੇ ਸਾਧ ਸੰਗਤ ਵਿਚ ਲਿਵਲੀਨ ਸੱਚੇ ਸਿੰਘਾਸਣ 'ਤੇ ਜਾ ਬੈਠਦੇ ਹਨ।

(੫) (ਉਥੇ) ਸ਼ਬਦ ਤੇ ਸੁਰਤ ਦੀ ਸਮਾਧੀ ਵਿਚ ਲਿਵਲੀਨ ਹੋ ਕੇ ਅਨੁਭਵ (ਜੋ ਹਿਰਦੇ ਵਿਚ ਸੁਤੇ ਹੀ ਉਧਾਰਦਾ ਹੈ) ਨਾਲੇ ਅਘੜ (ਮਨ ਨੂੰ) ਘੜ ਕੇ ਸੁੰਦਰ ਗਹਿਣੇ ਬਣਾ ਲੈਂਦੇ ਹਨ।

(੬) ਗੁਰਮੁਖ ਸਿਦਕ ਤੇ ਸਬਰ (ਸੰਤੋਖ) ਵਿਚ ਸਾਬਤ (ਮੁਕੰਮਲ) ਰਹਿ ਕੇ) ਸ਼ੁਕਰ ਤੇ ਸ਼ੁਕਰਾਨੇ ਦਾ ਹੀ ਲੈਣਾ ਦੇਣਾ ਕਰੇ।

(੭) (ਫਿਰ ਉਸਨੂੰ ਸੰਸਾਰੀ ਪਦਾਰਥਾਂ ਦਾ) ਪਾਣੀ ਡੋਬਦਾ ਨਹੀਂ (ਤੇ ਤ੍ਰਿਸ਼ਨਾ ਦੀ) ਅੱਗ ਦਾ ਸੇਕ ਨਹੀਂ ਲੱਗਦਾ।੨੨।

***ਭਾਵਾਰਥ :*** ਬਾਣੀ ਦੀ ਵੀਚਾਰ ਕਰਨ ਤੋਂ ਇਹ ਬੋਧ ਮਿਲਦਾ ਹੈ ਕਿ ਇਹ ਬੰਦਾ ਸੰਸਾਰ ਵਿਚ ਕੇਵਲ ਬੰਦਗੀ ਕਰਨ ਲਈ ਹੀ ਆਇਆ ਹੈ, ਜੋ ਬੰਦਾ ਆਪਣੇ ਇਸ ਬੰਦਗੀ ਕਰਨ ਦੇ ਮੁਖ ਪ੍ਰਯੋਜਨ ਨੂੰ ਨਹੀਂ ਨਿਭਾਉਂਦਾ ਤਾਂ ਬਾਣੀ ਨੇ ਇਸ ਨੂੰ ਪਸ਼ੂਆਂ ਦੀ ਤੁਲਨਾ ਦਿੱਤੀ ਹੈ ਅਤੇ ਇਸਦਾ ਇਹ ਅਮੋਲਕ ਜੀਵਨ ਵਿਅਰਥ ਹੀ ਗੁਜ਼ਰ ਜਾਂਦਾ ਹੈ।

## ੨੩. ਗੁਰੂ ਨਾਲ ਸਿਖ ਦੀ ਅਧਿਕ ਪ੍ਰੀਤੀ

**੧. ਮਿਹਰ ਮੁਹਬਤਿ ਆਸ਼ਕੀ**
**ਇਸ਼ਕ ਮੁਸ਼ਕ ਕਿਉਂ ਲੁਕੈ ਲੁਕਾਯਾ।**
**੨. ਚੰਦਨ ਵਾਸ ਵਣਾਸਪਤਿ**
**ਹੋਇ ਸੁਗੰਧ ਨ ਆਪੁ ਗਣਾਯਾ।**

੩. ਨਦੀਆਂ ਨਾਲੇ ਗੰਗ ਮਿਲਿ
ਹੋਇ ਪਵਿੱਤੁ ਨ ਆਖਿ ਸੁਣਾਯਾ।
੪. ਹੀਰੇ ਹੀਰਾ ਬੇਧਿਆ
ਅਣੀ ਕਣੀ ਹੋਇ ਰਿਦੈ ਸਮਾਯਾ।
੫. ਸਾਧਸੰਗਤਿ ਮਿਲਿ ਸਾਧ ਹੋਇ
ਪਾਰਸ ਮਿਲਿ ਪਾਰਸ ਹੋਇ ਆਯਾ।
੬. ਨਿਹਚਲ ਨਿਹਚਲ ਗੁਰਮਤੀ
ਭਗਤ ਵਛਲ ਹੋਇ ਅਛਲ ਛਲਾਯਾ।
੭. ਗੁਰਮੁਖਿ ਸੁਖਫਲ ਅਲਖ ਲਖਾਯਾ ॥੨੩॥੧੮॥

***ਪਦ ਅਰਥ :*** ਮਿਹਰ—ਕ੍ਰਿਪਾ ਦ੍ਰਿਸ਼ਟੀ। ਮੁਹਬਤਿ—ਪ੍ਰੀਤਿ। ਇਸ਼ਕ ਮੁਸ਼ਕ—ਪ੍ਰੀਤੀ ਤੇ ਮਹਿਕ। ਅਣੀ ਕਣੀ—ਵਰਮੇ ਦੀ ਅਣੀ ਵਿਚ ਹੀਰੇ ਦੀ ਕਣੀ। ਪਾਰਸ—ਸਤਿਗੁਰੂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਉਂਝ ਤਾਂ ਸਾਡੇ ਨਾਲੋਂ ਤੁਹਾਨੂੰ ਵਧੇਰੇ ਤਜਰਬਾ ਹੈ, ਪਰ ਸਾਨੂੰ ਭੀ ਜਦੋਂ ਕਦੀ ਧਰਮ ਸਥਾਨਾਂ ਦੇ ਸਮਾਗਮਾਂ 'ਤੇ ਸਾਧੂ ਮਹਾਤਮਾਂ ਦੇ ਇਕੱਠਾਂ ਵਿਚ ਜਾਣ ਦਾ ਸਮਾ ਬਣਦਾ ਹੈ ਉਥੇ ਉਹ ਲੋਕ ਵਧੇਰੇ ਵੇਖਣ ਵਿਚ ਆਉਂਦੇ ਹਨ ਜਿਨ੍ਹਾਂ ਨੂੰ ਪ੍ਰਾਪਤ ਤਾਂ ਕੁਝ ਭੀ ਨਹੀਂ ਹੋਇਆ, ਪਰ ਉਹ ਦਾਅਵਾ ਕਰਦੇ ਹਨ ਕਿ ਅਸੀਂ ਉਸ ਅਗੰਮ ਅਗੋਚਰ ਪ੍ਰਮੇਸ਼ਰ ਨੂੰ ਜਾਣ ਲਿਆ ਹੈ, ਪਰ ਉਨ੍ਹਾਂ ਦੀਆਂ ਗੱਲਾਂ ਬਾਤਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਲੋਕ ਅੰਦਰੋਂ ਪ੍ਰਭੂ ਦੇ ਪ੍ਰੇਮ-ਪਿਆਰ ਤੋਂ ਸੱਖਣੇ ਹਨ, ਪਰ ਕਈ ਭੋਲੇ ਭਾਲੇ ਲੋਕ ਉਨ੍ਹਾਂ ਦੇ ਕਪਟ ਜਾਲ ਵਿਚ ਉਲਝ ਭੀ ਜਾਂਦੇ ਹਨ, ਕਿਉਂ ਜੀ। ਤੁਸੀਂ ਅਜਿਹੇ ਲੋਕਾਂ ਬਾਰੇ ਕੀ ਵਿਸ਼ਵਾਸ ਰਖਦੇ ਹੋ, ਗੁਰਮਤ ਦੇ ਵੀਚਾਰਾਂ ਦੁਆਰੇ ਸਾਨੂੰ ਕੁਝ ਜਾਣਕਾਰੀ ਦਿਓ?

ਉ: ਹੇ ਭਾਈਓ! ਜਦੋਂ ਅਸੀਂ ਗੁਰਬਾਣੀ ਤੇ ਗੁਰ-ਇਤਿਹਾਸ ਨੂੰ ਮੁੱਖ ਰੱਖ ਕੇ ਇਸ ਪੱਖ ਨੂੰ ਪੜਚੋਲਦੇ ਹਾਂ, ਅਤੇ ਪਿਛੋਕੜ ਵੱਲ ਨਜ਼ਰ ਮਾਰਦੇ ਹਾਂ ਤਾਂ ਜਾਣਕਾਰੀ ਮਿਲਦੀ ਹੈ ਕਿ ਅਜਿਹੀ ਪੋਪ ਲੀਲ੍ਹਾ ਨੂੰ ਵਿਖਾ ਕੇ ਨਿਸ਼ਕਪਟ ਲੋਕਾਂ ਨੂੰ ਭਰਮਾਉਣ ਵਾਲੇ ਲੋਕ ਆਦਿ ਤੋਂ ਹੀ ਚਲੇ ਆਉਂਦੇ ਹਨ, ਅਤੇ ਅਜੋਕੇ ਸਮੇਂ ਵਿਚ ਭੀ ਕੋਈ ਕਮੀ ਨਹੀਂ ਹੈ, ਦੂਰ ਨਾ ਜਾਓ, ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਵੱਲ ਤੱਕੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਜੋ ਗੁਰੂ ਨਾਨਕ ਦੇਵ ਜੀ ਸੰਸਾਰ ਦੇ ਭੁਲਿਆਂ ਲੋਕਾਂ ਨੂੰ ਸੱਚ ਦਾ ਮਾਰਗ ਦੱਸਣ ਲਈ ਆਏ ਸਨ, ਭੁੱਲੜ ਲੋਕਾਂ ਨੇ ਉਨ੍ਹਾਂ ਨੂੰ ਭੂਤਨਾ ਤੇ ਬੇਤਾਲਾ ਕਹਿ ਕੇ ਪੁਕਾਰਿਆ, ਪਰ ਜੋ ਲੋਕਾਂ ਤੋਂ ਪੂਜਾ ਕਰਾਉਣ ਲਈ ਕਈ ਤਰ੍ਹਾਂ ਦੇ ਭੇਖ ਧਾਰਨ ਕਰਦੇ ਸਨ, ਉਨ੍ਹਾਂ ਨੂੰ ਰੱਬ ਜਾਣਕੇ ਪੂਜਦੇ ਰਹੇ; ਅਜਿਹੇ ਲੋਕਾਂ ਦੀ ਅੱਜ ਭੀ ਗਿਣਤੀ ਘੱਟ ਨਹੀਂ ਹੈ। ਪਰ ਜਦੋਂ ਅਜਿਹੇ ਲੋਕਾਂ ਬਾਰੇ ਅਸੀਂ ਵੀਚਾਰ ਕਰਦੇ ਹਾਂ ਤਾਂ ਸਾਨੂੰ ਗੁਰਬਾਣੀ ਤੋਂ ਇਹ ਬੋਧ ਮਿਲਦਾ ਹੈ ਕਿ :

ਸੋਈ ਅਜਾਣੁ ਕਹੈ ਮੈ ਜਾਨਾ
ਜਾਨਣਹਾਰੁ ਨ ਛਾਨਾ ਰੇ॥
ਕਹੁ ਨਾਨਕ ਗੁਰਿ ਅਮਿਉ ਪੀਆਇਆ
ਰਸਕਿ ਰਸਕਿ ਬਿਗਸਾਨਾ ਰੇ ॥੪॥

*(ਆਸਾ ਮ: ੫, ਪੰਨਾ ੩੮੨)*

ਐਸਾ ਨਾਮੁ ਰਤਨੁ ਨਿਰਮੋਲਕੁ
ਪੁੰਨਿ ਪਦਾਰਥੁ ਪਾਇਆ॥
ਅਨਿਕ ਜਤਨ ਕਰਿ ਹਿਰਦੈ ਰਾਖਿਆ
ਰਤਨੁ ਨ ਛਪੈ ਛਪਾਇਆ ॥੧॥

*(ਰਾਗੁ ਸੋਰਠਿ ਭਗਤ ਭੀਖਨ ਜੀ, ਪੰਨਾ ੬੫੯)*

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ ॥੪॥

*(ਗਉੜੀ ਪੰਚਪਦਾ, ਪੰਨਾ ੩੩੪)*

ਭਾਵ ਹੈ ਕਿ ਉਹ ਬੰਦਾ ਤਾਂ ਅਜਾਣ, ਅਗਿਆਨੀ ਹੈ ਜੋ ਕਹਿੰਦਾ ਹੈ ਕਿ ਮੈਂ ਜਾਣ ਲਿਆ ਹੈ, ਕਿਉਂਕਿ ਉਹ ਤਾਂ ਆਪਣੇ ਕਹਿਣ ਵਿਚ ਹੀ ਦ੍ਵੈਤ ਸਿੱਧ ਕਰ ਰਿਹਾ ਹੈ, ਕਿ ਜਿਸਨੂੰ ਮੈਂ ਜਾਣਿਆ ਹੈ ਉਹ ਕੋਈ ਦੂਜਾ ਹੋਰ ਹੈ ਮੈਂ ਜਾਨਣ ਵਾਲਾ ਵਖਰਾ ਹਾਂ। ਜੋ ਉਸ ਨੂੰ ਜਾਨਣ ਵਾਲਾ ਹੈ ਉਹ ਤਾਂ ਭਾਵੇਂ ਅਨੇਕਾਂ ਆਪਣੇ ਆਪ ਨੂੰ ਛਪਾਉਣ ਦੇ ਜਤਨ ਕਰੇ ਤਾਂ ਭੀ ਉਹ ਛੁੱਪ ਨਹੀਂ ਸਕਦਾ। ਜੇ ਉਹ ਆਪਣੇ ਅੰਦਰ ਨਾਮ ਰੂਪੀ ਰਤਨ ਪ੍ਰਾਪਤ ਹੋਏ ਨੂੰ ਛਪਾਉਣ ਦੇ ਅਨੇਕਾਂ ਜਤਨ ਭੀ ਕਰੇ ਤਦ ਭੀ ਉਹ ਛਪਿਆ ਨਹੀਂ ਰਹਿ ਸਕਦਾ ਉਸ ਦੀ ਮਾਨਸਕ ਅਵਸਥਾ ਇਤਨੀ ਉਚੇਰੀ ਹੋ ਜਾਂਦੀ ਹੈ, ਉਹ ਗੁੰਗੇ ਦੇ ਗੁੜ ਖਾਣ ਵਾਂਗੂ ਉਸ ਦੇ ਰਸ ਨੂੰ ਬਿਆਨ ਹੀ ਨਹੀਂ ਕਰ ਸਕਦਾ, ਕਿਉਂਕਿ ਨਾਮ ਦੇ ਰਸ ਨੂੰ ਬਿਆਨ ਕਰਨ ਦੀ ਇਸ ਜ਼ੁਬਾਨ ਵਿਚ ਸ਼ਕਤੀ ਹੀ ਨਹੀਂ, ਉਸ ਰਸ ਨੂੰ ਤਾਂ ਪ੍ਰਾਪਤ ਕਰਨ ਵਾਲਾ ਹੀ ਅਨੁਭਵ ਕਰ ਸਕਦਾ ਹੈ, ਹੋਰ ਦੂਸਰਾ ਕੋਈ ਜਾਣ ਹੀ ਨਹੀਂ ਸਕਦਾ।

ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰੇਮ ਬਾਰੇ ਪੁੱਛ ਕਰੀਏ ਤਾਂ ਸਾਨੂੰ ਪ੍ਰਭੂ ਪ੍ਰੇਮ ਦੀ ਜਾਣਕਾਰੀ ਅਨੇਕਾਂ ਸ਼ਬਦਾਂ ਵਿਚ ਪੜ੍ਹਨ ਨੂੰ ਮਿਲਦੀ ਹੈ, ਜਿਵੇਂ ਕਿ:

ਜਿਸ ਨੋ ਪ੍ਰੇਮੁ ਮਨਿ ਵਸਾਏ ॥
ਸਾਚੈ ਸਬਦਿ ਸਹਜਿ ਸੁਭਾਏ ॥
ਏਹਾ ਵੇਦਨ ਸੋਈ ਜਾਣੈ
ਅਵਰੁ ਕਿ ਜਾਣੈ ਕਾਰੀ ਜੀਉ ॥੧॥
ਆਪੇ ਮੇਲੇ ਆਪਿ ਮਿਲਾਏ ॥
ਆਪਣਾ ਪਿਆਰੁ ਆਪੇ ਲਾਏ ॥
ਪ੍ਰੇਮ ਕੀ ਸਾਰ ਸੋਈ ਜਾਣੈ
ਜਿਸ ਨੋ ਨਦਰਿ ਤੁਮਾਰੀ ਜੀਉ ॥੧॥ਰਹਾਉ॥
*(ਮਾਰੂ ਮ: ੩, ਪੰਨਾ ੧੦੧੬)*

ਪ੍ਰੇਮ ਕੇ ਸਰ ਲਾਗੇ ਤਨ ਭੀਤਰਿ
ਤਾ ਭ੍ਰਮੁ ਕਾਟਿਆ ਜਾਈ ॥੧॥
*(ਸੋਰਠਿ ਮ: ੪, ਪੰਨਾ ੬੦੭)*

ਸੰਪਤਿ ਬਿਪਤਿ ਪਟਲ ਮਾਇਆ ਧਨੁ ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
*(ਆਸਾ, ਪੰਨਾ ੪੮੬)*

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ
ਸਹਜੇ ਰਹੇ ਸਮਾਈ ॥
ਸਬਦਿ ਰਤੇ ਸੇ ਰੰਗਿ ਚਲੂਲੇ
ਰਾਤੇ ਸਹਜਿ ਸੁਭਾਈ ॥੨॥ *(ਸਾਰਗ ਮ: ੩, ਪੰਨਾ ੧੨੩੪)*

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥
ਤਿਸੁ ਭਾਵੈ ਤਾ ਮੇਲਿ ਲਏ ਭਾਈ
ਹਿਰਦੈ ਨਾਮ ਨਿਵਾਸੁ ॥ *(ਸੋਰਠਿ ਮ: ੫, ਪੰਨਾ ੬੪੦)*

ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥
*(ਸ੍ਰੀ ਰਾਗੁ ਮ: ੧, ਪੰਨਾ ੬੧)*

ਇਸ ਤਰ੍ਹਾਂ ਪ੍ਰੇਮ ਦੇ ਸੰਬੰਧ ਵਿਚ ਗੁਰਬਾਣੀ ਅੰਦਰ ਸਾਨੂੰ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਦਾ ਭਾਵ ਹੈ ਕਿ ਜਿਨ੍ਹਾਂ ਪ੍ਰੇਮੀਆਂ ਦੇ ਅੰਦਰ ਪ੍ਰੇਮ ਦੀ ਲਗਨ ਜਾਗ ਆਈ ਹੈ ਉਹ ਭਾਵੇਂ ਅਨੇਕਾਂ ਹੀ ਯਤਨ ਕਰਦੇ ਰਹਿਣ, ਉਹ ਇਸ ਪ੍ਰੇਮ ਦੀ ਰੋਸ਼ਨੀ ਨੂੰ ਛੁਪਾ ਨਹੀਂ ਸਕਦੇ:

(੧) (ਜਿਵੇਂ ਕਿ ਅਸੀਂ ਪ੍ਰਤੱਖਸ਼ ਵੇਖਦੇ ਹਾਂ ਕਿ) ਗੁਰੂ ਦੀ ਮੇਹਰ (ਤੇ ਸਿਖ ਦੀ) ਮੁਹੱਬਤ, ਇਸ਼ਕ ਦੇ ਦਰਜੇ ਦੀ ਅਰਥਾਤ ਉੱਚੀ ਪ੍ਰੀਤਿ ਲੁਕਣ ਵਾਲੇ ਪਦਾਰਥ ਨਹੀਂ, (ਕਿਉਂਕਿ ਇਹ ਆਮ ਕਹਾਵਤ ਹੈ ਕਿ, ਇਸ਼ਕ, ਮੁਸ਼ਕ, ਖ਼ਾਂਸੀ, ਖ਼ੁਰਕ ਇਹ ਲੁਕਾਇਆਂ ਨਹੀਂ ਲੁਕਦੇ)।

(੨) ਜਿਵੇਂ ਚੰਦਨ ਜੰਗਲ ਵਿਚ ਹੁੰਦਾ ਹੈ, ਪਰ ਉਸਦੀ ਮਹਿਕ ਨਾਲ, ਮਹਿਕ ਵਾਲੀ ਬਣਕੇ ਉਹ ਕਿਸੇ ਨੂੰ ਜਤਾਉਂਦੇ ਨਹੀਂ, (ਪਰ ਮਹਿਕ ਤੋਂ ਪਛਾਣ ਹੋ ਜਾਂਦੀ ਹੈ)।

(੩) ਆਮ ਨਦੀਆਂ ਨਾਲੇ (ਵੀ ਇਸੇ ਤਰ੍ਹਾਂ) ਗੰਗਾ ਨਾਲ ਮਿਲ ਕੇ ਗੰਗਾ ਵਾਂਗ ਪਵਿੱਤ੍ਰ ਹੋ ਜਾਂਦੇ ਹਨ, ਪਰ ਉਹ ਇਹ ਨਹੀਂ ਆਖਦੇ ਫਿਰਦੇ ਕਿ ਅਸੀਂ ਪਵਿੱਤ੍ਰ ਹੋ ਗਏ ਹਾਂ।

(੪) ਹੀਰੇ ਨੂੰ ਹੀਰਾ ਹੀ ਵਿੰਨ੍ਹਦਾ ਹੈ, (ਪਰ ਕੇਵਲ ਉਸੇ ਹਾਲਤ ਵਿਚ) ਜਦ ਹੀਰੇ ਦੀ ਕਣੀ ਵਰਮੇ ਦੀ ਅਣੀ ਉਪਰ ਲੱਗ ਕੇ, ਹੀਰੇ ਦੇ ਵਿਚ ਧੱਸ ਕੇ, ਹੀਰੇ ਦੇ ਹਿਰਦੇ ਵਿਚ ਜਾ ਸਮਾਉਂਦੀ ਹੈ। (ਇਸੇ ਤਰ੍ਹਾਂ ਸਤਿਗੁਰੂ ਜੀ ਸ਼ਬਦ ਦੀ ਕਣੀ ਨੂੰ ਸਿਖ ਦੇ ਹਿਰਦੇ ਵਿਚ ਪ੍ਰਵੇਸ਼ ਕਰ ਦੇਂਦੇ ਹਨ ਤਾਂ ਸਿਖ ਦਾ ਹਿਰਦਾ ਸ਼ਬਦ ਨਾਲ ਵਿੰਨ੍ਹਿਆ ਜਾ ਕੇ ਗੁਰੂ ਚਰਨਾਂ ਵਿਚ ਸਮਾ ਜਾਂਦਾ ਹੈ।)

(੫) (ਐਸਾ ਸਿਖ ਫਿਰ) ਸਾਧ ਸੰਗਤ ਵਿਚ ਮਿਲ ਕੇ ਸੱਚਾ ਸਾਧ (ਸੰਤ) ਹੋ ਜਾਂਦਾ ਹੈ, ਉਹ ਪਾਰਸ (ਗੁਰੂ) ਨਾਲ ਮਿਲ ਕੇ ਪਾਰਸ ਹੀ ਹੋ ਜਾਂਦਾ ਹੈ।

(੬) ਸਿਖ ਗੁਰੂ ਦੀ ਨਿਹਚਲ ਮੱਤ ਨੂੰ ਨਿਹਚੇ ਨਾਲ ਪ੍ਰਾਪਤ ਕਰਕੇ ਨਿਹਚਲ ਮੱਤ ਵਾਲਾ ਹੋ ਜਾਂਦਾ ਹੈ, ਜਿਵੇਂ ਕਿ ਪ੍ਰਮੇਸ਼ਰ ਭਗਤ ਵਛਲ ਹੋਣ ਦੇ ਕਾਰਨ ਆਪਣੇ ਭਗਤਾਂ ਕੋਲੋਂ ਆਪ ਹੀ ਛਲਿਆ ਜਾਂਦਾ ਹੈ।

(੭) (ਇਸੇ ਤਰ੍ਹਾਂ) ਗੁਰਮੁਖ ਨੂੰ (ਗੁਰੂ ਨਾਲ ਮਿਲਕੇ) ਸੁਖ ਫਲ (ਇਹ ਮਿਲਦਾ ਹੈ ਕਿ ਉਹ) ਅਲਖ (ਨਾ ਜਾਣੇ ਜਾਣ ਵਾਲੇ ਪ੍ਰਭੂ ਨੂੰ) ਜਾਣ ਲੈਂਦਾ ਹੈ।੨੩।੧੮।

***ਭਾਵਾਰਥ :*** ਪ੍ਰੇਮ ਇਕ ਐਸੀ ਅਮੋਲਕ ਵਸਤੂ ਹੈ, ਜਿਸਨੂੰ ਸੰਸਾਰਕ ਕਿਸੇ ਭੀ ਵਸਤੂ ਨਾਲ ਖ਼ਰੀਦਿਆ ਨਹੀਂ ਜਾ ਸਕਦਾ। ਇਸ ਦੀ ਪ੍ਰਾਪਤੀ ਲਈ ਤਾਂ ਆਪਣੇ ਆਪ ਨੂੰ ਹੀ ਕੁਰਬਾਨ ਕਰਨਾ ਪੈਂਦਾ ਹੈ, ਜੇ ਪ੍ਰੇਮ ਪਦਾਰਥ ਦੌਲਤ ਨਾਲ ਖ਼ਰੀਦਿਆ ਜਾਂਦਾ ਫਿਰ ਤਾਂ ਇਸ ਪ੍ਰੇਮ ਨੂੰ ਮਾਇਆਧਾਰੀ ਲੋਕ ਹੀ ਖ਼ਰੀਦ ਲੈਂਦੇ ਗ਼ਰੀਬਾਂ ਦੇ ਤਾਂ ਇਹ ਹਿੱਸੇ ਵਿਚ ਹੀ ਨਾ ਆਉਂਦਾ, ਇਸ ਭਾਵ ਨੂੰ ਬਾਣੀ ਵਿਚ ਸਪਸ਼ਟ ਕੀਤਾ ਹੈ:

ਸੰਮਨ ਜਉ ਇਸ ਪ੍ਰੇਮ ਕੀ ਦਮਕ੍ਰਿਹੁ ਹੋਤ ਸਾਟ॥
ਰਾਵਨ ਹੁਤੇ ਸੁ ਰੰਕ ਨਹਿ
ਜਿਨਿ ਸਿਰ ਦੀਨੇ ਕਾਟਿ॥੧॥

*(ਚਉਬੋਲੇ ਮਹਲਾ ੫, ਪੰਨਾ ੧੩੬੩)*

ਪਿਛੇ ਹੋ ਗੁਜ਼ਰੇ ਵੱਖ ਵੱਖ ਮਹਾਨ ਵਿਅਕਤੀਆਂ, ਪ੍ਰੇਮ ਦੀਵਾਨਿਆਂ ਦੀ ਜ਼ਬਾਨੀ ਇਹੋ ਕਿਹਾ ਗਿਆ ਹੈ ਕਿ ਪਰਮੇਸ਼ਰ ਪ੍ਰੇਮ ਹੈ। ਜਿਸ ਤਰ੍ਹਾਂ ਪਰਮੇਸ਼ਰ ਦੀ ਮਹਿਮਾ ਬਿਆਨ ਕਰਨੀ ਕਠਿਨ ਹੈ, ਇਸੀ ਤਰ੍ਹਾਂ ਪ੍ਰੇਮ ਦੀ ਵਡਿਆਈ ਕਰਨੀ ਵੀ ਅਸੰਭਵ ਹੈ, ਜਿਨ੍ਹਾਂ ਜਿਨ੍ਹਾਂ ਨੂੰ ਵੀ ਇਸ ਪ੍ਰੇਮ ਦੇ ਪਿਆਲੇ ਨਸੀਬ ਹੋਏ ਉਹ ਉਸਦੇ ਨਸ਼ੇ ਤੇ ਮਸਤੀ ਵਿਚ ਆ ਕੇ ਝੂੰਮ ਉਠੇ ਤੇ ਉਸ ਪ੍ਰੇਮ ਦੀ ਉਪਮਾ ਦੇ ਉਨ੍ਹਾਂ ਨੇ ਰਾਗ ਅਲਾਪੇ, ਜੋ ਸੀਨੇ ਬਸੀਨੇ ਪਾਠਕਾਂ ਦੀ ਦਿਲਚਸਪੀ ਵਧਾਉਣ ਵਿਚ ਸਹਾਇਕ ਬਣਦੇ ਆ ਰਹੇ ਹਨ, ਉਹ ਕਹਿੰਦੇ ਹਨ ਕਿ :

੧. ਪ੍ਰੇਮ—ਇਕ ਉਹ ਨਸ਼ਾ ਹੈ, ਜਿਸ ਵਿਚ ਮਨੁੱਖ ਕਿਸੇ ਅਗੰਮੀ ਰਸ ਵਿਚ ਝੂਲਦਾ ਹੈ।
੨. ਪ੍ਰੇਮ—ਦੇ ਸਮੁੰਦਰ ਵਿਚ ਬੇਖ਼ੁਦੀ ਦੀਆਂ ਲਹਿਰਾਂ ਉਠਦੀਆਂ ਹਨ ਜੋ ਨਜ਼ਰ ਤਾਂ ਆਉਂਦੀਆਂ ਹਨ, ਪਰ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ।
੩. ਪ੍ਰੇਮ—ਬੇ-ਜਾਨ ਨਹੀਂ, ਇਹ ਇਕ ਜੀਂਦੀ ਜਾਗਦੀ ਚੀਜ਼ ਹੈ।
੪. ਪ੍ਰੇਮ—ਅੰਨ੍ਹਾ ਨਹੀਂ, ਇਹ ਤਾਂ ਸਗੋਂ ਸਹੀ ਨਜ਼ਰ ਨੂੰ ਵਧਾਉਂਦਾ ਹੈ।
੫. ਪ੍ਰੇਮ—ਰੋਗ ਨਹੀਂ, ਇਹ ਤਾਂ ਇਕ ਰੂਹਾਨੀਅਤ ਤੰਦਰੁਸਤੀ ਦਾ ਸਬੂਤ ਹੈ।
੬. ਪ੍ਰੇਮ—ਦੁਨੀਆ ਦੇ ਝਮੇਲਿਆਂ ਤੋਂ ਅਜ਼ਾਦ ਹੋਣ ਦਾ ਸਭ ਤੋਂ ਚੰਗਾ ਤਰੀਕਾ ਹੈ।
੭. ਪ੍ਰੇਮ—ਇਹ ਹੈ ਕਿ ਦੋ ਰੂਹਾਂ ਤੇ ਇਕ ਖ਼ਿਆਲ ਹੈ, ਦੋ ਦਿਲ ਤੇ ਇਕ ਅਵਾਜ਼ ਹੈ।
੮. ਪ੍ਰੇਮ—ਸ਼ੀਸ਼ੇ ਤੋਂ ਵਧੀਕ ਨਾਜ਼ਕ ਹੈ ਤੇ ਲੋਹੇ ਤੋਂ ਵੀ ਵਧ ਮਜ਼ਬੂਤ ਹੈ।
੯. ਪ੍ਰੇਮ—ਦਿਲ ਦੀ ਫਰਾਖ਼-ਦਿਲੀ ਤੇ ਪਵਿੱਤ੍ਰਤਾ ਹੈ।
੧੦. ਪ੍ਰੇਮ—ਦਾ ਪ੍ਰਾਪਤ ਕਰਨਾ ਹੀ ਅਸਲੀ ਇਨਸਾਨੀਅਤ ਹੈ।
੧੧. ਪ੍ਰੇਮ—ਪਰਮਾਤਮਾ ਹੈ, ਖ਼ੁਦ ਖ਼ੁਦਾ ਹੈ, ਪ੍ਰੇਮ ਧਰਮ ਤੇ ਈਮਾਨ ਹੈ।
੧੨. ਪ੍ਰੇਮ—ਉਹ ਢਾਲ ਹੈ, ਜਿਸ ਪੁਰ ਕਿਸੀ ਹਥਿਆਰ ਦਾ ਵਾਰ ਅਸਰ ਨਹੀਂ ਕਰ ਸਕਦਾ।
੧੩. ਪ੍ਰੇਮ—ਸਚਾਈ ਤੇ ਹਕੀਕਤ ਹੈ, ਇਹ ਸਿਦਕ ਤੇ ਭਰੋਸਾ ਹੈ।
੧੪. ਪ੍ਰੇਮ—ਇਕ ਰੋਸ਼ਨੀ ਹੈ ਜਿਸਦੇ ਨਾਲ ਇਹ ਦੁਨੀਆ ਰੌਸ਼ਨ ਹੈ।
੧੫. ਪ੍ਰੇਮ—ਇਕ ਕਦੀ ਨਾ ਖ਼ਤਮ ਹੋਣ ਵਾਲੀ ਕਹਾਣੀ ਹੈ ਤੇ ਇਕ ਨ ਹੱਲ ਹੋਣ ਵਾਲਾ ਸੁਆਲ ਹੈ।

(ਅਠਾਰ੍ਹਵੀਂ ਵਾਰ ਸਮਾਪਤ)